ਆਤਮ ਮਾਰਗ ਪਬਲੀਕੇਸ਼ਨ

# ਮਾਨੁਖ ਤਨ ਦਾ ਪ੍ਰਯੋਜਨ



# ਮਾਨੁਖ ਤਨ ਦਾ ਪ੍ਰਯੋਜਨ

-: ਕਰਤਾ :-

ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

- ਪ੍ਰਕਾਸ਼ਕ -
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ
ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ (ਨੇੜੇ ਚੰਡੀਗੜ੍ਹ)
ਸੰਪਰਕ ਨੰ: 98146-12900, ਦਫਤਰ-94172-14391, 79

## ਤੱਤਕਰਾ


| ਲੜੀ ਨੰ. | ਸਿਰਲੇਖ | ਪੰਨਾ ਨੰ. |
|---|---|---|
| 1. | ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ | 7 |
| 2. | ਖਾਲਸਾ ਅਕਾਲ ਪੁਰਖ ਕੀ ਫੌਜ | 58 |
| 3. | ਨਾਨਕ ਕੇ ਘਰਿ ਕੇਵਲੁ ਨਾਮੁ | 124 |
| 4. | ਮੰਞ ਪਿਆਰਾ ਗੁਰੂ ਕੋ | 168 |
| 5. | ਨਾਨਕ ਘਰ ਕੇ ਗੋਲੇ | 158 |
| 6. | ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ | 183 |
| 7. | ਆਪੇ ਗੁਰ ਚੇਲਾ | 124 |
| 8. | ਸੰਸਾ ਇਹੁ ਸੰਸਾਰੁ ਹੈ | 234 |
| 9. | ਗੁਰੂ ਅਰਜਨੁ ਪਰਤਖ ਹਰਿ | 282 |
| 10. | ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ | 351 |
| 11. | ਸੁ ਅੰਮ੍ਰਿਤ ਗੁਰ ਤੇ ਪਾਇਆ | 387 |
| 12. | ਗੁਰਹਿ ਦਿਖਾਇਓ ਲੋਇਨਾ | 309 |
| 13. | ਘਰ ਹੀ ਮਹਿ ਅੰਮ੍ਰਿਤੁ ਭਰਭੂਰ ਹੈ | 451 |
| 14. | ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ | 493 |
| 15. | ਕਲਿਜੁਗਿ ਨਾਨਕ ਨਾਮ ਸੁਖਾਲਾ | 527 |
| 16. | ਸਤਿਸੰਗ ਅਤੇ ਨਾਮ ਸਿਮਰਨ ਦੀ ਮਹਿਮਾ | 546 |
| 17. | ਭਗਤ ਰਵਿਦਾਸ ਜੀ | 582 |
| 18. | ਸਮਰਪਣ | 605 |
| 19. | ਹਉਮੈ ਦੀਰਘੁ ਰੋਗੁ ਹੈ | 630 |
| 20. | ਮੁਰਦਾ ਹੋਇ ਮੁਰੀਦ | 655 |
| 21. | ਸ੍ਰੀ ਗੁਰੂ ਨਾਨਕ ਦੇਵ ਜੀ | 690 |

# ਦੋ ਸ਼ਬਦ

ਧੰਨ ਧੰਨ ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਜੀ ਦੁਆਰਾ ਸਥਾਪਿਤ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਅੱਜ ਦੇ ਸਮੇਂ ਦੇ ਅੰਦਰ ਚੇਅਰਪਰਸਨ ਪਰਮ ਪੂਜਯ ਸਤਿਕਾਰਯੋਗ ਬੀਜੀ ਸੇਵਾ ਸਿਮਰਨ ਦਾ ਕੁੰਭ ਚਲਾ ਰਹੇ ਹਨ, ਲਗਾਤਾਰ ਗੁਰਬਾਣੀ ਦੇ ਅਖੰਡ ਜਾਪ ਹੋ ਰਹੇ ਹਨ, ਕਾਰਸੇਵਾ ਰਾਹੀਂ ਸਕੂਲਾਂ, ਕਾਲਜਾਂ, ਹਸਪਤਾਲਾਂ, ਸਰੋਵਰਾਂ ਦੀ ਉਸਾਰੀ ਹੋ ਰਹੀ ਹੈ। ਪ੍ਰਤੱਖ ਨੂੰ ਪ੍ਰਮਾਣ ਦੇਣ ਦੀ ਲੋੜ ਨਹੀਂ ਹੈ, ਸਤਿਕਾਰਯੋਗ ਬੀਜੀ ਮਹਾਂਪੁਰਸ਼ਾਂ ਦੀ ਸਰੀਰਕ ਗੈਰਹਾਜ਼ਰੀ ਦੇ ਵਿਚ ਸੰਗਤਾਂ ਨੂੰ ਆਪਣਾ ਆਸ਼ੀਰਵਾਦ ਬਖਸ਼ਿਸ਼ ਕਰ ਰਹੇ ਹਨ। ਸਮੇਂ -ਸਮੇਂ ਸੰਸਾਰ ਸੁਪ੍ਰਸਿੱਧ ਨਾਮਵਰ ਹਸਤੀਆਂ, ਸਤਿਕਾਰਯੋਗ ਬੀਜੀ ਤੋਂ ਆਸ਼ੀਰਵਾਦ ਪ੍ਰਾਪਤ ਕਰਕੇ ਆਪਣੇ-ਆਪਣੇ ਆਪ ਨੂੰ ਵਡਭਾਗੀ ਬਣਾ ਰਹੀਆਂ ਹਨ, ਸਮੇਂ-ਸਮੇਂ ਦੇਸ਼ ਦੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੇ ਪਰਿਵਾਰਕ ਮੈਂਬਰ ਮਹਾਂਪੁਰਸ਼ਾਂ ਦੀ ਆਸ਼ੀਰਵਾਦ ਪ੍ਰਾਪਤ ਕਰਦੇ ਰਹੇ ਹਨ। ਹੁਣ ਵੀ ਉਚੇਚੇ ਤੌਰ ਦੇ ਉਪਰ ਉਨ੍ਹਾਂ ਦੀ ਧਰਮ ਸੁਪਤਨੀ ਬੀਬੀ ਗੁਰਸ਼ਰਨ ਕੌਰ ਸਤਿਕਾਰਯੋਗ ਬੀਜੀ ਤੋਂ ਆਸ਼ੀਰਵਾਦ ਪ੍ਰਾਪਤ ਕਰਕੇ ਗਏ ਹਨ। ਪ੍ਰਤੱਖ ਨੂੰ ਪ੍ਰਮਾਣ ਦੇਣ ਦੀ ਕੋਈ ਲੋੜ ਨਹੀਂ ਹੋਇਆ ਕਰਦੀ। ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਮਹਾਨ ਕਰਮ ਭੂਮੀ ਉਪਰ ਸੇਵਾ ਤੇ ਸਿਮਰਨ ਦਾ ਕੁੰਭ ਲੱਗਿਆ ਹੋਇਆ ਹੈ, ਗੁਰਬਾਣੀ ਦੇ ਪ੍ਰਚਾਰ ਹਿਤ ਅਜੋਕੇ ਸਮੇਂ ਦੇ ਅੰਦਰ ਮੀਡੀਏ ਦੀ ਪੂਰੀ-ਪੂਰੀ ਵਰਤੋਂ ਕੀਤੀ ਜਾ ਰਹੀ ਹੈ। ਸਤਿਕਾਰਯੋਗ ਬੀਜੀ ਨੇ ਵਿਸਾਖੀ 1995 ਨੂੰ ਆਪਣੇ ਹਸਤ ਕਮਲਾਂ ਦੁਆਰਾ, 'ਆਤਮ ਮਾਰਗ' ਰੂਹਾਨੀ ਮੈਗਜ਼ੀਨ ਰੀਲੀਜ਼ ਕੀਤਾ ਸੀ। ਥੋੜ੍ਹੇ ਸਮੇਂ ਦੇ ਵਿਚ ਹੀ ਹਿੰਦੀ, ਅੰਗਰੇਜ਼ੀ ਦੇ ਵਿਚ ਛਪਣਾ ਸ਼ੁਰੂ ਹੋਇਆ, ਜਿਸਦੇ ਹਜ਼ਾਰਾਂ ਹੀ ਲਾਈਫ ਮੈਂਬਰ ਬਣੇ, ਹੋਰ ਅਨੇਕਾਂ ਹੀ ਪੁਸਤਕਾਂ ਜਗਿਆਸੂਆਂ ਦੀ ਜਗਿਆਸਾ ਪੂਰੀ ਕਰ ਰਹੀਆਂ ਹਨ। ਰਤਵਾੜਾ ਸਾਹਿਬ ਟਰੱਸਟ ਨਾਲ ਸਬੰਧਤ ਅਨੇਕਾਂ ਹੀ ਸਕੂਲ ਕਾਲਜ ਜਿਥੇ ਦੁਨਿਆਵੀ ਵਿਦਿਆ ਦੇ ਰਹੇ ਹਨ ਉਥੇ ਨਾਲ ਹੀ ਰੂਹਾਨੀਅਤ ਦੀ ਸੇਧ ਦੇ ਕੇ ਬੱਚਿਆਂ ਦੇ ਉਜਵਲ ਭਵਿੱਖ ਬਣਾ ਰਹੇ ਹਨ। ਸਤਿਕਾਰਯੋਗ ਬੀਜੀ ਨੇ ਪੌਣੀ ਸਦੀ ਮਹਾਂਪੁਰਸ਼ਾਂ ਦਾ ਸਾਥ ਨਿਭਾਇਆ ਹੈ। ਆਪ ਜੀ ਦੇ ਸਤਿਕਾਰਯੋਗ ਸੱਚਖੰਡਵਾਸੀ ਪਿਤਾ ਸ੍ਰੀ ਮਾਨ ਸੰਤ ਹੀਰਾ ਸਿੰਘ ਜੀ ਦਾਉਦਪੁਰ ਵਾਲਿਆਂ ਦਾ ਜੀਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਰੰਗਲੇ ਸੱਜਣ ਵਿਚ ਅੰਕਿਤ ਕੀਤਾ ਹੈ। ਆਪ ਜੀ ਨੂੰ ਰੂਹਾਨੀਅਤ ਦੀ ਸੇਧ ਵਿਰਾਸਤ ਵਿਚ ਪਰਿਵਾਰ ਤੋਂ ਪ੍ਰਾਪਤ ਹੋਈ ਹੈ। ਹੁਣ ਵੀ ਆਪ ਜੀ ਐਨੀ ਲੰਮੇਰੀ ਉਮਰ ਦੇ ਵਿਚ ਰਤਵਾੜਾ ਸਾਹਿਬ ਸਤਿਸੰਗ ਸਮਾਗਮਾਂ ਉਪਰ ਹਰ ਐਤਵਾਰ, ਪੂਰਨਮਾਸ਼ੀ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਹਨ। ਹਰ ਪੂਰਨਮਾਸ਼ੀ ਨੂੰ ਰਤਵਾੜਾ ਸਾਹਿਬ ਖੰਡੇ ਬਾਟੇ ਦੇ ਅੰਮ੍ਰਿਤ ਤਿਆਰ ਕੀਤੇ

ਜਾਂਦੇ ਹਨ। ਸੰਗਤਾਂ ਮਹਾਂਪੁਰਸ਼ਾਂ ਦੇ ਪਿਆਰ ਵਿਚ ਗੁਰੂ ਦਰਬਾਰ ਦੀਆਂ ਹਾਜ਼ਰੀਆਂ ਭਰ ਕੇ ਖੁਸ਼ੀਆਂ ਪ੍ਰਾਪਤ ਕਰ ਰਹੀਆਂ ਹਨ। ਅੱਜ ਰਤਵਾੜਾ ਸਾਹਿਬ ਦੀ ਕਰਮ ਭੂਮੀ ਉਪਰ ਅਨੇਕਾਂ ਹੀ ਪਰਉਪਕਾਰ ਦੇ ਕਾਰਜ ਹੋ ਰਹੇ ਹਨ। ਮਹਾਨ ਪਵਿੱਤਰ ਪਾਵਨ ਸਰੋਵਰ ਦੀ ਕਾਰਸੇਵਾ ਸਤਿਕਾਰਯੋਗ ਬੀਜੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਈ ਗਈ ਹੈ।

ਟਰੱਸਟ ਰਤਵਾੜਾ ਸਾਹਿਬ ਵਲੋਂ ਕੁਦਰਤੀ ਆਫਤਾਂ ਸਮੇਂ ਕੀਤੀ ਬੇਮਿਸਾਲ ਸੇਵਾ ਆਪਣੀ ਮਿਸਾਲ ਆਪ ਹੈ। ਹੁਣ ਵੀ ਜਦੋਂ ਤਾਮਿਲਨਾਡੂ ਵਿਚ ਦਸੰਬਰ 2004 ਨੂੰ ਸੁਨਾਮੀ ਲਹਿਰਾਂ ਨੇ ਨੁਕਸਾਨ ਕੀਤਾ ਤਾਂ ਪਰਮ ਪੂਜਯ ਬੀਜੀ ਦੀ ਆਸ਼ੀਰਵਾਦ ਨਾਲ ਪੰਜਾਬ ਤੋਂ ਅਨੇਕਾਂ ਹੀ ਵਲੰਟੀਅਰਾਂ ਨੇ ਰਾਹਤ ਸਮੱਗਰੀ ਦੇ ਟਰੱਕ ਲਿਜਾ ਕੇ ਮਹਾਨ ਸੇਵਾ ਕੀਤੀ ਹੈ। ਭੁਚਾਲ, ਹੜ੍ਹਾਂ ਵਿਚ ਸਤਿਕਾਰਯੋਗ ਬੀਜੀ ਦੀ ਪ੍ਰੇਰਨਾ ਨਾਲ ਕਸ਼ਮੀਰ ਅਤੇ ਦੱਖਣੀ ਭਾਰਤ ਵਿਚ ਸੇਵਾ ਕੀਤੀ ਗਈ।

ਹੋਰ ਵੀ ਅਨੇਕਾਂ ਹੀ ਪਰਉਪਕਾਰੀ ਕਾਰਜ ਹੋ ਰਹੇ ਹਨ, ਥੋੜ੍ਹੇ ਸਮੇਂ ਦੇ ਵਿਚ ਰਤਵਾੜਾ ਸਾਹਿਬ ਯੂਨੀਵਰਸਿਟੀ ਬਣਨ ਜਾ ਰਹੀ ਹੈ, ਗੁਰਬਾਣੀ ਦੇ ਪ੍ਰਚਾਰ ਹਿਤ ਆਤਮ ਮਾਰਗ ਚੈਨਲ ਦੀ ਸ਼ੁਰੂਆਤ ਕੀਤੀ ਗਈ ਹੈ। ਟਾਈਮ ਟੀਵੀ ਚੈਨਲ ਉਪਰ ਹਰ ਰੋਜ਼ ਮਹਾਂਪੁਰਸ਼ਾਂ ਦੇ ਪ੍ਰਵਚਨ ਸ਼ਾਮ ਦੇ 6.15 ਤੋਂ 6.45 ਵਜੇ ਰਿਲੇਅ ਕੀਤੇ ਜਾ ਰਹੇ ਹਨ। ਸਾਰੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਵਲੋਂ ਜੋ ਪਰਉਪਕਾਰੀ ਕਾਰਜ ਸਤਿਕਾਰਯੋਗ ਬੀਜੀ ਦੀ ਰਹਿਨੁਮਾਈ ਹੇਠ ਹੋ ਰਹੇ ਹਨ ਇਨ੍ਹਾਂ ਪਰਉਪਕਾਰੀ ਕਾਰਜਾਂ ਤੋਂ ਵੱਧ ਤੋਂ ਵੱਧ ਲਾਹਾ ਪ੍ਰਾਪਤ ਕਰਨ ਦੀ ਖੇਚਲ ਕਰੋ ਜੀ। ਅੰਤਰਰਾਸ਼ਟਰੀ ਪ੍ਰਸਿੱਧੀ ਵਾਲਾ ਸਾਲਾਨਾ ਸਮਾਗਮ ਹਰ ਸਾਲ ਹੀ ਪਰਮ ਪੂਜਯ ਬੀਜੀ ਦੇ ਆਸ਼ੀਰਵਾਦ ਨਾਲ 28 ਤੋਂ 31 ਅਕਤੂਬਰ ਤੱਕ ਰਤਵਾੜਾ ਸਾਹਿਬ ਮਨਾਇਆ ਜਾਂਦਾ ਹੈ। 31 ਅਕਤੂਬਰ 2001 ਨੂੰ ਮਹਾਂਪੁਰਸ਼ਾਂ ਨੇ ਆਪਣੇ ਪੰਜ ਭੂਤਕ ਸਰੀਰਕ ਚੌਲੇ ਦਾ ਪ੍ਰਤਿਆਗ ਕੀਤਾ ਸੀ। ਇਸ ਕਰਕੇ ਸਮਾਗਮ ਨੂੰ ਬਰਸੀ ਸਮਾਗਮ ਦੇ ਰੂਪ ਵਿਚ ਦੇਸਾਂ, ਵਿਦੇਸ਼ਾਂ ਤੋਂ ਸੰਗਤਾਂ ਆ ਕੇ ਮਨਾਉਂਦੀਆਂ ਹਨ। ਸਾਰੀਆਂ ਸੰਗਤਾਂ ਦੀ ਅਰਦਾਸ ਹੈ ਕਿ ਸਤਿਕਾਰਯੋਗ ਬੀਜੀ ਨੂੰ ਪ੍ਰਮਾਤਮਾ ਦੇਹਅਰੋਗਤਾ, ਲੰਮੀ ਉਮਰ ਦੀ ਬਖਸ਼ਿਸ਼ ਕਰਨ ਤਾਂ ਜੋ ਆਉਣ ਵਾਲੇ ਸਮੇਂ ਦੇ ਵਿਚ ਵੀ ਸੰਗਤਾਂ ਉਨ੍ਹਾਂ ਦੀ ਆਸ਼ੀਰਵਾਦ ਪ੍ਰਾਪਤ ਕਰਕੇ ਨਾਮਬਾਣੀ ਨਾਲ ਜੁੜਦੀਆਂ ਰਹਿਣ। ਇਸੇ ਦਿਹਾੜੇ ਉਪਰ ਛੇਵੀਂ ਬਰਸੀ ਸਮਾਗਮ ਸਮੇਂ ਪਿਆਰੇ ਦੇ ਪਿਆਰ ਅੰਦਰ ਪਰਮ ਪੂਜਯ ਸਤਿਕਾਰਯੋਗ ਬੀਜੀ ਵਲੋਂ ਇਹ ਪੁਸਤਕ ਨਾਮ ਜਪਣ ਵਾਲੇ ਜਗਿਆਸੂਆਂ ਨੂੰ ਪਿਆਰ ਸਹਿਤ ਭੇਟ ਕੀਤੀ ਜਾ ਰਹੀ ਹੈ। ਇਸ ਪੁਸਤਕ ਦੇ ਅੰਦਰ ਪ੍ਰਕਾਸ਼ਿਤ ਗੁਰਮਤਿ ਸਿਧਾਂਤ ਦਾ ਇਕ ਵੀ ਬਚਨ ਨੂੰ ਆਪਣੀ

ਜ਼ਿੰਦਗੀ ਦੇ ਅੰਦਰ ਅਮਲੀ ਜਾਮਾ ਪਹਿਨਾਅ ਕੇ ਜ਼ਰੂਰ ਹੀ ਜੀਵਨ ਦੀ ਰੌਂ ਰੁਮਕੇਗੀ। ਪਿਆਰੇ ਦਾ ਪਿਆਰਾ ਗੁਰੂ-ਅਸਥਾਨ ਸ਼ਿਵਾਲਿਕ ਪਹਾੜੀਆਂ ਦੇ ਸਾਮ੍ਹਣੇ ਚੰਡੀਗੜ੍ਹ ਦੇ ਨੇੜੇ ਹਰ ਇਕ ਜਗਿਆਸੂ ਰਾਹੀਂ ਪਾਂਧੀਆਂ ਨੂੰ ਖਿੱਚ ਪਾਉਂਦਾ ਹੈ। ਇਸ ਲਈ ਕਿਸੇ ਸਮੇਂ ਆਪ ਜੀ ਨੇ ਜ਼ਰੂਰ ਹੀ ਇਸ ਪਵਿੱਤਰ ਪਾਵਨ ਅਸਥਾਨ ਦੇ ਦਰਸ਼ਨ ਕਰਨ ਦੀ ਕ੍ਰਿਪਾਲਤਾ ਕਰਨੀ ਜੀ।

ਧੰਨਵਾਦ ਸਹਿਤ।

ਦਾਸਨ ਦਾਸ

ਹਰਪਾਲ ਸਿੰਘ, ਰਤਵਾੜਾ ਸਾਹਿਬ

# ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ

*ਸ਼ਾਨ ......................................।*
*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥ ਅੰਗ - 289*

*ਧਾਰਨਾ - ਪ੍ਰਭ ਸਭ ਕਿਛ ਤੇਰਾ ਜੀ,*
*ਮੈਂ ਕਿਛ ਨਾਹੀ -2, 2.*
*ਮੈਂ ਕਿਛੁ ਨਾਹੀ, ਮੈਂ ਕਿਛੁ ਨਾਹੀ -2*
*ਪ੍ਰਭ ਸਭ ਕਿਛ ਤੇਰਾ ਜੀ, -2.*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ ਕਹ ਕਹ ਠਾਕੁਰੁ ਕਹ ਕਹ ਚੇਰਾ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ॥*
*ਅੰਗ - 827*

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ -2, 2.*

ਸਾਧ ਸੰਗਤ ਜੀ! ਚਿਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਜੀ ਦੀ ਅਪਾਰ ਕਿਰਪਾ ਕਰਕੇ ਇਸ ਧਰਤੀ ਦੇ ਪੁੰਨ ਕਰਮ ਜਾਗੇ, ਆਪਾਂ ਸਾਰਿਆਂ ਦੇ ਪੁੰਨ ਕਰਮ ਜਾਗੇ ਤੇ ਗੁਰੂ ਮਹਾਰਾਜ ਨੇ ਸਾਨੂੰ ਸਭ ਤੋਂ ਉਤਮ ਚੀਜ਼ ਸਤਿਸੰਗ ਦੀ ਬਖ਼ਸ਼ਿਸ਼ ਕਰ ਦਿੱਤੀ। ਐਵੇਂ ਹੀ ਨਹੀਂ ਸਤਿਸੰਗ ਮਿਲਿਆ ਕਰਦਾ। ਬੇਅੰਤ ਦੁਨੀਆ ਹੈ। ਕਿੰਨਿਆਂ ਦੇ ਭਾਗ ਵਿਚ ਹੈ ਇਹ ਚੀਜ਼। ਟਰੱਕ ਲੈ ਕੇ ਆਉਂਦੇ ਨੇ, ਟਰਾਲੀਆਂ ਲੈ ਕੇ ਆਉਂਦੇ ਨੇ, ਸੰਗਤਾਂ ਤੁਰੀਆਂ ਫਿਰਦੀਆਂ ਹਨ, ਲੰਗਰ ਇਥੇ ਆਉਂਦਿਆਂ ਨੂੰ ਮਿਲਦਾ ਹੈ ਪਰ ਕਿੰਨੇ ਕੁ ਬੰਦੇ ਨੇ ਜਿਨ੍ਹਾਂ ਦੇ ਭਾਗ ਜਾਗੇ ਨੇ? ਓਹੀ

ਨੇ ਜਿਨ੍ਹਾਂ ਦੇ ਉਤੇ ਗੁਰੂ ਨੇ ਕਿਰਪਾ ਕਰ ਦਿੱਤੀ, ਐਸਾ ਸਿਧਾਂਤ ਹੈ ਗੁਰਬਾਣੀ ਦਾ –

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥* *ਅੰਗ – 642*

ਸੋ ਆਪਣੇ ਕੋਲ 6 ਦਿਨ ਦਾ ਪ੍ਰੋਗਰਾਮ ਹੈ, ਆਪਾਂ ਵਿਚਾਰ ਕਰਨੀ ਹੈ, ਸਭ ਤੋਂ ਜੋ ਸ੍ਰੇਸ਼ਟ ਸਾਡੇ ਸਿਧਾਂਤ ਨੇ, ਨਾਮ ਜਪਣਾ ਤੇ ਸੇਵਾ ਕਰਨੀ। ਇਸ ਦੀ ਜੇ ਮੈਂ ਡੂੰਘਾਈ ਵਿਚ ਜਾਵਾਂ, ਬਹੁਤ ਵੱਡਾ ਇਕ ਨਵਾਂ ਫਲਸਫਾ ਸ਼ੁਰੂ ਹੋ ਜਾਏਗਾ ਪਰ ਆਮ ਬੋਲੀ ਵਿਚ ਜੇ ਅਸੀਂ ਕਹਿੰਦੇ ਹਾਂ ਕਿ ਭਾਈ ਨਾਮ ਜਪ ਕੇ ਦੁੱਖਾਂ ਦਾ ਖਾਤਮਾ ਹੁੰਦਾ ਹੈ ਸੇਵਾ ਕਰਕੇ ਮਾਣ ਪ੍ਰਾਪਤ ਹੁੰਦਾ ਹੈ।

ਗੁਰੂ ਨਾਨਕ ਪਾਤਸ਼ਾਹ ਜੀ ਤੋਂ ਪਹਿਲਾਂ, ਜਿਹੜਾ ਮੈਂ ਬਚਨ ਕਰਨ ਲੱਗਿਆ ਹਾਂ, ਇਹ ਅਪ੍ਰੈਲ ਮਹੀਨੇ ਦਾ ਵਿਸਾਖੀ ਦਾ ਪੁਰਬ ਹੈ। ਗੁਰੂ ਦਸਮੇਸ਼ ਪਿਤਾ ਨੇ ਜੋ ਖਾਲਸੇ ਦੀ ਸਾਜਨਾ ਕੀਤੀ ਹੈ, ਉਹ ਪਿਛਲੇ ਸਾਲ ਦੀ ਵਿਸਾਖੀ ਵਿਚ ਬਹੁਤ ਖੋਲ੍ਹ ਕੇ ਦੱਸੀ ਹੋਈ ਹੈ। ਉਨ੍ਹਾਂ ਕੀ ਕਰਿਆ? ਕਈਆਂ ਦਾ ਖਿਆਲ ਹੈ ਕਿ ਭਗਤੀ ਤੇ ਸ਼ਕਤੀ ਇਕੱਠੀ ਕਰ ਦਿੱਤੀ, ਅਸੀਂ ਇਹੀ ਕਹਿੰਦੇ ਹਾਂ ਸਾਡੇ ਪ੍ਰਚਾਰਕ ਵੀ ਇਹੀ ਕਹਿੰਦੇ ਨੇ। ਇਕ ਗੱਲ ਜਦੋਂ ਚੱਲ ਪੈਂਦੀ ਹੈ ਫੇਰ ਇਹ ਚਲਦੀ ਹੀ ਰਹਿੰਦੀ ਹੈ, ਉਸ ਨੂੰ ਠੀਕ ਕਰਨਾ ਬੜਾ ਔਖਾ ਹੁੰਦਾ ਹੈ। ਗੁਰੂ ਦਸਮੇਸ਼ ਪਿਤਾ ਨੇ ਇਕ ਕਰਾਮਾਤ ਦਿਖਾਈ ਸੀ ਸੰਸਾਰ ਨੂੰ, ਆਹ ਛੋਟੀਆਂ ਛੋਟੀਆਂ ਨਹੀਂ ਕਿ ਉਡ ਜਾਓ ਜੀ, ਅਲੋਪ ਹੋ ਜਾਓ ਜੀ। ਉਹ ਤਾਂ ਜੇ ਇਕ ਵੀ ਕਰਦੇ ਤਾਂ ਨਾ ਚਮਕੌਰ ਸਾਹਿਬ ਦਾ ਯੁੱਧ ਹੁੰਦਾ, ਨਾ ਅਨੰਦਪੁਰ ਸਾਹਿਬ ਦਾ ਹੁੰਦਾ, ਗੁਰੂ ਨਾਨਕ ਪਾਤਸ਼ਾਹ ਦੇ ਉਤੇ ਬਗਦਾਦ ਵਿਚ ਵੱਟੇ ਮਾਰਨ ਵਾਸਤੇ ਸਾਰਾ ਸ਼ਹਿਰ ਆ ਗਿਆ। ਪੀਰ ਦਸਤਗੀਰ ਨੇ ਕਹਿ ਦਿੱਤਾ ਕਿ ਇਹ ਬੰਦਾ ਜਿਹੜਾ ਆਇਆ ਹੈ, ਫਕੀਰ ਇਹ ਕੁਫਰ ਬੋਲ ਰਿਹਾ ਹੈ, ਇਸ ਨੂੰ ਮਾਰ ਦੇਣਾ ਚਾਹੀਦਾ ਹੈ। ਇਸਲਾਮ ਦੀ ਜਿਹੜੀ ਸਭ ਤੋਂ ਉੱਚੀ ਸੀਟ ਜਿਹੜੀ ਬਗਦਾਦ ਹੈ, ਵਿਦਵਾਨ ਸੀਟ ਵੈਸੇ ਤਾਂ ਕਾਅਬਾ ਵੀ ਹੈ, ਮੱਕਾ ਵੀ ਹੈ, ਮਦੀਨਾ ਵੀ ਹੈ ਲੇਕਿਨ ਜਿਥੇ ਗਿਆਨੀਆਂ ਦਾ ਵਾਸਾ ਸੀ, ਉਹ ਬਗਦਾਦ ਸੀ। ਬਗਦਾਦ ਦੇ ਪੀਰ ਨੂੰ ਸਭ ਤੋਂ ਵੱਡਾ ਮੰਨਿਆ ਜਾਂਦਾ ਸੀ, ਬਗਦਾਦ ਦੇ ਵਿਚ ਮੰਨਿਆ ਜਾਂਦਾ ਸੀ, ਉਸ ਨੇ ਕਿਹਾ ਇਥੇ ਆ ਕੇ ਐਡਾ ਕੁਫਰ ਇਸ ਫਕੀਰ ਨੂੰ ਮਾਰ ਦਿਓ। ਸਾਰੇ ਸ਼ਹਿਰ ਨੂੰ ਹੁਕਮ ਹੋ ਗਿਆ ਵੱਟੇ ਚੁੱਕ ਲਏ ਸਾਰਿਆਂ ਨੇ। ਸੰਗਸਾਰ ਇਕ ਸਜਾ ਹੁੰਦੀ ਹੈ, ਉਹ ਇਹ ਹੁੰਦੀ ਹੈ ਕਿ ਐਨੇ ਵੱਟੇ ਮਾਰੋ ਕਿ ਉਸ ਦੇ ਆਲੇ ਦੁਆਲੇ ਚਾਰੇ ਪਾਸੇ ਵੱਟੇ ਹੀ ਵੱਟੇ ਹੋ ਜਾਣ, ਵਿਚੋਂ ਨਿਕਲ ਹੀ ਨਾ ਸਕੇ, ਬੋਝ ਥਲੇ ਆ ਕੇ, ਕੁਝ ਜਿਹੜੇ ਜਖਮ ਹੋਏ ਨੇ ਉਨ੍ਹਾਂ ਨਾਲ ਉਹ ਚੜ੍ਹਾਈ ਕਰ ਜਾਵੇ, ਸਹਿਕ-ਸਹਿਕ ਕੇ। ਬੜੀ ਬੁਰੀ ਸਜਾ ਦਿੰਦੇ ਸੀ। ਸਜਾ ਸੀ ਕਿਹੜੀ ਗੱਲ ਦੀ? ਕਿ ਖਿਆਲ ਨਹੀਂ ਸੀ ਰਲਿਆ ਪੀਰ ਨਾਲ। ਜਦੋਂ ਧਰਮ ਦੇ ਵਿਚ ਵਿਗਿਆਨਿਕ ਪਹੁੰਚ ਨਾ ਹੋਵੇ, ਕੋਈ ਧਰਮ ਹੈ ਭਾਵੇਂ ਦੁਨੀਆਂ ਦਾ, ਇਹ ਵੀ ਯਾਦ ਰੱਖੋ ਉਸ ਦੇ ਵਿਚ ਖਿਝ

ਆ ਜਾਂਦੀ ਹੈ ਫੇਰ, ਕ੍ਰੋਧ ਆ ਜਾਂਦਾ ਹੈ। ਦੂਸਰੇ ਨੂੰ ਉਹ ਬਰਦਾਸ਼ਤ ਨਹੀਂ ਕਰਦਾ, ਕਹਿੰਦਾ ਇਸ ਨੂੰ ਮਾਰ ਦੇਈਏ। ਇਹ ਤਾਂ ਨਹੀਂ ਹੈ ਕਿ ਇਸ ਦੀ ਵੀ ਬਾਤ ਸੁਣੋ ਇਸ ਨੂੰ ਵੀ ਸਮਝਾਓ, ਸਮਝਾ ਕੇ ਦੱਸੋ ਕਿ ਕੀ ਗੱਲ ਹੈ ਲੇਕਿਨ ਇਹ ਹੁੰਦਾ ਹੈ ਕਿ ਸਹਿਣਾ ਨਹੀਂ, ਇਕ ਦਮ ਮਾਰ ਦਿਓ ਉਸ ਨੂੰ। ਐਸਾ ਉਨ੍ਹਾਂ ਧਰਮਾਂ ਵਿਚ ਹੁੰਦਾ ਹੈ ਜਿਨ੍ਹਾਂ ਵਿਚ ਕਮਜੋਰੀਆਂ ਹੁੰਦੀਆਂ ਹਨ। ਜਿਹੜਾ ਬੰਦਾ ਦਲੀਲ ਵਿਚ ਹਾਰ ਜਾਵੇ ਉਹ ਕਹਿੰਦਾ, ਮੈਂ ਇਸ ਨੂੰ ਮਾਰ ਦੇਣਾ ਹੈ ਕਿਉਂਕਿ ਉਸ ਦੀ ਦਲੀਲ ਖਤਮ ਹੋ ਗਈ ਅਗੇ ਚੱਲ ਨਹੀਂ ਸਕਿਆ। ਇਸ ਨੂੰ ਨਿਰਾਸ਼ਾ ਕਹਿੰਦੇ ਨੇ, ਮਾਯੂਸ ਹੋ ਜਾਂਦਾ ਹੈ ਫੇਰ ਉਹ ਮਾਰ ਦਿੰਦਾ ਹੈ ਦੂਜੇ ਨੂੰ। ਹੁਣ ਪੀਰ ਦੇ ਵਿਚ ਇਸ ਸੂਰਤ ਨੇ ਤਾਂ ਕੰਮ ਨਹੀਂ ਕਰਿਆ ਕਿ ਮੈਂ ਜਾ ਕੇ ਗੱਲ ਕਰਾਂ ਕਿ ਹੇ ਦਰਵੇਸ਼ ਸਾਈਂ! ਤੂੰ ਇਹ ਕਹਿੰਦਾ ਹੈ ਕਿ–

***ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥***
***ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥***
***ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥***
***ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥*** ***ਅੰਗ – 5***

ਕਿ ਤੂੰ ਤਾਂ ਕਹਿੰਦਾ ਹੈ ਕਿ ਲੇਖਾ ਹੀ ਨਹੀਂ ਹੈ, ਅਸੀਂ ਕਹਿੰਦੇ ਹਾਂ 7 ਪਾਤਾਲ ਨੇ, 7 ਅਕਾਸ਼ ਨੇ ਤੇ ਐਡਾ ਕੁਫਰ ਤੂੰ ਇਥੇ ਆ ਕੇ ਕਿਉਂ ਬੋਲਦਾ ਹੈ। ਬਾਹਰੋਂ ਆਇਆ ਕੋਈ ਪਰਦੇਸੀ, ਫਰਜ ਬਣ ਜਾਂਦਾ ਹੈ ਸਾਡਾ ਕਿ ਉਸ ਦੀ ਬਾਤ ਸੁਣੋ, ਉਸ ਨੂੰ ਸੰਤੁਸ਼ਟ ਕਰੋ, ਉਤਰ ਦੇਵੋ, ਇਹ ਨਹੀਂ ਬਣਦਾ ਕਿ ਉਸ ਨੂੰ ਕੁਟੋ ਤੇ ਉਸ ਦੇ ਵਿਚ ਕਿਉਂਕਿ ਉਹ ਇਸ ਤੋਂ ਅੱਗੇ ਜਾਣਦਾ ਕੁਝ ਨਹੀਂ ਸੀ, ਬਹੁਤ ਜਿਆਦਾ ਹਉਮੈ ਅਭਿਮਾਨ ਵਧਿਆ ਹੋਇਆ ਸੀ ਕਿ ਮੈਂ ਵੱਡਾ ਪੀਰ ਹਾਂ, ਮੇਰੇ ਮੁਕਾਬਲੇ ਦਾ ਦੁਨੀਆਂ ਵਿਚ ਕੋਈ ਨਹੀਂ ਹੈ। ਇਹ ਜਿਹੜਾ ਦਰਵੇਸ ਆਇਆ ਹੈ ਇਹ ਝੂਠ ਬੋਲਦਾ ਹੈ, ਇਸ ਨੂੰ ਮਾਰ ਦਿਓ। ਦੂਜਾ ਇਹ ਹੈ ਕਿ ਸਰੋਦ ਵਜਾਉਂਦਾ ਹੈ, ਰਵਾਬ ਵਜਾਉਂਦਾ ਹੈ, ਜਦੋਂ ਕਿ ਇਥੇ ਕੋਈ ਸਾਜ ਵਜਾ ਨਹੀਂ ਸਕਦਾ, ਮਨ੍ਹਾ ਹੈ। ਰਾਗ ਹੀ ਮਨ੍ਹਾ ਕਰ ਦਿੱਤਾ, ਰਾਗ ਦਾ ਜਨਾਜ਼ਾ ਕੱਢ ਕੇ ਦਫਨ ਕਰ ਦਿੱਤਾ। ਔਰੰਗਜੇਬ ਨੇ ਵੀ ਇਵੇਂ ਹੀ ਕਰਿਆ ਸੀ। ਉਹ ਇੱਟਾਂ ਮਾਰਨ ਵਾਸਤੇ ਆਉਂਦੇ ਨੇ।

ਮਰਦਾਨਾ ਕਹਿਣ ਲੱਗਿਆ, " ਪਾਤਸ਼ਾਹ! ਦੇਖੋ ਕਿਵੇਂ ਰੋਹ ਕੇ ਨਾਲ ਆ ਰਹੇ ਨੇ ਸਾਰੇ। ਇਕ ਤੋਂ ਇਕ ਨੱਠ-ਨੱਠ ਕੇ ਅੱਗੇ ਵਧ ਰਿਹਾ ਹੈ, ਹੱਥਾਂ ਵਿਚ ਦੇਖੋ ਕਿਡੇ ਕਿਡੇ ਪੱਥਰ ਲਈ ਆਉਂਦੇ ਨੇ। ਕਈਆਂ ਨੇ ਤਾਂ ਦੋਏ ਹੱਥਾਂ ਨਾਲ ਚੁੱਕ ਕੇ ਸਿਰ ਤੇ ਰਖਿਆ ਹੋਇਆ ਹੈ।"

ਮਹਾਰਾਜ ਕਹਿੰਦੇ, "ਕੋਈ ਨਾ, ਮਰਦਾਨਿਆ! ਕਰਤਾਰ ਦੇ ਰੰਗ ਦੇਖ।"

ਉਸੇ ਵੇਲੇ ਮਹਾਰਾਜ ਜੀ ਨੇ ਬਾਂਗ ਦਿੱਤੀ 'ਸਤਿ ਸ੍ਰੀ ਅਕਾਲ' ਗੁਰ ਬਰ ਅਕਾਲ।' ਇਹ ਐਨੇ ਜੋਰ ਦੀ ਦਿੱਤੀ, ਸਾਰਿਆਂ ਦੇ ਹੱਥ ਜੁੜ ਗਏ, ਨਾ ਕੋਈ ਤੁਰੇ, ਨਾ ਕੋਈ ਹਿੱਲੇ। ਜਿਵੇਂ ਪੱਥਰ ਬਣ ਕੇ ਖੜ੍ਹ ਜਾਂਦੇ ਨੇ ਆਏਂ

ਖੜ੍ਹ ਗਏ ਗੁਰੂ ਨਾਨਕ ਪਾਤਸ਼ਾਹ ਦੇ ਆਲੇ ਦੁਆਲੇ, ਪੀਰ ਵੀ ਨਾਲ ਹੈ ਕਿ ਮੈਂ ਦੇਖਾਂਗਾ। ਪੀਰ ਨੇ ਸਾਰਾ ਹੀ ਜ਼ੋਰ ਲਾ ਲਿਆ ਕਿ ਮੈਂ ਹੱਥ ਖੋਲ੍ਹ ਦੇਵਾਂ ਇਨ੍ਹਾਂ ਦੇ ਜੜ੍ਹ ਹੋਏ ਪਏ ਨੇ। ਨਹੀਂ ਕਰ ਸਕਿਆ ਤੇ ਉਸ ਵੇਲੇ ਗੁਰੂ ਨਾਨਕ ਨਾਲ ਬਚਨ ਕੀਤੇ, ਅਖੀਰ ਗੱਲ ਸਮਝ ਵਿਚ ਆਈ ਕਿ ਹਾਂ ਵਾਹਿਗੁਰੂ ਤਾਂ ਬੇਅੰਤ ਹੈ। ਇਸ ਦਾ ਕੀਤਾ ਹੋਇਆ ਬ੍ਰਹਿਮੰਡ ਬੇਅੰਤ ਹੈ, ਇਹ ਬੇਅੰਤ ਹੈ, ਇਸ ਦਾ ਕੋਈ ਅੰਤ ਨਹੀਂ, ਕੋਈ ਆਦਿ ਨਹੀਂ ਹੈ। ਗੁਰੂ ਮਹਾਰਾਜ ਨੇ ਠੀਕ ਹੈ ਸ਼ਕਤੀ ਦੇ ਨਾਲ ਉਹ ਰੋਕ ਰੱਖੇ। ਗੁਰੂ ਪੰਜਵੇਂ ਪਾਤਸ਼ਾਹ ਨੇ ਕੋਈ ਸ਼ਕਤੀ ਨਹੀਂ ਦਿਖਾਈ। ਜਿਸ ਵਕਤ ਗੁਰੂ ਮਹਾਰਾਜ ਚਰਨ ਧਰਨ ਲੱਗੇ ਲਾਲ ਰੰਗ ਦੀ ਹੋਈ ਹੋਈ ਤਵੀ ਦੇ ਉਤੇ ਤਾਂ ਭਾਈ ਪ੍ਰਾਣੇ ਤੋਂ ਸਹਿ ਨਾ ਹੋਇਆ, ਉਸ ਨੇ ਦੋਏ ਹੱਥ ਉਪਰ ਚੁੱਕ ਲਏ ਤੇ ਜਦੋਂ ਤਾੜੀ ਵਜਾਉਣ ਲੱਗਿਆ ਤਾਂ ਗੁਰੂ ਮਹਾਰਾਜ ਨੇ ਕਿਹਾ, "ਠਹਿਰ ਜਾਹ! ਕੀ ਕਰਦਾ ਹੈਂ? ਇਹ ਕੀ ਕਰਨ ਲੱਗਿਆ ਹੈਂ।"

ਕਹਿੰਦਾ, "ਮਹਾਰਾਜ! ਮੈਂ ਲਾਹੌਰ ਗਰਕ ਕਰਨ ਲੱਗਿਆ ਹਾਂ।"

ਕਹਿੰਦੇ, "ਇਥੇ ਤਾਂ ਕਿੰਨੇ ਹੀ ਰੱਬ ਦੇ ਪਿਆਰੇ ਰਹਿੰਦੇ ਨੇ, ਕਿੰਨੇ ਬੰਦਗੀ ਵਾਲੇ ਨੇ, ਇਨ੍ਹਾਂ ਨੇ ਕਸੂਰ ਕੀ ਕਰਿਆ ਹੈ, ਤੂੰ ਐਡੀ ਸਜ਼ਾ ਇਨ੍ਹਾਂ ਨੂੰ ਦੇਣ ਲੱਗਿਆ ਹੈਂ। ਜੇ ਕਰਨਾ ਹੁੰਦਾ ਅਸੀਂ ਨਾ ਕਰ ਦਿੰਦੇ, ਅਸੀਂ ਆਪਣੀ ਮਰਜ਼ੀ ਨਾਲ ਬੈਠ ਰਹੇ ਹਾਂ ਇਸ ਦੇ ਉਤੇ।"

ਸਾਈਂ ਮੀਆ ਮੀਰ ਆ ਗਏ, ਸਹਿ ਨਾ ਸਕੇ ਉਤੇ ਬੈਠਿਆ ਨੂੰ। ਬਾਹਾਂ ਉੱਚੀਆਂ ਕਰ ਲਈਆਂ।

ਮਹਾਰਾਜ ਕਹਿੰਦੇ, "ਪੀਰ ਜੀ! ਰਹਿਮ, ਫਜ਼ਲ। ਇਹ ਕੰਮ ਨਾ ਕਰਿਓ।"

ਕਹਿੰਦੇ, "ਮੈਂ ਦੇਖ ਨਹੀਂ ਸਕਦਾ ਮਹਾਰਾਜ।"

ਗੋਰਖ ਨਾਥ ਆ ਗਿਆ। ਕਹਿਣ ਲੱਗਿਆ, "ਹੇ ਨਾਨਕ! ਮੈਂ ਇਹ ਗਰਕ ਕਰ ਦੇਣਾ ਹੈ।"

ਮਹਾਰਾਜ ਕਹਿੰਦੇ, "ਨਹੀਂ! ਕੁਝ ਨਹੀਂ ਕਰਨਾ ਤੁਸੀਂ ਦੇਖੋ ਸਹੀ ਕੀ ਹੋ ਰਿਹਾ ਹੈ, ਇਹ ਅਸੀਂ ਆਪਣੇ ਆਪ ਹੀ ਚੁਣਿਆ ਹੈ। ਸ਼ਕਤੀਆਂ ਕਿਸ ਨੂੰ ਦਿਖਾਉਣੀਆਂ ਹਨ? ਕਿਸ ਨੂੰ ਸਰਾਪ ਦੇਣਾ ਹੈ? ਇਥੇ ਵਾਹਿਗੁਰੂ ਤੋਂ ਬਗੈਰ ਹੋਰ ਹੈ ਕੋਈ?"

ਜਦੋਂ ਮੀਆਂ ਮੀਰ ਜੀ ਨੇ ਇਹ ਗੱਲ ਸੁਣੀ। ਉਸ ਨੂੰ ਸਮਝ ਆ ਗਈ ਗੱਲ ਕਿ ਮੈਂ ਇਕ ਵਾਰੀ ਸਵਾਲ ਕਰਿਆ ਸੀ ਗੁਰੂ ਮਹਾਰਾਜ ਤੇ ਇਨ੍ਹਾਂ ਨੇ ਪੜ੍ਹਿਆ ਸੀ –

***ਮਨਿ ਸਾਚਾ ਮੁਖਿ ਸਾਚਾ ਸੋਇ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥***

ਉਸ ਵੇਲੇ ਮੈਂ ਕਿਹਾ ਸੀ ਕਿ ਮਹਾਰਾਜ! ਕੋਈ ਹੈ ਐਸਾ ਮਨੁੱਖ? ਦੇਖੋ ਪਿਛੇ ਤਾਂ ਤੱਤੀ ਤਵੀ ਹੈ, ਪਾਣੀ ਦੇ ਵਿਚ ਉਬਾਲੇ ਨੇ। ਦੂਜਾ ਦੇਖਿਆ ਹੀ ਨਹੀਂ ਉਨ੍ਹਾਂ ਨੇ ਇਕੋ ਹੀ ਚੀਜ਼ ਦੇਖੀ ਹੈ, ਕੋਈ ਵਿਸ਼ੇਸ਼ ਸ਼ਕਤੀ ਨਹੀਂ ਦਿਖਾਈ। ਗੁਰੂ ਦਸਵੇਂ ਪਾਤਸ਼ਾਹ ਨੇ ਕੋਈ ਸ਼ਕਤੀ ਜਿੰਦਗੀ ਵਿਚ ਨਹੀਂ ਦਿਖਾਈ, ਦੋਨੇ, ਹਸਤੀਆਂ ਸਹਿਜ ਦੀਆਂ ਸੀ, ਪੰਥ ਤਿਆਰ ਕਰਨਾ ਸੀ, ਸੀਸ ਲੈ ਕੇ ਉਨ੍ਹਾਂ ਵੱਲ ਦ੍ਰਿਸ਼ਟੀ ਕੀਤੀ ਸਾਰੇ ਉਠ ਕੇ ਬੈਠ ਗਏ। ਆਹ ਨਹੀਂ ਸੀ ਕਿ ਬੱਕਰੇ ਵੱਢੇ। ਬੱਕਰਿਆਂ ਦੇ ਨਹੀਂ ਅਸੀਂ ਸਿੱਖ, ਇਹ ਤਲਵਾਰ ਦੀ ਧਾਰ ਵਿਚੋਂ ਪੈਦਾ ਹੋਇਆ ਹੋਇਆ ਖਾਲਸਾ ਹੈ, ਬਹੁਤ ਵੱਡਾ ਇਸ ਨੇ ਕੰਮ ਕਰਨਾ ਹੈ। ਇਹ ਨਹੀਂ ਸੀ ਇਸ ਦੇ ਵਿਚ ਬੜਾ ਕਿੰਤੂ ਹੈ ਜਿਹੜੇ ਮੌਕੇ ਦੇ ਸੀ ਉਹ ਵੀ ਲਿਖਦੇ ਨੇ ਕਿ ਅਸੀਂ ਤਾਂ ਡਰ ਗਏ, ਸਾਨੂੰ ਇਹ ਪਤਾ ਨਹੀਂ ਹੈ ਕਿ ਕਿਸ ਦਾ ਸਿਰ ਕਿਸ ਦੇ ਨਾਲ ਲੱਗ ਗਿਆ।

ਕਈ ਬੰਦਿਆਂ ਦੇ ਮਨਾਂ ਵਿਚ ਇਹ ਤਰਕ ਹੁੰਦੀ ਹੈ, ਆਪਣੇ ਮੈਗਜ਼ੀਨ ਦੇ ਅੰਦਰ ਇਕ ਲੇਖ ਆਉਂਦਾ ਹੈ Living with the Himalayan Masters. 'ਹਿਮਾਲਿਆ ਦੇ ਸੰਤਾਂ ਸੰਗ ਨਿਵਾਸ' ਡਾ. ਸਵਾਮੀ ਰਾਮ ਇਥੇ ਬਹੁਤ ਆਉਂਦੇ ਸੀ ਰਤਵਾੜਾ ਸਾਹਿਬ। ਉਹ ਬਹੁਤ ਨੇਕ ਬੰਦੇ ਸੀ, 2500 ਬੈਡ ਦਾ ਹਸਪਤਾਲ ਉਨ੍ਹਾਂ ਨੇ ਸ਼ੁਰੂ ਕਰਿਆ ਹੋਇਆ ਹੈ, ਮੈਡੀਕਲ ਕਾਲਜ ਉਨ੍ਹਾਂ ਨੇ ਬਣਾ ਦਿੱਤਾ, ਹੋਰ ਅਨੇਕਾਂ ਪਰਉਪਕਾਰ ਦੇ ਕੰਮ ਕਰ ਦਿੱਤੇ। ਉਤਰਾ-ਕਾਸ਼ੀ ਵਿਚ ਭੂਚਾਲ ਆ ਗਿਆ। ਇਕ ਕਰੋੜ ਰੁਪਈਆ ਦਿੱਤਾ ਉਨ੍ਹਾਂ ਨੂੰ, ਸਾਰੇ ਸ਼ਹਿਰ ਨੂੰ ਟੀਨਾਂ ਖਰੀਦ ਕੇ ਆਪਣੇ ਕੋਲੋਂ ਦਿੱਤੀਆਂ।

ਉਹ ਕਹਿਣ ਲੱਗੇ ਮੈਂ ਇਕ ਵਾਰੀ ਪੜ੍ਹਾ ਰਿਹਾ ਸੀ ਮੌਤ ਦੇ ਉਤੇ, ਵਿਦਿਆਰਥੀ ਮੇਰੇ ਸਾਹਮਣੇ ਬੈਠੇ ਸੀ ਤੇ ਮੈਨੂੰ ਇਹ ਅਭਿਮਾਨ ਸੀ ਕਿ ਮੇਰੇ ਜਿੰਨਾ ਨਾ ਤਾਂ ਕੋਈ ਪੜ੍ਹਿਆ ਹੋਇਆ ਹੈ, ਨਾ ਕੋਈ ਮੇਰੇ ਵਰਗਾ ਬੋਲ ਸਕਦਾ ਹੈ। ਮੈਂ ਜਿਸ ਵਕਤ ਭਾਸ਼ਨ ਦੇ ਰਿਹਾ ਸੀ ਉਸ ਵਕਤ ਉਥੇ ਇਕ ਸਾਧੂ ਆ ਗਿਆ। ਉਹ ਹੱਸ ਪਿਆ ਕਰੇ ਜਦੋਂ ਮੈਂ ਬੋਲਿਆ ਕਰਾਂ। ਮੈਨੂੰ ਬੜਾ ਬੁਰਾ ਲੱਗਿਆ ਕਿ ਨਾਲੇ ਤਾਂ ਕਲਾਸ ਪਰੇਸ਼ਾਨ ਕਰ ਦਿੱਤੀ, ਨਾਲੇ ਐਵੇਂ ਕਮਲਿਆਂ ਵਾਂਗ ਹੱਸੀ ਜਾਂਦਾ ਹੈ। ਕਹਿੰਦੇ ਮੈਂ ਜਲਦੀ ਕਲਾਸ ਨੂੰ ਛੁੱਟੀ ਦੇ ਦਿੱਤੀ ਕਿ ਇਹ ਪੜ੍ਹਾਉਣ ਤਾਂ ਦਿੰਦਾ ਨਹੀਂ ਇਸ ਦੇ ਨਾਲ ਗੱਲ ਕਰੀਏ। ਕਲਾਸ ਨੂੰ ਮੈਂ ਕਿਹਾ ਤੁਸੀਂ ਜਾਓ ਸਾਰੇ। ਕਹਿੰਦਾ ਉਹ ਮੇਰੇ ਕੋਲ ਆ ਕੇ ਬਹਿ ਗਿਆ, ਫੇਰ ਹੱਸੀ ਜਾਵੇ, ਮੈਂ ਕਿਹਾ ਸਵਾਮੀ ਜੀ! ਮਹਾਤਮਾ ਜੀ! ਮੈਂ ਪੜ੍ਹਾਉਂਦਾ ਸੀ ਤੇ ਤੁਸੀਂ ਹਸਦੇ ਸੀ, ਤੁਸੀਂ ਕਲਾਸ ਨੂੰ ਕਿੰਨਾ ਪਰੇਸ਼ਾਨ ਕਰਿਆ। ਇਹ ਕਿਹੜਾ ਤਰੀਕਾ ਹੈ ਦੁਨੀਆਂ ਦੇ ਅੰਦਰ, ਕਿਉਂ ਹੱਸਦੇ ਸੀ? ਉਹ ਕਹਿੰਦਾ ਮੈਂ ਤਾਂ ਹੱਸਦਾ ਸੀ ਕਿ ਤੇਰੇ ਨਾਲੋਂ ਅਨਜਾਣ ਦੁਨੀਆਂ ਤੇ ਕੋਈ ਬੰਦਾ ਹੀ ਨਹੀਂ। ਉਹ ਕਹਿੰਦਾ ਮੇਰੇ ਨਾਲੋਂ ਪੜ੍ਹਿਆ ਹੋਇਆ ਕੋਈ ਬੰਦਾ ਨਹੀਂ, ਉਹ ਕਹਿੰਦਾ ਤੇਰੇ ਨਾਲੋਂ ਅਣਜਾਣ ਕੋਈ ਬੰਦਾ ਨਹੀਂ। ਕਹਿੰਦੇ ਮੈਂ ਕਿਹਾ ਕਿਉਂ? ਕਹਿੰਦਾ ਤੈਨੂੰ ਮੌਤ ਦਾ ਪਤਾ ਹੀ ਨਹੀਂ ਕਿ ਕੀ ਹੁੰਦੀ ਹੈ? ਕਹਿੰਦੇ ਮੈਂ ਕਿਹਾ, "ਤੁਸੀਂ ਇਹ ਗੱਲ ਕਿਵੇਂ ਕਹਿ ਦਿੱਤੀ।" ਕਹਿੰਦਾ, "ਜਾਹ! ਕੋਈ ਜੀਉਂਦੀ ਚੀਜ਼ ਫੜ

ਲਿਆ।" ਕਹਿੰਦੇ ਮੈਂ ਕਿਹਾ ਹੋਰ ਮੈਂ ਕੀ ਫੜਨਾ ਹੈ ਇਕ ਵੱਡਾ ਸਾਰਾ ਕੀੜਾ ਫੜ ਲਿਆਇਆ ਤੇ ਮੈਂ ਕਿਹਾ ਲੈ ਫੜ। ਕਹਿੰਦਾ ਉਸ ਨੇ ਚਾਕੂ ਕੱਢਿਆ 2 ਹਿੱਸੇ ਕਰ ਦਿੱਤੇ ਉਸ ਦੇ। ਇਕ ਸੱਜੇ ਪਾਸੇ ਨੂੰ ਕਰ ਦਿੱਤਾ, ਇਕ ਖੱਬੇ ਪਾਸੇ ਨੂੰ ਕਰ ਦਿੱਤਾ ਆਪ ਬੈਠਾ ਰਿਹਾ। ਮੈਂ ਕੀ ਦੇਖਦਾ ਹਾਂ, ਹੈਰਾਨ ਹੋ ਗਿਆ ਕਿ ਕੱਟੇ ਹੋਏ ਕੀੜੇ ਦੇ ਟੁਕੜੇ ਇਕ ਦੂਜੇ ਵਲ ਨੂੰ ਸਰਕ ਸਰਕ ਕੇ ਦੋਏ ਜੁੜ ਗਏ ਆਪਸ ਵਿਚ ਤੇ ਕੀੜਾ ਫੇਰ ਤੁਰ ਪਿਆ। ਜੇ ਅੱਜ ਦੇ ਜ਼ਮਾਨੇ ਵਿਚ ਇਹ ਗੱਲ ਹੋ ਸਕਦੀ ਹੈ ਤਾਂ ਗੁਰੂ ਸਾਹਿਬ ਦੇ ਉਤੇ ਸ਼ੱਕ ਕਰਨ ਦੀ ਕੀ ਲੋੜ ਹੈ? ਇਹ ਨਾਸਤਕਤਾ ਨੂੰ ਜ਼ਾਹਿਰ ਕਰਦੀ ਹੈ, ਇਹ ਕੋਈ ਬਾਤਾਂ ਨਹੀਂ ਹਨ।

ਇਹ ਦੁਨੀਆਂ ਭਰ ਦੇ ਇਤਿਹਾਸ ਵਿਚ ਨੇ ਗੱਲਾਂ ਇਕੱਲੇ ਸਾਡੇ ਹੀ ਨਹੀਂ ਹਨ। ਹੁਣ ਸਮਾਂ ਨਹੀਂ ਕਿ ਮੈਂ ਇਕੱਲੇ ਇਕੱਲੇ ਦੀ ਬਾਤ ਕਰਾਂ। ਉਸ ਦੇ ਵਿਚ ਲਿਖਿਆ ਹੋਇਆ ਹੈ ਜਿਹੜਾ ਪਿਛਲੇ ਸਾਲ ਦਾ ਮੈਗਜ਼ੀਨ ਹੈ, ਹੁਣ ਵਾਲੇ ਵਿਚ ਵੀ ਲੇਖ ਲਿਖਿਆ ਹੋਇਆ ਹੈ, 'ਪੂਰੀ ਹੋਈ ਕਰਾਮਾਤ' ਉਹ ਕਰਾਮਾਤ ਕੀ ਸੀ? 5000 ਸਾਲ ਤੋਂ ਜਿਹੜਾ ਆਦਮੀ ਉਹ ਗਿਰਦਾ ਤੁਰਿਆ ਆਉਂਦਾ ਸੀ ਇਸ ਤੋਂ ਵੀ ਪਹਿਲਾਂ ਤੋਂ ਲੇਕਿਨ ਗਿਰਿਆ ਚੰਗੀ ਤਰ੍ਹਾਂ ਨਾਲ 5000 ਸਾਲ ਤੋਂ ਹੈ। ਪਹਿਲਾਂ ਤਾਂ ਆਪਣੇ ਆਪਣੇ ਅਸੂਲਾਂ ਤੇ ਕਾਇਮ ਸੀ। ਉਹ ਇਸ ਤਰ੍ਹਾਂ ਸੀ ਕਿ ਮਨੁੱਖ ਨੂੰ 4 ਹਿੱਸਿਆ ਵਿਚ ਵੰਡ ਦਿੱਤਾ ਸੀ। ਉਸ ਦਾ ਸਿਰ ਅੱਡ ਕਰ ਦਿੱਤਾ, ਡੌਲੇ ਅੱਡ ਕਰ ਦਿੱਤੇ, ਜਿਹੜੇ ਪੱਟ ਸੀ ਉਹ ਅੱਡ ਕਰ ਦਿੱਤੇ ਤੇ ਪੈਰ ਅੱਡ ਕਰ ਦਿੱਤਾ। ਕਈ ਪ੍ਰੇਮੀ ਕਹਿਣਗੇ ਇਹ ਵੀ ਗੱਲ ਹੋਈ। ਮਨੁੱਖ ਕਿਵੇਂ ਅੱਡ ਕਰ ਦਿੱਤਾ ਇਵੇਂ ਫੇਰ ਉਹ ਜੀਉਂਦਾ ਕਿਵੇਂ ਰਹਿ ਗਿਆ। ਉਹ ਇਹ ਸੀ ਸਾਧ ਸੰਗਤ ਜੀ! ਸਿਰ ਦੇ ਵਿਚ ਹੁੰਦੀ ਹੈ ਗਿਆਨ wisdom (ਅਕਲ) philosophy ਉਹ ਇਕ ਵਰਗ ਨੂੰ ਦੇ ਦਿੱਤੀ ਕਿ ਜਿਹੜਾ ਬੰਦਾ ਗਿਆਨ ਵਿਚ ਆਏਗਾ ਪੜ੍ਹੇਗਾ-ਲਿਖੇਗਾ, ਵੇਦ ਪੜ੍ਹ-ਪੜ੍ਹ ਸੁਣਾਏਗਾ ਉਸ ਦਾ ਨਾਉਂ ਬ੍ਰਾਹਮਣ ਰੱਖ ਦਿੱਤਾ ਗਿਆ। ਉਸ ਦੇ 6 ਕੰਮ ਕਰ ਦਿੱਤੇ ਗਏ। ਪਹਿਲਾਂ ਕੰਮ ਹੈ ਵੇਦ ਪੜ੍ਹਨੇ, ਵੇਦ ਪੜ੍ਹਾਉਣੇ, ਦੂਸਰਾ ਹੈ ਜੱਗ ਕਰਨੇ, ਜੱਗ ਕਰਾਉਣੇ, ਤੀਸਰਾ ਉਸ ਦਾ ਕੰਮ ਹੈ ਦਾਨ ਲੈਣਾ ਤੇ ਦਾਨ ਦੇਣਾ ਇਹ ਅੱਡ ਹੋ ਗਏ ਇਨ੍ਹਾਂ ਨੂੰ ਨਾ ਬਾਕੀ ਦੇਸ਼ ਦਾ ਪਤਾ ਨਾ ਦੇਸ਼ ਵਿਚ ਕੋਈ ਤਰੱਕੀ ਕਰਨ ਦਾ ਪਤਾ। ਵੱਖਰਾ ਹੋ ਗਿਆ ਬਿਲਕੁਲ ਅਲੱਗ ਥਲੱਗ। ਇਹ ਬੰਨ੍ਹ ਦਿੱਤਾ ਕਿ ਇਸ ਦੀ ਰੋਜ਼ੀ ਵਾਸਤੇ ਦੇਣਾ ਪਏਗਾ ਰਾਜਿਆਂ ਨੂੰ ਤੇ ਜਿਹੜਾ ਹੈ ਕਮਾਈ ਵਾਲਾ ਵਰਗ ਵੈਸ਼ ਉਸ ਨੂੰ ਨਿਸ਼ਚਿਤ ਟੈਕਸ ਲਾ ਦਿੱਤੀ ਕਿ ਐਨਾ ਤੂੰ ਦੇਣਾ ਹੀ ਹੈ ਤੂੰ ਆਪਣੇ ਪਿੰਡ ਦੇ ਪ੍ਰੋਹਿਤ ਨੂੰ ਪਾਂਧੇ ਨੂੰ ਐਨਾ ਦੇਣਾ ਹੈ, ਪ੍ਰੋਹਿਤ ਨੂੰ ਐਨਾ ਦੇਣਾ। ਸਾਰਾ ਸਮਾਜ ਹੀ ਵੰਡਿਆ ਹੋਇਆ ਸੀ, ਬਜ਼ੁਰਗਾਂ ਨੂੰ ਪਤਾ ਹੈ। ਉਸ ਤੋਂ ਬਾਅਦ ਦੂਸਰਾ ਵਰਗ ਉਨ੍ਹਾਂ ਨੇ ਗਰਦਨ ਅਲੱਗ ਕਰ ਦਿੱਤੀ ਹੁਣ ਵਾਰੀ ਆ ਗਈ ਡੌਲਿਆਂ ਦੀ, ਡੌਲਿਆਂ ਵਿਚ ਹੁੰਦੀ ਹੈ ਤਾਕਤ। ਤਾਕਤ ਵਾਲਿਆਂ ਨੂੰ ਕਿਹਾ ਕਿ ਆਪਣੇ ਆਪ ਨੂੰ ਮਜ਼ਬੂਤ ਕਰੋ, ਤੁਸੀਂ ਕੋਈ ਕੰਮ ਨਹੀਂ ਕਰਨਾ, ਕੋਈ ਰੁਝੇਵਾਂ ਦੁਨੀਆਂ ਦਾ ਤੁਹਾਡੇ ਕੋਲ ਨਹੀਂ ਹੋਏਗਾ, ਸਾਰੀਆਂ ਜ਼ਮੀਨਾਂ ਦੀ ਮਾਲਕੀ ਤੁਹਾਡੀ ਹੋਏਗੀ, ਰਾਜ ਦੀ ਮਾਲਕੀ ਤੁਹਾਡੀ ਹੋਏਗੀ, ਤੁਸੀਂ ਰਾਜ ਕਰੋਗੇ ਲੇਕਿਨ ਜਿਹੜਾ ਕੰਮ

ਹੈ ਸ਼ਸਤਰ ਚਲਾਉਣੇ ਸਿਖਣੇ, ਅਸਤ੍ਰਾਂ ਵਾਸਤੇ ਘੋਰ ਤਪ ਕਰਨੇ, ਅਸਤ੍ਰ ਕਹਿੰਦੇ ਨੇ ਜਿਵੇਂ ਪ੍ਰਮਾਣੂ ਬੰਬ ਵਗੈਰਾ ਨੇ। ਉਹ ਇਸ ਤਰ੍ਹਾਂ ਨਹੀਂ ਸੀ ਬਣਾਉਂਦੇ। ਉਹ ਮਾਨਸਿਕ ਸ਼ਕਤੀ ਦੇ ਨਾਲ ਤਿਆਰ ਕੀਤੇ ਜਾਂਦੇ ਸੀ। ਇਸ ਤਰ੍ਹਾਂ ਸਮਝ ਲਓ ਕਿ ਉਨ੍ਹਾਂ ਦੇ ਤਪਾਂ ਦੇ ਫਲ ਨਾਲ ਉਹ ਮਿਲਦੇ ਸੀ ਗੈਬ ਦੇ ਵਿਚੋਂ। ਇਹ ਉਨ੍ਹਾਂ ਦਾ ਕੰਮ ਹੋ ਗਿਆ ਦੇਸ਼ ਦੀ ਰਾਖੀ ਕਰਨੀ। ਤੀਜਾ ਵਰਗ ਸੀ ਵਪਾਰੀਆਂ ਦਾ, ਦੇਸ ਪ੍ਰਦੇਸ ਜਾ ਕੇ ਧਨ ਕਮਾਉਂਦੇ ਸੀ। ਇਹ ਟੈਕਸ ਭਰਦੇ ਸੀ ਬ੍ਰਾਹਮਣ ਦੀ ਪਾਲਨਾ ਹਿਤ। ਬਾਹਰ ਨਾ ਕਸ਼ਤ੍ਰੀ ਨੇ ਜਾਣਾ ਹੈ ਤੇ ਨਾ ਬ੍ਰਾਹਮਣ ਨੇ ਜਾਣਾ ਹੈ, ਬ੍ਰਾਹਮਣ ਦਾ ਤਾਂ ਇਹ ਸੀ ਕਿ ਭਾਰਤ ਵਰਸ਼ ਤੋਂ ਬਾਹਰਲਾ ਪਾਣੀ ਨਹੀਂ ਪੀਣਾ, ਪਾਣੀ ਜੇ ਪੀਣਾ ਹੈ ਤਾਂ ਇਥੋਂ ਲੈ ਕੇ ਜਾਣਾ ਹੈ। ਉਹ ਕਹਿੰਦੇ ਸੀ ਮਲੇਸ਼ ਧਰਤੀ ਦਾ ਪਾਣੀ ਨਹੀਂ ਪੀਣਾ। ਇਸ ਤੋਂ ਬਾਅਦ ਚੌਥਾ ਵਰਗ ਜਿਹੜਾ ਸੀ ਉਹ ਉਨ੍ਹਾਂ ਲੋਕਾਂ ਦਾ ਕਰ ਦਿੱਤਾ ਜਿਨ੍ਹਾਂ ਨੂੰ ਆਉਂਦਾ ਨਹੀਂ ਸੀ ਬਹੁਤਾ, ਉਨ੍ਹਾਂ ਨੂੰ ਕਿਹਾ ਤੁਸੀਂ ਇਨ੍ਹਾਂ ਦੀਆਂ ਲੋੜਾਂ ਪੂਰੀਆਂ ਕਰੋ ਇਨ੍ਹਾਂ ਵਾਸਤੇ ਕਿਰਤ ਕਰੋ ਐਸੇ ਕੰਮ ਕਰੋ ਕਿ ਇਨ੍ਹਾਂ ਨੂੰ ਨੱਠਣਾ ਭੱਜਣਾ ਨਾ ਪਵੇਂ ਉਹ ਨੌਕਰਾਂ ਚਾਕਰਾਂ ਵਾਲੇ ਕੰਮ ਸੀ ਸਾਰੇ, ਸੇਵਾ ਕਰਨੀ। ਉਸ ਨੂੰ ਬਣਾ ਦਿੱਤਾ ਸ਼ੂਦਰ। ਸ਼ੂਦਰ ਦੀ ਵੰਡ ਅੱਗੇ ਫੇਰ ਕਰ ਦਿੱਤੀ। ਇਕ ਤਾਂ ਉਹ ਕਰ ਦਿੱਤਾ ਜਿਨ੍ਹਾਂ ਨਾਲ ਹੱਥ ਲਾਏ ਤੋਂ ਆਪ ਭਿੱਟ ਹੋ ਜਾਈਦਾ ਸੀ, ਇਕ ਉਹ ਕਰ ਦਿੱਤਾ ਜਿਨ੍ਹਾਂ ਨਾਲ ਬੋਲਿਆਂ ਚੱਲਿਆਂ ਜਾ ਸਕਦਾ ਹੈ, ਰੋਟੀ ਖਾਈ ਜਾ ਸਕਦੀ ਹੈ। ਸੋ ਇਹ ਚਾਰ ਹਿੱਸਿਆਂ ਵਿਚ ਮਨੁੱਖ ਵੰਡਿਆ ਗਿਆ। ਹੁਣ ਜਿਵੇਂ ਪੀ.ਜੀ.ਆਈ ਜਾਓ ਤੁਸੀਂ ਉਥੇ ਡਾਕਟਰ ਮਾਹਿਰ ਨੇ। ਜੇ ਤੁਹਾਡਾ ਗਲ ਦੁਖਦਾ ਹੈ ਤੇ ਗਲਾ ਦਿਖਾਇਆ। ਨਾਲ ਕਹਿ ਦਿੱਤਾ ਮੇਰਾ ਕੰਮ ਦੁਖਦਾ ਹੈ। ਉਹ ਕਦੇ ਨਹੀਂ ਇਲਾਜ ਕਰੇਗਾ। ਉਹ ਕਹੇਗਾ ਜੀ ਕੰਨ ਵਾਲੇ ਕੋਲ ਜਾਓ। ਜੇ ਕੰਨ ਦੁਖਦਾ ਹੈ ਤੁਸੀਂ ਕਿਹਾ ਜੀ ਮੇਰੇ ਨੱਕ ਵਿਚ ਤਕਲੀਫ ਹੈ। ਉਹ ਕਹਿੰਦਾ ਤੁਸੀਂ ਤਾਂ ਜੀ ਨੱਕ ਵਾਲੇ ਕੋਲ ਜਾਓ, ਅੱਖਾਂ ਨੇ ਕਹਿੰਦੇ ਅੱਖਾਂ ਵਾਲਿਆਂ ਕੋਲ ਜਾਓ, ਸਿਰ ਦੁਖਦਾ ਹੈ ਸਿਰ ਵਾਲੇ ਕੋਲ ਜਾਓ ਮਾਹਿਰ ਨੇ। ਕੋਈ ਦਿਲ ਦਾ ਮਾਹਿਰ ਹੈ ਕੋਈ ਕਿਸੇ ਚੀਜ਼ ਦਾ ਹੈ ਕੋਈ ਕਿਸੇ ਦਾ ਹੈ, ਕੋਈ ਹੱਡੀਆਂ ਦਾ ਮਾਹਿਰ ਹੈ। ਉਸ ਦੇ ਨਾਲ ਇਕ ਬਾਤ ਚੰਗੀ ਹੁੰਦੀ ਹੈ ਕਿ ਆਪਣੇ ਆਪਣੇ ਕੰਮ ਦੇ ਵਿਚ ਸਾਰੇ ਹੁਸ਼ਿਆਰ ਹੁੰਦੇ ਨੇ ਪਰ ਇਕ ਨਹੀਂ ਮਿਲਦਾ। ਹੁਣ ਕੋਈ ਵੀ ਜਿਹੜਾ ਸਾਰੇ ਨੂੰ ਜਾਣਦਾ ਹੋਵੇ ਬੀਬੀਆਂ ਜਾਂਦੀਆਂ ਨੇ, ਭਾਈ ਜਾਂਦੇ ਨੇ ਮੈਨੂੰ ਆਹ ਬਿਮਾਰੀ ਹੈ, ਡਾਕਟਰ ਨੂੰ ਆਉਂਦਾ ਹੀ ਨਹੀਂ। ਉਹ ਕਹਿੰਦਾ ਮੈਂ ਤਾਂ ਮਾਹਿਰ ਫਲਾਣੀ ਚੀਜ਼ ਦਾ ਹਾਂ। ਇਸੇ ਤਰ੍ਹਾਂ ਦੇ ਨਾਲ ਇਹ ਜਿਹੜਾ ਸਮਾਜ ਸੀ, ਇਹ ਮਾਹਿਰ ਬਣਾਇਆ ਸੀ ਕਿ ਆਪਣੇ ਆਪਣੇ ਕਰਮਾਂ ਦੇ ਵਿਚ ਤਕੜੇ ਹੋ ਕੇ ਲੱਗੋ। ਉਸ ਦੇ ਵਿਚ ਕਮਾਯਾਬੀ ਵੀ ਰਹੀ ਬੜੀ ਜਬਰਦਸਤ ਲੇਕਿਨ 5000 ਸਾਲ ਤੋਂ ਬਾਅਦ ਜਦੋਂ ਮਹਾਂ ਭਾਰਤ ਦਾ ਯੁੱਧ ਹੋਇਆ, ਬੰਦਾ ਗਿਰਦਾ ਗਿਰਦਾ ਐਨਾ ਗਿਰ ਗਿਆ ਕਿ ਉਸ ਦਾ ਸਾਹਸ ਹੀ ਖਤਮ ਹੋ ਗਿਆ। ਸ਼ੂਦਰ ਦਾ ਇਹ ਹੋ ਗਿਆ ਕਿ ਮੈਂ ਤਾਂ ਇਨ੍ਹਾਂ ਦੀ ਸੇਵਾ ਹੀ ਕਰਨੀ ਹੈ ਤੇ ਉਸਨੂੰ ਛੋਟਾ ਗਿਣਿਆ ਗਿਆ, ਨੀਚ ਗਿਣਿਆ ਗਿਆ। ਜਿਹੜਾ ਵਣਜ ਵਪਾਰ ਵਾਲਾ ਸੀ ਉਹ ਕਹਿੰਦਾ ਮੈਨੂੰ ਕੀ ਲੋੜ ਹੈ ਲੜ੍ਹਨ ਦੀ ਆਪੇ ਕਸ਼ਤ੍ਰੀ ਹਨ ਇਨ੍ਹਾਂ ਦਾ ਕੰਮ ਹੈ ਲੜ੍ਹਨਾ। ਪੜਨਾ ਪੜ੍ਹਾਉਣਾ ਬ੍ਰਾਹਮਣ ਦਾ ਕੰਮ ਸੀ, ਮੈਨੂੰ ਪੜ੍ਹਨ ਦੀ ਲੋੜ ਨਹੀਂ,

ਬ੍ਰਾਹਮਣ ਸਾਨੂੰ ਆਪੇ ਦੱਸਣਗੇ। ਜਿਹੜਾ ਕਸ਼ਤਰੀ ਸੀ ਉਹ ਦੀਆਂ 14 ਵਿਦਿਆ ਹੋਇਆ ਕਰਦੀਆਂ ਸੀ। ਉਹ 14 ਵਿਦਿਆ ਦੀ ਪੜ੍ਹਾਈ ਕਰਦਾ ਸੀ, ਵੇਦਾਂ ਆਦਿ ਦਾ ਗਿਆਨ ਨਹੀਂ ਸੀ ਉਸ ਨੂੰ ਹੁੰਦਾ ਲੇਕਿਨ ਬ੍ਰਹਮਗਿਆਨੀ ਹਮੇਸ਼ਾ ਹੀ ਕਸ਼ਤਰੀ ਹੋਇਆ ਹੈ ਤੇ ਗੁਰੂ ਸਾਹਿਬ ਦੇ ਵੇਲੇ ਤੱਕ ਆਉਂਦੇ ਆਉਂਦੇ ਬਿਲਕੁਲ ਮਨੁੱਖ ਦੇ 4 ਟੁਕੜੇ ਹੋ ਗਏ। ਇਕ ਮਨੁੱਖ ਸਾਰੇ ਕੰਮ ਨਹੀਂ ਸੀ ਕਰ ਸਕਦਾ। ਕਸ਼ਤ੍ਰੀਆਂ ਦਾ ਧਰਮ ਜਾਂਦਾ ਰਿਹਾ। ਉਹ ਵਪਾਰ ਵਿਚ ਪੈ ਗਏ, ਦੇਸ਼ ਦੀ ਰਾਖੀ ਖਤਮ ਹੋ ਗਈ। ਪਰਦੇਸੀਆਂ ਨੇ ਆ ਕੇ ਬੜੇ ਹੀ ਜ਼ੁਲਮ ਕੀਤੇ, ਬਹੁਤ ਜੁਲਮ ਕੀਤੇ ਜੇ ਜ਼ੁਲਮਾਂ ਦੀ ਗੱਲ ਕਰੋ ਆਪ ਹੀ ਨਹੀਂ ਸੁਣ ਹੁੰਦੀ। ਜਿਹੜਾ ਪੜ੍ਹਨ ਲਿਖਣ ਵਾਲਾ ਵਰਗ ਸੀ ਉਸ ਨੇ ਪੜ੍ਹਾਈ ਲਿਖਾਈ ਤਾਂ ਪਾਸੇ ਛੱਡ ਦਿੱਤੀ ਜਨਤਾਂ ਨੂੰ ਕਾਬੂ ਕਰ ਲਿਆ। ਤੁਸੀਂ ਕਹਿਣਾ ਹੈ ਕਿ ਮੈਂ ਜਾਣਾ ਹੈ ਜਲੰਧਰ ਨੂੰ। ਕਹਿੰਦੇ ਅੱਜ ਨਾ ਜਾਈਂ ਸ਼ੁਧ ਦਿਨ ਨਹੀਂ ਹੈ ਉਧਰ ਜਾਣ ਲਈ, ਮੈਂ ਆਹ ਕੰਮ ਕਰਨਾ ਹੈ ਜਰੂਰੀ ਹੈ ਕਹਿੰਦੇ ਅੱਜ ਨਾ ਜਾਈ ਵੀਰਵਾਰ ਹੈ ਅੱਜ। ਵਿਆਹ ਕਰਨਾ ਹੈ ਜੀ ਅਸੀਂ ਬਹੁਤ ਛੇਤੀ, ਕਹਿੰਦੇ ਸੁਧ ਹੀ ਨਹੀਂ ਹੈ, ਇਹ ਮਹੀਨਾ ਹੈ ਹੀ ਨਹੀ ਵਿਆਹ ਵਾਲਾ। ਐਸੇ ਵਹਿਮ ਪ੍ਰਸਤੀ ਦੇ ਵਿਚ ਬੰਦੇ ਕਾਬੂ ਆ ਗਏ। ਕੋਈ ਕੰਮ ਕਰਨ ਵਾਸਤੇ ਖਾਲੀ ਨਾ ਸੀ ਰਿਹਾ। ਇਸ ਤਰ੍ਹਾਂ ਸਮਾਜ ਦਾ ਪਤਨ ਹੋ ਗਿਆ ਸਾਧ ਸੰਗਤ ਜੀ! ਗੁਰੂ ਦਸਮੇਸ਼ ਪਿਤਾ ਜੀ ਨੇ ਟੁਕੜੇ-ਟੁਕੜੇ ਹੋਈ ਮਨੁੱਖਤਾ ਨੂੰ ਫੇਰ ਜੋੜਿਆ ਜਿਵੇਂ ਉਨ੍ਹਾਂ ਦੀਆਂ ਗਰਦਨਾਂ ਲਾਹ ਕੇ, ਸੀਸ ਲਾਹ ਕੇ ਮੁੜ ਕੇ ਜੋੜ ਦਿੱਤੇ। ਇਸੇ ਤਰ੍ਹਾਂ ਸਮਾਜ ਨੂੰ ਜੋੜ ਕੇ ਇਕ ਪੂਰਾ ਮਨੁਖ ਬਣਾ ਦਿੱਤਾ ਜਿਸ ਨੂੰ ਖਾਲਸਾ ਕਹਿੰਦੇ ਨੇ। ਖਾਲਸਾ ਭੇਖ ਨਹੀਂ ਹੈ ਇਕ ਉਹ ਮਨੁੱਖ ਹੈ ਜੋ ਸਰਵ ਉਤਮ ਹੈ ਸਭ ਤੋਂ ਵੱਡਾ ਹੈ ਤੇ ਇਕੋ ਹੀ ਮਨੁੱਖ ਦੀਆਂ ਕਿੰਨੀਆਂ ਡਿਊਟੀਆਂ ਨੇ ਕਿ ਉਹ ਪੜ੍ਹਦਾ ਲਿਖਦਾ ਹੈ, ਗੁਰੂ ਗ੍ਰੰਥ ਸਾਹਿਬ ਪੜ੍ਹਦੇ ਨੇ, ਪੜ੍ਹਾਉਂਦੇ ਨੇ, ਕੀਰਤਨ ਕਰਦੇ ਨੇ ਸੁਣਾਉਂਦੇ ਨੇ, ਲੰਗਰ ਚਲਾਉਂਦੇ ਨੇ ਤਿਆਰ ਕਰਦੇ ਨੇ, ਉਹ ਸਾਰਾ ਬ੍ਰਾਹਮਣ ਦਾ ਕੰਮ ਹੈ ਇਹ। ਕਸ਼ਤ੍ਰੀ ਦਾ ਹੈ ਓਹੀ ਮਨੁੱਖ ਜਿਹੜਾ ਹੈ ਜਦੋਂ ਫੌਜ ਵਿਚ ਭਰਤੀ ਹੋ ਜਾਂਦਾ ਹੈ ਉਸ ਵੇਲੇ ਦੇਸ਼ ਦਾ ਰਾਖਾ ਹੋ ਜਾਂਦਾ ਹੈ, ਉਸ ਵੇਲੇ ਉਸ ਦਾ ਦਿਮਾਗ ਉਸ ਦੇ ਨਾਲ ਹੈ, ਦਿਮਾਗ ਅੱਡ ਨਹੀਂ ਹੁੰਦਾ। ਉਸ ਵੇਲੇ ਵੀ ਉਹ ਬਾਣੀ ਪੜ੍ਹਦਾ ਹੈ ਪੜ੍ਹਾਉਂਦਾ ਹੈ, ਜਦੋਂ ਉਹ ਵਪਾਰ, ਖੇਤੀ ਵਿਚ ਪੈਂਦਾ ਹੈ, ਦੇਸ਼ਾਂ ਪ੍ਰਦੇਸ਼ਾਂ ਵਿਚ ਜਾਂਦਾ ਹੈ, ਓਹੀ ਬੰਦਾ ਸ਼ਸਤ੍ਰਧਾਰੀ ਵੀ ਹੈ ਤੇ ਨਾਲ ਬ੍ਰਾਹਮਣ ਵੀ ਹੈ ਤੇ ਨਾਲ ਉਹ ਵੈਸ਼ ਵੀ ਹੋ ਗਿਆ।

ਹੁਣ ਆ ਗਈ ਚੌਥੇ ਵਰਗ ਦੀ ਵਾਰੀ। ਚੌਥਾ ਵਰਗ ਸੀ ਜਿਹੜਾ ਸੇਵਾ ਕਰਦਾ ਸੀ ਉਸ ਨੂੰ ਨੀਚ ਜਾਣਦੇ ਸੀ। ਨਿਸ਼ਾਨੀ ਇਹ ਸੀ ਜਿਸ ਦੀ ਕਿਰਤ ਕਰਨ ਸਮੇਂ ਪਸੀਨਾ ਚਲ ਜਾਵੇ ਉਸ ਨੂੰ ਸ਼ੂਦਰ ਕਿਹਾ ਜਾਂਦਾ ਸੀ। ਉਨ੍ਹਾਂ ਨੂੰ ਬਿਲਕੁਲ ਥੱਲੇ ਸੁਟਿਆ ਹੋਇਆ ਸੀ, ਉਸ ਨੂੰ ਹੱਥ ਨਹੀਂ ਸੀ ਲਾਉਂਦੇ, ਉਪਰ ਵਾਲੇ ਜ਼ਿਆਦਾ ਹੋ ਗਏ ਬਿਲਕੁਲ ਉਸ ਨੂੰ ਵੀ ਵਿਸ਼ਵਾਸ ਜਾਂਦਾ ਰਿਹਾ। ਗੁਰੂ ਮਹਾਰਾਜ ਨੇ ਇਹ ਕਰਾਮਾਤ ਕਰ ਦਿੱਤੀ ਕਿ ਪਿਆਰਿਓ

*ਵਿਚਿ ਦੁਨੀਆ ਸੇਵ ਕਮਾਈਐ॥*

***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥*** ***ਅੰਗ - 26***

ਦਰਗਾਹ ਵਿਚ ਥਾਂ ਹੀ ਉਸ ਨੂੰ ਮਿਲੇਗਾ ਜਿਹੜਾ ਸੇਵਾ ਕਰੇਗਾ, ਬਰਤਨ ਮਾਂਜੇਗਾ, ਝਾੜੂ ਦੇਵੇਗਾ, ਪੱਖੇ ਝਲੇਗਾ, ਜੋੜੇ ਸਾਂਭੇਗਾ, ਦੁਨੀਆਂ ਦੀਆਂ ਅਨੇਕਾਂ ਸੇਵਾਵਾਂ ਨੇ ਹਸਪਤਾਲ ਬਣਾਏਗਾ, ਸਕੂਲ ਬਣਾਏਗਾ, ਸੜਕਾਂ ਬਣਾਏਗਾ, ਦੁਨੀਆਂ ਦੇ ਦੁੱਖਾਂ ਨੂੰ ਦੂਰ ਕਰੇਗਾ, ਸੇਵਾ ਇਕ ਤਰ੍ਹਾਂ ਦੀ ਤਾਂ ਹੈ ਨਹੀਂ। ਸੇਵਾਦਾਰ ਨੂੰ ਚੁੱਕ ਕੇ ਮਹਾਰਾਜ ਨੇ ਸਭ ਤੋਂ ਉਤੇ ਲੈ ਆਂਦਾ। ਜਿਹੜੇ ਪੈਰ ਸੀ ਉਥੇ ਮੱਥਾ ਟਿਕਾਉਣਾ ਸ਼ੁਰੂ ਕਰ ਦਿੱਤਾ ਕਿ ਸਿਰ ਨੂੰ ਕੋਈ ਮੱਥਾ ਟੇਕਦਾ ਹੈ? ਪੈਰਾਂ ਨੂੰ ਟੇਕਦਾ ਹੈ। ਐਨੀ ਵਡਿਆਈ ਦੇ ਦਿੱਤੀ ਕਿਰਤ ਨੂੰ, ਸੇਵਾ ਕਰਨ ਵਾਲੇ ਨੂੰ -

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥ ਅੰਗ - 286***

ਸ਼ਰਤ ਲਗਾ ਦਿੱਤੀ, ਇਕੱਲੇ ਗਿਆਨੀ ਨੂੰ ਰੱਬ ਨਹੀਂ ਮਿਲੇਗਾ, ਇਕੱਲੇ ਯੋਧੇ ਨੂੰ ਰੱਬ ਨਹੀਂ ਮਿਲੇਗਾ, ਇਕੱਲੇ ਵਪਾਰੀ ਨੂੰ ਰੱਬ ਨਹੀਂ ਮਿਲੇਗਾ ਪਰ ਜਿਹੜਾ ਸੇਵਾ ਕਰਦਾ ਹੈ ਉਸ ਨੂੰ ਮਿਲ ਜਾਏਗਾ। ਇਹ ਜਦੋਂ ਤੋਂ ਸੰਸਾਰ ਰਚਿਆ ਹੈ ਉਸ ਵੇਲੇ ਤੋਂ ਆਰੀਅਨ ਸਭਿਆਚਾਰ ਵਿਚ ਨੁਕਸ ਆ ਗਿਆ ਸੀ। ਮਨੁੱਖ ਨੂੰ 4 ਹਿੱਸਿਆਂ ਵਿਚ ਵੰਡ ਦਿੱਤਾ। ਹੁਣ ਗੁਰੂ ਦਸਮੇਸ਼ ਪਿਤਾ ਨੇ ਚਾਰੇ ਟੁਕੜਿਆਂ ਨੂੰ ਇਕੱਠੇ ਕਰਕੇ ਮਨੁੱਖ ਬਣਾ ਦਿੱਤਾ। ਹੁਣ ਮਨੁੱਖ ਬਣਾ ਕੇ ਵੀ ਨਹੀਂ ਖੜ੍ਹੇ ਆਪ। ਜਿਹੜੇ ਉਨ੍ਹਾਂ ਦੇ ਰਿਸ਼ੀ ਮੁਨੀ ਸੀ ਬਜ਼ੁਰਗ ਸਾਡੇ ਪੁਰਾਣੇ ਉਹ ਜੰਗਲਾਂ ਵਿਚ ਚਲੇ ਜਾਂਦੇ ਸੀ। ਉਥੇ ਸਾਧਨ ਕਰਦੇ ਸੀ ਰੱਬ ਦੀ ਖੋਜ ਕਰਦੇ ਸੀ, ਆਪੇ ਦੀ ਖੋਜ ਕਰਦੇ ਸੀ। ਮਹਾਰਾਜ ਨੇ ਕਿਹਾ ਨਹੀਂ ਏਹੀ ਮਨੁੱਖ ਰਿਸ਼ੀ ਵੀ ਹੋਏਗਾ-

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਅੰਗ - 305***

ਕਹਿੰਦੇ ਜੰਗਲਾਂ ਵਿਚ ਜਾਣ ਦੀ ਕੀ ਲੋੜ ਹੈ? ਬਾਲ ਬੱਚਿਆਂ ਦੇ ਫਰਜ਼ ਨੂੰ ਪਿੱਠ ਦੇ ਕੇ -

***ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ॥***
***ਅੰਗ - 1348***

ਮਹਾਰਾਜ ਕਹਿੰਦੇ ਬਿਲਕੁਲ ਨਹੀਂ ਨੱਠਣਾ, ਬੰਦਗੀ ਕਰਨੀ ਹੈ ਘਰ ਦੇ ਵਿਚ ਰਹਿ ਕੇ ਸਾਹਮਣਾ ਕਰਨਾ ਹੈ ਸਮਾਜ ਨੂੰ। ਉਸ ਸਮਾਜ ਨੂੰ ਬਣਾਉਣਾ ਹੈ ਜੇ ਸਮਾਜ ਵਿਚੋਂ ਚੰਗੇ ਬੰਦੇ ਨਿਕਲ ਜਾਣ, ਬਾਕੀ ਕੀ ਰਹਿ ਗਿਆ। ਜੇ ਘਟਾਓ ਕਰ ਦਿਓ, ਇਕ ਬੁਰਿਆਈ ਹੈ ਤੇ ਇਕ ਚੰਗਿਆਈ ਹੈ ਦੋ ਚੀਜ਼ਾਂ ਨੇ। ਉਸ ਦੇ ਵਿਚੋਂ ਜੇ ਘਟਾ ਦਿਓ ਚੰਗਿਆਈ+ਬੁਰਿਆਈ। ਬੁਰਿਆਈ ਬਾਕੀ ਕੀ ਰਹਿ ਗਿਆ ਚੰਗਿਆਈ ਰਹਿ ਗਈ। ਜੇ ਚੰਗਿਆਈ ਨੂੰ ਬਾਹਰ ਕੱਢ ਦਿਓ ਤਾਂ ਬੁਰਿਆਈ ਰਹਿ ਗਈ ਸੰਸਾਰ ਵਿਚ। ਮਹਾਰਾਜ ਕਹਿੰਦੇ ਬਿਲਕੁਲ ਨਹੀਂ

ਨੱਠਣਾ, ਵਿਚ ਰਹਿਣਾ ਹੈ ਦੁਨੀਆਂ ਦੇ ਵਿਚ ਰਹਿ ਕੇ ਅਸੂਲਾਂ ਦੀ ਪਾਲਣਾ ਕਰਨੀ ਹੈ, ਦੌੜਨਾ ਨਹੀਂ, ਭੱਜਣਾ ਨਹੀਂ ਪਰ ਜੁਗਤ ਪੂਰੇ ਗੁਰੂ ਦੀ ਕਮਾ ਲੈਣੀ ਹੈ -

*ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ॥* *ਅੰਗ 522*

ਕਿਹੋ ਜਿਹਾ ਰਸਤਾ ਦੇ ਦਿੱਤਾ? ਬਾਲ ਬੱਚਿਆਂ ਵਿਚ ਰਹੋ, ਕੋਠੀਆਂ ਬਣਾਓ, ਨੌਕਰੀਆਂ ਕਰੋ, ਪੈਸਾ ਕਮਾਓ, ਹਵਾਈ-ਜਹਾਜ ਖਰੀਦੋ ਚਾਹੇ, ਬੜੇ-ਬੜੇ ਅਹੁਦੇ ਪ੍ਰਾਪਤ ਕਰੋ, ਦੇਸ਼ ਦੇ ਰਾਸ਼ਟਰਪਤੀ ਬਣੋ, ਕੁਝ ਬਣੋ। ਮਹਾਰਾਜ ਨੇ ਨਹੀਂ ਨਠਾਇਆ। ਮਹਾਰਾਜ ਕਹਿੰਦੇ ਨਹੀਂ, ਇਸ ਤੋਂ ਬਿਨਾ ਆਦਮੀ ਅਧੂਰਾ ਹੈ। ਉਸੇ ਮਨੁੱਖ ਨੂੰ ਜਿਸ ਨੂੰ ਮਹਾਰਾਜ ਜੀ ਨੇ ਪੂਰਾ ਕਰਿਆ ਸੀ ਮਨੁੱਖ ਬਣਾਇਆ ਨਾਲ ਦੀ ਨਾਲ ਰਿਸ਼ੀ ਮੁਨੀ ਵੀ ਬਣਾ ਦਿੱਤਾ, ਅੰਮ੍ਰਿਤ ਵੇਲੇ ਉਠਦਾ ਹੈ ਗੁਰਸਿਖ ਬੰਦਗੀ ਕਰਦਾ ਹੈ, ਬਾਣੀ ਪੜ੍ਹਦਾ ਹੈ, ਫੇਰ ਸਾਰਿਆਂ ਨਾਲੋਂ ਵੱਡੀ ਗੱਲ ਇਹ ਕਰਦਾ ਹੈ ਜਦੋਂ ਅਰਦਾਸ ਕਰਦਾ ਹੈ ਸੱਚੇ ਦਿਲ ਨਾਲ ਕਹਿੰਦਾ ਹੈ -

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬਤ ਕਾ ਭਲਾ॥*

ਹੇ ਵਾਹਿਗੁਰੂ! ਸਾਰਿਆਂ ਦਾ ਭਲਾ ਕਰੀਂ। ਐਸਾ ਮਨੁੱਖ ਹੈ ਦੁਨੀਆਂ ਦੇ ਉਤੇ ਕੋਈ। ਉਧਰੋਂ ਲੜਾਈ ਹੋ ਰਹੀ ਹੋਵੇ, ਬੰਬ ਗਿਰਦੇ ਹੋਣ, ਨਾਲ ਦਾ ਦੇਸ਼ ਸੁਟ ਰਿਹਾ ਹੋਵੇ। ਗੁਰਸਿਖ ਦੀ ਅਰਦਾਸ ਹੋਣੀ ਹੈ ਸੱਚੇ ਪਾਤਸ਼ਾਹ! ਇਸ ਨੂੰ ਵੀ ਸੁਮੱਤ ਦੇਹ। ਇਸ ਦਾ ਵੀ ਭਲਾ ਕਰ, ਇਸ ਦਾ ਵੀ ਬੁਰਾ ਨਾ ਕਰੀਂ, ਐਡਾ ਤਾਂ ਅਸੂਲ ਦੁਨੀਆਂ ਵਿਚ ਹੈ ਹੀ ਨਹੀਂ ਕਿਤੇ, ਸੋ ਗੁਰੂ ਮਹਾਰਾਜ ਨੇ ਮਨੁੱਖ ਨੂੰ ਪੂਰਾ ਕਰਕੇ ਰਿਸ਼ੀ ਮੁਨੀ ਨਾਲ ਬਣਾ ਦਿੱਤਾ। ਹੁਣ ਇਥੇ ਵੀ ਖੜ੍ਹ ਕੇ ਗੱਲ ਨਹੀਂ ਸੀ ਬਣਦੀ। ਮਹਾਰਾਜ ਨੇ ਇਸ ਨੂੰ ਹੋਰ ਉੱਚਾ ਚੁਕਿਆ, ਹੋਰ ਉੱਚਾ ਚੁੱਕ ਕੇ ਇਸ ਨੂੰ ਰੱਬ ਬਣਾ ਦਿੱਤਾ, ਨਾਲ ਲਿਖ ਦਿੱਤਾ-

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ ਰੰਚਕ ਨਾਹਨ ਭੇਵ॥*

ਐ ਪਿਆਰਿਓ! ਆਹ ਜਿਹੜਾ ਖਾਲਸਾ ਅਸੀਂ ਬਣਾਇਆ ਹੈ, ਇਸ ਦਾ ਤੇ ਮੇਰਾ ਤੇ ਵਾਹਿਗੁਰੂ ਦਾ ਕੋਈ ਭੇਤ ਨਹੀਂ, ਅਸੀਂ ਤਿੰਨੇ ਇਕੋ ਹੀ ਹਾਂ। ਹੁਣ ਬਣਾ ਦਿੱਤਾ ਨਾਹ ਰੱਬ। ਉਹ ਬੰਦਾ ਜਿਸ ਨੂੰ ਕੋਈ ਨਹੀਂ ਸੀ ਪੁਛਦਾ ਗਿਰਿਆ ਹੋਇਆ ਕਹਿੰਦੇ ਸੀ ਇਕੋ ਬੰਦੇ ਵਿਚ ਸਾਰੀਆਂ ਖੂਬੀਆਂ ਪਾ ਕੇ ਤੇ ਪੂਰਾ ਕਰ ਦਿੱਤਾ। ਇਹ ਕਰਾਮਾਤ ਸੀ ਜਿਹੜੀ ਗੁਰੂ ਦਸਮੇਸ਼ ਪਿਤਾ ਨੇ ਸੰਸਾਰ ਨੂੰ ਦਿੱਤੀ। ਹੁਣ ਇਸ ਦੇ ਵਿਚ ਜਿਹੜੀ ਅਸਲੀ ਈਂਧਣ, ਬਾਲਣ ਹੈ ਉਹ ਕੀ ਹੈ। ਉਹ ਮਹਾਰਾਜ ਨੇ ਦੋ ਚੀਜ਼ਾਂ ਕਿਹਾ ਹੈ ਕਿ ਇਕ ਤਾਂ ਪਿਆਰਿਓ ਜਿਹੜੀ ਉਚੇ ਦਰਜੇ ਦੀ ਤਾਕਤ ਹੈ ਜਿਸ ਨੂੰ ਵਾਹਿਗੁਰੂ, ਰਾਮ, ਅੱਲਾ, ਗੋਬਿੰਦ, god ਕਹਿੰਦੇ ਨੇ ਉਹ ਪਰਮ ਚੇਤਨ ਹੈ। ਉਹ ਇਵੇਂ ਨਹੀਂ ਹੈ ਜਿਵੇਂ oxygen (ਪ੍ਰਾਣ ਵਾਯੂ) ਹੈ ਕਿ ਸਾਹ ਆਉਂਦਾ ਹੈ ਜਾਂ ਉਸ ਦੀ ਲੋੜ ਹੈ

ਸਾਨੂੰ, ਨਹੀਂ ਉਹ ਪਿਆਰ ਕਰਦਾ ਹੈ -

*ਘਟ ਘਟ ਕੇ ਅੰਤਰ ਕੀ ਜਾਨਤ॥*
*ਭਲੇ ਬੁਰੇ ਕੀ ਪੀਰ ਪਛਾਨਤ॥* *(ਚੌਪਈ)*

ਉਹ ਜਿਹੜਾ ਸਾਡੇ ਸਾਹ ਨੂੰ ਜਾਣਦਾ ਹੈ ਕਿ ਹੁਣ ਬਾਹਰ ਨੂੰ ਗਿਆ ਇਸ ਨੂੰ ਮੋੜ ਕੇ ਲਿਆਉਣਾ ਹੈ ਅੰਦਰ, ਉਹ ਮਸ਼ੀਨ ਐਸੀ ਲਾ ਦਿੱਤੀ, ਹਵਾ ਨਾਲ ਨਹੀਂ ਅਸੀਂ ਜੀਉਂਦੇ। ਜੇ ਕਿਸੇ ਨੂੰ ਖਿਆਲ ਹੋਵੇ ਕਿ ਹਵਾ ਨਾਲ ਜੀਉਂਦੇ ਹਾਂ। ਜਦੋਂ ਆਦਮੀ ਦਾ ਦਿਲ ਫੇਲ ਹੋ ਜਾਂਦਾ ਹੈ ਤਾਂ ਡਾਕਟਰ ਹਵਾ pump ਕਰਦੇ ਨੇ, ਉਹ ਨਹੀਂ ਹਵਾ ਦੇ ਵਿਚ energy (ਬਲ) ਨਹੀਂ ਹੈ, ਸਾਹ ਦੇ ਵਿਚ life current (ਜ਼ਿੰਦਗੀ ਦੀ ਧਾਰਾ, ਜੀਵਨ ਧਾਰਾ) ਹੈ ਬਲ ਹੈ, ਹਵਾ ਨਹੀਂ ਹੈ ਕੇਵਲ ਕਿ ਹਵਾ ਹੀ ਜਾਂਦੀ ਹੈ ਆਕਸੀਜਨ ਵੀ ਹੈ, ਠੀਕ ਕਾਰਬਨ ਹੋ ਕੇ ਬਾਹਰ ਨਿਕਲਦੀ ਹੈ ਲੇਕਿਨ ਇਸ ਦੇ ਵਿਚ ਚੇਤਨਤਾ ਜੀਵਨ-ਧਾਰਾ ਨਾਲ ਜਾਂਦੀ ਹੈ, ਉਸ ਦੇ ਕਰਕੇ ਅਸੀਂ ਜੀਉਂਦੇ ਹਾਂ, ਉਹ ਹਰਇਕ ਬੰਦੇ ਦੇ ਹਰ ਵਕਤ ਨਾਲ ਰਹਿ ਕੇ ਐਸਾ ਇੰਤਜਾਮ ਕਰਿਆ ਹੋਇਆ ਹੈ ਕਿ ਉਸ ਨੂੰ ਜੀਉਂਦਾ ਰੱਖਦਾ ਹੈ, ਉਸ ਦਾ ਖਿਆਲ ਰਖਦਾ ਹੈ। ਜਿੰਨਾ ਚਿਰ ਜੁੜਿਆ ਹੋਇਆ ਹੈ ਪ੍ਰਮੇਸ਼ਰ ਦੇ ਨਾਲ ਇਸ ਨੇ bad conductor ਨਹੀਂ ਪਾਇਆ ਵਿਚਾਲੇ, ਜਦੋਂ ਅਸੀਂ bad conductor ਪਾ ਦਿੰਦੇ ਹਾਂ ਧਾਰਾ ਆਉਂਦੀ ਹੈ ਬਿਜਲੀ ਦੀ, ਉਹ ਨਹੀਂ ਲਗਦੀ ਫੇਰ ਪ੍ਰਮੇਸ਼ਰ ਵਲੋਂ ਤਾਂ ਸਦਾ ਹੀ ਬਖਸ਼ਿਸ਼ਾਂ ਦਾ ਭੰਡਾਰਾ ਖੁਲਾ ਰਹਿੰਦਾ ਹੈ -

*ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥* *ਅੰਗ - 2*

ਉਸ ਪ੍ਰਮੇਸ਼ਰ ਦੇ ਨਾਲੋਂ ਜਦੋਂ ਅਸੀਂ ਟੁੱਟ ਜਾਂਦੇ ਹਾਂ, ਉਸ ਵੇਲੇ ਫੇਰ ਕੀ ਸ਼ੁਰੂ ਹੁੰਦਾ ਹੈ, ਦੁਖਾਂ ਭਰੀ ਜਿੰਦਗੀ ਸ਼ੁਰੂ ਹੋ ਜਾਂਦੀ ਹੈ ਕਿਉਂਕਿ ਅਸੀਂ ਸੁਖ ਦੀ ਜਿਹੜੀ ਲਹਿਰ ਸੀ ਉਸ ਦੇ ਨਾਲੋਂ ਆਪਣੇ ਆਪ ਨੂੰ ਅਲਹਿਦਾ ਕਰ ਲਿਆ, ਪਿੱਠ ਕਰ ਲਈ ਉਸ ਦੇ ਵੱਲ bad conductor ਲਗਾ ਦਿੱਤਾ ਜਾਂ ਇਉਂ ਕਹੋ ਕਿ ਸਰਦੀ ਦਾ ਮਹੀਨਾ ਹੈ 40-50 ਡਿਗਰੀ ਸਰਦੀ ਪੈ ਰਹੀ ਹੈ ਤੇ ਸੂਰਜ ਚਮਕ ਰਿਹਾ ਹੈ ਪੂਰੇ ਜੋਰ ਨਾਲ, ਸਾਡੇ ਕੋਲ ਕੱਪੜਾ ਕੋਈ ਨਹੀਂ। ਜੇ ਤਾਂ ਅਸੀਂ ਸੂਰਜ ਦੇ ਸਾਹਮਣੇ ਖੜ੍ਹੇ ਰਹਾਂਗੇ ਸਾਡੇ ਸਰੀਰ ਨੂੰ ਨਿਘ ਰਹੇਗੀ, ਜੇ ਅਸੀਂ ਕੰਧ ਦੇ ਓਹਲੇ ਹੋ ਗਏ ਫੇਰ ਤਾਂ ਦੰਦ ਵਜਣੇ ਹੀ ਨੇ ਪਾਲੇ ਨਾਲ। ਹੁਣ ਇਸੇ ਤਰ੍ਹਾਂ ਮਨੁੱਖ ਦੇ ਅਖਤਿਆਰ ਵਿਚ ਹੈ। ਜੇ ਤਾਂ ਇਹ ਵਾਹਿਗੁਰੂ ਦੇ ਨਾਲ ਜੁੜਿਆ ਰਹੇ ਫੇਰ ਤਾਂ ਇਸ ਦੇ ਵੱਲ ਨੂੰ ਸੁਖ ਸਾਰੇ ਹੀ ਦੌੜੇ ਹੀ ਤੁਰੇ ਆਉਣਗੇ, ਸਭ ਸੁਖ ਆਉਣੇ ਸ਼ੁਰੂ ਹੋ ਜਾਣਗੇ, ਦੁਖਾਂ ਦਾ ਖਾਤਮਾ ਹੋ ਜਾਏਗਾ, ਦੁਖ ਨਾਮ ਦੀ ਚੀਜ਼ ਦੀ ਪਰਿਭਾਸ਼ਾ ਮਿਟ ਜਾਏਗੀ। ਆਪਾਂ ਪੜ੍ਹਿਆ ਹੈ ਨਾ ਕਿ ਨਾਮ ਜਪੀਏ ਤਾਂ ਦੂਰ ਹੋਣ ਦੁਖੜੇ। ਦੁਖ ਦੂਰ ਹੁੰਦਾ ਹੈ ਨਾਮ ਜਪੇ ਤੋਂ।

ਮਹਾਰਾਜ ਕਹਿੰਦੇ ਦੁਖ ਆਉਂਦਾ ਹੈ ਜਦੋਂ ਤੁਸੀਂ ਮੁਖ ਧਾਰਾ ਨਾਲੋਂ ਟੁਟ ਕੇ ਜੜ੍ਹ ਮਾਇਆ ਦੇ ਨਾਲ ਤੁਹਾਡਾ ਚਿਤ ਲੱਗ ਗਿਆ, ਇਸ ਦੇ ਵਿਚ ਨਾ ਪਿਆਰ ਹੈ, ਨਾ ਇਸ ਦੇ ਵਿਚ ਕੋਈ ਬਰਕਤ ਹੈ, ਕੁਝ ਨਹੀਂ ਹੈ। ਇਸ ਦੀ

ਕੀਮਤ ਪਾਈ ਹੋਈ ਹੈ ਸਾਡੇ ਵਲੋਂ। ਸੋਨਾ ਕੀ ਹੈ? ਮਿੱਟੀ ਹੈ ਪੀਲੇ ਰੰਗ ਦੀ। ਉਹ ਥੋੜ੍ਹੀ ਹੋਣ ਕਰਕੇ ਅਸੀਂ ਆਪੇ ਹੀ ਉਸ ਦੀ ਕੀਮਤ ਪਾ ਦਿੱਤੀ ਤੇ ਉਸ ਨੂੰ ਵਧਾ ਦਿੱਤਾ ਕਿ ਸੋਨਾ ਸੋਨਾ ਸੋਨਾ। ਇਹ ਚੀਜ਼ਾਂ ਜਦੋਂ ਮਨ ਨੂੰ ਮੋਹਣ ਲੱਗ ਜਾਣ ਤਾਂ ਪ੍ਰਮੇਸ਼ਰ ਨਾਲੋਂ ਬੰਦਾ ਟੁਟ ਜਾਂਦਾ ਹੈ। ਮਹਾਰਾਜ ਕਹਿੰਦੇ ਉਥੇ ਹੀ ਸ਼ੁਰੂ ਹੋ ਜਾਂਦਾ ਹੈ, ਬੀਜ ਬੀਜ ਦਿੱਤਾ, ਇਸ ਨੇ ਦੁਖਾਂ ਦਾ-

***ਦੂਖੁ ਤਦੇ ਜਦਿ ਵੀਸਰੈ ਸੁਖ ਪ੍ਰਭ ਚਿਤਿ ਆਏ॥ ਅੰਗ - 813***

ਉਸੇ ਵੇਲੇ ਵਿਘਨ ਸ਼ੁਰੂ ਹੋ ਜਾਣਗੇ, ਤੁਹਾਡੇ ਅੰਦਰ, ਜਿਸ ਸਮੇਂ ਵਾਹਿਗੁਰੂ ਦੇ ਨਾਲੋਂ ਟੁਟ ਜਾਓਗੇ। ਮਹਾਰਾਜ ਕਹਿੰਦੇ ਥੋੜ੍ਹੇ ਬਹੁਤੇ ਨਹੀਂ -

***ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥ ਅੰਗ - 524***

ਹੁਣ ਇਹ ਜਿਹੜੇ ਬਚਨ ਨੇ ਇਹ ਸਾਰੇ ਸੂਤਰ ਨੇ, ਇਕ ਇਕ ਜਿਵੇਂ ਸਿਧਾਂਤ ਹੁੰਦਾ ਹੈ ਇਉਂ ਨੇ। ਇਹ ਪੜ੍ਹਨ ਪੁੜ੍ਹਨ ਨਾਲ ਨਹੀਂ ਤਅੱਲਕ ਰੱਖਦੇ, ਵਿਚਾਰਨ ਨਾਲ ਰਖਦੇ ਨੇ, ਇਸ ਨੂੰ ਵਿਚਾਰੋ ਕਿ ਮਹਾਰਾਜ ਨੇ ਇਹ ਕੀ ਕਹਿ ਦਿੱਤਾ ਕਿ -

***ਦੂਖੁ ਤਦੇ ਜਦਿ ਵੀਸਰੈ ਸੁਖ ਪ੍ਰਭ ਚਿਤਿ ਆਏ॥ ਅੰਗ - 813***
***ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥ ਅੰਗ - 524***

ਕਰੋੜਾਂ ਵਿਘਨ ਲਗਦੇ ਨੇ ਜਿਸ ਨੂੰ ਨਾਮ ਵਿਸਰ ਜਾਵੇ, ਭੁੱਲ ਜਾਵੇ ਤੇ ਦੁਖ ਦੂਰ ਕਦੋਂ ਹੁੰਦੇ ਨੇ-

***ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥ ਅੰਗ - 262***

ਜਿੰਨੀਆਂ ਦੁਨੀਆਂ ਭਰ ਦੀਆਂ ਬਰਕਤਾਂ ਨੇ ਜਦੋਂ ਤੁਹਾਡਾ ਸੰਬੰਧ ਪ੍ਰਮੇਸ਼ਰ ਦੇ ਨਾਲ ਜੁੜ ਜਾਏਗਾ ਕਿਉਂਕਿ ਉਹ ਉਚੇ ਦਰਜੇ ਦੀ ਤਾਕਤ ਹੈ, ਸਭ ਤੋਂ ਵੱਡੀ ਤਾਕਤ ਹੈ ਜਿਸ ਨੇ ਆਹ ਸਾਰੇ ਸੰਸਾਰ ਨੂੰ ਬੰਨ੍ਹ ਕੇ ਰੱਖਿਆ ਹੋਇਆ ਹੈ, ਇਕੋ ਵਾਰੀ ਸਾਰਾ ਸੰਸਾਰ ਪੈਦਾ ਕਰ ਦਿੱਤਾ -

***ਕੀਤਾ ਪਸਾਉ ਏਕੋ ਕਵਾਉ॥***
***ਤਿਸ ਤੇ ਹੋਏ ਲਖ ਦਰੀਆਉ॥ ਅੰਗ - 3***

ਜਿਸ ਨੇ ਉਹ ਸਾਰਾ ਸੰਸਾਰ ਥਿਰ ਰੱਖਿਆ ਹੋਇਆ ਹੈ ਬੰਨ੍ਹ ਕੇ ਤੇ ਚਾਲਾਂ ਰੱਖੀਆਂ ਹੋਈਆਂ ਹਨ। ਹੁਣ ਸੂਰਜ ਵੀ ਘੁੰਮਦਾ ਹੈ, ਧਰਤੀ ਵੀ ਘੁੰਮਦੀ ਹੈ। ਕਈ ਪ੍ਰੇਮੀ ਪਹਿਲਾਂ ਕਹਿੰਦੇ ਸੀ ਜੀ! ਸੂਰਜ ਦੇ ਆਲੇ ਦੁਆਲੇ ਜਿੰਨੇ ਤਾਰੇ ਸਿਤਾਰੇ ਨੇ, ਪਤਾ ਹੀ ਨਹੀਂ ਕਿਧਰਲੇ ਪਾਸੇ ਨੂੰ ਕਿੰਨੀ ਦੂਰ ਜਾ ਰਿਹਾ ਹੈ -

***ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥***

ਹੁਣ ਪਤਾ ਲੱਗ ਗਿਆ ਸਾਇੰਸਦਾਨਾਂ ਨੂੰ। ਕਹਿੰਦੇ ਸੂਰਜ ਜਦੋਂ ਤੁਰਦਾ ਹੈ ਬਾਈ ਕਰੋੜ ਸਾਲਾਂ ਤੋਂ ਬਾਅਦ ਇਕ ਬੜੀ ਖਤਰਨਾਕ ਥਾਂ ਤੇ ਚਲਿਆ ਜਾਂਦਾ ਹੈ, ਉਹ ਖਤਰਨਾਕ ਥਾਂ ਐਸੀ ਹੈ ਜਿਸ ਨੂੰ black hole (ਕਾਲਾ ਛੇਕ) ਕਹਿੰਦੇ ਨੇ। ਇਹ ਇਕ ਚੁਟਕੀ ਤਾਂ ਬਹੁਤਾ ਸਮਾਂ ਹੈ ਇਸ ਤੋਂ ਵੀ ਘੱਟ ਸਮੇਂ ਵਿਚ ਇਹ ਸਾਰੀਆਂ ਧਰਤੀਆਂ ਨੂੰ ਸਮੇਤ ਸੂਰਜ ਦੇ ਨਿਗਲ ਲਏਗਾ, ਖਤਮ ਕਰ ਦੇਵੇਗਾ। ਉਸ ਨੂੰ ਉਸੇ ਵੇਲੇ ਤਾਕਤ ਵਿਚ ਬਦਲ ਦਏਗਾ, ਵਜੂਦ ਨਹੀਂ ਰਹਿਣਾ ਕਿਸੇ ਚੀਜ਼ ਦਾ ਵੀ, ਹੁਣ ਮੰਨਦੇ ਨੇ। ਵਾਹਿਗੁਰੂ ਦਾ ਐਡਾ ਵੱਡਾ ਇੰਤਜਾਮ ਹੈ, ਐਡੀ ਵੱਡੀ ਕੁਦਰਤ ਹੈ। ਉਸ ਦਾ ਸਾਡੇ ਨਿੱਕੇ ਜਿਹੇ ਮਨੁੱਖ ਨਾਲ ਸੰਬੰਧ ਜੁੜਿਆ ਹੋਇਆ ਹੈ। ਕਈ ਕਹਿੰਦੇ ਨੇ ਕਿ ਉਹ ਕਿਉਂ ਕਹਿੰਦਾ ਹੈ ਕਿ ਮੇਰਾ ਨਾਮ ਜਪੋ? ਵਾਹਿਗੁਰੂ ਕਿਸੇ ਨੂੰ ਨਹੀਂ ਕਹਿੰਦਾ। ਅਸੀਂ ਕਹਿੰਦੇ ਹਾਂ ਕਿ ਜੇ ਸੁਖੀ ਰਹਿਣਾ ਹੈ ਤਾਂ ਤੁਸੀਂ ਬੰਦਗੀ ਕਰੋ, ਤੁਹਾਡੇ ਵਿਘਨਾਂ ਦਾ ਖਾਤਮਾ ਹੋ ਜਾਏਗਾ, ਬਿਮਾਰੀਆਂ ਦਾ ਖਾਤਮਾ ਹੋ ਜਾਏਗਾ। ਮੇਰੇ ਕੋਲ ਆਉਂਦੇ ਨੇ ਮੈਂ ਤੁਹਾਨੂੰ ਪ੍ਰਤੱਖ ਗੱਲ ਦਸਦਾ ਹਾਂ। ਸਾਡੇ ਕੋਲ ਇਕ ਬੀਬੀ ਆਈ, ਦੱਸਣਾ ਤਾਂ ਚਾਹੀਦਾ ਨਹੀਂ ਕਿਉਂਕਿ ਹੋਰ ਬਹੁਤੇ ਰੁਝੇਵੇਂ ਮੇਰੇ ਆਲੇ ਦੁਆਲੇ ਹੋ ਜਾਂਦੇ ਨੇ। ਉਹ ਕਾਫੀ ਦੇਰ ਫਿਰਦੀ ਰਹੀ, ਮੈਨੂੰ ਵੀਰ ਜੀ ਕਹਿੰਦੀ ਸੀ।

ਕਹਿੰਦੀ, "ਵੀਰ ਜੀ! ਮੇਰੀਆਂ ਅੱਖਾਂ ਜਵਾਬ ਦੇ ਗਈਆਂ। ਮੇਰੇ ਗੁਰਦੇ ਦੇ ਵਿਚ ਪਥਰੀ ਹੈ, 245 ਮੇਰਾ ਬਲੱਡ ਪਰੈਸ਼ਰ ਹੈ, 245 ਮੇਰੀ ਸ਼ੂਗਰ ਹੈ ਘਟਦੀ ਹੀ ਨਹੀਂ ਹੈ, ਮੇਰੇ ਜਿਗਰ ਵਿਚ ਰਸੌਲੀ ਹੈ, ਗੀੜ੍ਹ ਦੀ ਹੱਡੀ ਵਿਚ ਕਰੈਕ ਹੈ।

ਗਿਣੀ ਜਾਓ ਕਿੰਨੀ ਬਿਮਾਰੀਆਂ ਹੋ ਗਈਆਂ। ਉਹ ਜਦੋਂ ਹਟੇ ਹੀ ਨਾ, ਖਹਿੜਾ ਹੀ ਨਾ ਛੱਡਿਆ ਮੈਂ ਕਿਹਾ, ਲੈ ਬੀਬੀ! ਮੈਂ ਦੱਸ ਦਿੰਦਾ ਹਾਂ ਬਾਣੀ ਦੇ ਨਾਲ ਜੁੜਨਾ ਪੈਣਾ ਹੈ ਤੈਨੂੰ।"

ਇਹ ਬਾਣੀ ਅੱਖਰ ਨਹੀਂ ਹਨ, ਮਤਾਂ ਭੁਲੇਖਾ ਖਾ ਜਾਓ ਕਿ ੳ, ਅ ਲਿਖੇ ਹੋਏ ਨੇ ਇਹ (ਬਿਜਲਈ ਸ਼ਕਤੀਆਂ) ਨੇ ਇਸ ਦੇ ਵਿਚ ਸ਼ਕਤੀ ਹੈ, ਉਹ ਪ੍ਰਤਿਆ ਪ੍ਰਤਿਆ ਕੇ ਅਸੀਂ ਦੇਖੀ ਹੋਈ ਹੈ। ਇਕ ਤਾਂ ਹੁੰਦਾ ਸੁਣੀਆਂ ਸੁਣਾਈਆਂ ਗੱਲਾਂ, ਇਕ ਪ੍ਰਤੱਖ ਦੇਖੀਆਂ ਹੁੰਦੀਆਂ ਹਨ। ਉਸ ਨੂੰ ਮੈਂ ਦੱਸ ਦਿੱਤਾ ਕਿ ਤੂੰ ਮਿਹਨਤ ਕਰ। ਘਰ ਬਾਰ ਦਾ ਮੋਹ ਛੱਡ ਆ ਤੇ ਇਥੇ ਰਹਿ ਰਤਵਾੜਾ ਸਾਹਿਬ। ਪ੍ਰਸ਼ਾਦੇ ਵੀ ਦਿੱਤੇ, ਰਹਿਣ ਨੂੰ ਥਾਂ ਦਿੱਤਾ, ਕੱਪੜਾ ਲੀੜਾ ਵੀ ਅਸੀਂ ਦੇ ਦਿੰਦੇ ਹਾਂ ਜਿਹੜਾ ਸੇਵਾ ਕਰੇ। ਪੰਜ ਘੰਟੇ ਉਸ ਨੇ ਰੋਜ਼ ਪੜ੍ਹਨਾ। ਜਦੋਂ 20 ਦਿਨ ਲੰਘ ਗਏ ਬੜੀ ਖੁਸ਼ ਮੇਰੇ ਕੋਲ ਆਈ।

ਕਹਿੰਦੀ, ਵੀਰ ਜੀ! ਖੁਸ਼ਖਬਰੀ ਦੇਣੀ ਹੈ।"

ਮੈਂ ਕਿਹਾ, "ਕੀ ਗੱਲ ਹੋ ਗਈ?"

ਕਹਿੰਦੀ, "ਮੇਰੀ ਇਕ ਅੱਖ ਖੁੱਲ੍ਹ ਗਈ।"

ਡਾਕਟਰ ਕਹਿੰਦੇ ਸੀ ਕਿ ਤੇਰੀਆਂ ਜਿਹੜੀ ਨਾੜਾਂ ਨੇ ਉਹ ਪਿਚਕ ਗਈਆਂ, ਇਹ ਠੀਕ ਨਹੀਂ ਹੋ ਸਕਦੀਆਂ, ਰੋਸ਼ਨੀ ਆ ਹੀ ਨਹੀਂ ਸਕਦੀ। ਅੱਖਾਂ ਵਾਲੇ ਡਾਕਟਰਾਂ ਨੂੰ ਕਿੰਨਿਆਂ ਨੂੰ ਦਿਖਾ ਚੁੱਕੀ। ਹੁਣ ਬਾਣੀ ਨੇ ਉਹ ਸਾਰੀ ਡਾਕਟਰੀ ਫੇਲ੍ਹ ਕਰ ਦਿੱਤੀ।

ਮੈਂ ਕਿਹਾ, "ਬੜਾ ਚੰਗਾ ਹੋਇਆ।"

ਉਸ ਤੋਂ ਬਾਅਦ ਸਤੰਬਰ ਵਿਚ ਫੇਰ ਮੇਰੇ ਕੋਲ ਆਈ ਕਾਗਜ਼ ਹੱਥ ਵਿਚ ਫੜਿਆ ਹੋਇਆ। ਕਹਿੰਦੀ ਮੈਨੂੰ ਇਜਾਜ਼ਤ ਹੈ? ਮੇਰਾ ਪੀ.ਜੀ.ਆਈ. ਦਾ ਕਾਰਡ ਬਣਿਆ ਹੋਇਆ ਮੈਂ ਦਿਖਾਉਣ ਜਾਣਾ ਹੈ। ਉਥੇ ਜਾ ਕੇ ਜਦੋਂ ਕਾਰਡ ਦਿਖਾਇਆ। ਬੜੀ ਖੁਸ਼ ਵਾਪਸ ਆਈ।

ਮੈਂ ਕਿਹਾ, "ਕੀ ਗੱਲ ਹੋਰ ਖੁਸ਼ੀ ਦੀ ਗੱਲ ਹੋ ਗਈ।"

ਕਹਿੰਦੀ, "ਹਾਂ ਜੀ! ਮੇਰਾ ਬਲੱਡ ਪਰੈਸ਼ਰ ਨਾਰਮਲ ਹੋ ਗਿਆ ਤੇ ਸ਼ੂਗਰ ਨਾਰਮਲ ਹੋ ਗਈ। ਡਾਕਟਰ ਪੁਛਦੇ ਨੇ ਤੂੰ ਦਵਾਈ ਕੀ ਖਾਧੀ ਸੀ? ਮੈਂ ਕਿਹਾ ਦਵਾਈ ਕੋਈ ਨਹੀਂ ਖਾਧੀ, ਮੈਂ ਤਾਂ ਪਾਠ ਕਰਦੀ ਹਾਂ, ਉਹ ਮੰਨਦੇ ਹੀ ਨਹੀਂ। ਕਿ ਪਾਠ ਕਰੇ ਤੇ ਵੀ ਕਦੇ ਬਿਮਾਰੀਆਂ ਹਟਦੀਆਂ ਹਨ।"

ਮੈਂ ਕਿਹਾ, "ਚਲ ਮੰਨਣ ਨਾ ਮੰਨਣ ਤੇਰੀ ਤਾਂ ਬਿਮਾਰੀ ਹਟ ਗਈ ਨਾਹ।"

ਉਸ ਤੋਂ ਬਾਅਦ ਸਤੰਬਰ ਦੇ ਮਹੀਨੇ ਕਾਗਜ ਮੁੱਠੀ ਵਿਚ ਫੜਿਆ ਹੋਇਆ। ਮੈਂ ਕਿਹਾ, "ਆਹ ਕੀ ਲਈ ਆਉਂਦੀ ਹੈਂ?"

ਕਹਿੰਦੀ, "ਜਿਹੜੀ ਮੇਰੇ ਪੱਥਰੀ ਸੀ ਗੁਰਦੇ ਵਿਚ ਉਹ 3 ਟੁਕੜੇ ਹੋ ਕੇ ਨਿਕਲ ਗਿਆ ਉਹ ਨੇ ਟੁਕੜੇ।"

ਐਨੇ ਨੂੰ ਮੈਂ ਅਮਰੀਕਾ ਚਲਿਆ ਗਿਆ। ਜਨਵਰੀ 1990 ਨੂੰ ਵਾਪਸ ਆਇਆ।

ਉਸ ਨੇ ਮੈਨੂੰ ਆਉਂਦੇ ਨੂੰ ਹੀ ਕਿਹਾ।

ਕਹਿੰਦੀ, "ਵੀਰ ਜੀ! ਮੈਂ ਗਈ ਸੀ ਪੀ.ਜੀ.ਆਈ. ਤੁਹਾਡੀ ਗੈਰ ਹਾਜਰੀ ਵਿਚ। ਪਹਿਲੇ ਐਕਸਰੇ ਲੈ ਕੇ ਗਈ ਸੀ ਕਿ ਮੇਰੀ ਰੀੜ੍ਹ ਦੀ ਹੱਡੀ ਵਿਚ ਕਰੈਕ ਹੈ। ਉਥੇ ਡਾਕਟਰ ਨੇ ਲਿਖਿਆ ਹੋਇਆ ਸੀ ਕਿ ਇਸ ਨੂੰ paralysis ਹੋਏਗਾ, ਅਧਰੰਗ ਦਾ ਅਟੈਕ ਹੋਣਾ ਹੈ ਕਿਉਂਕਿ ਰੀੜ੍ਹ ਦੀ ਹੱਡੀ ਵਿਚ ਕਰੈਕ ਆ ਗਿਆ। ਮੈਂ ਦਿਖਾਈ ਉਨ੍ਹਾਂ ਨੇ ਕਿੰਨੇ ਹੀ ਐਕਸਰੇ ਲਏ ਉਹ ਕਰੈਕ ਆਈ ਹੀ ਨਹੀਂ। ਉਹ ਕਹਿਣ ਇਹ ਹੋ ਕੀ ਗਿਆ, ਰੀੜ੍ਹ ਦੀ ਹੱਡੀ ਦਾ ਕਰੈਕ ਤਾਂ ਕਦੇ ਜੁੜਦਾ ਹੀ ਨਹੀਂ ਤੇ ਤੇਰਾ ਕਿਵੇਂ ਜੁੜ ਗਿਆ। ਉਸ ਤੋਂ ਬਾਅਦ ਮੈਂ ਰਸੌਲੀ ਦੀ ਗੱਲ ਕਰੀ। ਕਹਿੰਦੇ ਰਸੌਲੀ ਤਾਂ ਵਿਚ ਹੀ ਘੁਲ ਘਲ ਗਈ, ਤੇਰੇ ਸਰੀਰ ਵਿਚ ਹੁਣ ਤਾਂ ਰਹੀ ਹੀ ਨਹੀਂ। ਹੁਣ ਇਹ ਰਹਿ ਗਈ ਕਿ ਘਰ ਨੂੰ ਮੈਂ

ਕਾਣੀ ਹੀ ਜਾਵਾਂਗੀ ?"

ਮੈਂ ਕਿਹਾ, "ਤੂੰ ਮਹਾਰਾਜ ਤੇ ਭਰੋਸਾ ਰੱਖ 4 ਮਹੀਨੇ ਹੋਰ ਰਹਿ।"

ਉਹ 20 ਜਨਵਰੀ ਨੂੰ ਬੜੀ ਖੁਸ਼ ਹੋ ਕੇ ਮੇਰੇ ਕੋਲ ਆਈ।

ਮੈਂ ਕਿਹਾ, "ਕੀ ਹੋਇਆ ?"

ਕਹਿੰਦੀ, "ਵਧਾਈਆਂ।"

ਮੈਂ ਕਿਹਾ, "ਕੀ ?"

ਕਹਿੰਦੀ, "ਮੇਰੀ ਜਿਹੜੀ 2 ਸਾਲ ਦੀ ਅੱਖ ਬੰਦ ਸੀ ਉਹ ਵੀ ਖੁੱਲ ਗਈ।"

ਨਾਲ ਹੀ ਮੈਨੂੰ ਕਹਿਣ ਲੱਗੀ ਪਰ ਮੈਨੂੰ ਹੁਣ ਛੁੱਟੀ ਦੇ ਦਿਓ ਮੇਰੀ ਪੋਤੀ ਦਾ ਇਮਤਿਹਾਨ ਹੈ। ਮੈਂ ਕਿਹਾ ਵਾਹ ਬੀਬਾ! ਹੁਣ ਤੂੰ ਪ੍ਰਤੱਖ ਦੇਖ ਲਿਆ ਗੁਰਬਾਣੀ ਦਾ ਜਲਵਾ। ਆਦਮੀ ਤਾਂ ਬਾਣੀ ਨੂੰ ਲੱਗ ਜਾਵੇ ਕਿ ਹੁਣ ਨਹੀਂ ਮੈਂ ਗੁਰਬਾਣੀ ਨੂੰ ਵਿਸਾਰਨਾ, ਆਹੀ ਹੁੰਦਾ ਹੈ ਮੇਰੇ ਨਾਲ ਰਾਜੀ ਹੋ ਜਾਂਦੇ ਨੇ। ਫੇਰ ਆਉਂਦੇ ਨੇ ਜੀ ਹੋਰ ਕਿੰਨਾ ਕੁ ਪੜ੍ਹਾਂ। ਅੱਗੇ ਤਾਂ ਮੈਨੂੰ ਸੁਝਦੀ ਨਹੀਂ ਸੀ ਆਹ ਗੁਰਪਾਲ ਸਿੰਘ ਦੀ ਗੱਲ ਸੁਣ ਕੇ ਮੈਨੂੰ ਹੁਣ ਸੁਝ ਗਈ, ਪਹਿਲਾਂ ਮੈਂ ਸਿਧਾ ਹੀ ਸੀ। ਉਹ ਇਹ ਸੁਝ ਗਈ ਕਿ ਮੈਂ ਕਿਹਾ ਜਿੰਨਾ ਚਿਰ ਰਾਜੀ ਰਹਿਣਾ ਚਾਹੁੰਦੀ ਹੈ ਪੜ੍ਹੀ ਜਾਹ। ਸਾਡਾ ਮਤਲਬ ਹੁੰਦਾ ਹੈ ਬਾਣੀ ਤੇ ਵਿਸ਼ਵਾਸ ਆਵੇ। ਬਾਣੀ ਪੜ੍ਹਨ ਉਨ੍ਹਾਂ ਦਾ ਹੁੰਦਾ ਹੈ।

ਨੈਂ ਲੰਘੀ ਖਵਾਜਾ ਵਿਸਰਿਆ। ਕਿ ਹੁਣ ਬਾਣੀ ਨੇ ਕੀ ਕਰਨਾ ਹੈ ਅਸੀਂ ਤਾਂ ਰਾਜੀ ਹੋ ਗਏ। ਸੋ ਇਹ ਮੇਰੇ ਨਾਲ ਇਕ ਨਹੀਂ ਸੈਕੜਿਆਂ ਦੀ ਗਿਣਤੀ ਦੇ ਵਿਚ ਖੇਡ ਵਰਤਦੀ ਹੈ।

ਸੋ ਇਹ ਹੈ ਕੀ ? ਇਹ ਸ਼ਕਤੀ ਹੈ। ਮੈਨੂੰ ਤਾਂ ਪਤਾ ਹੈ। ਬਾਣੀ ਪੜ੍ਹੋਗੇ, ਸ਼ਕਤੀ ਨਾਲ ਤੁਹਾਡਾ ਸੰਬੰਧ ਉਚੇ ਦਰਜੇ ਦੀ ਸ਼ਕਤੀ ਉਹ ਉਨੀ ਸ਼ਕਤੀ ਦੇ ਨਾਲ ਤੁਹਾਡੀ ਸਰੀਰ ਦੇ ਵਿਚ ਰਚਣ ਲਗ ਜਾਏਗੀ ਜਿੰਨਾ ਤੁਹਾਡੀ ਦੇਹੀ ਸਹਿ ਸਕਦੀ ਹੈ ਕਿਉਂਕਿ ਉਸ ਦਾ ਤਾਂ ਕੋਈ ਆਦਿ ਅੰਤ ਨਹੀਂ। ਮੂਸਾ ਜੀ ਨੇ ਕਿਹਾ, "ਮੈਂ ਤੁਹਾਨੂੰ ਦੇਖਣਾ ਚਾਹੁੰਦਾ ਹਾਂ।"

ਵਾਹਿਗੁਰੂ ਨੇ ਕਿਹਾ ਮੈਨੂੰ ਦੇਖ ਨਹੀਂ ਸਕਦਾ ਕੋਈ।" ਕਹਿੰਦਾ ਮੈਂ ਜੋਤ ਦੇਖਣੀ ਹੈ ਤੁਹਾਡੀ।"

ਕਹਿੰਦੇ, "ਮੂਸਾ! ਦੇਖ ਨਹੀਂ ਸਕਦਾ, ਆਦਮੀ ਨੂੰ ਮੈਂ ਬਣਾਇਆ ਹੀ ਨਹੀਂ ਕਿ ਮੈਨੂੰ ਪੂਰੇ ਨੂੰ ਦੇਖ ਸਕੇ। ਚੰਗਾ ਕੋਹ ਕਾਫ ਤੇ ਚੜ੍ਹ ਜਾਈਂ ਕੱਲ੍ਹ ਨੂੰ।"

ਜਦੋਂ ਉਹ ਕੋਹ ਕਾਫ ਤੇ ਗਿਆ ਤੇ ਜਦੋਂ ਜਲਵਾ ਦੇਖਿਆ ਉਨ੍ਹਾਂ ਨੇ ਬੇਹੋਸ਼ ਹੋ ਕੇ ਗਿਰ ਗਿਆ, ਸਹਿ ਹੀ ਨਾ ਸਕਿਆ। ਉਹ ਐਨੇ voltage ਦੀ ਸ਼ਕਤੀ ਉਸ ਦੇ ਅੰਦਰ ਟਕਰਾਈ, ਸਰੀਰ ਵਿਚ ਤਾਂ ਤਾਕਤ ਹੀ ਨਹੀਂ

ਹੈ। ਜਦੋਂ ਸੁਰਤ ਆਈ ਤੇ ਉਠਿਆ। ਉਥੇ 10 ਆਗਿਆ-ਨਸੀਹਤਾਂ ਲਿਖੀਆਂ ਹੋਈਆਂ ਸੀ। ਪੱਥਰ ਤੇ ਕਿ ਆਹ ਕਰੋ, ਆਹ ਨਾ ਕਰੋ। ਇਹ ਕਹਿੰਦਾ ਮੇਰਾ ਹੁਕਮ ਹੈ ਇਸ ਨੂੰ ਸੰਸਾਰ ਦੇ ਵਿਚ ਚਲਾ, ਸੰਸਾਰ ਨੂੰ ਰਸਤਾ ਦਿਖਾ, ਤੂੰ ਸਭ ਕੁਝ ਦੇਖ ਲਿਆ ਹੈ। ਉਸ ਕੋਹ ਕਾਫ ਦਾ ਰੰਗ ਕਾਲਾ ਉਸ ਵੇਲੇ ਤੋਂ ਹੈ ਜਦੋਂ ਤੋਂ ਮੂਸਾ ਨੇ ਉਹ ਜਲਵਾ ਦੇਖਿਆ। ਇਹ ਕਹਾਣੀਆਂ ਨੇ ਸਾਰੀਆਂ ਤੇ ਝੂਠੀਆਂ ਐਵੇਂ ਰੱਦ ਕਰਨ ਵਾਲੀਆਂ ਨਹੀਂ ਹਨ। ਇਨ੍ਹਾਂ ਵਿਚ ਭੇਤ ਹੈ ਬਹੁਤ ਵੱਡਾ। ਸੋ ਵਾਹਿਗੁਰੂ ਨੇ ਸਾਡੇ ਸਰੀਰ ਨੂੰ ਓਨੀ ਕੁ ਸ਼ਕਤੀ ਦਿੱਤੀ ਹੈ ਓਨੀ ਕੁ ਸ਼ਕਤੀ ਨਾਲ ਉਹ ਸਾਡੇ ਅੰਦਰ ਆਉਂਦਾ ਹੈ। ਨਿਸ਼ਾਨੀ ਕੀ ਹੈ? ਹੈ ਤਾਂ ਅੰਦਰ ਹੀ ਉਹ ਦਰਵਾਜਾ, ਝਰੋਖਾ ਖੋਲਦਾ ਹੈ। ਉਸ ਝਰੋਖੇ ਵਿਚੋਂ ਰਸ ਝਰਦਾ ਹੈ। ਜਦੋਂ ਬਾਣੀ ਪੜ੍ਹ ਕੇ ਰਸ ਆਉਣ ਲੱਗ ਜਾਵੇ, ਤਾਂ ਸਮਝ ਲਓ ਮੇਰਾ ਸੰਬੰਧ ਰੱਬ ਨਾਲ ਜੁੜਨ ਲਗ ਗਿਆ। ਜਦੋਂ ਨਾਮ ਜਪਦੇ ਜਪਦੇ ਅੰਦਰ ਪ੍ਰਕਾਸ਼ ਹੋ ਜਾਵੇ, ਜੋਤ ਦਾ ਪ੍ਰਕਾਸ਼ ਹੋ ਗਿਆ। ਸਮਝ ਲਓ ਮੈਂ ਹੋਰ ਨੇੜੇ ਚਲਿਆ ਗਿਆ। ਜਦੋਂ ਸੁਰਤੀ ਇਕਾਗਰ ਕਰਦੇ ਕਰਦੇ ਨਾਮ ਜਪਦੇ ਨੇ ਅਨਹਦ ਸ਼ਬਦ ਸੁਣਨ ਲੱਗ ਜਾਣ ਉਸ ਵੇਲੇ ਸਮਝੋ ਕਿ ਮੈਂ ਤਰੱਕੀ ਹੋਰ ਕਰ ਲਈ। ਸੋ ਬੰਦਾ ਚੜ੍ਹਦਾ ਹੈ ਲੇਕਿਨ ਅੱਗੇ ਨਹੀਂ ਜਾ ਸਕਦਾ, ਅੱਗੇ ਮਨ੍ਹਾ ਕੀਤਾ ਹੋਇਆ ਹੈ ਇਸ ਦੀ ਤਾਕਤ ਨਹੀਂ ਕਿ ਅੱਗੇ ਲੰਘ ਜਾਵੇ। ਜਿੰਨਾ ਕੁ ਇਸ ਨੂੰ, 3 ਚੀਜ਼ਾਂ ਦਾ ਪਤਾ ਲੱਗਿਆ, ਬਾਕੀ ਸ਼ਕਤੀਆਂ ਬੇਅੰਤ ਆਉਣਗੀਆਂ। ਜੇ ਤਾਂ ਸ਼ਕਤੀਆਂ ਵਿਚ ਪੈ ਜਾਵੇ ਫੇਰ ਤਾਂ ਇਹ ਟੁੱਟ ਜਾਂਦਾ ਹੈ ਕਿਉਂਕਿ -

***ਰਿਧਿ ਸਿਧਿ ਸਭੁ ਮੋਹੁ ਹੈ***
***ਨਾਮੁ ਨ ਵਸੈ ਮਨਿ ਆਇ॥ ਅੰਗ - 593***

ਜਿਹੜਾ ਨਾਮ ਵਸਿਆ ਹੋਇਆ ਹੈ ਸਰੀਰ ਵਿਚੋਂ ਨਿਕਲ ਜਾਏਗਾ, ਜਿਸ ਨੇ ਚਿਲੇ ਕੱਟੇ ਨੇ ਉਹ ਪ੍ਰਯੋਗ ਕਰੇਗਾ ਕਿਉਂਕਿ ਉਹ ਅੰਨਾ ਹੈ, ਉਸ ਨੂੰ ਪਤਾ ਨਹੀਂ ਹੈ ਇਨ੍ਹਾਂ ਗੱਲਾਂ ਦਾ। ਸਾਧੂ ਨਹੀਂ ਕਰਦਾ। ਸਾਧੂ ਦੇ ਪਿੱਛੇ ਸ਼ਕਤੀਆਂ ਆਪੇ ਤੁਰੀਆਂ ਫਿਰਦੀਆਂ ਹਨ -

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਅੰਗ - 649***

ਸੋ ਇਸ ਤਰ੍ਹਾਂ ਉਥੇ ਫੇਰ ਕੀ ਹੁੰਦਾ ਹੈ, ਅੱਗੇ ਚੜ੍ਹਾਈ ਨਹੀਂ ਹੁੰਦੀ, ਅੱਗੇ ਚੜ੍ਹਾਈ ਹੁੰਦੀ ਹੈ ਸਮਰਥ ਗੁਰੂ ਦੀ ਮਿਹਰ ਨਾਲ। ਸਮਰੱਥ ਮਿਲੇ ਤਾਂ ਚੜ੍ਹਦਾ ਹੈ। ਮਹਾਤਮਾ ਬੁੱਧ ਨੇ ਗੁਰੂ ਕਰਿਆ। ਉਸ ਗੁਰੂ ਨੇ ਅੰਦਰ ਵੜਨ ਦੀ ਜੁਗਤ ਤਾਂ ਉਸ ਨੂੰ ਸਮਝਾ ਦਿੱਤੀ, ਜਦੋਂ ਉਹ ਚਲੇ ਗਿਆ ਤੇ ਉਥੇ ਪਹੁੰਚ ਗਿਆ। ਕਹਿਣ ਲੱਗਿਆ ਕਿ ਮੈਂ ਉਥੇ ਪਹੁੰਚ ਗਿਆ ਹੁਣ ਮੈਨੂੰ ਅੱਗੇ ਦੱਸ? ਕਹਿੰਦਾ ਅੱਗੇ ਦਾ ਮੇਰੇ ਕੋਲ ਗਿਆਨ ਨਹੀਂ ਹੈ। ਉਸ ਨੇ ਦੂਸਰਾ ਗੁਰੂ ਕਰਿਆ। ਦੂਸਰੇ ਨੇ ਹੋਰ ਅੱਗੇ ਲੰਘਾ ਦਿੱਤਾ। ਉਸ ਦੀ ਤਸੱਲੀ ਨਾ ਹੋਈ ਤੀਸਰਾ ਕਰਿਆ ਉਸ ਨੇ। ਮਹਾਤਮਾ ਨੇ 6 ਗੁਰੂ ਕਰੇ ਸੀ। ਜਿਹੜੇ ਆਖਰੀ ਦੋ ਗੁਰੂ ਕਰੇ ਉਨ੍ਹਾਂ ਨੇ

ਚੜ੍ਹਾਇਆ ਉਸ ਨੂੰ ਬਹੁਤ ਉੱਚਾ ਲੇਕਿਨ ਉਹ ਵੀ ਰਹਿ ਗਏ। ਇਕ ਗੁਰੂ ਦੀ ਉਸ ਨੂੰ ਹੋਰ ਲੋੜ ਸੀ ਇਹ ਵੀ ਮੇਰਾ ਲੇਖ ਲਿਖਿਆ ਹੋਇਆ ਹੈ ਇਥੇ ਮੈਗਜ਼ੀਨ ਵਿੱਚ। ਇਕ ਗੁਰੂ ਦੀ ਹੋਰ ਲੋੜ ਸੀ। ਉਹ ਗੁਰੂ ਨਾ ਉਨ੍ਹਾਂ ਨੇ ਕਰਿਆ। ਉਹ ਨਾ ਕਰਨ ਕਰਕੇ ਨਿਰਵਾਣ ਦੀ ਅਵਸਥਾ ਵਿਚ ਰਹਿ ਗਿਆ, ਨਹੀਂ ਤਾਂ ਵਾਹਿਗੁਰੂ ਦੇ ਵਿਚ ਅਭੇਦ ਹੋ ਜਾਣਾ ਸੀ ਉਸ ਨੇ। ਉਹ ਗੁਰੂ ਤੋਂ ਬਗੈਰ ਨਹੀਂ ਹੁੰਦਾ ਕਿਉਂਕਿ ਚਾਬੀ ਗੁਰੂ ਕੋਲ ਹੈ –

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ***
***ਕੁੰਜੀ ਗੁਰ ਸਉਪਾਈ॥***
***ਅਨਿਕ ਉਪਾਵ ਕਰੇ ਨਹੀਂ ਪਾਵੈ***
***ਬਿਨੁ ਸਤਿਗੁਰ ਸਰਣਾਈ॥*** ***ਅੰਗ – 205***

ਗੁਰੂ ਦੀ ਸ਼ਰਨ ਵਿਚ ਆਏ ਬਿਨਾ ਨਹੀਂ ਮਿਲਦਾ ਕਿਉਂਕਿ ਚਾਬੀ ਗੁਰੂ ਦੇ ਕੋਲ ਹੈ।

***ਬਿਨੁ ਸਬਦੈ ਅੰਤਰਿ ਆਨੇਰਾ॥***
***ਨ ਵਸਤੁ ਲਹੈ ਨ ਚੂਕੈ ਫੇਰਾ॥***
***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰ ਪੂਰੈ ਭਾਗਿ ਮਿਲਾਵਣਿਆ॥*** ***ਅੰਗ – 124***

ਸੋ ਮੈਂ ਬਹੁਤ ਵਿਸਥਾਰ ਦੇ ਨਾਲ ਆਪਣੀ ਜਾਣ ਵਿੱਚ ਗੱਲ ਕਰੀ ਹੈ। ਸਮਝਦਾਰ ਬੈਠੇ ਹੋ ਤੁਸੀਂ ਦੁਆਬੇ ਨੂੰ ਦਿਮਾਗ ਕਹਿੰਦੇ ਨੇ। ਪੰਜਾਬ ਦਾ ਸਗੋਂ ਤਾਂ ਹਿੰਦੋਸਤਾਨ ਦਾ ਹੀ ਹੈ ਦਿਮਾਗ। ਇਹ ਮੈਂ ਜਾਣਦਾ ਹਾਂ ਦੁਆਬਾ ਕਦੇ ਵੀ ਸੰਖੇਪ ਰੂਪ ਵਿਚ ਨਹੀਂ ਮੰਨਦਾ। ਇਹ ਤਾਂ ਮੰਨੇਗਾ ਜੇ ਤਰਕ ਹੋਵੇ, ਤਰਕ ਹੋਵੇ ਨਹੀਂ ਤਾਂ ਇਹ ਮੰਨਦੇ ਨਹੀਂ ਸਿਆਣੇ ਬੰਦੇ। ਜਿਹੜੇ ਇਲਾਕਿਆ ਵਿਚ ਅਸੀਂ ਕੰਮ ਕਰਦੇ ਹਾਂ ਉਥੇ ਕੁਝ ਕਹਿ ਦਿਓ ਉਥੇ ਸਭ ਕਾਮਯਾਬ ਹੋ ਜਾਂਦੇ ਨੇ। ਜਿਥੇ ਬੰਦੇ ਸਮਝਦਾਰ ਹੋਣ ਤਰਕ ਦੇ ਉਤੇ (ਅਧਾਰ) ਕਰਦੇ ਹੋਣ ਉਥੇ ਗੱਲ ਸਮਝਾਉਣੀ ਪੈਂਦੀ ਹੈ। ਸੋ ਨਾਮ ਦੀ ਬਾਤ ਦੀ ਮੈਂ ਬੇਨਤੀ ਕਰੀ ਹੈ। ਨਾਮ ਸ਼ਕਤੀ ਹੈ ਇਸ ਦੇ ਜਪੇ ਤੋਂ ਬਗੈਰ ਸਾਡੇ ਅੰਦਰ ਪ੍ਰਕਾਸ਼ ਨਹੀਂ ਹੁੰਦਾ। ਸਾਡੇ ਅੰਦਰ ਇਕ ਬਿਮਾਰੀ ਹੈ ਬੜੀ ਜਬਰਦਸਤ ਜਿਹੜੀ ਵਾਹਿਗੁਰੂ ਨੇ ਲਾਈ ਹੋਈ ਹੈ। ਉਹ ਇਹ ਹੈ ਕਿ ਜਿਸ ਵਕਤ ਵਾਹਿਗੁਰੂ ਜੀ ਨੇ ਸ੍ਰਿਸ਼ਟੀ ਸਾਜੀ ਆਪਣੇ ਆਪ ਤੋਂ। ਹੁਣ ਇਥੇ ਵੀ ਦੋ ਖਿਆਲ ਨੇ ਸਾਇੰਸ ਤਾਂ ਕਹਿੰਦੀ ਹੈ ਕਿ ਪ੍ਰਾਕਿਰਤੀ, ਪਦਾਰਥ ਤੋਂ ਅੱਗੇ ਕੋਈ ਚੀਜ਼ ਨਹੀਂ ਹੈ।

ਆਹ ਹੁਣੇ 4–5 ਦਿਨ ਹੋਏ ਇਕ ਸਾਇੰਸਦਾਨ ਪ੍ਰੋਫੈਸਰ ਸੀ ਪੰਜਾਬ ਯੂਨੀਵਰਸਿਟੀ ਦਾ। ਘਰ ਚਰਨ ਪਾਉਣ ਗਿਆ। ਮੈਨੂੰ ਕਹਿੰਦੇ ਜੀ ਇਹ ਸਾਇੰਸ ਦਾ ਪ੍ਰੋਫੈਸਰ ਹੈ ਉਹ ਵੀ ਭੌਤਿਕ ਵਿਗਿਆਨ ਦਾ ਹੈ। ਮੈਂ ਕਿਹਾ ਲੈ ਫੇਰ ਤਾਂ ਇਸ ਤੋਂ ਕੋਈ ਗਿਆਨ ਦੀ ਗੱਲ ਸੁਣਦੇ ਹਾਂ।

ਮੈਂ ਕਿਹਾ, "ਡਾਕਟਰ ਸਾਹਿਬ! ਇਹ ਜਿਹੜਾ ਪਹਿਲਾ ਵੱਡਾ ਧਮਾਕਾ (big bang) ਹੋਇਆ ਨਾਂਹ ਤੁਸੀਂ ਕਹਿੰਦੇ ਹੋ।"

ਕਹਿੰਦਾ, "ਹਾਂ! ਕਹਿੰਦੇ ਹਾਂ।"

ਮੈਂ ਕਿਹਾ, "ਉਹ ਹਰਕਤ ਕਿਸ ਨੇ ਦਿੱਤੀ, ਉਹ ਸੈਟ ਕਿਸ ਨੇ ਕਰਿਆ ਜਾਂ ਆਪੇ ਹੀ ਹੋ ਗਿਆ?"

ਕਹਿੰਦਾ, "ਇਸ ਦਾ ਨਹੀਂ ਪਤਾ ਲਗਦਾ।"

ਮੈਂ ਕਿਹਾ, "ਫੇਰ ਅੱਗੇ ਚਲੋ। ਇਸ ਦਾ ਪਤਾ ਗੁਰੂਆਂ ਨੇ ਦਿੱਤਾ ਹੈ।"

***ਨਿਰੰਕਾਰੁ ਆਕਾਰੁ ਹੋਇ***
***ਏਕੰਕਾਰੁ ਅਪਾਰੁ ਸਦਾਇਆ।***

***ਭਾਈ ਗੁਰਦਾਸ ਜੀ ਦੀ ਵਾਰ 26/3***

ਜਦੋਂ ਵਾਹਿਗੁਰੂ ਅਕਾਰ ਵਿਚ ਆਇਆ ਏਕੰਕਾਰ ਨਾਉਂ ਹੋਇਆ ਉਸ ਦਾ, ੧ੴ ਮਹਾਰਾਜ ਨੇ ਲਿਖਿਆ। ਏਕਾ ਕਰਕੇ ਲਿਖ ਦਿੱਤਾ। ਹੁਣ ਏਕੰਕਾਰ ਨੇ ਅੱਗੇ ਸ਼ਬਦ ਉਚਾਰਨ ਕਰਿਆ, ਧੁੰਨ ਬਣਾਈ –

***ਏਕੰਕਾਰਹੁ ਸਬਦ ਧੁਨਿ ..............॥***

***ਭਾਈ ਗੁਰਦਾਸ ਜੀ ਦੀ ਵਾਰ 26/3***

ਉਹ ਧੁਨ ਜਿਹੜੀ ਹੈ ਉਹ ਸ਼ਬਦ ਸ਼ਕਤੀ ਹੈ, ਪ੍ਰਾਕ੍ਰਿਤਕ ਧੁਨ ਨਹੀਂ ਹੈ। ਇਥੇ ਫਰਕ ਪੈ ਜਾਂਦਾ ਹੈ। ਅਗਲਾ ਕਹਿੰਦਾ ਕਿ ਕਿਹੋ ਜਿਹੀ ਅਵਾਜ਼ ਹੈ ਜੀ? ਕਿਹੜੇ ਸਾਜ ਵਰਗੀ ਹੈ। ਬਿਲਕੁਲ ਗਲਤ ਹੈ ਉਹ ਤਾਂ ਚੇਤਨ ਧੁਨ ਹੈ। ਇਸ ਨੂੰ ਓਹੀ ਜਾਣ ਸਕਦਾ ਹੈ ਜਿਹੜਾ ਇਸ ਗੱਲ ਦਾ ਅੰਦਰ ਅਨੁਭਵ ਕਰ ਲਏ। ਆਹ ਬੁਧੀ ਦੀ ਹੱਦ ਹੈ, ਇਹ ਬੁੱਧੀ ਕਿਸੇ ਖਾਸ ਥਾਂ ਹੀ ਪਹੁੰਚ ਸਕਦੀ ਹੈ ਉਸ ਤੋਂ ਅੱਗੇ ਇਹ ਜਲ ਜਾਂਦੀ ਹੈ। ਉਸ ਤੋਂ ਅੱਗੇ ਨਹੀਂ ਇਹ ਉਠ ਸਕਦੀ। ਉਹ ਕਹਿੰਦੇ ਨੇ –

***ਕਹਿ ਕਬੀਰ ਬੁਧਿ ਹਰਿ ਲਈ ਮੇਰੀ***
***ਬੁਧਿ ਬਦਲੀ ਸਿਧਿ ਪਾਈ॥ ਅੰਗ – 339***
***ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥***
***ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ ਅੰਗ – 8***

ਕਹਿੰਦਾ, "ਮੈਂ ਤਾਂ ਅੱਜ ਹੀ ਸੁਣੀ ਹੈ ਇਹ ਗੱਲ।"

ਮੈਂ ਕਿਹਾ, "ਉਸ ਨੂੰ ਤਰਤੀਬ ਦੇਣ ਵਾਲਾ ਹੁਕਮ ਪ੍ਰਕ੍ਰਿਤੀ ਦੇ ਨਿਯਮ ਬਣਾਉਣ ਵਾਲੀ ਉਹ ਸ਼ਕਤੀ ਹੈ, ਉਸ ਨੂੰ ਵਾਹਿਗੁਰੂ, ਰਾਮ, ਅੱਲਾ, ਕੁਝ ਕਹਿ ਲਓ ਉਸ ਦਾ ਨਾਉ ਤਾਂ ਕੋਈ ਹੈ ਨਹੀਂ, ਲੇਕਿਨ ਉਸ ਦਾ ਨਾਉਂ ਇਕੋ ਹੈ ਉਸ ਨੂੰ ਸਤਿ ਕਹਿੰਦੇ ਨੇ being (ਸੱਚੀ ਹੋਂਦ) ਕਹਿੰਦੇ ਨੇ।

੧ੴ ਨਾਲ ਹੀ ਆ ਗਿਆ 'ਸਤਿ' ਉਹ ਹੋਂਦ ਵਾਲਾ (being) ਹੈ, ਹੋਂਦ ਹੈ, ਉਹ ਅਣਹੋਂਦ ਨਹੀਂ ਹੈ। ਸੋ ਇਸ ਤਰ੍ਹਾਂ ਦੇ ਨਾਲ ਅਗਲੀ ਹੈ ਨਾਮ, ਨਾਮ ਨੇ ਫੇਰ ਸਾਰਾ ਕੰਮ ਕਰਿਆ।

***ਨਾਮ ਕੇ ਧਾਰੇ ਸਗਲੇ ਜੰਤ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ॥*** ***ਅੰਗ - 284***

ਨਾਮ ਸ਼ਕਤੀ energy ਨੇ ਸਾਰੇ ਸੰਸਾਰ ਨੂੰ ਇਸ ਰੂਪ ਦੇ ਵਿਚ ਲਿਆ ਦਿੱਤਾ। ਇਹ ਬੜੀ ਵਿਸਥਾਰ ਦੀ ਗੱਲ ਹੈ। ਨਾਮ ਤੋਂ (ਤੁਰੰਤ) ਅੱਗੇ ਹਉਮੈ ਦੀ ਉਪਜ ਹੋਈ। ਹਉਮੈ ਦੇ ਵਿਚੋਂ 5 ਤਨ ਮਾਤਰਾ ਦੀ ਉਪਜ ਹੋਈ ਸ਼ਬਦ, ਸਪਰਸ਼, ਰੂਪ, ਰਸ, ਗੰਧ। ਇਨ੍ਹਾਂ ਤੋਂ ਫੇਰ 5 ਤੱਤ ਹੋਂਦ ਵਿਚ ਆਏ। ਇਸ ਦੇ ਵਿਚ ਜੋ ਅਸੀਂ ਰੂਪ ਦੇਖਦੇ ਹਾਂ ਸਭ 5 ਤੱਤਾਂ ਦੇ ਨੇ। ਇਨ੍ਹਾਂ 5 ਤੱਤਾਂ ਦੇ ਵਿਚ ਜਿਹੜੀ ਚੇਤਨ ਸ਼ਕਤੀ ਆਈ ਉਹ ਪਰਛਾਵਾ ਪਿਆ ਪ੍ਰਮੇਸ਼ਰ ਦਾ। ਜਿਵੇਂ ਕਾਰਖਾਨੇ ਦੇ ਵਿਚ ਤੁਸੀਂ ਚੁੰਬਕ ਲਾ ਦਿਓ। ਉਸ ਚੁੰਬਕ ਦੀ ਜਿਹੜੀ ਸ਼ਕਤੀ ਹੈ ਸਾਰੀ ਕਾਰਖਾਨੇ ਦੇ ਅੰਦਰ ਜਿੰਨੇ ਲੋਹੇ ਦੇ ਟੁਕੜੇ ਛੋਟੇ ਕਣ ਕੱਟੇ ਪਏ ਨੇ ਸਭ ਹਿਲਣ ਲਗ ਜਾਂਦੇ ਨੇ। ਇਸੇ ਤਰ੍ਹਾਂ ਜਦੋਂ ਪ੍ਰਮੇਸ਼ਰ ਦੀ ਸ਼ਕਤੀ ਜਦੋਂ ਪਈ ਪ੍ਰਾਕਿਰਤੀ ਦੇ ਉਤੇ, ਆਪੇ ਹੀ ਪ੍ਰਾਕਿਰਤੀ ਪੈਦਾ ਕਰੀ ਹੈ ਆਪੇ ਹੀ ਚੇਤੰਨਤਾ ਆ ਗਈ। ਸੂਝ ਆ ਗਈ। ਉਹ ਸੂਝ 2 ਤਰ੍ਹਾਂ ਦੀ ਹੋ ਗਈ। ਇਕ ਤਾਂ ਸਾਡੇ ਦਿਮਾਗ ਦੇ ਵਿਚ ਬਿਜਲਈ ਤੇ ਚੁੰਬਕੀ ਲਹਿਰਾਂ ਚੱਲ ਪਈਆਂ ਜਿਨ੍ਹਾਂ ਨੂੰ ਏਟਾ waves ਚਾਰ ਕਿਸਮ ਦਾ ਨਾਉਂ ਲੈਂਦੇ ਨੇ। ਉਹ ਚਲੀਆਂ ਸਾਡੇ ਵਿਚ ਸੂਝ ਆ ਗਈ ਉਹ ਸੂਝ limit (ਸੀਮਾ) ਵਾਲੀ ਆ ਗਈ। ਸਾਡੇ ਦਿਮਾਗ ਵਾਲੀ ਆ ਗਈ ਰੱਬ ਵਾਲੀ ਨਹੀਂ ਆਈ। ਉਹ ਤਾਂ ਆਉਂਦੀ ਹੈ ਜੇ ਅਸੀਂ ਹਉਮੈ ਨੂੰ ਮੁੜ ਕੇ ਪਾਰ ਕਰਕੇ ਪਰਲੇ ਪਾਸੇ ਜਾਈਏ ਤਾਂ ਨਾਮ energy ਸ਼ਕਤੀ ਜਿਹੜੀ ਹੈ ਉਹ ਹਉਮੈ ਨੂੰ ਕੱਟ ਦਿੰਦੀ ਹੈ। ਸੋ ਇਸ ਕਰਕੇ ਮਹਾਰਾਜ ਐਸਾ ਫੁਰਮਾਨ ਕਰਦੇ ਨੇ ਪੜ੍ਹੋ ਪਿਆਰ ਨਾਲ -

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ -2, 2.***

***ਗੁਰ ਕੀ ਸੇਵਾ ਪਾਏ ਮਾਨੁ॥*** ***ਅੰਗ - 864***

***ਸਰਬ ਰੋਗ ਕਾ ਅਉਖਦੁ ਨਾਮੁ॥*** ***ਅੰਗ - 274***

ਸਾਰੀਆਂ ਬਿਮਾਰੀਆਂ ਦਾ ਇਲਾਜ ਜੇ ਕੋਈ ਹੈ ਮਹਾਰਾਜ ਕਹਿੰਦੇ ਆਹ ਸਰੀਰ ਵਿਚ ਰੱਖਿਆ ਹੋਇਆ ਹੈ। ਮਹਾਰਾਜ ਕਹਿੰਦੇ -

***ਹਰਿ ਅਉਖਧੁ ਸਭ ਘਟ ਹੈ ਭਾਈ॥ ਅੰਗ - 259***

ਲੇਕਿਨ ਉਹ ਦਵਾਈ ਚੁੱਕੀਏ ਕਿਵੇਂ?

***ਗੁਰ ਪੂਰੇ ਬਿਨੁ ਬਿਧਿ ਨ ਬਨਾਈ॥ ਅੰਗ - 259***

ਜਿੰਨਾ ਚਿਰ ਸਮਰਥ ਗੁਰੂ ਦੀ ਸ਼ਰਨ ਵਿਚ ਨਹੀਂ ਪੈਂਦੇ, ਇਹ ਬਿਧਿ ਬਣ ਹੀ ਨਹੀਂ ਸਕਦੀ, ਦਵਾਈ ਹੱਥ ਵਿਚ ਨਹੀਂ ਆਉਂਦੀ -

***ਗੁਰਿ ਪੂਰੈ ਸੰਜਮੁ ਕਰਿ ਦੀਆ॥***
***ਨਾਨਕ ਤਉ ਫਿਰਿ ਦੂਖ ਨ ਥੀਆ॥***
***ਅੰਗ - 259***

ਪੂਰੇ ਗੁਰੂ ਨੇ ਸੰਜਮ ਦੇ ਨਾਲ ਜਿਵੇਂ ਵੈਦ ਸਮਝਾਉਂਦਾ ਹੈ ਆਹ ਨਾ ਖਾਈਂ, ਖੱਟਾ ਨਾ ਖਾਈਂ, ਫਲਾਣੀ ਚੀਜ਼ ਨਾ ਖਾਈਂ, ਇਸ ਤਰ੍ਹਾਂ ਗੁਰੂ ਸੰਜਮ

ਨਾਲ ਦਿੰਦਾ ਹੈ। ਨਾਮ ਕਿਉਂ ਨਹੀਂ ਸਾਡਾ ਚਲਦਾ? ਨਾਮ-ਨਾਮ ਐਨਾ ਹੁੰਦਾ ਹੈ, ਨਾਮ ਦੀ ਹੀ ਗੱਲ ਕਰਦੇ ਹਾਂ। ਉਹ ਇਹ ਹੈ ਕਿ ਸੰਜਮ ਨਹੀਂ ਰੱਖਦੇ ਅਸੀਂ, ਪੱਥ ਨਹੀਂ ਰੱਖਦੇ। ਪੱਥ ਰੱਖੇ ਬਿਨਾਂ ਬਿਮਾਰੀ ਨਹੀਂ ਜਾਂਦੀ।

ਸੋ ਜਦੋਂ ਅਸੀਂ ਵਿਸਥਾਰ ਦੇ ਨਾਲ ਸੁਣੀਏ ਦੋ ਚੀਜ਼ਾਂ ਹੁੰਦੀਆਂ ਹਨ। ਇਕ ਤਾਂ ਹੁੰਦਾ ਹੈ ਤੱਤ ਗਿਆਨ। ਮੈਂ ਜੋ ਬਾਤ ਕਰ ਰਿਹਾ ਸੀ ਪਹਿਲਾਂ ਦਰਸ਼ਨ ਦੀ ਸੀ। ਉਸ ਦੇ ਵਿਚ ਕੀ ਹੁੰਦਾ ਹੈ ਕਿ ਸਾਰੇ ਅਧਿਕਾਰੀ ਨਹੀਂ ਹੁੰਦੇ। ਐਨੀ ਸੰਗਤ ਵਿਚ ਨੀਂਦ ਆ ਜਾਏਗੀ ਕਿੰਨਿਆ ਨੂੰ ਜੇ ਮੈਂ ਇਸੇ ਤਰ੍ਹਾਂ ਬੋਲਦਾ ਰਿਹਾ ਕਿਉਂਕਿ ਗ੍ਰਹਿਣ ਨਹੀਂ ਕਰ ਸਕਦੇ, ਅਜੇ ਅਵਸਥਾ ਨਹੀਂ ਆਈ ਹੁੰਦੀ ਕਿ ਗੱਲ ਫੜ ਲੈਣ।

ਦੂਸਰਾ ਹੁੰਦਾ ਹੈ ਕਿ ਦਵਾਈ ਤਾਂ ਦੇਣੀ ਹੈ ਪਰ ਕੈਪਸੂਲ ਵਿਚ ਦੇਣੀ ਹੈ। ਉਹ ਹੁੰਦਾ ਹੈ ਕਿ ਇਕ ਜੀਵਨ ਲੈ ਲਿਆ। ਉਸ ਜੀਵਨ ਦੇ ਆਲੇ ਦੁਆਲੇ ਜਿਵੇਂ ਉਸ ਨੇ ਜੀਵਨ ਗੁਜਾਰਿਆ ਹੈ ਉਸ ਦੇ ਬਾਰੇ ਗੱਲ ਕਰਕੇ ਸਮਝਾਉਣਾ ਹੈ ਕਿ ਇਹ ਇਸ ਤਰ੍ਹਾਂ ਰਿਹਾ ਸੀ, ਉਹ ਗੱਲ ਸਮਝ ਵਿਚ ਆ ਜਾਂਦੀ ਹੈ।

ਤੁਹਾਡੇ ਦੁਆਬੇ ਦੇ ਗੁਰੂ ਚੌਥੇ ਪਾਤਸ਼ਾਹ ਵੇਲੇ, ਪੰਜਵੇਂ ਪਾਤਸ਼ਾਹ ਵੇਲੇ ਸਿਖੀ ਇਥੇ ਆਈ ਹੈ। ਉਸ ਤੋਂ ਪਹਿਲਾਂ ਕੀ ਸੀ? ਗੁਰੂਆਂ ਵੇਲੇ ਕੀ ਸੀ? ਇਥੇ ਸੁਲਤਾਨੀਏ ਹੁੰਦੇ ਸੀ, ਸਰਵਰੀਏ ਜਿਨ੍ਹਾਂ ਨੂੰ ਕਹਿੰਦੇ ਨੇ। ਅਹਿਮਦ ਇਕ ਹੋਇਆ ਹੈ, ਚਿਲ੍ਹੇ ਕੱਟੇ ਉਸ ਨੇ, ਕਰਾਮਾਤਾਂ ਕਰਦਾ ਹੁੰਦਾ। ਉਸ ਦੇ ਭਰਾਵਾਂ ਨੇ ਉਥੋਂ ਕੱਢ ਦਿੱਤਾ। ਉਹ ਅੱਗੇ ਚਲੇ ਗਿਆ ਧੌਂਕਲ। ਉਥੇ ਜਾ ਉਨ੍ਹਾਂ ਨੇ ਮਾਰ ਦਿੱਤਾ ਭਰਾਵਾਂ ਨੇ। ਉਸ ਦੇ ਜਿਹੜੇ ਮਜ਼ਾਵਰ ਸੀ ਉਨ੍ਹਾਂ ਨੇ ਬੜੀ ਮਸ਼ਹੂਰੀ ਕਰੀ, ਬੜੀ ਕਰੀ। ਇਸ ਦੇ ਅੜਿਕੇ ਜੱਟ ਆ ਗਏ, ਇਥੇ ਦੇ ਕਿਰਤੀ ਆ ਗਏ ਦੁਆਬੇ ਦੇ, ਮਾਲਵੇ ਦੇ ਵੀ। ਜਦੋਂ ਔਰੰਗਜੇਬ ਨੇ ਕਿਹਾ ਮੈਂ ਇਸਲਾਮ ਦੇ ਵਿਚ ਲੈਣੇ ਨੇ ਕਿ ਇਕੋ ਕਰਨਾ ਹੈ। ਮੈਨੂੰ ਦਸੋ ਮੈਂ ਛੇਤੀ ਕਿਵੇਂ ਕਰਾਂ। ਉਥੇ ਇਹ ਕਿਹਾ ਕਿ ਇਹ ਜਿਹੜੇ ਪੰਜਾਬ ਵਾਲੇ ਲੋਕ ਇਹ ਤਾਂ ਅੱਧੇ ਮੁਸਲਮਾਨ ਬਣੇ ਹੋਏ ਹੀ ਨੇ, ਇਨ੍ਹਾਂ ਨੂੰ ਤਾਂ ਥੋੜ੍ਹਾ ਜਿਹਾ ਕਹਿਣ ਦੀ ਹੀ ਲੋੜ ਹੈ। ਜਿਹੜੇ ਕਸ਼ਮੀਰ ਦੇ ਬ੍ਰਾਹਮਣ ਨੇ ਉਨ੍ਹਾਂ ਨੂੰ ਬਣਾਓ ਪਹਿਲਾਂ। ਇਹ ਕਿਵੇਂ ਬਣੇ ਹੋਏ ਸੀ? ਇਹ ਇਸ ਤਰ੍ਹਾਂ ਸੀ ਇਹ ਕਬਰ ਨੂੰ ਮੱਥਾ ਟੇਕਦੇ ਸੀ। ਗੁਰੂਆਂ ਵੱਲ ਨਹੀਂ ਸੀ ਜਾਂਦੇ ਤੇ ਫੇਰ ਸੰਗ ਲੈ ਕੇ ਜਾਂਦੇ ਸੀ, ਲੋਹੇ ਦੀ ਛੜੀ ਜਿਹੀ ਹੁੰਦੀ ਸੀ, ਉਹ ਪਿੱਠ ਦੇ ਉਤੇ ਮਾਰੀ ਜਾਂਦੇ। ਰਾਤ ਨੂੰ ਖੇਲ੍ਹ ਹੁੰਦੀ ਦੁਨੀਆਂ ਦੇਖਣ ਆਉਂਦੀ। ਇਕ ਨੂੰ ਦੇਖ ਦੂਜਾ ਨਾ ਰੂਹਾਨੀਅਤ ਦਾ ਪਤਾ ਨਾ ਕਾਸੇ ਦਾ। ਤੇਰੀ ਮੱਝ ਤਾਂ ਹੋਏਗੀ ਰਾਜੀ ਤੂੰ ਚੂਰਮਾ ਕੱਢ ਪੀਰ ਵਾਸਤੇ, ਉਹ ਪੀਰਾਂ ਦੇ ਪਿਛੇ ਲਾ ਦਿੱਤੇ। ਗੁਰੂ ਮਹਾਰਾਜ ਦਾ ਜਿਹੜਾ ਉਪਦੇਸ਼ ਸੀ ਉਹ ਉਤਮ ਤੇ ਉੱਚਾ ਸੀ। ਇਥੇ ਫੇਰ ਦੁਆਬੇ ਵਿਚ ਬੜੇ ਉਚ ਕੋਟੀ ਦੇ ਮਹਾਤਮਾ ਹੋਏ ਨੇ ਬੜੇ ਉਚੇ ਉਚੇ। ਗੜ੍ਹ ਸ਼ੰਕਰ ਦੇ ਭਾਈ ਤਿਲਕੂ ਬਹੁਤ ਬ੍ਰਹਮ ਗਿਆਨੀ, ਬਹੁਤ ਉਚੇ ਸੀ, ਇਵੇਂ ਜਿਵੇਂ ਸੰਗਢੇਸੀਆਂ। ਹੋਰ ਬਹੁਤ ਸਾਰੇ

ਹੋਏ ਨੇ ਇਥੇ ਤੇ ਉਨ੍ਹਾਂ ਦੇ ਵਿਚੋਂ ਹੀ ਗੁਰਸਿਖ ਤੁਹਾਡੇ ਇਲਾਕੇ ਦੇ ਜਿਥੇ ਆਪਾਂ ਬੈਠੇ ਹਾਂ ਇਸ ਥਾਂ ਦੇ ਹੋਏ ਨੇ। ਉਸ ਨੂੰ ਬਾਅਦ ਵਿਚ ਭਾਈ ਮੰਝ ਦਾ ਨਾਉਂ ਦਿੱਤਾ ਗਿਆ। ਭਾਈ ਤੀਰਥਾ ਸੀ ਉਸ ਦਾ ਨਾਂ। ਆਹ ਕੋਲ ਹੀ ਸੀ ਤੁਹਾਡੇ ਬੰਨਿਆ ਦੇ ਕੋਲ। ਉਸ ਦਾ ਜਿਹੜਾ ਰਿਸ਼ਤੇਦਾਰ ਸੀ ਭਾਈ ਤਿਲਕੂ। ਜਿਹੜਾ ਭਾਈ ਤੀਰਥਾ ਸੀ ਇਹ ਚੌਧਰੀ ਸੀ 10-20 ਪਿੰਡਾਂ ਦਾ, ਚੰਗਾ ਮੰਨਿਆ ਹੋਇਆ, ਬੋਲ ਚਾਲ ਵਾਲਾ, ਜੁਬਾਨ ਵਾਲਾ ਬੜਾ ਹੀ ਭਲਾ ਪੁਰਸ਼ ਸੀ ਲੇਕਿਨ ਸੰਗ ਲੈ ਕੇ ਜਾਇਆ ਕਰਦਾ ਸੀ ਸਾਲ ਦੋ ਸਾਲ ਵਿਚ। ਚੌਂਕੀਆਂ ਪਿੰਡਾਂ ਵਿਚ ਭਰਦੇ ਹੁੰਦੇ। ਇਹ ਤੁਹਾਡੇ ਮੈਂ ਵੀ ਦੇਖੀਆਂ ਹਨ ਜਦੋਂ ਕਿਤੇ ਮੈਂ ਆਉਂਦਾ ਹੁੰਦਾ ਛੋਟਾ ਹੁੰਦਾ। ਕਹਿੰਦੇ ਹੁੰਦੇ ਅੱਜ ਫਲਾਣੇ ਥਾਂ ਚੌਂਕੀ ਹੈ, ਅੱਜ ਫਲਾਣੇ ਥਾਂ ਹੈ, ਲੋਕ ਜਾਂਦੇ ਹੁੰਦੇ। ਲੋਕ ਸੁਖਦੇ ਹੁੰਦੇ ਕਿ ਐਨੀ ਚੌਂਕੀਆਂ ਭਰਾ ਗਾਂ ਮੇਰਾ ਫਲਾਣਾ ਕੰਮ ਠੀਕ ਹੋ ਜਾਵੇ। ਸਿਖੀ ਵਲ ਨੂੰ ਨਹੀਂ ਸੀ ਜਾਂਦੇ। ਰੋਟ ਬਣਾਉਂਦੇ ਹੁੰਦੇ ਜਦੋਂ ਉਹ ਪੱਕ ਜਾਣਾ ਧਰਤੀ ਤੇ ਫੇਰ ਜਿਹੜਾ ਭਰਿਆਈ ਹੁੰਦਾ ਪਿੰਡ ਦਾ ਢੋਲ ਵਜਾਉਣ ਵਾਲਾ ਉਸ ਨੇ ਚੱਕ ਮਾਰਨਾ ਇਕ ਕੰਢੇ ਤੇ, ਕਹਿਣਾ ਇਹ ਫਰੂਦ ਦੇ ਦਿੱਤਾ, ਹੁਣ ਇਸ ਨੂੰ ਭੋਗ ਲੱਗ ਗਿਆ, ਆਪਾਂ ਤਾਂ ਕ੍ਰਿਪਾਨ ਨਾਲ ਲਾਉਂਦੇ ਹਾਂ। ਉਹ ਇਸ ਤਰ੍ਹਾਂ ਲਾਉਂਦੇ ਸੀ। ਸਾਡੇ ਬਜੁਰਗ ਫੇਰ ਉਸ ਤੋਂ ਪ੍ਰਸ਼ਾਦ ਲੈ ਕੇ ਛਕਦੇ ਸੀ, ਆਹ ਹਾਲ ਪੰਜਾਬ ਦਾ ਸੀ। ਇਹ ਜਿਹੜਾ ਭਾਈ ਤਿਲਕੂ ਸੀ ਗੜ੍ਹ ਸ਼ੰਕਰ ਦਾ ਇਹ ਸਿੱਖੀ ਵਿਚ ਆ ਗਿਆ। ਇਸ ਦਾ ਭਾਈ ਮੰਝ ਰਿਸ਼ਤੇਦਾਰ ਸੀ। ਕਹਿੰਦਾ ਤੂੰ ਕਿਹੜੇ ਚੱਕਰ ਵਿਚ ਪਿਆ ਹੋਇਆ ਹੈਂ, ਬੜੀ ਮੁਸ਼ਕਲ ਦੇ ਨਾਲ ਮਾਨਸ ਦੇਹ ਪ੍ਰਾਪਤ ਹੋਈ ਹੈ। ਇਸ ਨੇ ਕੁਝ ਨਹੀਂ ਕਰਨਾ ਤੂੰ ਜੀਉਂਦੇ ਗੁਰੂ ਦੀ ਸ਼ਰਨ ਪੈ। ਉਸ ਨੇ ਬਹੁਤ ਸਮਝਾਇਆ। ਸਮਝਾਉਣ ਦੇ ਨਾਲ ਗੱਲ ਸਮਝ ਵਿਚ ਆ ਗਈ।

ਕਹਿਣ ਲੱਗੇ, "ਦੇਖ! ਇਸ ਵੇਲੇ ਅੰਮ੍ਰਿਤਸਰ ਦੇ ਅੰਦਰ ਗੁਰੂ ਅਰਜਨ ਪਾਤਸ਼ਾਹ ਨੇ ਤੂੰ ਉਨ੍ਹਾਂ ਦੀ ਸ਼ਰਨ ਲੈ ਕਦੇ ਜਾ ਕੇ।"

ਇਸ ਨੇ ਕਿਹਾ, "ਚੰਗਾ ਮੈਂ ਜਾਵਾਂਗਾ।"

ਅੱਜ ਇਹ ਸੰਗ ਲਈ ਜਾ ਰਿਹਾ ਹੈ, ਚੌਧਰੀ ਹੈ ਇਲਾਕੇ ਦਾ। ਸਾਰੇ ਇਸ ਦੇ ਪਿਛੇ ਨੇ ਹਜਾਰਾਂ ਦੀ ਤਾਦਾਦ ਵਿਚ ਬੰਦੇ ਰਲਦੇ ਹੀ ਜਾਂਦੇ ਨੇ, ਰਲਦੇ ਹੀ ਜਾਂਦੇ ਨੇ ਬੜਾ ਵੱਡਾ ਦੁਆਬੇ ਦਾ ਜਥਾ ਬਣ ਗਿਆ। ਇਹ ਜਦੋਂ ਉਥੇ ਪਹੁੰਚਿਆ ਤਾਂ ਜਾ ਕੇ ਗੁਰੂ ਮਹਾਰਾਜ ਦਾ ਸਤਿਸੰਗ ਸੁਣਨ ਲਗ ਗਏ। ਜਦੋਂ ਬਚਨ ਸੁਣੇ ਤਾਂ ਐਸੀ ਚੋਟ ਇਸਦੇ ਹਿਰਦੇ ਤੇ ਪਈ ਕਿ ਉਸ ਨੇ ਪਹਿਲੀ ਵਾਲੀ ਜਿੰਦਗੀ ਹੀ ਗਵਾ ਦਿੱਤੀ ਤੇ ਗੁਰੂ ਮਹਾਰਾਜ ਕਿੰਨੀ ਸਪਸ਼ਟਤਾ ਦੇ ਨਾਲ ਇਕ ਆਮ ਬੰਦੇ ਦੀ ਸਮਝ ਵਿਚ ਜਿਹੜੀ ਗੱਲ ਆ ਜਾਵੇ ਉਹ ਦਸਦੇ ਨੇ ਇਸ ਤਰ੍ਹਾਂ ਪੜ੍ਹੋ।

***ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,***
***ਜਿਹੜੀ ਦੇਹੀ ਨੂੰ***

*ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,*
*ਉਹ ਦੇਹੀ ਤੈਨੂੰ ਮਿਲ ਗਈ*
*ਪਿਆਰਿਆ -2*

*ਗੁਰ ਸੇਵਾ ਤੇ ਭਗਤਿ ਕਮਾਈ॥*
*ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥ ਅੰਗ - 1159*

ਗੁਰੂ ਦੀ ਸੇਵਾ ਕਰਨ ਵਾਸਤੇ ਤੇ ਨਾਮ ਜਪਣ ਵਾਸਤੇ, ਭਗਤੀ ਕਰਨ ਵਾਸਤੇ ਇਹ ਦੇਹ ਪ੍ਰਾਪਤ ਹੋਈ ਹੈ। ਜੇ ਇਹ ਕੰਮ ਨਾ ਕਰੇ ਤਾਂ ਹੋਰ ਕੰਮ ਜਿੰਨੇ ਵੀ ਨੇ ਮਹਾਰਾਜ ਕਹਿੰਦੇ ਫਜ਼ੂਲ ਕੰਮ ਕਰ ਰਿਹਾ ਹੈ ਤੂੰ -

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*

*ਅੰਗ - 12*

ਇਹ ਫਜ਼ੂਲ ਕੰਮਾਂ ਵਿਚ ਪੈ ਗਿਆ, ਜ਼ਹਿਰ ਇਕੱਠੀ ਕਰਨੀ ਤੂੰ ਸ਼ੁਰੂ ਕਰ ਦਿੱਤੀ। ਇਹ ਤੇਰੇ ਨਾਲ ਨਹੀਂ ਜਾਣੀ ਕੋਈ ਚੀਜ਼ ਵੀ -

*ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥*
*ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥*

*ਅੰਗ - 1365*

ਇਕ ਰਾਜਾ ਹੋਇਆ ਹੈ ਗਜਨੀ ਦਾ ਉਸ ਦਾ ਨਾਂ ਮਹਿਮੂਦ ਸੀ, ਬੜਾ ਕਾਮਯਾਬ ਸੀ। ਈਰਾਨ ਤੇ ਹੱਲਾ ਕਰ ਦਿੱਤਾ, ਈਰਾਨ ਨੂੰ ਜਿੱਤ ਗਿਆ, ਤੁਰਕੀ ਵੱਲ ਨੂੰ ਕਰ ਦਿੱਤਾ ਉਸ ਨੂੰ ਵੀ ਜਿੱਤ ਗਿਆ। ਉਪਰਲੇ ਪਾਸੇ ਬਲਕਾਨ ਰਾਜ ਤੇ ਕਰ ਦਿੱਤਾ, ਉਸ ਨੂੰ ਜਿੱਤ ਗਿਆ। ਅਫਗਾਨਿਸਤਾਨ ਤੇ ਆ ਕੇ ਬੜੀ ਲੜਾਈ ਇਸ ਨੂੰ ਲੜਨੀ ਪਈ। ਇਥੇ ਰਾਜਾ ਜੈਪਾਲ ਹੁੰਦਾ ਸੀ, ਉਸ ਨੇ ਬਹੁਤ ਸਖਤ ਮੁਕਾਬਲਾ ਕੀਤਾ। ਦੂਜੀ ਵਾਰੀ ਹਮਲਾ, ਤੀਜੀ ਵਾਲੀ ਦੋ ਲੱਖ ਫੌਜ ਲੈ ਕੇ ਆਇਆ। ਜੈਪਾਲ ਨੇ ਇਹ ਗੱਲ ਕਰੀ ਸੀ ਕਿ ਮੈਂ ਹਾਰ ਕੇ ਨਾ ਵਾਪਸ ਆਵਾਂਗਾ। ਉਹ ਹਾਥੀ ਤੇ ਚੜ੍ਹਿਆ ਹੋਇਆ ਸੀ, ਉਨ੍ਹਾਂ ਦੇ ਹਾਥੀ ਦੇ ਆ ਕੇ ਗੋਲਾ ਲੱਗਿਆ। ਉਦੋਂ ਖਾਲੀ ਗੋਲੇ ਬਣੇ ਸੀ ਅਜੇ। ਬਰੂਦ ਭਰ ਦਿੰਦੇ, ਖਾਲੀ ਹੀ ਲਾ ਦਿੰਦੇ ਫਟਦਾ ਨਹੀਂ ਸੀ ਹੁੰਦਾ। ਉਹ ਮੱਥੇ ਤੇ ਲੱਗਿਆ, ਹਾਥੀ ਮਰ ਗਿਆ। ਰਾਜਾ ਹਾਥੀ ਬਦਲ ਕੇ ਘੋੜੇ ਤੇ ਚੜ੍ਹ ਗਿਆ, ਫੌਜ ਨੇ ਸਮਝਿਆ ਰਾਜਾ ਮਰ ਗਿਆ, ਦੌੜ ਆਈ ਫੌਜ। ਇਹ ਪਿਸ਼ਾਵਰ ਚਿਤਾ ਜਲਾ ਕੇ ਮਰਿਆ। ਜਿਹੜਾ ਮਹਿਮੂਦ ਸੀ ਉਸ ਨੂੰ ਦਰਵਾਜਾ ਖੁੱਲ੍ਹ ਗਿਆ ਕਿਉਂਕਿ ਪੰਜਾਬ ਹੀ ਰਾਖੀ ਕਰਦਾ ਸੀ ਉਸ ਵੇਲੇ, ਉਹ ਲਾਹੌਰ ਦਾ ਰਾਜਾ ਸੀ। ਦਰਵਾਜਾ ਖੁਲ੍ਹਿਆ ਤਾਂ ਉਸ ਨੇ ਲੁੱਟ ਮਾਰ ਸ਼ੁਰੂ ਕਰ ਦਿੱਤੀ। ਸੈਕੜਿਆਂ ਦੀ, ਹਜ਼ਾਰਾਂ ਦੀ ਤਾਦਾਦ ਵਿਚ ਬੀਬੀਆਂ ਫੜ ਕੇ ਲੈ ਗਿਆ, ਬੱਚੇ ਲੈ

ਗਿਆ। ਟਕੇ ਟਕੇ ਨੂੰ ਜਾ ਕੇ ਵੇਚਦਾ ਰਿਹਾ। ਬੇਅੰਤ ਧਨ ਲੈ ਗਿਆ। ਇਕ ਮੰਦਰ ਜਿਹੜਾ ਇਕੱਲਾ ਸੀ ਸੋਮਨਾਥ ਦਾ, ਲਿਖਿਆ ਹੋਇਆ ਹੈ ਕਿ 70,000 ਮਣ ਸੋਨਾ ਸੀ ਉਸ ਦੇ ਵਿਚ, ਹੀਰਿਆਂ ਦੀ 4 ਅਰਬ ਦੀ ਗਿਣਤੀ ਹੋਈ ਉਸ ਵੇਲੇ ਦੀ, ਉਸ ਵੇਲੇ ਦੇ 4 ਅਰਬ ਨੂੰ ਜਿਆਦਾ ਨਾ ਕਰੋ ਤਾਂ 100 ਨਾਲ ਗੁਣਾ ਕਰ ਲਓ, 40 ਖਰਬ ਰੁਪਈਆ ਉਸ ਨੇ ਮੰਦਰ ਵਿਚੋਂ ਲੁਟਿਆ। ਸੋਲ੍ਹਾਂ ਹਮਲੇ ਕੀਤੇ ਸਭ ਚੀਜ਼ਾਂ ਲੈ ਗਿਆ ਦਰਵਾਜੇ ਵੀ ਲਾਹ ਕੇ ਲੈ ਗਿਆ ਚੰਦਨ ਦੀ ਲਕੜੀ ਦੇ ਸੀ। ਮਹਾਰਾਜਾ ਰਣਜੀਤ ਸਿੰਘ ਵਾਪਸ ਲਿਆਇਆ ਸੀ। ਸੋ ਇਸ ਤਰ੍ਹਾਂ ਦੇ ਨਾਲ ਐਨਾ ਧਨ ਹੋ ਗਿਆ ਉਸ ਦੇ ਕੋਲ ਸਾਰੀ ਦੁਨੀਆਂ ਦੇ ਬਾਦਸ਼ਾਹਾਂ ਨਾਲੋਂ ਜਿਆਦੇ। ਉਸ ਨੂੰ ਅਧਰੰਗ ਦਾ ਦੌਰਾ ਪੈ ਗਿਆ। ਹੁਣ ਬਿਮਾਰੀ ਦਾ ਕੋਈ ਇਲਾਜ ਨਾ ਹੋਏ, ਹਕੀਮਾਂ ਨੇ ਕਹਿ ਦਿੱਤਾ, ਹੁਣ ਤੂੰ ਬਚ ਨਹੀਂ ਸਕਦਾ। ਇਸ ਨੇ ਕਿਹਾ ਕਿ ਆਏ ਕਰੋ, ਮੈਨੂੰ ਦਿਖਾ ਤਾਂ ਦਿਓ ਜਿਹੜਾ ਮੈਂ ਲੈ ਕੇ ਆਇਆ। ਢੇਰ ਲਾ ਦਿੱਤੇ ਮੀਲਾਂ ਵਿਚ, ਨਾਲ ਫੱਟੇ ਲਿਖ ਕੇ ਲਾ ਦਿੱਤੇ ਕਿ ਆਹ ਫਲਾਣੇ ਥਾਂ ਤੋਂ ਲੁੱਟਿਆ, ਆਹ ਫਲਾਣੇ ਥਾਂ ਤੋਂ, ਇਹ ਫਲਾਣੇ ਰਾਜੇ ਦਾ ਖਜਾਨਾ ਹੈ, ਆਹ ਫਲਾਣੇ ਮੰਦਰ ਦਾ ਹੈ। ਉਸ ਵੇਲੇ ਪਹੀਏ ਵਾਲੀ ਕੁਰਸੀ ਤੇ ਬੈਠਾ ਹੈ ਹੌਲੀ ਹੌਲੀ ਰੋੜ੍ਹਦੇ ਉਸ ਨੂੰ ਲੈਜਾ ਰਹੇ ਨੇ, ਦੇਖੀ ਜਾਂਦਾ ਹੈ ਏਧਰ ਦੇਖਦਾ ਹੈ ਓਧਰ ਦੇਖਦਾ ਹੈ, ਰੋਈ ਜਾਂਦਾ ਹੈ। ਅਖੀਰ ਸਭ ਕੁਝ ਦੇਖ ਕੇ ਬੜਾ ਰੋਇਆ।

ਕਹਿਣ ਲੱਗਿਆ, "ਨਾ ਤਾਂ ਮੇਰਾ ਵਾਰਸ ਹੈ ਕੋਈ ਜਿਹੜਾ ਐਨਾ ਧਨ ਸਾਂਭ ਲਵੇ। ਇਨ੍ਹਾਂ ਨੇ ਹੀ ਲੁੱਟ ਲੈਣਾ ਹੈ ਤੇ ਕੋਈ ਸਾਧਨ ਨਹੀਂ ਕਿ ਮੇਰੇ ਨਾਲ ਚਲਿਆ ਜਾਵੇ। ਕਿਉਂਕਿ ਇਨ੍ਹਾਂ ਦਾ ਵਿਸ਼ਵਾਸ ਸੀ ਕਿ ਰੂਹ ਕਬਰਾਂ ਵਿਚ ਰਹਿੰਦੀ ਹੈ ਮਰਨ ਤੋਂ ਬਾਅਦ। ਜੇ ਮੇਰੀ ਕਬਰ ਦੇ ਨਾਲ ਵੀ ਇਹ ਦੱਬ ਦਵੋ ਤਾਂ ਵੀ ਇਹ ਉਦੋਂ ਹੀ ਕੱਢ ਲੈਣਗੇ। ਇਸ ਨੂੰ ਕੌਣ ਛਡਦਾ ਹੈ। ਰੋਇਆ ਬਹੁਤ ਕਿ ਹੁਣ ਇਹ ਮੇਰੇ ਨਾਲ ਨਹੀਂ ਜਾਣਾ। ਮੈਂ ਨਾਲ ਕੀ ਲੈ ਕੇ ਜਾ ਰਿਹਾ ਹਾਂ ਜਿਹੜੇ ਪਾਪ ਕਰੇ ਨੇ ਇਸ ਨੂੰ ਇਕੱਠਾ ਕਰਨ ਵਾਸਤੇ, ਉਹ ਮੇਰੇ ਨਾਲ ਜਾ ਰਹੇ ਨੇ, ਗੁਨਾਹ ਮੇਰੇ ਨਾਲ ਜਾ ਰਹੇ ਨੇ ਤੇ ਮੈਂ ਗੁਨਾਹਾਂ ਦੀ ਸਜ਼ਾ ਦੋਜ਼ਕ ਵਿਚ ਜਾ ਕੇ ਭੋਗਾਗਾਂ। ਸਜ਼ਾ ਮਿਲਦੀ ਹੈ ਸਾਧ ਸੰਗਤ ਜੀ! ਐਸਾ ਨਹੀਂ ਕਿ ਇਹ ਕੋਈ ਕਲਪਿਤ ਬਾਤ ਹੈ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥***
***ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥***

***ਅੰਗ – 315***

ਇਥੇ ਤਾਂ ਆਦਮੀ ਕਰਮ ਕਰ ਲੈਂਦਾ ਹੈ, ਲੁੱਟਾਂ ਵੀ ਕਰ ਲੈਂਦਾ ਹੈ, ਰਿਸ਼ਵਤਾਂ ਵੀ ਲੈ ਲੈਦਾ ਹੈ, ਹੋਰ ਬੇਈਮਾਨੀਆਂ ਕਰ ਲੈਂਦਾ ਹੈ, ਧੋਖੇ ਕਰ ਲੈਂਦਾ ਹੈ, ਝੂਠੇ ਮੁਖਤਿਆਰ ਨਾਮੇ ਬਣਾ ਕੇ ਜਮੀਨਾਂ-ਜਾਇਦਾਦਾਂ ਆਪਣੇ ਨਾਉਂ ਕਰ

ਲੈਂਦਾ ਹੈ ਲੇਕਿਨ ਜਿਹੜੇ ਇਹ ਕਰਮ ਨੇ ਇਨ੍ਹਾਂ ਨੂੰ ਪਾਪ ਗਿਣਿਆ ਗਿਆ। ਇਸ ਦੀ ਸਜ਼ਾ ਦਰਗਾਹ ਦੇ ਵਿਚ ਜਾ ਕੇ ਮਿਲਦੀ ਹੈ –

*ਕਪੜੁ ਰੂਪੁ ਸੁਹਾਵਣਾ*
*ਛਡਿ ਦੁਨੀਆ ਅੰਦਰਿ ਜਾਵਣਾ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥*
*ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥*
*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥*
*ਕਰਿ ਅਉਗਣ ਪਛੋਤਾਵਣਾ॥ ਅੰਗ – 471*

ਸੋ ਇਹ ਸਜਾ ਮਿਲਦੀ ਹੈ। ਉਸ ਨੇ ਕਿਹਾ ਕਿ ਮੇਰੇ ਵਰਗੀ ਗਲਤੀ ਹੋਰ ਕੋਈ ਨਾਂਹ ਕਰ ਲੈਣ, ਪੰਧਨਾਮਾ ਲਿਖਾ ਦਿੱਤਾ। ਸਾਡੇ ਤਾਂ ਰਿਵਾਜ਼ ਹੀ ਨਹੀਂ। ਸਾਡੇ ਤਾਂ ਵਸੀਅਤ ਲਿਖਾਉਂਦੇ ਨੇ, ਪੰਧਨਾਮੇ ਦਾ ਸਾਨੂੰ ਪਤਾ ਹੀ ਨਹੀਂ। ਪੰਧਨਾਮਾ ਉਹ ਹੁੰਦਾ ਹੈ ਕਿ ਆਪਣੀ ਜਿੰਦਗੀ ਦੇ ਜਿਹੜੇ ਕਾਰਨਾਮੇ ਨੇ ਉਹ ਲਿਖਾਏ ਜਾਂਦੇ ਨੇ। ਉਸ ਨੇ ਲਿਖਿਆ ਮੈਂ ਜਿੰਦਗੀ ਦੇ ਅੰਦਰ ਬੜੇ ਪਾਪ ਕਰੇ, ਧਨ ਖੱਟਣ ਵਾਸਤੇ ਲੱਖਾਂ ਹੀ ਬੰਦੇ ਮਾਰ ਦਿੱਤੇ, ਤਲਵਾਰ ਦੇ ਘਾਟ ਉਤਾਰ ਦਿੱਤੇ, ਲੱਖਾਂ ਬੀਬੀਆਂ ਮੈਂ ਵਿਧਵਾ ਕਰ ਦਿੱਤੀਆਂ, ਲੱਖਾਂ ਮਾਵਾਂ ਦੇ ਪਿਆਰੇ ਪੁੱਤਰ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਮਾਰ ਦਿੱਤੇ ਤੇ ਮੇਰਾ ਧਨ ਖਟਿਆ ਹੋਇਆ ਮੇਰੇ ਨਾਲ ਨਹੀਂ ਜਾ ਰਿਹਾ, ਇਥੇ ਢੇਰ ਲੱਗਿਆ ਪਿਆ ਹੈ। ਕਿੱਡਾ ਮੈਂ ਮਾੜਾ ਕੰਮ ਕਰਿਆ ਹੈ। ਹੁਣ ਜਦੋਂ ਮੇਰਾ ਜਨਾਜ਼ਾ ਨਿਕਲੇਗਾ ਮੇਰੇ ਹੱਥ ਵੀ ਬਾਹਰ ਕਰ ਦਿਓ ਤੇ ਪੈਰ ਵੀ ਕਰ ਦਿਓ ਤੇ ਫੱਟੀ ਲਿਖ ਕੇ ਵੱਡੀ ਲਾ ਦਿਓ ਕਿ ਆਹ ਜਾਂਦਾ ਹੈ ਅਰਬਾਂ ਪਤੀ, ਖਾਲੀ ਹੱਥ, ਐ ਦੁਨੀਆ ਦੇ ਲੋਕੋ ਇਸ ਤੋਂ ਕੁਝ ਸਿਖਿਆ ਲਓ, ਕੋਈ ਨੇਕ ਕੰਮ ਕਰੋ। ਜਿਹੜੇ ਜਾ ਕੇ ਦਰਗਾਹ ਦੇ ਵਿਚ ਕੰਮ ਕਰਨ ਕਿਉਂ ਦਰਗਾਹ ਦੇ ਵਿਚ ਫੇਰ ਪਛਤਾਵੇ ਤੋਂ ਬਿਨਾ ਫੇਰ ਕੁਝ ਹੋਇਆ ਨਹੀਂ ਕਰਦਾ–

*ਧਾਰਨਾ – ਜਿੰਦੇ ਰੋਵੇਂਗੀ ਤੇ ਰੋ-ਰੋ ਪਛੋਤਾਂਵੇਗੀ*
*ਫੇਰ ਤੇਰਾ ਕੋਈ ਨਾ ਬਣੇ –2, 2.*

*ਆਪੀਨੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ*
*ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥ ਅੰਗ – 464*

ਪਾਪ ਇਕੱਠੇ ਕਰਕੇ ਜਦੋਂ ਤੁਰਦਾ ਹੈ ਫੇਰ ਰੋਂਦਾ ਹੈ ਕਿ ਮੇਰੇ ਨਾਲ ਤਾਂ ਕੁਝ ਵੀ ਨਾ ਗਿਆ ਇਹ ਤਾਂ ਸਾਰਾ ਇਥੇ ਹੀ ਰਹਿ ਗਿਆ। ਸੋ ਨਾਲ ਕੀ ਜਾਂਦਾ ਹੈ–

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥*

*ਅੰਗ - 264*

ਉਹ ਚੀਜ਼ ਜਾਣੀ ਹੈ ਬਾਕੀ ਤਾਂ ਜਾਂਦੇ ਨਹੀਂ, ਪਾਪ ਤਾਂ ਦੁਖੀ ਕਰਨਗੇ ਨਾਲ ਗਏ ਹੋਏ ਪਰ ਜੇ ਬੰਦਗੀ ਨਹੀਂ ਕਰੀ ਤਾਂ ਫੇਰ ਉਥੇ ਬਹੁਤ ਰੋਣਾ ਪੈਂਦਾ ਹੈ। ਸੋ ਮਹਾਰਾਜ ਕਹਿੰਦੇ ਪਿਆਰਿਓ!

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਅੰਗ - 12*

ਬਾਕੀ ਜਿਹੜੇ ਕੰਮ ਕਰ ਰਿਹਾ ਹੈਂ ਤੂੰ ਉਹ ਫਜ਼ੂਲ ਨੇ, ਦੁਨੀਆਂ ਦੇ ਕੰਮ ਨੇ, ਦੁਨੀਆਂ ਵਿਚ ਰਹਿ ਜਾਣਗੇ। ਇਨ੍ਹਾਂ ਦੇ ਵਾਸਤੇ ਪਾਪ ਨਾ ਕਰੀਂ, ਧੋਖੇ ਨਾ ਕਰੀਂ, ਖੋਟੇ ਕਰਮ ਨਾ ਕਰੀਂ, ਫੇਰ ਤੈਨੂੰ ਪਛਤਾਉਣਾ ਪੈ ਜਾਏਗਾ। ਅਸੀਂ ਨਹੀਂ ਹਟਾਉਂਦੇ ਤੈਨੂੰ। ਕਰੀ ਜਾਹ, ਤੇਰੀ ਪਰਾਲਬਧ ਦੀ ਖੇਡ ਹੈ ਪਰ ਇਹ ਭੈੜੇ ਕੰਮ, ਨਜ਼ਾਇਜ ਕੰਮ ਨਾ ਕਰੀ। ਜਦੋਂ ਠੀਕ ਕਾਰਜ ਕਰੇਂਗਾ, ਇਸ ਦੇ ਵਿਚ ਬਰਕਤ ਪਏਗੀ, ਦਸਾਂ ਨਹੁੰਆਂ ਦੀ ਕਮਾਈ ਕਰਕੇ ਜਦੋਂ ਤੂੰ ਦੇਵੇਂਗਾ ਗੁਰੂ ਦੇ ਨਮਿਤ ਉਹ ਲੱਖਾਂ ਗੁਣਾ ਵਧੇਗੀ, ਤੇਰੀ ਸਹਾਇਤਾ ਕਰੇਗੀ ਦਰਗਾਹ ਦੇ ਵਿਚ ਜਾ ਕੇ। ਉਹ ਕੰਮ ਕਰ ਜਿਸ ਤੋਂ ਬਾਅਦ ਪਛਤਾਉਣਾ ਨਾ ਪਵੇ ਜਿਸ ਤੇ ਪਛਤਾਉਣਾ ਪਵੇ -

*ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ॥*
*ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥ ਅੰਗ - 1428*

ਹੁਣ ਰੋਣ ਦਾ ਕੀ ਫਾਈਦਾ। ਜਿਹੜੇ ਮੌਕੇ ਕੰਮ ਕਰਨਾ ਸੀ, ਤੈਨੂੰ ਆਵਾਜ਼ਾਂ ਦੇ ਦੇ ਉਠਾ ਰਹੇ ਸੀ ਮਹਾਤਮਾ, ਉਦੋਂ ਤਾਂ ਤੂੰ ਸੁਣੀ ਨਹੀਂ। ਬਾਬਾ ਫਰੀਦ ਜੀ ਕਹਿੰਦੇ, ਕੀ ਕਰੀਏ ਦੁਨੀਆਂ ਸੁਣਦੀ ਨਹੀਂ ਉਪਦੇਸ਼ -

*ਫਰੀਦਾ ਕੂਕੇਦਿਆ ਚਾਂਗੇਦਿਆ*
*ਮਤੀ ਦੇਦਿਆ ਨਿਤ॥ ਅੰਗ - 1378*

ਚਾਰੇ ਵੇਦ, ਛੇ ਸਾਸ਼ਤਰ, ਸਤਾਈ ਸਿਮਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਗੁਰੂ ਗ੍ਰੰਥ ਸਾਹਿਬ ਤੇ ਹੋਰ ਬੇਅੰਤ

ਜਿਹੜੇ ਵੀ ਧਾਰਮਿਕ ਗ੍ਰੰਥ ਹਨ ਤੇ ਸੈਕੜਿਆਂ ਦੀ ਤਾਦਾਦ ਵਿਚ ਮਹਾਂਪੁਰਸ਼ ਜੀਵ ਨੂੰ ਜਗਾਉਣ ਦਾ ਯਤਨ ਕਰਦੇ ਨੇ ਪਰ ਮਜ਼ਾਲ ਹੈ ਕਿ ਇਹ ਮਾੜ੍ਹਾ ਜਿਹਾ ਪਾਸਾ ਵੀ ਵਟ ਲਏ, ਉਥੇ ਦਾ ਉਥੇ ਰਹਿੰਦਾ ਹੈ। ਉਹ ਸਮਝਾਉਂਦੇ ਨੇ ਕਿ ਤੂੰ ਆਪਣੀ ਹਾਲਤ ਦੇਖ। ਇਸ ਤੋਂ ਪਹਿਲਾਂ ਕਿਥੇ-ਕਿਥੇ ਤੂੰ ਘੁੰਮਦਾ ਰਿਹਾ। ਉਹ ਤੇਰੇ ਯਾਦ ਨਹੀਂ, ਅਸੀਂ ਤੇਰੇ ਯਾਦ ਕਰਾ ਦਿੰਦੇ ਹਾਂ -

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਮਿਲੁ ਜਗਦੀਸ ਮਿਲਨ ਕੀ ਬਰੀਆ॥***
***ਚਿਰੰਕਾਲ ਇਹ ਦੇਹ ਸੰਜਰੀਆ॥ ਅੰਗ - 176***

***ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥***
***ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥ ਅੰਗ - 156***

ਪਿਆਰਿਆ! ਇਹ ਨਾ ਸਮਝ ਕਿ ਮੁੱਢ ਤੋਂ ਹੀ ਮੈਂ ਮਨੁੱਖ ਹਾਂ। ਤੇਰਾ ਇਤਿਹਾਸ ਅਰਬਾਂ-ਖਰਬਾਂ ਸਾਲ ਤੋਂ ਚਲਿਆ ਆ ਰਿਹਾ ਹੈ। ਮਨੁੱਖ ਤਾਂ ਤੂੰ ਬਣਦਾ ਹੈਂ ਵਾਰੀ ਆਈ ਤੇ। ਜਦੋਂ ਮਨੁੱਖ ਬਣਦੈ ਉਸ ਵੇਲੇ ਤੈਨੂੰ ਬਿਮਾਰੀਆਂ ਲੱਗ ਜਾਂਦੀਆਂ ਨੇ -

***ਬੈਰ ਬਿਰੋਧ ਕਾਮ ਕ੍ਰੋਧ ਮੋਹ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥***

***ਅੰਗ - 268***

ਇਕ ਵਾਰੀ ਨਹੀਂ ਤੂੰ ਬਹੁਤ ਵਾਰੀ ਮਨੁੱਖ ਬਣ ਕੇ ਫੇਲ੍ਹ ਹੁੰਦਾ ਰਿਹਾ ਹੈ, ਬਣਿਆ ਨਹੀਂ ਤੇਰਾ ਕੁਝ। ਜਦੋ ਮਾਤਾ ਦੇ ਪੇਟ ਵਿਚ ਹੁੰਦਾ ਹੈ ਉਸ ਵੇਲੇ ਤੈਨੂੰ 100 ਜਨਮ ਦੀ ਸੋਝੀ ਹੁੰਦੀ ਹੈ, ਕਿਉਂ ਹੁੰਦੀ ਹੈ? ਉਹ ਇਕ ਸਮਾਧੀ ਦੀ ਅਵਸਥਾ ਵਿਚ ਹੁੰਦਾ ਹੈ। ਉਸ ਦੇ ਪ੍ਰਾਣ ਜਿਹੜੇ ਨੇ ਉਹ ਸੁਖਮਨਾ ਨਾੜੀ ਵਿਚ ਹੁੰਦੇ ਨੇ। ਤਿੰਨ ਨਾੜੀਆਂ ਮੁਖ ਨੇ ਰੀੜ੍ਹ ਦੀ ਹੱਡੀ ਦੇ ਨਾਲ। ਇਕ ਨੂੰ ਇੜਾ ਕਹਿੰਦੇ ਨੇ, ਇਕ ਨੂੰ ਪਿੰਗਲਾ, ਵਿਚਾਰਲੀ ਸੁਖਮਨਾ ਕਹਿੰਦੇ ਨੇ। ਸੁਖਮਨਾ ਨਾੜੀ ਵਿਚ ਜੇ ਹੁਣ ਵੀ ਅਸੀਂ ਪ੍ਰਵੇਸ਼ ਕਰ ਜਾਈਏ ਨਾ, ਸਾਨੂੰ 100 ਜਨਮ ਪਿਛਲਾ ਗਿਆਨ ਹੋ ਜਾਂਦਾ ਹੈ। ਉਹ ਪ੍ਰਵੇਸ਼ ਕਿਵੇਂ ਕਰੇ? ਪਹਿਲੇ ਜ਼ਮਾਨਿਆਂ ਵਿਚ ਕਰਦੇ ਹੁੰਦੇ ਸੀ, ਮਹਾਰਾਜ ਨੇ ਤਾਂ ਮਨ੍ਹਾ ਕਰ ਦਿੱਤਾ। ਉਹ ਇਹ ਹੈ ਕਿ ਰੀੜ੍ਹ ਦੀ ਹੱਡੀ ਦੇ ਅਖੀਰਲੇ ਸਿਰੇ ਤੇ ਇਕ ਸਾਢੇ ਤਿੰਨ ਵਲ ਪਾ ਕੇ, ਇਕ ਨਾੜੀ ਹੈ ਉਸ ਨੂੰ ਭੁਜੰਗਾ ਨਾੜੀ ਕਹਿੰਦੇ ਨੇ। ਉਸ ਨੇ ਇਹ ਮੂੰਹ ਨਾਲ ਢਕੀ ਹੋਈ ਹੈ। ਜਿਥੇ ਉਸ ਦਾ ਮੂੰਹ ਹੈ ਉਥੇ elec-

tronics ਦਾ ਭੰਡਾਰ ਹੈ ਸੰਬੰਧ ਹੈ ਲੱਗਿਆ ਹੋਇਆ ਕੁਦਰਤ ਦੇ ਨਾਲ। ਜੇ ਉਹ ਬਟਨ ਦਬਿਆ ਜਾਵੇ ਸਾਰੀ ਕੁਦਰਤ ਦਾ ਭੇਤ ਲੱਗ ਜਾਂਦਾ ਹੈ। ਇਥੇ ਬੈਠ ਕੇ ਹੀ ਅਮਰੀਕਾ ਦੇਖੀ ਜਾਂਦਾ ਹੈ ਕਿ ਕੀ ਕਰਦੇ ਨੇ।

ਆਹ ਡਾ. ਸਵਾਮੀ ਰਾਮ ਜੀ ਹੁਣੇ ਹੀ ਚੜ੍ਹਾਈ ਕਰੇ ਨੇ ਥੋੜ੍ਹਾ ਚਿਰ ਹੋਇਆ। ਅਸੀਂ ਉਥੇ ਗਏ ਉਹ ਵੀ ਇਥੇ ਸਮਾਗਮ ਵਿਚ ਆਉਂਦੇ ਰਹੇ ਨੇ। ਬੀਬੀ ਬਿਮਾਰ ਸੀ, ਸਿਹਤ ਚੰਗੀ ਨਹੀਂ ਸੀ। ਉਹ ਕਹਿੰਦੇ ਲੈ ਮੈਂ ਤੁਹਾਨੂੰ ਦਵਾਈ ਦਿੰਦਾ ਹਾਂ। ਇਹ ਇਸ ਤਰ੍ਹਾਂ ਖਾਣੀ ਹੈ, ਸਵੇਰੇ ਆਹ ਪੁੜੀ ਖਾਣੀ ਹੈ, ਆਥਣ ਨੂੰ ਇਹ ਖਾਣੀ ਹੈ, ਹੋਮਿਓਪੈਥੀ ਦੇ ਡਾਕਟਰ ਸੀ ਉਨ੍ਹਾਂ ਦੇ ਨਾਲ ਉਹ ਵੀ ਡਾਕਟਰ ਸੀ oxford university ਤੋਂ doctorate ਕਰੀ ਹੋਈ ਸੀ ਇੰਗਲਿਸ਼ ਦੀ, ਸਭ ਜ਼ੁਬਾਨਾਂ ਜਾਣਦੇ ਸੀ ਦੁਨੀਆਂ ਦੀਆਂ। ਅਰਬੀ ਜਾਣਦੇ, ਸੰਸਕ੍ਰਿਤ ਜਾਣਦੇ, ਜਰਮਨ ਜਾਣਦੇ, ਹਰ ਜ਼ੁਬਾਨ ਦਾ ਪਤਾ ਸੀ। ਉਨ੍ਹਾਂ ਨੇ ਇਕ ਯੋਗ ਸਾਧਿਆ ਹੋਇਆ ਸੀ ਉਸ ਨੂੰ ਸਰਵ ਵਿਦਿਆ ਯੋਗ ਕਹਿੰਦੇ ਨੇ। ਉਹ ਹਰ ਜੁਬਾਨ ਜਾਣ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੂੰ ਕਹਿ ਦਿੰਦੇ ਨੇ ਕਿ ਉਥੇ ਦੀ ਉਹ ਬੋਲੀ ਕਿਵੇਂ ਬੋਲਦੇ ਰਹੇ-ਤਰਕ ਵਾਲੇ। ਉਹ ਅਗਿਆਨਪੁਣਾ ਹੈ, ਨਹੀਂ ਪਤਾ ਇਨ੍ਹਾਂ ਨੂੰ ਕਿ ਆਦਮੀ ਦੇ ਅੰਦਰ ਵਿਦਿਆ ਦੇ ਭੰਡਾਰੇ ਨੇ। ਹਿੰਦੁਸਤਾਨ ਵਿਚ ਇਸ ਵੇਲੇ 10 ਬੰਦੇ ਨੇ। ਸਵਾਮੀ ਰਾਮ ਤਾਂ ਚੜ੍ਹਾਈ ਕਰ ਗਏ, 9 ਹੋਰ ਨੇ ਜਿਹੜੇ ਹਰ ਬੋਲੀ ਨੂੰ ਜਾਣਦੇ ਨੇ। ਸੋ ਉਨ੍ਹਾਂ ਨੇ ਦਵਾਈ ਦੇ ਦਿੱਤੀ। ਇਹ ਬੀਬੀ ਦਵਾਈ ਲੈਂਦੀ ਰਹੀ। ਇਕ ਦਿਨ ਅਸੀਂ ਕਿਤੋਂ ਬਾਹਰੋਂ ਆਏ ਥੱਕ ਗਏ ਬਹੁਤੇ, ਉਹ ਦਵਾਈ ਦੀ ਖੁਰਾਕ ਨਾ ਲਈ ਤੇ ਪੈ ਗਏ। ਮੰਜੇ ਤੇ ਪੈਂਦਿਆਂ ਨੂੰ ਆ ਗਈ ਨੀਂਦ। ਰਿਸ਼ੀਕੇਸ਼ ਤੋਂ ਸਾਨੂੰ ਟੈਲੀਫੋਨ ਆਇਆ ਕਿ ਅੱਜ ਮਾਂ ਜੀ ਨੇ ਦਵਾਈ ਨਹੀਂ ਲਈ, ਮਾਂ ਕਹਿੰਦੇ ਸੀ ਇਨ੍ਹਾਂ ਨੂੰ। ਕਹਿੰਦੇ ਮਾਂ ਨੇ ਦਵਾਈ ਨਹੀਂ ਲਈ ਸੌਂ ਗਈ ਮੰਜੇ ਤੇ ਪਈ ਹੈ ਸੁੱਤੀ, ਜਗਾਓ ਜਗਾ ਕੇ ਦਵਾਈ ਦਿਓ ਹੁਣੇ ਹੀ। ਮੈਂ ਹੈਰਾਨ ਹੋ ਗਿਆ ਕਿ ਦੇਖੋ! ਬੈਠੇ ਰਿਸ਼ੀਕੇਸ਼ ਨੇ ਤੇ ਦੇਖ ਰਹੇ ਨੇ ਸਾਨੂੰ। ਉਹ ਦ੍ਰਿਸ਼ਟੀ ਹੋਇਆ ਕਰਦੀ ਹੈ। ਉਹ ਦੇਖ ਲੈਂਦੇ ਨੇ। ਇਵੇਂ ਜਿਵੇਂ ਜਦੋਂ ਸੁਖਮਨਾ ਨਾੜੀ ਵਿਚ ਸਾਡੀ ਸੁਰਤ ਹੁਣ ਵੀ ਚਲੀ ਜਾਵੇ ਤਿੰਨ ਲੋਕਾਂ ਦੀ ਸੋਝੀ ਹੋ ਜਾਇਆ ਕਰਦੀ ਹੈ। ਮਹਾਰਾਜ ਨੇ ਕਿਹਾ ਤੁਹਾਡੇ ਕੋਲੋਂ ਨਹੀਂ ਹੋਣਾ ਕਿਉਂਕਿ ਕਲਜੁਗ ਦਾ ਸਮਾਂ ਵਿਸ਼ੇ ਵਿਕਾਰਾਂ ਦਾ ਸਮਾਂ ਆ ਗਿਆ। ਉਹ ਜਿਹੜੀ ਸਿਹਤ ਸੀ ਪੁਰਾਣੀ ਉਹ ਨਾ ਰਹੀ। ਨਾ ਰਹਿਣ ਕਰਕੇ ਜੇ 1000 ਬੰਦਾ ਇਸ ਕੰਮ ਤੇ ਲੱਗੇ 999 ਪਾਗਲਖਾਨੇ ਚਲਿਆ ਜਾਏਗਾ। ਉਹ ਚੀਜ਼ ਕਰੋ ਹੀ ਨਾ ਕਿਉਂਕਿ ਵਿਗਾੜ ਲਓਗੇ ਤੁਸੀਂ ਕੁੰਡਲਨੀ ਸ਼ਕਤੀ ਨੂੰ। ਕੁੰਡਲਨੀ ਸ਼ਕਤੀ electronic ਦੀ ਸ਼ਕਤੀ ਹੈ। ਉਸ ਦਾ ਸੰਬੰਧ ਬ੍ਰਹਿਮੰਡ ਦੀ ਸ਼ਕਤੀ ਨਾਲ ਹੈ। ਜਦੋਂ ਉਥੇ ਪ੍ਰਾਣ ਜਾਂਦੇ ਨੇ ਤੇ ਉਹ ਕੁੰਡਲਨੀ ਸ਼ਕਤੀ ਜਾਗਰਤ ਹੁੰਦੀ ਹੈ, ਜਾਗਰਤ ਹੋਈ ਨੂੰ ਪਤਾ ਲਗ ਜਾਂਦਾ ਹੈ ਸਾਰਾ। ਆਹ ਤੁਹਾਡੀ ਬੀਜੀ ਦੇ ਪਿਤਾ ਜੀ ਬਹੁਤ ਬੰਦਗੀ ਕਰਦੇ ਸੀ ਭਾਈ ਰਣਧੀਰ ਸਿੰਘ ਉਨ੍ਹਾਂ ਦੇ ਸਾਥੀ ਸੀ। ਉਹ ਲਾਹੌਰ ਰਹਿੰਦੇ ਹੁੰਦੇ ਸੀ। ਇਕ ਦਿਨ ਤੁਹਾਡੀ ਬੀਜੀ ਨੂੰ ਕਹਿੰਦੇ ਕਿ ਦਰਵਾਜਾ ਨਾ ਖੋਲ੍ਹੀਂ, ਇਕ ਸਿੰਘ ਆ ਰਿਹਾ ਹੈ। ਦਰਵਾਜੇ ਬੰਦ ਕਰ ਦਿੱਤੇ ਆਪ ਚੁਬਾਰੇ ਵਿਚ ਬੈਠਦੇ ਸੀ ਜਿਆਦਾ। ਛੋਟੀ

ਕੁੜੀ ਨਿਆਣੀ ਸੀ ਉਸ ਨੇ ਦਰਵਾਜਾ ਖੋਲ੍ਹ ਦਿੱਤਾ। ਜਿਸ ਵਕਤ ਉਪਰ ਗਿਆ, ਬਾਪੂ ਜੀ ਨੂੰ ਫਤਹਿ ਬੁਲਾਈ, ਉਨ੍ਹਾਂ ਨੇ ਜਵਾਬ ਨਾ ਦਿੱਤਾ। ਉਸ ਦੀ ਥਾਂ ਕਿਹਾ, ਓ ਦੁਸ਼ਟਾ! ਉਥੇ ਬੰਬੇ ਵਿਚ ਕੀ ਕਰਦਾ ਸੀ? ਗੁਰੂ ਦਾ ਸਿੱਖ ਹੋ ਕੇ ਕਿਹੋ ਜਿਹਾ ਬਾਣਾ ਪਹਿਨਿਆ ਹੋਇਆ ਤੇ ਉਥੇ ਕਰਦਾ ਕੀ ਸੀ? ਲਾਜ ਲਾਉਂਦਾ ਸੀ ਸਿੱਖੀ ਨੂੰ। ਬਹੁਤ ਝਾੜ ਪਾਈ। ਕਹਿੰਦੇ ਨਾਲ ਇਕ ਬਚਨ ਨਿਕਲ ਗਿਆ ਉਨ੍ਹਾਂ ਦੇ ਮੁੱਖ ਤੋਂ ਕਿ ਜੇ ਮੈਂ ਦੇਖ ਲਿਆ, ਤੇਰਾ ਕੀ ਖਿਆਲ ਹੈ ਗੁਰੂ ਕਲਗੀਧਰ ਪਾਤਸ਼ਾਹ ਨਹੀਂ ਤੈਨੂੰ ਦੇਖ ਰਿਹਾ। ਇਥੇ ਬੈਠਿਆਂ ਨੇ ਬੰਬੇ ਦੇ ਵਿਚ ਹਾਲ ਦੇਖ ਲਿਆ ਕਿ ਉਥੇ ਕੀ ਕਰ ਰਿਹਾ ਸੀ। ਇਹ ਇਕ ਸ਼ਕਤੀ ਹੈ ਆਦਮੀ ਦੇ ਅੰਦਰ, ਨਾਮ ਨਾਲ ਵੀ ਪ੍ਰਗਟ ਹੋ ਜਾਂਦੀ ਹੈ, ਪ੍ਰਾਣਾਯਾਮ ਨਾਲ ਵੀ ਪ੍ਰਗਟ ਹੁੰਦੀ ਹੈ। ਇਸ ਨੂੰ ਕੁੰਡਲਨੀ ਸ਼ਕਤੀ ਕਹਿੰਦੇ ਨੇ। ਜਦੋਂ ਸਾਡੀ ਸੁਰਤ ਮਾਤਾ ਦੇ ਪੇਟ ਵਿੱਚ ਪੁੱਠੇ ਲਟਕਣ ਦੇ ਨਾਲ ਗੀੜ੍ਹ ਦੀ ਹੱਡੀ ਵਿਚ ਆਉਂਦੀ ਹੈ, ਸਭ ਤੋਂ ਪਹਿਲਾਂ ਉਸ ਦੇ ਵਿਚ ਸੁਰਤ ਆ ਕੇ ਦੇਹੀ ਬਣਦੀ ਹੈ, ਜੇ ਉਥੇ ਸੁਰਤ ਨਾ ਆਵੇ ਤਾਂ ਸਰੀਰ ਨਹੀਂ ਬਣਦਾ। ਦੇਹੀ ਬਣ ਕੇ ਉਸ ਵੇਲੇ ਉਸ ਨੂੰ ਪੁਰਾਣੇ ਨਜ਼ਾਰੇ ਦਿਸਦੇ ਨੇ। 100 ਜਨਮ ਤੱਕ ਮਹਾਂਪੁਰਸ਼ ਕਹਿੰਦੇ ਨੇ ਇਸ ਨੂੰ ਪਤਾ ਲਗਦਾ ਹੈ ਕਿ ਮੈਂ ਕੀ ਸੀ? ਮੁੜ ਕੀ ਸੀ? ਉਥੇ ਵਾਇਦੇ ਕਰਦਾ ਹੈ ਕਿ ਹੇ ਪ੍ਰਭੂ! ਹੁਣ ਮੈਨੂੰ ਤੂੰ ਮਨੁੱਖ ਬਣਾ ਦੇ ਸੁਖੀ ਸਾਂਦੀ ਤੇ ਮੈਂ ਹੁਣ ਤੇਰਾ ਨਾਮ ਜਪਾਂਗਾ ਪਰ ਹੁੰਦਾ ਕੀ ਹੈ ਕਿ ਜਿਸ ਵਕਤ ਸੰਸਾਰ ਵਿਚ ਆਉਂਦਾ ਹੈ, ਪਹਿਲੇ ਸੁਆਸ ਨਾਲ ਹੀ ਮਾਇਆ ਪੈ ਜਾਂਦੀ ਹੈ। ਪਹਿਲਾਂ ਤਾਂ ਮਾਂ ਦੇ ਸਾਹ ਨਾਲ ਸੁਆਸ ਜੁੜਿਆ ਹੋਇਆ ਸੀ, ਮਾਂ ਦੀ ਖੁਰਾਕ ਨਾਲ ਖੁਰਾਕ ਜੁੜੀ ਹੋਈ ਸੀ ਹੁਣ ਅੱਡ ਹੋ ਗਿਆ, ਨਾੜੂਆ ਕੱਟ ਦਿੱਤਾ, ਸੁਆਸ ਇਸ ਨੂੰ ਅਜਾਦ ਆਉਣ ਲਗੇ। ਪਹਿਲਾ ਹੀ ਸੁਆਸ ਜਿਹੜਾ ਆਇਆ ਉਹ ਇਕ ਦਮ ਵਾਹਿਗੁਰੂ ਭੁਲਿਆ ਤੇ ਮਾਇਆ ਦਾ ਅਸਰ ਪੈ ਗਿਆ। ਲਿਵ ਟੁੱਟ ਗਈ ਜਿਹੜੀ ਲੱਗੀ ਹੋਈ ਸੀ, ਧੁਨ ਜਿਹੜੀ ਇਸ ਦੇ ਅੰਦਰ ਸੁਣਾਈ ਦੇ ਰਹੀ ਸੀ ਜਿਸ ਦੇ ਆਸਰੇ ਇਹ ਮਾਂ ਦੇ ਪੇਟ ਵਿਚ ਪੁੱਠਾ ਲਟਕਦਾ ਵੀ ਜੀਉਂਦਾ ਰਹਿ ਗਿਆ, ਉਹ ਲਿਵ ਟੁੱਟ ਗਈ-

***ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥***
***ਮਾਇਆ ਅਗਨਿ ਸਭ ਇਕੋ ਜੇਹੀ***
***ਕਰਤੈ ਖੇਲੁ ਰਚਾਇਆ॥***
***ਜਾ ਤਿਸੁ ਭਾਣਾ ਤਾ ਜੰਮਿਆ***
***ਪਰਵਾਰਿ ਭਲਾ ਭਾਇਆ॥*** ***ਅੰਗ - 921***

ਲਿਵ ਛੁੜਕੀ, ਪਰਿਵਾਰ ਨੂੰ ਤਾਂ ਹੋ ਗਈਆਂ ਖੁਸ਼ੀਆਂ ਕਿ ਕਾਕਾ ਹੋ ਗਿਆ ਜੀ, ਅਸੀਂ ਪਾਰਟੀ ਕਰਨੀ ਹੈ ਜੀ, ਵੱਢੋ ਬੱਕਰੇ, ਮਾਰੋ ਮੁਰਗੇ, ਸ਼ਰਾਬ ਲਿਆਓ ਅੱਜ ਛੇਤੀ। ਭੁੱਲ ਗਏ ਸਾਰੀਆਂ ਹੀ ਗੱਲਾਂ ਉਹ ਜਿਹੜਾ ਜੀਵ ਆਇਆ ਉਸ ਦਾ ਵਿਚਾਰੇ ਦਾ ਕੋਈ ਤਰਸ ਹੀ ਨਹੀਂ ਕਰਦਾ ਕਿ ਇਹ ਤਾਂ ਨਾਮ ਨਾਲ ਜੁੜਿਆ ਹੋਇਆ ਸੀ ਲਿਵ ਲੱਗੀ ਹੋਈ ਸੀ ਤੇ ਉਸ ਨੇ ਪਹਿਲਾਂ ਪੈਦਾ ਹੁੰਦੇ ਨੇ ਹੀ ਚੀਕ ਜਿਹੀ ਮਾਰੀ ਜਦੋਂ ਉਸ ਨੂੰ ਪਤਾ ਲੱਗਿਆ ਕਿ ਧੁਨ ਟੁੱਟਦੀ ਹੈ। ਉਸੇ ਵੇਲੇ ਮਾਇਆ ਦਾ ਅਸਰ ਪੈ ਗਿਆ। ਸਭ ਤੋਂ ਪਹਿਲਾਂ ਫੁਰਨਾ ਇਸ ਨੂੰ ਆਇਆ ਕਿ ਮੈਂ ਕੁਝ ਖਾਵਾਂ। ਜਿਹੜੇ ਪਸ਼ੂ ਬਾਹਰ ਜੰਗਲਾਂ

ਵਿਚ ਸੂ ਪੈਂਦੇ ਨੇ, ਮੱਝਾਂ ਗਾਈਆਂ ਉਨ੍ਹਾਂ ਨੂੰ ਤਜਰਬਾ ਹੈ ਇਸ ਗੱਲ ਦਾ, ਉਨ੍ਹਾਂ ਨੂੰ ਕੋਈ ਸੰਭਾਲਦਾ ਨਹੀਂ, ਕੋਈ ਜੇਰ ਨਹੀਂ ਸਾਂਭਦਾ। ਉਹ ਜਿਹੜਾ ਕਟੜੂ ਜਾ ਵਛੜੂ ਹੋਇਆ ਹੈ ਉਸ ਨੂੰ ਸੁਗੰਧ ਆਉਂਦੀ ਹੈ ਉਸ ਦੇ ਨੱਕ ਦੇ ਵਿਚ ਜਾਂਦੀ ਹੈ ਕਿ ਇਥੇ ਹੈ ਦੁਧ। ਉਹ ਆਪੇ ਹੀ ਟੱਕਰਾ ਟੁੱਕਰਾਂ ਮਾਰਦਾ ਥਣਾਂ ਕੋਲ ਚਲਿਆ ਜਾਂਦਾ ਹੈ, ਥਣ ਮੂੰਹ ਵਿਚ ਲੈ ਲੈਂਦਾ ਹੈ, ਉਸ ਨੂੰ ਕੋਈ ਦਿਖਾਉਂਦਾ ਹੈ? ਸਿਖਾਉਂਦਾ ਹੈ? ਜੰਗਲ ਵਿਚ ਤਾਂ ਪੈਦਾ ਹੋਇਆ ਹੈ। ਜਿੰਨੇ ਜੰਗਲਾਂ ਵਿਚ ਇਹ ਹਿਰਨ ਵਗੈਰਾ ਨੇ ਕਿਹੜਾ ਹੈ ਜਿਹੜਾ ਸਿਖਲਾਈ ਦਿੰਦਾ ਹੈ ਇਨ੍ਹਾਂ ਨੂੰ। ਉਹ ਪਹਿਲੀ ਚੀਜ਼ ਆਦਮੀ ਨੂੰ ਭੁਖ ਲਗਦੀ ਹੈ, ਭੁਖ ਦੀ ਸੁਗੰਧੀ ਆਉਂਦੀ ਹੈ। ਉਹ ਜਿਹੜੀ ਚੀਜ਼ ਇਸ ਨੂੰ ਜੀਉਂਦਾ ਰਖਦੀ ਹੈ ਉਸ ਦੇ ਨਾਲ ਇਸ ਦਾ ਪਿਆਰ ਪੈਂਦਾ ਹੈ। ਮਹਾਰਾਜ ਕਹਿੰਦੇ ਲਓ ਭਾਈ ਪ੍ਰੇਮੀਓ! ਨਾਮ ਤਾਂ ਗਿਆ ਕਿਧਰੇ ਹੀ –

***ਪਹਿਲੈ ਪਿਆਰਿ ਲਗਾ ਥਣ ਦੁਧਿ॥ ਅੰਗ – 137***

ਫੇਰ ਮਾਂ ਦਾ ਪਤਾ ਲਗਦਾ ਹੈ ਇਸ ਨੂੰ ਕਿ ਆਹ ਹੁੰਦੀ ਹੈ ਇਸ ਤੋਂ ਮੈਨੂੰ ਦੁਧ ਮਿਲਦਾ ਹੈ –

***ਦੂਜੈ ਮਾਇ ਬਾਪ ਕੀ ਸੁਧਿ॥ ਅੰਗ – 137***

ਸੋ ਆਏਂ ਫਸ ਜਾਂਦਾ ਹੈ ***'ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰ ਵਰਤਾਇਆ।'*** ਉਸ ਵੇਲੇ ਇਹ ਪ੍ਰਮੇਸ਼ਰ ਨੂੰ ਭੁਲਦਾ ਹੈ, ਇਸ ਨੂੰ ਪਤਾ ਨਹੀਂ ਰਹਿੰਦਾ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਸੁਖਮਨਾ ਨਾੜੀ ਵਿਚ ਪ੍ਰਾਣ ਹੁੰਦੇ ਨੇ, ਉਸ ਵੇਲੇ ਇਸ ਨੂੰ 100 ਜਨਮ ਦਾ ਪਤਾ ਹੁੰਦਾ ਹੈ। ਇਹ ਵਾਰ ਵਾਰ ਅਰਦਾਸਾਂ ਕਰਦਾ ਹੈ ਕਿ ਹੇ ਪ੍ਰਭੂ! ਮੈਂ ਹੁਣ ਤੇਰਾ ਨਾਮ ਜਪਾਂਗਾ ਲੇਕਿਨ ਬਾਹਰ ਆ ਕੇ ਨਾ ਰੱਬ ਚੇਤੇ ਰਹਿੰਦਾ ਹੈ ਨਾ ਹੀ ਨਾਮ। ਇਹ ਤਾਂ ਬੀਜ ਤੋਂ ਬੀਜ ਪੈਦਾ ਹੁੰਦੇ ਨੇ ਇਵੇਂ ਮੇਰਾ ਜਨਮ ਹੋ ਗਿਆ। ਐਸੀਆਂ ਮੰਤਕਾਂ ਥੋਥੀਆਂ ਜਿਹੜੀਆਂ ਨੇ ਉਨ੍ਹਾਂ ਨਾਲ ਆਪ ਵੀ ਨਾਸਤਕ ਬਣਦਾ ਹੈ ਦੁਨੀਆਂ ਨੂੰ ਵੀ ਨਾਸਤਕ ਬਣਾ ਦਿੰਦਾ ਹੈ। ਸੋ ਮਹਾਰਾਜ ਕਹਿੰਦੇ ਪਿਆਰਿਓ! ਇਹ ਗੱਲਾਂ ਛਡੋ! ਤੁਸੀਂ ਜਿਹੜਾ ਕੰਮ ਕਰਨ ਆਏ ਹੋ ਉਹ ਹੈ ਵਾਹਿਗੁਰੂ ਨੂੰ ਮਿਲਣਾ ਤੇ ਬਾਕੀ ਕੰਮ ਜਿਹੜੇ ਨੇ ਉਹ ਫਜ਼ੂਲ ਨੇ ਦੂਜੇ ਨੰਬਰ ਤੇ ਆਉਂਦੇ ਨੇ। ਜੇ ਕਹੇ ਮੇਰਾ ਗੁਜ਼ਾਰਾ ਗੁਜ਼ਾਰੇ ਵਾਸਤੇ ਮੱਥੇ ਤੇ ਪ੍ਰਭੂ ਨੇ ਲੇਖ ਲਿਖਿਆ ਹੋਇਆ ਹੈ–

***ਜੈਸੀ ਕਲਮ ਵੁੜੀ ਹੈ ਮਸਤਕਿ***
***ਤੈਸੀ ਜੀਅੜੇ ਪਾਸਿ॥ ਅੰਗ – 74***

ਆਪਣਾ ਰਿਜ਼ਕ ਲੈ ਕੇ ਆਇਆ ਹੈ, ਰਿਜ਼ਕ ਦੇਣ ਵਾਲਾ ਨਹੀਂ ਕੋਈ ਵੀ –

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ॥***

**ਅੰਗ - 10**

ਜਾਨਵਰਾਂ ਨੂੰ ਕੌਣ ਦਿੰਦਾ ਹੈ। ਸਵੇਰੇ ਉਡਦੇ ਹੀ ਨੇ ਰਤਾ, ਉਨ੍ਹਾਂ ਨੂੰ ਦਾਨਾ ਦਿਖਾਈ ਦਿੰਦਾ ਹੈ, ਜਾ ਕੇ ਚੁਗਣ ਲੱਗ ਜਾਂਦੇ ਨੇ, ਪੇਟ ਭਰ ਲਿਆ, ਗੀਤ ਗਾਉਣ ਲੱਗ ਜਾਂਦੇ ਨੇ, ਰਾਤ ਨੂੰ ਪੈ ਗਏ। ਸਵੇਰੇ ਉਠਦੇ ਹੀ ਫੇਰ ਉਡਾਰੀ ਮਾਰਦੇ ਨੇ, ਰਿਜ਼ਕ ਉਨ੍ਹਾਂ ਦਾ ਪ੍ਰਮੇਸ਼ਰ ਪ੍ਰਬੰਧ ਕਰਦਾ ਹੈ ਤੇ ਸਾਡੇ ਨਾਲੋਂ ਗਿਣਤੀ ਉਨ੍ਹਾਂ ਦੀ ਵਧ ਹੈ, ਹਜ਼ਾਰਾਂ ਗੁਣਾਂ ਗਿਣਤੀ ਵੱਧ ਹੈ, ਕੀੜੇ ਮਕੌੜਿਆਂ ਤੋਂ ਲੈ ਕੇ ਪੰਛੀਆਂ ਤੱਕ। ਉਹ ਤਾਂ ਕਰਿਆ ਹੋਇਆ ਹੈ, ਹੁਕਮ ਦੀ ਖੇਡ ਚਲ ਰਹੀ ਹੈ, ਉਹ ਤੈਨੂੰ ਮਿਲਣਾ ਹੀ ਹੈ ਜਿਹੜਾ ਕੁਝ ਮਿਲਣਾ ਹੈ, ਜੇ ਪ੍ਰਮੇਸ਼ਰ ਦਾ ਭਜਨ ਕਰੇਂ ਸੁਰਖਿਅਤ ਰਹਿ ਜਾਏਂਗਾ ਨਹੀਂ ਤਾਂ ਆਪੇ ਵਿਗਾੜ ਵੀ ਪਾ ਲਏਂਗਾ ਉਸ ਦੇ ਵਿਚ।

ਸੋ ਮਹਾਰਾਜ ਕਹਿੰਦੇ ਫਜ਼ੂਲ ਕੰਮ ਨਾ ਕਰ, ਦੇਹੀ ਬੜੀ ਕੀਮਤੀ ਹੈ -

*ਗੁਰ ਸੇਵਾ ਤੇ ਭਗਤਿ ਕਮਾਈ॥*
*ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ॥*
*ਮਾਨਸ ਜਨਮ ਕਾ ਏਹੀ ਲਾਹੁ॥* **ਅੰਗ - 140**

ਹੁਣ ਦੇਵਤਾ ਲੋਕ ਜਿਹੜੇ ਸਵਰਗ ਵਿਚ ਚਲੇ ਜਾਂਦੇ ਨੇ ਸਾਧ ਸੰਗਤ ਜੀ! ਉਥੇ ਜਾ ਕੇ ਪਤਾ ਲਗਦਾ ਹੈ ਕਿ ਮੈਂ ਕੀ ਗਲਤੀ ਕਰੀ ਹੈ, ਪਤਾ ਹੁੰਦਾ ਹੈ। ਇਥੇ ਇੰਗਲੈਂਡ ਦੇ ਵਿਚ ਬਰਮਿੰਗਮ ਵਿਚ ਇਕ ਮਿ. ਵਿੰਟਰ ਹੈ ਉਸ ਨੂੰ ਕੁਦਰਤ ਨੇ ਕੋਈ ਐਸੀ ਸ਼ਕਤੀ ਦਿੱਤੀ ਹੋਈ ਹੈ ਕਿ ਜਿਹੜੀਆਂ ਗੁਪਤ ਰੂਹਾਂ ਸਵਰਗਾਂ ਵਿਚ ਨੇ ਉਨ੍ਹਾਂ ਨੂੰ ਦੇਖ ਲੈਂਦੀ ਹੈ ਤੇ ਪੂਰਾ ਸਬੂਤ ਦੇ ਦਿੰਦੀ ਹੈ। ਜਦੋਂ ਫੇਰ ਉਨ੍ਹਾਂ ਨਾਲ ਉਹ ਗੱਲ ਕਰਦੀ ਹੈ ਫੇਰ ਦੱਸਦੀ ਹੈ ਕਿ ਇਹ ਕਹਿੰਦੇ ਨੇ ਕਿ ਮੈਂ ਗਲਤੀ ਕਰੀ, ਮੈਨੂੰ ਇਨ੍ਹਾਂ ਥੋੜ੍ਹੇ ਜਿਹੇ ਪੁੰਨਾਂ ਦਾ ਫਲ ਮਿਲਿਆ ਹੈ, ਮੈਨੂੰ ਨਰਕ ਵਿਚ ਜਾਣਾ ਪੈਣਾ ਹੈ, ਹੁਣ ਮੈਂ ਥੋੜ੍ਹੇ ਦਿਨਾਂ ਵਾਸਤੇ ਹੀ ਹਾਂ ਇਥੇ ਸਵਰਗ ਵਿਚ। ਆਪਣਾ ਕੀਤਾ ਹੋਇਆ ਆਪੇ ਹੀ ਭੁਗਤਣਾ ਪੈਂਦਾ ਹੈ, ਚਾਹੇ ਚੰਗੇ ਥਾਂ ਭੁਗਤ ਲਓ, ਚਾਹੇ ਮਾੜੇ ਥਾਂ ਜਾ ਕੇ ਭੁਗਤ ਲਓ, ਫੇਰ ਬਣਦਾ ਕੁਝ ਨਹੀਂ। ਮਹਾਰਾਜ ਕਹਿੰਦੇ ਜਿਹੜੇ ਦੇਵਤਾ ਲੋਕ ਨੇ ਇਹ ਵੀ ਇਸ ਦੇਹੀ ਨੂੰ ਚਾਹੁੰਦੇ ਨੇ। ਇਕ ਬਾਤ ਹੈ ਬਹੁਤ ਸਾਲ ਹੋਏ, ਕੋਈ 40-50 ਸਾਲ ਦੀ ਗੱਲ ਹੈ Reader Digest ਦੁਨੀਆਂ ਦੇ ਵਿਚ ਇਕ ਰਸਾਲਾ ਹੈ 6 ਲੱਖ ਛਪਦਾ ਹੁੰਦਾ ਜਦੋਂ ਦੀ ਮੈਂ ਗੱਲ ਕਰਦਾ ਹਾਂ। ਹੋ ਸਕਦਾ ਹੈ ਹੁਣ ਜਿਆਦਾ ਛਪਦਾ ਹੋਵੇ। ਉਸ ਦੇ ਵਿਚ ਲੰਡਨ ਦੇ ਇਕ ਅੰਗਰੇਜ ਨੇ ਆਪਣੀ ਹੱਡ ਬੀਤੀ ਲਿਖੀ। ਉਹ ਕਹਿੰਦਾ ਮੇਰਾ ਪਿਤਾ ਚੜ੍ਹਾਈ ਕਰ ਗਿਆ, 2 ਮਹੀਨੇ ਤੋਂ ਬਾਅਦ ਮੇਰੇ ਸੁਪਨੇ ਵਿਚ ਆਇਆ, ਮੈਨੂੰ ਕਹਿਣ ਲੱਗਿਆ, "ਬੇਟਾ! ਤੈਨੂੰ ਮੈਂ ਕਿੱਡੀ ਜਾਇਦਾਦ ਦੇ ਕੇ ਗਿਆ?" ਕਹਿੰਦਾ ਮੈਨੂੰ ਇਵੇਂ ਲਗਿਆ ਜਿਵੇਂ ਜਾਗਦਾ ਗੱਲਾਂ ਕਰਦਾ ਹੋਵੇ। ਕਹਿੰਦਾ ਮੈਂ ਕਿਹਾ, "ਪਿਤਾ ਜੀ! ਬਹੁਤ ਵੱਡੀ ਜਾਇਦਾਦ ਦੇ ਗਿਆ।" ਉਹ ਕਹਿੰਦਾ, "ਤੂੰ ਮੇਰਾ ਕੋਈ ਕੰਮ ਕਰ ਸਕਦਾ

ਹੈਂ?" ਕਹਿੰਦਾ, "ਦੱਸੋ ਮੈਂ ਕਰਾਂਗਾ।"

ਕਹਿਣ ਲੱਗਿਆ, "ਜਿਥੇ ਮੈਂ ਗਿਆ ਹੋਇਆ ਹਾਂ ਜਗ੍ਹਾ ਤਾਂ ਹੈ ਬਹੁਤ ਵਧੀਆ ਲੇਕਿਨ ਹਨ੍ਹੇਰਾ ਹੈ ਉਥੇ।"

ਦਰਗਾਹ ਦਾ ਹਨ੍ਹੇਰਾ ਜਿਹੜਾ ਹੈ ਉਹ ਨਾਮ ਤੋਂ ਬਿਨਾਂ ਦੂਰ ਨਹੀਂ ਹੋਇਆ ਕਰਦਾ, ਨਾਮ ਉਥੇ ਚਾਨਣਾ ਹੈ-

***ਜਿਹ ਪੈਡੈ ਮਹਾ ਅੰਧ ਗੁਬਾਰਾ॥***
***ਹਰਿ ਕਾ ਨਾਮੁ ਸੰਗਿ ਉਜੀਆਰਾ॥ ਅੰਗ - 178***

ਕਹਿੰਦਾ, "ਮੇਰੇ ਕੋਲ ਹਨ੍ਹੇਰਾ ਹੈ। ਇਕ ਦਿਨ ਮੈਂ ਦੂਰ ਇਕ ਹੋਰ ਰੂਹ ਕੋਲ ਗਿਆ ਤੇ ਪੁਛਿਆ ਕਿ ਤੇਰੇ ਕੋਲ ਚਾਨਣਾ ਹੈ ਤੇ ਮੇਰੇ ਕੋਲ ਹਨ੍ਹੇਰਾ ਹੈ, ਗੱਲ ਕੀ ਹੈ? ਉਹ ਕਹਿੰਦਾ, "ਪ੍ਰੇਮੀਆ! ਤੂੰ ਪੁੰਨ ਦਾਨ ਤਾਂ ਬਹੁਤ ਕਰੇ ਨੇ ਪਰ ਨਾਮ ਨਹੀਂ ਜਪਿਆ, ਨਾਮ ਤੋਂ ਬਿਨਾ ਇਥੇ ਚਾਨਣ ਨਹੀਂ ਹੁੰਦਾ। ਪੁੰਨਾ ਦਾਨਾਂ ਦਾ ਤੈਨੂੰ ਮਿਲ ਗਿਆ, ਬੜੇ ਸੋਹਣੇ ਥਾਂ ਹਨ, ਤੈਨੂੰ ਚੀਜ਼ਾਂ ਮਿਲਦੀਆਂ ਹਨ। ਕਹਿੰਦਾ ਮੈਂ ਤਾਂ ਬੜਾ ਦੁਖੀ ਹਾਂ। ਮੈਂ ਕਿਹਾ, "ਫੇਰ ਇਸ ਦਾ ਇਲਾਜ ਜਾਂ ਤਾਂ ਇਹ ਹੈ ਕਿ ਜਦੋਂ ਤੇਰਾ ਸਵਰਗ ਪੂਰਾ ਹੋਏਗਾ ਤਾਂ ਦੁਨੀਆਂ ਵਿਚ ਜਾ ਕੇ ਨਾਮ ਜਪੀਂ ਤੇ ਜਾਂ ਇਹ ਹੈ ਕਿ ਜੇ ਤੇਰਾ ਕੋਈ ਵਾਰਸ ਹੈ ਚੰਗਾ ਤਾਂ ਉਸ ਨੂੰ ਕਹਿ ਤੇਰੇ ਨਮਿਤ ਨਾਮ ਜਪ ਦੇਵੇ, ਅਰਦਾਸ ਕਰ ਦੇਵੇ। ਸੋ ਬੇਟਾ! ਮੇਰੇ ਨਮਿਤ ਤੂੰ 60 ਦਿਨ ਨਾਮ ਜਪ ਕੇ ਅਰਦਾਸ ਕਰ ਦੇਹ।"

ਕਹਿਣ ਲੱਗਿਆ "ਮੈਂ ਪਿਤਾ ਦੀ ਗੱਲ ਸੁਣ ਲਈ, ਛੁਟੀ ਲੈ ਲਈ ਨੌਕਰੀ ਤੋਂ ਤੇ 60 ਦਿਨ ਮੈਂ ਬੈਠ ਕੇ ਪ੍ਰਮੇਸ਼ਰ ਦੀ ਅਰਾਧਨਾ ਕਰੀ। ਉਸ ਤੋਂ ਬਾਅਦ ਮੇਰੇ ਸੁਪਨੇ ਵਿਚ ਫੇਰ ਆਇਆ। ਕਹਿੰਦਾ, "ਬੇਟਾ! ਐਨਾ ਪ੍ਰਕਾਸ਼ ਹੋ ਗਿਆ ਤੇ ਮੈਂ ਤੇਰਾ ਬਹੁਤ ਰਿਣੀ ਹਾਂ। ਜਿਥੇ ਮੈਂ ਰਹਿੰਦਾ ਹਾਂ ਉਹ ਬਹੁਤ ਹੀ ਸੋਹਣੀ ਜਗ੍ਹਾ ਸੀ, ਹਨ੍ਹੇਰੇ ਕਰਕੇ ਮੈਨੂੰ ਪਤਾ ਨਹੀਂ ਸੀ ਲਗਦਾ।" ਕਿਉਂਕਿ -

***ਅੰਧਕਾਰ ਸੁਖਿ ਕਬਹਿ ਨ ਸੋਈ ਹੈ॥***
***ਰਾਜਾ ਰੰਕੁ ਦੋਊ ਮਿਲਿ ਰੋਈ ਹੈ॥ ਅੰਗ - 207***

ਹਨ੍ਹੇਰਾ ਹੋਵੇ ਤਾਂ ਰਾਜਾ ਵੀ ਰੋਂਦਾ ਹੈ, ਗਰੀਬ ਵੀ ਰੋਂਦਾ ਹੈ, ਠੋਕਰਾਂ ਦੋਏ ਖਾਂਦੇ ਨੇ।

ਕਹਿੰਦਾ, "ਬਹੁਤ ਵਧੀਆ ਚਾਨਣ ਹੋ ਗਿਆ ਮੇਰੇ ਕੋਲ ਤੇ ਹੁਣ ਆਏਂ ਕਰੀ ਮੈਂ ਤੇਰੀ ਮਦਦ ਕਰਿਆ ਕਰਾਂਗਾ।"

ਕਹਿੰਦਾ, "ਪਿਤਾ ਜੀ! ਕਿਵੇਂ?"

ਕਹਿੰਦਾ, "ਤੁਹਾਡੀ ਨਿਗ੍ਹਾ ਜਿਹੜੀ ਹੈ ਉਹ ਅੰਨ੍ਹੀ ਹੈ, ਅੰਨ੍ਹੀ। ਇਕ

ਕਦਮ ਪੱਟਣ ਤੋਂ ਬਾਅਦ ਤੁਹਾਨੂੰ ਨਹੀਂ ਪਤਾ ਕਿ ਕੀ ਹੋਣ ਵਾਲਾ ਹੈ।"

ਬਿਲਕੁਲ ਹੀ ਨਹੀਂ ਪਤਾ ਸਾਨੂੰ। ਅਸੀਂ ਹੁਣ ਆਏ ਹਾਂ ਇਥੇ ਇਕ ਟਰੱਕ ਤੇ ਇਕ ਟਾਟਾ ਦੀ ਜਿਹੜੀ ਗੱਡੀ ਹੈ ਗੁੱਥੇ-ਮੁੱਥੇ ਹੋਏ ਪਏ ਨੇ। ਉਹ ਇਧਰ ਪਈ ਹੈ, ਉਹ ਏਧਰ ਪਿਆ ਹੈ, ਪਹੀਏ ਉਸ ਦੇ ਖੇਤਾਂ ਵਿਚ ਗਏ ਹੋਏ ਨੇ। ਇਕ ਸਕਿੰਟ ਪਹਿਲਾਂ ਉਨ੍ਹਾਂ ਦੋਨਾਂ ਨੂੰ ਨਹੀਂ ਸੀ ਪਤਾ ਕਿ ਸਾਡੇ ਨਾਲ ਕੀ ਭਾਣਾ ਵਰਤਣ ਵਾਲਾ ਹੈ। ਰੋਜ਼ ਇਹ ਗੱਲਾਂ ਹੁੰਦੀਆਂ ਨੇ, ਨਿਤ ਨੇ। ਖੁਸ਼ੀ-ਖੁਸ਼ੀ ਜਾ ਰਹੇ ਨੇ ਇਕ ਦਮ ਪਤਾ ਲਗਦਾ ਹੈ ਕਿ ਆਹ ਕੀ ਹੋ ਗਿਆ।

ਕਹਿੰਦਾ, "ਤੁਹਾਨੂੰ ਨਹੀਂ ਪਤਾ ਸਾਨੂੰ ਦਿਸਦਾ ਹੈ ਤੇ ਤੂੰ ਕੋਈ ਕੰਮ ਕਰਨਾ ਹੋਇਆ ਤਾਂ ਮੈਨੂੰ ਯਾਦ ਕਰ ਲਿਆ ਕਰੀਂ, ਮੈਂ ਤੈਨੂੰ ਸੁਪਨੇ ਵਿਚ ਆ ਕੇ ਬੋਲਿਆ ਕਰਾਂਗਾ। ਹੋਰ ਸਾਡੇ ਕੋਲ ਕੋਈ ਤਰੀਕਾ ਨਹੀਂ ਹੈ। ਸਾਹਮਣੇ ਅਸੀਂ ਤੁਹਾਡੇ ਆ ਨਹੀਂ ਸਕਦੇ ਕਿਉਂਕਿ ਸਾਡੇ ਵਿਚ 3 ਤੱਤ ਨੇ ਮਿੱਟੀ, ਪਾਣੀ ਸਾਡੇ ਵਿਚ ਨਾ ਹੋਣ ਕਰਕੇ ਅਸੀਂ ਦਿਸਦੇ ਨਹੀਂ ਤੁਹਾਨੂੰ, ਰੋਸ਼ਨੀ ਦਾ ਸਰੀਰ ਹੈ ਸਾਡਾ। ਗੱਲ ਅਸੀਂ ਤੁਹਾਡੇ ਨਾਲ ਇਸ ਤਰ੍ਹਾਂ ਕਰ ਨਹੀਂ ਸਕਦੇ ਕਿਉਂਕਿ ਸਾਡੇ ਕੋਲ ਆਹ ਸਾਧਨ ਨਹੀਂ ਹੈ ਜਿਹੜਾ ਤੁਹਾਨੂੰ ਰੱਬ ਨੇ ਬੋਲਣ ਵਾਲਾ ਦਿੱਤਾ ਹੈ। ਅਸੀਂ telepathy ਨਾਲ ਗੱਲ ਕਰਦੇ ਹਾਂ ਸਾਰੀ ਅੰਦਰ ਹੀ ਅੰਦਰ। ਸੋ ਸੁਪਨੇ ਵਿਚ ਮੈਂ ਤੈਨੂੰ ਦਸਿਆ ਕਰਾਂਗਾ।"

ਕਹਿਣ ਲੱਗਿਆ, "ਜਦੋਂ ਮੈਂ ਕੋਈ ਕੰਮ ਕਰਨਾ ਹੁੰਦਾ ਤਾਂ ਉਸ ਨੇ ਸੁਪਨੇ ਵਿਚ ਆਉਣਾ, ਆ ਕੇ ਮੈਨੂੰ ਦੱਸ ਜਾਣਾ। ਇਕ ਦਿਨ ਮੈਂ ਕਾਰ ਖਰੀਦਣੀ ਸੀ ਚੋਣ ਕਰ ਆਇਆ, ਪਿਤਾ ਨੂੰ ਯਾਦ ਕਰਿਆ। ਰਾਤ ਨੂੰ ਮੇਰਾ ਪਿਤਾ ਆਇਆ ਕਹਿਣ ਲੱਗਿਆ, ਬੇਟਾ! ਜਿਹੜੀ ਕਾਰ ਤੂੰ ਚੋਣ ਕਰੀ ਹੈ ਉਹ ਰੱਦ ਕਰ ਦੇਹ। ਐਨੇ ਨੰਬਰ ਤੇ ਕਾਰ ਖੜ੍ਹੀ ਹੈ ਉਹ ਲੈ ਲੈ।" ਪਹਿਲਾਂ ਹੀ ਮੈਂ ਟੈਲੀਫੋਨ ਕਰਿਆ ਕਿ ਮੇਰੀ ਜਿਹੜੀ ਚੋਣ ਹੈ ਉਹ ਰੱਦ ਕਰ ਦਿਓ। ਦਿਨ ਚੜ੍ਹਿਆ ਤੇ ਮੈਂ ਗਿਆ ਸਟੋਰ ਦੇ ਵਿਚ ਕਾਰ ਵਾਲਿਆਂ ਦੇ ਜਿਹੜੀ ਨਵੀਂ ਕਾਰ ਸੀ ਮੈਂ ਉਹ ਲੈ ਆਇਆ। ਕਹਿੰਦਾ 2-3 ਘੰਟੇ ਬਾਅਦ ਉਹ ਕਾਰ ਵੀ ਵਿਕ ਗਈ ਜਿਹੜੀ ਮੈਂ ਪਹਿਲਾਂ ਬੁਕ ਕਰੀ ਸੀ। ਕਹਿੰਦਾ ਮੈਨੂੰ ਕੰਪਨੀ ਦਾ ਟੈਲੀਫੋਨ ਆਇਆ Mr. you are very very lucky that you have changed your selection (ਸ੍ਰੀ ਮਾਨ ਤੁਸੀਂ ਬਹੁਤ ਭਾਗਸ਼ਾਲੀ ਹੋ ਕਿ ਤੁਸੀਂ ਆਪਣੀ ਚੋਣ ਬਦਲ ਦਿੱਤੀ) ਕਹਿੰਦਾ ਮੈਂ ਕਿਹਾ ਕਿ ਕੀ ਗੱਲ? ਕਹਿੰਦੇ ਉਸ ਕਾਰ ਦੇ ਵਿਚ ਬੁਨਿਆਦੀ ਦੋਸ਼ ਸੀ ਬਰੇਕਾਂ ਵਿਚ, ਉਸ ਨੇ ਦੁਰਘਟਨਾ ਕਰ ਦਿੱਤੀ ਜਾ ਕੇ। ਕਹਿੰਦਾ ਮੇਰੇ ਮਨ ਵਿਚ ਆਈ ਕਿ ਮੈਂ ਦੁਨੀਆਂ ਦੇ ਲੋਕਾਂ ਨੂੰ ਇਕ ਗੱਲ ਦੱਸ ਦੇਵਾਂ। ਹੱਡੀ-ਬੀਤੀ ਲੋਕਾਂ ਨਾਲ ਸਾਂਝੀ ਕਰ ਲਵਾਂ, ਦੁਨੀਆਂ ਨਾਲ। ਕਹਿਣ ਲੱਗਿਆ ਜੇ ਇਥੇ ਨਾਮ ਜਪੀਏ ਤਾਂ ਦਰਗਾਹ ਦੇ ਵਿਚ ਬੜੇ ਸੁਖਾਲੇ ਰਹੀਦਾ ਹੈ, ਪੁੰਨ ਦਾਨ ਤਾਂ ਉਹ ਸਾਡੇ ਤੋਂ ਜਿਆਦਾ ਕਰਦੇ ਨੇ, ਅਸੀਂ ਓਨਾ ਨਹੀਂ ਕਰਦੇ, ਸਾਡੇ ਹੋਰ ਹਿਸਾਬ ਹੈ, ਹੋਰ ਤਰ੍ਹਾਂ ਦਾ

ਹਿਸਾਬ ਹੈ ਸਾਡਾ। ਜਿਥੇ ਵੀ ਕੋਈ ਕਮਜ਼ੋਰੀ ਦੀ ਬਾਤ ਹੋਵੇ ਅਸੀਂ ਮੰਨਣਾ ਕਰ ਲੈਂਦੇ ਹਾਂ। ਜ਼ਿੰਮੇਵਾਰੀ ਨਹੀਂ ਅਸੀਂ ਚੁਕਦੇ। ਕੋਈ ਵੀ ਲਾਂਭੇ 'ਚ ਲਾਹ ਦਿੰਦੇ ਹਾਂ ਕਿ ਮੈਨੂੰ ਕੀ ਹੈ, ਆਪੇ ਕਰੇ। ਉਨ੍ਹਾਂ ਵਿਚ ਇਹ ਫਰਕ ਹੈ।

ਸੋ ਉਹ ਕਹਿਣ ਲੱਗਿਆ, ਐ ਦੁਨੀਆ ਦੇ ਲੋਕੋ! ਮੇਰੀ ਗੱਲ ਤੇ ਯਕੀਨ ਕਰੋ ਦਰਗਾਹ ਦੇ ਵਿਚ ਜਾ ਕੇ ਨਾਮ ਨੇ ਕੰਮ ਆਉਣਾ ਹੈ। ਮਹਾਰਾਜ ਵੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਤੇਰੀ ਨਾਮ ਨੇ ਸਹਾਇਤਾ ਕਰਨੀ,*
*ਔਖੀ ਵੇਲਾ ਔਖੀ ਵੇਲਾ -2, 4.*
*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥*
*ਅੰਗ - 70*

ਸੋ ਨਾਮ ਸਹਾਇਤਾ ਕਰਦਾ ਹੈ, ਇਥੇ ਵੀ ਕਰਦਾ ਹੈ ਤੇ ਦਰਗਾਹ ਵਿਚ ਵੀ ਕਰਦਾ ਹੈ। ਇਥੇ ਕੀ ਕਰਦਾ ਹੈ? ਅਸੀਂ ਦੁਨੀਆਦਾਰ ਲੋਕ ਹਾਂ। ਸਾਨੂੰ ਸਿਹਤ ਵੀ ਚਾਹੀਦੀ ਹੈ, ਬੱਚਾ ਵੀ ਚਾਹੀਦਾ ਹੈ, ਨੌਕਰੀ ਵੀ ਚਾਹੀਦੀ ਹੈ। ਆਹ ਸਤਨਾਮ ਸਿੰਘ ਹੋਰੀਂ ਦੱਸ ਦਿੰਦੇ ਨੇ ਮੇਰੇ ਬਾਰੇ ਉਥੇ ਉਹ ਸਿੱਧੇ ਹੀ ਮੈਨੂੰ ਫੋਨ ਆਈ ਜਾਂਦੇ ਨੇ, ਜੀ ਮੈਂ ਸੈਟ ਨਹੀਂ ਹੋਇਆ, ਮੈਨੂੰ ਕਾਰਡ ਨਹੀਂ ਮਿਲਿਆ। ਮੈਂ ਕਿਹਾ ਤੁਸੀਂ ਇਥੇ ਹੋ, ਮੈਂ ਕੀ ਕਰ ਸਕਦਾ ਹਾਂ, ਮੇਰੇ ਕੋਲ ਜਾਦੂ ਤਾਂ ਕੋਈ ਹੈ ਨਹੀਂ, ਨਾ ਕੋਈ ਮੈਂ ਇਸ ਗੱਲ ਵਿਚ ਵਿਸ਼ਵਾਸ ਕਰਦਾ ਹਾਂ। ਜਿਹੜੀ ਗੱਲ ਵਿਚ ਮੈਂ ਵਿਸ਼ਵਾਸ ਰੱਖਦਾ ਹਾਂ ਤੁਸੀਂ ਰੱਖ ਲਓ, ਤੁਹਾਡਾ ਕੰਮ ਹੋ ਜਾਏਗਾ। ਮੈਂ ਵਿਸ਼ਾਵਸ ਰਖਦਾ ਹਾਂ, ਨਾਮ ਦੇ ਵਿਚ ਕਿ ਨਾਮ ਜਪੇ ਤੋਂ ਔਖੇ ਤੋਂ ਔਖਾ ਵੀ ਜਿਹੜਾ ਕੰਮ ਹੈ, ਉਹ ਵੀ ਹੋ ਜਾਂਦਾ ਹੈ, ਭੈੜੀ ਤੋਂ ਭੈੜੀ ਬਿਮਾਰੀ ਵੀ ਨਾਮ ਦੂਰ ਕਰ ਦਿੰਦਾ ਹੈ। ਉਹ ਦਸ ਦੇਈਦਾ ਹੈ ਕਿ ਤੁਸੀਂ ਇਸ ਤਰ੍ਹਾਂ ਨਾਲ ਨਾਮ, ਬਾਣੀ ਵੀ ਨਾਮ ਹੈ, ਬਾਣੀ ਪੜ੍ਹਨਾ ਨਾਮ ਤੋਂ ਬਾਹਰ ਨਹੀਂ ਹੁੰਦਾ। ਬਾਣੀ ਜਮੀਨ ਹੈ, ਧਰਤੀ ਹੈ। ਧਰਤੀ ਦੇ ਵਿਚ ਬੀਜ ਪੈਦਾ ਹੁੰਦਾ ਹੈ, ਜੇ ਧਰਤੀ ਹੀ ਨਾ ਹੋਵੇ।

ਗੁਰੂ ਸਤਵੇਂ ਪਾਤਸ਼ਾਹ ਫੁਰਮਾਉਂਦੇ ਨੇ ਕਿ ਪਿਆਰਿਓ ਬਾਣੀ ਜਿਹੜੀ ਹੈ ਉਹ ਧਰਤੀ ਹੈ, ਨਾਮ ਜਿਹੜਾ ਹੈ ਉਹ ਬਿਰਛ ਹੈ। ਧਰਤੀ ਤੇ ਹੀ ਬਿਰਛ ਹੋਏਗਾ, ਧਰਤੀ ਤੋਂ ਹੀ ਚਲਦਾ ਹੈ ਬਿਰਛ। ਸੋ ਬਾਣੀ ਜਿਹੜੀ ਹੈ -

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ॥ ਅੰਗ - 319*

ਨਾਮ ਚਲਦਾ ਹੀ ਬਾਣੀ ਤੋਂ ਹੈ, ਬਾਣੀ ਆਧਾਰ ਹੈ। ਬਾਣੀ ਵੱਖ ਨਹੀਂ ਹੈ, ਬਾਣੀ ਵਿਚ ਖੁਦ ਸ਼ਕਤੀ ਹੈ ਬਹੁਤ ਜ਼ਬਰਦਸਤ। ਉਹ ਜਦੋਂ ਕਹਿੰਦਾ ਹਾਂ ਤਾਂ ਟੈਲੀਫੋਨ ਆ ਜਾਂਦਾ ਹੈ ਥੋੜ੍ਹੇ ਦਿਨਾਂ ਬਾਅਦ, ਹੋ ਗਿਆ ਜੀ ਮੇਰਾ ਕੰਮ। ਮੈਂ ਕਿਹਾ ਮੈਂ ਤਾਂ ਨਹੀਂ ਕਰਿਆ, ਤੁਸੀਂ ਇਹ ਬਾਣੀ ਪੜ੍ਹੀ ਹੈ ਤੁਹਾਡਾ ਕੰਮ

ਹੋ ਗਿਆ। ਸੋ ਇਸ ਤਰ੍ਹਾਂ ਦੇ ਨਾਲ ਨਾਮ ਦੀ ਮਹਿਮਾ ਸਾਡੇ ਹਿਰਦੇ ਵਿਚ ਨਹੀਂ ਵਸਦੀ ਕਿਉਂਕਿ ਅਸੀਂ ਨਾਮ ਦੇ ਗਾਹਕ ਨਹੀਂ ਹਾਂ, ਹੱਦ ਤੋਂ ਜਿਆਦਾ ਕੀਮਤੀ ਹੈ –

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥ ਅੰਗ – 81*

ਨਾਮ ਦੀ ਮਹਿਮਾ ਕਿਥੇ ਵਸਦੀ ਹੈ? ਮਰਦਾਨਾ ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਤੁਸੀਂ ਉਪਦੇਸ਼ ਬੜਾ ਦਿੰਦੇ ਹੋ ਨਾਮ ਦਾ ਪਰ ਸੰਸਾਰ ਜਿਹੜਾ ਹੈ ਇਹ ਨਾਮ ਕਿਉਂ ਨਹੀਂ ਜਪਦਾ। ਐਡਾ ਵੱਡਾ ਉਪਦੇਸ਼ ਦਿੰਦੇ ਹੋ ਆਦਮੀ ਤਾਂ ਸਾਰੇ ਕੰਮ ਛੱਡ ਕੇ ਨਾਮ ਜਪਣ ਲੱਗ ਜਾਵੇ, ਜਪਦਾ ਕਿਉਂ ਨਹੀਂ?

ਮਹਾਰਾਜ ਕਹਿੰਦੇ, "ਮਰਦਾਨਿਆ! ਗਾਹਕ ਨਹੀਂ ਹਨ, ਰੁਚੀ ਨਹੀਂ ਹੈ। ਰੁਚੀ ਤੋਂ ਬਗੈਰ ਕੋਈ ਕਿੱਡੀ ਹੀ ਚੰਗੀ ਚੀਜ਼ ਕਿਸੇ ਨੂੰ ਦਿਓ ਉਹ ਕਹਿੰਦਾ ਮੈਨੂੰ ਨਹੀਂ ਭੁੱਖ ਇਸ ਦੀ ਪਰ ਜਿਸ ਦੇ ਅੰਦਰ ਨਾਮ ਦੀ ਭੁੱਖ ਲੱਗ ਗਈ ਨਾਹ–

*ਸਾਚੇ ਨਾਮ ਕੀ ਲਾਗੈ ਭੂਖ॥*
*ਉਤੁ ਭੂਖੈ ਖਾਇ ਚਲੀਅਹਿ ਦੂਖ॥ ਅੰਗ – 9*

ਸਾਰੇ ਦੁਖ ਖਾ ਜਾਂਦਾ ਹੈ ਜਿਸ ਨੂੰ ਭੁਖ ਲਗ ਜਾਏ ਨਾਮ ਦੀ। ਸੰਸਾਰ ਨੂੰ ਨਹੀਂ ਪਤਾ, ਇਸ ਗੱਲ ਦੇ ਉਤੇ ਯਕੀਨ ਨਹੀਂ ਲਿਆਉਂਦਾ।"

ਕਹਿੰਦਾ, "ਤੁਸੀਂ ਤਾਂ ਬਹੁਤ ਦੱਸਦੇ ਹੋ।"

ਕਹਿੰਦੇ, "ਦੱਸੀ ਤਾਂ ਜਾਂਦੇ ਹਾਂ ਪਰ ਨਾ ਰੁਚੀ ਹੋਣ ਕਰਕੇ ਇਨ੍ਹਾਂ ਨੂੰ ਨਹੀਂ ਪਤਾ ਲਗਦਾ।"

ਮਹਾਤਮਾ ਸਾਰੇ ਹੀ ਉਪਦੇਸ਼ ਕਰਦੇ ਨੇ, ਭਾਗ ਹੋਣ ਤਾਂ ਹੀ ਨਾਮ ਜਪੇਗਾ, ਭਾਗ ਬਣਦੇ ਨਹੀਂ, ਨਾਮ ਦੇ ਵੱਲ ਆਉਂਦਾ ਨਹੀਂ ਹੈ। ਉਥੇ ਦਾ ਉਥੇ ਹੀ ਰਹਿੰਦਾ ਹੈ।

ਸੋ ਕਹਿਣ ਲੱਗਿਆ, "ਮਹਾਰਾਜ! ਤੁਸੀਂ ਤਾਂ ਸਮਝਾਉਂਦੇ ਹੋ।" ਪੰਜ ਸੱਤ ਵਾਰੀ।

ਮਹਾਰਾਜ ਕਹਿੰਦੇ, "ਚੰਗਾ ਤੈਨੂੰ ਅਮਲੀ ਤੌਰ ਤੇ ਦੱਸਾਂਗੇ, ਹੁਣ ਗੱਲ ਛੱਡ।"

ਗੱਲ ਛੱਡ ਦਿੱਤੀ। ਮਹਾਰਾਜ ਜੀ ਪਟਨੇ ਸਾਹਿਬ ਜਿਸ ਨੂੰ ਉਸ ਵੇਲੇ ਪਾਟਲੀ ਪੁੱਤਰ ਕਿਹਾ ਜਾਂਦਾ ਸੀ। ਪਟਨੇ ਦੇ ਬੜੇ ਨਾਉਂ ਹੋਏ ਨੇ, ਬੇਅੰਤ ਨਾਉਂ ਨੇ। ਜਿਹੜਾ ਰਾਜਾ ਆਇਆ ਉਸ ਨੇ ਨਾਉਂ ਬਦਲ ਦਿੱਤਾ।

ਮਹਾਰਾਜ ਕਹਿੰਦੇ, "ਮਰਦਾਨਿਆ! ਉਹ ਦੇਖ ਸਾਹਮਣੇ, ਮਕਾਨ ਆ ਗਏ, ਸ਼ਹਿਰ ਆ ਗਿਆ।"

ਬੜਾ ਖੁਸ਼ ਹੋਇਆ ਕਿਉਂ ਜੰਗਲਾਂ ਵਿਚੋਂ ਤਾਂ ਵਿਚਾਰੇ ਨੂੰ ਖਾਣ ਪੀਣ ਨੂੰ ਕੁਝ ਮਿਲਦਾ ਨਹੀਂ ਸੀ। ਸ਼ਹਿਰ ਵਿਚ ਆਏ ਕੁਝ ਪਤਾ ਹੁੰਦਾ ਕਿ ਮਹਾਰਾਜ 10-20 ਦਿਨ ਠਹਿਰਨਗੇ, ਸਤਿਸੰਗ ਕਰਨਗੇ, ਉਨੇ ਦਿਨ ਪ੍ਰਸ਼ਾਦ ਪਾਣੀ ਦਾ ਤਾਂ ਬੰਦੋਬਸਤ ਵਧੀਆ ਰਹੇਗਾ।

ਕਹਿੰਦਾ, "ਹਾਂ ਮਹਾਰਾਜ।"

ਕਹਿੰਦੇ, "ਅੱਛਾ ਆਏ ਕਰ ਪ੍ਰਸ਼ਾਦਾ ਛਕ ਆ। ਅਸੀਂ ਇਥੇ ਬੈਠਦੇ ਹਾਂ, ਇਹ ਸੋਹਣਾ ਹੈ ਬਾਗ।"

ਮਰਦਾਨਾ ਹੱਸਣ ਲੱਗ ਗਿਆ।

ਮਹਾਰਾਜ ਕਹਿੰਦੇ, " ਕੀ ਗੱਲ ਮਰਦਾਨਿਆ! ਹੱਸਦਾ ਹੈਂ?" ਕਿਉਂ ਬਾਲ ਸਖਾਈ ਸੀ ਉਮਰ ਵਿਚ ਵੱਡਾ ਸੀ ਗੁਰੂ ਸਾਹਿਬ ਤੋਂ ਮਰਦਾਨਾ। ਪਿਆਰ ਸਭ ਤੋਂ ਜਿਆਦਾ ਜੇ ਕਿਸੇ ਨੇ ਕੀਤਾ ਹੈ ਦੁਨੀਆਂ ਵਿਚ ਗੁਰੂ ਨਾਨਕ ਪਾਤਸ਼ਾਹ ਨੂੰ ਤਾਂ ਮਰਦਾਨੇ ਨੇ ਕਰਿਆ ਹੈ। ਬਾਲ ਬੱਚਿਆਂ ਦਾ ਤਿਆਗ ਕਰਕੇ ਕਿੰਨੀਆਂ ਔਖੀਆਂ ਥਾਵਾਂ ਤੇ ਕਿਤੇ ਰਾਕਸ਼ਸ਼ ਫੜ ਲੈਂਦਾ ਹੈ, ਕਿਤੇ ਉਸ ਨੂੰ ਬਣਾ ਦਿੰਦੇ ਨੇ ਭੇਡੂ ਜਾਦੂਗਰ। ਥੱਕ ਜਾਂਦਾ ਹੈ ਵਿਚਾਰਾ, ਖਿਝ ਜਾਂਦਾ ਹੈ ਪਰ ਮਹਾਰਾਜ ਦਾ ਸਾਥ ਨਹੀਂ ਛੱਡਿਆ ਉਸ ਨੇ। ਜੇ ਛੱਡਿਆ ਹੈ ਤਾਂ ਮਹਾਰਾਜ ਨੇ ਉਸੇ ਵੇਲੇ ਰੱਖ ਲਿਆ ਆ ਕੇ ਕੌਡੇ ਰਾਖਸ਼ਸ਼ ਤੋਂ। ਬਹੁਤ ਵੱਡਾ ਸਾਥ ਸੀ ਉਸ ਦਾ ਬਾਲ ਸਖਾਈ ਹੋਣ ਕਰਕੇ, ਖੁੱਲ੍ਹੀਆਂ ਗੱਲਾਂ ਕਰ ਲੈਂਦਾ ਸੀ। ਆਹ ਇਤਿਹਾਸ ਸਾਡਾ ਬਣਿਆ ਹੀ ਮਰਦਾਨੇ ਨਾਲ ਹੈ। ਭਾਈ ਬਾਲਾ ਤਾਂ ਬੋਲਦਾ ਹੀ ਨਹੀਂ ਸੀ, ਚੁੱਪ ਰਹਿੰਦਾ ਸੀ।

ਮਹਾਰਾਜ ਕਹਿੰਦੇ, "ਦੱਸਦਾ ਹੈਂ।"

ਕਹਿੰਦਾ, "ਤੁਸੀਂ ਤਾਂ ਆਏਂ ਕਹਿ ਦਿੱਤਾ ਜਿਵੇਂ ਮੈਨੂੰ ਪ੍ਰਸ਼ਾਦਾ ਲਗਿਆ ਲਗਾਇਆ ਕਿਸੇ ਥਾਲ ਵਿਚ ਪਿਆ ਹੁੰਦਾ ਹੈ।"

ਕਹਿੰਦੇ, "ਫੇਰ ਕੀ ਕਰਦਾ ਹੁੰਦਾ ਹੈ।"

ਕਹਿੰਦਾ, "ਮਹਾਰਾਜ! ਤੁਹਾਡੇ ਨਾਲ ਰਹਿਣ ਕਰਕੇ ਮੈਨੂੰ ਮੱਥੇ ਪੜ੍ਹਨ ਦੀ ਜਾਚ ਆ ਗਈ - ਜੇ ਤਾਂ ਮੱਥਾ ਝੁਰੜੀਆਂ ਤੋਂ ਬਿਨਾ, ਘੁੱਟਿਆ ਨਾ ਹੋਵੇ ਫੇਰ ਤਾਂ ਮਹਾਰਾਜ ਮੈਂ ਉਸਦਾ, ਹਸੂੰ ਹਸੂੰ ਬੁਲ੍ਹ ਕਰਦੇ ਨੇ, ਹਸੂੰ ਹਸੂੰ ਚਿਹਰਾ ਕਰਦਾ ਹੈ, ਮੱਥਾ ਕਰਦਾ ਹੈ। ਮੈਂ ਕਹਿੰਦਾ ਹਾਂ ਲੈ ਭਾਈ ਭਾਗ ਵਾਲਾ ਬੰਦਾ ਆ ਗਿਆ, ਉਸ ਨੂੰ ਮੈਂ ਕਹਿੰਦਾ ਹਾਂ 'ਸਤਿ ਕਰਤਾਰ' ਉਹ ਵੀ ਖੜ੍ਹ ਜਾਂਦਾ ਹੈ। ਹੌਲੀ ਹੌਲੀ ਬਚਨ ਚਲਦੇ ਨੇ ਪਰਸ਼ਾਦੇ ਦੀ ਗੱਲ ਕਰਦਾ ਹੈ। ਤੁਹਾਨੂੰ ਵੀ ਲੈ ਆਉਂਦਾ ਹਾਂ, ਮੈਂ ਆਪ ਵੀ ਛਕ ਲੈਂਦਾ ਹਾਂ।"

ਮਹਾਰਾਜ ਕਹਿੰਦੇ, "ਜੇ ਇਹੋ ਜਿਹਾ ਨਾ ਹੋਵੇ?"

ਕਹਿੰਦਾ, "ਪਾਤਸ਼ਾਹ! ਇਕ ਦਿਨ ਮੇਰੇ ਨਾਲ ਚਲੋ ਫੇਰ ਦੇਖੋ ਕੀ ਬਣਦਾ ਹੈ। ਆਹ ਮਾਈਆਂ ਗਾਲਾਂ ਹੀ ਕੱਢਦੀਆਂ ਨੇ ਕਿ ਪਤਾ ਨਹੀਂ ਕਿਧਰੋਂ ਆ ਗਿਆ ਹੱਟਾ-ਕੱਟਾ, ਕਮਾਉਂਦਾ ਨਹੀਂ ਇਥੇ ਆ ਕੇ ਮੰਗਦਾ ਹੈ, ਘਰ ਦੇਖਦਾ ਹੈ ਰਾਤ ਨੂੰ ਚੋਰੀ ਕਰੇਗਾ। ਹਜ਼ਾਰ ਗੱਲ ਸੁਣਦਾ ਹਾਂ ਮਹਾਰਾਜ! ਫੇਰ ਕੋਈ ਕਿਸੇ ਦੇ ਮਨ ਮਿਹਰ ਪੈਂਦੀ ਹੈ ਤਾਂ ਰੋਟੀ ਖਾਂਦਾ ਹਾਂ।"

ਮਹਾਰਾਜ ਜਲਾਲ ਵਿਚ ਆ ਗਏ ਕਹਿੰਦੇ, "ਮਰਦਾਨਿਆ! ਹੋਈਏ ਨਿਰੰਕਾਰ ਦੇ ਚਾਕਰ ਤੇ ਦੁਨੀਆਂ ਦੇ ਅੱਗੇ ਹੱਥ ਅੱਡੀਏ?"

ਮਹਾਰਾਜ ਜੀ ਨੇ ਖੜਾਵਾਂ ਵਿਚੋਂ ਇਕ ਚਰਨ ਕੱਢਿਆ ਧਰਤੀ ਦੇ ਉਤੇ ਅਗੂੰਠੇ ਦੇ ਨਾਲ ਥੋੜ੍ਹੀ ਜਿਹੀ ਮਿੱਟੀ ਪਰ੍ਹੇ ਕਰਕੇ। ਕਹਿੰਦੇ, "ਆਹ ਚੁੱਕ ਲੈ।" ਲਾਲ ਰੰਗ ਦੀ ਵੱਟੀ ਸੀ।

ਮਹਾਰਾਜ ਕਹਿੰਦੇ, "ਮਰਦਾਨਿਆ! ਜਾਹ ਪਰਸ਼ਾਦਾ ਵੀ ਛੱਕ ਆ ਤੇ ਨਾਲੇ ਇਸ ਦਾ ਮੁੱਲ ਪੁਛ ਆ ਤੇ ਨਾਲੇ ਤੇਰੀ ਗੱਲ ਦਾ ਜਵਾਬ ਆ ਜਾਏਗਾ, ਜਿਹੜੀ ਤੂੰ ਸਾਨੂੰ ਕੱਲ੍ਹ ਪਰਸੋਂ ਕਹੀ ਹੈ।"

ਮਰਦਾਨਾ ਸ਼ਹਿਰ ਵਿਚ ਗਿਆ ਤੇ ਫਲ ਵਾਲੇ ਦੇ ਚਲਿਆ ਗਿਆ, ਸਬਜੀਫਰੋਸ਼ ਦੇ ਉਥੇ ਜਾ ਕੇ ਕਹਿਣ ਲੱਗਿਆ, "ਸ਼ਾਹ ਜੀ! ਆਹ ਮੇਰੇ ਕੋਲ ਬਹੁਤ ਵਧੀਆ ਚੀਜ਼ ਹੈ ਇਸ ਦਾ ਮੁਲ ਦੱਸੋ ਤੇ ਨਾਲੇ ਮੈਨੂੰ ਛੱਕਣ ਵਾਸਤੇ ਸਵਾ ਸੇਰ ਕੋਈ ਵੀ ਚੀਜ਼ ਦੇ ਦਿਓ, ਚਾਹੇ ਫਲ ਦੇ ਦਿਓ, ਚਾਹੇ ਕੋਈ ਸਬਜੀ ਦੇ ਦਿਓ।"

ਉਹ ਫੜ ਕੇ ਉਸ ਵਟੀ ਦਾ ਆਲਾ ਦੁਆਲਾ ਹੀ ਦੇਖੀ ਜਾਂਦਾ ਹੈ।

ਉਹ ਕਹਿੰਦਾ, "ਇਹ ਕੀ ਹੈ? ਫੜ ਇਹ ਤਾਂ ਕੁਝ ਨਹੀਂ ਹੈ ਐਵੇਂ ਹੀ ਵੱਟੀ ਹੈ। ਤੂੰ ਦੋ ਮੂਲੀਆਂ ਲੈ ਲੈ। ਇਹ ਦੇ ਦੇ ਮੈਨੂੰ।

ਉਹ ਕਹਿੰਦਾ, "ਇਹ ਵੇਚਣ ਨੂੰ ਨਹੀਂ ਲਿਆਏ। ਇਹ ਤਾਂ ਬੇਮੁੱਲੀ ਚੀਜ਼ ਹੈ।" ਜਦੋਂ 5-10 ਵਾਰੀ ਕਿਹਾ ਉਹ ਜਿਹੜੇ ਨਾਲ ਗਾਹਕ ਖੜ੍ਹੇ ਸੀ ਉਹ ਕਹਿਣ ਲੱਗੇ, ਕਾਹਨੂੰ ਇਸ ਦੇ ਨਾਲ ਮਗਜ਼ਖਪਾਈ ਕਰਦੇ ਹੋ, ਆਏ ਕਰ ਦਿੱਤਾ (ਪੁੜਪੁੜੀ ਕੋਲ ਉਂਗਲੀ ਘੁਮਾ ਕੇ) ਕੋਈ ਦਿਮਾਗ ਵਿਚ ਫਰਕ ਹੈ। ਬੜਾ ਛਿਥਾ ਪਿਆ ਮਰਦਾਨਾ। ਅੱਗੇ ਚਲਿਆ ਗਿਆ ਹਲਵਾਈ ਕੋਲ। ਉਥੇ ਵੀ ਇਵੇਂ ਜਿਵੇਂ ਹੋਇਆ। ਉਸ ਨੇ ਅੱਧ ਸੇਰ ਮਠਿਆਈ ਦੇਣੀ ਮੰਨੀ। ਕਹਿੰਦਾ ਪਾਸਕੂ ਹੈ ਮੇਰੇ ਐਨਾ ਕੁ, ਮੈਨੂੰ ਦੇ ਜਾਹ। ਬਜਾਜ ਦੇ ਗਿਆ ਉਸ ਨੇ 2 ਗਜ ਕੱਪੜਾ ਦੇਣਾ ਮੰਨਿਆ। ਕਹਿੰਦਾ ਰਖ ਦੇਹ ਹੈ ਇਹ ਸੋਹਣੀ ਚੀਜ। ਜੌਹਰੀ ਦੇ ਗਿਆ ਉਸ ਵੇਲੇ ਦਾ 10 ਰੁਪਈਏ ਮੰਨਿਆ ਉਹ। 10 ਰੁਪਏ ਜਦ ਦੇ 100 ਨਾਲ ਜਰਬ (ਗੁਣਾ) ਦੇ ਲਓ 1000 ਹੋ ਗਿਆ। ਹੈਰਾਨ ਹੋ ਗਿਆ ਕਿ ਦੋ ਮੂਲੀਆਂ ਦੋ ਪੈਸਿਆਂ ਦੀਆਂ ਪੈਸੇ ਦੀ ਬੜੀ ਕੀਮਤ ਸੀ ਉਦੋਂ। ਅੱਗੇ

ਜੋਹਰੀ ਕੋਲ ਗਿਆ ਉਸ ਨੇ 100 ਰੁਪਏ ਮੰਨ ਲਿਆ। ਕਹਿਣ ਲੱਗਿਆ ਵਾਕਿਆ ਹੀ ਇਹ ਤਾਂ ਕੀਮਤੀ ਚੀਜ਼ ਹੈ। ਸਭ ਤੋਂ ਵੱਡੇ ਜੌਹਰੀ ਦਾ ਅਤਾ ਪਤਾ ਲੈ ਕੇ ਉਥੇ ਪਹੁੰਚ ਗਿਆ। ਉਥੇ ਘੰਟੀ ਦਿੱਤੀ, ਰੱਸੀਆਂ ਲੱਗੀਆਂ ਹੁੰਦੀਆਂ, ਉਹ ਖਿੱਚ ਦੇਈਦੀਆਂ ਸੀ, ਬੈਲ ਅੰਦਰ ਵੱਜ ਪੈਂਦੀ ਸੀ, ਬਿਜਲੀ ਵਾਲੀ ਬੈਲ ਨਹੀਂ। ਉਥੇ ਉਸ ਦਾ ਨੌਕਰ ਅਧਰੱਕਾ ਥੱਲੇ ਉਤਾਰਿਆ ਸੇਠ ਸਾਲਸਰਾਏ ਦਾ। ਇਸ ਨੇ ਸਮਝਿਆ ਕਿ ਸੇਠ ਆ ਗਿਆ ਮਰਦਾਨੇ ਨੇ।

ਕਹਿੰਦਾ, "ਸ਼ਾਹ ਜੀ! ਮੈਨੂੰ ਕੰਮ ਹੈ ਤੁਹਾਡੇ ਤੋਂ।"

ਕਹਿੰਦਾ, "ਭਾਈ ਆਪਣਾ ਪਰਿਚਾ ਦੇਹ।"

ਕਹਿਣ ਲੱਗਿਆ, "ਮੈਂ ਗੁਰੂ ਨਾਨਕ ਪਾਤਸ਼ਾਹ ਨਾਲ ਰਹਿੰਦਾ ਹਾਂ ਤੇ ਮੇਰਾ ਨਾਉਂ ਮਰਦਾਨਾ ਹੈ ਤੇ ਸਪਤਸਿਧੂੰ ਦੇ ਅਸੀਂ ਰਹਿਣ ਵਾਲੇ ਹਾਂ।" ਮਧਰ ਦੇਸ਼ ਕਹਿੰਦੇ ਸੀ ਉਸ ਵੇਲੇ ਪੰਜਾਬ ਨੂੰ।

ਕਹਿੰਦਾ, "ਕੀ ਕੰਮ ਹੈ?"

ਕਹਿਣ ਲੱਗਿਆ, "ਆਹ ਮੈਂ ਮੁੱਲ ਪਾਉਣਾ ਹੈ।"

ਕਹਿੰਦਾ, "ਮੈਂ ਤਾਂ ਸ਼ਾਹ ਨਹੀਂ ਹਾਂ, ਮੈਂ ਤਾਂ ਹਾਂ ਸੇਵਕ। ਉਤੇ ਬੈਠਾ ਹੈ ਸੇਠ। ਆ ਜਾਹ ਤੂੰ ਮੇਰੇ ਨਾਲ।" ਰਸਤੇ ਵਿਚ ਦੇਖਦਾ ਜਾਂਦਾ ਹੈ। ਜਦੋਂ ਜਾ ਕੇ ਸਾਲਸਰਾਏ ਨੂੰ ਗੱਲ ਦੱਸੀ ਕਿ, "ਮਹਾਰਾਜ! ਇਹ ਭਾਈ ਮਰਦਾਨਾ ਹੈ, ਗੁਰੂ ਨਾਨਕ ਸਾਹਿਬ ਦਾ ਸਾਥੀ ਹੈ ਆਹ ਚੀਜ਼ ਦਾ ਮੁੱਲ ਪੁਛਦਾ ਫਿਰਦਾ ਹੈ।"

ਕਹਿੰਦੇ, "ਤੂੰ ਵੀ ਤਾਂ ਮੇਰੇ ਨਾਲ ਐਨੇ ਚਿਰ ਦਾ ਰਹਿੰਦਾ ਹੈ ਤੂੰ ਦਸ ਦੇਹ।"

ਕਹਿੰਦਾ, "ਸ਼ਾਹ ਜੀ! ਮੈਨੂੰ ਆਏ ਲਗਦਾ ਹੈ ਕਿ ਇਹ ਹਜ਼ਾਰ ਰੁਪਈਏ ਦੀ ਹੈ।"

1000/- ਉਸ ਦਾ ਕਹਿਣਾ ਲੱਖ ਦੇ ਬਰਾਬਰ ਸੀ। ਐਡੀ ਕੀਮਤੀ ਇਹ ਲਈ ਫਿਰਦਾ ਹੈ। ਕਹਿੰਦਾ, "ਮੈਨੂੰ ਦਿਖਾ।" ਜਦੋਂ ਦੇਖੀ ਉਹ ਸੇਠ ਨੇ, ਆਏਂ ਸੂਰਜ ਦੇ ਸਾਹਮਣੇ ਉਸ ਦੀਆਂ ਰਿਸ਼ਮਾਂ ਨਿਕਲਣ ਰੰਗ ਬਰੰਗੀਆਂ, ਉਨ੍ਹਾਂ ਵਿਚ ਲਹਿਰਾਂ। ਸਮਝ ਗਿਆ ਕਿ ਜਿਸ ਨੂੰ ਅਮੋਲ ਲਾਲ ਕਹਿੰਦੇ ਨੇ, ਉਹ ਅੱਜ ਮੈਂ ਦੇਖ ਲਿਆ। ਬਜ਼ੁਰਗ ਦਸਦੇ ਹੁੰਦੇ ਸੀਨੇ-ਬ-ਸੀਨੇ ਗੱਲ ਚਲੀ ਆਉਂਦੀ ਸੀ ਜਿਵੇਂ ਪਾਰਸ ਦੀ ਚਲੀ ਆਉਂਦੀ ਹੈ। ਪਾਰਸ ਲੱਭਦਾ ਹੈ ਕਿਸੇ ਨੂੰ ਪਹਾੜਾਂ ਵਿਚੋਂ। ਇਵੇਂ ਜਿਵੇਂ ਅਮੋਲ ਲਾਲ ਲੱਭਦਾ ਹੈ, ਨਹੀਂ ਲੱਭਦਾ। ਕਹਿੰਦਾ ਮੇਰੇ ਤਾਂ ਭਾਗ ਜਾਗ ਪਏ। ਉਸ ਦਾ ਸਾਹ ਖੁਸ਼ੀ ਦੇ ਵਿਚ ਅੰਦਰ ਨੂੰ ਜਾਈ ਜਾਂਦਾ ਹੈ, ਬਾਹਰ ਨੂੰ ਆਇਆ ਹੀ ਨਹੀਂ, ਉਸ ਦੀ ਛਾਤੀ ਜਿਹੜੀ ਸੀ ਉਹ ਫੁੱਲ ਗਈ। ਸਾਹ ਲੈ ਕੇ ਕਹਿਣ ਲੱਗਿਆ, "ਭੇਟਾ! 100 ਰੁਪੀਆ ਤਿਜੌਰੀ ਵਿਚੋਂ ਲਿਆ ਕੱਢ ਕੇ। 10,000 ਰੁਪਇਆ ਅੱਜ ਦਾ। ਲਾਲ ਰੱਖ ਲਿਆ ਚੌਂਕੀ ਤੇ 100 ਰੁਪਈਆ ਨਕਦ, ਉਨ੍ਹਾਂ ਦਿਨਾਂ ਵਿਚ ਨੋਟ ਨਹੀਂ ਸੀ ਹੁੰਦੇ ਬਾਂਸਲੀਆਂ ਵਿਚ ਰੁਪਈਏ ਪਾਉਂਦੇ ਹੁੰਦੇ। ਮੱਥਾ ਟੇਕਿਆ ਤੇ 100 ਰੁਪਏ ਮਰਦਾਨੇ ਨੂੰ ਚੁੱਕ ਕੇ ਫੜਾ ਦਿੱਤਾ। ਮਰਦਾਨਾ ਦੇਖਦਾ ਹੈ ਕਿ ਮੈਂ ਵੇਚਣ

ਤਾਂ ਆਇਆ ਨਹੀਂ।

ਉਹ ਕਹਿਣ ਲੱਗਿਆ, "ਭਾਈ ਮਰਦਾਨਾ! ਮੈਂ ਮੁੱਲ ਨਹੀਂ ਲੈ ਰਿਹਾ, ਮੈਂ ਤਾਂ ਇਸ ਦੀ ਦਰਸ਼ਨੀ ਭੇਟ ਦੇ ਰਿਹਾ ਹਾਂ। ਸਾਡੇ ਬਜੁਰਗ ਕਹਿੰਦੇ ਸੀ ਕਿ ਜੇ ਇਹੋ ਜਿਹਾ ਲਾਲ ਹੋਵੇ ਤਾਂ ਦਰਸ਼ਨੀ ਭੇਟ ਉਸ ਦੀ 100 ਰੁਪਏ ਹੈ। ਕੁਰਬਾਨ ਮੇਰੀ ਕਿਸਮਤ ਜਾਗ ਪਈ ਕਿ ਮੈਂ ਐਸਾ ਲਾਲ ਦੇਖ ਲਿਆ, ਦਰਸ਼ਨ ਕਰ ਲਏ। ਭਾਈ! ਇਹ ਲਾਲ ਤੇਰਾ ਹੈ?"

ਕਹਿੰਦਾ, "ਨਾਹ, ਇਹ ਗੁਰੂ ਨਾਨਕ ਪਾਤਸ਼ਾਹ ਦਾ ਹੈ।"

ਕਹਿੰਦਾ, "ਗੁਰੂ ਨਾਨਕ ਓਹੀ ਤਾਂ ਨਹੀਂ ਜਿਹੜੇ ਸੰਸਾਰ ਨੂੰ ਤਾਰਦੇ ਫਿਰਦੇ ਨੇ?"

ਕਹਿੰਦੇ, "ਓਹੀ ਨੇ।"

ਕਹਿੰਦਾ, "ਕਿਥੇ ਨੇ?"

ਕਹਿੰਦਾ, "ਬਾਗ ਵਿਚ।"

ਕਹਿੰਦਾ, "ਮੇਰੇ ਭਾਗ ਜਾਗ ਪਏ ਅੱਜ ਨਾਲੇ ਮੈਂ ਉਨ੍ਹਾਂ ਦੇ ਦਰਸ਼ਨ ਕਰਾਂਗਾ ਤੇ ਨਾਲੇ ਲਾਲ ਦੇ ਦਰਸ਼ਨ ਕਰ ਲਏ। ਭਾਈ ਮਰਦਾਨਾ! ਪਰਸ਼ਾਦ ਪਾਣੀ?"

ਕਹਿੰਦਾ, "ਸੇਠ ਜੀ! ਅਜੇ ਤੱਕ ਤਾਂ ਹੋਇਆ ਨਹੀਂ ਬੰਦੋਬਸਤ।"

ਕਹਿੰਦਾ, "ਕਿੰਨੀਆਂ ਕੁ ਮੂਰਤੀਂ ਹੋ ਤੁਸੀਂ?"

ਮਰਦਾਨਾ ਕਹਿਣ ਲੱਗਿਆ, "ਕਦੇ ਕਦੇ ਤਾਂ ਜਿਥੇ ਗੁਰੂ ਨਾਨਕ ਪਾਤਸ਼ਾਹ ਠਹਿਰ ਜਾਣ, ਉਥੇ ਤਾਂ ਲੰਗਰ ਚਲਦਾ ਹੈ ਦਿਨ ਰਾਤ, ਸੈਂਕੜੇ ਹਜ਼ਾਰਾਂ ਦੀ ਤਾਦਾਦ ਵਿਚ ਆ ਜਾਂਦੇ ਨੇ ਜਗਿਆਸੂ ਪਰ ਹੁਣ ਤਾਂ ਅਸੀਂ 3 ਜਣੇ ਹੀ ਹਾਂ, ਮੈਂ ਹਾਂ, ਭਾਈ ਬਾਲਾ ਹੈ ਤੇ ਆਪ ਨੇ ਸਾਹਿਬ।"

ਕਹਿੰਦਾ, "ਚੰਗਾ! ਹੋਰ ਨਾ ਕਿਸੇ ਤੋਂ ਪਰਸ਼ਾਦਾ ਵਰਜਿਓ, ਮੈਂ ਹੁਣੇ ਲੈ ਕੇ ਆਇਆ।"

ਅਧਰਕੇ ਨੂੰ ਕਹਿਣ ਲੱਗੇ, "ਬੇਟਾ ਅੱਧਰਕਾ, ਸ਼ੁਧ ਦੇਸੀ ਘਿਓ ਦੀ ਮਠਿਆਈ ਲੈ ਕੇ ਆ ਨਾਲ, ਖੋਪੇ ਦੀ ਲਿਆ, ਬਾਗ ਵਿਚ ਜਾਹ, ਪੱਕੇ ਹੋਏ ਫਲ ਲੈ ਕੇ ਆ ਜਿਹੜੇ ਪਾਲ ਵਿਚ ਨਾ ਰਖਣੇ ਪੈਣ, ਟੋਕਰੇ ਭਰ, ਘਰ ਕਹਿ ਦੇ 8-10 ਬੰਦਿਆਂ ਦਾ ਪਰਸ਼ਾਦਾ ਤਿਆਰ ਕਰ ਦੇਣ, ਜਲਦੀ ਕਰ ਦੇਣ।"

ਮਰਦਾਨਾ ਪਹਿਲਾਂ ਚਲਿਆ ਗਿਆ, ਸਾਲਸਰਾਏ ਪਿਛੋਂ ਪਹੁੰਚਿਆ। ਜਦੋਂ ਜਾ ਕੇ 100 ਰੁਪਈਆ ਮੱਥਾ ਟੇਕਿਆ ਮਹਾਰਾਜ ਕਹਿੰਦੇ, "ਨਾਲੇ ਆਹ ਲਿਆਇਆ ਤੇ ਨਾਲੇ ਆਹ।"

ਕਹਿੰਦਾ,"ਸੱਚੇ ਪਾਤਸ਼ਾਹ! ਤੇਰੀਆਂ ਤੂੰ ਜਾਣ, ਮੈਂ ਤਾਂ ਉਦੋਂ ਦਾ ਹੀ ਘਬਰਾਇਆ ਪਿਆ ਹਾਂ।"

ਕਹਿੰਦੇ, "ਕਿਹੜੀ ਗੱਲ ਤੋਂ ਘਬਰਾ ਗਿਆ?"

ਕਹਿੰਦਾ, "ਮਹਾਰਾਜ! ਸਬਜ਼ੀ ਵਾਲਾ ਇਸ ਦੀਆਂ 2 ਮੂਲੀਆਂ ਦਿੰਦਾ ਸੀ, ਹਲਵਾਈ ਅਧਸੇਰ ਮਠਿਆਈ ਦਿੰਦਾ ਸੀ, ਬਜਾਜ ਦੋ ਗਜ ਕੱਪੜਾ ਦਿੰਦਾ ਸੀ, ਇਕ ਜੌਹਰੀ 10 ਰੁਪਏ ਦਿੰਦਾ ਸੀ, ਇਕ 100 ਰੁਪਏ।"

ਕਹਿੰਦੇ, "ਹੁਣ ਕੀ ਹੋਇਆ?"

ਕਹਿੰਦਾ, "ਮਹਾਰਾਜ! ਉਸ ਨੇ ਤਾਂ 100 ਰੁਪਈਆ ਦਰਸ਼ਨ ਕਰਨ ਦੀ ਭੇਟ ਦਿੱਤੀ ਹੈ ਨਾਲੇ ਕਿਹਾ ਹੈ ਕਿ ਜੇ ਵੇਚਣਾ ਹੈ ਤਾਂ ਤੁਹਾਨੂੰ 3 ਮਹੀਨੇ ਠਹਿਰਨਾ ਪਏਗਾ। ਇਤੇ ਸੂਰਤ ਦੇ ਦੂਜੇ ਵੱਡੇ ਵੱਡੇ ਸ਼ਹਿਰਾਂ ਦੇ ਵਪਾਰੀ ਆਉਣਗੇ ਫੇਰ ਸਾਡਾ ਬੋਰਡ ਕਾਇਮ ਹੋਏਗਾ। ਇਸ ਦੀ ਕੀਮਤ ਕੋਈ ਨਹੀਂ ਹੈ ਜਿੰਨਾ ਕੁ ਪੈਸਾ ਕਿਸੇ ਦੀ ਜੇਬ ਵਿਚ ਹੈ ਓਹੀ ਕੀਮਤ ਹੋਇਆ ਕਰਦੀ ਹੈ। ਸਭ ਤੋਂ ਅਮੀਰ ਜੋ ਜੌਹਰੀ ਹੋਏਗਾ ਉਹ ਖਰੀਦ ਲਏਗਾ।

ਮਹਾਰਾਜ! ਮੈਂ ਤਾਂ ਹੈਰਾਨ ਹਾਂ ਕਿ ਇਸ ਦੁਨੀਆਂ ਦੀ ਅਕਲ ਨੂੰ ਹੋ ਕੀ ਗਿਆ?"

ਕਹਿੰਦੇ, "ਮਰਦਾਨਿਆ! ਤੇਰੇ ਸਵਾਲ ਦਾ ਜਵਾਬ ਮਿਲ ਗਿਆ?"

ਕਹਿੰਦਾ, "ਮੇਰੀ ਸਮਝ ਵਿਚ ਨਹੀਂ ਆਇਆ।"

ਕਹਿੰਦੇ, "ਮਰਦਾਨਿਆ! ਕੀਮਤੀ ਚੀਜ਼ਾਂ ਦੀ ਜੋ ਕਦਰ ਹੈ ਕਦਰਦਾਨਾਂ ਤੋਂ ਬਿਨਾ ਨਹੀਂ ਪੈਂਦੀ ਜਿਵੇਂ ਲਾਲਾਂ ਦੀ ਕਦਰ ਪੂਰਾ ਜੌਹਰੀ ਜਾਣਦਾ ਹੈ, ਇਸੇ ਤਰ੍ਹਾਂ ਜਿਹੜੀ ਨਾਮ ਦੀ ਕਦਰ ਹੈ ਨਾਹ, ਉਸ ਨੂੰ ਸੰਸਾਰ ਨਹੀਂ ਜਾਣਦਾ।"

ਸੰਸਾਰ ਨੂੰ ਪਤਾ ਹੈ ਕਿ ਕੋਠੀ ਕਿਥੇ ਲਈਏ, ਦੁਕਾਨਦਾਰ ਨੂੰ ਪਤਾ ਹੈ ਕਿ ਮੈਂ ਕਿਹੜੀ ਦੁਕਾਲ ਲਏ ਤੋਂ ਮੇਰਾ ਬਹੁਤਾ ਸੌਦਾ ਵਿਕੇਗਾ, ਮਸ਼ੀਨਰੀ ਵਾਲੇ ਨੂੰ ਪਤਾ ਹੈ ਕਿ ਆਹ ਮਸ਼ੀਨਰੀ ਮੈਂ ਲੈ ਲਵਾਂ। ਹਰ ਬੰਦੇ ਨੂੰ ਆਪਣੇ ਕਸਬ ਦਾ ਪਤਾ ਹੈ ਉਸ ਦੇ ਵਿਚ ਉਹ ਮਾਹਿਰ ਹੈ ਪਿਆਰਿਆ! ਜਿਵੇਂ ਉਹ ਮਾਹਰ ਨੇ ਇਸੇ ਤਰ੍ਹਾਂ ਜਿਹੜੀ ਨਾਮ ਦੀ ਕੀਮਤ ਹੈ ਇਹ –

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*** ***ਅੰਗ – 81***

ਸੰਸਾਰ ਨੂੰ ਨਹੀਂ ਪਤਾ ਇਸ ਦੀ ਜੇ ਮਹਿਮਾ, ਕੀਮਤ ਪੁਛਣੀ ਹੈ ਇਹ ਬੰਦਗੀ ਕਰਨ ਵਾਲਿਆਂ ਨੂੰ ਪਤਾ ਹੈ –

***ਧਾਰਨਾ – ਮਹਿਮਾ ਹਰਿ ਨਾਮ ਦੀ***
***ਸੰਤਾਂ ਦੇ ਹਿਰਦੇ ਵਸਦੀ –2, 2.***

*ਨਾਮ ਕੀ ਮਹਿਮਾ ਸੰਤ ਰਿਦ ਵਸੈ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ॥*
*ਸੰਤ ਕਾ ਸੰਗੁ ਵਡਭਾਗੀ ਪਾਈਐ॥*
*ਸੰਤ ਕੀ ਸੇਵਾ ਨਾਮੁ ਧਿਆਈਐ॥*
*ਨਾਮ ਤੁਲਿ ਕਛੁ ਅਵਰੁ ਨ ਹੋਇ॥*
*ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥*

*ਅੰਗ - 265*

ਕੋਈ ਪੁਰਸ਼ ਉਸ ਦੇ ਇਹ ਗੱਲ ਸਮਝ ਆਏਗੀ ਜਿਸ ਨੂੰ ਨਾਮ ਦਾ ਪਤਾ ਲੱਗ ਜਾਵੇ, ਜਿਸ ਦੇ ਅਤਿ ਉਤਮ ਭਾਗ ਹੋਣ -

*ਜਿਨਾ ਭਾਗ ਮਥਾਹਿ ਸੇ ਨਾਨਕ ......॥*

*ਅੰਗ - 81*

ਜਿਨ੍ਹਾਂ ਦੇ ਮਥੇ ਵਿਚ ਲੇਖ ਲਿਖੇ ਹੋਣ ਉਹ ਨਾਮ ਦੀ ਕੀਮਤ ਵੱਲ ਰੁਖ ਕਰਦਾ ਹੈ ਦੂਜਾ ਸੁਣ ਕੇ ਛੱਡ ਦਿੰਦਾ ਹੈ। ਕਹਿੰਦੇ ਪੁਛ ਨਾਮਦੇਵ ਨੂੰ -

*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥*

*ਅੰਗ - 487*

*ਧਾਰਨਾ - ਨਾਮ ਜਪ ਕੇ ਲੱਖਾਂ ਦਾ ਹੋ ਗਿਆ,*
*ਨਾਮਾ ਅੱਧੀ ਦਮੜੀ ਦਾ -2, 2.*

*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥*

*ਅੰਗ - 487*

ਸਾਡੀ ਹੈਸੀਅਤ ਬੰਨ੍ਹਦੇ ਨੇ ਬੈਂਕ ਵਾਲੇ ਕਿ ਤੈਨੂੰ 10,000 ਰੁਪਏ ਦਾ ਖਾਦ ਮਿਲ ਜਾਏਗਾ ਤੇਰੀ ਜਮੀਨ ਐਨੀ ਹੈ ਆਹ ਤੇਰੀ ਹਸਤੀ ਬਣਦੀ ਹੈ। ਲੱਖਾਂ ਦੀ ਬੰਨ੍ਹਦੇ ਨੇ ਜਿਨ੍ਹਾਂ ਕੋਲ ਬਹੁਤ ਪ੍ਰੋਪਟੀਆਂ ਨੇ, ਛੋਟਿਆਂ ਦੀ ਕਿਸੇ ਦੀ 1000/- ਬੰਨ੍ਹ ਦਿੱਤੀ, ਕਿਸੇ ਦੀ 1500/- ਬੰਨ੍ਹ ਦਿੱਤੀ। ਇਵੇਂ ਨਾਮ ਦੇਵ ਜੀ ਦੀ ਜਿਹੜੀ ਆਰਥਿਕ ਹੱਦ ਸੀ ਗੁਰੂ ਮਹਾਰਾਜ ਦਸਦੇ ਨੇ ਕਿ ਅੱਧੀ ਦਮੜੀ ਦੀ ਸੀ, ਗਰੀਬ ਸੀ। ਮਿਹਨਤ ਮਜ਼ਦੂਰੀ ਕਰਕੇ ਠੱਪੇ ਲਾ ਕੇ ਕਪੜਿਆਂ ਦੇ ਉਤੇ ਤਾਂ ਗੁਜ਼ਾਰਾ ਕਰਦਾ ਸੀ ਪਰ ਜਦੋਂ ਉਸ ਨੇ ਬੰਦਗੀ ਕਰੀ, ਉਸ ਵੇਲੇ ਹਿੰਦੋਸਤਾਨ ਦਾ ਚਕਰਵਰਤੀ ਬਾਦਸ਼ਾਹ ਸਲੇਮਸ਼ਾਹ ਤੇ ਉਸ ਦੇ ਹੋਇਆ ਦਰਦ। ਉਸ ਵੇਲੇ ਮੂੰਹ ਵਿਚ ਘਾਹ ਲੈ ਕੇ ਕਹਿੰਦਾ ਹੈ ਕਿ "ਬਖਸ਼ੀ ਹਿੰਦੂ ਮੈਂ ਤੇਰੀ ਗਾਇ।" ਦੋਏ ਹੱਥ ਜੋੜੀ ਖੜ੍ਹਾ ਹੈ ਕਿ ਮੈਨੂੰ ਬਖਸ਼ ਦੇਹ, ਗਊ, ਸਮਝ ਕੇ ਬਖਸ਼ ਦੇਹ ਫੇਰ ਕਿਥੇ ਗਈ ਉਸ ਦੀ ਹੈਸੀਅਤ, ਬਾਦਸ਼ਾਹ ਖੜ੍ਹਾ ਹੈ। ਕਬੀਰ ਸਾਹਿਬ ਦੀ ਕਿੱਡੀ ਹੈਸੀਅਤ ਸੀ, ਆਪ ਆ ਕੇ ਪਰਮੇਸ਼ਰ ਜੱਗ ਕਰਦਾ ਹੈ। ਨਾਮਦੇਵ ਦਾ, ਰਵੀਦਾਸ ਜੀ ਦਾ ਸਾਰੇ ਹੀ ਜਿੰਨੇ ਭਗਤ ਹੋਏ

ਨੇ ਬੰਦਗੀ ਕਰਨ ਵਾਲੇ।

ਸੋ ਇਸ ਤਰ੍ਹਾਂ ਦੇ ਨਾਲ ਸੰਤਾਂ ਨੂੰ ਪਤਾ ਹੈ ਨਾਮ ਕੀ ਹੁੰਦਾ ਹੈ। ਇਕ ਵਾਰੀ ਵੀ ਨਾਮ ਜਪਿਆ ਹੋਇਆ ਹੈ ਨਾਂਹ ਉਸ ਨੂੰ ਜਾਣ ਨਹੀਂ ਦਿੰਦੇ ਬਿਰਥਾ। ਗੁਰੂ ਮਹਾਰਾਜ ਦਸਦੇ ਨੇ ਕਿ ਦੇਖੋ –

***ਗਹਿਣੇ ਧਰਿਅਨੁ ਏਕ ਨਾਉ***
***ਪਾਪਾ ਨਾਲਿ ਕਰੈ ਨਿਰਜਾਸੀ।***
***ਪਾਸੰਗਿ ਪਾਪੁ ਨ ਪੁਜਨੀ***
***ਗੁਰਮੁਖਿ ਨਾਉ ਅਤੁਲ ਨ ਤੁਲਾਸੀ।***
***ਨਰਕਹੁੰ ਛੁਟੇ ਜੀਅ ਜੰਤ***
***ਕਟੀ ਗਲਹੁੰ ਸਿਲਕ ਜਮ ਫਾਸੀ॥***

***ਭਾਈ ਗੁਰਦਾਸ ਜੀ ਦੀ ਵਾਰ10/5***

ਅਰਬਾਂ-ਖਰਬਾਂ ਸਾਲ ਦੇ ਨਰਕ ਭਰੇ ਹੋਏ ਇਕ ਵਾਰੀ ਨਾਮ ਜੱਪਣ ਨਾਲ ਖਾਲੀ ਕਰ ਦਿੱਤੇ ਰਾਜਾ ਜਨਕ ਨੇ। ਫੇਰ ਨਾਮ ਐਵੇਂ ਤਾਂ ਨਾਂ ਨਾ ਹੋਇਆ, ਕਿੰਨੀ ਨਾਮ ਦੇ ਵਿਚ ਸ਼ਕਤੀ ਹੈ। ਮਹਾਰਾਜ ਕਹਿਣ ਲੱਗੇ, “ਮਰਦਾਨਿਆ! ਇਨ੍ਹਾਂ ਨੂੰ ਨਹੀਂ ਪਤਾ ਸੰਸਾਰ ਨੂੰ, ਸੰਸਾਰ ਆਪਣੀਆਂ ਚੀਜ਼ਾਂ ਦੀਆਂ ਕੀਮਤਾਂ ਜਾਣਦਾ ਹੈ। ਇਸ ਦੇ ਬਾਰੇ ਜੇ ਤੂੰ ਜਾਨਣਾ ਚਾਹੁੰਦਾ ਹੈ ਤਾਂ ਪੁਛ ਸੰਤਾਂ ਨੂੰ ਕਬੀਰ ਸਾਹਿਬ ਨੂੰ ਪੁੱਛ।”

ਕਬੀਰ ਸਾਹਿਬ ਬਾਹਰ ਗਏ ਹੋਏ ਨੇ। ਗੈਰ ਹਾਜਰੀ ਵਿਚ ਇਕ ਰਾਜਾ ਆ ਗਿਆ ਕੋੜ੍ਹੀ ਹੋਇਆ ਹੋਇਆ, ਬਦਬੂ ਮਾਰਦੀ ਹੈ, ਪਾਣੀ ਚੱਲ ਰਿਹਾ ਹੈ, ਕੱਪੜੇ ਗੰਦੇ ਹੋਏ ਪਏ ਨੇ। ਬਹੁਤ ਦਰਦਨਾਕ ਅਵਾਜ ਵਿਚ ਬੇਨਤੀ ਕਰੀ ਮਾਤਾ ਲੋਈ ਦੇ ਕੋਲ ਕਿ ਕਬੀਰ ਸਾਹਿਬ ਕਿਥੇ ਨੇ। ਉਹ ਕਹਿੰਦੇ ਉਹ ਤਾਂ ਗਏ ਹੋਏ ਨੇ 5-4 ਦਿਨਾਂ ਨੂੰ ਆਉਣਗੇ।

ਕਹਿਣ ਲੱਗਿਆ, “ਮੈਂ ਬੜਾ ਦੁਖੀ ਹਾਂ ਮਾਤਾ ਜੀ ਮੇਰੇ ਤੇ ਕਿਰਪਾ ਕਰੋ।” ਉਹ ਕਹਿੰਦੇ, “ਉਹ ਤਾਂ ਓਹੀ ਕਰਦੇ ਹੁੰਦੇ ਨੇ, ਮੈਂ ਨਹੀਂ ਕਦੇ ਕੋਈ ਗੱਲ ਕਰੀ।” ਕਹਿੰਦਾ, “ਨਹੀਂ, ਤੁਸੀਂ ਵੀ ਘੱਟ ਨਹੀਂ ਹੋ, ਹਰ ਵਕਤ ਸਾਧੂਆਂ ਦੀ ਸੇਵਾ ਕਰਦੇ ਹੋ, ਐਡੇ ਮਹਾਂਪੁਰਸ਼ ਦੇ ਤੁਸੀਂ ਅਰਧੰਗੀ ਹੋ, ਤੁਹਾਡੇ ਵਿਚ ਤਾਂ ਸਭ ਕੁਝ ਹੀ ਹੈ।”

ਅਖੀਰ ਤਰਸ ਆ ਗਿਆ। ਕਹਿੰਦੀ, “ਬਹਿ ਜਾ ਸਾਹਮਣੇ, ਕਹਿ ਰਾਮ!” ਰਾਮ ਕਹਿ ਦਿੱਤਾ ਫੇਰ ਕਹਿੰਦੇ, “ਕਹਿ ਰਾਮ!!” ਫੇਰ ਕਹਿ ਦਿੱਤਾ। ਤੀਸਰੀ ਵਾਰੀ ਕਹਿੰਦੇ, ਫੇਰ ਕਹਿ ਰਾਮ!!!” ਤੀਸਰੀ ਵਾਰੀ ਫੇਰ ਕਹਿ ਦਿੱਤਾ।

ਕਹਿੰਦੇ, ਜਾਹ ਜਾ ਕੇ ਕੱਪੜੇ ਬਦਲ ਕੇ ਨਹਾ ਕੇ ਪਾ ਲੈ।”

ਰਾਜਾ ਗਿਆ ਇਸ਼ਨਾਨ ਕਰਨ ਲੱਗਿਆ ਹੈਰਾਨ ਹੋ ਗਿਆ ਕੰਚਨ ਵਰਗਾ ਸਰੀਰ ਹੋਇਆ ਹੋਇਆ, ਕੋਈ ਦਾਗ ਨਹੀਂ ਰਿਹਾ। ਕਈ ਪ੍ਰੇਮੀਆਂ ਨੂੰ ਇਸ ਤੇ ਵੀ ਤਰਕ ਆ ਜਾਂਦੀ ਹੈ। ਇਥੇ ਰਤਵਾੜਾ ਸਾਹਿਬ 2-3 ਕੇਸ ਹੋ

ਚੁੱਕੇ ਨੇ ਇਸੇ ਕਿਸਮ ਦੇ ਜਿਵੇਂ ਇਹ ਸੀ। ਜਪੁਜੀ ਸਾਹਿਬ ਦੇ ਪਾਠ ਦੱਸੇ 40 ਦਿਨਾਂ ਤੋਂ ਬਾਅਦ ਸੁੰਦਰ ਸਰੀਰ ਨਿਕਲ ਆਇਆ ਵਿਚੋਂ। ਇਕ ਹੋਰ ਬੀਬੀ ਸੀ। ਇਕ ਸਿੰਘ ਸੀ ਉਸ ਦੇ ਹੱਥਾਂ ਪੈਰਾਂ 'ਚੋਂ ਪਾਣੀ ਜਾ ਰਿਹਾ ਸੀ ਜਿਵੇਂ ਹਲ ਵਾਹਿਆ ਹੁੰਦਾ ਹੈ ਆਏਂ ਹੋਏ ਹੋਏ ਸੀ। ਅਸੀਂ ਕਿਹਾ ਜਾਹ! ਤੈਥੋਂ ਹੋਣਾ ਤਾਂ ਹੈ ਨਹੀਂ ਕੁਝ, ਜਿਥੇ ਸਿੰਘ ਇਸਨਾਨ ਕਰਦੇ ਨੇ ਉਥੇ ਜਾ ਕੇ ਗਾਰਾ ਮਲ ਲੈ। ਉਹ ਠੀਕ ਹੋ ਗਿਆ ਦੂਜੇ ਤੀਜੇ ਦਿਨ ਮੈਨੂੰ ਦਿਖਾਵੇ ਪੀ.ਜੀ.ਆਈ. ਨੇ ਜਵਾਬ ਦੇ ਦਿੱਤਾ ਸੀ।

ਇਕ ਵੱਡੇ ਅਫਸਰ ਆਏ ਸਾਡੇ ਕੋਲ Deputy Air Marshal ਮੂੰਹ ਦੇ ਵਿਚ ਕਾਲੀਆਂ ਲਸਰਾਂ ਪੈ ਗਈਆਂ। ਡਾਕਟਰਾਂ ਨੇ ਡਰਾ ਦਿੱਤਾ ਜੇ ਇਲਾਜ ਨਾ ਹੋਇਆ ਤਾਂ ਹੋ ਸਕਦਾ ਹੈ ਕੈਂਸਰ ਹੋ ਜਾਵੇ। ਮੈਂ ਕਿਹਾ ਤੂੰ ਆਏਂ ਕਰ ਜਿਥੇ ਚਰਨ ਧੋਂਦੀਆਂ ਸੰਗਤਾਂ ਉਸ ਦੇ ਜਲ ਨਾਲ ਕੁਰਲੀ ਕਰ ਲੈ। ਉਹ ਅੰਬ ਸਾਹਿਬ ਗੁਰਦਵਾਰੇ ਚਲਿਆ ਗਿਆ ਨਾਲ ਸੀ Director Genral Police ਉਹ ਕਹਿਣ ਲੱਗਿਆ ਚਿਹਲ ਸਾਹਿਬ! ਬਾਬਾ ਜੀ ਨੇ ਤਾਂ ਕਿਹਾ ਹੈ ਕੁਰਲੀ ਕਰ ਲੋ, ਆਪਾਂ ਪਾਣੀ ਹੀ ਪੀ ਲੈਣਾ ਹੈ, ਉਹ ਗੰਧਲਾ ਹੋਇਆ ਪਾਣੀ ਪੀ ਗਿਆ। ਨਾ ਉਸ ਦੇ ਵਿਚ ਐਲਰਜੀ, ਨਾ ਕੁਝ ਹੋਰ, 20 ਦਿਨਾਂ ਬਾਅਦ ਮੇਰੇ ਕੋਲ ਆਇਆ।

ਮੈਂ ਕਿਹਾ, "ਕੀ ਹਾਲ ਹੈ"

ਕਹਿੰਦਾ, "ਦੇਖੋ ਮੂੰਹ ਵਿਚ ਨਿਸ਼ਾਨ ਖਤਮ ਹੋ ਗਏ, ਜਪੁਜੀ ਸਾਹਿਬ ਦਾ ਪਾਠ ਕਰਦਾ ਹਾਂ।"

ਸ਼ਕਤੀ ਹੋਇਆ ਕਰਦੀ ਹੈ ਇਸ ਦੇ ਵਿਚ ਰਾਜੀ ਹੋ ਜਾਂਦਾ ਹੈ। ਧੰਨ ਧੰਨ ਹੋਣ ਲੱਗ ਗਈ ਮਾਤਾ ਲੋਈ ਦੀ। ਕਬੀਰ ਸਾਹਿਬ ਜਦੋਂ 5-7 ਦਿਨਾਂ ਬਾਅਦ ਆਏ ਤਾਂ ਸਾਰੀ ਕਾਸ਼ੀ ਵਿਚ ਰੌਲਾ ਪਿਆ ਹੋਇਆ। ਇਕੋ ਗੱਲ ਕਹੀ ਜਾਣ ਕਿ ਭਗਤ ਜੀ ਤਾਂ ਸੀ ਹੀ ਪਰ ਮਾਤਾ ਲੋਈ ਲੁਕੇ ਪਏ ਸੀ ਧੰਨ ਮਾਤਾ ਲੋਈ। ਕਬੀਰ ਸਾਹਿਬ ਜਦੋਂ ਆਏ ਲੋਕ ਨਾਲੇ ਤਾਂ ਨਮਸ਼ਕਾਰ ਕਰਨ ਆਪ ਤਾਂ ਧੰਨ ਹੋ ਮਹਾਰਾਜ, ਮਾਤਾ ਲੋਈ ਵੀ ਧੰਨ ਹੈ। ਬਹੁਤ ਕੋਈ ਨੇੜੇ ਦਾ ਮਿਲਿਆ ਕਹਿੰਦੇ ਮਾਤਾ ਲੋਈ ਧੰਨ ਧੰਨ ਕੀ ਹੋਈ ਜਾਂਦੀ ਹੈ। ਕਹਿੰਦੇ ਮਹਾਰਾਜ। ਇਕ ਕੋਹੜੀ ਰਾਜਾ ਆਇਆ ਸੀ 3 ਵਾਰੀ ਰਾਮ ਕਹਿ ਕੇ ਹਟਾ ਦਿੱਤਾ ਕੋਹੜ। ਨਾਰਾਜ਼ ਹੋ ਗਏ ਕਬੀਰ ਸਾਹਿਬ।

ਕਹਿੰਦੇ, "ਐਨੀ ਅਣਜਾਣ?"

ਘਰ ਆ ਗਏ। ਸੰਤਾਂ ਦਾ ਗੁੱਸਾ ਪਾਣੀ ਤੇ ਲੀਕ ਹੁੰਦਾ ਹੈ। ਮਨਮੁਖ ਦਾ ਗੁੱਸਾ ਪੱਥਰ ਤੇ ਲਕੀਰ ਹੁੰਦਾ ਹੈ ਉਹ ਨਹੀਂ ਜਾਂਦਾ, ਸਾਰੀ ਜਿੰਦਗੀ ਨਹੀਂ ਜਾਂਦਾ। ਸੰਤ ਨੂੰ ਪਤਾ ਹੀ ਨਹੀਂ ਰਹਿੰਦਾ ਕਿ ਮੈਂ ਇਸ ਦੇ ਨਾਲ ਗੁੱਸੇ ਹੋਇਆ, ਕਦੋਂ ਹੋਇਆ?ਕਿਉਂ ਹੋਇਆ? ਘਰ ਆਏ ਤਾਂ ਮਾਤਾ ਜੀ ਨੇ ਆਦਰ ਕਰਨ ਵਾਸਤੇ ਨਮਸ਼ਕਾਰ ਕਰੀ, ਉਨ੍ਹਾਂ ਦੇ ਹੱਥ ਦੀ ਸੋਟੀ ਤੇ ਕਮੰਡਲ ਫੜਨ ਦਾ ਯਤਨ ਕਰਿਆ, ਦਿੱਤਾ ਹੀ ਨਾ। ਕਬੀਰ ਸਾਹਿਬ ਨੇ ਚਾਰਪਾਈ ਤੇ ਜਾ ਕੇ

ਆਪੇ ਹੀ ਰੱਖ ਦਿੱਤਾ। ਇਹ ਫੇਰ ਨਮਸ਼ਕਾਰ ਕਰਨ ਗਈ ਉਨ੍ਹਾਂ ਨੇ ਪਿੱਠ ਕਰ ਲਈ। ਹੈਰਾਨ ਹੋ ਗਈ ਕਿ ਹੈਂ! ਗੱਲਾਂ ਤਾਂ ਕੋਈ ਨਰਾਜ਼ੀ ਦੀ ਹੈ ਨਹੀਂ ਸਾਡੇ ਆਪਸ ਵਿੱਚ ਇਹ ਨਾਰਾਜ ਕਿਉਂ ਹੋ ਗਏ। ਦੂਜੇ ਪਾਸੇ ਫੇਰ ਗਈ, ਉਨ੍ਹਾਂ ਨੇ ਉਧਰ ਵੀ ਪਿੱਠ ਕਰ ਲਈ। ਜਿਵੇਂ ਗੁਰੂ ਅੰਗਦ ਦੇਵ ਮਹਾਰਾਜ ਜੀ ਨੇ ਬਾਬਾ ਅਮਰਦਾਸ ਜੀ ਨਾਲ ਕੀਤੀ ਸੀ। ਉਸ ਵੇਲੇ ਬੇਨਤੀ ਕਰਨ ਲੱਗੀ ਕਹਿੰਦੀ, "ਗੱਲ ਸੁਣੋ! ਮੂੰਹ ਤਾਂ ਕਰ ਲਓ ਨਾਂਹ!"

***ਹਉ ਵਾਰੀ ਮੁਖੁ ਫੇਰਿ ਪਿਆਰੇ॥***
***ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ॥***

***ਅੰਗ - 484***

***ਕਰਵਟ ਭਲਾ ਨ ਕਰਵਟ ਤੇਰੀ॥*** ***ਅੰਗ - 484***

ਆਹ ਜਿਹੜਾ ਆਰਾ ਹੈ ਨਾਹ, ਇਸ ਦੇ ਨਾਲ ਜੇ ਮੈਨੂੰ ਚੀਰ ਦੇਵੋ, ਉਹ ਵਧੀਆ ਹੈ ਪਰ ਮੈਂ ਤੇਰੀ ਪਿੱਠ ਨਹੀਂ ਸਹਾਰ ਸਕਦੀ, ਤੇਰਾ ਗੁੱਸਾ ਨਹੀਂ ਮੈਂ ਸਹਾਰ ਸਕਦੀ, ਅੱਜ ਤੱਕ ਤੁਸੀਂ ਗੁੱਸੇ ਨਹੀਂ ਹੋਏ ਕਦੇ, ਮੇਰੀ ਤਾਂ ਮੌਤ ਹੈ ਤੁਹਾਡੇ ਗੁਸੇ ਵਿਚ, ਮੈਂ ਨਹੀਂ ਸਹਿ ਸਕਦੀ–

***ਕਰਵਤੁ ਭਲਾ ਨ ਕਰਵਟ ਤੇਰੀ॥***
***ਲਾਗੁ ਗਲੇ ਸੁਨੁ ਬਿਨਤੀ ਮੇਰੀ॥*** ***ਅੰਗ - 484***

ਜਿਵੇਂ ਪਹਿਲਾਂ ਆ ਕੇ ਤੁਸੀਂ ਮਿਲਦੇ ਸੀ ਬਾਂਹ ਉਤੇ ਦੀ ਪਾ ਕੇ ਇਸ ਤਰ੍ਹਾਂ ਨਹੀਂ ਤੁਸੀਂ ਮੈਨੂੰ ਮਿਲੇ, ਮੇਰੇ ਤੋਂ ਕਸੂਰ ਕੀ ਹੋ ਗਿਆ, ਤੁਸੀਂ ਇਧਰਲੇ ਪਾਸੇ ਮੁਖ ਕਰੋ। ਮੇਰਾ ਪਿਆਰ ਜਿਹੜਾ ਤੁਹਾਡੇ ਨਾਲ ਟੁੱਟ ਨਹੀਂ ਸਕਦਾ। ਜੇ ਤੁਸੀਂ ਆਰੇ ਨਾਲ ਸਰੀਰ ਚੀਰ ਦੇਵੋ ਮੈਂ ਗਿਰ ਜਾਵਾਂ, ਦੋ ਫਾੜ ਹੋ ਜਾਵਾਂ ਤਾਂ ਵੀ ਮੇਰਾ ਪਿਆਰ ਤੁਹਾਡੇ ਨਾਲ ਨਹੀਂ ਘਟੇਗਾ ਤੇ ਵਿਚਾਲੇ ਸਾਡੇ ਕੋਈ ਚੁਗਲ ਵੀ ਨਹੀਂ ਆਇਆ ਜਿਸ ਨੇ ਚੁਗਲੀ ਕਰ ਦਿੱਤੀ ਹੋਵੇ।

***ਜਉ ਤਨੁ ਚੀਰਹਿ ਅੰਗੁ ਨ ਮੋਰਉ॥***
***ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ॥***
***ਹਮ ਤੁਮ ਬੀਚੁ ਭਇਓ ਨਹੀ ਕੋਈ॥***
***ਤੁਮਹਿ ਸੁ ਕੰਤ ਨਾਰਿ ਹਮ ਸੋਈ॥*** ***ਅੰਗ - 484***

ਮੈਂ ਤਾਂ ਓਹੀ ਹਾਂ ਜਿਹੜੀ ਤੁਹਾਡੇ ਜੋੜੇ ਝਾੜ ਕੇ ਮਸਤਕ ਨੂੰ ਲਾਉਂਦੀ ਹਾਂ ਤੇ ਇਹ ਗੱਲ ਕੀ ਹੋ ਗਈ? ਤੁਸੀਂ ਮੇਰੇ ਨਾਲ ਐਨੇ ਰੁੱਖੇ ਕਿਉਂ ਹੋ ਗਏ।"

ਕਬੀਰ ਸਾਹਿਬ ਕਹਿਣ ਲੱਗੇ, "ਮੈਂ ਤਾਂ ਰੁੱਸਿਆ ਹੋਇਆ ਹਾਂ, ਮੇਰੇ ਮਨ ਵਿਚ ਤੇਰੀ ਬੜੀ ਪ੍ਰਤੀਤੀ ਸੀ ਉਹ ਟੁੱਟ ਗਈ। ਸੁਣ ਮੇਰੀ ਬਾਤ।"

***ਕਹਤ ਕਬੀਰ ਸੁਨਹੁ ਰੇ ਲੋਈ॥***
***ਅਬ ਤੁਮਰੀ ਪਰਤੀਤਿ ਨ ਹੋਈ॥*** ***ਅੰਗ - 484***

ਮੈਨੂੰ ਪ੍ਰਤੀਤ ਸੀ ਕਿ ਤੂੰ ਸੰਤਾਂ ਦੀ ਸੰਗਤ ਕਰਦੀ ਹੈ, ਸੇਵਾ ਕਦੀ ਹੈ, ਦਿਨ ਰਾਤ ਬਰਤਨ ਮਾਂਜਦੀ ਹੈ, ਬਸਤ੍ਰ ਧੋਂਦੀ ਹੈ ਉਨ੍ਹਾਂ ਦੇ। ਤੈਨੂੰ ਨਾਮ

ਦੀ ਸੋਝੀ ਦਾ ਪਤਾ ਲੱਗ ਗਿਆ ਹੋਏਗਾ, ਨਾਮ ਦੀ ਕੀਮਤ ਦਾ ਪਤਾ ਲੱਗ ਗਿਆ ਹੋਏਗਾ, ਨਾਮ ਦੀ ਮਹਿਮਾ ਦਾ ਪਤਾ ਲੱਗ ਗਿਆ ਹੋਏਗਾ। ਤੂੰ ਕਿੱਡਾ ਗਲਤ ਕੰਮ ਕਰਿਆ।"

ਕਹਿੰਦੀ, "ਮਹਾਰਾਜ! ਕਿਹੜਾ ਮੈਨੂੰ ਆਪ ਕਿਰਪਾ ਕਰਕੇ ਦੱਸ ਤਾਂ ਦਿਓ।"

***ਧਾਰਨਾ - ਲੋਈਏ ਰਾਮ ਪਿਆਰੀਏ***
***ਤੈਂ ਰਾਮ ਸਵ੍ਹਲੜਾ ਲਾਇਆ -2, 2.***
***ਤਿੰਨ ਵਾਰੀ ਰਾਮ ਕਹਾ ਕੇ***
***ਰੋਗੀ ਦਾ ਰੋਗ ਹਟਾਇਆ -2, 2.***
***ਲੋਈਏ ਰਾਮ ਪਿਆਰੀਏ,.............. -2.***

***ਕਹਤ ਕਬੀਰ ਸੁਨਹੁ ਰੇ ਲੋਈ॥***
***ਅਬ ਤੁਮਰੀ ਪਰਤੀਤਿ ਨ ਹੋਈ॥ ਅੰਗ - 484***

ਤੈਨੂੰ ਵਿਸ਼ਵਾਸ ਨਹੀਂ ਸੀ ਕਿ ਇਕ ਵਾਰੀ ਕਹੇ ਤੋਂ ਹੀ ਇਸ ਦਾ ਰੋਗ ਦੂਰ ਹੋ ਜਾਏਗਾ, 3 ਵਾਰੀ ਕਿਉਂ ਕੁਹਾਇਆ, ਐਨਾ ਸਸਤਾ?"

ਕਹਿੰਦੀ, "ਮਹਾਰਾਜ! ਬੇਨਤੀ ਸੁਣੋ! ਸ਼ਾਂਤ ਹੋਵੋ ਪਹਿਲਾਂ। ਪਹਿਲੀ ਵਾਰੀ ਮੈਂ ਰਾਮ ਕਹਾਇਆ ਸੀ -

***ਗੁਰ ਕਾ ਸਬਦੁ ਕਾਟੈ ਕੋਟਿ ਕਰਮ॥ਅੰਗ - 1195***

ਬਿਮਾਰੀ ਜਿਹੜੀ ਹੁੰਦੀ ਹੈ -

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥***
***ਅੰਗ - 135***

ਮਹਾਰਾਜ! ਇਸ ਨੇ ਹਜ਼ਾਰਾਂ ਪਾਪ ਕਰੇ ਜਿਸ ਦਾ ਫਲ ਇਸ ਦਾ ਸਰੀਰ ਫਟਿਆ। ਸੋ ਪਹਿਲੇ ਰਾਮ ਦੇ ਨਾਲ ਮੈਂ ਉਹ ਪਾਪ ਕੱਟੇ ਨੀਂਹ, ਮੁੱਢ ਕੱਟਿਆ ਹੈ ਇਸ ਦਾ ਜਿਥੋਂ ਬਿਮਾਰੀ ਉਠਦੀ ਹੈ।

ਦੂਜਾ ਰਾਮ ਮੈਂ ਉਸ ਨੂੰ ਰਾਜੀ ਕਰਨ ਵਾਸਤੇ ਕਿਹਾ।"

ਕਹਿੰਦੇ, "ਤੇ ਤੀਜਾ ਕਿਉਂ ਕੁਹਾਇਆ?"

ਕਹਿੰਦੀ, "ਤੀਜਾ ਮੈਂ ਗੁਰਮੰਤਰ ਦਿੱਤਾ ਕਿ ਇਹ ਫੇਰ ਨਾ ਪਾਪਾਂ ਵਿਚ ਪ੍ਰਵਿਰਤ ਹੋ ਜਾਵੇ।"

ਸੋ ਮਹਾਰਾਜ ਕਹਿੰਦੇ, "ਮਰਦਾਨਿਆ! ਜਿਵੇਂ ਸਾਲਸਰਾਏ ਨੂੰ ਲਾਲ ਦੀ ਕੀਮਤ ਦਾ ਪਤਾ ਹੈ, ਪੂਰਾ ਜੌਹਰੀ ਹੈ ਇਸੇ ਤਰ੍ਹਾਂ ਦੇ ਨਾਲ ਕੀਮਤੀ ਚੀਜ਼ਾਂ ਦੀ ਕਦਰ ਕਦਰਦਾਨਾਂ ਬਿਨਾ ਨਹੀਂ ਪਿਆ ਕਰਦੀ।"

ਸੋ ਨਾਮ ਦੀ ਕੀਮਤ ਜੇ ਪੁਛਣੀ ਹੈ ਤਾਂ ਸੰਤਾਂ ਨੂੰ ਪੁਛ ਲਓ ਰਵਿਦਾਸ

ਜੀ ਨੂੰ ਪੁਛੋ, ਕਬੀਰ ਸਾਹਿਬ ਨੂੰ ਪੁਛ, ਨਾਮਦੇਵ ਨੂੰ ਪੁਛ। ਉਨ੍ਹਾਂ ਨੂੰ ਪਤਾ ਹੈ ਕਿ ਨਾਮ ਕਿੱਡੀ ਵੱਡੀ ਕੀਮਤੀ ਚੀਜ ਹੈ। ਸੰਸਾਰ ਨਹੀਂ ਜਾਣਦਾ, ਸੰਸਾਰ ਤਾਂ ਜਾਣਦਾ ਕਿ ਇਹ ਅੱਖਰ ਨੇ, ਨਾਹ ਸੰਸਾਰ ਨੂੰ ਪਤਾ ਹੀ ਨਹੀਂ ਨਾਮ ਕੀ ਹੈ? ਹੁਣ ਇਹ ਮਿਲਦਾ ਕਿਥੋਂ ਹੈ? ਸਾਲਸਰਾਏ ਨੇ ਵੀ ਆ ਕੇ ਏਹੀ ਗੱਲ ਕਹੀ।

ਮਹਾਰਾਜ ਕਹਿੰਦੇ, "ਸਾਲਸਰਾਏ ਤੇਰੇ ਕੋਲ ਤਾਂ ਆਪ ਬਹੁਤ ਕੀਮਤੀ ਚੀਜ਼ਾਂ ਨੇ, ਲਾਲ ਦੀ ਕੀ ਗੱਲ ਕਰਦਾ ਹੈਂ? ਲਾਲ ਕੀ ਹੈ? ਪੱਥਰ ਹੈ।"

ਕਹਿੰਦਾ, "ਮੇਰੇ ਕੋਲ ਤਾਂ ਹੋਰ ਕੁਝ ਨਹੀਂ ਮਹਾਰਾਜ।"

ਕਹਿੰਦੇ, "ਤੇਰੇ ਕੋਲ ਸੁਆਸ ਕਿੰਨੇ ਨੇ 24000 ਸੁਆਸ ਰੋਜ਼ ਦੇ ਬਰਬਾਦ ਕਰ ਦਿੰਦਾ ਹੈ। ਇਕ ਸੁਆਸ ਐਨਾ ਕੀਮਤੀ ਹੈ ਕਿ -

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸੁ ਕੇ ਬੀਚ ਨ ਆਇਓ॥***

ਛਿਨ ਕਹਿੰਦੇ ਨੇ ਅੱਖ ਦੇ ਝਮਕੇ ਜਿੰਨਾ ਚਿਰ ਇਸ ਛਿਨ ਵਿਚ ਜੇ ਤੂੰ ਨਾਮ ਜਪ ਲਏ ਤਾਂ ਵੀ ਕਾਲ ਫਾਸ ਵਿਚ ਨਹੀਂ ਆਉਂਦਾ। ਇਕ ਸੁਆਸ ਰਹਿ ਗਿਆ ਸੀ ਅਜਾਮਲ ਦਾ-

***ਅਜਾਮਲ ਪਾਪੀ ਜਗੁ ਜਾਨੇ***
***ਨਿਮਖ ਮਾਹਿ ਨਿਸਤਾਰਾ॥*** ***ਅੰਗ - 632***

***ਅਜਾਮਲ ਕਉ ਅੰਤ ਕਾਲ ਮਹਿ***
***ਨਾਰਾਇਨ ਸੁਧਿ ਆਈ॥***
***ਜਾਂ ਗਤਿ ਕਉ ਜੋਗੀਸੁਰ ਬਾਛਤ***
***ਸੋ ਗਤਿ ਛਿਨ ਮਹਿ ਪਾਈ॥*** ***ਅੰਗ - 902***

ਵੱਡੇ ਵੱਡੇ ਯੋਗੀ ਜਿਹੜੀ ਗਤੀ ਨੂੰ ਚਾਹੁੰਦੇ ਨੇ ਉਹ ਇਕੋ ਵਾਰੀ ਬੋਲ ਕੇ ਆ ਗਈ। ਉਹ ਹੋਈ ਕਿਵੇਂ? ਪੁੱਤ ਦਾ ਨਾਉਂ ਨਰਾਇਣ ਸੀ। ਮਹਾਤਮਾ ਨੇ ਰੱਖ ਦਿੱਤਾ ਸੀ-

***ਪਤਿਤ ਅਜਾਮਲ ਪਾਪ ਕਰਿ***
***ਜਾਇ ਕਲਾਵਤਣੀ ਦੇ ਰਹਿਆ।***
***ਗੁਰੁ ਤੇ ਬੇਮੁਖ ਹੋਇਕੈ***
***ਪਾਪ ਕਮਾਵੈ ਦੁਰਮਤਿ ਦਹਿਆ।***
***ਬਿਰਥਾ ਜਨਮੁ ਗਵਾਇਅਨੁ***
***ਭਵਜਲ ਅੰਦਰਿ ਫਿਰਦਾ ਵਹਿਆ।***

***ਭਾਈ ਗੁਰਦਾਸ ਜੀ ਦੀ ਵਾਰ 10/20***

ਉਸ ਦਾ ਹੋਇਆ ਕੀ? ਖੁਦਕਸ਼ੀ ਕਰਨ ਚਲਿਆ। ਅੱਗੇ ਮਹਾਤਮਾ ਮਿਲ ਗਏ ਉਹ ਕਹਿੰਦੇ ਆਏਂ ਨਾ ਕਰ ਤੇ ਤੂੰ ਇਸ ਤਰ੍ਹਾਂ ਕਰ ਤੇਰੇ ਪੁੱਤਰ ਸੱਤਵਾਂ ਹੋਣਾ ਹੈ, ਸਾਡੇ ਕੋਲ ਲੈ ਆਈਂ, ਅਸੀਂ ਨਾਉਂ ਰਖਾਂਗੇ -

*ਪੁਤੁ ਉਪੰਨਾਂ ਸਤਵਾਂ ਨਾਉ ਧਰਣ ਨੋ ਚਿਤਿ ਉਮਹਿਆ।*
*ਗੁਰੂ ਦੁਆਰੈ ਜਾਇਕੈ*
*ਗੁਰਮੁਖਿ ਨਾਉ ਨਰਾਇਣੁ ਕਹਿਆ।*
**ਭਾਈ ਗੁਰਦਾਸ ਜੀ ਦੀ ਵਾਰ 10/20**

ਕਹਿੰਦੇ ਲੈ ਨਾਰਾਇਣ ਕਹਿੰਦੇ ਹਾਂ, ਨਾਰਾਇਣ ਕਹਿੰਦੇ ਹਾਂ। ਨਾਰਾਇਣ-ਨਾਰਾਇਣ ਕਰੀਂ ਜਾਈਂ ਤੇ ਜਿਸ ਵਕਤ ਅੰਤ ਕਾਲ ਆਇਆ -

*ਅੰਤਕਾਲ ਜਮਦੂਤ ਵੇਖਿ*
*ਪੁਤ ਨਰਾਇਣੁ ਬੋਲੈ ਛਹਿਆ।*
**ਭਾਈ ਗੁਰਦਾਸ ਜੀ ਦੀ ਵਾਰ 10/20**

ਡਰ ਕੇ ਆਵਾਜ ਮਾਰੀ ਪੁੱਤਰ ਨੂੰ। ਇਕ ਸਾਸ ਰਹਿ ਗਿਆ। ਉਸ ਸਾਹ ਦੇ ਵਿਚ ਸੋਝੀ ਆ ਗਈ, ਸੁਧ ਆ ਗਈ, ਵਾਹਿਗੁਰੂ ਦੀ ਸੁਧ ਆ ਗਈ। ਉਸ ਵੇਲੇ ਹਾਕ ਮਾਰੀ ਪੁੱਤਰ ਨੂੰ ਤੇ ਭਾਵਨਾ ਵਾਹਿਗੁਰੂ ਵਿਚ ਚਲੀ ਗਈ। ਮਹਾਰਾਜ ਕਹਿੰਦੇ -

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ*
*ਕਰਿ ਨਾਰਾਇਣ ਬੋਲਾਰੇ॥*
*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ॥* **ਅੰਗ - 981**

ਇਕ ਸੁਆਸ ਦੇ ਉਤੇ ਨਾਲ ਲਏ ਨੇ ਜਮਦੂਤਾਂ ਨੂੰ ਨਠਾ ਦਿੱਤਾ। ਨਾਮ ਦੀ ਕੀਮਤ ਕੋਈ ਜਾਣਦਾ ਹੈ ਕਿ ਕਿੱਡੀ ਕੁ ਬੜੀ ਚੀਜ਼ ਹੈ।

ਮਹਾਰਾਜ ਕਹਿੰਦੇ, "ਸਾਲਸਰਾਏ! ਇੱਟਾਂ-ਪੱਥਰਾਂ ਦੀ ਨਹੀਂ ਕੀਮਤ ਹੁੰਦੀ, ਕੀਮਤ ਤਾਂ ਤੇਰੇ ਅੰਦਰ ਨਾਮ-

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*
**ਅੰਗ - 293**

ਨਾਮ ਤਾਂ ਤੇਰੇ ਅੰਦਰ ਪਿਆ ਹੈ। ਸਮਰੱਥ ਗੁਰੂ ਨੂੰ ਮਿਲ, ਉਹ ਪ੍ਰਗਟ ਕਰ ਦੇਵੇਗਾ, ਨਾਮ ਨਹੀਂ ਮਿਲਦਾ ਪੂਰੇ ਗੁਰੂ ਤੋਂ ਬਗੈਰ।"

*ਜਿਸੁ ਵਖਰ ਕਉ ਲੈਨਿ ਤੂ ਆਇਆ॥*
*ਰਾਮ ਨਾਮੁ ਸੰਤਨ ਘਰਿ ਪਾਇਆ॥* **ਅੰਗ - 283**

ਮੁਲ ਕੀ ਦੇਣਾ ਪੈਂਦਾ ਹੈ? ਕਹਿੰਦੇ -

*ਤਜਿ ਅਭਿਮਾਨੁ ਲੇਹੁ ਮਨ ਮੋਲਿ॥*
*ਰਾਮ ਨਾਮੁ ਹਿਰਦੇ ਮਹਿ ਤੋਲਿ॥* **ਅੰਗ - 283**

ਫੇਰ ਜਪੀ ਜਾਹ ਰਾਮ-ਰਾਮ, ਵਾਹਿਗੁਰੂ ਵਾਹਿਗੁਰੂ ਪੰਜ ਪਿਆਰਿਆਂ ਨੇ ਨਾਮ ਦੇ ਦਿੱਤਾ। ਗੁਰੂ ਘਰ ਦੀ ਮਰਿਆਦਾ ਜਿਹੜੀ ਹੈ, ਚਲਾਈ ਗੁਰੂ ਦਸਮੇਸ਼ ਪਿਤਾ ਜੀ ਨੇ ਉਹ ਬੜੀ ਠੀਕ ਹੈ। ਗੁਰੂ ਗ੍ਰੰਥ ਸਾਹਿਬ ਜਿਹੜੇ ਨੇ ਇਹ ਪੂਰਨ ਜੋਤ ਹੈ। ਇਨ੍ਹਾਂ ਦੇ ਤਾਅਬੇ ਪੰਜ ਸਿੰਘ ਇਕੱਠੇ ਹੋ ਕੇ ਜਦ ਅਰਦਾਸ ਕਰਦੇ ਨੇ ਗੁਰੂ ਦਸਵੇਂ ਪਾਤਸ਼ਾਹ ਦਾ ਬਚਨ ਹੈ ਕਿ ਜਿਥੇ 5 ਇਕ ਮਨ ਇਕ ਚਿਤ ਹੋ ਕੇ ਅਰਦਾਸ ਕਰਨ ਮੈਂ ਉਨ੍ਹਾਂ ਦੇ ਵਿਚ ਪ੍ਰਵੇਸ਼ ਕਰ ਜਾਵਾਂਗਾ। ਗੁਰੂ ਗਿਆ ਹੋਇਆ ਹੈ ਕਿਤੇ?

ਮੈਂ ਤਾਂ ਸੰਭਾਲ ਕਰਦਾ ਹਾਂ, ਪੰਜ ਦਾ ਬਣਾ ਦਿੱਤਾ, ਇਕ ਦਾ ਨਹੀਂ ਬਣਾਇਆ ਕਿਉਂ ਕਲਜੁਗ ਦਾ ਸਮਾਂ ਹੈ ਜੇ 20% ਵੀ ਇਕੱਲੇ ਇਕੱਲੇ ਦੇ ਪੱਲੇ ਰੁਹਾਨੀਅਤ ਹੋਵੇ ਤਾਂ ਪੂਰੀ ਬਣ ਜਾਂਦੀ ਹੈ 100% ਕਹਿੰਦੇ ਮੈਂ ਵਰਤਾਗਾਂ ਉਨ੍ਹਾਂ ਵਿਚ। ਅੱਗੇ ਦਾ ਕੰਮ ਮੈਂ ਕਰਾਂਗਾ ਉਨ੍ਹਾਂ ਦੇ ਸਰੀਰ ਵਿਚ ਵਰਤ ਕੇ। ਸੋ ਪੰਜ ਪਿਆਰੇ ਇਕੱਠੇ ਹੋ ਕੇ ਕਹਿੰਦੇ ਨੇ ਕਿ ਆਹ ਗੁਰ ਮੰਤ੍ਰ ਹੈ ਤੇ ਆਹ ਹੈ ਮੂਲ ਮੰਤ੍ਰ। ਗੁਰੂ ਘਰ ਦੀ ਇਹ ਮਰਿਆਦਾ ਹੈ ਸੋ ਜੋ ਆਮ ਹੈ ਅਸੀਂ ਦੂਜਿਆਂ ਨੂੰ ਨਹੀਂ ਕਹਿੰਦੇ। ਅਸੀਂ ਕਹਿੰਦੇ ਠੀਕ ਹੈ ਜਿਥੋਂ ਦੀ ਕੋਈ ਲੰਘਦਾ ਹੈ ਲੰਘੋ ਸਹੀ, ਭਾਈ ਬੈਠੋ ਨਾ ਅਵੇਸਲੇ ਹੋ ਕੇ ਕਿਉਂਕਿ ਸਾਡਾ ਗੁਰੂ ਇਹ ਕਹਿੰਦਾ ਹੈ -

***ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥***
***ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥***

***ਅੰਗ - 853***

ਹੇ ਪ੍ਰਭੂ! ਜਿਥੋਂ ਦੀ ਹੋ ਕੇ ਕੋਈ ਲੰਘਦਾ ਹੈ ਲੰਘਾ ਦੇ, ਇਸਲਾਮ ਦਾ ਧਾਰਨੀ ਹੋ ਕੇ ਲੰਘਦਾ ਹੈ ਤਾਂ ਲੰਘਾ ਦੇਹ, ਕਿਸੇ ਹੋਰ ਮਹਾਂਪੁਰਸ਼ ਦੀ ਸੰਗਤ ਕਰਕੇ ਲੰਘਦਾ ਹੈ ਲੰਘਾ ਦੇਹ, ਈਸਾਈ ਹੋ ਕੇ ਲੰਘਣਾ ਚਾਹੁੰਦਾ ਹੈ ਲੰਘਾ ਦੇਹ। ਸਾਰਿਆਂ ਤੇ ਕਿਰਪਾ ਕਰਕੇ ਕਰ ਬਖਸ਼ਿਸ਼ ਕਰ -

ਸਾਰੇ ਸੰਸਾਰ ਦਾ ਭਲਾ ਮਨਾਉਂਦਾ ਹੋਇਆ ਸਾਨੂੰ ਵੀ ਕਹਿੰਦਾ ਹੈ ਕਿ ਤੁਸੀਂ ਸੱਚੇ ਦਿਲ ਨਾਲ ਕਿਹਾ ਕਰੋ -

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬਤ ਦਾ ਭਲਾ॥***

ਭਲਾ ਮੰਗੋ, ਦੁਸ਼ਮਨਾਂ ਦਾ ਵੀ ਭਲਾ ਮੰਗੋ। ਪਹਿਲਾਂ ਤਾਂ ਦੁਸ਼ਮਨ ਹੈ ਹੀ ਨਹੀਂ, ਸਾਡੇ ਆਪਣੇ ਹੀ ਕਰਮ ਨੇ ਜਿਹੜੇ ਦੁਸ਼ਮਨ ਬਣ ਜਾਂਦੇ ਨੇ। ਸੋ ਗੁਰੂ ਘਰ ਵਿਚ ਮਰਿਆਦਾ ਇਸ ਤਰ੍ਹਾਂ ਨਾਲ ਮਿਲਦੀ ਹੈ। ਬਾਕੀ ਜਿਹੜੀ ਹੈ ਇਹ ਸਾਰਿਆਂ ਨੂੰ ਆਪਣਾ ਆਪਣਾ ਹੁੰਦਾ ਹੈ ਹਿਸਾਬ ਕਿਤਾਬ, ਸਾਰੇ ਜਾਣਦੇ ਨੇ। ਇਹ ਗੁਰੂ ਤੋਂ ਬਗੈਰ ਨਾਮ ਨਹੀਂ ਮਿਲਿਆ ਕਰਦਾ। ਸੋ ਸਾਡੇ ਨਾਮ ਦੇਣ ਵਾਸਤੇ ਜੋ ਅੰਮ੍ਰਿਤ ਦੀ ਕਿਰਿਆ ਹੁੰਦੀ ਹੈ ਉਹ ਕੋਈ ਗਿਣਤੀਆਂ ਵਧਾਉਣ ਵਾਸਤੇ ਨਹੀਂ ਹੁੰਦੀ, ਉਹ ਇਹ ਹੁੰਦੀ ਹੈ ਕਿ ਇਨ੍ਹਾਂ ਦੇ ਹਿਰਦੇ ਵਿਚ ਨਾਮ ਦੇ ਬੂਟੇ ਦੀ ਜੜ੍ਹ ਜਾਵੇ। ਉਹ ਜੜ੍ਹ ਦਾ ਤਾਂ ਹੈ ਜੇ ਅਧਿਆਕੀਰ ਹੋਵੇ। ਜੇ

ਜ਼ਮੀਨ ਹੀ ਨਹੀਂ, ਖਰਾਬ ਜਮੀਨ ਹੈ, ਕਲਰ ਹੈ ਫੇਰ ਨਹੀਂ ਹੁੰਦਾ –

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥***
***ਗੁਰ ਪਰਸਾਦੀ ਰਾਮੁ ਮਨਿ ਵਸੈ***
***ਤਾ ਫਲੁ ਪਾਵੈ ਕੋਇ॥*** ***ਅੰਗ – 491***

ਫੇਰ ਫਲ ਦੀ ਪ੍ਰਾਪਤੀ ਹੁੰਦੀ ਹੈ।

ਸੋ ਇਸ ਤਰ੍ਹਾਂ ਮਹਾਰਾਜ ਨੇ ਸਮਝਾਇਆ ਸਾਲਸਰਾਏ ਨੂੰ, ਮਰਦਾਨੇ ਨੂੰ ਵੀ ਸਮਝਾਇਆ। ਸੋ ਭਾਈ ਮੰਝ ਗੁਰੂ ਮਹਾਰਾਜ ਗੁਰੂ ਪੰਜਵੇਂ ਪਾਤਸ਼ਾਹ ਦੇ ਚਰਨ ਸ਼ਰਨ ਆਇਆ। ਸਾਧ ਨੂੰ ਛੱਡ ਗਿਆ ਕਿ ਮੈਂ ਨਹੀਂ ਹੁਣ ਜਾਣਾ ਨਗਾਹੇ ਦੇ, ਸਰਵਰ ਦੇ ਮੈਂ ਨਹੀਂ ਜਾਣਾ, ਮੈਂ ਜਿਥੇ ਆਉਣਾ ਸੀ ਆ ਗਿਆ, ਮੈਂ ਜਿਹੜੀ ਗੱਲ ਸੁਣਨੀ ਸੀ ਸੁਣ ਲਈ, ਜਿਹੜੀ ਸਮਝਣੀ ਸੀ ਸਮਝ ਲਈ। ਹੁਣ ਮੈਨੂੰ ਪਤਾ ਲੱਗਿਆ ਕਿ ਮੇਰਾ ਤਾਂ ਜਨਮ ਹੀ ਬਿਰਥਾ ਚਲਿਆ ਗਿਆ। ਉਸ ਵੇਲੇ ਗੁਰੂ ਮਹਾਰਾਜ ਜੀ ਦੇ ਪਾਸ ਆ ਕੇ ਬੇਨਤੀਆਂ ਕਰਦਾ ਹੈ। ਹੇ ਪ੍ਰਭੂ! ਮੈਨੂੰ ਆਪਣੇ ਚਰਨਾਂ ਦਾ ਸੇਵਕ ਬਣਾ ਲੈ।

ਮਹਾਰਾਜ ਕਹਿਣ ਲੱਗੇ, "ਤੇਰਾ ਵਿਸ਼ਵਾਸ ਹੁਣ ਤੱਕ ਕਿਥੇ ਰਿਹਾ?"

ਕਹਿੰਦਾ, "ਮੇਰਾ ਵਿਸ਼ਵਾਸ ਸੀ ਮਹਾਰਾਜ ਮਹਿਮਦ ਦੇ ਉਤੇ, ਜਿਸ ਨੂੰ ਸਰਵਰੀਆ ਕਹਿੰਦੇ ਨੇ।"

ਮਹਾਰਾਜ ਕਹਿੰਦੇ ਫੇਰ ਤਾਂ ਬੜੀ ਔਖੀ ਗੱਲ ਹੈ। ਦੋ ਬੇੜੀਆਂ ਦੇ ਵਿਚ ਤਾਂ ਲੰਘ ਨਹੀਂ ਹੋਣਾ, ਵਿਸ਼ਵਾਸ ਗੁਰੂ ਦੇ ਨਾਲ ਲਾਉਣਾ ਪੈਣਾ ਹੈ। ਉਧਰੋਂ ਪੁੱਟ ਕੇ ਏਧਰ ਲਾਉਣਾ ਪੈਣਾ ਹੈ ਤੇ ਫੇਰ ਤੂੰ ਚੌਧਰੀ ਹੈ।"

ਕਹਿੰਦਾ, "ਹਾਂ ਜੀ! ਮੈਂ ਚੌਧਰੀ ਹਾਂ ਬਹੁਤ ਸਾਰੇ ਪਿੰਡਾਂ ਦਾ ਤੇ ਮੈਂ ਚੌਧਰੀ ਹੀ ਨਹੀਂ, ਮੈਂ ਇਨ੍ਹਾਂ ਦਾ ਜਥੇਦਾਰ ਵੀ ਹਾਂ, ਲੈ ਕੇ ਜਾਂਦਾ ਹਾਂ ਸੰਗ ਹਰ ਵਾਰ।"

ਕਹਿੰਦੇ, "ਫੇਰ ਪਿਆਰਿਆ! ਤੂੰ ਤਾਂ ਬੜੀ ਔਖੀ ਘਾਟੀ ਵਿਚੋਂ ਲੰਘਣਾ ਚਾਹੁੰਦਾ ਹੈ ਬੜਾ ਮੁਸ਼ਕਲ ਹੈ। ਇਸ ਦੇ ਵਾਸਤੇ ਤਾਂ ਆਪਣਾ ਆਪਾ ਪੂਰੀ ਤਰ੍ਹਾਂ ਦੇ ਨਾਲ ਗੁਆਣਾ ਪੈਣਾ ਹੈ। ਪਹਿਲੇ ਸਾਰੇ ਸੰਸਕਾਰ ਜਿਹੜੇ ਨੇ ਉਹ ਢਾਹੁਣੇ ਪੈਣੇ ਨੇ, ਧੋਣੇ ਪੈਣੇ ਨੇ। ਤੇਰੇ ਘਰ ਵਿਚ ਮੁਕਾਮ ਹੈ ਤੇ ਤੂੰ ਔਖੀ ਘਾਟੀ ਵਿਚ ਆ ਗਿਆ ਤੇ ਇਹ ਪ੍ਰੇਮ ਦੀ ਖੇਲ ਕੋਈ ਸੁਖਾਲੀ ਨਹੀਂ ਹੁੰਦੀ ਇਹ ਬੜੀ ਔਖੀ ਹੈ।"

***ਧਾਰਨਾ – ਸੀਸ ਤਲੀ ਤੇ ਧਰਨਾ ਪੈਂਦੈ,***
***ਔਖੀ ਖੇਡ ਪ੍ਰੇਮ ਦੀ –2, 2.***

*ਸੀਸ ਤਲੀ ਤੇ ਧਰਨਾ ਪੈਂਦੈ,.... -2.*

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥ ਅੰਗ - 1412*

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*
*ਅੰਗ - 1102*

ਕਹਿਣ ਲੱਗੇ, "ਭਾਈ ਗੁਰਮੁਖਾ! ਹੱਦ ਤੋਂ ਜਿਆਦਾ ਜਿਹੜੀ ਦੁਨੀਆਂ ਵਿਚ ਕੀਮਤੀ ਚੀਜ਼ ਹੈ, ਉਸ ਦੀ ਤੂੰ ਮੰਗ ਕਰੀ ਹੈ, ਐਨਾ ਸੁਖਾਲਾ ਤਾਂ ਨਹੀਂ ਹੁੰਦਾ। ਇਹ ਤਾਂ ਸਿਰ ਤਲੀ ਤੇ ਧਰਨਾ ਪੈਣਾ ਹੈ, ਤੂੰ ਹੈ ਚੌਧਰੀ, ਨਾਲ ਹੈਂ ਤੂੰ ਸੰਗ ਦਾ ਜਥੇਦਾਰ। ਤੈਨੂੰ ਪਤਾ ਹੈ ਤੇਰੀ ਕਿੰਨੀ ਮੁਖਾਲਫਤ ਹੋਏਗੀ? ਕਿੰਨੀ ਭਾਈਚਾਰਕ ਜੀਵਨ ਵਿਚ ਤੈਨੂੰ ਕਿੰਨੀ ਔਖਿਆਈ ਆ ਜਾਏਗੀ, ਬੜਾ ਮੁਸ਼ਕਲ ਹੋ ਜਾਣਾ ਹੈ, ਪਹਿਲਾਂ ਆਪਣੇ ਆਪ ਨੂੰ ਤਿਆਰ ਕਰ, ਕਾਬਲ ਕਰ, ਫੇਰ ਸਾਡੇ ਕੋਲ ਆਈ। ਉਸ ਦੇ ਵਾਸਤੇ ਪਹਿਲਾਂ ਤਾਂ ਇਹ ਹੈ ਕਿ ਜਾਹ! ਘਰ ਜਾ ਕੇ ਮੁਕਾਮ ਬਣਿਆ ਹੋਇਆ ਹੈ ਜਿਥੇ ਵੀਰਵਾਰ ਨੂੰ ਦੀਵੇ ਜਾਲਦਾ ਹੈਂ ਨਾਹ, ਉਸ ਨੂੰ ਢਾਹ ਦੇ। ਜੇ ਤਾਂ ਤੂੰ ਉਹ ਮੁਖਾਲਫਤ ਸਹਿ ਗਿਆ ਫੇਰ ਆ ਜਾਵੀਂ ਸਾਡੇ ਕੋਲ।"

ਸੋ ਇਸ ਤਰ੍ਹਾਂ ਨਾਲ ਸਾਧ ਸੰਗਤ ਜੀ ਸਮਾਂ ਇਜਾਜਤ ਨਹੀਂ ਦਿੰਦਾ। ਹੁੰਮ ਹਮਾ ਕੇ ਪਹੁੰਚਿਆ ਕਰੋ। ਸੋ ਭੋਗ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਜਿੰਨਾ ਚਿਰ ਸੁਖ ਆਸਣ ਹੁੰਦੇ ਨੇ ਓਨੀ ਦੇਰ ਪ੍ਰੋਗਰਾਮ ਸੁਣਾ ਦਿਆ ਕਰੋ। ਹੋਰ ਬਹੁਤੇ ਲੈਕਚਰਾਂ ਦੀ ਲੋੜ ਨਹੀਂ। ਜੇ ਦੇਣੇ ਹੀ ਹਨ ਤਾਂ ਮੈਥੋਂ ਪਹਿਲਾਂ ਸੁਣਾ ਦਿਆ ਕਰੋ।

ਸੋ ਹੁਣ ਸਾਰੇ ਪ੍ਰੇਮੀ ਗੁਰ ਸਤੋਤਰ ਵਿਚ ਬੋਲੋ ਭਾਈ।

-ਗੁਰਸਤੋਤਰ-

-ਅਰਦਾਸ-

'

# ਖਾਲਸਾ ਅਕਾਲ ਪੁਰਖ ਕੀ ਫੌਜ
# (ਵਿਸਾਖੀ ਅਤੇ ਖਾਲਸੇ ਦੀ ਸਿਰਜਨਾ)

*ਵੈਸਾਖਿ ਧੀਰਨਿ ਕਿਉ ਵਾਢੀਆ*
*ਜਿਨਾ ਪ੍ਰੇਮ ਬਿਛੋਹੁ ॥*
*ਹਰਿ ਸਾਜਨੁ ਪੁਰਖੁ ਵਿਸਾਰਿ ਕੈ*
*ਲਗੀ ਮਾਇਆ ਧੋਹੁ ॥*
*ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥*
*ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥*
*ਇਕਸੁ ਹਰਿ ਕੇ ਨਾਮ ਬਿਨੁ*
*ਅਗੈ ਲਈਅਹਿ ਖੋਹਿ ॥*
*ਦਯੁ ਵਿਸਾਰਿ ਵਿਗੁਚਣਾ*
*ਪ੍ਰਭ ਬਿਨੁ ਅਵਰੁ ਨ ਕੋਇ ॥*
*ਪ੍ਰੀਤਮ ਚਰਣੀ ਜੋ ਲਗੇ*
*ਤਿਨ ਕੀ ਨਿਰਮਲ ਸੋਇ ॥*
*ਨਾਨਕ ਕੀ ਪ੍ਰਭ ਬੇਨਤੀ*
*ਪ੍ਰਭ ਮਿਲਹੁ ਪਰਾਪਤਿ ਹੋਇ ॥* *ਅੰਗ - 134*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ, ਮਹਾਨ ਪੁਰਬ ਜੋ ਵਿਸਾਖੀ ਦਾ ਹੈ, ਜਿਸ ਦਿਨ ਬਹੁਤ ਵੱਡੀ ਘਟਨਾ ਭਾਰਤ ਦੇ ਇਤਿਹਾਸ, ਦੁਨੀਆਂ ਦੇ ਇਤਿਹਾਸ ਵਿਚ ਵਰਤੀ। ਕੋਈ ਮਾਮੂਲੀ ਦਿਨ ਨਹੀਂ ਹੈ। ਕਿਸੇ ਦਾ ਆਪਣਾ ਜਨਮ ਦਿਨ ਹੋਵੇ, ਹਜ਼ਾਰਾਂ ਰੁਪਿਆ ਖਰਚ ਦਿੰਦੇ ਨੇ। ਵੱਡੇ-ਵੱਡੇ ਗਾਉਣ ਵਾਲੇ, ਬਹੁਤ ਕਲਾਕਾਰ ਮੰਗਾਉਂਦੇ ਨੇ। ਇਹ ਜੋ ਮਹਾਨ ਦਿਨ ਹੈ ਅੱਜ ਸੰਗਰਾਂਦ ਦਾ ਵੀ ਦਿਹਾੜਾ ਹੈ ਤੇ ਨਾਲ ਹੀ ਗੁਰੂ ਖਾਲਸੇ ਦਾ ਪ੍ਰਕਾਸ਼ ਦਿਵਸ ਵੀ ਹੈ। ਅੱਜ ਦੇ ਦਿਨ ਭਾਰਤ ਦੇ ਇਤਿਹਾਸ ਵਿਚ ਬਹੁਤ ਵੱਡੀ ਘਟਨਾ ਘਟੀ ਹੈ। ਜਦ ਤਕ ਸੰਸਾਰ ਨੇ ਰਹਿਣਾ ਹੈ, ਓਸ ਵੇਲੇ ਤੱਕ ਇਹਦੀ ਯਾਦ ਸਿਮ੍ਰਿਤੀ ਹਿਰਦਿਆਂ 'ਚ ਬਣੀ ਰਹਿਣੀ ਹੈ। ਸੋ ਜੋ ਮਹੀਨੇ ਹੈ ਦੂਸਰਾ ਮਹੀਨਾ ਸਾਲ ਦਾ ਵੈਸਾਖ ਦਾ ਅੱਜ ਤੋਂ ਸ਼ੁਰੂ ਹੁੰਦਾ ਹੈ, ਲੇਕਿਨ ਸੰਮਤ ਜੋ ਹੈ ਉਹ ਚੰਦਰਮਾ ਦੀ ਸੰਮਤ ਚੇਤ ਤੋਂ ਸ਼ੁਰੂ ਹੁੰਦੀ ਹੈ ਤੇ ਦੂਸਰੀ ਜੋ ਸੰਮਤ ਹੈ ਉਹ ਅੱਜ ਸ਼ੁਰੂ ਹੋਇਆ ਕਰਦੀ ਹੈ। ਇਹ ਜੋ ਮਹੀਨਾ ਹੈ ਗੁਰੂ ਮਹਾਰਾਜ ਨੇ ਦੋ ਤਰ੍ਹਾਂ ਲਿਖਿਆ ਹੈ। ਇਕਨਾ ਨੂੰ ਇਹ ਬਹੁਤ ਪਿਆਰਾ ਲਗਦਾ ਹੈ, ਖੁਸ਼ੀਆਂ ਭਰਿਆ ਹੁੰਦਾ ਹੈ, ਇਕਨਾ ਦੇ ਚਿੱਤ ਵਿਚ ਉਦਾਸੀ ਹੋਇਆ ਕਰਦੀ ਹੈ। ਉਨ੍ਹਾਂ ਨੂੰ ਖੁਸ਼ੀ ਭਰਿਆ ਨਹੀਂ ਇਹ ਆਉਂਦਾ। ਫਸਲਾਂ ਪੱਕ ਜਾਂਦੀਆਂ ਨੇ, ਕੋਇਲ ਬੋਲਣ ਲਗ ਜਾਂਦੀ ਹੈ। ਮੌਸਮ ਬਦਲ ਜਾਂਦਾ ਹੈ। ਸਰੀਰ ਦੇ ਵਿਚ ਖ਼ੂਨ ਜਿਹੜਾ ਹੈ ਉਹ ਪੰਘਰਣ ਲਗ ਜਾਂਦਾ ਹੈ, ਪਤਲਾ ਪੈ ਜਾਂਦਾ ਹੈ। ਆਰਥਕ ਹਾਲਤ ਦੇ ਵਿਚ ਆਸ ਬੱਝ ਜਾਂਦੀ ਹੈ ਕਿ ਹੁਣ ਸਾਡੇ ਖਰਚ ਜਿਹੜੇ ਨੇ ਉਹ ਪੂਰੇ ਹੋਣਗੇ। ਫਸਲਾਂ ਵਾਹਿਗੁਰੂ ਜੀ ਲਿਆ ਦੇਣ। ਅਸਮਾਨ ਵਲ

ਨੂੰ ਦੇਖਦੇ ਨੇ ਕਿ ਪਾਤਸ਼ਾਹ! ਬੱਦਲਾਂ ਨੂੰ ਦੂਰ ਹੀ ਰੱਖੀਂ ਅਜੇ। ਦਾਣੇ ਨੇ ਦੁਨੀਆਂ ਨੇ, ਤੇਰੇ ਜੀਵਾਂ-ਜੰਤਾਂ ਨੇ ਖਾਣੇ ਨੇ। ਕ੍ਰਿਪਾ ਕਰ, ਸਾਡੇ ਹੱਥ ਵਿਚ ਦਾਣੇ ਆ ਜਾਣ। ਉਸ ਵੇਲੇ ਵਾਹਿਗੁਰੂ ਦੇ ਸ਼ੁਕਰਾਨੇ ਦੇ ਅੰਦਰ ਇਕ ਐਸੀ ਲਹਿਰ ਜਾਗਦੀ ਹੈ। ਮਨੁੱਖ ਨੱਚਦਾ ਹੈ, ਟੱਪਦਾ ਹੈ, ਖੁਸ਼ ਹੁੰਦਾ ਹੈ। ਸਰੀਰ ਵਿਚ ਹਰਕਤ ਵਧਦੀ ਹੈ, ਸੋ ਮਹਾਰਾਜ ਜੀ ਨੇ ਦੋਵੇਂ ਤਰ੍ਹਾਂ ਦੱਸ ਦਿਤਾ ਕਿ ਇਕ ਤਾਂ ਉਹ ਨੇ ਜਿਨ੍ਹਾਂ ਨੂੰ ਇਸ ਮਹੀਨੇ ਦੇ ਵਿਚ ਉਦਾਸੀ ਆ ਜਾਂਦੀ ਹੈ। ਇਕ ਉਹ ਨੇ ਜਿਨ੍ਹਾਂ ਦੇ ਅੰਦਰ ਖੁਸ਼ੀਆਂ ਆ ਜਾਂਦੀਆਂ ਨੇ। ਉਦਾਸੀ ਉਨ੍ਹਾਂ ਨੂੰ ਆਉਂਦੀ ਹੈ ਜਿਨ੍ਹਾਂ ਦਾ ਪਿਆਰਾ ਵਿਛੜ ਜਾਂਦਾ ਹੈ, ਵਾਹਿਗੁਰੂ ਦਾ ਮਿਲਾਪ ਨਹੀਂ ਹੁੰਦਾ। ਉਹ ਉਦਾਸ ਹੁੰਦੇ ਨੇ। ਜਿਨ੍ਹਾਂ ਨੂੰ ਪ੍ਰਮੇਸ਼ਰ ਦਾ ਪਿਆਰ ਲਗਦਾ ਹੈ ਉਨ੍ਹਾਂ ਦਾ ਮਨ ਖੁਸ਼ ਹੁੰਦਾ ਹੈ। ਉਹਦੇ ਬਾਰੇ ਮਹਾਰਾਜ ਲਿਖਦੇ ਨੇ ਕਿ ਵੈਸਾਖ ਦਾ ਮਹੀਨਾ ਸੁਹਾਵਾ ਤਾਂ ਹੁੰਦਾ ਹੈ ਜੇ ਇਸ ਮਹੀਨੇ ਦੇ ਵਿਚ ਸਾਧੂਆਂ ਦੀ ਸੰਗਤ ਮਿਲਦੀ ਰਹੇ। ਫੇਰ ਪਿਆਰਾ ਹੋਇਆ ਕਰਦਾ ਹੈ।

***ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥ ਅੰਗ - 133***

ਮਹਾਰਾਜ ਕਹਿੰਦੇ ਉਨ੍ਹਾਂ ਨੂੰ ਧੀਰਜ ਕਿਵੇਂ ਆ ਸਕਦੀ ਹੈ, ਜਿਨ੍ਹਾਂ ਨੂੰ ਵਾਹਿਗੁਰੂ ਦਾ ਵਿਛੋੜਾ ਹੋ ਗਿਆ-

***ਹਰਿ ਸਾਜਨੁ ਪੁਰਖੁ ਵਿਸਾਰਿ ਕੈ***
***ਲਗੀ ਮਾਇਆ ਧੋਹੁ॥ ਅੰਗ - 133***

ਉਸ ਮਾਲਕ ਨੂੰ ਤਾਂ ਭੁੱਲ ਗਏ ਜਿਹੜਾ ਸਭ ਕੁਝ ਖਾਣ-ਪੀਣ ਨੂੰ ਦਿੰਦਾ ਹੈ, ਜਿਹਨੇ ਮਾਂ-ਬਾਪ ਦਿਤੇ ਨੇ, ਸੋਹਣਾ ਘਰ ਦਿਤਾ ਹੈ। ਸੋਹਣੀ ਸਿਹਤ ਦਿਤੀ ਹੈ। ਭੁੱਲ ਗਏ ਉਸਨੂੰ। ਉਸਨੂੰ ਭੁੱਲਣ ਦੇ ਨਾਲ -

***ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥ ਅੰਗ - 133***

ਜਦੋਂ ਸੰਸਾਰ ਤੋਂ ਜਾਣਾ ਹੈ ਓਸ ਵੇਲੇ ਵੀ, ਸੰਸਾਰ ਦੇ ਵਿਚ ਰਹਿੰਦੇ-ਰਹਿੰਦੇ ਵੀ, ਸਾਰੇ ਸਾਥੀ, ਸਾਰੇ ਰਿਸ਼ਤੇਦਾਰ ਸਾਥ ਨਹੀਂ ਦਿਆ ਕਰਦੇ। ਵਿਚ-ਵਿਚਾਲੇ ਰਹਿ ਜਾਂਦੇ ਨੇ। ਮਹਾਰਾਜ ਕਹਿੰਦੇ ਰਿਸ਼ਤੇਦਾਰ ਵੀ, ਧਨ ਵੀ, ਇਹ ਨਾਲ ਨਹੀਂ ਜਾਂਦੇ। ਜਾਂਦਾ ਹੈ ਵਾਹਿਗੁਰੂ ਦਾ ਨਾਮ।

***ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥ ਅੰਗ - 133***

ਇਕ ਦੋ ਚਾਰ ਨਹੀਂ, ਸਾਰਾ ਸੰਸਾਰ ਪਚ-ਪਚ ਕੇ ਏਸ ਦੇ ਵਿਚ ਖਤਮ ਹੋ ਕੇ ਚਲਿਆ ਜਾਂਦਾ ਹੈ। ਫੇਰ ਜਨਮ ਲੈ ਲੈਂਦਾ ਹੈ, ਫੇਰ ਏਸੇ ਤਰ੍ਹਾਂ ਹੋ ਜਾਂਦਾ ਹੈ, ਫੇਰ ਜਨਮ ਲੈ ਲੈਂਦਾ ਹੈ, ਐਸ ਚੱਕਰ ਵਿਚ ਪਿਆ ਹੋਇਆ ਹੈ -

***ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥ ਅੰਗ - 133***

ਬਾਕੀ ਚੀਜ਼ਾਂ ਕੋਈ ਵੀ ਨਾਲ ਨਹੀਂ ਜਾਂਦੀਆਂ।

***ਕਰਮ ਧਰਮ ਪਾਖੰਡ ਜੋ ਦੀਸਹਿ***
***ਤਿਨ ਜਮੁ ਜਾਗਾਤੀ ਲੂਟੈ॥ ਅੰਗ - 747***

ਇਨ੍ਹਾਂ ਨੂੰ ਤਾਂ ਰਾਹ ਵਿਚ ਜਮਦੂਤ ਲੁੱਟ ਲੈਂਦੇ ਨੇ ਕਿਉਂਕਿ ਐਸਾ ਲਿਖਿਆ ਹੋਇਆ ਹੈ ਕਿ ਜਦੋਂ ਇਹ ਜੀਵ ਜਾਂਦਾ ਹੈ। ਉਸ ਵਿਚ ਜਿਥੇ ਤੱਕ ਧਰਮਰਾਜ ਦਾ ਅਸਥਾਨ ਹੈ, ਉਹਦੇ ਰਸਤੇ ਵਿਚ 21 ਪੁਰੀਆਂ ਆਉਂਦੀਆਂ ਨੇ। ਜਿਸ ਤਰ੍ਹਾਂ ਟੋਲ ਟੈਕਸ ਲਗਦਾ ਹੈ ਇਸ ਤਰ੍ਹਾਂ ਇਕ ਪੁਰੀ ਤੋਂ ਦੂਸਰੀ ਵਿਚ ਜਾਣਾ ਹੈ ਤਾਂ ਟੈਕਸ ਲਗਦਾ ਹੈ। ਕਰਮ ਧਰਮ ਦੇਣੇ ਪੈਂਦੇ ਨੇ। ਫੇਰ ਮਹਾਰਾਜ ਕਹਿੰਦੇ ਐਸਾ ਭਿਆਨਕ ਰਸਤਾ ਹੈ -

***ਜਹ ਮਾਤ ਪਿਤਾ ਸੁਤ ਮੀਤ ਨ ਭਾਈ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥***
***ਜਹ ਮਹਾ ਭਇਆਨ ਦੂਤ ਜਮ ਦਲੈ॥***
***ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥***
***ਜਹ ਮੁਸਕਲ ਹੋਵੈ ਅਤਿ ਭਾਰੀ॥***
***ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥***

***ਅੰਗ - 264***

ਐਸਾ ਜਦ ਭਿਆਨਕ ਰਸਤਾ ਸਾਨੂੰ ਲੰਘਣਾ ਪੈਂਦਾ ਹੈ, ਉਸ ਵੇਲੇ ਜੀਵ ਤੜਫਦਾ ਹੈ।

***ਜਿਹ ਪੈਡੈ ਮਹਾ ਅੰਧ ਗੁਬਾਰਾ॥ ਅੰਗ - 264***

ਉਹ ਕਹਿੰਦੇ ਕੋਈ ਪੁੰਨ ਦਾਨ ਕੀਤਾ ਹੈ ਤੂੰ? ਸੋਚਦਾ ਹੈ ਕਿ ਫਲਾਣਾ ਪੁੰਨ ਕਰਿਆ ਹੈ, ਉਹਦੇ ਬਦਲੇ ਜਿੰਨੀ ਦੂਰ ਤੱਕ ਚਾਨਣਾ ਮਿਲ ਜਾਏਗਾ, ਓਨਾ ਅਸੀਂ ਕਰ ਦਿੰਦੇ ਹਾਂ।

ਇਕ ਵਾਰੀ ਐਸਾ ਹੋਇਆ ਕਿ ਕਈ ਪ੍ਰੇਮੀਆਂ ਨੂੰ ਇਹ ਖਿਆਲ ਹੁੰਦਾ ਹੈ ਕਿ ਇਹ ਜੋ ਪਰਲੋਕ ਦੇ ਬਚਨ ਕੀਤੇ ਜਾਂਦੇ ਨੇ। ਇਹ ਹੁੰਦਾ ਵੀ ਹੈ? ਕਿ ਐਵੇਂ ਸਾਨੂੰ ਡਰਾਉਣ ਵਾਸਤੇ ਸਾਧੂ ਮਹਾਂਪੁਰਸ਼ਾਂ ਨੇ ਕਿਹਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਗੁਰਬਾਣੀ ਦੇ ਅੰਦਰ ਕੋਈ ਵੀ ਐਸੀ ਗੱਲ ਨਹੀਂ ਹੈ ਜਿਹੜੀ ਨਾ ਹੁੰਦੀ ਹੋਵੇ ਤੇ ਗੁਰੂ ਮਹਾਰਾਜ ਨੇ ਲਿਖ ਦਿਤੀ ਹੋਵੇ। ਦੂਜਾ ਇਹ ਹੈ ਕਿ ਗੁਰਬਾਣੀ ਜੋ ਹੈ ਉਹ ਅਕਾਲ ਪੁਰਖ ਵਲੋਂ ਆਈ ਹੈ।

***ਜੈਸੀ ਮੈ ਆਵੈ ਖਸਮ ਕੀ ਬਾਣੀ***
***ਤੈਸੜਾ ਕਰੀ ਗਿਆਨੁ ਵੇ ਲਾਲੋ॥ ਅੰਗ - 722***

ਮਹਾਰਾਜ ਆਪ ਦੱਸ ਰਹੇ ਨੇ ਕਿ ਐਹੋ ਜਿਹੇ ਰਸਤਿਆਂ ਨਾਲ ਤੇਰਾ ਵਾਹ ਪੈਣਾ ਹੈ। ਸਾਧੂਆਂ, ਸੰਤਾਂ ਦੇ ਤੂੰ ਬਚਨ ਸੁਣ, ਬਚਨ ਸੁਣ ਕੇ ਤੂੰ ਆਪਣਾ ਪਰਲੋਕ ਸੰਵਾਰ ਲੈ, ਨਹੀਂ ਬਹੁਤ ਔਖਾ ਹੋ ਜਾਏਂਗਾ ਤੂੰ। ਉਨ੍ਹਾਂ ਦੇ ਅਨੁਸਾਰ ਇਹ ਚੀਜ਼ਾਂ ਚਲਦੀਆਂ ਨੇ।

ਇਕ ਵਾਰੀ ਬੀਬੀ ਜੀ ਇਥੇ 34 ਸੈਕਟਰ ਗੁਰਦੁਆਰੇ ਨੂੰ ਜਾਂਦੇ ਸੀ।

ਰਸਤੇ ਵਿਚ ਇਕ ਬੀਬੀ ਮਿਲੀ ਉਹ ਵੀ ਸਾਡੇ ਕੋਲ ਹੀ ਰਹਿੰਦੀ ਸੀ। ਉਹ ਪੋਟਲੀਆਂ ਬੰਨ੍ਹੀ ਜਾਂਦੀ ਹੈ, ਕਿਸੇ 'ਚ ਦਾਲ ਬੰਨ੍ਹੀ ਹੋਈ ਹੈ, ਕਿਸੇ 'ਚ ਲੂਣ ਬੰਨ੍ਹਿਆ ਹੋਇਆ ਹੈ, ਕਿਤੇ ਮਿਰਚਾਂ ਨੇ, ਕਿਤੇ ਮਿੱਠਾ ਹੈ, ਕਿਤੇ ਆਟਾ ਹੈ। ਤੁਹਾਡੇ ਬੀਜੀ ਨੇ ਕਿਹਾ ਕਿ ਭੈਣ ਤੂੰ ਇਹ ਬੜੀਆਂ ਪੋਟਲੀਆਂ ਬੰਨ੍ਹੀਆਂ ਨੇ? ਕਹਿਣ ਲੱਗੀ ਮੇਰੀ ਗੱਲ ਸੁਣਨੀ ਹੈ ਤਾਂ ਬੈਠ ਜਾਓ। ਘਾਹ ਸੀਗਾ ਉਹਦੇ ਉਤੇ ਬੈਠ ਗਈਆਂ। ਕਹਿਣ ਲੱਗੀ ਮੈਂ ਚੜ੍ਹਾਈ ਕਰ ਗਈ ਸੀ। ਚੜ੍ਹਾਈ ਕਰਕੇ ਜਦੋਂ ਮੈਨੂੰ ਲਿਜਾ ਰਹੇ ਸੀ ਪਰਲੋਕ ਨੂੰ। ਐਸਾ ਰਸਤਾ ਆਇਆ ਤੇ ਮੈਨੂੰ ਬਹੁਤ ਪਿਆਸ ਲੱਗੀ ਹੋਈ ਸੀ। ਪ੍ਰਾਣ ਖੁਸ਼ਕ ਹੁੰਦੇ ਜਾਂਦੇ ਸੀ। ਮੈਂ ਕਿਹਾ ਭਾਈ, ਮੈਨੂੰ ਪਾਣੀ ਤਾਂ ਪਿਲਾ ਦਿਓ। ਕਹਿੰਦੀ ਮੈਨੂੰ ਮਾਰਨ ਕੁੱਟਣ ਵਾਲੇ ਨਹੀਂ ਸੀ ਆਏ। ਦੋ ਤਰ੍ਹਾਂ ਦੇ ਆਉਂਦੇ ਨੇ ਇਕ ਤਾਂ ਗਾਈਡ ਆਉਂਦੇ ਨੇ, ਉਹ ਤਾਂ ਲੈ ਜਾਂਦੇ ਨੇ ਇਸ ਰੂਹ ਨੂੰ ਆਰਾਮ ਦੇ ਨਾਲ ਹੀ। ਦੂਸਰੇ ਹੁੰਦੇ ਨੇ ਜਮਦੂਤ ਉਨ੍ਹਾਂ ਵਾਸਤੇ ਜਿਨ੍ਹਾਂ ਨੇ ਸੰਸਾਰ 'ਚ ਆ ਕੇ ਗਲਤ ਕੰਮ ਕਰੇ ਨੇ। ਦੂਸਰਿਆਂ ਨੂੰ ਦੁਖ ਦਿਤਾ ਹੈ, ਦੂਸਰਿਆਂ ਦੀਆਂ ਜਾਇਦਾਦਾਂ ਦੱਬੀਆਂ ਨੇ, ਦੂਸਰਿਆਂ ਦੀਆਂ ਚੁਗਲੀਆਂ ਕੀਤੀਆਂ ਨੇ, ਦੂਸਰਿਆਂ ਦੇ ਨੁਕਸਾਨ ਕੀਤੇ ਨੇ, ਉਹ ਜਿਹੜੇ ਪ੍ਰੇਮੀ ਹੁੰਦੇ ਨੇ ਉਹ ਜਦੋਂ ਸੰਸਾਰ ਤੋਂ ਜਾਂਦੇ ਨੇ-

***ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ॥***

***ਅੰਗ - 520***

ਕੂਕਾਂ ਮਾਰਦੇ ਜਾਂਦੇ ਨੇ। ਇਕ ਉਹ ਹੁੰਦੇ ਨੇ, ਜਿਹੜੇ ਸਹੀ ਜੀਵਨ ਬਤੀਤ ਕਰਦੇ ਨੇ। ਕਿਸੇ ਦਾ ਨੁਕਸਾਨ ਨਹੀਂ ਕੀਤਾ ਹੁੰਦਾ, ਕਮਾਈ ਕਰਕੇ ਆਪਣਾ ਪ੍ਰਸ਼ਾਦ ਪਾਣੀ ਛਕਦੇ ਨੇ, ਲੇਕਿਨ ਕੋਈ ਰੂਹਾਨੀ ਕਮਾਈ ਨਹੀਂ ਕਰੀ ਹੁੰਦੀ। ਜਿਹਦੇ ਨਾਲ ਪਰਲੋਕ ਸੰਵਰ ਜਾਵੇ। ਉਨ੍ਹਾਂ ਨੂੰ ਗਾਈਡ ਲੈਣ ਵਾਸਤੇ ਆਇਆ ਕਰਦੇ ਨੇ। ਉਹ ਆਰਾਮ ਨਾਲ ਚਲੇ ਜਾਂਦੇ ਨੇ, ਰਸਤਾ ਦੱਸੀ ਜਾਂਦੇ ਨੇ, ਲੈਣ ਦੇਣ ਨੂੰ ਕੁਛ ਨਹੀਂ ਉਨ੍ਹਾਂ ਕੋਲ। ਕਹਿਣ ਲੱਗੀ ਵੀਰਾ! ਮੈਨੂੰ ਤਾਂ ਪਿਆਸ ਬੜੀ ਲੱਗੀ ਹੋਈ ਹੈ। ਮੈਨੂੰ ਪਾਣੀ ਦੇਵੋ। ਪਾਣੀ ਆ ਗਿਆ। ਜਿਹੜੇ ਬਰਤਨ ਨੂੰ ਮੈਂ ਹੱਥ ਲਾਵਾਂ ਪਾਣੀ ਸੁੱਕ ਜਾਵੇ। ਮੈਂ ਕਿਹਾ ਭਾਈ! ਆਹ ਕੀ ਹੋ ਰਿਹਾ ਹੈ, ਜਿਹੜੇ ਬਰਤਨ ਨੂੰ ਮੈਂ ਫੜਦੀ ਹਾਂ। ਪਾਣੀ ਸੁੱਕ ਜਾਂਦਾ ਹੈ। ਕਹਿੰਦੇ, ਬੀਬੀ! ਇਹ ਤੂੰ ਆਪਣੀ ਧਰਤੀ ਦੇ ਉਤੇ ਨਹੀਂ ਘੁੰਮ ਰਹੀ, ਇਹ ਪਰਲੋਕ ਦਾ ਸਫਰ ਤਹਿ ਕਰ ਰਹੀ ਹੈਂ। ਇਹ ਤਾਂ -

***ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥ ਅੰਗ - 472***

ਇਹ ਤਾਂ ਖੱਟ ਕੇ, ਘਾਲ ਕੇ ਦਰਗਾਹ ਵਾਸਤੇ ਕੁਛ ਜਮ੍ਹਾਂ ਕੀਤਾ ਹੈ ਤੋਸਾ, ਉਹੀ ਮਿਲਣਾ ਹੈ। ਤੂੰ ਕਦੇ ਪਿਆਸੇ ਨੂੰ ਪਾਣੀ ਪਿਲਾਇਐ? ਕਹਿੰਦੀ ਨਾ ਵੀਰਾ, ਮੈਂ ਤਾਂ ਕਦੇ ਕਿਸੇ ਨੂੰ ਨਹੀਂ ਪਿਲਾਇਆ। ਕਹਿੰਦੇ ਫੇਰ ਇਥੇ ਨਹੀਂ ਮਿਲਣਾ। ਐਨੇ ਨੂੰ ਕਹਿਣ ਲੱਗੀ ਕਿ ਮੈਨੂੰ ਭੁੱਖ ਲੱਗੀ ਹੈ। ਖਾਣਿਆਂ ਦੇ ਥਾਲ ਆ ਗਏ। ਜਿਹੜੇ ਥਾਲ ਨੂੰ ਹੱਥ ਪਾਵੇ, ਉਹੀ ਉਚਾ ਉਠ ਜਾਵੇ। ਕਹਿਣ ਲੱਗੀ, ਭਾਈ ਇਹ ਕੀ ਹੋ ਰਿਹਾ ਹੈ, ਥਾਲ ਵੀ ਮੇਰੇ ਹੱਥ ਵਿਚ ਨਹੀਂ ਆ ਰਹੇ? ਕਹਿੰਦੇ ਬੀਬੀ! ਤੂੰ ਕਦੇ ਭੁੱਖੇ ਨੂੰ ਅੰਨ੍ਹ ਛਕਾਇਐ, ਪ੍ਰਸ਼ਾਦਾ ਛਕਾਇਐ?

ਕਹਿੰਦੀ ਨਹੀਂ। ਕਹਿੰਦੇ ਫੇਰ ਇਥੇ ਕੁਛ ਵੀ ਨਾਹ ਭਾਲ। ਜਦ ਬੀਜਿਆ ਹੀ ਨਹੀਂ ਹੈ, ਫੇਰ ਇਥੇ ਨਹੀਂ ਮਿਲਦਾ। ਇਥੇ ਤਾਂ ਓਹੀ ਚੀਜ਼ ਮਿਲਣੀ ਹੈ ਜਿਹੜੀ ਤੂੰ ਸੰਸਾਰ ਦੇ ਵਿਚ ਬੀਜੀ ਹੈ। ਸੈਂਕੜੇ ਗੁਣਾਂ ਹੋ ਕੇ ਫਲਣੀ ਹੈ। ਉਸ ਤੋਂ ਬਾਅਦ ਧਰਮਰਾਜ ਦੇ ਕੋਲ ਚਲੀ ਜਾਂਦੀ ਹੈ। ਧਰਮਰਾਜ ਕਹਿਣ ਲੱਗਿਆ ਕਿ ਇਹ ਬੀਬੀ ਭਾਈ, ਗਲਤ ਲੈ ਆਂਦੀ ਤੁਸੀਂ? ਇਹਦੇ ਪਿਛਲੇ ਪਾਸੇ ਜਿਹੜੀ ਗੁਆਂਢਣ ਹੈ ਉਹ ਲੈ ਕੇ ਆਉਣੀ ਹੈ। ਕਹਿਣ ਲੱਗੀ, ਮੈਨੂੰ ਛੱਡ ਗਏ, ਅਰਥੀ ਤੇ ਮੈਂ ਪਈ ਸੀ। ਮੇਰੇ ਹੱਥ ਪੈਰ ਹਿੱਲਣ ਲਗ ਗਏ। ਕਹਿਣ ਲੱਗੇ, ਦੇਖੋ, ਜੀਉਂਦੀ ਹੋ ਗਈ। ਖੁਸ਼ੀਆਂ ਹੋ ਗਈਆਂ ਕਿ ਜੀਉਂਦੀ ਹੋ ਗਈ। ਮੈਂ ਕਿਹਾ ਮੈਨੂੰ ਤਾਂ ਉਹ ਛੱਡ ਗਏ ਨੇ ਜਿਹੜਾ ਕੰਧ ਤੋਂ ਪਿਛਲੇ ਪਾਸੇ ਵਾਲਾ ਘਰ ਹੈ, ਉਹ ਬੀਬੀ ਦਾ ਵੀ ਮੇਰੇ ਵਾਲਾ ਨਾਮ ਹੈ, ਉਹਨੂੰ ਲੈਣ ਗਏ ਨੇ। ਥੋੜ੍ਹੀ ਦੇਰ ਤੋਂ ਬਾਅਦ ਕੀ ਦੇਖਦੇ ਨੇ ਕਿ ਪਿਛੇ ਰੋਣਾ ਪਿਟਣਾ ਪੈ ਗਿਆ।

ਕਹਿਣ ਲੱਗੀ ਉਸ ਵੇਲੇ ਮੈਨੂੰ ਨਿਹਚਾ ਹੋ ਗਿਆ ਕਿ ਮੇਰੇ ਨਾਲ ਜਿਹੜੀ ਗੱਲਬਾਤ ਹੋਈ ਹੈ ਇਹ ਨਾ ਤਾਂ ਸੁਪਨਾ ਹੈ, ਨਾ ਬੇਹੋਸ਼ੀ ਦੀ ਗੱਲ ਹੈ। ਨਾ ਕੋਈ ਕਲਪਨਾ ਹੈ, ਇਹ ਤਾਂ ਬਿਲਕੁਲ ਸਤਿ ਹੈ, ਜਦੋਂ ਮੈਂ ਜੀਉਂਦੀ ਹੋ ਗਈ, ਉਹ ਮਰ ਗਈ। ਇਸ ਤੋਂ ਅੱਗੇ ਸਬੂਤ ਕੀ ਹੋਵੇ। ਕਹਿਣ ਲੱਗੀ, ਭੈਣ ਜੀ! ਉਸ ਦਿਨ ਦੀ ਮੈਂ ਗੁਰੂ ਘਰ ਨੂੰ ਅਨਾਜ ਲੈ ਕੇ ਆਉਂਦੀ ਹਾਂ। ਦਾਲ ਵੀ ਲੈ ਕੇ ਆਉਂਦੀ ਹਾਂ, ਮਿੱਠਾ ਵੀ ਲੈ ਕੇ ਆਉਂਦੀ ਹਾਂ, ਮਿਰਚਾਂ ਵੀ ਲੈ ਕੇ ਆਉਂਦੀ ਹਾਂ, ਕਿਉਂਕਿ ਮਿਲਦਾ ਉਥੇ ਓਹੀ ਹੈ ਜਿਹੜਾ ਇਥੇ ਬੀਜ ਦਿਤਾ ਜਾਂਦਾ ਹੈ। ਬਿਨਾਂ ਬੀਜੇ ਉਥੇ ਕੁਛ ਨਹੀਂ ਮਿਲਦਾ।

***ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥ ਅੰਗ – 472***

ਮਿਹਨਤ ਦਾ ਕੀਤਾ ਹੋਇਆ ਮਿਲਦਾ ਹੈ। ਦੂਜਾ ਨਹੀਂ ਮਿਲਿਆ ਕਰਦਾ।

ਸੋ ਮਹਾਰਾਜ ਕਹਿੰਦੇ, ਜਦੋਂ ਇਸ ਰਸਤੇ ਤੇ ਜਾਂਦੇ ਹਾਂ ਨਾ ਉਸ ਵੇਲੇ –

***ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥ ਅੰਗ – 133***

ਜੇ ਤਾਂ ਨਾਮ ਪੱਲੇ ਹੈ ਫੇਰ ਤਾਂ ਪਹੁੰਚ ਜਾਏਗਾ। ਨਹੀਂ ਤਾਂ ਖੋਹੇ ਜਾਣਗੇ, ਸਭ ਕਰਮ ਧਰਮ ਲੁੱਟ ਲੈਣਗੇ।

***ਦਯੁ ਵਿਸਾਰਿ ਵਿਗੁਚਣਾ***
***ਪ੍ਰਭ ਬਿਨੁ ਅਵਰੁ ਨ ਕੋਇ॥ ਅੰਗ – 133***

ਵਾਹਿਗੁਰੂ ਨੂੰ ਵਿਸਾਰ ਕੇ ਤਾਂ ਵਿਗੁਚਣਾ, ਵਿਗੋਚਾ ਹੀ ਹੈ, ਵਾਹਿਗੁਰੂ ਤੋਂ ਬਿਨਾਂ ਨਹੀਂ ਹੈ ਕੋਈ ਵੀ।

***ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥ ਅੰਗ – 133***

ਜਿਹੜੇ ਗੁਰੂ ਦੇ ਚਰਨੀਂ ਲਗ ਗਏ, ਗੁਰੂ ਦੇ ਬਣ ਗਏ। ਇਕ ਤਾਂ ਗੁਰੂ

ਨੂੰ ਮੱਥਾ ਟੇਕਦੇ ਨੇ, ਉਹ ਤਾਂ ਨਹੀਂ ਗੁਰੂ ਦੇ ਬਣਿਆ ਕਰਦੇ। ਬਣਦਾ ਉਹ ਹੈ ਜਿਹੜਾ ਗੁਰੂ ਤੋਂ ਮੰਤਰ ਲੈ ਲਵੇ। ਮੰਤਰ ਮਿਲਦਾ ਹੈ ਅੰਮ੍ਰਿਤ ਛਕਣ ਤੋਂ ਬਾਅਦ। ਸੋ ਜਿਹੜੇ ਗੁਰੂ ਦੇ ਬਣ ਗਏ, ਮਹਾਰਾਜ ਕਹਿੰਦੇ ਉਹ ਜਿਹੜੇ ਨੇ ਉਹ ਪ੍ਰਮੇਸ਼ਰ ਤਕ ਚਲੇ ਜਾਂਦੇ ਨੇ।

***ਨਾਨਕ ਕੀ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥ ਅੰਗ - 134***

***ਵੈਸਾਖੁ ਸੁਹਾਵਾ ਤਾਂ ਲਗੈ***
***ਜਾ ਸੰਤੁ ਭੇਟੈ ਹਰਿ ਸੋਇ॥ ਅੰਗ - 134***

ਜੇ ਤਾਂ ਮਹਾਂਪੁਰਸ਼ਾਂ ਦੀ ਸੰਗਤ ਮਿਲ ਗਈ। ਫੇਰ ਤਾਂ ਇਹ ਮਹੀਨਾ ਹੈ ਬਹੁਤ ਵਧੀਆ। ਸੋ ਅੱਜ ਵਿਸਾਖੀ ਦਾ ਦਿਨ ਇਹਦੇ ਵਿਚ ਬਹੁਤ ਮਹੱਤਵਪੂਰਨ ਗੱਲਾਂ ਹੋਈਆਂ ਨੇ ਭਾਰਤ ਦੇ ਇਤਿਹਾਸ ਵਿਚ। ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਸਾਰੀ ਸ੍ਰਿਸ਼ਟੀ ਨੂੰ ਜਲਦੀ ਦੇਖਿਆ ਕਿ ਇਹ ਤਾਂ ਸਾਰਾ ਸੰਸਾਰ ਜਲ ਰਿਹਾ ਹੈ। ਆਪਸ ਵਿਚ ਲੜ ਰਹੇ ਨੇ। ਹਨ੍ਹੇਰਾ ਛਾਇਆ ਪਿਆ ਹੈ। ਉਸ ਵੇਲੇ ਗੁਰੂ ਨਾਨਕ ਧਰਤ ਲੋਕਾਈ ਨੂੰ ਸੋਧਣ ਵਾਸਤੇ, ਪਹਿਲਾਂ ਕਦਮ ਅੱਜ ਗੁਰੂ ਨਾਨਕ ਨੇ ਘਰੋਂ ਪੁੱਟਿਆ। ਦੋਵੇਂ ਬੱਚੇ ਲੱਤਾਂ ਦੇ ਨਾਲ ਚਿੰਬੜੇ ਹੋਏ ਨੇ ਛੋਟੇ-ਛੋਟੇ। ਪਿਤਾ ਦਾ ਪਿਆਰ ਹੈ ਕਿ ਪਿਤਾ ਜੀ, ਨਾ ਜਾਓ ਸਾਨੂੰ ਛੱਡ ਕੇ। ਮਾਤਾ ਸੁਲੱਖਣੀ ਦੇ ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਕਿਥੇ ਜਾ ਰਹੇ ਓਂ, ਕਿੰਨਾ ਚਿਰ ਵਾਸਤੇ ਜਾ ਰਹੇ ਓਂ? ਤੁਸੀਂ ਇਕ ਗੱਲ ਕਹਿੰਦੇ ਓਂ ਹੁਕਮ ਹੈ ਅਕਾਲ ਪੁਰਖ ਦਾ ਵਜਾਉਣ ਵਾਸਤੇ ਜਾ ਰਿਹਾ ਹਾਂ। ਕੁਛ ਉੱਘ ਸੁੱਘ ਤਾਂ ਦੇ ਜਾਓ। ਆਹ ਬੱਚਿਆਂ ਦਾ ਤਾਂ ਕੋਈ ਬੰਦੋਬਸਤ ਕਰ ਜਾਓ, ਮੈਂ ਕਿਵੇਂ ਪਾਲਾਂਗੀ। ਮਾਂ-ਬਾਪ ਦੇ ਘਰ ਕਿਥੋਂ ਬੈਠਾਂਗੀ ਤੇ ਬੇਬੇ ਨਾਨਕੀ ਦੇ ਉਤੇ ਮੈਂ ਕਿਵੇਂ ਬੋਝ ਬਣ ਕੇ ਬੈਠਾਂਗੀ। ਕ੍ਰਿਪਾ ਕਰੋ ਨਾ ਜਾਓ। ਆਪਣੇ ਬੱਚਿਆਂ ਦਾ ਧਿਆਨ ਦੇਵੋ, ਸਾਰਾ ਸੰਸਾਰ ਆਪਣੇ ਬੱਚਿਆਂ ਦਾ ਧਿਆਨ ਦਿੰਦਾ ਹੈ ਤੇ ਤੁਸੀਂ ਹੋਂ ਜਿਹੜੇ ਪਿੱਠ ਦੇ ਕੇ ਜਾ ਰਹੇ ਓਂ। ਕਹਿਣ ਲੱਗੇ, ਭੋਲੀਏ! ਆਹ ਦੋ ਬੱਚੇ ਰੋਂਦੇ ਨੇ। ਸੰਸਾਰ ਦੇ ਕਰੋੜਾਂ ਬੱਚੇ ਰੋ ਰਹੇ ਨੇ, ਨਰਕਾਂ 'ਚ ਜਾ ਰਹੇ ਨੇ। ਜੰਮਣ ਮਰਣ ਦਾ, ਕਾਲ ਦਾ ਫਾਹਾ ਉਨ੍ਹਾਂ ਦੇ ਗਲ 'ਚ ਪਿਆ ਹੋਇਆ ਹੈ। ਅੰਧਕਾਰ ਵਿਚ ਦੁਖੀ ਹੋ ਰਹੇ ਨੇ। ਸੋ ਇਹ ਤਾਂ ਦੋ ਰੋਂਦੇ ਨੇ, ਉਹ ਹਜ਼ਾਰਾਂ ਲੱਖਾਂ ਦੀ ਤਾਦਾਦ ਵਿਚ ਰੋਂਦੇ ਨੇ। ਉਨ੍ਹਾਂ ਦੇ ਵੀ ਵੈਣ ਮੇਰੇ ਕੰਨਾਂ ਵਿਚ ਸੁਣ ਰਹੇ ਨੇ। ਇਨ੍ਹਾਂ ਦੇ ਵੀ ਹੰਝੂ ਮੇਰੀਆਂ ਲੱਤਾਂ ਦੇ ਨਾਲ ਲੱਗ ਰਹੇ ਨੇ ਰੋਂਦੇ ਹੋਏ। ਹੁਣ ਤੂੰ ਆਪ ਹੀ ਦੱਸ ਉਨ੍ਹਾਂ ਵਾਸਤੇ ਜਾਵਾਂ ਕਿ ਨਾ ਜਾਵਾਂ?

ਗੁਰੂ ਨਾਨਕ ਪਾਤਸ਼ਾਹ ਨੇ ਉਸ ਵੇਲੇ ਪਰਿਵਾਰਕ ਮੋਹ ਨੂੰ ਪਿੱਠ ਦੇ ਕੇ ਪਹਿਲਾ ਕਦਮ ਅੱਜ ਪੁਟਿਆ। ਉਹ ਕਦਮ ਪੁੱਟ ਕੇ ਆਪ 12 ਸਾਲ ਬਾਅਦ ਮੁੜ ਕੇ ਘਰ ਪਹੁੰਚੇ। ਕੋਈ ਪਤਾ ਨਹੀਂ, ਨਾ ਕੋਈ ਚਿੱਠੀ ਨਾ ਕੋਈ ਖਬਰ, ਕਿਥੇ ਕੁ ਤੁਰੇ ਫਿਰਦੇ ਨੇ। ਦੂਰ ਦਰਾਜ਼ ਤੱਕ ਗੁਰੂ ਨਾਨਕ ਨੇ ਸਫਰ ਕਰਿਆ।

ਦੂਸਰਾ ਅੱਜ ਦੇ ਦਿਨ ਹੀ, ਗੋਇੰਦਵਾਲ ਸਾਹਿਬ ਦਾ ਜਿਹੜਾ ਬਉਲੀ ਸਾਹਿਬ ਹੈ, ਉਹਦਾ ਕੜ ਨਹੀਂ ਸੀ ਟੁੱਟਦਾ। ਉਸ ਵੇਲੇ ਇਕ ਗੁਰਸਿੱਖ,

ਮਰਜੀਵੜੇ ਦਾ ਜਿਸਨੂੰ ਖਿਤਾਬ ਮਿਲਿਆ ਹੈ। ਮਹਾਰਾਜ ਕਹਿੰਦੇ ਕੜ ਤਾਂ ਟੁੱਟੇਗਾ ਪਰ ਐਨੇ ਜ਼ੋਰ ਦੀ ਪਾਣੀ ਬਾਹਰ ਨਿਕਲਣਾ ਹੈ ਕਿ ਉਸ ਬੰਦੇ ਦੇ ਬਚਣ ਦਾ ਨਹੀਂ ਪਤਾ। ਉਹ ਲੈ ਕੇ ਹਥੌੜਾ ਕੜ ਤੋੜਨ ਲਗ ਗਿਆ। ਰੋੜਾਂ ਦਾ ਕੜ ਸੀ, ਜਿਸ ਵਕਤ ਟੁੱਟਿਆ ਐਨੇ ਜ਼ੋਰ ਦਾ ਪਾਣੀ ਸੀ ਕਿ ਵਿਚ ਹੀ ਡੁੱਬ ਗਿਆ। ਇਕ ਪਾਸੇ ਖੁਸ਼ੀਆਂ ਹੀ ਖੁਸ਼ੀਆਂ, ਇਕ ਪਾਸੇ ਹਾਹਾਕਾਰ ਮਚ ਗਈ ਕਿ ਗੁਰਸਿੱਖ ਤਾਂ ਡੁੱਬ ਗਿਆ। ਗੁਰੂ ਅਮਰਦਾਸ ਜੀ ਮਹਾਰਾਜ ਕੋਲ ਲੈ ਆਏ, ਕਹਿਣ ਲੱਗੇ ਕੋਈ ਨਹੀਂ ਭਾਈ, ਇਹ ਮਰਜੀਵੜਾ ਹੈ, ਹੁਣ ਗੁਰੂ ਦੇ ਘਰ ਦਾ ਹੋ ਕੇ ਜੀਵਨ ਬਤੀਤ ਕਰੇਗਾ।

ਏਸੇ ਹੀ ਦਿਨ ਜੋ ਸੰਸਾਰ ਦੀ ਕਲਿਆਣ ਵਾਸਤੇ ਅੰਮ੍ਰਿਤ ਸਰੋਵਰ ਦਾ ਤੀਰਥ ਹੈ। ਅੱਜ ਦਾ ਹੀ ਦਿਨ ਸੀ ਜਿਸ ਵਕਤ ਦੁਖਭੰਜਨੀ ਬੇਰੀ ਹੇਠ ਆ ਕੇ ਬੀਬੀ ਰਜਨੀ ਨੇ ਆ ਕੇ ਟੋਕਰਾ ਰੱਖਿਆ ਤੇ ਐਸ ਕੁ ਵੇਲੇ ਉਹ ਪ੍ਰਸ਼ਾਦੇ ਲੈਣ ਚਲੀ ਗਈ। ਮੁੜ ਕੇ ਆਈ ਤਾਂ ਹੈਰਾਨ ਹੋ ਗਈ ਕਿ ਮੇਰਾ ਪਤੀ ਕਿਥੇ ਚਲਿਆ ਗਿਆ। ਪਤੀ ਨੇ ਦੇਖਿਆ ਕਿ ਕੁਝ ਕਾਉਂ ਆਏ ਨੇ, ਪਾਣੀ ਦੇ ਵਿਚ ਵੜੇ ਨੇ, ਨਾਹੁੰਣ ਲਗ ਗਏ, ਉਹ ਕਾਉਂ ਨਹੀਂ ਨਜ਼ਰ ਆ ਰਹੇ, ਉਹ ਸਫੈਦ ਹੋ ਕੇ ਉੜ ਗਏ। ਉਹਦੇ ਮਨ ਵਿਚ ਆਇਆ ਕਿ ਕਰਾਮਾਤੀ ਪਾਣੀ ਹੈ ਕੋਈ ਇਹ। ਹੋਵੇ ਨਾ ਤਾਂ ਮੈਂ ਵੀ ਆਪਣਾ ਕੋਈ ਅੰਗ ਡੁਬੋ ਕੇ ਦੇਖਾਂ। ਜਦੋਂ ਹੱਥ ਡਬੋਇਆ ਤਾਂ ਹੱਥ ਸਾਬਤ ਹੋ ਗਿਆ। ਲੱਤ ਡਬੋਈ, ਲੱਤ ਸਾਬਤ ਹੋ ਗਈ। ਦੋਵੇਂ ਲੱਤਾਂ ਠੀਕ ਹੋ ਗਈਆਂ, ਛਾਲ ਮਾਰੀ ਵਿਚ ਤੇ ਇਸ਼ਨਾਨ ਕਰਦਾ ਰਿਹਾ। ਇਕ ਹੱਥ ਦੇ ਨਾਲ ਉਤੋਂ ਫੜ ਰੱਖਿਆ। ਬੀਬੀ ਆਉਂਦੀ ਹੈ ਉਹ ਰੌਲਾ ਪਾਉਂਦੀ ਹੈ ਕਿ ਤੂੰ ਮੇਰਾ ਪਤੀ ਮਾਰ ਦਿਤਾ। ਕਹਿਣ ਲੱਗਿਆ ਕਿ ਮੈਂ ਤੇਰਾ ਪਤੀ ਨਹੀਂ ਮਾਰਿਆ, ਆਹ ਜਲ ਦੇ ਵਿਚ ਕੋਈ ਕਰਾਮਾਤੀ ਸ਼ਕਤੀ ਹੈ, ਮੈਂ ਇਹਦੇ ਵਿਚ ਨਾਤ੍ਹਾ, ਇਹਦੇ ਨਾਲ ਮੇਰਾ ਸਰੀਰ ਕੰਚਨ ਵਰਗਾ ਹੋ ਗਿਆ। ਗੁਰੂ ਮਹਾਰਾਜ ਕੋਲ ਗੱਲ ਪਹੁੰਚਦੀ ਹੈ, ਮਹਾਰਾਜ ਆਉਂਦੇ ਨੇ, ਜਿਹੜਾ ਰਿਹਾ ਹੋਇਆ ਹੱਥ ਸੀ ਕਹਿੰਦੇ ਇਹ ਡੁਬੋ ਕੇ ਦਿਖਾ, ਜਦੋਂ ਉਹ ਡਬੋ ਕੇ ਦਿਖਾਇਆ ਤਾਂ ਉਹ ਹੱਥ ਠੀਕ ਹੋ ਗਿਆ। ਸੋ ਅੰਮ੍ਰਿਤ ਸਰੋਵਰ ਅੱਜ ਦੇ ਦਿਨ ਪ੍ਰਗਟ ਹੋਇਆ।

ਗੁਰੂ ਅੱਠਵੇਂ ਪਾਤਸ਼ਾਹ ਮਹਾਰਾਜ ਜੀ ਸਰੀਰ ਛੱਡਣ ਦੀ ਤਿਆਰੀ ਕੀਤੀ ਹੋਈ ਹੈ ਦਿੱਲੀ। ਸਾਰੀ ਸੰਗਤ ਨੇ ਗਲ ਵਿਚ ਪੱਲੇ ਪਾਏ, ਅਰਜ਼ ਕੀਤੀ ਪਾਤਸ਼ਾਹ! ਪਹਿਲੇ ਗੁਰੂ ਜਦੋਂ ਸਰੀਰ ਲਾਂਭੇ ਕਰਦੇ ਸੀ, ਉਸ ਵੇਲੇ ਅੱਗੇ ਸੰਗਤ ਦੀ ਬਾਂਹ ਫੜਾ ਦਿੰਦੇ ਸੀ ਕਿਸੇ ਨੂੰ। ਆਪ ਕ੍ਰਿਪਾ ਕਰਕੇ ਦੱਸੋ ਸੰਗਤ ਕਿਥੇ ਜਾਵੇ। ਆਪ ਨੇ ਹੱਥ ਵਿਚ ਨਾਰੀਅਲ ਲੈ ਕੇ ਪੰਜਾਬ ਵਲ ਦਾ ਰੁਖ ਕਰਕੇ ਤਿੰਨ ਵਾਰੀ ਘੁੰਮਾ ਕੇ ਨਾਰੀਅਲ ਫੜਾ ਦਿਤਾ। ਕਹਿੰਦੇ ਬਾਬਾ ਬਕਾਲੇ। ਇਸ਼ਾਰਾ ਕਰ ਗਏ ਕਿ ਬਾਬਾ ਲਗਦਾ ਹੈ ਸਾਡਾ ਜਿਹਨੇ ਸਭ ਸੰਭਾਲਣਾ ਹੈ। 21 ਉਸ ਵੇਲੇ ਮੰਜੀਆਂ ਲਗ ਗਈਆਂ। ਮੱਖਣਸ਼ਾਹ ਲੁਬਾਣੇ ਨੇ ਗੁਰੂ ਲਾਧੋ ਰੇ ਦਾ ਕੌਤਕ ਕਰਕੇ ਗੁਰੂ ਮਹਾਰਾਜ ਨੂੰ ਪ੍ਰਗਟ ਕਰਿਆ।

ਸੋ ਅੱਜ ਦੇ ਦਿਨ ਹੀ ਇਕ ਬੜੀ ਭਾਰੀ ਘਟਨਾ ਪੰਜਾਬ ਵਿਚ ਵਾਪਰੀ, ਬੇਅੰਤ ਲੋਕ ਆਜ਼ਾਦੀ ਵਾਸਤੇ ਇਕੱਠੇ ਹੋਏ ਜ਼ਲ੍ਹਿਆਂ ਵਾਲੇ ਬਾਗ ਵਿਚ,

1620 ਰਾਊਂਡ ਚੱਲਿਆ, ਉਸ ਵੇਲੇ ਕਿੰਨੇ ਕੁ ਮਾਰੇ ਗਏ, ਕੋਈ ਗਿਣਤੀ ਕਿਸੇ ਨੂੰ ਨਹੀਂ ਪਤਾ। ਕੋਈ ਤਿੰਨ ਸੌ ਕਹਿੰਦੈ, ਕੋਈ ਸਾਢੇ ਤਿੰਨ ਸੌ, ਕੋਈ ਅੱਠ ਸੌ ਜ਼ਖਮੀ ਕਹਿੰਦਾ ਹੈ। ਬੜਾ ਵੱਡਾ ਉਹ ਮੈਦਾਨ ਸੀ, ਵਿਸਾਖੀ ਦਾ ਦਿਨ ਸੀ। ਪਿੰਡਾਂ ਦੇ ਬੇਅੰਤ ਲੋਕ ਉਥੇ ਪਹੁੰਚੇ ਹੋਏ ਸੀ। ਉਸ ਵੇਲੇ ਗੋਲੀਆਂ ਦੇ ਨਾਲ ਉਥੇ ਭੁੰਨ ਕੇ ਰੱਖ ਦਿਤੇ।

ਏਸੇ ਹੀ ਦਿਨ 1699 ਦੀ ਵਿਸਾਖੀ ਦੇ ਦਿਨ ਗੁਰੂ ਮਹਾਰਾਜ ਨੇ ਅੱਜ ਸੰਸਾਰ ਦੇ ਅੰਦਰ ਰੂਹਾਨੀ ਕਰਾਮਾਤ ਵਰਤਾਈ ਕਿ ਇਕ ਸਾਧਾਰਣ ਮਨੁੱਖ ਨੂੰ ਦੋ ਪਾਸੇ ਪੂਰਾ ਕਰ ਦਿਤਾ। ਇਕ ਪਾਸੇ ਸੰਤ, ਦੂਜੇ ਪਾਸੇ ਰਾਖੀ ਕਰਨ ਵਾਲਾ ਸਿਪਾਹੀ। ਸੋ ਇਹ ਦਿਨ ਸੀਗਾ ਜਿਸ ਦਿਨ ਅੱਜ ਖਾਲਸੇ ਦਾ ਪ੍ਰਕਾਸ਼ ਹੋਇਆ ਹੈ।

ਜਦੋਂ ਇਸ ਤੋਂ ਅਸੀਂ ਪਹਿਲਾਂ ਸੋਚਦੇ ਹਾਂ, ਮਹਾਰਾਜ ਤੋਂ ਪਹਿਲਾਂ। ਗੁਰੂ ਨਾਨਕ ਪਾਤਸ਼ਾਹ ਤੋਂ ਸ਼ੁਰੂ ਹੋ ਗਿਆ ਸੀ। ਗੁਰੂ ਨਾਨਕ ਪਾਤਸ਼ਾਹ ਜਦੋਂ ਸੰਸਾਰ ਤੇ ਆਏ ਸੀ, ਧੁੰਦ ਵਰਤੀ ਹੋਈ ਸੀ। ਹਨ੍ਹੇਰਾ ਤਾਂ ਦੂਰ ਕੀਤਾ ਜਾ ਸਕਦਾ ਹੈ, ਧੁੰਦ ਨਹੀਂ ਹੁੰਦੀ। ਹਨ੍ਹੇਰਾ ਤਾਂ ਦੱਸ ਬਲਬ ਜਲਾ ਦਿਓ, ਦੂਰ ਹੋ ਜਾਂਦਾ ਹੈ, ਧੁੰਦ ਨਹੀਂ ਹੁੰਦੀ। ਧੁੰਦ ਦੇ ਵਿਚ ਚਾਹੇ ਕਿੱਡੇ-ਕਿੱਡੇ ਬਲਬ ਜਲਾ ਦਿਓ, ਉਹਦੇ ਨਾਲ ਹਨ੍ਹੇਰਾ ਨਹੀਂ ਦੂਰ ਹੋ ਸਕਿਆ ਕਰਦਾ। ਸੋ ਇਥੇ ਰੂਹਾਨੀ ਧੁੰਦ ਪਈ ਹੋਈ ਸੀ। ਚਾਰ ਵਰਣ ਸੀ, ਸ਼ੂਦਰ ਜਿਹੜਾ ਸੀ ਉਹਨੂੰ ਕੋਈ ਵੀ ਪਸੰਦ ਨਹੀਂ ਸੀ ਕਰਦਾ। ਇਥੇ ਤਕ ਸੀ ਦੋ ਸ਼੍ਰੇਣੀਆਂ ਸ਼ੂਦਰਾਂ ਦੀਆਂ, ਇਕ ਤਾਂ ਛੂਤ ਸੀ, ਇਕ ਨੂੰ ਅਛੂਤ ਆਖਿਆ ਜਾਂਦਾ ਸੀ। ਅਛੂਤ ਜੋ ਸੀ ਉਹ ਜਿਥੇ ਪੈਰ ਰੱਖ ਦੇਵੇ, ਉਹਨੂੰ ਕਹਿੰਦੇ ਸੀ ਪੈਰ ਦਾ ਨਿਸ਼ਾਨ ਖਤਮ ਕਰ, ਨਹੀਂ ਤਾਂ ਮਾਰਦੇ ਸੀ ਆ ਕੇ। ਝਾਫੇ ਬੰਨ੍ਹੇ ਹੁੰਦੇ ਪਿਛੇ। ਜਦੋਂ ਤੁਰਨਾ ਤਾਂ ਪਿਛੇ ਪੈੜ ਮਿਟਦੀ ਚਲੀ ਜਾਣੀ। ਜੇ ਕਦੇ ਵੇਦ ਮੰਤਰ ਸੁਣ ਲਿਆ ਤਾਂ ਕੰਨ ਬੰਦ ਕਰ ਦਿਤੇ ਜਾਂਦੇ ਸੀ। ਜੇ ਕਿਤੇ ਭੁੱਲ ਚੁੱਕੇ ਓਅੰਕਾਰ ਮੂੰਹ ਵਿਚੋਂ ਨਿਕਲ ਆਇਆ, ਜੁਬਾਨ ਕੱਟ ਦਿਤੀ ਜਾਂਦੀ ਸੀ। ਗੰਦ ਮੰਦ ਚੁਕਾਇਆ ਜਾਂਦਾ ਸੀ ਉਸ ਤੋਂ, ਮਰੇ ਹੋਏ ਪਸ਼ੂ, ਆਦਮੀ ਦਾ ਆਪਣਾ ਗੰਦ। ਮਾੜੀ ਤੋਂ ਮਾੜੀ ਕਿਰਤ ਦਿਤੀ ਜਾਂਦਾ ਸੀ ਉਨ੍ਹਾਂ ਨੂੰ ਅਛੂਤ ਕਹਿੰਦੇ ਸੀ। ਜਿਨ੍ਹਾਂ ਨੂੰ ਛੋਹਿਆ ਨਹੀਂ ਜਾ ਸਕਦਾ। ਛੋਹਣ ਦੇ ਨਾਲ ਭਿੱਟ ਪੈ ਜਾਵੇਗੀ ਤੇ ਕਰਮ ਧਰਮ ਸਭ ਭ੍ਰਿਸ਼ਟ ਹੋ ਜਾਣਗੇ। ਐਸਾ ਅਕੀਦਾ ਸੀ ਬੰਦਿਆਂ ਦਾ। ਦੂਸਰੇ ਉਹ ਸੀ ਜਿਨ੍ਹਾਂ ਨੂੰ ਰੋਟੀ ਕਮਾਉਣ ਦੇ ਵਿਚ ਪਸੀਨਾ ਆਉਂਦਾ ਸੀ। ਮੱਥੇ ਤੋਂ ਪਸੀਨੇ ਦੀ ਧਾਰ ਜੇ ਵਗ ਜਾਵੇ, ਉਹ ਸਾਰੇ ਦੇ ਸਾਰੇ ਜਿੰਨੇ ਮਿਹਨਤਕਸ਼ ਬੰਦੇ ਸੀ, ਸਾਰਿਆਂ ਨੂੰ ਅਛੂਤ, ਸ਼ੂਦਰ ਕਿਹਾ ਜਾਂਦਾ ਸੀ। ਜਿਸ ਦੇਸ਼ ਦੇ ਵਿਚ ਕਿਰਤ ਦੀ ਐਨੀ ਮੰਦੀ ਹਾਲਤ ਹੋਵੇ, ਉਹ ਦੇਸ਼ ਕਿਹੋ ਜਿਹਾ ਹੋਏਗਾ ਆਪੇ ਹੀ ਅੰਦਾਜ਼ਾ ਲਾ ਲਓ। ਬਾਹਰਲੀ ਦੁਨੀਆਂ ਕਿਉਂ ਤਰੱਕੀ ਤੇ ਹੈ ਕਿਉਂਕਿ ਉਥੇ ਕਿਰਤ ਕਰਨ ਵਾਲੇ ਦੀ ਮਹਾਨਤਾ ਹੈ। ਇਥੇ ਕਿਰਤ ਕਰਨ ਵਾਲੇ ਨੂੰ ਛੋਟਾ ਗਿਣਿਆ ਜਾਂਦਾ ਹੈ। ਇਹਦੇ ਨਾਲ ਉਹ ਵਰਗ ਐਨਾ ਨੀਵਾਂ ਕਰਾਰ ਦੇ ਦਿਤਾ ਸੀ ਉਨ੍ਹਾਂ ਦੇ ਅੰਦਰ ਆਪਣੇ ਆਪ ਹੀ ਐਨੀ ਹੀਣਤਾ ਆ ਗਈ ਸੀ ਕਿ ਉਹ ਕੋਈ ਗੱਲ ਨਹੀਂ ਸੀ ਕਹਿ ਸਕਦੇ, ਨਾ ਨੇੜੇ ਆ ਕੇ ਖੁਲ੍ਹ ਕੇ ਬੋਲਦੇ ਸੀ। ਬਹੁਤ ਜ਼ਿਆਦਾ

ਜ਼ੁਲਮ ਸੀ ਉਨ੍ਹਾਂ ਦੇ ਉਤੇ, ਮਾਰੇ ਜਾਂਦੇ ਕੁੱਟੇ ਜਾਂਦੇ। ਕੋਈ ਨਹੀਂ ਸੀ ਰੋਕਦਾ, ਕਹਿੰਦੇ ਸ਼ੂਦਰ ਨੇ ਕੋਈ ਗੱਲ ਕਰ ਦਿਤੀ ਹੋਣੀ। ਦੂਸਰਾ ਵਰਗ ਸੀ ਵਪਾਰੀਆਂ ਦਾ ਜਿਨ੍ਹਾਂ ਨੂੰ ਵੈਸ਼ ਕਹਿੰਦੇ ਸੀ। ਧਨ ਕਮਾਉਂਦੇ ਸੀ ਬਾਹਰ ਦੂਰ-ਦਰਾਜ਼ ਜਾ ਕੇ। ਉਨ੍ਹਾਂ ਨੂੰ ਜ਼ਰਾ ਸ਼ੂਦਰਾਂ ਤੋਂ ਉਪਰ ਰੱਖਿਆ ਜਾਂਦਾ ਸੀ। ਤੀਸਰਾ ਵਰਗ ਸੀ ਉਨ੍ਹਾਂ ਲੋਕਾਂ ਦਾ ਜਿਨ੍ਹਾਂ ਕੋਲ ਜ਼ਮੀਨਾਂ ਦੇ ਕੰਟਰੋਲ ਸੀ, ਰਾਜਸੀ ਸੱਤਾ ਸੀ, ਲੜਾਈ ਝਗੜਾ ਕਰਨਾ ਉਨ੍ਹਾਂ ਦਾ ਕੰਮ ਸੀ। ਚੌਥਾ ਉਹ ਸੀ ਜਿਹੜੇ ਆਰਾਮ ਦੇ ਨਾਲ ਬਹਿੰਦੇ ਸੀ ਤੇ ਵਿਦਿਆ ਪੜ੍ਹਦੇ ਸੀ, ਪੜ੍ਹਾਉਂਦੇ ਸੀ, ਯੱਗ ਕਰਦੇ ਸੀ, ਕਰਾਉਂਦੇ ਸੀ, ਦਾਨ ਦਿੰਦੇ ਸੀ, ਦਾਨ ਲੈਂਦੇ ਸੀ। ਪਹਿਲੇ ਨੂੰ ਬ੍ਰਾਹਮਣ, ਦੂਸਰੇ ਨੂੰ ਖੜ੍ਹੀ, ਤੀਸਰੇ ਨੂੰ ਵੈਸ਼, ਚੌਥੇ ਨੂੰ ਸ਼ੂਦਰ। ਇਸੇ ਤਰ੍ਹਾਂ ਚਾਰ ਆਸ਼ਰਮ ਹੋਇਆ ਕਰਦੇ ਸੀ। ਬ੍ਰਹਮਚਰੀਆ ਆਸ਼ਰਮ, ਗ੍ਰਹਿਸਤ ਆਸ਼ਰਮ, ਬਾਨਪ੍ਰਸਤ ਆਸ਼ਰਮ, ਸੰਨਿਆਸ ਆਸ਼ਰਮ। ਸੋ ਸਾਰਾ ਹੀ ਜਿਹੜਾ ਭਾਰਤ ਵਰਸ਼ ਸੀ, ਇਸ ਵਿਚ ਮਨੁੱਖ ਵੰਡਿਆ ਪਿਆ ਸੀ ਕਰਮਾਂਕਾਂਡਾਂ ਵਿਚ। ਜਨੇਊ ਪਾਉਣਾ ਹੀ ਪਾਉਣਾ ਹੈ। ਜੇ ਜਨੇਊ ਨਹੀਂ ਪਾਇਆ, ਉਪਰਲੀਆਂ ਜਾਤਾਂ ਨੇ ਤਾਂ ਉਨ੍ਹਾਂ ਦੇ ਹੱਥ ਦਾ ਕੋਈ ਖਾਂਦਾ ਨਹੀਂ ਸੀ ਕਿ ਇਹ ਪਵਿੱਤਰ ਨਹੀਂ ਹੈਗੇ। ਗੁਰੂ ਨਾਨਕ ਨੂੰ ਜਨੇਊ ਪਾਉਣ ਲੱਗੇ ਮਹਾਰਾਜ ਕਹਿੰਦੇ ਜਨੇਊ ਤਾਂ ਮੈਂ ਪਾ ਲੈਂਦਾ ਹਾਂ ਪਰ ਮੈਨੂੰ ਜਨੇਊ ਉਹ ਦੇਵੋ ਜਿਹੜਾ ਨਾਲ ਨਿਭਦਾ ਹੋਵੇ। ਇਹ ਜੋ ਤੁਸੀਂ ਸੂਤ ਦਾ ਜਨੇਊ ਪਾਉਂਦੇ ਓਂ, ਕਪਾਹ ਦਾ। ਇਹ ਤਾਂ ਮੈਲਾ ਹੋ ਜਾਣਾ ਹੈ, ਟੁੱਟ ਜਾਣਾ ਹੈ ਨਾਲ ਨਹੀਂ ਜਾਣਾ। ਜਦੋਂ ਸਰੀਰ ਦਾ ਸਸਕਾਰ ਕਰਨਾ ਹੈ, ਉਸ ਵੇਲੇ ਇਸ ਨੇ ਇਥੇ ਹੀ ਜਲ ਜਾਣਾ ਹੈ, ਇਹਨੂੰ ਐਸੀ ਮਹੱਤਤਾ ਕਿਉਂ ਦਿੰਦੇ ਹੋਂ। ਕੋਈ ਜਨੇਊ ਐਸਾ ਟੋਲੋ ਜਿਹੜਾ ਦਰਗਾਹ ਵਿਚ ਵੀ ਨਾਲ ਜਾਵੇ।

***ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥***
***ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥ ਅੰਗ - 471***

ਜੇ ਤਾਂ ਇਹ ਹੈਗਾ ਤਾਂ, ਤੇ ਦੇ ਦੇ। ਜੇ ਇਹ ਨਹੀਂ ਹੈ ਭਾਈ ਫੇਰ ਆਪਣੇ ਕੋਲ ਹੀ ਰੱਖ। ਸੋ ਇਸ ਤਰ੍ਹਾਂ ਦੇ ਖਿਆਲਾਂ ਨੇ ਸੁਸਾਇਟੀ ਨੂੰ ਵੰਡ ਕੇ ਰੱਖ ਦਿਤਾ। ਐਨੇ ਕਮਜ਼ੋਰ ਹੋ ਗਏ ਕਿ ਜਿਸ ਵਕਤ ਦੁਸ਼ਮਣ ਚੜ੍ਹ ਕੇ ਆਉਂਦਾ ਤਾਂ ਖਤਰੀਆਂ ਨੇ ਲੜਨਾ ਸੀ। ਦੂਸਰੇ ਤਾਂ ਇਹ ਸਮਝਦੇ ਸੀ ਕਿ ਅਸੀਂ ਤਾਂ ਹੈਗੇ ਭੇਡਾਂ, ਭੇਡਾਂ ਤੋਂ ਤਾਂ ਉੱਨ ਲਹਿਣੀ ਹੀ ਲਹਿਣੀ ਹੈ ਚਾਹੇ ਮਾਲਕ ਆਹ ਹੋਵੇ ਚਾਹੇ ਓਹ ਹੋਵੇ। ਕੋਈ ਦਿਲਚਸਪੀ ਨਹੀਂ ਸੀ ਉਨ੍ਹਾਂ ਨੂੰ ਆਪਣੀ ਆਜ਼ਾਦੀ ਦੇ ਅੰਦਰ। ਬਾਕੀ ਆਦਮੀ ਜਿਹੜਾ ਸੀ ਇਹ ਅੰਦਰੋਂ ਐਨਾ ਹੀਣਾ ਹੋ ਚੁੱਕਿਆ ਸੀ ਕਿ ਸੱਚਮੁਚ ਮਨ ਚੁੱਕਿਆ ਸੀ ਕਿ ਮੈਂ ਨੀਵਾਂ ਹਾਂ। ਮੈਨੂੰ ਭਗਤੀ ਕਰਨ ਦਾ ਅਧਿਕਾਰ ਨਹੀਂ ਹੈ। ਨਿਹਚੇ ਜਿਹੜੇ ਸੀ ਉਹ ਕਿਸੇ ਇਕ ਦੇ ਉਤੇ ਨਹੀਂ ਸੀ ਬਿਲਕੁਲ ਹਨ੍ਹੇਰ ਹੈ ਸਾਧਸੰਗਤ ਜੀ ਕਦੇ ਵਿਚਾਰ ਕੇ ਦੇਖਿਓ। ਹੁਣ ਤਾਂ ਗੱਲਾਂ ਹੀ ਹੋਰ ਨੇ, ਨਾ ਸਾਨੂੰ ਪਤਾ ਲਗ ਸਕੇ। ਨਿਹਚੇ ਐਨੇ ਟੁੱਟੇ ਹੋਏ ਸੀ -

***ਕਈ ਹਨੂੰਮਾਨ, ਕੋਈ ਭੈਰੋ ਦੇ,***

*ਕਈ ਪਰਬਤ ਵਾਲੀ ਨੈਣਾਂ ਦੇ*
*ਕਈ ਵੈਸ਼ਨਵ ਦੇਵੀ ਜਵਾਲਾ ਦੇ,*
*ਫੇਰ ਢੋਲ ਢਮਕਾ ਸਰਵਰ ਦਾ*
*ਅਤੇ ਹਿਰਸ ਬਾਬੇ ਨਾਨਕ ਦੀ।*

ਸਾਡੇ ਬਾਬਾ ਜੀ ਦਸਦੇ ਹੁੰਦੇ ਸੀ ਕਿ ਜਦੋਂ ਅਸੀਂ ਨੈਣਾਂ ਦੇਵੀ ਨੂੰ ਜਾਇਆ ਕਰਦੇ ਸੀ। ਉਹ ਸਾਰੇ ਜਿਹੜੇ ਲੋਕ ਸੀ ਪਿੰਡਾਂ ਦੇ ਜਾਂ ਤਾਂ ਸਰਵਰ ਨੂੰ ਮੰਨਦੇ ਸੀ ਜਾਂ ਦੇਵੀਆਂ ਨੂੰ ਮੰਨਦੇ ਸੀ। ਵਿਚਾਲੇ ਹੋਰ ਨਹੀਂ ਸੀ ਕਿਸੇ ਨੂੰ ਮੰਨਦੇ। ਜਦੋਂ ਜਾਂਦੇ ਹੋਏ ਜਦੋਂ ਅਨੰਦਪੁਰ ਸਾਹਿਬ ਕੋਲੋਂ ਲੰਘਣਾ, ਮੁੜਦੇ ਕਹਿਣਾ ਕਿ ਬਾਬਿਆਂ ਨੂੰ ਵੀ ਮੱਥਾ ਟੇਕ ਚੱਲੀਏ। ਪੰਜ ਪੀਰੀਏ ਲੋਕ ਸੀਗੇ, ਕਿਸੇ ਇਕ ਨੂੰ ਨਹੀਂ ਸੀ ਮੰਨਦੇ। ਸੋ ਐਸੇ ਟੁੱਟੇ ਹੋਏ ਨਿਹਚੇ ਉਨ੍ਹਾਂ ਨੂੰ ਨਾ ਪਰਮੇਸ਼ਰ ਦਾ ਗਿਆਨ, ਗਿਆਨ ਕੇਵਲ ਬ੍ਾਹਮਣਾਂ ਕੋਲ ਸੀਮਤ ਹੋ ਕੇ ਰਹਿ ਗਿਆ। ਖਤਰੀਆਂ ਕੋਲ ਲੜਾਈ ਝਗੜਾ ਰਹਿ ਗਿਆ, ਪੈਸਾ ਰਹਿ ਗਿਆ, ਸ਼ਕਤੀ ਰਹਿ ਗਈ। ਸੋ ਇਸ ਤਰ੍ਹਾਂ ਦੇ ਨਾਲ ਨਿਹਚੇ ਟੁੱਟੇ ਹੋਏ ਸੀ। ਗੁਰੂ ਮਹਾਰਾਜ ਨੇ ਇਸੇ ਟੁੱਟੇ ਵਰਗ ਨੂੰ ਜਿਸ ਵਕਤ ਏਕੰਕਾਰ ਦਾ ਸੰਦੇਸ਼ ਦਿਤਾ ਤੇ ਸਮਝਾਇਆ ਕਿ ਪਿਆਰਿਓ, ਸਾਰੀ ਸ੍ਰਿਸ਼ਟੀ ਦਾ ਮਾਲਕ ਇਕ ਹੈ। ਉਹਨੂੰ ਪਛਾਣੋ, ਹੋਰ ਨਾ ਕਿਸੇ ਨੂੰ ਮੰਨੋ। ਕੋਈ ਦੇਵੀ ਦੇਵਤਾ ਨਹੀਂ ਜਿਹਨੇ ਸੰਸਾਰ ਬਣਾਇਆ ਹੈ। ਕੋਈ ਬੈਲ ਨਹੀਂ ਹੈ ਜਿਹੜਾ ਇਹਦਾ ਬੋਝ ਚੁੱਕ ਕੇ ਰੱਖ ਦੇਵੇ। ਇਹ ਤਾਂ ਧਰਮ ਹੈ -

*ਧੌਲੁ ਧਰਮੁ ਦਇਆ ਕਾ ਪੂਤੁ ॥*
*ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ਅੰਗ - 3*

ਨਾ ਡਰੋ ਇਨ੍ਹਾਂ ਚੀਜ਼ਾਂ ਤੋਂ, ਤੁਸੀਂ ਪ੍ਰਮੇਸ਼ਰ ਦਾ ਭਜਨ ਕਰੋ, ਕੋਈ ਜਾਤ ਪਾਤ ਨਹੀਂ ਹੈ, ਮਨੁੱਖ ਸਭ ਬਰਾਬਰ ਨੇ। ਕੋਈ ਵੀ ਹੀਣਾ ਨਹੀਂ ਹੈ ਸਾਰੇ ਹੀ ਪੰਜ ਤੱਤ ਤੋਂ ਬਣੇ ਹੋਏ ਨੇ। ਇਸ ਕਰਕੇ ਦਿਮਾਗ 'ਚੋਂ ਕੱਢ ਦਿਓ ਖਿਆਲ, ਬਈ ਅਸੀਂ ਨੀਵੇਂ ਹਾਂ, ਸੋਚ ਉਚੀ ਕਰ ਦਿਤੀ। ਸੋਝੀ ਦੇ ਦਿਤੀ, ਸੁਰਤ ਉਚੀ ਹੋ ਗਈ। ਨਾਲ ਮਹਾਰਾਜ ਨੇ ਦੱਸਿਆ ਹੈ ਕਿ ਗੁਰੂ ਨਾਨਕ ਪਾਤਸ਼ਾਹ ਤੋ ਗੁਰੂ ਨੌਵੇਂ ਪਾਤਸ਼ਾਹ ਤੱਕ ਕਿ ਬੰਦਾ ਮਰਿਆ ਨਹੀਂ ਕਰਦਾ ਕਦੇ ਵੀ। ਸਰੀਰ ਬਦਲਦਾ ਹੈ। ਜਿਵੇਂ ਇਕ ਕਪੜਾ ਉਤਾਰ ਦੇਈਏ, ਦੂਸਰਾ ਪਾ ਲਈਏ। ਉਹਦੇ ਨਾਲ ਪਾਉਣ ਵਾਲਾ ਤਾਂ ਨਹੀਂ ਨਾ ਮਰਦਾ ਹੈ, ਕਪੜਾ ਪਾਟਦਾ ਹੈ, ਕਪੜਾ ਮਰ ਗਿਆ। ਮੌਤ ਤਾਂ ਬੰਦਗੀ ਕਰਨ ਵਾਲਿਆਂ ਵਾਸਤੇ ਅਨੰਦ ਦਾ ਸੋਮਾ ਹੈ। ਅਨੰਦ ਪ੍ਰਾਪਤੀ ਦਾ ਇਕ ਰਸਤਾ ਹੈ।

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*

*ਅੰਗ - 1365*

ਕਿਉਂਕਿ ਮਨੁੱਖ ਨੂੰ ਸਭ ਤੋਂ ਜ਼ਿਆਦਾ ਡਰ ਮੌਤ ਦਾ ਲਗਦਾ ਹੈ। ਜੇ ਮੌਤ ਹੀ ਫਤਹਿ ਕਰ ਲਈ ਜਾਵੇ ਫੇਰ ਡਰ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮਰਦਾ ਕੀ ਹੈ? ਹਉਮੈ ਮਰਿਆ ਕਰਦੀ ਹੈ।

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ*

*ਨਾਲੇ ਹਉਮੈ ਪਾਈ॥*
*ਜਨਮ ਮਰਣੁ ਉਸ ਹੀ ਕਉ ਹੈ ਰੇ*
*ਓਹਾ ਆਵੈ ਜਾਈ॥* *ਅੰਗ - 999*

ਸੋ ਗੁਰੂ ਦੀ ਬਾਣੀ ਨੇ ਜਦੋਂ ਸੁਚੇਤ ਕੀਤੇ, ਨਾਮ ਜਪਿਆ, ਬੰਦਗੀ ਕਰੀ, ਉਚੀਆਂ ਸੁਰਤਾਂ ਲਿਵ ਦੇ ਵਿਚ ਜਾ ਕੇ, ਉਸ ਵੇਲੇ ਗੁਰਸਿੱਖ ਜਿਹੜਾ ਸੀ ਉਹ ਅਮਰ ਹੋ ਗਿਆ। ਐਸੀ ਅਵਸਥਾ ਨੌਂ ਪਾਤਸ਼ਾਹੀਆਂ ਦੇ ਵਿਚ ਸਿੱਖ ਦੀ ਉਚਤਾ ਹੋਈ, ਸੋਝੀ ਆਈ ਤੇ ਪਤਾ ਲੱਗਿਆ ਕਿ ਇਥੇ ਕੋਈ ਜ਼ਾਤ ਪਾਤ ਨਹੀਂ ਇਹ ਫਜ਼ੂਲ ਚੀਜ਼ਾਂ ਨੇ ਸਾਰੀਆਂ। ਇਥੇ ਤਾਂ ਮਨੁੱਖ ਜਿਹੜਾ ਹੈ ਇਹ ਵੀ ਪ੍ਰਮੇਸ਼ਰ ਦਾ ਰੂਪ ਹੈ। ਇਥੇ ਤਾਂ ਪ੍ਰਮੇਸ਼ਰ ਆਪ ਹੀ ਆਪਣਾ ਖੇਲ੍ਹ ਕਰ ਰਿਹਾ ਹੈ।

*ਨਿਰੰਕਾਰੁ ਆਕਾਰੁ ਹੋਇ ਏਕੰਕਾਰੁ*
*ਅਪਾਰੁ ਸਦਾਇਆ॥*
*ਭਾਈ ਗੁਰਦਾਸ ਜੀ ਦੀ ਵਾਰ 26/2*

ਨਿਰੰਕਾਰ ਨੇ ਜਦੋਂ ਆਕਾਰ ਧਾਰਿਆ ਉਸ ਵੇਲੇ ਉਸ ਦਾ ਨਾਮ ਏਕੰਕਾਰ ਹੋਇਆ। ਏਕੰਕਾਰ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਅੱਖਰ ਹੈ।

*ਏਕੰਕਾਰਹੁ ਸਬਦ ਧੁਨਿ ਓਅੰਕਾਰ*
*ਅਕਾਰੁ ਬਣਾਇਆ॥*
*ਭਾਈ ਗੁਰਦਾਸ ਜੀ ਦੀ ਵਾਰ 26/2*

ਫੇਰ ਇਸ ਤੋਂ ਸ਼ਬਦ ਦੀ ਧੁਨ ਹੋਈ। ਸ਼ਬਦ ਦੀ ਧੁਨ ਤੋਂ ਸਾਰੇ ਹੀ ਆਕਾਰ ਬਣੇ। ਇਹ ਤਾਂ ਸਾਰੇ ਹੀ ਸ਼ਬਦ ਤੋਂ ਬਣੇ ਹੋਏ ਨੇ, ਜਿੰਨੇ ਆਪਾਂ ਦੇਖਦੇ ਹਾਂ ਜੀਵ ਜੰਤੂ ਸਾਰੇ ਹੀ ਇਕੋ ਹੀ ਹੈ। ਇਹ ਤਾਂ ਆਪ ਹੀ ਪ੍ਰਮੇਸ਼ਰ ਨੇ -

*ਆਪੀਨੈ ਆਪੁ ਸਾਜਿਓ॥* *ਅੰਗ - 462*

ਆਪਣੇ ਆਪ ਤੋਂ ਆਪ ਹੀ ਪ੍ਰਮੇਸ਼ਰ ਨੇ ਪਸਾਰਾ ਕਰਕੇ ਆਪੇ ਹੀ ਆਪਣੀ ਖੇਲ੍ਹ ਖੇਲ੍ਹੀ ਹੈ। ਇਕੋ ਹੀ ਵਾਹਿਗੁਰੂ ਹੈ ਇਥੇ ਹੋਰ ਕੋਈ ਹੈ ਨਹੀਂ।

*ਸੋਧਤ ਸੋਧਤ ਸੋਧਤ ਸੀਝਿਆ॥*
*ਗੁਰ ਪ੍ਰਸਾਦਿ ਤਤੁ ਸਭੁ ਬੂਝਿਆ॥*
*ਜਬ ਦੇਖਉ ਤਬ ਸਭੁ ਕਿਛੁ ਮੂਲੁ॥*
*ਨਾਨਕ ਸੋ ਸੂਖਮੁ ਸੋਈ ਅਸਥੂਲੁ॥* *ਅੰਗ - 281*

ਆਹ ਜਿੰਨਾਂ ਨਜ਼ਰ ਆਉਂਦਾ ਹੈ, ਇਹ ਵੀ ਪ੍ਰਮੇਸ਼ਰ ਹੈ। ਜਿਹੜਾ ਬਿਲਕੁਲ ਪ੍ਰਮੇਸ਼ਰ ਹੈ ਉਹ ਵੀ ਹੈ ਉਸੇ ਤੋਂ ਫੈਲਾਓ ਹੁੰਦਾ ਹੈ, ਫੈਲਾਓ ਤੋਂ ਸੂਖਸ਼ਮ ਹੋ ਜਾਂਦਾ ਹੈ। ਸੋ ਐਸੇ ਸੂਝਵਾਨ ਜਿਹੜੇ ਗੁਰਸਿੱਖ ਸੀ, ਉਹ ਗੁਰੂ ਦੇ ਨਾਲ ਬੇਅੰਤ ਪਿਆਰ ਕਰਦੇ ਸੀ, ਤਨ ਮਨ ਵਾਰਦੇ ਸੀ ਉਨ੍ਹਾਂ ਤੋਂ। ਕਿਉਂਕਿ ਪਿਆਰ ਦੀ ਜਿਹੜੀ ਖੇਡ ਹੈ ਉਹ ਗੱਲਾਂ-ਬਾਤਾਂ ਨਾਲ ਨਹੀਂ ਹੋਇਆ ਕਰਦੀ। ਜੇ ਕੋਈ ਗੱਲਾਂ ਨਾਲ ਕਹੇ ਕਿ ਮੈਂ ਤੁਹਾਨੂੰ ਪਿਆਰ ਕਰਦਾ ਹਾਂ, ਉਹ ਕੇਵਲ ਗੱਲਾਂ ਨੇ ਲੇਕਿਨ ਪਿਆਰ ਦਾ ਤਾਂ ਬਹੁਤ ਵੱਡਾ ਮੁੱਲ ਲਿਖਿਆ ਹੈ

ਮਹਾਰਾਜ ਨੇ।

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***

***ਅੰਗ - 1412***

ਦੋ ਤਰ੍ਹਾਂ ਦੇ ਨਾਲ ਸਰੀਰਕ ਰੂਪ ਦੇ ਅੰਦਰ ਵੀ ਤੇ ਨਾਲ, ਆਪਣਾ ਜੋ ਮਨੌਤ ਹੈ ਹਉਮੈ ਦੀ, ਉਹਦੇ ਵੀ, ਜੇ ਪਿਆਰ ਕਰਨਾ ਹੈ ਆਪਣਾ ਵਜੂਦ ਨਹੀਂ ਰਿਹਾ ਕਰਦਾ। ਉਹ ਬੰਦਾ ਦੂਸਰੇ ਵਾਸਤੇ ਜੀਉਂਦਾ ਹੈ। ਪਿਆਰ ਦੇ ਵਿਚ ਦੋ ਨਹੀਂ ਹੋਇਆ ਕਰਦੇ, ਇਕ ਹੋਇਆ ਕਰਦਾ ਹੈ। ਤਾਂ ਲੀਨਤਾ ਹੋਇਆ ਕਰਦੀ ਹੈ, ਜੇ ਦੋ ਹੋਣ ਫੇਰ ਲੀਨਤਾ ਹੀ ਨਹੀਂ ਹੋਇਆ ਕਰਦੀ। ਸੋ ਏਸ ਤਰ੍ਹਾਂ ਦੇ ਨਾਲ ਗੁਰਸਿੱਖੀ ਦੇ ਅੰਦਰ ਗੁਰੂ ਵਾਸਤੇ ਬੇਅੰਤ ਪਿਆਰ ਸੀ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਆਪ ਨੇ ਦੇਖਿਆ ਕਿ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਕਿਸੇ ਦਾ ਕੁਛ ਵਿਗਾੜਦੇ ਨਹੀਂ ਸੀ। ਨਾ ਕਿਸੇ ਰਾਜੇ ਦੇ ਖਿਲਾਫ ਕੁਛ ਕਹਿੰਦੇ ਸੀ, ਲੰਗਰ ਲੱਗੇ ਹੋਏ ਸੀ ਥਾਂ ਥਾਂ। ਜਦੋਂ ਲਾਹੌਰ ਦੇ ਅੰਦਰ ਬਿਮਾਰੀ ਪਈ ਉਸ ਵੇਲੇ ਐਨੇ ਮੁਰਦੇ ਹੋ ਗਏ ਕਿ ਕੋਈ ਦੱਬਣ ਵਾਲਾ ਨਾ ਰਿਹਾ, ਸਾੜਨ ਵਾਲਾ ਨਾ ਰਿਹਾ। ਉਸ ਵੇਲੇ ਮਹਾਰਾਜ ਜੀ ਨੇ ਗੁਰਸਿੱਖਾਂ ਨੂੰ ਕਿਹਾ ਕਿ ਪਿਆਰਿਓ! ਸੇਵਾ ਕਰੋ ਜਨਤਾ ਦੀ। ਆਪ ਮੂਹਰੇ ਲੱਗੇ ਤੇ ਪਿਛੇ ਸੰਗਤਾਂ ਲੱਗੀਆਂ। ਜਾ ਕੇ ਗਲੀਆਂ ਦੇ ਵਿਚੋਂ ਜੋ ਮਰੇ ਹੋਏ ਬੰਦਿਆਂ ਨਾਲ ਭਰੀਆਂ ਪਈਆਂ ਸੀ, ਪਲੇਗ ਦੀ ਬਿਮਾਰ ਸੀ ਆਪਣੀ ਸਿਹਤ ਦੀ ਪਰਵਾਹ ਨਾ ਕਰਦੇ ਹੋਏ, ਗੁਰਸਿੱਖਾਂ ਨੇ ਕਿਸੇ ਦਾ ਸਸਕਾਰ ਕਰਿਆ, ਕਿਸੇ ਨੂੰ ਕਬਰਾਂ ਪੁੱਟ-ਪੁੱਟ ਕੇ ਦੱਬਿਆ। ਕਿਸੇ ਦਾ ਬੁਰਾ ਤਾਂ ਨਹੀਂ ਨਾ ਕਰਦੇ।

ਜਿਸ ਵੇਲੇ ਪੰਜਾਬ ਦੇ ਅੰਦਰ ਕਾਲ ਪੈ ਗਿਆ, ਉਸ ਵੇਲੇ ਅਕਬਰ ਨੇ ਆ ਕੇ, ਪੰਜਾਬ ਉਸ ਵੇਲੇ ਸ਼ੁਰੂ ਹੋ ਜਾਇਆ ਕਰਦਾ ਸੀ ਦਿੱਲੀ ਤੋਂ, ਪਿਸ਼ਾਵਰ ਤੋਂ ਉਪਰ ਲੰਘ ਜਾਇਆ ਕਰਦਾ ਸੀ, ਅਫਗਾਨਿਸਤਾਨ ਦੇ ਨਾਲ ਜਾ ਲਗਦਾ ਸੀ। ਉਸ ਵੇਲੇ ਸੇਵਾ ਕਰਨੀ ਚਾਹੀ ਕਿ ਦੱਸੋ ਆਪ ਮੈਂ ਸੇਵਾ ਕੀ ਕਰਾਂ। ਮਹਾਰਾਜ ਕਹਿੰਦੇ ਅਕਬਰ ਬਾਦਸ਼ਾਹ, ਜੇ ਸੇਵਾ ਕਰਨੀ ਹੈ ਤਾਂ ਇਕ ਤਾਂ ਅਨਾਜ ਭੇਜ ਦੇ ਪੰਜਾਬ ਵਾਸਤੇ, ਭੁੱਖਾ ਨਾ ਕੋਈ ਮਰੇ, ਦੂਸਰਾ ਇਹ ਹੈ ਕਿ ਇਨ੍ਹਾਂ ਤੋਂ ਕੋਈ ਮਾਮਲਾ ਨਾ ਲੈਣ। ਇਹ ਵੀ ਕੋਈ ਐਸੀ ਗੱਲ ਨਹੀਂ ਸੀ ਜਿਹਦੇ ਨਾਲ ਗੁਰੂ ਮਹਾਰਾਜ ਦੇ ਖਿਲਾਫ ਕੋਈ ਹੋ ਜਾਂਦਾ। ਖਿਲਾਫ ਗੱਲ ਕਿਹੜੀ ਸੀ, ਗੁਰੂ ਮਹਾਰਾਜ ਜਾਤ ਪਾਤ ਨੂੰ ਨਹੀਂ ਸੀ ਮੰਨਦੇ। ਉਹ ਤੀਰਥਾਂ ਨੂੰ ਮਹੱਤਤਾ ਨਹੀਂ ਸੀ ਦਿੰਦੇ। ਕਹਿੰਦੇ ਤੀਰਥਾਂ ਤੇ ਲੁੱਟ ਮਚੀ ਪਈ ਹੈ।

ਤੀਰਥ ਤਾਂ ਨਾਮ ਹੈ, ਸਭ ਤੋਂ ਵੱਡਾ ਜਿਹੜਾ ਤੀਰਥ ਹੈ ਜਿਸ ਥਾਂ ਦੇ ਉਤੇ ਸਤਿਸੰਗ ਹੋ ਰਿਹਾ ਹੋਵੇ, ਉਸ ਤੋਂ ਵੱਡਾ ਤੀਰਥ ਦੁਨੀਆਂ ਤੇ ਕੋਈ ਹੁੰਦਾ ਹੀ ਨਹੀਂ।

***ਹਰਿ ਕੀ ਕਥਾ ਹੋਤ ਹੈ ਜਹਾਂ***
***ਗੰਗਾ ਭੀ ਚਲ ਆਵਤ ਤਹਾਂ।***

ਜਿਥੇ ਹਰੀ ਦੀ ਕਥਾ ਹੁੰਦੀ ਹੈ, ਗੰਗਾ ਕੀ ਸਾਰੇ ਅਠਾਹਠ ਤੀਰਥਾਂ ਦੇ ਦੇਵਤੇ ਉਥੇ ਆ ਕੇ ਆਪਣਾ-ਆਪਣਾ ਖੋਲ੍ਹ ਕੇ ਬਹਿ ਜਾਂਦੇ ਨੇ, ਜਿਵੇਂ ਦੁਕਾਨਾਂ ਖੋਲ੍ਹਦੇ ਨੇ। ਨਾਲੇ ਕਹਿੰਦੇ ਨੇ ਕਿ ਜੇ ਕਿਸੇ ਨੇ ਮੰਗ ਮੰਗੀ ਤਾਂ ਮੈਂ ਛੇਤੀ ਹੀ ਦੇ ਦੇਵਾਂਗਾ। ਕਿਉਂਕਿ ਇਸ ਤੋਂ ਵੱਡਾ ਤੀਰਥ ਨਹੀਂ ਕੋਈ ਹੋਇਆ ਕਰਦਾ। ਸਤਿਸੰਗ ਦੀ ਤਾਂ ਤੀਰਥ ਧੂੜ ਲੋਚਦੇ ਨੇ ਕਿ ਜੇ ਸਤਿਸੰਗ ਦੀ ਧੂੜ ਹਨ੍ਹੇਰੀ ਨਾਲ ਉਡ ਕੇ ਸਾਡੇ ਉਤੇ ਪੈ ਜਾਵੇ ਨਾ, ਤਾਂ ਵੀ ਸਾਡੇ ਪਾਪ ਲਹਿ ਜਾਂਦੇ ਨੇ। ਜਿਹੜੇ ਸਤਿਸੰਗ ਕਰਦੇ ਨੇ ਮਹਾਤਮਾ ਉਨ੍ਹਾਂ ਦੇ ਬਾਰੇ ਬੇਨਤੀਆਂ ਕਰਦੇ ਨੇ ਕਿ ਹੇ ਪ੍ਰਭੂ! ਕਿਸੇ ਆਪਣੇ ਪਿਆਰੇ ਦੀ ਧੂੜ ਦੇਹ। ਸਾਡੇ ਵਿਚ ਬਹੁਤ ਜ਼ਿਆਦਾ ਪਾਪ ਭਰ ਗਏ। ਕ੍ਰਿਪਾ ਕਰ।

***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥***
***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥***

***ਅੰਗ - 1263***

ਇਹ ਗੱਲਾਂ ਲੁੱਟ-ਕਸੁੱਟ ਜਦੋਂ ਚਲ ਰਹੀ ਸੀ ਜਦੋਂ ਗੁਰੂ ਮਹਾਰਾਜ ਨੇ ਪ੍ਰਕਾਸ਼ ਕਰ ਦਿਤਾ। ਅੰਦਰ ਚਾਨਣਾ ਹੋ ਗਿਆ ਸਾਰਿਆਂ ਦੇ, ਉਹ ਬੰਦ ਹੋ ਗਈ। ਕਬਰਾਂ ਤੇ ਕੋਈ ਨਾ ਜਾਵੇ, ਤੀਰਥਾਂ ਤੇ ਜਾਣ ਤੋਂ ਘਟ ਗਏ, ਸਤਿਸੰਗ 'ਚ ਬਹੁਤੇ ਆਉਣ ਲਗ ਗਏ। ਜਿਹੜਾ ਐਵੇਂ ਹੀ ਸਾੜ੍ਹਸਤੀਆਂ ਚੜ੍ਹੀਆਂ ਰਹਿੰਦੀਆਂ ਸੀ ਉਹ ਗੁਰਸਿੱਖਾਂ ਨੇ ਕਿਹਾ ਇਹ ਤਾਂ ਸ਼ਗਨ ਅਪਸ਼ਗਨ ਉਸ ਨੂੰ ਲਗਦੇ ਨੇ ਜਿਹੜਾ ਨਾਮ ਤੋਂ ਭੁੱਲਿਆ ਹੋਇਆ ਹੈ। ਜਿਹੜਾ ਨਾਮ ਜਪਦਾ ਹੈ ਉਹਦੇ ਤਾਂ ਕਰੋੜਾਂ ਬਦਸ਼ਗਨ ਜਿਹੜੇ ਨੇ ਉਹ ਕੁਛ ਕਰ ਨਹੀਂ ਸਕਦੇ, ਵਿਗਾੜ ਨਹੀਂ ਸਕਦੇ।

***ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥***

***ਅੰਗ - 262***

ਵਿਘਨ ਲਗਦੇ ਹੀ ਓਸ ਨੂੰ ਨੇ -

***ਕੋਟਿ ਬਿਘਨ ਤਿਸੁ ਲਾਗਤੇ***
***ਜਿਸ ਨੋ ਵਿਸਰੈ ਨਾਉ॥*** ***ਅੰਗ - 522***

ਤੀਰਥਾਂ ਤੇ ਜਾਣ ਤੋਂ ਹਟ ਗਏ ਕਿ ਨਾਮ ਨਾਲੋਂ ਤਾਂ ਵੱਡਾ ਕੋਈ ਤੀਰਥ ਨਹੀਂ। ਸਤਿਸੰਗ ਜਿਹੜਾ ਐਡਾ ਵੱਡਾ ਤੀਰਥ ਹੈ ਵਾਹਿਗੁਰੂ ਵੀ ਉਹਦੇ ਵਿਚ ਆ ਕੇ ਬੈਠ ਜਾਂਦਾ ਹੈ। ਸਾਰੇ ਅਠਾਹਠ ਤੀਰਥਾਂ ਦੇ ਦੇਵਤੇ ਬੈਠ ਜਾਂਦੇ ਨੇ।

ਸੋ ਇਨ੍ਹਾਂ ਆਦਰਸ਼ਾਂ ਕਰਕੇ ਇਹ ਲੋਕ ਜਿਹੜੇ ਕੱਟੜ ਸੀ, ਜਿਨ੍ਹਾਂ ਦੀ ਰੋਜ਼ੀ ਬੰਦ ਹੁੰਦੀ ਸੀ, ਉਹ ਖਿਲਾਫ ਹੋ ਗਏ। ਖਿਲਾਫ ਹੋਏ ਤਾਂ ਬਾਦਸ਼ਾਹ ਨੂੰ ਚੁੱਕਿਆ, ਬਾਦਸ਼ਾਹ ਪਹਿਲਾਂ ਹੀ ਇਹ ਚਾਹੁੰਦਾ ਸੀ ਜਹਾਂਗੀਰ ਤੇ ਮਹਾਰਾਜ ਨੂੰ ਸ਼ਹੀਦ ਕਰ ਦਿਤਾ, ਬਹੁਤ ਤਸੀਹੇ ਦੇ ਕੇ। ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜੀ ਨੇ ਉਸ ਵੇਲੇ ਬਾਬਾ ਬੁੱਢਾ ਜੀ ਨੂੰ ਕਿਹਾ ਕਿ ਬਾਬਾ ਜੀ ਹੁਣ ਸ਼ਾਂਤਮਈ ਦੀ ਹੱਦ ਹੋ ਗਈ, ਹੁਣ ਸ਼ਸਤਰ ਚੁੱਕਣੇ ਪੈਣੇ ਨੇ।

ਹਥਿਆਰ ਉਸ ਵੇਲੇ ਬੰਦਾ ਚੁੱਕਦਾ ਹੈ ਜਦੋਂ ਉਹਨੂੰ ਪਤਾ ਲਗ ਜਾਵੇ ਕਿ ਹੁਣ ਨਹੀਂ ਬਚ ਸਕਦੇ। ਕੌਮ ਉਸ ਵੇਲੇ ਹਥਿਆਰ ਚੁੱਕਦੀ ਹੈ ਜਦੋਂ ਪਤਾ ਲਗ ਜਾਵੇ ਕਿ ਹੁਣ ਸਾਡੇ ਬਚਣ ਦਾ ਕੋਈ ਸਾਧਨ ਹੀ ਨਹੀਂ ਹੈ। ਲੇਕਿਨ ਉਹਦੇ ਵਾਸਤੇ ਤਿਆਰ ਹੋਵੇ ਤਾਂ ਸ਼ਸਤਰ ਕੰਮ ਦਿੰਦਾ ਹੈ, ਨਹੀਂ ਤਾਂ ਸ਼ਸਤਰ ਕੰਮ ਹੀ ਨਹੀਂ ਦਿੰਦਾ। ਜਿਹੜਾ ਸ਼ਸਤਰ ਦੂਸਰੇ ਨੂੰ ਡਰਾਉਣ ਵਾਸਤੇ ਚੁੱਕਣਾ ਹੈ, ਮਹਾਰਾਜ ਕਹਿੰਦੇ ਨਹੀਂ ਪਿਆਰਿਓ! ਬਿਲਕੁਲ ਗਲਤ ਹੈ। ਨਾ ਡਰ ਮੰਨਣਾ ਹੈ, ਨਾ ਕਿਸੇ ਨੂੰ ਦੇਣਾ ਹੈ ਤੇ ਹਿਰਦੇ ਤੋਂ ਕਹਿਣਾ ਹੈ ਸ਼ਸਤਰਧਾਰੀ ਹੋ ਕੇ ਵੀ –

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ॥***

ਡਰਾਉਣਾ ਨਹੀਂ ਹੈ ਕਿਸੇ ਨੂੰ, ਜੇ ਵਾਹਿਗੁਰੂ ਨੇ ਤਾਕਤ ਦੇ ਦਿਤੀ ਤਾਂ ਉਹਦੇ ਭਲੇ ਵਾਸਤੇ ਵਰਤੋ। ਉਨ੍ਹਾਂ ਨੂੰ ਬਚਾਓ ਮਾੜੇ ਬੰਦਿਆਂ ਤੋਂ। ਜੇ ਤੁਹਾਡੇ ਵਿਚ ਜ਼ੋਰ ਹੈ, ਰਾਜਸੀ ਜ਼ੋਰ ਹੈ, ਪੈਸੇ ਦਾ ਜ਼ੋਰ ਹੈ, ਬੁੱਧੀ ਦਾ ਜ਼ੋਰ ਹੈ, ਸਰੀਰ ਦਾ ਜ਼ੋਰ ਹੈ ਤਾਂ ਇਹਨੂੰ ਗਰੀਬਾਂ ਤੇ ਨਾ ਵਰਤੋ। ਜਿਹੜੇ ਗਰੀਬਾਂ ਨੂੰ ਤੰਗ ਕਰਦੇ ਨੇ ਉਨ੍ਹਾਂ ਨਾਲ ਗੱਲ ਕਰੋ, ਕਿਉਂਕਿ ਉਨ੍ਹਾਂ ਨੂੰ ਸਮਝਾਉਣ ਦੀ ਲੋੜ ਹੈ। ਸਿੱਖ ਦਾ ਤਾਂ ਆਦਰਸ਼ ਹੀ ਬੜਾ ਉਚਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਨੇ ਸ਼ਸਤਰ ਚੁੱਕੇ, ਟਰੇਨਿੰਗ ਦਿਤੀ ਹੈ, ਹੱਲਾ ਨਹੀਂ ਕਿਸੇ ਤੇ ਵੀ ਕਰਿਆ। ਗੁਰੂ ਮਹਾਰਾਜ ਨੇ ਅੱਠ ਅਸੂਲ ਕਾਇਮ ਕਰੇ ਸੀਗੇ, ਇਹ ਵੀ ਧਿਆਨ ਨਾਲ ਸੁਣ ਲਓ।

ਮਹਾਰਾਜ ਨੇ ਕਿਹਾ ਕਿ ਜੇ ਤੇਜ ਵਧਾਉਣਾ ਹੈ ਪਹਿਲਾਂ ਤਾਂ ਇਹ ਹੈ ਕਿ ਐਵੇਂ ਜਣੇ ਖਣੇ ਨੂੰ ਨਹੀਂ ਮਾਰਨਾ। ਯੁੱਧ ਦੇ ਅੰਦਰ ਜਿਸ ਵਕਤ ਸਾਮ੍ਹਣੇ ਆਉਂਦਾ ਹੈ ਪਹਿਲਾਂ ਟਾਲੋ ਜਿੰਨਾਂ ਟਾਲ ਸਕਦੇ ਹੋਂ, ਲੜਾਈ ਕੋਈ ਚੰਗੀ ਚੀਜ਼ ਨਹੀਂ ਹੁੰਦੀ। ਫੇਰ ਜੇ ਗਲ ਪੈ ਗਈ ਲੜਾਈ ਤਾਂ ਸੂਰਮਿਆਂ ਵਾਂਗਣ ਲੜੋ। ਹਥਿਆਰ ਟੁੱਟ ਗਿਆ ਤਾਂ ਉਹਦੇ ਤੇ ਵਾਰ ਨਾ ਕਰੋ। ਪਹਿਲੀ ਗੱਲ ਸਾਨੂੰ ਇਹ ਦੱਸੀ। ਇਕ ਘਾਤ ਲਾ ਕੇ ਹੱਲਾ ਨਾ ਕਰੋ। ਦੱਸ ਦਿਓ ਪਹਿਲਾਂ ਕਿ ਹੁਣ ਅਸੀਂ ਸਾਰੇ ਹਥਿਆਰ ਵਰਤਾਂਗੇ। ਆਪ ਸਾਵਧਾਨ ਰਿਹੋ ਤੁਸੀਂ। ਸੁੱਤੇ ਪਏ ਨੂੰ ਨਾ ਮਾਰੋ ਤੀਸਰਾ ਇਹ ਸੀ। ਚੌਥਾ ਇਹ ਸੀ ਕਿ ਬਿਰਧ ਦੇ ਉਤੇ ਹੱਲਾ ਨਾ ਕਰੋ, ਇਸਤ੍ਰੀ ਦੇ ਉਤੇ ਕਿਸੇ ਤਰ੍ਹਾਂ ਦੇ ਨਾਲ ਵੀ ਹੱਥ ਨਾ ਉਠਾਓ। ਪੰਜਵਾਂ ਸੀ ਬੱਚੇ ਦੇ ਉਤੇ ਬਿਲਕੁਲ ਵੀ ਸ਼ਸਤਰ ਨਹੀਂ ਚਲਾਉਣਾ। ਛੇਵਾਂ ਸੀ ਜਿਹੜਾ ਬੀਮਾਰ ਹੋ ਗਿਆ ਤੁਹਾਡਾ ਦੁਸ਼ਮਣ ਉਹਦੇ ਉਤੇ ਹੱਲਾ ਨਾ ਕਰੋ, ਤਕੜਾ ਹੋ ਲੈਣ ਦਿਓ ਓਹਨੂੰ। ਸੱਤਵਾਂ ਸੀ ਜਿਹੜਾ ਸ਼ਰਨ ਆ ਗਿਆ, ਉਹਦੇ ਉਤੇ ਹੱਲਾ ਨਾ ਕਰੋ। ਉਹਨੂੰ ਸ਼ਰਨ ਦੇਵੋ, ਉਹਨੂੰ ਇਹ ਨਹੀਂ ਕਿ ਕੋਲ ਆ ਗਿਆ ਤੇ ਗਲ ਵੱਢ ਦਿਓ। ਬੜੇ ਅਸੂਲ ਮਹਾਰਾਜ ਨੇ ਯੁੱਧ ਦੇ ਅੰਦਰ ਦੱਸੇ ਸੀ ਕਿ ਜੇ ਕੋਈ ਇਹਦੀ ਵਿਰੋਧਤਾ ਕਰਦਾ ਹੈ ਉਹਦਾ ਤੇਜ ਹਾਰ ਜਾਏਗਾ। ਸੋ ਉਹ ਕੋਈ ਲੜਾਈ ਨਹੀਂ ਸੀ, ਡੀਫੈਂਸ ਸੀ, ਸ੍ਵੈ-ਰੱਖਿਆ ਸੀ ਆਪਣੀ, ਕਿਸੇ ਦੇ ਉਤੇ ਕੋਈ ਹੱਲਾ ਨਹੀਂ ਕਰਿਆ, ਕਿਸੇ ਦਾ ਕੋਈ ਮਕਾਨ ਨਹੀਂ ਰੋਕਿਆ, ਕਿਸੇ ਦੀ ਜ਼ਮੀਨ ਨਹੀਂ ਰੋਕੀ, ਇਥੇ ਤੱਕ ਸ਼ਾਂਤੀ ਸੀ ਕਿ ਗੁਰੂ

ਮਹਾਰਾਜ ਨੇ ਜਿਸ ਵਕਤ ਕਰਤਾਰਪੁਰ ਦੀ ਨੀਂਹ ਰੱਖੀ ਤਾਂ ਉਥੇ ਕਰਮਚੰਦ ਨਾਮ ਦਾ ਇਕ ਪ੍ਰੇਮੀ ਆ ਗਿਆ ਜੋ ਚੰਦੂ ਦਾ ਕੋਈ ਰਿਸ਼ਤੇਦਾਰ ਸੀ। ਉਹਨੇ ਗੁਰੂ ਮਹਾਰਾਜ ਨੂੰ ਕੋਈ ਸੌ ਗਾਲ ਕੱਢੀ ਸਾਰੀ ਸੰਗਤ ਦੇ ਸਾਮ੍ਹਣੇ। ਭਾਈ ਵਿਧੀ ਚੰਦ ਵਰਗੇ ਸੀ, ਡੌਲੇ ਫਰਕਣ ਉਨ੍ਹਾਂ ਦੇ। ਟਿਕਿਆ ਨਾ ਜਾਵੇ, ਮਹਾਰਾਜ ਹੱਥ ਕਰ ਦੇਣ ਕਿ ਬੈਠੋ, ਬੈਠੋ। ਨਾਲੇ ਸਮਝਾਉਣ ਕਿ ਕਿਉਂ ਐਹੋ ਜਿਹੀਆਂ ਗੱਲਾਂ ਕਰਦਾ ਹੈਂ। ਅਖੀਰ ਜਦੋਂ ਹਟਿਆ ਹੀ ਨਾ ਤਾਂ ਮਹਾਰਾਜ ਨੇ ਕਿਹਾ ਕਿ ਤੇਰੇ ਨਾਲ ਤਾਂ ਗੱਲ ਕਰਨੀ ਹੀ ਗਲਤ ਹੈ। ਤੂੰ ਤਾਂ ਕਿਸੇ ਦੀ ਗੱਲ ਸੁਣਦਾ ਹੀ ਨਹੀਂ। ਬਾਹਰ ਚਲਿਆ ਗਿਆ ਸਿੰਘਾਂ 'ਚ, ਉਥੇ ਜਾ ਕੇ ਲੱਗ ਗਿਆ ਕਹਿਣ ਕਿ ਗੁਰੂ ਬੋਲ ਸਕਿਆ ਮੇਰੇ ਬਰਾਬਰ? ਉਹ ਭਾਈ ਬਿਧੀ ਚੰਦ ਨੇ ਮੋਢੇ ਤੇ ਚੁੱਕਿਆ, ਚੁੱਕ ਬਿਆਸਾ 'ਚ ਸੁੱਟ ਦਿਤਾ।

ਸੋ ਮਹਾਰਾਜ ਕਹਿੰਦੇ ਜਦੋਂ ਕੋਈ ਹੀਲਾ ਬਹਾਨਾ ਨਾ ਬਚੇ, ਫੇਰ ਤਾਂ ਸ਼ਸਤਰ ਚੁੱਕ ਲਈਦਾ ਹੈ, ਇਹ ਨਹੀਂ ਕਿ ਐਵੇਂ ਡਰਾਈ ਜਾਓ ਸ਼ਸਤਰਾਂ ਨਾਲ।

ਸਤਵੇਂ ਪਾਤਸ਼ਾਹ ਮਹਾਰਾਜ ਜੀ, ਅੱਠਵੇਂ ਪਾਤਸ਼ਾਹ ਜੀ ਤੋਂ ਬਾਅਦ ਨੌਵੇਂ ਪਾਤਸ਼ਾਹ ਮਹਾਰਾਜ ਨੇ ਫੇਰ ਬਲੀਦਾਨ ਦਿਤਾ। ਉਸ ਵੇਲੇ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਨੇ ਚੰਗਿਆਈ ਦੀ ਰਾਖੀ ਕਰਨ ਵਾਸਤੇ, ਸੰਤਾਂ ਦੀ ਰਾਖੀ ਕਰਨ ਵਾਸਤੇ, ਸੰਤਾਂ ਦੇ ਅੰਦਰ ਸਿਪਾਹੀਅਤ ਲਿਆਂਦੀ। ਕਈ ਪ੍ਰੇਮੀ ਕਹਿੰਦੇ ਨੇ ਸੰਤਾਂ ਦੀ ਰਾਖੀ ਵਾਸਤੇ ਖਾਲਸਾ ਬਣਾਇਆ। ਖਾਲਸਾ ਤਾਂ ਹੁੰਦਾ ਹੀ ਸੰਤ ਹੈ। ਖਾਲਸਾ ਕੋਈ ਹੋਰ ਨਹੀਂ ਹੁੰਦਾ, ਖਾਲਸਾ ਕੋਈ ਆਮ ਬੰਦਾ ਤਾਂ ਹੁੰਦਾ ਹੀ ਨਹੀਂ। ਉਹ ਤਾਂ ਸੰਤ ਨੂੰ ਸਿਪਾਹੀ ਬਣਾਇਆ ਹੈ। ਸਿਪਾਹੀ ਸੰਤਾਂ ਦੀ ਰਾਖੀ ਵਾਸਤੇ ਨਹੀਂ ਬਣਾਏ ਹੈਗੇ। ਸੰਤਾਂ ਦੀ ਰਾਖੀ ਕੌਣ ਕਰੇ, ਸੰਤਾਂ ਦਾ ਰਾਖਾ ਤਾਂ ਵਾਹਿਗੁਰੂ ਹੁੰਦਾ ਹੈ। ਵਾਹਿਗੁਰੂ ਜਿਹਦੇ ਵਲ ਹੋਵੇ ਉਹਦੇ ਕਦੇ ਹਾਰ ਨਹੀਂ ਹੋਇਆ ਕਰਦੀ। ਸੋ ਉਸ ਵੇਲੇ ਗੁਰੂ ਮਹਾਰਾਜ ਨੇ ਬਦਲ ਦਿਤਾ ਸਭ ਕੁਝ। ਪਹਿਲਾਂ ਚਰਨਮ੍ਰਿਤ ਦੇ ਨਾਲ ਨਾਮਦਿੰਦੇ ਸੀ। ਮਹਾਰਾਜ ਨੇ ਕਿਹਾ ਕਿ ਹੁਣ ਚਰਣਾਮ੍ਰਿਤ ਦੇ ਨਾਲ ਨਹੀਂ ਨਾਮ ਦੇਣਾ। ਹੁਣ ਖੰਡੇ ਦੇ ਨਾਲ ਨਾਮ ਦੇਣਾ ਹੈ। ਲੇਕਿਨ ਤੇਜ ਕਰਾਰਾ ਹੈ। ਐਵੇਂ ਪਤਲੀ ਜਿਹੀ ਨਹੀਂ ਗੱਲ ਕਰਨੀ। ਖਾਲਸੇ ਦੀ ਰਚਨਾ ਸਹਿਜੇ ਹੋਏਗੀ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਐਸਾ ਹੁਕਮ ਦਿਤਾ ਕਿ ਏਸ ਵਿਸਾਖੀ ਦੇ ਉਤੇ ਸਾਰੀ ਸੰਗਤ ਆਵੇ। ਪਹਿਲਾਂ ਆਪ ਤਪ ਕਰਦੇ ਰਹੇ ਨੌਂ ਮਹੀਨੇ। ਜਿਸ ਵਕਤ ਹੁਕਮ ਗਿਆ ਸਾਰੇ ਹਿੰਦੁਸਤਾਨ ਭਰ 'ਚ, ਉਸ ਵੇਲੇ ਬੰਗਾਲ ਤੋਂ ਵੀ, ਲੰਕਾ ਤੋਂ, ਉੜੀਸਾ ਤੋਂ, ਹਰ ਥਾਵਾਂ ਤੋਂ ਵਹੀਰਾਂ ਚੱਲ ਪਈਆਂ ਤੇ ਜਿਉਂ-ਜਿਉਂ ਵਿਸਾਖੀ ਨੇੜੇ ਆਉਂਦੀ ਗਈ, ਸੰਗਤਾਂ ਦਾ ਇਕੱਠ ਹੁੰਦਾ ਗਿਆ।

ਅੱਜ 30 ਮਾਰਚ 1999 ਨੂੰ ਗੁਰੂ ਮਹਾਰਾਜ ਨੇ ਪ੍ਰਬੰਧ ਕਰਿਆ। ਕੇਸਗੜ੍ਹ ਸਾਹਿਬ ਦੀ ਉਚੀ ਢੇਰੀ ਹੈ, ਉਚਾ ਥਾਉਂ, ਉਹ ਸਾਰੀ ਦੇ ਉਤੇ ਬੰਦੋਬਸਤ ਕਰਿਆ ਕਿ ਇਥੇ ਸੰਗਤ ਬੈਠ ਜਾਏ। ਇਤਿਹਾਸ ਸਾਰੇ ਲਿਖਦੇ ਨੇ, ਕਈ ਤਾਂ ਲਿਖਦੇ ਨੇ ਕਿ 80 ਹਜ਼ਾਰ ਸਿੱਖ ਆ ਗਏ ਸੀ ਉਥੇ। ਕਈ ਇਹ ਲਿਖਦੇ ਨੇ ਕਿ ਉਥੇ ਥੋੜ੍ਹੇ ਸੀ। ਸੀ ਬਹੁਤ ਜ਼ਿਆਦਾ। ਉਸ ਵੇਲੇ ਸਾਰੇ ਇੰਤਜ਼ਾਰ ਕਰ

ਰਹੇ ਨੇ ਕਿ ਗੁਰੂ ਸਾਹਿਬ ਅੱਜ ਕੀ ਦੱਸਣਗੇ ਕਿਉਂਕਿ ਇਹ ਗੱਲ ਹੋ ਗਈ ਸੀ ਕਿ ਗੁਰੂ ਸਾਹਿਬ ਨੇ ਅੱਜ ਕੋਈ ਨਵਾਂ ਪਰੋਗਰਾਮ ਦੇਣਾ ਹੈ। ਕੋਈ ਐਸੀ ਬੁਨਿਆਦੀ ਤਬਦੀਲੀ ਲਿਆਉਣੀ ਹੈ ਸਿੱਖੀ ਦੇ ਅੰਦਰ। ਜੋ ਸਾਰੀ ਦੁਨੀਆਂ ਨੂੰ ਹੈਰਾਨ ਕਰ ਦੇਵੇਗੀ। ਉਸੇ ਵੇਲੇ ਆਪ ਜਾ ਕੇ ਤਖਤ ਤੇ ਬੈਠ ਜਾਂਦੇ ਨੇ, ਰਾਗੀ ਸਿੰਘ ਜਿਹੜੇ ਨੇ ਕੀਰਤਨ ਕਰਦੇ ਨੇ, ਸੰਗਤਾਂ ਆਉਂਦੀਆਂ ਨੇ ਨਮਸ਼ਕਾਰ ਕਰ-ਕਰ ਕੇ ਬੈਠਦੀਆਂ ਜਾਂਦੀਆਂ ਨੇ। ਅਚਾਨਕ ਗੁਰੂ ਮਹਾਰਾਜ ਆਪਣੇ ਸਿੰਘਾਸਨ ਦੇ ਉਤੇ ਖੜ੍ਹੇ ਹੋ ਜਾਂਦੇ ਨੇ। ਸ੍ਰੀ ਸਾਹਿਬ ਕੱਢ ਲੈਂਦੇ ਨੇ ਹੱਥ ਵਿਚ ਲੈ ਲੈਂਦੇ ਨੇ। ਨੰਗੀ ਸ੍ਰੀ ਸਾਹਿਬ ਹਵਾ ਵਿਚ ਘੁੰਮਾਉਂਦੇ ਨੇ ਤੇ ਨਾਲ ਉਚੀ ਆਵਾਜ਼ ਨਾਲ ਕਹਿੰਦੇ ਨੇ ਕਿ ਪਿਆਰਿਓ! ਆਜ਼ਾਦੀ ਦੇ ਹਵਨ ਵਾਸਤੇ ਸਾਨੂੰ ਘਿਉ ਦੀ ਲੋੜ ਨਹੀਂ ਹੈ, ਧੂਫ ਦੀ ਲੋੜ ਨਹੀਂ ਹੈ, ਉਹਦੇ ਵਿਚ ਅਸੀਂ ਆਪਣੇ ਕਿਸੇ ਪਿਆਰੇ ਸਿੱਖ ਦਾ ਸੀਸ ਦਾ ਬਲੀਦਾਨ ਦੇਣਾ ਚਾਹੁੰਦੇ ਹਾਂ। ਉਹਦੇ ਖੂਨ ਪਾਉਣਾ ਚਾਹੁੰਦੇ ਹਾਂ ਉਸ ਯੱਗ ਦੇ ਅੰਦਰ। ਏਸ ਕਰਕੇ ਉਠੋ ਕੋਈ ਪਿਆਰਾ ਸਿੱਖ ਜਿਹੜਾ ਆਪਣਾ ਬਲੀਦਾਨ ਦੇਵੇ।

ਇਤਿਹਾਸਾਂ ਵਿਚ ਆਉਂਦਾ ਹੈ ਕਿ ਗੁਰੂ ਮਹਾਰਾਜ ਨੇ ਇਕ ਵਾਰੀ ਕਿਹਾ ਚਾਰੇ ਪਾਸੇ ਦੇਖਿਆ, ਸਨਾਟਾ ਛਾ ਗਿਆ ਤੇ ਕੋਈ ਨਾ ਉਠੇ। ਸੁਣਦੇ ਆਉਂਦੇ ਹਾਂ ਆਪਾਂ ਪਹਿਲਾਂ ਤੋਂ। ਲੇਕਿਨ ਇਹ ਗੱਲ ਬਿਲਕੁਲ ਗਲਤ ਹੈ ਸਾਧਸੰਗਤ ਜੀ! ਸਿੱਖੀ ਐਨੀ ਉਚੀ ਹੋ ਚੁੱਕੀ ਸੀ ਕਿ ਸਿੱਖ ਨੂੰ ਪਤਾ ਲਗ ਚੁਕਿਆ ਸੀ ਕਿ ਮੌਤ ਦੇ ਨਾਲ ਮੌਤ ਨਹੀਂ ਹੋਇਆ ਕਰਦੀ। ਮੌਤ ਤੋਂ ਬਾਅਦ ਸਦਾ ਦਾ ਜੀਵਨ ਪ੍ਰਾਪਤ ਹੋਇਆ ਕਰਦਾ ਹੈ। ਦੂਸਰਾ ਇਹ ਸੀ ਕਿ ਉਹ ਜੀਉਂਦੇ ਜੀਉਂਦੇ ਜੀਵਨ ਮੁਕਤ ਹੋ ਗਏ ਸੀ।

***ਪ੍ਰਭ ਕੀ ਆਗਿਆ ਆਤਮ ਹਿਤਾਵੈ॥***
***ਜੀਵਨ ਮੁਕਤਿ ਸੋਊ ਕਹਾਵੈ॥***
***ਤੈਸਾ ਹਰਖੁ ਤੈਸਾ ਉਸੁ ਸੋਗੁ॥***
***ਸਦਾ ਅਨੰਦੁ ਤਹ ਨਹੀ ਬਿਓਗੁ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥***
***ਤੈਸਾ ਮਾਨੁ ਤੈਸਾ ਅਭਿਮਾਨੁ॥***
***ਤੈਸਾ ਰੰਕੁ ਤੈਸਾ ਰਾਜਾਨੁ॥***
***ਜੋ ਵਰਤਾਏ ਸਾਈ ਜੁਗਤਿ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥ ਅੰਗ - 275***

ਜਿਹਨੇ ਮੌਤ ਨੂੰ ਫਤਹਿ ਕਰ ਲਿਆ ਉਹ ਫੇਰ ਡਰਦੈ? ਹੋਰ ਇਹਨੂੰ ਮੰਨੋਰੰਜਨ ਬਣਾਉਣ ਵਾਸਤੇ ਲਿਖ ਦਿੰਦੇ ਨੇ ਕਿ ਜੀ, ਸਾਰਿਆਂ ਦੇ ਮੂੰਹ ਪੀਲੇ ਹੋ ਗਏ। ਇਤਿਹਾਸ ਗਲਤ ਹੈ। ਆਪਣੇ ਮਨ ਦੇ ਨਾਲ ਲਿਖਦੇ ਨੇ। ਚੜ੍ਹਦੀ ਕਲਾ ਦਾ ਇਤਿਹਾਸ ਨਹੀਂ ਹੈ। ਜਿਸ ਵਕਤ ਗੁਰੂ ਮਹਾਰਾਜ ਦੇ ਮੁਖਾਰਬਿੰਦ ਤੋਂ ਇਹ ਸਦਾ, ਲਲਕਾਰ ਖਤਮ ਹੋਈ। ਉਸੇ ਵੇਲੇ ਭਾਈ ਦਇਆ ਸਿੰਘ ਜਿਨ੍ਹਾਂ

ਦੀ ਜਾਤੀ ਖਤਰੀ ਸੀ। ਆਪ ਆ ਕੇ ਅੱਗੇ ਵਧ ਕੇ ਗੁਰੂ ਮਹਾਰਾਜ ਦੇ ਕੋਲ ਬੇਨਤੀ ਕਰਦੇ ਨੇ -

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ॥*

*ਅੰਗ - 827*

ਹੇ ਪ੍ਰਭੂ! ਮੈਂ ਤਾਂ ਹਾਂ ਹੀ ਕੁਛ ਨਹੀਂ, ਇਹ ਸੀਸ ਵੀ ਤੇਰਾ ਹੈ ਪੰਜ ਤੱਤ ਤੇਰੇ ਨੇ। ਪੰਜਾਂ ਤੱਤਾਂ ਤੋਂ ਬਣਿਆ ਸਰੀਰ ਤੇਰਾ। ਸੀਸ ਵੀ ਤੇਰਾ ਹੈ। ਨਾ ਮੇਰਾ ਮਨ ਹੈ, ਨਾ ਮੇਰੀ ਬੁੱਧੀ ਹੈ, ਨਾ ਮੇਰਾ ਅੰਤਸ਼ਕਰਣ ਹੈ, ਨਾ ਮੇਰੀ ਮੈਂ ਹੈ। ਇਹ ਤਾਂ ਤੂੰ ਹੀ ਖੇਲ੍ਹਦਾ ਹੈਂ ਅਨੇਕਾਂ ਰੂਪਾਂ ਵਿਚ। ਆਪਣੀ ਚੀਜ਼ ਤੂੰ ਆਪੇ ਹੀ ਲੈ ਲੈ। ਕਿਉਂਕਿ ਭਾਈ ਦਇਆ ਸਿੰਘ ਜੀ ਪੂਰਨ ਜੋਗੀ ਸੀਗੇ। ਰਾਜ ਜੋਗ ਦੇ ਪੂਰਨ ਗਿਆਤਾ ਸੀ, ਜਿਹਨੂੰ ਸਬਦਿ ਸੁਰਤਿ ਜੋਗ ਕਹਿੰਦੇ ਨੇ, ਉਹਦੇ ਪੂਰੇ ਸੀਗੇ। ਭਗਤ ਜੋਗ ਵਿਚ ਆਪ ਪੂਰੇ ਸੀ, ਬ੍ਰਹਮਗਿਆਨ ਵਿਚ ਆਪ ਪੂਰੇ ਸੀ। ਬੇਅੰਤ ਸ਼ਕਤੀਆਂ ਦੇ ਮਾਲਕ ਸੀ। ਜੇ ਇਹ ਗੱਲ ਕਹੋ ਕਿ ਗੁਰੂ ਸਾਹਿਬ ਨੇ ਤਿੰਨ ਵਾਰ ਕਿਹਾ ਕੋਈ ਨਾ ਉਠਿਆ, ਅਖੀਰ ਭਾਈ ਦਇਆ ਸਿੰਘ ਜੀ ਕੰਬਦੇ-ਕੰਬਦੇ ਆਏ। ਉਨ੍ਹਾਂ ਨੂੰ ਆਪ ਹੀ ਨਹੀਂ ਪਤਾ ਕਿ ਸਿੱਖੀ ਕੀ ਹੁੰਦੀ ਹੈ। ਜੇ ਐਨੀ ਕਮਜ਼ੋਰ ਸਿੱਖੀ 200 ਸਾਲ ਤੋਂ ਬਾਅਦ ਸੀ, ਤਾਂ ਫੇਰ ਫਾਇਦਾ ਕੀ ਹੋਇਆ ਨੌਂ ਗੁਰੂਆਂ ਦੇ ਉਪਦੇਸ਼ ਦਾ? ਉਦੋਂ ਤਾਂ ਪੂਰਨ ਸਿਖਰ ਤੇ ਜਾ ਚੁੱਕੀ ਸੀ ਸਿੱਖੀ। ਲਿਵ ਵਿਚ ਰਹਿਣ ਵਾਲੇ ਗੁਰਸਿੱਖ ਸੀਗੇ।

ਸੋ ਉਸ ਵੇਲੇ ਗੁਰੂ ਮਹਾਰਾਜ ਨੇ ਆਪ ਦਾ ਸੀਸ ਲਿਆ। ਦੂਸਰੀ ਵਾਰੀ ਫੇਰ ਆਵਾਜ਼ ਦਿਤੀ। ਦੂਸਰੀ ਆਵਾਜ਼ ਉਤੇ ਭਾਈ ਧਰਮ ਸਿੰਘ ਜੀ, ਹਸਤਨਾਪੁਰ ਦਿੱਲੀ ਦੇ, ਜੱਟ ਜਾਤੀ ਨਾਲ ਸਬੰਧ ਰੱਖਣ ਵਾਲੇ, ਉਨ੍ਹਾਂ ਨੇ ਆ ਕੇ ਗੁਰੂ ਮਹਾਰਾਜ ਕੋਲ ਬੇਨਤੀ ਕੀਤੀ -

*ਤਨੁ ਧਨੁ ਤੇਰਾ ਤੂੰ ਪ੍ਰਭੁ ਮੇਰਾ*
*ਹਮਰੈ ਵਸਿ ਕਿਛੁ ਨਾਹਿ॥*
*ਜਿਉ ਜਿਉ ਰਾਖਹਿ ਤਿਉ ਤਿਉ ਰਹਣਾ*
*ਤੇਰਾ ਦੀਆ ਖਾਹਿ॥* *ਅੰਗ - 406*

ਹੇ ਪ੍ਰਭੂ ਅਸੀਂ ਤਾਂ ਤੇਰੇ ਹੀ ਹਾਂ। ਸਾਡੇ ਕੋਲ ਤਾਂ ਵਖਰੀ ਚੀਜ਼ ਹੈ ਨਹੀਂ ਜਿਹੜੀ ਤੈਨੂੰ ਦੇਈਏ। ਸੋ ਐਸੀ ਚੜ੍ਹਦੀ ਕਲਾ ਦੇ ਨਾਲ ਆਪ ਆਏ। ਉਸ

ਤੋਂ ਬਾਅਦ ਤੀਸਰੀ ਆਵਾਜ਼ ਦਿਤੀ, ਭਾਈ ਹਿੰਮਤ ਸਿੰਘ ਜੀ ਜਗਰਨਾਥ ਦੇ, ਝੀਵਰ ਜਾਤ ਵਾਲੇ, ਉਹ ਆਏ। ਚੌਥੀ ਅਵਾਜ਼ ਦਿਤੀ ਭਾਈ ਮੋਹਕਮ ਚੰਦ ਜੀ ਦਵਾਰਕਾ ਵਾਲੇ ਛੀਂਬਾ ਜਾਤੀ ਦੇ ਉਹ ਆਏ। ਪੰਜਵੀਂ ਆਵਾਜ਼ ਦੇ ਉਤੇ ਭਾਈ ਸਾਹਿਬ ਚੰਦ ਜੀ ਬਿਦਰ ਸ਼ਹਿਰ ਦੇ ਰਹਿਣ ਵਾਲੇ ਤੇ ਨਾਈ ਜਾਤ ਦੇ ਆਪ ਦੇ ਪਾਸ ਆਉਂਦੇ ਨੇ। ਉਸ ਤੋਂ ਬਾਅਦ ਗੁਰੂ ਮਹਾਰਾਜ ਉਨ੍ਹਾਂ ਨੂੰ ਤੰਬੂ 'ਚ ਲੈ ਗਏ। ਆਪ ਨੇ ਨਵੇਂ ਵਸਤਰ ਪਹਿਨਾਅ ਕੇ, ਅੰਮ੍ਰਿਤ ਦਾ ਬਾਟਾ ਤਿਆਰ ਕਰਿਆ।

ਸਾਰੇ ਦੇਖਦੇ ਨੇ, ਉਸ ਵੇਲੇ ਇੰਤਜ਼ਾਰ ਕਰਦੇ ਨੇ ਕਿ ਗੁਰੂ ਮਹਾਰਾਜ ਫੇਰ ਮੰਗਣ ਸੀਸ। ਇਕ ਤੋਂ ਇਕ ਮੂਹਰੇ ਹੋ ਕੇ ਸੀਸ ਦੇਣ ਨੂੰ ਤਿਆਰ ਸੀ। ਬਾਕੀ ਬਹੁਤ ਦੁਨੀਆਂ ਹੁੰਦੀ ਹੈ, ਕੱਚੇ ਪਿੱਲੇ ਵੀ ਆਏ ਹੁੰਦੇ ਨੇ। ਵਿਸਾਖੀ ਦੇਖਣ ਵਾਲੇ ਵੀ ਆਏ ਹੁੰਦੇ ਨੇ। ਬਾਲ-ਬੱਚਿਆਂ ਨੂੰ ਪਿਆਰ ਕਰਨ ਵਾਲੇ ਵੀ ਆਏ ਹੁੰਦੇ ਨੇ। ਉਨ੍ਹਾਂ ਦੇ ਸਰੀਰ ਕੰਬਦੇ ਸੀ ਕਿ ਹੋ ਕੀ ਰਿਹਾ ਹੈ ਇਹ।

ਸੋ ਆਪ ਨੇ ਅੰਮ੍ਰਿਤ ਤਿਆਰ ਕਰਕੇ ਇਕ ਨਵਾਂ ਮੋੜ ਦੇ ਦਿਤਾ। ਕਈ ਪ੍ਰੇਮੀ ਇਸ ਘਟਨਾ ਨੂੰ ਹੋਰ ਤਰੀਕੇ ਨਾਲ ਦਸਦੇ ਨੇ। ਇਹ ਸੰਸੇ ਨੇ ਮੈਂ ਇਨ੍ਹਾਂ ਤੇ ਕੁਛ ਬੇਨਤੀ ਕਰਨਾ ਚਾਹੁੰਦਾ ਹਾਂ।

ਪਹਿਲੇ ਤਾਂ ਉਹ ਨੇ ਕਿ ਜਿਹੜੇ ਇਹ ਕਹਿੰਦੇ ਨੇ ਕਿ ਗੁਰੂ ਮਹਾਰਾਜ ਨੇ ਤੰਬੂ ਲਾਇਆ ਹੋਇਆ ਸੀ। ਉਹਦੇ ਵਿਚ ਪੰਜ ਬੱਕਰੇ ਬੰਨ੍ਹੇ ਹੋਏ ਸੀ, ਸਿੱਖ ਨੂੰ ਬਾਂਹ ਤੋਂ ਫੜ ਕੇ ਅੰਦਰ ਲੈ ਜਾਂਦੇ ਸੀ, ਬੱਕਰੇ ਦੀ ਗਰਦਨ ਵੱਢ ਦਿੰਦੇ ਸੀ ਤੇ ਉਹ ਬੱਕਰਾ ਮਰ ਜਾਂਦਾ ਸੀ ਤੇ ਉਹਦਾ ਖ਼ੂਨ ਬਾਹਰ ਆਉਂਦਾ ਸੀ। ਹੁਣ ਇਹਦੇ ਉਤੇ ਵਿਚਾਰ ਕਰੋ। ਖੜਕਾ ਹੁੰਦਾ ਸੀ, ਇਥੇ ਬੱਕਰਾ ਵੱਢ ਕੇ ਦੇਖ ਲਓ, ਜੇ ਭੋਰਾ ਖੜਕਾ ਹੋ ਜਾਏ। ਮੂੰਹ ਬੰਨ੍ਹਿਆ ਹੋਵੇ। ਉਥੇ ਤਾਂ 80 ਹਜ਼ਾਰ ਬੰਦਾ ਬੈਠਾ ਹੈ। ਫਰਲਾਂਗ ਭਰ 'ਚ ਬੰਦੇ ਬੈਠੇ ਨੇ ਤੇ ਗੁਰੂ ਮਹਾਰਾਜ ਦੇ ਤਖਤ ਤੋਂ ਕਿੰਨੀ ਦੂਰ ਬੈਠੇ ਨੇ। ਪਿਛੇ ਤੰਬੂ ਲੱਗਿਆ ਹੋਵੇ। ਬੱਕਰਾ ਵੱਢ ਦਓ, ਕਿਸੇ ਨੂੰ ਸੁਣਦਾ ਹੈ ਤੇ ਖੜਾਕਾ ਕਾਹਦੇ ਤੇ ਹੁੰਦਾ ਸੀ। ਕੱਚੀ ਧਰਤੀ ਤੇ ਤਾਂ ਹੁੰਦਾ ਹੀ ਨਹੀਂ। ਪੱਕੀ ਤੇ ਸੁੱਟ ਲਓ ਤਾਂ ਵੀ ਨਹੀਂ ਹੁੰਦਾ। ਇਹ ਕਹਿਣਾ ਕਿ ਜੀ ਖੜਕਾ ਹੋਇਆ ਜੀ, ਖ਼ੂਨ ਦੀ ਧਾਰ ਬਾਹਰ ਆਈ ਤੰਬੂ ਤੋਂ। ਮਾਰ ਕੇ ਦੇਖ ਲਓ ਜੇ ਐਨਾ ਖ਼ੂਨ ਚਲ ਜਾਵੇ, ਥੋੜ੍ਹੀ ਜਿਹੀ ਧਾਰ ਚੱਲ ਕੇ ਰੁਕ ਜਾਵੇਗੀ।

ਦੂਸਰੇ ਕੋਈ ਗੱਲ ਵੀ ਨਹੀਂ ਕਹਿੰਦੇ। ਇਹਦੇ ਵਿਚ ਬੜਾ ਭਾਰੀ ਫਰਕ ਪੈ ਗਿਆ। ਜੇ ਬੱਕਰੇ ਹੁੰਦੇ ਤਾਂ ਪਿਛੋਂ ਲਿਖਦੇ ਕਿ ਉਹ ਚੁੱਕ ਕੇ ਸੁੱਟੇ ਜਾਂ ਉਨ੍ਹਾਂ ਦਾ ਕੀ ਕਰਿਆ। ਇਨ੍ਹਾਂ ਦਾ ਵੀ ਨਿਹਚਾ ਹਿੱਲ ਜਾਂਦਾ ਕਿ ਗੁਰੂ ਐਵੇਂ ਹੀ ਸੀਗਾ, ਡਰਾਮਾ ਕਰਿਆ ਸੀ। ਐਸੀ ਗੱਲ ਨਹੀਂ ਹੈ, ਉਹ ਸੀਸ ਸੱਚਮੁੱਚ ਲਏ ਸੀ। ਪਹਿਲੀ ਤਾਂ ਗੱਲ ਇਹ ਹੈ ਕਿ ਮਹਾਰਾਜ ਜਦੋਂ ਕਨਾਤ ਹੀ ਲਗਾ ਦਿਤੀ, ਉਹਦੇ ਅੰਦਰ ਸਾਡਾ ਝਾਕਣ ਦਾ ਹੱਕ ਹੀ ਨਹੀਂ ਹੈਗਾ। ਜੋ ਕੌਤਕ ਹੋਇਆ ਹੋਇਆ। ਜਿਸ ਵਕਤ ਗੁਰੂ ਮਹਾਰਾਜ ਸੰਸਾਰ ਤੋਂ ਜਾਣ ਲੱਗੇ, ਉਸ ਵੇਲੇ ਉਨ੍ਹਾਂ ਨੇ ਚਿਖਾ ਦੇ ਦੁਆਲੇ ਕਨਾਤ ਲਾ ਦਿਤੀ। ਉਸ ਕਨਾਤ 'ਚ

ਕੀ ਹੋਇਆ, ਅੱਜ ਤੱਕ ਨਹੀਂ ਕਿਸੇ ਨੂੰ ਪਤਾ। ਇਕ ਤਾਂ ਉਹ ਖਿਆਲ ਹੈ ਕਿ ਗੁਰੂ ਮਹਾਰਾਜ ਜੀ ਚਿਖਾ ਦੇ ਉਤੇ ਚੌਂਕੜਾ ਮਾਰ ਕੇ ਬੈਠ ਗਏ ਤੇ ਆਪਣੀ ਯੋਗ ਅਗਨ ਦੇ ਨਾਲ ਚਿਖਾ ਵਿਚ ਆਪਣਾ ਸਰੀਰ ਭਸਮ ਕਰ ਦਿਤਾ। ਨਾਲ ਹੀ ਉਨ੍ਹਾਂ ਦਾ ਇਹ ਹੈ ਕਿ ਜਦੋਂ ਚਿਖਾ ਫੋਲੀ, ਛੋਟੀ ਕਿਰਪਾਨ ਤੋਂ ਇਲਾਵਾ ਹੋਰ ਕੁਛ ਹੱਥ ਹੀ ਨਹੀਂ ਲੱਗਿਆ। ਸ਼ਸਤਰ ਸਵਾ ਮਣ ਪਾਏ ਹੋਏ ਸੀ। ਉਹ ਲੋਹਾ ਕਿਥੇ ਚਲਿਆ ਗਿਆ, ਜਾਂ ਢਲ ਜਾਂਦਾ। ਪਹਿਲੀ ਗੱਲ ਤਾਂ ਢਲਦਾ ਹੀ ਨਹੀਂ ਹੁੰਦਾ, ਕਿਰਪਾਨ ਰੱਖ ਕੇ ਦੇਖ ਲਓ ਚਿਖਾ ਵਿਚ। ਕਦੇ ਵੀ ਨਹੀਂ ਢਲਦੀ। ਜੇ ਢਲ ਵੀ ਜਾਵੇ ਤਾਂ ਸੁਆਹ ਵਿਚ ਹੀ ਰਹਿ ਜਾਏਗੀ। ਲੋਹਾ ਜਲਦਾ ਹੈ ਕਿਤੇ, ਇਥੇ ਸੈਂਕੜੇ, ਹਜ਼ਾਰਾਂ ਅੱਗਾਂ ਦਿੰਦੇ ਨੇ, ਜਿਹੜੇ ਕੁਸ਼ਤਾ ਬਣਾਉਂਦੇ ਨੇ ਫੌਲਾਦ ਦਾ, ਮਸਾਂ ਜਾ ਕੇ ਕਿਤੇ ਫੁਟਦਾ ਹੈ। ਦੂਸਰੇ ਉਹ ਨੇ ਜਿਹੜੇ ਕਹਿੰਦੇ ਨੇ ਕਿ ਗੁਰੂ ਮਹਾਰਾਜ, ਹਨ੍ਹੇਰਾ ਸੀਗਾ, ਹਨ੍ਹੇਰੇ ਦੀ ਵਿਚ ਆਪ ਘੋੜਾ ਲੈ ਕੇ ਚਲੇ ਗਏ ਤੇ ਜੰਗਲ ਵਿਚ ਮਿਲੇ ਜਾ ਕੇ। ਉਸ ਤੋਂ ਬਾਅਦ ਫੂਨੇ ਸਿਤਾਰੇ ਦੇ ਕਿਲੇ ਵਿਚੋਂ ਬਾਲਾ ਰਾਓ ਤੇ ਬਾਜੀ ਰਾਓ ਦੋ ਮਰਹੱਟਾ ਸਰਦਾਰਾਂ ਨੂੰ ਕੱਢਿਆ। ਤੀਜਿਆ ਨੇ ਇਹ ਕਹਿ ਦਿਤਾ ਕਿ ਨਹੀਂ ਗੁਰੂ ਮਹਾਰਾਜ ਨੂੰ ਤਾਂ ਬਾਕਾਇਦਾ ਅਰਥੀ ਤੇ ਪਾ ਕੇ ਲੈ ਕੇ ਗਏ। ਬਿਬਾਨ ਕੱਢਿਆ ਤੇ ਉਨ੍ਹਾਂ ਦਾ ਸਸਕਾਰ ਕਰਿਆ ਬਾਕਾਇਦਾ। ਉਨ੍ਹਾਂ ਨੇ ਝਗੜਾ ਹੀ ਮੁਕਾ ਦਿਤਾ ਕਿ ਕੱਲ੍ਹ ਨੂੰ ਗੱਲਾਂ ਹੋਣਗੀਆਂ।

ਵਾਹਿਗੁਰੂ ਜਾਣੇ ਸਮਰੱਥ ਪੁਰਸ਼ਾਂ ਦਾ ਪਤਾ ਨਹੀਂ ਹੁੰਦਾ ਸਾਧਸੰਗਤ ਜੀ! ਗੁਰੂ ਨਾਨਕ ਸਾਹਿਬ ਦਾ ਜਦੋਂ ਸਸਕਾਰ ਕਰਨ ਲੱਗੇ ਤਾਂ ਝਗੜਾ ਪੈ ਗਿਆ। ਹਿੰਦੂ ਕਹਿੰਦੇ ਅਸੀਂ ਸਸਕਾਰ ਕਰਨਾ ਹੈ, ਮੁਸਲਮਾਨ ਕਹਿੰਦੇ ਅਸੀਂ ਦਫਨਾਉਣਾ ਹੈ। ਅਸੀਂ ਤਾਂ ਮਕਬਰਾ ਬਣਾਉਣਾ ਹੈ ਉਨ੍ਹਾਂ ਦਾ। ਉਹ ਕਹਿੰਦੇ ਅਸੀਂ ਸਮਾਧ ਬਣਾਉਣੀ ਹੈ। ਅਖੀਰ ਕਪੜਾ ਪਾ ਕੇ ਫੁੱਲ ਰੱਖ ਦਿਤੇ। ਸਾਰੇ ਹੈਰਾਨ ਹੋ ਗਏ ਕਿ ਉਥੇ ਇਕ ਕਪੜਾ ਹੈ ਤੇ ਫੁੱਲ ਨੇ। ਅੱਧੇ ਫੁੱਲ ਉਨ੍ਹਾਂ ਨੇ ਲੈ ਲਏ, ਅੱਧੇ ਉਨ੍ਹਾਂ ਨੇ ਲੈ ਲਏ। ਅੱਧਾ ਕਪੜਾ ਉਨ੍ਹਾਂ ਨੇ ਪਾੜ ਲਿਆ। ਇਕ ਨੇ ਕਬਰ ਬਣਾ ਦਿਤੀ, ਇਕ ਨੇ ਮੜੀ ਬਣਾ ਦਿਤਾ। ਬਾਬਾ ਬੁੱਢਾ ਜੀ ਕਹਿੰਦੇ ਨੇ –

***ਬਾਬਾ ਮੜੀ ਨਾ ਗੋਰ ਗੁਰ ਅੰਗਦ ਕੇ ਹੀਏ ਮੇਂ।***

ਉਹ ਤਾਂ ਗੁਰੂ ਅੰਗਦ ਸਾਹਿਬ ਦੇ ਹਿਰਦੇ ਵਿਚ ਪ੍ਰਵੇਸ਼ ਕਰ ਗਏ। ਸਰੀਰ ਅਲੋਪ ਕਰ ਦਿਤਾ। ਪਹਿਲਾਂ ਕਿੰਨੀਆਂ ਸਾਖੀਆਂ ਆਉਂਦੀਆਂ ਨੇ ਜਦੋਂ ਸਰੀਰ ਅਲੋਪ ਕਰ ਦਿਤਾ।

ਅਸੀਂ ਗੁਰੂਆਂ ਨੂੰ ਸਮਰੱਥ ਨਹੀਂ ਸਮਝਦੇ, ਮਨੁੱਖ ਵਾਂਗੂੰ ਸਮਝਦੇ ਹਾਂ। ਇਕ ਮੌਕੇ ਤੇ ਜੋ ਬੰਦਾ ਸੀ, ਉਹਨੇ ਵੀ ਕੁਛ ਲਿਖਿਆ ਹੈ, ਉਹ ਇਕ ਬ੍ਰਾਹਮਣ ਸੀ, ਉਹ ਮੁਸਲਮਾਨ ਹੋਇਆ ਹੋਇਆ ਸੀ। ਉਹਦਾ ਨਾਮ ਸੀ ਅਵਲ ਤੁਰਾਨੀ, ਉਹ ਔਰੰਗਜ਼ੇਬ ਨੇ ਖੁਫੀਆ ਪੁਲਿਸ 'ਚ, ਇਥੇ ਭੇਜਿਆ ਹੋਇਆ ਸੀ ਕਿ ਅਨੰਦਪੁਰ ਸਾਹਿਬ ਦੀਆਂ ਸਾਰੀਆਂ ਖਬਰਾਂ ਮੈਨੂੰ ਦਿਆ ਕਰ। ਉਹ ਜਾਸੂਸ ਸੀਗਾ। ਉਹ ਹਮੇਸ਼ਾ ਹੀ ਰੋਜ਼ ਦੀ ਰੋਜ਼ ਰਿਪੋਰਟਾਂ ਭੇਜਦਾ ਸੀ। ਪਹਿਲਾਂ ਵੀ ਆਇਆ ਸੀ ਗੋਲਕੰਡੇ ਦਾ, ਉਹ ਵੀ ਬੜੀ ਦੇਰ ਤੱਕ ਰਿਹਾ। ਇਹ ਵੀ ਅਵਲ ਤੁਰਾਨੀ ਜਿਹੜਾ ਬ੍ਰਾਹਮਣ ਸੀ ਮੁਸਲਮਾਨ ਬਣਿਆ ਹੋਇਆ, ਇਹ

ਬ੍ਰਾਹਮਣ ਬਣ ਕੇ ਖਬਰਾਂ ਭੇਜਦਾ ਸੀ। ਇਹਨੇ ਜਿਹੜੀ ਰਿਪੋਰਟ ਉਸ ਦਿਨ ਦੀ ਔਰੰਗਜ਼ੇਬ ਨੂੰ ਭੇਜੀ, ਉਹ ਇਕ ਲਿਖਾਰੀ ਹੋਇਆ ਹੈ ਉਹਦਾ ਨਾਉਂ ਸੀ ਬਖਸ਼ੀ ਸਿੰਘ ਆਦਲ, ਉਹਦੀ ਕਿਤਾਬ ਪਈ ਹੈ ਲਿਖੀ ਹੋਈ ਜਿਹਦੇ ਵਿਚ ਉਹਨੇ ਉਹਦਾ ਹਵਾਲਾ ਦੇ ਕੇ ਲਿਖਿਆ ਹੈ ਕਿ ਅਵਲ ਤੁਰਾਨੀ ਨੇ ਜੋ ਰਿਪੋਰਟ ਭੇਜੀ ਸੀ ਉਹਦੇ ਵਿਚ ਲਿਖਦਾ ਹੈ ਕਿ ਗੁਰੂ ਨੇ ਜਿਸ ਵਕਤ ਆਵਾਜ਼ ਦਿਤੀ, ਇਕ ਸਿੱਖ ਇਕ ਦਮ ਉਤੇ ਚੜ੍ਹ ਗਿਆ, ਉਹ ਜੇ ਜਿੱਕ ਨਹੀਂ ਕਰੀ, ਕੰਬਿਆ ਨਹੀਂ ਹੈ। ਇਕ ਦਮ ਚਲਿਆ ਗਿਆ। ਕਾਹਲੀ ਦੇ ਨਾਲ ਉਠ ਕੇ। ਗੁਰੂ ਨੇ ਉਸੇ ਵੇਲੇ ਹੀ ਸਾਰਿਆਂ ਦੇ ਸਾਮ੍ਹਣੇ ਉਹਦਾ ਸੀਸ ਕੱਟ ਦਿਤਾ, ਕਹਿੰਦਾ ਮੇਰੇ ਤੇ ਦਹਿਸ਼ਤ ਪੈ ਗਈ ਮੈਂ ਡਰ ਗਿਆ। ਐਨੇ ਨੂੰ ਦੂਜੀ ਆਵਾਜ਼ ਦਿਤੀ ਦੂਜਾ ਚਲਿਆ ਗਿਆ। ਉਹਦਾ ਵੀ ਕੱਟ ਦਿਤਾ ਤੇ ਨਾਲ ਹੀ ਉਤੇ ਚਾਦਰ ਦੇ ਦਿਤੀ। ਤੀਸਰਾ ਚਲਿਆ ਗਿਆ ਤੀਸਰੇ ਦੀ ਕੱਟ ਦਿਤੀ, ਚੌਥੇ ਦਾ ਪੰਜਵੇਂ ਦਾ। ਕਹਿੰਦਾ ਘਬਰਾ ਕੇ ਮੈਂ ਇਹ ਨਹੀਂ ਦੇਖ ਸਕਿਆ ਕਿ ਅੱਗੇ ਕਿਸ ਤਰ੍ਹਾਂ ਹੋਇਆ। ਕਹਿੰਦਾ ਜੋ ਮੈਂ ਦੇਖਿਆ ਉਹ ਇਹ ਦੇਖਿਆ ਕਿ ਗੁਰੂ ਨੇ ਬੈਠ ਕੇ ਕੋਈ ਮੰਤਰ ਪੜ੍ਹਨਾ ਸ਼ੁਰੂ ਕਰ ਦਿਤਾ। ਪਾਣੀ ਦੀ ਇਕ ਕੜਾਹੀ ਲਈ ਕੁੰਡਿਆਂ ਤੋਂ ਬਗੈਰ, ਕੁੰਡੇ ਨਹੀਂ ਸੀ ਉਹਦੇ। ਬਾਟੇ ਨੂੰ ਕੜਾਹੀ ਲਿਖਦਾ ਸੀ। ਕਹਿੰਦਾ ਗੁਰੂ ਪੜ੍ਹਨ ਲਗ ਗਿਆ ਬਹੁਤ ਤੇਜ਼ੀ ਦੇ ਵਿਚ। ਚਿਹਰੇ ਵਲ ਦੇਖਿਆ ਨਾ ਜਾਵੇ ਉਨ੍ਹਾਂ ਦੇ। ਕਹਿੰਦੇ ਉਸੇ ਵੇਲੇ ਇਕ ਮਾਈ ਆਈ, ਉਸ ਨੇ ਕੁਛ ਪਾਇਆ ਪਾਣੀ ਦੇ ਵਿਚ, ਮੈਨੂੰ ਨਹੀਂ ਪਤਾ ਕੀ ਪਾਇਆ ਉਹਦੇ ਵਿਚ, ਕੁਛ ਪਾਇਆ ਸੀ। ਉਸ ਤੋਂ ਬਾਅਦ ਉਹ ਆਬ-ਏ-ਹਿਆਤ ਬਣਾ ਲਿਆ, ਸਾਰਿਆਂ 'ਚ ਮਸ਼ਹੂਰ ਸੀ ਕਿ ਆਬ-ਏ-ਹਿਆਤ, ਅੰਮ੍ਰਿਤ ਬਣਾ ਦਿਤਾ। ਕਹਿੰਦੇ ਗੁਰੂ ਨੇ ਛਿੱਟੇ ਲਏ, ਤੇ ਪਹਿਲਾਂ ਬੰਦਾ ਜਿਹੜਾ ਕੱਟਿਆ ਸੀ ਉਹਦਾ ਸਿਰ ਨਾਲ ਜੋੜ ਕੇ ਛਿੱਟੇ ਮਾਰੇ ਉਹਦੇ। ਪੰਜ ਅੱਖਾਂ 'ਚ, ਪੰਜ ਸਿਰ ਦੇ ਵਿਚ ਤੇ ਉਸ ਤੋਂ ਬਾਅਦ ਉਹਨੇ ਜਦੋਂ ਸਿਰ ਵਲ ਆ ਕੇ ਕਿਹਾ ਕਿ ਬੋਲ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ। ਉਹ ਕੱਟਿਆ ਹੋਇਆ ਆਦਮੀ ਉਠ ਕੇ ਖੜ੍ਹਾ ਹੋ ਗਿਆ। ਕਹਿੰਦਾ ਇਸੇ ਤਰ੍ਹਾਂ ਦੂਸਰਾ, ਤੀਸਰਾ, ਚੌਥਾ, ਪੰਜਵਾਂ। ਐਨਾ ਵਿਸਮਾਦ ਹੋ ਗਿਆ ਸੰਗਤ 'ਚ ਖੁਸ਼ੀਆਂ ਹੋ ਗਈਆਂ ਕਿ ਗੁਰੂ ਮਹਾਰਾਜ ਨੇ ਕਿਹਾ ਜਦੋਂ ਕੌਤਕ ਕਰਕੇ ਦਿਖਾ ਦਿਤਾ ਸੰਗਤ 'ਚ, ਮੈਂ ਹੈਰਾਨ ਹਾਂ ਕਿ 20,000 ਬੰਦੇ ਉਸੇ ਵੇਲੇ ਅੰਮ੍ਰਿਤ ਛਕਣ ਲਈ ਤਿਆਰ ਹੋ ਗਏ। ਕਿਉਂਕਿ ਉਹਦੇ ਵਿਚ ਵੱਡੀ ਰੁਕਾਵਟ ਇਹ ਸੀ ਕਿ ਜਾਤ ਪਾਤ ਦਾ ਝਗੜਾ ਸੀ, ਉਚੀਆਂ ਜਾਤਾਂ ਵਾਲੇ ਛੋਟੀਆਂ ਨਾਲ ਨਹੀਂ ਸੀ ਬੈਠ ਕੇ ਖਾਂਦੇ, ਕਹਿੰਦੇ ਉਨ੍ਹਾਂ ਨੇ ਇਕੋ ਬਾਟੇ ਵਿਚ ਛਕਾ ਦਿਤਾ ਸਾਰਿਆਂ ਨੂੰ। ਇਹ ਵੱਡੀ ਕਰਾਮਾਤ ਮੈਂ ਦੇਖੀ। ਪਰ ਹੋਈ ਤਾਂ ਜਦੋਂ ਗੁਰੂ ਦਾ ਇਹੋ ਜਿਹਾ ਕੌਤਕ ਦੇਖਿਆ। ਹੁਣ ਜਦੋਂ ਅਸੀਂ ਬਾਣੀ ਦੇ ਨਾਲ ਵਿਚਾਰ ਕਰੀਏ, ਕਿ ਕੀ ਗੁਰੂ ਇਕ ਮਨੁੱਖ ਸੀਗਾ ਸਾਡੇ ਵਰਗਾ? ਚਾਹੇ ਸਮਝ ਲਓ ਕਿ ਇਹ ਚਲਾਕ ਮਨੁੱਖ ਸੀ, ਉਹਨੇ ਇਕ ਨਾਟਕ ਰਚਿਆ। ਤੰਬੂ ਦੇ ਅੰਦਰ ਬੱਕਰੇ ਲਿਆ ਦਿਤੇ, ਸ਼ਕਤੀ ਤਾਂ ਹੈ ਨਹੀਂ। ਪਰ ਗੁਰਬਾਣੀ ਇਹ ਕਹਿੰਦੀ ਹੈ ਕਿ ਪਿਆਰਿਓ! ਗੁਰੂ ਨੂੰ ਐਵੇਂ ਮਨੁੱਖ ਨਾ ਸਮਝੋ। ਅਕਾਲ ਪੁਰਖ ਨੇ ਗੁਰੂ ਨਾਨਕ ਨੂੰ ਕਿਹਾ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ, ਤੂੰ ਗੁਰੂ ਪਰਮੇਸ਼ਰ। ਹੁਣ ਜੇ ਪਰਮੇਸ਼ਰ ਵਿਚ ਸ਼ਕਤੀ ਹੀ

ਨਹੀਂ ਹੈ, ਤਾਂ ਪਰਮੇਸ਼ਰ ਦਾ ਫਾਇਦਾ ਕੀ? ਉਹ ਤਾਂ ਇਕ ਫੁਰਨੇ ਦੇ ਨਾਲ ਸੰਸਾਰ ਰਚ ਦਿਤਾ।

*ਹਰਨ ਭਰਨ ਜਾ ਕਾ ਨੇਤ੍ਰ ਫੋਰੁ॥ ਅੰਗ - 284*

ਅੱਖ ਝਮਕਣ ਜਿੰਨੇ ਚਿਰ ਵਿਚ ਸੰਸਾਰ ਬਣਾ ਸਕਦਾ ਹੈ, ਅੱਖ ਝਮਕਣ ਜਿੰਨੇ ਚਿਰ ਵਿਚ ਇਥੇ ਕੁਛ ਨਹੀਂ ਹੋਏਗਾ। ਉਹ ਤਾਂ ਆਪ ਹੀ ਸ਼ਕਤੀ ਦਾ ਰੂਪ ਹੈ। ਉਹ ਪ੍ਰਮੇਸ਼ਰ ਕਹਿੰਦਾ ਹੈ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ। ਇਧਰ ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਨੇ -

*ਠਾਢ ਭਯੋ ਮੈ ਜੋਰਿ ਕਰ,*
*ਬਚਨ ਕਹਾ ਸਿਰ ਨਿਆਇ।*
*ਪੰਥ ਚਲੈ ਤਬ ਜਗਤ ਮੈ,*
*ਜਬ ਤੁਮ ਕਰਹੁ ਸਹਾਇ॥ ਕਬਿ ਬਾਚ ਦੋਹਰਾ*

ਅਕਾਲ ਪੁਰਖ ਕਹਿੰਦਾ ਹੈ -

*ਮੈ ਅਪਨਾ ਸੁਤ ਤੁਹਿ ਨਿਵਾਜਾ। (ਚੌਪਈ)*

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥ ਅੰਗ - 442*

ਫੇਰ ਰੱਬ ਵਿਚ ਤਾਂ ਤਾਕਤ ਹੁੰਦੀ ਹੈ ਭਾਈ। ਐਹੋ ਜਿਹਾ ਸਟੰਟ ਰਚਣ ਦੀ ਕੀ ਲੋੜ ਸੀ ਗੁਰੂ ਮਹਾਰਾਜ ਨੂੰ। ਉਹ ਸਮਰੱਥ ਸੀ ਐਸਾ ਬਾਣੀ ਦੇ ਅੰਦਰ ਆਉਂਦਾ ਹੈ।

*ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ॥*
*ਸਤਿਗੁਰੁ ਮੇਰਾ ਮਾਰਿ ਜੀਵਾਲੈ॥*
*ਸਤਿਗੁਰ ਮੇਰੇ ਕੀ ਵਡਿਆਈ॥*
*ਪ੍ਰਗਟੁ ਭਈ ਹੈ ਸਭਨੀ ਥਾਈ॥ ਅੰਗ - 1142*

ਗੁਰੂ ਮਹਾਰਾਜ ਜੋ ਕੁਛ ਵੀ ਕਰਿਆ ਹੈ ਸਾਮ੍ਹਣੇ ਕਰਿਆ ਹੈ। ਕਈ ਪ੍ਰੇਮੀ ਖਿਆਲ ਕਰਦੇ ਨੇ ਕਮਜ਼ੋਰ ਨਿਹਚਿਆਂ ਵਾਲੇ ਕਿ ਐਉਂ ਹੋ ਸਕਦਾ ਹੈ? ਉਹ ਤਾਂ ਗੁਰੂਆਂ ਦੀ ਗੱਲ ਹੈ, ਬਾਬਾ ਫਰੀਦ ਜਦੋਂ ਤਪ ਕਰਕੇ ਵਾਪਸ ਆਉਂਦਾ ਹੈ, ਪਹਿਲੀ ਵਾਰੀ ਬਾਰ੍ਹਾਂ ਸਾਲ ਬਾਅਦ। ਦਰਖਤ ਦੇ ਹੇਠਾਂ ਬੈਠਾ ਹੈ, ਚਿੜੀਆਂ ਰੌਲਾ ਪਾਈ ਜਾਂਦੀਆਂ ਸੀ। ਤਪ ਕਰਕੇ ਮਨ ਵਿਚ ਕ੍ਰੋਧ ਵਧਿਆ ਹੋਇਆ ਸੀ। ਉਤੇ ਨੂੰ ਦੇਖਿਆ, ਕਹਿੰਦਾ ਮਰ ਵੰਞੋ ਚਿੜੀਓ, ਸਾਰੀਆਂ ਹੀ ਮਰ ਗਈਆਂ। ਖਿਆਲ ਆਇਆ ਕਿ ਐਵੇਂ ਚਹਿ ਚਹਾਉਂਦੇ ਪੰਛੀ ਮੈਂ ਮਾਰ ਦਿਤੇ। ਮੈਨੂੰ ਕੀ ਮਿਲਿਆ। ਐਂ ਇਕ ਨਿਗ੍ਹਾ ਕਰੀ ਸਾਰੀਆਂ ਵਲ, ਕਹਿੰਦਾ ਉਡ ਵੰਞੋ ਚਿੜੀਓ। ਸਾਰੀਆਂ ਉਡ ਗਈਆਂ।

ਨਾਮਦੇਵ ਜੀ ਜਮੁਨਾ ਦੇ ਕੰਢੇ ਬੈਠੇ ਨੇ। ਨੌਜਵਾਨ ਬ੍ਰਾਹਮਣ ਦੀ ਅਰਥੀ ਜਾ ਰਹੀ ਹੈ। ਸਤੀ ਹੋਣ ਵਾਸਤੇ ਬੀਬੀ ਹਾਰ ਸ਼ਿੰਗਾਰ ਲਾ ਕੇ, ਪੂਰੇ ਵਸਤਰ

ਪਹਿਨ ਕੇ ਜਾ ਰਹੀ ਹੈ। ਨਾਮਦੇਵ ਜੀ ਨੂੰ ਨਮਸਕਾਰ ਕਰਨ ਆਈ, ਆਪ ਦੇ ਨੇਤਰ ਬੰਦ ਸੀ, ਅਕਹਿ ਰਸ ਦੇ ਵਿਚ ਆਪ ਦੀ ਸੁਰਤ ਲੱਗੀ ਹੋਈ ਸੀ। ਜਦੋਂ ਗਹਿਣਿਆਂ ਦਾ ਖੜਾਕ ਹੋਇਆ ਤਾਂ ਨੇਤਰ ਖੋਲ੍ਹੇ ਤਾਂ ਨਾਲ ਦੀ ਨਾਲ ਬਚਨ ਮੁੱਖ 'ਚੋਂ ਨਿਕਲ ਗਿਆ, ਬੇਟਾ! ਸੁਹਾਗ ਮਾਣ। ਬੀਬੀ ਨੇ ਬਚਨ ਫੜ ਲਿਆ, ਬਾਬਾ ਜੀ! ਮੇਰਾ ਸੁਹਾਗ ਤਾਂ ਅਰਥੀ ਤੇ ਪਿਆ ਹੈ। ਹੁਣ ਸਾਧੂ ਦਾ ਹੋ ਗਿਆ ਬਚਨ। ਸੰਸ਼ੋਪੰਜ ਦੇ ਵਿਚ ਪੈ ਗਈ। ਅੰਦਰੋਂ ਆਵਾਜ਼ ਆਈ ਕਹਿਣ ਲੱਗੀ, ਨਾਮਦੇਵ ਘਬਰਾ ਨਾ। ਮੋਢੇ ਤੋਂ ਫੜ ਕੇ ਕਹਿ ਦੇ ਰਾਮੁ ਕਹੁ ਉਠ। ਨਾਮਦੇਵ ਨੇ ਮੋਢੇ ਤੋਂ ਫੜਿਆ, ਉਠ ਕੇ ਕਹਿ ਦਿਤਾ। ਨਤੀਜਾ ਕੀ ਹੋਇਆ ਸੁਲਤਾਨ ਨੇ ਬੁਲਾ ਕੇ ਗਊ ਮਾਰ ਕੇ ਕਿਹਾ ਕਿ ਜੀਉਂਦੀ ਕਰ। ਕਹਿੰਦੇ ਮੈਂ ਤਾਂ ਨਹੀਂ ਸੀ ਕਰਿਆ। ਉਹ ਤਾਂ ਪ੍ਰਭੂ ਨੇ ਕਰਿਆ ਹੈ। ਮਤਲਬ ਸੀ ਕਿ ਉਨ੍ਹਾਂ ਨੇ ਬ੍ਰਾਹਮਣ ਦਾ ਲੜਕਾ ਜੀਉਂਦਾ ਕਰ ਦਿਤਾ।

ਬਾਬੇ ਅਟੱਲ ਦੀ ਵਾਰੀ ਰਾਤ ਨੂੰ ਬੱਚਿਆਂ ਨਾਲ ਖੇਲ੍ਹਦੇ ਹੋਏ ਰਹਿ ਗਈ, ਮੋਹਨ ਦੇ ਸਿਰ। ਰਾਤ ਨੂੰ ਉਹਦੇ ਸੱਪ ਲੜ ਗਿਆ। ਖੇਲ੍ਹ ਸ਼ੁਰੂ ਹੋ ਗਈ, ਵਾਰੀ ਦੇਣ ਆਇਆ ਨਾ। ਬਾਬਾ ਜੀ ਕਹਿੰਦੇ ਬੁਲਾਓ ਉਹਨੂੰ। ਕਹਿੰਦੇ ਉਹ ਤਾਂ ਆਉਂਦਾ ਨਹੀਂ। ਘਰ ਦੇ ਐਉਂ ਕਹਿ ਛੱਡਣ ਕਿ ਬਾਬਾ ਜੀ! ਆ ਕੇ ਲੈ ਜਾਣ। ਜਦੋਂ ਬਾਬਾ ਅਟੱਲ ਜੀ ਗਏ ਤਾਂ ਉਹ ਮਰਿਆ ਪਿਆ ਹੈ। ਤਾਂ ਖੂੰਡੀ ਗਲ ਵਿਚ ਪਾ ਕੇ ਕਹਿਣ ਲੱਗੇ, ਵਾਰੀ ਦੇਣ ਦਾ ਮਾਰਿਆ ਬਹਾਨਾ ਕਰਕੇ ਪਿਆ ਹੈਂ। ਕਹਿੰਦੇ ਉਠ ਵਾਰੀ ਦੇਹ। ਮੋਹਨ ਜਿੰਦਾ ਹੋ ਗਿਆ। ਇਤਿਹਾਸ 'ਚ ਆਉਂਦਾ ਹੈ ਕਿ ਗੁਰੂ ਛੇਵੇਂ ਪਾਤਸ਼ਾਹ ਨੇ ਗੱਲ ਪਸੰਦ ਨਾ ਕਰੀ। ਅਖੀਰ ਸਰੀਰ ਛੱਡਣਾ ਪਿਆ।

ਬਾਬਾ ਗੁਰਦਿੱਤਾ ਜੀ, ਪਤਾ ਲੱਗਿਆ ਕਿ ਸ਼ੇਰ ਆ ਗਿਆ, ਪਹਾੜੀਆਂ ਨੇ ਆ ਕੇ ਹਾਏ-ਦੁਹਾਈ ਮਚਾਈ ਕਿ ਬਾਬਾ ਜੀ ਸ਼ੇਰ ਆ ਗਿਆ, ਸਾਡੀਆਂ ਗਾਈਆਂ ਖਾਂਦਾ ਹੈ। ਬਾਬਾ ਜੀ ਜੰਗਲ ਵਿਚ ਚਲੇ ਜਾਂਦੇ ਨੇ, ਉਥੇ ਗਊ ਫਿਰਦੀ ਸੀ ਸ਼ੇਰ ਵਾਂਗੂੰ ਚਿੱਟੀ-ਮ-ਚਿੱਟੀ ਜਿਹੀ। ਦੂਰੋਂ ਸਮਝਿਆ ਕਿ ਸ਼ੇਰ ਹੈ, ਬਾਣ ਮਾਰਿਆ, ਗਊ ਮਰ ਗਈ। ਪਹਾੜੀਆਂ ਨੇ ਪਾ ਦਿਤਾ ਰੌਲਾ ਕਿ ਸਾਡੀ ਤਾਂ ਗਊ ਮਾਰ ਦਿਤੀ ਇਨ੍ਹਾਂ ਨੇ। ਅਸੀਂ ਤਾਂ ਰਾਜੇ ਕੋਲ ਫਰਿਆਦ ਕਰਾਂਗੇ। ਗੁਰੂ ਛੇਵੇਂ ਪਾਤਸ਼ਾਹ ਨੇ ਸ਼ਸਤਰ ਉਤਾਰ ਦਿਤੇ ਸੀ। ਹੁਣ ਸਸ਼ੋਪੰਜ 'ਚ ਪੈ ਗਏ ਕਿ ਕੀ ਕਰਿਆ ਜਾਵੇ। ਇਨ੍ਹਾਂ ਨੇ ਰਾਜੇ ਨੂੰ ਕਹਿਣਾ ਹੈ, ਰਾਜੇ ਨੇ ਸਿਪਾਹੀ ਭੇਜਣੇ ਨੇ, ਬੜਾ ਇਹ ਤਾਂ ਭੁਚਾਲ ਪੈ ਜਾਣਾ ਹੈ ਗੱਲ ਦਾ। ਗੁਰੂ ਮਹਾਰਾਜ ਨੇ ਸ਼ਸਤਰ ਉਤਾਰ ਦਿਤੇ ਨੇ। ਇਕੋ ਤਰੀਕਾ ਦੇਖਿਆ ਕਿ ਹੁਣ ਤਾਂ ਇਹੀ ਹੈ ਕਿ ਗਊ ਜੀਉਂਦੀ ਕਰ ਦੇਈਏ। ਬਾਣ ਦੇ ਨਾਲ ਆਂਦਰਾਂ ਕੱਟ ਕੇ ਬਾਹਰ ਆ ਗਈਆਂ ਸੀ। ਉਥੇ ਵਾਹਿਗੁਰੂ ਕਹਿ ਕੇ, ਛਿੱਟਾ ਮਾਰ ਕੇ ਕਹਿੰਦੇ, ਉਠ ਖੜ੍ਹੀ ਹੋ, ਉਸੇ ਵੇਲੇ ਖੜ੍ਹੀ ਹੋ ਗਈ।

ਗੁਰੂ ਨਾਨਕ ਪਾਤਸ਼ਾਹ ਜਮੁਨਾ ਦੇ ਕੰਢੇ ਬੈਠੇ ਨੇ ਜਿਥੇ ਗੁਰਦੁਆਰਾ ਬਣਿਆ ਹੋਇਆ ਹੈ ਬਾਹਰਲੇ ਪਾਸੇ। ਕੋਲ ਮਹਾਵਤਖਾਨਾ ਸੀ। ਅੰਮ੍ਰਿਤ ਵੇਲਾ ਹੋਇਆ, ਉਸ ਵੇਲੇ ਬਹੁਤ ਰੋਣ ਦੀ ਆਵਾਜ਼ ਕੰਨਾਂ 'ਚ ਆਈ। ਕਹਿੰਦੇ ਇਹ

ਰੋਂਦੇ ਕਿਉਂ ਨੇ। ਮਰਦਾਨਿਆਂ ਜਾ ਕੇ ਪਤਾ ਲਿਆ। ਜਾ ਕੇ ਪਤਾ ਲਿਆਇਆ, ਕਹਿਣ ਲੱਗਿਆ, ਮਹਾਰਾਜ! ਮਹਾਵਤ ਦਾ ਇਹ ਹਾਥੀ ਮਰ ਗਿਆ ਹੈ ਇਨ੍ਹਾਂ ਦਾ ਜਿਹਦੇ ਉਤੇ ਸਾਰੇ ਪਰਿਵਾਰ ਨੂੰ ਤਨਖਾਹ ਮਿਲਦੀ ਹੈ। ਬੇਰੁਜ਼ਗਾਰ ਹੋ ਕੇ ਰੋਂਦੇ ਨੇ। ਮਹਾਰਾਜ ਕਹਿੰਦੇ ਲੱਗੇ ਜਾਹ, ਉਨ੍ਹਾਂ ਨੂੰ ਜਾ ਕੇ ਕਹਿ ਕਿ ਰੋਣ ਨਾਂਹ, ਹਾਥੀ ਤਾਂ ਜੀਉਂਦਾ ਹੈ। ਜਾ ਕੇ ਕਿਹਾ ਤਾਂ ਦੇਖਿਆ ਤਾਂ ਹਾਥੀ ਜੀਉਂਦਾ ਸੀ।

ਦੂਸਰੇ ਦਿਨ ਬਾਦਸ਼ਾਹ ਨੂੰ ਪਤਾ ਲੱਗਿਆ ਕਿ ਇਕ ਦਰਵੇਸ਼ ਆਇਆ ਹੋਇਆ ਹੈ, ਉਸ ਨੇ ਮਰਿਆ ਹੋਇਆ ਹਾਥੀ ਜੀਉਂਦਾ ਕਰ ਦਿਤਾ। ਉਹ ਆ ਕੇ ਕਹਿੰਦਾ ਮੈਂ ਸੁਣਿਆ ਹੈ ਕਿ ਦਰਵੇਸ਼ ਸਾਂਈ! ਸੁਣਿਐ ਤੂੰ ਹਾਥੀ ਮਰਿਆ ਹੋਇਆ ਜੀਉਂਦਾ ਕਰ ਦਿਤਾ। ਮਹਾਰਾਜ ਕਹਿੰਦੇ ਬਾਦਸ਼ਾਹ! ਮਾਰਨਾ ਜੀਵਾਲਣਾ ਪ੍ਰਮੇਸ਼ਰ ਦੇ ਹੱਥ ਹੁੰਦਾ ਹੈ। ਫਕੀਰਾਂ ਦੀ ਸਿਰਫ ਦੁਆ ਹੋਇਆ ਕਰਦੀ ਹੈ। ਕਹਿੰਦੇ ਹੁਣ ਮਾਰ ਕੇ ਦਿਖਾਓ। ਮਹਾਰਾਜ ਨੇ ਕਿਹਾ ਕਿ ਇਹ ਤਾਂ ਮਰਿਆ ਹੀ ਹੋਇਆ ਹੈ, ਹੁਣ ਮਾਰ ਕੇ ਕੀ ਦਿਖਾਵਾਂ। ਦੜੰਮ ਕਰਕੇ ਹਾਥੀ ਮਰ ਗਿਆ। ਕਹਿੰਦੇ ਹੁਣ ਜੀਉਂਦਾ ਕਰੋ। ਮਹਾਰਾਜ ਕਹਿੰਦੇ ਹੁਣ ਨਹੀਂ ਜੀਉਂਦਾ ਹੁੰਦਾ। ਕਹਿੰਦੇ ਰੱਬ ਦੀ ਸੁੱਟੀ ਹੋਈ ਨੂੰ ਸੰਤ ਚੁੱਕ ਲਿਆ ਕਰਦੇ ਨੇ, ਸੰਤਾਂ ਦੀ ਸੁੱਟੀ ਹੋਈ ਨੂੰ ਰੱਬ ਨਹੀਂ ਚੁਕਦਾ।

***ਮੇਰੀ ਬਾਂਧੀ ਭਗਤੁ ਛਡਾਵੈ***
***ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***

***ਅੰਗ - 1253***

ਕਹਿੰਦੇ ਜਿਹੜੇ ਸੰਤ ਹੁੰਦੇ ਨੇ, ਦੇਖ ਤੈਨੂੰ ਗੱਲ ਸਮਝਾਈਏ, ਰੱਬ ਦਾ ਮਾਰਿਆ ਹੋਇਆ ਐਂ ਸਮਝ ਲੈ ਕਿ ਅੱਗ ਦਾ ਕੋਲਾ ਹੈ। ਕੋਲੇ ਨੂੰ ਹੱਥ ਤੇ ਚੁੱਕ ਲਓ, ਘੁੰਮਾ ਲਓ ਦੋ ਚਾਰ ਵਾਰੀ, ਹੱਥ ਨਹੀਂ ਜਲਦਾ। ਸੰਤ ਜਿਹੜੇ ਹੁੰਦੇ ਨੇ ਉਹਦੇ ਰੰਗ ਦੇ ਵਿਚ ਲਾਲ ਹੋਏ ਹੁੰਦੇ ਨੇ, ਜਿਵੇਂ ਲੋਹਾ ਸੁੱਟ ਦੇਈਏ ਅੱਗ ਦੇ ਵਿਚ। ਲਾਲ ਸੁਰਖ ਹੋ ਜਾਏਗਾ, ਹੱਥ ਲਾ ਕੇ ਦਿਖਾਓ। ਅੱਗ ਦੇ ਵਿਚੋਂ ਹੱਥ ਲੰਘਾ ਲਓਂਗੇ, ਲੋਹੇ ਨਾਲ ਨਹੀਂ ਛੋਹ ਸਕਦੇ। ਛੋਹਣ ਸਾਰ ਹੱਥ ਜਲ ਜਾਏਗਾ। ਇਸ ਤਰ੍ਹਾਂ ਰੱਬ ਦੀ ਸੁੱਟੀ ਹੋਈ ਨੂੰ ਸੰਤ ਚਾਹ ਲੈਂਦੇ ਨੇ, ਸੰਤਾਂ ਦੀ ਸੁੱਟੀ ਹੋਈ ਨੂੰ ਰੱਬ ਨਹੀਂ ਚਾਹੁੰਦਾ। ਰੱਬ ਨਹੀਂ ਉਠਾ ਸਕਦਾ। ਸੋ ਇਸ ਤਰ੍ਹਾਂ ਦੇ ਨਾਲ ਇਕ ਘਟਨਾ ਨਹੀਂ ਸੈਂਕੜੇ ਹੀ ਨੇ।

ਗੁਰੂ ਅਮਰਦਾਸ ਜੀ ਮਹਾਰਾਜ ਅੰਮ੍ਰਿਤ ਵੇਲੇ ਉਠੇ, ਕਹਿੰਦੇ ਰੋਣ ਦੀ ਆਵਾਜ਼ ਕਿਥੋਂ ਆਉਂਦੀ ਹੈ? ਕਹਿੰਦੇ ਜੀ ਬ੍ਰਾਹਮਣੀ ਦਾ ਲੜਕਾ ਮਰ ਗਿਆ। ਕਹਿੰਦੇ ਜਾਓ ਉਹਨੂੰ ਕਹਿ ਦਿਓ, ਉਹ ਜੀਉਂਦਾ ਹੈ, ਰੋਵੇ ਨਾ। ਉਹ ਜੀਉਂਦਾ ਹੋ ਗਿਆ। ਮਹਾਰਾਜ ਨੇ ਕਾਲ ਹੀ ਬੰਦ ਕਰ ਦਿਤਾ ਕਿ ਸਾਡੇ ਜੀਉਂਦੇ-ਜੀਉਂਦੇ ਕੋਈ ਬੱਚਾ ਨਹੀਂ ਤੂੰ ਮਾਰਨਾ। ਇਥੇ ਨਹੀਂ ਤੂੰ ਵੜਨਾ ਆ ਕੇ। ਸੋ ਗੁਰੂ ਮਹਾਰਾਜ ਦੇ ਹੁੰਦੇ ਕਾਲ ਹੀ ਨਹੀਂ ਉਥੇ ਆ ਕੇ ਵੜਿਆ। ਸੋ ਇਸ

ਤਰ੍ਹਾਂ ਅਨੇਕਾਂ ਹੀ ਮਿਸਾਲਾਂ ਨੇ।

ਸੋ ਜੋ ਉਹ ਦੂਜੀ ਗੱਲ ਕਹਿੰਦਾ ਸੀ ਕਿ ਕੋਈ ਮਾਤਾ ਸੀ ਉਸਨੇ ਕੋਈ ਚੀਜ਼ ਲਿਆ ਕੇ ਪਾਈ। ਉਹਦੇ ਬਾਰੇ ਇਤਿਹਾਸ ਲਿਖਦਾ ਹੈ ਕਿ ਜਦੋਂ ਮਾਤਾ ਜੀਤੋ ਜੀ ਨੂੰ ਬਾਬਾ ਬੁੱਢਾ ਕਿਆ ਨੇ ਜਾ ਕੇ ਦੱਸਿਆ, ਕਿ ਐਸਾ ਪੰਥ ਕਰਾਰਾ ਕਰ ਰਹੇ ਨੇ। ਬਈ ਇਹਨੂੰ ਸਾਂਭੇਗਾ ਕੌਣ? ਅੰਮ੍ਰਿਤ ਦਾ ਜੋ ਜਲ ਸੀ ਉਹ ਬਾਹਰ ਗਿਰਿਆ। ਕਿਸੇ ਚਿੜਿਆਂ ਨੇ ਚੁੰਝ ਭਰ ਲਈ, ਉਹ ਲੜੀ ਜਾਂਦੇ ਨੇ ਉਦੋਂ ਦੇ, ਖ਼ੂਨ ਨਿਕਲ ਰਿਹਾ ਹੈ। ਮਾਤਾ ਜੀ ਕੁਛ ਮਿਠਾਸ ਪਾਓ ਇਹਦੇ ਵਿਚ। ਉਸ ਵੇਲੇ ਮਾਤਾ ਜੀ ਨੇ ਪਤਾਸੇ ਲਿਆ ਕੇ ਅੰਮ੍ਰਿਤ ਜਲ ਬਣਦੇ-ਬਣਦੇ ਵਿਚ ਪਾ ਦਿਤੇ। ਉਸ ਵੇਲੇ ਮਹਾਰਾਜ ਜੀ ਨੇ ਬਚਨ ਕਰਿਆ ਕਿ -

*ਭਲਹੁ ਭਇਓ ਤੁਮ ਚਲ ਕਰ ਆਈ॥*
*ਨੀਰ ਵਿਖੇ ਪਾਈ ਮਦੁਰਾਈ॥*
*ਨਾ ਤਰਿ ਪੰਥ ਹੋਤ ਵਡ ਕਰੂਰਾ॥*
*ਤੇਜ ਕਰਮ ਕਰ ਕਲਹ ਕਰਿ ਪੂਰਾ॥*

ਨਹੀਂ ਤਾਂ ਬੜੀ ਕਲਾ ਵਧ ਜਾਣੀ ਸੀ। ਜਿਹਦੇ ਗਲ ਪੈ ਜਾਂਦੇ ਮਰੇ ਮਰਾਏ ਬਿਨਾਂ ਪਿਛੇ ਹਟਣਾ ਹੀ ਨਹੀਂ ਸੀ। ਸੋ ਇਸ ਤਰ੍ਹਾਂ ਦੇ ਨਾਲ ਇਹ ਇਕ ਬਹੁਤ ਵੱਡੀ ਘਟਨਾ ਰੂਹਾਨੀ ਇਤਿਹਾਸ ਵਿਚ ਵਰਤੀ। ਮਹਾਰਾਜ ਨੇ ਉਹ ਜਲ ਤਿਆਰ ਕਰ ਦਿਤਾ ਜਿਸਨੂੰ ਆਬ-ਏ-ਹਿਆਤ ਕਹਿੰਦੇ ਨੇ। ਚਿੜੀਆਂ ਪੀ ਲੈਣ ਕਹਿੰਦੇ ਬਾਜਾਂ ਦੇ ਉਪਰ ਝਪਟ ਪੈਂਦੀਆਂ। ਮੌਤ ਤੋਂ ਉਤੇ ਕਰ ਦਿਤਾ ਕਿਉਂਕਿ ਅੰਮ੍ਰਿਤ ਕਹਿੰਦੇ ਹੀ ਉਸ ਨੂੰ ਨੇ, 'ਅੰਮ੍ਰਿਤ' ਜਿਥੇ ਮੌਤ ਨਾ ਪਹੁੰਚ ਸਕੇ। ਏਸ ਅੰਮ੍ਰਿਤ ਦੇ ਨਾਲ, ਸਾਰਾ ਜਿੰਨਾ ਨਕਸ, ਨਿਖਾਰ ਕੌਮ ਦਾ ਬਦਲ ਕੇ ਰੱਖ ਦਿਤਾ। ਉਸ ਵੇਲੇ ਆਵਾਜ਼ ਆਉਂਦੀ ਹੈ ਕਿ ਪਿਆਰਿਓ! ਆਓ, ਤੁਸੀਂ ਸਾਰੇ ਅੰਮ੍ਰਿਤ ਨੂੰ ਪੀਓ।

*ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾ ਖੇਲਾ।*
*ਗੁਰੁ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥* *ਭਾਈ ਗੁਰਦਾਸ ਜੀ ਦੀ ਵਾਰ 41/1*

ਪੰਜਾਂ ਨੂੰ ਛਕਾ ਦਿਤਾ। ਉਹ ਲਿਖਦਾ ਹੈ ਲਿਖਾਰੀ ਅਵਲ ਤੁਰਾਨੀ ਕਿ ਬਾਦਸ਼ਾਹ! ਮੈਂ ਹੈਰਾਨ ਹੋ ਗਿਆ। ਜਦੋਂ ਉਨ੍ਹਾਂ ਦੇ ਦੁਬਾਰਾ ਚਿਹਰੇ ਮੋਹਰੇ ਦੇਖੇ ਪਛਾਣੇ ਨਾ ਜਾਣ। ਐਹੋ ਜਿਹਾ ਰੰਗ ਚੜ੍ਹ ਗਿਆ, ਲਾਲ ਰੰਗ ਲਗ ਗਿਆ। ਅਜੀਬ ਜੋਸ਼ ਫੈਲ ਗਿਆ ਸੰਗਤਾਂ ਦੇ ਅੰਦਰ। ਪੈਰ ਨਹੀਂ ਲਗਦੇ ਕਿ ਆਬ-ਏ-ਹਿਆਤ ਪ੍ਰਗਟ ਕਰ ਦਿਤਾ। ਜਿਹੜਾ ਮਰਿਆਂ ਨੂੰ ਜੀਉਂਦੇ ਕਰ ਦੇਵੇ, ਐਸਾ ਜਲ ਆ ਗਿਆ। ਉਹਦੇ ਵਿਚ ਹੁਣ ਵੀ ਸੱਤਿਆ ਹੈ। ਜੁੜੇ ਹੋਏ ਜਦੋਂ ਪੰਜ ਇਕੱਠੇ ਹੋ ਕੇ ਅੰਮ੍ਰਿਤ ਦਾ ਬਾਟਾ ਤਿਆਰ ਕਰਦੇ ਨੇ ਗੁਰੂ ਵਰਤਦਾ ਹੈ ਉਨ੍ਹਾਂ

ਦੇ ਵਿਚ। ਸਾਧਸੰਗਤ ਜੀ ਪਹਿਲਾਂ ਹੀ ਗੁਰੂ ਹੁੰਦਾ ਹੈ ਇਕੱਲੇ-ਇਕੱਲੇ ਵਿਚ। ਜਦੋਂ ਪੰਜ ਹੋ ਜਾਂਦੇ ਨੇ ਫੇਰ ਤਾਂ ਕੋਈ ਸ਼ੱਕ ਹੀ ਨਹੀਂ ਰਹਿੰਦਾ।

ਇਕ ਮਿਸਾਲ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਨਾਰੰਗਵਾਲ ਵਾਲੇ। ਉਹ ਆਪ ਲਿਖਦੇ ਨੇ ਕਿ ਲੁਧਿਆਣੇ ਅੰਮ੍ਰਿਤ ਛਕਾਉਣ ਲੱਗੇ, ਖਾਲਸਾ ਕਾਲਜ ਵਿਚ ਸਕੂਲ ਹੁੰਦਾ ਸੀ ਉਨ੍ਹਾਂ ਦਿਨਾਂ ਵਿਚ। ਉਸ ਵੇਲੇ ਪੰਜ ਪਿਆਰੇ ਪੂਰੇ ਨਾ ਹੋਣ। ਕਹਿੰਦੇ ਉਨ੍ਹਾਂ ਨੇ ਦੱਸਿਆ। ਅਸੀਂ ਕਿਹਾ ਕਿ ਅਰਦਾਸ ਕਰੋ, ਪੰਜਵੇਂ ਆ ਰਹੇ ਨੇ। ਜਦੋਂ ਅਰਦਾਸ ਕਰਕੇ ਪਿਛੇ ਦੇਖਿਆ ਤਾਂ ਪੰਜਵੇਂ ਵੀ ਖੜ੍ਹੇ ਸੀ। ਪੰਜਵੇਂ ਬੀਜੀ (ਬੀਬੀ ਰਣਜੀਤ ਕੌਰ ਜੀ) ਦੇ ਪਿਤਾ ਜੀ ਖੜ੍ਹੇ ਸੀ। ਅੰਮ੍ਰਿਤ ਦਾ ਬਾਟਾ ਤਿਆਰ ਹੋ ਗਿਆ, ਜਿਸ ਵਕਤ ਅੰਮ੍ਰਿਤ ਛਕਾਉਣ ਲੱਗੇ ਤਾਂ ਬਾਪੂ ਜੀ ਨੇ ਪਹਿਲਾਂ ਪੰਜ ਚੂਲੇ ਸਿਰ 'ਚ ਪਾਏ, ਫੇਰ ਉਸ ਤੋਂ ਬਾਅਦ ਪਿਲਾਏ, ਜਦੋਂ ਨੇਤਰਾਂ ਦੇ ਵਿਚ ਆਖਰੀ ਚੂਲਾ ਪਾਇਆ। ਉਸ ਵੇਲੇ ਕਿਹਾ ਬੋਲ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਉਸ ਤੋਂ ਬੋਲ ਨਾ ਹੋਇਆ, ਨੌਜਵਾਨ ਬੱਚੇ ਤੋਂ। ਕਹਿੰਦੇ ਅਸੀਂ ਦੇਖਣ ਲਗ ਗਏ। ਕੀ ਦੇਖਦੇ ਹਾਂ ਕਿ ਬੱਚੇ ਦੀ ਸਮਾਧੀ ਲਗ ਗਈ। ਅਸੀਂ ਉਨ੍ਹਾਂ ਨੂੰ ਪੁੱਛਿਆ ਕਿ ਹੁਣ ਕੀ ਹੋਏਗਾ? ਕਹਿੰਦੇ ਜ਼ਰਾ ਜਲਾਲ ਜ਼ਿਆਦਾ 'ਚ ਆ ਕੇ ਛਿੱਟਾ ਮਾਰਿਆ ਗਿਆ। ਜੁੜੇ ਹੋਏ ਹਿਰਦੇ 'ਚੋਂ ਜਦ ਛਿੱਟਾ ਗਿਆ ਜਿਵੇਂ ਪਾਣੀ ਦੇ ਅੰਦਰ ਬਿਜਲੀ ਦੀ ਕਰੰਟ ਹੁੰਦੀ ਹੈ, ਠੀਕ ਇਸੇ ਤਰ੍ਹਾਂ ਕਰੰਟ ਸੀ। ਬੱਚੇ ਦੀ ਸੁਰਤ ਚੜ੍ਹ ਗਈ। ਕਹਿੰਦੇ ਹੁਣ 56 ਘੰਟੇ ਤੋਂ ਬਾਅਦ ਇਹਦੀ ਸੁਰਤ ਉਤਰਨੀ ਹੈ। ਕਿਉਂਕਿ ਜਲਾਲ ਜ਼ਿਆਦਾ ਵਿਚ ਆ ਕੇ ਛਿੱਟਾ ਮਾਰਿਆ ਗਿਆ। ਕਹਿੰਦੇ ਅਸੀਂ ਫੇਰ ਪੰਜਾਂ ਪਿਆਰਿਆਂ ਨੂੰ ਕਿਹਾ ਕਿ ਦੇਖੋ, ਓਨਾ ਕੁ ਜ਼ੋਰ ਦਿਓ, ਓਨਾ ਕੁ ਬਲ ਦਿਓ ਜਿੰਨਾਂ ਕੁ ਸਹਿ ਸਕੇ। ਅੰਮ੍ਰਿਤ ਛਕਾ ਦਿਤਾ, ਅਖੰਡਪਾਠ ਸ਼ੁਰੂ ਹੋ ਗਿਆ। ਉਸ ਤੋਂ ਬਾਅਦ 48 ਘੰਟੇ ਜਦੋਂ ਲੰਘ ਗਏ। ਕੀਰਤਨ ਸ਼ੁਰੂ ਹੋ ਗਿਆ, ਭੋਗ ਤੋਂ ਬਾਅਦ, ਕੀਰਤਨ ਕਰ ਰਹੇ ਹਾਂ, ਕਿ ਉਹ ਬੱਚਾ ਉਠ ਕੇ ਭਾਰ ਰਹਿਤ ਹੋ ਗਿਆ। ਉਚਾ ਉਠ ਗਿਆ। ਲੱਤਾਂ ਖੋਲ੍ਹ ਲਈਆਂ ਜਿਵੇਂ ਮੱਛੀ ਪਾਣੀ 'ਚ ਤੈਰਦੀ ਹੈ ਐਉਂ ਸੰਗਤਾਂ ਦੇ ਉਤੇ ਤੈਰਨ ਲਗ ਗਿਆ। ਸਾਡੇ ਵਾਜਿਆਂ ਦੇ ਉਤੇ ਦੀ ਹੋ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਆ ਕੇ ਲੰਮਾ ਪੈ ਗਿਆ। ਬਾਪੂ ਜੀ ਉਠ ਕੇ ਆ ਗਏ, ਕਹਿਣ ਲੱਗੇ ਕਿ ਭਾਈ ਸਾਹਿਬ! ਇਹਦੀ ਰੂਹ ਏਸ ਵੇਲੇ ਨਿਰੰਕਾਰ ਦੇ ਦਰਵਾਜ਼ੇ ਅੱਗੇ ਖੜ੍ਹੀ ਸੰਜੋਗ ਮੰਗ ਰਹੀ ਹੈ। ਆਪ ਕ੍ਰਿਪਾ ਕਰਕੇ ਲਾਵਾਂ ਦਾ ਕੀਰਤਨ ਕਰਨਾ ਸ਼ੁਰੂ ਕਰ ਦਿਓ। ਇਹ ਲਾਵਾਂ ਸੰਜੋਗ ਵਾਸਤੇ ਨੇ ਰੂਹ ਦੇ। ਆਪਾਂ ਕੰਮ ਲੈਂਦੇ ਹਾਂ ਵਿਆਹਾਂ ਸ਼ਾਦੀਆਂ ਦਾ। ਉਸ ਵੇਲੇ ਭਾਈ ਸਾਹਿਬ ਕਹਿੰਦੇ ਅਸੀਂ ਲਾਵਾਂ ਦਾ ਕੀਰਤਨ ਕਰ ਦਿਤਾ। ਬੱਚਾ ਜਿਹੜਾ ਸੀ ਉਹ ਲੰਮਾ ਪਿਆ ਮਹਾਰਾਜ ਦੇ ਅੱਗੇ। ਉਠ ਕੇ ਜਦੋਂ ਧਰਤੀ ਤੇ ਤੁਰਨ ਲੱਗਿਆ ਤਾਂ ਪੈਰ ਨਾ ਲੱਗਣ ਧਰਤੀ ਤੇ, ਉਤੇ ਹੀ ਰਹਿ ਜਾਵੇ। ਭਾਰ ਮੁਕਤ ਹੋ ਗਿਆ। ਹੌਲੀ-ਹੌਲੀ ਕਹਿੰਦੇ ਉਹਦੇ ਪੈਰ ਧਰਤੀ ਤੇ ਲੱਗੇ, ਆਹ ਕੱਲ੍ਹ ਦੀਆਂ ਗੱਲਾਂ ਨੇ ਬਹੁਤਾ ਨਹੀਂ ਫਰਕ ਪਿਆ।

ਬੀਜੀ ਵੀ ਤੁਹਾਡੇ ਬੈਠੇ ਨੇ ਤੇ ਪਿੰਡ ਵਾਲਿਆਂ ਨੂੰ ਵੀ ਪਤਾ ਹੈ ਕਿ

ਇਹ ਘਟਨਾ ਕਿਸ ਤਰ੍ਹਾਂ ਵਾਪਰੀ ਸੀ।

ਏਥੇ ਅਸੀਂ ਕਹਿੰਦੇ ਹਾਂ ਕਿ ਜਪੁਜੀ ਸਾਹਿਬ ਦੇ ਪਾਠ ਕਰ ਲਓ। ਤੁਸੀਂ ਰਾਜ਼ੀ ਹੋ ਜਾਓਂਗੇ। ਇਕ ਚਿੱਤ ਹੋ ਕੇ ਕਰ ਲਓ, ਜਲ ਸਾਮ੍ਹਣੇ ਰੱਖ ਕੇ। ਜਲ ਸਾਮ੍ਹਣੇ ਰੱਖ ਕੇ ਕਰਦੇ ਨੇ, ਕਿਰਪਾਨ ਫੇਰਦੇ ਨੇ ਹਰ ਪਾਠ ਤੋਂ ਬਾਅਦ ਪੰਜ ਵਾਰੀ, ਨਾ ਕੋਈ ਡਾਕਟਰ ਦਵਾਈ ਦੇਣ ਵਾਲਾ, ਨਾ ਕੋਈ ਦਵਾਈ ਖਾਧੀ ਹੈ ਤੇ ਰਾਜ਼ੀ ਕਿਉਂ ਹੋ ਜਾਂਦੇ ਨੇ? ਕਿਉਂਕਿ ਬਾਣੀ ਦੇ ਵਿਚ ਸੱਤਿਆ ਹੈ ਸਾਧਸੰਗਤ ਜੀ! ਕਿੰਨੇ-ਕਿੰਨੇ ਬਿਮਾਰ ਰਾਜ਼ੀ ਹੋ ਕੇ ਇਥੋਂ ਗਏ ਨੇ। ਸੇਵਾ ਕਰਦੇ ਨੇ, ਸਿਮਰਨ ਕਰਦੇ ਨੇ, ਸਤਿਆ ਹੈ ਬਾਣੀ ਦੇ ਅੰਦਰ। ਜਦੋਂ ਵਾਹਿਗੁਰੂ ਦੇ ਨਾਲ ਸੁਰਤ ਜੁੜ ਜਾਂਦੀ ਹੈ, ਬਿਜਲਈ ਸ਼ਕਤੀ ਆ ਜਾਂਦੀ ਹੈ। ਆਹੀ ਹਾਲ ਅੰਮ੍ਰਿਤ ਦਾ ਹੈ, ਇਹ ਇਕ ਐਸੀ ਚੀਜ਼ ਹੈ ਜਿਹਨੂੰ ਅਸੀਂ ਦੱਸ ਨਹੀਂ ਸਕਦੇ। ਇਹ ਅੰਦਰਲੇ ਨਾਮ ਤੱਕ ਪਹੁੰਚ ਜਾਂਦੀ ਹੈ। ਸਾਡੇ ਅੰਦਰ ਵਾਹਿਗੁਰੂ ਦਾ ਨਾਮ ਪਿਆ ਹੈ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥***

***ਅੰਗ - 293***

ਜਦੋਂ ਸ਼ਕਤੀਸ਼ਾਲੀ ਤਰੀਕੇ ਦੇ ਨਾਲ ਬਾਹਰੋਂ ਨਾਮ ਦੀ ਦਾਤ ਦਿਤੀ ਜਾਂਦੀ ਹੈ। ਇਸੇ ਤਰ੍ਹਾਂ ਦੇ ਨਾਲ, ਨਾਮ ਦੇ ਨਾਲ ਉਹਦਾ ਸੰਪਰਕ ਹੋ ਜਾਂਦਾ ਹੈ। ਅੰਦਰੋਂ ਨਾਮ ਪ੍ਰਗਟ ਹੋ ਜਾਂਦਾ ਹੈ ਤੇ ਗੁਰੂ ਮਹਾਰਾਜ ਅੰਮ੍ਰਿਤ ਨੂੰ ਨਾਮ ਹੀ ਦਸਦੇ ਨੇ -

***ਹਰਿ ਹਰਿ ਨਾਮੁ ਹੈ ਮੇਰੀ ਜਿੰਦੂੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ॥***
***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੂੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥***

***ਅੰਗ - 538***

ਜਿਹੜੀ ਬਿਹੁ ਸਾਡੇ ਅੰਦਰ ਫੈਲੀ ਹੋਈ ਹੈ ਹਉਮੈ ਦੀ ਉਹਨੂੰ ਲਾਹੁਣ ਵਾਸਤੇ, ਕੇਵਲ ਅੰਮ੍ਰਿਤ ਦੇ ਵਿਚ ਸਮਰਥਾ ਹੈ ਜਿਸਨੂੰ ਨਾਮ ਕਹਿੰਦੇ ਨੇ। ਨਾਮ ਅੰਦਰੋਂ ਪ੍ਰਗਟ ਹੋ ਜਾਂਦਾ ਹੈ, ਨਾਮ ਹਉਮੈ ਦਾ ਨਾਸ਼ ਕਰ ਦਿੰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਜੀ ਨੇ ਅੰਮ੍ਰਿਤ ਜਦੋਂ ਛਕਾਇਆ, ਪਹਿਲਿਆਂ ਨੇ ਛਕਿਆ, ਦੂਸਰਿਆਂ ਨੇ, ਤੀਸਰਿਆਂ ਨੇ ਐਸਾ ਦਸਦੇ ਨੇ ਕਿ ਵੀਹ ਹਜ਼ਾਰ ਉਸੇ ਵੇਲੇ ਅੰਮ੍ਰਿਤਧਾਰੀ ਸਿੰਘ ਹੋ ਗਿਆ। ਉਸ ਵੇਲੇ ਸਾਰਿਆਂ ਨੂੰ ਇਕੱਠੇ ਕਰਕੇ ਮਹਾਰਾਜ ਨੇ ਕਿਹਾ ਦੇਖੋ, ਅੱਜ ਤੋਂ ਬਾਅਦ ਤੁਸੀਂ ਅਕਾਲ ਪੁਰਖ ਤੋਂ ਵਾਹਿਗੁਰੂ ਤੋਂ ਬਗੈਰ ਹੋਰ ਕਿਸੇ ਨੂੰ ਮੰਨਣਾ ਨਹੀਂ। ਉਸ ਤੋਂ ਵੱਡਾ ਕਿਸੇ ਨੂੰ

ਨਹੀਂ ਜਾਨਣਾ। ਗੁਰੂ ਨੂੰ ਵਾਹਿਗੁਰੂ ਦਾ ਰੂਪ ਸਮਝਣਾ ਹੈ। ਉਹ ਜਾਗ੍ਰਤ ਜੋਤ ਹੈ ਸਾਰੇ ਪਰੀਪੂਰਨ-

*ਜਿਮੀ ਜਮਾਨ ਕੇ ਬਿਖੈ ਸਮਸਤਿ ਏਕ ਜੋਤ ਹੈ।*
*ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥ ਅਕਾਲ ਉਸਤਤਿ*

ਚਾਰੋ ਪਾਸੇ ਜਿਧਰ ਵੀ ਦੇਖਦੇ ਹੋਂ, ਵਾਹਿਗੁਰੂ ਦੀ ਸੱਤਾ, ਵਾਹਿਗੁਰੂ ਜੀ ਆਪ ਫੈਲੇ ਹੋਏ ਨੇ, ਸੂਖਸ਼ਮ ਰੂਪ ਦੇ ਅੰਦਰ। ਉਸ ਜੋਤੀ ਨੂੰ ਜਪਣਾ ਹੈ ਵਾਹਿਗੁਰੂ-ਵਾਹਿਗੁਰੂ ਕਹਿ ਕੇ। ਆਪਣਾ ਜਿਹੜਾ ਭਰੋਸਾ ਹੈ ਉਹਨੂੰ ਡੋਲਣ ਨਹੀਂ ਦੇਣਾ।

*ਜਾਗਤ ਜੋਤਿ ਜਪੈ ਨਿਸ ਬਾਸੁਰ,*
*ਏਕ ਬਿਨਾ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ,*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ,*
*ਤਬ ਖਾਲਸ ਤਾਹਿ ਨਖਾਲਸ ਜਾਨੈ॥ (ਖਾਲਸਾ)*

ਕਹਿੰਦੇ ਖਾਲਸਾ ਅੱਜ ਤੁਹਾਨੂੰ ਨਿਰਮਲ ਮਨੁੱਖ ਬਣਾ ਦਿਤਾ, ਬ੍ਰਹਮਗਿਆਨੀ ਬਣਾ ਦਿਤਾ। ਅੱਜ ਤੋਂ ਬਾਅਦ ਕਿਸੇ ਮੜ੍ਹੀ ਨੂੰ, ਮਸਾਣੀ ਨੂੰ, ਗੁੱਗੇ ਨੂੰ, ਕਿਸੇ ਨੂੰ ਵੀ ਨਹੀਂ ਮੰਨਣਾ, ਗੁਰੂ ਸਮਰੱਥ ਹੈ। ਗੁਰੂ ਅੱਗੇ ਸੀਸ ਨਿਵਾਉਣਾ ਹੈ। ਇਸ ਤਰ੍ਹਾਂ ਮਹਾਰਾਜ ਕਹਿੰਦੇ ਪਿਆਰਿਓ! ਵਰਤ, ਗੋਰ, ਮੜ੍ਹੀ, ਮੱਠ ਭੂਲ ਨਾ ਮਾਨੋ। ਤੀਰਥ ਸਭ ਤੋਂ ਵੱਡਾ ਨਾਮ ਹੈ। ਜਦੋਂ ਬ੍ਰਹਮਗਿਆਨ ਹੋ ਗਿਆ ਅੰਦਰ, ਵਾਹਿਗੁਰੂ ਪ੍ਰਗਟ ਹੋ ਗਿਆ ਅੰਦਰੋਂ ਉਸ ਵੇਲੇ ਉਹਨੂੰ 'ਖਾਲਸਾ' ਕਹਿੰਦੇ ਨੇ।

*ਆਤਮ ਰਸ ਜਿਹ ਜਾਨਹੀ*
*ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚੋਂ)*

ਆਤਮ ਗਿਆਨ ਜਿਸ ਦੇ ਅੰਦਰ ਪ੍ਰਗਟ ਹੋ ਗਿਆ, ਮਹਾਰਾਜ ਕਹਿੰਦੇ ਪਿਆਰਿਓ, ਮੇਰੇ ਵਿਚ, ਵਾਹਿਗੁਰੂ ਵਿਚ ਤੇ ਉਹਦੇ ਵਿਚ ਭੇਦ ਨਾ ਜਾਣਿਓ। 'ਖਾਲਸਾ' ਐਉਂ ਨਹੀਂ ਹੁੰਦਾ ਕਿ ਪਿਛੇ ਨਾਉਂ ਦੇ ਲਿਖ ਲਓ। ਝੂਠ ਬੋਲਦਾ ਹੋਵੇ, ਛਲ ਕਰਦਾ ਹੋਵੇ, ਮਾਇਆ ਦਾ ਲੋਭੀ ਹੋਵੇ, ਉਹ ਖਾਲਸਾ ਕਿਥੋਂ ਹੋ ਜਾਏਗਾ। ਖਾਲਸਾ ਤਾਂ ਉਹ ਹੈ ਜਿਹਦੇ ਅੰਦਰ ਜੋਤ ਪ੍ਰਗਟ ਹੋ ਗਈ। ਮਹਾਰਾਜ

ਕਹਿੰਦੇ ਉਹਨੂੰ ਮਾਮੂਲੀ ਨਾ ਸਮਝਿਓ।

***ਖਾਲਸਾ ਅਕਾਲ ਪੁਰਖ ਕੀ ਫੌਜ॥***
***ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥***
***ਜਬ ਲਗ ਖਾਲਸਾ ਰਹੇ ਨਿਆਰਾ॥***
***ਤਬ ਲਗ ਤੇਜ ਦੀਉ ਮੈ ਸਾਰਾ॥***
***ਜਬ ਇਹ ਗਹੈ ਬਿਪਰਨ ਕੀ ਰੀਤ॥***
***ਮੈਂ ਨ ਕਰੋਂ ਇਨ ਕੀ ਪ੍ਰਤੀਤ॥***

***(ਸਰਬ ਲੋਹ ਗ੍ਰੰਥ 'ਚੋਂ)***

ਅਕਾਲ ਪੁਰਖ ਹਿੰਦੁਸਤਾਨ ਦੀ ਫੌਜ ਤਾਂ ਨਹੀਂ ਹੈ। ਨਾ ਪਾਕਿਸਤਾਨ ਦੀ ਹੈ, ਨਾ ਅਫ਼ਗਾਨਿਸਤਾਨ ਦੀ ਹੈ, ਇਹ ਤਾਂ ਸਾਰੇ ਸੰਸਾਰ ਵਾਸਤੇ ਇਕ ਚਾਨਣ-ਮੁਨਾਰਾ ਹੈ। ਜਿੰਨਾਂ ਚਿਰ ਇਹਦੇ ਆਦਰਸ਼ ਉਚੇ ਰਹਿਣਗੇ, ਜਿੰਨਾ ਚਿਰ ਤਕ ਇਹ ਬਾਣੀ ਨਾਲ ਜੁੜਿਆ ਰਹੇਗਾ, ਜਦੋਂ ਤੱਕ ਗੁਰੂ ਗ੍ਰੰਥ ਸਾਹਿਬ ਦੀਆਂ ਦੱਸੀਆਂ ਹੋਈਆਂ ਰਹਿਤਾਂ ਦੇ ਵਿਚ ਪਰਪੱਕ ਰਹੇਗਾ। ਗੁਰੂ ਗ੍ਰੰਥ ਸਾਹਿਬ ਦੀ ਰਹਿਤ ਕੀ ਕਹਿੰਦੀ ਹੈ।

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥ ਅੰਗ - 1382***

ਕਿਸੇ ਦੇ ਨਾਲ ਤੇਰੀ ਨਰਾਜ਼ਗੀ ਹੋ ਗਈ ਨਾ, ਕਿਸੇ ਨੇ ਬੁਰਾ ਕਰ ਦਿਤਾ ਤੇਰਾ ਜੇ, ਆਪ ਦੇ ਮਨ ਵਿਚ ਉਸ ਦੇ ਵਾਸਤੇ ਬੁਰਾ ਖਿਆਲ ਨਾ ਰੱਖ। ਤੈਨੂੰ ਵਾਹਿਗੁਰੂ ਦੇਵੇਗਾ ਕੀ। ਦੇਹੀ ਨੂੰ ਰੋਗ ਨਹੀਂ ਲੱਗੇਗਾ, ਕਿਉਂਕਿ ਅੱਧੀ ਦੁਨੀਆਂ ਤਾਂ ਈਰਖਾ ਨਾਲ ਬਿਮਾਰ ਹੋਈ ਹੋਈ ਹੈ। ਈਰਖਾ ਬਹੁਤ ਵੱਡਾ ਰੋਗ ਹੈ ਜਿਵੇਂ ਸਿਉਂਕ ਦਰਖਤ ਨੂੰ ਲਗਦੀ ਹੈ, ਐਉਂ ਈਰਖਾ ਮਨੁੱਖ ਨੂੰ ਲਗਦੀ ਹੈ। ਕਹਿੰਦੇ ਨੇ ਦਵਾਈ ਨਹੀਂ ਲਗਦੀ, ਦਵਾਈ ਕੀ ਲੱਗਣੀ ਹੈ ਈਰਖਾ ਜਾਲੀ ਜਾਂਦੀ ਹੈ। ਬਹੁਤੇ ਚਿੰਤਾ ਦੇ ਰੋਗੀ ਨੇ, ਬਹੁਤੇ ਵੈਰ ਦੇ ਰੋਗੀ ਨੇ, ਬਹੁਤੇ ਕਰੋਧ ਦੇ ਰੋਗੀ ਨੇ। ਮਹਾਰਾਜ ਕਹਿੰਦੇ ਇਹ ਗੱਲਾਂ ਛੱਡ ਦੇ, ਬੁਰੇ ਦਾ ਭਲਾ ਕਰ।

ਐਸੀਆਂ ਰਹਿਤਾਂ ਤੇ ਗੁਰੂ ਮਹਾਰਾਜ ਕਹਿੰਦੇ ਜਿੰਨੀ ਦੇਰ ਤੱਕ ਮੇਰਾ ਸਿੱਖ ਰਹੇਗਾ, ਦੁਨੀਆਂ ਸਤਿਕਾਰ ਦੇ ਨਾਲ ਇਹਨੂੰ ਸੀਸ ਨਿਵਾਏਗੀ। ਪਰ ਜਦੋਂ ਇਹ ਈਰਖਾ ਦੇ ਵਿਚ ਆਪ ਫਸ ਗਿਆ, ਪਾਰਟੀਆਂ ਦੇ ਵਿਚ ਆਪ ਫਸ ਗਿਆ, ਫੇਰ ਮੈਂ ਨਹੀਂ ਇਹਦਾ ਵਿਸ਼ਵਾਸ਼ ਕਰਨਾ। ਫੇਰ ਜਿਹੋ ਜਿਹੇ ਆਮ ਮਨੁੱਖ ਓਹੋ ਜਿਹਾ ਇਹ, ਬਾਹਰੋਂ ਰਹਿ ਜਾਏਗਾ, ਅੰਦਰੋਂ ਕੁਛ ਨਹੀਂ ਹੋਣਾ।

ਇਕ ਵਾਰੀ ਗੁਰੂ ਮਹਾਰਾਜ ਵੇਲੇ, ਭਾਈ ਬਚਿੱਤਰ ਸਿੰਘ ਨੇ ਇਕ ਸ਼ੇਰ ਮਾਰਿਆ, ਵੱਡਾ। ਮਹਾਰਾਜ ਕੋਲ ਖੱਲ੍ਹ ਲੈ ਆਏ। ਮਹਾਰਾਜ ਕਹਿੰਦੇ ਇਹਦੀ ਖੱਲ੍ਹ ਸਾਵਧਾਨੀ ਨਾਲ ਲਾਹੀ ਹੈ, ਕਹਿੰਦੇ ਹਾਂ ਜੀ। ਕਹਿਣ ਲੱਗੇ ਕੋਈ ਗਧਾ

ਫੜ ਕੇ ਉਹਦੇ ਉਤੇ ਚਾੜ੍ਹ ਦਿਓ। ਇਕ ਵੱਡੇ ਕੱਦ ਦਾ ਗਧਾ ਸੀ ਉਹਦੇ ਉਤੇ ਚਾੜ੍ਹ ਦਿਤੀ। ਉਹ ਚਾੜ੍ਹੀ ਤਾਂ ਬਾਹਰ ਨੂੰ ਨਿਕਲ ਗਿਆ ਗਧਾ। ਉਹ ਫਸਲਾਂ 'ਚ ਵੜੇ ਕੋਈ ਰੋਕੇ ਹੀ ਨਾ, ਕੋਈ ਨੇੜੇ ਨਾ ਆਵੇ, ਜਿਧਰ ਨੂੰ ਜਾਵੇ ਨੱਠ ਜਾਣ ਸਾਰੇ। ਉਹ ਫਸਲਾਂ 'ਚ ਰਹਿਣ ਲਗ ਗਿਆ। ਜਿਹੜਾ ਗਧੇ ਦਾ ਮਾਲਕ ਸੀ ਉਹ ਲੱਭਦਾ ਫਿਰੇ ਉਹਨੂੰ ਲੱਭਿਆ ਨਾ। ਅਖੀਰ ਮਹਾਰਾਜ ਕੋਲ ਸ਼ਿਕਾਇਤ ਹੋਈ ਸੱਚੇ ਪਾਤਸ਼ਾਹ! ਖੇਤੀਆਂ ਦੀ ਸੰਭਾਲ ਤਾਂ ਜਾਂਦੀ ਰਹੀ, ਇਕ ਸ਼ੇਰ ਆਇਆ ਹੋਇਆ ਹੈ, ਖੇਤਾਂ 'ਚ ਹੀ ਰਹਿੰਦਾ ਹੈ, ਮਹਾਰਾਜ ਕਹਿੰਦੇ ਤੁਸੀਂ ਐਨੇ ਬੰਦੇ ਹੋਂ ਇਕੱਠੇ ਹੋ ਕੇ ਕੱਢ ਦਿਓ। ਕਹਿੰਦੇ, ਮਹਾਰਾਜ ਉਹਦਾ ਤਾਂ ਕੱਦ ਹੀ ਐਡਾ ਹੈ ਜਿਹਦੇ ਤੇ ਪੈ ਗਿਆ ਉਹ ਤਾਂ ਬਚਦਾ ਨਹੀਂ। ਇਕ ਗੁਰਸਿੱਖ ਨੂੰ ਕਹਿਣ ਲੱਗੇ ਕਿ ਜਾਹ, ਚਾਰ ਡੰਡੇ ਮਾਰ ਉਹਦੇ। ਉਹ ਗਿਆ ਜਾ ਕੇ ਗੁਰੂ ਦਾ ਹੁਕਮ ਮੰਨਿਆ ਕਿ ਕੋਈ ਕੌਤਕ ਹੈ, ਪੰਜ ਦੱਸ ਡੰਡੇ ਮਾਰੇ, ਨੱਠਿਆ ਨੱਠ ਕੇ ਆ ਕੇ ਆਪਣੇ ਘਰ ਆ ਗਿਆ। ਉਥੇ ਗਧੇ ਜਿਹੜੇ ਖੜ੍ਹੇ ਸੀ ਪੈਂਖੜ ਤੁੜਾਈ ਜਾਣ। ਉਹਦਾ ਜਿਹੜਾ ਮਾਲਕ ਸੀ ਉਸ ਨੇ ਨੱਠ ਕੇ ਜਾ ਕੇ ਕੁੰਡਾ ਲਾ ਲਿਆ। ਲੈ ਬਈ ਸ਼ੇਰ ਆ ਵੜਿਆ, ਅੱਜ ਨਹੀਂ ਮੇਰਾ ਬਚਣਾ ਕੁਛ। ਉਥੇ ਪਈ ਸੀ ਸੁਆਹ, ਸੁਆਹ ਦੇ ਉਤੇ ਲਿਟਣ ਲਗ ਗਿਆ, ਹਿੰਚਕੂ-ਹਿੰਚਕੂ ਕਰਨ ਲਗ ਗਿਆ। ਜਦੋਂ ਉਹਨੇ ਇਸ ਤਰ੍ਹਾਂ ਕਰਿਆ ਤਾਂ ਮਾਲਕ ਨੂੰ ਪਤਾ ਲੱਗ ਗਿਆ ਕਿ ਇਹ ਤਾਂ ਮੇਰੇ ਵਾਲਾ ਹੀ ਗਧਾ ਹੈ ਇਹ ਤਾਂ। ਗਧੇ ਵੀ ਡਰਨ ਤੋਂ ਹਟ ਗਏ। ਉਹਦੀ ਖੱਲ੍ਹ ਲਾਹ ਲਈ, ਗਧੇ ਨੂੰ ਕੁੱਟਿਆ, ਕਹਿੰਦੇ ਬੜੇ ਦਿਨ ਤੂੰ ਤਾਂ ਲੁਕਿਆ ਰਿਹਾ। ਮਹਾਰਾਜ ਕੋਲ ਲੈ ਆਏ, ਬੜਾ ਹਾਸਾ ਪਿਆ। ਕਹਿੰਦੇ ਸੱਚੇ ਪਾਤਸ਼ਾਹ! ਸਾਨੂੰ ਕੁਛ ਸਮਝਾ ਦਿਓ, ਇਹ ਗੱਲ ਕੀ ਹੈ? ਕੋਈ ਡਰਾਮਾ ਕਰਿਆ ਹੈ, ਜਾਂ ਕੋਈ ਕੌਤਕ ਹੈ? ਮਹਾਰਾਜ ਕਹਿੰਦੇ ਪਿਆਰਿਓ! ਅਸੀਂ ਤੁਹਾਨੂੰ ਤੇਜ ਦੇ ਦਿਤਾ। ਤੁਹਾਨੂੰ ਇਕ ਉਚਾ ਕਰੈਕਟਰ ਦਿਤਾ ਹੈ, ਤੁਹਾਡੀ ਕਦਰ ਰਹੇਗੀ ਸੰਸਾਰ ਦੇ ਅੰਦਰ। ਪਰ ਤੁਹਾਡੇ ਅੰਦਰੋਂ ਜੇ ਗੁਣ ਖਤਮ ਹੋ ਜਾਣਗੇ, ਤੁਹਾਡੇ ਅੰਦਰ ਨਾਮ ਦੀ ਕਮਜ਼ੋਰੀ ਆ ਜਾਏਗੀ। ਬਾਣੀ ਨਹੀਂ ਪੜ੍ਹੋਂਗੇ, ਵਿਸ਼ੇ ਵਿਕਾਰਾਂ 'ਚ ਪੈ ਜਾਓਂਗੇ, ਸੰਸਾਰ ਨੂੰ ਪਤਾ ਲਗ ਜਾਏਗਾ ਕਿ ਇਹ ਤਾਂ ਉਪਰੋਂ ਸ਼ੇਰ ਹੈ ਅੰਦਰੋਂ ਖੋਟਾ ਹੈ। ਕਹਿੰਦੇ ਫੇਰ ਨਹੀਂ ਤੁਹਾਨੂੰ ਕਿਸੇ ਨੇ ਪੁੱਛਣਾ, ਤੁਹਾਡੀ ਬੇਇਜ਼ਤੀ ਹੋਏਗੀ।

***ਜਬ ਲਗ ਖਾਲਸਾ ਰਹੇ ਨਿਆਰਾ॥***
***ਤਬ ਲਗ ਤੇਜ ਦੀਉ ਮੈ ਸਾਰਾ॥***
***ਜਬ ਇਹ ਗਹੈ ਬਿਪਰਨ ਕੀ ਰੀਤ॥***
***ਮੈਂ ਨ ਕਰੋਂ ਇਨ ਕੀ ਪ੍ਰਤੀਤ॥***

***(ਸਰਬ ਲੋਹ ਗ੍ਰੰਥ 'ਚੋਂ)***

ਸੋ ਇਸ ਤਰ੍ਹਾਂ ਗੁਰੂ ਦਸ਼ਮੇਸ਼ ਪਿਤਾ ਨੇ ਅੱਜ ਦੇ ਦਿਨ ਸਾਨੂੰ ਬਹੁਤ ਉਪਦੇਸ਼ ਦਿਤੇ। ਜਾਤ ਪਾਤ ਦਾ ਭੇਤ ਨਹੀਂ ਮੰਨਣਾ ਪਿਆਰਿਓ! ਇਹ ਤਾਂ –

*ਅਵਲਿ ਅਲਹ ਨੂਰੁ ਉਪਾਇਆ*
*ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ*
*ਕਉਨ ਭਲੇ ਕੋ ਮੰਦੇ॥* *ਅੰਗ – 1349*

ਇਕ ਨੂਰ ਤੋਂ ਸਾਰੀ ਸ੍ਰਿਸ਼ਟੀ ਪੈਦਾ ਹੋਈ ਹੈ। ਜਾਤ ਪਾਤ ਮਨੁੱਖ ਨੇ ਬਣਾਈ ਹੈ। ਸਭ ਨੂੰ ਭਰਾ ਕਰਕੇ ਮੰਨਣਾ ਹੈ। ਉਚਾ ਨੀਵਾਂ ਨਹੀਂ ਮੰਨਣਾ। ਮਤ ਉਚੀ ਰੱਖਣੀ ਹੈ, ਮਨ ਹਮੇਸ਼ਾ ਨੀਵਾਂ ਰੱਖਣਾ ਹੈ। ਹੰਕਾਰ ਦੀ ਗੱਲ ਨਹੀਂ ਕਹਿਣੀ, ਨਿਮਰਤਾ ਦੀ ਗੱਲ, ਹਮੇਸ਼ਾ ਕਹਿਣਾ ਹੈ ਕਿ ਗੁਰੂ ਮਹਾਰਾਜ ਦੀ ਕ੍ਰਿਪਾ ਨਾਲ ਇਹ ਗੱਲ ਹੋ ਰਹੀ ਹੈ। ਬਾਣੀ ਦਾ ਪਾਠ ਕਰਨਾ ਹੈ। ਬਾਣੀ ਨੇ ਜਿਸ ਦੇਸ਼ 'ਚੋਂ ਬਾਣੀ ਆਈ ਹੈ, ਉਸ ਦੇਸ਼ ਵਿਚ ਲੈ ਜਾਣਾ ਹੈ। ਬਾਕੀ ਗੋਰ ਮੜ੍ਹੀ ਨਹੀਂ ਮੰਨਣੀ, ਹੋਰ ਚੀਜ਼ਾਂ ਰਸਮਾਂ ਜਿਹੜੀਆਂ ਭੈੜੀਆਂ ਜਿਹੀਆਂ ਨੇ ਉਹ ਮੰਨਣੀਆਂ ਨਹੀਂ। ਸੰਸਾਰ ਨੂੰ ਹਮੇਸ਼ਾ ਸੁਪਨਾ ਜਾਨਣਾ ਹੈ। ਸੁਪਨੇ ਦੀ ਤਰ੍ਹਾਂ ਇਥੇ ਸੰਸਾਰ ਤੋਂ ਰਹਿ ਕੇ ਜਾਣਾ ਹੈ। ਸੋ ਇਸ ਤਰ੍ਹਾਂ ਜਦੋਂ ਤੁਸੀਂ ਜਾਓਂਗੇ, ਤੁਹਾਡਾ ਇਥੇ ਲੋਕ ਵੀ ਸੁਖੀ ਹੋ ਜਾਏਗਾ, ਪਰਲੋਕ ਵੀ ਸੁਖੀ ਹੋ ਜਾਏਗਾ। ਸੋ ਐਸੀ ਅੱਜ ਦੇ ਦਿਨ ਘਟਨਾ ਵਾਪਰੀ ਓਹੀ ਬੰਦੇ ਜਿਹੜੇ ਐਨੇ ਹੀਣੇ ਸੀ, ਕਹਿੰਦੇ ਸੀ ਕਿ ਸਾਡੇ 'ਚ ਤਾਂ ਤਾਕਤ ਹੀ ਨਹੀਂ, ਸਾਡੀ ਤਾਂ ਉੱਨ ਹੀ ਲਾਹੁਣੀ ਹੈ, ਜਿਹੜਾ ਵੀ ਆ ਗਿਆ। ਉਨ੍ਹਾਂ ਨੂੰ ਆਪਣੇ ਗੌਰਵ ਦਾ ਪਤਾ ਲਗ ਗਿਆ, ਅੰਦਰਲੀ ਸ਼ਕਤੀ ਜਦੋਂ ਜਾਗੀ ਪਤਾ ਲਗ ਗਿਆ, ਕਿ ਅਸੀਂ ਨਿਤਾਣੇ ਨਹੀਂ ਹਾਂ, ਅਸੀਂ ਚਿੜੀਆਂ ਨਹੀਂ ਹਾਂ, ਜੇ ਉਨ੍ਹਾਂ 'ਚ ਸ਼ਕਤੀ ਹੈ ਤਾਂ ਸਾਡੇ ਵਿਚ ਉਨ੍ਹਾਂ ਨਾਲੋਂ ਜ਼ਿਆਦਾ ਹੈ ਕਿਉਂਕਿ ਸਾਡੇ ਵਿਚ ਅੰਮ੍ਰਿਤ ਦਾ ਪ੍ਰਵੇਸ਼ ਹੈ। ਸੋ ਕੌਮ ਬਦਲ ਕੇ ਰੱਖ ਦਿਤੀ, ਕਿਸਮਤ ਬਦਲ ਦਿਤੀ ਹਿੰਦੁਸਤਾਨ ਦੀ। ਉਹ ਜਰਵਾਣੇ ਜਿਨ੍ਹਾਂ ਦੇ ਦਲਾਂ ਦੇ ਦਲ ਅੱਠ ਸੌ ਸਾਲ ਤੋਂ ਕਦੇ ਇਰਾਨ ਵਾਲੇ ਆ ਗਏ, ਕਦੇ ਅਫ਼ਗਾਨਿਸਤਾਨ ਵਾਲੇ ਆ ਗਏ, ਕਦੇ ਤੁਰਕਸਿਤਾਨ ਵਾਲੇ ਆ ਗਏ, ਕਦੇ ਇਰਾਕ ਵਾਲੇ ਆ ਗਏ, ਕਦੇ ਅਰਬ ਵਾਲੇ ਆ ਗਏ। ਇਕ ਬੰਦਾ ਆਇਆ ਸੀ ਓਹਨੇ ਆ ਕੇ ਮੁਹੰਮਦ ਕਾਸਿਮ ਸੀ ਓਹਦਾ ਨਾਉਂ, ਸਿਰਫ ਅੱਠ ਸੌ ਧਾੜਵੀ ਨਾਲ ਲਿਆਇਆ ਸੀ। ਰਾਜੇ ਦਾਹਰ ਦੇ ਉਤੇ ਆ ਕੇ ਲੜਨ ਲੱਗਿਆ, ਉਹ ਲੜਿਆ ਨਾ, ਉਹ ਕਹਿੰਦਾ ਮੈਂ ਤਾਂ ਲੜਨਾ ਨਹੀਂ, ਕਿਲਾ ਲੁੱਟ ਲਿਆ। ਦੋ ਲੜਕੀਆਂ ਲੈ ਗਿਆ। ਉਹਨੇ ਜਾ ਕੇ ਦੱਸ ਦਿਤਾ ਕਿ ਉਥੇ ਤਾਂ ਕੁਛ ਵੀ ਨਹੀਂ ਹੈ, ਐਵੇਂ ਹੀ ਨੇ, ਹਥਿਆਰ ਨੂੰ ਦੇਖ ਕੇ ਡਰਦੇ ਨੇ। ਉਸ ਵੇਲੇ ਧਾੜਾਂ ਦੀਆਂ ਧਾੜਾਂ ਆਉਣ ਲਗ ਗਈਆਂ। ਬਾਬਰ ਸਿਰਫ 12000 ਬੰਦੇ ਲਿਆਇਆ ਸੀ, ਐਧਰਲੇ ਪਾਸੇ ਦੋ ਲੱਖ ਬੰਦਾ ਉਸਦੇ ਮੁਕਾਬਲੇ ਤੇ ਸੀ। 12 ਹਜ਼ਾਰ ਦਾ ਮੁਕਾਬਲਾ ਨਾ ਕਰਨ ਕਰਕੇ, ਸੱਤ ਅੱਠ ਪੁਸ਼ਤਾਂ ਉਨ੍ਹਾਂ ਦੀਆਂ ਇਥੇ ਰਾਜ ਕਰਦੀਆਂ ਰਹੀਆਂ। ਇਹ ਤਾਂ ਗੁਰੂ ਦਸ਼ਮੇਸ਼ ਪਿਤਾ ਸੀ ਜਿਨ੍ਹਾਂ ਨੇ ਉਲਟਾ ਬੰਨ੍ਹ ਲਾ ਕੇ ਪਰਲੇ ਪਾਸੇ ਨੂੰ ਤੋਰ ਦਿਤਾ। ਇਧਰੋਂ ਚੜ੍ਹਨ ਲਗ ਗਏ, ਜਮਰੌਦ ਤਕ ਚਲੇ ਗਏ। ਅਫਸੋਸ ਗੁਰੂ ਨੇ ਬਰਕਤਾਂ

ਬੜੀਆਂ ਵਰਤੀਆਂ, ਪਰ ਇਹ ਜਿਹੜੇ ਸਾਡੇ ਰਾਜੇ ਸੀ, ਸ਼ਰਾਬ ਦੇ ਪਿਆਲੇ 'ਚ ਗਰਕ ਹੋ ਗਏ, ਫੁੱਟ ਦਾ ਸ਼ਿਕਾਰ ਹੋ ਗਏ। ਸਭ ਕੁਛ ਕੀਤਾ ਹੋਇਆ, ਲੱਖਾਂ ਕੁਰਬਾਨੀਆਂ ਦਿਤੀਆਂ ਹੋਈਆਂ, ਦਿਨਾਂ ਦੇ ਵਿਚ ਬਰਬਾਦ ਕਰਕੇ ਰੱਖ ਦਿਤੀਆਂ। ਸੋ ਮਹਾਰਾਜ ਦੀ ਕਰੋਪੀ ਹੋ ਗਈ, ਕਿਉਂਕਿ ਉਹ ਗੱਲ ਨਾ ਰਹੀ, ਨਿਆਰਾ ਚਰਿੱਤਰ ਜਾਂਦਾ ਰਿਹਾ। ਸੋ ਸਾਧਸੰਗਤ ਜੀ! ਅੱਜ ਦੇ ਦਿਨ ਜੋ ਗੁਰੂ ਦੇ ਉਪਦੇਸ਼ ਨੇ, ਯਾਦ ਕਰੋ, ਜਿਹਦੇ ਅੰਦਰ ਨਾਮ ਹੈ –

***ਜਿਸੁ ਨਾਮੁ ਰਿਦੈ ਸੋਈ ਵਡ ਰਾਜਾ॥***

***ਅੰਗ – 1155***

ਉਹ ਰਾਜਿਆਂ ਦਾ ਰਾਜਾ ਹੈ –

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***

***ਅੰਗ – 707***

ਰਾਜਾ ਵੀ ਕਿਹੋ ਜਿਹਾ –

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥***

***ਅੰਗ – 186***

ਉਹ ਨਦਰਿ ਹੇਠ ਨਹੀਂ ਲਿਆਉਂਦਾ ਕਿਉਂਕਿ ਉਹਦਾ ਕਿਹਾ ਹੋਇਆ ਦਰਗਾਹ ਮੰਨਦੀ ਹੈ। ਸੋ ਆਪਣਾ ਜੀਵਨ ਉਚਾ ਕਰੋ, ਗੁਰੂ ਦੇ ਨਾਲ ਪਿਆਰ ਕਰੋ। ਇਹੀ ਅਰਦਾਸ ਹੈ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

# ਨਾਨਕ ਕੇ ਘਰਿ ਕੇਵਲ ਨਾਮੁ

*ਤੁਮ ਦਾਤੇ ਠਾਕੁਰ ਪ੍ਰਤਿਪਾਲਕ*
*ਨਾਇਕ ਖਸਮ ਹਮਾਰੇ॥*
*ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ*
*ਹਮ ਬਾਰਿਕ ਤੁਮਰੇ ਧਾਰੇ॥*
*ਜਿਹਵਾ ਏਕ ਕਵਨ ਗੁਨ ਕਹੀਐ॥*
*ਬੇਸੁਮਾਰ ਬੇਅੰਤ ਸੁਆਮੀ*
*ਤੇਰੋ ਅੰਤੁ ਨ ਕਿਨ ਹੀ ਲਹੀਐ॥*
*ਕੋਟਿ ਪਰਾਧ ਹਮਾਰੇ ਖੰਡਹੁ*
*ਅਨਿਕ ਬਿਧੀ ਸਮਝਾਵਹੁ॥*
*ਹਮ ਅਗਿਆਨ ਅਲਪ ਮਤਿ ਥੋਰੀ*
*ਤੁਮ ਆਪਨ ਬਿਰਦੁ ਰਖਾਵਹੁ॥*
*ਤੁਮਰੀ ਸਰਣਿ ਤੁਮਾਰੀ ਆਸਾ*
*ਤੁਮ ਹੀ ਸਜਨ ਸੁਹੇਲੇ॥*
*ਰਾਖਹੁ ਰਾਖਨਹਾਰ ਦਇਆਲਾ*
*ਨਾਨਕ ਘਰ ਕੇ ਗੋਲੇ॥* *ਅੰਗ – 674*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ।

ਕਾਰੋਬਾਰ ਸੰਕੋਚਦੇ ਹੋਏ ਆਪ ਦੂਰ ਦਰਾਜ ਤੋਂ ਚੱਲ ਕੇ ਗੁਰੂ ਦਰਬਾਰ 'ਚ ਪਹੁੰਚੇ ਹੋ। ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਉਤਸਵ ਮਨਾਉਣ ਵਾਸਤੇ। ਸ਼ਰਧਾ ਤੇ ਭਾਵਨਾ ਨਾਲ ਪਹੁੰਚੇ ਓ। ਇਕ-ਇਕ ਕਦਮ ਦਾ ਫਲ, ਇਕ-ਇਕ ਜਗ ਦੇ ਬਰਾਬਰ ਹੋਇਆ ਕਰਦਾ ਹੈ। ਚਿੱਤ ਲਾ ਕੇ ਕੀਰਤਨ ਕਰੋ, ਫੇਰ ਸਮਝੋ ਤੇ ਗਾਵੋ ਜ਼ੁਬਾਨ ਦੇ ਨਾਲ। ਫੇਰ ਉਸ ਨੂੰ ਮੰਨੋ ਮਹਾਰਾਜ ਕਹਿੰਦੇ-

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥* *ਅੰਗ – 546*

ਕਈ ਕਰੋੜ ਜਗਾਂ ਦਾ ਫਲ ਮਿਲਦਾ ਹੈ, ਜੇ ਲੇਖੇ ਵਿਚ ਤੁਹਾਡਾ ਗਾਉਣਾ ਤੇ ਸੁਣਨਾ ਪੈ ਜਾਵੇ। ਲੇਖੇ 'ਚ ਕਦੋਂ ਪੈਂਦਾ ਹੈ –

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥* *ਅੰਗ – 669*

ਉਹਦਾ ਥਾਂ ਪੈਂਦਾ ਹੈ ਜਿਹੜਾ ਗੁਰੂ ਦੀ ਆਗਿਆ ਨੂੰ ਮੰਨ ਲੈਂਦਾ ਹੈ। ਮੰਨਣ ਤੋਂ ਬਾਅਦ ਫੇਰ ਜੀਵਨ ਵਿਚ ਲੈ ਆਉਂਦਾ ਹੈ। ਸੋ ਗੁਰੂ ਨਾਨਕ ਪਾਤਸ਼ਾਹ ਦਾ ਸਮਾਂ ਪੰਜ ਸੌ, ਸਵਾ ਪੰਜ ਸੌ ਸਾਲ ਦਾ ਸਾਡੇ ਤੋਂ ਪਹਿਲਾਂ, ਉਸ ਵੇਲੇ ਜਿਉਂ-ਜਿਉਂ ਸਮਾਂ ਬੀਤਦਾ ਜਾਂਦਾ ਹੈ ਹਰ ਬੰਦਾ ਕਹਿੰਦਾ ਹੈ ਕਿ

ਜਦੋਂ ਮੈਂ ਬਚਪਨ ਵਿਚ ਸੀ ਸਮਾਂ ਬੜਾ ਚੰਗਾ ਸੀ। ਹੁਣ ਮੈਂ ਵੱਡੀ ਉਮਰ 'ਚ ਆ ਗਿਆ ਸਮੇਂ ਨੂੰ ਕੀ ਹੋ ਗਿਆ। ਪਹਿਲਾਂ ਲੋਕ ਹੋਰ ਤਰ੍ਹਾਂ ਦੇ ਸੀ, ਹੁਣ ਹੋਰ ਤਰ੍ਹਾਂ ਦੇ ਹੁੰਦੇ ਜਾਂਦੇ ਨੇ। ਮੇਰੇ ਦੇਖਦੇ-ਦੇਖਦੇ ਸਮਾਂ ਬਦਲ ਗਿਆ। ਉਹ ਕਦਰਾਂ ਕੀਮਤਾਂ ਵੀ ਯਾਦ ਨੇ, ਜਿਨ੍ਹਾਂ ਦੇ ਵਿਚ ਬੰਦੇ ਕਿਸੇ ਅਨੁਸ਼ਾਸਨ ਵਿਚ ਹੋਇਆ ਕਰਦੇ ਸੀ। ਅੱਜ ਦਾ ਵੀ ਸਮਾਂ ਹੈ, ਜੇ ਕੋਈ ਸੌ ਸਾਲ ਪਹਿਲਾਂ ਦਾ ਬਜ਼ੁਰਗ ਆ ਜਾਏ, ਉਹ ਕਹੇਗਾ ਇਹ ਹੋ ਗਿਆ ਸੀ ਇਸ ਨੂੰ, ਸਮਾਂ ਬਦਲਦਾ ਤੁਰਿਆ ਜਾਂਦਾ ਹੈ। ਹਾਲਾਤ ਇਸ ਨੂੰ ਬਦਲਾਉਂਦੇ ਤੁਰੇ ਜਾਂਦੇ ਨੇ। ਵਾਹਿਗੁਰੂ ਦੀ ਕੁਦਰਤ ਹੈ ਜੋ ਉਹਦਾ ਜੋ ਪ੍ਰਭਾਵ ਹੈ, ਜਿਹਨੂੰ ਵਾਯੂਮੰਡਲ (Environments) ਕਹਿੰਦੇ ਨੇ, ਇਹ ਆਦਮੀ ਦੇ ਮਨ ਨੂੰ ਬਦਲਾਉਂਦੀਆਂ ਨੇ। ਇਕ ਥਾਂ ਨਹੀਂ ਰਹਿਣ ਦਿੰਦੀਆਂ। ਕਦੇ ਚੰਗਾ ਵੀ ਆ ਜਾਂਦਾ ਹੈ, ਕਦੇ ਬਹੁਤ ਮਾੜਾ ਆ ਜਾਂਦਾ ਹੈ। ਕਦੇ ਸੋਝੀ ਵਾਲਾ ਆ ਜਾਂਦਾ ਹੈ, ਕਦੇ ਬਿਲਕੁਲ ਅੰਧਕਾਰ ਦਾ ਸਮਾਂ ਵੀ ਆ ਜਾਂਦਾ ਹੈ, ਇਹ ਲਹਿਰਾਂ ਚਲਦੀਆਂ ਨੇ। 20-20 ਸਾਲ, 30-30 ਸਾਲ, ਪੰਜਾਹ-ਪੰਜਾਹ ਸਾਲ, ਸੌ-ਸੌ ਸਾਲ ਦੀ ਲਹਿਰ ਹੁੰਦੀ ਹੈ। ਹਜ਼ਾਰ ਸਾਲ ਦੀ ਵੀ ਹੁੰਦੀ ਹੈ। ਬਦਲ ਜਾਇਆ ਕਰਦਾ ਹੈ ਸਭ ਕੁਝ। ਪੰਜ ਹਜ਼ਾਰ ਸਾਲ ਪਹਿਲਾਂ ਜਿਹੜਾ ਸਮਾਂ ਸੀ ਉਹਦੇ ਵਿਚ ਪੁਰਸ਼ ਸਤਿਵਾਦੀ ਹੋਇਆ ਕਰਦੇ ਸੀ। ਬਚਨ ਕਰ ਲੈਣਾ। ਭੀਸ਼ਮ ਪਿਤਾਮਾ ਨੇ ਬਚਨ ਕਰ ਲਿਆ ਕਿ ਮੈਂ ਸਾਰੀ ਜ਼ਿੰਦਗੀ ਸ਼ਾਦੀ ਨਹੀਂ ਕਰਾਉਣੀ, ਬ੍ਰਹਮਚਾਰੀ ਰਹਾਂਗਾ। ਬੜਾ ਮਜ਼ਬੂਰ ਕਰਿਆ ਉਸਨੂੰ। ਇਥੋਂ ਤੱਕ ਕਿ ਇਕ ਲੜਕੀ ਆਈ ਉਸਨੇ ਕਿਹਾ ਕਿ ਜੇ ਤੂੰ ਮੇਰੇ ਨਾਲ ਸ਼ਾਦੀ ਨਾ ਕਰੀ, ਤਾਂ ਮੈਂ ਤੇਰੇ ਤੋਂ ਬਦਲਾ ਲਵਾਂਗੀ। ਕਿਉਂਕਿ ਮੈਂ ਤੈਨੂੰ ਪਤੀ ਬਣਾ ਲਿਆ, ਤੂੰ ਮੈਨੂੰ ਮੰਨਦਾ ਨਹੀਂ ਹੈਂ। ਉਹ ਕਹਿਣ ਲੱਗਿਆ ਕਿ ਮੈਂ ਬਚਨ ਲਿਆ ਹੋਇਆ ਹੈ, ਮੈਂ ਬ੍ਰਹਮਚਾਰੀ ਹਾਂ। ਸੋ ਇਸ ਕਰਕੇ ਮੈਂ ਸ਼ਾਦੀ ਨਹੀਂ ਕਰਨੀ। ਉਹ ਮਰ ਜਾਂਦੀ ਹੈ, ਮਰਨ ਤੋਂ ਬਾਅਦ ਦੁਬਾਰਾ ਉਸ ਦਾ ਜਨਮ ਹੁੰਦਾ ਹੈ, ਇਨ੍ਹਾਂ ਨੂੰ ਪਤਾ ਸੀ ਕਿ ਇਹ ਉਹੀ ਲੜਕੀ ਹੈ, ਜਦੋਂ ਅਰਜਨ ਦੇ ਰੱਥ ਵਿਚ ਆ ਕੇ ਘੋੜੇ ਹੱਕਣ ਲਗਦਾ ਹੈ, ਦੂਸਰੇ ਜਨਮ ਵਿਚ ਸ਼ਿਖੰਡੀ ਜਿਸਦਾ ਨਾਮ ਸੀ ਉਸ ਵੇਲੇ ਦਰੋਣਾਚਾਰੀਆ ਨੇ ਪ੍ਰਣ ਕੀਤਾ ਹੋਇਆ ਸੀ ਕਿ ਮੈਂ ਕਦੇ ਵੀ ਇਸਤਰੀ ਉਤੇ ਵਾਰ ਨਹੀਂ ਕਰਨਾ। ਉਨ੍ਹਾਂ ਦਿਨਾਂ 'ਚ ਕੋਈ ਕਰਦਾ ਹੀ ਨਹੀਂ ਸੀ, ਇਸਤਰੀ ਉਤੇ ਵਾਰ, ਬੱਚੇ ਤੇ ਬੁੱਢੇ ਤੇ ਤਿੰਨਾਂ ਤੇ ਵਾਰ ਨਹੀਂ ਸੀ ਕਰਦਾ ਆਦਮੀ। ਕਿਉਂਕਿ ਉਹ ਸਭਿਅਤਾ ਫੇਰ ਵੀ ਬਹੁਤ ਉਚੀ ਸੀ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਨੇ ਇਕ ਵਾਰੀ ਸਿੱਖਾਂ ਨੂੰ ਕਿਹਾ ਸੀ ਕਿ ਜੇ ਤੁਸੀਂ ਆਪਣਾ ਤਪ ਤੇਜ਼ ਕਾਇਮ ਕਰਨਾ ਹੈ ਨਾ, ਯੁੱਧ ਜੰਗ ਹੁੰਦੇ ਨੇ। ਸਾਡੇ ਯੁੱਧ ਜੰਗ ਹੋਰ ਤਰ੍ਹਾਂ ਦੇ ਨਹੀਂ ਹੈਗੇ। ਇਹ ਡਾਕਟਰ ਵਾਂਗੂੰ ਨੇ। ਜਿਵੇਂ ਫੋੜਾ ਹੋ ਜਾਂਦਾ ਹੈ ਡਾਕਟਰ ਨਸ਼ਤਰ ਦੇ ਨਾਲ ਫੋੜਾ ਕੱਢ ਦਿੰਦਾ ਹੈ। ਇਹ ਸਮਾਜ ਵਿਚੋਂ ਬੁਰਿਆਈਆਂ ਕੱਢਣ ਵਾਸਤੇ ਨੇ। ਪਰ ਇਹਦੇ ਵਿੱਚ ਕੁਛ ਗੱਲਾਂ ਦਾ ਧਿਆਨ ਰੱਖਿਓ। ਇਕ ਤਾਂ ਬੁੱਢੇ ਉਤੇ ਤੁਸੀਂ ਵਾਰ ਨਹੀਂ ਕਰਨਾ, ਦੂਸਰਾ ਇਸਤਰੀ ਤੇ ਨਹੀਂ ਕਰਨਾ, ਤੀਸਰਾ ਬੱਚੇ ਤੇ ਨਹੀਂ ਕਰਨਾ, ਚੌਥਾ ਜੇ ਕੋਈ ਬਿਮਾਰ ਹੋ ਜਾਏ ਤਾਂ ਨਹੀਂ ਕਰਨਾ, ਪੰਜਵਾਂ ਜੇ ਕੋਈ ਹੱਥ ਬੰਨ੍ਹ ਕੇ ਸ਼ਰਨ ਮੰਗ ਲਵੇ, ਮੈਂ ਤੇਰੀ ਸ਼ਰਨ ਹਾਂ, ਉਹਦੇ ਉਤੇ ਵਾਰ ਨਹੀਂ ਕਰਨਾ, ਛੇਵਾਂ

ਨਿਸ਼ਸਤਰੇ ਤੇ ਵਾਰ ਨਹੀਂ ਕਰਨਾ। ਜੇ ਦੁਸ਼ਮਣ ਮਿਲ ਜਾਵੇ, ਉਹਦੇ ਕੋਲ ਸ਼ਸਤਰ ਕੋਈ ਨਾ ਹੋਵੇ, ਫੇਰ ਨਹੀਂ ਵਾਰ ਕਰਨਾ। ਐਸਾ ਵੀ ਹੋਇਆ ਹੈ ਕਿ ਆਪਣੀ ਜਿਹੜੀ ਵਾਧੂ ਤਲਵਾਰ ਹੁੰਦੀ, ਜਿਹੜੇ ਵੱਡੇ-ਵੱਡੇ ਯੋਧੇ ਹੁੰਦੇ ਉਹ ਕੱਢ ਕੇ ਦੇ ਦਿੰਦੇ ਸੀ ਕਿ ਖਾਲੀ ਹੱਥ ਹੋ ਗਿਆ ਤੂੰ, ਆਹ ਫੜ ਮੇਰੀ ਤਲਵਾਰ। ਮੈਂ ਤੇਰੇ ਤੇ ਖਾਲੀ ਹੱਥ ਨਹੀਂ ਵਾਰ ਕਰਨਾ। ਇਕ ਘਾਤ ਲਾ ਕੇ ਵਾਰ ਨਹੀਂ ਕਰਨਾ, ਦੱਸ ਕੇ ਕਰਨਾ ਹੈ ਅਗਲੇ ਨੂੰ, ਕਿ ਮੈਂ ਐਸ ਤਰ੍ਹਾਂ ਕਰਾਂਗਾ। ਇਕ ਨੱਠੇ ਜਾਂਦੇ ਦੁਸ਼ਮਣ ਤੇ ਵਾਰ ਨਹੀਂ ਕਰਨਾ। ਇਹ ਸੱਤ-ਅੱਠ ਗੱਲਾਂ ਜੇ ਤੁਸੀਂ ਨਾ ਕਰੀਆਂ ਤਾਂ ਤੁਹਾਡਾ ਤਪ ਤੇਜ਼ ਬਹੁਤ ਵਧਿਆ ਰਹੇਗਾ। ਸੋ ਸਮਾਂ ਹੁੰਦਾ ਹੈ।

ਸੋ ਉਸ ਨੇ ਕਿਹਾ ਕਿ ਮੈਂ ਵਾਰ ਨਹੀਂ ਕਰਨਾ, ਨਤੀਜਾ ਕੀ ਹੋਇਆ, ਸਾਰਾ ਸਰੀਰ ਬਾਣਾਂ ਨਾਲ ਛੱਲਣੀ-ਛੱਲਣੀ ਹੋ ਗਿਆ। ਐਉਂ ਬਣ ਗਿਆ ਜਿਵੇਂ ਇਕ ਸੇਜਾ ਹੁੰਦੀ ਹੈ, ਉਹਦੇ ਉਤੇ ਹੀ ਲੰਮਾ ਪਿਆ ਰਿਹਾ ਉਹ। ਕਈ ਮਹੀਨੇ ਪਿਆ ਰਿਹਾ। ਸੋ ਇਸ ਤਰ੍ਹਾਂ ਉਹ ਸਤਿਵਾਦੀ ਹੁੰਦੇ, ਝੂਠ ਨਹੀਂ ਸੀ ਬੋਲਿਆ ਕਰਦੇ। ਜੋ ਬਚਨ ਕਰ ਲੈਂਦੇ ਸੀ ਉਸੇ ਤਰ੍ਹਾਂ ਰਹਿੰਦੇ ਸੀ। ਇਹ ਸਮੇਂ ਨੇ ਬਦਲਾ ਖਾਧਾ, ਨਾਸਤਕਤਾ ਆ ਗਈ ਇਹਦੇ ਵਿਚ। ਬੇਅੰਤ ਕਿਸਮ ਦੇ ਖਿਆਲ ਚੱਲ ਪਏ। ਦੁਨੀਆਂ ਉਲਝ ਗਈ, ਹਨ੍ਹੇਰੇ ਵਿਚ ਫਸ ਗਈ, ਇਸ ਤੋਂ ਵੀ ਉਪਰ ਜਿਹੜੇ ਰਾਜੇ ਸੀ ਉਸ ਸਮੇਂ ਦੇ ਸ਼ਾਸਕ ਸੀ, ਜਿਨ੍ਹਾਂ ਦੇ ਕੋਲ ਰਾਜਸੀ ਸ਼ਕਤੀ ਸੀ, ਗੁਰੂ ਨਾਨਕ ਤੱਕ ਪਹੁੰਚਦੇ-ਪਹੁੰਚਦੇ ਉਹ ਬਿਲਕੁਲ ਬਘਿਆੜਾਂ ਵਰਗੇ ਹੋ ਗਏ। ਰਾਜਾ ਜਿਹੜਾ ਸੀ ਉਹ ਸ਼ੇਰ ਵਰਗਾ ਹੋ ਗਿਆ। ਸ਼ੇਰ ਨੇ ਮਾਲ ਮਾਰ ਦੇਣਾ ਤੇ ਖਾ ਜਾਣਾ, ਪਿਛੋਂ ਇਨ੍ਹਾਂ ਬਘਿਆੜਾਂ ਤੇ ਕੁੱਤਿਆਂ ਨੇ ਆ ਕੇ ਉਸੇ ਮੁਰਦੇ ਨੂੰ ਚੱਟਣਾ, ਕਹਿੰਦੇ ਆਹ ਸੀ ਪਰਜਾ ਦੀ ਹਾਲਤ ਉਸ ਵੇਲੇ।

***ਕਲਿ ਕਾਤੀ ਰਾਜੇ ਕਾਸਾਈ***
***ਧਰਮੁ ਪੰਖ ਕਰਿ ਉਡਰਿਆ॥*** ***ਅੰਗ - 145***

ਕਲਜੁਗ ਦੇ ਜਿਹੜੇ ਰਾਜੇ ਸੀ ਉਹ ਕੈਂਚੀ ਵਰਗੇ ਹੋ ਗਏ। ਉਨ੍ਹਾਂ ਨੇ ਬਚਾਉਣਾ ਨਹੀਂ ਕਿਸੇ ਨੂੰ, ਮਾਰਨਾ ਹੀ ਮਾਰਨਾ ਹੈ। ਬਚਾਉਣ ਦੀ ਗੱਲ ਸੋਚਣੀ ਨਹੀਂ ਕਿ ਬਚਾ ਵੀ ਦੇਈਏ, ਕੋਈ ਤਰੀਕਾ ਸੋਚੀਏ ਜਿਹਦੇ ਨਾਲ ਇਹ ਨਾ ਮਰੇ। ਕਹਿੰਦੇ ਕੈਂਚੀ ਵਾਂਗਣ ਪਾੜ ਦਿੱਤੀ ਇਨ੍ਹਾਂ ਨੇ ਜਨਤਾ, ਕੁਛ ਮੁਸਲਮਾਨ ਹੋ ਗਏ, ਕੁਛ ਹਿੰਦੂ ਹੋ ਗਏ, ਕੁਛ ਹੋਰ ਹੋ ਗਏ। ਕੈਂਚੀ ਬਣ ਗਿਆ ਰਾਜਾ, ਕਲਜੁਗ ਕੈਂਚੀ ਸੀ, ਰਾਜੇ ਕੀ ਹੋਏ, ਉਹਦੇ ਵਿਚ ਕਸਾਈ ਬਣ ਗਏ। ਕਸਾਈ ਜਿਹੜਾ ਹੈ ਉਹਦਾ ਕੰਮ ਹੀ ਮਾਰਨਾ ਹੁੰਦਾ ਹੈ।

............ ***ਧਰਮੁ ਪੰਖ ਕਰਿ ਉਡਰਿਆ॥***

***ਅੰਗ - 145***

ਜਿਹੜੀ ਧਰਮ ਦੀ ਗੱਲ ਸੀ, ਨਾ ਦਇਆ ਰਹੀ, ਨਾ ਧੀਰਜ ਰਹੀ, ਨਾ ਸਤਿ ਦਾ ਜੀਵਨ ਰਿਹਾ। ਨਾ ਮਨ ਵਿਚ ਸੰਤੋਖ ਰਿਹਾ, ਤ੍ਰਿਸ਼ਨਾ ਦੀ ਅੱਗ ਭੜਕ ਉੱਠੀ ਤੇ ਨਾ ਬ੍ਰਹਮਚਰੀਆ ਰਿਹਾ। ਚਰਿੱਤਰ ਗਿਰ ਗਿਆ ਆਦਮੀਆਂ ਦਾ। ਇਸਤਰੀ ਤੇ ਪੁਰਖ ਦਾ ਕੋਈ ਸਾਥ ਨਾ ਰਿਹਾ, ਪੈਸੇ ਦਾ ਰਹਿ ਗਿਆ। ਪੈਸਾ ਲਿਆਉਂਦਾ ਹੈ ਤਾਂ ਸਾਥ ਨਿਭਦਾ ਹੈ, ਪੈਸਾ ਨਹੀਂ ਲਿਆਉਂਦਾ ਕੋਈ

ਹਮਦਰਦੀ ਨਹੀਂ ਹੈ।

***ਰਾਜੇ ਸੀਹ ਮੁਕਦਮ ਕੁਤੇ॥ ਅੰਗ - 1288***

ਕਹਿੰਦੇ ਮੁਕਦਮ (ਅਹਿਲਕਾਰ, ਕਰਮਚਾਰੀ) ਕੁੱਤੇ ਬਣ ਗਏ, ਪਰਜਾ ਦਾ ਖ਼ੂਨ ਚੂਸਦੇ ਨੇ, ਚੱਟਦੇ ਨੇ, ਕੁੱਤੇ ਮੂੰਹੀਂ ਕਲਜੁਗ ਆ ਗਿਆ, ਮੁਰਦਾਰ ਖਾਜਾ ਹੋ ਗਿਆ, ਵਾੜ ਖੇਤ ਨੂੰ ਖਾਣ ਲੱਗ ਗਈ, ਵਾੜ ਦਾ ਕੰਮ ਹੁੰਦਾ ਹੈ, ਖੇਤ ਦੀ ਰਾਖੀ ਕਰਨੀ।

ਕ੍ਰਿਸ਼ਨ ਮਹਾਰਾਜ ਇਕ ਦਿਨ ਪਾਂਡਵਾਂ ਵਿਚ ਬੈਠੇ ਨੇ, ਕਹਿਣ ਲੱਗੇ ਕਲਜੁਗ ਆ ਗਿਆ। ਕਲਜੁਗ ਦਾ ਨਾਉਂ ਸੁਣ ਕੇ ਹੀ ਡਰ ਗਏ ਸਾਰੇ, ਕਿਉਂਕਿ ਉਹਦੇ ਬਾਰੇ ਸ਼ਾਸਤਰਾਂ ਵਿੱਚ ਲਿਖਿਆ ਹੋਇਆ ਸੀ ਕਿ ਕਲਜੁਗ ਦਾ ਜਿਹੜਾ ਜਨਮ ਹੈ ਉਹ ਚੰਡਾਲ ਦੇ ਘਰ ਹੋਣਾ ਹੈ। ਤੇ ਸਾਰੀ ਉਚੀ ਮਰਿਆਦਾ ਨੇ ਗਿਰ ਕੇ, ਉਹਦੀ ਮਰਿਆਦਾ ਦੇ ਨਾਲ ਮਿਲ ਜਾਣਾ ਹੈ। ਆਪਣਾ ਸਾਰਾ ਸੁਭਾਅ ਛੱਡ ਦੇਣਾ ਹੈ। ਕਲੀ ਦਾ ਜਨਮ ਚੰਡਾਲ ਦੇ ਘਰ ਹੋਣਾ ਹੈ। ਫੇਰ ਇਸ ਕਲਜੁਗ ਨੇ ਕਰਮ, ਧਰਮ, ਬੋਲ ਬਾਣੀ, ਬਚਨ, ਆਦਮੀ ਦਾ ਨਿੱਜੀ ਚਰਿੱਤਰ ਰਾਜ ਦਾ ਚਰਿੱਤਰ, ਸਮਾਜ ਦਾ ਚਰਿੱਤਰ ਜ਼ੀਰੋ ਤੇ ਲੈ ਜਾਣਾ ਹੈ। ਨਾ ਦਵਾਈਆਂ ਅਸਲੀ ਮਿਲਣੀਆਂ ਨੇ, ਨਾ ਕੋਈ ਖਾਣ ਨੂੰ ਚੀਜ਼ ਅਸਲੀ ਮਿਲਣੀ ਹੈ, ਸਾਰੇ ਪੈਸਾ ਹੀ ਪੈਸਾ, ਦੁਨੀਆਂ ਚਾਹੇ ਸਾਰੀ ਮਰ ਜਾਏ। ਆਹ ਕੀ ਹੈ ਮਾੜੀ ਚੀਜ਼ ਹੈ ਸ਼ਰਾਬ, ਇਹ ਵੀ ਅਸਲੀ ਨਹੀਂ ਮਿਲਦੀ। ਤਿੰਨ-ਤਿੰਨ ਸੌ ਬੰਦਾ ਅੰਨ੍ਹਾ ਹੁੰਦਾ ਹੈ, ਜਦੋਂ ਇਹਦੇ ਵਿਚ ਮਿਲਾਵਟ ਕਰਦੇ ਨੇ, ਤਿੰਨ ਚਾਰ-ਚਾਰ ਸੌ ਮਰ ਜਾਂਦਾ ਹੈ। ਕਹਿੰਦੇ ਇਸ ਤਰ੍ਹਾਂ ਕਲਜੁਗ ਆ ਗਿਆ ਭਾਈ, ਹਨ੍ਹੇਰਾ ਛਾ ਗਿਆ ਤੇ ਸੱਚ ਕਿਤੇ ਨਜ਼ਰ ਨਹੀਂ ਆਉਂਦਾ।

***ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥***
***ਬੀਉ ਬੀਜਿ ਪਤਿ ਲੈ ਗਏ***
***ਅਬ ਕਿਉ ਉਗਵੈ ਦਾਲਿ॥ ਅੰਗ - 468***

ਦਾਲ ਬਣ ਗਿਆ ਭਰੋਸਾ। ਬੀਜ ਹੋਵੇ ਸਾਬਤ ਤਾਂ ਉੱਗਿਆ ਕਰਦਾ ਹੈ।

***ਕਲਿ ਕਾਤੀ ਰਾਜੇ ਕਾਸਾਈ***
***ਧਰਮੁ ਪੰਖ ਕਰਿ ਉਡਰਿਆ॥***
***ਕੂੜੁ ਅਮਾਵਸ ਸਚੁ ਚੰਦ੍ਰਮਾ***
***ਦੀਸੈ ਨਾਹੀ ਕਹ ਚੜਿਆ॥ ਅੰਗ - 145***

ਕੂੜ ਦੀ ਮਸਿਆ ਪੈ ਗਈ। ਹਨ੍ਹੇਰੇ ਗਵਾਰ ਹੋ ਗਿਆ। ਕੁਛ ਵੀ ਹੱਥ ਮਾਰਿਆ ਨਹੀਂ ਮਿਲਦਾ। ਕਹਿੰਦੇ ਸੱਚੇ ਬੰਦੇ ਕਿੱਥੇ ਚਲੇ ਗਏ? ਇਕ ਵੀ ਬੰਦਾ ਸੱਚਾ ਨਜ਼ਰ ਨਹੀਂ ਆਉਂਦਾ। ਝੂਠ ਹੈ, ਪਾਖੰਡ ਹੈ, ਅਡੰਬਰ ਹੈ। ਚਾਹੇ ਉਹ ਵੱਡੇ-ਵੱਡੇ ਡੇਰੇ ਨੇ, ਚਾਹੇ ਉਹ ਵੱਡੇ-ਵੱਡੇ ਮੱਠ ਨੇ, ਚਾਹੇ ਉਹ ਪੀਰਾਂ ਦੇ ਨੇ, ਚਾਹੇ ਸਾਧੂਆਂ ਦੇ ਨੇ, ਹਰ ਥਾਂ ਦੇ ਉਤੇ ਪਾਖੰਡ ਪ੍ਰਧਾਨ ਹੋ ਗਿਆ। ਪੈਸਾ ਕਮਾਉਣਾ ਪ੍ਰਧਾਨ ਹੋ ਗਿਆ। ਤਿਆਗ ਨਾਮ ਦੀ ਕੋਈ ਚੀਜ਼ ਨਾ

ਰਹੀ। ਵੱਡੇ-ਵੱਡੇ ਅਡੰਬਰ ਰਚ ਲਏ ਸਾਧੂਆਂ ਨੇ, ਉਹ ਜਿਹੜੇ ਭਜਨ ਬੰਦਗੀ ਕਰਨ ਆਏ ਸੀ, ਉਨ੍ਹਾਂ ਨੇ ਅਡੰਬਰਾਂ 'ਚ ਫਸ ਕੇ ਆਪਣਾ ਜੀਵਨ ਬਰਬਾਦ ਕਰ ਲਿਆ। ਕਹਿੰਦੇ ਧਰਮ ਨਹੀਂ ਲੱਭਦਾ -

***ਹਉ ਭਾਲਿ ਵਿਕੁੰਨੀ ਹੋਈ॥***
***ਆਧੇਰੈ ਰਾਹੁ ਨ ਕੋਈ॥***
***ਵਿਚਿ ਹਉਮੈ ਕਰਿ ਦੁਖੁ ਰੋਈ॥ ਅੰਗ - 145***

ਮੈਂ ਟੋਲਦਾ ਫਿਰਦਾ ਹਾਂ ਕਿ ਕਿਤੇ ਲੱਭ ਜਾਵੇ ਤੇ ਨਤੀਜਾ ਹੋਇਆ ਕਿ ਸਾਰੇ ਹਨ੍ਹੇਰਾ ਹੀ ਹਨ੍ਹੇਰਾ ਮਚ ਗਿਆ। ਹੁਣ ਰਾਹ ਕੋਈ ਨਹੀਂ ਦਿਸਦਾ।

ਹਉਮੈ ਦੇ ਵਿਚ ਪਏ ਹੋਏ ਨੇ ਸਾਰੇ। ਹਉਮੈ ਨੇ ਐਨਾ ਦੁਖ ਪੈਦਾ ਕਰ ਦਿਤਾ ਕਿ ਰਾਜਾ ਵੀ ਰੋਂਦਾ ਹੈ, ਪਰਜਾ ਵੀ ਰੋਂਦੀ ਹੈ -

***ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥***
***ਅੰਗ - 145***

ਕਿਸ ਤਰ੍ਹਾਂ ਦੇ ਨਾਲ ਹੋਏਗੀ ਗਤੀ? ਪਰਜਾ ਗਿਆਨਵਾਨ ਨਾ ਰਹੀ, ਅਗਿਆਨ ਨੂੰ ਅਪਣਾਅ ਲਿਆ, ਝੂਠ ਬੋਲਦੇ ਨੇ, ਗੁਰੂ ਨਚਦੇ ਨੇ, ਚੇਲੇ ਸਾਜ ਵਜਾਉਂਦੇ ਨੇ, ਗੁਰੂ ਚੇਲਿਆਂ ਨੂੰ ਟੋਲਦੇ ਫਿਰਦੇ ਨੇ ਕਿ ਆਹ ਚੇਲਾ ਨਾ ਕਿਤੇ ਮੇਰੇ ਹੱਥੋਂ ਨਿਕਲ ਜਾਵੇ। ਉਹਦੇ ਘਰ ਜਾਣਗੇ, ਘਰ ਜਾ ਕੇ ਖੁਸ਼ਾਮਦ ਕਰਨਗੇ।

***ਸੇਵਕ ਬੈਠਨਿ ਘਰਾਂ ਵਿਚਿ***
***ਗੁਰ ਉਠਿ ਘਰੀ ਤਿਨਾੜੇ ਜਾਈ।***
***ਭਾਈ ਗੁਰਦਾਸ ਜੀ ਦੀ ਵਾਰ 1/30***

ਗੁਰੂ ਤੁਰਦੇ ਫਿਰਦੇ ਨੇ। ਚੇਲੇ ਸਾਜ ਵਜਾਉਂਦੇ ਨੇ, ਗੁਰੂ ਨਾਚ ਕਰਦੇ ਨੇ।

***ਕਾਜੀ ਹੋਏ ਰਿਸਵਤੀ ਵਢੀ ਲੈਕੇ ਹਕ ਗਵਾਈ।***
***ਭਾਈ ਗੁਰਦਾਸ ਜੀ ਦੀ ਵਾਰ 1/30***

ਕਾਜੀ ਜਿਹੜੇ ਸੀ ਹਿਸਾਬ ਕਰਨ ਵਾਲੇ ਜੱਜ, ਉਹ ਰਿਸ਼ਵਤਾਂ ਲੈਣ ਲੱਗ ਗਏ ਤੇ ਹੱਕ ਜਿਹੜਾ ਸੀ ਉਹਨੂੰ ਗਵਾ ਦਿਤਾ ਉਹਨੇ। ਜਿਹਨੇ ਪੈਸਾ ਵੱਧ ਦੇ ਦਿਤਾ, ਉਹਦੇ ਹੱਕ ਵਿਚ ਫੈਸਲਾ ਕਰ ਦਿੰਦੇ ਸੀ। ਰਾਜੇ ਜਿਹੜੇ ਸੀ ਉਹ ਰਿਸ਼ਵਤਾਂ ਲੈਣ ਲਗ ਗਏ। ਵਜ਼ੀਰ, ਅਮੀਰ, ਜਿੰਨਾਂ ਸ਼ਾਸਕ ਸੀ ਰਿਸ਼ਵਤ ਦੇ ਦਿਓ, ਆਪਣਾ ਕੰਮ ਬਣਾ ਲਓ। ਨਾ ਦਿਓ ਕੁਛ ਨਹੀਂ ਬਣਦਾ। ਹੁਣ ਵੀ ਇਵੇਂ ਹੀ ਹੈ। ਬੱਚੇ ਫਿਰਦੇ ਨੇ ਮਾਰੋ ਮਾਰ ਕਰਦੇ ਕਿ ਜੀ ਨੌਕਰੀ ਨਹੀਂ ਮਿਲਦੀ। ਮੈਂ ਫਸਟ ਕਲਾਸ ਐਮ.ਏ. ਕਰੀ ਹੈ, ਮੈਂ ਇੰਜਨੀਰਿੰਗ 'ਚ ਫਸਟ ਕਲਾਸ ਆਇਆ ਹਾਂ, ਮੈਨੂੰ ਜਗ੍ਹਾ ਨਹੀਂ ਮਿਲਦੀ। ਬਾਬਾ ਜੀ ਅਸ਼ੀਰਵਾਦ ਦਿਓ। ਮੈਂ ਕਹਿਨਾ ਅਸ਼ੀਰਵਾਦ ਤਾਂ ਕਾਹਦੀ ਹੈ, ਉਥੇ ਤਾਂ ਪੈਸੇ ਮੰਗਦੇ ਨੇ ਲੱਖਾਂ ਰੁਪਿਆ। ਕਹਿੰਦੇ ਹਾਂ ਜੀ। ਜਿਥੇ ਫੇਰ ਇਹ ਗੱਲ ਹੋਵੇ, ਉਥੇ ਦੇਸ਼ ਦੇ

ਭਾਗ ਚੰਗੇ ਹੁੰਦੇ ਨੇ ਕਿ ਮਾੜੇ ਹੁੰਦੇ ਨੇ। ਸੋ ਆਹ ਹਾਲ ਗੁਰੂ ਮਹਾਰਾਜ ਵੇਲੇ ਹੋਇਆ ਹੋਇਆ ਸੀ। ਪਿਆਰ ਪੈਸੇ ਦਾ ਰਹਿ ਗਿਆ –

*ਇਸਤ੍ਰੀ ਪੁਰਖੈ ਦਾਮ ਹਿਤ*
*ਭਾਵੈ ਆਇ ਕਿਥਾਊ ਜਾਈ॥*

*ਭਾਈ ਗੁਰਦਾਸ ਜੀ ਦੀ ਵਾਰ 1/30*

ਬੰਦਾ ਚਾਹੇ ਕਿਤੇ ਤੁਰਿਆ ਫਿਰਦਾ ਹੈ, ਮਾੜੇ ਕੰਮ ਕਰਦਾ ਹੈ, ਚਾਹੇ ਧੋਖੇ ਦਿੰਦਾ ਹੈ, ਚਾਹੇ ਠੱਗੀਆਂ ਮਾਰਦਾ ਹੈ, ਪੈਸਾ ਲਿਆਵੇ ਘਰ ਵਿਚ। ਪੈਸਾ ਲਿਆਵੇ ਤਾਂ ਪਿਆਰਾ, ਨਹੀਂ ਫੇਰ ਲੜਾਈ।

*ਵਰਤਿਆ ਪਾਪ ਸਭਸ ਜਗ ਮਾਂਹੀ॥*

*ਭਾਈ ਗੁਰਦਾਸ ਜੀ ਦੀ ਵਾਰ 1/30*

ਪਾਪ ਦਾ ਪਸਾਰਾ ਹੋ ਗਿਆ।

*ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲੁ॥*
*ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥*
*ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ॥*
*ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥*

*ਅੰਗ – 468*

ਕਿੰਨਾ ਕੁ ਹਨ੍ਹੇਰਾ ਪੈ ਗਿਆ, ਮਹਾਰਾਜ ਕਹਿੰਦੇ ਕੁੱਤੇ ਮੁਹੀ ਹੋ ਗਿਆ ਸੰਸਾਰ। ਨਾ ਖਾਜ ਦੇਖਦਾ ਹੈ ਨਾ ਅਖਾਜ ਦੇਖਦਾ ਹੈ। ਜਿਹੜਾ ਕੁਛ ਮੂਹਰੇ ਆ ਜਾਂਦੈ, ਚਾਹੇ ਕਿਸੇ ਦਾ ਮਾਰਿਆ ਹੋਇਆ ਜਾਨਵਰ ਆ ਜਾਏ, ਉਹਨੂੰ ਖਾ ਹੀ ਲੈਣਾ ਹੁੰਦਾ ਹੈ, ਰਿਸ਼ਵਤ ਖਾਣੀ ਹੈ, ਦੂਜੇ ਦਾ ਹੱਕ ਖਾਣਾ ਹੈ ਅਖਾਜ ਹੈ।

*ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ॥*
*ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ॥ ਅੰਗ – 1242*

ਕਹਿਣ ਲੱਗੇ, ਘਰ ਦਾ ਜਿਹੜਾ ਪਰਿਵਾਰ ਦਾ ਹਾਲ ਸੀ–

*ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ॥*

*ਅੰਗ – 1243*

ਆਦਮੀ ਤਾਂ ਸ਼ਿਕਾਰੀ ਬਣ ਗਏ, ਨਾ ਕੋਈ ਕਰਮ ਰਿਹਾ, ਨਾ ਧਰਮ ਰਿਹਾ, ਨਾ ਕੋਈ ਚਰਿੱਤਰ ਰਿਹਾ। ਔਰਤਾਂ ਜਿਹੜੀਆਂ ਸੀ ਉਨ੍ਹਾਂ 'ਚੋਂ ਵਿਚਾਰ ਖਤਮ ਹੋ ਗਈ। ਬੰਦੇ ਨੂੰ ਟੋਕਣ ਤੋਂ ਹਟ ਗਈਆਂ, ਜਿਹੜਾ ਕੁਛ ਕਰਦਾ ਹੈ, ਕਰੀ ਜਾਵੇ, ਪਰਇਸਤਰੀਆਂ ਕੋਲ ਜਾਂਦਾ ਹੈ, ਰਿਸ਼ਵਤਾਂ ਲੈਂਦਾ ਹੈ, ਬੇਈਮਾਨੀਆਂ ਕਰਦਾ ਹੈ, ਚੋਰੀਆਂ ਕਰਦਾ ਹੈ, ਘਰ ਨੂੰ ਲਿਆਉਂਦਾ ਹੈ, ਉਹ ਨਹੀਂ ਉਹਨੂੰ ਕਹਿੰਦੀਆਂ ਕਿਉਂਕਿ ਅਗਿਆਨ ਵਿਚ ਆ ਗਈਆਂ। ਗੱਲ ਸੋਚਣ ਤੋਂ ਹਟ ਗਈਆਂ –

*ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ॥*

***ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ॥***

***ਅੰਗ - 1243***

ਤਿੰਨੇ ਚੀਜ਼ਾਂ ਸੁੱਚ ਦੀਆਂ ਹੁੰਦੀਆਂ ਨੇ। ਸੀਲ ਕਹਿੰਦੇ ਨੇ ਚਰਿੱਤਰ ਨੂੰ। ਇਹਦੇ ਗੁਣ ਹੁੰਦੇ ਨੇ 40-50। ਕਹਿੰਦੇ ਉਹ ਤਾਂ ਗਇਆ ਆਇਆ ਹੀ ਹੋ ਗਿਆ ਸਾਰਾ ਹੀ। ਜਿਹੜਾ ਸੰਜਮ ਸੀ ਕੰਟਰੋਲ ਸੀ ਆਪਣੇ ਆਪ ਤੇ ਬੰਦੇ ਦਾ ਉਹ ਕੰਟਰੋਲ ਵੀ ਜਾਂਦਾ ਹੈ। ਵਿਸ਼ੇ ਵਾਸ਼ਨਾ ਦੇ ਮਗਰ ਲੱਗਿਆ ਫਿਰਦਾ ਹੈ। ਜਿਹੜੀ ਸੁੱਚ ਸੀ ਉਹ ਵੀ ਜਾਂਦੀ ਰਹੀ, ਨਾ ਮਨ ਸੁੱਚਾ ਰਿਹਾ ਨਾ ਬੋਲ ਸੁੱਚਾ ਰਿਹਾ। ਨਾ ਬੁੱਧੀ ਸੁੱਚੀ ਰਹੀ, ਨਾ ਧਨ ਸੁੱਚਾ ਰਿਹਾ, ਨਾ ਘਰ ਸੱਚਾ ਰਿਹਾ। ਕਹਿੰਦੇ ਉਹ ਸੁੱਚ ਵੀ ਨੱਠ ਗਈ, ਜਿਹੜਾ ਖਾਣਾ ਸੀ, ਜਿਹੜੀਆਂ ਚੀਜ਼ਾਂ ਨਹੀਂ ਖਾਣੀਆਂ ਸੀ ਉਹ ਖਾਣੀਆਂ ਸ਼ੁਰੂ ਕਰ ਦਿਤੀਆਂ।

***ਸਰਮ ਗਇਆ ਘਰਿ ਆਪਣੈ***
***ਪਤਿ ਉਠਿ ਚਲੀ ਨਾਲਿ॥*** ***ਅੰਗ - 1243***

ਜਿਹੜੀ ਸ਼ਰਮ ਸੀ ਉਹ ਵੀ ਨੱਠ ਗਈ, ਖੁਲ੍ਹਮ-ਖੁਲ੍ਹਾ ਹੋ ਗਏ ਲੋਕ। ਕੋਈ ਕਿਸੇ ਨੂੰ ਮਾੜਾ ਕਹਿੰਦਾ ਹੀ ਨਹੀਂ ਹੈ ਕਿਉਂਕਿ ਆਪ ਵੀ ਉਹੋ ਜਿਹੇ ਹੀ ਨੇ। ਦੂਸਰਾ ਜਿਹੜਾ ਮਿਹਨਤ ਸੀ, ਉਦਮ ਸੀ ਉਹ ਵੀ ਚਲਿਆ ਗਿਆ। ਆਲਸੀ ਹੋ ਗਏ ਸਾਰੇ, ਪੱਤ ਉਠ ਚਲੀ ਨਾਲ। ਜਿਹਨੂੰ ਕਹਿੰਦੇ ਸੀ ਮੇਰੇ ਪੱਤ ਨਾ ਖਰਾਬ ਹੋ ਜਾਏ। ਉਹ ਵੀ ਨਾਲ ਹੀ ਨੱਠ ਗਈ ਸ਼ਰਮ ਦੇ।

***ਨਾਨਕ ਸਚਾ ਏਕੁ ਹੈ ਅਉਰ ਨ ਸਚਾ ਭਾਲਿ॥***

***ਅੰਗ - 1243***

ਆਹ ਹਾਲ ਗੁਰੂ ਮਹਾਰਾਜ ਨੇ ਆਪਣੀਆਂ ਅੱਖਾਂ ਦੇ ਨਾਲ ਦੇਖ ਕੇ, ਸਮੇਂ ਦਾ ਲਿਖਿਆ ਹੈ। ਬਹੁਤ ਅਗਿਆਨ ਦਾ ਸਮਾਂ ਸੀ, ਲੋਕ ਪੀਰਾਂ ਫਕੀਰਾਂ ਮੱਠਾਂ ਵਾਲਿਆਂ, ਵੱਡੇ-ਵੱਡੇ ਸਾਧੂਆਂ ਦੇ ਪਿਛੇ, ਨਾਥਾਂ ਦੇ, ਜੋਗੀਆਂ ਦੇ, ਪਿਛੇ ਤੁਰੇ ਫਿਰਦੇ ਸੀ। ਪਰ ਪ੍ਰਮੇਸ਼ਰ ਤੱਕ ਜਾਣ ਦਾ ਰਾਹ ਕਿਸੇ ਨੂੰ ਮਿਲਦਾ ਨਹੀਂ। ਸਾਰਾ ਹੀ ਵਾਤਾਵਰਣ ਉਲਟ ਪੁਲਟ ਹੋ ਗਿਆ ਸੀ।

ਗੁਰੂ ਨਾਨਕ ਨੂੰ ਬਚਪਨ ਤੋਂ ਹੀ ਕੰਮ ਕਰਨਾ ਪਿਆ। ਬਹੁਤ ਸਾਰੇ ਮਹਾਂਪੁਰਸ਼ਾਂ ਨੇ ਤਪ ਕੀਤਾ। ਮੁਹੰਮਦ ਸਾਹਿਬ ਸੀ, ਚਾਲੀ ਸਾਲ ਤੱਕ ਆਪ ਇੱਕ ਗੁਫਾ ਸੀ ਉਹਦੇ ਵਿਚ ਜਾ ਕੇ ਬੈਠ ਜਾਇਆ ਕਰਦੇ ਸੀ। ਚਾਲੀ ਸਾਲ ਦੀ ਉਮਰ ਹੋ ਗਈ, ਗੁਫਾ 'ਚ ਬੈਠਦਿਆਂ ਨੂੰ, ਰੋਜ਼ ਜਾਂਦੇ ਨੇ, ਜਾ ਕੇ ਘੰਟਿਆਂ ਬੱਧੀ ਬੈਠੇ ਰਹਿੰਦੇ ਨੇ। ਚਾਲੀ ਸਾਲ ਤੋਂ ਬਾਅਦ ਇਕ ਦਿਨ ਅਨੁਭਵ ਹੋਇਆ ਕਿ ਕੁਝ ਫਰਿਸ਼ਤੇ ਆਏ ਨੇ, ਉਨ੍ਹਾਂ ਨਾਲ ਸਵਾਲ ਜਵਾਬ ਹੋਇਆ ਕਿ ਤੁਸੀਂ ਕੀ ਕਰ ਰਹੇ ਓਂ। ਕਹਿੰਦੇ ਹਜ਼ਰਤ ਅਸੀਂ ਤੇਰੇ ਨਵਾਂ ਕਲਬ, ਨਵਾਂ ਦਿਲ, ਨਵੀਂ ਸੋਚ, ਨਵਾਂ ਦਿਮਾਗ। ਕਹਿੰਦੇ ਉਹਦੇ ਨਾਲ ਕੀ ਹੋਏਗਾ? ਕਹਿੰਦੇ ਉਹਦੇ ਨਾਲ ਫੇਰ ਤੂੰ ਸੰਸਾਰ ਦੇ ਵਿਚ ਪ੍ਰਮੇਸ਼ਰ ਦਾ ਨਾਮ ਜਪਾਵੇਂਗਾ। ਐਸਾ ਆਉਂਦਾ ਹੈ ਕਿ ਫਰਿਸ਼ਤਿਆਂ ਨੇ ਕਾਇਆ ਕਲਪ ਕਰ ਦਿਤੀ। ਮੁਹੰਮਦ ਸਾਹਿਬ ਨੂੰ ਉਸੇ ਵੇਲੇ ਗਿਆਨ ਹੋ ਗਿਆ। ਜਿਸ ਵਕਤ ਘਰ ਆਏ, ਕਹਿਣ ਲੱਗੇ ਮੈਨੂੰ ਤਾਂ ਪੈਗ਼ੰਬਰੀ ਦਾ ਹੁਕਮ ਹੋ ਗਿਆ ਤੇ ਮੈਨੂੰ ਇਹ ਖੁਦਾ ਵਲੋਂ ਹੁਕਮ ਹੋ ਗਿਆ

ਕਿ ਮੈਂ ਇਹ ਐਲਾਨ ਕਰ ਦੇਵਾਂ, ਮੈਂ ਪੈਗ਼ੰਬਰ ਹਾਂ। ਪੈਗ਼ੰਬਰ ਕਹਿੰਦੇ ਨੇ ਸੁਨੇਹਾ ਦੇਣ ਵਾਲਾ। ਪੈਗਾਮ ਦੇਣ ਵਾਲਾ ਪੈਗ਼ੰਬਰ। ਅਕਾਲ ਪੁਰਖ ਦਾ, ਰੱਬ ਦਾ ਪੈਗਾਮ ਦੇਣ ਵਾਲਾ। ਕਹਿਣ ਲੱਗੇ, ਮੇਰੇ ਕੋਲ ਪੈਗਾਮ ਆਉਣੇ ਸ਼ੁਰੂ ਹੋਏ ਨੇ, 40 ਸਾਲ ਦੀ ਉਮਰ ਹੈ। ਉਸ ਵੇਲੇ ਆਪ ਹਰ ਰੋਜ਼ ਲਿਖਾਉਂਦੇ ਨੇ ਕਿ ਅੱਜ ਖ਼ੁਦਾ ਦਾ ਇਹ ਪੈਗਾਮ ਆਇਆ। ਅੱਜ ਇਹ ਆਇਆ। ਕਹਿੰਦੇ ਲੋਹ ਫੱਟੀ ਤੇ ਲਿਖਿਆ ਹੁੰਦਾ ਹੈ। ਇਕ ਵੱਡੀ ਫੱਟੀ ਦਿਸਣ ਲੱਗ ਗਈ ਉਨ੍ਹਾਂ ਨੂੰ। ਉਹਦੇ 'ਤੇ ਅੱਖਰ ਪੜ੍ਹਨੇ ਸ਼ੁਰੂ ਕਰ ਦਿੱਤੇ। ਕਹਿੰਦੇ ਆਹ ਪੈਗਾਮ ਆਉਂਦੇ ਨੇ ਇਹ ਮੈਂ ਤੁਹਾਨੂੰ ਦਿੰਨਾਂ। ਤੁਸੀਂ ਇਨ੍ਹਾਂ ਨੂੰ ਮੰਨੋ ਤੇ ਮੇਰੀ ਪੈਗੰਬਰੀ ਨੂੰ ਮੰਨੋ। ਜੋ ਮੈਨੂੰ ਕਲਮਾ ਮਿਲਿਆ ਹੈ ਉਸ ਨੂੰ ਮੰਨੋ, ਨਹੀਂ ਤੁਸੀਂ ਨਰਕਾਂ 'ਚ ਚਲੇ ਜਾਓਂਗੇ। ਵੱਡੀ ਉਮਰ ਦੇ ਹੋ ਕੇ ਲੱਗੇ। ਈਸਾ ਜੀ ਉਸ ਤੋਂ ਹੋਰ ਛੋਟੀ ਉਮਰ ਦੇ ਲੱਗ ਗਏ ਸੀ। ਗੁਰੂ ਨਾਨਕ ਸਾਹਿਬ ਬਚਪਨ ਵਿਚ ਹੀ, ਛੋਟੀ ਉਮਰ ਤੋਂ। ਕਿਉਂਕਿ ਕੰਮ ਬਹੁਤ ਲੰਮਾ ਸੀ ਇਨ੍ਹਾਂ ਦੇ ਸਾਮ੍ਹਣੇ। ਛੋਟਾ ਕੰਮ ਨਹੀਂ ਸੀ। ਇਸੇ ਕਰਕੇ ਦੋ ਸੌ ਸਾਲ ਸਰੀਰ ਬਦਲਦੇ ਚਲੇ ਗਏ ਕਿ ਕਲਜੁਗ ਦੇ ਵਿਚ ਕੋਈ ਰਾਹ ਕੱਢ ਦੇਈਏ ਜਿਹਦੇ ਉਤੇ ਚੱਲ ਕੇ ਆਦਮੀ ਵੈਰ ਵਿਰੋਧ ਤੋਂ ਮੁਕਤ ਹੋ ਕੇ ਸੰਤੋਖ ਦਾ ਸੁਖੀ ਜੀਵਨ ਬਤੀਤ ਕਰ ਸਕੇ।

ਕੋਈ ਛੇ ਸੱਤ ਸਾਲ ਦੀ ਉਮਰ ਹੈ ਆਪ ਦੀ। ਉਸ ਵੇਲੇ ਪਿਤਾ ਨੇ ਕਿਹਾ ਕਿ ਹੁਣ ਨਾਨਕ ਦੀ ਪੜ੍ਹਨ ਵਾਲੀ ਉਮਰ ਆ ਗਈ। ਇਹ ਘਰ ਵੀ ਵਿਹਲਾ ਹੀ ਬੈਠਾ ਰਹਿੰਦਾ ਹੈ, ਚੁੱਪ ਕਰ ਰਹਿੰਦਾ ਹੈ, ਪੰਜ ਛੇ ਸਾਲ ਦੀ ਉਮਰ 'ਚ ਆਪ ਬਾਹਰ ਚਲੇ ਜਾਇਆ ਕਰਦੇ ਸੀ। ਬਹੁਤ ਸਾਰੇ ਬਾਹਰ ਜੰਗਲ ਸੀ। ਉਨ੍ਹਾਂ ਜੰਗਲਾਂ ਦੇ ਵਿਚ ਪਿੰਡ ਦੇ ਨੇੜੇ ਮੀਲ, ਅੱਧ ਮੀਲ ਤੇ ਆ ਕੇ ਸਾਧੂਆਂ ਨੇ ਡੇਰੇ ਲਾ ਲੈਣੇ। ਬਹੁਤ ਵੱਡੇ-ਵੱਡੇ ਝੁੰਡ ਸੀ ਦਰਖਤਾਂ ਦੇ, ਜਿਹੜੇ ਘਰ ਦਾ ਵੀ ਕੰਮ ਦਿੰਦੇ ਸੀ। ਉਨ੍ਹਾਂ ਦੇ ਥੱਲੇ ਆ ਕੇ ਮੰਡਲੀਆਂ ਉਤਰ ਜਾਣੀਆਂ ਤੇ ਉਸ ਸਮੇਂ ਦੇ ਮੁਤਾਬਿਕ ਦਰਸ਼ਨ ਕਰਨ ਜਾਣ ਵਾਲੇ, ਕੁਝ ਵਿਚਾਰਾਂ ਕਰਦੇ ਸੀ। ਗੁਰੂ ਨਾਨਕ ਪਾਤਸ਼ਾਹ ਨੇ ਬਚਪਨ 'ਚ ਹੀ ਸਾਧੂਆਂ ਕੋਲ ਚਲੇ ਜਾਣਾ ਜਾਂ ਚੁੱਪ ਕਰ ਰਹਿਣਾ। ਨਾ ਬੋਲਣਾ, ਨਾ ਚਾਲਣਾ, ਨਾ ਖਾਣਾ, ਨਾ ਪੀਣਾ। ਨਾ ਕੋਈ ਕਪੜੇ ਬਦਲਣੇ। ਸੰਤਾਂ ਵਲ ਜਾਣ ਦੀ ਰੁਚੀ ਰਹਿੰਦੀ। ਮਹਿਤਾ ਜੀ ਰੁਚੀ ਦੇਖ-ਦੇਖ ਕੇ ਖਿਜਦੇ ਰਹਿੰਦੇ ਸੀ ਕਿ ਇਹ ਬੱਚਾ ਕਰੇਗਾ ਕੀ? ਸਾਡੇ ਨਾਲ ਕੋਈ ਗੱਲ ਨਹੀਂ ਕਰਦਾ, ਆਹ ਜਦ ਫੁਕਰੇ ਆ ਜਾਂਦੇ ਨੇ ਇਨ੍ਹਾਂ ਦੇ ਕੋਲ ਬੜਾ ਨੱਠਿਆ ਫਿਰਦਾ ਹੈ। ਉਹ ਇਹਨੂੰ ਕਹਿੰਦੇ ਨੇ ਬੜਾ ਚੰਗਾ ਬਾਲਕ ਹੈ। ਮੁੜ-ਮੁੜ ਕੇ ਪੰਡਤ ਹਰਿਦਿਆਲ ਕੋਲ ਜਾਂਦਾ ਹੈ। ਕਹਿੰਦਾ, ਪੰਡਤ ਜੀ! ਤੁਸੀਂ ਤਾਂ ਕਹਿੰਦੇ ਸੀ ਕਿ ਤੇਰੇ ਘਰ ਤਾਂ ਬਹੁਤ ਵੱਡਾ ਆ ਗਿਆ, ਪ੍ਰਮੇਸ਼ਰ ਹੀ ਆ ਗਿਆ। ਆਹ ਤਾਂ ਲੱਛਣ ਨਹੀਂ ਹੈਂ ਉਨ੍ਹਾਂ ਦੇ। ਇਹ ਤਾਂ ਸਾਡੇ ਨਾਲ ਗੱਲ ਨਹੀਂ ਕਰਦਾ, ਉਠ ਕੇ ਜਾ ਕੇ ਸਾਧਾਂ ਕੋਲ ਜਾ ਕੇ ਹੱਸਦਾ ਰਹਿੰਦਾ ਹੈ। ਉਹ ਕਹਿੰਦੇ, ਮਹਿਤਾ ਜੀ! ਪ੍ਰਗਟ ਹੋਣਾ ਹੈ ਇਨ੍ਹਾਂ ਨੇ। ਮੇਰਾ ਇਲਮ ਗਲਤ ਨਹੀਂ ਹੁੰਦਾ। ਕਿਉਂਕਿ ਜੋਤਸ਼ ਮੇਰੇ ਕੋਲ ਬਹੁਤ ਸ਼ੁੱਧ ਹੈ। ਤੁਸੀਂ ਕਿਤੇ ਕਿੱਤੇ ਲਾ ਦਿਓ, ਨਾਨਕ ਦਾ ਦਿਲ ਪਰਚ ਜਾਵੇ। ਸੋ ਪਿਤਾ ਨੇ ਸੋਚ ਕਰੀ ਕਿ ਇਸ ਨੂੰ ਮੈਂ ਪੜ੍ਹਨ ਲਾ ਦੇਵਾਂ। ਫੱਟੀ ਮੁੱਲ ਲੈ ਆਂਦੀ ਤੇ

ਸ਼ੱਕਰ ਦੀ ਪਰਾਤ ਭਰ ਲਈ, ਉਤੇ ਇਕ ਥਾਨ ਰੱਖ ਲਿਆ, ਤੇ ਸਵਾ ਰੁਪਿਆ ਰੱਖ ਲਿਆ। ਉਨ੍ਹਾਂ ਦਿਨਾਂ ਵਿਚ ਇਹ ਦਾਖਲਾ ਫੀਸ ਹੁੰਦੀ ਸੀ, ਸਕੂਲ ਦੀ। ਸੋ ਗੁਰੂ ਨਾਨਕ ਨੂੰ ਉਂਗਲੀ ਲਾਇਆ ਤੇ ਦਾਸ ਕੋਲੋਂ ਉਹ ਪਰਾਂਤ ਚੁਕਾ ਲਈ। ਚੁਕਾ ਕੇ ਜਾ ਕੇ ਜਿਸ ਥਾਂ ਦੇ ਉਤੇ ਬੱਚੇ ਪੜ੍ਹਦੇ ਸੀ, ਉਸ ਥਾਂ ਤੇ ਗੁਰੂ ਨਾਨਕ ਨੂੰ ਲੈ ਗਿਆ ਤੇ ਅੱਜ ਗੁਰੂ ਨਾਨਕ ਵਿਦਿਆਰਥੀ ਬਣ ਰਿਹੈ, ਦਾਖਲ ਹੋ ਰਿਹਾ ਹੈ ਸਕੂਲ ਦੇ ਵਿਚ। ਦਾਖਲਾ ਹੋ ਗਿਆ। ਜੋ ਪੜ੍ਹਾਉਣ ਵਾਲੇ ਸੀ ਪਾਧੇ, ਉਹ ਪਹਿਲਾਂ ਹਰਦਿਆਲ ਜੀ ਤੋਂ ਬਚਨ ਸੁਣਦੇ ਹੁੰਦੇ, ਮੌਲਵੀ ਵੀ, ਸਾਰੇ ਸੁਣਦੇ ਸੀ ਕਿ ਸਮਾਂ ਬੜਾ ਭਿਆਨਕ ਆ ਗਿਆ, ਐਸ ਵੇਲੇ ਕਿਸੇ ਅਵਤਾਰ ਦੇ ਪ੍ਰਗਟ ਹੋਣ ਦਾ ਸਮਾਂ ਆ ਗਿਆ। ਉਹਨੂੰ ਪੁਛਦੇ ਰਹਿੰਦੇ ਸੀ, ਕਹਿੰਦੇ ਸੀ ਹਰਦਿਆਲ ਜੀ, ਤੁਸੀਂ ਇਹ ਤਾਂ ਦੱਸੋ ਫੇਰ ਕਦ ਅਵਤਾਰ ਨੇ ਪ੍ਰਗਟ ਹੋਣਾ ਹੈ। ਉਹ ਕਹਿੰਦਾ ਜੋ ਮੇਰੇ ਜਾਚੇ, ਮੇਰੇ ਹਿਸਾਬ 'ਚ ਆਉਂਦਾ ਹੈ, ਉਹ ਤਾਂ ਪ੍ਰਗਟ ਹੋ ਚੁਕਿਆ ਹੈ ਤੇ ਹੈ ਵੀ ਤਲਵੰਡੀ 'ਚ। ਹੋਵੇ ਨਾ ਤਾਂ ਉਹ ਕਾਲੂ ਦਾ ਲੜਕਾ ਹੈ। 100% ਮੇਰਾ ਦਿਲ ਗਵਾਹੀ ਕਰਦਾ ਹੈ ਕਿਉਂਕਿ ਮੈਂ ਉਹਦੀ ਪੱਤਰੀ ਬਣਾਈ ਹੈ। ਪੱਤਰੀ ਬਣਾ ਕੇ ਮੈਂ ਉਹ ਸਾਰੇ ਹਿਸਾਬ ਕਿਤਾਬ ਜੋੜੇ ਨੇ ਜੋ ਵੱਡੇ ਤੋਂ ਵੱਡੇ ਮਹਾਂਪੁਰਸ਼ਾਂ ਦੇ ਹੁੰਦੇ ਨੇ। ਮੈਂ ਜਨਮ ਦੇ ਹਾਲ ਪੁੱਛੇ ਸੀ, ਕੀ-ਕੀ ਦੇਖਿਆ ਸੀ, ਕਿੰਨੀਆਂ ਬੀਬੀਆਂ ਸੀ ਅੰਦਰ। ਕਿਸ ਪਾਸੇ ਨੂੰ ਮੰਜਾ ਸੀ, ਕਿਸ ਪਾਸੇ ਨੂੰ ਮੂੰਹ ਸੀ। ਕਹਿੰਦੇ ਮੈਂ ਪੂਰਾ ਹਿਸਾਬ ਜੋੜਿਆ ਹੈ। ਇਹ ਓਨੀਆਂ ਹੀ ਬੀਬੀਆਂ, ਓਸੇ ਪਾਸੇ ਮੰਜੇ ਦਾ ਮੂੰਹ। ਕਹਿੰਦੇ ਇਹ ਦਸਦਾ ਹੈ ਕਿ ਇਹ ਅਵਤਾਰ ਸੰਸਾਰ ਦਾ ਉਧਾਰ ਕਰਨ ਵਾਲੇ ਪ੍ਰਗਟ ਹੋ ਚੁੱਕੇ ਨੇ। ਦਾਈ ਨੇ ਮੈਨੂੰ ਦੱਸਿਆ ਕਿ ਜਦੋਂ ਇਹ ਬਾਲਕ ਜਨਮਿਆ ਤਾਂ ਮਿੱਠੀ-ਮਿੱਠੀ ਸੰਗੀਤ ਦੀ ਆਵਾਜ਼ ਆ ਰਹੀ ਸੀ। ਬਾਲਕ ਪੈਦਾ ਹੋਇਆ, ਲੇਕਿਨ ਮੈਂ ਹੈਰਾਨ ਹੋ ਗਈ ਕਿ ਮੇਰੇ ਹੱਥਾਂ ਵਿਚ ਆਏ ਤੇ ਜਾਨ ਪਈ ਉਹਦੇ ਵਿਚ। ਪਹਿਲਾਂ ਨਹੀਂ ਮੈਨੂੰ ਲੱਗਿਆ ਕਿ ਉਹਦੇ ਵਿਚ ਜਾਨ ਹੈ। ਮੈਂ ਘਬਰਾ ਗਈ, ਜਦੋਂ ਮੇਰੇ ਹੱਥਾਂ ਵਿਚ ਸੀ, ਕਹਿੰਦੀ ਇਕ ਲਿਸ਼ਕਾਰਾ ਵਜਿਆ ਬਹੁਤ, ਮੇਰੀਆਂ ਅੱਖਾਂ ਚੁੰਧਿਆ ਗਈਆਂ, ਮੈਂ ਕੀ ਦੇਖਦੀ ਹਾਂ, ਬੇਅੰਤ ਦੇਵਤੇ, ਜੈ-ਜੈਕਾਰ ਕਰਕੇ ਕਹਿੰਦੇ ਇਸ ਰੂਹ ਨੂੰ ਇਸ ਵਿਚ ਪ੍ਰਵੇਸ਼ ਕਰ ਗਏ। ਚਾਨਣਾ ਹੋ ਗਿਆ ਤੇ ਸੰਗੀਤ ਵਜਦਾ ਸੀ। ਜਦੋਂ ਮੈਂ ਉਹਦੇ ਬਚਨ ਸੁਣਦਾ ਹਾਂ, ਕਹਿੰਦਾ ਫੇਰ ਮੇਰਾ ਨਿਹਚਾ ਬੱਝ ਜਾਂਦਾ ਹੈ ਕਿ ਅਵਤਾਰ ਤਾਂ ਪ੍ਰਗਟ ਹੋ ਗਏ। ਕਲਜੁਗ ਨੂੰ ਤਾਰਨ ਵਾਲੇ ਤਾਂ ਪ੍ਰਗਟ ਹੋ ਗਏ।

ਇਸ ਤਰ੍ਹਾਂ ਦੇ ਨਾਲ ਉਹ ਪਾਧਾ ਜਿਸ ਦੇ ਕੋਲ ਗੁਰੂ ਨਾਨਕ ਪਾਤਸ਼ਾਹ ਪੜ੍ਹਨ ਲਾਏ, ਉਹਦੇ ਮਨ ਵਿਚ ਖਿਆਲ ਆਇਆ ਕਿ ਮੈਂ ਹੁਣ ਚੰਗੀ ਤਰ੍ਹਾਂ ਦੇਖਾਂਗਾ ਕਿ ਨਾਨਕ ਜੀ ਨੇ ਜਿਹੜੇ ਹੁਣ ਬਚਪਨ ਵਿਚ ਹਨ, ਇਹ ਵਾਕਏ ਹੀ ਸੰਸਾਰ ਨੂੰ ਤਾਰਨ ਵਾਸਤੇ ਆਏ ਹਨ। ਇਹਦੇ ਵਿਚ ਕੋਈ ਅਲੱਗ ਗੁਣ ਵੀ ਹੈਗੇ ਕਿ ਬੱਚਿਆਂ ਵਰਗਾ ਹੀ ਬੱਚਾ ਹੈ। ਦੇਖਣ ਨੂੰ ਬੱਚਾ ਲਗਦਾ ਹੈ, ਪਰ ਜਦੋਂ ਉਹਦੇ ਨੈਣ ਦੇਖਦੇ ਹਾਂ, ਉਹ ਰਸ ਦੇ ਭਰੇ ਹੋਏ ਨੇ, ਜਦ ਮੱਥਾ ਦੇਖਦੇ ਹਾਂ, ਉਹਦੇ ਵਿਚ ਇਕ ਜੋਤ ਪ੍ਰਗਟ ਹੁੰਦੀ ਹੈ। ਜੋਤ ਜਗਦੀ ਨਜ਼ਰ ਆਉਂਦੀ ਹੈ। ਜਿਉਂ-ਜਿਉਂ ਦੇਖੀ ਜਾਓ, ਚਿਹਰੇ ਤੇ ਰੋਸ਼ਨੀ ਵਧਦੀ ਹੀ ਜਾਂਦੀ ਹੈ। ਕਦੇ ਬੁਲ੍ਹਾ ਦੇ ਉਤੇ ਗਰੂਰ ਅਵਸਥਾ ਨਹੀਂ ਆਈ, ਹੱਸਦੇ ਨੇ ਜਿਵੇਂ ਕੋਈ

ਫੁੱਲ ਖਿੜਿਆ ਹੁੰਦਾ ਹੈ। ਸੋਹਣੇ ਸੁਨੱਖੇ ਨੇ, ਡਰ ਲਗਣ ਲਗ ਜਾਂਦਾ ਹੈ ਕਿ ਮੇਰੀ ਨਜ਼ਰ ਨਾ ਲਗ ਜਾਏ। ਨਿਗ੍ਹਾ ਮੈਂ ਬਦਲ ਲੈਂਦਾ ਹਾਂ। ਫੇਰ ਨੇਤਰਾਂ ਦਾ ਤੇਜ਼ ਐਨਾ ਹੈ ਕਿ ਜੇ ਉਨ੍ਹਾਂ ਦੇ ਨੇਤਰਾਂ ਵਲ ਦੇਖੋ ਆਪਣੇ ਨੇਤਰ ਨੀਵੇਂ ਹੋ ਜਾਂਦੇ ਨੇ। ਬੜੇ ਤੇਜ ਵਾਲੇ ਨੇਤਰ ਨੇ ਤੇ ਹੁਣ ਮੇਰੇ ਕੋਲ ਪੜ੍ਹਨ ਲੱਗੇ ਨੇ ਤੇ ਮੈਂ ਹੁਣ ਚੰਗੀ ਤਰ੍ਹਾਂ ਦੇਖਾਂਗਾ। ਸੋ ਕਹਿਣ ਲੱਗੇ, ਮਹਿਤਾ ਜੀ ਤੁਸੀਂ ਹੁਣ ਜਾਓ, ਅੱਜ ਤੋਂ ਮੈਂ ਨਾਨਕ ਜੀ ਦਾ ਨਾਮ ਆਪਣੇ ਸਕੂਲ ਵਿਚ ਲਿਖ ਲਿਆ। ਆਪਣੀ ਪਾਠਸ਼ਾਲਾ ਵਿਚ ਲਿਖ ਲਿਆ। ਕੱਲ੍ਹ ਨੂੰ ਇਸ ਨੂੰ ਫੱਟੀ ਦੇ ਦਿਓ ਤੇ ਮੈਂ ਪੜ੍ਹਾਉਣਾ ਸ਼ੁਰੂ ਕਰ ਦੇਵਾਂਗਾ। ਗੁਰੂ ਨਾਨਕ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ।

ਜਦੋਂ ਇਕ ਦੋ ਦਿਨ ਲੰਘ ਗਏ, ਉਸ ਵੇਲੇ ਕਹਿਣ ਲੱਗਿਆ ਨਾਨਕ ਜੀ! ਤੁਸੀਂ ਫੱਟੀ ਲਿਆਓ, ਮੈਂ ਅੱਖਰ ਪਾ ਦੇਵਾਂ। ਗੁਰੂ ਨਾਨਕ ਫੱਟੀ ਲੈ ਕੇ ਜਾਂਦੇ ਨੇ, ਜਾ ਕੇ ਪਾਧੇ ਨੂੰ ਫੜਾ ਦਿਤੀ, ਨਾਲੇ ਮੁਸਕਰਾਉਣ ਲੱਗ ਗਏ, ਹੱਸਣ ਲੱਗ ਗਏ, ਮਿੰਨਾ-ਮਿੰਨਾ ਹਾਸਾ ਆਉਂਦਾ ਹੈ। ਉਹਨੇ ਵੀ ਦੇਖ ਲਿਆ ਕਿ ਹੁਣ ਕੋਈ ਮਰਜ਼ ਮਾਰੇਗਾ ਇਹ। ਇਹ ਰਮਜ਼ ਤੋਂ ਮੈਨੂੰ ਪਤਾ ਲੱਗ ਜਾਏਗਾ ਕਿ ਇਹ ਕੌਣ ਹੈ? ਉਹਨੇ ਲਿਆ ਜਿਵੇਂ ਆਪਾਂ ੧ੴ ਸਤਿਗੁਰ ਪ੍ਰਸਾਦਿ ਲਿਖਦੇ ਹਾਂ, ਹਰ ਚੀਜ਼ ਦੇ ਉਤੇ। ਉਸ ਨੇ ਫੱਟੀ ਦੇ ਉਤੇ ਲਿਖ ਦਿਤਾ 'ਓਮ ਨਮਹੁ ਸਿਧੰ'। ਪਹਿਲਾ ਹੀ ਅੱਖਰ ਲਿਖਿਆ ਸੀ, ਮਹਾਰਾਜ ਕਹਿਣ ਲੱਗੇ, ਪਾਧਾ ਜੀ! ਇਹ ਜਿਹੜਾ ਤੁਸੀਂ ਲਿਖਿਆ ਹੈ, ਇਹ ਤਾਂ ਮੈਨੂੰ ਦੱਸ ਦਿਓ। ਪਾਧਾ ਕਹਿਣ ਲੱਗਿਆ, ਹੇ ਨਾਨਕ! ਇਹ ਮੰਗਲ ਲਿਖੀਦਾ ਹੈ ਪਹਿਲਾਂ, ਪ੍ਰਾਥਨਾ ਕਰੀਦੀ ਹੈ, ਬਈ ਅਸੀਂ ਹੁਣ ਲਿਖਣ ਲੱਗੇ ਹਾਂ, ਹੇ ਵਾਹਿਗੁਰੂ ਹੁਣ ਕੰਮ ਤੂੰ ਸਿੱਧ ਕਰ ਦੇਈਂ ਤੇ ਅਸੀਂ ਨਮਸ਼ਕਾਰ ਕਰਦੇ ਹਾਂ। ਕਹਿੰਦੇ ਕੀ ਲਿਖਿਆ ਹੈ? ਕਹਿੰਦਾ, 'ਓਮ ਨਮਹੁ ਸਿਧੰ' ਕਹਿੰਦੇ ਜਿਹੜਾ ਓਮ ਹੈ, ਵਾਹਿਗੁਰੂ ਹੈ ਪੰਡਤ ਜੀ! ਉਹਨੂੰ ਤੁਸੀਂ ਜਾਣਦੇ ਓਂ? ਉਹ ਕੌਣ ਹੈ? ਤੁਸੀਂ ਦੇਖਿਆ ਹੈ ਕਦੇ ਉਹ? ਕਹਿੰਦਾ, ਨਾ ਨਾਨਕ! ਮੈਂ ਨਾ ਜਾਣਦਾ ਹਾਂ, ਨਾ ਮੈਂ ਦੇਖਿਆ ਹੈ, ਮੈਨੂੰ ਨਹੀਂ ਪਤਾ ਕਿ ਉਹ ਕਿਹੋ ਜਿਹਾ ਹੈ। ਕਹਿੰਦੇ ਫੇਰ ਬਿਨਾਂ ਜਾਣੇ ਤੋਂ ਕਿਉਂ ਲਿਖਦੇ ਹੋ ਤੁਸੀਂ? ਤੇ ਮੈਨੂੰ ਇਹ ਦੱਸੋ ਕਿ ਤੁਸੀਂ ਮੈਨੂੰ ਪੜ੍ਹਾਉਣਾ ਕੀ ਚਾਹੁੰਦੇ ਓਂ? ਕਹਿੰਦੇ, ਨਾਨਕ ਜੀ! ਤੁਹਾਨੂੰ ਮੈਂ ਲੇਖੇ ਪੱਤੇ ਪੜ੍ਹਾਵਾਂਗਾ, ਡੈਬਿਟ, ਕਰੈਡਿਟ ਕਿਵੇਂ ਕਰੀਦਾ ਹੈ, ਬੈਲੰਸ ਸ਼ੀਟ ਕਿਵੇਂ ਬਣਾਈਦੀ ਹੈ, ਲੇਖਾ-ਪੱਤਾ ਕਿਵੇਂ ਕੱਢੀਦਾ ਹੁੰਦਾ ਹੈ? ਕਿਵੇਂ ਇਸ ਨੂੰ ਨਵੇਂ ਲੇਖਿਆਂ ਦੇ ਵਿਚ ਬਦਲੀਦਾ ਹੁੰਦਾ ਹੈ? ਇਹ ਲੇਖਾ ਰੱਖਣ ਦੀ ਪੜ੍ਹਾਈ ਹੈ। ਕਿਉਂਕਿ ਤੁਸੀਂ ਖੱਤਰੀ ਜਾਤ ਨਾਲ ਸਬੰਧ ਰੱਖਦੇ ਓਂ, ਸੋ ਮੈਂ ਗਣਿਤ ਦੇ ਉਤੇ ਤੁਹਾਨੂੰ ਜ਼ੋਰ ਦੇਵਾਂਗਾ, ਪੜ੍ਹਾਈ ਵਾਸਤੇ। ਤੁਸੀਂ ਲੇਖੇ ਪੱਤੇ ਕੱਢਣ ਲੱਗ ਜਾਓਗੇ। ਮਹਾਰਾਜ ਕਹਿਣ ਲੱਗੇ, ਜਿਹੜੇ ਲੇਖੇ ਨੇ ਇਹ ਦਰਗਾਹ ਵਿਚ ਵੀ ਕੋਈ ਸਹਾਇਤਾ ਕਰਦੇ ਨੇ ਕਿ ਦੁਨੀਆਂ 'ਚ ਹੀ ਕਰਦੇ ਨੇ? ਕਹਿੰਦਾ ਦੁਨੀਆਂ 'ਚ ਕਰਦੇ ਨੇ। ਇਹਦੇ ਨਾਲ ਤੁਸੀਂ ਕਣਕੂਤ ਕਰ ਸਕਦੇ ਓਂ, ਖੜ੍ਹੀਆਂ ਫਸਲਾਂ ਦੀ, ਮਕਾਨ ਦੇਖ ਕੇ ਦੱਸ ਦਿਓਗੇ ਕਿ ਐਨੀਆਂ ਇੱਟਾਂ ਲੱਗੀਆਂ ਨੇ। ਫਰਸ਼ ਦੇਖ ਕੇ ਦਸ ਦਿਓਗੇ, ਇਸ ਫਰਸ਼ ਦੇ ਵਿਚ ਐਨੀਆਂ ਇੱਟਾਂ ਲੱਗੀਆਂ ਨੇ। ਫਸਲ ਦੇਖ ਕੇ ਦੱਸ ਦਿਓਗੇ ਕਿ ਐਨੇ ਕੁਇੰਟਲ ਫਸਲ ਹੋਵੇਗੀ, ਐਨੇ ਮਣ ਫਸਲ ਹੋਵੇਗੀ। ਹਿਸਾਬ ਕਿਤਾਬ ਜੋੜਨ ਲੱਗ ਜਾਓਗੇ। ਉਂਗਲੀਆਂ ਤੇ ਆ ਜਾਏਗਾ, ਕਲਮਾਂ ਨਾਲ ਲਿਖਣ

ਦੀ ਲੋੜ ਨਹੀਂ ਹੈ। ਤੁਹਾਨੂੰ ਪਹਾੜੇ ਪੜ੍ਹਾਵਾਂਗਾ ਮੈਂ, ਸਿਵਾਏ ਦੇ, ਡੇਢੇ ਦੇ, ਊਂਟੇ ਦੇ, ਢੌਂਚੇ ਦੇ, ਸਾਢੇ ਤਿੰਨ ਦੀ ਜ਼ਰਬ, ਸਾਢੇ ਚਾਰ ਦੀ ਜ਼ਰਬ, ਸਾਢੇ ਪੰਜ ਦੀ ਜ਼ਰਬ, ਸਾਢੇ ਛੇ ਦੀ ਜ਼ਰਬ, ਪੌਣੇ ਛੇ ਦੀ, ਸਵਾ ਛੇ ਦੀ, ਇਹਦੇ ਨਾਲ ਤੁਸੀਂ ਕੁਛ ਨਹੀਂ ਕਰਨਾ, ਉਂਗਲੀਆਂ ਤੇ ਮਿੰਟ 'ਚ ਕੱਢ ਦਿਓਂਗੇ ਕਿ ਐਨਾ ਹੁੰਦਾ ਹੈ। ਤੁਸੀਂ ਹਿਸਾਬ ਕਿਤਾਬ ਵਿਚ ਤਾਕ ਹੋ ਜਾਓਂਗੇ। ਗੁਰੂ ਨਾਨਕ ਕਹਿਣ ਲੱਗੇ, ਪਾਧਾ ਜੀ! ਇਹ ਲੇਖਾ ਜਿਹੜਾ ਹੈ ਦਰਗਾਹ ਵਿਚ ਵੀ ਸਹਾਇਤਾ ਕਰੇਗਾ? ਕਹਿੰਦੇ ਨਾਨਕ! ਇਹ ਦੁਨੀਆਂਦਾਰੀ ਦੀ ਪੜ੍ਹਾਈ ਹੈ, ਦਰਗਾਹ ਦੀ ਪੜ੍ਹਾਈ ਨਹੀਂ ਹੈ। ਕਹਿੰਦੇ, ਮੈਨੂੰ ਇਹ ਨਾ ਲਿਖੋ ਫੇਰ, ਮੈਨੂੰ ਉਹ ਲੇਖਾ ਲਿਖਿਓ ਜਿਹੜਾ ਦਰਗਾਹ ਵਿਚ ਸਹਾਇਤਾ ਕਰੇ। ਕਹਿਣ ਲੱਗਿਆ, ਹੇ ਨਾਨਕ! ਮੈਂ ਤਾਂ ਜਾਣਦਾ ਨਹੀਂ, ਮੈਂ ਤਾਂ ਪੜ੍ਹਿਆ ਨਹੀਂ ਇਹ ਲੇਖਾ। ਕੀ ਤੂੰ ਪੜ੍ਹਿਆ ਹੋਇਆਂ ਹੈਂ? ਜੇ ਤੂੰ ਪੜ੍ਹਿਆਂ ਹੋਇਆ ਹੈਂ ਤਾਂ ਮੈਨੂੰ ਦੱਸ ਦੇ? ਕਹਿਣ ਲੱਗੇ, ਪਾਧਾ ਜੀ! ਉਹ ਲੇਖਾ ਲਿਖਣਾ ਜਾਣ ਲੈ, ਜਿਥੇ ਲੇਖਾ ਜਾ ਕੇ ਮੰਗਿਆ ਜਾਵੇ, ਉਥੇ ਸੁੱਚਾ ਲੇਖਾ ਨਾਲ ਖੜ੍ਹ ਜਾਵੇ। ਆਦਮੀ ਫਸੇ ਨਾ। ਕਹਿਣ ਲੱਗੇ, ਨਾਨਕ! ਐਹੋ ਜਿਹਾ ਵੀ ਲੇਖਾ ਕੋਈ ਹੁੰਦਾ ਹੈ। ਮਹਾਰਾਜ ਕਹਿੰਦੇ, ਹਾਂ, ਉਸ ਲੇਖੇ ਦੀ ਕਲਮ ਵੀ ਹੋਰ ਹੁੰਦੀ ਹੈ, ਕਾਗਜ਼ ਵੀ ਹੋਰ ਹੁੰਦਾ ਹੈ ਤੇ ਲਿਖਾਉਣ ਵਾਲਾ ਟੀਚਰ ਵੀ ਹੋਰ ਹੁੰਦਾ ਹੈ। ਕਹਿੰਦੇ ਹੇ ਨਾਨਕ! ਮੇਰੇ ਤੇ ਕ੍ਰਿਪਾ ਕਰ। ਇਕ ਪਾਸੇ ਪੰਜ ਛੇ ਸਾਲ ਦਾ ਬੱਚਾ ਸਾਮ੍ਹਣੇ ਬੈਠਾ ਹੈ, ਇਕ ਪਾਸੇ ਚੌਂਕੀ ਦੇ ਉਤੇ ਚੌਂਕੜੀ ਮਾਰੀਂ ਪੜ੍ਹਾਉਣ ਵਾਲਾ ਮਾਸਟਰ ਬੈਠਾ ਹੈ। ਇਕ ਟੱਕ ਲਾ ਕੇ ਦੇਖਦੇ ਨੇ ਚਿਹਰੇ ਵੱਲ, ਦੇਖਦੇ-ਦੇਖਦੇ ਕੀ ਦੇਖਦਾ ਹੈ ਕਿ ਨੇਤਰ ਬੰਦ ਹੋਣੇ ਸ਼ੁਰੂ ਹੋ ਗਏ, ਚਿਹਰੇ ਦਾ ਰੰਗ ਬਦਲ ਗਿਆ। ਐਨੀ ਆਭਾ ਆਈ, ਐਨੀ ਸੁੰਦਰਤਾ ਆਈ, ਦੇਖਦੀ ਸਾਰ, ਐਉਂ ਲੱਗੇ ਜਿਵੇਂ ਰੌਸ਼ਨੀ ਮਚਦੀ ਹੁੰਦੀ ਹੈ। ਰੋਸ਼ਨੀ ਨਿਕਲਣੀ ਸ਼ੁਰੂ ਹੋ ਗਈ ਚਿਹਰੇ 'ਚੋਂ। ਉਸ ਵੇਲੇ ਆਪ ਦੇ ਗਲੇ ਤੋਂ ਫੁਰਮਾਨ ਹੋਇਆ, ਕਹਿਣ ਲੱਗੀ ਪੰਡਤ ਜੀ ਹੁਣ ਸੁਣੋ, ਸਿਆਹੀ ਕਿਸ ਚੀਜ਼ ਦੀ ਬਣਦੀ ਹੈ ਤੇ ਕਾਗਜ਼ ਕਿਸ ਚੀਜ਼ ਦਾ ਬਣਦਾ ਹੈ?

ਛੋਟਾ ਜਿਹਾ ਬਾਲਕ ਫੱਟੀ ਪਾਧੇ ਦੇ ਹੱਥ ਵਿਚ ਹੈ, ਪੜ੍ਹਾਉਣ ਵਾਲਾ ਚੌਂਕੀ ਤੇ ਬੈਠਾ ਹੈ, ਪੜ੍ਹਨ ਵਾਲਾ ਵਿਦਿਆਰਥੀ ਹੇਠਾਂ ਬੈਠਾ ਹੈ। ਟੱਕ ਲਾ ਕੇ ਦੇਖ ਰਿਹਾ ਹੈ ਪਾਧਾ ਕਿ ਹੈਂ, ਛੋਟਾ ਜਿਹਾ ਬੱਚਾ ਇਹ ਮੈਨੂੰ ਮੱਤ ਦੇਣ ਲੱਗਿਆ ਹੈ। ਮੈਂ ਪੜ੍ਹਾਉਂਦਾ ਬੁੱਢਾ ਹੋ ਗਿਆ। ਅੱਜ ਤੱਕ ਤਾਂ ਕੋਈ ਵਿਦਿਆਰਥੀ ਆਇਆ ਨਹੀਂ ਜਿਹੜਾ ਮੈਨੂੰ ਇਸ ਤਰ੍ਹਾਂ ਦਾ ਸਵਾਲ ਪੁੱਛੇ ਕਿ ਤੂੰ ਕੀ ਪੜ੍ਹਾਉਣਾ ਚਾਹੁੰਦਾ ਹੈਂ ਤੇ ਨਾਲ ਆਪਣੀ ਪੜ੍ਹਾਈ ਦੱਸੇ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਦੇ ਗਲੇ ਤੋਂ ਉਚਾਰਨ ਹੋਇਆ, ਕਹਿੰਦੇ ਪਾਧਾ ਜੀ! ਦੁਨੀਆਂ ਦੇ ਵਿਚ ਅਸੀਂ ਫਸਦੇ ਹਾਂ, ਕੇਵਲ ਮੋਹ ਕਰਕੇ ਫਸਦੇ ਹਾਂ, ਮੋਹ ਰਾਜਾ ਹੈ ਪੰਜਾਂ ਚੋਰਾਂ ਦਾ। ਹੰਗਤਾ ਤੇ ਮਮਤਾ ਦੋ ਚੀਜ਼ਾਂ ਨੇ ਮੋਹ ਵਿਚ। ਇਕ ਮੈਂ ਤੇ ਮੇਰਾ। ਇਹ ਜਿਹੜਾ ਮੈਂ ਤੇ ਮੇਰਾ ਹੈ ਇਹਨੂੰ ਜਾਲ ਦੇ। ਸਿਆਹੀ ਬਣਾਉਂਦਾ ਹੈਂ ਨਾ, ਦੀਵਾ ਜਲਦਾ ਹੈ ਸਰੋਂ ਦੇ ਤੇਲ ਦਾ, ਉਹਦੇ ਉਤੇ ਤੂੰ ਬੰਨ੍ਹੀ ਹੋਈ ਹੈ ਠੂਠੀ, ਠੂੱਠੀ ਵਿਚ ਲਾਟ ਜਾਂਦੀ ਹੈ ਤੇ ਉਹ ਕਾਲਸ ਲੱਗੀ ਜਾਂਦੀ ਹੈ ਫੁੱਲ ਬਣ ਜਾਂਦਾ ਹੈ, ਲਗ ਲਗ ਕੇ। ਉਚਾ ਹੋ ਜਾਂਦਾ ਹੈ ਹੌਲੀ ਹੌਲੀ, ਫੁੱਲ ਬਣ ਜਾਂਦਾ ਹੈ ਤੇ ਤੇਲ ਲੈਂਦੇ ਓ ਕੋਈ ਸੁਥਰਾ, ਜਿਹੜਾ ਫੈਲੇ ਨਾ। ਹੋਰ ਅਨੇਕਾਂ ਚੀਜ਼ਾਂ ਪਾਉਂਦੇ ਓਂ, ਫੇਰ ਉਹਦੀ ਸਿਆਹੀ ਬਣਦੀ ਹੈ। ਕਹਿੰਦੇ ਤੂੰ ਇਸ ਤਰ੍ਹਾਂ ਕਰ, ਐ ਮੋਹ ਨੂੰ ਜਾਲ ਦੇ। ਜਿੰਨਾ ਰੌਲਾ ਗੋਲਾ ਹੈ ਮੋਹ ਕਰਕੇ

ਹੀ ਹੈ।

ਇਕ ਥਾਂ ਦੇ ਉਤੇ ਗੁਰੂ ਨਾਨਕ ਪਾਤਸ਼ਾਹ ਬਾਗ ਦੇ ਵਿਚ ਜਾਂਦੇ ਨੇ। ਪ੍ਰਸ਼ਾਦਾ ਛਕਿਆ, ਸੇਵਾ ਕਰਨੀ ਉਨ੍ਹਾਂ ਨੇ। ਬਾਹਰ ਖੂਹ ਚਲਦਾ ਹੈ ਤੇ ਅੱਗੇ ਇਸ ਨੇ ਕੋਈ ਸਤਿ ਕਰਮ ਕਰਿਆ ਨਹੀਂ ਹੈ। ਇਹਨੂੰ ਵਾਸ਼ਨਾ ਦੇ ਮੁਤਾਬਿਕ ਜਨਮਾਂ ਵਿਚ ਜਾਣਾ ਪੈਣਾ ਹੈ। ਚਲੋ, ਪ੍ਰਸ਼ਾਦਾ ਪ੍ਰੇਮ ਨਾਲ ਛਕਾਇਆ ਤੇ ਇਸ ਨੂੰ ਅਸੀਂ ਮੁਕਤ ਕਰ ਦੇਈਏ, ਸਾਰੇ ਪਾਪਾਂ ਦਾ ਖਾਤਮਾ ਕਰਕੇ ਮੁਕਤੀ ਦੇ ਦੇਈਏ। ਮਹਾਰਾਜ ਕਹਿੰਦੇ ਬਾਬਾ, ਤੂੰ ਬੜੀ ਸੇਵਾ ਕਰੀ ਹੈ ਤੈਨੂੰ ਮੁਕਤ ਕਰ ਦੇਈਏ। ਬਾਬਾ ਬਿਖੜ ਗਿਆ, ਕਹਿੰਦਾ ਵਾਹ ਜੀ ਵਾਹ, ਨਾਲੇ ਤਾਂ ਮੈਂ ਪ੍ਰਸ਼ਾਦਾ ਛਕਾਇਆ ਤੇ ਨਾਲੇ ਮੈਨੂੰ ਮੁਕਤੀ ਦੇਣ ਲੱਗੇ ਨੇ। ਅਜੇ ਤਾਂ ਮੈਂ ਕਈ ਸਾਲ ਕੰਮ ਕਰਨਾ ਹੈ। ਆਹ ਬੱਚੇ ਕੀ ਕਰਨਗੇ। ਇਹ ਤਾਂ ਹੁਣੇ ਕੱਖ ਨਹੀਂ ਕਰਦੇ, ਮੈਂ ਹੀ ਕਰਦਾ ਹਾਂ ਕੰਮ ਸਾਰਾ। ਕਹਿੰਦੇ ਚੰਗਾ, ਉਧਾਰ ਰਿਹਾ ਸਾਡੇ ਨਾਲ ਮੁਕਤੀ ਅਸੀਂ ਤੇਰੀ ਜ਼ਰੂਰ ਕਰਨੀ ਹੈ।

ਕੁਝ ਸਮੇਂ ਬਾਅਦ ਜਦੋਂ ਫੇਰ ਆਉਂਦੇ ਨੇ, ਕੀ ਦੇਖਦੇ ਨੇ ਕਿ ਦੋ ਬੈਲ ਜੋੜੇ ਹੋਏ ਨੇ, ਬਾਹਰਲਾ ਜਿਹੜਾ ਬੈਲ ਹੈ ਉਹ ਅੰਦਰਲੇ ਨੂੰ ਦੱਬੀ ਜਾਂਦਾ ਹੈ। ਐਨਾ ਤੇਜ਼ ਚਲਦਾ ਹੈ, ਜਦੋਂ ਹਲਾਈ ਤੇ ਮੋੜਦੇ ਐਂ ਨੱਠ ਕੇ ਮੁੜਦਾ ਹੈ। ਮਹਾਰਾਜ ਦੇਖ ਕੇ ਖੜ੍ਹੇ ਹੋ ਗਏ, ਕਹਿੰਦੇ ਮਰਦਾਨਿਆ! ਇਥੇ ਆਪਣੇ ਸਿਰ ਤੇ ਉਧਾਰ ਹੈ, ਆਪਾਂ ਮੋੜਨਾ ਹੈ। ਜਦੋਂ ਨੇੜੇ ਆ ਗਿਆ ਹਲ, ਸਿਆੜ ਕੱਢਦਾ-ਕੱਢਦਾ ਤਾਂ ਮਹਾਰਾਜ ਕਹਿੰਦੇ ਕਿ ਅਸੀਂ ਬਚਨ ਕਰਨਾ ਹੈ ਬਲਦ ਨਾਲ, ਉਪਰਲੇ ਨਾਲ। ਹੱਲ ਰੋਕ ਦਿੱਤਾ ਹਾਲੀ ਨੇ। ਕਹਿੰਦੇ ਕਿਉਂ ਬਾਬਾ, ਹੁਣ ਤਾਂ ਤੂੰ ਬੈਲ ਹੋ ਗਿਆ, ਹੁਣ ਤਾਂ ਤੇਰੀ ਮੁਕਤੀ ਕਰ ਦੇਈਏ। ਸਾਡੇ ਸਿਰ ਦੇ ਉਤੇ ਵਜ਼ਨ ਹੈ ਤੇਰੇ ਪ੍ਰਸ਼ਾਦੇ ਦਾ। ਸਿਰ ਹਿਲਾ ਦਿੱਤਾ ਜ਼ੋਰ ਨਾਲ। ਕਹਿੰਦੇ ਕੀ ਗੱਲ? ਕਹਿੰਦਾ, ਪਹਿਲਾਂ ਤਾਂ ਮੈਂ ਜਾਊਂਗਾ, ਮੁਕਤੀ ਕਰੋਂਗੇ ਤੁਸੀਂ ਮੇਰੀ। ਫੇਰ ਇਹ ਨਵਾਂ ਲੈਣਗੇ, ਇਹ ਤਾਂ ਗਰੀਬ ਹੋ ਜਾਣਗੇ। ਇਨ੍ਹਾਂ ਦੇ ਸਿਰ ਤਾਂ ਕਰਜ਼ਾ ਹੋ ਜਾਏਗਾ, ਨਾ ਮਹਾਰਾਜ, ਮੈਂ ਬੜਾ ਖੁਸ਼ ਹਾਂ। ਦੂਸਰੀ ਵਾਰੀ ਜਦੋਂ ਫੇਰ ਆਉਂਦੇ ਨੇ, ਕੁੱਤਾ ਬੈਠਾ ਹੈ ਖੂਹ ਦੇ ਉਤੇ ਤੇ ਇਹ ਵੀ ਸਾਰਾ ਪਰਿਵਾਰ ਬੈਠਾ ਹੈ। ਮਹਾਰਾਜ ਕਹਿੰਦੇ, ਕਿਉਂ ਬਈ ਬਾਬਾ ਉਰ੍ਹੇ ਆ ਗੱਲ ਸੁਣ। ਕਹਿੰਦੇ ਹੁਣ ਤਾਂ ਤੇਰੀ ਮੁਕਤੀ ਕਰ ਦੇਈਏ, ਹੁਣ ਤਾਂ ਕੁੱਤਾ ਬਣ ਗਿਆ। ਕੰਨ ਹਿਲਾ ਦਿੱਤੇ। ਕਹਿੰਦੇ ਕੀ ਗੱਲ? ਕਹਿੰਦਾ ਮਹਾਰਾਜ, ਮੇਰੇ ਬੱਚੇ ਸ਼ਰਾਬੀ ਨੇ, ਸ਼ਰਾਬ ਪੀਂਦੇ ਨੇ, ਇਹ ਰਾਤ ਨੂੰ ਸ਼ਰਾਬ ਪੀ ਕੇ ਸੌਂ ਜਾਂਦੇ ਨੇ। ਨੂੰਹਾਂ ਮੇਰੀਆਂ ਕੁੰਡਾ ਲਾਉਂਦੀਆਂ ਨੇ, ਇਕ ਜਿੰਦੀ ਜਿਹੀ ਫਸਾ ਕੇ ਉਹ ਵੀ ਉਤੇ ਜਾ ਪੈਂਦੀਆਂ ਨੇ। ਚੋਰ ਆਉਂਦੇ ਨੇ ਘਰ ਲੁੱਟਣ। ਕਹਿੰਦਾ ਫੇਰ ਮੈਂ ਭੌਂਕਦਾ ਪੂਰੇ ਜ਼ੋਰ ਨਾਲ, ਆਹ ਦੇਖੋ ਮੇਰੀ ਪਿੱਠ ਤੋੜੀ ਪਈ ਹੈ ਚੋਰਾਂ ਨੇ ਡੰਡੇ ਮਾਰ-ਮਾਰ ਕੇ। ਜੇ ਮੈਂ ਮਰ ਗਿਆ ਇਹ ਤਾਂ ਕੰਗਾਲ ਹੋ ਜਾਣਗੇ। ਚੋਰ ਆ ਕੇ ਚੋਰੀ ਕਰ ਲੈਣਗੇ।

ਅਗਲਾ ਜਨਮ ਸੱਪ ਦਾ ਮਿਲਿਆ ਉਸਨੂੰ। ਸੱਪ ਦੇ ਜਨਮ ਵਿਚ ਪਾਥੀਆਂ 'ਚ ਰਹਿੰਦਾ ਹੁੰਦਾ ਤੇ ਬਾਲ-ਬੱਚੇ ਵਧ ਗਏ, ਦੇਖੀ ਜਾਂਦਾ ਸੀ। ਇਕ ਦਿਨ ਉਹ ਬੱਚੇ ਨੂੰ ਪਾ ਕੇ ਬਾਹਰ ਚਲੇ ਗਏ, ਪੰਗੂੜੇ ਤੇ, ਪਗੂੰੜਾ ਝੂਟਣ

ਵਾਲਾ ਸੀ। ਬੱਚਾ ਉਠ ਕੇ ਰੋਣ ਲਗ ਗਿਆ ਤੇ ਉਹ ਬਾਬਾ ਬਣ ਗਿਆ ਸੀ ਉਸ ਵੇਲੇ। ਬਾਬੇ ਨੇ ਦੇਖਿਆ ਕਿ ਮੇਰਾ ਤਾਂ ਪੋਤਾ ਰੋਂਦਾ ਹੈ। ਪਾਥੀਆਂ 'ਚੋਂ ਨਿਕਲ ਆਇਆ, ਨਿਕਲ ਕੇ ਆ ਕੇ ਪਾਵੇ ਨਾਲ ਵਲ ਪਾ ਕੇ, ਉਤੇ ਚੜ੍ਹ ਗਿਆ। ਬੱਚੇ ਨਾਲ ਖੇਲ੍ਹਣ ਲਗ ਗਿਆ। ਐਨੇ ਨੂੰ ਵੱਡਾ ਮੁੰਡਾ ਆ ਗਿਆ, ਉਹਨੇ ਦੇਖਿਆ ਆ ਕੇ ਕਿ ਓਏ ਸੱਪ। ਉਹ ਨੱਠ ਕੇ ਖੱਡ 'ਚ ਵੜਨ ਲੱਗਿਆ, ਉਹਨੇ ਜਾ ਕੇ ਮਾਰ ਦਿਤਾ। ਉਸ ਤੋਂ ਬਾਅਦ ਜਦੋਂ ਫੇਰ ਆਉਂਦੇ ਨੇ, ਸੁੰਡ ਬਣਿਆ ਹੋਇਆ ਹੈ। ਮਹਾਰਾਜ ਕਹਿੰਦੇ, ਮਰਦਾਨਿਆਂ ਹੁਣ ਨਹੀਂ ਆਪਾਂ ਲਿਹਾਜ਼ ਕਰਨੀ। ਘਰ ਆ ਗਏ, ਜਾਣਦੇ ਸੀ। ਮੰਜਾ ਡਾਹ ਦਿਤਾ। ਮਹਾਰਾਜ ਕਹਿੰਦੇ, ਨਾਲੀ 'ਚ ਜਿਹੜਾ ਸੁੰਡ ਹੈ ਨਾ, ਡੱਕੇ ਨਾਲ ਕੱਢ ਲਿਆ ਬਾਹਰ। ਕੱਢ ਲਿਆਂਦਾ। ਕਹਿੰਦੇ ਕਿਉਂ ਬਾਬਾ, ਤੇਰਾ ਉਧਾਰ ਮੋੜਨਾ ਹੈ ਅਸੀਂ, ਤੇਰੀ ਮੁਕਤੀ ਕਰ ਦੇਈਏ। ਕਿਵੇਂ ਵਿਹਾਰ ਚਲਦੈ? ਕਹਿੰਦਾ, ਮਹਾਰਾਜ ਆਹ ਬੱਚੇ ਅੱਧਾ ਖਾਂਦੇ ਨੇ, ਅੱਧਾ ਸੁਟਦੇ ਨੇ। ਆਹ ਰੁੜ ਰੜ ਕੇ ਨਾਲੀ 'ਚ ਆ ਜਾਂਦਾ ਹੈ। ਮੈਂ ਇਹ ਖਾ ਕੇ ਗੁਜ਼ਾਰਾ ਕਰਦਾ ਹਾਂ। ਫੇਰ ਮੈਂ ਨਾਲੀ ਦੀ ਵੱਟ ਦੇ ਉਤੇ ਆਪਣਾ ਸਿਰ ਰੱਖ ਲੈਂਦਾ ਹਾਂ, ਮੈਂ ਬੱਚਿਆਂ ਨੂੰ ਖੇਲ੍ਹਦਿਆਂ ਨੂੰ ਦੇਖੀ ਜਾਂਦਾ ਹਾਂ। ਮਹਾਰਾਜ ਕਹਿੰਦੇ ਮਰਦਾਨਿਆ! ਇਹਨੇ ਤਾਂ ਨਹੀਂ ਜਾਣਾ। ਵਾਹਿਗੁਰੂ ਕਹਿ, ਛਿੱਟਾ ਮਾਰ। ਛਿੱਟਾ ਮਾਰ ਦਿੱਤਾ, ਚੜ੍ਹਾਈ ਕਰ ਗਿਆ। ਦਿਬਯ ਦੇਹ ਪ੍ਰਾਪਤ ਹੋ ਗਈ। ਦੇਖਿਆ ਤਾਂ ਮਹਾਨ ਸੁਖ। ਮਹਾਰਾਜ ਕਹਿੰਦੇ, ਕਿਉਂ ਬਾਬਾ? ਇਹਨੂੰ ਅਸੀਂ ਮੁਕਤੀ ਕਹਿੰਦੇ ਸੀ। ਕਹਿੰਦਾ ਇਹ ਤਾਂ ਜੀ ਬਹੁਤ ਅਨੰਦ ਦੀ ਅਵਸਥਾ ਹੈ। ਸੋ ਮਹਾਰਾਜ ਕਹਿੰਦੇ ਆਹ ਮੋਹ ਦੇ ਵਸ ਹੋਇਆ ਹੋਇਆ ਬੰਦਾ ਉਸੇ ਘਰ 'ਚ ਜੰਮਦਾ ਹੈ, ਕਦੇ ਕੁੱਤਾ ਬਣ ਗਿਆ, ਕਦੇ ਬਿੱਲਾ ਬਣ ਗਿਆ, ਕਦੇ ਸੂਰ ਬਣ ਗਿਆ, ਸੱਪ ਬਣ ਗਿਆ। ਬਾਰ-ਬਾਰ ਜੰਮਦਾ ਹੈ ਮੋਹ ਦਾ ਬੰਨ੍ਹਿਆ ਹੋਇਆ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜਾਂਦੇ ਨੇ ਤੇ ਜਾਂਦੇ-ਜਾਂਦੇ ਅਚਾਨਕ ਸ਼ਬਦ ਪੜ੍ਹਨ ਲੱਗ ਗਏ।

***ਭੂਮੀਆ ਭੂਮਿ ਊਪਰਿ ਨਿਤ ਲੁਝੈ॥***
***ਛੋਡਿ ਚਲੈ ਤ੍ਰਿਸਨਾ ਨਹੀ ਬੁਝੈ॥ ਅੰਗ - 188***

ਉਧਰਲੇ ਪਾਸੇ, ਖੱਬੇ ਪਾਸੇ ਇਕ ਤਿੱਤਰ ਜ਼ੋਰ-ਜ਼ੋਰ ਦੀ ਬੋਲਦਾ ਹੈ। ਮਹਾਰਾਜ ਹੱਸੀ ਜਾਂਦੇ ਨੇ। ਸਿੰਘਾਂ ਨੇ ਪੁਛਿਆ ਕਿ ਇੱਕ ਤਾਂ ਤੁਸੀਂ ਸ਼ਬਦ ਪੜ੍ਹਨ ਲੱਗ ਗਏ ਅਚਾਨਕ। ਇਕ ਤੁਸੀਂ ਹੱਸ ਬਹੁਤ ਰਹੇ ਓਂ। ਮਹਾਰਾਜ ਕਹਿੰਦੇ, ਆਪਾਂ ਨੂੰ ਗਾਲ੍ਹਾਂ ਕੱਢਦਾ ਹੈ ਤਿੱਤਰ। ਕਹਿੰਦੇ, ਕੌਣ ਹੈ ਇਹ? ਮਹਾਰਾਜ ਕਹਿੰਦੇ, ਇਹ ਇਥੇ ਰਾਜਾ ਹੁੰਦਾ ਸੀ। ਆਹ ਇਹਦਾ ਫਾਰਮ ਸੀਗਾ ਜਿੱਥੋਂ ਦੀ ਆਪਾਂ ਲੰਘੇ ਜਾਂਦੇ ਹਾਂ। ਮਰ ਗਿਆ, ਜ਼ਮੀਨ ਦੇ ਨਾਲ ਇਹਦਾ ਮੋਹ ਸੀ, ਇਹਨੂੰ ਪਿਛਲੇ ਜਨਮ ਦੀ ਸੋਝੀ ਰਹਿ ਗਈ। ਹੁਣ ਇਹ ਸਾਨੂੰ ਗਾਲ੍ਹਾਂ ਕੱਢਦਾ ਹੈ ਕਿ ਮੇਰੀ ਫਸਲਾਂ ਕਿਉਂ ਮਿੱਦਦੇ ਹੋਂ ਤੁਸੀਂ। ਮਹਾਰਾਜ ਕਹਿੰਦੇ, ਜਾਓ ਫੜ ਕੇ ਲਿਆਓ। ਮਹਾਰਾਜ ਕਹਿੰਦੇ ਖੱਬੀ ਅੱਖ ਤੋਂ ਕਾਣਾ ਹੈ ਤਿੱਤਰ ਇਹ। ਸੋ ਸਿੰਘਾਂ ਨੇ ਜਾ ਕੇ ਫੜ ਲਿਆਂਦਾ, ਮਹਾਰਾਜ ਕੋਲ ਲਿਆਂਦਾ। ਮਹਾਰਾਜ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ, ਉਹਦਾ ਪਿੰਜਰਾ ਛੁਡਵਾ ਕੇ ਉਹਨੂੰ ਮੁਕਤ ਕਰ

ਦਿਤਾ। ਮੋਹ ਦਾ ਬੰਨ੍ਹਿਆ ਹੋਇਆ ਬੰਦਾ, ਬਾਰ-ਬਾਰ ਜੰਮਦਾ ਹੈ, ਬਾਰ-ਬਾਰ ਮਰਦਾ ਹੈ।

ਸੋ ਮਹਾਰਾਜ ਕਹਿੰਦੇ ਪਾਧਾ ਜੀ, ਇਸ ਨੂੰ ਤਾਂ ਜਾਲ ਦੇ ਤੇ ਮੋਹ ਨੂੰ ਖਤਮ ਕਰ ਦੇ। ਇਹਦੀ ਤਾਂ ਬਣਾ ਲੈ ਸਿਆਹੀ।

***ਜਾਲਿ ਮੋਹੁ ਘਸਿ ਮਸੁ ਕਰਿ***
***ਮਤਿ ਕਾਗਦੁ ਕਰਿ ਸਾਰੁ॥*** ***ਅੰਗ - 16***

ਜਿਹੜੀ ਸਾਰ ਦੀ ਮਤ ਹੈ ਨਾ, ਸਾਡੇ ਅੰਦਰ ਵਿਹਾਰ ਦੀ ਮੱਤ ਹੈ, ਸਾਰ ਦੀ ਮੱਤ ਨਹੀਂ ਹੈ। ਅਸੀਂ ਵਿਹਾਰ ਦੀ ਗੱਲ ਤਾਂ ਸੋਚ ਲੈਂਦੇ ਹਾਂ ਕਿ ਜੇ ਫਲਾਣੇ ਥਾਂ ਪੈਸਾ ਲਾਈਏ ਤਾਂ ਐਨਾ ਲਾਭ ਹੋਵੇ। ਇਹਨੂੰ ਵਿਹਾਰ ਦੀ ਮਤ ਕਹਿੰਦੇ ਨੇ। ਇਕ ਹੁੰਦੀ ਹੈ ਸਾਰ ਮੱਤ। ਸਾਰ ਮੱਤ ਇਹ ਹੁੰਦੀ ਹੈ ਕਿ ਇਹ ਸੰਸਾਰ 'ਚ ਝੂਠੀ ਚੀਜ਼ ਕਿਹੜੀ ਹੈ, ਸੱਚੀ ਕਿਹੜੀ ਹੈ। ਉਹ ਫੇਰ ਗਿਣੀ ਜਾਂਦਾ ਹੈ ਕਿ ਇਹ ਵੀ ਝੂਠੀ, ਇਹ ਵੀ ਝੂਠੀ, ਸੱਚਾ ਕੀ ਰਹਿ ਗਿਆ, ਵਾਹਿਗੁਰੂ ਰਹਿ ਗਿਆ। ਇਹਨੂੰ ਵਿਵੇਕ ਕਹਿੰਦੇ ਨੇ। ਮਹਾਰਾਜ ਕਹਿੰਦੇ ਵਿਵੇਕ ਦੀ ਮੱਤ ਧਾਰਨ ਕਰ ਲੈ। ਫੇਰ ਤੂੰ ਕਲਮ ਬਣਾ। ਮਹਾਰਾਜ ਕਹਿੰਦੇ ਕਲਮ ਵੀ ਕਿਸੇ ਹੋਰ ਤਰੀਕੇ ਨਾਲ ਬਣਦੀ ਹੈ। ਮਹਾਰਾਜ ਕਹਿੰਦੇ, ਕਲਮ ਵੀ ਹੋਰ ਹੈ, ਲਿਖਾਰੀ ਵੀ ਹੋਰ ਐ। ਉਹ ਕਲਮ ਤੂੰ ਬਣਾ ਲੈ।

ਕਹਿਣ ਲੱਗੇ ਪਾਧਾ ਜੀ! ਮੋਹ ਦੀ ਤਾਂ ਤੁਸੀਂ ਸਿਆਹੀ ਬਣਾਓ ਤੇ ਕਾਗਜ਼ ਦੀ ਥਾਂ ਦੇ ਜਿਹੜੀ ਸ੍ਰੇਸ਼ਟ ਬੁਧੀ ਹੈ ਨਾ ਉਹਨੂੰ ਕਾਗਜ਼ ਬਣਾਓ, ਬਿਬੇਕ ਬੁੱਧੀ ਨੂੰ।

ਹੈਰਾਨ ਹੋ ਗਿਆ ਪਾਧਾ ਕਿ ਗੱਲ ਸਮਝ ਲਵਾਂ ਮੈਂ। ਮੇਰੇ ਤਾਂ ਭਲੇ ਦੀ ਗੱਲ ਕਹਿ ਰਿਹਾ ਹੈ ਬਾਲਕਾ ਇਹ। ਸੋਚ ਲਿਆ ਕਿ ਮੋਹ ਹੈ ਮੇਰਾ ਬੱਚਿਆਂ ਵਿਚ ਪਿਆ ਹੋਇਆ, ਮੇਰੇ ਘਰਦਿਆਂ ਨਾਲ ਮੋਹ, ਮੇਰੇ ਸਨਬੰਧੀਆਂ ਨਾਲ, ਮੇਰੀ ਜਾਇਦਾਦ ਨਾਲ ਮੋਹ ਹੈ ਮੇਰਾ। ਇਹ ਤਾਂ ਫੇਰ ਤੋੜਨਾ ਹੀ ਪੈਣਾ ਹੈ। ਤੋੜਾਂਗਾ ਤਾਂ ਫਿਰ ਸਿਆਹੀ ਬਣੇਗੀ। ਦੁਨੀਆਂ ਨੂੰ ਮੈਂ ਸਤਿ ਜਾਣਦਾ ਹਾਂ, ਪਰ ਇਹ ਤਾਂ ਝੂਠੀ ਹੈ, ਨਿਰੰਕਾਰ ਸਤਿ ਹੈ। ਹੁਣ ਫੇਰ ਉਹਨੂੰ ਸਤਿ ਜਾਣਨ ਵਾਲੀ ਜਿਹੜੀ ਬੁੱਧੀ ਹੈ, ਸਾਰ ਮੱਤ ਉਹ ਕਾਗਜ਼ ਬਣ ਗਈ। ਹੁਣ ਦੋ ਚੀਜ਼ਾਂ ਬਣ ਗਈਆਂ, ਠੀਕ ਹੈ, ਕਾਗਜ਼ ਵੀ ਆ ਗਿਆ, ਸਿਆਹੀ ਵੀ ਆ ਗਈ, ਦਵਾਤ ਬਣ ਗਈ। ਹੁਣ ਚਾਹੀਦੀ ਹੈ ਕਲਮ, ਮਹਾਰਾਜ ਕਹਿੰਦੇ ਕਲਮ ਜਿਹੜੀ ਬਣਾਉਣੀ ਹੈ ਨਾ, ਭਾਉ ਕਲਮ, ਉਹ ਪਿਆਰ ਦੀ ਕਲਮ ਬਣਾ ਲੈ, ਭਗਤੀ ਦੀ ਕਲਮ। ਹੋਛੀਆਂ ਗੱਲਾਂ, ਕਰਮ ਧਰਮ ਦੇ ਵਿਚ ਨਾ ਫਸ, ਪਿਆਰ ਦੀ ਕਲਮ ਬਣਾ। ਪਿਆਰ ਕਰਨਾ ਹੈ ਵਾਹਿਗੁਰੂ ਨੂੰ ਪਿਆਰ ਕਰ। ਕਿਉਂਕਿ ਉਹ ਨਿਰਾ ਪਿਆਰ ਹੈ।

***ਸਾਚੁ ਕਹੁ ਸੁਨ ਲੇਹੁ ਸਭੈ***
***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

***(ਸ੍ਵਯੇ ਪਾ.੧੦)***

ਜੇ ਤੇਰੇ ਹਿਰਦੇ ਵਿਚ ਪਿਆਰ ਹੋਏਗਾ, ਖਿੱਚ ਹੋਏਗੀ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
***ਡਾ. ਭਾਈ ਵੀਰ ਸਿੰਘ ਜੀ***

ਜਿਹਦੇ ਹਿਰਦੇ ਵਿਚ ਪਿਆਰ ਹੈ, ਉਹ ਫੇਰ ਪਿਆਰੇ ਦੀ ਤਲਾਸ਼ ਵਿਚ ਦਿਨ ਰਾਤ ਰਹਿੰਦਾ ਹੈ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕੀਤਾ ਹੈ –

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ***
***ਦੇਖਿ ਦਰਸੁ ਅਘਾਵੈ॥*** ***ਅੰਗ – 708***

ਕਹਿਣ ਲੱਗੇ, ਖਿੱਚ ਹਿਰਦੇ 'ਚ ਪੈਦਾ ਹੋਵੇ, ਇਹਨੂੰ ਪਿਆਰ ਕਹਿੰਦੇ ਨੇ, ਪ੍ਰੇਮ ਕਹਿੰਦੇ ਨੇ। ਖਿੱਚ ਹੋਵੇ, ਦਰਸ਼ਨਾਂ ਦੀ ਸਿੱਕ ਹੋਵੇ ਮਨ 'ਚ, ਇਹਦੀ ਕਲਮ ਬਣਾ ਲੈ। ਹੁਣ ਤੀਸਰੀ ਗੱਲ ਵੀ ਸਮਝ ਵਿਚ ਆ ਗਈ। ਹੁਣ ਕਲਮ ਪਿਆਰ ਦੀ ਕਹਿੰਦਾ ਹੈ ਨਾਨਕ। ਕਹਿੰਦੇ ਲਿਖਣ ਵਾਲਾ ਨਾਨਕ ਮੈਂ ਲਿਖਾਂ। ਕਹਿੰਦੇ ਨਾ। ਹੱਥਾਂ ਦੀ ਥਾਂ ਤੇ ਚਿੱਤ ਨੂੰ ਲਿਖਾਰੀ ਬਣਾ ਲੈ। ਉਹਦੇ ਨਾਲ ਲਿਖ ਚਿੱਤ ਨਾਲ, ਉਤੋਂ-ਉਤੋਂ ਨਾ ਲਿਖ। ਜਿਹੜੀ ਗੱਲ ਹਿਰਦੇ ਦੇ ਨਾਲ ਚਿੱਤ ਤੋਂ ਲਿਖੀ ਜਾਂਦੀ ਹੈ ਉਹ ਭੁੱਲਦੀ ਨਹੀਂ ਹੈ। ਉਹਦੇ ਵਿਚ ਸ਼ਕਤੀ ਹੁੰਦੀ ਹੈ। ਕਹਿੰਦੇ ਗੁਰੂ ਨੂੰ ਪੁੱਛ ਕੇ ਲਿਖ ਕਿ ਮੈਂ ਕੀ ਲਿਖਣਾ ਹੈ। ਗੁਰੂ ਦੱਸਦਾ ਫੇਰ ਕਿ ਹਿਰਦੇ ਦੀ ਫੱਟੀ ਦੇ ਉਤੇ, ਪਿਆਰ ਦੀਆਂ ਕਲਮਾਂ ਦੇ ਨਾਲ ਤੂੰ ਲਿਖ, ਲਿਖਣਾ ਦਸਦਾ ਹੈ ਕਿ ਤੂੰ ਪ੍ਰਮੇਸ਼ਰ ਦਾ ਨਾਮ ਲਿਖ ਭਾਈ।

ਕਹਿਣ ਲੱਗੇ ਪਾਧਾ ਜੀ! ਆਪ ਨਾ ਲਿਖੀਂ, ਹਿਰਦੇ ਤੇ ਜਿਹੜਾ ਲਿਖਣਾ ਹੈਂ ਗੁਰੂ ਤੋਂ ਪਹਿਲਾਂ ਪੁੱਛੀਂ। ਗੁਰੂ ਤੋਂ ਨਾ ਪੁਛਿਆ ਇਹਦਾ ਫਲ ਨਹੀਂ ਕੋਈ ਹੋਣਾ। ਨਿਗੁਰੇ ਦੀ ਭਗਤੀ ਕਬੂਲ ਨਹੀਂ ਪੈਂਦੀ। ਗੁਰੂ ਵਾਲੇ ਦੀ ਜਿਹੜੀ ਭਗਤੀ ਹੈ, ਰਿਆਜ਼ਤ ਹੈ ਉਹ ਥੋੜ੍ਹੀ ਜਿਹੀ ਕੀਤੀ ਹੋਈ ਵੀ ਕਬੂਲ ਪੈਂਦੀ ਹੈ। ਉਹ ਤੂੰ ਗੁਰੂ ਤੋਂ ਪੁੱਛ ਲਈਂ, ਪਰ ਚਿੱਤ ਨੂੰ ਲਿਖਾਰੀ ਬਣਾ ਲਈ। ਜੇ ਚਿੱਤ ਨਹੀਂ ਲਿਖਾਰੀ ਫੇਰ ਗਲਤੀਆਂ ਕਰੇਗਾ, ਲਿਖਣਾ ਕੀ ਹੈ ਉਹਨੇ? ਮਹਾਰਾਜ ਨੇ ਕਿਹਾ ਹੈ ਕਿ ਮਨ ਨੂੰ ਇਕਾਗਰ ਕਰਕੇ, ਸਾਰੇ ਪਾਸੇ ਤੋਂ ਫੁਰਨਿਆਂ ਤੋਂ ਰੋਕ ਕੇ, ਫੇਰ ਹਿਰਦੇ ਨਾਲ ਲਿਖ ਲੈ ਅੰਦਰ ਵਾਹਿਗੁਰੂ-ਵਾਹਿਗੁਰੂ। ਕਹਿੰਦੇ ਲਿਖ ਨਾਮ, ਕਹਿੰਦੇ ਫੇਰ ਹੋਰ ਕੀ ਲਿਖੀਏ? ਕਹਿੰਦੇ ਹਰੀ ਦਾ ਜਸ ਲਿਖ, ਚਿੱਤ ਨੂੰ ਲਿਖਾਰੀ ਬਣਾਂ, ਸ਼ਬਦ ਦਾ ਕੀਰਤਨ ਕਰ, ਸਾਲਾਹ ਲਿਖ। ਲਿਖ 'ਅੰਤ ਨਾ ਪਾਰਾਵਾਰ'। ਨਾਲ ਲਿਖ ਕਿ ਵਾਹਿਗੁਰੂ ਬੇਅੰਤ ਹੈ, ਹਿਰਦੇ ਦੇ ਅੰਦਰ ਕਹਿ ਕਿ ਕਿੰਨੀ ਵੱਡੀ ਦੁਨੀਆਂ ਬਣਾ ਦਿਤੀ, ਕਿਸ ਤਰ੍ਹਾਂ ਬਣਾਈ ਹੈ ਇਹ, ਕਿਥੋਂ ਪੈਦਾ ਹੋਈ ਹੈ, ਕੋਈ ਮੈਟਰ ਪਿਆ ਸੀ, ਜਿਉਂ-ਜਿਉਂ ਬੰਦਾ ਵਾਹਿਗੁਰੂ ਵਲ ਨੂੰ ਜਾਂਦਾ ਹੈ, ਜਿਉਂ-ਜਿਉਂ ਕੁਦਰਤ ਨੂੰ ਫੋਲ੍ਹਦਾ ਹੈ। ਪਹਿਲਾਂ

ਕਹਿੰਦਾ ਹੈ ਕਿ ਮੈਂ ਪੀ.ਐਚ.ਡੀ ਹਾਂ, ਡੀ.ਲਿਟ ਹਾਂ, ਬਹੁਤ ਪੜ੍ਹਿਆ ਹੋਇਆ ਹਾਂ, ਫੇਰ ਕੀ ਕਹਿੰਦਾ ਹੈ ਕਿ ਮੈਂ ਤਾਂ ਪਹਿਲੀ ਦਾ ਵੀ ਵਿਦਿਆਰਥੀ ਨਹੀਂ ਰਿਹਾ। ਕਿਉਂਕਿ ਵਿਸ਼ਾਲ ਪੜ੍ਹਾਈ ਹੈ, ਮੁੱਕਣ ਵਿਚ ਨਹੀਂ ਆਉਂਦੀ। ਕਹਿੰਦੇ ਆਹ ਲਿਖ ਲੈ ਜਿਹੜਾ ਤੈਨੂੰ ਦੱਸਿਆ ਹੈ –

***ਬਾਬਾ ਏਹੁ ਲੇਖਾ ਲਿਖਿ ਜਾਣੁ ॥***
***ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥***

***ਅੰਗ – 16***

ਹੈਰਾਨ ਹੋ ਗਿਆ ਪਾਧਾ। ਕਹਿੰਦਾ ਨਾਨਕ! ਤੂੰ ਮੈਨੂੰ ਬਿਲਕੁਲ ਨਵੀਂ ਪੜ੍ਹਾਈ ਦੱਸੀ ਹੈ। ਮੈਂ ਤਾਂ ਸੁੰਨਾ ਪਿਆ ਹਾਂ ਇਸ ਗੱਲ ਤੋਂ। ਏਸ ਪੜ੍ਹਾਈ ਦਾ ਮੈਨੂੰ ਨਹੀਂ ਪਤਾ ਸੀ ਪਰ ਮੈਨੂੰ ਇਕ ਗੱਲ ਦੱਸ ਦੇ, ਮੇਰੀ ਪੜ੍ਹਾਈ ਜਿਹੜਾ ਪੜ੍ਹਦਾ ਹੈ, ਜਦੋਂ ਪੜ੍ਹ ਹਟਦਾ ਹੈ ਫੇਰ ਉਹਨੂੰ ਅਹੁਦੇ ਮਿਲਦੇ ਨੇ। ਹੁਣ ਤੇਰਾ ਪਿਤਾ ਹੈ ਉਹਨੂੰ ਕਿੱਡਾ ਵੱਡਾ ਅਹੁਦਾ ਮਿਲਿਆ ਹੋਇਆ ਹੈ। ਸਾਰੀ ਜਿੰਨੀ ਦੂਰ ਤੱਕ ਰਿਆਸਤ ਹੈ, ਸਾਰੇ ਦਾ ਹਿਸਾਬ-ਕਿਤਾਬ ਕਰਨਾ ਇਹ ਤੇਰੇ ਪਿਤਾ ਦੇ ਹੱਥ ਵਿਚ ਹੈ। ਅਹੁਦਾ ਹੈ, ਮਾਨ ਪ੍ਰਾਪਤ ਹੁੰਦਾ ਹੈ, ਰਾਜੇ ਨਾਲ ਤੁਹਾਡੇ ਪਿਤਾ ਦੀ ਬਹੁਤ ਬਣੀ ਹੋਈ ਹੈ। ਹੇ ਨਾਨਕ! ਮੈਨੂੰ ਵੀ ਇਹ ਦੱਸ ਇਹ ਪੜ੍ਹਾਈ ਪੜ੍ਹਨ ਤੇ ਕੋਈ ਅਹੁਦਾ ਵੀ ਮਿਲਦਾ ਹੈ? ਗੁਰੂ ਨਾਨਕ ਕਹਿਣ ਲੱਗੇ, ਵੇਖ ਪਾਂਧਾ ਜੀ! ਆਹ ਸੰਸਾਰ ਤੇ ਸਦਾ ਰਹਿਣਾ ਨਹੀਂ ਹੈ। ਇਥੋਂ ਚਲੇ ਜਾਣਾ ਹੈ, ਤੇ ਜੋ ਕੁਝ ਆਪਾਂ ਇਥੇ ਕਰਨਾ ਹੈ, ਉਹਦਾ ਲੇਖਾ ਪੱਤਾ ਉਥੇ ਹੋਣਾ ਹੈ, ਜਿਹੜਾ ਮੈਂ ਦੱਸਿਆ ਹੈ ਤੁਹਾਨੂੰ।

***ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥***

***ਅੰਗ – 16***

ਉਥੇ ਜੇ ਇਹ ਲੇਖਾ ਲਿਖਿਆ ਤੂੰ, ਉਸ ਵੇਲੇ ਤੈਨੂੰ ਦਰਗਾਹ ਦੇ ਵਿਚ ਉੱਚਾ ਸਥਾਨ ਮਿਲ ਜਾਏਗਾ। ਕਹਿਣ ਲੱਗੇ ਤੁਸੀਂ ਅਹੁਦਿਆਂ ਦੀ ਗੱਲ ਕਰਦੇ ਓਂ, ਸਾਰਿਆਂ ਤੋਂ ਵੱਡਾ ਅਹੁਦਾ ਮਿਲ ਜਾਏਗਾ। ਨਿਰੰਕਾਰ ਦੀ ਦਰਗਾਹ ਵਿਚ ਥਾਉਂ ਮਿਲ ਜਾਂਦਾ ਹੈ, ਜਿਥੇ ਦੁਬਾਰਾ ਕਾਲ ਦੀ ਪਹੁੰਚ ਨਹੀਂ ਹੁੰਦੀ। ਦੁਬਾਰਾ ਨਹੀਂ ਉਥੋਂ ਗਿਰਦਾ, ਸਦਾ ਵਾਸਤੇ ਅਨੰਦ ਵਿਚ ਰਹਿੰਦਾ ਹੈ।

***ਜਿਥੈ ਮਿਲਹਿ ਵਡਿਆਈਆ***
***ਸਦ ਖੁਸੀਆ ਸਦ ਚਾਉ ॥*** ***ਅੰਗ – 16***

ਸਦਾ ਹੀ ਆਦਮੀ ਖੁਸ਼ ਰਹਿੰਦਾ ਹੈ। ਅਸੀਂ ਥੋੜ੍ਹੀ ਦੇਰ ਵਾਸਤੇ ਖੁਸ਼ ਹੁੰਦੇ ਹਾਂ, ਫੇਰ ਨਰਾਜ਼ ਹੋ ਜਾਂਦੇ ਹਾਂ। ਫੇਰ ਛਿੱਥੇ ਪੈ ਜਾਂਦੇ ਹਾਂ, ਫੇਰ ਸਾਡੇ ਅੰਦਰ ਉਥੱਲ-ਪੁਥੱਲ ਹੋਣ ਲਗ ਜਾਂਦੀ ਹੈ। ਸਾਡਾ ਚਾਉ ਮਰ ਜਾਂਦਾ ਹੈ, ਮਾੜਾ ਮੋਟਾ ਕਿਸੇ ਦੇ ਅੰਦਰ ਚਾਉ ਰਹਿ ਗਿਆ ਅੱਜਕਲ੍ਹ ਤਾਂ। ਪਹਿਲੇ ਸਮਿਆਂ ਵਿਚ ਮਾੜੀ ਜਿਹੀ ਚੀਜ਼ ਨਾਲ ਹੀ ਚਾਉ ਹੋ ਜਾਂਦਾ ਸੀ। ਜੇ ਘਰ ਵਿਚ ਕੋਈ ਸਬਜ਼ੀ ਬਣਾ ਲਈ ਉਹਦਾ ਹੀ ਚਾਉ ਹੋ ਜਾਂਦਾ। ਹੁਣ ਬੁਝ ਗਿਆ ਮਨ, ਕਿਸੇ ਵਿਰਲੇ ਦੇ 'ਚ ਚਾਉ ਉਠਦਾ ਹੈ। ਕਹਿੰਦੇ ਉਥੇ ਸਦਾ ਦਾ ਚਾਉ ਰਹਿੰਦਾ ਹੈ, vibration ਜੀਵਨ-ਰੌ ਰਹਿੰਦੀ ਹੈ। ਖੁਸ਼ੀ ਨਾਲ ਭਰਿਆ ਰਹਿੰਦਾ ਹੈ ਹਰ ਵਕਤ। ਉਸ ਥਾਂ ਦੇ ਉਤੇ ਜਿਨ੍ਹਾਂ ਨੇ ਲੇਖੇ ਲਿਖੇ ਨੇ, ਉਨ੍ਹਾਂ ਦੇ ਨਿਸ਼ਾਨ

ਲਗਾ ਦਿੰਦਾ ਹੈ ਨਿਰੰਕਾਰ। ਜਿਵੇਂ ਟਿੱਕਾ ਲੱਗਿਆ ਹੁੰਦਾ ਹੈ, ਏਵੇਂ ਨਿਸ਼ਾਨ ਲਗਾ ਦਿੰਦਾ ਹੈ ਕਿ ਇਹਨੂੰ ਦੇ ਦਿਓ ਥਾਉਂ, ਇਹਨੂੰ ਦੇ ਦਿਓ। ਸਦਾ ਖੁਸ਼ੀਆਂ ਵਾਲਾ ਥਾਉਂ, ਸਦਾ ਹੀ ਚਾਉ ਵਾਲਾ ਥਾਉਂ –

***ਕਰਮਿ ਮਿਲੈ ਤਾ ਪਾਈਐ***
***ਨਾਈ ਗਲੀ ਵਾਉ ਦੁਆਉ॥*** ***ਅੰਗ – 16***

ਇਹਦੇ ਵਿਚ ਵਾਹਿਗੁਰੂ ਦੀ ਮਿਹਰ ਹੋ ਜਾਵੇ। ਕਿਉਂਕਿ ਜਦੋਂ ਇਹ ਲੇਖਾ ਲਿਖੇਂਗਾ, ਵਾਹਿਗੁਰੂ ਦੀ ਮਿਹਰ ਕੁਦਰਤੀ ਤੌਰ ਤੇ ਬਣ ਜਾਏਗੀ। ਨਹੀਂ ਤਾਂ ਐਵੇਂ ਪੰਡਤ ਜੀ ਗੱਲਾਂਬਾਤਾਂ ਹੀ ਨੇ ਸੰਸਾਰ ਦੇ ਅੰਦਰ ਤੇ ਵੱਡੇ-ਵੱਡੇ ਜਿਹੜੇ ਸੰਸਾਰ ਤੇ ਆਉਂਦੇ ਨੇ ਨਾ, ਜਿਨ੍ਹਾਂ ਨੂੰ ਤੂੰ ਵੱਡੇ-ਵੱਡੇ ਕਹਿੰਦਾ ਹੈਂ। ਮੈਨੂੰ ਤਾਂ ਕਿਹਾ ਸੀ ਵੱਡੇ ਅਹੁਦੇ ਮਿਲ ਜਾਣਗੇ। ਕਹਿੰਦੇ ਵੱਡੇ ਅਹੁਦਿਆਂ ਵਾਲਿਆਂ ਨੂੰ ਤਾਂ ਛੱਡ, ਜਿਹੜੇ ਰਾਜੇ ਮਹਾਰਾਜੇ ਨੇ ਨਾ, ਇਹ ਵੀ ਜਿਹੜੇ ਨੇ ਨਾ ਇਨ੍ਹਾਂ ਦਾ ਜਨਮ ਬਿਰਥਾ ਜਾਂਦਾ ਹੈ।

***ਇਕਿ ਆਵਹਿ ਇਕਿ ਜਾਹਿ***
***ਉਠਿ ਰਖੀਅਹਿ ਨਾਵ ਸਲਾਰ॥*** ***ਅੰਗ – 16***

ਸਿਪਾ ਸਲਾਰ ਕਹਿੰਦੇ ਇਹ ਆਉਂਦੇ ਨੇ ਮਰ ਜਾਂਦੇ ਨੇ, ਫੇਰ ਜੰਮ ਪੈਂਦੇ ਨੇ।

***ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ॥***
***ਅੰਗ – 16***

ਇਕ ਬਹੁਤ ਵੱਡੇ ਮਾਣ ਪਾਉਂਦੇ ਨੇ, ਇਕ ਮੰਗਦੇ ਫਿਰਦੇ ਨੇ।

***ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ॥***
***ਅੰਗ – 16***

ਜੇ ਇਹ ਲੇਖਾ ਨਹੀਂ ਨਾ ਲਿਖਿਆ ਫੇਰ ਕਹਿੰਦੇ ਉਹ ਬੇਕਾਰ ਹੈ। ਕਿਸੇ ਕੰਮ ਦਾ ਨਹੀਂ। ਜੋ ਚੀਜ਼ ਕਿਸੇ ਵੀ ਕੰਮ ਨਾ ਆਵੇ। ਸੁਆਹ ਵੀ ਕੰਮ ਆਉਂਦੀ ਹੈ, ਮਿਟੀ ਵੀ ਕੰਮ ਆਉਂਦੀ ਹੈ। ਪਰ ਉਹ ਬੰਦਾ ਕਿਸੇ ਕੰਮ ਨਹੀਂ ਆਉਂਦਾ। ਉਹਦਾ ਤਾਂ ਬਿਰਥਾ ਜੀਵਨ ਜਾਂਦਾ ਹੈ ਨਾਮ ਨੂੰ ਭੁੱਲ ਕੇ। ਬਾਕੀ ਜਿਹੜੇ ਤੁਸੀਂ ਵੱਡੇ-ਵੱਡੇ ਕਹਿੰਦੇ ਓਂ, ਫਲਾਣਾ ਨਵਾਬ ਹੈ, ਫਲਾਣਾ ਬਾਦਸ਼ਾਹ ਹੈ, ਇਹ ਦਰਗਾਹ ਵਿਚ ਜਾ ਕੇ ਖੁਸ਼ ਨਹੀਂ ਹੁੰਦੇ, ਇਹ ਸਾਰੀਆਂ ਖਤਮ ਹੋਣ ਵਾਲੀਆਂ ਚੀਜ਼ਾਂ ਨੇ।

ਪਾਧਾ ਜੀ! ਜਿਹੜੀਆਂ ਗੱਲਾਂ ਵਿਚ ਤੁਸੀਂ ਤੁਰੇ ਫਿਰਦੇ ਓਂ ਨਾ, ਇਹ ਦੁਨਿਆਵੀ ਤਰੱਕੀ ਹੁੰਦੀ ਹੈ। ਕਹਿੰਦੇ ਜੋ ਸੰਸਾਰ ਤੇ ਵੱਡੇ-ਵੱਡੇ ਨੇ।

***ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ॥***
***ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ॥***
***ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ॥***
***ਅੰਗ – 16***

ਐਹ ਸੰਸਾਰ ਤੇ ਰਹਿਣਾ ਨਹੀਂ। ਇਸ ਕਰਕੇ ਤੂੰ ਸੱਚ ਦੀ ਪੜ੍ਹਾਈ ਪੜ੍ਹ ਲੈ, ਸੱਚ ਦਾ ਲੇਖਾ ਲਿਖ ਲੈ। ਕਾਹਨੂੰ ਮੈਨੂੰ ਇਨ੍ਹਾਂ ਲੇਖਿਆਂ 'ਚ ਪਾਉਂਦਾ ਹੈਂ।

ਐਨਾ ਕਹਿ ਕੇ ਗੁਰੂ ਨਾਨਕ ਪਾਤਸ਼ਾਹ ਦੇ ਨੈਣ ਬੰਦ ਹੋ ਗਏ। ਚੁੱਪ ਕਰ ਗਏ, ਸਮਾਧੀ ਲੱਗ ਗਈ। ਪਾਧਾ ਦੇਖ ਰਿਹਾ ਹੈ, ਨੀਝ ਲਾ ਲਾ ਕੇ। ਕਦੇ ਉਸਨੂੰ ਰੋਸ਼ਨੀ ਨਜ਼ਰ ਆਉਂਦੀ ਹੈ। ਆਲੇ ਦੁਆਲੇ ਕੀ ਦੇਖਦਾ ਹੈ, ਰੋਸ਼ਨੀ ਦਾ ਚੱਕਰ ਹੋ ਗਿਆ, ਚੱਕਰ ਵਧਣ ਲਗ ਗਿਆ, ਦੂਰ ਤੱਕ ਰੋਸ਼ਨੀ ਹੀ ਰੋਸ਼ਨੀ ਆਲੇ ਦੁਆਲੇ ਹੋ ਗਈ। ਉਹਨੇ ਕਿਹਾ, ਮਨਾ! ਹੁਣ ਕਾਹਦਾ ਤੂੰ ਮਾਣ ਕਰਨਾ ਹੈ, ਉਤਰ ਜਾ ਚੌਂਕੀ ਤੋਂ, ਫੜ ਚਰਨ ਇਸ ਬਾਲਕ ਦੇ। ਸੱਚਮੁੱਚ ਹੀ ਪ੍ਰਮੇਸ਼ਰ ਨੇ। ਐਨੀ ਬੁੱਧੀ ਤਾਂ ਮੈਂ ਤਾਂ ਅੱਜ ਤੱਕ ਨਹੀਂ ਕਿਸੇ ਬੱਚੇ ਦੇ ਅੰਦਰ ਦੇਖੀ। ਮੈਨੂੰ ਨਹੀਂ ਇਨ੍ਹਾਂ ਗੱਲਾਂ ਦਾ ਪਤਾ ਮੈਂ ਬੁੱਢਾ ਹੋ ਗਿਆ। ਇਹਨੇ ਤਾਂ ਮੈਨੂੰ ਰਸਤੇ ਪਾ ਦਿਤਾ। ਚਰਨ ਫੜ ਲੈਂਦਾ ਹੈ, ਹੇ ਨਾਨਕ! ਕ੍ਰਿਪਾ ਕਰ। ਮੈਨੂੰ ਇਹ ਲੇਖਾ ਲਿਖਣਾ ਸੱਚੀਮੁੱਚੀਂ ਦੱਸ ਦੇ। ਚਲਾ ਦੇ, ਮੇਰੇ ਹਿਰਦੇ ਦੇ ਉਤੇ ਕਲਮ ਵਹਿਣ ਲਗ ਜਾਵੇ ਪਿਆਰ ਦੀ।

ਸੋ ਗੁਰੂ ਨਾਨਕ ਕ੍ਰਿਪਾ ਕੀਤੀ, ਆਪਣੀ ਮੌਜ ਹੋਈ, ਨੇਤਰ ਖੁਲ੍ਹੇ ਫੇਰ ਨਾ ਫੱਟੀ ਦੇਖੀ, ਨਾ ਬਸਤਾ ਦੇਖਿਆ, ਚੁੱਪ ਕਰਕੇ ਤੁਰ ਗਏ। ਘਰ ਆ ਜਾਂਦੇ ਨੇ। ਦੂਜੇ ਤੀਜੇ ਦਿਨ ਫੇਰ ਪਿਤਾ ਕਹਿੰਦਾ ਹੈ ਕਿ ਪੜ੍ਹਨ ਚਲੇ ਜਾਓ। ਮਹਾਰਾਜ ਚਲੇ ਜਾਂਦੇ, ਹੁਣ ਪਾਧਾ ਡਰਦਾ ਹੈ, ਅਦਬ ਕਰਦਾ ਹੈ। ਕੀ ਦੇਖਦਾ ਹੈ ਕਿ ਅੱਜ ਨਾਨਕ ਨੇ ਫੱਟੀ ਨਹੀਂ ਦਿਖਾਈ। ਲਿਖੀ ਜਾਂਦਾ ਹੈ, ਲਿਖੀ ਜਾਂਦਾ ਹੈ, ਤਿੰਨ ਫੱਟੀਆਂ ਭਰ ਦਿੱਤੀਆਂ। ਇਹਨੇ ਬੜੇ ਪਿਆਰ ਨਾਲ ਪੁੱਛਿਆ, ਨਾਨਕ ਜੀ! ਤੁਸੀਂ ਅੱਜ ਕੀ ਲਿਖ ਰਹੇ ਓਂ। ਮੈਂ ਤਾਂ ਅੱਖਰ ਤੁਹਾਨੂੰ ਦੱਸੇ ਨਹੀਂ ਹਨ ਲਿਖਣ ਵਾਲੇ। ਤੁਸੀਂ ਤਾਂ ਇਬਾਰਤ ਲਿਖਦੇ ਤੁਰੇ ਜਾਂਦੇ ਓਂ। ਫੱਟੀ ਮਹਾਰਾਜ ਜੀ ਨੇ ਚੁੱਪ ਕਰਕੇ ਉਹਦੇ ਅੱਗੇ ਕਰ ਦਿਤੀ। ਪੜ੍ਹਨ ਲਗ ਗਿਆ –

***ਸਸੈ ਸੋਇ ਸ੍ਰਿਸਟਿ ਜਿਨਿ ਸਾਜੀ***
***ਸਭਨਾ ਸਾਹਿਬੁ ਏਕੁ ਭਇਆ॥*** ***ਅੰਗ – 432***

ਪੱਟੀ ਹੈ ਜਿਹੜੀ ਗੁਰੂ ਗ੍ਰੰਥ ਸਾਹਿਬ 'ਚ ਜਿਹੜੀ, ਇਕੱਲੇ-ਇਕੱਲੇ ਅੱਖਰ ਦਾ ਅਰਥ ਮਹਾਰਾਜ ਲਿਖਣ ਲਗ ਗਏ। ਨਮਸ਼ਕਾਰ ਕਰ ਦਿਤੀ ਹੇ ਨਾਨਕ! ਹੁਣ ਤਾਂ ਤੂੰ ਮੈਨੂੰ ਹੀ ਪੜ੍ਹਾ, ਮੈਂ ਨਹੀਂ ਤੈਨੂੰ ਪੜ੍ਹਾਉਣਾ। ਘਰ ਆ ਜਾਂਦੇ ਨੇ ਗੁਰੂ ਨਾਨਕ ਪਾਤਸ਼ਾਹ। ਫੇਰ ਉਸੇ ਤਰ੍ਹਾਂ ਹੋ ਗਿਆ, ਕਦੇ ਚੁੱਪ ਕਰ ਰਹਿੰਦੇ ਨੇ, ਹਫਤਾ-ਹਫਤਾ ਬੋਲਦੇ ਨਹੀਂ। ਮੌਜ ਆ ਜਾਵੇ, ਬੋਲ ਪੈਂਦੇ ਨੇ ਕਦੇ। ਨਹੀਂ ਤਾਂ ਨਹੀਂ ਬੋਲਦੇ, ਚੁੱਪ ਰਹਿੰਦੇ ਨੇ।

ਜੰਗਲ ਨੂੰ ਚਲੇ ਜਾਂਦੇ ਨੇ। ਪਿਤਾ ਪਾਧੇ ਕੋਲ ਫੇਰ ਗਿਆ, ਜਿਹਨੇ ਪੱਤਰੀ ਲਿਖੀ ਸੀ। ਕਹਿਣ ਲੱਗਿਆ, ਪਾਧਾ ਜੀ! ਤੁਸੀਂ ਚੰਗੀ ਪੱਤਰੀ ਲਿਖੀ ਹਿਸਾਬ ਕਿਤਾਬ ਲਈ ਇਹਨੂੰ ਪੜ੍ਹਨ ਲਾਇਆ ਸੀ, ਇਹ ਪੜ੍ਹਦਾ ਹੀ ਨਹੀਂ। ਪਾਧਾ ਕਹਿੰਦਾ ਇਹ ਤਾਂ ਮੈਨੂੰ ਹੀ ਪੜ੍ਹਾ ਗਿਆ।

ਕਹਿਣ ਲੱਗਿਆ, ਨਾ ਤੂੰ ਮੈਨੂੰ ਟਿਚਰਾਂ ਕਰਦਾ ਹੈਂ?

ਪਾਧਾ ਕਹਿੰਦਾ, ਨਾ ਮਹਿਤਾ ਇਹ ਤਾਂ ਮੈਨੂੰ ਪੜ੍ਹਾ ਗਿਆ। ਕੋਈ ਬਾਲਕ ਹੋਵੇ ਮੈਂ ਪੜ੍ਹਾ ਦੇਵਾਂ। ਇਹ ਕੋਈ ਬਾਲਕ ਥੋੜ੍ਹਾ ਹੈ। ਤੇਰੇ ਨੇਤਰ ਬੰਦ ਨੇ, ਇਹ ਤਾਂ ਤੇਰੇ ਘਰ ਵਿਚ ਆਪ ਪ੍ਰਮੇਸ਼ਰ ਪ੍ਰਗਟ ਹੋਇਆ ਹੈ।

ਮਹਿਤਾ ਕਹਿਣ ਲੱਗਿਆ ਕਿ ਮੈਨੂੰ ਮਖੌਲ ਕਰਦੇ ਨੇ ਸਾਰੇ, ਤੁਸੀਂ ਹਿਸਾਬ ਕਿਤਾਬ ਜੋੜੋ। ਕਹਿਣ ਲੱਗਿਆ, ਮਹਿਤਾ ਜੀ ਤੁਸੀਂ ਕਾਹਲੇ ਨਾ ਪਵੋ, ਸਮਾਂ ਆਏਗਾ ਜਦੋਂ ਇਨ੍ਹਾਂ ਨੇ ਪ੍ਰਗਟ ਹੋ ਜਾਣਾ ਹੈ।

ਕਹਿਣ ਲੱਗਿਆ ਕਿ ਤੁਸੀਂ ਹੋਰ ਕੁਛ ਪੜ੍ਹਨ ਲਾ ਦਿਓ, ਇਹ ਨਹੀਂ ਪੜ੍ਹਨਾ ਤਾਂ ਫਾਰਸੀ ਪੜ੍ਹਨ ਲਾ ਦਿਓ।

ਗੁਰੂ ਨਾਨਕ ਨੂੰ ਫਾਰਸੀ ਪੜ੍ਹਨ ਵਾਸਤੇ ਸੱਯਦ ਕੋਲ ਲੈ ਜਾਂਦੇ ਨੇ। ਸੱਯਦ ਨੂੰ ਪੁਛਿਆ ਕਿ ਇਹਨੂੰ ਫਾਰਸੀ ਪੜ੍ਹਾ ਦੇ, ਕੁਰਾਨ ਸ਼ਰੀਫ ਪੜ੍ਹਾ ਦੇ, ਅਰਬੀ ਪੜ੍ਹਾ ਦੇ, ਐਨ ਤਾਕ ਬਣਾ ਦੇ। ਥੋੜ੍ਹੇ ਦਿਨ ਮਹਾਰਾਜ ਗਏ ਉਥੇ, ਜਿਹੜਾ ਕੁਛ ਉਹ ਦੱਸੇ ਉਸੇ ਵੇਲੇ ਸੁਣਾ ਦੇਣ। ਮੁੱਲਾਂ ਕਹਿਣ ਲੱਗਿਆ ਕਿ ਐਨਾ ਹੁਸ਼ਿਆਰ ਬੱਚਾ, ਅਜੇ ਮੇਰੇ ਮੂੰਹ ’ਚੋਂ ਅੱਖਰ ਨਿਕਲਦਾ ਹੈ, ਮੈਂ ਸਾਰਾ ਪੜ੍ਹ ਕੇ ਸੁਣਾਉਂਦਾ ਹਾਂ, ਨਾਲ ਦੀ ਨਾਲ ਹੀ ਸੁਣਾ ਦਿੰਦਾ ਹੈ ਮੈਨੂੰ। ਮੈਂ ਇਹਨੂੰ ਕੀ ਪੜ੍ਹਾਵਾਂ। ਗੁਰੂ ਨਾਨਕ ਨੇ ਕ੍ਰਿਪਾ ਕੀਤੀ, ਸਾਰੇ ਅਰਬੀ ਦੇ ਅੱਖਰਾਂ ਦੇ ਅੱਗੇ ਉਨ੍ਹਾਂ ਦੇ ਮਹਿਨੇ ਬਾਣੀ ’ਚ ਲਿਖ ਦਿਤੇ। ਉਹ ਛੇ ਅਰਫੀ ਗੁਰੂ ਗ੍ਰੰਥ ਸਾਹਿਬ ’ਚ ਨਹੀਂ ਹੈ। ਸੱਯਦ ਨੇ ਚਰਨਾਂ ’ਚ ਮੱਥਾ ਟੇਕ ਦਿਤਾ, ਸਿਜਦਾ ਕਰ ਦਿਤਾ ਹੇ ਨਾਨਕ! ਤੂੰ ਪੜ੍ਹਿਆ ਪੜ੍ਹਾਇਆ ਆਇਆ ਹੈਂ, ਤੈਨੂੰ ਕੋਈ ਨਹੀਂ ਪੜ੍ਹਾ ਸਕਦਾ।

ਮੁੜ ਕੇ ਗੁਰੂ ਨਾਨਕ ਫੇਰ ਉਸੇ ਤਰ੍ਹਾਂ ਜੰਗਲਾਂ ’ਚ ਜਾਣ ਲੱਗ ਗਏ। ਫੇਰ ਮਹਿਤਾ ਜੀ ਦੁਖੀ ਹੋ ਗਏ। ਫੇਰ ਪਾਧੇ ਕੋਲ ਗਏ। ਤਾਂ ਉਸ ਨੂੰ ਕਿਹਾ ਕਿ ਜੇ ਇਹ ਛੋਟੀਆਂ ਵਿਦਿਆ ਛੇਤੀ ਪੜ੍ਹ ਲੈਂਦਾ ਹੈ, ਸੰਸਕ੍ਰਿਤ ਤਾਂ 50-50 ਸਾਲ ਨਹੀਂ ਆਉਂਦੀ, 26 ਸਾਲ ’ਚ ਤਾਂ ਵਿਆਕਰਣ ਹੀ ਸਿੱਖ ਹੁੰਦੀ ਹੈ ਇਹਦੀ। ਔਖੀ ਵਿਦਿਆ ਤੇ ਲਾ ਦੇ ਇਹਨੂੰ। ਬ੍ਰਹਮ ਵਿਦਿਆ ਪੜ੍ਹ ਲਏਗਾ।

ਉਸ ਵੇਲੇ ਬ੍ਰਿਜਲਾਲ ਦੇ ਪਾਸ ਸੰਸਕ੍ਰਿਤ ਪੜ੍ਹਨ ਲਾ ਦਿਤਾ ਗੁਰੂ ਨਾਨਕ ਪਾਤਸ਼ਾਹ ਨੂੰ। ਸੰਸਕ੍ਰਿਤ ਦੇ ਅੱਖਰ ਦੱਸ ਦਿਤੇ ਉਹਨੇ। ਥੋੜ੍ਹੇ ਦਿਨ ਹੋਏ ਇਕ ਕਾਗਜ਼ ਚੁੱਕੀਂ ਫਿਰਨ। ਕਹਿੰਦੇ ਨਾਨਕ! ਇਹ ਕੀ ਹੈ? ਕਹਿੰਦੇ, ਆਹ ਸੱਤ ਸਲੋਕੀ ਗੀਤਾ ਲਿਖੀ। ਸਤਿ ਸਲੋਕਾਂ ਦੇ ਵਿਚ ਸਾਰੀ ਗੀਤਾ ਨੂੰ ਬੰਦ ਕਰ ਦਿਤਾ। ਹੈਰਾਨ ਹੋ ਗਿਆ ਕਿ ਤੂੰ ਯਾਦ ਕੀਤੀ? ਕਹਿਣ ਲੱਗੇ, ਨਾ ਪਿਤਾ ਜੀ! ਲਿਖੀ ਹੀ ਮੈਂ ਹੈ। ਕਾਗਜ਼ ਫੜ ਲਿਆ, ਗੁਰੂ ਨਾਨਕ ਨੂੰ ਬ੍ਰਿਜਲਾਲ ਦੇ ਪਾਸ ਲੈ ਗਿਆ। ਕਹਿਣ ਲੱਗੇ, ਪੰਡਤ ਜੀ! ਆਹ ਦੇਖਿਓ ਤਾਂ ਕਾਗਜ਼ ਗੁਰੂ ਨਾਨਕ ਦਾ ਹੈ। ਕਹਿਣ ਲੱਗਿਆ, ਹਾਂ। ਹੈਰਾਨ ਹੋ ਗਿਆ, ਗੁਰੂ ਨਾਨਕ ਨੇ ਸੱਤ ਸਲੋਕੀ ਗੀਤਾ ਲਿਖ ਦਿਤੀ। ਕਹਿੰਦੇ, ਹੇ ਨਾਨਕ! ਤੂੰ ਇਹਦੇ ਅਰਥ ਵੀ ਜਾਣਦਾ ਹੈਂ? ਅਰਥ ਕਰ ਦਿਤੇ ਆਪ ਨੇ। ਇਹ ਜਿਹੜਾ ਬ੍ਰਿਜਲਾਲ ਸੀ

ਚਰਨਾਂ ਤੇ ਢਹਿ ਪਿਆ। ਕਹਿੰਦਾ ਮਹਿਤਾ ਇਹ ਕੋਈ ਬੰਦਾ ਨਹੀਂ ਹੈ, ਤੂੰ ਇਹਨੂੰ ਸਮਝਣ ਦਾ ਯਤਨ ਕਰ। ਇਹ ਤਾਂ ਬਹੁਤ ਵੱਡਾ ਹੈ। ਲੇਕਿਨ ਉਨ੍ਹਾਂ ਦਾ ਮਨ ਨਹੀਂ ਮੰਨਦਾ। ਮਾਂ ਬਾਪ ਕਦੇ ਨਹੀਂ ਮੰਨਣਗੇ ਕਿ ਮੇਰਾ ਪੁੱਤਰ ਸਾਧੂ ਹੈ। ਕਰਨੀ ਕਮਾਈ ਵਾਲਾ ਹੈ। ਕੋਈ ਵਿਰਲਾ ਮਾਂ ਬਾਪ ਹੀ ਹੁੰਦਾ ਹੈ ਜਿਹਦੇ ਉਤੇ ਮਾਇਆ ਨਾ ਪਈ ਹੋਵੇ। ਭਰਾ ਭਾਈ ਨਹੀਂ ਮੰਨਦੇ ਹੁੰਦੇ, ਘਰ ਦਾ ਪਰਿਵਾਰ ਨਹੀਂ ਮੰਨਦੇ ਹੁੰਦੇ, ਮਿੱਤਰ ਦੋਸਤ ਨਹੀਂ ਮੰਨਦੇ ਹੁੰਦੇ, ਪਿੰਡ ਵਾਲੇ ਨਹੀਂ ਮੰਨਦੇ ਹੁੰਦੇ। ਬਾਕੀ ਸੰਸਾਰ ਨੂੰ ਸੋਝੀ ਆ ਜਾਂਦੀ ਹੈ, ਉਹ ਮੰਨਦੇ ਨੇ। ਇਸੇ ਕਰਕੇ ਕਹਿੰਦੇ ਨੇ –

***ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ।***

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੂੰ ਕਿੱਥੇ ਲਾਵੇ, ਉਹ ਤਾਂ ਪੜ੍ਹੇ ਹੋਏ ਨੇ ਸਾਰੀਆਂ ਪੜ੍ਹਾਈਆਂ। ਸਾਰਿਆਂ ਨੇ ਕਹਿ ਦਿਤਾ ਕਿ ਸਾਡੇ ਕੋਲ ਅੱਗੇ ਪੜ੍ਹਾਈ ਨਹੀਂ ਇਹਨੂੰ ਪੜ੍ਹਾਉਣ ਵਾਲੀ। ਜਿਹੜਾ ਕੁਛ ਇਹਨੇ ਪੜ੍ਹਨਾ ਸੀ ਉਹ ਤਾਂ ਕੀ, ਇਹ ਤਾਂ ਸਾਨੂੰ ਪੜ੍ਹਾ ਰਿਹਾ ਹੈ। ਮਹਿਤਾ ਜੀ ਨੂੰ ਇਹ ਲੱਗਿਆ ਕਿ ਇਹ ਸਾਰੇ ਮੇਰੇ ਨਾਲ ਐਵੇਂ ਗੱਲਾਂ ਕਰਦੇ ਨੇ।

ਹੁਣ ਗੁਰੂ ਨਾਨਕ ਨਹੀਂ ਕਿਤੇ ਵੀ ਜਾਂਦੇ, ਨਾ ਬੋਲਦੇ ਨੇ। ਜੰਗਲ 'ਚ ਚਲੇ ਗਏ, ਉਥੇ ਹੀ ਸ਼ਾਮ ਤਕ ਰਹਿੰਦੇ ਨੇ। ਘਰੋਂ ਕੋਈ ਚੀਜ਼ ਲੈ ਕੇ ਜਾਂਦੇ ਨੇ, ਬਾਹਰ ਹੀ ਛੱਡ ਆਉਂਦੇ ਨੇ। ਕੱਪੜਾ ਲੀੜਾ ਲੈ ਜਾਂਦੇ ਨੇ, ਬਾਹਰ ਦੀ ਦੇ ਆਉਂਦੇ ਨੇ ਸਾਧੂ ਸੰਤਾਂ ਨੂੰ। ਬੜਾ ਨੁਕਸਾਨ ਹੋਣ ਲੱਗ ਗਿਆ ਤੇ ਬੋਲਦੇ ਹੈ ਨਹੀਂ। ਬੁਲਾਈ ਜਾਂਦੇ ਨੇ। ਸੱਤ-ਸੱਤ ਦਿਨ ਰੋਟੀ ਨਹੀਂ ਖਾਂਦੇ। ਸਾਰਾ ਭਾਈਚਾਰਾ ਇਕੱਠਾ ਹੋਇਆ ਕਹਿਣ ਲੱਗੇ, ਮਹਿਤਾ ਜੀ! ਸਾਨੂੰ ਤਾਂ ਐਉਂ ਲਗਦਾ ਹੈ ਕਿ ਕੋਈ ਛਾਇਆ ਹੋ ਗਈ ਇਨ੍ਹਾਂ ਨੂੰ, ਕੋਈ ਭੂਤ ਪ੍ਰੇਤ ਆ ਗਿਆ, ਜਿਨ੍ਹਾਂ ਨੇ ਇਨ੍ਹਾਂ ਨੂੰ ਫੜ ਲਿਆ। ਨਹੀਂ ਇਸ ਉਮਰ ਦੇ ਬੱਚੇ ਤਾਂ ਖੇਲ੍ਹਦੇ ਫਿਰਦੇ ਨੇ। ਤੁਸੀਂ ਐਉਂ ਕਰੋ ਕਿਸੇ ਸਿਆਣੇ ਨੂੰ ਲਿਆਓ, ਮੰਤਰ ਵਗੈਰਾ ਕਰਾਓ ਜਿਹੜਾ ਇਨ੍ਹਾਂ ਦੇ ਉਤੋਂ ਦੀ ਛਾਇਆ ਹਟਾਵੇ। ਉਸ ਵੇਲੇ ਉਸੇ ਮੁਲਾਂ ਨੂੰ ਜਿਹਦੇ ਕੋਲ ਗੁਰੂ ਨਾਨਕ ਪੜ੍ਹਦੇ ਸੀ, ਕਿਉਂਕਿ ਮੁਲਾਂ ਇਹ ਕੰਮ ਕਰਿਆ ਕਰਦੇ ਸੀ ਮੰਤਰਾਂ ਜੰਤਰਾਂ ਦੇ, ਉਸਨੂੰ ਗੁਰੂ ਨਾਨਕ ਪਾਤਸ਼ਾਹ ਦੇ ਕੋਲ ਲੈ ਆਏ। ਮੁੱਲਾਂ ਹੱਥ ਹਉਲੇ ਕਰੀ ਜਾਂਦਾ ਹੈ। ਕਦੇ ਧਾਗੀ ਬੰਨ੍ਹਦਾ ਹੈ, ਕਦੇ ਕੁਛ ਕਰਦਾ ਹੈ, ਮੰਤਰ ਕੱਟਦਾ ਹੈ, ਕਦੇ ਛਾਲਾਂ ਮਾਰਦਾ ਜਾਂਦਾ ਹੈ, ਬੈਠ ਕੇ ਛੜੱਪੇ ਮਾਰਦਾ ਹੈ, ਦਰੱਖਤ ਤੇ ਜਾ ਕੇ ਮੇਖ ਗੱਡ ਆਉਂਦਾ ਹੈ। ਮਹਿਤਾ ਕਾਲੂ ਨੂੰ ਕਹਿੰਦਾ ਹੈ ਕਿ ਲੈ ਇਥੇ ਬੰਨ੍ਹ ਦਿਤੀ ਹੁਣ ਨਹੀਂ ਕੋਈ ਗੱਲ ਹੁੰਦੀ। ਜਦੋਂ ਉਧਰ ਆਉਂਦਾ ਹੈ, ਗੁਰੂ ਨਾਨਕ ਚੁੱਪ ਬੈਠੇ ਨੇ, ਗੱਲ ਹੀ ਨਹੀਂ ਕਰਦੇ। ਫੇਰ ਕਹਿਣ ਲੱਗਿਆ, ਮੇਰੇ ਵਸ ਦਾ ਤਾਂ ਹੈ ਨਹੀਂ, ਖਿਆਲ ਆ ਗਿਆ ਕਿ ਗੁਰੂ ਨਾਨਕ ਮਾਮੂਲੀ ਮਨੁੱਖ ਨਹੀਂ। ਜਿਹੜੀਆਂ ਗੱਲਾਂ ਅਸੀਂ ਸੁਣਦੇ ਹਾਂ, ਗੱਲ ਓਹੀ ਹੈ। ਉਸ ਵੇਲੇ ਉਸ ਨੇ ਬੇਨਤੀ ਕੀਤੀ, ਹੇ ਨਾਨਕ! ਜਿਸ ਖੁਦਾ ਨੂੰ ਤੂੰ ਮੰਨਦਾ ਹੈਂ, ਜਿਸ ਦੇ ਪਿਆਰ ਵਿਚ ਤੂੰ ਮਸਤ ਰਹਿੰਦਾ ਹੈਂ। ਕ੍ਰਿਪਾ ਕਰ, ਤੂੰ ਉਸਦੇ ਵਾਸਤੇ ਹੀ ਮੇਰੇ ਨਾਲ ਗੱਲ ਤਾਂ ਕਰ ਲੈ।

ਉਸੇ ਵੇਲੇ ਗੁਰੂ ਨਾਨਕ ਉਠ ਕੇ ਬੈਠ ਗਏ, ਨੇਤਰ ਖੋਲ੍ਹ ਲਏ ਤੇ

ਮੁਸਕਰਾਉਣ ਲਗ ਗਏ। ਕਹਿੰਦੇ, ਹੇ ਨਾਨਕ! ਤੁਸੀਂ ਬੋਲਦੇ ਕਿਉਂ ਨਹੀਂ? ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਇਸ ਤਰ੍ਹਾਂ ਦਾ ਬਚਨ ਕਿਹਾ।

*ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ,*
*ਛਤ੍ਰ ਹੀ ਕੀ ਛਾਇਆ, ਕਈ ਕੋਸ ਲੌ ਚਲਤ ਹੈਂ॥*
*ਬਡੇ ਬਡੇ ਰਾਜਨ ਤੇ ਦਾਬਤ ਫਿਰਤਿ ਦੇਸ,*
*ਬਡੇ ਬਡੇ ਭੂਮਨ ਕੇ ਦ੍ਰਪ ਕੋ ਦਲਤੁ ਹੈਂ॥*
*ਮਾਨ ਸੇ ਮਹੀਪ ਔ, ਦਿਲੀਪ ਕੇ ਸੇ ਛਤ੍ਰਧਾਰੀ,*
*ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈਂ॥*
*ਦਾਰਾ ਸੇ ਦਿਲੀਸਰ, ਦ੍ਰਜੋਧਨ ਸੇ ਮਾਨਧਾਰੀ,*
*ਭੋਗ ਭੋਗ ਭੂਮ, ਅੰਤ ਭੂੰਮ ਮੈ ਮਿਲਤ ਹੈਂ॥*

*ਕਬਿੱਤ (ਅਕਾਲ ਉਸਤਤਿ)*

ਮਹਾਰਾਜ ਕਹਿਣ ਲੱਗੇ, ਮੁੱਲਾਂ! ਸੰਸਾਰ ਰਹਿਣ ਦਾ ਥਾਂ ਨਹੀਂ।

*ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥*
*ਹਕਾ ਕਬੀਰ ਕਰੀਮ ਤੂ ਬੇਐਬ ਪਰਵਰਦਗਾਰ॥*
*ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ॥*
*ਮਮ ਸਰ ਮੂਇ ਅਜਰਾਈਲ*
*ਗਿਰਫਤਹ ਦਿਲ ਹੇਚਿ ਨ ਦਾਨੀ॥*

*ਅੰਗ - 721*

ਕਹਿੰਦੇ ਆਹੋ ਜਿਹਾ ਆਦਮੀ ਮੁਨਕਰ ਹੈ। ਕੇਸਾਂ ਨੂੰ ਤਾਂ ਫੜਿਆ ਹੋਇਆ ਹੈ ਅਜ਼ਰਾਈਲ ਨੇ। ਪਰ ਇਹ ਅੱਗੇ ਹੀ ਅੱਗੇ ਜਾਂਦਾ ਹੈ। ਸੱਪ ਦੇ ਮੂੰਹ ਵਿਚ ਡੱਡੂ ਆਇਆ ਹੋਇਆ ਹੈ, ਮੱਛਰ ਕੋਲ ਆ ਗਿਆ, ਡੱਡੂ ਅਜੇ ਵੀ ਮੂੰਹ ਅੱਡਦਾ ਹੈ ਕਿ ਮੱਛਰ ਫੜ ਲਵਾਂ। ਕਾਲ ਨੇ ਇਹਦੇ ਕੇਸ ਫੜੇ ਹੋਏ ਨੇ। ਇਹ ਜਿਹੜਾ ਦਿਲ ਹੈ, ਇਹਨੇ ਜਾਣਿਆ ਨਹੀਂ ਹੈ ਇਸ ਗੱਲ ਨੂੰ।

*ਜਨ ਪਿਸਰ ਪਦਰ ਬਿਰਾਦਰਾਂ*
*ਕਸ ਨੇਸ ਦਸਤੰਗੀਰ॥* *ਅੰਗ - 721*

ਭਰਾ ਭਰਾਈ, ਪੁੱਤਰ ਮਾਂ, ਪਿਉ ਕੋਈ ਨਹੀਂ ਬਾਂਹ ਫੜ ਸਕਦਾ।

*ਆਇਖਰ ਬਿਅਫਤਮ ਕਸ ਨ*
*ਦਾਰਦ ਚੂੰ ਸਵਦ ਤਕਬੀਰ॥* *ਅੰਗ - 721*

ਆਖੀਰ ਦੇ ਉਤੇ ਕੀ ਕਰਿਆ ਜਾਏਗਾ।

*ਸਬ ਰੋਜ ਗਸਤਮ ਦਰ*
*ਹਵਾ ਕਰਦੇਮ ਬਦੀ ਖਿਆਲ॥* *ਅੰਗ - 721*

ਦਿਨ ਲੰਘ ਜਾਂਦਾ ਹੈ ਰਾਤ ਲੰਘ ਜਾਂਦੀ ਹੈ। ਲੇਕਿਨ ਅੰਦਰਲੇ ਪਾਸੇ ਬਦੀਆਂ ਦੇ ਖਿਆਲ ਤੁਰੇ ਫਿਰਦੇ ਨੇ।

*ਗਾਹੇ ਨ ਨੇਕੀ ਕਾਰ ਕਰਦਮ*

*ਮਮਈ ਚਿਨੀ ਅਹਵਾਲ॥* *ਅੰਗ - 721*

ਕਦੇ ਨੇਕੀ ਦਾ ਕੰਮ ਨਹੀਂ ਕਰਦਾ, ਆਹ ਹਾਲ ਸਾਡਾ ਹੋ ਰਿਹਾ ਹੈ।

*ਬਦਬਖਤ ਹਮ ਚੁ ਬਖੀਲ*
*ਗਾਫਿਲ ਬੇਨਜਰ ਬੇਬਾਕ॥*
*ਨਾਨਕ ਬੁਗੋਯਦ ਜਨੁ ਤੁਰਾ*
*ਤੇਰੇ ਚਾਕਰਾਂ ਪਾ ਖਾਕ॥* *ਅੰਗ - 721*

ਜਿਸ ਵਕਤ ਹਿਸਾਬ ਕਿਤਾਬ ਹੋਏਗਾ ਸਾਡੇ ਵਰਗੇ ਮਾੜੇ ਬੰਦੇ ਵਕੀਲੀਆਂ ਕਰਨ ਵਾਲੇ, ਗ਼ਫ਼ਲਤ ਕਰਨ ਵਾਲੇ, ਉਥੇ ਕੀ ਬਣੇਗਾ ਉਨ੍ਹਾਂ ਦੇ ਨਾਲ।

ਜਦੋਂ ਵੈਰਾਗ ਦਾ ਸ਼ਬਦ ਮੁੱਲਾਂ ਨੇ ਸੁਣਿਆ ਸਿਜਦਾ ਕਰ ਦਿਤਾ ਗੁਰੂ ਨਾਨਕ ਨੂੰ। ਗੁਰੂ ਨਾਨਕ ਤੇਰੀਆਂ ਤੂੰ ਜਾਣ। ਪਰ ਹੁਣ ਮੈਨੂੰ ਨਾ ਭੁਲੇਖਾ ਪਾ। ਕ੍ਰਿਪਾ ਕਰ। ਸਿਜਦਾ ਕਰ ਰਿਹਾ ਹੈ, ਗੋਡਿਆਂ ਭਾਰ ਬੈਠਾ ਹੈ, ਸਿਰ ਝੁਕਿਆ ਹੋਇਆ ਹੈ। ਹੇ ਨਾਨਕ! ਭਾਵੇਂ ਮੇਰਾ ਸਰੀਰ ਮੁਸਲਮਾਨ ਦਾ ਹੈ, ਪਰ ਤੂੰ ਅੱਲਾਹ ਤਾਲਾ ਦੀ ਖਾਸ ਜ਼ਾਤ ਹੈਂ, ਕ੍ਰਿਪਾ ਕਰ, ਮੇਰੇ ਗਰੀਬ ਦੇ ਉਤੇ ਕ੍ਰਿਪਾ ਕਰ। ਮੈਨੂੰ ਨਾ ਹੁਣ ਭੁਲੇਖਾ ਪਾਈਂ।

ਹੇ ਨਾਨਕ! ਹੁਣ ਮੈਂ ਤੇਰੇ ਚਰਨਾਂ ਤੇ ਗਿਰ ਗਿਆ। ਮੇਰਾ ਹੁਣ ਇਹੀ ਆਸਰਾ ਰਹਿ ਗਿਆ, ਹੁਣ ਕ੍ਰਿਪਾ ਕਰ ਦੇ ਮੈਂ ਫੇਰ ਗਰਭ ਜੂਨੀ 'ਚ ਨਾ ਆਵਾਂ। ਤੂੰ ਛੋਟਾ ਜਿਹਾ ਬੱਚਾ ਨਹੀਂ ਹੈਂ, ਅੰਨ੍ਹਿਆਂ ਨੂੰ ਤੂੰ ਛੋਟਾ ਬੱਚਾ ਲਗਦਾ ਹੈਂ, ਪਰ ਮੈਂ ਇਹ ਦੇਖ ਲਿਆ ਤੇਰੇ ਜਿੰਨਾ ਵੱਡਾ ਅੱਜ ਸੰਸਾਰ ਦੇ ਉਤੇ ਅੱਜ ਕੋਈ ਹੋਰ ਹੈ ਨਹੀਂ।

ਹੁਣ ਮੈਨੂੰ ਉਪਦੇਸ਼ ਕਰ ਦਿਓ। ਜਿਹੜੇ ਪੂਰੇ ਸਤਿਗੁਰੂ ਕਰਦੇ ਨੇ। ਕਾਮਲ ਮੁਰਸ਼ਦ ਹੈਂ ਤੂੰ ਤੇ ਮੈਂ ਇਕ ਅਧਨਾ ਜਿਹਾ ਜੀਵ ਹਾਂ। ਹੁਣ ਮੈਨੂੰ ਉਪਦੇਸ਼ ਕਰ ਦਿਓ। ਉਸ ਵਕਤ ਮਹਾਰਾਜ ਕਹਿਣ ਲੱਗੇ, ਹੁਣ ਇਹਦੇ ਨਾਲ ਇਕ ਚਿੱਤ ਲਿਵ ਲਾ ਲਈਂ। ਦੇਖੀਂ ਭੁੱਲੀਂ ਨਾ ਚੌਵੀ ਘੰਟਿਆਂ 'ਚ, ਜਦੋਂ ਨੀਂਦ ਆਈ ਤੇਰੇ ਸੁਪਨਿਆਂ ਵਿਚ ਵੀ ਤੂੰ ਨਾਮ ਜਪੇਂਗਾ। ਤੈਨੂੰ ਜਾਗ ਆ ਜਾਏਗੀ, ਅੰਦਰਲੀ। ਸਰੀਰ ਤੋਂ ਤੂੰ ਸੁੱਤਾ ਪਿਆ ਹੋਏਂਗਾ, ਤੇਰੀ ਸੁਰਤ ਜਾਗਦੀ ਹੋਏਗੀ ਤੇ ਤੂੰ ਉਥੇ ਨਾਮ ਜਪੇਂਗਾ। ਇਹਨੂੰ ਲਿਵ ਕਹਿੰਦੇ ਨੇ। ਚਿੱਤ ਨੂੰ ਇਕ ਕਰ ਲਈਂ। ਕਿਉਂਕਿ ਜੇ ਚਿੱਤ ਇਕ ਹੋ ਜਾਵੇ-

*ਏਕ ਚਿਤ ਜਿਹ ਇਕ ਛਿਨ ਧਿਆਇਓ॥*
*ਕਾਲ ਫਾਸ ਕੇ ਬੀਚ ਨਾ ਆਇਓ॥*

ਇਕ ਚਿੱਤ ਹੋ ਕੇ ਜਿਹਨੇ ਵਾਹਿਗੁਰੂ ਨੂੰ, ਅੱਖ ਦੇ ਝਮਕੇ ਜਿੰਨਾ ਵੀ ਧਿਆ ਲਿਆ ਜਮਦੂਤਾਂ ਦੀ ਗਲ 'ਚ ਫਾਹੀ ਪਈ ਹੋਈ ਉਸੇ ਵੇਲੇ ਕੱਟੀ ਜਾਂਦੀ ਹੈ। ਕਾਲ ਦੀ ਫਾਸੀ ਨਹੀਂ ਉਹਦੇ ਗਲ ਵਿਚ ਪਿਆ ਕਰਦੀ ਤੇ ਇੱਕ ਚਿੱਤ ਹੋ ਕੇ ਤੂੰ ਲਿਵ ਲਾ ਲੈ।

ਹੁਣ ਤੂੰ ਇਹ ਨਾ ਕਹਿ ਕਿ ਮੈਂ ਮੁਸਲਮਾਨ ਹਾਂ, ਮੈਂ ਮੁੱਲਾਂ ਹਾਂ। ਇਹ ਤੇਰੀ ਦੇਹ ਦੀ ਬਿਆਧੀ ਹੈ, ਤੂੰ ਆਤਮਾ ਹੈਂ। ਆਪਣੇ ਸਰੂਪ ਨੂੰ ਪਛਾਣ। ਤੂੰ ਇਹਦੇ ਵਿਚ ਰਹਿਣ ਵਾਲਾ ਹੈਂ। ਤੂੰ ਰੂਹ ਹੈਂ, ਤੂੰ ਸਰੀਰ ਨਹੀਂ ਹੈਂ ਤੂੰ ਸਰੀਰ ਨਾਲ ਨਾ ਚਿੰਬੜ। ਨਿਕਲ ਜਾਹ ਸਰੀਰ 'ਚੋਂ। ਮਾਰਫ਼ਤ ਦੀ ਗੱਲ ਕਹਿ ਦਿੱਤੀ ਮਹਾਰਾਜ ਨੇ। ਸ਼ਰਾ 'ਚੋਂ ਲੰਘਾ ਦਿਤਾ। ਸਰੀਅਤ 'ਚੋਂ ਲੰਘਾ ਦਿਤਾ, ਤਰੀਕਤ 'ਚੋਂ ਲੰਘਾ ਦਿਤਾ, ਹਕੀਕਤ 'ਚੋਂ ਲੰਘਾ ਦਿਤਾ, ਮਾਰਫ਼ਤ 'ਚ ਲੈ ਗਏ। ਉਥੇ ਲੈ ਗਏ। ਕਹਿੰਦੇ, ਹੁਣ ਤੂੰ ਭਾਈ ਕਰੀਂ ਜਿਥੇ ਸਤਿਸੰਗ ਹੁੰਦੀ ਹੈ ਉਤੇ ਸੇਵਾ ਕਰੀਂ ਤਕੜਾ ਹੋ ਕੇ। ਪਰਵਾਹ ਨਾ ਕਰੀਂ ਕਿਸੇ ਦੀ।

ਉਮੰਗ ਦੇ ਨਾਲ ਤੂੰ ਪ੍ਰਮੇਸ਼ਰ ਨੂੰ ਯਾਦ ਕਰੀਂ। ਇਸ ਤਰ੍ਹਾਂ ਦੇ ਨਾਲ ਤੇਰਾ ਜਨਮ ਮਰਣ ਕੱਟਿਆ ਜਾਏਗਾ।

ਸੋ ਗੁਰੂ ਨਾਨਕ ਛੋਟੀ ਉਮਰ ਦੇ ਅੰਦਰ, ਇਹ ਨਹੀਂ ਕਿ ਬਹੁਤ ਵੱਡੇ ਫਿਲਾਸਫਰ ਹੋ ਕੇ ਲੱਗੇ ਨੇ। ਬੜੇ ਲਿਖਾਰੀਆਂ ਨੇ ਊਟ-ਪਟਾਂਗ ਗੱਲਾਂ ਲਿਖੀਆਂ ਨੇ। ਉਹ ਤਾਂ ਧੁਰ ਤੋਂ ਆਏ ਹੋਏ ਸੀ, ਪੁਕਾਰ ਸੁਣ ਕੇ -

***ਸਤਿਗੁਰ ਨਾਨਕ ਪ੍ਰਗਟਿਆ***
***ਮਿਟੀ ਧੁੰਧੁ ਜਗਿ ਚਾਨਣੁ ਹੋਆ।***

***ਭਾਈ ਗੁਰਦਾਸ ਜੀ ਦੀ ਵਾਰ 1/27***

ਪ੍ਰਕਾਸ਼ ਕਰ ਦਿੱਤਾ ਧੁੰਦ ਦੇ ਵਿਚ। ਹੋਰ ਵੱਡੇ ਹੋ ਜਾਂਦੇ ਨੇ ਗੁਰੂ ਨਾਨਕ ਪਾਤਸ਼ਾਹ। ਮੱਝੀਆਂ ਚਾਰਨ ਵਾਸਤੇ ਭੇਜ ਦਿੰਦੇ ਨੇ। ਮੱਝੀਆਂ ਕੀ ਚਾਰਨੀਆਂ ਸੀ ਗੁਰੂ ਨਾਨਕ ਨੇ। ਚਲੇ ਗਏ, ਜਾ ਕੇ ਮੱਝੀਆਂ ਚੁਗ ਰਹੀਆਂ ਨੇ ਤੇ ਆਪ ਕੱਪੜਾ ਵਿਛਾਇਆ ਹੋਇਆ ਹੈ, ਹੇਠਾਂ ਦੁਪੱਟੀ ਤੇ ਉੱਤੇ ਉਨ੍ਹਾਂ ਨੇ ਆਪਣੀ ਬਾਂਹ ਰੱਖੀ ਹੋਈ ਹੈ ਮੱਥੇ ਕੋਲ। ਉਸ ਤਰ੍ਹਾਂ ਹੀ ਅਰਾਮ ਨਾਲ ਪਏ ਨੇ। ਦੁਪਹਿਰਾ ਹੈ, ਉਧਰਲੇ ਪਾਸੇ ਰਾਇਬੁਲਾਰ ਤੁਰਿਆ ਆ ਰਿਹਾ ਹੈ, ਨਾਲ ਉਹਦੇ ਘੋੜਿਆਂ ਵਾਲੇ ਦੋ ਤਿੰਨ ਹੋਰ ਨੇ। ਘੋੜਿਆਂ ਤੇ ਚੜ੍ਹੇ ਜਾਂਦੇ ਨੇ। ਕਹਿੰਦੇ ਔਹ ਕੌਣ ਪਿਆ ਹੈ? ਕਹਿੰਦੇ ਜੀ, ਕਾਲੂ ਦਾ ਲੜਕਾ ਪਿਆ ਹੈ। ਨੇੜੇ ਆ ਗਿਆ ਕਹਿੰਦਾ ਹੈਂ? ਸੁਬਾਨ ਅੱਲਾਹ। ਆਹ ਦੇਖੋ ਇਹਦੇ ਤਾਂ ਸਿਰ ਤੇ ਸੱਪ ਨੇ ਫਣ ਖਿਲਾਰਿਆ ਹੋਇਆ ਹੈ। ਹੌਲੀ ਹੌਲੀ ਘੋੜਾ ਖੜ੍ਹਾ ਲਿਆ, ਉਤਰ ਆਇਆ ਥੱਲੇ, ਕਹਿੰਦੇ ਬਚਾਓ ਜੇ ਬਚ ਸਕਦਾ ਹੈ, ਅਜੇ ਡੰਗ ਨਹੀਂ ਮਾਰਿਆ ਸੱਪ ਨੇ। ਸੱਪ ਉਸੇ ਤਰ੍ਹਾਂ ਦੇ ਨਾਲ ਛਾਂ ਕਰੀਂ ਖੜ੍ਹਾ ਹੈ, ਕੋਲ ਨੂੰ ਜਾਂਦੇ ਨੇ, ਆਰਾਮ ਦੇ ਨਾਲ ਹੀ ਸੱਪ ਪਰ੍ਹੇ ਨੂੰ ਚਲਿਆ ਗਿਆ। ਮਾੜਾ ਜਿਹਾ ਜਾਂਦਾ ਦਿੱਸਿਆ ਉਸ ਤੋਂ ਬਾਅਦ ਸੱਪ ਨਿਗ੍ਹਾ 'ਚ ਹੀ ਨਹੀਂ ਆਇਆ ਕਿਸੇ ਦੇ ਵੀ। ਕਹਿੰਦੇ ਰਾਏ ਜੀ! ਸੱਪ ਕਿਥੇ ਚਲਿਆ ਗਿਆ? ਰੜ੍ਹਾ ਮੈਦਾਨ ਹੈ ਮਾੜਾ ਜਿਹਾ ਹਿਲਦਾ ਦਿਸਿਆ ਹੈ। ਉਸ ਵੇਲੇ ਕਹਿਣ ਲੱਗਿਆ ਇਹੀ ਗੱਲ ਸਮਝ 'ਚ ਨਹੀਂ ਆਉਂਦੀ। ਜਿੰਨੀਆਂ ਮੈਂ ਗੱਲਾਂ ਅੱਜ ਤੱਕ ਸੁਣੀਆਂ ਨੇ। ਸਾਰੀਆਂ ਗੱਲਾਂ ਅਜੀਬ ਨੇ ਇਸਦੀਆਂ। ਮਨ ਵਿਚ ਮੰਨਣ ਵਾਲੀਆਂ ਨਹੀਂ ਹਨ। ਅੱਗੇ ਮੁੱਲਾਂ ਕਹਿੰਦਾ ਹੈ, ਉਹ ਖੁਦਾ ਹੈ, ਜੇ ਪਾਧਾ ਕਹਿੰਦਾ ਹੈ ਪੜ੍ਹਾਉਣ ਵਾਲਾ ਤਾਂ ਇਹ ਕਹਿੰਦਾ ਹੈ ਕਿ ਇਹ ਤਾਂ ਪੜ੍ਹੇ ਪੜ੍ਹਾਏ ਨੇ। ਪੜ੍ਹਿਆਂ ਹੋਇਆਂ ਨੂੰ ਪੜ੍ਹਾਉਣ ਆਏ ਨੇ। ਜੇ ਸੰਸਕ੍ਰਿਤ ਪੜ੍ਹਾਉਣ ਵਾਲਾ ਕਹਿੰਦਾ ਹੈ ਉਹ ਕਹਿੰਦਾ

ਹੈ ਕਿ ਵੇਦ-ਸ਼ਾਸਤਰ ਇਨ੍ਹਾਂ ਦੇ ਚਰਨਾਂ ਦੇ ਵਿਚ ਨੇ। ਇਹਨਾਂ ਨੂੰ ਮੈਂ ਕੀ ਪੜ੍ਹਾਵਾਂ ਇਹ ਤਾਂ ਮੈਨੂੰ ਪੜ੍ਹਾਉਂਦੇ ਨੇ।

ਅੱਜ ਕੀ ਕੌਤਕ ਦੇਖਿਆ ਕਿ ਜ਼ਹਿਰੀਲਾ ਸੱਪ ਹੈ, ਫਨੀਅਰ ਨਾਗ ਹੈ, ਵੱਡਾ ਫਣ ਹੈ। ਗਿੱਠ ਸਵਾ ਗਿੱਠ ਦਾ ਚੌੜਾ ਫਣ ਹੈ ਤੇ ਮੂੰਹ ਦੇ ਉੱਤੇ ਛਾਉਂ ਕਰੀ ਬੈਠਾ ਹੈ। ਕਹਿੰਦਾ ਅੱਜ ਮੈਂ ਸਿਜਦਾ ਕਰਾਂਗਾ ਇਸ ਨੂੰ, ਮੈਂ ਵੀ ਹੁਣ ਮੰਨਦਾ ਹਾਂ ਕਿ ਸੱਚਮੁੱਚ ਹੀ ਕੋਈ ਵਲੀ ਪ੍ਰਗਟ ਹੋਇਆ ਹੈ। ਸਿਜਦਾ ਕਰਦਾ ਹੈ, ਗੁਰੂ ਨਾਨਕ ਉਠ ਕੇ ਬੈਠ ਜਾਂਦੇ ਨੇ। ਸ਼ਰਧਾ ਹੋ ਗਈ ਇਹਦੇ ਮਨ ਵਿਚ। ਮੱਝੀਆਂ ਚਾਰਨ ਤੇ ਡਿਊਟੀ ਲੱਗੀ ਹੋਈ ਹੈ।

ਦੂਸਰੇ ਤੀਸਰੇ ਦਿਨ ਗੁਰੂ ਨਾਨਕ ਆਪਣੀ ਮੌਜ ਵਿਚ ਲੇਟੇ ਪਏ ਨੇ। ਮੱਝੀਆਂ ਨੇ ਵਾੜ ਤੋੜੀ, ਸਾਰੀਆਂ ਹੀ ਮੱਝਾਂ ਜਿਹੜੀਆਂ ਵੀਹ-ਪੱਚੀ ਜਾਂ ਤੀਹ ਚਾਲੀ ਸੀ, ਸਾਰੀਆਂ ਖੇਤ ਵਿਚ ਵੜ ਗਈਆਂ। ਸਾਰਾ ਹੀ ਖੇਤ ਚੁਗ ਲਿਆ। ਇਕੱਲਾ ਖੇਤ ਸੀ, ਸਾਰਾ ਹੀ ਡੁੰਡ ਬਣਾ ਦਿਤਾ ਖੇਤ। ਆਰਾਮ ਨਾਲ ਬੈਠ ਕੇ ਉਗਾਲੀ ਕਰਨ ਲਗ ਗਈਆਂ। ਰਹਿੰਦਾ ਖੂੰਗਦਾ ਮਿੱਧ ਦਿਤਾ। ਉਧਰੋਂ ਮਾਲਕ ਆ ਗਿਆ ਖੇਤ ਦਾ। ਮਾਲਕ ਨੇ ਆ ਕੇ ਦੇਖਿਆ ਕਿ ਇਹ ਤਾਂ ਮਹਿਤਾ ਕਾਲੂ ਦੀਆਂ ਮੱਝਾਂ ਨੇ। ਆਲੇ-ਦੁਆਲੇ ਦੇਖਿਆ ਤਾਂ ਗੁਰੂ ਨਾਨਕ ਆਪਣੀ ਮੌਜ ਵਿਚ ਪਏ ਨੇ। ਜਾ ਕੇ ਮੋਢੇ ਤੋਂ ਫੜ ਲਿਆ ਗੁਰੂ ਨਾਨਕ ਨੂੰ, ਕਹਿੰਦੇ ਤੂੰ ਸੁੱਤਾ ਪਿਆ ਹੈਂ, ਆਹ ਦੇਖ ਕੀ ਹੋਇਆ ਹੈ ਖੇਤ ਦਾ ਹਾਲ, ਮੈਂ ਗਰੀਬ ਆਦਮੀ ਹਾਂ। ਮੈਂ ਪੁਕਾਰ ਕਰੂੰ, ਮੈਂ ਹਰਜ਼ਾਨਾ ਭਰਾਵਾਂਗਾ ਤੇਰੇ ਤੋਂ। ਮੇਰੀ ਤਾਂ ਸਾਰੀ ਖੇਤੀ ਖਾ ਲਈ। ਗੁਰੂ ਨਾਨਕ ਚੁੱਪ। ਮੋਢੇ ਤੋਂ ਫੜ ਕੇ ਧੂਹੀ ਜਾਂਦਾ ਹੈ ਗੁਰੂ ਨਾਨਕ ਨੂੰ। ਚਲਿਆ ਗਿਆ, ਰਾਏ ਬੁਲਾਰ ਦੇ ਦਰਵਾਜ਼ੇ ਤੇ ਖੜ੍ਹਾ ਹੋ ਕੇ ਉਚੀ-ਉਚੀ ਰੋਣ ਲਗ ਗਿਆ। ਕਹਿਣ ਲੱਗਿਆ, ਰਾਏ ਜੀ! ਮੇਰਾ ਇਨਸਾਫ਼ ਕਰੋ। ਮੈਂ ਗਰੀਬ ਆਦਮੀ ਹਾਂ। ਇਹ ਤੇਰੇ ਕਾਲ ਦਾਸ ਦਾ ਪੁੱਤਰ, ਨਾਨਕ ਜਿਸ ਨੂੰ ਲੋਕ ਦੀਵਾਨਾ ਕਹਿੰਦੇ ਨੇ। ਮੱਝੀਆਂ ਚਾਰਨ ਤੇ ਲਾਇਆ ਹੋਇਆ ਹੈ ਮਹਿਤੇ ਨੇ। ਮੇਰਾ ਸਾਰਾ ਖੇਤ ਖਾ ਗਈਆਂ ਮੱਝਾਂ। ਮੇਰਾ ਹਰਜ਼ਾਨਾ ਦਿਵਾਓ। ਪੁਕਾਰ ਕਰੀ ਜਾਂਦਾ ਹੈ। ਰਾਏ ਬਾਹਰ ਨੂੰ ਤੁਰਿਆ ਆਉਂਦਾ ਹੈ, ਆ ਕੇ ਮੰਜੇ ਤੇ ਬੈਠ ਗਿਆ। ਹੋਰ ਵੀ ਆ ਗਏ, ਪੰਚ ਵੀ ਮੰਗਾ ਲਏ। ਕਹਿਣ ਲੱਗੇ ਕਿ ਦੇਖੋ, ਮੈਂ ਇਨਸਾਫ ਕਰਨਾ ਹੈ, ਭਾਵੇਂ ਮੇਰਾ ਹੀ ਬੰਦਾ ਹੈ ਮਹਿਤਾ ਕਾਲੂ। ਜਾਓ ਬੁਲਾ ਕੇ ਲਿਆਓ ਓਸ ਨੂੰ। ਬੁਲਾ ਕੇ ਲੈ ਆਂਦਾ। ਕਹਿੰਦੇ ਮਹਿਤਾ ਜੀ! ਇਹ ਬੱਚਾ ਤੂੰ ਲਾਇਆ ਹੈ, ਮਸਤ ਬੱਚਾ ਹੈ, ਤੂੰ ਡੰਗਰ ਚਾਰਨ ਤੇ ਲਾ ਦਿਤਾ। ਇਹਨੇ ਡੰਗਰਾਂ ਦਾ ਕੁਛ ਨਹੀਂ ਦੇਖਿਆ, ਇਹ ਤਾਂ ਆਰਾਮ ਕਰ ਰਿਹਾ ਸੀ ਇਕ ਥਾਂ ਬੈਠਾ। ਡੰਗਰ ਇਹਦੀ ਸਾਰੀ ਫਸਲ ਖਾ ਗਏ। ਉਹ ਦੁਹਾਈ ਮਚਾਉਂਦਾ ਹੈ ਕਿ ਮੇਰੀ ਤਾਂ ਇਕ ਦਾਲ ਵੀ ਨਹੀਂ ਬਚੀ। ਕਹਿੰਦਾ ਰਹਿੰਦਾ ਖੂੰਹਦਾ ਮੱਝਾਂ ਉਤੇ ਬੈਠੀਆਂ ਉਗਾਲੀ ਕਰ ਰਹੀਆਂ ਨੇ। ਸਾਰੀਆਂ ਮੇਰੇ ਖੇਤ ਵਿਚ ਬੈਠੀਆਂ ਨੇ, ਮੈਂ ਹੁਣੇ ਛੱਡ ਕੇ ਆ ਰਿਹਾ ਹਾਂ। ਪੰਚਾਇਤ ਇਕੱਠੀ ਕਰ ਲਈ ਰਾਇ ਨੇ। ਕਹਿੰਦੇ ਜਾਓ ਹਰਜਾਨਾ ਵੀ ਲੱਗੇਗਾ, ਜੁਰਮਾਨਾ ਵੀ ਲੱਗੇਗਾ, ਦੋਵੇਂ ਚੀਜ਼ਾਂ ਹੋਣਗੀਆਂ। ਜੁਰਮਾਨਾ ਇਸ ਗੱਲ ਦਾ ਕਿ ਖੇਤ ਕਿਉਂ ਖੁਆਇਆ। ਹਰਜਾਨਾ ਇਸ ਗੱਲ ਦਾ ਕਿ ਇਹਦੀ ਸਾਰੀ ਫਸਲ

ਖਾ ਲਈ। ਜਾ ਕੇ ਭੇਜ ਦਿਤੇ, ਪੰਚ ਚਲੇ ਗਏ ਕਣਕੂਤ ਕਰਨ। ਹਿਸਾਬੀ-ਕਿਤਾਬੀ ਨੂੰ ਨਾਲ ਲੈ ਗਏ। ਖੇਤ ਨਹੀਂ ਲੱਭਦਾ। ਮੱਝਾਂ ਬੈਠੀਆਂ ਨੇ, ਖੇਤ ਦੇ ਬਾਹਰ। ਖੇਤ ਲੱਭਦਾ ਨਹੀਂ ਕਹਿੰਦੇ ਕਿਹੜਾ ਖੇਤ ਹੈ ਜਿਹੜਾ ਖਾ ਲਿਆ। ਵਾਪਸ ਆ ਗਏ, ਕਹਿੰਦੇ ਮਹਿਤਾ ਜੀ! ਜਾਂ ਤਾਂ ਸਾਨੂੰ ਇਹ ਦੱਸੇ ਕਿ ਕਿਹੜਾ ਖੇਤ ਖਾਇਆ ਹੈ। ਕਹਿੰਦਾ ਜਿਹੜਾ ਬਰੋਟੇ ਦੇ ਪਰਲੇ ਪਾਸੇ ਹੈ। ਉਹ ਮੇਰਾ ਖੇਤ ਹੈ, ਕਹਿੰਦੇ ਉਥੇ ਤਾਂ ਇਕ ਤਿਣਕਾ ਵੀ ਨਹੀਂ ਟੁੱਟਿਆ ਹੋਇਆ। ਉਹ ਕਹਿੰਦਾ ਕਿ ਤੁਸੀਂ ਪੱਖ ਕਰਦੇ ਓਂ ਇਹਦਾ। ਤੁਸੀਂ ਪੰਚ ਵੀ ਗਲਤ ਹੋ ਗਏ, ਨਾਨਕ ਦਾ ਪੱਖ ਕਰਦੇ, ਮਹਿਤਾ ਜੀ ਦਾ ਪੱਖ ਕਰਦੇ ਓਂ। ਉਹ ਕਹਿੰਦੇ ਨਾ, ਜਦ ਅਸੀਂ ਪੰਚ ਹਾਂ ਪੰਚ ਰੱਬ ਵਰਗੇ ਹੁੰਦੇ ਨੇ। ਪੱਖ ਦਾ ਸਵਾਲ ਹੀ ਨਹੀਂ ਭਾਈ, ਤੂੰ ਦੱਸ ਸਾਨੂੰ ਚੱਲ ਕੇ ਦੱਸ। ਨਾਲ ਚੱਲ ਸਾਡੇ। ਮਹਿਤਾ ਜੀ ਨੂੰ ਵੀ ਨਾਲ ਲੈ ਲੈਂਦੇ ਹਾਂ।

ਰਾਏ ਨੇ ਕਹਿ ਦਿਤਾ ਕਿ ਜਾਓ ਬੇਇਨਸਾਫੀ ਨਹੀਂ ਕਰਨੀ, ਪੂਰਾ ਤੋਲੋ। ਨਾਲ ਲੈ ਕੇ ਜਾਂਦੇ ਨੇ। ਭੁਵੰਤਰਿਆਂ ਵਾਂਗਣ ਝਾਕਦਾ ਹੈ, ਕਹਿੰਦਾ ਖੇਤ ਤਾਂ ਆਹੀ ਸੀਗਾ। ਕਹਿੰਦੇ ਖਾਧਾ ਹੋਇਆ ਤਾਂ ਫੇਰ ਹੈ ਨਹੀਂ, ਤੂੰ ਆਪ ਦੱਸ ਕੋਈ ਡਾਲ ਖਾਧਾ ਹੋਵੇ? ਹੈਰਾਨ ਹੋਈ ਜਾਂਦਾ ਹੈ, ਕੰਨਾਂ ਨੂੰ ਹੱਥ ਲਾਉਂਦਾ ਹੈ। ਕਹਿੰਦਾ ਮੇਰੀ ਨਿਗ੍ਹਾ ਤਾਂ ਨਹੀਂ ਬੰਨ੍ਹੀਂ ਹੈ, ਤੁਹਾਡੀ ਨਹੀਂ ਬੰਨ੍ਹੀ ਹੱਥ ਲਾ ਕੇ ਦੇਖਦਾ ਹੈ। ਕਹਿੰਦਾ ਇਹ ਤਾਂ ਸਾਰਾ ਹੀ ਖਾਧਾ ਹੋਇਆ ਸੀ ਇਕ ਨਹੀਂ ਬਚਿਆ। ਕਹਿੰਦੇ ਰਾਏ ਜੀ ਅਸੀਂ ਸਭ ਕੁਝ ਦੇਖ ਲਿਆ। ਇਹ ਦੱਸ ਨਹੀਂ ਰਿਹਾ ਕੋਈ ਗੱਲ ਵੀ। ਇਹ ਜਿਹੜਾ ਕਹਿੰਦਾ ਹੈ ਖੇਤ ਖਾ ਲਿਆ, ਖੇਤ ਦਾ ਤਾਂ ਇਕ ਡਾਲ ਵੀ ਨਹੀਂ ਟੁੱਟਿਆ ਹੋਇਆ। ਮੱਝਾਂ ਤਾਂ ਬਾਹਰ ਬੈਠੀਆਂ ਉਗਾਲੀ ਕਰਦੀਆਂ ਨੇ। ਉਸ ਵੇਲੇ ਕਹਿਣ ਲੱਗਿਆ ਮੈਨੂੰ ਨਹੀਂ ਕੁਛ ਪਤਾ ਲਗ ਰਿਹਾ ਕਿ ਕੀ ਹੋ ਰਿਹਾ ਹੈ, ਕੀ ਹੁਣ ਨਹੀਂ ਹੋ ਰਿਹਾ। ਮੈਂ ਤਾਂ ਉਥੇ ਦੇਖ ਕੇ ਆਇਆ ਸੀ ਅੱਖਾਂ ਨਾਲ।

ਗੁਰੂ ਨਾਨਕ ਚੁੱਪ ਖੜ੍ਹੇ ਨੇ, ਕੋਈ ਬਚਨ ਨਹੀਂ ਕਰ ਰਹੇ। ਐਉਂ ਖੜ੍ਹੇ ਨੇ ਜਿਵੇਂ ਕੋਈ ਦੋਸ਼ੀ ਖੜ੍ਹਿਆ ਹੁੰਦਾ ਹੈ, ਨਿਗ੍ਹਾ ਉਤੇ ਨੂੰ ਹੈ, ਗਹਿਰੀ ਨਿਗ੍ਹਾ ਹੈ। ਮੂੰਹ ਦੇ ਉਤੇ ਜਲਾਲ ਹੈ ਤੇ ਇਕ ਝਿੜਕ ਹੈ ਮੂੰਹ ਦੇ ਉਤੇ ਸਾਰਿਆਂ ਦੇ। ਅੰਦਰੋਂ ਹੀ ਕਹਿ ਰਹੇ ਨੇ ਕਿ ਰੱਬ ਦੇ ਨਮਿਤ ਖਾਧਾ ਹੋਇਆ ਵੀ ਕਿਤੇ ਘਟਦਾ ਹੈ। ਪ੍ਰਮੇਸ਼ਰ ਦੇ ਨਮਿੱਤ ਦਿਤਾ ਹੋਇਆ ਵੀ ਕਦੇ ਘਟਦਾ ਹੈ। ਵਧਦਾ ਹੈ, ਇਕ ਸਬਕ ਸਿਖਾਇਆ ਉਨ੍ਹਾਂ ਨੇ। ਗੁਰੂ ਨਾਨਕ ਜਦ ਮੋਦੀਖਾਨੇ ਵਿਚ ਨੇ, ਆਪ ਉਸ ਥਾਂ ਦੇ ਵੱਡੇ ਆਫ਼ੀਸਰ ਸੀਗੇ। ਅੱਠ ਵਜ਼ੀਰ ਹੋਇਆ ਕਰਦੇ ਸੀ, ਖਾਨ-ਏ-ਖਾਨਾ, ਵਜ਼ੀਰ-ਏ-ਆਜ਼ਮ, ਇਕ ਦੀਵਾਨ-ਏ-ਆਜ਼ਮ ਹੋਇਆ ਕਰਦਾ ਹੈ, ਜਿਹਨੂੰ ਫਾਇਨੈਂਸ ਮਨਿਸਟਰ ਕਹਿੰਦੇ ਹੁੰਦੇ। ਇਕ ਬਖਸ਼ੀ ਹੋਇਆ ਕਰਦਾ ਸੀ ਜਿਹਨੂੰ ਸੈਨਾਪਤੀ ਕਹਿੰਦੇ ਨੇ। ਇਕ ਵਜ਼ੀਰ ਨੂੰ ਮੋਦੀ ਕਹਿੰਦੇ ਸੀ, ਜਿਹੜਾ ਰਾਸ਼ਨ ਦਾ ਸਿਵਲ ਸਪਲਾਈ ਦਾ ਅੱਜਕਲ੍ਹ ਵਜ਼ੀਰ ਹੈ ਨਾ, ਉਹ ਹੋਇਆ ਕਰਦਾ ਹੈ। ਗੁਰੂ ਨਾਨਕ ਆਪਣੀ ਮੌਜ ਨਾਲ ਚਲੇ ਜਾਂਦੇ ਸੀ, ਜਿਥੇ ਵੱਡਾ ਸਟੋਰ ਸੀ। 13 ਤੋਂ ਜ਼ਿਆਦਾ ਕਦੇ ਚੌਦਾਂ ਨਹੀਂ ਸੀ ਕਿਹਾ। ਚਾਹੇ ਸਾਰਾ ਸ਼ਹਿਰ ਲੈ ਜਾਵੇ।

ਜਦੋਂ ਆਪ ਨੇ ਵੇਈਂ ਨਦੀ 'ਚ ਚੁੱਭੀ ਮਾਰੀ, ਉਸ ਵੇਲੇ ਸ਼ਿਕਾਇਤ ਹੋਈ ਕਿ ਨਾਨਕ ਤਾਂ ਡੁੱਬਿਆ ਵੇਈਂ 'ਚ ਕਿਉਂਕਿ ਉਹ ਤੇਰ੍ਹਾਂ ਹੀ ਤੇਰ੍ਹਾਂ ਕਰੀ ਗਿਆ। ਚੌਦਾਂ ਗਿਣੀ ਹੀ ਨਹੀਂ। ਇਥੇ ਤਾਂ ਹਜ਼ਾਰਾਂ ਬੰਦੇ ਝੋਲੀਆਂ ਭਰ ਕੇ ਲੈ ਗਏ। ਤੇਰ੍ਹਾਂ ਤੋਂ ਅੱਗੇ ਧੜੀ ਹੀ ਨਹੀਂ ਗਿਣੀ। ਜੇ ਤੇਰ੍ਹਾਂ-ਤੇਰ੍ਹਾਂ ਕਰਦੇ ਆਪੇ ਹੀ ਕੱਪੜਾ ਖਿੱਚ ਲਿਆ, ਦੂਜਾ ਵਿਛਾ ਦਿਤਾ, ਉਹਦੇ ਤੇਰ੍ਹਾਂ ਹੀ ਤੇਰ੍ਹਾਂ ਕਰੀ ਜਾਣੈ। ਇਕ ਤੋਂ ਨਹੀਂ ਸੀ ਗਿਣਦਾ। ਮੋਦੀਖਾਨਾ ਸਾਰਾ ਲੁਟਾ ਦਿਤਾ ਤੇ ਹੁਣ ਨਦੀ 'ਚ ਜਾ ਕੇ ਡੁੱਬ ਗਿਆ। ਨਵਾਬ ਕਹਿਣ ਲੱਗਿਆ, ਤਾਲੇ ਮਾਰ ਦਿਓ। ਸੀਲ ਕਰ ਦਿਓ ਸਟੋਰਾਂ ਨੂੰ ਤੇ ਜੈ ਰਾਮ ਜੀ ਨੂੰ ਬੁਲਾਓ। ਨਰਾਜ਼ ਹੋ ਗਿਆ ਦੌਲਤ ਖਾਨ। ਕਹਿਣ ਲੱਗਿਆ, ਜੈ ਰਾਮ ਇਹ ਜੋ ਤੇਰਾ ਰਿਸ਼ਤੇਦਾਰ ਹੈ ਉਹ ਮਸਤਾਨਾ ਹੋ ਗਿਆ, ਮਸਤਾਨਾ ਹੋ ਕੇ ਜਦ ਉਹਦਾ ਦਿਮਾਗ ਖਰਾਬ ਹੋਇਆ ਸੀ, ਤਾਂ ਤੂੰ ਦੇਖਦਾ ਕਿ ਇਹ ਲੁਟਾਈ ਜਾਂਦਾ ਹੈ ਮੇਰਾ ਮੋਦੀਖਾਨਾ। ਮੈਂ ਹੁਣ ਹਿਸਾਬ ਕਿਤਾਬ ਲਵਾਂਗਾ। ਮੇਰਾ ਹਿਸਾਬ ਪੂਰਾ ਦਿਓ। ਹੁਕਮ ਦੇ ਦਿਤਾ ਕਿ ਇਹਨੂੰ ਕੈਦ ਕਰੋ। ਗੁਰੂ ਨਾਨਕ ਬਾਹਰ ਆ ਜਾਂਦੇ ਨੇ, ਇਕੋ ਕਹਿੰਦੇ ਨੇ ਕਿ 'ਨਾ ਕੋਈ ਹਿੰਦੂ ਨਾ ਮੁਸਲਮਾਨ, ਅੱਲਾਹ ਰਾਮ ਕੇ ਪਿੰਡ ਪਰਾਨ' ਕੋਈ ਬਚਨ ਨਹੀਂ ਕਰਦੇ। ਉਸ ਵੇਲੇ ਗੁਰੂ ਨਾਨਕ ਨੂੰ ਵੀ ਲਿਆ ਕੇ ਅੰਦਰ ਬੰਦ ਕਰ ਦਿਤਾ। ਲੇਖਾ ਪੱਤਾ ਹੋਣਾ ਸ਼ੁਰੂ ਹੋ ਗਿਆ। ਗੁਰੂ ਨਾਨਕ ਦੇ 782 ਰੁਪਏ ਵੱਧ ਨਿਕਲੇ। 782 ਦੇ, ਉਸ ਵੇਲੇ 1 ਰੁਪਈਏ ਦੇ ਚਾਰ ਕੁਇੰਟਲ ਛੋਲੇ ਆਉਂਦੇ ਸੀ ਤੇ ਹੁਣ ਆਉਂਦੇ ਨੇ ਤਿੰਨ ਹਜ਼ਾਰ ਦੇ। ਇਹਦਾ ਮਤਲਬ ਹੈ ਇਕ ਰੁਪਈਆ ਗੁਰੂ ਨਾਨਕ ਦਾ ਅੱਜ ਦੇ ਤਿੰਨ ਹਜ਼ਾਰ ਦੇ ਬਰਾਬਰ ਨਿਕਲਿਆ। 782 ਦੇਖ ਲਓ ਕਿੰਨਾ ਹੋ ਗਿਆ। ਅੱਜ ਦੇ 20 ਲੱਖ ਦੇ ਕਰੀਬ, ਗੁਰੂ ਨਾਨਕ ਦਾ ਵਾਧੂ ਨਿਕਲਿਆ ਲੇਖਾ। ਗੁਰੂ ਨਾਨਕ ਨੂੰ ਪੁਛਿਆ ਕਿ ਤੇਰਾ ਐਨਾ ਰੁਪਈਆ ਵਧ ਗਿਆ, ਕਹਿੰਦੇ ਦੇ ਦਿਓ ਗਰੀਬਾਂ ਨੂੰ, ਲੁਟਾ ਦਿਓ ਸਾਰਾ ਗਰੀਬਾਂ ਨੂੰ। ਲੁਟਾ ਦਿਓ ਸਾਰਾ ਗਰੀਬਾਂ, ਸਹੁਰਾ ਉਨ੍ਹਾਂ ਦਾ ਰੌਲਾ ਪਾਉਂਦਾ ਫਿਰਦਾ ਹੈ ਕਿ ਐਨਾ ਰੁਪਿਆ ਲੁਟਾ ਦਿਓ, ਬੱਚੇ ਕੀ ਖਾਣਗੇ। ਗੁਰੂ ਨਾਨਕ ਦੱਸਦਾ ਹੈ ਪ੍ਰਮੇਸ਼ਰ ਦੇ ਰਾਹ ਤੇ ਦਿਤਾ ਹੋਇਆ, ਵਧਿਆ ਕਰਦਾ ਹੈ ਕਦੇ ਘਟਿਆ ਨਹੀਂ ਕਰਦਾ। ਪ੍ਰਮੇਸ਼ਰ ਦੇ ਨਮਿੱਤ ਦਿਤਾ ਹੋਇਆ ਜੇ ਕਮਾਈ ਵਧਾਉਣੀ ਹੈ, ਪ੍ਰਮੇਸ਼ਰ ਦੇ ਨਮਿੱਤ ਦਾਨ ਕਰੋ, ਲੰਗਰਾਂ 'ਚ ਕਰੋ, ਘਟੇਗਾ ਨਹੀਂ ਕਦੇ। ਵਾਧਾ ਹੀ ਵਾਧਾ ਹੁੰਦਾ ਚਲਿਆ ਜਾਏਗਾ।

***ਖਾਵਹਿ ਖਰਚਹਿ ਰਲਿ ਮਿਲਿ ਭਾਈ॥***
***ਤੋਟਿ ਨ ਆਵੈ ਵਧਦੋ ਜਾਈ॥*** ***ਅੰਗ - 186***

ਸੋ ਮੱਝੀਆਂ ਦਾ ਖਾਧਾ ਹੋਇਆ ਕੀ ਹੋਣਾ ਸੀ। ਉਹ ਤਾਂ ਆਪ ਨਿਰੰਕਾਰ ਸਬਕ ਦੇਣ ਆਇਆ ਸੀ ਸਾਨੂੰ। ਕੋਈ ਨਹੀਂ ਜਾਣਦੇ ਅਸੀਂ ਉਸਦੀ ਲੀਲਾ ਨੂੰ।

***ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥***
***ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥***
***ਅੰਗ - 726***

ਜ਼ਿੰਦਗੀ ਦੇ ਅੰਦਰ ਅਨੇਕ ਛੋਟੀਆਂ-ਛੋਟੀਆਂ ਸਾਖੀਆਂ ਨੇ। ਹਰ ਸਾਖੀ

ਦੇ ਵਿਚ ਵੱਡਾ ਭਾਰਾ ਉਪਦੇਸ਼ ਹੈ।

ਗੁਰੂ ਨਾਨਕ ਹੋਰ ਥੋੜ੍ਹੇ ਜਿਹੇ ਵੱਡੇ ਹੋਏ। ਉਸ ਵੇਲੇ ਮਹਿਤਾ ਜੀ ਨੇ ਭਾਈਚਾਰੇ ਨਾਲ ਵਿਚਾਰ ਕਰਕੇ ਦਿਨ ਰੱਖ ਲਿਆ। ਕਹਿਣ ਲੱਗੇ ਅਸੀਂ ਖੱਤਰੀ ਹਾਂ ਜਦ ਤਕ ਜੰਞੂ ਨਹੀਂ ਗਲ ਵਿਚ ਪਾਉਂਦੇ, ਇਕ ਰੀਤ ਨਹੀਂ ਕਰਦੇ, ਓਨੀਂ ਦੇਰ ਤੱਕ ਇਹ ਤਾਂ ਵੇਤਗਾ ਰਹੇਗਾ। ਇਹਦੇ ਨਾਲ ਕਿਸੇ ਨੇ ਖਾਣਾ ਨਹੀਂ, ਕਿਸੇ ਨੇ ਵਰਤਣਾ ਨਹੀਂ। ਕਿਉਂਕਿ ਉਸ ਵੇਲੇ ਮੰਤਰ ਪੜ੍ਹਿਆ ਜਾਂਦਾ ਸੀ, ਜਿਸ ਵਕਤ ਜਨੇਊ ਪਾਉਂਦੇ ਸੀ।

***ਯਗੋਅ ਪਵੀਤ ਪਰਮ ਪਵਿੱਤਮੰ॥।***

ਐਉਂ ਪੜ੍ਹ ਪੜ੍ਹ ਕੇ ਪੜ੍ਹੀ ਜਾਂਦਾ ਸੀ ਪੰਡਤ ਤੇ ਗਲ ਵਿਚ ਪਾਉਂਦਾ ਸੀ ਕਿ ਪਰਮ ਪਵਿੱਤਰ ਹੋ ਗਿਆ ਤੂੰ ਹੁਣ ਧਾਗਾ ਪਾ ਲਿਆ ਗਲ ਵਿਚ।

ਦੇਖੋ ਕਿਹੋ ਜਿਹੀ ਗੁਰੂ ਨਾਨਕ ਨੇ ਰਮਜ਼ ਮਾਰੀ। ਸਾਰਾ ਭਾਈਚਾਰਾ ਕਹੀ ਜਾਂਦਾ ਹੈ ਕਿ ਪਰਮ ਪਵਿੱਤਰ ਹੋ ਗਿਆ। 'ਯਗੋਅ ਪਵੀਤ ਪਰਮ ਪਵਿਤਰੰ'। ਗੁਰੂ ਨਾਨਕ ਮੁਸਕਰਾ ਰਹੇ ਨੇ ਕਹਿੰਦੇ ਪਾਧਾ ਜੀ, ਇਹ ਕੀ ਕਰਨ ਲੱਗੇ ਓਂ। ਹੁਣ ਕੁਲ ਪਰੋਹਤ ਸੀ, ਗੱਲਾਂ ਸਾਰੀਆਂ ਸੁਣੀਆਂ ਹੋਈਆਂ ਸੀ। ਸਿਆਣੇ ਬੰਦੇ ਸੋਚ ਕੇ ਗੁਰੂ ਨਾਨਕ ਨਾਲ ਗੱਲ ਕਰਦੇ ਸੀ ਕਿ ਇਹਨੇ ਇਥੇ ਹੀ ਕਾਟ ਕਰ ਦੇਣੀ ਹੈ। ਸਾਡੀ ਇੱਜ਼ਤ ਰਹਿ ਜਾਵੇ, ਗੁਰੂ ਨਾਨਕ ਦੀ ਖੁਸ਼ੀ ਲੈ ਆਈਏ, ਕਿਸੇ ਹਾਸੋ-ਹੀਣੇ ਨਾ ਹੋ ਜਾਈਏ ਕਿਉਂਕਿ ਗੁਰੂ ਨਾਨਕ ਦੇ ਸਾਮ੍ਹਣੇ ਹਾਲੇ ਤੱਕ ਕੋਈ ਨਹੀਂ ਸੀ ਆਇਆ। ਜਿਹੜਾ ਗੁਰੂ ਨਾਨਕ ਨੂੰ ਕੋਈ ਮੱਤ ਦੇ ਸਕਦਾ ਹੋਵੇ। ਤਿਆਰੀ ਹੋ ਗਈ, ਭਾਈਚਾਰਾ ਆ ਗਿਆ ਸਾਰਾ। ਗੁਰੂ ਨਾਨਕ ਨੂੰ ਚੌਂਕੀ ਤੇ ਬਿਠਾ ਦਿਤਾ ਤੇ ਜਨੇਊ ਵੱਟਣਾ ਸ਼ੁਰੂ ਹੋ ਗਿਆ। ਜਿਸ ਵਕਤ ਵੱਟ ਲਿਆ, ਉਸ ਵੇਲੇ ਗੁਰੂ ਨਾਨਕ ਦੇ ਗਲ 'ਚ ਪਾਉਣ ਲੱਗੇ, ਗੁਰੂ ਨਾਨਕ ਨੇ ਉਤੇ ਹੱਥ ਕਰ ਲਿਆ ਕਹਿੰਦੇ ਇਹ ਕੀ ਕਰਦੇ ਓਂ? ਕਹਿੰਦੇ ਜਨੇਊ ਪਾ ਰਹੇ ਹਾਂ, ਕਿਉਂਕਿ ਤੁਸੀਂ ਪਰਮ ਪਵਿੱਤਰ ਹੋ ਜਾਓਂਗੇ।

ਮਹਾਰਾਜ ਕਹਿਣ ਲੱਗੇ, ਪੰਡਤ ਜੀ! ਆਹ ਧਾਗਾ ਪਾ ਕੇ ਮੈਂ ਪਵਿੱਤਰ ਹੋ ਜਾਵਾਂਗਾ? ਇਹ ਤਾਂ ਮੈਨੂੰ ਸਮਝਾਓ ਪਹਿਲਾਂ ਕਿ ਧਾਗਾ ਪਾ ਕੇ ਕਿਵੇਂ ਪਵਿੱਤਰ ਹੋ ਜਾਵਾਂਗਾ। ਕ੍ਰੋੜਾਂ ਜਨਮਾਂ ਦੇ ਪਾਪ ਏਸ ਧਾਗੇ ਨਾਲ ਲਹਿ ਜਾਣਗੇ? ਤੁਸੀਂ ਤਾਂ ਕਹਿੰਦੇ ਓਂ ਪਰਮ ਪਵਿੱਤਰ ਹੋ ਜਾਏਗਾ। ਮਾੜਾ ਮੋਟਾ ਪਵਿਤਰ ਵੀ ਨਹੀਂ ਕਹਿੰਦੇ। ਜਨੇਊ ਪਾਉਣ ਵਾਲਾ ਪਾਧਾ ਠਠੰਬਰ ਗਿਆ ਕਿ ਲੈ ਬਈ ਹੁਣ ਤਾਂ ਗੱਲ ਮੇਰੇ ਤੇ ਆ ਗਈ। ਕਹਿੰਦਾ ਨਾਨਕ ਜੀ! ਇਹ ਜਨੇਊ ਪਾ ਕੇ ਦੂਜਾ ਜਨਮ ਹੋ ਜਾਂਦਾ ਹੈ, ਪਵਿੱਤਰ ਜਨਮ। ਪਹਿਲੇ ਜਨਮ ਦੇ ਪਾਪ ਖਤਮ ਹੋ ਜਾਂਦੇ ਨੇ, ਹੁਣ ਤੂੰ ਜਨੇਊ ਪਾ ਲਿਆ। ਅਸੀਂ ਵੀ ਇਹੀ ਕਹਿੰਦੇ ਹਾਂ ਕਿ ਹੁਣ ਤੂੰ ਅੰਮ੍ਰਿਤ ਛਕ ਲਿਆ, ਤੇਰੇ ਸਾਰੇ ਪਾਪ ਪਹਿਲੇ ਖਤਮ। ਗੱਲ ਤਾਂ ਉਥੇ ਹੀ ਆਉਂਦੀ ਹੈ। ਵਿਚਾਰ ਨਾਲ ਗੱਲ ਸੋਚਣੀ ਚਾਹੀਦੀ ਹੈ, ਪਾਪ ਖਤਮ ਹੁੰਦੇ ਨੇ ਨਾਮ ਜਪਣ ਨਾਲ।

*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥* *ਅੰਗ - 4*

ਮੈਲ ਲੱਗੀ ਹੋਈ ਹੈ ਮਨ ਨੂੰ। ਫੇਰ ਤਾਂ ਸੌਖਾ ਹੀ ਕੰਮ ਹੈ ਕਿ ਫਲਾਣੇ ਰੰਗ ਦੇ ਕੱਪੜੇ ਪਾ ਲੈ, ਤੇਰੇ ਪਾਪ ਖਤਮ। ਜੈਨੀ ਕਹਿੰਦੇ ਬਾਲ ਇਕੱਲਾ-ਇਕੱਲਾ ਪੁਟਾ ਲੈ, ਅਬ ਦੁਖ ਫਿਰ ਸੁਖ। ਪੰਜ ਦੱਸ ਬਹਿ ਜਾਂਦੇ ਨੇ। ਇਕ-ਇਕ ਬਾਲ ਫੜੀ ਜਾਂਦੇ ਨੇ, ਜ਼ੋਰ ਦੀ ਝਟਕਾ ਮਾਰਦੇ ਨੇ, ਉਹ ਪਿਆ ਚੀਕਾਂ ਮਾਰੀ ਜਾਵੇ। 'ਕਹਿੰਦੇ ਨੇ 'ਅਬ ਦੁਖ ਫਿਰ ਸੁਖ, ਅਬ ਦੁਖ ਫਿਰ ਸੁਖ।' ਐਨ ਗੰਜਾ ਬਣਾ ਦਿੰਦੇ ਨੇ। ਕਹਿੰਦੇ ਤੇਰੇ ਪਾਪ ਸਭ ਖਤਮ।

ਮਹਾਰਾਜ ਨਹੀਂ ਮੰਨਦੇ, ਮਹਾਰਾਜ ਕਹਿੰਦੇ ਬਿਲਕੁਲ ਗਲਤ ਨਿਹਚਾ ਹੈ। ਪਾਪ ਖਤਮ ਹੋਣੇ ਨੇ ਨਾਮ ਜਪਣ ਨਾਲ। ਧਾਗੇ ਪਾਇਆਂ ਤੇ ਨਹੀਂ ਪਾਪ ਖਤਮ ਹੁੰਦੇ, ਟਿੱਕੇ ਲਾਇਆਂ ਤੇ ਨਹੀਂ ਪਾਪ ਖਤਮ ਹੁੰਦੇ। ਸੁੰਨਤ ਤੇ ਕਹਿੰਦੇ ਨੇ ਤੇਰੇ ਪਾਪ ਸਭ ਖਤਮ, ਹੁਣ ਤੂੰ ਕਲਮਾ ਪੜ੍ਹ ਲਿਆ, ਹੁਣ ਮੁਹੰਮਦ ਸਾਹਿਬ ਖੜ੍ਹੇ ਹੋਏ ਨੇ ਰੱਬ ਕੋਲ, ਤੈਨੂੰ ਦੋਜਕ ਵਿਚ ਨਹੀਂ ਉਨ੍ਹਾਂ ਨੇ ਜਾਣ ਦੇਣਾ। ਆਹ ਗੁਰੂ ਨਾਨਕ ਸਾਹਿਬ ਦੇ ਸਾਮ੍ਹਣੇ ਕਾਲੇ ਭਰੋਸੇ ਸੀਗੇ, ਹਨ੍ਹੇਰੇ ਦੇ ਭਰੋਸੇ ਸੀਗੇ, ਜਿਨ੍ਹਾਂ ਨੂੰ ਜਾ ਕੇ ਇਕੱਲਾ-ਇਕੱਲਾ ਖੰਡਨ ਕਰਨਾ ਪਿਆ, ਕਹਿੰਦੇ ਨਾਨਕ ਜੀ! ਤੁਸੀਂ ਜਨੇਊ ਪਾਉਣਾ ਨਹੀਂ, ਕਹਿੰਦੇ ਪਾਉਣਾ ਹੈ। ਪਰ ਤੂੰ ਜਨੇਊ ਦੇ ਦੇ। ਇਹ ਝੂਠਾ ਜਨੇਊ ਨਹੀਂ ਮੈਂ ਪਾਉਣਾ। ਜਦੋਂ ਸਰੀਰ ਛੱਡ ਦੇਈਦਾ ਹੈ ਪੰਡਤ ਜੀ, ਫੇਰ ਜਨੇਊ ਨਾਲ ਜਾਂਦਾ ਹੈ ਕਿ ਇਥੇ ਹੀ ਰਹਿ ਜਾਂਦਾ ਹੈ। ਕਹਿੰਦਾ ਉਹ ਤਾਂ ਜਲ ਜਾਂਦਾ ਹੈ। ਕਹਿੰਦੇ ਜਦੋਂ ਇਹ ਟੁੱਟ ਜਾਂਦਾ ਹੈ ਫੇਰ? ਕਹਿੰਦਾ ਫੇਰ ਤਾਂ ਆਪੇ ਹੀ ਵੱਟ ਕੇ ਪਾ ਲਈਦਾ ਹੈ, ਫੇਰ ਨਹੀਂ ਮੇਰੀ ਲੋੜ ਹੈਗੀ। ਇਕੋ ਵਾਰੀ ਪਾਈਦਾ ਹੁੰਦਾ ਹੈ। ਮਹਾਰਾਜ ਕਹਿੰਦੇ ਫੇਰ ਇਹਦਾ ਫਾਇਦਾ ਕੀ ਹੋਇਆ? ਜਿਹੜਾ ਟੁੱਟ ਜਾਵੇ ਤੇ ਜਲ ਜਾਵੇ। ਉਹ ਕਾਹਦਾ ਜਨੇਊ ਹੋਇਆ ਜਦੋਂ ਲਹਿ ਜਾਵੇ, ਫੇਰ ਪਾਪੀ ਬਣ ਜਾਵਾਂਗੇ ਅਸੀਂ, ਫੇਰ ਮੈਲ ਲਗ ਜਾਏਗੀ। ਹਾਂ, ਜਨੇਊ ਦੇਹ ਜੇ ਤੇਰੇ ਕੋਲ ਹੈਗਾ? ਕਹਿੰਦਾ ਕਿਹੋ ਜਿਹਾ ਨਾਨਕ, ਕਿਹੋ ਜਿਹੇ ਰੰਗ ਦਾ ਚਾਹੁੰਦਾ ਹੈਂ, ਕਿਹੜੇ ਧਾਗੇ ਦਾ ਚਾਹੁੰਦਾ ਹੈਂ, ਕੱਚੇ ਦਾ, ਪੱਕੇ ਧਾਗੇ ਦਾ? ਮਹਾਰਾਜ ਕਹਿੰਦੇ ਜੇ ਜਨੇਊ ਦੇਣਾ ਹੈ ਤਾਂ ਸੱਚ ਦਾ ਜਨੇਊ ਦੇਹ।

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥*
*ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥*
*ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥*
*ਅੰਗ - 471*

ਪੰਡਤ ਜੀ! ਮੈਂ ਜਨੇਊ ਨੂੰ ਨਿੰਦਦਾ ਨਹੀਂ, ਮਾੜਾ ਨਹੀਂ ਕਹਿੰਦਾ। ਪਾਉਣ ਵਾਸਤੇ ਤਿਆਰ ਹਾਂ। ਕਹਿਣ ਲੱਗੇ, ਨਾਨਕ! ਉਹ ਜਨੇਊ ਕਿਹੜਾ ਹੈ, ਜਿਹੜਾ ਤੂੰ ਪਾਉਣ ਵਾਸਤੇ ਤਿਆਰ ਹੈਂ? ਮਹਾਰਾਜ ਕਹਿੰਦੇ ਦਇਆ ਦੀ ਬਣਾ ਲੈ ਕਪਾਹ। ਇਹ ਧਾਗਾ ਨਹੀਂ ਮੈਨੂੰ ਚਾਹੀਦਾ। ਸੰਤੋਖ ਦਾ ਸੂਤ ਹੋਵੇ, ਜਤ ਦੀਆਂ ਗੰਢਾਂ ਦੇ ਦੇਵੇ ਤੇ ਸਤਿ ਦਾ ਵੱਟ ਦੇ। ਚਾਰ ਚੀਜ਼ਾਂ ਦੱਸੀਆਂ

ਨੇ ਮਹਾਰਾਜ ਨੇ। ਕਹਿੰਦੇ ਇਹ ਜਨੇਊ ਜੀਵ ਨੂੰ ਪਏਗਾ, ਜਿਹੜਾ ਇਹਦੇ ਵਿਚ ਰਹਿੰਦਾ ਹੈ, ਕਿਉਂਕਿ ਉਹਨੇ ਦਰਗਾਹ 'ਚ ਜਾਣਾ ਹੈ। ਆਹ ਸਰੀਰ ਨੇ ਤਾਂ ਜਾਣਾ ਨਹੀਂ, ਇਹਦੇ ਉਤੇ ਜਿੰਨਾ ਜੀਅ ਕਰਦਾ ਹੈ ਲਾ ਲੈ ਚੱਕਰ ਚੁੱਕਰ ਜਿਹੇ। ਕਿਹੋ ਜਿਹਾ ਹੀ ਭੇਖ ਧਾਰ ਲੈ। ਚਾਹੇ ਕਾਲੇ ਸਾਫੇ ਬੰਨ੍ਹ ਲੈ, ਚਾਹੇ ਚਿੱਟੇ ਬੰਨ੍ਹ ਲੈ। ਇਹ ਤਾਂ ਇਥੇ ਹੀ ਰਹਿ ਜਾਣੇ ਨੇ ਅਗਾਹਾਂ ਨਹੀਂ ਜਾਣੇ। ਭੇਖ ਹੈ ਇਹ, ਭੇਖ ਨਹੀਂ ਕਿਸੇ ਨੇ ਪੁੱਛਣਾ ਦਰਗਾਹ ਦੇ ਅੰਦਰ। ਉਥੇ ਤਾਂ ਕਰਨੀ ਜਾਣੀ ਹੈ ਕਿਰਦਾਰ ਜਾਣਾ ਹੈ ਕਿ ਸੰਸਾਰ ਵਿਚ ਕਿਵੇਂ ਰਿਹਾ ਸੀ ਤੂੰ। ਕਹਿੰਦੇ ਹੈਗਾ ਤੇਰੇ ਕੋਲ ਇਹ?

***ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥***
***ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥***
***ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥***
***ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥***

***ਅੰਗ - 471***

ਕਹਿੰਦੇ ਇਹ ਨਹੀਂ ਟੁੱਟਣਾ। ਕਹਿੰਦੇ ਨਾ ਇਹਨੇ ਮੈਲਾ ਹੋਣਾ ਹੈ, ਨਾ ਇਹਨੇ ਟੁੱਟਣਾ ਹੈ, ਨਾ ਜਲਣਾ ਹੈ, ਨਾ ਇਹ ਲਹਿਣਾ ਹੈ ਅੰਦਰਲੇ ਸੂਖਸ਼ਮ ਸਰੂਰ ਤੋਂ। ਜਿਹੜੇ ਇਹੋ ਜਿਹਾ ਜਨੇਊ ਪਾਉਂਦੇ ਨੇ ਪਾਧਾ ਜੀ ਉਹ ਤਾਂ ਧਨ ਨੇ। ਉਨ੍ਹਾਂ ਦੇ ਤਾਂ ਪੈਰਾਂ ਦੀ ਧੂੜ ਅਸੀਂ ਮੰਗਦੇ ਹਾਂ। ਆਹ ਤੁਸੀਂ ਕੀ ਪਾਖੰਡ ਬਣਾਇਆ ਹੈ।

***ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥ ਅੰਗ - 471***

ਧਾਗੇ ਜਾ ਕੇ ਬਜ਼ਾਰ 'ਚੋਂ ਮੁੱਲ ਲੈ ਆਏ ਇਥੇ ਆ ਕੇ ਵੱਟ ਦੇ ਲਿਆ। ਤੂੰ ਬਣਾ ਲਿਆ ਤੇ ਚੌਂਕੀ ਤੇ ਬਿਠਾ ਕੇ ਪਾ ਦਿਤਾ।

***ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥***

***ਅੰਗ - 471***

ਤੇ ਕੰਨ ਦੇ ਵਿਚ ਆਵਾਜ਼ ਦੇ ਦਿਤੀ। 'ਯਗੋ ਪਵੀਤ ਪਰਮ ਪਵਿੱਤਰੰ'। ਤੇ ਤੂੰ ਮੇਰਾ ਗੁਰੂ ਬਣ ਕੇ ਬਹਿ ਗਿਆ। ਤੈਨੂੰ ਆਪਣੇ ਆਪ ਦਾ ਹੀ ਨਹੀਂ ਪਤਾ। ਗੁਰੂ ਤਾਂ ਉਹ ਹੁੰਦਾ ਹੈ ਜਿਹਨੇ ਮੰਤਰ ਕੰਨ ਵਿਚ ਦਿੱਤਾ ਫੇਰ ਲਿਵ ਮੁੜ ਕੇ ਨਾ ਟੁਟੇ।

ਪਟਿਆਲੇ ਦੀਵਾਨ ਲੱਗੇ ਹੋਏ ਸੀ, ਸਿਗਲੀਗਰਾਂ ਦੇ ਮਹੱਲੇ। ਅੰਗਰੇਜ਼ ਆ ਗਿਆ ਸੀ। ਉਸ ਵੇਲੇ ਪੰਜ ਸਿੰਘਾਂ ਨੂੰ ਇਕੱਠੇ ਹੋਣ ਦਾ ਹੁਕਮ ਨਹੀਂ ਸੀ। ਅੰਮ੍ਰਿਤ ਨਹੀਂ ਸੀ ਛਕਾ ਸਕਦੇ। ਬੜੀ ਭਾਰੀ ਸਮੱਸਿਆ ਸਾਮ੍ਹਣੇ ਆਈ। ਟੋਏ ਪੁੱਟ ਕੇ ਉਪਰ ਛੱਤ ਪਾ ਕੇ ਅੰਮ੍ਰਿਤ ਤਿਆਰ ਕਰ ਲੈਣਾ। ਉਸ ਵੇਲੇ ਨਾਮਧਾਰੀ ਜਿਨ੍ਹਾਂ ਨੂੰ ਅਸੀਂ ਕਹਿੰਦੇ ਹਾਂ ਇਹੀ ਸਿੰਘ ਸੀਗੇ ਅਸਲੀ। ਬਾਕੀ ਤਾਂ ਸਭ ਜਵਾਬ ਦੇ ਗਏ ਸੀ। ਭੋਰਾ ਪੁੱਟ ਕੇ ਅੰਦਰ ਅੰਮ੍ਰਿਤ ਤਿਆਰ ਕਰਕੇ, ਬਾਲਟੀਆਂ 'ਚ ਪਾ ਲੈਣਾ, ਸਿੰਘਾਂ ਨੂੰ ਜਿਨ੍ਹਾਂ ਨੇ ਛਕਣਾ ਹੁੰਦਾ, ਸਿੰਘਾਂ ਨੂੰ ਪੰਜਾਹ ਗਜ ਓਧਰ ਛਕਾ ਰਹੇ ਨੇ, ਕਿਸੇ ਨੂੰ ਉਹ ਵੱਟ ਦੇ ਓਹਲੇ ਛਕਾ ਰਹੇ

ਨੇ। ਕਿਉਂਕਿ ਛਕਾਉਣ ਨਹੀਂ ਸੀ ਦਿੰਦਾ ਅੰਗਰੇਜ਼, ਫੜ ਲੈਂਦਾ ਸੀ ਉਸੇ ਵੇਲੇ। ਉਸ ਵੇਲੇ ਨਾਮ ਦੇਣ ਦਾ ਹੋ ਗਿਆ ਕਿ ਨਾਮ ਕਿਵੇਂ ਦਿੱਤਾ ਜਾਵੇ। ਸੋ ਉਥੇ ਦੀਵਾਨ ਲੱਗੇ ਹੋਏ ਸੀ, ਜਿਥੇ ਸਿਗਲੀਗਰ ਰਹਿੰਦੇ ਨੇ। ਦੀਵਾਨ ਲੱਗਣ ਤੋਂ ਬਾਅਦ ਨਿਹੰਗ ਸਿੰਘ ਸੀਗੇ, ਚਿੱਟੇ ਕਪੜਿਆਂ ਵਾਲੇ, ਬਾਬਾ ਰਾਮ ਸਿੰਘ ਜੀ ਦੇ ਸੇਵਕ। ਉਨ੍ਹਾਂ ਨੇ ਕਿਹਾ ਕਿ ਉਠੋ ਜਿਨ੍ਹਾਂ ਨੇ ਨਾਮ ਲੈਣਾ। ਮਹਾਰਾਜ ਪਟਿਆਲੇ ਕੋਲ ਚਿੱਠੀ ਆਈ ਹੋਈ ਸੀ ਕਿ ਇਹ ਕੁਛ ਕੰਨ ਵਿਚ ਦਸਦੇ ਨੇ ਪਤਾ ਨਹੀਂ ਲਗਦਾ, ਕੋਈ ਇਤਬਾਰੀ ਬੰਦਾ ਹੋਵੇ ਤੁਹਾਡਾ, ਪਤਾ ਕਰਕੇ ਦੱਸੇ। ਉਹ ਮਹਿੰਦਰ ਸਿੰਘ ਚੋਬਦਾਰ ਸੀ ਮਹਾਰਾਜ ਦਾ। ਉਹਨੂੰ ਕਹਿੰਦੇ ਮਹਿੰਦਰ ਸਿੰਘ ਤੂੰ ਜਾਹ, ਜਿਹੜਾ ਕੁਛ ਕੰਨ ਵਿਚ ਦੱਸਣਗੇ, ਉਹ ਤੂੰ ਮੈਨੂੰ ਦੱਸ ਦੇਈਂ ਆ ਕੇ। ਮੈਂ ਗੌਰਮਿੰਟ ਨੂੰ ਰਿਪੋਰਟ ਦੇਣੀ ਹੈ। ਸੁਣਨ ਵਾਸਤੇ ਚਲਿਆ ਗਿਆ, ਉਹ ਵੀ ਖੜ੍ਹਾ ਹੋ ਗਿਆ। ਜਿਸ ਵਕਤ ਕੰਨ ਵਿਚ ਕਿਹਾ ਨਾ ‘ਵਾਹਿਗੁਰੂ-ਵਾਹਿਗੁਰੂ’। ਉਹ ਖੜ੍ਹਾ-ਖੜ੍ਹਾ ਬਹਿ ਗਿਆ। ਜਿਹਦੇ ਕਹਿੰਦੇ ਜਾਓ, ਉਹ ਬੈਠਦਾ ਜਾਵੇ। ਸਾਰੀ ਰਾਤ ਲੰਘ ਗਈ, ਅਗਲਾ ਦਿਨ ਲੰਘ ਗਿਆ। ਮਹਾਰਾਜ ਪਟਿਆਲੇ ਨੇ ਕਿਹਾ ਉਹ ਤਾਂ ਆਇਆ ਹੀ ਨਹੀਂ। ਉਥੇ ਜਾ ਕੇ ਕੀ ਦੇਖਦੇ ਨੇ ਕਿ ਲਾਈਨ ਦੇ ਵਿਚ ਬੈਠਾ ਹੈ, ਚੌਂਕੜੇ ਮਾਰੇ ਹੋਏ, ਸਮਾਧੀ ਲੱਗੀ ਹੋਈ। ਮੋਢਾ ਹਿਲਾਉਣ ਲੱਗ ਗਏ, ਮਹਿੰਦਰ ਸਿੰਘ! ਮਹਿੰਦਰ ਸਿੰਘ! ਤੈਨੂੰ ਮਹਾਰਾਜ ਬੁਲਾਉਂਦੈ। ਜਦੋਂ ਕਾਫੀ ਹਲੂਣੇ ਦਿੱਤੇ, ਉਹਨੇ ਨੇਤਰ ਖੋਲ੍ਹ ਲਏ। ਕਹਿੰਦਾ ਕਿਹੜਾ ਮਹਾਰਾਜ? ਉਹ ਕਹਿੰਦੇ ਤੂੰ ਮਹਾਰਾਜ ਨੂੰ ਹੀ ਭੁੱਲ ਗਿਆ। ਆਪਣੇ ਮਹਾਰਾਜ ਸਾਹਿਬ ਪਟਿਆਲਾ ਸਟੇਟ ਵਾਲੇ। ਉਹ ਕਹਿੰਦਾ ਜਾਹ, ਇਹੋ ਜਿਹੇ ਮੈਂ ਹਜ਼ਾਰਾਂ ਹੀ ਦਰਗਾਹ ਵਿਚ ਠੁੱਡੇ ਖਾਂਦੇ ਦੇਖੇ ਨੇ। ਮੈਨੂੰ ਨਹੀਂ ਹੁਣ ਕਿਸੇ ਮਹਾਰਾਜ ਦੀ ਲੋੜ। ਵੱਡਾ ਮਹਾਰਾਜਾ ਮਿਲ ਗਿਆ ਮੈਨੂੰ।

ਹੀਰਾ ਸਿੰਘ ਨੂੰ ਭੇਜਿਆ, ਜਿਹੜਾ ਬਸਤਰੀ ਸੀ। ਬਸਤਰ ਪਹਿਨਾਉਂਦਾ ਹੁੰਦਾ, ਉਹ ਕਹਿੰਦਾ ਮੈਂ ਚਾਰੇ ਐਬ ਸ਼ਰਈ ਹਾਂ, ਮੈਨੂੰ ਭੇਜੋ। ਉਹ ਆ ਗਿਆ, ਦੀਵਾਨ ਵਿਚ। ਜਦੋਂ ਉਹਦੇ ਕੰਨ ਵਿਚ ਵਾਹਿਗੁਰੂ ਮੰਤਰ ਹੋਇਆ। 24 ਘੰਟੇ ਉਹ ਨਾ ਉਠਿਆ। ਉਸੇ ਵੇਲੇ ਮਹਾਰਾਜ ਨੇ ਕਿਹਾ, ਉਹਨੇ ਵੀ ਆਹੀ ਜਵਾਬ ਦਿਤਾ ਕਿ ਐਹੋ ਜਿਹੇ ਅਸੀਂ ਦੇਖ, ਬੇਅੰਤ ਰਾਜੇ, ਉਥੇ ਹੀ ਕੀੜੇ ਮਕੌੜੇ ਬਣੇ ਫਿਰਦੇ ਨੇ। ਹੁਕਮ ਹੋ ਗਿਆ ਇਹਨੂੰ 24 ਘੰਟਿਆਂ ਦੇ ਅੰਦਰ ਪਟਿਆਲੇ ਸਟੇਟ ਤੋਂ ਬਾਹਰ ਕੱਢ ਦਿਓ। ਜੇ ਕਿਤੇ ਫੌਜ ਵਿਚ ਚਲਿਆ ਗਿਆ ਤਾਂ ਮਸਤਾਨੀ ਬਣਾ ਦਏਗਾ ਸਾਰੀ ਫੌਜ ਨੂੰ।

ਸੋ ਨਾਨਕ ਜੀ ਕਹਿਣ ਲੱਗੇ, ਪੰਡਤ ਜੀ! ਤੂੰ ਗੁਰੂ ਐਵੇਂ ਹੀ ਬਣੀ ਜਾਂਦਾ ਹੈ। ਗੁਰੂ ਕੋਲ ਨਾਮ ਹੁੰਦਾ ਹੈ, ਨਾਮ ਤਾਂ ਰੋਮ-ਰੋਮ ਵਿਚ ਰਚ ਜਾਂਦਾ ਹੈ, ਜਦੋਂ ਨਾਮ ਦਿੰਦੇ। ਤੇਰਾ ਜਨੇਊ ਤਾਂ ਇਥੇ ਹੀ ਝੜ ਗਿਆ ਤੇ ਪਾਉਣ ਵਾਲਾ ਮਰ ਗਿਆ। ਅੱਗੇ ਤਾਂ ਵੇਤਗਾ ਹੀ ਗਿਆ, ਜਨੇਊ ਤਾਂ ਗਿਆ ਹੀ ਨਾ ਉਹਦੇ ਨਾਲ। ਕੱਚਾ ਜਨੇਊ ਧਾਰ ਕੇ ਦਰਗਾਹ ’ਚ ਨਹੀਂ ਜਾਂਦਾ।

ਹੈਰਾਨ ਹੋ ਗਿਆ ਪੰਡਤ, ਨਾਨਕ ਜੀ! ਆਹ ਗੱਲ ਅਜੇ ਤੱਕ ਨਹੀਂ

ਅਸੀਂ ਸੁਣੀ। ਮਹਾਰਾਜ ਕਹਿੰਦੇ, ਦੇਖ! ਇਹ ਬੰਦੇ ਦੇ ਅੰਦਰ ਕਿੰਨੇ ਸੁਭਾਅ ਮਾੜੇ ਨੇ –

*ਲਖ ਚੋਰੀਆ ਲਖ ਜਾਰੀਆ*
*ਲਖ ਕੂੜੀਆ ਲਖ ਗਾਲਿ॥*
*ਲਖ ਠਗੀਆ ਪਹਿਨਾਮੀਆ*
*ਰਾਤਿ ਦਿਨਸੁ ਜੀਅ ਨਾਲਿ॥* *ਅੰਗ – 471*

ਇਨ੍ਹਾਂ ਦੇ ਉਤੇ ਵੀ ਕੋਈ ਬੰਧਸ਼ ਪਾਈ ਹੈ ਕਿ ਬੰਦਾ ਓਹੋ ਜਿਹਾ ਹੀ ਰਹੇਗਾ, ਜਿਵੇਂ ਦਾ ਪਹਿਲਾ ਸੀ? ਜਨੇਊ ਤਾਂ, ਤਾਂ ਮੰਨੀਏ ਜੇ ਉਹ ਠੱਗੀ ਨਾ ਮਾਰੇ, ਧੋਖਾ ਨਾ ਦੇਵੇ, ਕੂੜ ਨਾ ਬੋਲੇ, ਗਾਲ ਨਾ ਕੱਢੇ।

*ਕਬੀਰ ਗੁਰੁ ਲਾਗਾ ਤਬ ਜਾਨੀਐ*
*ਮਿਟੈ ਮੋਹੁ ਤਨ ਤਾਪ॥* *ਅੰਗ – 1374*

ਤਿੰਨੇ ਤਾਪਾਂ ਦਾ ਨਾਸ਼ ਹੋ ਜਾਵੇ। ਮੋਹ ਮਿਟ ਜਾਵੇ। ਇਹ ਤਾਂ ਤੁਸੀਂ ਮਖੌਲ ਕਰਿਆ ਹੈ।

*ਤਗੁ ਕਪਾਹਹੁ ਕਤੀਐ ਬਾਮਣੁ ਵਟੇ ਆਇ॥*
*ਕੁਹਿ ਬਕਰਾ ਰਿੰਨਿ ਖਾਇਆ ਸਭੁ ਕੋ ਆਖੈ ਪਾਇ॥*
*ਅੰਗ – 471*

ਸਾਰੇ ਕਹਿੰਦੇ ਪਾ ਲਿਆ ਜੀ, ਪਾ ਲਿਆ ਜੀ। ਜਨੇਊ ਪਾ ਲਿਆ ਜੀ ਹੁਣ ਖਾਓ ਬੱਕਰੇ।

*ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ॥*
*ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ॥*
*ਅੰਗ – 471*

ਜੇ ਉਹਦੇ ਵਿਚ ਜੋਰ ਹੋਵੇ, ਕੋਈ ਸੱਤਿਆ ਹੋਵੇ ਫੇਰ ਟੁੱਟੇ ਕਿਉਂ ਇਹ? ਕਹਿੰਦੇ ਅਸਲ ਗੱਲ ਤਾਂ ਸਮਝੋ ਤੁਸੀਂ।

*ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ॥*
*ਅੰਗ – 471*

ਪ੍ਰਮੇਸ਼ਰ ਦੇ ਨਾਮ ਵਿਚ ਵਿਸ਼ਵਾਸ਼ ਲਿਆਓ। ਜਿਹੜਾ ਸਾਰੇ ਪਰੀਪੂਰਨ ਹੈ। ਹਰੇਕ ਦੇ ਅੰਦਰ।

*ਨਾਮ ਕੇ ਧਾਰੇ ਸਗਲੇ ਜੰਤ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ॥* *ਅੰਗ – 284*

ਉਹਦੇ ਉਤੇ ਲਿਆਓ ਵਿਸ਼ਵਾਸ਼।

*ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ॥* *ਅੰਗ – 471*

ਜੇ ਇਹ ਤਗੁ ਪਾ ਲਈਏ ਨਾ ਇਹ ਟੁੱਟਦਾ ਹੈ। ਤੇਰਾ ਜਿਹੜਾ ਜਨੇਊ ਹੈ ਇਹ ਅਧੂਰਾ ਹੈ। ਕਿਉਂਕਿ ਤੂੰ ਬੰਧਸ਼ਾਂ ਨਹੀਂ ਲਾਈਆਂ।

*ਤਗੁ ਨ ਇੰਦ੍ਰੀ ਤਗੁ ਨ ਨਾਰੀ॥*
*ਭਲਕੇ ਥੁਕ ਪਵੈ ਨਿਤ ਦਾੜੀ॥*
*ਤਗੁ ਨ ਪੈਰੀ ਤਗੁ ਨ ਹਥੀ॥*
*ਤਗੁ ਨ ਜਿਹਵਾ ਤਗੁ ਨ ਅਖੀ॥*
*ਵੇਤਗਾ ਆਪੇ ਵਤੈ॥*
*ਵਟਿ ਧਾਗੇ ਅਵਰਾ ਘਤੈ॥* *ਅੰਗ - 471*

ਨਾ ਨਾਰੀਆਂ ਦੇ ਉਤੇ ਕੋਈ ਤਗ ਹੈ। ਨਾ ਇੰਦਰੀ ਦੇ ਉਤੇ ਕੋਈ ਤਗ ਹੈ। ਪੈਰ ਮਾੜੇ ਕੰਮਾਂ ਨੂੰ ਜਾਂਦੇ ਨੇ, ਹੱਥ ਉਸੇ ਤਰ੍ਹਾਂ ਗਲਤ ਕੰਮ ਕਰਦੇ ਨੇ। ਜਿਹਬਾ ਓਵੇਂ ਜਿਵੇਂ ਫਿਕਾ ਬੋਲਦਾ, ਅੱਖਾਂ ਓਵੇਂ ਜਿਵੇਂ ਬੇਗਾਨੇ ਰੂਪ ਤੱਕਦੀਆਂ ਨੇ। ਜਿਹਬਾ ਨਿੰਦਿਆ ਕਰਦੀ ਹੈ, ਚੁਗਲੀਆਂ ਕਰਦੀ ਹੈ, ਈਰਖਾ ਦੀਆਂ ਗੱਲਾਂ ਕਰਦੀ ਹੈ, ਧੋਖੇ ਦੀਆਂ ਗੱਲਾਂ ਕਰਦੀ ਹੈ, ਫਿੱਕਾ ਬੋਲਦੀ ਹੈ, ਪੰਡਤ ਜੀ! ਫੇਰ ਧਾਗਾ ਪਾ ਕੇ ਕੁਛ ਵਧ ਗਿਆ। ਤੂੰ ਤਾਂ ਆਪ ਹੀ ਵੇਤਗਾ ਹੈਂ, ਤੇਰੇ ਤਾਂ ਤਗ ਹੀ ਨਹੀਂ। ਗਲ 'ਚ ਪਾਇਆ ਹੋਇਆ ਹੈ ਧਾਗਾ। ਕਹਿੰਦੇ ਅੰਦਰ ਤਾਂ ਨਹੀਂ ਨਾ ਪਾਇਆ।

*ਵਟਿ ਧਾਗੇ ਅਵਰਾ ਘਤੈ॥*
*ਲੈ ਭਾੜਿ ਕਰੇ ਵੀਆਹੁ॥* *ਅੰਗ - 471*

ਧਾਗੇ ਵੱਟੀਂ ਜਾਂਦਾ ਹੈਂ, ਗਲ ਵਿਚ ਪਾਈ ਜਾਂਦਾ ਹੈਂ। ਕਹਿੰਦੇ ਪਰੋਹਤ ਜੀ ਬੀਬੀ ਦੇ ਫੇਰੇ ਦੇਣੇ, ਦੇਖ ਭਾਈ ਐਨੀ ਕਪਾਹ ਲਿਆਈਂ, ਐਨਾ ਦਾਣਾ ਲੈਂ ਆਈ, ਚਾਰ ਪਾਵੇ ਨੇ, ਪੰਜ-ਪੰਜ ਸੇਰ ਕਪਾਹ ਬੰਨ੍ਹ ਦਿਤੀ ਚਾਰਾਂ ਦੇ ਨਾਲ। ਕਹਿੰਦਾ ਕਪਾਹ ਨਾ ਲਿਆਈਂ, ਕਪਾਹ ਦੀਆਂ ਪੂਣੀਆਂ ਕਰ ਕੇ ਲਿਆਈਂ। ਚਾਹੇ ਉਹ ਇਸ ਤੋਂ ਵੀ ਅੱਗੇ ਕਹਿ ਦਏ ਕਿ ਸੂਤ ਕਤਾ ਕੇ ਲਿਆਈਂ। ਐਨੇ ਰੁਪਈਏ ਲਿਆਈਂ।

ਕਹਿੰਦੇ ਪੰਡਤਾ! ਇਹ ਤਾਂ ਤੂੰ ਦਾਨ ਕੁਥਾਂਹੋਂ ਲੈ ਲਿਆ। ਇਹ ਜਿਹੜਾ ਦਾਨ ਲਿਆ।

ਤੇਰਾ ਤਾਂ ਜਨਮ ਗਿਆ। ਸਾਡਾ ਵੀ ਜਾਂਦੈ, ਅਸੀਂ ਅਨੰਦ ਕਾਰਜਾਂ ਦੇ ਪੈਸੇ ਲੈਂਦੇ ਹਾਂ। ਉਹ ਕਹਿੰਦੇ ਨੇ ਕਿ ਜੀ ਉਹ ਤਾਂ ਬਾਮ੍ਹਣ ਨੂੰ ਕਿਹਾ ਸੀ, ਸਾਨੂੰ ਤਾਂ ਕਿਹਾ ਹੀ ਨਹੀਂ।

ਭਾਈ! ਮਹਾਂਪੁਰਖ ਜਿਹੜਾ ਕੁਛ ਬੋਲਦੇ ਨੇ। ਉਹ 'ਸਾਂਝੀ ਸਗਲ ਜਹਾਨੈ' ਬੋਲਦੇ ਨੇ। ਜਿਨ੍ਹਾਂ ਨੇ ਅੱਜ ਤੋਂ ਪੰਜ ਸੌ ਸਾਲ ਨੂੰ ਆਉਣਾ ਹੈ, ਬਾਣੀ ਨੇ ਉਨ੍ਹਾਂ ਨੂੰ ਵੀ ਕੱਟਣਾ ਹੈ। ਸਾਨੂੰ ਵੀ ਕੱਟ ਰਹੀ ਹੈ।

ਐਥੇ ਮੈਂ ਗਿਆ ਇਕ ਥਾਂ ਦੇ ਉਤੇ, ਕਾਕਰੋਂ। ਮੈਂ ਕਿਹਾ ਕੋਈ ਅਨੰਦ ਕਾਰਜ ਨੂੰ ਤਾਂ ਨਹੀਂ ਕਰਿਆ। ਕਹਿੰਦਾ ਜੀ ਢਾਈ ਸੌ ਰੁਪਿਆ ਲੈਣਾ ਕਰਿਆ ਹੈ ਉਨ੍ਹਾਂ ਨੇ। ਮੈਂ ਕਿਹਾ ਦਿਓ ਨਾ ਤੁਸੀਂ। ਕਹਿੰਦੇ ਜੀ ਹੁਣ ਤਾਂ ਕਰ ਲਿਆ। ਇੰਨੇ ਨੂੰ ਬਰਾਤ ਵਿਚ ਸਾਡੇ ਸਿੰਘ ਸੀਗੇ ਇਹ ਚਲੇ ਗਏ ਸਾਰੇ। ਜਦੋਂ ਦੇਖਿਆ ਭਾਈਆਂ ਦੀ ਪਾਰਟੀ ਆਈ ਨਾ, ਇਨ੍ਹਾਂ ਨੇ (ਅਨੰਦ ਰੋਜ਼ ਹੀ ਕਰਾਉਂਦੇ ਨੇ)

ਆਪੇ ਹੀ ਕਰਾ ਦਿਤੇ। ਜਦੋਂ ਕਰਾ ਦਿਤੇ, ਪ੍ਰਸ਼ਾਦੇ ਛਕ ਕੇ ਤੁਰਨ ਲੱਗੇ। ਉਹ ਵੀ ਆ ਗਏ, ਉਹਨੂੰ ਕਹਿਣ ਲੱਗੇ, ਕਰੋ ਜੀ ਛੇਤੀ ਤਿਆਰੀ, ਅਸੀਂ ਅਨੰਦ ਕਰਾਈਏ। ਇਨ੍ਹਾਂ ਕਿਹਾ ਕਿ ਹੁਣ ਤਾਂ ਅਨੰਦ ਵੀ ਹੋ ਗਏ, ਪ੍ਰਸ਼ਾਦੇ ਵੀ ਛਕ ਲਏ, ਬਰਾਤ ਤਾਂ ਜਾ ਰਹੀ ਹੈ। ਤੁਸੀਂ ਟਾਈਮ ਤੇ ਕਿਉਂ ਨਾ ਆਏ। ਕਹਿੰਦੇ, ਸਾਨੂੰ ਕੀ ਪਤਾ, ਅਸੀਂ ਤਾਂ ਕਿਹਾ ਕਿ ਸ਼ਰਾਬਾਂ ਵਗੈਰਾ ਪੀਂਦੇ ਹੁੰਦੇ ਨੇ, ਦੁਪਹਿਰ ਤੋਂ ਬਾਅਦ ਹੀ ਅਨੰਦ ਹੁੰਦੇ ਨੇ। ਕਹਿੰਦੇ ਉਹ ਤਾਂ ਰਤਵਾੜੇ ਵਾਲਿਆਂ ਨੇ ਕਰਾ ਦਿਤੇ। ਕਹਿੰਦੇ ਉਹਨੇ ਤਾਂ ਕਰਾ ਦਿਤੇ, ਪਰ ਪੈਸੇ ਰੱਖ ਦੇ ਇਥੇ। ਸਾਨੂੰ ਸਾਈ ਤੇ ਨਹੀਂ ਤੂੰ ਬੁਲਾਇਆ।

ਭਾਈ ਜੇ ਗੁਰੂ ਨਾਨਕ ਸਾਹਿਬ ਪੰਡਤ ਨੂੰ ਕਹਿੰਦੇ ਨੇ ਕਿ ਤੇਰਾ ਜਨਮ ਗਿਆ, ਸਿੱਖਾ ਤੇਰਾ ਵੀ ਜਨਮ ਗਿਆ। ਨਾ ਕਰ ਇਹੋ ਜਿਹੀਆਂ ਗੱਲਾਂ। ਲੜਕੀਆਂ ਦੇ ਅਨੰਦ ਕਰਾਉਣੇ ਨੇ, ਰਾਗੀ ਨੂੰ ਪੁਛੋ, ਕਹੇਗਾ ਮੈਂ ਤਾਂ ਪੰਜ ਹਜ਼ਾਰ ਤੋਂ ਘੱਟ ਨਹੀਂ ਲੈਣਾ। ਪੰਜ ਹਜ਼ਾਰ ਘੰਟੇ ਦਾ ਵੀ ਲੈ ਲੈਂਦੇ ਨੇ। ਓਹੀ ਗੱਲ ਜਿਹਦੇ ਵਿਚੋਂ ਗੁਰੂ ਨਾਨਕ ਨੇ ਸਾਨੂੰ ਕੱਢਿਆ ਸੀ। ਮੁੜ ਕੇ ਓਥੇ ਹੀ ਫੇਰ ਫਸ ਗਏ।

ਅੰਮ੍ਰਿਤ ਛਕਾਉਂਦੈ ਲੋਕਾਂ ਨੂੰ, ਤੇ ਕਾਰਮ ਕੇ ਜਾਂਦੇ ਹੈਂ ਵਿਆਹ ਦੇ ਉਤੇ।

***ਵਟਿ ਧਾਗੇ ਅਵਰਾ ਘਤੈ॥***
***ਲੈ ਭਾੜਿ ਕਰੇ ਵੀਆਹੁ॥***
***ਕਢਿ ਕਾਗਲੁ ਦਸੇ ਰਾਹੁ॥*** ***ਅੰਗ - 471***

ਫੇਰ ਤੂੰ ਰਾਹ ਦਸਦਾ ਹੈਂ ਕਿ ਅੱਜ ਨਾ ਜਾਈਂ, ਕੱਲ੍ਹ ਨੂੰ ਜਾਈਂ, ਇਧਰ ਸਿੱਧ ਨਹੀਂ ਹੈਗੀ, ਕਹਿੰਦੇ ਕਮਾਲ ਦੀ ਗੱਲ ਹੈ -

***ਸੁਣਿ ਵੇਖਹੁ ਲੋਕਾ ਏਹੁ ਵਿਡਾਣੁ॥***
***ਮਨਿ ਅੰਧਾ ਨਾਉ ਸੁਜਾਣੁ॥*** ***ਅੰਗ - 471***

ਕਹਿੰਦੇ ਮਨ ਦਾ ਅੰਨਾ ਹੈ ਤੇ ਨਾਉਂ ਕੀ ਰੱਖ ਲਿਆ। ਸੁਜਾਨ ਬਣ ਗਿਆ। ਪੰਡਤ ਚੁੱਪ ਕਰ ਗਿਆ। ਹੁਣ ਕਹਿੰਦੇ ਨੇ ਜਨੇਊ ਪਾਓ। ਕਹਿੰਦਾ ਮੈਂ ਨਹੀਂ ਪਾ ਸਕਦਾ, ਗੁਰੂ ਨਾਨਕ ਦੇ ਜਨੇਊ। ਮੇਰੇ ਤਾਂ ਆਪ ਹੀ ਨਹੀਂ ਪਿਆ ਹੋਇਆ ਜਨੇਊ, ਮੈਂ ਵੀ ਇਵੇਂ ਹੀ ਧਾਗੇ ਪਾਈ ਫਿਰਦਾ ਹਾਂ।

ਸੋ ਸਾਧਸੰਗਤ ਜੀ! ਗੁਰੂ ਨਾਨਕ ਨੇ ਕਿਤੇ ਵੀ ਲਿਹਾਜ਼ ਨਹੀਂ ਕਰੀ। ਹਰ ਥਾਂ ਦੇ ਉਤੇ ਸੱਚ ਦੀ ਬੋਲੀ ਬੋਲ ਕੇ ਸਾਡਾ ਹਨ੍ਹੇਰਾ ਕੱਟਿਆ ਹੈ। ਸੋ ਇਸ ਤਰ੍ਹਾਂ ਦੇ ਨਾਲ ਜਿੰਨਾ ਜੀਅ ਕਰਦਾ ਹੈ, ਜੱਸ ਕਰੀ ਜਾਓ ਗੁਰੂ ਨਾਨਕ ਪਾਤਸ਼ਾਹ ਦਾ। ਇਹ ਤਾਂ ਮੁੱਕਦਾ ਹੀ ਨਹੀਂ ਹੈ, ਵਧਦਾ ਤੁਰੀ ਜਾਂਦਾ ਹੈ।

ਸੋ ਅੱਜ ਦੇ ਦਿਨ ਆਪ ਦਾ ਪ੍ਰਕਾਸ਼ ਸੰਸਾਰ ਵਿਚ ਹੋਇਆ ਤੇ ਮੈਂ ਤਾਂ ਇਕੋ ਹੀ ਬੇਨਤੀ ਕਰਦਾ ਹਾਂ ਕਿ ਪਿਆਰਿਓ, ਗੁਰੂ ਨਾਨਕ ਨੂੰ ਸਮਝੋ, ਗੁਰੂ ਨਾਨਕ ਦੀ ਬਾਣੀ ਨੂੰ ਸਮਝੋ। ਜੇ ਸਿੱਖ ਮੂਲਮੰਤਰ ਨੂੰ ਸਮਝ ਗਿਆ ਨਾ। ਉਹਨੇ

ਸਭ ਕੁਛ ਖੱਟ ਲਿਆ। ਜੇ ਜਪੁਜੀ ਸਾਹਿਬ ਨੂੰ ਪੜ੍ਹ ਲਿਆ, ਉਸ ਤੋਂ ਵੱਡਾ ਵਿਦਵਾਨ ਦੁਨੀਆਂ ਵਿਚ ਕੋਈ ਨਹੀਂ ਹੈ। ਟੀਕੇ ਲਿਖਣ ਵਾਲੇ ਨਹੀਂ ਸਮਝਦੇ। ਇਹ ਤਾਂ ਬਹੁਤ ਵੱਡੀ ਬਾਣੀ ਹੈ। ਪ੍ਰਮੇਸ਼ਰ ਨਾਲ ਜੋੜ ਦਿੰਦੀ ਹੈ, ਪੜ੍ਹਦੇ-ਪੜ੍ਹਦੇ। ਪਰ ਸਾਨੂੰ ਤਾਂ ਪਤਾ ਹੀ ਨਹੀਂ ਲੱਗਿਆ ਕਿ ਜਪੁਜੀ ਸਾਹਿਬ ਕੀ ਹੈ। ਗੁਰੂ ਨਾਨਕ ਦੇ ਉਪਦੇਸ਼ਾਂ ਨੂੰ ਕਮਾਓ। ਸਮਝਣ ਦਾ ਯਤਨ ਕਰੋ। ਬਾਣੀ ਨੂੰ ਵਿਚਾਰੋ। ਸਤਿਸੰਗ 'ਚ ਜਾਓ। ਗੁਰੂ ਨਾਨਕ ਦਾ ਜੋ ਸੰਦੇਸ਼ ਹੈ ਸਾਡੇ ਵਾਸਤੇ, ਸੱਚ ਦਾ ਜੋ ਢੰਡੋਰਾ ਜੋ ਗੁਰੂ ਨਾਨਕ ਨੇ ਦਿਤਾ ਹੈ।

ਉਨ੍ਹਾਂ ਨੇ ਕਿਹਾ ਜੀਵਨ ਸਤਿ ਦਾ ਬਣਾਓ, ਜੀਵਨ ਵਿਚ ਕੋਈ ਭੇਖ ਨਾ ਧਾਰੋ।

***ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ॥***

***ਅੰਗ - 785***

ਗੁਰੂ ਨਾਨਕ ਫਿਰਦੇ ਰਹੇ, ਮੁਸਲਮਾਨਾਂ ਦੇ ਗਏ ਉਹੋ ਜਿਹੇ ਕਪੜੇ ਪਹਿਨ ਲਏ, ਮੱਕੇ ਨੂੰ ਜਾਂਦੇ ਹੋਏ ਹਰੇ ਕੱਪੜੇ ਪਾ ਲਏ। ਆਸਾ ਲੈ ਲਿਆ ਹੱਥ ਵਿਚ, ਕੱਛ ਵਿਚ ਕਿਤਾਬ ਲੈ ਲਈ। ਨੀਲੇ ਕੱਪੜੇ ਪਹਿਨ ਲਏ ਤੇ ਉਹੋ ਜਿਹੇ ਹੀ ਬਣ ਗਏ ਹਾਜੀਆਂ ਵਰਗੇ। ਜੇ ਗੋਰਖ ਕੋਲ ਨੂੰ ਗਏ ਲੱਕ ਨਾਲ ਰੱਸੀ ਬੰਨ੍ਹ ਲਈ ਤੇ ਚਮੜੇ ਦੇ ਕੱਪੜੇ ਪਾ ਲਏ। ਜੇ ਦੂਜੇ ਪਾਸੇ ਨੂੰ ਗਏ ਤਾਂ ਭਗਵੇਂ ਕੱਪੜੇ ਪਾ ਲਏ। ਜਿਸ ਵਕਤ ਗੁਰੂ ਨਾਨਕ ਨੂੰ ਅਚੱਲ ਵਟਾਲੇ 'ਚ ਜੋਗੀ ਮਿਲੇ, ਉਸ ਵੇਲੇ ਦਾ ਗੁਰੂ ਨਾਨਕ ਕਿਹੋ ਜਿਹਾ ਸੀ। ਉਸ ਵੇਲੇ ਗ੍ਰਹਿਸਤੀਆਂ ਦਾ ਜੋ ਪਹਿਰਾਵਾ ਸੀ ਉਹ ਪਾਇਆ ਹੋਇਆ ਸੀ ਉਨ੍ਹਾਂ ਨੇ। ਜਦੋਂ ਅਚੱਲ ਬਟਾਲੇ ਗਏ ਤਾਂ ਹੈਰਾਨ ਹੋ ਗਏ ਕਿ ਇਹ ਤਾਂ ਗ੍ਰਹਿਸਤੀਆਂ ਵਾਲਾ ਪਹਿਰਾਵਾ ਪਾਈ ਬੈਠਾ ਹੈ। ਭੰਗਰਨਾਥ ਨੇ ਮੇਹਣਾ ਦਿਤਾ ਗੁਰੂ ਨਾਨਕ ਨੂੰ ਕਹਿੰਦਾ ਤੂੰ ਦੁੱਧ ਵਿਚ ਕਾਂਜੀ ਪਾ ਦਿਤੀ ਤੇ ਹੁਣ ਦੁੱਧ ਫਟ ਜਾਣਾ ਹੈ ਕੁਛ ਨਹੀਂ ਬਣਨਾ। ਗੁਰੂ ਨਾਨਕ ਤੂੰ ਸਿੱਖਾਂ ਨੂੰ ਉਲਟੇ ਰਸਤੇ ਪਾ ਦਿਤਾ। ਤੂੰ ਮੁੜ ਕੇ ਫੇਰ ਗ੍ਰਹਿਸਤੀਆਂ ਵਾਲੇ ਕੱਪੜੇ ਪਾ ਲਏ।

ਗੁਰੂ ਨਾਨਕ ਮਹਾਰਾਜ ਦੀ ਉਥੇ ਜਿਹੜੀ ਗੋਸ਼ਟ ਹੋਈ ਨਾ, ਉਹਨੂੰ ਕਦੇ ਵਿਚਾਰ ਕੇ ਪੜ੍ਹਿਓ। ਅਖੀਰ ਜੋਗੀਆਂ ਨੂੰ ਮੰਨਣਾ ਪਿਆ, ਸਾਰੀ ਸਿੱਧ ਮੰਡਲੀ ਗੁਰੂ ਨਾਨਕ ਪਾਤਸ਼ਾਹ ਨੇ ਸ਼ਬਦ ਦੇ ਬਲ ਨਾਲ ਜਿੱਤ ਲਈ ਤੇ ਇਕ ਉਪਦੇਸ਼ ਸਾਰੀ ਦੁਨੀਆਂ ਨੂੰ ਰਹਿੰਦੀ ਦੁਨੀਆਂ ਤੱਕ ਦਿਤਾ। ਉਹਨੂੰ ਯਾਦ ਕਰ ਲਓ ਸਾਰੇ।

***ਅਬ ਕਲੂ ਆਇਓ ਰੇ॥***
***ਇਕੁ ਨਾਮੁ ਬੋਵਹੁ ਬੋਵਹੁ॥***
***ਅਨ ਰੂਤਿ ਨਾਹੀ ਨਾਹੀ॥***
***ਮਤੁ ਭਰਮਿ ਭੂਲਹੁ ਭੂਲਹੁ॥ ਅੰਗ - 1185***

ਆਹ ਸਾਰਾ ਗੁਰੂ ਨਾਨਕ ਤਾਲੀਮ ਦਾ ਸਾਰ ਹੈ।

***ਸਰਬ ਧਰਮ ਮਹਿ ਸ੍ਰੇਸਟ ਧਰਮੁ॥***
***ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥***

***ਅੰਗ - 266***

ਦੋ ਚੀਜ਼ਾਂ ਕਰ ਲਓ, ਕਰਮਾਂ ਨੂੰ ਨਿਰਮਲ ਬਣਾ ਲਓ, ਰਸਨਾ ਦੇ ਨਾਲ ਵਾਹਿਗੁਰੂ-ਵਾਹਿਗੁਰੂ ਜਪੋ। ਇਹਦੇ ਨਾਲ ਸਾਡਾ ਉਧਾਰ ਹੋ ਜਾਏਗਾ, ਸੁਖਾਲਾ ਜਿਹਾ ਦੱਸ ਦਿਤਾ ਮਹਾਰਾਜ ਨੇ। ਕਿਉਂਕਿ -

***ਨਾਨਕ ਕੈ ਘਰਿ ਕੇਵਲ ਨਾਮੁ॥   ਅੰਗ - 1136***

ਔਖੇ ਹੋਣ ਦੀ ਲੋੜ ਨਹੀਂ। ਕੰਮ ਕਰੋ।

***ਘਾਲਿ ਖਾਇ ਕਿਛੁ ਹਥਹੁ ਦੇਇ॥***
***ਨਾਨਕ ਰਾਹੁ ਪਛਾਣਹਿ ਸੇਇ॥   ਅੰਗ - 1245***

ਜੇ ਜੀਵਨ ਦੇ ਵਿਚ ਸੁੱਚ, ਧਰਮ ਦੀ ਕਿਰਤ ਕਰਦਾ ਹੈ। ਨਿਤਨੇਮ ਕਰਦਾ ਹੈ, ਬਾਣੀ ਪੜ੍ਹਦਾ ਹੈ, ਸਰਬੱਤ ਦਾ ਭਲਾ ਦਿਲੋਂ ਮੰਗਦਾ ਹੈ -

***ਨਾਨਕ ਨਾਮ ਚੜ੍ਹਦੀ ਕਲਾ।***
***ਤੇਰੇ ਭਾਣੇ ਸਰਬਤ ਕਾ ਭਲਾ।***

ਕਿਸੇ ਦਾ ਬੁਰਾ ਨਹੀਂ ਮੰਗਦਾ। ਉਹ ਸਾਰਿਆਂ ਨਾਲੋਂ ਚੰਗਾ ਗ੍ਰਿਹਸਤੀ ਹੋਇਆ ਕਰਦਾ ਹੈ। ਕਿਉਂਕਿ ਉਹਦੇ ਮਨ ਵਿਚ ਨਿਮਰਤਾ ਹੈ ਕਿ ਮੈਂ ਤਾਂ ਕੁਛ ਨਹੀਂ। ਸੇਵਾ ਭਾਵ ਹੈ ਉਹਦੇ ਮਨ ਵਿਚ। ਜੇ ਉਹ ਨਾਮ ਵੀ ਜਪੀ ਜਾਵੇ, ਜੀਭ ਤੋਂ ਕੰਮ ਲਈ ਜਾਵੇ, ਫਾਲਤੂ ਗੱਲਾਂ ਦੀ ਥਾਂ ਦੇ ਵਾਹਿਗੁਰੂ-ਵਾਹਿਗੁਰੂ ਕਰੀ ਜਾਵੇ, ਫੇਰ ਤਾਂ ਡੰਕੇ ਵਜਦੇ ਜਾਣਗੇ ਦਰਗਾਹ ਵਿਚ।

***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥   ਅੰਗ - 283***

ਸੋ ਉਸ ਗੁਰੂ ਨਾਨਕ ਦੀ ਯਾਦ ਅੱਜ ਮਨਾਈ ਹੈ। ਆਗਮਨ ਦਿਵਸ। ਮਹਾਰਾਜ ਕ੍ਰਿਪਾ ਕਰਨ ਆਪਣੀ ਸੰਗਤ ਦੇ ਉਤੇ, ਨਾਮ ਦੀ ਦਾਤ ਦੇਣ ਤੇ ਸਾਲ ਸੁੱਖਾਂ ਦਾ ਬਤੀਤ ਹੋਵੇ। ਗੁਰੂ ਸਾਡੇ ਯਾਦ ਆਉਂਦਾ ਰਹੇ, ਭੁੱਲੇ ਨਾ ਕਦੇ ਵੀ।

# ਮੰਝ ਪਿਆਰਾ ਗੁਰੂ ਕੋ

ਸ਼ਾਨ..............................।

ਸਤਿਨਾਮ ਸ੍ਰੀ ਵਾਹਿਗੁਰੂ।

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ।

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***

***ਅੰਗ - 286***

***ਧਾਰਨਾ - ਆਪ ਮੁਕਤ ਮੋਹੇ ਤਾਰੇ ਜੀ,***
***ਐਸੇ ਗੁਰਾਂ ਤੋਂ ਬਲਿ ਬਲਿ ਜਾਈਐ॥***
***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ - 2***

ਸਾਧਸੰਗਤ ਜੀ! ਚਿਤ-ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਪਿਛਲੇ ਪੰਜਾਂ ਦਿਨਾਂ ਦੇ ਅੰਦਰ ਇਕ ਜੀਵਨ ਲਿਆ ਸੀ ਜੋ ਬਿਲਕੁਲ ਸਾਡੇ ਵਰਗਾ, ਤੁਹਾਡੇ ਵਰਗਾ ਆਮ ਸਾਧਾਰਨ ਬੰਦਾ ਸੀ। ਤੁਹਾਨੂੰ ਸਿੱਖੀ ਦੀ ਸੂਝ ਹੈ ਬਚਪਨ ਤੋਂ। ਜਿਸ ਦਾ ਆਪਾਂ ਜੀਵਨ ਲਿਆ ਹੈ ਤੇ ਉਸ ਨੂੰ ਤਾਂ ਇਹੀ ਨਹੀਂ ਸੀ ਪਤਾ ਕਿ ਗੁਰਸਿੱਖੀ ਹੁੰਦੀ ਕੀ ਹੈ, ਅੱਧੀ ਉਮਰ ਤੋਂ ਵੀ ਵੱਧ ਸਰਵਰੀਆ ਬਣ ਕੇ ਨਗਾਹੇ ਵਾਲੇ ਪੀਰ ਅਹਿਮਦ ਨੂੰ ਮੰਨ ਕੇ ਗੁਜ਼ਾਰ ਦਿਤੀ। ਗੁਰੂ ਮਹਾਰਾਜ ਜੀ ਦੀ ਸ਼ਰਨ ਵਿਚ ਆਇਆ, ਨਾਮ ਦਾ ਰੰਗ ਚੜ੍ਹਿਆ, ਉਚੀਆਂ ਅਵਸਥਾਵਾਂ ਵਿਚ ਦਿਨਾਂ 'ਚ ਹੀ ਪਹੁੰਚ ਗਿਆ ਕਿਉਂਕਿ ਨਾਮ ਦੇ ਵਿਚ ਦ੍ਰਿੜ੍ਹਤਾ, ਲਗਨ ਜਿਸਨੂੰ ਕਹਿੰਦੇ ਨੇ ਉਹ ਬਹੁਤ ਕੰਮ ਕਰਦੀ ਹੈ। ਨਾਮ ਦੀਆਂ ਰਹਿਤਾਂ ਮੈਂ ਦੱਸੀਆਂ ਸੀ, ਸੰਖੇਪ ਰੂਪ ਵਿਚ। ਬਹੁਤੀਆਂ ਖੋਲ੍ਹ ਕੇ ਪੜ੍ਹਨੀਆਂ ਨੇ ਤਾਂ ਇਥੇ ਇਕ ਪੁਸਤਕ ਪਈ ਹੈ 'ਸੁਰਤਿ ਸਬਦਿ ਮਾਰਗ' ਤੇ 'ਬਾਤ ਅਗੰਮ ਕੀ' ਉਨ੍ਹਾਂ ਵਿਚ ਖੋਲ੍ਹ ਕੇ ਦੱਸਿਆ ਹੈ ਕਿ ਰਹਿਤ ਕਿਹੜੀ ਹੁੰਦੀ ਹੈ ਨਾਮ ਜਪਣ ਵਾਲੀ। ਜਿੰਨਾ ਚਿਰ ਰਹਿਤ ਨਹੀਂ ਰੱਖਦਾ ਓਨੀਂ ਦੇਰ ਚੜ੍ਹਾਈ ਨਹੀਂ ਚੜ੍ਹਦਾ। ਇਕ ਵਿਗਿਆਨਕ ਗੱਲ ਹੈ ਜੀਵਨ ਦੇ ਵਿਚ ਜਿਥੇ ਕਮਜ਼ੋਰੀ ਹੈ ਉਥੇ ਪਤਨ ਹੋਣਾ ਸ਼ੁਰੂ ਹੋ ਜਾਂਦਾ ਹੈ। ਜਿਹੜੀ ਸਾਡੇ ਅੰਦਰ ਬਾਲਣ ਹੈ, ਗੈਸ ਹੈ, ਜਿਸ ਨਾਲ ਇਹ ਚਲ ਰਿਹਾ ਹੈ ਇਸ ਐਨਰਜੀ ਨੂੰ ਜੇ ਤਾਂ ਨਸ਼ਟ ਕਰ ਦਿਓ ਬਾਹਰਲੇ ਪਾਸੇ ਤਾਂ ਫੇਰ ਰੂਹਾਨੀ ਰਾਤ ਤੇ ਨਹੀਂ ਬਿਲਕੁਲ ਚੱਲਿਆ ਜਾ ਸਕਦਾ। ਜੇ ਇਸ ਨੂੰ ਇਕਾਗਰ ਕਰਕੇ ਉਤੇ ਨੂੰ ਇਕੱਠੀ ਕਰਕੇ, ਪ੍ਰਮੇਸ਼ਰ ਵਲ ਨੂੰ ਚੱਲੋ ਤਾਂ ਉਹ ਜਿਹੜਾ ਬਿਖੜਾ ਰਸਤਾ ਹੈ, ਉਹ ਸੁਖਾਲਾ ਹੀ ਤਹਿ ਹੋ ਜਾਂਦਾ ਹੈ। ਰਾਹ ਹੀ ਦੋ ਨੇ ਇਕ ਦਰਵਾਜ਼ਾ ਬੰਦ ਹੈ ਨੌਂ ਖੁਲ੍ਹੇ ਨੇ। ਖੁਲ੍ਹਿਆਂ ਦੇ ਵਿਚ ਸੁਰਤ ਦੌੜੀ ਫਿਰਦੀ ਹੈ -

***ਨਉ ਘਰ ਦੇਖਿ ਜੁ ਕਾਮਨਿ ਭੂਲੀ***
***ਬਸਤੁ ਅਨੂਪ ਨ ਪਾਈ॥ ਅੰਗ - 339***

ਇਕ ਦਰਵਾਜ਼ਾ ਹੈ ਉਹ ਨਾ ਕਦੇ ਖੋਲ੍ਹਣ ਕਰਕੇ, ਕ੍ਰੋੜਾਂ, ਅਰਬਾਂ, ਖਰਬਾਂ

ਜਨਮਾਂ ਤੋਂ ਜੰਗਾਲੇ ਹੋਏ ਉਸ ਦੇ ਤਾਲੇ। ਬਜਰ ਕਪਾਟ ਜੜੇ ਹੋਏ ਨੇ ਐਉਂ ਨਹੀਂ ਪੱਥਰ ਦੇ ਨਹੀਂ ਹਨ –

*ਦੁਖੁ ਦਰਵਾਜਾ ਰੋਹੁ ਰਖਵਾਲਾ*
*ਆਸਾ ਅੰਦੇਸਾ ਦੁਇ ਪਟ ਜੜੇ॥ ਅੰਗ – 877*

ਉਹ ਵੀ ਸੂਖਸ਼ਮ ਨੇ, ਉਹ ਨਹੀਂ ਖੁਲ੍ਹਦੇ ਜਦੋਂ ਤੱਕ ਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ।

*ਬਿਨੁ ਸਬਦੈ ਅੰਤਰਿ ਆਨੇਰਾ॥*
*ਨ ਵਸਤੁ ਲਹੈ ਨ ਚੂਕੈ ਫੇਰਾ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ॥ ਅੰਗ – 124*

ਅੱਜ ਅੰਮ੍ਰਿਤ ਛਕ ਕੇ ਬਹੁਤ ਸਾਰੇ ਪ੍ਰੇਮੀਆਂ ਨੂੰ ਮੰਤਰ ਮਿਲ ਜਾਣਾ ਹੈ ਗੁਰੂ ਘਰ ਦਾ। ਮੰਤਰ ਸਾਰੀ ਦੁਨੀਆਂ ਦੇ ਇਕੋ ਹੀ ਨੇ ਸਾਧਸੰਗਤ ਜੀ! ਗੁਰੂ ਨਾਨਕ ਸਾਹਿਬ ਕਾਸ਼ੀ 'ਚ ਗਏ ਨੇ। ਉਨ੍ਹਾਂ ਨੂੰ ਪੁਛਿਆ ਕਿਹੜਾ ਨਾਮ ਜਪੀਏ ਜਿਹੜਾ ਸਭ ਤੋਂ ਵਧੀਆ ਹੈ। ਮਹਾਰਾਜ ਕਹਿੰਦੇ –

*ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ॥*
*ਅੰਗ – 66*

ਸਾਰਿਆਂ ਕੋਲੋਂ ਵਧੀਆ ਇਹ ਚੀਜ਼ ਹੈ ਉਸ ਨੂੰ ਰਾਮ ਕਹੋ, ਰਹੀਮ ਕਹੋ, ਕੋਈ ਨਾਰਾਇਣ ਕਹੋ, ਗੋਵਿੰਦ ਕਹੋ, ਵਾਹਿਗੁਰੂ ਕਹੋ। ਜਦੋਂ ਤਕ ਉਹ ਵਾਹਿਗੁਰੂ ਅੱਖਾਂ ਦੇ ਸਾਮ੍ਹਣੇ ਨਹੀਂ ਆਉਂਦਾ ਓਨੀਂ ਦੇਰ ਤਕ ਜ਼ੁਬਾਨ ਦਾ ਰਟਿਆ ਹੋਇਆ ਜਿਹੜਾ ਹੈ ਉਹ ਐਨਾ ਫਲ ਨਹੀਂ ਦਿੰਦਾ ਜਿੰਨਾ ਉਹ ਦਿੰਦਾ ਹੈ। ਸ਼ੇਰ ਦ੍ਰਿਸ਼ਟੀ ਤੇ ਕੁੱਤਾ ਦ੍ਰਿਸ਼ਟੀ 'ਚ ਫਰਕ ਹੁੰਦਾ ਹੈ। ਕੁੱਤਾ ਜਿਹੜਾ ਹੈ ਉਹ ਪਦਾਰਥ ਨੂੰ, ਚੀਜ਼ ਨੂੰ ਪੈਂਦਾ ਹੈ ਜਿਥੋਂ ਆਇਆ ਉਥੇ ਨਹੀਂ ਪੈਂਦਾ। ਸ਼ੇਰ ਜਿਹੜਾ ਹੈ ਉਹ ਕਰਤਾ ਨੂੰ ਪੈਂਦਾ ਹੈ, ਜਿਸ ਨੇ ਗੋਲੀ ਚਲਾਈ, ਬਰਛਾ ਚਲਾਇਆ ਜਾਂ ਤੀਰ ਚਲਾਇਆ, ਓਧਰ ਨੂੰ ਨੱਠਦਾ ਹੈ। ਇਵੇਂ-ਜਿਵੇਂ ਜੇ ਤਾਂ ਅਸੀਂ ਵਾਹਿਗੁਰੂ ਕਹਿ ਕੇ ਵਾਹਿਗੁਰੂ ਵਲ ਨੂੰ ਜਾਂਦੇ ਹਾਂ ਉਸਨੂੰ ਅਨੁਭਵ ਕਰਦੇ ਹਾਂ ਫੇਰ ਇਕ ਵਾਰੀ ਕਿਹਾ ਹੋਇਆ ਲੱਖ ਗੁਣਾਂ ਫਲ ਦਿੰਦਾ ਹੈ ਇਹ ਪ੍ਰਤਿਆ ਕੇ ਦੇਖ ਲਇਓ।

ਇਹ ਪੂਰੀਆਂ ਰਹਿਤਾਂ ਹੋਣ, ਸਾਧੂ ਦਾ ਹੋਵੇ ਮਿਲਾਪ, ਮਨ ਵਿਚ ਹੋਵੇ ਹਦ ਤੋਂ ਜ਼ਿਆਦਾ ਨਿਰਮਾਣਤਾ, ਨਹੀਂ ਤਾਂ ਇਹ ਨਾਮ ਨਹੀਂ ਚਲਿਆ ਕਰਦਾ। ਇਸ ਦੇ ਨਾਲ ਚਲਦਾ ਹੈ ਕਿਉਂਕਿ ਅਸੀਂ ਉਚੀ ਚੜ੍ਹਾਈ ਚੜ੍ਹੀ ਹੈ, ਬਹੁਤ ਚੀਜ਼ਾਂ ਦੀ ਲੋੜ ਹੋਇਆ ਕਰਦੀ ਹੈ ਚੜ੍ਹਾਈ ਚੜ੍ਹਨ ਵਿਚ। ਸੋ ਇਸ ਤਰ੍ਹਾਂ ਦੇ ਨਾਲ ਉਹ ਜਿਹੜਾ ਪ੍ਰੇਮੀ ਸੀ ਗੁਰੂ ਮਹਾਰਾਜ ਜੀ ਦੀ ਸ਼ਰਨ ਵਿਚ ਆਇਆ ਜਿਸ ਦਾ ਨਾਉਂ ਭਾਈ ਮੰਝ ਸੀ।

ਦੋ ਸਾਲ ਪਹਿਲਾਂ ਮੈਂ ਇਥੇ ਕੀਰਤਨ ਕਰਿਆ ਸੀ, ਭੁੱਲ-ਭੁੱਲ ਜਾਂਦੇ ਨੇ ਕਿਸੇ ਦਾ ਯਾਦ ਨਹੀਂ ਰਹਿੰਦਾ। ਕਹਾਣੀ ਯਾਦ ਰਹਿ ਜਾਂਦੀ ਹੈ ਵਿਚਲੀਆਂ

ਗੱਲਾਂ ਨਹੀਂ ਯਾਦ ਰਹਿੰਦੀਆਂ। ਬੜੇ ਵਿਚਾਰ ਦੇ ਨਾਲ ਐਤਕੀਂ ਗੱਲ ਕਰੀ ਹੈ। ਦੱਸ ਘੰਟੇ ਹੋ ਗਏ ਆਪਾਂ ਨੂੰ ਇਹ ਗੱਲ ਕਰਦਿਆਂ ਨੂੰ, ਅੱਜ ਦੇ ਵੀ ਦੋ ਘੰਟੇ ਜਿਹੜੇ ਹਨ, ਯਥਾਸ਼ਕਤ ਬਚਨ ਕਰਾਂਗੇ। ਉਹ ਉਨ੍ਹਾਂ ਗੁਰਸਿਖਾਂ ਵਿਚੋਂ ਹੋ ਗਿਆ ਜਿਨ੍ਹਾਂ ਨੂੰ ਪ੍ਵਾਨ ਕਰਨਾ ਸੀ। ਜਿਸਦੀ ਬਦੌਲਤ ਦੁਆਬੇ ਦੇ ਅੰਦਰ 'ਮੰਝਕੀ' 'ਚ ਸਿੱਖੀ ਆਈ, ਜੜ੍ਹ ਲਾਉਣ ਵਾਲਾ ਉਹੀ ਸੀ – ਭਾਈ ਮੰਝ। ਉਸ ਦੀ ਕਰਨੀ ਨੇ ਇਥੇ ਸਿੱਖੀ ਲਿਆਂਦੀ। ਇਕ ਕਣੀ ਦੇ ਕੇ ਦੁਆਬੇ ਦਾ ਉਧਾਰ ਕਰ ਦਿਤਾ। ਉਦੋਂ ਨਹੀਂ ਕਰਿਆ, ਚਲਿਆ ਹੀ ਆਉਂਦਾ ਹੈ, ਚਲਿਆ ਹੀ ਆਉਂਦਾ ਹੈ, ਪਤਾ ਨਹੀਂ ਉਸ ਨੇ ਕਰੋੜਾਂ ਹੀ ਬੰਦੇ ਤਾਰਨੇ ਨੇ ਉਸ ਨੇ ਐਸੀ ਕਮਾਈ ਕਰੀ। ਉਹ ਪ੍ਵਾਣ ਹੋ ਗਿਆ, ਵਾਹਿਗੁਰੂ ਦਾ ਰੂਪ ਹੋ ਗਿਆ। ਪ੍ਮੇਸ਼ਰ ਤੇ ਉਸ ਦੇ ਵਿਚ ਕੋਈ ਫਰਕ ਨਾ ਰਿਹਾ। ਸੋ ਉਨ੍ਹਾਂ ਦਾ ਆਪਾਂ ਜੀਵਨ ਵਿਚਾਰਦੇ ਹਾਂ। ਹੁਣ ਮਹਾਰਾਜ ਨੇ ਦੇਖਿਆ ਕਿ ਇਹ ਪ੍ਵਾਣ ਰੂਹ ਹੋ ਗਈ ਇਸ ਨੂੰ ਹੁਣ ਸੱਤਵੀਂ ਅਵਸਥਾ ਵਿਚ ਦਾਖਲ ਕਰਨਾ ਹੈ। ਇਧਰੇਲੇ ਪਾਸੇ 'ਤੁਰੀਆ' ਕਹਿੰਦੇ ਨੇ, ਇਸਲਾਮ ਦੇ ਵਿਚ ਫਨਾਹ-ਫਿਲਾਹ ਕਹਿੰਦੇ ਨੇ। ਸਾਰੇ ਧਰਮਾਂ ਵਿਚ ਹੈ ਅਵਸਥਾ ਦੇ ਹਿਸਾਬ ਨਾਲ ਨਾਉਂ ਰੱਖੇ ਹੋਏ ਨੇ। ਮਹਾਰਾਜ ਨੇ 5 ਦੱਸੀਆਂ ਨੇ – ਧਰਮਖੰਡ, ਗਿਆਨਖੰਡ, ਸਰਮਖੰਡ, ਕਰਮਖੰਡ, ਸਚਖੰਡ। ਧਰਮਖੰਡ ਦੇ ਵਿਚ ਦੋ ਆ ਗਈਆਂ ਪਹਿਲੀਆਂ, ਇਹ ਇਸ ਤਰ੍ਹਾਂ ਛੇ ਬਣ ਜਾਂਦੀਆਂ ਨੇ। ਅੱਗੇ ਜਾ ਕੇ ਸਚਖੰਡ ਜਿਹੜੀ ਹੈ ਉਸ ਤੋਂ ਅੱਗੇ ਇਕ ਅਵਸਥਾ ਹੋਰ ਹੈ। ਉਹ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਆਈ ਜਾਂਦੀ ਹੈ 'ਜਪੁਜੀ ਸਾਹਿਬ' ਵਿਚ ਉਸ ਦੇ ਬਾਰੇ ਇਸ਼ਾਰਾ ਹੀ ਕਰਿਆ ਹੈ –

***ਨਾਨਕ ਨਦਰੀ ਨਦਰਿ ਨਿਹਾਲ॥ ਅੰਗ – 8***

ਜਦੋਂ 'ਨਦਰ' ਗੁਰੂ ਦੀ ਹੁੰਦੀ ਹੈ ਗੁਰਸਿੱਖ ਦੇ ਉਤੇ, ਉਸ ਨੂੰ ਕੁਝ ਕਹਿਣ ਨਹੀਂ ਦਿੰਦਾ, ਬਕਾਇਆ ਨਹੀਂ ਬਚਿਆ ਕਰਦਾ ਜਿਵੇਂ 'ਸੰਤ' ਹੈ। 'ਸੰਤ' ਕੋਈ ਵਜੂਦ ਨਹੀਂ ਹੁੰਦਾ ਦੇਖਣ ਨੂੰ ਤਾਂ ਹੁੰਦਾ ਹੈ ਕਿ ਆਹ ਸਰੀਰ ਹੈ। ਜੇ ਉਸ ਨੂੰ ਪੁਛੋ ਉਸ ਦਾ ਇਕੋ ਹੀ ਜਵਾਬ ਹੋਵੇਗਾ ਕਿ 'ਮੈਂ' ਨਹੀਂ ਹਾਂ।

***ਜਬ ਹਮ ਹੋਤੇ ਤਬ ਤੂ ਨਾਹੀ***
***ਅਬ ਤੂਹੀ ਮੈ ਨਾਹੀ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ***
***ਜਲ ਕੇਵਲ ਜਲ ਮਾਂਹੀ॥ ਅੰਗ – 658***

ਕਹਿੰਦੇ ਜੇ ਤੂੰ ਹੋਵੇਂ ਫੇਰ ਵਾਹਿਗੁਰੂ ਨਹੀਂ ਹੁੰਦਾ।

ਦੋ ਲਾਈਨਾਂ ਨੇ। ਥੋੜ੍ਹੇ ਜਿਹੇ ਵਿਚਾਰ ਨਾਲ ਇਸ ਨੂੰ ਸੋਚੋ। ਜਦੋਂ ਮੈਂ ਸੀ ਉਦੋਂ ਤੂੰ ਨਹੀਂ ਸੀ, ਹੁਣ ਤੂੰ ਹੋ ਗਿਆ ਹੁਣ ਮੈਂ ਨਹੀਂ ਹਾਂ। 'ਮੈਂ' ਤਾਂ ਰਿਹਾ ਹੀ ਨਾ, ਸੰਤ ਦੀ ਅਵਸਥਾ ਇਹ ਹੋਇਆ ਕਰਦੀ ਹੈ। ਆਪ ਨਹੀਂ ਹੁੰਦਾ ਉਸ ਦੇ ਸਰੀਰ ਵਿਚ ਵਾਹਿਗੁਰੂ ਕੰਮ ਕਰਿਆ ਕਰਦਾ ਹੈ-

***ਇਆ ਮੰਦਰ ਮਹਿ ਕੌਨ ਬਸਾਈ॥***
***ਤਾ ਕਾ ਅੰਤੁ ਨ ਕੋਊ ਪਾਈ॥ ਅੰਗ – 871***

ਸੱਚੀ ਰੂਹ ਉਸ ਦੇ ਵਿਚ ਪ੍ਗਟ ਹੋ ਜਾਂਦੀ ਹੈ, ਝੂਠੀ ਰੂਹ ਦਾ ਖਾਤਮਾ

ਹੋ ਜਾਂਦਾ ਹੈ ਜਿਹੜੀ ਮੈਂ ਵਾਲੀ ਹੈ। ਇਹ 'ਮੈਂ' ਤੇ 'ਤੂੰ' ਦੀ ਹੀ ਗੱਲ ਹੈ ਸਾਰੀ ਗੁਰੂ ਗ੍ਰੰਥ ਸਾਹਿਬ ਵਿਚ। 'ਮੈਂ' ਨੂੰ ਛੱਡ ਕੇ 'ਤੂੰ' ਬਣਨਾ ਹੈ -

***ਕਬੀਰ ਤੂੰ ਤੂੰ ਕਰਤਾ ਤੂ ਹੂਆ***
***ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ***
***ਜਤ ਦੇਖਉ ਤਤ ਤੂ॥*** ***ਅੰਗ - 1375***

ਅਸੀਂ ਕਿੱਥੇ ਪਏ ਹਾਂ ਬਹੁਤ ਨੀਵੇਂ, ਨਿਘਰੇ ਹੋਏ ਟੋਏ ਵਿਚ ਗਿਰੇ ਪਏ ਹਾਂ ਜਿੱਥੇ ਨਾ ਕੋਈ ਵਸ ਚਲਦਾ ਹੈ, ਸਾਡੇ ਅਖਤਿਆਰ ਵਿਚ ਕੁਝ ਨਹੀਂ। ਸਾਧੂ ਮਹਾਤਮਾ ਪੁੱਗੀਆਂ ਹੋਈਆਂ ਰੂਹਾਂ ਦਸਦੀਆਂ ਹਨ ਕਿ ਤੂੰ ਭਾਈ! ਥੋੜ੍ਹਾ-ਥੋੜ੍ਹਾ ਕਰਨ ਲੱਗ ਗੁਰਦਵਾਰੇ ਆਇਆ ਕਰ, ਸੇਵਾ ਕਰਿਆ ਕਰ, ਝਾੜੂ ਦਿਆ ਕਰ, ਬਾਣੀ ਦੀ ਵਿਚਾਰ ਕਰਿਆ ਕਰ, ਕੁਝ ਪੁੰਨ-ਦਾਨ ਕਰਿਆ ਕਰ, ਕੁਝ ਜੀਵਨ ਚੰਗਾ ਬਣਾ। ਉਸ ਨੂੰ ਕੱਢਦੇ ਨੇ ਦਲਦਲ ਦੇ ਵਿਚੋਂ ਤਰੀਕੇ ਨਾਲ। ਉਸ ਦਲਦਲ ਦੇ ਵਿਚ ਅਸੀਂ ਪਏ ਹਾਂ ਜਿੰਨੇ ਵੀ ਹਾਂ ਨਿਕਲ ਨਹੀਂ ਰਹੇ। ਹੁਣ ਜੇ ਅੰਮ੍ਰਿਤ ਛਕ ਲੈਣਾ ਹੈ ਉਨ੍ਹਾਂ ਨੂੰ ਪੰਜ ਪਿਆਰਿਆਂ ਨੇ ਮੰਤਰ ਦੇਣਾ ਹੈ। ਨਾਮ ਤੇ ਮੰਤਰ ਵਿਚ ਫਰਕ ਹੁੰਦਾ ਹੈ। ਜਿਹੜਾ ਮੰਤਰ ਹੈ ਉਹ ਨਾਮ ਦੀ ਪਹਿਲੀ ਅਵਸਥਾ ਹੈ। ਪਹਿਲੀ ਜਮਾਤ 'ਚ ਦਾਖਲ ਹੋਏ ਨੇ ਕਹਿੰਦੇ ਉਨ੍ਹਾਂ ਦੇ ਹੱਥ ਵਿਚ ਫੜਾਉਣੇ ਨੇ। ਡੀ.ਲਿਟ ਕਦੋਂ ਕਰਨੀ ਹੈ ਜਦੋਂ ਸਾਰੀ ਪੜ੍ਹਾਈ ਕਰ ਲਏਗਾ। ਡੀ. ਲਿਟ ਕਰਕੇ ਕੀ ਹੋਏਗਾ, ਸਭ ਤੋਂ ਵੱਡੀ ਪੜ੍ਹਾਈ ਕਰਕੇ 'ਮੈਂ' ਮਰੇਗੀ। 'ਮੈਂ' ਮਰ ਕੇ ਉਸਦੇ ਵਿਚ ਰੱਬ ਪ੍ਰਗਟ ਹੋ ਜਾਣਾ ਹੈ, ਹੈ ਪ੍ਰਮੇਸ਼ਰ ਹੀ ਲੇਕਿਨ ਮੈਂ ਨੇ ਚੱਕਰ ਪਾਇਆ ਹੋਇਆ ਹੈ। ਹਨ੍ਹੇਰਾ ਕਰਿਆ ਹੋਇਆ ਹੈ। ਉਹ ਮੈਂ ਜਿਹੜਾ ਮੰਤਰ ਅੱਜ ਦੇਣਾ ਹੈ ਉਸ ਨੇ ਕੱਟਣੀ ਹੈ ਹੋਰ ਕੋਈ ਤਰੀਕਾ ਨਹੀਂ ਹੈ ਉਸ ਨੂੰ ਕੱਟਣ ਦਾ -

***ਵਾਹਿਗੁਰੂ ਗੁਰਮੰਤਰ ਹੈ ਜਪ ਹਉਮੈ ਖੋਈ॥***
***ਭਾਈ ਗੁਰਦਾਸ ਜੀ***

ਕਿੰਨਾ ਹੀ ਗਿਆਨੀ ਹੋ ਜਾਵੇ, ਕਿੰਨਾ ਹੀ ਭਾਸ਼ਣ ਦੇਣ ਲਗ ਜਾਵੇ, ਕਿੰਨੀ ਹੀ ਕਥਾ ਕਰੀ ਜਾਵੇ, ਕਿੰਨਾ ਹੀ ਕੀਰਤਨ ਕਰੇ, ਕਿੰਨਾ ਹੀ ਵਧੀਆ ਰਾਗ ਗਾਵੇ। ਮਹਾਰਾਜ ਕਹਿੰਦੇ ਕੁਝ ਨਹੀਂ ਬਣਿਆ ਤੇਰਾ ਅਜੇ। ਜਦੋਂ ਤੱਕ ਤੇਰੇ ਅੰਦਰ ਇਹ ਹੈ ਕਿ 'ਮੈਂ' ਹਾਂ ਉਸ ਵੇਲੇ ਤੱਕ ਤੇਰਾ ਕੁਝ ਨਹੀਂ ਬਣਿਆ। ਜਦੋਂ 'ਮੈਂ' ਨਹੀਂ ਹਾਂ ਉਹ ਗੱਲ ਕਹਿਣ ਵਾਲੀ ਨਹੀਂ ਹੈ ਕਿਉਂਕਿ ਮੈਂ ਹੋਏਗੀ ਤਾਂ ਹੀ ਕਹੇਗਾ ਕਿ ਮੈਂ ਨਹੀਂ। ਉਹ ਅਵਸਥਾ ਹੀ ਹੋਰ ਹੈ, ਆਖੀ ਨਹੀਂ ਜਾਂਦੀ, ਕਹੀ ਨਹੀਂ ਜਾਂਦੀ -

***ਕਹੁ ਕਬੀਰ ਗੂੰਗੈ ਗੁੜੁ ਖਾਇਆ***
***ਪੂਛੇ ਤੇ ਕਿਆ ਕਹੀਐ॥*** ***ਅੰਗ - 334***

ਇਹ ਹੌਲੀ ਹੌਲੀ ਚੀਜ਼ਾਂ ਆਉਂਦੀਆਂ ਨੇ, ਆਹਿਸਤਾ-ਆਹਿਸਤਾ, ਆਪਾਂ ਵਿਦਿਆਰਥੀ ਹਾਂ ਇਹ ਚਾਟਸਾਲ ਜਿਹੜਾ ਹੈ ਇਹ ਵੱਡਾ ਕਾਲਜ ਹੈ। ਡਿਗਰੀ ਤੋਂ ਵੀ ਵੱਡਾ ਹੈ ਇਹ ਤਾਂ। ਇਥੇ ਪੀ.ਐਚ.ਡੀ, ਡੀ.ਲਿਟ ਸਾਰੀਆਂ ਪੜ੍ਹਾਈਆਂ ਨੇ। ਇਕ ਛੋਟੇ ਬੱਚੇ ਵਾਸਤੇ ਪਹਿਲੀ ਜਮਾਤ ਦੀਆਂ ਵੀ ਗੱਲਾਂ ਨੇ ਵੱਡਿਆਂ

ਵਾਸਤੇ ਉਚੀਆਂ ਗੱਲਾਂ ਨੇ।

ਸੋ ਉਸ ਦਾ ਮਹਾਰਾਜ ਨੇ ਇਮਤਿਹਾਨ ਲੈਣਾ ਸ਼ੁਰੂ ਕਰ ਦਿਤਾ, ਘਰ ਭੇਜ ਦਿਤਾ। ਸ਼ਰੀਕਾਂ ਨੇ ਬਹੁਤ ਜ਼ਿਆਦਾ ਉਸ ਦੇ ਨਾਲ ਵੈਰ ਭਾਵ ਕਰਿਆ-ਜ਼ਮੀਨ ਖੋਹ ਲਈ, ਪਸ਼ੂ ਖੋਹ ਲਏ, ਪਿੰਡ ਵਿਚੋਂ ਧੱਕੇ ਦੇ ਕੇ ਕੱਢ ਦਿਤਾ। ਲੜਕੀ ਨਾਲ ਹੈ, ਘਰਵਾਲੀ ਨਾਲ ਹੈ। ਕਦੇ ਵਿਚਾਰ ਕੇ ਦੇਖਿਓ, ਉਹ ਧੰਨ ਸੀ ਭਾਈ ਮੰਝ ਧੰਨ ਸੀ, ਸੱਚਮੁੱਚ ਹੀ ਉਹ ਗੁਰਸਿੱਖ ਸੀ ਜਿਹੜਾ ਐਨਾ ਵੀ ਨਹੀਂ ਕਹਿਣ ਦਿੰਦਾ, ਜੇ ਘਰਵਾਲੀ ਕਹਿੰਦੀ ਹੈ ਕਿ ਉਹ ਤਾਂ ਬੜੇ ਮਾੜੇ ਸੀ ਉਹ ਕਹਿੰਦਾ ਨਾਂਹ ਇਹ ਗੱਲ ਨਹੀਂ ਕਹਿਣੀ, ਮੇਰਾ ਗੁਰੂ ਕਹਿੰਦਾ ਹੈ ਕਿ ਜੇ ਮਾੜਾ ਕਹਿਣਾ ਹੈ ਤਾਂ ਆਪਣੇ-ਆਪ ਨੂੰ ਹੀ ਕਹਿ -

***ਹਮ ਨਹੀ ਚੰਗੇ ਬੁਰਾ ਨਹੀ ਕੋਇ॥***
***ਪ੍ਰਣਵਤਿ ਨਾਨਕੁ ਤਾਰੇ ਸੋਇ॥*** ***ਅੰਗ - 728***

ਮੇਰੇ ਗੁਰੂ ਨੇ ਤਾਂ ਸਾਨੂੰ ਇਕ ਐਸਾ ਸਬਕ ਦਿਤਾ ਹੈ -

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ॥***

ਮੈਂ ਕਈ ਵਾਰੀ ਕਹਿੰਦਾ ਹੁੰਦਾ ਹਾਂ ਕਿ ਸੋਚ ਕੇ ਕਿਹਾ ਕਰੋ। ਗੁਰੂ ਸਾਹਿਬ ਅੱਗੇ ਝੂਠ ਨਾ ਬੋਲੋ, ਸੱਚ ਬੋਲੋ। ਬੜੇ ਵਿਅੰਗ ਦੇ ਨਾਲ ਮੈਂ ਇਸ ਗੱਲ ਨੂੰ ਪ੍ਰਗਟ ਕਰਦਾ ਸੀ। ਮੈਂ ਕਹਿਣਾ ਕਿ ਐਉਂ ਕਰੋ ਇਕ ਸੂਚੀ ਬਣਾ ਲੈ। ਮਹਾਰਾਜ ਇਸ ਲਿਸਟ ਤੋਂ ਬਿਨਾਂ ਬਾਕੀ ਸਭ ਦਾ ਭਲਾ। ਇਕ ਨੇ ਐਵੇਂ ਜਿਵੇਂ ਹੀ ਕਹਿ ਦਿਤਾ।

ਕਹਿੰਦਾ, "ਮੇਰੇ ਦੁਸ਼ਮਣ ਨੇ ਜੀ! ਮੈਂ ਉਨ੍ਹਾਂ ਦਾ ਭਲਾ ਨਹੀਂ ਮੰਗਦਾ।"

ਮੈਂ ਕਿਹਾ, "ਤੈਨੂੰ ਤਾਂ ਸੁਚੇਤ ਕਰਿਆ ਸੀ ਕਿ ਦੁਸ਼ਮਣ ਨਹੀਂ ਕੋਈ ਵੀ।"

***ਜਬ ਧਾਰੈ ਕੋਊ ਬੈਰੀ ਮੀਤੁ॥***
***ਤਬ ਲਗੁ ਨਿਹਚਲੁ ਨਾਹੀ ਚੀਤੁ॥*** ***ਅੰਗ - 278***

ਅਸੀਂ ਤਾਂ ਬਹੁਤ ਥੱਲੇ ਪਏ ਹਾਂ, ਵੈਰੀ ਵੀ ਨੇ, ਸਾਡੇ ਮਿੱਤਰ ਵੀ ਨੇ। ਸੋ ਉਹ ਐਡਾ ਵੱਡਾ ਗੁਰਸਿੱਖ ਸੀ ਸਭ ਕੁਝ ਸਹਿ ਗਿਆ। ਬਾਲ-ਬੱਚੇ ਨਾਲ ਸਹਿਣਾ ਬੜਾ ਔਖਾ ਹੈ ਇਕੱਲਾ ਬੰਦਾ ਸਹਿ ਜਾਂਦਾ ਹੈ ਕਿਉਂਕਿ ਉਹ ਤਿਆਰ ਨਹੀਂ ਹੁੰਦੇ ਇਸ ਚੀਜ਼ ਵਾਸਤੇ, ਉਨ੍ਹਾਂ ਦੀ ਅਵਸਥਾ ਐਡੀ ਵੱਡੀ ਨਹੀਂ ਹੁੰਦੀ ਪਰ ਧੰਨ ਸੀ ਉਸ ਦਾ ਪਰਿਵਾਰ ਜਿਸ ਨੇ ਕਿੰਤੂ ਹੀ ਨਹੀਂ ਕਰਿਆ। ਇਤਿਹਾਸ ਪੜ੍ਹ ਲਓ ਇਕੱਲਾ-ਇਕੱਲਾ ਅੱਖਰ ਕਿਤੇ ਨਹੀਂ ਜ਼ਿਕਰ ਆਉਂਦਾ ਕਿ ਘਰਵਾਲੀ ਨੇ ਕਿਹਾ ਹੋਵੇ ਕਿ ਤੇਰੇ ਪਿੱਛੇ ਲੱਗ ਕੇ ਤਾਂ ਅਸੀਂ ਮਾਰੇ ਗਏ ਜਾਂ ਲੜਕੀ ਨੇ ਕਿਹਾ ਹੋਵੇ ਕਿ ਤੂੰ ਤਾਂ ਸਾਨੂੰ ਗਰੀਬ ਬਣਾ ਦਿੱਤਾ। ਮੇਰਾ ਰਿਸ਼ਤਾ ਕਿਥੇ ਹੋਏਗਾ? ਹੁਣ ਪਰਿਵਾਰਿਕ ਹਾਲਤ ਹੋਰ ਹੈ। ਉਸ ਵੇਲੇ ਸਰਬਨ ਵਰਗੇ ਬੰਦੇ ਹੁੰਦੇ। ਮਾਂ-ਬਾਪ ਦਾ ਬਹੁਤ ਹੀ ਸਤਿਕਾਰ ਕੀਤਾ ਜਾਂਦਾ ਸੀ ਘਰਾਂ ਵਿਚ ਕੋਈ ਵੀ ਬੱਚਾ ਐਸਾ ਨਹੀਂ ਸੀ ਹੁੰਦਾ ਜਿਹੜਾ ਆਪਣੇ ਮਾਂ-ਬਾਪ ਨੂੰ ਰਾਤ ਸ਼ੁੱਭ-ਰਾਤਰੀ ਕਹੇ ਤੋਂ ਬਿਨਾਂ ਆਪਣੀ ਚਾਰਪਾਈ ਤੇ ਚਲਿਆ ਜਾਵੇ। ਕਹਿੰਦੇ ਹੁੰਦੇ

ਮੈਂ ਹੁਣ ਪੈਣਾ ਹੈ, ਮੈਨੂੰ ਹੁਣ ਆਗਿਆ ਦਿਓ। ਮੈਂ ਜਾਣਾ ਹੈ ਮੈਨੂੰ ਆਗਿਆ ਦਿਓ। ਬਜ਼ੁਰਗਾਂ ਦਾ ਮਨ ਲੱਗਿਆ ਰਹਿੰਦਾ ਸੀ, ਅਸੀਸ ਦਿੰਦਾ ਹੈ ਬਜ਼ੁਰਗ। ਸੱਚੇ ਦਿਲ ਨਾਲ ਅਸੀਸ ਦਿੱਤੀ ਗੋਈ ਉਸ ਦੀ ਪੂਰੀ ਹੋਇਆ ਕਰਦੀ ਸੀ। ਹੁਣ ਤਾਂ ਮਾਂ-ਬਾਪ ਦੁਖੀ ਨੇ ਕਿ ਪੁਛਦਾ ਹੀ ਨਹੀਂ ਜੀ ਕੋਈ।

ਸੋ ਇਸ ਤਰ੍ਹਾਂ ਉਸ ਪਿੰਡ ਵਿਚ ਆ ਗਿਆ। ਮਿਹਨਤ ਕਰਦਾ ਹੈ, ਘਾਹ ਖੋਤਦਾ ਹੈ। ਦੋ ਪੈਸੇ ਕਮਾਉਂਦਾ ਹੈ ਗੁਰੂ ਨਮਿਤ, ਦੋ ਆਪ ਗਰੀਬੋ-ਗਰੀਬੀ ਖਾਂਦਾ ਹੈ, ਪੈਸੇ ਦੀ ਕੀਮਤ ਬਹੁਤ ਸੀ। ਇੰਗਲੈਂਡ ਦੇ ਸਿੱਕੇ ਵਰਗੀ ਸੀ। ਸੋ ਇਹ ਸਮਾਂ ਲੰਘ ਗਿਆ, ਗੁਰਸਿੱਖੀ ਦਾ ਜੀਵਨ ਜੀਉਂ ਰਿਹਾ ਹੈ, ਪਿੰਡ ਵਾਲੇ ਦੇਖ ਰਹੇ ਨੇ ਸਾਰੇ ਕਿ ਕਿੰਨਾ ਸੋਹਣਾ ਬੰਦਾ ਆ ਗਿਆ। ਜੇ ਬਚਨ ਕਰਦੇ ਨੇ ਤਾਂ ਦਿਲ ਠਰ ਜਾਂਦਾ ਹੈ ਜੇ ਉਹ ਸਹਿਜ-ਸੁਭਾਅ ਵੀ ਦੇਖ ਲਵੇ ਤਾਂ ਐਉਂ ਲਗਦਾ ਹੈ ਜਿਵੇਂ ਮੈਨੂੰ ਬਹੁਤ ਕੁਝ ਮਿਲ ਗਿਆ ਹੁੰਦਾ ਹੈ, ਹਰਮਨ ਪਿਆਰਾ ਹੋ ਗਿਆ ਉਹ, ਹਰੇਕ ਨੂੰ ਚੰਗਾ ਲੱਗਣ ਲੱਗ ਗਿਆ। ਹੁਣ ਗੁਰੂ ਮਹਾਰਾਜ ਜੀ ਨੇ ਅਗਲਾ ਖੇਡ ਵਰਤਾ ਦਿਤਾ। ਹੁਕਮਨਾਮਾ ਦੇ ਦਿੱਤਾ ਤੇ ਬੁਲਾ ਕੇ ਗੁਰਸਿੱਖ ਨੂੰ ਕਿਹਾ ਕਿ ਫਲਾਣੇ ਪਿੰਡ ਦੇ ਅੰਦਰ ਇਕ ਝੌਂਪੜੀ ਦੇ ਵਿਚ ਰਹਿੰਦਾ ਹੈ ਭਾਈ ਮੰਝ ਜਿਹੜਾ ਇਥੇ ਹੁੰਦਾ ਸੀ। ਉਸ ਦੇ ਕੋਲ ਲੈ ਜਾਓ। ਹੁਕਮਨਾਮਾ ਦੇਣਾ ਉਸ ਨੂੰ ਤਾਂ ਹੈ ਜੇ ਪਹਿਲਾਂ ਵੀਹ ਰੁਪਏ ਦਰਸ਼ਨੀ ਭੇਟ ਦੇਵੇ। 20 ਰੁਪਏ ਦਾ ਮਤਲਬ ਅੱਜ ਦੇ ਸਾਢੇ ਬਾਰ੍ਹਾਂ ਹਜ਼ਾਰ ਰੁਪਿਆ ਹੈ। ਇਕ ਮਜ਼ਦੂਰ ਨੂੰ ਦੇਣਾ ਕਿੰਨਾ ਔਖਾ ਹੈ। ਉਥੇ ਚਲਿਆ ਗਿਆ ਜਾ ਕੇ ਆਵਾਜ਼ਾ ਦਿਤਾ, 'ਸਤਿ ਕਰਤਾਰ ਦਾ' ਪਤਾ ਲੱਗਿਆ ਕਿ ਗੁਰੂ ਕੋਲੋਂ ਆਇਆ ਹੈ ਖੁਸ਼ੀਆਂ ਚੜ੍ਹ ਗਈਆਂ, ਲਾਲੀਆਂ ਚੜ੍ਹ ਗੀਆਂ - ਮੇਰੇ ਸਤਿਗੁਰੂ ਦੇ ਦਰਸ਼ਨ ਕਰਕੇ ਆਇਆ ਹੈ, ਧੰਨ ਭਾਗ ਮੇਰੇ! ਜਿਸ ਦੇ ਉਤੇ ਗੁਰੂ ਦੇ ਚਰਨਾਂ ਦੀ ਧੂੜ ਪਈ ਹੋਈ ਹੈ, ਸੰਗਤਾਂ ਦੀ ਧੂੜ ਪਈ ਹੋਈ ਹੈ। ਮੇਰੇ ਗੁਰੂ ਦੇ ਕੋਲ ਰਹਿ ਕੇ ਆਇਆ ਹੈ, ਉਸ ਦੇ ਹੁਕਮ 'ਚ ਆਇਆ ਹੈ। ਬਚਨ ਸੁਣੀ ਜਾਂਦਾ ਹੈ ਤੇ ਮਨ ਵਿਚ ਆਉਂਦਾ ਹੈ ਕਿ ਮੈਂ ਇਸ ਨੂੰ ਦੇਵਾਂ ਕੀ? ਕੀ ਇਸ ਦੀ ਭੇਟਾ ਕਰਾਂ? ਇਸ ਨੇ ਮੈਨੂੰ ਗੁਰੂ ਦੇ ਆ ਕੇ ਬਚਨ ਸੁਣਾਏ ਨੇ। ਭੇਟਾ ਕੀ ਦੇਣੀ ਚਾਹੀਦੀ ਹੈ? ਜਿਹੜਾ ਗੁਰੂ ਦਾ ਬਚਨ ਸੁਣਾਉਂਦਾ ਹੈ। ਆਹ ਭੇਟਾ ਨਹੀਂ ਹੁੰਦੀ ਕਿ ਵਾਜਿਆਂ ਤੇ ਰੁਪਈਏ ਰੱਖੀ ਜਾਓ, ਇਹ ਤਾਂ ਐਵੇਂ ਹੁੰਦਾ ਹੈ ਮਖੌਲ ਹੈ ਇਹ ਤਾਂ। ਭੇਟਾ ਵਾਸਤੇ ਮਹਾਰਾਜ ਕਹਿੰਦੇ ਜੇ ਬੇਟਾ ਦੇਣੀ ਹੈ ਨਾਂਹ, ਆ ਤੈਨੂੰ ਅਸੀਂ ਦੱਸੀਏ-

*ਧਾਰਨਾ - ਸੀਸ ਵੱਢ ਕੇ ਬਣਾ ਦਿਆਂ ਮੂੜ੍ਹਾ,*
*ਗੱਲਾਂ ਜੋ ਸੁਣਾਵੇ ਤੇਰੀਆਂ - 2, 2*

*ਤੈ ਸਾਹਿਬ ਕੀ ਬਾਤ ਜਿ ਆਖੈ*
*ਕਹੁ ਨਾਨਕ ਕਿਆ ਦੀਜੈ॥*
*ਸੀਸੁ ਵਢੇ ਕਰਿ ਬੈਸਣੁ ਦੀਜੈ*
*ਵਿਣੁ ਸਿਰ ਸੇਵ ਕਰੀਜੈ॥ ਅੰਗ - 558*

ਲੱਭਦਾ ਨਹੀਂ ਹੈ ਕੁਝ ਦੇਣ ਨੂੰ, ਅੰਦਰੋਂ ਧੰਨਵਾਦੀ, ਕ੍ਰਿਤ-ਕ੍ਰਿਤ ਹੋ ਰਿਹਾ ਹੈ ਉਸ ਦੇ ਬਚਨ ਸੁਣ ਕੇ। ਵੱਡੀ ਰਾਤ ਲੰਘ ਗਈ, ਅੰਮ੍ਰਿਤ ਵੇਲਾ ਹੋ

ਆਇਆ। ਇਸ਼ਨਾਨ ਕੀਤਾ, ਇਸ਼ਨਾਨ ਕਰਕੇ ਸਿਮਰਨ ਕਰਿਆ, ਬਾਣੀ ਪੜ੍ਹੀ ਦਿਨ ਚੜ੍ਹ ਗਿਆ। ਉਸ ਵੇਲੇ ਉਸ ਨੇ ਕਿਹਾ, ਭਾਈ ਮੰਝ! ਗੁਰੂ ਪਾਤਸ਼ਾਹ ਨੇ ਤੈਨੂੰ ਹੁਕਮਨਾਮਾ ਭੇਜਿਆ ਹੈ।"

ਕਹਿਣ ਲੱਗਿਆ, "ਧੰਨ ਹੈ, ਜੇ ਮੈਂ ਗੁਰੂ ਮਹਾਰਾਜ ਦੇ ਯਾਦ ਹਾਂ। ਉਨ੍ਹਾਂ ਦੇ ਧਿਆਨ 'ਚ ਮੈਂ ਆ ਜਾਵਾਂ ਇਸ ਤੋਂ ਵਧੀਆ ਤਾਂ ਦੁਨੀਆਂ ਦੀ ਬਾਦਸ਼ਾਹੀ ਨਹੀਂ ਹੈ। ਕੀ ਹੁਕਮ ਹੈ?"

ਕਹਿੰਦੇ, "ਹੁਕਮ ਇਹ ਹੈ ਕਿ ਵੀਹ ਰੁਪਏ ਇਸ ਦੀ ਦਰਸ਼ਨੀ ਭੇਟ ਦੇਹ।" ਗੱਲ ਸੁਣੀ, ਚਾਓ ਚੜ੍ਹਿਆ ਹੋਇਆ ਹੈ ਅੰਦਰ ਹੁਣ ਵਿਉਂਤ ਹੁੰਦੀ ਹੈ ਕਿ ਐਨਾ ਪੈਸਾ ਮਹਾਰਾਜ ਨੂੰ ਦੇਣਾ ਹੈ ਕਿਵੇਂ ਕਰੀਏ? ਘਰਵਾਲੀ ਨੇ ਵੀ ਦੇਖਿਆ, ਗੱਲ ਕਰੀ। ਕਹਿੰਦੀ, "ਆਪਾਂ ਏਧਰ ਹੋ ਕੇ ਗੱਲ ਕਰਦੇ ਹਾਂ। ਗੁਰਸਿੱਖ ਨੂੰ ਨਾ ਇਸ ਗੱਲ ਦੀ ਚਿੰਤਾ ਹੋ ਜਾਵੇ ਕਿ ਸਾਡੇ ਕੋਲ ਪੈਸਾ ਨਹੀਂ ਹੈ।"

ਅੱਡ ਹੋਏ ਬਾਹਰ ਗਏ। ਕਹਿੰਦੀ, "ਤੁਸੀਂ ਚਿੰਤਾ ਕਿਉਂ ਕਰਦੇ ਹੋ?"

ਲੜਕੀ ਸੀ, ਲੜਕੀ ਕਹਿਣ ਲੱਗੀ, "ਮੈਂ ਜਵਾਨ ਹਾਂ, ਭਲੇ-ਬੁਰੇ ਦਾ ਮੈਨੂੰ ਸਾਰਾ ਪਤਾ ਹੈ। ਮੇਰਾ ਕੋਈ ਫਿਕਰ ਨਾ ਕਰੋ, ਮੇਰੀ ਜਿਹੜੀ ਮਜ਼ਦੂਰੀ ਹੈ ਇਸ ਨੂੰ ਗਹਿਣੇ ਕਰ ਦਿਓ, ਬੰਧੂਆ ਬਣਾ ਦਿਓ।"

ਅੱਜਕਲ੍ਹ ਵੀ ਬਣਾਉਂਦੇ ਨੇ, ਹੁਣ ਤਾਂ ਕਾਨੂੰਨ ਬਣ ਗਿਆ। ਭੱਠਿਆਂ ਵਾਲੇ ਬਣਾਉਂਦੇ ਨੇ, ਪੈਸਾ ਦੇ ਦੇਣਾ ਲਿਖਾ ਲੈਣਾ ਉਸ ਤੋਂ ਬਾਅਦ ਫੇਰ ਉਸ ਨੂੰ ਬੰਧੂਆ ਮਜ਼ਦੂਰ ਕਹਿੰਦੇ ਸੀ।

ਉਹ ਕਹਿਣ ਲੱਗੀ, "ਜਦੋਂ ਪੂਰੀ ਹੋ ਜਾਏਗੀ ਮੈਂ ਆਜ਼ਾਦ ਹੋ ਜਾਵਾਂਗੀ। ਓਨੇ ਦਿਨ ਮੈਂ ਕੰਮ ਕਰਾਂਗੀ। ਇਸ ਤਰ੍ਹਾਂ ਨਾਲ ਕਰੋ, ਨਿਰਾਸ਼ ਨਾ ਕਰੋ। ਮੇਰੀ ਸੇਵਾ ਲਓ।"

ਉਸ ਵੇਲੇ ਭਾਈ ਮੰਝ ਜੀ ਗਏ ਭਲਾ ਬੰਦਾ ਸੀ, ਜਿਸ ਦੇ ਕੋਲ ਘਰਵਾਲੀ ਨੂੰ ਮਜ਼ਦੂਰੀ ਕਰਨ ਲਾ ਦਿਤਾ।

***ਧਾਰਨਾ - ਮੁਖੜਾ ਨਾ ਮੋੜਦੇ,***
***ਰੱਤੇ ਜੋ ਨਾਲ ਗੁਰਾਂ ਦੇ - 2, 2.***

ਜਿਨ੍ਹਾਂ ਦਾ ਪਿਆਰ ਹੈ ਗੁਰੂ ਦੇ ਨਾਲ ਉਹ ਮੁੱਖ ਨਹੀਂ ਮੋੜਿਆ ਕਰਦੇ, ਸੀਸ ਵੀ ਦੇ ਦਿੰਦੇ ਨੇ ਇਕ ਅਵਾਜ਼ ਨਾਲ। ਗੁਰੂ ਦਸ਼ਮੇਸ਼ ਪਿਤਾ ਨੂੰ ਜਦੋਂ ਲੋੜ ਪਈ, ਆਵਾਜ਼ ਦਿਤੀ ਕਿ ਅਸੀਂ ਇਕ ਬਹੁਤ ਵੱਡਾ ਕਾਰਜ ਕਰਨਾ ਹੈ ਤੇ ਸਾਨੂੰ ਇਕ ਸੀਸ ਦੀ ਲੋੜ ਹੈ। ਸਾਡੇ ਜਿਹੜਾ ਲਿਖਾਰੀ ਨੇ ਪ੍ਰਚਾਰ ਕਰਨ ਵਾਲੇ ਨੇ ਉਨ੍ਹਾਂ ਦੇ ਅੰਦਰ ਨਿਸ਼ਚਾ ਬਹੁਤ ਕਮਜ਼ੋਰ ਹੈ। ਉਹ ਕਹਿੰਦੇ ਜੀ! ਸਨਾਟਾ ਛਾ ਗਿਆ ਕਿਉਂਕਿ ਅਸੀਂ ਇਤਿਹਾਸ ਆਪਣਾ ਆਪ ਤਾਂ ਲਿਖਿਆ ਹੀ ਨਹੀਂ, ਲਿਖਿਆ ਤਾਂ ਦੂਜਿਆਂ ਨੇ ਹੈ ਉਨ੍ਹਾਂ ਨੇ ਆਪਣੇ ਮਨ ਦੀ ਅਵਸਥਾ ਦੱਸੀ ਹੈ। ਦੂਜੀ ਆਵਾਜ਼ ਗਈ, ਤੀਜੀ ਗਈ ਭਾਈ ਦਇਆ ਰਾਮ ਜੀ, ਕਹਿੰਦੇ ਹੌਲੀ-ਹੌਲੀ ਗੁਰੂ ਸਾਹਿਬ ਵੱਲ ਨੂੰ ਵਧੇ। ਐਸੀ ਗੱਲ ਨਹੀਂ ਹੋਈ ਹੈ ਸਿੱਖ ਨੇ

ਪਹਿਲਾਂ ਹੀ ਸੀਸ ਗੁਰੂ ਨੂੰ ਦਿੱਤਾ ਹੋਇਆ ਸੀ।

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥ ਅੰਗ - 1412*

ਉਹ ਤਾਂ ਕੁਝ ਨਹੀਂ, ਸੀਸ ਤਾਂ ਕੁਝ ਗੱਲ ਹੀ ਨਹੀਂ ਹੈ -

*ਤਨ ਗੰਦਗੀ ਕੀ ਕੋਠੜੀ*
*ਹਰਿ ਹੀਰਿਆ ਕੀ ਖਾਣੁ।*
*ਸਿਰ ਦਿਤਿਆਂ ਜੇ ਹਰਿ ਮਿਲੇ*
*ਤਾਂ ਭੀ ਸਸਤਾ ਜਾਣੁ।*

ਜੇ ਗੁਰੂ ਪਤੀਜ ਜਾਵੇ ਸਿਰ ਲੈ ਕੇ, ਸਿਰ ਨੇ ਤਾਂ ਜਾਣਾ ਹੀ ਜਾਣਾ ਹੈ, ਅੱਜ ਨਹੀਂ ਜਾਊ ਤਾਂ ਕੱਲ੍ਹ ਨੂੰ ਚਲਾ ਜਾਊ। ਜੇ ਗੁਰੂ ਦੇ ਕੰਮ ਆ ਜਾਵੇ ਉਸ ਤੋਂ ਵੱਡੀ ਦੁਨੀਆਂ ਵਿਚ ਗੱਲ ਕੀ ਹੈ। ਫੇਰ ਇਹ ਬ੍ਰਹਮਗਿਆਨ ਅਵਸਥਾ ਦੇ ਸਾਰੇ ਗੁਰਸਿੱਖ ਸੀ। ਭਾਈ ਦਇਆ ਸਿੰਘ ਜੀ ਨੂੰ ਕਿੰਨੀ ਵਾਰੀ ਗੁਰੂ ਮਹਾਰਾਜ ਨੇ ਕਿਹਾ ਕਿ ਇਨ੍ਹਾਂ ਨੂੰ ਮੇਰਾ ਰੂਪ ਜਾਣੋ ਤੇ ਫੇਰ ਉਨ੍ਹਾਂ ਦਾ ਰੂਪ, ਜਦੋਂ ਸੀਸ ਮੰਗਿਆ ਉਸ ਵੇਲੇ ਡਰ ਗਿਆ? ਐਸੀ ਗੱਲ ਨਹੀਂ ਹੈ। ਸੀਸ ਪੰਜ, ਪੰਜੇ ਵਾਰੀ ਇਕ ਦਮ ਆਏ ਤੇ ਬਾਅਦ ਵਿਚ ਖੜ੍ਹੇ ਹੋ ਗਏ ਲੋਕ ਕਿ ਮਹਾਰਾਜ ਹੋਰ ਮੰਗੋ। ਮਹਾਰਾਜ ਕਹਿੰਦੇ, "ਪੰਜ ਦੀ ਹੀ ਲੋੜ ਸੀ।" ਐਨੀ ਕਮਜ਼ੋਰ ਸਿੱਖੀ ਨਹੀਂ ਸੀ ਕਿ ਨੱਠ ਗਏ ਜੀ, ਡਰ ਗਏ ਜੀ। ਉਨ੍ਹਾਂ ਅੰਦਰ ਤਾਂ ਚਾਓ ਸੀ -

*ਕਬੀਰ ਮੁਹਿ ਮਰਨੇ ਕਾ ਚਾਉ ਹੈ*
*ਮਰਉ ਤ ਹਰਿ ਕੈ ਦੁਆਰ॥*
*ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥*
*ਅੰਗ - 1367*

*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਅਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥*
*ਅੰਗ - 1365*

ਪੂਰੀ ਤਰ੍ਹਾਂ ਦੇ ਨਾਲ ਗੁਰਸਿੱਖਾਂ ਨੇ ਇਹ ਕਮਾਏ ਹੋਏ ਵਾਕ ਸੀ। ਬਾਣੀ ਨੂੰ ਕਮਾਇਆ ਹੋਇਆ ਸੀ ਤੇ ਇਥੇ ਹੀ ਨਹੀਂ ਸੀ ਸਰੀਰ ਤਾਂ ਥੋੜ੍ਹਾ ਜਿਹਾ ਭਜਨ ਕਰਨ ਤੋਂ ਬਾਅਦ ਪਤਾ ਲੱਗ ਜਾਂਦਾ ਹੈ ਕਿ ਇਹ ਤਾਂ ਨਹੀਂ ਮੈਂ ਹਾਂ ਇਹ ਤਾਂ ਮੇਰਾ ਕਪੜਾ ਹੈ। ਜੇ ਗੁਰੂ ਕਹੇ ਕਿ ਆਹ! ਚਾਦਰ ਲਾਹ ਕੇ ਮੈਨੂੰ ਦੇ ਦੇ। ਮੈਨੂੰ ਕੀ ਦੁਖ ਹੁੰਦਾ ਹੈ? ਮੈਂ ਚਾਦਰ ਫੜਾ ਦਿਆਂਗਾ। ਇਹ ਸਰੀਰ ਜਿਹੜਾ ਹੈ ਇਹ ਆਤਮਾ ਦਾ ਕੱਪੜਾ ਹੈ। ਇਹ ਲੈ ਕੇ ਜੇ ਆਇਆ ਹੈਂ ਤੇ ਮਿਲਿਆ ਕਾਹਦੇ ਵਾਸਤੇ ਹੈ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***

***ਅੰਗ - 12***

ਜੇ ਗੋਬਿੰਦ ਮਿਲ ਜਾਵੇ ਸਰੀਰ ਦੇ ਬਦਲੇ ਇਸ ਨਾਲੋਂ ਜ਼ਿਆਦਾ ਸਸਤੀ ਚੀਜ਼ ਕਿਹੜੀ ਹੈ, ਦੋ ਸੌ ਸਾਲ ਦੀ ਸਿੱਖੀ ਤੇ ਐਨੀ ਹੀ ਗੱਲ ਨਹੀਂ ਸੀ ਸਮਝੀ? ਫੇਰ ਅਸੀਂ ਕਮਜ਼ੋਰ ਸਿੱਖ ਹਾਂ ਜਿਨ੍ਹਾਂ ਨੇ ਰਹਿ-ਰਹਿ ਕੇ, ਸੋਚ-ਸੋਚ ਕੇ ਸੀਸ ਦਿਤਾ। ਗੁਰੂ ਦਸ਼ਮੇਸ਼ ਪਿਤਾ ਵਰਗਾ ਪਿਆਰਾ ਗੁਰੂ ਹੋਵੇ ਉਸ ਦੀ ਇਕ ਅਵਾਜ਼ ਆਵੇ, ਆਵਾਜ਼ ਅਜੇ ਖਤਮ ਨਾ ਹੋਵੇ ਗੁਰੂ ਦੇ ਪਾਸ ਸਿੱਖ ਪਹਿਲਾਂ ਪਹੁੰਚਿਆ ਹੋਵੇ, ਆਹ ਅਵਸਥਾ ਸੀ। ਉਸ ਤੋਂ ਬਾਅਦ ਪੰਜੇ ਗਏ ਤੇ ਗੁਰੂ ਮਹਾਰਾਜ ਨੇ ਸਾਰਿਆਂ ਦੇ ਸਾਮ੍ਹਣੇ ਸਿਰ ਕਲਮ ਕਰ ਦਿਤੇ। ਇਕ ਔਰੰਗਜ਼ੇਬ ਨੂੰ ਰਿਪੋਰਟ ਦੇਣ ਵਾਲਾ ਬੈਠਾ ਸੀ, ਉਸ ਨੇ ਡਾਇਰੀ ਭੇਜੀ ਸੀ। ਉਹ ਲਿਖਦਾ ਹੈ ਕਿ ਗੁਰੂ ਨੇ ਵੱਢ ਦਿਤੇ ਮੇਰੇ ਸਾਮ੍ਹਣੇ ਹੀ, ਉਸ ਤੋਂ ਬਾਅਦ ਉਸ ਨੇ ਕੁਝ ਕਲਾਮ ਪੜ੍ਹੀ, ਮੈਂ ਹੈਰਾਨ ਹੋ ਗਿਆ, ਸਿਰ ਜੁੜ ਗਏ ਆ ਕੇ ਉਠ ਕੇ ਖੜ੍ਹੇ ਹੋਈ ਜਾਣ।

ਡਾਕਟਰ ਸਵਾਮੀ ਰਾਮ ਜੀ ਦਾ ਤੁਸੀਂ ਨਾਮ ਸੁਣਿਆ ਹੈ ਨਾਂਹ। ਇਹ ਆਪਣੀ ਕਿਤਾਬ ਵਿਚ ਲਿਖਦੇ ਹਨ ਕਿ ਇਕ ਦਿਨ ਮੈਂ ਮੌਤ ਉਤੇ ਭਾਸ਼ਨ ਦੇ ਰਿਹਾ ਸੀ। ਉਥੇ ਇਕ ਸੰਨਿਆਸੀ ਆ ਗਿਆ। ਸਾਧਾਰਨ ਜਿਹੀ ਉਸ ਦੀ ਵੇਸ਼-ਭੂਸਾ, ਖੁੱਲ੍ਹੇ ਵਾਲ ਤੇ ਜਦੋਂ ਮੈ ਗੱਲ ਕਰਾਂ ਹੱਸ ਪਵੇ, ਜਦੋਂ ਗੱਲ ਕਰਾਂ ਹੱਸ ਪਵੇ। ਮੈਂ ਪੂਰਾ ਸਮਾਂ ਲੈ ਕੇ ਕਲਾਸ ਬੰਦ ਕਰ ਦਿਤੀ। ਉਹ ਮੇਰੇ ਕੋਲ ਆਇਆ।

ਮੈਂ ਕਿਹਾ, "ਸਵਾਮੀ! ਤੈਨੂੰ ਭੋਰਾ ਜਿੰਨਾ ਵੀ ਅਨੁਸਾਸ਼ਨ ਨਹੀਂ ਆਉਂਦਾ, ਤੂੰ ਹਸਦਾ ਕਿਉਂ ਸੀ ਬੱਚਿਆਂ ਵਿਚ?"

ਉਹ ਕਹਿੰਦਾ, "ਮੈਂ ਤਾਂ ਹਸਦਾ ਸੀ ਕਿ ਤੈਨੂੰ ਕੁਝ ਨਹੀਂ ਆਉਂਦਾ।"

ਉਹ ਕਹਿੰਦਾ ਅੱਜ ਪਹਿਲੇ ਦਿਨ ਸੁਣਿਆ। ਮੈਂ ਸੋਚਦਾ ਸੀ ਕਿ ਮੇਰੇ ਨਾਲੋਂ ਤਾਂ ਵਿਦਵਾਨ ਸੰਸਾਰ 'ਚ ਕੋਈ ਨਹੀਂ, ਸੀ ਵੀ ਨਹੀਂ। ਕਹਿੰਦਾ ਮੈਂ ਕਿਹਾ, ਕਿਉਂ?"

ਕਹਿੰਦਾ, "ਤੈਨੂੰ ਮੌਤ ਦਾ ਪਤਾ ਹੀ ਨਹੀਂ ਕਿ ਕੀ ਹੁੰਦੀ ਹੈ? ਜਾਹ ਕੁਝ ਫੜ ਕੇ ਲਿਆ ਜੀਉਂਦੀ ਚੀਜ਼।"

ਕਹਿੰਦੇ, ਮੈਂ ਇਕ ਵੱਡਾ ਸਾਰਾ ਲੰਬਾ ਕੀੜਾ ਜਿਹਾ ਫੜ ਲਿਆਇਆ।" ਉਸ ਦੇ ਚਾਕੂ ਨਾਲ ਦੋ ਟੁੱਕੜੇ ਕਰ ਦਿਤੇ ਉਸ ਨੇ। ਇਕ ਇਧਰ ਸੁੱਟ ਦਿਤਾ, ਇਕ ਓਧਰ ਸੁੱਟ ਦਿਤਾ। ਉਸ ਤੋਂ ਬਾਅਦ ਮੈਂ ਦੇਖਾਂ ਉਹ ਦੋਵੇਂ ਟੁਕੜੇ ਇਕ ਦੂਜੇ ਵਲ ਨੂੰ ਵਧਦੇ ਨੇ ਤੇ ਆ ਕੇ ਜੁੜ ਗਏ ਤੇ ਉਹ ਚੁੱਪ ਕਰਕੇ ਤੁਰ ਗਿਆ।

ਜੇ ਅੱਜ ਦੇ ਜ਼ਮਾਨੇ ਦੇ ਅੰਦਰ ਕੋਈ ਸਾਧੂ ਐਸਾ ਕਰ ਸਕਦਾ ਹੈ ਤਾਂ ਗੁਰੂ ਦਸਵੇਂ ਪਾਤਸ਼ਾਹ ਉਹਦੇ ਨਾਲੋਂ ਥੱਲੇ ਸੀ? ਕਿਹੋ-ਜਿਹੀਆਂ ਕਮਜ਼ੋਰ ਗੱਲਾਂ ਕਰਦੇ ਨੇ ਕਿ ਜੀ ਬੱਕਰੇ ਬੰਨ੍ਹ ਲਏ, ਕੌਣ ਲੈ ਕੇ ਆਇਆ ਸੀ ਬੱਕਰੇ? ਤੇ ਗੁਰੂ ਸਾਹਿਬ ਨੂੰ ਰਾਤ ਨੂੰ ਕੋਈ ਇਕੱਲਾ ਛੱਡਦਾ ਸੀ ਉਥੇ ਤਾਂ ਪਹਿਰੇ ਸਾਰੇ ਹੁੰਦੇ। ਹਰ ਵਕਤ ਪਹਿਰਾ ਰਹਿੰਦਾ ਸੀ। ਗੁਰੂ ਸਾਹਿਬ ਕਿਹੜੇ ਵੇਲੇ ਬੱਕਰੇ ਖਰੀਦਣ ਚਲੇ ਗਏ ਕਿ ਲਿਆ ਕੇ ਫੇਰ ਬੰਨ੍ਹ ਦਿਤੇ, ਬੋਲੇ ਨਾ। ਕਹਿੰਦੇ ਜੀ, ਮੂੰਹ ਬੰਨ੍ਹ ਦਿਤਾ ਗੁਰੂ ਸਾਹਿਬ ਨੇ। ਕਿਹੋ ਜਿਹੀਆਂ ਕਮਜ਼ੋਰ ਗੱਲਾਂ ਕਰਦੇ ਨੇ।

ਸਾਧਸੰਗਤ ਜੀ! ਗੁਰੂ ਸਮਰੱਥ ਸੀ। ਗੁਰੂ ਦੇ ਹੱਥ ਵਿਚ ਹੁੰਦਾ ਹੈ ਸਾਰੇ ਸੰਸਾਰ ਨੂੰ ਚਾਹੇ ਸੁਲਾ ਦੇਵੇ ਚਾਹੇ ਜਗਾ ਦੇਵੇ। ਗੁਰੂ ਹੁੰਦਾ ਹੀ ਪ੍ਰਮੇਸ਼ਰ ਹੈ। ਉਸ ਦੇ ਉਤੇ ਕਿੰਤੂ ਕਰਨਾ, ਉਲਟੀਆਂ-ਫੁਲਟੀਆਂ ਗੱਲਾਂ ਅਸੀਂ ਕਰਦੇ ਹਾਂ।

ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਨਾਨੂੰ ਨਾਲ ਗੱਲ ਕਰੀ ਕੁਰੂਕਸ਼ੇਤਰ ਉਥੇ ਇਕ ਰਾਜਾ ਆਇਆ ਸੀ, ਉਸ ਨੇ ਹਿਰਨ ਮਾਰਿਆ ਹੋਇਆ ਸੀ। ਮਹਾਰਾਜ ਕਹਿੰਦੇ, ਇਹ ਬਣਾ ਦੇ।" ਸਾਰੀ ਦੁਨੀਆਂ ਨੇ ਦੇਖ ਲਿਆ। ਓਧਰੋਂ ਅੱਗ ਜਲ ਪਈ ਓਧਰੋਂ ਰੌਲਾ ਪੈ ਗਿਆ ਕਿ ਦੇਖੋ ਜੀ! ਅੱਗ ਜਾਲ ਦਿਤੀ ਗ੍ਰਹਿਣ 'ਚ। ਸਾਰੇ ਇਕੱਠੇ ਹੋ ਕੇ ਆ ਗਏ - ਮਾਰੋ-ਮਾਰੋ ਕੁਟੋ ਕੌਣ ਹੈ ਇਹ।

ਮਹਾਰਾਜ ਕਹਿੰਦੇ, ਇਸ ਤਰ੍ਹਾਂ ਨਹੀਂ ਗੱਲ ਹੁੰਦੀ, ਤੁਸੀਂ ਗੱਲ ਕਰੋ ਮੇਰੇ ਨਾਲ।"

ਮਹਾਰਾਜ ਦੇ ਨੇੜੇ ਕਿਹੜਾ ਆ ਸਕਦਾ ਸੀ ਜਲਾਲ ਹੀ ਐਸਾ ਸੀ, ਸਭ ਠਹਿਰ ਗਏ। ਨਾਨੂੰ ਆਇਆ। ਨਾਨੂੰ ਨੂੰ ਇਹ ਵਹਿਮ ਸੀ ਕਿ ਮੈਂ ਗੁਰੂ ਨਾਨਕ ਹਾਂ ਜਿਹੜਾ ਕਿਤਾਬਾਂ ਵਿਚ ਲਿਖਿਆ ਹੋਇਆ ਹੈ ਕਿ ਆਏਗਾ, ਪੱਛਮ ਦੇਸ਼ ਵਿਚ ਤੇ ਸੰਸਾਰ ਦਾ ਉਧਾਰ ਕਰੇਗਾ। ਉਸ ਨੇ ਕਿਹਾ ਕਿ ਮੈਂ ਹੀ ਨਾਨੂੰ ਹਾਂ ਨਾਨਕ ਕਹਾਉਂਦਾ ਸੀ, ਆਪਣੇ ਆਪ ਨੂੰ। ਉਹ ਮੁਖੀ ਬਣਾ ਲਿਆ ਸਾਰਿਆਂ ਨੇ ਕਿ ਤੂੰ ਗੱਲ ਕਰ। ਉਥੇ ਫੇਰ ਬਚਨ ਚੱਲੇ ਬਹੁਤ। ਮਾਸ ਦੇ ਉਤੇ ਗੱਲ ਚੱਲੀ। ਮਹਾਰਾਜ ਕਹਿੰਦੇ, ਤੁਸੀਂ ਤਾਂ ਆਪ ਹੀ ਮਾਸ ਖਾਂਦੇ ਹੋਂ, ਤੁਹਾਡੇ ਵੇਦਾਂ-ਕਤੇਬਾਂ ਵਿਚ ਲਿਖਿਆ ਹੋਇਆ ਹੈ। ਮੈਂ ਤੁਹਾਨੂੰ ਦੱਸ ਦਿੰਦਾ ਹਾਂ। ਵੇਦਾਂ-ਕਤੇਬਾਂ ਵਿਚ ਜਿਹੜਾ ਲਿਖਿਆ ਹੋਇਆ ਹੈ ਨਾਂਹ। ਉਹ ਮੁੱਢ ਤੋਂ ਨਹੀਂ ਹੈ ਉਹ ਪੰਜ ਹਜ਼ਾਰ ਸਾਲ ਵਿਚ ਹੀ ਐਨੀ ਪ੍ਰਦੂਸ਼ਣ ਹੋਈ ਹੈ ਗੱਲਾਂ ਦੀ। ਜਿਵੇਂ ਸਾਡੇ 'ਸੂਰਜ ਪ੍ਰਕਾਸ਼' ਵਿਚ ਹੋਈ ਹੋਈ ਹੈ। ਉਹ ਜਿਹੜੇ ਸ਼ੈਤਾਨ ਬੰਦੇ ਸੀ ਉਨ੍ਹਾਂ ਨੇ ਲਿਖ ਦਿਤਾ। ਹੁਣ ਕਰੀ ਜਾਂਦੇ ਨੇ ਸ਼ੈਤਾਨੀ ਕਿਤਾਬਾਂ ਲਿਖੀ ਜਾਂਦੇ ਨੇ, ਪੜ੍ਹ ਕੇ ਦੇਖੋ। ਮੈਂ ਤਾਂ ਥੋੜ੍ਹਾ ਜਿਹਾ ਪੜ੍ਹ ਕੇ ਦੇਖ ਲੈਂਦਾ ਹਾਂ ਕਿ ਇਹ ਨਹੀਂ ਪੜ੍ਹਨ ਵਾਲੀ ਕਿਤਾਬ। ਕੋਈ ਕੁਝ ਕਹਿੰਦਾ ਹੈ, ਕੋਈ ਕੁਝ ਕਹਿੰਦਾ ਹੈ, ਬਾਣੀ ਨੂੰ ਬਦਲ ਦਿਓ ਜੀ, ਹੁਣ ਇਹ ਫਿੱਟ ਨਹੀਂ ਰਹੀ ਜੀ, ਰੌਲਾ ਪੈ ਗਿਆ ਸਾਰੇ ਕਿ ਫਿੱਟ ਕਿਉਂ ਨਹੀਂ ਰਹੀ, ਇਹ ਤਾਂ ਆਦਿ-ਜੁਗਾਦਿ ਦੀ ਹੈ।

ਸੋ ਉਹ ਜਿਸ ਵਕਤ ਸਾਰੀ ਬਾਤ-ਚੀਤ ਹੋ ਗਈ। ਗੁਰੂ ਮਹਾਰਾਜ ਨੇ ਕਿਹਾ ਕਿ ਤੁਹਾਡੀਆਂ ਕਿਤਾਬਾਂ 'ਚ ਮਾਸ ਲਿਖਿਆ ਹੋਇਆ ਹੈ, ਤੁਸੀਂ ਝਗੜਾ ਮਾਸ ਦਾ ਕਰਦੇ ਹੋਂ? ਗੱਲ ਕੋਈ ਕੰਮ ਦੀ ਕਰੋ ਬੰਦਿਓ! ਤੁਸੀਂ ਇਹ ਕਿਹੜੀ ਗੱਲ ਛੇੜ ਲਈ। ਗੱਲ ਕਰੋ ਮੇਰੇ ਨਾਲ ਪ੍ਰਮੇਸ਼ਰ ਦੀ। ਝਗੜਾ ਪਾ ਲਿਆ ਮੇਰੇ ਨਾਲ। ਉਸ ਵੇਲੇ ਨਿਰੁੱਤਰ ਹੋ ਗਏ।

ਗੁਰੂ ਮਹਾਰਾਜ ਨੇ ਕਿਹਾ, "ਭਾਈ! ਪੰਗਤਾਂ ਲਾਓ ਲੰਗਰ ਤਿਆਰ ਹੈ।" ਉਸੇ ਵੇਲੇ ਭਾਈ ਬਾਲਾ ਜੀ ਨੂੰ ਕਿਹਾ ਕਿ ਤੁਸੀਂ ਵਰਤਾਓ ਸਾਰੇ ਨਾਲ ਲੈ ਲਓ ਤੇ ਵਰਤਦਾ ਕੀ ਹੈ? ਸਾਰਿਆਂ ਦੀਆਂ ਥਾਲੀਆਂ ਵਿਚ ਖੀਰ ਪੈ ਰਹੀ ਹੈ, ਪ੍ਰਸ਼ਾਦ ਪੈ ਰਿਹਾ ਹੈ। ਸਾਡੇ ਜਿਹੜੇ ਤਰਕ ਵਾਲੇ ਬੰਦੇ ਨੇ ਨਵੇਂ-ਨਵੇਂ ਆਉਂਦੇ, ਨਹੀਂ ਸਿੱਖੀ 'ਚ ਆਏ ਹੋਏ, ਨਹੀਂ ਸਿੱਖੀ ਦਾ ਤਜਰਬਾ। ਉਹ ਕਹਿੰਦੇ ਜੀ! ਧਰਿਆ ਤਾਂ ਮਾਸ ਸੀ ਇਹ ਕਿਵੇਂ ਬਣ ਗਿਆ?

ਮੈਂ ਤੁਹਾਨੂੰ ਇਕ ਗੱਲ ਦਸਦਾ ਹਾਂ ਉਹ ਵੀ ਡਾ. ਸਵਾਮੀ ਰਾਮ ਜੀ ਦੇ ਜੀਵਨ 'ਚ ਆਈ ਹੋਈ ਹੈ। ਕਹਿੰਦੇ ਮੈਂ ਇਕ ਸੰਤ ਨੂੰ ਮਿਲਣ ਚਲਿਆ ਗਿਆ ਟੇਹੜੀ ਗੜਵਾਲ, ਮੈਨੂੰ ਰਸਤੇ ਦਾ ਪਤਾ ਨਹੀਂ ਸੀ ਮੈਂ ਇਕ ਪੰਡਤ ਨਾਲ ਲੈ ਲਿਆ।

ਉਹ ਪੰਡਤ ਕਹਿੰਦਾ, "ਮੈਂ ਨਹੀਂ ਉਸ ਸੰਤ ਦੇ ਨੇੜੇ ਜਾਣਾ ਉਹ ਤਾਂ ਡਾਂਗਾਂ ਮਾਰਦਾ ਹੈ, ਮਾਰ ਦਏਗਾ ਜਾਨ ਤੋਂ। ਬਹੁਤ ਨਰੋਆ ਹੈ ਛੇ ਫੁੱਟ ਤੋਂ ਵੀ ਉਚਾ ਹੈ।"

ਕਹਿੰਦਾ, "ਅਸੀਂ ਕਿਹਾ ਨਹੀਂ ਮਾਰਦਾ, ਤੂੰ ਚੱਲ! ਮੇਰੇ ਨਾਲ। ਜਿਹੜੀਆਂ ਮਾਰੇਗਾ ਮੈਂ ਸਹਿ ਲਵਾਂਗਾ।"

ਉਹ ਉਥੇ ਚਲੇ ਗਏ। ਉਥੇ ਜਾ ਕੇ ਜਦੋਂ ਪੰਡਤ ਨੇ ਮੱਥਾ ਟੇਕਿਆ ਤਾਂ ਉਹ ਕਹਿੰਦਾ, ਰਾਤ ਤਾਂ ਤੂੰ ਬ੍ਾਹਮਣਾ! ਮੈਨੂੰ ਗਾਲ੍ਹਾਂ ਕੱਢਦਾ ਆਇਆ ਹੈਂ ਹੁਣ ਮੱਥੇ ਟੇਕਦਾ ਹੈਂ! ਗਾਲ੍ਹਾਂ ਨਹੀਂ ਸੀ ਕੱਢਦਾ?

ਸਵਾਮੀ ਜੀ ਕਹਿੰਦੇ ਉਸ ਨੇ ਨੀਵੀਂ ਪਾ ਲਈ।

ਕਹਿੰਦਾ, "ਚੰਗਾ ਫੇਰ ਪਾਣੀ ਲੈ ਕੇ ਆ ਹੇਠੋਂ। ਦਰਿਆ ਚਲਦਾ ਸੀ ਗੰਗਾ, ਹੇਠਾਂ ਗਿਆ ਵਿਚਾਰਾ ਪਾਣੀ ਲਿਆਇਆ।

ਕਹਿੰਦੇ, "ਆਹ ਲੈ ਛੁਰਾ, ਇਕ ਮੁਰਦਾ ਰੁੜ੍ਹਿਆ ਆ ਰਿਹਾ ਹੈ ਉਥੋਂ ਉਸ ਦਾ ਦੋ ਸੇਰ ਮਾਸ ਪਿਛਲੇ ਪਾਸਿਓਂ ਵੱਢ ਲੈ ਆਈਂ।"

ਕਹਿੰਦਾ, "ਹਜ਼ੂਰ! ਮੈਂ ਤਾਂ ਕਦੇ ਮਾਸ ਨੂੰ ਹੱਥ ਨਹੀਂ ਲਾਇਆ।"

ਕਹਿੰਦੇ, "ਨਹੀਂ ਹੱਥ ਲਾਇਆ ਤਾਂ ਤੂੰ ਆਪਣੇ ਪੱਟ ਦਾ ਦੇ ਦੇ, ਮੈਂ ਇਥੋਂ ਲੈ ਲੈਂਦਾ ਹਾਂ, ਦੋ ਸੇਰ। ਤੁਹਾਨੂੰ ਖਿਲਾਉਣਾ ਤਾਂ ਹੈ ਕੁਝ।"

ਉਹ ਕਹਿੰਦੇ, "Sir, we are vegetarian (ਸ੍ਰੀ ਮਾਨ ਜੀ ਮੈਂ ਤਾਂ

ਸ਼ਾਕਾਹਾਰੀ ਹਾਂ।"

ਅੰਗਰੇਜ਼ੀ ਪੜ੍ਹਿਆ ਹੋਇਆ, ਪੀ.ਐਚ.ਡੀ ਸੀ ਉਹ।

ਉਹ ਕਹਿੰਦਾ, "ਮੈਂ ਤੁਹਾਨੂੰ ਕਦੋਂ ਕਹਿੰਦਾ ਹਾਂ ਕਿ ਮੈਂ ਤੁਹਾਨੂੰ ਮਾਸ ਖਲਾਵਾਂਗਾ। ਪੰਡਤ ਜੀ! ਜਾਂ ਤਾਂ ਲਿਆ ਨਹੀਂ ਤਾਂ ਮੈਂ ਤੇਰਾ ਮਾਸ ਵੱਢ ਲੈਣਾ ਹੈ।"

ਉਹ ਹੇਠਾਂ ਗਿਆ ਤਾਂ ਮੁਰਦਾ ਉਤੋਂ (ਪਹਾੜਾਂ ਵਿਚੋਂ) ਰੁੜ੍ਹਿਆ ਆਉਂਦਾ ਸੀ। ਜਦੋਂ ਆਇਆ ਤਾਂ ਉਸ ਨੇ ਮੁਰਦਾ ਕੱਢ ਲਿਆ ਤੇ ਮਾਸ ਵਢਦੇ ਦੀ ਉਂਗਲੀ ਕੱਟ ਗਈ ਪੂਰੀ, ਨਾਲ ਥੋੜ੍ਹੀ ਜਿਹੀ ਰਹਿ ਗਈ ਲਟਕਦੀ। ਉਸ ਦੇ ਵਿਚ ਦਰਦ ਹੋ ਰਿਹਾ ਹੈ, ਖ਼ੂਨ ਚਲ ਰਿਹਾ ਹੈ। ਵਿਚਾਰਾ ਬੜਾ ਬੁਰਾ ਫਸਿਆ। ਕਹਿੰਦਾ ਅੱਜ ਵਰਗਾ ਮੈਂ ਨਹੀਂ ਜ਼ਿੰਦਗੀ 'ਚ ਫਸਿਆ। ਉਸ ਨੇ ਲਿਆ ਕੇ ਦੇ ਦਿਤਾ।

ਉਹ ਕਹਿੰਦੇ, "ਆਹ ਕੀ ਹੋ ਗਿਆ ਤੇਰੀ ਉਂਗਲੀ ਨੂੰ? ਲਿਆ ਉਰ੍ਹੇ।"

ਹੱਥ ਲਾਇਆ ਉਵੇਂ-ਜਿਵੇਂ ਬਣਾ ਦਿਤੀ ਜਿਵੇਂ ਪਹਿਲਾਂ ਸੀ।

ਉਹ ਕਹਿੰਦੇ, "ਇਸ ਨੂੰ ਕੱਟ, ਮਾਸ ਨੂੰ।" ਕਟਾ ਲਿਆ। ਸਵਾਮੀ ਜੀ ਕਹਿੰਦੇ ਮੇਰੇ ਕੋਲ ਆ ਗਿਆ ਤੇ ਮੈਨੂੰ ਵੀ ਹੋ ਗਿਆ ਕਿ ਹੁਣ ਇਹ ਮਾਸ ਖਲਾਏਗਾ। ਅਸੀਂ ਤਾਂ ਨਹੀਂ ਖਾਣਾ। ਉਹ ਪੰਡਤ ਕਹਿੰਦਾ, ਜੇ ਇਸ ਨੇ ਖਲਾਇਆ ਨਾ ਜ਼ਬਰਦਸਤੀ, ਮੈਂ ਤਾਂ ਗੰਗਾ ਵਿਚ ਹੀ ਡੁੱਬ ਜਾਣਾ ਹੈ, ਛਾਲ ਮਾਰ ਦੇਣੀ ਹੈ ਜਾ ਕੇ।"

ਸਵਾਮੀ ਜੀ ਕਹਿੰਦੇ, "ਥੋੜ੍ਹਾ ਠਹਿਰ ਤਾਂ ਸਹੀ। ਦੇਖਦੇ ਹਾਂ ਆਪਾਂ, ਕੀ ਕਰਦਾ ਹੈ ਇਹ, ਜਦੋਂ ਉਸ ਨੇ ਬਣਾ ਲਿਆ ਤਾਂ ਕਹਿੰਦਾ, "ਪੰਡਤ ਜੀ! ਉਥੋਂ ਪੱਤੇ ਲਿਆਓ ਤੋੜ ਕੇ ਵੱਡੇ-ਵੱਡੇ।"

ਸਵਾਮੀ ਜੀ ਕਹਿੰਦੇ ਹੁਣ ਤਾਂ ਬਿਲਕੁਲ ਹੀ ਨੇੜੇ ਆ ਗਿਆ ਕੰਮ ਹੁਣ ਅੱਗੇ ਕੀ ਹੋਏਗਾ?ਉਹ ਜਿਸ ਵਕਤ ਕੜਛੀ ਨਾਲ ਪਾਉਣ ਲੱਗਿਆ। ਕਹਿੰਦਾ, "ਸਵਾਮੀ ਜੀ! ਸ੍ਰੀ ਨਗਰ ਦੇ ਪਰਲੇ ਪਾਸੇ ਜਦੋਂ ਤੁਸੀਂ ਆ ਰਹੇ ਸੀ ਤਾਂ ਤੁਸੀਂ ਕਿਹਾ ਸੀ ਮਨ ਵਿਚ ਕਿ ਰਸਗੁੱਲੇ ਖਾਧਿਆਂ ਨੂੰ ਬੜੀ ਦੇਰ ਹੋ ਗਈ। ਲਓ ਰਸਗੁੱਲੇ ਤੁਹਾਡੇ ਲਈ ਮੈਂ ਬਣਾ ਦਿਤੇ। ਕਹਿੰਦੇ, ਰਸਗੁੱਲੇ ਬਣਾ ਦਿਤੇ? ਧਰਿਆ ਮਾਸ, ਕੱਢੇ ਰਸਗੁੱਲੇ।

ਉਹ ਬ੍ਰਾਹਮਣ ਨੂੰ ਕਹਿੰਦੇ, ਖਾ ਲੈ।" ਕਹਿੰਦੇ ਜਦੋਂ ਪਰ੍ਹੇ ਨੂੰ ਗਿਆ ਮੈਂ ਕਿਹਾ, ਪੰਡਤ ਜੀ ਕਿਤੇ ਸੰਮੋਹਿਤ ਤਾਂ ਨਹੀਂ ਕਰ ਦਿਤਾ ਆਪਾਂ ਨੂੰ ਇਨ੍ਹਾਂ ਨੇ।

ਉਹ ਕਹਿੰਦਾ, "ਮੈਨੂੰ ਨਹੀਂ ਸਮਝ 'ਚ ਆ ਰਿਹਾ ਕੁਝ ਤੇ ਜੇ ਮਾਸ ਹੋਇਆ ਸੱਚਮੁੱਚ ਫੇਰ ਤਾਂ ਮੈਂ ਜਾਣਾ ਨਹੀਂ ਹੈ, ਆਪਣੇ ਪਿੰਡ ਇਥੇ ਹੀ ਮਰ ਜਾਣਾ ਹੈ।"

ਕਹਿੰਦੇ, "ਜਦੋਂ ਅਸੀਂ ਖਾਧੇ ਰਸਗੁੱਲੇ ਲੇਕਿਨ ਸਾਡੇ ਮਨ 'ਚ ਰਹਿ ਗਈ ਥੋੜ੍ਹੀ ਜਿਹੀ ਗੱਲ ਕਿ ਕਿਤੇ ਹਿਪਨੋਟਾਈਜ਼ ਨਾ ਕਰ ਦਿਤਾ ਹੋਵੇ। ਉਸ ਤੋਂ ਬਾਅਦ ਉਸ ਨੇ ਪੱਲਾ ਭਰ ਦਿਤਾ ਬ੍ਰਾਹਮਣ ਦਾ, ਉਹ ਪਿੰਡ ਲੈ ਗਿਆ, ਪਿੰਡ 'ਚ ਲਿਜਾ ਕੇ ਵੰਡ ਦਿਤੇ, ਸਾਰਿਆਂ ਨੂੰ ਰਸਗੁੱਲੇ ਵੰਡੇ। ਕਹਿੰਦੇ ਅੱਜ ਓਸ ਸੰਤ ਤੋਂ ਲਿਆਂਦੇ ਨੇ।

ਕਹਿੰਦੇ, "ਮੈਂ ਰਾਤ ਨੂੰ ਉਥੇ ਰਹਿ ਪਿਆ। ਸਵੇਰੇ ਮੈਂ ਉਸ ਨੂੰ ਮਿਲਣਾ ਸੀ। ਇਸ ਗੱਲ ਵਾਸਤੇ ਕਿ ਹਿਪਨੋਟਾਈਜ਼ ਦਾ ਦਾਇਰਾ ਹੁੰਦਾ ਹੈ, ਓਨੇ ਵਿਚ ਹੀ ਅਸਰ ਕਰਦਾ ਹੈ ਬਾਹਰ ਨਹੀਂ ਕਰਿਆ ਕਰਦਾ।"

ਕਹਿੰਦੇ, "ਰਾਤ ਨੂੰ ਅਸੀਂ ਰਹਿੰਦੇ ਹਾਂ ਤੇ ਮੈਂ ਉਨ੍ਹਾਂ ਨੂੰ ਪੁਛਿਆ ਕਿ ਐਨੀ ਪੜ੍ਹਾਈ ਕਰਕੇ ਡਾਕਟਰੇਟ ਕਰਕੇ ਤੁਸੀਂ ਅਜਿਹੀ ਹਾਲਤ, ਬੋਰੀ ਪਾ ਕੇ ਰਖਦੇ ਹੋ ਤੇ ਡੰਡਾ ਰਖਦੇ ਹੋ।"

ਕਹਿੰਦੇ, "ਮੈਂ ਇਕ ਖੋਜ ਕਰਨੀ ਸੀ। ਅਥਰਬਣ ਵੇਦ 'ਚ ਲਿਖਿਆ ਹੋਇਆ ਹੈ ਕਿ ਇਕ ਐਸਾ ਯੋਗ ਹੈ, ਕੋਈ ਚੀਜ਼ ਚਾਹੇ ਪੱਥਰ ਧਰ ਦਿਓ, ਜੇ ਕਹੋ ਕਿ ਇਸ ਦੀ ਦਾਲ ਬਣ ਜਾਵੇ ਛੋਲਿਆਂ ਦੀ ਤਾਂ ਛੋਲਿਆਂ ਦੀ ਦਾਲ ਹੀ ਬਣ ਜਾਏਗਾ। ਉਹ ਮੈਂ 20 ਸਾਲ 'ਚ ਸਿੱਧ ਕਰ ਲਈ। ਤੂੰ ਚੰਗਾ ਹੋਇਆ ਆ ਗਿਆ। ਹੁਣ ਮੇਰੇ ਤੋਂ ਸਿੱਖ ਲੈ ਤੇ ਅਸੀਂ ਤਿੰਨ ਜਣੇ ਹਾਂ ਜਿਹੜੇ ਆਹ ਗੱਲ ਕਰ ਸਕਦੇ ਹਾਂ। ਇਸ ਵਿਦਿਆ ਨੇ ਅਲੋਪ ਹੋ ਜਾਣਾ ਹੈ।"

ਕਹਿੰਦੇ, "ਮੈਂ ਕਿਹਾ ਸਵਾਮੀ ਜੀ! ਮੇਰੇ ਕੋਲ 20 ਸਾਲ ਨਹੀਂ ਹਨ ਕਿ ਮੈਂ ਇਸ ਗੱਲ ਦੇ ਉਤੇ ਲਾ ਦਿਆਂ।" ਕਹਿੰਦੇ ਮੈਂ ਤਾਂ ਨਹੀਂ ਕਰੀ ਫੇਰ। ਦੂਜੇ ਦਿਨ ਮੈਂ ਉਸ ਪੰਡਤ ਕੋਲ ਗਿਆ ਕਿ ਉਹ ਰਸਗੁੱਲੇ-ਰਸਗੁੱਲੇ ਹੀ ਰਹਿ ਗਏ?

ਕਹਿੰਦਾ, "ਹਾਂ ਜੀ! ਉਹ ਤਾਂ ਅਜੇ ਵੀ ਪਏ ਨੇ।"

ਫੇਰ ਮੈਂ ਸਮਝਿਆ। ਉਹ ਕਹਿੰਦੇ ਮੈਂ ਮੂਲ ਤੱਤ ਬਦਲ ਦਿੰਦਾ ਹਾਂ।

ਮੈਨੂੰ ਉਹ ਯੋਗ ਆ ਗਿਆ ਕਿ ਕੋਈ ਚੀਜ਼ ਬਦਲ ਕੇ, ਕੁਝ ਬਣਾ ਦਿਆਂ।

ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਹਿਬ ਤੇ ਬਾਬਾ ਬੁੱਢਾ ਜੀ ਨੂੰ ਕਹਿ ਰਹੇ ਨੇ, ਤੁਸੀਂ ਜਾਂਦੇ ਹੋ ਮੇਰੇ ਕੋਲੋਂ ਜਾਂ ਨਹੀਂ?"

ਕਹਿੰਦੇ, "ਮਹਾਰਾਜ! ਕੋਈ ਥਾਉਂ ਹੋਵੇ ਤਾਂ ਜਾਈਏ, ਜਿਨ੍ਹਾਂ ਦਾ ਥਾਉਂ ਸੀ ਉਹ ਚਲੇ ਗਏ। ਸਾਡਾ ਤਾਂ ਤੇਰੇ ਚਰਨਾਂ ਤੋਂ ਬਿਨਾਂ ਹੋਰ ਥਾਉਂ ਹੀ ਨਹੀਂ ਹੈ।"

ਕਹਿੰਦੇ, "ਜੇ ਮੇਰੇ ਪਿਛੇ ਆਉਣਾ ਹੈ, ਆਹ ਵੇਖੋ ਸਾਮ੍ਹਣੇ ਮੁਰਦਾ ਪਿਆ ਹੈ?"

ਕਹਿੰਦੇ, "ਹਾਂ ਜੀ।"

ਕਹਿੰਦੇ, "ਜਾਓ ਖਾਓ ਇਸ ਨੂੰ।" ਕੋਲ ਜਾ ਕੇ ਖੜ੍ਹੇ ਹੋ ਗਏ।

ਕਹਿੰਦੇ, "ਖਾਂਦੇ ਨਹੀਂ।"

ਗੁਰੂ ਅੰਗਦ ਪਾਤਸ਼ਾਹ ਕਹਿੰਦੇ, "ਮਹਾਰਾਜ! ਹੁਕਮ ਕਰੋ ਕਿਧਰੋਂ ਖਾਈਏ?"

ਕਹਿੰਦੇ, "ਸਿਰ ਵਲੋਂ ਖਾਓ।" ਗੁਰੂ ਅੰਗਦ ਸਾਹਿਬ ਤਾਂ ਇਕ ਦਮ ਚਲੇ ਗਏ। ਬਾਬਾ ਬੁੱਢਾ ਜੀ ਨੇ ਕਦਮ ਛੋਟਾ ਕਰ ਲਿਆ ਕਿ ਪਹਿਲਾਂ ਬੁਰਕੀ ਇਹ ਵੱਢੇ ਫੇਰ ਦੇਖਾਂਗੇ ਆਪਾਂ ਕੀ ਬਣਦਾ ਹੈ। ਜਦੋਂ ਕੱਪੜਾ ਚੁਕਿਆ ਉਥੇ ਨਾ ਕੋਈ ਮੁਰਦਾ ਤੇ ਨਾ ਕੁਝ ਹੋਰ। ਪ੍ਰਸ਼ਾਦ ਪਿਆ ਉਥੇ, ਬਰਤਨ ਪਿਆ। ਇਹ ਸਾਖੀਆਂ ਨੇ। ਜੇ ਉਥੇ ਕੁਰੂਕਸ਼ੇਤਰ ਦੇ ਅੰਦਰ ਪ੍ਰਸ਼ਾਦ ਬਣਾ ਦਿਤਾ ਇਕ ਅੱਜ ਦਾ ਜੀਉਂਦਾ-ਜਾਗਦਾ ਸੰਤ ਬਣਾ ਦਿੰਦਾ ਹੈ ਫੇਰ ਗੁਰੂ ਨਾਨਕ ਸਾਹਿਬ ਤੇ ਹੀ ਸ਼ੱਕ ਕਰਨਾ ਹੈ, ਤਰਕ ਕਰਨੀ ਹੈ ਉਨ੍ਹਾਂ ਤੇ। ਸੋ ਇਸੇ ਤਰ੍ਹਾਂ ਬਾਬਾ ਗੁਰਦਿੱਤਾ ਜੀ ਨੇ ਮਰੀ ਹੋਈ ਗਊ ਜੀਉਂਦੀ ਕਰ ਦਿਤੀ। ਬਾਬਾ ਅਟੱਲ ਜੀ ਨੇ ਮੋਹਨ ਜਿਸ ਦੇ ਸੱਪ ਲੜ ਗਿਆ ਤੇ ਰਾਤ ਦਾ ਮਰਿਆ ਹੋਇਆ ਜੀਉਦਾ ਕਰ ਦਿਤਾ ਤੇ ਗੁਰੂ ਸਾਹਿਬ ਵੇਲੇ ਬੱਕਰਿਆਂ ਦੀ ਯਾਦ ਆ ਜਾਂਦੀ ਹੈ। ਇਹ ਕਮਜ਼ੋਰ ਨਿਸ਼ਚੇ ਨੇ ਸਾਰਿਆਂ ਦੇ, ਜਾਣ ਕੇ ਕਰੀ ਹੈ ਇਹ ਗੱਲ, ਬਹੁਤ ਚਲਾਕ ਬੰਦਾ ਸੀ ਜਿਸ ਨੇ ਇਹ ਗੱਲਾਂ ਕਰੀਆਂ। ਜਿੱਥੇ ਜਾ ਕੇ ਸਾਡਾ ਭਰੋਸਾ ਸਿਖਰ ਤੇ ਪਹੁੰਚਦਾ ਹੈ ਉਥੇ ਸਾਨੂੰ ਧੱਕਾ ਮਾਰ ਕੇ ਸੁੱਟ ਦਿਤਾ। ਗੁਰੂ ਗ੍ਰੰਥ ਸਾਹਿਬ ਵਿਚ ਫੁਰਮਾਨ ਹੈ -

***ਸਤਿਗੁਰੁ ਮੇਰਾ ਮਾਰਿ ਜੀਵਾਲੈ॥*** ***ਅੰਗ - 1412***

ਮਾਰਨਾ-ਜੀਉਣਾ ਸਤਿਗੁਰੂ ਦੇ ਹੱਥ ਵਿਚ ਹੈ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦੀ ਮਰਜ਼ੀ ਹੈ ਸਾਧ-ਸੰਗਤ ਜੀ। ਗੁਰੂ ਜਿਹੜੀ ਗੱਲ ਕਰਦਾ ਹੈ ਉਹ ਸਿੱਖ ਨੂੰ ਪਿਆਰੀ ਲਗਦੀ ਹੈ ਜਿਹੜਾ ਸਿੱਖ ਗੁਰੂ ਦੇ ਨਾਲ ਪਿਆਰ ਵਿਚ ਰੱਤਿਆ ਹੋਇਆ ਹੈ -

***ਰਤੇ ਸੇਈ ਜਿ ਮੁਖੁ ਨ ਮੋੜਨਿ***
***ਜਿਨੀ ਸਿਞਾਤਾ ਸਾਈ॥*** ***ਅੰਗ - 1425***

ਗੁਰਸਿੱਖ ਚਲਿਆ ਗਿਆ, ਮੇਵੜਾ ਜਾ ਕੇ ਸਾਰੀ ਹਾਲਤ ਦੱਸੀ।

ਮਹਾਰਾਜ ਕਹਿੰਦੇ, "ਬਿਰਤੀ ਕਿਹੋ ਜਿਹੀ ਰਹੀ ਓਸਦੀ?"

ਕਹਿੰਦਾ, "ਮਹਾਰਾਜ! ਬਹੁਤ ਚਾਓ ਸੀ, ਧਰਤੀ ਤੇ ਪੈਰ ਨਹੀਂ ਸੀ ਲਗਦਾ। ਆਹ ਗੱਲ ਕਰੀ ਹੈ ਉਸ ਨੇ, ਪੈਸੇ ਲੈ ਆਉਂਦੇ।"

ਕਹਿੰਦੇ, "ਦੂਜਾ ਹੁਕਮਨਾਮਾ ਸਾਡਾ ਫੇਰ ਲੈ ਜਾ।" ਦੋ ਮਹੀਨੇ ਬਾਅਦ ਫੇਰ ਭੇਜ ਦਿਤਾ, ਓਹੀ ਸ਼ਰਤ 20 ਰੁਪਏ ਦੀ।

ਉਸ ਵੇਲੇ ਜਾ ਕੇ ਉਸ ਨੇ ਕਿਹਾ, "ਭਾਈ ਮੰਝ! ਮਹਾਰਾਜ ਦਾ ਹੁਕਮਨਾਮਾ ਆਇਆ ਹੈ, ਇਹ ਤੂੰ ਲੈ ਪਰ ਮਹਾਰਾਜ ਦਾ ਹੁਕਮ ਇਹ ਹੈ ਕਿ

20 ਰੁਪਏ ਦਰਸ਼ਨੀ ਭੇਟ ਦੇ ਕੇ ਲੈਣਾ।"

ਘਰਵਾਲੀ ਨੇ ਕਿਹਾ ਕਿ ਓਦਰਣ ਦੀ ਬਾਤ ਨਹੀਂ ਹੈ ਆਪਾਂ ਤਨ, ਮਨ ਤੇ ਧਨ ਸਾਰਾ ਗੁਰੂ ਨੂੰ ਸੌਂਪਿਆ। ਹੁਣ ਮੌਕਾ ਹੈ ਕਿ ਆਪਾਂ ਗੁਰੂ ਨੂੰ ਮਨਾ ਲਈਏ।

***ਧਾਰਨਾ - ਗੁਰਾਂ ਨੂੰ ਮਨਾ ਲਈਏ,***
***ਤਨ ਮਨ ਧਨ ਦੇ ਕੇ - 2, 2.***

ਮੇਰੀ ਮਜ਼ਦੂਰੀ ਗਹਿਣੇ ਕਰ ਦਿਓ। ਉਸੇ ਤਰ੍ਹਾਂ ਨਾਲ ਕੀਤਾ। ਕੋਈ ਚੰਗਾ ਘਰ ਸੀ ਜਾ ਕੇ ਸਾਰੀ ਸਮੱਸਿਆ ਦੱਸੀ 20 ਰੁਪਏ ਲਿਆਂਦੇ ਤੇ ਭੇਟਾ ਦੇ ਦਿਤੀ। ਹੁਕਮਨਾਮਾ ਲਿਆ, ਸੀਸ ਤੇ ਰੱਖਿਆ, ਨੇਤਰਾਂ ਨਾਲ ਲਾਇਆ, ਨਮਸਕਾਰਾਂ ਕੀਤੀਆਂ ਉਸ ਤੋਂ ਬਾਅਦ ਖੋਲ੍ਹਿਆ, ਖੋਲ੍ਹ ਕੇ ਜਿਸ ਵਕਤ ਪੜ੍ਹਿਆ ਜਾਂ ਉਸ ਪ੍ਰੇਮੀ ਨੇ ਜਿਹੜਾ ਲੈ ਕੇ ਆਇਆ, ਪੜ੍ਹ ਕੇ ਸੁਣਾਇਆ। ਉਸ ਵਿਚ ਲਿਖਿਆ ਹੋਇਆ ਸੀ ਭਾਈ ਮੰਝ! ਤੇਰੇ ਤੇ ਅਸੀਂ ਬੜੇ ਖੁਸ਼ ਹਾਂ। ਸਾਡਾ ਹੁਕਮਨਾਮਾ ਸੁਣਦੀਸਾਰ ਪਹਿਲਾ ਕਦਮ ਜਿਹੜਾ ਪੁਟਣਾ ਹੈ ਤੂੰ ਸਾਡੇ ਵਲ ਪੁੱਟਣਾ ਹੈ। ਉਸੇ ਵੇਲੇ ਆਪ ਨੇ ਪਿੱਛਾ ਨਹੀਂ ਦੇਖਿਆ, ਨਾ ਝੌਂਪੜੀ ਦੇਖੀ, ਨਾ ਕੋਈ ਹੋਰ ਚੀਜ਼ ਦੇਖੀ, ਕਦਮ ਗੁਰੂ ਮਹਾਰਾਜ ਵੱਲ ਨੂੰ ਪੁੱਟ ਲਿਆ। ਹੌਲੀ-ਹੌਲੀ ਚਲਦੇ-ਚਲਦੇ ਅੰਮ੍ਰਿਤਸਰ ਪਹੁੰਚ ਗਏ। ਸੰਗਤਾਂ ਬਹੁਤ ਨਮਸਕਾਰ ਕਰ ਰਹੀਆਂ ਹਨ (ਗੁਰੂ ਮਹਾਰਾਜ ਨੂੰ) ਲਾਈਨ ਦੇ ਵਿਚ ਖੜ੍ਹਾ ਹੋ ਗਿਆ। ਜਾ ਕੇ ਮਹਾਰਾਜ ਜੀ ਨੂੰ ਨਮਸਕਾਰ ਕਰੀ। ਹੋਰਾਂ ਤੋਂ ਮਹਾਰਾਜ ਪੁੱਛ ਰਹੇ ਸੀ, "ਭਾਈ! ਕਿਹੜੇ ਨਗਰ ਤੋਂ ਹੋਂ?" ਕਿਵੇਂ ਹੋਂ?" ਇਕੱਲੀ-ਇਕੱਲੀ ਗੱਲ ਹੋ ਰਹੀ ਸੀ ਜਾਂ ਮੇਵੜਾ ਦੱਸੀ ਜਾਂਦਾ ਸੀ ਜਾਂ ਜਿਹੜਾ ਸੇਵਾਦਾਰ ਸੀ ਉਹ ਦੱਸੀ ਜਾਂਦਾ ਸੀ। ਮਹਾਰਾਜ! ਫਲਾਣੇ ਥਾਂ ਦੀ ਸੰਗਤ ਆਈ ਹੈ, ਫਲਾਣੇ ਥਾਂ ਦੀ ਸੰਗਤ ਆਈ ਹੈ। ਜਦੋਂ ਭਾਈ ਮੰਝ ਨੇ ਜਾ ਕੇ ਨਮਸਕਾਰ ਕਰੀ ਉਸ ਵੇਲੇ ਮਹਾਰਾਜ ਨੇ ਨੇਤਰ ਹੀ ਨਾ ਰਲਾਏ ਉਸ ਦੇ ਨਾਲ ਹੋਰ ਪਾਸੇ ਦੇਖ ਰਹੇ ਨੇ। ਇਸ ਨੇ ਨਮਸਕਾਰ ਕਰੀ ਬਹੁਤ ਚਾਓ ਚੜ੍ਹ ਗਿਆ ਕਿ ਮੈਂ ਗੁਰੂ ਦੀ ਹਜ਼ੂਰੀ 'ਚ ਆ ਗਿਆ। ਇਸ ਗੱਲ ਨੂੰ ਮਹਿਸੂਸ ਹੀ ਨਹੀਂ ਕਰਿਆ ਕਿ ਮਹਾਰਾਜ ਨੇ ਤਾਂ ਮੇਰੇ ਨਾਲ ਬਚਨ ਹੀ ਕੋਈ ਨਹੀਂ ਕਰਿਆ। ਕਿੱਡੀ ਕੁਰਬਾਨੀ ਕਰਕੇ ਗਿਆ ਸੀ ਲੜਕੀ ਕਿਤੇ, ਘਰਵਾਲੀ ਕਿਤੇ, ਜਾਇਦਾਦ ਕਿੱਥੇ, ਕੋਈ ਨਹੀਂ ਓਲਾਂਭਾ। ਅਸੀਂ ਤਾਂ ਮਿਹਣੇ ਦਿੰਦੇ ਹਾਂ ਕਿ ਸੱਚੇ ਪਾਤਸ਼ਾਹ! ਮੈਂ ਤੇਰਾ ਸਿੱਖ ਬਣਿਆ ਸੀ ਮੇਰੇ ਨਾਲ ਆਹ ਵਰਤ ਗਿਆ ਭਾਣਾ। ਸਿੱਖੀ ਛੱਡਣ ਨੂੰ ਤਿਆਰ ਹੋ ਜਾਂਦੇ ਨੇ। ਮੈਨੂੰ ਕਈ ਕਹਿੰਦੇ ਨੇ, "ਜੀ! ਅਸੀਂ ਪਾਠ ਕਰਦੇ ਹਾਂ, ਸਾਡਾ ਨੁਕਸਾਨ ਹੋ ਜਾਂਦਾ ਹੈ। ਮੈਂ ਕਿਹਾ ਤੁਹਾਨੂੰ ਕਿਸੇ ਨੇ ਦੱਸਿਆ ਹੈ ਪਾਠ ਕਰਨਾ, ਨਾ ਕਰੋ। ਪਾਠ ਕਰਨ ਤੋਂ ਵੀ ਕਦੇ ਨੁਕਸਾਨ ਹੁੰਦਾ ਹੈ? ਤੁਹਾਡੀ ਜੀਭ ਦੇ ਵਿਚ ਕੋਈ ਫਰਕ ਹੈ ਜ਼ਬਰਦਸਤ, ਜਿਹੜਾ ਗੁਰੂ ਦੇ ਨਾਲ ਤੁਸੀਂ ਜੁੜਦੇ ਨਹੀਂ, ਹਨੋਰਾ ਦਿੰਦੇ ਹੋ, ਓਲਾਂਭਾ ਦਿੰਦੇ ਹੋ ਉਸਨੂੰ।

ਸੋ ਉਸ ਵੇਲੇ ਭਾਈ ਮੰਝ ਸੰਗਤ 'ਚ ਆ ਗਿਆ, ਉਥੇ ਰਹਿਣਾ ਸ਼ੁਰੂ ਕਰ ਦਿਤਾ। ਦਿਨ ਰਾਤ ਸੇਵਾ ਕਰਦਾ ਹੈ। ਕਦੇ ਜਲ ਢੋਂਦਾ ਹੈ, ਕਦੇ ਚੁਲ੍ਹੇ

ਦੇ ਵਿਚ ਬਾਲਣ ਬਾਲਦਾ ਹੈ, ਕਦੇ ਕੋਈ ਸੇਵਾ ਕਰਦਾ ਹੈ, ਬਰਤਨ ਮਾਂਜਦਾ ਹੈ ਤੇ ਫੇਰ ਜਿਹੜਾ ਸਮਾਂ ਮਿਲੇ ਉਸ ਦੇ ਵਿਚ ਜਾ ਕੇ ਜੰਗਲ ਤੋਂ ਲੱਕੜਾਂ ਲੈ ਕੇ ਆਉਂਦਾ ਹੈ ਲੰਗਰ ਵਾਸਤੇ। ਲੰਗਰ ਦੀ ਸੇਵਾ ਬਹੁਤ ਸੇਵਾ ਹੈ। ਮਹਾਰਾਜ ਜੀ ਦੱਸਿਆ ਕਰਦੇ ਸੀ ਕਿ ਇਕ ਬੀਬੀ ਜੇਠ ਦੇ ਮਹੀਨੇ 'ਚ ਲੰਗਰ ਦੇ ਪ੍ਰਸ਼ਾਦਾ ਲਾਹ ਲਏ ਇਕ ਘੰਟਾ ਤੇ ਕੋਈ ਸਾਧ ਧੂਣੀਆਂ ਪੰਜ ਜਲਾ ਕੇ ਜੇਠ ਦੇ ਮਹੀਨੇ, ਸਾਰਾ ਮਹੀਨਾ ਧੁੱਪੇ ਬੈਠਾ ਰਹੇ, ਸਰੀਰ ਨੂੰ ਸੁਕਾ ਲਏ, ਕਾਲਾ ਕਰ ਲਏ। ਉਸ ਦਾ ਜਿਹੜਾ ਫਲ ਹੈ ਉਸ ਬੀਬੀ ਦੇ ਚੌਥੇ ਹਿੱਸੇ ਨਾਲੋਂ ਵੀ ਘੱਟ ਮਿਲੇਗਾ, ਉਸ ਨੂੰ ਮਿਲਦਾ ਨਹੀਂ। ਉਹ ਜਿਹੜੀ ਪ੍ਰਸ਼ਾਦੇ ਦੀ ਸੇਵਾ ਕਰ ਰਹੀ ਹੈ, ਕਿੰਨਿਆਂ ਨੇ ਤ੍ਰਿਪਤ ਹੋਣਾ ਹੈ, ਕਿੰਨਿਆਂ ਕੋਲ ਜਾਣਾ ਹੈ। ਜੇ ਕਿਤੇ ਉਹ ਵਾਹਿਗੁਰੂ-ਵਾਹਿਗੁਰੂ ਕਰਦੀ ਹੋਵੇ, ਸੇਵਾ ਦੇ ਨਾਲ ਫੇਰ ਤਾਂ ਜਿਹੜਾ ਛਕੇਗਾ ਉਸ ਦੀ ਬੁੱਧੀ ਵੀ ਨਿਰਮਲ ਹੁੰਦੀ ਚਲੀ ਜਾਵੇਗੀ। ਇਕ ਪਾਸਾ ਨਹੀਂ ਦੋਵੇਂ ਪਾਸੇ ਕੰਮ ਚਲ ਰਿਹਾ ਹੈ। ਸੇਵਾ ਦਾ ਬਹੁਤ ਵੱਡਾ ਮਹਾਤਮ ਹੈ ਗੁਰੂ ਘਰ ਵਿਚ। ਪਹਿਲੇ ਤਿੰਨ ਜੁਗਾਂ ਵਿਚ ਇਸ ਦਾ ਮਹਾਤਮ ਕੋਈ ਨਹੀਂ ਸੀ। ਜਿਹੜਾ ਸੇਵਾ ਕਰਦਾ ਸੀ ਉਸ ਨੂੰ ਨੌਕਰ ਚਾਕਰ ਕਹਿੰਦੇ ਸੀ। ਅੰਗਰੇਜ਼ੀ ਵਿਚ menial ਹੈ ਅੱਖਰ। menial/ manial ਉਹ ਹੈ ਜਿਸ ਦੇ ਨਾਲ ਰੋਟੀ ਨਹੀਂ ਖਾਧੀ ਜਾ ਸਕਦੀ, ਜਿਸ ਦੇ ਨਾਲ ਸਾਂਝ ਨਹੀਂ ਪਾਈ ਜਾ ਸਕਦੀ, ਕੰਮੀ ਕਹਿੰਦੇ ਨੇ ਉਸ ਨੂੰ ਕੰਮੀ। ਉਸ ਦੇ ਵਿਚ ਜਿੰਨੇ ਸੇਵਾ ਕਰਨ ਵਾਲੇ ਨੇ ਸਾਰੇ ਕਿਰਤ ਕਰਨ ਵਾਲੇ ਆ ਜਾਂਦੇ ਸੀ। ਮਹਾਰਾਜ ਨੇ ਕਿਹਾ ਨਹੀਂ ਪਿਆਰਿਓ!

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥* *ਅੰਗ - 26*

ਰਿਸ਼ੀ ਨਾਮ ਜਪਦੇ ਸੀ, ਬੰਦਗੀ ਕਰਦੇ ਸੀ। ਸ਼ੂਦਰ ਸੇਵਾ ਕਰਦੇ ਸੀ। ਮਹਾਰਾਜ ਨੇ, ਗੁਰੂ ਨਾਨਕ ਪਾਤਸ਼ਾਹ ਨੇ ਦੋ ਇਕੱਠੇ ਕਰ ਦਿਤੇ। ਗੁਰੂ ਦਸ਼ਮੇਸ਼ ਪਿਤਾ ਨੇ ਇਕੋ ਮਨੁੱਖ ਦੇ ਵਿਚ ਦੋ ਗੁਣ ਇਕੱਠੇ ਕਰ ਦਿਤੇ ਕਿ ਸੇਵਾ ਵੀ ਕਰ, ਸਿਮਰਨ ਵੀ ਕਰ। ਸੇਵਾ ਕਰਨ ਦੇ ਨਾਲ ਤੈਨੂੰ ਬਹੁਤ ਛੇਤੀ ਪ੍ਰਾਪਤੀ ਹੋ ਜਾਏਗੀ ਜਿਵੇਂ ਧਾਨਾਂ ਦਾ ਖੇਤ ਤੇੜਾਂ ਛੱਡ ਜਾਵੇ, ਸਖਤ ਜ਼ਮੀਨ ਵਾਲਾ। ਉਥੇ ਇਕ ਟਿਊਬਵੈਲ ਦਾ ਪਾਣੀ ਦੇਣਾ ਸ਼ੁਰੂ ਕਰੋ, ਭਰਦਾ ਹੀ ਨਹੀਂ ਖੇਤ, ਥੱਲੇ ਹੀ ਤੇੜਾਂ ਵਿਚ ਜਾਈ ਜਾਏਗਾ, ਸੁੱਕ ਜਾਏਗਾ ਜੇ ਉਥੇ ਦੋ ਟਿਊਬਵੈਲ ਕਰ ਦੇਵੇ, ਦੂਹਰਾ ਕਰ ਦੇਵੇ ਤਾਂ ਫੇਰ ਛੇਤੀ ਨਾਲ ਧੱਕਾ ਮਾਰ ਕੇ ਪਾਣੀ ਫਿਰ ਜਾਂਦਾ ਹੈ। ਇਵੇਂ ਜਿਵੇਂ ਜੀਵਨ ਹੈ ਬਹੁਤ ਛੋਟਾ ਆਪਣਾ। ਇਸ ਦੇ ਵਿਚ ਸਿਮਰਨ ਦੇ ਨਾਲ ਜਦੋਂ ਸੇਵਾ ਰਲ ਜਾਂਦੀ ਹੈ ਸੋਨੇ ਤੇ ਸੋਹਾਗੇ ਵਾਲਾ ਕੰਮ ਹੋ ਜਾਂਦਾ ਹੈ ਕਿਉਂਕਿ ਸੇਵਾ ਕਰਦਾ ਹੀ ਓਹੀ ਹੈ -

*ਸੋ ਸੇਵਕੁ ਜੋ ਲਾਇਆ ਸੇਵ॥*
*ਤਿਨ ਹੀ ਪਾਏ ਨਿਰੰਜਨ ਦੇਵ॥* *ਅੰਗ - 1159*

ਵਾਹਿਗੁਰੂ ਮਿਲਦਾ ਹੀ ਸੇਵਾਦਾਰ ਨੂੰ ਹੈ ਜਿਹੜੇ ਤਪ ਕਰਦੇ ਸੀ ਮਹਾਰਾਜ ਨੇ ਪ੍ਰਵਾਣ ਹੀ ਨਹੀਂ ਕਰੇ, ਭੋਰਿਆਂ 'ਚ ਬਹਿ ਜਾਂਦੇ ਸੀ, ਨਹੀਂ ਪ੍ਰਵਾਨ ਕਰੇ।

ਨਹੀਂ ਮੰਨਿਆ ਮਹਾਰਾਜ ਨੇ। ਮਹਾਰਾਜ ਕਹਿੰਦੇ ਸੇਵਾ ਤੇ ਸਿਮਰਨ ਦੋਵੇਂ ਜੀਵਨ ਦੇ ਦੋ ਫੰਗ ਨੇ ਜਿਸ ਦੇ ਨਾਲ ਜਿਵੇਂ ਜਹਾਜ਼ ਉਡਦਾ ਹੈ ਇਕ ਉਸ ਦਾ ਖੰਭ ਟੁੱਟਿਆ ਹੋਇਆ ਹੋਵੇ, ਜ਼ੋਰ ਲਾ ਲਓ, ਗਿਰ ਜਾਏਗਾ ਉਦੋਂ ਹੀ। ਇਹ ਸੇਵਾ ਤੇ ਸਿਮਰਨ, ਸਿਮਰਨ ਸੀ ਰਿਸ਼ੀਆਂ-ਮੁਨੀਆਂ ਦਾ ਕੰਮ - ਸੇਵਾ ਸੀ ਅਛੂਤਾਂ, ਸ਼ੂਦਰਾਂ ਦਾ ਕੰਮ। ਮਹਾਰਾਜ ਨੇ ਦੋਵੇਂ ਇਕੱਠੇ ਕਰ ਦਿਤੇ ਤੇ ਫੇਰ ਫਲ ਕਿੰਨਾ ਹੈ? ਕਹਿੰਦੇ ਜਿਹੜਾ ਕੁਝ ਚਾਹੀਦਾ ਹੈ ਉਹ ਮਿਲ ਜਾਇਆ ਕਰਦਾ ਹੈ ਸੇਵਾ ਦੇ ਨਾਲ, ਐਉਂ ਪੜ੍ਹ ਲਓ।

***ਧਾਰਨਾ - ਕਰ ਕੇ ਕੋਈ ਵੇਖ ਲਓ,***
***ਸੇਵਾ ਤੋਂ ਮਿਲਦਾ ਮੇਵਾ - 2, 2.***

ਸੇਵਾ ਦਾ ਫਲ ਪੰਜ ਵਾਰ ਗੰਗਾ ਦਾ ਇਸ਼ਨਾਨ ਕਰਨ ਜਾਵੇ, ਪੰਜ ਵਾਰ ਪ੍ਰਯਾਗ ਦਾ ਇਸ਼ਨਾਨ ਇਕ ਗੁਰਸਿੱਖ ਨੂੰ, ਅੰਮ੍ਰਿਤ ਵੇਲੇ ਜੇ ਇਸ਼ਨਾਨ ਕਰਾ ਦੇਵੇ ਐਨਾ ਪੁੰਨ ਹੁੰਦਾ ਹੈ ਕਿਉਂਕਿ ਉਸ ਨੇ ਪ੍ਰਮੇਸ਼ਰ ਨਾਲ ਜੁੜਨਾ ਹੈ, ਇਸ਼ਨਾਨ ਕਰਕੇ ਕਿੱਡਾ ਵੱਡਾ ਫਲ ਹੈ ਓਸ ਸੇਵਾ ਦਾ।

***ਸਿਖ ਕਉ ਪਿਲਾਇ ਪਾਨੀ ਭਾਉ ਕਰਿ ਕੁਰਖੇਤ***
***ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ॥***
***ਕਬਿੱਤ ਭਾਈ ਗੁਰਦਾਸ ਜੀ, 673***

ਪ੍ਰਮੇਸ਼ਰ ਦੇ ਪਿਆਰੇ ਨੂੰ ਪਾਣੀ ਪਿਲਾ ਦੇਵੇ ਜੋ ਕੁਰੂਕਸ਼ੇਤਰ ਤੇ ਜਾ ਕੇ ਦਾਨ ਕਰਨ ਦਾ ਫਲ ਮਿਲਦਾ ਹੈ, ਉਹ ਐਡੇ ਵੱਡੇ ਫਲ ਦਾ ਭਾਗੀ ਹੋ ਜਾਂਦਾ ਹੈ। ਸਿੱਖ ਨੂੰ ਜੇ ਪ੍ਰਸ਼ਾਦਾ ਛਕਾ ਦੇਵੇ। ਇਕ ਸ਼ਬਦ ਜੇ ਸਿਖਾ ਦੇਵੇ, ਸਿੱਖ ਨੂੰ ਸੌ (100) ਮੰਦਰ ਸੋਨੇ ਦਾ ਬਣਾ ਕੇ ਦਾਨ ਕਰਨ ਦੇ ਬਰਾਬਰ ਹੁੰਦਾ ਹੈ। ਕਿਸੇ ਸਾਧੂ ਦੇ ਵੀਹ ਵਾਰੀ ਦਰਸ਼ਨ ਕਰੇ ਤੇ ਇਕ ਬੰਦਗੀ ਕਰਨ ਵਾਲੇ ਦੀਆਂ ਲੱਤਾਂ ਘੁੱਟ ਕੇ, ਸੇਵਾ ਕਰਕੇ ਉਸ ਨੂੰ ਸੁਲਾ ਦੇਵੇ, ਕਹਿੰਦੇ ਓਨਾ ਪੁੰਨ ਹੋਇਆ ਕਰਦਾ ਹੈ। ਸੇਵਾ ਤੋਂ ਮੇਵਾ ਮਿਲਦਾ ਹੈ ਸਾਧ ਸੰਗਤ ਜੀ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਸਾਰੇ ਜੰਗਾਂ-ਯੁੱਧਾਂ ਤੋਂ ਬਾਅਦ ਮੁਕਤਸਰ ਤੋਂ ਹੁੰਦੇ ਹੋਏ ਭਾਈ ਡੱਲੇ ਦੀ ਰਾਜਧਾਨੀ 'ਚ ਗਏ ਹੋਏ ਨੇ। ਉਥੇ ਹਰ ਰੋਜ਼ ਉਪਦੇਸ਼ ਦਿੰਦੇ ਹਨ। ਦੂਰ-ਦਰਾਜ ਤੋਂ ਸੰਗਤਾਂ ਆਉਂਦੀਆਂ ਹਨ ਦਰਸ਼ਨ ਕਰਨ ਵਾਸਤੇ, ਜਿਸ-ਜਿਸ ਨੇ ਵੀ ਸੁਣਿਆ, ਉਨ੍ਹਾਂ ਦਿਨਾਂ 'ਚ ਅਖਬਾਰ ਨਹੀਂ ਸੀ ਹੁੰਦੇ, ਉਡਦੀ-ਉਡਦੀ ਖਬਰ ਸੁਣੀ ਜਾਇਆ ਕਰਦੀ ਸੀ। ਇਹ ਵੀ ਨਹੀਂ ਸੀ ਪਤਾ ਹੁੰਦਾ ਕਿ ਇਹ 'ਸਤਿ' (ਸੱਚ) ਹੈ ਜਾਂ ਕਿ ਵਿਚ ਮਿਲਾਵਟ ਹੈ। ਉਸ ਵੇਲੇ ਬਹੁਤ ਸਾਰੇ ਗੁਰਸਿੱਖ ਆਉਂਦੇ ਨੇ ਮਾਲਵੇ ਦੇ। ਅੱਜ ਇਕ ਗੱਡਾ ਭਰ ਕੇ ਰਾਸ਼ਨ ਦਾ ਲਿਆਂਦਾ, ਰਾਮ ਸਿੰਘ ਤੇ ਤ੍ਰਿਲੋਕ ਸਿੰਘ ਦੋ ਭਰਾ ਸੀ ਸਿੱਧੂ। ਉਨ੍ਹਾਂ ਨੇ ਲਿਆ ਕੇ ਲੰਗਰ ਦਾ ਸਮਾਨ ਲਾਹਿਆ; ਗੁਰੂ ਮਹਾਰਾਜ ਦੀ ਦ੍ਰਿਸ਼ਟੀ 'ਚ ਪੈ ਗਿਆ। ਜਦੋਂ ਨਮਸ਼ਕਾਰ ਕਰਨ ਆਏ ਮਹਾਰਾਜ ਕਹਿਣ ਲੱਗੇ, "ਕਿਉਂ ਬਈ ਪਿਆਰਿਓ! ਇਹ ਆਪਣੇ ਘਰੋਂ ਲਿਆਂਦਾ ਹੈ ਜਾਂ ਉਗਰਾਹੀ ਕਰਕੇ ਲਿਆਂਦਾ ਹੈ?"

ਮਹਾਰਾਜ ਨੂੰ ਕਹਿਣ ਲੱਗੇ, "ਸੱਚੇ ਪਾਤਸ਼ਾਹ! ਤੇਰਾ ਦਿੱਤਾ ਹੋਇਆ

ਬਹੁਤ ਕੁਝ ਹੈ, ਗੁਰੂ ਸੱਤਵੇਂ ਪਾਤਸ਼ਾਹ ਦੀਆਂ ਮਿਹਰਾਂ ਨੇ, ਜਿਨ੍ਹਾਂ ਨੇ ਸਾਨੂੰ ਬੈਠਣ ਜੋਗਾ ਥਾਂ ਦੇ ਦਿਤਾ। ਇਹ ਅਸੀਂ ਆਪਣੇ ਘਰੋਂ ਵੀ ਲਿਆਂਦਾ ਹੈ ਤੇ ਜਿਨ੍ਹਾਂ ਨੇ ਉਪਰ ਰੱਖ ਦਿਤਾ ਆਉਂਦੇ ਗੱਡੇ ਤੇ ਉਹ ਵੀ ਅਸੀਂ ਲੈ ਆਏ ਹਾਂ।"

ਇਕ ਗੁਰਸਿੱਖ ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਇਹ ਦੋਵੇਂ ਭਾਈ ਉਹ ਨੇ ਜਿਨ੍ਹਾਂ ਨੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਦਾ ਸਸਕਾਰ ਕਰਿਆ ਸੀ।"

ਮਹਾਰਾਜ ਕਹਿੰਦੇ, "ਅੱਛਾ! ਕਿਉਂਕਿ ਅੱਜ ਤੱਕ ਇਹ ਖਬਰ ਹੀ ਨਹੀਂ ਪਹੁੰਚੀ ਕਿ ਉਨ੍ਹਾਂ ਦਾ ਸੰਸਕਾਰ ਹੋ ਗਿਆ ਜਾਂ ਨਹੀਂ ਹੋ ਗਿਆ।" ਸੋ ਐਨੀਆਂ ਪਵਿੱਤਰ ਦੇਹਾਂ ਜੇ ਮੈਦਾਨ-ਏ-ਜੰਗ ਵਿਚ ਰੁਲ ਜਾਣ ਤਾਂ ਬੜੀ ਮਾੜੀ ਗੱਲ ਹੈ, ਬਹੁਤ ਬੁਰੀ ਗੱਲ ਸੀ ਤੇ ਉਸ ਵੇਲੇ ਗੁਰੂ ਮਹਾਰਾਜ ਜੀ ਨੇ ਪੁਛਿਆ, ਤੁਸੀਂ ਕਿਵੇਂ ਕਰਿਆ ਖੋਲ੍ਹ ਕੇ ਦੱਸੋ ਸਾਨੂੰ।"

ਉਨ੍ਹਾਂ ਨੇ ਕਿਹਾ ਕਿ ਸੱਚੇ ਪਾਤਸ਼ਾਹ! ਜਦੋਂ ਤੁਸੀਂ ਚਮਕੌਰ ਦਾ ਯੁੱਧ ਕੀਤਾ ਉਦੋਂ ਅਸੀਂ ਸਰਹੰਦ ਸੀ ਟਕੇ ਭਰਨ ਗਏ ਹੋਏ ਸੀ, ਮਾਮਲਾ ਭਰਨ ਗਏ ਹੋਏ ਸੀ। ਉਥੇ ਅਸੀਂ ਸੁਣਿਆ ਕਿ ਗੁਰੂ ਮਹਾਰਾਜ ਤਾਂ ਚਲੇ ਗਏ, ਕਈ ਕਹਿੰਦੇ ਸੀ ਨਹੀਂ ਗਏ ਉਹ ਤਾਂ ਸ਼ਹੀਦ ਹੋ ਗਏ। ਇਹ ਵੀ ਗੱਲ ਸੁਣੀ ਤੇ ਅਸੀਂ ਇਹ ਵੀ ਸੁਣਿਆ ਕਿ ਉਨ੍ਹਾਂ ਦੇ ਨਾਲ ਦੇ ਸਾਰੇ ਸਾਹਿਬਜ਼ਾਦਿਆਂ ਸਮੇਤ ਸਾਰੇ ਹੀ ਸ਼ਹੀਦ ਹੋ ਗਏ। ਸਾਡੇ ਮਨ ਵਿਚ ਮਹਾਰਾਜ! ਬੜੀ ਸੱਟ ਲੱਗੀ। ਅਸੀਂ ਦੋਹਾਂ ਭਾਈਆਂ ਨੇ ਵਿਉਂਤ ਬਣਾਈ ਕਿ ਕੀ ਕਰੀਏ? ਕਿਵੇਂ ਪਹੁੰਚੀਏ ਮੈਦਾਨ-ਏ-ਜੰਗ ਵਿਚ? ਓਥੇ ਪਹਿਰੇ ਲੱਗੇ ਹੋਏ ਨੇ।"

ਕਹਿੰਦੇ, "ਸੱਚੇ ਪਾਤਸ਼ਾਹ! ਮੈਂ ਵੀ ਕੇਸ ਖੋਲ੍ਹ ਲਏ, ਇਸ ਨੇ ਵੀ ਖੋਲ੍ਹ ਲਏ; ਲੰਗੋਟੀ ਇਸ ਨੇ ਪਾ ਲਈ, ਮੈਂ ਵੀ ਪਾ ਲਈ। ਉਹ ਵੀ ਇਹੋ ਜਿਹੀ ਕਿ ਜੀਅ ਕਰਕੇ ਨੰਗੇ ਹੋ ਜਾਓ, ਜੀਅ ਕਰੇ ਫੇਰ ਪਾ ਲਓ ਤੇ ਧੂੜ ਪਾ ਲਈ ਉਤੇ, ਸੁਆਹ ਪਾ ਲਈ ਕਮਲੇ ਬਣ ਗਏ। ਜਦੋਂ ਅਸੀਂ ਗਏ ਚਮਕੌਰ ਸਾਹਿਬ ਕੋਲ ਮੁਗਲ ਫੌਜਾਂ ਜਿਹੜੀਆਂ ਸੀ ਸਮਾਨ ਵਗੈਰਾ ਬੰਨ੍ਹ ਕੇ ਵਾਪਸ ਆ ਰਹੀਆਂ ਸੀ, ਕੁਝ ਸਾਨੂੰ ਬਹੁਤ ਸਾਰੇ ਰਾਹ 'ਚ ਮਿਲੇ। ਜਿਹੜੀਆਂ ਪਹਾੜੀ ਫੌਜਾਂ ਸੀ ਉਹ ਵੀ ਆਪਣੇ ਜ਼ਖਮੀਆਂ ਨੂੰ ਚੁੱਕ ਕੇ, ਬਿਲਾਸਪੁਰ ਵਾਲਾ ਰਾਜਾ ਭੀਮਸੈਨ ਉਹ ਵੀ ਜ਼ਖਮੀ ਹੋਇਆ ਹੋਇਆ ਹੋਰ ਕਿੰਨੇ ਹੀ ਰਾਜੇ ਤੇ ਉਨ੍ਹਾਂ ਨੂੰ ਲੈ ਕੇ ਆਪਣੇ-ਆਪਣੇ ਸਾਨੂੰ ਮਿਲੇ ਰਸਤਿਆਂ 'ਚ। ਉਥੇ ਜਦੋਂ ਆਏ ਤਾਂ ਉਥੇ ਉਹ ਫੌਜ ਰਹਿ ਗਈ ਜਿਨ੍ਹਾਂ ਨੇ ਸੈਂਕੜੇ ਹੀ ਮੁਰਦੇ ਦੱਬਣੇ ਸੀ। ਟੋਏ ਪੁਟਾ ਰਹੇ ਸੀ, ਵਗਾਰਾਂ ਲਾ ਕੇ ਤੇ ਅਸੀਂ ਵੀ ਪਹੁੰਚ ਗਏ। ਅਸੀਂ ਹਾਤ-ਹੁਤ ਕਰਦੇ ਜਾਂਦੇ ਹਾਂ, ਰੌਲਾ ਪਾਉਂਦੇ ਹਾਂ ਕਦੇ ਛੋਟਾ ਭਰਾ ਮੈਨੂੰ ਕੁਟਦਾ ਹੈ, ਮੈਂ ਛੋਟੇ ਨੂੰ ਕੁਟਦਾ ਹਾਂ, ਕਦੇ ਗਿਰ ਪਏ, ਕਦੇ ਉਠ ਗਏ, ਸਿਪਾਹੀ ਦੇਖਦੇ ਨੇ ਸਾਨੂੰ, ਕਦੇ ਛਾਲਾਂ ਮਾਰਦੇ ਹਾਂ, ਕਦੇ ਨੱਠ ਕੇ ਜਾ ਕੇ ਜਿਹੜਾ ਚੁੱਕੀ ਜਾਂਦਾ

ਹੈ, ਇਥੋਂ ਆਪ ਵੀ ਮੁਗਲ ਫੌਜਾਂ ਦਾ ਬੰਦਾ ਚੁਕਿਆ ਘੜੀਸੀ ਹੀ ਜਾਂਦੇ ਹਾਂ। ਦੋਵੇਂ ਭਰਾ ਇਕ ਲੱਤ ਇਸ ਨੇ ਫੜੀ ਹੋਈ ਇਕ ਮੈਂ। ਕਈ ਵਾਰ ਸਾਡੇ ਕੋਰੜੇ ਵੀ ਪਏ ਕਿ ਓਏ ਕਮਲੇ ਕੀ ਕਰਦੇ ਹੋ। ਅਸੀਂ ਚੁੱਕ-ਚੁੱਕ ਕੇ ਲਿਆਉਣੇ ਨਿਗ੍ਹਾ ਰੱਖਣੀ ਜੇ ਕੋਈ ਲੱਕੜੀ ਲੱਭਣੀ ਉਹ ਅਸੀਂ ਇਕ ਥਾਂ ਤੇ ਢੇਰੀ ਕਰੀ ਜਾਣੀ ਹਫੜਾ-ਦਫੜੀ ਮਚੀ ਹੋਈ ਸੀ ਹਰੇਕ ਨੂੰ ਇਹ ਪਈ ਹੋਈ ਸੀ ਕਿ ਛੇਤੀ ਘਰ ਜਾਵਾਂ ਤੇ ਕੰਮ ਨਿਬੜੇ। ਅਸੀਂ ਧੂਹ-ਧੂਹ ਕੇ ਲਿਆਈ ਜਾਈਏ, ਨਾਲ ਨਿਗ੍ਹਾ ਕਰੀਏ ਕਿ ਸਿੰਘ ਨਾ ਕਿਤੇ ਵੀ ਚਲਿਆ ਜਾਵੇ ਕੋਈ। ਅਸੀਂ ਅੱਗੇ ਗਏ ਤਾਂ ਕੀ ਦੇਖਦੇ ਹਾਂ ਉਥੇ 32-33 ਲਾਸ਼ਾਂ ਪਈਆਂ, ਸਰੀਰ ਪਏ ਲੇਕਿਨ ਝੁਲਸੇ ਹੋਏ ਸੀ ਪੂਰੀ ਤਰ੍ਹਾਂ ਸੰਸਕਾਰ ਨਹੀਂ ਸੀ ਹੋਇਆ, ਇਕ ਬੀਬੀ ਦਾ ਸਰੀਰ ਵਿਚ ਪਿਆ ਸ਼ਰਨ ਕੌਰ। ਸਾਰੀ ਰਾਤ ਵਿਚਾਰੀ ਲੱਗੀ ਰਹੀ ਸੀ ਲੇਕਿਨ ਪਹਿਰੇਦਾਰਾਂ ਨੇ ਮਾਰ ਕੇ ਵਿਚ ਹੀ ਸੁੱਟ ਦਿਤੀ। ਸਾਨੂੰ ਪਤਾ ਲੱਗ ਗਿਆ ਕਿ ਇਹ ਹੈ ਅੰਗੀਠਾ ਬੱਚੀ ਨੇ ਮਿਹਨਤ ਕਰੀ ਹੈ ਬੀਬੀ ਨੇ ਪਰ ਉਹ ਵਿਚਾਰੀ ਨੇ ਆਪਣੀ ਜਾਨ ਵੀ ਦੇ ਦਿਤੀ, ਇਸ ਗੱਲ ਤੋਂ ਵੀ ਅਸੀਂ ਡਰਦੇ ਸੀ ਕਿ ਜੇ ਸਾਡੀ ਜਾਨ ਚਲੀ ਗਈ ਤਾਂ ਇਹ ਕੰਮ ਕੌਣ ਕਰੇਗਾ ਅਸੀਂ ਤਾਂ ਇਹ ਕੰਮ ਕਰਨਾ ਹੈ।

ਕਹਿੰਦਾ, "ਮਹਾਰਾਜ! ਸਾਡੇ ਬਾਰੇ ਇਹੀ ਹੋ ਗਿਆ ਕਿ ਇਹ ਕਮਲੇ ਨੇ। ਲੋਕ ਹੱਸਿਆ ਕਰਨ, ਅਸੀਂ ਕਦੇ ਸੁਆਹ ਪਾ ਲਈਏ, ਕਦੇ ਰੇਤਾ ਪਾ ਲਈਏ ਉਨ੍ਹਾਂ ਦੇ ਹੀ ਮੁਰਦੇ ਢੋਈ ਜਾਈਏ। ਚਲਦੇ-ਚਲਦੇ ਸਾਨੂੰ ਸਾਹਿਬਜ਼ਾਦਿਆਂ ਦੇ ਸਰੀਰ ਮਿਲ ਗਏ। ਘੱਟ ਥੋੜ੍ਹਾ ਮਰੇ ਸੀ ਉਥੇ, ਹਜ਼ਾਰਾਂ ਦੀ ਤਾਦਾਦ ਵਿਚ ਮਾਰੇ ਗਏ ਸੀ ਉਥੇ ਬੰਦੇ। ਇਤਿਹਾਸ ਵਿਚ ਤਾਂ ਲਿਖਿਆ ਹੈ 10,000 ਤਾਂ ਪਹਿਲੇ ਹੱਲੇ ਹੀ ਮਾਰਿਆ ਗਿਆ ਸੀ। ਉਸ ਤੋਂ ਬਾਅਦ ਫੇਰ ਅੱਗੇ ਚੱਲ ਪਿਆ ਕੰਮ।

ਕਹਿੰਦਾ, "ਮਹਾਰਾਜ! ਉਹ ਸਾਨੂੰ ਮਿਲ ਗਏ।"

ਮਹਾਰਾਜ ਕਹਿੰਦੇ, "ਕਿਵੇਂ? ਉਹ ਬਾਹਰ ਪਏ ਸੀ?"

ਕਹਿੰਦੇ, "ਨਾ ਸੱਚੇ ਪਾਤਸ਼ਾਹ! ਤੁਸੀਂ ਮਾਇਆ ਵਰਤਾਈ ਹੋਈ ਸੀ। ਰਾਤ ਨੂੰ ਜਿਹੜੀ ਹਨ੍ਹੇਰੀ ਚੱਲੀ ਸੀ, ਉਡਾਰ ਦਾ ਰੇਤਾ ਆ ਕੇ ਪੈ ਲਿਆ ਉਨ੍ਹਾਂ ਤੇ ਉਹ ਜਿਹੜੀਆਂ ਕੰਡੇਦਾਰ ਝਾੜੀਆਂ ਸੀ ਦੂਰ-ਦੂਰ ਖੇਤਾਂ ਵਿਚ ਉਹ ਉਡ ਕੇ ਆ ਕੇ ਦੋਹਾਂ ਸਾਹਿਬਜ਼ਾਦਿਆਂ ਤੇ ਟਿਕ ਗਏ। ਉਡਾਰ ਦੇ ਰੇਤੇ ਨੇ ਕੰਢੇ ਦੱਬ ਲਏ ਤੇ ਉਸੇ ਤਰ੍ਹਾਂ ਪੱਤੇ ਆ ਕੇ ਜੁੜ ਗਏ। ਉਥੇ ਕਿਸੇ ਨੂੰ ਨਹੀਂ ਸੀ ਪਤਾ ਲਗ ਸਕਦਾ ਕਿ ਇਥੇ ਸਾਹਿਬਜ਼ਾਦਿਆਂ ਦੇ ਸਰੀਰ ਪਏ ਨੇ। ਸਾਨੂੰ ਨਿਗ੍ਹਾ 'ਚ ਚੜ੍ਹ ਗਏ ਮਹਾਰਾਜ! ਬੜੀ ਖੁਸ਼ੀ ਹੋਈ ਕਿ ਹੁਣ ਇਹ ਕਰੀਏ ਕਿਵੇਂ? ਸੱਚੇ ਪਾਤਸ਼ਾਹ! ਅਸੀਂ ਲੱਕੜਾਂ ਇਕੱਠੀਆਂ ਕਰੀ ਗਏ ਅਸੀਂ ਕਿਸੇ ਦੇ ਧਿਆਨ ਵਿਚ ਨਾ ਆਏ ਕਿ ਇਹ ਕਮਲੇ ਕੀ ਕਰਦੇ ਨੇ। ਇਕ ਮੁਰਦਾ ਘੜੀਸ ਲਿਆਂਦੇ, ਇਕ ਲੱਕੜ ਇਕੱਠੀ ਕਰ ਲੈ ਜਾਂਦੇ ਸੀ ਢੇਰ ਲਾਈ ਜਾਂਦੇ ਸੀ।

ਅਸੀਂ ਇੰਤਜ਼ਾਮ ਕਰ ਲਿਆ ਪਾਤਸ਼ਾਹ! ਕਿ ਜਦੋਂ ਹਨ੍ਹੇਰਾ ਹੋਏਗਾ ਉਸੇ

ਵੇਲੇ ਅਸੀਂ ਆਪਣਾ ਕੰਮ ਸ਼ੁਰੂ ਕਰ ਦੇਵਾਂਗੇ। ਫੌਜਾਂ ਦੇ ਵਿਚ ਅਸੀਂ ਫਿਰਦੇ ਹੀ ਸੀ ਜਦੋਂ ਹਨ੍ਹੇਰਾ ਹੋਇਆ, ਉਹ ਤਾਂ ਦੱਬਣ ਤੋਂ ਹਟ ਗਏ। ਉਨ੍ਹਾਂ ਨੇ ਤਾਂ ਬੋਤਲਾਂ ਖੋਲ੍ਹ ਲਈਆਂ, ਸਾਨੂੰ ਵੀ ਕਹਿਣ ਪੀ ਲੈ, ਓਏ ਕਮਲਿਆ! ਅਸੀਂ ਬਹਾਨਾ ਕਰਕੇ ਹਟਾ ਦਿਤੇ।

ਸੱਚੇ ਪਾਤਸ਼ਾਹ! ਉਨ੍ਹਾਂ ਨੂੰ ਅਸੀਂ ਆਏਂ ਚਕਮਾ ਦੇ ਕੇ...., ਉਹ ਤਾਂ ਮਸਤ ਹੋ ਗਏ ਨਸ਼ਿਆਂ 'ਚ ਪੈ ਗਏ ਸਾਰੇ ਦਿਨ ਦੇ ਥੱਕੇ ਹੋਏ। ਅਸੀਂ ਫੇਰ ਸਾਹਿਬ ਅਜੀਤ ਸਿੰਘ ਜੀ ਦਾ ਸਰੀਰ ਕੱਢਿਆ। ਸਰੀਰ ਦੇ ਉਤੇ ਕੋਈ ਥਾਂ ਐਸਾ ਨਹੀਂ ਸੀ ਜਿਥੇ ਜ਼ਖਮ ਨਹੀਂ ਸੀ ਲੱਗਿਆ ਹੋਇਆ, ਕੋਈ ਥਾਂ ਨਹੀਂ ਸੀ।

ਸੱਚੇ ਪਾਤਸ਼ਾਹ! ਆਏਂ ਸੀ ਜਿਵੇਂ ਕਿਤੇ ਜਲਾਲ ਯੁੱਧ ਕਰਦੇ ਹੁੰਦੇ ਨੇ, ਹੱਥ 'ਚ ਸ੍ਰੀ ਸਾਹਿਬ ਓਵੇਂ ਹੀ ਸੀ ਤੇ ਚਿਹਰੇ ਦੇ ਉਤੇ ਬੀਰ ਰਸ ਛਾਇਆ ਹੋਇਆ, ਓਵੇਂ ਜਿਵੇਂ ਕੋਈ ਵੀ ਨਿਸ਼ਾਨੀ ਨਹੀਂ ਸੀ। ਸਾਨੂੰ ਤਾਂ ਐਉਂ ਲੱਗੇ ਜਿਵੇਂ ਸੱਚਮੁਚ ਅਜੇ ਵੀ ਉਹ ਹਨ। ਇਵੇਂ ਹੀ ਛੋਟੇ ਸਾਹਿਬਜ਼ਾਦਿਆਂ ਨੂੰ ਅਸੀਂ ਕੱਢਿਆ। ਉਨ੍ਹਾਂ ਨੇ ਵੀ ਪੂਰੇ ਜਲਾਲ ਦੇ ਅੰਦਰ ਸਰੀਰ ਦਿਤਾ, ਉਨ੍ਹਾਂ ਦੇ ਵੀ ਕੋਈ ਥਾਂ ਨਹੀਂ ਸੀ ਜਿਥੇ ਜ਼ਖਮ ਨਾ ਹੋਵੇ।

ਅਸੀਂ ਮਹਾਰਾਜ! ਉਨ੍ਹਾਂ ਨੂੰ ਹੌਲੀ-ਹੌਲੀ ਦੋਵੇਂ ਲੈ ਗਏ ਉਥੇ ਅੰਗੀਠਾ ਬਣਾਇਆ ਜਿਸ ਦੇ ਵਿਚ ਸਾਹਿਬਜ਼ਾਦੇ ਦੋਵੇਂ ਰੱਖੇ ਅਸੀਂ, ਚਿਖਾ ਬਣਾਈ। ਬਾਕੀ ਜਿਹੜੇ 32-35 ਸੀ ਉਨ੍ਹਾਂ ਦੀ ਬੀਬੀ ਸਮੇਤ ਮੜੀ ਬਣਾਈ, ਉਨ੍ਹਾਂ ਦਾ ਸਸਕਾਰ ਅੱਡ ਕਰ ਦਿਤਾ ਤੇ ਇਧਰ ਅੱਡ ਕਰ ਦਿਤਾ। ਸਾਰੀ ਰਾਤ ਉਨ੍ਹਾਂ ਨੂੰ ਜਾਗ ਨਹੀਂ ਆਈ। ਅਸੀਂ ਸਵੇਰੇ ਹੀ ਸਿਵੇ ਠੰਡੇ ਕਰੇ ਬਰਤਨ ਲਿਆਂਦੇ ਪਿੰਡ ਵਿਚੋਂ। ਉਹ ਬਰਤਨ ਭਰ ਕੇ ਅਸੀਂ ਦੱਬ ਦਿਤੇ ਸੱਚੇ ਪਾਤਸ਼ਾਹ! ਕਿ ਕਦੇ ਸਮਾਂ ਚੰਗਾ ਆਏਗਾ ਤੇ ਫੇਰ ਇਨ੍ਹਾਂ ਨੂੰ ਸੰਭਾਲਾਂਗੇ।

ਮਹਾਰਾਜ ਬੜੇ ਹੀ ਪ੍ਰਸੰਨ ਹੋਏ, ਬਹੁਤ ਪ੍ਰਸੰਨ ਹੋਏ। ਉਸ ਵੇਲੇ ਜਿਹੜੀ ਸੰਗਤ ਬੈਠੀ ਸੀ, ਉਹ ਨਾ ਸੁਣ ਸਕੀ ਨੇਤਰਾਂ 'ਚ ਜਲ ਜਾਂਦਾ ਹੈ ਸਾਰਿਆਂ ਦੇ ਕਿਉਂਕਿ ਐਸਾ ਵਿਸਥਾਰ ਨਾਲ ਉਨ੍ਹਾਂ ਨੇ ਸਭ ਸੁਣਾਇਆ। ਬਿਰਹੇ 'ਚ ਆਈ ਹੋਈ ਸੰਗਤ ਹੈ, ਹਉਕੇ ਲੈਂਦੇ ਨੇ, ਰੁਮਾਲ ਵਾਰ-ਵਾਰ ਕੱਢ ਕੇ ਅੱਖਾਂ ਤੇ ਲੈ ਕੇ ਜਾਂਦੇ ਨੇ।

ਕਹਿਣ ਲੱਗੇ, "ਸੱਚੇ ਪਾਤਸ਼ਾਹ! ਸਾਡੇ ਤੋਂ ਤਾਂ ਸੁਣਿਆ ਨਹੀਂ ਜਾਂਦਾ।"

ਮਹਾਰਾਜ ਕਹਿੰਦੇ, "ਉਹ ਤਾਂ ਬੀਰ-ਗਤੀ ਨੂੰ ਪ੍ਰਾਪਤ ਹੋਏ ਨੇ, ਉਹ ਕੰਮ ਕਰ ਗਏ ਜਿਹੜਾ ਸੰਸਾਰ ਦੇ ਵਿਚ ਕੋਈ ਕਰ ਨਹੀਂ ਸਕਦਾ ਪਿਆਰਿਓ!" ਐਉਂ ਪੜ੍ਹ ਲਓ ਸਾਰੇ।

***ਧਾਰਨਾ - ਵਾਹਵਾ ਵਾਹਵਾ***
***ਬਈ ਜਸ ਗਾਉ ਸਾਰੀ ਦੁਨੀਆਂ -2.***
***ਐਸੀ ਕਰਨੀ ਕਰ ਗਏ ਪਿਆਰੇ-2***

ਕਹਿੰਦੇ, "ਸਿੰਘੋ! ਇਸ ਦੇ ਵਿਚ ਅਫਸੋਸ ਕਰਨ ਦੀ ਥਾਂ ਤੁਹਾਨੂੰ ਖੁਸ਼ ਹੋਣਾ ਚਾਹੀਦਾ ਹੈ। ਉਨ੍ਹਾਂ ਸਪੂਤਾਂ ਨੇ ਜੋ ਅਭਿਮਨਯੂ ਨੇ ਯੁੱਧ ਕਰਿਆ ਸੀ ਜਾਂ ਲਵ ਤੇ ਕੁਸ਼ ਨੇ ਕਰਿਆ ਸੀ। ਉਹ ਯਾਦ ਤਾਜ਼ਾ ਕਰਾ ਦਿਤੀ, ਪਿੱਠ ਨਹੀਂ ਦਿਤੇ ਦੋ ਸੀ, ਦੱਸ ਲੱਖ ਫੌਜ ਦੇ ਮੁਕਾਬਲੇ ਤੇ ਕੋਈ ਹੈ ਦੁਨੀਆਂ ਦੇ ਅੰਦਰ ਐਸੀ ਮਿਸਾਲ ਸਾਨੂੰ ਤਾਂ ਖੁਸ਼ ਹੋਣਾ ਚਾਹੀਦਾ ਹੈ, ਸ਼ਸਤ੍ਰ ਨਹੀਂ ਸੁੱਟੇ ਆਖਰੀ ਦਮ ਤਕ ਜਦੋਂ ਤਕ ਧਰਤੀ ਤੇ ਗਿਰ ਨਹੀਂ ਗਏ, ਸ਼ਸਤ੍ਰ ਚਲਾਉਂਦੇ ਹੀ ਰਹੇ ਨੇ, ਨਾ ਕਿਸੇ ਦੀ ਭੈ ਮੰਨੀ ਹੈ। ਉਨ੍ਹਾਂ ਨੇ ਬਾਣੀ ਕਮਾ ਕੇ ਦਿਖਾ ਦਿਤੀ -

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥***

***ਅੰਗ - 1427***

ਉਨ੍ਹਾਂ ਨੇ ਤਾਂ ਆਪਣਾ ਬਲੀਦਾਨ ਦੇ ਦਿਤਾ ਜ਼ੁਲਮ ਦੇ ਖਿਲਾਫ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, "ਤੁਸੀਂ ਸਾਨੂੰ ਪ੍ਰਸੰਨ ਕਰ ਲਿਆ। ਸੇਵਾ ਐਸੀ ਕੀਤੀ ਹੈ ਜਿਹੜੀ ਦੁਨੀਆਂ ਦੇ ਵਿਚ ਮਿਸਾਲ ਰਹੇਗੀ। ਬੋਲੋ ਕੀ ਚਾਹੀਦਾ ਹੈ?"

ਕਹਿਣ ਲੱਗੇ, "ਸੱਚੇ ਪਾਤਸ਼ਾਹ! ਸਾਡੇ ਕੋਲ ਰਹਿਣ ਨੂੰ ਕੋਈ ਟਿਕਾਣਾ ਨਹੀਂ ਹੈ, ਸਾਨੂੰ ਰਹਿਣ ਨਹੀਂ ਦਿੰਦੇ, ਸਾਡੇ ਕੋਲ ਜ਼ਮੀਨ ਨਹੀਂ ਹੈ ਮਲਕੀਅਤ ਦੀ, ਲੈ ਕੇ ਵਾਹੁੰਦੇ ਹਾਂ ਤੇ ਮਜਾਰੇ ਸਾਨੂੰ ਗਿਣਦੇ ਨੇ ਤੇ ਸਾਡੀ ਇਜ਼ਤ ਨਹੀਂ ਹੈ ਕੋਈ ਵੀ। ਭੁਲਰਾਂ ਦੇ ਖੂਹਾਂ ਤੋਂ ਜੇ ਪਾਣੀ ਲੈਣ ਜਾਣ ਸਾਡੀਆਂ ਬੀਬੀਆਂ ਉਨ੍ਹਾਂ ਦੇ ਚੋਬਰ (ਗਭਰੂ) ਕਹਿੰਦੇ ਕਿ ਸਾਨੂੰ ਪਿੱਠ ਤੇ ਚੁੱਕ ਕੇ ਇਕ ਗੇੜਾ ਦਿਵਾਓ ਤਾਂ ਖੂਹ 'ਚੋਂ ਪਾਣੀ ਲੈਣ ਦੇਵਾਂਗੇ। ਆਹ ਹਾਲਤ ਹੈ ਸਾਡੀ।"

ਮਹਾਰਾਜ ਕਹਿੰਦੇ, "ਤੁਸੀਂ ਐਡੀ ਵੱਡੀ ਸੇਵਾ ਕੀਤੀ ਹੈ ਜਾਓ, ਤੁਹਾਡੀ ਜਿਹੜੀ ਔਲਾਦ ਹੋਏਗੀ ਉਸਦੇ ਘੋੜੇ ਜਮਨਾ ਤੇ ਸਤਲੁਜ ਵਿਚ ਪਾਣੀ ਪੀਣਗੇ। ਜਾਓ! ਕੁਰਸੀ-ਬ-ਕੁਰਸੀ ਤੁਹਾਡਾ ਰਾਜ ਹੋਏਗਾ। ਹੁਕਮ ਕਰ ਦਿਤਾ। ਕਹਿੰਦੇ ਛੇਤੀ ਹੀ ਰਾਜ ਹੋ ਜਾਏਗਾ ਤੁਹਾਡਾ। ਤੁਸੀਂ ਸੇਵਾ ਐਨੀ ਕੀਤੀ ਹੈ ਤੇ ਫੇਰ ਤੁਸੀਂ ਮਜਾਰੇ ਰਹੋ, ਨਹੀਂ ਨਹੀਂ, ਮਾਲਕ ਬਣੋਗੇ? ਦੁਨੀਆਂ ਨੂੰ ਰਿਜ਼ਕ ਦੇਵੋਗੇ ਤੁਸੀਂ।"

ਸੋ ਓਸ ਵੇਲੇ ਮਹਾਰਾਜਾ ਆਲਾ ਸਿੰਘ ਸਾਰੀਆਂ ਜਿੰਨੀਆਂ ਰਿਆਸਤਾਂ ਸੀ, ਪਟਿਆਲਾ ਹੈ ਸੰਗਰੂਰ ਹੈ, ਇਹ ਹੈ ਨਾਭਾ, ਜੀਂਦ ਇਹ ਸਾਰੇ ਉਨ੍ਹਾਂ ਦੀ ਔਲਾਦ ਵਿਚੋਂ ਸੀ ਤੇ ਸੇਵਾ ਤੋਂ ਕਿੱਡਾ ਵੱਡਾ ਮੇਵਾ ਮਿਲਿਆ। 9 ਪੁਸ਼ਤਾਂ ਤਕ ਇਨ੍ਹਾਂ ਦਾ ਰਾਜ ਬੇ ਅਟਕ ਚਲਦਾ ਰਿਹਾ। ਉਹ ਸੇਵਾ ਦੀ ਯਾਦ ਤੇ ਨਾਲ ਮਹਾਰਾਜ ਨੇ ਕਿਹਾ ਕਿ ਪਿਆਰਿਓ! ਤੁਹਾਡਾ ਖੀਸਾ ਕਦੇ ਖਾਲੀ ਨਹੀਂ ਹੋਏਗਾ, ਖੀਸਾ ਮੇਰਾ ਹੋਏਗਾ ਤੇ ਹੱਥ ਤੁਹਾਡਾ ਹੋਏਗਾ। ਕੱਢੀ ਜਾਇਓ ਕਦੇ ਤੋਟਾ ਨਹੀਂ ਤੁਹਾਨੂੰ ਆਏਗਾ।

ਸੋ ਸੇਵਾ ਕੋਈ ਕਰਕੇ ਦੇਖ ਲਓ ਜਿਹੜਾ ਵੀ ਕਰ ਲਏਗਾ ਉਸ ਨੂੰ ਮਨ ਇਛਤ ਫਲ ਪ੍ਰਾਪਤ ਹੋ ਜਾਇਆ ਕਰਦਾ ਹੈ, ਕੋਈ ਸੇਵਾ ਕਰਕੇ ਦੇਖ

ਲਓ ਤੇ ਮਹਾਰਾਜ ਨੇ ਤਾਂ ਖੁਲ੍ਹਮਖੁਲ੍ਹਾ ਇਹ ਗੱਲ ਕਹੀ ਹੈ, ਪੜ੍ਹੋ ਪਿਆਰ ਨਾਲ-

*ਚਾਰਿ ਪਦਾਰਥ ਜੇ ਕੋ ਮਾਗੈ॥*
*ਸਾਧ ਜਨਾ ਕੀ ਸੇਵਾ ਲਾਗੈ॥*
*ਜੇ ਕੋ ਆਪੁਨਾ ਦੂਖੁ ਮਿਟਾਵੈ॥*
*ਹਰਿ ਹਰਿ ਨਾਮੁ ਰਿਦੈ ਸਦ ਗਾਵੈ॥*
*ਜੇ ਕੋ ਆਪੁਨੀ ਸੋਭਾ ਲੋਰੈ॥*
*ਸਾਧਸੰਗਿ ਇਹ ਹਉਮੈ ਛੋਰੈ॥*
*ਜੇ ਕੋ ਜਨਮ ਮਰਣ ਤੇ ਡਰੈ॥*
*ਸਾਧ ਜਨਾ ਕੀ ਸਰਨੀ ਪਰੈ॥*
*ਜਿਸੁ ਜਨ ਕਉ ਪ੍ਰਭੁ ਦਰਸ ਪਿਆਸਾ॥*
*ਨਾਨਕ ਤਾ ਕੈ ਬਲਿ ਬਲਿ ਜਾਸਾ॥ ਅੰਗ - 266*

ਆਦਮ ਬਰਾੜ ਬਠਿੰਡੇ ਜ਼ਿਲੇ ਦਾ 70 ਸਾਲ ਦੀ ਉਮਰ ਤੱਕ ਪੁੱਤਰ ਨਾ ਹੋਇਆ। ਬੜਾ ਕੁਝ ਕਰਕੇ ਦੇਖ ਲਿਆ, ਕੁਝ ਨਾ ਹੋਇਆ। ਅਖੀਰ ਕਿਸੇ ਮਹਾਂਪੁਰਸ਼ ਨੇ ਦੱਸਿਆ ਪਿਆਰਿਆ! ਜਾਹ ਤੂੰ ਅੰਮ੍ਰਿਤਸਰ, ਰਾਮਦਾਸਪੁਰ। ਗੁਰੂ ਰਾਮਦਾਸ ਮਹਾਰਾਜ ਕੋਲ ਜਾਹ ਸੰਗਤਾਂ ਦੀ ਸੇਵਾ ਕਰ, ਸੰਤਾਂ ਦੀ ਸੇਵਾ ਕਰ ਕਿਉਂਕਿ ਗੁਰੂ ਦੀ ਜਿਹੜੀ ਸੰਗਤ ਹੈ, ਉਹ ਸਾਧੂ ਹੀ ਹੁੰਦੀ ਹੈ। ਉਥੇ ਚਲਿਆ ਗਿਆ, ਜਾ ਕੇ ਸੇਵਾ ਕਰਦਾ ਹੈ, ਲੜਕੀ ਨਾਲ ਹੈ, ਘਰਵਾਲੀ ਨਾਲ ਹੈ, ਆਪ ਹੈ। ਦੋ ਭਰੇ ਲਿਆਉਂਦਾ ਹੈ ਬਾਲਣ ਦੇ, ਇਕ ਗੁਰੂ ਘਰ ਵਿਚ ਦੇ ਦਿੰਦਾ ਹੈ, ਇਕ ਆਪਣੇ ਕੋਲ ਰੱਖ ਲੈਂਦਾ ਹੈ। ਪ੍ਰਸ਼ਾਦਾ ਆਪਣੇ ਕੋਲੋਂ ਛਕਦਾ ਹੈ, ਦਿਨ ਰਾਤ ਤਿੰਨੋਂ ਜਣੇ ਸੇਵਾ ਕਰੀ ਜਾਂਦੇ ਨੇ ਤੇ ਕਰਦੇ ਹੋਏ 6-7 ਮਹੀਨੇ ਲੰਘ ਗਏ।

ਅੱਗੇ ਗੁਰੂ ਮਹਾਰਾਜ ਬਾਹਰ ਗਏ ਹੋਏ ਨੇ। ਕਣੀਆਂ ਪੈਣ ਲਗ ਪਈਆਂ, ਸਰਦੀ ਦਾ ਮਹੀਨਾ ਹੈ, ਸੰਗਤ ਬਾਹਰੋਂ ਆਈ ਹੋਈ ਹੈ, ਸੰਗਤ ਮਹਾਰਾਜ ਜੀ ਦੇ ਨਾਲ ਵਾਪਸ ਆਈ ਤਾਂ ਕਣੀਆਂ ਪੈ ਰਹੀਆਂ ਹਨ ਤੇ ਉਨ੍ਹਾਂ ਦੇ ਕਪੜੇ ਭਿੱਜ ਗਏ। ਮਹਾਰਾਜ ਉਥੇ ਆਏ ਆ ਕੇ ਸ੍ਰੀ ਮਾਨ ਨੂੰ ਬੁਲਾਇਆ, ਕਹਿਣ ਲੱਗੇ, "ਇਨ੍ਹਾਂ ਸਾਰਿਆਂ ਦੇ ਜਿੱਥੇ ਰਿਹਾਇਸ਼ ਅਸਥਾਨ ਡੇਰੇ ਦਿਤੇ ਹੋਏ ਨੇ ਨਾਂਹ, ਉਨ੍ਹਾਂ ਦਰਵਾਜ਼ਿਆਂ ਦੇ ਅੱਗੇ ਧੂਣੀਆਂ ਲਾ ਦਿਓ ਤਾਂ ਕਿ ਕਪੜੇ ਵੀ ਇਨ੍ਹਾਂ ਦੇ ਸੁੱਕ ਜਾਣ ਤੇ ਅੰਦਰ ਪਾਲਾ ਵੀ ਨਾ ਲੱਗੇ, ਨਿੱਘੀ ਹਵਾ ਜਾਵੇ।"

ਉਹ ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਲੰਗਰ ਵਿਚ ਤਾਂ ਸਵੇਰ ਦੇ ਪ੍ਰਸ਼ਾਦੇ ਲਾਹੁਣ ਜੋਗਾ ਹੀ ਬਾਲਣ ਹੈ, ਹੁਕਮ ਦਿਓ।"

ਮਹਾਰਾਜ ਚੁੱਪ ਕਰ ਗਏ ਤੇ ਚਲੇ ਗਏ। ਏਧਰ ਗੱਲ ਚੱਲ ਪਈ ਤੇ ਇਸ ਨੂੰ, ਆਦਮ ਬਰਾੜ ਨੂੰ ਪਤਾ ਲੱਗਿਆ। ਉਸ ਵੇਲੇ ਕਹਿਣ ਲੱਗਿਆ ਅੱਜ ਵਰਗਾ ਸਮਾਂ ਆਪਾਂ ਨੂੰ ਮੁੜ ਕੇ ਨਹੀਂ ਮਿਲਣਾ, ਹੱਥ ਨਹੀਂ ਆਉਣਾ, ਭਰੇ ਚੁਕੋ। ਤਿੰਨੇ ਚੁਕਿਆ ਕਰਨ, ਲਿਆ ਕੇ ਧੂਣੀਆਂ ਲਾ ਦਿਤੀਆਂ ਸਾਰੇ

ਕਮਰੇ ਜਿੰਨੇ ਵੀ ਸੀ ਜਾਂ ਛੱਪਰੀਆਂ ਜੋ ਵੀ ਸੀ, ਸਾਰਿਆਂ ਦੇ ਅੱਗੇ ਧੂਣੀਆਂ ਲਾ ਦਿਤੀਆਂ। ਅੰਮ੍ਰਿਤ ਵੇਲਾ ਹੋਇਆ ਚਾਨਣਾ ਹੋਇਆ ਪਿਆ ਹੈ। ਮਹਾਰਾਜ ਜੀ ਨੇ ਨਿਗ੍ਹਾ ਮਾਰੀ ਕਹਿੰਦੇ, ਇਹ ਕੀ ਗੱਲ ਬਾਲਣ ਕਿਥੋਂ ਆ ਗਿਆ ਐਨਾ?" ਕਹਿੰਦੇ ਸੱਚੇ ਪਾਤਸ਼ਾਹ! ਇਕ ਸਿੱਖ ਹੈ ਜੰਗਲ ਦੇ ਇਲਾਕੇ 'ਚੋਂ ਆਇਆ ਹੋਇਆ ਬਰਾੜ। ਉਹ ਬੜੀ ਸੇਵਾ ਕਰਦਾ ਹੈ ਦਿਨੇ ਵੀ ਸਾਰਾ ਦਿਨ, ਤਿੰਨੇ ਜਣੇ ਨੇ ਜੀਅ ਪਰਿਵਾਰ ਦੇ ਤਿੰਨੇ ਸੇਵਾ 'ਚ ਲੱਗੇ ਹੋਏ ਨੇ।

ਸੱਚੇ ਪਾਤਸ਼ਾਹ! ਉਸ ਨੇ ਆਪਣੇ ਘਰੋਂ ਲੱਕੜਾਂ ਲਿਆ-ਲਿਆ ਕੇ ਸਾਰੀਆਂ ਰੋਸ਼ਨੀ ਕਰ ਦਿਤੀ ਤੇ ਨਿੱਘ ਕਰ ਦਿਤਾ।"

ਉਸ ਤੋਂ ਬਾਅਦ ਮਹਾਰਾਜ ਕਹਿਣ ਲੱਗੇ ਕਿ ਸਾਡੇ ਉਸ ਨੂੰ ਪੇਸ਼ ਕਰੋ। ਅੰਮ੍ਰਿਤ ਵੇਲੇ ਦੀਵਾਨ ਲੱਗ ਹਟਿਆ। ਹੁਕਮ ਦਿਤਾ ਤੇ ਉਹ ਖੜ੍ਹਾ ਹੋ ਗਿਆ ਤੇ ਗਲ ਵਿਚ ਪੱਲਾ ਪਾ ਲਿਆ।

ਮਹਾਰਾਜ ਕਹਿੰਦੇ, "ਗੁਰਸਿੱਖਾ! ਤੇਰੀ ਸੇਵਾ ਤੇ ਅਸੀਂ ਬਹੁਤ ਪ੍ਰਸੰਨ ਹੋਏ ਹਾਂ, ਤੂੰ ਸੰਗਤਾਂ ਨੂੰ ਸਰਦੀ ਲੱਗਣ ਤੋਂ ਬਚਾ ਲਿਆ। ਦੱਸ! ਤੈਨੂੰ ਕੀ ਚਾਹੀਦਾ ਹੈ?"

ਕਹਿੰਦਾ, "ਮਹਾਰਾਜ! ਨਾਮ ਦਾਨ ਦੇ ਦਿਓ।"

ਕਹਿੰਦੇ, "ਅਸਲੀ ਗੱਲ ਦੱਸ।" ਦੋ ਬਚਨ ਕਰੇ ਕਹਿੰਦੇ, ਤਿੰਨ ਬਚਨ ਹੁੰਦੇ ਨੇ ਸਾਧੂ ਦੇ ਹਮੇਸ਼ਾ। ਤੀਏ ਤੋਂ ਚੌਥਾ ਨਹੀਂ ਕਰਦੇ ਹੁੰਦੇ। ਕੋਈ ਭਾਗਾਂ ਵਾਲਾ ਹੀ ਹੋਵੇ ਤਾਂ ਚੌਥਾ ਕਰਦੇ ਹੁੰਦੇ ਕਿਉਂਕਿ ਇਕ ਕਾਂਗ ਉਠੀ ਹੁੰਦੀ ਹੈ, ਬਹੁਤ ਉਚੀ ਲਹਿਰ ਗਈ ਹੁੰਦੀ ਹੈ। ਉਸ ਦੇ ਵਿਚ-ਵਿਚ ਗੱਲ ਕਰ ਲਓ ਤਾਂ ਹੁੰਦਾ ਹੈ ਨਹੀਂ ਫੇਰ ਆਤਮ ਹੱਤਿਆ ਹੋ ਜਾਂਦੀ ਹੈ ਉਹ।

ਜਦੋਂ ਉਸ ਨੇ ਕੁਝ ਨਾ ਕਿਹਾ।

ਮਹਾਰਾਜ ਕਹਿੰਦੇ, "ਚੰਗਾ ਘਰ ਵਿਚ ਸਲਾਹ ਕਰ ਲੀਂ ਕੱਲ੍ਹ ਨੂੰ ਵੀ ਤੇਰਾ ਕਾਇਮ ਰਹੇਗਾ ਇਵੇਂ ਹੀ।"

ਘਰ ਗਿਆ ਸਾਰੀ ਗੱਲ ਕਰੀ, ਕਹਿੰਦੀ ਤੂੰ ਕਹਿ ਦੇਣਾ ਸੀ ਕਿ ਪੁੱਤਰ ਨਹੀਂ ਸਾਡੇ ਹੈ, ਆਪਾਂ ਆਏ ਤਾਂ ਪੁੱਤਰ ਲੈਣ ਹੀ ਹਾਂ।"

ਕਹਿੰਦਾ, "ਮੈਂ ਕਿਵੇਂ ਕਹਿੰਦਾ, 70 ਸਾਲ ਦੀ ਉਮਰ ਤੇਰੀ ਹੈ 70 ਦੀ ਮੇਰੀ ਹੈ ਤੇ ਕਿਹੜੀ ਉਮਰ ਹੈ ਇਹ ਪੁੱਤਰਾਂ ਦੀ?

ਲੜਕੀ ਕਹਿਣ ਲੱਗੀ, "ਤੁਸੀਂ ਦੋਵੇਂ ਸੰਗਦੇ ਹੋ, ਕੱਲ੍ਹ ਨੂੰ ਮੈਨੂੰ ਲੈ ਚੱਲਿਓ ਨਾਲ।"

ਉਸ ਵੇਲੇ ਮਹਾਰਾਜ ਨੇ ਜਦੋਂ ਬੁਲਾਏ ਤਿੰਨੇ ਖੜ੍ਹੇ ਹੋ ਗਏ।

ਕਹਿੰਦਾ, "ਲੈ ਭਾਈ ਆਦਮ! ਕੱਲ੍ਹ ਵਾਲੀ ਮੰਗ ਫੇਰ ਦੁਹਰਾ। ਦੱਸ ਤੈਨੂੰ

ਕੀ ਚਾਹੀਦਾ ਹੈ?"

ਲੜਕੀ ਬੋਲੀ ਕਹਿੰਦੀ, "ਪਾਤਸ਼ਾਹ! ਮੇਰੇ ਮਾਂ-ਬਾਪ ਦੋਵੇਂ ਸੰਗਦੇ ਨੇ ਤੇ ਮੈਨੂੰ ਤਾਂ ਇਕ ਵੀਰ ਦੀ ਲੋੜ ਹੈ, ਮੈਂ ਇਕੱਲੀ ਹਾਂ।"

ਮਹਾਰਾਜ ਚੁੱਪ ਕਰ ਗਏ। ਨੇਤਰ ਬੰਦ ਕਰਕੇ ਸਾਰਾ ਕੁਝ ਦੇਖ ਲਿਆ।

ਕਹਿੰਦੇ, "ਭਾਈ ਆਦਮ! ਪੂਰੇ ਸੱਤ ਜਨਮ ਹੋਰ ਲਵੇਂਗਾ ਤਾਂ ਵੀ ਨਹੀਂ ਤੇਰੇ ਪੁੱਤਰ ਹੋਏਗਾ। ਤੇਰੀ ਕਿਸਮਤ 'ਚ ਲੇਖ ਨਹੀਂ ਲਿਖਿਆ ਗਿਆ, ਪੁੱਤਰ ਦਾ ਲੇਖ ਲਿਖਿਆ ਨਹੀਂ। ਕੋਈ ਐਸੀ ਵੱਡੀ ਭੁੱਲ ਹੋਈ ਹੋਈ ਹੈ ਪਰ ਤੂੰ ਸੇਵਾ ਕਰੀ ਹੈ ਸੰਗਤਾਂ ਨੂੰ ਪ੍ਰਸੰਨ ਕਰਿਆ ਹੈ, ਸਾਡੇ ਤਿੰਨ ਪੁੱਤਰ ਆ ਗਏ, ਚੌਥਾ ਆਉਣਾ ਹੈ ਉਹ ਚੌਥਾ ਪੁੱਤਰ ਤੈਨੂੰ ਅਸੀਂ ਆਪਣਾ ਦਿੰਦੇ ਹਾਂ ਤੇ ਉਸ ਦਾ ਨਾਉਂ ਭਾਈ ਭਗਤੂ ਰੱਖੀਂ, ਜੰਮਦਾ ਹੀ ਸਿੱਧ ਹੋਵੇਗਾ।"

ਸੋ ਇਸ ਤਰ੍ਹਾਂ ਦੇ ਨਾਲ -

***ਚਾਰਿ ਪਦਾਰਥ ਜੇ ਕੋ ਮਾਗੈ॥***
***ਸਾਧ ਜਨਾ ਕੀ ਸੇਵਾ ਲਾਗੈ॥*** ***ਅੰਗ - 266***

ਤੇ ਸੇਵਾ ਤੋਂ ਬਗੈਰ ਜਿਹੜਾ ਹੈ ਉਸ ਨੂੰ ਮਹਾਰਾਜ ਨੇ ਪਸੰਦ ਨਹੀਂ ਕਰਿਆ, ਕਹਿੰਦੇ ਉਹ ਮਰਿਆ ਬੰਦਾ ਹੈ-

***ਅਤਿ ਸੁੰਦਰ ਕੁਲੀਨ ਚਤੁਰ***
***ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ***
***ਜਿਹ ਪ੍ਰੀਤਿ ਨਹੀ ਭਗਵੰਤ॥*** ***ਅੰਗ - 253***

ਉਸ ਦੇ ਤਾਂ ਹੱਥ-ਪੈਰ ਜਿਹੜੇ ਨੇ ਉਹ ਧਿਰਕਾਰੇ ਹੋਏ ਨੇ, ਜੇ ਉਸ ਦਾ ਸੀਸ ਨਹੀਂ ਨਿਵਦਾ ਗੁਰੂ ਦੇ ਚਰਨਾਂ ਤੇ ਆ ਕੇ ਉਸ ਦਾ ਸਿਰ ਧਿਰਕਾਰਿਆ ਹੋਇਆ ਹੈ, ਜੇ ਉਸ ਦੇ ਨੇਤਰ ਦਰਸ਼ਨ ਨਹੀਂ ਕਰਦੇ, ਨੇਤਰ ਧਿਰਕਾਰੇ ਹੋਏ। ਕੰਨ ਬਾਣੀ ਨਹੀਂ ਸੁਣਦੇ, ਕੰਨ ਧਿਰਕਾਰੇ ਹੋਏ ਤੇ ਜੇ ਉਹ ਮੰਤਰ ਨਹੀਂ ਜਪਦਾ ਗੁਰੂ ਦਾ ਤਾਂ ਉਸ ਦੀ ਰਸਨਾ ਧਿਰਕਾਰੀ ਹੋਈ ਹੈ ਜੇ ਪੈਰਾਂ ਨਾਲ ਚੱਲ ਕੇ ਨਹੀਂ ਆਉਂਦਾ ਸਤਿਸੰਗ ਦੇ ਵਿਚ ਤੇ ਆ ਕੇ ਸੇਵਾ ਨਹੀਂ ਕਰਦਾ ਉਸ ਦੇ ਬਾਰੇ ਭਾਈ ਗੁਰਦਾਸ ਜੀ ਨੇ ਏਸ ਤਰ੍ਹਾਂ ਫੁਰਮਾਨ ਕਰਿਆ ਹੈ-

***ਧਾਰਨਾ - ਧਿਰਕਾਰ ਹੱਥਾਂ ਪੈਰਾਂ ਨੂੰ***
***ਬਾਝ ਗੁਰਾਂ ਦੀ ਸੇਵਾ, ਧਿਰਕਾਰ ਹੱਥਾਂ ਪੈਰਾਂ ਨੂੰ -2***

ਸੋ ਗੁਰੂ ਘਰ ਦੇ ਅੰਦਰ ਜਿੰਨਾ ਸੇਵਾ ਦਾ ਮਹਾਤਮ ਹੈ-

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥***

***ਅੰਗ - 287***

ਵਾਹਿਗੁਰੂ ਮਿਲ ਜਾਂਦਾ ਹੈ –

*ਹਰਿ ਕਾ ਸੇਵਕੁ ਸੋ ਹਰਿ ਜੇਹਾ॥*
*ਭੇਦੁ ਨ ਜਾਣਹੁ ਮਾਣਸ ਦੇਹਾ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ॥*
*ਫਿਰਿ ਸਲਲੈ ਸਲਲ ਸਮਾਇਦਾ॥   ਅੰਗ – 1076*

ਉਹ ਰੱਬ ਦੇ ਦਰਬਾਰ ਵਿਚ ਪਹੁੰਚ ਜਾਂਦਾ ਹੈ ਸੇਵਾ ਕਰਦਾ। ਪਹਿਲਿਆਂ ਜੁਗਾਂ ਦੇ ਅੰਦਰ ਸੇਵਾਦਾਰ ਨੂੰ ਸ਼ੂਦਰ ਕਹਿ ਕੇ ਦੁਰਕਾਰਿਆ ਜਾਂਦਾ ਸੀ। ਜੇ ਉਹ ਲੰਘ ਜਾਵੇ ਤਾਂ ਉਸ ਦੀਆਂ ਪੈੜਾਂ ਮੇਟਣੀਆਂ ਪੈਂਦੀਆਂ ਸੀ। ਦੱਖਣ ਦੇ ਵਿਚ ਰਿਵਾਜ ਰਿਹਾ ਹੈ, ਹੁਣੇ ਥੋੜ੍ਹੀ ਦੇਰ ਤੋਂ ਹਟਿਆ ਹੈ, ਪਿਛੇ ਝਾਫਾ ਬੰਨ੍ਹ ਕੇ ਰੱਖਣਾ ਪੈਂਦਾ ਸੀ ਕਿ ਇਸ ਦੀ ਪੈੜ ਮਿਟਦੀ ਚਲੀ ਜਾਵੇ। ਸਵਰਨ ਜਾਤੀਆਂ ਵਾਲੇ ਕਹਿੰਦੇ ਸੀ ਅਸੀਂ ਭ੍ਰਿਸ਼ਟੇ ਜਾਵਾਂਗੇ। ਗੁਰੂ ਮਹਾਰਾਜ ਨੇ ਸੇਵਾਦਾਰ ਨੂੰ ਚੁੱਕ ਕੇ ਰੱਬ ਬਣਾ ਦਿਤਾ।

ਸੋ ਇਸ ਤਰ੍ਹਾਂ ਦੇ ਨਾਲ ਦਿਨ ਰਾਤ ਸੇਵਾ ਕਰਦਾ ਹੈ। ਭਾਈ ਮੰਝ ਸੇਵਾ ਦੀ ਮੂਰਤੀ ਬਣਿਆ ਹੋਇਆ ਹੈ ਤੇ ਜਦੋਂ ਪੰਜ ਛੇ ਮਹੀਨੇ ਲੰਘ ਗਏ।

ਗੁਰੂ ਮਹਾਰਾਜ ਕਹਿਣ ਲੱਗੇ, "ਸਿੱਖੋ! ਇੱਕ ਇਥੇ ਮੰਝ ਨਾਮ ਦਾ ਸਿੱਖ ਆਇਆ ਹੋਇਆ ਸੀ ਮੰਝਕੀ ਦਾ ਕਿਉਂਕਿ ਮੰਝਕੀ ਉਸੇ ਦੇ ਨਾਉਂ ਤੇ ਹੀ ਪਈ ਹੈ।"

ਕਹਿੰਦੇ, "ਹਾਂ ਮਹਾਰਾਜ!"

ਸਾਰੇ ਉਸ ਨੂੰ ਮੰਝ ਕਹਿੰਦੇ ਨੇ ਨਾਉਂ ਉਸ ਦਾ ਭਾਈ ਤੀਰਥਾ ਸੀ।

ਕਹਿੰਦੇ, "ਸੱਚੇ ਪਾਤਸ਼ਾਹ! ਉਹ ਤਾਂ ਸੇਵਾ ਦੀ ਮੂਰਤੀ ਹੈ। ਕਦੇ ਟਿਕਦਾ, ਮੰਜੇ ਤੇ ਪਿਆ, ਕਿਤੇ ਅਰਾਮ ਦੇਖਿਆ ਹੀ ਨਹੀਂ ਹੈ, ਹਰ ਵਕਤ ਸੇਵਾ ਕਰਦਾ ਹੈ ਫੇਰ ਮਹਾਰਾਜ ਕਿਸੇ ਨਾਲ ਬੋਲਦਾ ਨਹੀਂ, ਹਰ ਵਕਤ ਨਾਮ ਦੇ ਵਿਚ ਮਸਤ ਰਹਿੰਦਾ ਹੈ। ਸਾਨੂੰ ਤਾਂ ਆਏਂ ਲਗਦਾ ਹੈ ਕਿ ਉਸ ਦੀ ਸਹਿਜ ਸਮਾਧ ਲੱਗੀ ਰਹਿੰਦੀ ਹੈ, ਹਰ ਵਕਤ।

ਮਹਾਰਾਜ ਕਹਿੰਦੇ, ਠੀਕ ਹੈ ਪਰ ਇਹ ਤਾਂ ਦੱਸੋ ਪ੍ਰਸ਼ਾਦਾ ਕਿਥੋਂ ਛਕਦਾ ਹੈ?

ਕਹਿੰਦਾ, "ਮਹਾਰਾਜ! ਲੰਗਰ 'ਚੋਂ ਜੋ ਮਿਲ ਜਾਂਦਾ ਹੈ ਛਕ ਲੈਂਦਾ ਹੈ।"

ਕਹਿੰਦੇ, "ਫੇਰ ਕਾਹਦਾ ਸੇਵਾਦਾਰ ਹੈ ਉਹ ਫੇਰ ਤਾਂ ਉਹ ਮਜ਼ਦੂਰ ਹੈ ਉਹ, ਪ੍ਰਸ਼ਾਦੇ ਤੇ ਕੰਮ ਕਰ ਰਿਹਾ ਹੈ ਸੇਵਾ ਕਰ ਰਿਹਾ ਹੈ ਉਹ। ਜਾਓ! ਉਸ ਦਾ ਪ੍ਰਸ਼ਾਦਾ ਲੰਗਰ ਵਿਚੋਂ ਬੰਦ ਕਰ ਦਿਓ।"

ਪੰਗਤਾਂ ਲੱਗੀਆਂ ਹੋਈਆਂ ਹਨ, ਲੰਗਰ ਦੀ ਘੰਟੀ ਵਜੀ ਹੋਈ ਹੈ। ਸਾਰੇ ਗੁਰਸਿੱਖ ਆ ਕੇ ਪੰਗਤਾਂ ਵਿਚ ਬੈਠੀ ਜਾਂਦੇ ਨੇ। ਏਨੇ ਨੂੰ ਬਰਤਨ ਦੇਣੇ ਸ਼ੁਰੂ ਕਰੇ, ਪਾਣੀ ਪੀਣ ਵਾਸਤੇ ਕੌਲ ਵਗੈਰਾ ਦੇਣੇ ਸ਼ੁਰੂ ਕਰੇ। ਅੱਗੇ-ਅੱਗੇ ਉਹ

ਦਿੰਦੇ ਜਾਂਦੇ ਨੇ ਜਿੱਥੇ ਭਾਈ ਮੰਝ ਬੈਠਾ ਸੀ।

ਉਥੇ ਆ ਕੇ ਨਾ ਥਾਲੀ ਰੱਖੀ ਤੇ ਨਾ ਕੋਈ ਕੌਲ ਰੱਖਿਆ।

ਉਸ ਨੇ ਕਿਹਾ, "ਭਾਈ ਸਾਹਿਬ! ਆਹ ਤੁਸੀਂ ਛੱਡ ਗਏ?"

ਉਸ ਨੇ ਜਵਾਬ ਹੀ ਨਹੀਂ ਦਿਤਾ। ਉਸ ਤੋਂ ਬਾਅਦ ਉਨ੍ਹਾਂ ਨੇ ਕਿਹਾ ਕਿ ਚਲੋ ਹੱਥ ਤੇ ਪ੍ਰਸ਼ਾਦੇ ਲੈ ਲਾਂਗੇ। ਜਦੋਂ ਪ੍ਰਸ਼ਾਦੇ ਤੇ ਦਾਲੇ ਵਾਲਾ ਆਇਆ, ਉਸ ਨੂੰ ਛੱਡ ਕੇ ਅੱਗੇ ਚਲੇ ਗਏ।

ਕਹਿੰਦੇ, "ਭਾਈ ਸਾਹਿਬ! ਮੈਂ ਇਥੇ ਬੈਠਾ ਹਾਂ, ਮੈਂ ਹੱਥਾਂ ਤੇ ਹੀ ਲੈ ਲਵਾਂਗਾ, ਬਰਤਨ ਤਾਂ ਭੁੱਲ ਗਏ ਦੇਣਾ।"

ਕਹਿੰਦੇ, "ਭਾਈ ਮੰਝ! ਤੇਰੇ ਵਾਸਤੇ ਹੁਕਮ ਨਹੀਂ ਹੈ ਕਿ ਤੂੰ ਲੰਗਰ 'ਚੋਂ ਪ੍ਰਸ਼ਾਦਾ ਛਕੇ। ਪੰਗਤ ਵਿਚੋਂ ਉਠ ਖੜ੍ਹ। ਅਸੀਂ ਤਾਂ ਮਾਲਕ ਦੇ ਹੁਕਮ ਦੇ ਮੁਤਾਬਿਕ ਵਰਤਣਾ ਹੈ। ਮੱਥਾ ਟੇਕਣ ਲੱਗ ਗਿਆ ਉਥੇ ਹੀ।

ਕਹਿੰਦਾ, "ਸੱਚੇ ਪਾਤਸ਼ਾਹ! ਮੇਰੇ ਵਰਗੇ ਅਦਨੇ ਜਿਹੇ ਸਿੱਖ ਨੂੰ ਵੀ ਤੁਸੀਂ ਯਾਦ ਰਖਦੇ ਹੋ। ਧੰਨ ਹੋ ਮਹਾਰਾਜ ਤੇ ਮੇਰੇ ਤੇ ਐਨੀ ਕ੍ਰਿਪਾ ਦ੍ਰਿਸ਼ਟੀ ਕਿ ਮੇਰਾ ਨਾਉਂ ਲੈ ਕੇ ਇਨ੍ਹਾਂ ਨੂੰ ਕਿਹਾ।"

ਕਿੱਡਾ ਵੱਡਾ ਜਿਗਰਾ ਹੈ ਸਾਧ ਸੰਗਤ ਜੀ! ਆਦਮੀ ਡੋਲ ਜਾਂਦਾ ਹੈ ਇਹੋ ਜਿਹੇ ਮੌਕੇ। ਹੁਕਮ ਹੈ ਬਾਣੀ ਦਾ –

***ਫਰੀਦਾ ਸਾਹਿਬ ਕੀ ਕਰਿ ਚਾਕਰੀ***
***ਦਿਲ ਹੀ ਲਾਹਿ ਭਰਾਂਦਿ॥***
***ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥***

***ਅੰਗ – 1381***

ਟਾਹਣੇ ਵਢਦੇ ਹਾਂ ਅਸੀਂ ਫਲਦਾਰ ਦਰਖਤਾਂ ਦੇ ਉਹ ਸਾਨੂੰ ਫਲ ਦਿੰਦਾ ਹੈ। ਇੱਟਾਂ ਮਾਰਦੇ ਹਾਂ, ਫਲ ਦਿੰਦਾ ਹੈ ਕਹਿੰਦੇ ਇਹੋ ਜਿਹਾ ਸਾਧੂ ਦਾ ਹਿਰਦਾ ਹੋਣਾ ਚਾਹੀਦਾ ਹੈ। ਸੋ ਧੰਨ ਹੈ ਉਹ ਗੁਰਸਿੱਖ ਜਿਸ ਨੇ ਐਸੇ-ਐਸੇ ਇਮਤਿਹਾਨ ਪਾਸ ਕਰਕੇ ਕਿਉਂਕਿ ਮਹਾਰਾਜ ਨੇ ਬੰਦ ਕਰਿਆ ਸੀ। ਉਸ ਦਾ ਕਾਰਨ ਸੀ ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਕਿਤੇ ਖੰਡ ਦੇ ਭੁਲੇਖੇ ਜ਼ਹਿਰ ਖਾ***
***ਲਈ ਨਾ ਧਾਨ ਬੁਰਾ ਪੂਜਾ ਦਾ।***

ਭਾਈ ਗੁਰਦਾਸ ਜੀ ਨੇ ਮਿਸਾਲਾਂ ਦਿਤੀਆਂ ਬਹੁਤ ਸਾਰੀਆਂ। ਸਮਾਂ ਨਹੀਂ ਹੈ ਕਿ ਮੈਂ ਇਕੱਲੀ-ਇਕੱਲੀ ਗੱਲ ਕਰਾਂ। ਉਹ ਕਹਿੰਦੇ ਜਿਵੇਂ ਵਿਹੁ (ਜ਼ਹਿਰ) ਦੇ ਕੈਪਸੂਲ ਹੋਣ ਤੇ ਉਤੇ ਖੰਡ ਲਾਈ ਹੋਵੇ। ਇਹ ਪੂਜਾ ਦਾ ਧਾਨ ਐਉਂ ਕਰਦਾ ਹੈ, ਬੁੱਧੀ ਭ੍ਰਿਸ਼ਟ ਕਰਦਾ ਹੈ।

***ਧਰਮਸਾਲਾ ਦੀਆ ਰੋਟੀਆ ਤਿੰਨ ਕੰਮ ਕਰੇਨਿ॥***

***ਹਡ ਗਾਲਨ ਮਤ ਮਾਰਨ ਭਜਨ ਕਰਨ ਨ ਦੇਨ॥***

ਮਹਾਰਾਜ ਜੀ ਲੰਬੜਦਾਰ ਦੇ ਲੜਕੇ ਸੀ। ਉਨ੍ਹਾਂ ਦੇ ਹਿੱਸੇ ਦਾ ਜਿੰਨਾ ਅਨਾਜ ਹੁੰਦਾ ਗੱਡਿਆਂ ਤੇ ਭਰ ਕੇ ਰਾੜਾ ਸਾਹਿਬ ਆਉਂਦਾ ਹੁੰਦਾ। ਘਰ ਵਾਲੇ ਵੀ ਕਹਿੰਦੇ ਸੀ ਅਸੀਂ ਇਨ੍ਹਾਂ ਦਾ ਹਿੱਸਾ ਨਹੀਂ ਖਾਂਦੇ ਤੇ ਉਥੇ ਆਉਂਦਾ ਸੀ। ਮਹਾਰਾਜ ਦੀ ਖੁਰਾਕ ਕਿੰਨੀ ਸੀ? ਸਾਲ ਭਰ ਵਿਚ ਸ਼ਾਇਦ ਹੀ ਇਕ ਬੋਰੀ ਅਨਾਜ ਦੀ ਖਾਂਦੇ ਹੋਣ। ਕਿੰਨੀਆਂ ਬੋਰੀਆਂ ਆ ਜਾਂਦੀਆਂ ਸੀ। ਉਨ੍ਹਾਂ ਤੋਂ ਵੱਡੇ ਮਹਾਰਾਜ ਬਾਬਾ ਅਤਰ ਸਿੰਘ ਜੀ ਜ਼ੈਲਦਾਰ ਸੀ ਉਹ ਤੇ ਨਾਲ ਪੈਨਸ਼ਨ ਸੀ। ਉਥੋਂ ਕਦੇ ਵੀ ਨਹੀਂ ਸੀ ਕਰਦੇ ਖਰਚ, ਪੈਨਸ਼ਨ ਵਿਚੋਂ ਲੈਣੀ ਜਿਹੜੀ ਵੀ ਚੀਜ਼ ਲੈਣੀ। ਜ਼ੈਲਦਾਰੀ ਮੁੰਡੇ ਨੂੰ ਸੰਭਾਲ ਦਿਤੀ। ਜੇ ਕੋਈ ਲੋੜ ਹੈ ਤਾਂ ਘਰ ਤੋਂ ਚੀਜ਼ ਮੰਗਾ ਲੈਂਦੇ ਸੀ।

ਬਾਬਾ ਕਰਮ ਸਿੰਘ ਜੀ ਸੀ ਉਨ੍ਹਾਂ ਤੋਂ ਉਪਰ। ਉਹ ਫੌਜ ਦੇ ਵਿਚ ਸੀ ਉਹ ਵੀ ਅਮੀਰ ਆਦਮੀ ਸੀ ਘਰ ਤੋਂ। ਬਾਬਾ ਬੀਰ ਸਿੰਘ ਜੀ, ਬਾਬਾ ਮਹਾਰਾਜ ਸਿੰਘ ਜੀ ਸਾਰੇ ਦੇ ਸਾਰੇ ਆਪਣੇ ਘਰਾਂ 'ਚੋਂ ਮੰਗਵਾਉਂਦੇ ਸੀ, ਇਹ ਨਹੀਂ ਸੀ ਖਾਂਦੇ ਕਿ ਬਹੁਤ ਐਸ਼-ਆਰਾਮ ਕਰਨ। ਬਿਲਕੁਲ ਨਹੀਂ ਕਿਉਂਕਿ ਗੁਰੂ ਘਰ ਵਿਚ ਪੂਜਾ ਵਰਗੀ ਮਾੜੀ ਕੋਈ ਚੀਜ਼ ਨਹੀਂ। ਪੂਜਾ ਜਿਹੜੀ ਹੈ ਗੁਰੂ ਗ੍ਰੰਥ ਸਾਹਿਬ ਨੂੰ ਜਿਹੜਾ ਪੈਸਾ ਚੜ੍ਹਦਾ ਹੈ ਇਸ ਨੂੰ ਪੂਜਾ ਕਹਿੰਦੇ ਨੇ। ਕਿਸੇ ਮੰਦਰ 'ਚ ਦੇਵੇਤੇ ਨੂੰ ਚੜ੍ਹੇ, ਕਿਸੇ ਪੋਥੀ ਨੂੰ ਚੜ੍ਹੇ, ਕਿਸੇ ਇਸ਼ਟ ਨੂੰ ਚੜ੍ਹੇ ਉਸ ਨੂੰ ਖਾਣਾ ਸਾਡਾ ਫਰਜ਼ ਨਹੀਂ ਬਣਦਾ। ਉਸ ਦਾ ਫਰਜ਼ ਇਹ ਹੈ ਕਿ ਇਸ ਨੂੰ ਵਿਉਂਤ ਕੇ ਖਰਚ ਕੇ ਲੋਕਾਂ ਦੇ ਵਾਸਤੇ ਕੁਝ ਕੀਤਾ ਜਾਵੇ ਤਾਂ ਕਿ ਸੰਸਾਰ ਦਾ ਭਲਾ ਹੋ ਜਾਵੇ ਕਿਉਂਕਿ ਮਾੜਾ ਅੰਨ ਜਿਹੜਾ ਹੈ -

***ਜਾ ਕੀ ਰਹਿਤ ਨ ਜਾਣੀਐ***
***ਗੁਰਬਾਣੀ ਨਹੀ ਗੀਤ॥***
***ਤਿਸ ਦੇ ਹਥਹੁ ਖਾਧੀਐ ਵਿਸਰੈ ਹਰਿ ਕੀ ਪ੍ਰੀਤ।***

ਪ੍ਰਮੇਸ਼ਰ ਦਾ ਨਾਮ ਭੁੱਲ ਜਾਂਦਾ ਹੈ, ਸੁਰਤ ਲਗਦੀ ਨਹੀਂ ਹੈ, ਪੁੱਠੀ ਮਤ ਆ ਜਾਂਦੀ ਹੈ। ਭੀਸ਼ਮ ਪਿਤਾਮਾ ਜਦੋਂ ਬਾਣਾਂ ਤੇ ਪਿਆ ਹੈ ਤਾਂ ਉਹ ਰੋਜ਼ ਇਕ ਉਪਦੇਸ਼ ਦਿਆ ਕਰਦੇ ਸੀ। ਸਾਰੇ ਪਾਂਡਵ ਜਾਇਆ ਕਰਦੇ ਸੀ ਬਾਕੀ ਤਾਂ ਸਭ ਚੜ੍ਹਾਈ ਕਰ ਗਏ ਸੀ ਤੇ ਸਾਰੇ ਹੀ ਦੱਸ ਬੰਦੇ ਬੱਚੇ ਸੀ ਮਹਾਂਭਾਰਤ ਦੇ ਯੁੱਧ ਵਿਚ। ਇਹ ਪੰਜੇ ਭਰਾ ਦ੍ਰੋਪਤੀ ਤੇ ਕ੍ਰਿਸ਼ਨ ਮਹਾਰਾਜ ਰੋਜ਼ ਜਾਇਆ ਕਰਦੇ ਸੀ ਉਹ ਯੋਗੀ ਸੀ ਅਜੇ ਸਰੀਰ ਛੱਡਣਾ ਨਹੀਂ ਸੀ ਚਾਹੁੰਦੇ, ਦਖਨਾਇਣ ਵਿਚ ਨਹੀਂ ਛੱਡਣਾ, ਉਤਰਾਇਣ ਵਿਚ ਛੱਡਣਾ ਹੈ। ਇਕ ਦਿਨ ਉਨ੍ਹਾਂ ਦੇ ਉਪਦੇਸ਼ ਵਿਚ ਆ ਗਿਆ ਕਿ ਜਿਹੜਾ ਰਾਜਾ ਬੇ ਇਨਸਾਫੀ ਕਰੇ ਉਸ ਦਾ ਸਾਥ ਛੱਡ ਦੇਣਾ ਚਾਹੀਦਾ ਹੈ। ਦ੍ਰੋਪਤੀ ਹੱਸ ਪਈ, ਉਸ ਨੇ ਵੀ ਦੇਖ ਲਈ।

ਕਹਿੰਦਾ, "ਬੇਟੀ! ਤੂੰ ਹੱਸੀ ਹੈਂ ਮੈਂ ਤੇਰੀ ਗੱਲ ਸਮਝ ਗਿਆ।"

ਉਹ ਕਹਿੰਦੀ, "ਹਾਂ ਦਾਦਾ ਜੀ! ਜਦੋਂ ਮੇਰੇ ਵਸਤ੍ਰ ਉਤਾਰੇ, ਤੁਸੀਂ ਉਥੇ ਬੈਠੇ ਸੀ ਜਾਂ ਨਹੀਂ?"

ਕਹਿੰਦਾ, "ਹਾਂ ਬੈਠਾ ਸੀ।"

ਕਹਿੰਦੀ, "ਉਸ ਵੇਲੇ ਤੁਹਾਡਾ ਇਹ ਬਚਨ ਕਿੱਥੇ ਗਿਆ ਸੀ?"

ਕਹਿੰਦੇ, "ਬੇਟਾ! ਓਸ ਵੇਲੇ ਮੇਰੇ ਅੰਦਰ ਰਾਜ ਅੰਨ ਗਿਆ ਹੋਇਆ ਸੀ ਤੇ ਉਸ ਅੰਨ ਨੇ ਮੇਰੀ ਬੁੱਧੀ ਭਰਿਸ਼ਟ ਕਰੀ ਹੋਈ ਸੀ। ਹੁਣ ਕਿਉਂਕਿ ਬਾਣ ਐਨੇ ਲੱਗੇ ਹੋਏ ਨੇ ਮੇਰਾ ਸਾਰਾ ਸਰੀਰ ਖ਼ੂਨ ਤੋਂ ਖਾਲੀ ਹੋ ਗਿਆ, ਮਾੜਾ ਮੋਟਾ ਰਹਿੰਦਾ ਹੈ ਉਹ ਅਸਰ ਨਿਕਲ ਗਿਆ ਤੇ ਹੁਣ ਮੈਨੂੰ ਹੋਸ਼ ਆਈ ਹੈ ਕਿ ਮੈਨੂੰ ਚਾਹੀਦਾ ਸੀ ਉਥੇ ਉਠ ਕੇ ਖੜ੍ਹੇ ਹੋ ਜਾਂਦਾ ਦਰਬਾਰ 'ਚ। ਬੁੱਧੀ ਭਰਿਸ਼ਟ ਮੇਰੀ ਕਰ ਦਿਤੀ ਸੀ ਓਸ ਅੰਨ ਨੇ।"

ਇਕ ਮਹਾਤਮਾ ਸੀ ਬਹੁਤ, ਉਸ ਦੀ ਮਹਿਮਾ ਸੀ। ਰਾਜਾ ਘਰ ਲੈ ਗਿਆ ਉਥੇ ਉਹ ਸਤਿਸੰਗ ਕਰਦਾ ਰਿਹਾ, ਕਾਫੀ ਸਮੇਂ ਤੋਂ ਬਾਅਦ ਇਕ ਦਿਨ ਇਸ਼ਨਾਨ ਕਰਨ ਗਿਆ ਤਾਂ ਰਾਣੀ ਪਹਿਲਾਂ (ਇਸ਼ਨਾਨ) ਕਰ ਗਈ ਸੀ, ਨੌਂ ਲੱਖਾ ਹਾਰ ਕਿੱਲੇ ਤੇ ਟੰਗਿਆ ਹੋਇਆ ਸੀ। ਸੰਤ ਦੀ ਪਈ ਨਿਗ੍ਹਾ। ਉਸ ਨੇ ਕਿਹਾ ਓਏ ਨੌਂ ਲੱਖ ਰੁਪਈਆ ਉਥੇ ਹੀ ਨ੍ਹਾਤਾ ਨਹੀਂ, ਫਟਾਫਟ ਗੱਠੜੀ 'ਚ ਬੰਨ੍ਹਿਆ, ਪੋਟਲੀ ਚੁੱਕ ਕੇ ਪਹਿਰੇਦਾਰਾਂ ਦੇ ਕੋਲ ਦੀ ਨਿਕਲ ਗਿਆ। ਰਾਜਾ ਇਜ਼ਤ ਕਰਦਾ ਸੀ ਉਹ ਵੀ ਇਜ਼ਤ ਕਰਦੇ ਸੀ। ਜਦੋਂ ਦਿਨ ਚੜ੍ਹਿਆ ਰਾਣੀ ਹਾਰ ਟੋਲ੍ਹਣ ਲੱਗੀ। ਲੱਭਿਆ ਨਾ ਕਿਤੋਂ ਵੀ। ਬਹੁਤ ਤਲਾਸ਼ ਕਰਨ ਤੋਂ ਬਾਅਦ ਇਹ ਨਿਰਣਾ ਲਿਆ ਪੁਲਿਸ ਵਾਲਿਆਂ ਨੇ ਕਿ ਉਨ੍ਹਾਂ ਸੰਤਾਂ ਤੋਂ ਬਗੈਰ ਅੰਦਰ ਕੋਈ ਨਹੀਂ ਆਉਂਦਾ। ਰਾਜਾ ਮੰਨੇ ਨਾ ਕਿ ਸੰਤ ਤਾਂ ਇਹੋ ਜਿਹਾ ਹੈ ਨਹੀਂ, ਉਹ ਤਾਂ ਬਹੁਤ ਉਚ ਕੋਟੀ ਦਾ ਹੈ।

ਕਹਿੰਦੇ, "ਨਹੀਂ ਮਹਾਰਾਜ! ਉਹ ਸੰਤ ਲੈ ਗਿਆ।"

ਕਹਿੰਦਾ, "ਕਰੋ ਤਲਾਸ਼।" ਜਦ ਨੂੰ (ਉਦੋਂ ਤਕ) ਉਹ ਉਸ ਦੀ (ਰਾਜ ਦੀ) ਹੱਦ ਲੰਘ ਗਿਆ। ਨੇੜੇ ਹੀ ਦੂਸਰੇ ਰਾਜੇ ਦੇ ਰਾਜ ਵਿਚ ਇਕ ਮੰਦਰ ਸੀ ਉਥੇ ਟਿਕ ਗਿਆ ਤੇ ਮਰੋੜੇ ਲਗ ਗਏ। ਢਾਈ ਮਹੀਨੇ ਲੱਗੇ ਰਹੇ ਤੇ ਸੁੱਕ ਕੇ ਪਿੰਜਰ ਵਰਗਾ ਹੋ ਗਿਆ। ਉਸ ਤੋਂ ਬਾਅਦ ਹੋਸ਼ ਆਈ ਓਏ ਮਨਾ ਆਹ! ਹਾਰ ਮੈਂ ਕੀ ਕਰਨਾ ਸੀ, ਮੇਰੇ ਕਿਸ ਕੰਮ, ਘਰ ਛੱਡਿਆ, ਬਾਰ ਛੱਡਿਆ ਫੇਰ ਹਾਰ 'ਚ ਮੋਹਿਤ ਹੋ ਗਿਆ, ਇਹ ਤਾਂ ਮਾਇਆ ਨੇ ਡੰਗ ਮਾਰਿਆ। ਫੈਸਲਾ ਕਰ ਲਿਆ ਕਿ ਮੈਂ ਰਾਜੇ ਨੂੰ ਵਾਪਸ ਕਰਕੇ ਆਵਾਂਗਾ। ਇਹ ਵੀ ਪਤਾ ਸੀ ਕਿ ਰਾਜਾ ਦੰਡ ਦੇਵੇਗਾ ਤੇ ਚੋਰ ਆਖੇਗਾ ਮੈਨੂੰ। ਕਹਿੰਦਾ ਕੁਝ ਹੋਵੇ ਕਿਉਂਕਿ ਮੈਂ ਜੁਰਮ ਕਰਿਆ ਹੈ ਤੇ ਜੁਰਮ ਦੀ ਸਜ਼ਾ ਭੁਗਤਣਾ ਮੇਰਾ ਧਰਮ ਹੈ। ਰਾਜੇ ਦੇ ਪਾਸ ਆ ਗਿਆ। ਰਾਜੇ ਨੇ ਦੂਰੋਂ ਦੇਖਿਆ, ਕਚਹਿਰੀ 'ਚ ਬੈਠਿਆ ਸੀ ਰਾਜਾ। ਦੇਖੀ ਜਾਂਦਾ ਹੈ, ਆ ਕੇ ਰਾਜੇ ਨੂੰ ਉਸ ਨੇ ਨਮਸਕਾਰ ਕਰੀ ਤੇ ਰਾਜੇ ਕੋਲ ਜਾ ਕੇ ਉਸ ਨੇ ਪੋਟਲੀ ਰੱਖ ਦਿਤੀ।

ਰਾਜਾ ਕਹਿੰਦਾ, "ਸੰਤ ਜੀ! ਨਮਸ਼ਕਾਰ ਕਰਨਾ ਤਾਂ ਮੇਰਾ ਹੱਕ ਸੀ ਪਰ ਮੈਂ ਹੁਣ ਕਰਨੀ ਨਹੀਂ ਤੈਨੂੰ। ਇਹ ਕੀ ਹੈ?"

ਕਹਿੰਦਾ, "ਨੌਂ ਲੱਖਾ ਹਾਰ। ਮਹਾਰਾਜ! ਜਿਹੜੀ ਸਜ਼ਾ ਦੇਣੀ ਹੈ ਦਿਓ।"

ਕਹਿੰਦਾ, "ਮੈਂ ਸਜ਼ਾ ਤਾਂ ਸੋਚ ਕੇ ਦਿਆਂਗਾ ਪਰ ਮੈਨੂੰ ਐਉਂ ਦੱਸ ਤੂੰ ਐਡਾ ਮਹਾਤਮਾ ਹੋ ਕੇ ਹਾਰ ਦੇ ਉਤੇ ਹੀ ਗਿਰ ਗਿਆ?"

ਉਹ ਕਹਿੰਦਾ, "ਆਹੀ ਗੱਲ ਮੈਂ ਪੁਛਣ ਆਇਆ ਹਾਂ ਕਿ ਮੈਂ ਕਿਉਂ ਗਿਰਿਆ ਬੀਤਰਾਗ ਅਵਸਥਾ ਦਾ, ਮੈਨੂੰ ਬ੍ਰਹਮਗਿਆਨ ਹੋਇਆ ਹੋਇਆ।" ਪੱਕਾ ਨਹੀਂ ਸੀ ਅਜੇ ਕੱਚਾ ਸੀ। ਗੱਲਾਂ ਨਾਲ ਤਾਂ ਹੋ ਗਿਆ, ਸਮਝ 'ਚ ਆ ਗਿਆ ਸੀ ਪਰ ਅਜੇ ਜੀਵਨ ਨਹੀਂ ਸੀ ਬਣਿਆ। ਖੋਜ ਕੀਤੀ ਗਈ ਕਿ ਜਿਹੜਾ ਅੰਨ ਆਉਂਦਾ ਸੀ ਰਾਜ ਮਹਿਲਾਂ 'ਚ ਉਹ ਅੰਨ ਸ਼ੁੱਧ ਨਹੀਂ ਸੀ, ਗਲਤ ਥਾਵਾਂ ਤੋਂ ਆਉਂਦਾ ਸੀ, ਖੋਹ ਖਿੰਝ ਕੇ ਲਿਆਂਦਾ ਜਾਂਦਾ ਸੀ ਤੇ ਇਕ ਐਸੇ ਸੂਦਖੋਰ ਦਾ ਅੰਨ ਆਇਆ ਹੋਇਆ ਸੀ ਜਿਹੜਾ ਸੰਤਾਂ ਨੂੰ ਦਿਤਾ ਜਾਂਦਾ ਸੀ।

ਉਹ ਕਹਿੰਦਾ, "ਰਾਜਨ! ਬੱਸ ਐਨਾ ਹੀ ਮੈਂ ਪੁੱਛਣ ਵਾਲਾ ਸੀ। ਮੇਰੀ ਬੁੱਧੀ ਭਰਿਸ਼ਟ ਕਰ ਦਿਤੀ ਓਸ ਅੰਨ ਨੇ।"

ਉਹ ਕਹਿੰਦਾ, "ਹੁਣ?"

ਸਾਧੂ ਕਹਿੰਦਾ, "ਹੁਣ ਮੈਨੂੰ ਐਨੇ ਮਰੋੜ ਲੱਗ ਗਏ ਇਕ ਕਤਰਾ ਵੀ ਨਹੀਂ ਰਿਹਾ ਓਸ ਅੰਨ ਦਾ ਮੇਰੇ ਅੰਦਰ।"

ਸਾਧ ਸੰਗਤ ਜੀ! 12 ਸਾਲ ਅਸਰ ਰਹਿੰਦਾ ਹੈ ਆਦਮੀ ਦੇ ਉਤੇ। ਜਿਸ ਨੇ ਅੱਜ ਮਾਸ ਖਾਧਾ, ਸ਼ਰਾਬ ਪੀਤੀ ਹੈ। 12 ਸਾਲ ਬਾਅਦ ਉਸ ਦੇ ਜਿਹੜੇ ਅਣੂ ਨੇ, ਸਰੀਰ ਦੇ ਅੰਦਰ ਸੈਲ ਬਾਰ੍ਹੀਂ ਸਾਲੀਂ ਮਰਦੇ ਨੇ। ਮਹਾਤਮਾ ਦੇ ਕੋਲ ਜੋ ਆਉਂਦੇ ਸੀ ਉਹ 12 ਸਾਲ ਬਾਅਦ ਜੋਗ ਦਿੰਦੇ ਸੀ, 12 ਸਾਲਾਂ ਬਾਅਦ ਉਸ ਨੂੰ ਕੋਈ ਨਾਮ ਦਿੰਦੇ ਸੀ। ਪਹਿਲਾਂ ਸੇਵਾ ਕਰਾ ਕੇ ਉਸ ਦਾ ਜਿਹੜਾ ਅਸਰ ਸੀ ਉਹ ਖਤਮ ਕਰਦੇ ਸੀ।

ਸੋ ਇਸ ਤਰ੍ਹਾਂ ਦੇ ਨਾਲ ਉਸ ਅੰਨ ਦਾ ਅਸਰ ਖਤਮ ਹੁੰਦਾ ਸੀ। ਸੋ ਮਹਾਰਾਜ ਨੇ ਹਟਾ ਦਿਤਾ, ਕੋਈ ਨਹੀਂ ਉਸ ਨੇ ਗੌਲਿਆ ਕਿਉਂਕਿ -

***ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ॥***
***ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ॥***

***ਅੰਗ - 51***

ਬਹੁਤ ਔਖੀ ਹੈ ਚਾਕਰੀ ਕਰਨੀ ਐਉਂ ਪੜ੍ਹ ਲਓ -

***ਧਾਰਨਾ - ਗੱਲਾਂ ਵਾਲੇ ਹੈਨ ਘਨੇਰੇ,***
***ਚਾਕਰ ਕੋਈ ਕੋਈ ਹੈ - 2, 2.***

***ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥***
***ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥***
***ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥***

***ਨਾਨਕ ਜਿਸ ਨੋ ਲਗਾ***
***ਤਿਸੁ ਮਿਲੈ ਲਗਾ ਸੋ ਪਰਵਾਨੁ॥ ਅੰਗ - 474***

ਸੋ ਭਾਈ ਮੰਝ ਮੁਰਦੇ ਵਾਂਗ ਹੋ ਕੇ ਸੇਵਾ ਕਰ ਰਿਹਾ ਹੈ, ਨਾ ਉਸ ਨੂੰ ਪ੍ਰਸੰਸਾ ਦਾ, ਨਾ ਦੂਸਰਾ ਕੋਈ ਅਸਰ ਹੀ ਹੁੰਦਾ ਹੈ। ਗੁਰੂ ਦੀ ਸੇਵਾ 'ਚ ਮਸਤ ਹੋਇਆ ਹੋਇਆ ਗੁਰੂ ਦੇ ਪਿਆਰ 'ਚ ਜੀਉਂ ਰਿਹਾ ਹੈ। ਸੇਵਾ ਕਰ ਰਿਹਾ ਹੈ ਵੱਧ ਚੜ੍ਹ ਕੇ, ਕੋਈ ਪਰਵਾਹ ਨਹੀਂ ਜੇ ਲੰਗਰ 'ਚੋਂ ਪ੍ਰਸਾਦਾ ਬੰਦ ਹੋ ਗਿਆ। ਕਿਸੇ ਨੇ ਆਵਾਜ਼ ਮਾਰ ਕੇ ਕਹਿ ਦਿਤਾ, "ਭਾਈ ਮੰਝ! ਪ੍ਰਸ਼ਾਦਾ ਲੈ ਲੈ।" ਓਥੇ ਹੀ ਖੜ੍ਹ ਕੇ ਛਕ ਲੈਣਾ। ਕੋਈ ਸ਼ਿਕਵਾ ਨਹੀਂ ਕਿਸੇ ਨਾਲ ਗੱਲ ਨਹੀਂ ਕਰਨੀ ਕਿ ਮੈਨੂੰ ਤਾਂ ਕੱਲ੍ਹ ਪ੍ਰਸ਼ਾਦਾ ਹੀ ਨਹੀਂ ਮਿਲਿਆ ਕਿਸੇ ਨੇ ਦਿਤਾ ਹੀ ਨਹੀਂ, ਨਾ ਮੰਗਣ ਜਾਣਾ ਹੈ। ਇਸ ਤਰ੍ਹਾਂ ਬਹੁਤ ਘਾਲ ਔਖੀ ਹੋ ਗੀ। ਸਮਾਂ ਲੰਘ ਗਿਆ। ਸਾਲ ਭਰ ਲੰਘ ਗਿਆ ਡੇਢ ਸਾਲ ਲੰਘ ਗਿਆ।

ਅੱਜ ਗੁਰੂ ਮਹਾਰਾਜ ਬਾਹਰ ਕਿਸੇ ਨਗਰ 'ਚ ਗਏ ਹੋਏ ਨੇ, ਸੰਗਤਾਂ ਨਾਲ ਨੇ। ਇਹ ਵੀ ਸਵੇਰ ਤੋਂ ਗਿਆ ਹੋਇਆ ਬਾਲਣ ਵੱਢਣ, ਜੰਗਲ 'ਚ ਜਾ ਕੇ ਸੁੱਕਾ-ਸੁੱਕਾ ਬਾਲਣ ਇਕੱਠਾ ਕਰਿਆ ਭਰਾ ਬੰਨ੍ਹ ਲਿਆ। 4 ਵਜੇ ਜਦੋਂ ਵਾਪਸ ਮੁੜਿਆ, ਉਸ ਵੇਲੇ ਬਹੁਤ ਕਾਲੀ ਬੋਲੀ ਹਨ੍ਹੇਰੀ ਐਨੀ ਤੇਜ਼ ਆ ਗਈ, ਕਸਵੱਟੀ ਹੋਰ ਤੇਜ਼ ਕਰ ਦਿਤੀ ਮਹਾਰਾਜ ਨੇ ਕਿਉਂਕਿ -

***ਭੈ ਵਿਚਿ ਪਵਣੁ ਵਹੈ ਸਦਵਾਉ॥***
***ਭੈ ਵਿਚਿ ਚਲਹਿ ਲਖ ਦਰੀਆਉ॥ ਅੰਗ - 464***

ਆਪਣੇ ਆਪ ਨਹੀਂ ਆਈ ਮਹਾਰਾਜ ਜੀ ਨੇ ਲਿਆਂਦੀ। ਸਿੱਖ ਦਾ ਹੋਰ ਪ੍ਰੀਖਿਆ ਕਰਨਾ ਸੀ ਕਿ ਕਿੰਨਾ ਕੁ ਸਹਿ ਸਕਦਾ ਹੈ। ਉਸ ਵੇਲੇ ਉਸ ਨੂੰ ਚੁੱਕ ਕੇ ਹਵਾ ਨੇ ਰਸਤਾ ਹੀ ਭੁਲਾ ਦਿਤਾ ਹੋਰ ਪਾਸੇ ਨੂੰ ਹੀ ਜਾਈ ਜਾਂਦਾ ਹੈ।

ਅੱਗੇ ਜਦੋਂ ਗਿਆ ਉਸ ਵੇਲੇ ਬੋੜਾ ਖੂਹ (ਬਿਨਾਂ ਮੌਣ ਤੋਂ" ਜਿਸ ਨੂੰ ਕਹਿੰਦੇ ਨੇ, ਅੰਨ੍ਹਾ ਖੂਹ ਜਿਸ ਦੇ ਮੌਣ ਨਹੀਂ ਹੁੰਦੀ। ਦਿਸਦਾ ਕੁਝ ਹੈ ਨਹੀਂ ਟੋਹ-ਟੋਹ ਕੇ ਚਲਦਾ ਹੈ ਉਥੇ ਜਦੋਂ ਆ ਕੇ ਇਕ ਪੈਰ ਰੱਖਿਆ, ਦੂਜਾ ਚੁਕਿਆ ਤਾਂ ਧੜੰਮ ਖੂਹ ਦੇ ਵਿਚ। ਹਨ੍ਹੇਰਾ ਪਿਆ ਹੋਇਆ, ਰਾਤ ਪਈ ਹੋਈ ਹੈ ਬਿਲਕੁਲ, ਹੈ ਦਿਨ। ਹੁਣ -

***ਘਟ ਘਟ ਕੇ ਅੰਤਰ ਕੀ ਜਾਨਤ***
***ਭਲੇ ਬੁਰੇ ਕੀ ਪੀਰ ਪਛਾਨਤ॥***

ਗੁਰੂ ਤੋਂ ਸਿੱਖ ਕਦੇ ਓਹਲੇ ਨਹੀਂ ਹੁੰਦਾ, ਹਰ ਵਕਤ ਨਿਗ੍ਹਾ 'ਚ ਰਖਦਾ ਹੈ। ਉਸੇ ਵੇਲੇ ਗੁਰੂ ਮਹਾਰਾਜ ਇਕ ਦਮ ਸੰਗਤਾਂ 'ਚ ਬੈਠੇ ਸੀ, ਸਿੰਘਾਸਣ ਤੋਂ ਉਠੇ ਇਕ ਦਮ ਕਾਹਲੀ ਦੇ ਨਾਲ ਬਾਹਰ ਨਿਕਲ ਕੇ।

ਕਹਿੰਦੇ, "ਜਲਦੀ ਨਾਲ ਰੱਸੇ ਲੈ ਕੇ ਸਾਡੇ ਪਿੱਛੇ ਆ ਜਾਓ।"

ਪਤਾ ਲਗ ਗਿਆ ਕਿ ਗੁਰੂ ਮਹਾਰਾਜ ਕਿਤੇ ਜਾ ਰਹੇ ਨੇ ਕਿਉਂਕਿ ਗੁਰੂ ਦਾ ਬਿਰਧ ਹੈ ਸਾਧ-ਸੰਗਤ ਜੀ! ਫਰਜ਼ ਹੋਇਆ ਕਰਦਾ ਹੈ ਐਉਂ ਪੜ੍ਹ ਲਓ

–

***ਧਾਰਨਾ – ਅਉਖੀ ਘੜੀ ਨ ਦੇਖਣ ਦੇਵੇ,***
***ਆਪਣਾ ਬਿਰਧ ਸੰਭਾਲਦੈ – 2, 2.***

***ਅਉਖੀ ਘੜੀ ਨ ਦੇਖਣ ਦੇਈ***
***ਅਪਨਾ ਬਿਰਦੁ ਸਮਾਲੇ॥***
***ਹਾਥ ਦੇਇ ਰਾਖੈ ਅਪਨੇ ਕਉ***
***ਸਾਸਿ ਸਾਸਿ ਪ੍ਰਤਿਪਾਲੈ॥ ਅੰਗ – 682***

ਹਰ ਸੁਆਸ ਦੇ ਉਤੇ ਨਿਗ੍ਹਾ ਹੈ ਗੁਰੂ ਦੀ। ਇੱਧਰ ਇਹ ਖੂਹ 'ਚ ਗਿਰਦਾ ਹੈ ਉਧਰ ਮਹਾਰਾਜ ਜੀ ਉਸੇ ਵੇਲੇ ਉਠ ਕੇ ਖੜ੍ਹੇ ਹੋ ਗਏ। ਕਹਿੰਦੇ ਲੱਜਾਂ ਲਿਆਓ ਸਾਡੇ ਕੋਲ। ਜਿਹੜਾ ਘੋੜੇ ਦੀ ਸੇਵਾ ਕਰਦਾ ਸੀ ਕਹਿੰਦਾ, "ਮਹਾਰਾਜ ਸੱਚੇ ਪਾਤਸ਼ਾਹ! ਘੋੜਾ ਆ ਰਿਹਾ ਹੈ, ਇਸ ਦੇ ਉਤੇ ਆਪ ਬਿਰਾਜੋ।" ਦੂਜਾ ਜੋੜੇ ਵਾਲਾ ਜੋੜਾ ਚੁਕੀ ਜਾਂਦਾ ਹੈ, ਮਹਾਰਾਜ! ਜੋੜਾ ਆ ਰਿਹਾ ਹੈ।" ਨਹੀਂ ਮਹਾਰਾਜ ਸੁਣਦੇ ਕਿਸੇ ਦੀ। ਖਿਚੇ ਹੋਏ ਚਲੇ ਜਾ ਰਹੇ ਨੇ ਆਪਣੇ ਪਿਆਰੇ ਸਿੱਖ ਨੂੰ ਕੋਈ ਨੁਕਸਾਨ ਨਹੀਂ ਪਹੁੰਚਣ ਦਿੰਦੇ। ਐਉਂ ਪੜ੍ਹ ਲਓ –

***ਧਾਰਨਾ – ਹਰਿ ਜੀ ਛੱਡ ਕੇ ਸਿੰਘਾਸਨ ਆ ਗਏ,***
***ਬੰਨ੍ਹੇ ਹੋਏ ਸੱਚੇ ਪਿਆਰ ਦੇ – 2, 2.***

***ਅਪੁਨੇ ਸੇਵਕ ਕੀ ਆਪੈ ਰਾਖੈ ਆਪੇ ਨਾਮੁ ਜਪਾਵੈ॥***
***ਜਹ ਜਹ ਕਾਜ ਕਿਰਤਿ ਸੇਵਕ ਕੀ***
***ਤਹਾ ਤਹਾ ਉਠਿ ਧਾਵੈ॥ ਅੰਗ – 403***

ਕਹਿੰਦੇ ਪੂਰੇ ਜ਼ੋਰ ਨਾਲ ਜਾਂਦਾ ਹੈ ਇਕ ਸਕਿੰਟ ਦੀ ਦੇਰੀ ਨਹੀਂ ਕਰ ਸਕਦਾ। ਘੋੜੇ ਵਾਲਾ ਮਿੰਨਤਾਂ ਕਰੀ ਜਾਂਦਾ ਹੈ, ਬੇਨਤੀਆਂ ਕਰਦਾ ਹੈ, "ਪਾਤਸ਼ਾਹ! ਘੋੜੇ ਤੇ ਚੜ੍ਹ ਜਾਓ।" ਜੋੜੇ ਵਾਲਾ ਕਹਿੰਦਾ ਹੈ, "ਪਾਤਸ਼ਾਹ! ਦੇਖੋਂ ਕਿੰਨੇ ਰੋੜੇ ਨੇ, ਕਿੰਨੇ ਕੰਡੇ ਨੇ। ਆਪ ਕਦੇ ਵੀ ਨੰਗੇ ਪੈਰੀ ਨਹੀਂ ਚੱਲੇ ਜੋੜਾ ਤਾਂ ਪਾ ਲਓ।"

ਨਾਂਹ ਕਿਸੇ ਦੀ ਨਹੀਂ ਮਹਾਰਾਜ ਸੁਣਦੇ। ਪਿੱਛੇ ਰੱਸੀਆਂ ਰੱਸੇ ਲੈ ਕੇ ਨੱਠੇ ਆ ਰਹੇ ਨੇ। ਖੂਹ ਦੇ ਕੋਲ ਜਾ ਕੇ ਰੁਕ ਗਏ ਆਪ। ਅਜੇ ਵੀ ਮਹਾਰਾਜ ਨੇ ਆਵਾਜ਼ ਨਹੀਂ ਦਿਤੀ, ਅਜੇ ਹੋਰ ਕੁਝ ਸੁਣਨਾ ਚਾਹੁੰਦੇ ਨੇ। ਉਸ ਵੇਲੇ ਨਾਲ ਦੇ ਰੱਸੇ ਲੈ ਕੇ ਆ ਗਏ।

ਹੌਲੀ ਜਿਹੀ ਮਹਾਰਾਜ ਨੇ ਕਿਹਾ, "ਪੁੱਛੋ।"

ਆਵਾਜ਼ ਦਿਤੀ, "ਭਾਈ ਗੁਰਮੁਖਾ! ਸਤਿਨਾਮ ਵਾਹਿਗੁਰੂ! ਸਤਿਨਾਮ ਵਾਹਿਗੁਰੂ!! ਕਰਨ ਵਾਲਾ ਤੂੰ ਕੌਣ ਹੈਂ?" ਆਪਣੀ ਜਾਣ ਪਛਾਣ ਦੇਹ।"

ਕਹਿਣ ਲੱਗਿਆ, "ਗੁਰਮੁਖ ਪਿਆਰਿਓ! ਮੈਂ ਗੁਰੂ ਅਰਜਨ ਪਾਤਸ਼ਾਹ ਦਾ ਇਕ ਗਰੀਬੜਾ ਜਿਹਾ, ਅਧਨਾ ਜਿਹਾ ਸਿੱਖ ਹਾਂ।"

ਕਹਿੰਦੇ, "ਇਥੇ ਕਿਵੇਂ ਹੈ?"

ਕਹਿੰਦਾ, "ਬਾਲਣ ਲੈ ਕੇ ਆਇਆ ਸੀ, ਹਨ੍ਹੇਰੀ ਆ ਗਈ। ਮੈਨੂੰ ਪਤਾ ਨਾ ਰਿਹਾ ਰਸਤੇ ਦਾ ਤੇ ਮੈਂ ਇਸ ਦੇ ਵਿਚ ਗਿਰ ਗਿਆ।"

ਕਹਿੰਦੇ, ਰੱਸੇ ਅਸੀਂ ਵਗ੍ਹਾਉਂਦੇ ਹਾਂ। ਆਹ ਫੜ ਰੱਸਾ ਬਾਹਰ ਆ ਜਾਹ।"

ਕਹਿੰਦਾ, "ਗੁਰਮੁਖੋਂ ਜੇ ਤੁਸੀਂ ਐਨਾ ਉਪਕਾਰ ਕਰਨ ਲੱਗੇ ਹੋ ਤਾਂ ਮੈਨੂੰ ਨਾ ਪਹਿਲਾਂ ਕੱਢੋ। ਮੇਰੇ ਸਿਰ ਦੇ ਉਤੇ ਗੁਰੂ ਕੇ ਲੰਗਰ ਦੇ ਵਾਸਤੇ ਸੁੱਕਾ ਬਾਲਣ ਚੁੱਕਿਆ ਹੋਇਆ ਹੈ।

ਅਸੀਂ ਕੀ ਕਰਦੇ ਜੇ ਭਲਾਂ ਹੋ ਵੀ ਜਾਂਦੀ ਇਹ ਗੱਲ ਬਾਲਣ ਤਾਂ ਰੱਖਣਾ ਸੀ ਪਾਣੀ ਵਿਚ ਤੇ ਆਪ ਉਤੇ ਖੜ੍ਹੇ ਹੋਣਾ ਸੀ। ਪਾਣੀ ਵੀ ਗਲ ਤੱਕ ਹੈ ਖੂਹ ਦੇ ਵਿਚ। ਆਹ ਗੱਲ ਨਹੀਂ ਸੀ ਅਸੀਂ ਕਰਨੀ ਉਤੇ ਖੜ੍ਹ ਜਾਣਾ ਸੀ ਭਰੇ ਦੇ। ਨਾਹ, ਭਾਈ ਮੰਝ ਦੇ ਮੁੱਖ 'ਚੋਂ ਵਿਚੇ ਤਾਂ ਸਤਿਨਾਮੁ ਦਾ ਆਵਾਜਾ ਆਉਂਦਾ ਹੈ, ਨਾਲੇ ਭਰਾ ਚੁੱਕਿਆ ਹੋਇਆ ਹੈ ਸਿਰ ਤੇ।

ਉਸ ਵੇਲੇ ਕਹਿੰਦੇ, "ਤੂੰ ਨਿਕਲ ਆ।"

ਕਹਿੰਦੇ, "ਨਹੀਂ ਮੈਂ ਗੁਰੂ ਕੇ ਲੰਗਰ ਦਾ ਬਾਲਣ ਲੈ ਕੇ ਆਇਆ ਹਾਂ, ਸੁੱਕਾ ਹੈ, ਅਜੇ ਤੱਕ ਸੁੱਕਾ ਹੈ।"

ਉਸ ਵੇਲੇ ਇਕ ਰੱਸਾ ਉਸ ਨੂੰ ਫੜਾਇਆ, ਦੂਜਾ ਰੱਸਾ ਫੜਾ ਕੇ ਕਿਹਾ ਕਿ ਇਸ ਨੂੰ ਬਾਲਣ ਬੰਨ੍ਹ ਦੇਹ, ਬਾਹਰ ਕੱਢ ਲਿਆ। ਜਿਸ ਵਕਤ ਸਾਮ੍ਹਣੇ ਦੇਖਿਆ ਗੁਰੂ ਮਹਾਰਾਜ ਖੜ੍ਹੇ ਨੇ। ਗੁਰੂ ਮਹਾਰਾਜ ਨੂੰ ਦੇਖਦੀਸਾਰ ਐਨਾ ਵੈਰਾਗ ਆਇਆ ਸਾਂਭਿਆ ਨਹੀਂ ਜਾਂਦਾ। ਮਹਾਰਾਜ ਨੇ ਬੁੱਕਲ 'ਚ ਲੈ ਲਿਆ। ਨਾਲ ਦੀ ਨਾਲ ਆਪ ਨੇ ਐਸਾ ਬਚਨ ਕਿਹਾ ਪੜ੍ਹੋ ਪਿਆਰ ਨਾਲ–

***ਧਾਰਨਾ – ਮੰਝ ਪਿਆਰਾ ਗੁਰੂ ਨੂੰ,***
***ਗੁਰੂ ਮੰਝ ਪਿਆਰਾ।***
***ਮੰਝ ਗੁੂਰ ਕਾ ਬੋਹਿਥਾ, ਜਗ ਲੰਘਣਹਾਰਾ।***

ਬੁੱਕਲ 'ਚ ਲੈ ਲਿਆ, ਮਹਾਰਾਜ ਜੀ ਦੇ ਵੀ ਨੇਤਰਾਂ 'ਚੋਂ ਜਲ ਜਾ ਰਿਹਾ ਹੈ, ਇਸ ਦੇ ਵੀ ਚਲ ਰਿਹਾ ਹੈ। ਪਿਆਰ ਦੀ ਬਾਤ ਹੋਰ ਹੋਇਆ ਕਰਦੀ ਹੈ, ਦੂਜੀਆਂ ਬਾਤਾਂ ਹੋਰ ਹੋਇਆ ਕਰਦੀਆਂ ਹਨ। ਇਸ ਨੂੰ ਵਾਤਸਲ ਪਿਆਰ ਕਹਿੰਦੇ ਨੇ। ਉਸ ਵੇਲੇ ਗੁਰੂ ਮਹਾਰਾਜ ਕਹਿਣ ਲੱਗੇ, ਪਿਆਰਿਆ! ਮੰਗ ਗੁਰੂ ਤੋਂ ਜੋ ਮੰਗੇਗਾ ਅੱਜ ਤੈਨੂੰ ਗੁਰੂ ਤੋਂ ਦਿਵਾ ਦਿਆਂਗੇ। ਉਸ ਵੇਲੇ ਉਸ ਨੇ ਬੇਨਤੀ ਕਰੀ।

ਕਹਿੰਦਾ, "ਪਾਤਸ਼ਾਹ! ਕਲਜੁਗ ਦਾ ਸਮਾਂ ਹੈ, ਸਿੱਖ ਦੇ ਵਿਚ ਐਨੀ ਤਾਕਤ ਨਹੀਂ ਹੈ ਕਿ ਉਹ ਆਪ ਦੀ ਕਸਵੱਟੀ ਸਹਿ ਜਾਵੇ। ਬੜਾ ਮੁਸ਼ਕਲ ਹੈ ਅੱਗੇ ਸਿੱਖ ਕੱਚੇ ਨਿਸ਼ਚਿਆਂ ਦੇ ਆਉਣਗੇ, ਗਰਜਾਂ ਦੇ ਆਉਣਗੇ। ਜੇ ਤਾਂ ਗੁਰੂ ਲੋੜ ਪੂਰੀ ਕਰੀ ਜਾਏਗਾ, ਕਰੀ ਜਾਏਗਾ ਫੇਰ ਤਾਂ ਸਿੱਖ, ਨਹੀਂ ਤਾਂ ਛੱਡ ਕੇ ਓਹ ਜਾਣਗੇ, ਭਰੋਸਾ ਵੀ ਕੱਚਾ, ਰਿਸ਼ਤਾ ਵੀ ਕੱਚਾ।

ਪਾਤਸ਼ਾਹ! ਰਿਆਇਤੀ ਨੰਬਰ ਦੇ ਕੇ ਪਾਸ ਕਰ ਦਿਓ।"

ਮਹਾਰਾਜ ਕਹਿੰਦੇ, "ਭਾਈ ਮੰਝ! ਅਸੀਂ ਜੋ ਤਾਓ ਦਿੱਤਾ ਹੈ, ਤੈਨੂੰ ਆਪਣਾ ਰੂਪ ਬਣਾਇਆ ਹੈ, ਤੈਨੂੰ ਪ੍ਰਮੇਸ਼ਰ ਦਾ ਰੂਪ ਬਣਾ ਦਿਤਾ। ਤੇਰੇ ਤੇ ਮੇਰੇ ਵਿਚ ਹੁਣ ਕੋਈ ਫਰਕ ਨਹੀਂ ਰਿਹਾ ਪਰ ਪਿਆਰਿਆ ਜੇ ਸੋਨੇ ਵਿਚ ਮੈਲ ਹੋਵੇ ਤਾਂ ਚੰਗੀ ਨਹੀਂ ਲਗਦੀ। ਉਹ ਬਾਰ-ਬਾਰ ਤਾਓ ਦੇ ਕੇ ਸ਼ੁੱਧ ਸੋਨਾ ਬਾਰਾਂ ਬੰਨੀ ਦਾ ਬਣਦਾ ਹੈ। ਗੁਰਸਿੱਖ ਤਾਂ ਪੂਰਾ ਉਤਰਦਾ ਹੈ ਜੇ ਕਸਵੱਟੀ ਦੇ ਵਿਚ ਪਾਸ ਹੋ ਜਾਵੇ। ਇਹ ਤਾਂ ਅਸੀਂ ਗੁਰਸਿੱਖ ਦੇ ਭਲੇ ਵਾਸਤੇ ਹੀ ਕਰਦੇ ਹਾਂ।

ਕਹਿੰਦਾ, "ਸੱਚੇ ਪਾਤਸ਼ਾਹ! ਫੇਰ ਵੀ ਆਪ ਰਹਿਮਤ ਕਰੋ। ਸਮਰੱਥ ਹੋ ਆਪ, ਸਭ ਕੁਝ ਕਰ ਸਕਦੇ ਹੋ।"

ਕਹਿੰਦੇ, "ਜਾਹ ਭਾਈ ਮੰਝ! ਤੈਨੂੰ ਅਸੀਂ ਜਹਾਜ਼ ਬਣਾਇਆ, ਲੰਘਾ ਦੇ ਸੰਗਤਾਂ ਨੂੰ ਜਿੰਨੀਆਂ ਨੂੰ ਲੰਘਾ ਸਕਦਾ ਹੈਂ ਪਾਰ ਕਰਦੇ ਭਵਜਲ ਤੋਂ ਤੇਰੀ ਸਿੱਖੀ ਪ੍ਰਵਾਨ ਹੋਈ। ਤੂੰ ਪ੍ਰਵਾਨ ਰੂਹਾਂ 'ਚ ਆ ਗਿਆ। ਜਾਹ ਹੁਣ ਇਹ ਅਸੀਂ ਹੀ ਤੇਰੇ ਤੇ ਪਰਚਾ ਪਾਇਆ ਹੋਇਆ ਸੀ। ਤੇਰੀ ਜਾਇਦਾਦ ਵੀ ਸਾਰੀ ਸਭ ਤੈਨੂੰ ਹੁਣ ਮਿਲ ਜਾਣੀ ਹੈ, ਉਹ ਸਾਡਾ ਹੀ ਖੇਲ੍ਹ ਰਚਿਆ ਹੋਇਆ ਸੀ। ਰਿੱਧੀਆਂ-ਸਿੱਧੀਆਂ ਦੇ ਭੰਡਾਰੇ ਸਾਰੇ ਤੇਰੇ ਹਵਾਲੇ ਕਰਦੇ ਹਾਂ, ਬ੍ਰਹਮਗਿਆਨ ਦੇ ਭੰਡਾਰੇ ਤੇਰੇ ਹਵਾਲੇ ਕਰਦੇ ਹਾਂ। ਆਪ ਤਾਂ ਤਰਨਾ ਹੀ ਸੀ ਤੂੰ ਹੁਣ ਹਜ਼ਾਰਾਂ ਨੂੰ, ਲੱਖਾਂ ਨੂੰ ਤਾਰੀਂ।"

ਸੋ ਉਹ ਜਿਸ ਵਕਤ ਵਾਪਸ ਆਉਂਦੇ ਨੇ ਜਿੱਥੇ ਲੜਕੀ ਤੇ ਘਰਵਾਲੀ ਬੰਧੂਆਂ ਮਜ਼ਦੂਰੀ ਤੇ ਸੀ ਉਹ ਵੀ ਪਛਤਾ ਰਹੇ ਨੇ ਕਿ ਅਸੀਂ ਕਿੰਨਾ ਮਾੜਾ ਕੰਮ ਕਰਿਆ ਤੇ ਇਕ ਮਹਾਤਮਾ ਦੀ ਲੜਕੀ ਤੋਂ ਸੇਵਾ ਕਰਾਈ, ਓਸ ਦੀ ਧਰਮ ਪਤਨੀ ਤੋਂ ਸੇਵਾ ਕਰਾਈ। ਓਧਰ ਪਿੰਡ ਵਾਲਿਆਂ ਨੂੰ ਹੋਸ਼ ਆਈ, ਬਰਕਤ ਹੀ ਨਿਕਲ ਗਈ, ਉਜਾੜ ਹੋ ਗਿਆ ਪਿੰਡ, ਕਲਜੁਗ ਦਾ ਵਾਸਾ ਹੋ ਗਿਆ। ਬੈਠ ਕੇ ਕਹਿਣ ਲੱਗੇ ਬੜਾ ਮਾੜਾ ਕੰਮ ਕਰਿਆ, ਇਕ ਸਾਧੂ ਨੂੰ ਧੱਕੇ ਦੇ ਕੇ ਪਿੰਡ 'ਚੋਂ ਅਸੀਂ ਕੱਢਿਆ। ਜਾਓ ਮਨਾ ਕੇ ਲਿਆਓ, ਜਿਥੇ ਵੀ ਹੈ। ਭਾਈ ਮੰਝ ਆ ਜਾਂਦੇ ਨੇ, ਉਨ੍ਹਾਂ ਨੇ ਵੀ ਮਾਫੀ ਮੰਗੀ। ਭਾਈ ਮੰਝ ਕਹਿੰਦੇ ਕੋਈ ਗੱਲ ਨਹੀਂ ਮਾਫੀ ਦੀ, ਕਿਹੜੀ ਹੈ? ਤੁਹਾਡੀ ਬਦੋਲਤ ਹੀ ਮੈਨੂੰ ਗੁਰੂ ਸਾਹਿਬ ਨੇ ਪ੍ਰਵਾਨ ਕਰਿਆ। ਪਿੰਡ ਵਾਲਿਆਂ ਨੇ ਕਿਹਾ ਕਿ ਅਸੀਂ ਬਹੁਤ ਬੁਰੀ ਕਰੀ ਤੇਰੇ ਨਾਲ। ਹੁਣ ਐਉਂ ਕਰ ਤੂੰ ਇਕੱਲਾ ਨਾ ਤਰ; ਸਾਨੂੰ ਵੀ ਓਸ ਗੁਰੂ ਕੋਲ ਲੈ ਚੱਲ ਜਿਥੋਂ ਤੈਨੂੰ ਲਾਗ ਲੱਗੀ ਹੈ। ਓਸ ਵੇਲੇ ਮੰਝਕੀ ਦੇ ਅੰਦਰ ਸਿੱਖੀ ਦਾ ਪ੍ਰਵਾਹ ਚਲ ਪਿਆ। ਅੱਜ ਵੀ ਜਿਹੜੇ ਟੁੱਟੇ ਹੋਏ ਨੇ ਆਪਣੇ ਬਜ਼ੁਰਗ ਨੂੰ ਯਾਦ ਕਰੋ। ਤੁਹਾਡਾ ਬਜ਼ੁਰਗ ਹੈ, ਹੈ ਸਾਰਿਆਂ ਦਾ ਸਾਡਾ ਵੀ ਸਾਂਝਾ ਹੈ, ਅਸੀਂ ਵੀ ਯਾਦ ਕਰਦੇ ਹਾਂ। ਵਾਸਤਾ ਪਾਓ ਕਿ ਅਸੀਂ ਸਿੱਖੀ ਨਾਲੋਂ ਟੁੱਟ ਗਏ, ਅਸੀਂ ਪਿੱਠ ਦੇ ਗਏ ਗੁਰੂਆਂ ਨੂੰ। ਪਾਤਸ਼ਾਹ! ਸਾਨੂੰ ਮੁੜ ਕੇ ਸਿੱਖੀ 'ਚ ਦਾਖਲ ਕਰ ਲੈ, ਸਾਡੇ ਬਜ਼ੁਰਗ ਦੀ ਬਦੌਲਤ ਕਰ ਲੈ।

ਸੋ ਇਸ ਤਰ੍ਹਾਂ ਸਾਧਸੰਗਤ ਜੀ! ਆਪਾਂ ਛੇ ਦਿਨ ਤੋਂ ਲਗਾਤਾਰ ਏਸ

ਜੀਵਨ ਨੂੰ ਵਿਚਾਰਿਆ ਹੈ। ਕਿੱਥੇ ਓਹ ਵੇਲਾ ਸੀ ਜਦੋਂ ਇਹ ਕਬਰਾਂ ਨੂੰ ਮੰਨਦੇ ਸੀ, ਕਿੱਥੇ ਓਹ ਵੇਲਾ ਆ ਗਿਆ ਅੱਜ ਵੀ ਓਨਾਂ ਹੀ ਅਸਰ ਹੁੰਦਾ ਹੈ ਉਨ੍ਹਾਂ ਨੂੰ ਯਾਦ ਕਰਕੇ, ਜਿੰਨਾ ਓਸ ਵੇਲੇ ਹੁੰਦਾ ਸੀ। ਲੱਖਾਂ ਦੀ ਤਾਦਾਦ 'ਚ ਉਨ੍ਹਾਂ ਨੂੰ ਯਾਦ ਕਰ-ਕਰ ਸਿੱਖ ਲੰਘ ਗਏ, ਭਜਵਲ ਪਾਰ ਹੋ ਗਏ।

ਸੋ ਜੋ ਅੱਜ ਆਪ ਨੇ ਸਰਵਣ ਕਰਿਆ ਹੈ, ਮੈਂ ਵੀ ਕਰਿਆ ਹੈ। ਮਹਾਰਾਜ ਸਾਡੇ ਤੇ ਕ੍ਰਿਪਾ ਕਰਨ ਸਾਨੂੰ ਆਪਣਾ ਪਿਆਰ ਬਖਸ਼ਣ, ਅਸੀਂ ਬਹੁਤ ਭੁੱਲ ਚੁੱਕੇ ਹਾਂ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਸਾਰੇ ਪ੍ਰੇਮੀ ਅਨੰਦ ਸਾਹਿਬ ਵਿਚੋਂ ਬੋਲੋ ਤੇ ਫੇਰ ਗੁਰੂ ਸਤੋਤਰ ਵੀ ਗੱਜ ਵੱਜ ਕੇ ਬੋਲੋ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

# ......ਨਾਨਕ ਘਰ ਕੇ ਗੋਲੇ

*ਤੁਮ ਦਾਤੇ ਠਾਕੁਰ ਪ੍ਰਤਿਪਾਲਕ*
*ਨਾਇਕ ਖਸਮ ਹਮਾਰੇ॥*
*ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ*
*ਹਮ ਬਾਰਿਕ ਤੁਮਰੇ ਧਾਰੇ॥*
*ਜਿਹਵਾ ਏਕ ਕਵਨ ਗੁਨ ਕਹੀਐ॥*
*ਬੇਸੁਮਾਰ ਬੇਅੰਤ ਸੁਆਮੀ*
*ਤੇਰੋ ਅੰਤੁ ਨ ਕਿਨ ਹੀ ਲਹੀਐ॥ ਰਹਾਉ॥*
*ਕੋਟਿ ਪਰਾਧ ਹਮਾਰੇ ਖੰਡਹੁ*
*ਅਨਿਕ ਬਿਧੀ ਸਮਝਾਵਹੁ॥*
*ਹਮ ਅਗਿਆਨ ਅਲਪ ਮਤਿ ਥੋਰੀ*
*ਤੁਮ ਆਪਨ ਬਿਰਦੁ ਰਖਾਵਹੁ॥*
*ਤੁਮਰੀ ਸਰਣਿ ਤੁਮਾਰੀ ਆਸਾ*
*ਤੁਮ ਹੀ ਸਜਨ ਸੁਹੇਲੇ॥*
*ਰਾਖਹੁ ਰਾਖਨਹਾਰ ਦਇਆਲਾ*
*ਨਾਨਕ ਘਰ ਕੇ ਗੋਲੇ॥* *ਅੰਗ - 674*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਏਸ ਗਰਮੀ ਦੇ ਅੰਦਰ ਵਾਹਿਗੁਰੂ ਜਾਣਦਾ ਹੈ ਕਿ ਆਪ ਕਿੱਡਾ ਤਪ ਕਰ ਰਹੇ ਓਂ। ਦੂਰ-ਦਰਾਜ ਤੋਂ ਚੱਲ ਕੇ ਇਥੇ ਪਹੁੰਚੇ ਓਂ। ਜੋ ਕੁਝ ਗੁਰਬਾਣੀ ਦੇ ਅੰਦਰ ਫੁਰਮਾਨ ਆਇਆ ਹੈ, ਜੋ ਕੁਛ ਮਹਾਂਪੁਰਸ਼ਾਂ ਤੋਂ ਸੁਣਿਆ ਹੈ, ਉਹ ਇਹ ਦਸਦੇ ਨੇ ਕਿ ਜੇ ਕੋਈ ਗੁਰੂ ਵਲ ਨੂੰ ਚੱਲ ਕੇ ਆਉਂਦਾ ਹੈ, ਜਿੰਨੇ ਕੋਈ ਕਦਮ ਪੁੱਟਦਾ ਹੈ, ਓਨੇ ਯੱਗਾਂ ਦਾ ਫਲ ਪ੍ਰਾਪਤ ਹੋ ਜਾਇਆ ਕਰਦਾ ਹੈ। ਇਕ ਯੱਗ ਸੰਪੂਰਨ ਕਰਨਾ ਹੋਵੇ ਬੜਾ ਸਮਾਂ ਲਗਦਾ ਹੈ। ਯੱਗ ਇਹਨੂੰ ਨਹੀਂ ਕਹਿੰਦੇ ਕਿ ਲੰਗਰ ਤਿਆਰ ਕਰਕੇ ਛਕਾ ਦਿਤੇ। ਇਹ ਤਾਂ ਹੁਣ ਆ ਕੇ ਗੱਲ ਬਣ ਗਈ। ਪਹਿਲਾਂ ਯੱਗ ਬਹੁਤ ਵੱਡੀ ਗੱਲ ਹੁੰਦੀ ਸੀ। ਬੇਅੰਤ ਪਾਠ ਕੀਤਾ ਜਾਂਦਾ ਸੀ, ਮਹੀਨਿਆਂ ਬੱਧੀ, ਸਾਲਾਂ ਬੱਧੀ, ਸੈਂਕੜੇ ਬੰਦੇ ਲਗਦੇ ਹੁੰਦੇ ਸੀ। ਅੱਗ ਦੇ ਵਿਚ ਅਹੂਤੀਆਂ ਪਾਉਂਦੇ ਸੀ। ਫੇਰ ਵੀ ਇਹ ਪਤਾ ਨਹੀਂ ਸੀ ਯੱਗ ਸੰਪੂਰਨ ਹੋ ਜਾਏਗਾ ਕਿ ਰਹਿ ਜਾਏਗਾ ਵਿਚਾਲੇ।

ਪਾਂਡਵਾਂ ਨੇ ਰਾਜਸੂ ਯੱਗ ਕਰਿਆ, ਸ਼ਰਤ ਇਹ ਰੱਖੀ ਕਿ ਜੇ ਸੰਖ ਆਪਣੇ ਆਪ ਵੱਜ ਗਿਆ ਤਾਂ ਸਮਝਿਆ ਜਾਵੇਗਾ ਕਿ ਇਹ ਯੱਗ ਸੰਪੂਰਨ ਹੋ ਗਿਆ। ਜੇ ਨਾ ਵੱਜਿਆ, ਫੇਰ ਕੋਈ ਵਿਘਨ ਪੈ ਗਿਆ। ਵਿਘਨ ਪੈ ਵੀ ਜਾਂਦੇ ਨੇ ਸਾਧਸੰਗਤ ਜੀ, ਪਤਾ ਲਗ ਜਾਂਦਾ ਹੈ ਕਿ ਵਿਘਨ ਪੈ ਗਿਆ ਕਿ ਨਹੀਂ ਪੈ ਗਿਆ। ਕੋਈ ਮੂਹਰੇ ਨਿਸ਼ਾਨਾ ਹੁੰਦਾ ਹੈ, ਜੇ ਤਾਂ ਉਹ ਪੂਰਾ ਹੋ ਗਿਆ ਤਾਂ ਤਾਂ ਠੀਕ ਹੈ। ਸਭ ਤੋਂ ਵੱਡਾ ਯੱਗ ਹੈ ਨਾ ਦੁਨੀਆਂ 'ਚ, ਉਹਨੂੰ ਗਿਆਨ ਦਾ ਯੱਗ ਕਹਿੰਦੇ ਨੇ। ਉਸ ਦੇ ਹੇਠਾਂ ਬਹੁਤ ਵੱਡੇ ਫਲ ਨੇ। ਪਰ ਗਿਆਨ ਦਾ ਯੱਗ ਸਭ ਤੋਂ ਵੱਡਾ ਹੁੰਦਾ ਹੈ। ਇਹਦਾ ਮੁਕਾਬਲਾ ਕੋਈ ਕਰ ਨਹੀਂ ਸਕਦਾ।

ਗਿਆਨ ਦਾ ਯੱਗ ਕਿਵੇਂ ਹੋਵੇ? ਗੁਰੂ ਗ੍ਰੰਥ ਸਾਹਿਬ ਮਹਾਰਾਜ ਗਿਆਨ ਨੇ ਆਪ, ਗਿਆਨ ਦਾ ਸਰੂਪ ਨਹੀਂ ਹੈਗੇ, ਗਿਆਨ ਨੇ। ਗਿਆਨ ਦਾ ਸਰੂਪ ਹੋਰ ਹੁੰਦਾ ਹੈ, ਗਿਆਨ ਹੋਰ ਹੁੰਦਾ ਹੈ। ਇਨ੍ਹਾਂ ਦੀ ਜੋ ਬਾਣੀ ਹੈ ਇਹ ਸੱਚ ਕਰਕੇ ਜਾਣੋ। ਇਹਦੀ ਕੀਮਤ ਤਾਂ ਪਾਈ ਨਹੀਂ ਜਾਣੀ ਕਿਸੇ ਤੋਂ ਵੀ। ਸ਼ਾਇਦ ਅੱਗੇ ਕੋਈ ਜ਼ਮਾਨਾ ਆ ਜਾਵੇ, ਵਾਹਿਗੁਰੂ ਦਿਮਾਗ ਦੇ ਵਿਚ ਕੋਈ ਐਸੀ ਸੋਝੀ ਦੇ ਦੇਵੇ। ਨਹੀਂ ਤਾਂ ਇਹ ਬਾਣੀ ਐਨੀ ਬੇਅੰਤ ਹੈ, ਸਾਰੀ ਜ਼ਿੰਦਗੀ ਮੈਨੂੰ ਖੋਜਦੇ ਨੂੰ ਲੰਘ ਗਈ। ਜਿਉਂ-ਜਿਉਂ ਮੈਂ ਗਹਿਰਾ ਉਤਰਦਾ ਹਾਂ ਤਿਉਂ-ਤਿਉਂ ਮੈਂ ਬਿਲਕੁਲ ਅਣਜਾਣ ਬਣਦਾ ਜਾਂਦਾ ਹਾਂ ਕਿ ਮੈਨੂੰ ਤਾਂ ਆਉਂਦਾ ਹੀ ਕੁਛ ਨਹੀਂ। ਕਿਉਂਕਿ ਐਨੀ ਵਿਸ਼ਾਲ ਹੁੰਦੀ ਜਾਂਦੀ ਹੈ, ਇਹਦਾ ਭਾਵ ਐਨਾ ਵੱਡਾ ਫੈਲਦਾ ਜਾਂਦਾ ਹੈ ਕਿ ਨਿੱਕਾ ਜਿਹਾ ਬੱਚਾ ਬਣ ਕੇ ਆਦਮੀ ਰਹਿ ਜਾਂਦਾ ਹੈ। ਇਹਦੀ ਮਹਿਮਾ ਨੂੰ ਕੋਈ ਨਹੀਂ ਜਾਣ ਸਕਦਾ ਕਿਉਂਕਿ ਅਕਾਲ ਪੁਰਖ ਦੀ ਬਾਣੀ ਹੈ ਇਹ। ਗੁਰੂਆਂ ਦੇ ਰਾਹੀਂ ਇਹਦਾ ਪ੍ਰਕਾਸ਼ ਹੋਇਆ ਹੈ। ਜਿੱਥੇ ਇਹ ਬਾਣੀ ਦਾ ਉਚਾਰਨ ਹੁੰਦਾ ਹੋਏਗਾ, ਜਿਵੇਂ ਤੁਸੀਂ ਸੰਗਤ ਬੈਠੇ ਓਂ ਐਸ ਤਰ੍ਹਾਂ ਸੁਣਦੇ ਹੋਵੋਂਗੇ, ਇਹ ਸਭ ਤੋਂ ਸ੍ਰੇਸ਼ਟ ਯੱਗ ਹੁੰਦਾ ਹੈ। ਆਪਾਂ ਅਖੰਡਪਾਠ ਕਹਿ ਦਿੰਦੇ ਹਾਂ। ਲੇਕਿਨ ਇਹ ਗਿਆਨ ਦਾ ਯੱਗ ਹੈ। ਜਿਥੇ ਕੋਈ ਤੱਤ ਬੇਤਾ ਮਹਾਂਪੁਰਸ਼ ਮਾਇਆ ਦੀਆਂ ਮੰਜ਼ਲਾਂ ਲੰਘ ਕੇ, ਆਤਮ ਮੰਡਲ ਵਿਚ 'ਚ ਪ੍ਰਵੇਸ਼ ਕਰਕੇ ਬਚਨ ਕਰਦਾ ਹੋਏਗਾ, ਉਹ ਗਿਆਨ ਦਾ ਯੱਗ ਹੁੰਦਾ ਹੈ। ਇਸ ਤੋਂ ਹੇਠਾਂ-ਹੇਠਾਂ ਯੱਗ ਬਹੁਤ ਨੇ। ਉਨ੍ਹਾਂ ਦਾ ਵੀ ਫਲ ਬਹੁਤ ਹੈ। ਆਪਣਾ ਸਰੀਰ ਕਿਸੇ ਲੇਖੇ ਵਿਚ ਲਾ ਦੇਣਾ। ਜਿਹਨੂੰ ਅਸੀਂ ਕਹਿੰਦੇ ਹਾਂ ਸ਼ਹੀਦ ਹੋ ਗਿਆ। ਉਹਨੇ ਆਪਣੇ ਸਰੀਰ ਦਾ ਤੇ ਪ੍ਰਾਣਾਂ ਦਾ ਯੱਗ ਕਰ ਦਿਤਾ। ਇਹ ਵੀ ਬਹੁਤ ਵੱਡਾ ਯੱਗ ਹੈ। ਇਸ ਤਰ੍ਹਾਂ ਦੇ ਨਾਲ ਹੇਠਲੇ ਯੱਗ ਤੁਰੇ ਆਉਂਦੇ ਨੇ। ਬੇਅੰਤ ਕਿਸਮ ਦੇ ਯੱਗ ਨੇ, ਕੋਈ ਹਿਸਾਬ ਕਿਤਾਬ ਜਿਹਾ ਨਹੀਂ ਹੈਗਾ ਇਹਦਾ। ਪ੍ਰਸ਼ਾਦੇ ਦਾ ਯੱਗ ਹੈ ਉਹ ਵੀ ਬਹੁਤ ਵੱਡੀ ਚੀਜ਼ ਹੈ। ਪਰ ਮਹਾਰਾਜ ਕਹਿੰਦੇ ਜਿਹੜਾ ਵੱਡੇ ਤੋਂ ਵੱਡਾ ਯੱਗ ਹੈ ਨਾ ਉਹਦਾ ਫਲ ਕਿੰਨਾ ਹੈ ਜੇ ਕੋਈ ਮਨ ਚਿੱਤ ਲਾ ਕੇ ਹਿਰਦੇ 'ਚ ਵਸਾ ਲਵੇ।

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***

***ਅੰਗ - 546***

ਇਕ ਤਾਂ ਇਹ ਗਿਆਨ ਦਾ ਯੱਗ ਹੈ ਵੈਸੇ ਹੀ ਇਹਦਾ ਫਲ ਜ਼ਿਆਦਾ ਹੈ। ਜਿਹੜੇ ਸੁਣਦੇ ਨੇ ਤੇ ਹਿਰਦੇ 'ਚ ਵਸਾਉਂਦੇ ਨੇ। ਫਰਕ ਹੈ ਥੋੜ੍ਹਾ ਜਿਹਾ। ਹਿਰਦੇ 'ਚ ਵਸਾਉਣਾ ਬਹੁਤ ਮੁਸ਼ਕਲ ਹੈ।

ਸੋ ਤੁਸੀਂ ਐਸੇ ਯੱਗ ਦੇ ਵਿਚ ਆਉਂਦੇ ਓਂ ਕਿ ਫਲ ਦਾ ਪਤਾ ਕਦੋਂ ਲੱਗੇਗਾ ਕਿ ਫਲ ਮਿਲ ਗਿਆ। ਇਕ ਗੱਲ ਕਰਿਓ ਕਦੇ ਅਭਿਮਾਨ ਨਾ ਕਰਿਓ ਕਿ ਮੈਂ ਐਨੇ ਸਾਲ ਸਤਿਸੰਗ ਕਰੇ ਨੇ। ਫੇਰ ਤਾਂ ਇਹਦਾ ਫਲ ਮਿਲ ਜਾਏਗਾ ਹੁਣੇ ਹੀ। ਨਹੀਂ ਇਹ ਦਰਗਾਹ 'ਚ ਜਮ੍ਹਾਂ ਹੋਣੇ ਸ਼ੁਰੂ ਹੋ ਜਾਂਦੇ ਨੇ ਤੇ ਜਦੋਂ ਬੰਦਾ ਇਥੋਂ ਜਾਂਦਾ ਹੈ ਫੇਰ ਪਤਾ ਲਗਦਾ ਹੈ-

***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥***

*ਇਹੁ ਵਾਪਾਰੁ ਵਿਰਲਾ ਵਾਪਾਰੈ॥*
*ਨਾਨਕ ਤਾ ਕੈ ਸਦ ਬਲਿਹਾਰੈ॥ ਅੰਗ - 283*

ਬੇਨਤੀ ਆਪਾਂ ਕੀਤੀ ਹੈ ਕਿ ਹੇ ਗੁਰੂ ਮਹਾਰਾਜ! ਸਾਨੂੰ ਗੋਲੇ ਰੱਖ ਲੈ, ਗੁਲਾਮ ਰੱਖ ਲੈ ਆਪਣੇ ਘਰ ਦਾ। ਮਹਾਰਾਜ ਕਹਿੰਦੇ ਨੇ ਤੂੰ ਕਹਿ ਤਾਂ ਦਿੱਤਾ ਬੜਾ ਸੁਖਾਲਾ ਜਿਹਾ, ਪਰ ਤੈਨੂੰ ਪਤਾ ਹੈ ਕਿ ਗੁਲਾਮ ਹੁੰਦਾ ਕੀ ਹੈ? ਗੁਲਾਮ ਵਿਕਿਆ ਹੋਇਆ ਬੰਦਾ ਹੁੰਦਾ ਹੈ। ਕੋਈ ਦੁਨੀਆਂ ਦਾ ਕਾਨੂੰਨ ਨਹੀਂ ਜਿਹੜਾ ਗੁਲਾਮ ਦੀ ਰਾਖੀ ਕਰ ਦੇਵੇ। ਗੁਲਾਮ ਦੀ ਕੋਈ ਮੰਗ ਨਹੀਂ ਹੁੰਦੀ।

ਇਬਰਾਹੀਮ ਆਦਮ ਇਕ ਬਹੁਤ ਵੱਡਾ ਰੂਹਾਨੀ ਬਾਦਸ਼ਾਹ ਹੋਇਆ ਹੈ। ਬਾਅਦ ਵਿਚ ਸੂਫੀ ਪੀਰ ਬਣਿਆ ਉਹ, ਬਲਖ ਬੁਖਾਰੇ ਦੇ ਰਹਿਣ ਵਾਲਾ ਸੀ। ਉਨ੍ਹਾਂ ਦਿਨਾਂ ਵਿਚ ਗੁਲਾਮ ਆਮ ਖਰੀਦਦੇ ਸੀ ਜਿਵੇਂ ਆਪਾਂ ਡੰਗਰ ਖਰੀਦਦੇ ਹਾਂ ਐਵੇਂ ਚੰਗੇ ਪੈਸੇ ਵਾਲੇ ਬੰਦੇ ਗੁਲਾਮ ਖਰੀਦ ਲਿਆਂਦੇ ਸੀ। ਉਨ੍ਹਾਂ ਨੂੰ ਗੋਲੇ ਵੀ ਕਹਿੰਦੇ ਸੀ, ਦਾਸ ਵੀ ਕਹਿੰਦੇ ਸੀ। ਗੁਰੂ ਨਾਨਕ ਪਾਤਸ਼ਾਹ ਆਪ ਵਿਕੇ ਤਿੰਨ ਵਾਰੀ, ਉਨ੍ਹਾਂ ਨੂੰ ਛੁਡਾਉਣ ਵਾਸਤੇ। ਜਦੋਂ ਉਸ ਨੂੰ ਦੇਖਿਆ ਉਨ੍ਹਾਂ ਨੇ ਘਰ ਵਿਚ, ਬੋਲਦੇ ਚਾਲਦੇ, ਤੁਰਦੇ ਫਿਰਦੇ ਨੂੰ। ਕਹਿਣ ਲੱਗੇ ਕਿ ਬੰਦਾ ਕੋਈ ਬਹੁਤ ਸੋਝੀ ਵਾਲਾ ਲਗਦਾ ਹੈ। ਉਹਨੂੰ ਬੁਲਾ ਲਿਆ। ਕਹਿਣ ਲੱਗੇ, "ਐ ਗੁਲਾਮ! ਤੈਨੂੰ ਮੈਂ ਦੇਖ ਕੇ ਇਹ ਅੰਦਾਜ਼ਾ ਲਾਇਆ ਹੈ ਕਿ ਤੂੰ ਕਿਸੇ ਬਹੁਤ ਅੱਛੇ ਸੁਲਝੇ ਹੋਏ ਘਰ ਦਾ ਪੁਰਸ਼ ਹੈਂ। ਗੁਲਾਮ ਹੋ ਗਿਆ, ਅਸੀਂ ਖਰੀਦ ਲਿਆ ਤੈਨੂੰ। ਪਰ ਅਸੀਂ ਤੈਨੂੰ ਕੁਛ ਅਧਿਕਾਰ ਦਿੰਦੇ ਹਾਂ। ਹੱਕ ਹਕੂਕ ਦਿੰਦੇ ਹਾਂ। ਇਕ ਤਾਂ ਇਹ ਦੱਸ ਕਿ ਤੇਰਾ ਨਾਉਂ ਕੀ ਹੈ ਅਸੀਂ ਕੀ ਕਹਿ ਕੇ ਬੁਲਾਇਆ ਕਰੀਏ? ਉਸ ਨੇ ਕਿਹਾ ਗੁਲਾਮ ਦਾ ਨਾਮ ਕੋਈ ਹੁੰਦਾ ਹੀ ਨਹੀਂ। ਨਾਉਂ ਤਾਂ ਆਜ਼ਾਦ ਬੰਦੇ ਦਾ ਹੁੰਦਾ ਹੈ। ਕਹਿਣ ਲੱਗੇ, ਦੂਸਰਾ ਇਹ ਦੱਸ ਤੂੰ ਕਿ ਤੂੰ ਕੀ ਖਾਣਾ ਪੀਣਾ ਚਾਹੁੰਦਾ ਹੈ। ਸਵੇਰ ਦਾ ਖਾਣਾ ਕਦੋਂ ਖਾਣਾ ਚਾਹੁੰਦਾ ਹੈਂ, ਦਿਨ ਦਾ ਕਦੋਂ, ਰਾਤ ਦਾ ਕਦੋਂ। ਤੀਸਰਾ ਇਹ ਦੱਸ ਕਿ ਤੂੰ ਕੱਪੜੇ ਕਿਹੋ ਜਿਹੇ ਪਹਿਨਣਾ ਚਾਹੁੰਦਾ ਹੈਂ? ਚੌਥਾ ਇਹ ਦੱਸ ਕਿ ਤੂੰ ਸੌਣਾ ਕਦੋਂ ਚਾਹੁੰਦਾ ਹੈਂ, ਜਾਗਣਾ ਕਦੋਂ ਚਾਹੁੰਦਾ ਹੈਂ? ਮੈਂ ਉਵੇਂ ਜਿਵੇਂ ਹੁਕਮ ਦੇ ਦੇਵਾਂਗਾ। ਉਹ ਕਹਿਣ ਲੱਗਿਆ ਕਿ ਹਜ਼ੂਰ! ਮੈਂ ਤਾਂ ਗੁਲਾਮ ਹਾਂ ਮੇਰਾ ਤਾਂ ਕੋਈ ਹੱਕ ਨਹੀਂ ਹੈ। ਮੇਰਾ ਜਿਹੜਾ ਨਾਉਂ ਤੁਹਾਨੂੰ ਚੰਗਾ ਲਗਦਾ ਹੈ, ਉਹ ਰੱਖ ਲਓ। ਖਾਣ ਨੂੰ ਜਿਹੋ ਜਿਹਾ ਦੇ ਦਿਓਂਗੇ ਮੈਂ ਖਾ ਲਵਾਂਗਾ। ਚਾਹੇ ਬੇਹੀਆਂ ਦੇ ਦਿਓ, ਚਾਹੇ ਜੂਠਾ ਦੇ ਦਿਓ, ਚਾਹੇ ਸੁੱਚਾ ਦੇ ਦਿਓ। ਮੇਰਾ ਕੋਈ ਘਰ ਨਹੀਂ ਰਿਹਾ, ਹੁਣ ਮੈਂ ਵਿਕ ਗਿਆ। ਕੱਪੜੇ ਜਿਹੋ ਜਿਹੇ ਤੁਹਾਡੀਆਂ ਅੱਖਾਂ ਨੂੰ ਚੰਗੇ ਲਗਦੇ ਨੇ ਉਹ ਦੇ ਦਿਓ। ਪਾਟੇ ਹੋਏ ਅੱਛੇ ਲਗਦੇ ਨੇ, ਉਹ ਠੀਕ ਹੈ। ਜਦੋਂ ਤੁਸੀਂ ਕਹਿ ਦਿਓਂਗੇ ਜਾ ਕੇ ਸੌਂ ਜਾ, ਸੌਂ ਜਾਇਆ ਕਰਾਂਗਾ। ਜਦੋਂ ਹਾਕ ਮਾਰ ਲਈ ਉਠ ਜਾਇਆ ਕਰਾਂਗਾ।

ਸੋ ਆਪਾਂ ਬੜੀ ਅਰਦਾਸ ਕਰੀ ਹੈ ਕਿ ਹੇ ਸੱਚੇ ਪਾਤਸ਼ਾਹ! ਆਪਣੇ ਘਰ ਦੇ ਗੋਲੇ ਰੱਖ ਲੈ ਸਾਨੂੰ। ਗੁਲਾਮ ਬਣਾ ਲੈ। ਪੜ੍ਹ ਤਾਂ ਆਪਾਂ ਲਿਆ,

ਤਿਆਰ ਨਹੀਂ ਹਾਂ ਅਸੀਂ ਏਸ ਗੱਲ ਤੱਕ ਜਾਣ ਨੂੰ।

ਕਿਉਂਕਿ ਗੁਲਾਮ ਦੀ ਤਾਂ ਕੋਈ ਮੰਗ ਹੀ ਨਹੀਂ ਹੁੰਦੀ। ਚਾਹੇ ਉਹਦੇ ਰੋਜ਼ ਹੰਟਰ ਲੱਗਣੇ ਸ਼ੁਰੂ ਹੋ ਜਾਣ, ਚਾਹੇ ਉਹਨੂੰ ਸ਼ਾਬਾਸ਼ ਦੇ ਦੇਣ, ਕੋਈ ਮੰਗ ਨਹੀਂ ਹੁੰਦੀ।

ਅਸੀਂ ਕਹਿ ਤਾਂ ਦਿੱਤਾ ਕਿ ਸਾਨੂੰ ਗੁਲਾਮ ਬਣਾ ਲੈ, ਪਰ ਸਾਡੇ ਅੰਦਰ ਇਕ ਐਸਾ ਅੜਿੱਕਾ ਹੈ ਨਾ, ਜਿਹੜਾ ਕਦੇ ਵੀ ਸਹਿਮਤ ਨਹੀਂ ਹੋ ਸਕਦਾ ਇਸ ਗੱਲ ਦੇ ਨਾਲ। ਉਹ ਅੜਿੱਕਾ ਹੈ ਮੈਂ ਦਾ ਕਿ ਮੇਰੇ ਤੋਂ ਇਹ ਕੰਮ ਕਰਾਉਂਦੇ ਨੇ। ਉਹ ਤਾਂ ਮਹਾਂਪੁਰਸ਼ ਜਿਨ੍ਹਾਂ ਨੇ ਤਾਰਨਾ ਹੁੰਦਾ ਹੈ ਨਾ, ਸਾਰੇ ਨਹੀਂ ਕਰਦੇ ਮਹਾਂਪੁਰਸ਼, ਮਹਾਂਪੁਰਸ਼ ਵੀ ਆਪਣੇ ਕੋਲ ਬੜਾ ਕੁਛ ਬਚਾ ਕੇ ਰਖਦੇ ਨੇ। ਆਪਣਾ ਭੇਤ ਨਹੀਂ ਦਿੰਦੇ ਹੁੰਦੇ ਕਿਸੇ ਨੂੰ।

***ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥***

***ਅੰਗ - 1384***

ਉਹ ਚੇਲੇ ਚਾਟੜੇ ਨਹੀਂ ਬਣਾਉਂਦੇ ਕਿ ਵਿਘਨ ਪੈ ਜਾਣਗੇ, ਹਜ਼ਾਰਾਂ ਹੀ ਲਗਾਓ ਲਗ ਜਾਣਗੇ, ਘਰ ਛੱਡਿਆ ਬਾਰ ਛੱਡਿਆ, ਬਾਹਰ ਆ ਕੇ ਫੇਰ ਚੇਲੇ ਬਣਾ ਲਓ। ਸਾਥੀ ਬਣਾਉਂਦੇ ਨੇ। ਸੰਗਤ ਬਣਾ ਲੈਂਦੇ ਨੇ। ਵਿਚੇ ਆਪ ਰਲੇ ਰਹਿੰਦੇ ਨੇ। ਕਈ ਮਹਾਂਪੁਰਸ਼ ਹੁੰਦੇ ਨੇ ਕਿ ਉਹ ਜਗਿਆਸੂ ਨੂੰ ਤਾਰਨ ਵਾਸਤੇ ਇਹੋ ਜਿਹੇ ਕਾਰਜ ਕਰਾਂਦੇ ਨੇ ਤਾਕਿ ਇਹਦੇ ਅੰਦਰੋਂ ਮੈਂ ਮਰ ਜਾਵੇ। ਪਰ ਇਹ ਹੈ ਬੜੀ ਔਖੀ। ਇਹੀ ਰਾਜਾ ਸੀ ਜਿਹੜਾ ਕਬੀਰ ਸਾਹਿਬ ਕੋਲ ਜਾ ਕੇ ਛੇ ਸਾਲ ਇਹਨੇ ਬੜੀ ਸੇਵਾ ਕਰੀ। ਸਾਧੂ ਬਣ ਗਿਆ। ਮਾਤਾ ਲੋਈ ਜੀ ਨੇ ਕਿਹਾ ਕਿ ਇਹਨੂੰ ਤੁਸੀਂ ਦੀਖਸ਼ਿਤ ਨਹੀਂ ਕੀਤਾ। ਦੀਖਸ਼ਿਤ ਸੰਤ ਕਿਸੇ-ਕਿਸੇ ਨੂੰ ਕਰਦੇ ਹੁੰਦੇ ਨੇ। ਸਾਰਿਆਂ ਦੀ ਤਾਂ ਵਾਰੀ ਨਹੀਂ ਆਉਂਦੀ, ਕਿਉਂਕਿ ਉਸ ਥਾਂ ਪਹੁੰਚੇ ਨਹੀਂ ਹੁੰਦੇ। ਸੰਤਾਂ ਨੂੰ ਪਤਾ ਹੁੰਦਾ ਹੈ ਕਿ ਜਿਹੜੀ ਗੱਲ ਅਸੀਂ ਕਹਿਣੀ ਹੈ ਇਹਨੇ ਸਾਂਭ ਨਹੀਂ ਸਕਣੀ। ਉਹ ਚੁੱਪ ਰਹਿੰਦੇ ਨੇ। ਕੋਈ ਗੱਲ ਹੀ ਨਹੀਂ ਕਰਦੇ ਇਸ ਮਾਮਲੇ ਦੇ ਉਤੇ।

ਮਾਤਾ ਲੋਈ ਜੀ ਕਹਿਣ ਲੱਗੇ ਕਿ ਮਹਾਰਾਜ! ਤੁਸੀਂ ਇਹਨੂੰ ਅਜੇ ਤੱਕ ਦੀਖਸ਼ਿਤ ਨਹੀਂ ਕਰਿਆ। ਇਹਨੂੰ ਦੀਕਸ਼ਾ ਨਹੀਂ ਦਿੱਤੀ। ਕਹਿੰਦੇ ਲੋਈ, ਅਜੇ ਇਹ ਕਾਬਲ ਨਹੀਂ ਹੋਇਆ, ਰਾਜਾ ਰਿਹਾ ਹੈ ਅਜੇ ਇਹਦੇ ਵਿਚੋਂ ਮੈਂ ਨਹੀਂ ਮਰੀ।

ਕਹਿੰਦੀ ਇਹ ਤਾਂ ਝਾੜੂ ਦਿੰਦਾ ਹੈ, ਸਾਧੂਆਂ ਦੇ ਬਸਤਰ ਧੋਂਦਾ ਹੈ, ਜੂਠੇ ਬਰਤਨ ਮਾਂਜਦਾ ਹੈ, ਸੇਵਾ ਕਰਦਾ ਹੈ, ਲੱਤਾਂ ਘੁੱਟਦਾ ਹੈ, ਇਸ਼ਨਾਨ ਲਈ ਪਾਣੀ ਲਿਆ-ਲਿਆ ਕੇ ਦਿੰਦਾ ਹੈ।

ਕਹਿੰਦੇ ਉਹ ਠੀਕ ਹੈ, ਪਰ ਅਜੇ ਇਹਦੇ ਵਿਚ ਮੈਂ ਬਹੁਤ ਹੈ।

ਕਹਿਣ ਲੱਗੀ, ਮਹਾਰਾਜ! ਪਤਾ ਕਿਵੇਂ ਲੱਗੇ?

ਕਹਿੰਦੇ ਜਦੋਂ ਅੱਜ ਗੰਗਾ ਤੋਂ ਇਸ਼ਨਾਨ ਕਰਕੇ ਆਏਗਾ ਨਾ, ਘਰ ਦਾ ਸਾਰਾ ਕੂੜਾ ਇਹਦੇ ਸਿਰ ਵਿਚ ਪਾ ਦੇਵੀਂ, ਕੋਠੇ ਤੇ ਖੜ੍ਹ ਕੇ।

ਉਸੇ ਤਰ੍ਹਾਂ ਕਰਿਆ ਉਹਨੇ। ਜਦੋਂ ਕੂੜਾ ਪਿਆ, ਇਕ ਦਮ ਉਤੇ ਨੂੰ ਦੇਖਿਆ, ਮੂੰਹ 'ਚੋ ਜ਼ਬਰਦਸਤੀ ਨਿਕਲ ਗਿਆ ਕਿ ਹੁੰਦਾ ਨਾ ਮੈਂ ਅੱਜ ਬਲਖਬੁਖਾਰੇ, ਮੇਰੇ ਤੇ ਕੋਈ ਕੂੜਾ ਪਾ ਕੇ ਦਿਖਾਉਂਦਾ। ਐਨੇ ਨੂੰ ਆ ਗਈ ਸੋਝੀ ਕਿ ਮੈਂ ਕਿਹੜਾ ਹੁਣ ਬਾਦਸ਼ਾਹ ਹਾਂ। ਮੈਂ ਤਾਂ ਇਥੋਂ ਭੀਖ ਮੰਗਦਾ ਹਾਂ। ਵੱਡੀ ਤੋਂ ਵੱਡੀ ਦਾਤ ਪ੍ਰਾਪਤ ਕਰਨ ਆਇਆ ਹਾਂ। ਜਿਹੜੀ ਬਾਦਸ਼ਾਹਾਂ ਦੇ ਕੋਲ ਵੀ ਨਹੀਂ ਹੁੰਦੀ। ਚੁੱਪ ਕਰ ਗਿਆ। ਗਲਤੀ ਮਹਿਸੂਸ ਕਰ ਲਈ।

ਛੇ ਸਾਲ ਫੇਰ ਲੰਘ ਗਏ। ਕਬੀਰ ਸਾਹਿਬ ਕਹਿਣ ਲੱਗੇ, ਲੋਈ! ਹੁਣ ਮਰ ਗਿਆ ਇਹ। ਹੁਣ ਇਹਦੇ ਵਿਚ ਮੈਂ ਨਹੀਂ ਰਹੀ। ਕਹਿਣ ਲੱਗੀ, ਮਹਾਰਾਜ! ਪਤਾ ਕਿਵੇਂ ਲੱਗੇ। ਕਹਿੰਦੇ ਤੂੰ ਉਵੇਂ ਜਿਵੇਂ ਕਰ ਜਿਵੇਂ ਪਿਛਲੀ ਵਾਰ ਕਰਿਆ ਸੀ। ਜਦੋਂ ਨਹਾ ਕੇ ਆਇਆ ਦੁਪਿਹਰ ਦੇ ਮੌਕੇ, ਕੂੜਾ ਪਾ ਦਿਤਾ। ਉਥੇ ਹੀ ਨੱਚਣ ਲਗ ਗਿਆ, ਕਹਿੰਦਾ ਮਾਂ! ਸੰਤਾਂ ਦੀ ਧੂੜੀ ਜਿਹਨੂੰ ਦੇਵਤੇ ਵੀ ਲੋਚਦੇ ਨੇ, ਅਠਾਹਠ ਤੀਰਥ ਮਿੰਨਤਾਂ ਕਰਦੇ ਨੇ –

***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥***
***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥***

***ਅੰਗ – 1263***

ਮੇਰੇ ਕਿੰਨੇ ਭਾਗ ਚੰਗੇ ਨੇ।

ਗੁਰੂ ਨਾਨਕ ਪਾਤਸ਼ਾਹ ਕਹਿੰਦੇ ਨੇ ਹੇ ਵਾਹਿਗੁਰੂ! ਮੈਂ ਮੰਗਣ ਲੱਗਿਆ ਹਾਂ ਤੇਰੇ ਤੋਂ ਮੰਗ। ਪਰ ਮੁਆਫ ਕਰੀ ਮੈਨੂੰ, ਮੈਂ ਤੇਰਾ ਦਰ ਨਹੀਂ ਛੱਡਣਾ ਜਦ ਤਕ ਮੈਨੂੰ ਇਹ ਦਿੰਦਾ ਨਹੀਂ। ਚਾਹੇ ਮੈਨੂੰ ਧੀਰਜ ਦੇ ਦੇਵੀਂ, ਚਾਹੇ ਧੱਕੇ ਮਾਰ ਦੇਈਂ, ਮੈਨੂੰ ਇਸ ਗੱਲ ਦੀ ਪਰਵਾਹ ਨਹੀਂ। ਪਰ ਮੈਂ ਢੀਠ ਮੰਗਤਾ ਬਣਨਾ ਹੈ, ਚਾਹੇ ਕੁੱਟੀ ਜਾਈਂ, ਚਾਹੇ ਮਾਰੀਂ, ਜੋ ਤੇਰਾ ਜੀਅ ਕਰਦਾ ਹੈ, ਕਰੀ ਜਾਈਂ। ਜਦੋਂ ਤਕ ਤੂੰ ਮੈਨੂੰ ਮੇਰੀ ਮੰਗੀ ਹੋਈ ਚੀਜ਼ ਨਹੀਂ ਨਾ ਦਿੰਦਾ, ਮੈਂ ਤੇਰਾ ਦਰ ਨਹੀਂ ਛੱਡਣਾ।

ਹੁਣ ਅਸੀਂ ਸੋਚਦੇ ਹਾਂ ਕਿ ਕੀ ਮੰਗਣਾ ਸੀ ਉਸ ਵੇਲੇ ਜਿਹਦੇ ਵਾਸਤੇ ਢੀਠ ਬਣਨਾ ਹੈ। ਕਹਿੰਦੇ ਨੇ ਕਿ –

***ਪਾਵਉ ਦਾਨੁ ਢੀਠੁ ਹੋਇ ਮਾਗਉ***
***ਮੁਖਿ ਲਾਗੈ ਸੰਤ ਰੇਨਾਰੇ॥***
***ਜਨ ਨਾਨਕ ਕਉ ਗੁਰਿ ਕਿਰਪਾ ਧਾਰੀ***
***ਪ੍ਰਭਿ ਹਾਥ ਦੇਇ ਨਿਸਤਾਰੇ॥*** ***ਅੰਗ – 738***

ਮੇਰੇ ਚਿਹਰੇ ਦੇ ਉਤੇ ਸੰਤਾਂ ਦੀ ਧੂੜ ਲਗ ਜਾਵੇ। ਆਹ ਮੈਨੂੰ ਦੇ ਦੇ ਮੈਂ ਤੇਰਾ ਦਰ ਨਹੀਂ ਛੱਡਣਾ। ਇਹਦੀ ਕੋਈ ਮਹੱਤਤਾ ਹੋਣੀ ਹੈ, ਤਾਂ ਗੁਰੂ ਸਾਹਿਬ ਸਾਨੂੰ ਸਿਖਾਉਂਦੇ ਨੇ ਪਿਆਰਿਓ! ਮੰਗੋ ਤੁਸੀਂ ਸੰਤ ਰੇਨ।

ਪੰਪਾਸਰ 'ਚ ਕੀੜੇ ਪੈ ਗਏ। ਗਰੀਬ ਸ਼ਿਵਰੀ ਸੀ, ਭੀਲਣੀ। ਰਿਸ਼ੀਆਂ ਨੇ ਉਤਮ ਜਾਤੀ ਦੇ ਹੋਣ ਕਰਕੇ ਉਹਨੂੰ ਮਾਰਿਆ ਵੀ ਕਿ ਤੂੰ ਸਾਡੇ ਨੇੜੇ ਰਹਿੰਦੀ ਹੈਂ। ਸੇਵਾ ਕਰਦੀ ਸੀ, ਲੱਕੜਾਂ ਲਿਆ ਕੇ ਲੰਗਰ ਵਿਚ ਪਾਉਂਦੀ ਸੀ। ਕਹਿੰਦੇ ਸਾਡੇ ਤਪ ਨਸ਼ਟ ਕਰਦੀ ਹੈਂ। ਮਾਰੀ ਵਿਚਾਰੀ।

ਉਥੋਂ ਫੇਰ ਤੜਕੇ ਉਠ ਕੇ ਕੰਢੇ ਵਗੈਰਾ ਚੁਗ ਦਿਆ ਕਰੇ, ਦਿਨ 'ਚ ਨਿਗ੍ਹਾ ਕਰ ਜਾਇਆ ਕਰੇ ਕਿ ਕਿਥੇ ਕੰਡੇ ਨੇ, ਕਿਥੇ ਝਾੜੀਆਂ ਉਡ ਕੇ ਆ ਗਈਆਂ ?ਇਨ੍ਹਾਂ ਨੇ ਜਾਣਾ ਹੈ ਉਠ ਕੇ ਇਸ਼ਨਾਨ ਕਰਨ, ਹਨ੍ਹੇਰਾ ਹੋਣਾ ਹੈ। ਘਾਹ ਵਗੈਰਾ ਖੋਤ ਦੇਣਾ, ਵਧੀਆ ਜਿਵੇਂ ਸੜਕ ਹੁੰਦੀ ਹੈ ਐਉਂ ਬਣਾ ਕੇ ਰੱਖ ਦੇਣਾ। ਉਨ੍ਹਾਂ ਰਿਸ਼ੀਆਂ ਨੇ ਸੋਚਿਆ ਕਿ ਸੜਕ ਕੌਣ ਸੰਵਾਰਦਾ ਹੈ ? ਪਹਿਰਾ ਲਾ ਕੇ ਫੇਰ ਫੜ ਲਈ। ਬਹੁਤ ਮਾਰੀ।

ਕਹਿੰਦੇ ਹੁਣ ਤੂੰ ਇਥੋਂ ਚਲੀ ਜਾਹ, ਤੂੰ ਸਾਡੇ ਪੁੰਨ ਨਸ਼ਟ ਕਰਦੀ ਹੈਂ, ਖੋਂਹਦੀ ਹੈਂ ਸਾਡੇ ਪੁੰਨ। ਸਾਨੂੰ ਤੇਰੀ ਸੇਵਾ ਦੀ ਲੋੜ ਨਹੀਂ ਹੈ। 10-12 ਮੀਲ ਤੇ ਜਾ ਕੇ ਝੌਂਪੜੀ ਪਾ ਲਈ। ਉਨ੍ਹਾਂ ਦਾ ਜਿਹੜਾ ਤੀਰਥ ਸੀ ਉਹ ਖਰਾਬ ਹੋ ਗਿਆ, ਕੀੜੇ ਪੈ ਗਏ ਉਹਦੇ ਵਿਚ। ਉਸ ਵੇਲੇ ਸ੍ਰੀ ਰਾਮ ਚੰਦਰ ਜੀ ਪੰਚਵਟੀ 'ਚ ਗਏ ਹੋਏ ਬਨਵਾਸ ਕੱਟ ਰਹੇ ਸੀ। ਉਥੇ ਗਏ, ਬੇਨਤੀਆਂ ਕਰੀਆਂ, ਲੈ ਆਏ। ਜਦੋਂ ਰਸਤੇ-ਰਸਤੇ ਤੁਰੇ ਆਉਂਦੇ ਨੇ, ਉਸ ਵੇਲੇ ਸ੍ਰੀ ਰਾਮ ਚੰਦਰ ਜੀ ਇਕ ਪਗਡੰਡੀ ਵਲ ਨੂੰ ਹੋ ਲਏ। ਉਨ੍ਹਾਂ ਕਿਹਾ ਮਹਾਰਾਜ ਇਹ ਤਾਂ ਪਗਡੰਡੀ ਕਿਤੇ ਵੀ ਨਹੀਂ ਜਾਣੀ। ਇਕ ਇਥੇ ਝੌਂਪੜੀ ਹੈ, ਭੀਲਣੀ ਰਹਿੰਦੀ ਹੈ, ਉਥੋਂ ਅੱਗੇ ਨਹੀਂ ਜਾਂਦੀ ਅੱਗੇ ਜੰਗਲ ਹੈ। ਸਾਡੇ ਨਾਲ ਚੱਲੋ, ਕਹਿੰਦੇ ਚਲੋ ਤੁਸੀਂ। ਤੁਸੀਂ ਆਪਣਾ ਕੰਮ ਕਰੋ, ਅਸੀਂ ਆਪਣਾ ਕਰਦੇ ਹਾਂ। ਸਿੱਧਾ ਹੀ ਭੀਲਣੀ ਦੇ ਕੋਲ ਚਲੇ ਗਏ। ਕੀ ਦੇਖਦੇ ਨੇ, ਅੱਖਾਂ 'ਚ ਹੰਝੂ ਨੇ, ਰੋ ਰਹੀ ਹੈ, ਬੁੱਲ੍ਹ ਹਿੱਲ ਰਹੀ ਹੈ। ਛੋਟੀ-ਛੋਟੀ ਆਵਾਜ਼ ਆ ਰਹੀ ਹੈ, ਹੇ ਪ੍ਰਭੂ! ਮੈਂ ਗਰੀਬਣੀ। ਮੇਰਾ ਸੰਸਾਰ ਤੇ ਕੋਈ ਨਹੀਂ। ਤੂੰ ਸਾਰਿਆਂ ਦਾ ਹੈਂ, ਤੈਨੂੰ ਨਾ ਛੋਟੀ ਜਾਤ ਦਾ ਫਰਕ ਹੈ ਨਾ ਵੱਡੀ ਨਾਲ ਹੈ। ਕ੍ਰਿਪਾ ਕਰ, ਮੈਨੂੰ ਦਰਸ਼ਨ ਦੇ ਜਾ। ਜ਼ਿੰਦਗੀ 'ਚ ਇਕ ਵਾਰੀ ਮੌਕਾ ਮਿਲਿਆ ਹੈ, ਬਾਰ-ਬਾਰ ਤੁਸੀਂ ਇਧਰ ਆਉਣਾ ਨਹੀਂ। ਜੇ ਮੈਂ ਅੱਜ ਦਰਸ਼ਨਾਂ ਤੋਂ ਵਾਂਝੀ ਰਹਿ ਗਈ। ਮੇਰੀ ਸਾਰੀ ਜ਼ਿੰਦਗੀ ਵਿਅਰਥ ਜਾਏਗੀ। ਰੋ ਰਹੀ ਹੈ। ਉਸ ਵੇਲੇ ਰਾਮ ਚੰਦਰ ਜੀ ਸਾਮ੍ਹਣੇ ਖੜ੍ਹੇ ਹੋ ਕੇ ਆਵਾਜ਼ ਦਿੰਦੇ ਨੇ। ਸ਼ਿਵਰੀ! ਨੇਤਰ ਖੋਲ੍ਹ ਬੇਟਾ। ਨਹੀਂ ਖੋਲ੍ਹੇ। ਉਹਦਾ ਸਰੂਪ ਖਿੱਚ ਲਿਆ ਬਾਹਰ ਨੂੰ। ਐਉਂ ਤੜਫ ਕੇ ਗਿਰੀ ਜਿਵੇਂ ਮੱਛੀ ਗਿਰਦੀ ਹੈ ਬਾਹਰ ਪਾਣੀ 'ਚੋਂ, ਇਕ ਦਮ।

ਚੀਕ ਮਾਰੀ, ਹੇ ਪ੍ਰਭੂ! ਤੂੰ ਕਿਥੇ ਚਲਿਆ ਗਿਆ। ਤੂੰ ਵੀ ਚਲਿਆ ਗਿਆ ? ਕਹਿੰਦੇ ਨੇਤਰ ਖੋਲ੍ਹ ਸ਼ਿਵਰੀ।

ਸਾਮ੍ਹਣੇ ਖੜ੍ਹੇ ਨੇ ਸ੍ਰੀ ਰਾਮ ਚੰਦਰ ਜੀ। ਹੁਣ –

> ***ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ,***
> ***ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ॥***
> ***ਸੁਰਤਿ ਮੈ ਨ ਸੁਰਤਿਔ, ਧਯਾਨ ਮੈ ਨ ਧਯਾਨ ਰਹਯੋ,***
> ***ਗਯਾਨ ਮੈ ਨ ਗਯਾਨ ਰਹਯੋ ਗਤਿ ਮੈ ਨ ਗਤਿ ਹੈ।***
>
> ***ਕਬਿੱਤ (ਭਾਈ ਗੁਰਦਾਸ ਜੀ)***

ਸਭ ਕੁਛ ਭੁੱਲ ਜਾਂਦਾ ਹੈ ਆਦਮੀ ਨੂੰ। ਕੁਛ ਨਹੀਂ ਪਤਾ ਲਗਦਾ ਕਿ ਮੈਂ ਕੀ ਕਰਾਂ। ਸਫ ਦੇ ਉਤੇ ਬਿਠਾਲ ਲਿਆ ਤਿੰਨਾਂ ਜਣਿਆ ਨੂੰ। ਥੋੜ੍ਹੇ ਦਿਨ ਪਹਿਲਾਂ ਸੁਣਿਆ ਸੀ ਕਿ ਉਹ ਆ ਰਹੇ ਨੇ ਇਧਰ। ਲੋਚਾ ਸੀ ਅੰਦਰ ਕਿ ਮੈਨੂੰ ਦਰਸ਼ਨ ਦੇ ਕੇ ਜਾਣ। ਉਹਨੇ ਬੇਰ ਤੋੜੇ ਹੋਏ ਸੀ। ਜਿਸ ਵਕਤ ਉਹ ਬੇਰਾਂ ਦਾ ਉਂਜਲ ਭਰ ਕੇ ਲਿਆਈ। ਦੇ ਦਿਤਾ, ਉਥੇ ਪਲੇਟਾਂ ਤਾਂ ਹੈ ਨਹੀਂ ਸੀ।

ਸ੍ਰੀ ਰਾਮ ਚੰਦਰ ਜੀ ਨੇ ਉਂਜਲ ਲੈ ਲਿਆ ਅਤੇ ਆਪਣੇ ਵਸਤਰ 'ਚ ਪਾ ਲਿਆ। ਲੱਛਮਣ ਜੀ ਨੂੰ ਦੇ ਦਿਤਾ। ਸ੍ਰੀ ਰਾਮ ਚੰਦਰ ਜੀ ਨੇ ਬੇਰ ਮੂੰਹ ਵਿਚ ਪਾਇਆ, ਇਕ ਦੋ ਚਾਰ। ਲੱਛਮਣ ਦੇਖਣ ਲਗ ਗਿਆ, ਬੇਰਾਂ ਵਲ। ਉਹਨੇ ਕੀ ਦੇਖਿਆ ਹਰ ਬੇਰ ਦੇ ਉਤੇ ਇਕ ਦੰਦ ਲੱਗਿਆ ਹੋਇਆ ਹੈ। ਸੂਆ ਲੱਗਿਆ ਹੋਇਆ ਹੈ। ਲੱਛਮਣ ਨੇ ਕਿਹਾ ਤੂੰ ਜੂਠੇ ਬੇਰ ਲਿਆਈਂ ਹੈਂ। ਇਹਨੂੰ ਪਤਾ ਹੀ ਨਹੀਂ ਹੈ ਕਿ ਅਸੀਂ ਕਿੱਡੀ ਉਚੀ ਜਾਤ ਦੇ ਬੰਦੇ ਹਾਂ। ਕਹਿਣ ਲੱਗਿਆ ਮਹਾਰਾਜ! ਬੇਰ ਸੋਚ ਕੇ ਖਾਓ ਇਹ ਤਾਂ ਜੂਠੇ ਨੇ। ਕਹਿਣ ਲੱਗੇ, ਲੱਛਮਣ ਤੈਨੂੰ ਪਿਆਰ ਦਾ ਨਹੀਂ ਪਤਾ। ਪਿਆਰ ਕੀ ਹੁੰਦਾ ਹੈ। ਪਿਆਰ ਦੇ ਵਿਚ ਕੋਈ ਵੀ ਨੇਮ ਨਹੀਂ ਹੋਇਆ ਕਰਦਾ, ਕਿਸੇ ਕਿਸਮ ਦਾ ਵੀ। ਸਭ ਨੇਮ ਟੁੱਟ ਜਾਂਦੇ ਨੇ। ਤੂੰ ਇਹ ਰਮਜ਼ ਨਹੀਂ ਜਾਣਦਾ।

ਕਹਿਣ ਲੱਗੇ, 'ਸ਼ਿਵਰੀ! ਤੂੰ ਕਿਥੋਂ ਲਿਆਂਦੇ ਇਹ ਬੇਰ? ਇਹਦੇ 'ਚੋਂ ਅੰਮ੍ਰਿਤ ਦੀਆਂ ਘੁੱਟਾਂ ਭਰੀਆਂ ਜਾਂਦੀਆਂ ਨੇ, ਅੱਜ ਤਕ ਬੜੇ ਫਲ ਖਾਧੇ, ਬੇਰ ਵੀ ਖਾਧੇ ਪਰ ਇਹੋ ਜਿਹੇ ਬੇਰ ਕਿਤੇ ਨਹੀਂ ਖਾਧੇ, ਕੀ ਪਾ ਦਿਤਾ ਤੂੰ ਇਨ੍ਹਾਂ ਵਿਚ। ਲੱਛਮਣ ਨੇ ਬੇਰ ਸੁੱਟ ਦਿਤੇ।

ਐਸਾ ਦਸਦੇ ਨੇ ਕਿ ਕਿਸੇ ਪਹਾੜੇ ਤੇ ਜਾ ਕੇ ਜਿਹੜੀ ਸੰਜੀਵਨੀ ਬੂਟੀ ਇਹਨੂੰ ਬੇਹੋਸ਼ ਹੋਏ ਨੂੰ ਲਾਈ, ਉਹ ਉਹੀ ਸੀ।

ਉਥੋਂ ਚਲੇ ਗਏ। ਜਾ ਕੇ ਰਾਮਚੰਦਰ ਜੀ ਨੇ ਕਿਹਾ ਸਾਧੂਆਂ ਨੂੰ ਕਿ ਮੁਸ਼ਕਲ ਹੈ। ਰਿਸ਼ੀਆਂ ਨੇ ਕਿਹਾ ਕਿ ਮਹਾਰਾਜ! ਆਹ ਸਰੋਵਰ ਦੇਖੋ। ਇਹੀ ਪਾਣੀ ਸਾਨੂੰ ਪੀਣ ਵਾਸਤੇ ਸੀ, ਇਹੀ ਇਸ਼ਨਾਨ ਕਰਨ ਵਾਸਤੇ। ਕਿੰਨਾ ਗੰਦਾ ਹੋ ਗਿਆ।

ਕਹਿੰਦੇ ਸੰਤੋਂ! ਫੇਰ ਇਹ ਤਾਂ ਸੁਖਾਲਾ ਹੀ ਸੀ। ਤੁਸੀਂ ਕਿੰਨੇ ਤਪੀ ਹੋਂ, ਕਿੰਨੇ ਜਪੀ ਹੋਂ, ਕਿੰਨੀਆਂ ਉਚੀਆਂ ਜਾਤਾਂ ਦੇ ਹੋਂ। ਕੋਈ ਤੁਹਾਡੇ 'ਚ ਬ੍ਰਾਹਮਣ ਹੈ, ਕੋਈ ਕਸ਼ਤਰੀ ਹੈ। ਤੁਸੀਂ ਤਾਂ ਵੈਸੇ ਹੀ ਪਵਿੱਤਰ ਹੋਂ। ਤੁਸੀਂ ਆਪਣੇ ਚਰਨ

ਪਾਉਣੇ ਸੀ ਇਹਦੇ ਵਿਚ। ਵਾਰੀ-ਵਾਰੀ ਚਰਨ ਪਾਓ। ਸਾਰੇ ਰਿਸ਼ੀਆਂ ਨੇ ਚਰਨ ਪਾ ਦਿਤੇ। ਪਾਣੀ ਬਿਲਕੁਲ ਠੀਕ ਨਾ ਹੋਇਆ। ਕਹਿਣ ਲੱਗੇ, ਮਹਾਰਾਜ! ਅਸੀਂ ਤਾਂ ਤੁਹਾਨੂੰ ਲਿਆਂਦਾ ਹੈ, ਤੁਸੀਂ ਚਰਨ ਪਾਓ। ਉਨ੍ਹਾਂ ਨੇ ਵੀ ਚਰਨ ਪਾ ਦਿਤੇ, ਲੱਛਮਣ ਜੀ ਨੇ ਵੀ ਪਾ ਦਿਤੇ। ਪਾਣੀ ਉਹੋ ਜਿਹੇ ਦਾ ਉਹੋ ਜਿਹਾ। ਕਹਿੰਦੇ ਕਿ ਹੁਣ? ਕਹਿਣ ਲੱਗੇ, ਮਹਾਰਾਜ! ਇਹ ਤਾਂ ਤੁਹਾਡੇ ਤੋਂ ਵੀ ਨਹੀਂ ਸਾਫ ਹੋਏ।

ਸ੍ਰੀ ਰਾਮ ਚੰਦਰ ਜੀ ਨੇ ਕਿਹਾ ਕਿ ਪਿਆਰਿਓ! ਸਾਡੇ ਤੋਂ ਵੱਡਾ ਸਾਡਾ ਪਿਆਰਾ ਹੁੰਦਾ ਹੈ। ਜਿਹੜਾ ਸਾਨੂੰ ਪਿਆਰ ਕਰਦਾ ਹੈ। ਕੋਈ ਹੈ ਇਥੇ ਰਾਮ ਭਗਤ। ਹੁਣ ਸ਼ਿਵਰੀ ਨੂੰ ਤਾਂ ਦੇਖਣਾ ਪਸੰਦ ਨਹੀਂ ਸੀ ਕਰਦੇ ਕਿ ਉਹ ਛੋਟੀ ਜਾਤੀ ਹੈ।

ਸ੍ਰੀ ਰਾਮਚੰਦਰ ਜੀ ਕਹਿਣ ਲੱਗੇ, ਜਾਓ ਪਿਆਰ ਦੀ ਮੂਰਤ ਹੈ, ਪ੍ਰਮੇਸ਼ਰ ਦੇ ਨਾਲ ਇਕਮਿਕ ਹੋਈ ਹੋਈ ਹੈ। ਬੜੀਆਂ ਮਿੰਨਤਾਂ ਕਰਕੇ ਲੈ ਕੇ ਆਏ। ਰਾਮਚੰਦਰ ਜੀ ਨੇ ਕਿਹਾ ਸ਼ਿਵਰੀ, ਆਹ ਪਾਤਰ ਪਿਆ ਹੈ ਇਹਦੇ ਵਿਚ ਤੂੰ ਆਪਣੇ ਚਰਨ ਧੋ ਦੇ। ਰਿਸ਼ੀਆਂ ਨੂੰ ਕਿਹਾ ਕਿ ਇਹ ਹੁਣ ਚੁੱਕ ਕੇ ਇਹਦੇ ਵਿਚ ਪਾ ਦਿਓ। ਬੜੀ ਸ਼ਰਮਿੰਦਗੀ ਆਈ।

ਜਦੋਂ ਪਾਣੀ ਪਾਇਆ ਸਰੋਵਰ ਵਿਚ ਤਾਂ ਉਹ ਉਸੇ ਵੇਲੇ ਸਾਰਾ ਸਾਫ ਹੋ ਗਿਆ। ਹੋਇਆ ਕਿਉਂ? ਕਿਉਂਕਿ ਸਾਧੂ ਦੀ ਧੂੜ ਪੈ ਗਈ ਉਹਦੇ ਵਿਚ। ਜਿਹੜੀ ਹਰ ਵਕਤ ਪ੍ਰਮੇਸ਼ਰ ਨਾਲ ਜੁੜੀ ਰਹਿੰਦੀ ਸੀ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਮੈਂ ਇਕ ਦਾਨ ਮੰਗਦਾ ਹਾਂ। ਉਹ ਮੈਂ ਢੀਠ ਹੋ ਕੇ ਮੰਗਦਾ ਹਾਂ। ਹੁਣ ਮੈਨੂੰ ਜਵਾਬ ਨਾ ਦਿਓ। ਮੇਰੇ ਮੁਖ ਨਾਲ ਸੰਤ ਦੀ ਰੇਨ ਲਗ ਜਾਏ। ਮੇਰਾ ਉਧਾਰ ਹੋ ਜਾਵੇ।

ਸਾਡੇ ਵਿਚ ਜਿਹੜਾ ਮੈਂ ਭਾਵ ਹੈ ਨਾ ਇਹ ਸਾਨੂੰ ਤਰੱਕੀ ਨਹੀਂ ਕਰਨ ਦੇ ਰਿਹਾ। ਮੈਂ ਪਹਿਲਾਂ ਬੇਨਤੀ ਕਰੀ ਸੀ ਕਿ ਆਪਾਂ ਸ਼ਬਦ ਤਾਂ ਪੜ੍ਹ ਲਿਆ -

***ਤੁਮਰੀ ਸਰਣਿ ਤੁਮਾਰੀ ਆਸਾ***
***ਤੁਮ ਹੀ ਸਜਨ ਸੁਹੇਲੇ॥***
***ਰਾਖਹੁ ਰਾਖਨਹਾਰ ਦਇਆਲਾ***
***ਨਾਨਕ ਘਰ ਕੇ ਗੋਲੇ॥*** ***ਅੰਗ - 674***

ਮੇਰੇ ਖਿਆਲ ਨਾਲ ਕੋਈ 5% ਸਹਿਮਤ ਹੋ ਗਿਆ ਹੋਵੇ, 95% ਅਸੀਂ ਰੀਜ਼ਰਵ ਰੱਖਿਆ ਹੋਇਆ ਹੈ। ਸੱਚੇ ਪਾਤਸ਼ਾਹ! ਤੇਰੇ ਗੋਲੇ ਬਣ ਕੇ ਤਾਂ ਅਸੀਂ ਗਏ ਆਏ। ਸਾਡਾ ਤਾਂ ਕੋਈ ਅਧਿਕਾਰ ਹੀ ਨਹੀਂ ਰਹਿਣਾ, ਮੰਗਣਾ ਹੀ ਕੁਛ ਨਹੀਂ, ਕੀ ਪਤਾ ਕਿਧਰ ਨੂੰ ਤੂੰ ਭੇਜ ਦੇਵੇ, ਕੀ ਕਰ ਦੇਵੇਂ। ਸੋ ਇਸ ਤਰ੍ਹਾਂ ਦੇ ਨਾਲ ਅਸੀਂ ਚਾਹੁੰਦੇ ਹਾਂ ਕਿ ਅਸੀਂ ਸਿੱਖ ਬਣ ਜਾਈਏ ਗੁਰੂ ਦੇ। ਉਹ ਕਹਿੰਦੇ ਜੇ ਤੂੰ ਮੇਰਾ ਬਣ ਜਾਵੇਂਗਾ, ਇਹਦੇ ਇਵਜ਼ਾਨੇ ਵਿਚ ਕੀ ਹੋਏਗਾ। ਸਹਿਜ ਸੁਭਾਅ ਸਾਰਾ ਸੰਸਾਰ ਤੇਰਾ ਹੋ ਜਾਏਗਾ।

*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ*
*ਸਭੁ ਜਗੁ ਤੇਰਾ ਹੋਇ॥* *ਅੰਗ - 1382*

ਪਰ ਜਿਹੜੀ ਮੈਂ ਹੈ ਇਹਨੂੰ ਅਸੀਂ ਛੱਡਣਾ ਨਹੀਂ ਚਾਹੁੰਦੇ। ਗੁਰੂ ਮਹਾਰਾਜ ਇਕ ਥਾਂ ਫੁਰਮਾਨ ਕਰਦੇ ਨੇ ਕਿ ਪਿਆਰਿਆ! ਜੇ ਤੂੰ ਸਿੱਖੀ ਕਮਾਉਣੀ ਹੈ ਨਾ ਤਾਂ ਉਹਦੇ ਵਾਸਤੇ ਤੂੰ ਪਹਿਲਾਂ ਜਾਣਕਾਰੀ ਪ੍ਰਾਪਤ ਕਰ ਲੈਂ। ਜੇ ਤਾਂ ਐਵੇਂ ਹੀ ਸਿੱਖ ਰਹਿਣਾ ਹੈ, ਠੀਕ ਹੈ ਬਹੁਤ ਵਧੀਆ ਹੈ, ਮਾੜਾ ਨਹੀਂ ਹੈ ਇਹ ਵੀ। ਪਰ ਜੇ ਤੂੰ ਸਿਰੇ ਜਾਣਾ ਚਾਹੁੰਦਾ ਹੈਂ ਨਾ, ਇਹਦੇ ਅਸੂਲ ਹੁੰਦੇ ਨੇ।

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।*
*ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ।*
*ਭਾਈ ਗੁਰਦਾਸ ਜੀ, ਵਾਰ 3, ਪਉੜੀ 18*

ਮੁੱਲ ਖਰੀਦ ਹੈ। ਜਿਹੜੇ ਕੰਮ ਨੂੰ ਕਹਿ ਦਿਤਾ, ਉਹਦੇ ਵਿਚ ਲਗ ਗਿਆ। ਸਾਰਿਆਂ ਦੇ ਚਰਨਾਂ ਦੀ ਧੂੜ ਬਣ ਜਾ। ਫੇਰ ਆ ਪਿਆਰਿਆ! ਪਹਿਲਾਂ ਮੈਂ ਮਾਰ ਲੈ। ਪਰ ਜੋ ਅਸੀਂ ਤੈਨੂੰ ਸੁਖਾਲਾ-ਸੁਖਾਲਾ ਤਰੀਕਾ ਦਸਦੇ ਹਾਂ ਕਿ ਜੇ ਤੂੰ ਗੁਰੂ ਦੇ ਸਨਮੁਖ ਸਿੱਖ ਵੀ ਬਣ ਜਾਵੇ ਨਾ। ਤਾਂ ਵੀ ਤੇਰਾ ਗੁਰੂ ਨਾਲ ਸਬੰਧ ਜੁੜ ਜਾਏਗਾ।

ਛੋਟਾ ਜਿਹਾ ਉਪਦੇਸ਼ ਹੈ ਇਹ।

*ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ॥*
*ਹੋਵੈ ਤ ਸਨਮੁਖੁ ਸਿਖੁ ਕੋਈ*
*ਜੀਅਹੁ ਰਹੈ ਗੁਰ ਨਾਲੈ॥*
*ਗੁਰ ਕੇ ਚਰਨ ਹਿਰਦੈ ਧਿਆਏ*
*ਅੰਤਰ ਆਤਮੈ ਸਮਾਲੇ॥*
*ਆਪੁ ਛਡਿ ਸਦਾ ਰਹੈ ਪਰਣੈ*
*ਗੁਰ ਬਿਨੁ ਅਵਰੁ ਨ ਜਾਣੈ ਕੋਏ॥*
*ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ॥*
*ਅੰਗ - 920*

ਸਨਮੁਖ ਜਿਹੜਾ ਹੈ ਗੁਰੂ ਦੀ ਨਿਗ੍ਹਾ 'ਚ ਆਉਣ ਵਾਲਾ ਸਿੱਖ। ਉਹਦੇ ਵਿਚ ਆਪਣਾ ਆਪਾ ਨਹੀਂ ਹੁੰਦਾ। ਜਦੋਂ ਆਪਣਾ ਆਪਾ ਨਹੀਂ ਹੋਏਗਾ ਉਹਦੇ ਵਿਚ ਗੁਰੂ ਦਾ ਵਾਸਾ ਹੋ ਜਾਏਗਾ। ਜਦੋਂ ਗੁਰੂ ਵਸ ਗਿਆ ਫੇਰ ਸਿੱਖ ਦੀ ਪਦਵੀ ਕਿੱਡੀ ਕੁ ਉਚੀ ਹੋ ਗਈ। ਫੇਰ ਤਾਂ ਸਿੱਧਾ ਹੀ ਹੈ, ਸਵਾਲ ਹੀ ਹੈ

ਇਕ। ਗੁਰੂ ਵਸਾ ਲਿਆ ਅੰਦਰ, ਆਪ ਨਿਕਲ ਗਿਆ। ਫੇਰ ਤਾਂ ਗੁਰੂ ਹੀ ਹੋ ਗਿਆ ਉਹਦੇ ਸਰੀਰ ਦੇ ਅੰਦਰ। ਦੁਨੀਆਂ ਦੇ ਵਿਚ ਉਹਦੇ ਕੋਈ ਕੁਛ ਵਿਗਾੜ ਨਹੀਂ ਸਕਦਾ। ਉਹਦੀ ਕਦੇ ਵੀ ਹਾਰ ਨਹੀਂ ਹੁੰਦੀ।

*ਰੋਗਨ ਤੇ ਅਰ ਸੋਗਨ ਤੇ*
*ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸਤ੍ਰੂ ਅਨੇਕ ਚਲਾਵਤ ਘਾਵ,*
*ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰ ਦੈ ਕਰ,*
*ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੌਂ,*
*ਸੁ ਪੇਟ ਹੀ ਕੇ ਪਟ ਬੀਚ ਬਚਾਵੈ॥*
*ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ॥*
*ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ॥*

*ਅੰਗ - 519*

ਜਿਹਦਾ ਪੂਰਾ ਗੁਰੂ ਹੈ, ਸਰਬ ਕਲਾ ਸਮਰੱਥ ਗੁਰੂ ਹੈ, ਜੇ ਉਹ ਹਿਰਦੇ 'ਚ ਵਸਾ ਲਿਆ। ਉਹ ਇਸ ਤਰ੍ਹਾਂ ਨਹੀਂ ਹੁੰਦਾ ਕਿ ਆਪਾਂ ਮੂਰਤ ਵਸਾ ਲਈ ਕਿਸੇ ਦੀ। ਜਦੋਂ ਗੁਰੂ ਹਿਰਦੇ 'ਚ ਵਸਦਾ ਹੈ, ਸੱਚੀਓਂ ਹੀ ਗੁਰੂ ਹੁੰਦਾ ਹੈ। ਗੁਰੂ ਤੇ ਪ੍ਰਮੇਸ਼ਰ ਦਾ ਕੋਈ ਫਰਕ ਨਹੀਂ ਹੋਇਆ ਕਰਦਾ। ਉਹਨੂੰ ਕਹਿਣਾ ਕੀ ਹੈ? ਲੰਮੇ ਅਰਦਾਸੇ ਨਹੀਂ ਗੁਰੂ ਮੰਗਦਾ। ਇਕ ਸਕਿੰਟ ਦੀ ਬਾਤ ਦੀ ਮੰਨਦਾ ਹੈ, ਇਕ ਸਕਿੰਟ ਵੀ ਅਜੇ ਜ਼ਿਆਦਾ ਹੈ ਇਸ ਤੋਂ ਵੀ ਘੱਟ ਹੈ। ਕਿਉਂਕਿ ਉਹਦੇ ਨਾਲ ਬਣਨੀ ਚਾਹੀਦੀ ਹੈ। ਉਹਦੀ ਫੇਰ ਕਦੇ ਵੀ ਹਾਰ ਨਹੀਂ ਹੋਇਆ ਕਰਦੀ।

ਇਕ ਗੁਰਸਿੱਖ ਦੁਆਬੇ ਵਿਚ ਗੜ੍ਹਸ਼ੰਕਰ ਦੇ ਰਹਿਣ ਵਾਲਾ ਭਾਈ ਤਿਲਕੂ ਸੀ। ਗੁਰੂ ਪੰਜਵੇਂ ਪਾਤਸ਼ਾਹ ਵੇਲੇ ਮਾਝਾ ਵੀ, ਦੁਆਬਾ ਵੀ ਤੇ ਮਾਲਵਾ ਵੀ। ਇਹ ਸਾਰੇ ਮੁਸਲਮਾਨ ਪੀਰਾਂ ਨੂੰ ਮੰਨਦੇ ਸੀ। ਇਨ੍ਹਾਂ ਵਿਚੋਂ ਲਾਲਾਂ ਵਾਲਾ ਸਭ ਤੋਂ ਜ਼ਿਆਦਾ ਮਸ਼ਹੂਰ ਸੀ। ਲਾਲਾਂ ਵਾਲੇ ਤਾਂ ਸਾਡੇ ਪਿੰਡ ਕਿੱਥੇ ਨੇ? ਇਥੇ ਵੀ ਬਣੇ ਹੋਏ ਨੇ, ਉਹਦੇ ਮਜਾਰ।

ਉਥੇ ਜਾਣਾ, ਉਥੇ ਮੱਥੇ ਟੇਕਣੇ। ਭਰਾਈ ਨੇ ਉਥੇ ਰੋਟ ਪਕਾਉਣਾ, ਉਹਨੂੰ ਮੂੰਹ ਲਾ ਕੇ ਕੱਟਣਾ। ਉਹਨੂੰ ਕਹਿੰਦੇ ਸੀ ਕਿ ਹੁਣ ਭੋਗ ਲਗ ਗਿਆ ਪੀਰ ਨੂੰ, ਫੇਰ ਉਹ ਸਾਡੇ ਬਜ਼ੁਰਗਾਂ ਨੂੰ ਦਿੰਦੇ ਸੀ ਉਹ ਖਾਂਦੇ ਸੀ।

ਗੁਰੂ ਕੁਛ ਹੋਰ ਦੱਸ ਰਹੇ ਸੀ, ਉਹ ਸਿੱਧਾ ਹੀ ਕਹਿੰਦੇ ਸੀ ਤੁਹਾਡੇ ਮੱਝਾਂ ਬਹੁਤ ਹੋਣਗੀਆਂ, ਗਾਈਆਂ ਹੋਣਗੇ, ਪੁੱਤਰ ਹੋਣਗੇ। ਜੇ ਬਿਮਾਰ ਹੋ ਗਿਆ ਤਾਂ ਕਹਿੰਦੇ ਸੀ ਕਿ ਪੀਰ ਨਰਾਜ਼ ਹੋ ਗਿਆ। ਵਹਿਮ ਪ੍ਰਸਤੀ ਹੱਦ ਤੋਂ ਜ਼ਿਆਦਾ ਸੀ।

ਇਹ ਜਿਹੜਾ ਗੁਰਸਿੱਖ ਸੀ ਇਹਨੂੰ ਸਿੱਖੀ ਧਾਰਨ ਕਰ ਲਈ। ਟਾਂਵੇ-ਟਾਂਵੇ ਸਿੱਖ ਹੁੰਦੇ ਸੀ ਪਿੰਡਾਂ ਵਿਚ। ਦੋ ਹੋਏ ਕਿਤੇ, ਪੰਜ ਹੋਏ, ਕਿਤੇ ਪਿੰਡ ਵਿਚ। ਬਹੁਤੇ ਨਹੀਂ ਸੀ ਕਿ ਪਿੰਡਾਂ ਦੇ ਪਿੰਡ ਸੀਗੇ। ਸਰਵਰੀਏ ਸਾਰੇ ਹੀ ਸੀ। ਏਸੇ ਪਿੰਡ ਦੇ ਵਿਚ ਇਕ ਜੋਗੀ ਰਹਿੰਦਾ ਸੀ। ਭਾਈ ਤਿਲਕੂ ਵਿਚਾਰਾ ਨਾਮ ਜਪਦਾ ਸੀ, ਬੰਦਗੀ ਕਰਦਾ ਸੀ। ਗੁਰੂ ਦੀ ਸਿੱਖੀ ਕਮਾ ਰਿਹਾ ਸੀ ਸੱਚੇ ਦਿਲ ਦੇ ਨਾਲ। ਗੁਰੂ ਇਹਦੇ 'ਚ ਰਹਿੰਦਾ ਸੀ, ਇਹ ਗੁਰੂ 'ਚ ਰਹਿੰਦਾ ਸੀ ਹਰ ਵਕਤ। ਉਹ ਜਿਹੜਾ ਜੋਗੀ ਸੀ ਉਹਨੇ ਸਮਾਧੀ ਲਾਈ ਹੋਈ ਸੀ। ਸਮਾਧੀਆਂ ਛੇ-ਛੇ ਮਹੀਨੇ ਦੀਆਂ ਵੀ ਲਗ ਜਾਂਦੀਆਂ ਨੇ, ਸਾਲ-ਸਾਲ ਦੀਆਂ ਵੀ ਲਗ ਜਾਂਦੀਆਂ ਨੇ।

ਗੁਰੂ ਦਸਵੇਂ ਪਾਤਸ਼ਾਹ ਨੇ ਜੋਗੀਪੁਰੇ ਇਕ ਜੋਗੀ ਦੇ ਨਾਲ ਬਚਨ ਕੀਤੇ ਸੀ। ਮਹਾਰਾਜ ਨੇ ਦਸਿਆ ਕਿ ਪੰਜ ਹਜ਼ਾਰ ਇਕ ਸੌ ਸਾਲ ਇਸਦੀ ਉਮਰ ਹੈ। ਐਨੀਆਂ ਐਨੀਆਂ ਲੰਮੀਆਂ ਸਮਾਧੀਆਂ ਲਾ ਲੈਂਦੇ ਸੀ। ਗੁਰੂ ਪੰਜਵੇਂ ਪਾਤਸ਼ਾਹ ਨੇ ਸੰਤੋਖਸਰ ਦੇ ਵਿਚੋਂ ਜਿਹੜਾ ਜੋਗੀ ਕੱਢਿਆ, ਉਹਦਾ ਲਵ ਤੇ ਕੁਸ਼ ਦਾ ਯੁੱਧ ਦੇਖ ਕੇ ਬੈਠਾ ਸੀ, ਰਾਵੀ ਦੇ ਕੰਢੇ। ਰਾਵੀ ਕਿਤੇ ਦੀ ਕਿਤੇ ਗਈ। ਕਿੰਨੀ ਮਿੱਟੀ ਪੈ ਗਈ, ਉਹਦਾ ਮੱਠ ਥੱਲੇ ਹੀ ਆ ਗਿਆ। ਕਹਿੰਦਾ ਮੈਂ ਆਪਣਾ ਮੱਠ ਉਤੇ ਬਣਾਇਆ ਸੀ।

ਸੋ ਇਹਨੇ ਵੀ ਸਮਾਧੀ ਲਾਈ ਹੋਈ ਸੀ। ਜਦੋਂ ਸਮਾਧੀ ਖੁਲ੍ਹੀ ਪਿੰਡਾਂ ਦੇ ਲੋਕ ਵਹੀਰਾਂ ਘੱਤ ਕੇ ਆਏ। ਉਹਨੇ ਨਾਲ ਇਹ ਕਹਿ ਦਿਤਾ ਕਿ ਜਿਹੜਾ ਮੇਰੇ ਦਰਸ਼ਨ ਕਰ ਲਏਗਾ, ਐਨੇ ਦਿਨਾਂ ਦੇ ਅੰਦਰ-ਅੰਦਰ ਉਹਨੂੰ ਇਕ ਸਾਲ ਦਾ ਮੈਂ ਸਵਰਗ ਦਿਵਾਵਾਂਗਾ। ਜਦੋਂ ਸਾਰੇ ਚਲੇ ਗਏ। ਕਹਿੰਦਾ ਕਿ ਕੋਈ ਰਹਿ ਤਾਂ ਨਹੀਂ ਗਿਆ? ਕਹਿੰਦੇ ਇਕ ਰਹਿ ਗਿਆ। ਕਹਿੰਦਾ ਉਹ ਕੌਣ ਹੈ? ਕਹਿੰਦੇ, ਭਾਈ ਤਿਲਕੂ ਹੈ। ਕਹਿੰਦਾ ਉਹਨੂੰ ਵੀ ਕਹੋ। ਕਹਿੰਦੇ ਜੀ ਉਹ ਨਹੀਂ ਆਉਂਦਾ, ਗੁਰੂ ਦਾ ਸਿੱਖ ਹੈ ਉਹ। ਕਹਿੰਦਾ ਗੁਰੂ ਦੇ ਸਿੱਖ ਨੂੰ ਕਿਹੜਾ ਵੱਢਦਾ ਹੈ ਸਵਰਗ। ਜਾਓ ਓਹਨੂੰ ਕਹਿ ਦਿਓ, ਦੋ ਸਾਲ ਦਾ ਮਿਲੇਗਾ। ਜਦੋਂ ਜਾ ਕੇ ਕਿਹਾ ਤਾਂ ਭਾਈ ਤਿਲਕੂ ਨੇ ਕਿਹਾ ਕਿ ਮੈਨੂੰ ਨਹੀਂ ਇਹ ਚੀਜ਼ਾਂ ਚਾਹੀਦੀਆਂ। ਇਹ ਤਾਂ ਐਉਂ ਹੈ ਜਿਵੇਂ ਬਹੁਤ ਵੱਡੇ ਅਮੀਰ ਆਦਮੀ ਨੂੰ ਕੋਈ ਬਹੁਤ ਛੋਟੀ ਜਿਹੀ ਗੱਲ ਕਹੋ ਕੋਈ। ਸਾਡੇ ਕੋਲ ਤਾਂ ਬਹੁਤ ਵੱਡੀਆਂ ਚੀਜ਼ਾਂ ਨੇ ਅਸੀਂ ਕੀ ਕਰਨਾ ਹੈ, ਸਵਰਗਾਂ ਤੇ ਨਰਕਾਂ ਨੂੰ। ਜਦੋਂ ਜੋਗੀ ਨੂੰ ਜਾ ਕੇ ਦੱਸਿਆ। ਤਾਂ ਉਸ ਨੇ ਕਿਹਾ ਕਿ ਇਕ ਸਾਲ ਹੋਰ ਦੇ ਦਿਓ। ਪੰਜ ਸਾਲ ਤਕ ਜਾ ਪਹੁੰਚਿਆ। ਅਖੀਰ ਜਦੋਂ ਨਾ ਹੀ ਆਇਆ। ਕਹਿੰਦਾ, "ਚੰਗਾ ਮੈਂ ਦਿਖਾਉਂਦਾ ਹਾਂ ਇਹਨੂੰ ਸਿੱਖੀ ਦਾ ਸਵਾਦ।" ਉਹਨੇ ਕਾਲੀਆਂ ਸ਼ਕਤੀਆਂ ਵਸ ਵਿਚ ਕੀਤੀਆਂ ਹੋਈਆਂ ਸੀ।

ਕਿਉਂਕਿ ਇਹ ਸਾਰੀਆਂ ਸ਼ਕਤੀਆਂ ਹੈਗੀਆਂ ਸਾਧਸੰਗਤ ਜੀ! ਭੂਤ ਵੀ ਨੇ, ਪ੍ਰੇਤ ਵੀ ਨੇ, ਪਤਾ ਨਹੀਂ ਕੀ ਕੀ ਨੇ ਆਪਾਂ ਦੇਖੇ ਨਹੀਂ ਕਦੇ। ਸੁਣਦੇ ਹਾਂ ਅਸੀਂ ਕਿ ਜੀ ਆਹ ਵਿਘਨ ਪਾਈ ਜਾਂਦਾ ਹੈ। ਤਿੰਨ ਪਿੰਡਾਂ ਦਾ ਤਾਂ

ਮੈਨੂੰ ਪਤਾ ਹੈ। ਮੇਰੇ ਦੀਵਾਨ ਲੱਗੇ ਹੋਏ ਸੀ ਏਧਰ, ਕਿਸ਼ਨਗੜ੍ਹ। ਉਥੋਂ ਇਕ ਪ੍ਰੇਮੀ ਆਇਆ ਸਰਪੰਚ, ਸਾਰੀ ਪੰਚਾਇਤ ਆਈ। ਕਹਿੰਦੇ ਜੀ, ਸਾਡੇ ਪਿੰਡ ਨੂੰ ਬਚਾ ਲਓ। ਮੈਂ ਕਿਹਾ ਤੁਹਾਡੇ ਪਿੰਡ ਨੂੰ ਕੀ ਹੋ ਗਿਆ? ਕਹਿੰਦੇ ਹਰ ਸ਼ੁਕਰਵਾਰ ਇਥੇ 18 ਤੋਂ 22 ਸਾਲ ਦਾ ਮੁੰਡਾ ਮਰ ਜਾਂਦਾ ਹੈ। ਹੁਣ ਸੱਤਵਾਂ ਮਰ ਚੁਕਿਆ, ਅੱਠਵੇਂ ਦੀ ਵਾਰੀ ਹੈ। ਘਰ-ਘਰ ਮਕਾਣਾਂ ਆ ਰਹੀਆਂ ਨੇ। ਇਸ ਤੋਂ ਪਹਿਲਾਂ-ਪਹਿਲਾਂ ਕੁਛ ਹੋਣਾ ਚਾਹੀਦਾ ਹੈ। ਐਨੇ ਇਕ ਹੋਰ ਆ ਗਏ ਪਰ੍ਹੇ ਪਿੰਡ ਸੀ। ਮੈਂ ਕਿਹਾ ਤੁਹਾਨੂੰ ਕੀ ਹੋਇਆ ਹੈ? ਉਹ ਕਹਿੰਦੇ ਜੀ ਪਤਾ ਨਹੀਂ ਜੀ ਕੀ ਹੋਇਆ ਹੈ? ਸਾਡੇ ਸਭ ਤੋਂ ਜਿਹੜਾ ਪੜ੍ਹਿਆ ਹੋਇਆ ਬੰਦਾ ਹੈ, ਉਹ ਸ਼ਨਿੱਚਰਵਾਰ ਨੂੰ ਮਰ ਜਾਂਦਾ ਹੈ। ਹੁਣ ਅੱਠਵੇਂ ਦੀ ਵਾਰੀ ਹੈ। ਮੈਂ ਕਿਹਾ ਅੱਠਵੇਂ ਦੀ ਇਧਰ ਹੈ, ਅੱਠਵੇਂ ਦੀ ਓਧਰ ਹੈ। ਇਹ ਕੀ ਹੋ ਗਿਆ ਤੁਹਾਡੇ ਲੋਕਾਂ ਨੂੰ। ਤੁਸੀਂ ਗੁਰੂ ਨੂੰ ਛੱਡ ਦਿਤਾ। ਤੁਹਾਡਾ ਰਾਖਾ ਕੋਈ ਨਹੀਂ ਹੈ। ਆਹ ਮਾੜੇ-ਮਾੜੇ ਭੂਤ-ਪ੍ਰੇਤ ਹੀ ਆ ਕੇ ਤੁਹਾਨੂੰ ਤੰਗ ਕਰੀ ਜਾਂਦੇ ਨੇ। ਤੁਹਾਡਾ ਵਾਰਿਸ ਨਹੀਂ ਨਾ ਕੋਈ ਹੈ? ਕਹਿੰਦੇ ਜੀ ਕੀ ਕਰੀਏ? ਪੜ੍ਹਿਆ ਹੋਇਆਂ ਨੂੰ ਤਾਂ ਮੈਂ ਕਿਹਾ ਕਿ ਤੁਸੀਂ ਹੁਣੇ ਜਾ ਕੇ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰ ਲਓ। ਪਿੰਡ 'ਚੋਂ ਜਰਦਾ ਕੱਢ ਦਿਓ। ਇਥੇ ਜਰਦਾ ਆਮ ਹੀ ਖਾਂਦੇ ਸੀ, ਜਿਵੇਂ ਘਿਉ ਖਾਂਦੇ ਹਾਂ ਆਪਾਂ। ਕਿਰਪਾਨਾਂ ਵਾਲੇ ਵੀ ਮੈਂ ਦੇਖੇ ਨੇ, ਓਹ ਤੁਹਾਡਾ ਵੀ ਬੇੜਾ ਗਰਕ ਹੋ ਗਿਆ, ਤੁਸੀਂ ਤਾਂ ਕਿਰਪਾਨਾਂ ਪਾਈਆਂ ਨੇ। ਸਹਿਜ ਨਾਲ ਹੀ ਖਾਂਦੇ ਸੀ। ਮੈਂ ਕਿਹਾ ਉਹ ਕੱਢ ਦਿਓ, ਆਂਡੇ ਬਾਹਰ ਕੱਢ ਦਿਓ, ਮੁਰਗੇ ਵਗੈਰਾ ਵੇਚ ਦਿਓ। ਛੱਡ ਦਿਓ ਖੇਤਾਂ 'ਚ। ਜਾਓ ਗੁਰਦੁਆਰੇ। ਉਥੇ ਜਾ ਕੇ ਕਹੋ ਹੇ ਸੱਚੇ ਪਾਤਸ਼ਾਹ! ਤੇਰੇ ਤੋਂ ਵੱਡਾ ਕੋਈ ਨਹੀਂ, ਤੂੰ ਹੀ ਬਚਾ ਸਕਦਾ ਹੈਂ। ਅਸੀਂ ਤੇਰੇ ਹਾਂ ਅੱਜ ਤੋਂ ਬਾਅਦ। ਪਾਠ ਸ਼ੁਰੂ ਕਰੋ।

ਇਧਰਲਿਆਂ ਨੂੰ ਮੈਂ ਕਿਹਾ। ਸਰਪੰਚ ਬੜਾ ਜਰਦਾ ਖਾਂਦਾ ਸੀ। ਮੈਂ ਕਿਹਾ ਤੂੰ ਅੰਮ੍ਰਿਤ ਛਕਿਆ ਹੈ? ਕਹਿੰਦਾ ਹਾਂ ਜੀ, ਮੈਂ ਇਕੱਲਾ ਤਾਂ ਨਹੀਂ ਮੇਰੇ ਨਾਲ ਪਾਰਟੀ ਸੀ, ਕਹਿੰਦੇ ਆਹ ਅਸੀਂ ਰਾਤ ਵਾਹਨ 'ਚ ਬੈਠੇ ਖਾਈ ਗਏ, ਨਾਲੇ ਸ਼ਰਾਬ ਪੀਈ ਗਏ ਕਿ ਅੱਜ ਦਾ ਦਿਨ ਹੀ ਹੈ ਸ਼ਰਾਬ, ਫੇਰ ਨਾ ਜਰਦਾ ਮਿਲਣਾ, ਨਾ ਸ਼ਰਾਬ ਮਿਲਣੀ ਹੈ। ਮੈਂ ਕਿਹਾ ਤੁਹਾਡੇ ਪਿੰਡ ਦੇ ਉਤੇ ਆਹ ਭਾਣਾ ਵਰਤ ਰਿਹਾ ਹੈ। ਸੌਦਾ ਕਰ ਰਹੇ ਓਂ ਗੁਰੂ ਨਾਲ। ਜਾਓ ਸਾਰਾ ਪਿੰਡ ਇਸ਼ਨਾਨ ਕਰਕੇ, ਗੁਰਦੁਆਰੇ ਜਾਓ। ਕੱਢ ਦਿਓ ਸਾਰੀਆਂ ਚੀਜ਼ਾਂ। ਗੁਰੂ ਮਹਾਰਾਜ ਨੂੰ ਕਹੋ ਕਿ ਸੱਚੇ ਪਾਤਸ਼ਾਹ! ਹੁਣ ਸਾਡੀ ਸਹਾਇਤਾ ਕਰ ਦਿਓ। ਦੋਹਾਂ ਪਿੰਡਾਂ ਵਿਚ ਅਸੀਂ ਪਾਠ ਕਰੇ, ਕੀਰਤਨ ਕਰਿਆ। ਪੰਜ ਦਿਨ ਕੀਰਤਨ ਹੁੰਦਾ ਸੀ ਸਾਡੇ, ਤਿੰਨ ਦਿਨ ਸਾਡਾ ਕੀਰਤਨ ਹੀ ਨਹੀਂ ਹੋਣ ਦਿਤਾ। ਸਾਮਿਆਨੇ ਹੀ ਪਾੜ ਦਿਤੇ ਸਾਰੇ। ਥੋੜ੍ਹਾ ਜਿਹਾ ਥਾਉਂ ਉਥੇ ਹੀ ਦਰਖਤ ਟੁੱਟ-ਟੁੱਟ ਗਿਰੀ ਜਾਣ। ਪਰ ਦੋਵੇਂ ਪਿੰਡ ਅੱਜ ਤਕ ਠੀਕ ਨੇ। ਪਰ ਮਿਲਿਆ ਕਦੇ ਕੋਈ ਨਹੀਂ।

ਇਹ ਚੀਜ਼ਾਂ ਮੈਂ ਦੱਸੀਆਂ ਨੇ ਕਿ ਇਕ ਤਾਂ ਦੁਨੀਆਂ ਆਪਣੀ ਹੈ, ਅਦ੍ਰਿਸ਼ਟ ਦੁਨੀਆਂ ਬਹੁਤ ਤੁਰੀ ਫਿਰਦੀ ਹੈ। ਭੂਤ, ਪ੍ਰੇਤ, ਰਾਕਸ਼ਸ਼, ਦੈਂਤ ਬਹੁਤ ਕੁਛ ਹੈ। ਇਹ ਆਦਮੀ ਨੂੰ ਪੈਂਦੇ ਨੇ ਜਿਹਦਾ ਕੋਈ ਵਾਲੀ-ਵਾਰਿਸ ਨਾ ਹੋਵੇ।

ਜਿਹਦਾ ਵਾਲੀ-ਵਾਰਿਸ ਗੁਰੂ ਹੈ, ਉਥੇ ਨਹੀਂ ਆਉਂਦੇ।

ਇਸ ਜੋਗੀ ਨੇ ਕਿਹਾ ਕਿ ਮੈਂ ਕਾਲੀਆਂ ਸ਼ਕਤੀਆਂ ਛੱਡ ਕੇ ਭਾਈ ਤਿਲਕੂ ਨੂੰ ਆਪਣੇ ਚਰਨੀਂ ਮੰਗਾਉਣਾ ਹੈ। ਲੋਕ ਕਹਿਣ ਲੱਗੇ, ਉਹ ਤਾਂ ਗੁਰੂ ਦਾ ਸਿੱਖ ਹੈ। ਕਹਿਣ ਲੱਗਿਆ, ਤਾਂ ਕੀ ਹੈ, ਮੇਰੀ ਤਾਕਤ ਕਿਤੇ ਥੋੜ੍ਹੀ ਹੈ। ਦੋ-ਦੋ ਸਾਲ ਦੀ ਸਮਾਧੀ ਲਾਉਂਦਾ ਹਾਂ। ਫੇਰ ਮੈਂ ਕਿੰਨਾ ਕੁਛ ਵਸ ਕਰਿਆ ਹੋਇਆ ਹੈ, ਪ੍ਰੇਤ ਵਸ ਕਰੇ ਹੋਏ ਨੇ। ਉਹਨੇ ਛੱਡਣੀਆਂ ਸ਼ੁਰੂ ਕਰ ਦਿਤੀਆਂ।

ਭਾਈ ਤਿਲਕੂ ਨੇ ਦੇਖਿਆ ਕਿ ਦਰਵਾਜ਼ੇ ਖੜਕੇ ਨੇ। ਧੱਕਾ ਜਿਹਾ ਲੱਗਿਆ ਹੈ ਇਹ ਤਾਂ ਉਲਟੀਆਂ ਗੱਲਾਂ ਤੇ ਉਤਰ ਆਇਆ। ਗੁਰਸਿੱਖ ਕੋਲ ਕਿਹੜੀ ਚੀਜ਼ ਹੈ ਜਿਹੜੀ ਰਾਖੀ ਕਰੇ। ਮਹਾਰਾਜ ਕਹਿੰਦੇ ਨੇ, ਤੁਹਾਡਾ ਰਾਖਾ ਗੁਰੂ ਹੈ। ਜੇ ਤੁਹਾਡੀ ਗੁਰੂ ਨਾਲ ਬਣ ਜਾਵੇ, ਗੁਰੂ ਕੋਲ ਐਸੀ ਚੀਜ਼ ਹੈ, ਉਹਨੂੰ ਕਹਿੰਦੇ ਨੇ 'ਨਾਮ'। ਉਹ ਨਾਮ ਦੇ ਦਿੰਦਾ ਹੈ, ਨਾਮ ਦੇ ਕੋਲ ਕੋਈ ਚੀਜ਼ ਨਹੀਂ ਆ ਸਕਦੀ। ਨਾ ਕੋਈ ਭੂਤ, ਨਾ ਕੋਈ ਪ੍ਰੇਤ। ਕਿਸੇ ਦੀ ਤਾਕਤ ਨਹੀਂ ਹੈ ਕਿ ਨੇੜੇ ਆ ਜਾਵੇ। ਸਿੱਖ ਤਾਂ ਰਹਿੰਦਾ ਹੀ ਨਾਮ ਵਿਚ ਹੈ। ਅੰਤਰਮੁਖ ਹੋ ਗਿਆ। ਸਿੱਖ ਦੀ ਸੁਰਤ ਕਿਥੇ ਜਾਂਦੀ ਹੈ ਅੰਤਰਮੁਖ ਹੋਏ ਦੀ। ਸਿੱਧੀ ਵਾਹਿਗੁਰੂ 'ਚ ਜਾਂਦੀ ਹੈ। ਵਾਹਿਗੁਰੂ ਬਾਹਰ ਨਹੀਂ ਹੈ। ਇਹ ਗੱਲਾਂ ਔਖੀਆਂ ਨੇ ਜਿਹੜੀਆਂ ਮੈਂ ਛੇੜ ਲਈਆਂ। ਉਹ ਇਹ ਹੈ ਕਿ ਸਾਡੇ ਸਰੀਰ ਦੇ ਅੰਦਰ ਦੋ ਅਕਾਸ਼ ਨੇ, ਇਕ ਤਾਂ ਹੈ ਜਿਸਨੂੰ ਹਿਰਦਾ ਅਕਾਸ਼ ਕਹਿੰਦੇ ਨੇ, ਇਕ ਹੈ ਛੋਟਾ ਜਿਹਾ ਦਸਵੇਂ ਦੁਆਰੇ ਦੇ ਨਾਲ ਲਗਦਾ ਹੀ। ਉਸ ਨੂੰ ਕਹਿੰਦੇ ਨੇ ਸਤਿ ਦਾ ਆਸਨ।

***ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ***
***ਸਤ ਕੈ ਆਸਣਿ ਪੁਰਖੁ ਰਹੈ॥*** ***ਅੰਗ - 877***

ਉਥੇ ਵਾਹਿਗੁਰੂ ਰਹਿੰਦਾ ਹੈ, ਤੁਹਾਡੇ ਹਰੇਕ ਦੇ ਅੰਦਰ। ਅੰਦਰ ਨਿਵਾਸ ਰਖਦਾ ਹੈ, ਹਰੇਕ ਦੇ।

***ਕਾਇਆ ਨਗਰੁ ਨਗਰ ਗੜ ਅੰਦਰਿ॥***
***ਸਾਚਾ ਵਾਸਾ ਪੁਰਿ ਗਗਨੰਦਰਿ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ***
***ਆਪੇ ਆਪੁ ਉਪਾਇਦਾ॥***
***ਅੰਦਰਿ ਕੋਟ ਛਜੇ ਹਟਨਾਲੇ॥***
***ਆਪੇ ਲੇਵੈ ਵਸਤੁ ਸਮਾਲੇ॥***
***ਬਜਰ ਕਪਾਟ ਜੜੇ ਜੜਿ ਜਾਣੈ***
***ਗੁਰ ਸਬਦੀ ਖੋਲਾਇਦਾ॥*** ***ਅੰਗ - 1033***

ਇਹ ਜਿਹੜਾ ਗੜ੍ਹ ਹੈ ਕਾਇਆ ਦਾ ਇਹਦੇ ਵਿਚ ਵਾਹਿਗੁਰੂ ਵਸਦਾ ਹੈ। ਇਹ ਹਿਰਦੇ ਅਕਾਸ਼ ਵਿਚ ਵਸਦਾ ਹੈ। ਉਹਦਾ ਨਾਉਂ ਮਹਾਰਾਜ ਨੇ ਰੱਖਿਆ ਹੈ ਪੁਰਗਗਨੰਦਰਿ। ਉਸ ਅਸਮਾਨ ਦੇ ਵਿਚ ਵਾਹਿਗੁਰੂ ਰਹਿੰਦਾ ਹੈ, ਤੁਹਾਡੇ ਅੰਦਰ। ਲੇਕਿਨ ਉਹਦੀ ਹਿਫਾਜ਼ਤ ਵਾਸਤੇ ਐਹੋ ਜਿਹੇ ਦਰਵਾਜ਼ੇ ਬੰਦ ਹੋਏ ਹੋਏ ਨੇ, ਕਦੇ ਖੁਲ੍ਹਦੇ ਹੀ ਨਹੀਂ। ਮਹਾਰਾਜ ਕਹਿੰਦੇ ਨੇ ਕਿ ਨਉ

ਦਰਵਾਜ਼ਿਆਂ ਵਾਲਾ ਕਿਲਾ ਹੈ ਇਹ ਦੋ ਅੱਖਾਂ, ਦੋ ਨਾਸਕਾ, ਦੋ ਕੰਨ, ਮਲਮੂਤਰ ਦੇ ਅੰਦਰ। ਇਹਦੇ ਵਿਚ ਇਕ ਗੁਪਤ ਰੱਖਿਆ ਹੋਇਆ ਹੈ, ਜਿਹਨੂੰ ਦਸਵਾ ਦੁਆਰ ਕਹਿੰਦੇ ਨੇ। ਓਧਰ ਅਸੀਂ ਕਦੇ ਜਾਂਦੇ ਹੀ ਨਹੀਂ। ਸਾਨੂੰ ਸੁਭਾਅ ਨਹੀਂ ਪਿਆ, ਬਾਰ-ਬਾਰ ਅਸੀਂ ਘੁੰਮੀਂ ਜਾਂਦੇ ਹਾਂ।

***ਨਉ ਘਰ ਦੇਖਿ ਜੁ ਕਾਮਨਿ ਭੂਲੀ***
***ਬਸਤੁ ਅਨੂਪ ਨ ਪਾਈ॥*** ***ਅੰਗ - 339***

ਤੁਹਾਡੇ ਅੰਦਰ ਹੀ ਹੈ। ਕੋਈ ਦੂਰ ਨਹੀਂ ਹੈ ਉਹ।

ਸੋ ਭਾਈ ਤਿਲਕੂ ਨੇ ਜਿਸ ਵਕਤ ਨੇਤਰ ਬੰਦ ਕਰੇ। ਪ੍ਰਮੇਸ਼ਰ ਐਨਰਜੀ ਜਿਹੜੀ ਸੀ ਅੰਦਰ ਬਾਹਰ ਦੋਵੇਂ ਪਾਸੇ ਫੈਲ ਗਈ, ਉਹਨੇ ਉਹਦਾ ਸਾਰਾ ਜਾਦੂ ਰੋਕ ਲਿਆ। ਕੁਛ ਨਹੀਂ ਹੁੰਦਾ। ਜਾ-ਜਾ ਕੇ ਸਭ ਜਵਾਬ ਦੇਈ ਜਾਂਦੇ ਨੇ, ਭੂਤ-ਪ੍ਰੇਤ ਛੱਡੇ ਉਨ੍ਹਾਂ ਨੇ ਵੀ ਜਵਾਬ ਦੇ ਦਿਤਾ। ਸਾਰੀਆਂ ਸ਼ਕਤੀਆਂ ਨੇ ਜਵਾਬ ਦੇ ਦਿਤਾ।

ਗੁਰੂ ਮਹਾਰਾਜ ਕਹਿੰਦੇ ਨਾਮ ਦੇ ਮੁਕਾਬਲੇ ਦੇ ਉਤੇ ਕੋਈ ਸੰਸਾਰ ਦੀ ਸ਼ਕਤੀ ਨਹੀਂ ਹੈ। ਜਿਹੜਾ ਸਭ ਤੋਂ ਸ਼ਕਤੀਸ਼ਾਲ ਜਮਦੂਤ ਹੈ ਨਾ ਜਿਹੜਾ ਕਿਸੇ ਨੂੰ ਨਹੀਂ ਛੱਡਦਾ। ਉਹ ਵੀ ਜਦੋਂ ਪ੍ਰਮੇਸ਼ਰ ਦੇ ਨਾਮ ਦੀ ਆਵਾਜ਼ ਸੁਣਦਾ ਹੈ, ਦੂਰ ਤੋਂ ਹੀ ਨੱਠ ਜਾਂਦਾ ਹੈ।

ਵਾਹਿਗੁਰੂ ਦਾ ਨਾਮ ਸੁਣਦੇ ਸਾਰ ਹੀ ਵਿਘਨ ਖਤਮ ਹੋ ਜਾਂਦੇ ਨੇ। ਵਾਹਿਗੁਰੂ ਕਹਿ ਕੇ ਆਟਾ ਕੱਢ ਲਓ, ਬੀਬੀਆਂ ਪਕਾਉਂਦੀਆਂ ਨੇ, ਪੁਰਾਣੀਆਂ ਬਜ਼ੁਰਗ ਕਹਿੰਦੀਆਂ ਸੀ ਕਿ ਭਾਈ, ਵਾਹਿਗੁਰੂ ਕਹਿ ਕੇ ਆਟਾ ਕੱਢੀ, ਨਹੀਂ ਭੂਤ ਨਾਲ ਲਗ ਜਾਣੇ ਨੇ ਹੁਣੇ ਹੀ। ਬਰਕਤ ਨਹੀਂ ਰਹਿਣੀ। ਬਰਕਤ ਤਾਂ ਪੈਂਦੀ ਹੈ ਵਾਹਿਗੁਰੂ ਕਹਿ ਕੇ ਕੱਢੋ, ਵਾਹਿਗੁਰੂ ਕਹਿ ਕੇ ਪੇੜਾ ਪਾਓ, ਵਾਹਿਗੁਰੂ ਕਹਿ ਕੇ ਰੋਟੀ ਉਤੇ ਪਾਓ।

***ਨਾਮੁ ਲੈਤ ਕਿਛੁ ਬਿਘਨੁ ਨ ਲਾਗੈ॥***
***ਨਾਮੁ ਸੁਣਤ ਜਮੁ ਦੂਰਹੁ ਭਾਗੈ॥***
***ਨਾਮੁ ਲੈਤ ਸਭ ਦੂਖਹ ਨਾਸੁ॥***
***ਨਾਮੁ ਜਪਤ ਹਰਿ ਚਰਣ ਨਿਵਾਸੁ॥***
***ਅੰਗ - 1150***

ਹੁਣ ਇਹ ਸ਼ਕਤੀਆਂ ਸਾਰੀਆਂ ਜਵਾਬ ਦੇ ਗਈਆਂ ਉਸਨੂੰ। ਉਸ ਨੇ ਫੇਰ ਤ੍ਰਾਟਕ ਸ਼ੁਰੂ ਕਰਿਆ। ਜੋਗੀਆਂ ਦੇ ਕੋਲ ਇਕ ਸ਼ਕਤੀ ਹੁੰਦੀ ਹੈ, ਬਹਿ ਕੇ ਤ੍ਰਾਟਕ ਲਾਉਣਾ, ਅੱਖਾਂ ਦੇ ਨਾਲ ਬੇਹੋਸ਼ ਕਰ ਦੇਣਾ। ਜਾਂ ਤ੍ਰਾਟਕ ਦੇ ਨਾਲ ਐਨੀ ਸ਼ਕਤੀ ਦੂਸਰੇ ਤੇ ਸੁੱਟਣੀ ਦੂਸਰੇ ਨੂੰ ਬੇਹੋਸ਼ ਕਰ ਦੇਣਾ। ਜਦੋਂ ਇਹਨੇ ਤ੍ਰਾਟਕ ਕਰਿਆ ਜਿਵੇਂ ਬੰਦੇ ਬਹਾਦਰ ਨੇ ਗੁਰੂ ਦਸਵੇਂ ਪਾਤਸ਼ਾਹ ਦੇ ਕੋਲ ਤ੍ਰਾਟਕ, ਅਖੀਰਲਾ ਓਹਦਾ ਵਾਰ ਸੀ ਤ੍ਰਾਟਕ ਦਾ। ਪਹਿਲਾਂ ਤਾਂ ਉਹਨੇ ਬੀਰ ਭੇਜੇ ਕਿ ਮਹਾਰਾਜ ਜਿਹੜੇ ਮੰਜੇ ਤੇ ਬੈਠੇ ਨੇ, ਉਹਨੂੰ ਧਰਤੀ ਵਿਚ ਦਬਾ ਦਿਓ। ਮਹਾਰਾਜ ਨੇ ਦੇਖਿਆ ਕਿ ਮੰਜਾ ਹਿੱਲਿਆ ਹੈ, ਉਹ ਆਪ ਤਾਂ ਕੁਰਸੀ

ਤੇ ਬੈਠ ਗਏ, ਤੀਰ ਰੱਖ ਦਿਤਾ। ਜ਼ੋਰ ਲਾ ਰਹੇ ਮੰਜਾ ਹਿਲਿਆ ਹੀ ਨਾ।

ਜਦੋਂ ਬੰਦੇ ਨੂੰ ਜਾ ਕੇ ਦੱਸਿਆ ਕਿ ਉਹ ਤਾਂ ਐਡਾ ਵਲੀ ਹੈ। ਉਹਦਾ ਤੀਰ ਵੀ ਨਹੀਂ ਸਾਡੇ ਤੋਂ ਹਿੱਲਿਆ। ਕਹਿੰਦਾ ਫੇਰ ਧਰਤੀ ਵਿਚ ਗੱਡ ਦਿਓ ਪਲੰਘ। ਮਹਾਰਾਜ ਨੇ ਦੇਖਿਆ ਕਿ ਪਲੰਘ ਧਰਤੀ 'ਚ ਹੇਠਾਂ ਨੂੰ ਜਾਣ ਲੱਗਿਆ ਹੈ, ਤੀਰ ਚੁੱਕਿਆ ਨਾਲ ਖੜ੍ਹਾ ਕਰ ਦਿਤਾ। ਉਨ੍ਹਾਂ ਨੇ ਕਿਹਾ ਜਾ ਕੇ ਬੰਦੇ ਨੂੰ ਕਿ ਅਸੀਂ ਉਥੇ ਕਾਮਯਾਬ ਨਹੀਂ ਹੋ ਸਕਦੇ। ਉਹਦਾ ਤਾਂ ਤੀਰ ਹੈ ਆਪ ਤਾਂ ਹੈ ਨਹੀਂ। ਕਹਿੰਦਾ ਫੇਰ ਮੈਂ ਹੁਣ ਤ੍ਰਾਟਕ ਕਰਦਾਂ।

ਬੰਦਾ ਬਹਾਦਰ ਆਪਣੇ ਆਸ਼ਰਮ ਵਲ ਮੂੰਹ ਕਰਕੇ, ਤ੍ਰਾਟਕ ਲਾ ਲਿਆ ਕਿ ਮੈਂ ਤ੍ਰਾਟਕ ਦੇ ਬਲ ਨਾਲ ਗੁਰੂ ਗੋਬਿੰਦ ਸਿੰਘ ਨੂੰ ਸੁੱਟਾਂਗਾ ਥੱਲੇ। ਜੇ ਤਾਂ ਤ੍ਰਾਟਕ ਦੂਸਰੇ ਤੇ ਭਾਰੂ ਪੈ ਜਾਵੇ ਫੇਰ ਤਾਂ ਹੋ ਜਾਂਦਾ ਹੈ। ਜੇ ਨਾ ਭਾਰੂ ਪਵੇ ਤਾਂ ਆਪਣੇ ਤੇ ਹੀ ਆ ਜਾਂਦਾ ਹੈ। ਬੰਦਾ ਬਹਾਦਰ ਹੀ ਗਿਰ ਗਿਆ ਪੁੱਠਾ ਹੋ ਕੇ।

ਉਸ ਵੇਲੇ ਆ ਗਿਆ ਗੁਰੂ ਮਹਾਰਾਜ ਦੇ ਚਰਨਾਂ ਵਿਚ ਕਿ ਅੱਜ ਮੇਰਾ ਵਾਹ ਕਿਸੇ ਬਹੁਤ ਵੱਡੀ ਹਸਤੀ ਨਾਲ ਪਿਆ ਹੈ। ਕਿਉਂਕਿ ਉਸਦਾ ਸੁਭਾਅ ਸੀ।

ਜਦੋਂ ਦਾਦੂ ਦੇ ਡੇਹਰੇ ਤੋਂ ਗੁਰੂ ਮਹਾਰਾਜ ਚੱਲੇ, ਤਾਂ ਉਨ੍ਹਾਂ ਸੰਤਾਂ ਨੇ ਕਿਹਾ ਕਿ ਮਹਾਰਾਜ, ਤੁਸੀਂ ਉਹਦੇ ਨਾ ਜਾਇਓ, ਮਾਧੋ ਦਾਸ ਦੇ। ਕਹਿੰਦੇ ਕਿਉਂ? ਕਹਿੰਦੇ ਪਹਿਲਾਂ ਤਾਂ ਉਹ ਸੇਵਾ ਕਰਦਾ ਹੈ, ਬਾਅਦ 'ਚ ਬਹੁਤ ਖੱਜਲ ਖੁਆਰ ਕਰਦੈ। ਕਹਿੰਦੇ, ਕਿਵੇਂ? ਸੰਤ ਕਹਿਣ ਲੱਗੇ, ਮਹਾਰਾਜ! ਮੈਂ ਚਲਿਆ ਗਿਆ, ਮੇਰੀ ਬੜੀ ਸੇਵਾ ਕਰੀ। ਜਦੋਂ ਮੈਂ ਤੁਰਨ ਲੱਗਿਆ ਕਹਿਣ ਲੱਗਿਆ, ਸੰਤੋ ਬੈਠੋ ਤਾਂ ਸਹੀ ਦਮ ਤਾਂ ਲਓ। ਕਹਿੰਦੇ, ਮੈਂ ਮੰਜੇ ਤੇ ਬਹਿ ਗਿਆ, ਮੰਜਾ ਉਲਟਾ ਦਿਤਾ। ਕਹਿੰਦਾ, ਐਨਾ ਵਜ਼ਨ ਪਾ ਦਿਤਾ, ਮੇਰੀਆਂ ਚੀਕਾਂ ਨਿਕਲ ਗਈਆਂ ਹੇਠਾਂ। ਮਹਾਰਾਜ ਨੇ ਕਿਹਾ ਕਿ ਤੁਸੀਂ ਕੋਈ ਸ਼ਕਤੀ ਦਿਖਾਉਣੀ ਸੀ? ਕਹਿਣ ਲੱਗਿਆ, ਮਹਾਰਾਜ! ਉਹਦੇ ਮੂਹਰੇ ਸ਼ਕਤੀ ਕੋਈ ਨਹੀਂ ਚਲਦੀ, ਉਹਨੇ ਬਹੁਤ ਜ਼ਿਆਦਾ ਬੀਰ ਵਸ ਕਰੇ ਹੋਏ ਨੇ। ਫੇਰ ਉਹਨੇ ਮੈਨੂੰ ਤਾਹਨਾ ਮਾਰਿਆ ਕਿ ਸੰਤ ਵੀ ਬਣਨਾ ਤੇ ਸ਼ਕਤੀ ਵੀ ਨਾ ਹੋਣੀ, ਇਹ ਕਿਹੜੀ ਗੱਲ ਹੈ ਕਿ ਰੋਟੀਆਂ ਖਾ ਕੇ ਗੁਜ਼ਾਰਾ ਕਰਦੇ ਓਂ।

ਮਹਾਰਾਜ ਕਹਿੰਦੇ ਉਥੇ ਹੀ ਜਾਣਾ ਹੈ ਅਸੀਂ। ਉਥੇ ਬੰਦੇ ਦਾ ਸਾਰਾ ਜ਼ੋਰ ਲੱਗ ਗਿਆ। ਜਦੋਂ ਆਪ ਗਿਰ ਪਿਆ, ਫੇਰ ਆਇਆ ਚਰਨਾਂ 'ਚ।

ਇਵੇਂ ਜਿਵੇਂ ਇਹ ਜੋਗੀ ਤ੍ਰਾਟਕ ਕਰਦਾ ਹੈ, ਜਦੋਂ ਤ੍ਰਾਟਕ ਨਾਲ ਕੁਛ ਨਾ ਬਣਿਆ। ਹੁਣ ਗੁਰਸਿੱਖ ਕਿੱਥੇ ਬੈਠਾ ਹੈ, ਗੁਰਸਿੱਖ ਆਤਮ ਮੰਡਲ 'ਚ ਬੈਠਾ ਹੈ। ਉਥੇ ਤਾਂ ਪਹੁੰਚ ਹੀ ਨਹੀਂ ਸ਼ਕਤੀਆਂ ਦੀ ਇਹ ਚੀਜ਼ਾਂ ਕੋਈ ਵੀ ਕਿਉਂਕਿ ਉਥੇ ਨਾਮ ਰਾਖੀ ਕਰਦਾ ਹੈ।

ਜਿਹਦੇ ਉਤੇ ਤੇਰੀ ਰਾਖੀ ਹੋ ਗਈ ਨਾ ਉਹਦਾ ਕੋਈ ਬੁਰਾ ਨਹੀਂ ਕਰ

ਸਕਦਾ।

***ਜਿਸ ਕੇ ਸਿਰ ਊਪਰਿ ਤੂੰ ਸੁਆਮੀ***
***ਸੋ ਦੁਖੁ ਕੈਸਾ ਪਾਵੈ॥*** ***ਅੰਗ - 749***

ਉਸ ਵੇਲੇ ਜੋਗੀ ਨੇ ਦੇਖਿਆ ਕਿ ਮੇਰੀ ਸ਼ਕਤੀ ਤਾਂ ਉਸ ਅੱਗੇ ਕੁਛ ਨਹੀਂ ਹੈ। ਕਹਿਣ ਲੱਗਿਆ, ਸਾਰਿਆਂ ਨੂੰ ਕਿ ਚਲੋ ਚੱਲੀਏ, ਉਹ ਤਾਂ ਨਹੀਂ ਆਉਂਦਾ, ਹਿੰਡ ਕਰਦਾ ਹੈ, ਮੈਂ ਆਪ ਹੀ ਜਾ ਕੇ ਦਰਸ਼ਨ ਦਿੰਦਾ ਹਾਂ ਉਹਨੂੰ। ਇਹ ਨਹੀਂ ਦੱਸਿਆ ਕਿ ਮੇਰੀਆਂ ਸਾਰੀਆਂ ਤਾਕਤਾਂ ਫੇਲ੍ਹ ਹੋ ਗਈਆਂ।

ਏਧਰ ਲੋਕਾਂ ਨੇ ਆ ਕੇ ਦੱਸਿਆ ਕਿ ਭਾਈ ਤਿਲਕੂ! ਗੁਰਸਿੱਖਾ! ਉਹ ਜਿਹੜਾ ਜੋਗੀ ਹੈ ਨਾ ਉਹ ਹੁਣ ਤੇਰੇ ਦਰਸ਼ਨਾਂ ਨੂੰ ਆ ਰਿਹਾ ਹੈ। ਕਹਿੰਦੇ, ਮੇਰੇ ਦਰਸ਼ਨਾਂ ਨੂੰ? ਮੈਂ ਤਾਂ ਉਹਦੇ ਮੱਥੇ ਨਹੀਂ ਲੱਗਣਾ ਕਿਸੇ ਕੀਮਤ ਤੇ ਵੀ। ਕਿਉਂਕਿ ਉਹਦਾ ਬਚਨ ਹੈ ਕਿ ਜਿਹੜਾ ਮੇਰੇ ਦਰਸ਼ਨ ਕਰੇਗਾ ਸਾਲ ਦਾ ਸਵਰਗ ਮਿਲੇਗਾ ਉਹਨੂੰ। ਮੈਨੂੰ ਤਾਂ ਪੰਜ ਸਾਲ ਦਾ ਦਿੰਦਾ ਹੈ, ਮੈਂ ਜੇਲ੍ਹਖਾਨੇ 'ਚ ਜਾਣਾ ਹੈ। ਮੈਂ ਨਹੀਂ ਉਹਦੇ ਦਰਸ਼ਨ ਕਰਨੇ। ਭਾਈ ਤਿਲਕੂ ਨੇ ਦਰਵਾਜ਼ਾ ਵਿਹੜੇ ਦਾ ਬੰਦ ਕਰ ਲਿਆ, ਪਿੱਠ ਕਰਕੇ ਬੈਠ ਗਿਆ ਨਾਲ ਲਗ ਕੇ ਕਿ ਕਿਤੇ ਧੱਕੇ ਮਾਰ ਕੇ ਖੋਲ੍ਹ ਨਾ ਲਵੇ।

ਐਨੇ ਨੂੰ ਜੋਗੀ ਆ ਗਿਆ। ਆ ਕੇ ਕਹਿਣ ਲੱਗਿਆ, ਭਾਈ ਤਿਲਕੂ! ਤੂੰ ਤਾਂ ਨਹੀਂ ਆਇਆ, ਤੈਨੂੰ ਪੰਜ ਸਾਲ ਸਵਰਗ ਦਿਤਾ, ਚੱਲ ਦੱਸ ਸਾਲ ਦਾ ਦਿੱਤਾ। ਉਹ ਕਹਿਣ ਲੱਗੇ ਜੋਗੀ! ਜੇ ਤੂੰ ਮੇਰੇ ਨਾਲ ਗੱਲ ਕਰਨੀ ਹੈ ਨਾ ਤਾਂ ਪਹਿਲਾਂ ਵਾਪਸ ਲੈ ਲੈ ਆਪਣਾ ਬਚਨ। ਮੈਂ ਕਿਸੇ ਜੇਲ੍ਹਖਾਨੇ 'ਚ ਨਹੀਂ ਜਾਣਾ ਚਾਹੁੰਦਾ।

ਕਹਿੰਦਾ ਸਵਰਗ ਜੇਲ੍ਹਖਾਨਾ ਹੁੰਦੈ?

ਕਹਿੰਦਾ, ਹੋਰ ਕੀ ਹੁੰਦੈ। ਪੁੰਨ ਕਰਮ ਕਰਦੈ ਬੰਦਾ ਉਥੇ ਜਾਂਦਾ ਹੈ, ਮੁੜ ਕੇ ਫੇਰ ਥੱਲੇ ਗਿਰ ਪੈਂਦਾ ਹੈ। ਮੈਨੂੰ ਨਹੀਂ ਇਹਦੀ ਲੋੜ। ਸਾਨੂੰ ਤਾਂ ਦੋਹਾਂ ਤੋਂ ਹੀ ਬਚਾਇਆ ਹੋਇਆ ਹੈ ਗੁਰੂ ਨੇ।

***ਕਵਨੁ ਨਰਕੁ ਕਿਆ ਸੁਰਗੁ ਬਿਚਾਰਾ***
***ਸੰਤਨ ਦੋਊ ਰਾਦੇ॥*** ***ਅੰਗ - 969***

ਕਹਿੰਦੇ ਜੋਗੀ, ਤੂੰ ਤਾਂ ਐਉਂ ਗੱਲ ਕਰਦਾ ਹੈ ਕਿ ਇਕ ਬੰਦੇ ਦੇ ਹੱਥ ਵਿਚ ਇਕ ਲੱਖ-ਲੱਖ ਰੁਪਏ ਦਾ ਲਾਲ ਹੋਵੇ, ਤੇ ਉਹਨੂੰ ਰੁਝਾਉਣ ਵਾਸਤੇ ਸੋਹਣੀਆਂ-ਸੋਹਣੀਆਂ ਕੋਡੀਆਂ ਹੱਥ ਵਿਚ ਫੜਾਵੇਂ?

ਕਹਿੰਦਾ, ਮੇਰੇ ਸਮਝ ਵਿਚ ਨਹੀਂ ਪਈ ਗੱਲ? ਭਾਈ ਤਿਲਕੂ ਨੇ ਕਿਹਾ ਜੋਗੀ! ਤੇਰਾ ਨਰਕ ਤੇ ਸੁਰਗ ਕੀ ਮਾਇਨੇ ਰਖਦਾ ਹੈ। ਜਿਨ੍ਹਾਂ ਨੂੰ ਸੁਰਗ ਮਿਲਦਾ ਹੈ, ਸੁਰਗ ਦੇ ਦੇਵਤਿਆਂ ਨੂੰ ਕਿਤੇ ਸ਼ਾਂਤੀ ਹੈ? ਇੰਦਰ ਦੌੜਿਆ ਹੀ ਫਿਰਦਾ ਹੈ -

***ਸਹੰਸਰ ਦਾਨ ਦੇ ਇੰਦ੍ਰੁ ਰੋਆਇਆ॥***

***ਅੰਗ - 953***

ਉਹ ਵੀ ਰੋਂਦਾ ਹੀ ਹੈ, ਜਿਹਦੇ ਕੋਲ ਦੱਸ ਅਰਬ ਗੁਣਾਂ ਸੁਖ ਜ਼ਿਆਦਾ ਹੈ ਤੇਰੇ ਨਾਲੋਂ। ਸਾਨੂੰ ਤਾਂ ਉਹ ਪਰਮ ਸੁੱਖ ਪ੍ਰਾਪਤ ਹੈ ਜਿਹਨੂੰ ਅਬਿਨਾਸ਼ੀ ਖੇਮ ਕਹਿੰਦੇ ਨੇ। ਉਹਨੂੰ ਛੱਡ ਕੇ ਅਸੀਂ ਨਰਕ ਸੁਰਗ ਦੀ ਗੱਲ ਕਰੀਏ। ਫੇਰ ਬਹੁਤ ਵਾਰਤਾਲਾਪ ਉਹਦੇ ਨਾਲ ਹੋਈ। ਗੁਰਮਤਿ ਦੇ ਬਾਰੇ ਉਹਨੂੰ ਗਿਆਨ ਕਰਾਇਆ। ਕਹਿੰਦੇ, ਤੈਨੂੰ ਤਾਂ ਮਿਲਿਆ ਹੀ ਕੁਝ ਨਹੀਂ ਹੈ, ਰਿੱਧੀਆਂ ਸਿੱਧੀਆਂ ਦੇ ਚੱਕਰ ਵਿਚ ਫਿਰਦਾ ਹੈਂ। ਅਸੀਂ ਤਾਂ ਇਹਦੇ ਵਲ ਝਾਕਦੇ ਵੀ ਨਹੀਂ ਹਾਂ। ਜਿਹਦੇ ਹਿਰਦੇ ਵਿਚ ਨਾਮ ਵਸ ਗਿਆ ਰਿੱਧੀਆਂ ਸਿੱਧੀਆਂ ਤਾਂ ਉਹਦੇ ਪਿਛੇ ਲੱਗੀਆਂ ਫਿਰਦੀਆਂ ਨੇ। ਬਾਕੀ ਤੈਨੂੰ ਮਿਲਿਆ ਤਾਂ ਕੁਛ ਨਹੀਂ ਅਜੇ ਤੱਕ। ਇਹ ਮਨੁੱਖਾ ਜਨਮ ਪ੍ਰਭੂ ਦੀ ਪ੍ਰਾਪਤੀ ਵਾਸਤੇ ਪ੍ਰਾਪਤ ਹੋਇਆ ਹੈ। ਬੜੀ ਸੰਖੇਪ ਦੇ ਵਿਚ ਹੈ ਇਹ ਗੱਲ ਜਿਹੜੀ ਮੈਂ ਬੇਨਤੀ ਕਰ ਰਿਹਾ ਹੈ।

ਇਹ ਸਰੀਰ ਮਿਲਿਆ ਹੈ, ਇਹ ਬਹੁਤ ਹੀ ਸੁੰਦਰ ਸਰੀਰ ਹੈ।

***ਪੁਤਰੀ ਤੇਰੀ ਬਿਧਿ ਕਰਿ ਥਾਟੀ॥***
***ਜਾਨੁ ਸਤਿ ਕਰਿ ਹੋਇਗੀ ਮਾਟੀ॥ ਅੰਗ - 374***

ਬਹੁਤ ਤਰੀਕੇ ਨਾਲ ਬਣਾਈ ਹੈ। 72 ਕਰੋੜ, 72 ਲੱਖ, 72 ਹਜ਼ਾਰ ਦੋ ਸੌ 10 ਇਹਦੇ ਵਿਚ ਬਲੱਡ ਚੈਨਲ ਬਣੀ ਹੋਈ ਹੈ। ਸਾਢੇ ਤਿੰਨ ਕਰੋੜ ਇਹਦੇ ਵਿਚ ਛੇਕ ਹੈ ਜਿਨ੍ਹਾਂ ਦੇ ਰਾਹੀਂ ਹਰ ਵਕਤ ਇਹਦੇ ਸਰੀਰ ਦੀ ਜ਼ਹਿਰ ਬਾਹਰ ਨਿਕਲਦੀ ਹੈ। ਪੰਜ ਪ੍ਰਾਣ ਨੇ ਇਹਦੇ ਵਿਚ। ਪੰਜ ਸ਼ਕਤੀ ਪ੍ਰਣਾਲੀਆਂ (vital forces ਨੇ, ਮਨ ਹੈ, ਚਿੱਤ ਹੈ, ਬੁੱਧ ਹੈ, ਅਹੰਭਾਵ ਹੈ। ਇਹਦੇ ਅੰਦਰ ਬੇਅੰਤ ਚੀਜ਼ਾਂ ਪਈਆਂ ਨੇ। ਬਾਕੀਆਂ ਦਾ ਸਾਰਿਆਂ ਨੂੰ ਪਤਾ ਹੈ, ਕਾਮ ਦਾ ਸਭ ਨੂੰ ਪਤਾ ਹੈ ਮੇਰੇ ਅੰਦਰ ਹੈ, ਕ੍ਰੋਧ ਦਾ ਪਤਾ, ਲੋਭ ਦਾ ਪਤਾ ਹੈ, ਮੋਹ ਦਾ ਪਤਾ ਹੈ, ਅਭਿਮਾਨ ਦਾ ਸਾਰਿਆਂ ਨੂੰ ਪਤਾ ਹੈ। ਰੋਜ਼ ਸਾਡਾ ਵਾਹ ਚੋਰਾਂ ਨਾਲ ਪੈਂਦਾ ਹੈ, ਸਾਨੂੰ ਪਤਾ ਹੈਗਾ ਕਿ ਚੋਰ ਅੰਦਰ ਹੈਗੇ। ਈਰਖਾ ਦਾ ਸਾਨੂੰ ਪਤਾ ਹੈ, ਹਉਕੇ ਲੈਂਦੇ ਹਾਂ, ਜਲਦੇ ਹਾਂ ਅਸੀਂ ਈਰਖਾ 'ਚ ਆ ਕੇ। ਨਿੰਦਿਆ ਦਾ ਸਾਨੂੰ ਪਤਾ ਹੈ ਕਿ ਮੈਂ ਹੁਣ ਨਿੰਦਿਆ ਕਰ ਰਿਹਾ ਹਾਂ। ਇਹ ਚੀਜ਼ਾਂ ਸਭ ਕੂੜਾ ਹੈ ਇਹ ਆਦਮੀ ਦੇ ਅੰਦਰ। ਲੇਕਿਨ ਇਹਦੇ ਵਿਚ ਜਿਹੜੀਆਂ ਵਧੀਆਂ ਚੀਜ਼ਾਂ ਪਈਆਂ ਨੇ, ਸਤਿ ਪਿਆ ਹੈ, ਸੰਤੋਖ ਹੈ, ਵੀਚਾਰ ਹੈ, ਦਇਆ ਹੈ, ਖਿਮਾ ਹੈ, ਧੀਰਜ ਹੈ, ਅਹਿੰਸਾ ਹੈ, ਸੇਵਾ ਹੈ, ਸਿਮਰਨ ਹੈ। ਇਸ ਤੋਂ ਵੀ ਜਿਹੜੀਆਂ ਵਧੀਆਂ ਪਈਆਂ ਨੇ ਉਪਰਲੇ ਪਾਸੇ ਉਹ ਨੇ ਪ੍ਰਮੇਸ਼ਰ ਦੇ ਨਾਮ ਦੀਆਂ ਬਰਕਤਾਂ। ਉਹਦੇ ਨਾਲ ਲਗਦਾ ਹੀ ਵਾਹਿਗੁਰੂ ਹੈ। ਮਹਾਰਾਜ ਕਹਿੰਦੇ, ਦੇਖ, ਆਹ ਸਰੀਰ ਦੇ ਵਿਚ ਸਭ ਕੁਛ ਪਿਆ ਹੈ। ਤੈਨੂੰ ਜਿਹੜੀਆਂ ਚੀਜ਼ਾਂ ਚਾਹੀਦੀਆਂ ਸੀ ਨਰਕਾਂ ਨੂੰ ਲਿਜਾਣ ਵਾਲੀਆਂ, ਉਹ ਤਾਂ ਮੈਨੂੰ ਮਿਲ ਗਈਆਂ ਸਾਰੀਆਂ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਬਖੀਲੀ ਸਭ ਤੈਨੂੰ ਸਹਿਜ ਨਾਲ ਹੀ ਟੱਕਰ ਗਏ ਆ ਕੇ। ਉਹ ਜਿਹੜੀ ਸਤਿ ਵੀਚਾਰ ਹੈ ਉਹ ਤੈਨੂੰ ਪ੍ਰਾਪਤ ਨਹੀਂ ਹੋਈ। ਖਿਮਾ ਤੇਰੇ ਵਿਚ ਨਹੀਂ ਆਈ, ਧੀਰਜ ਤੇਰੇ 'ਚ ਨਹੀਂ ਆਈ, ਦਇਆ ਤੇਰੇ 'ਚ ਨਹੀਂ ਆਈ, ਅਹਿੰਸਾ ਤੇਰੇ

'ਚ ਨਹੀਂ ਆਈ, ਸੰਤੋਖ ਤੈਨੂੰ ਅਜੇ ਪ੍ਰਾਪਤ ਨਹੀਂ ਹੋਇਆ। ਉਪਰਲੇ ਪਾਸੇ ਨੂੰ ਰੁਖ ਨਹੀਂ ਤੂੰ ਕਰਿਆ, ਅੰਦਰਲੀ ਖੋਜ ਨਹੀਂ ਕਰੀ, ਬਾਹਰ-ਬਾਹਰ ਤੂੰ ਦੇਖਦਾ ਹੈਂ, ਇਹ ਚੀਜ਼ਾਂ ਬਾਹਰੋਂ ਮਿਲਦੀਆਂ ਨੇ, ਉਹ ਅੰਦਰੋਂ ਮਿਲਦੀਆਂ ਨੇ। ਮਹਾਰਾਜ ਕਹਿੰਦੇ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***

***ਅੰਗ - 12***

ਵਾਰੀ ਮਿਲ ਗਈ ਪਿਆਰਿਆ, ਮਨੁੱਖ ਸਰੀਰ ਮਿਲ ਗਿਆ। ਪਹਿਲਾਂ ਭਟਕਦਾ ਫਿਰਦਾ ਹੈ।

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥ ਅੰਗ - 176***

ਇਹ ਤਾਂ ਲੰਘ ਗਏ ਦਿਨ -

***ਫਿਰਤ ਫਿਰਤ ਬਹੁਤੇ ਜੁਗ ਹਾਰਿਓ***
***ਮਾਨਸ ਦੇਹ ਲਹੀ॥***
***ਨਾਨਕ ਕਹਤ ਮਿਲਨ ਕੀ ਬਰੀਆ***
***ਸਿਮਰਤ ਕਹਾ ਨਹੀ॥ ਅੰਗ - 631***

ਇਹ ਮਿਲ ਤਾਂ ਗਈ ਗਰੰਟੀ ਨਹੀਂ ਹੈ।

***ਕਬੀਰ ਮਾਨਸ ਜਨਮੁ ਦੁਲੰਭੁ ਹੈ***
***ਹੋਇ ਨ ਬਾਰੈ ਬਾਰ॥***
***ਜਿਉ ਬਨ ਫਲ ਪਾਕੇ ਭੁਇ ਗਿਰਹਿ***
***ਬਹੁਰਿ ਨ ਲਾਗਹਿ ਡਾਰ॥ ਅੰਗ - 1366***

ਫੇਰ ਤਾਂ ਲੱਗਣੇ ਹੀ ਨਹੀਂ ਟਾਹਣੀ ਨਾਲ। ਆਹ ਹੁਣ ਵੀ ਜਿਹੜਾ ਆਪਣਾ ਟਾਈਮ ਲੰਘਿਆ ਜਾ ਰਿਹਾ ਹੈ, ਰੱਬ ਨੂੰ ਮਿਲਣਾ ਕੋਈ ਬਹੁਤਾ ਟਾਈਮ ਨਹੀਂ ਲਗਦਾ।

***ਬੁਲਿਆ ਰੱਬ ਦਾ ਕੀ ਪਾਉਣਾ***
***ਐਧਰੋਂ ਪੁੱਟਣਾ ਐਧਰ ਲਾਉਣਾ।***

ਬਾਹਰਲੇ ਪਾਸੇ ਹਟਜਾ ਢੂੰਡਣ ਤੋਂ, ਉਹ ਤਾਂ ਅੰਦਰ ਵਸਦਾ ਹੈ, ਤੂੰ ਦੇਖਦਾ ਨਹੀਂ? ਯਕੀਨ ਨਹੀਂ ਤੈਨੂੰ ਆਉਂਦਾ। ਗੁਰੂ ਕੋਈ ਸ਼ਤੀਰ ਤਾਂ ਨਹੀਂ ਨਾ ਰਖਦਾ ਸਿਰ ਤੇ ਕਿ ਆਹ ਚੁੱਕੀਂ ਫਿਰ। ਆਪਣੇ ਅੰਦਰਲਾ ਸ਼ੀਸ਼ਾ ਸਾਫ ਕਰ ਲੈ। ਤੈਨੂੰ ਤੇਰੇ ਅੰਦਰਲੇ ਅੰਤਸ਼ਕਰਣ ਵਿਚੋਂ ਹੀ ਪ੍ਰਮੇਸ਼ਰ ਲੱਭ ਜਾਏਗਾ। ਇਹ ਮੈਲਾ ਹੈ ਬਹੁਤਾ। ਇਹਨੂੰ ਧੋਈਏ ਕਿਵੇਂ? ਕਹਿੰਦੇ -

*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥* *ਅੰਗ - 4*

ਨਾਮ ਦੇ ਪਿਆਰ ਨਾਲ ਧੋ ਲੈ। ਐਨਾ ਹੀ ਕਹਿਣਾ ਹੈ ਤੂੰ ਵਾਹਿਗੁਰੂ-ਵਾਹਿਗੁਰੂ, ਵਾਹਿਗੁਰੂ-ਵਾਹਿਗੁਰੂ। ਇਹ ਤੇਰੇ ਅੰਦਰ ਵਸ ਜਾਏਗਾ, ਤੇਰਾ ਜੀਵਨ ਬਣ ਜਾਏਗਾ-

*ਆਖਾ ਜੀਵਾ ਵਿਸਰੈ ਮਰਿ ਜਾਉ॥ ਅੰਗ - 9*

ਫੇਰ ਤਾਂ ਜੇ ਕਹੇਂਗਾ ਵਾਹਿਗੁਰੂ ਫੇਰ ਜੀਉਂਦਾ ਰਹੇਂਗਾ, ਨਹੀਂ ਹਉਕੇ ਲੈਣ ਲਗ ਜਾਏਂਗਾ ਕਿ ਮੇਰਾ ਕੀ ਗਵਾਚ ਗਿਆ?

*ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥*
*ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥*
*ਅੰਗ - 1379*

ਕਹਿੰਦੇ ਛੋਟਾ ਜਿਹਾ ਕੰਮ ਹੈ ਕਾਰੋਬਾਰ ਵੀ ਕਰ। ਚਿੱਤ ਕਿਸੇ ਨਾ ਕਿਸੇ ਚੀਜ਼ ਨਾਲ ਲੱਗਿਆ ਹੀ ਰਹਿਣਾ ਹੈ। ਬਾਕੀ ਦੇ ਸਭ ਛੱਡ ਕੇ ਤੂੰ ਵਾਹਿਗੁਰੂ ਵਲ ਚਿੱਤ ਲਾ। ਕਿਉਂਕਿ ਆਪਾਂ ਬੜਾ ਜ਼ਰੂਰੀ ਕੰਮ ਕਰਨ ਵਾਸਤੇ ਸੰਸਾਰ ਤੇ ਆਏ ਹਾਂ। ਜੇ ਟਾਈਮ ਲੰਘ ਗਿਆ ਫੇਰ ਪਛਤਾਉਂਦੇ ਜਾਵਾਂਗੇ।

*ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥*
*ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥*
*ਅੰਗ - 1365*

*ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ॥*
*ਨਾਨਕ ਸਮਿਓ ਰਮਿ ਗਇਓ*
*ਅਬ ਕਿਉ ਰੋਵਤ ਅੰਧ॥* *ਅੰਗ - 1428*

ਹੁਣ ਕਿਉਂ ਰੋਂਦਾ ਹੈ। ਉਦੋਂ ਟਾਈਮ ਤਾਂ ਲੰਘਾ ਲਿਆ ਸਾਰਾ। ਕਰਨਾ ਕੀ ਸੀ, ਵਾਹਿਗੁਰੂ-ਵਾਹਿਗੁਰੂ ਕਰਨਾ ਸੀ ਹੋਰ ਕੋਈ ਪਹਾੜ ਤਾਂ ਨਹੀਂ ਸੀ ਚੁੱਕਣਾ ਸਿਰ ਦੇ ਉਤੇ। ਵਾਹਿਗੁਰੂ-ਵਾਹਿਗੁਰੂ ਕਹਿ ਕੇ ਤੇਰੇ ਸ਼ੀਸ਼ੇ ਦੀ ਮੈਲ ਲਹਿ ਜਾਏਗੀ।

*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥* *ਅੰਗ - 4*

ਜਦੋਂ ਮੈਲ ਲਹਿ ਗਈ ਫੇਰ ਉਹਦਾ ਲਿਸ਼ਕਾਰਾ ਵਿਚ ਪੈ ਜਾਣਾ ਹੈ। ਦੱਸੋ ਇਹਦੇ ਵਿਚ ਕਿਹੜੀ ਗੱਲ ਹੈ ਰੱਬ ਨੂੰ ਮਿਲਣ ਦੀ। ਤੇਰੇ ਅੰਦਰ ਰਹਿੰਦਾ ਹੈ। ਮਹਾਰਾਜ ਕਹਿੰਦੇ ਨੇ ਕਿ ਇਹਦੀ ਚਾਬੀ ਹੈ ਉਹ ਸੰਤਾਂ ਦੇ ਕੋਲ ਹੁੰਦੀ ਹੈ। ਉਹ ਸੁਖਾਲਾ ਦੇ ਕੇ ਖੋਲ੍ਹ ਦਿੰਦੇ ਨੇ। ਉਨ੍ਹਾਂ ਦੀ ਸੰਗਤ ਕਰ ਲੈ ਜਿਹੜੇ ਜੁੜੇ ਹੋਏ ਨੇ। ਦੂਜਿਆਂ ਦੀ ਨਹੀਂ ਕਹਿੰਦੇ। ਸੰਤਾਂ ਦਾ ਬੜਾ ਮੁਸ਼ਕਲ ਹੈ ਲੱਭਣਾ। ਮੈਂ ਤਾਂ ਕਹਿੰਦਾ ਹਾਂ ਕਿ ਭੇਖ ਵਾਲਾ ਵੀ ਇਕ ਸੰਤ ਹੈ, ਟਰੱਕ

ਚਲਾਉਣ ਵਾਲਾ ਵੀ ਸੰਤ ਹੈ, ਦਫਤਰ ਵਿਚ ਲਿਖਣ ਪੜ੍ਹਨ ਵਾਲਾ ਵੀ ਸੰਤ ਹੈ, ਸੰਤ ਤਾਂ ਇਕ ਅਵਸਥਾ ਹੈ।

*ਜਿਨਾ ਸਾਸਿ ਗਿਰਾਸਿ ਨ ਵਿਸਰੈ*
*ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥*

*ਅੰਗ - 319*

ਗੁਰਮੁਖ ਦੀ ਸੰਗਤ ਕਰੇਂਗਾ ਫੇਰ ਤੈਨੂੰ ਰਾਹ ਛੇਤੀ ਮਿਲ ਜਾਏਗਾ। ਸੋ ਰਸਤਾ ਤਾਂ ਛੋਟਾ ਜਿਹਾ ਹੀ ਹੈ।

*ਬੁਲ੍ਹਿਆ ਰੱਬ ਦਾ ਕੀ ਪਾਉਣਾ*
*ਐਧਰੋਂ ਪੁੱਟਣਾ ਐਧਰ ਲਾਉਣਾ।*

ਬੁਲ੍ਹੇ ਨੂੰ ਸਾਰੀ ਜ਼ਿੰਦਗੀ ਲਗ ਗਈ, ਪੀਰ ਨੇ ਤਾਂ ਐਨੀ ਗੱਲ ਕਹਿ ਦਿਤੀ ਨਾ। ਪਰ ਉਸ ਤੋਂ ਸਾਂਭਿਆ ਨਾ ਗਿਆ, ਕਰਾਮਾਤਾਂ ਦਿਖਾਉਣ ਲਗ ਗਿਆ, ਸ਼ਕਤੀਆਂ ਦਿਖਾਉਣ ਲਗ ਗਿਆ। ਜੇ ਸਤਿਸੰਗ ਹੁੰਦੀ ਹੋਵੇ, ਇਹਦੇ ਵਿਚ ਹੌਲੀ-ਹੌਲੀ ਕਦੇ ਨਾ ਕਦੇ ਸੋਝੀ ਆ ਹੀ ਜਾਂਦੀ ਹੈ ਕਿ ਰੱਬ ਰਹਿੰਦਾ ਕਿਥੇ ਕੁ ਹੈ।

ਸੋ ਭਾਈ ਤਿਲਕੂ ਕਹਿਣ ਲੱਗਿਆ, ਜੋਗੀ ਜੀ! ਤੇਰੇ ਵਿਚ ਇਹ ਰਿੱਧੀਆਂ ਸਿੱਧੀਆਂ ਸ਼ਕਤੀਆਂ ਨੇ ਦੱਸ, ਇਹ ਤੂੰ ਕਰਨੀਆਂ ਕੀ ਨੇ। ਜੇ ਜਮਦੂਤਾਂ ਦੇ ਤੇਰੇ ਡੰਡੇ ਪਏ, ਕੁੱਤਾ, ਬਿੱਲਾ ਬਣਾ ਦਿਤਾ ਫੇਰ ਤੂੰ ਕੀ ਕਰੇਂਗਾ ਦੱਸ। ਤੈਨੂੰ ਉਹ ਚੀਜ਼ ਤਾਂ ਲੱਭੀ ਨਹੀਂ ਜਿਹੜੇ ਸੰਤ ਟੋਲ੍ਹਦੇ ਫਿਰਦੇ ਨੇ। ਉਹ ਹੈ ਅਬਿਨਾਸ਼ੀ ਖੇਮ। ਸਦਾ ਦਾ ਸੁੱਖ। ਗੁਰਮਤਿ ਦਾ ਮਾਰਗ ਇਸ ਨੇ ਉਸ ਨੂੰ ਸਮਝਾਇਆ। ਜੋਗੀ ਕਹਿਣ ਲੱਗਿਆ, ਭਾਈ ਤਿਲਕੂ! ਮੈਂ ਤਾਂ ਜਨਮ ਬਰਬਾਦ ਕਰ ਲਿਆ। ਮੇਰੀ ਉਮਰ ਵੱਡੀ ਹੈ, ਡੇਢ-ਦੋ ਸੌ ਸਾਲ ਦਾ ਮੈਂ ਹੈਗਾ। ਮੈਨੂੰ ਆਪਣੇ ਗੁਰੂ ਕੋਲ ਲੈ ਚੱਲ। ਰਸਤੇ 'ਚ ਸਾਰੇ ਸਮਝਾਉਂਦਾ ਵੀ ਚਲਿਆ ਆਇਆ, ਗੁਰੂ ਸਾਹਿਬ ਕੋਲ ਜਦੋਂ ਨੇੜੇ ਆਏ ਅੰਮ੍ਰਿਤਸਰ, ਕਹਿਣ ਲੱਗਿਆ, ਗੁਰੂ ਸਾਹਿਬ ਦੀ ਉਮਰ ਕਿੰਨੀ ਕੁ ਹੈ? ਭਾਈ ਤਿਲਕੂ ਨੇ ਕਿਹਾ ਤੂੰ ਉਮਰ ਤੋਂ ਕੀ ਲੈਣਾ ਹੈ। ਕਹਿੰਦਾ, ਮੈਂ ਦੇਖਾਂਗਾ ਕਿ ਉਹਨੇ ਸਾਧਨ ਵੀ ਕਰੇ ਨੇ ਕਿ ਐਵੇਂ ਗੁਰੂ ਬਣਿਆ ਹੋਇਆ ਹੈ। ਭਾਈ ਤਿਲਕੂ ਨੇ ਕਿਹਾ ਕਿ ਉਨ੍ਹਾਂ ਦਾ ਸਰੀਰ 22 ਸਾਲ ਦਾ ਹੈ। ਕਹਿਣ ਲੱਗਿਆ, ਮੈਂ ਨਹੀਂ ਜਾਂਦਾ, 22 ਸਾਲ ਦੇ ਮੁੰਡੇ ਕੋਲ, ਮੈਂ 200 ਸਾਲ ਦਾ ਤੁਰਿਆ ਜਾਵਾਂ।

ਭਾਈ ਤਿਲਕੂ ਨੇ ਕਿਹਾ ਚੱਲ ਤਾਂ ਸਹੀ ਤੂੰ। ਤੇਰੀ ਨਿਸ਼ਾ ਨਾ ਹੋਈ ਤਾਂ ਤੂੰ ਮੁੜ ਆਈਂ।

ਉਸ ਵੇਲੇ ਚਲਿਆ ਗਿਆ, ਬੇਨਤੀ ਕਰੀ ਕਿ ਮਹਾਰਾਜ! ਗੜ੍ਹਸ਼ੰਕਰ ਦਾ ਜੋਗੀ ਆਇਆ ਹੈ, ਦਰਸ਼ਨ ਕਰਨੇ ਚਾਹੁੰਦਾ ਹੈ। ਮਹਾਰਾਜ ਕਹਿੰਦੇ, ਉਹਨੂੰ

ਸਨਮੁਖ ਦਰਸ਼ਨ ਨਹੀਂ ਹੋਣੇ। ਕਨਾਤ ਲਾ ਕੇ ਹੋਣਗੇ। ਕਨਾਤ ਲਾ ਦਿਤੀ। ਮਹਾਰਾਜ ਵੀ ਆ ਗਏ। ਮਹਾਰਾਜ ਕਹਿੰਦੇ ਜੋਗੀ ਰਾਜ! ਕਨਾਤ ਦੇ ਹੇਠਾਂ ਦੀ ਹੱਥ ਕਰ ਤੇਰੀ ਅਮਾਨਤ ਹੈ ਸਾਡੇ ਕੋਲ ਬੜੀ ਦੇਰ ਦੀ ਪਈ ਹੋਈ? ਕਹਿੰਦਾ, ਮਹਾਰਾਜ! ਮੈਂ ਤਾਂ ਅੱਜ ਪਹਿਲੇ ਦਿਨ ਤੁਹਾਡੇ ਦਰਸ਼ਨ ਕਰੇ ਨੇ ਤੇ ਮੇਰੀ ਅਮਾਨਤ ਕਦੋਂ ਦੀ ਹੈ? ਮਹਾਰਾਜ ਨੇ ਕਿਹਾ, ਤੇਰੇ ਯਾਦ ਹੈ ਕਿ ਤੂੰ ਜਹਾਜ਼ ਵਿਚ ਚੜ੍ਹਿਆ ਜਾਂਦਾ ਸੀ, ਜਹਾਜ਼ ਡੋਲ੍ਹ ਰਿਹਾ ਸੀ। ਉਹ ਕਹਿੰਦੇ ਸੀ ਕਿ ਬੰਦੇ ਦੀ ਬਲੀ ਦਿਓ। ਬਾਕੀ ਨੇ ਤਾਂ ਛੁਡਾ ਲਿਆ ਖਹਿੜਾ, ਤੂੰ ਰਹਿ ਗਿਆ ਇਕੱਲਾ।

ਤੇਰੀ ਬਲੀ ਦੇਣ ਲੱਗੇ ਸੀ?

ਕਹਿੰਦਾ ਹਾਂ ਜੀ।

ਕਹਿੰਦੇ ਫੇਰ ਤੇਰਾ ਕੰਨ ਵਿੰਨ੍ਹਿਆ ਨਾ, ਤੇਰਾ ਬਹੁਤਾ ਕਹਿਣ ਤੇ।

ਕਹਿੰਦੇ ਤੂੰ ਕਿੱਥੇ ਸੁਟਿਆ ਸੀ, ਤੇਰਾ ਮੁੰਦਰ ਤੇ ਤੇਰਾ ਕੰਨ?

ਕਹਿੰਦਾ, ਸਮੁੰਦਰ 'ਚ।

ਕਹਿੰਦੇ, ਲੈ ਫੜ ਸਾਡੇ ਕੋਲ ਅਮਾਨਤ ਪਈ ਹੈ ਤੇਰੀ।

ਉਹਨੂੰ ਫੜਾ ਦਿਤਾ। ਦੇਖਦਾ ਹੈ ਕਿ ਇਹ ਤਾਂ ਮੇਰੀ ਹੀ ਹੈ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਹੁਣ ਕਨਾਤ ਚੁੱਕ ਦਿਓ। ਮੈਂ ਤੇਰੀਆਂ ਉਮਰਾਂ ਪਰਖ ਲਈਆਂ।

ਉਸ ਵੇਲੇ ਮਹਾਰਾਜ ਜੀ ਨੇ ਕ੍ਰਿਪਾ ਕੀਤੀ। ਨਾਮ ਦੇ ਮਾਰਗ ਤੇ ਉਸ ਨੂੰ ਚਲਾਇਆ। ਨਾਮ ਦੀ ਦਾਤ ਬਖਸ਼ੀ, ਗੁਰਸਿੱਖੀ ਬਖਸ਼ੀ। ਗੁਰਸਿੱਖੀ ਦੀ ਸੋਝੀ ਸੀ।

ਸੋ ਉਧਰਲੇ ਪਾਸੇ ਭਾਈ ਤਿਲਕੂ, ਉਹ ਗੁਰੂ ਦੇ ਆਸਰੇ ਤੇ ਰਹਿਣ ਵਾਲਾ ਸਿੱਖ ਸੀਗਾ।

*ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ॥*
*ਹੋਵੈ ਤ ਸਨਮੁਖੁ ਸਿਖੁ ਕੋਈ*
*ਜੀਅਹੁ ਰਹੈ ਗੁਰ ਨਾਲੇ॥*
*ਗੁਰ ਕੇ ਚਰਨ ਹਿਰਦੈ ਧਿਆਏ*
*ਅੰਤਰ ਆਤਮੈ ਸਮਾਲੇ॥*
*ਆਪੁ ਛਡਿ ਸਦਾ ਰਹੈ ਪਰਣੈ*
*ਗੁਰ ਬਿਨੁ ਅਵਰੁ ਨ ਜਾਣੈ ਕੋਏ॥*
*ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ॥*

*ਅੰਗ - 920*

ਸੋ ਸਾਨੂੰ ਵੀ ਪ੍ਰੇਰਨਾ ਮਿਲਦੀ ਹੈ ਸਾਧਸੰਗਤ ਜੀ! ਕਿ ਬੰਦਗੀ ਕਰੋ। ਨਾਮ ਜਪੋ। ਕੋਈ ਔਖੀ ਚੀਜ਼ ਨਹੀਂ ਹੈ। ਮਹਾਰਾਜ ਕਹਿੰਦੇ ਤਾਂ ਹੈਗੇ –

*ਆਖਣਿ ਅਉਖਾ ਸਾਚਾ ਨਾਉ॥ ਅੰਗ – 9*

ਉਹ ਤਾਂ ਹੈ ਜੇ ਇਰਾਦਾ ਕਰੇ। ਨਾਮ ਜਪਿਆ ਜਾਂਦਾ ਹੈ, ਨਾਮ ਜਪਣ ਵਾਲਿਆਂ ਦੀ ਸੰਗਤ ਕਰਕੇ ਉਸ ਤਰ੍ਹਾਂ ਨਹੀਂ। ਬੜੀ ਸਾਵਧਾਨੀ ਇਹਦੇ ਵਿਚ ਵਰਤਣੀ ਪੈਂਦੀ ਹੈ। ਬੰਦਗੀ ਕਰੋ, ਸਤਿ ਸ਼ਾਸਤਰ ਪੜ੍ਹੋ, ਆਤਮ ਮਾਰਗ ਸਾਰਾ ਨਾਮ ਦਾ ਹੀ ਪਰਚਾ ਹੈ। ਇਹ ਗਵਾਉਣ ਵਾਲਾ ਨਹੀਂ ਹੈ। ਜੇ ਕਿਸੇ ਤੋਂ ਨਹੀਂ ਪੜ੍ਹ ਹੁੰਦਾ। ਰੱਖ ਦਿਓ ਕਿ ਮੇਰਾ ਪੁੱਤਰ ਪੜ੍ਹੇਗਾ। ਫੇਰ ਜੇ ਪੁੱਤਰ ਵੀ ਲਾਇਕ ਨਹੀਂ ਆਇਆ ਤਾਂ ਸੋਚ ਲਓ ਕਿ ਪੋਤਰਾ ਪੜ੍ਹੇਗਾ। ਜਿਹੜਾ ਪੜ੍ਹੇਗਾ ਮੇਰੀ ਵੀ ਕਲਿਆਣ ਕਰ ਦਏਗਾ ਉਹ। ਇਹਦੇ ਵਿਚ ਉਹ ਰਾਹ ਦੱਸੇ ਹੋਏ ਨੇ ਜਿਹੜੇ ਵਾਹਿਗੁਰੂ ਵਲ ਨੂੰ ਜਾਂਦੇ ਨੇ। ਇਹ ਕੋਈ ਐਵੇਂ ਅਟਕਲ-ਪੱਚੂ ਗੱਲਾਂ ਨਹੀਂ ਹਨ, ਗੁਰਬਾਣੀ ਦੇ ਆਧਾਰ ਦੇ ਉਤੇ ਹੈ। ਗੁਰਬਾਣੀ ਦੀ ਇਕ ਤਰ੍ਹਾਂ ਨਾਲ ਵਿਆਖਿਆ ਹੀ ਹੈ, ਸਾਖੀਆਂ ਨਾਲ। ਸਾਖੀਆਂ ਤਾਂ ਨੇ ਕਿ ਸਮਝ ਵਿਚ ਆ ਜਾਵੇ ਗੱਲ। ਆਹੀ ਗੱਲ ਜੇ ਮੈਂ ਫਿਲਾਸਫੀ ਵਿਚ ਬੋਲਦਾ, ਸਮਝ ਨਹੀਂ ਸੀ ਆਉਣੀ। ਸਾਖੀ ਨਾਲ ਗੱਲ ਸਮਝ ਵਿਚ ਆ ਜਾਂਦੀ ਹੈ ਕਿ ਰਿੱਧੀਆਂ ਸਿੱਧੀਆਂ, ਮੰਤ੍ਰ, 'ਨਾਮ' ਦੇ ਅੱਗੇ ਤਾਂ ਹੈ ਹੀ ਕੁਛ ਨਹੀਂ।

ਮੂਲਮੰਤ੍ਰ ਦਾ ਪਾਠ ਕੋਈ ਬੰਦਾ ਕਰ ਲਓ। ਨਾ ਉਹਦੇ ਉਤੇ ਕਿਸੇ ਦੇ ਖਿਲਾਉਣ ਦਾ ਅਸਰ ਹੋਏਗਾ, ਨਾ ਉਹਦੇ ਭੂਤ ਦਾ, ਨਾ ਪ੍ਰੇਤ ਦਾ। ਕੀ ਔਖਾ ਹੈ?

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ*
*ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਜਪੁ॥ ਆਦਿ ਸਚੁ*
*ਜੁਗਾਦਿ ਸਚੁ ਹੈ ਭੀ ਸਚੁ*
*ਨਾਨਕ ਹੋਸੀ ਭੀ ਸਚੁ॥*

ਐਥੇ ਵੀ ਤੇ ਦਰਗਾਹ ਵਿਚ ਵੀ ਜਦੋਂ ਜਾਣਾ ਹੈ ਨਾ ਅਸੀਂ, ਜਮਦੂਤ ਦੀ ਤਾਂ ਤਾਕਤ ਨਹੀਂ ਆਉਣ ਦੀ। ਜਿਹਨੇ ਅੰਮ੍ਰਿਤ ਛਕ ਲਿਆ, ਗੁਰੂ ਧਾਰਨ ਕਰ ਲਿਆ ਕੋਈ। ਮੈਂ ਖਿੱਚਾ-ਖਿਚੀ ਨਹੀਂ ਕਰਦਾ ਕਿ ਸਾਡਾ ਹੀ ਬਣ ਜਾਓ। ਗੁਰੂ ਧਾਰਨ ਕਰਕੇ ਰਹਿਤ ਵਿਚ ਹੋ ਗਿਆ। ਅੰਮ੍ਰਿਤ ਵੇਲੇ ਉਠ ਕੇ ਨਾਮ ਜਪਣ ਲਗ ਗਿਆ। ਵਾਹਿਗੁਰੂ ਨੇ ਕਿਹਾ ਹੋਇਆ ਹੈ ਕਿ ਐ ਧਰਮਰਾਜ! ਜਿਥੇ ਐਸ ਕਿਸਮ ਦਾ ਬੰਦਾ ਹੋਵੇ ਨਾ ਉਥੇ ਤੂੰ ਨਹੀਂ ਜਾਣਾ।

*ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥*
*ਣਾ ਹਉ ਣਾ ਤੂੰ ਣਹ ਛੁਟਹਿ*
*ਨਿਕਟਿ ਨ ਜਾਈਅਹੁ ਦੂਤ॥ ਅੰਗ – 256*

ਗੁਰੂ ਗ੍ਰੰਥ ਸਾਹਿਬ ਦੇ ਅੰਦਰ ਉਹ ਅੱਖਰ ਵਰਤੇ ਹੋਏ ਨੇ ਜਿਹਦੇ ਨਾਲ

ਅਕਾਲ ਪੁਰਖ ਨੇ ਧਰਮਰਾਜ ਨੂੰ ਸਮਝਾਇਆ ਹੈ –

***ਧਰਮ ਰਾਇ ਨੋ ਹੁਕਮੁ ਹੈ***
***ਬਹਿ ਸਚਾ ਧਰਮੁ ਬੀਚਾਰਿ॥ ਅੰਗ - 38***

ਸੱਚੇ ਧਰਮ ਦੀ ਗੱਲ ਕਰ। ਜਿਹਨੇ ਨੇਕੀ ਕਰੀ ਹੈ, ਨੇਕੀ ਦਾ ਫਲ ਦੇਹ ਜਿਹਨੇ ਬਦੀ ਕਰੀ ਹੈ ਬਦੀ ਦਾ ਫਲ ਦੇਹ। ਪਰ ਜਿਹੜਾ ਗੁਰੂ ਵਾਲਾ ਹੈ ਨਾ....। ਹੁਣ ਗੁਰੂ ਵਾਲੇ 'ਚ ਵੀ ਫਰਕ ਦੇਖੋ ਤੁਸੀਂ।

***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥***
***ਅੰਗ - 38***

ਜਿਨ੍ਹਾਂ ਨੇ ਗੁਰੂ ਨਹੀਂ ਧਾਰਨ ਕਰਿਆ। ਦ੍ਵੈਤ ਵਿਚ ਰਹਿੰਦੇ ਨੇ, ਨਿੰਦਿਆ, ਚੁਗਲੀ, ਈਰਖਾ, ਬਖੀਲੀ, ਐਹੋ ਜਿਹਾ ਕੰਮ ਕਰਦੇ ਨੇ, ਸਭ ਤੇਰੇ ਕੋਲ ਆਉਣਗੇ।

ਧਰਮਰਾਜ ਨੇ ਕਿਹਾ, ਕਿ ਮਹਾਰਾਜ! ਜਿਹੜੇ ਪੁੰਨ ਦਾਨ ਕਰਦੇ ਨੇ ਉਹ?

ਕਹਿੰਦੇ, ਉਹ ਵੀ ਤੇਰੇ ਕੋਲ ਆਉਣਗੇ।

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥***
***ਅੰਗ - 1414***

ਕਹਿੰਦੇ ਤੇਰੇ ਕੋਲ ਇਨ੍ਹਾਂ ਨੇ ਆਉਣਾ ਹੈ, ਜਿਹੜੇ ਗੁਰੂ ਵਾਲੇ ਨੇ ਨਾ, ਇਕ ਤਾਂ ਗੁਰੂ ਵਾਲੇ ਉਹ ਨੇ ਕਿ ਗੁਰੂ ਧਾਰਨ ਕਰ ਲਿਆ ਫੇਰ ਨਿੰਦਿਆ, ਫੇਰ ਚੁਗਲੀ, ਫੇਰ ਓਹੀ ਬਖੀਲੀ, ਫੇਰ ਕਾਮ ਵਿਚ ਪੈ ਗਏ, ਫੇਰ ਕ੍ਰੋਧ ਵਿਚ ਪੈ ਗਏ। ਉਹ ਤਾਂ ਮਹਾਰਾਜ ਤੋਂ ਪਤਿਤ ਹੋ ਗਏ। ਪਾਸੇ ਹਟ ਗਏ। ਬੇਮੁਖ ਹੋ ਗਏ। ਬੇਮੁਖ ਨੇ ਜਿਹੜੇ ਮਨਮੁਖ ਹੋ ਗਏ–

***ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੈ ਦੁਖੁ ਖਾਇ॥***
***ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥***
***ਅੰਗ - 947***

***ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥***
***ਅੰਗ - 450***

ਬਾਰ-ਬਾਰ ਜੰਮਣਗੇ, ਬਾਰ-ਬਾਰ ਮਰਨਗੇ। ਕਿਉਂਕਿ ਗੁਰੂ ਨੂੰ ਪਿੱਠ ਦੇ ਦਿਤੀ। ਜਿਨ੍ਹਾਂ ਨੇ ਪਹਿਲਾਂ ਜਿਹੜਾ ਕੁਛ ਹੋ ਗਿਆ, ਹੋ ਗਿਆ। ਆ ਕੇ ਗੁਰੂ ਧਾਰਨ ਕਰ ਲਿਆ। ਹੁਣ ਜ਼ਿੰਮੇਵਾਰੀ ਕਿਹਦੀ ਹੋਈ? ਉਨ੍ਹਾਂ ਨੇ ਕਿਹਾ ਕਿ ਦੇਹ ਸੀਸ ਗੁਰੂ ਨੂੰ। ਕਹਿੰਦਾ ਹੈ, ਦੇਨਾਂ ਹਾਂ ਜੀ। ਪਿਛਲਾ ਜਨਮ ਕੱਟ ਦਿਤਾ ਪੰਜ ਪਿਆਰਿਆ ਨੇ। ਕਹਿੰਦੇ, ਨੇ ਹੁਣ ਤੂੰ ਨਾਮ ਲੈ ਲੈ, ਤੈਨੂੰ ਗੁਰੂ ਦੇ ਲੜ ਲਾਉਂਦੇ ਹਾਂ, ਫੇਰ ਤਾਂ ਨਾਮ ਚਲੇਗਾ। ਜਦੋਂ ਉਹਨੇ ਕਿਹਾ ਵਾਹਿਗੁਰੂ

ਨਾਮ ਹੈ, ਆਹ ਮੂਲਮੰਤ੍ਰ। ਚਾਹੇ ਮੂਲਮੰਤ੍ਰ ਜਪੀ ਜਾਹ, ਚਾਹੇ ਨਾਮ ਜਪੀ ਜਾਹ। ਉਹ ਜਪਦੇ ਦਾ ਜੇ ਗਲਤੀ ਨਾ ਨਾ ਕਰੀ, ਫੇਰ ਮੁੜ ਕੇ ਵਿਕਾਰਾਂ ਵਿਚ ਨਾ ਪਿਆ, ਫੇਰ ਗੁਰੂ ਦਾ ਸਿੱਖ ਰਹਿ ਜਾਏਗਾ। ਹੁਣ ਜਿਹੜਾ ਗੁਰੂ ਦਾ ਸਿੱਖ ਹੈ –

***ਅਧਿਆਤਮੀ ਹਰਿ ਗੁਣ ਤਾਸੁ***
***ਮਨਿ ਜਪਹਿ ਏਕੁ ਮੁਰਾਰਿ॥*** ***ਅੰਗ – 39***

ਜਿਹੜਾ ਇਕ ਵਾਹਿਗੁਰੂ ਦਾ ਨਾਮ ਜਪ ਰਿਹਾ ਹੈ, ਬਾਣੀ ਪੜ੍ਹ ਰਿਹਾ ਹੈ, ਮੂਲਮੰਤ੍ਰ ਦਾ ਪਾਠ ਕਰ ਰਿਹਾ ਹੈ। ਹੁਣ ਧਰਮਰਾਜ ਨੂੰ ਹੁਕਮ ਕੀ ਹੈ?–

***ਤਿਨ ਕੀ ਸੇਵਾ ਧਰਮ ਰਾਇ ਕਰੈ***
***ਧੰਨੁ ਸਵਾਰਣਹਾਰੁ॥*** ***ਅੰਗ – 39***

ਉਨ੍ਹਾਂ ਦੀ ਸੇਵਾ ਧਰਮਰਾਜ ਕਰਕੇ ਨਾਲ ਹੱਥ ਬੰਨ੍ਹਦਾ ਹੈ ਕਿ ਓ ਪਿਆਰਿਆ! ਤੂੰ ਗੁਰੂ ਦੇ ਕੋਲ ਆ ਗਿਆ, ਤੂੰ ਪੰਜ ਪਿਆਰਿਆ ਦੇ ਕੋਲ ਆ ਗਿਆ, ਉਹ ਧੰਨ ਨੇ ਜਿਨ੍ਹਾਂ ਨੇ ਤੈਨੂੰ ਸਵਾਰ ਦਿਤਾ। ਮੇਰੇ ਕੋਲੋਂ ਕੱਢ ਦਿਤਾ ਤੁਹਾਨੂੰ।

ਸੋ ਇਸ ਕਰਕੇ ਮੈਂ ਇਹ ਨਿਸੰਗ ਹੋ ਕੇ ਗੱਲ ਕਹਿੰਦਾ ਹਾਂ ਸਾਧਸੰਗਤ ਜੀ! ਗੁਰੂ ਵਾਲਾ ਜਿਹੜਾ ਹੈ, ਗੁਰੂ ਵਾਲਾ ਹੋ ਕੇ ਉਹਨੇ ਕੁਰਹਿਤ ਨਹੀਂ ਕਰੀ, ਮਾੜੇ ਕੰਮ ਨਹੀਂ ਕਰੇ, ਨਿੰਦਿਆ ਨਹੀਂ, ਚੁਗਲੀ ਨਹੀਂ ਕਰੀ, ਵਿਸ਼ੇ ਵਿਕਾਰਾਂ 'ਚ ਨਹੀਂ ਪਿਆ, ਉਥੇ ਜਮਦੂਤ ਦਾ ਕੰਮ ਹੀ ਨਹੀਂ ਕੋਈ। ਨੇੜੇ ਤੇੜੇ ਵੀ ਨਹੀਂ ਆਏਗਾ।

ਉਹਦੇ ਮੁਖੋਂ ਵਾਹਿਗੁਰੂ ਨਿਕਲਣ ਨਾਲ ਦੂਰੋਂ ਹੀ ਭੱਜ ਜਾਂਦੇ ਨੇ। ਇਸ ਕਰਕੇ ਇਹ ਤਾਂ ਗਾਰੰਟੀ ਹੈ। ਕੋਈ ਐਸਾ ਕਰਮ ਨਾਲ ਕਰੋ, ਕਰਮ ਕਰਕੇ ਅਰਦਾਸ ਕਰਿਆ ਕਰੋ, ਹੇ ਸੱਚੇ ਪਾਤਸ਼ਾਹ! ਅੰਮ੍ਰਿਤ ਵੇਲੇ ਤੋਂ ਜੋ ਬਾਣੀ ਪੜ੍ਹੀ ਹੈ, ਜੋ ਤੂੰ ਨੇਕ ਕੰਮ ਕਰਾਏ ਨੇ, ਉਹ ਤਾਂ ਤੂੰ ਆਪਣੇ ਖਜ਼ਾਨੇ ਵਿਚ ਕਰ ਲੈ ਜਮ੍ਹਾ। ਮੇਰੇ ਤੋਂ ਨਹੀਂ ਇਹ ਸਾਂਭ ਹੋਣੇ, ਚੋਰ ਲੁੱਟ ਲੈਣਗੇ। ਸੱਚੇ ਪਾਤਸ਼ਾਹ! ਜਿਹੜੀ ਮੇਰੇ ਤੋਂ ਭੁੱਲਾਂ ਹੋ ਗਈਆਂ, ਮੈਂ ਅਣਜਾਣ ਬੱਚਾ ਹਾਂ, ਮੇਰੇ ਤੇ ਕ੍ਰਿਪਾ ਕਰ, ਅੱਗੇ ਨੂੰ ਮੈਨੂੰ ਤਾਕਤ ਦੇ, ਫੇਰ ਮੈਂ ਭੁੱਲਾਂ ਨਾ ਕਰਾਂ। ਜਿਹੜਾ ਐਨਾ ਖਬਰਦਾਰ ਬੰਦਾ ਹੈ, ਉਹ ਕਦੇ ਵੀ ਨਰਕ ਵਿਚ ਨਹੀਂ ਜਾਏਗਾ। ਉਹਨੂੰ ਮਨੁੱਖਾ ਜਨਮ ਦੁਬਾਰਾ ਮਿਲਣਾ ਹੀ ਮਿਲਣਾ ਹੈ, ਅਵੱਸ਼ ਮਿਲਣਾ ਹੈ।

ਸੋ ਇਸ ਕਰਕੇ ਜਿਹੜਾ ਆਪਾਂ ਨੂੰ ਸਮਾਂ ਮਿਲਿਆ ਹੈ ਨਾ, ਬੰਦਗੀ ਕਰੋ, ਨਾਮ ਜਪੋ। ਰੱਬ ਤੁਹਾਡੇ ਅੰਦਰ ਹੈ, ਦੂਰ ਨਹੀਂ ਹੈਗਾ। ਜਦੋਂ ਮੌਕਾ ਹੁੰਦਾ ਹੈ, ਉਹ ਸੰਤਾਂ ਨੂੰ ਕਹਿ ਦਿੰਦਾ ਹੈ ਕਿ ਤੂੰ ਇਹਨੂੰ ਦੱਸ ਦੇ ਕਿ ਮੈਂ ਕਿੱਥੇ ਕੁ ਬੈਠਾ ਹਾਂ। ਹੁੰਦਾ ਹੁਕਮ ਨਾਲ ਹੀ ਹੈ, ਸੰਤਾਂ ਦੀ ਮਰਜ਼ੀ ਨਹੀਂ ਹੁੰਦੀ ਆਪਣੀ। ਸੰਤਾਂ ਨੂੰ ਵੀ ਆਦੇਸ਼ ਮਿਲਦਾ ਹੈ ਕਿ ਇਹਨੂੰ ਦੱਸ ਦੇ ਮੇਰਾ ਭੇਤ। ਹੈਗਾ

ਅੰਦਰ ਹੀ, ਐਨੇ ਕੁ ਸਰੀਰ 'ਚ। ਪਰ ਜਿਹੜਾ ਝਰੋਖਾ, ਜਿਹਦੇ ਵਿਚੋਂ ਅਸੀਂ ਦੇਖ ਸਕਦੇ ਹਾਂ, ਦੂਰਬੀਨ ਨਾਲ ਉਥੇ ਦਿਸਦਾ ਹੈ।

*ਜਾਇ ਪੁਛਹੁ ਸੋਹਾਗਣੀ*
*ਤੁਸੀ ਰਾਵਿਆ ਕਿਨੀ ਗੁਣੀ॥* *ਅੰਗ - 17*

ਇਥੇ ਹੀ ਸਮਾਪਤੀ ਕਰਦਾ ਹਾਂ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ

# ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮ

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਪੰਨਾ - 289*

*ਧਾਰਨਾ - ਮਹਿਮਾ ਤੇਰੀ ਨਾ, ਵੇਦ ਜਾਣਦੇ -2*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ,*

*ਮਹਿਮਾ ਨ ਜਾਨਹਿ ਬੇਦ॥*
*ਬ੍ਰਹਮੇ ਨਹੀ ਜਾਨਹਿ ਭੇਦ॥*
*ਅਵਤਾਰ ਨ ਜਾਨਹਿ ਅੰਤੁ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ॥*
*ਅਪਨੀ ਗਤਿ ਆਪਿ ਜਾਨੈ॥*
*ਸੁਣਿ ਸੁਣਿ ਅਵਰ ਵਖਾਨੈ॥*
*ਸੰਕਰਾ ਨਹੀ ਜਾਨਹਿ ਭੇਵ॥*
*ਖੋਜਤ ਹਾਰੇ ਦੇਵ॥*
*ਦੇਵੀਆ ਨਹੀ ਜਾਨੈ ਮਰਮ॥*
*ਸਭ ਊਪਰਿ ਅਲਖ ਪਾਰਬ੍ਰਹਮ॥*
*ਅਪਨੈ ਰੰਗਿ ਕਰਤਾ ਕੇਲ॥*
*ਆਪਿ ਬਿਛੋਰੈ ਆਪੇ ਮੇਲ॥*
*ਇਕਿ ਭਰਮੇ ਇਕਿ ਭਗਤੀ ਲਾਏ॥*
*ਅਪਣਾ ਕੀਆ ਆਪਿ ਜਣਾਏ॥*
*ਸੰਤਨ ਕੀ ਸੁਣਿ ਸਾਚੀ ਸਾਖੀ॥*
*ਸੋ ਬੋਲਹਿ ਜੋ ਪੇਖਹਿ ਆਖੀ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ॥*
*ਨਾਨਕ ਕਾ ਪ੍ਰਭੁ ਆਪੇ ਆਪਿ॥ ਪੰਨਾ - 894*

ਸਾਧ ਸੰਗਤ ਜੀ! ਚਿਤ ਬਿਰਤੀਆਂ ਇਕਾਗਰ ਕਰੋ। ਹੁਣੇ-ਹੁਣੇ ਤੁਸੀਂ ਮਹਾਂਪੁਰਸ਼ ਸੰਤ ਕਲਿਆਣ ਦਾਸ ਜੀ ਅਨੰਦਪੁਰ ਸਾਹਿਬ ਵਾਲੇ, ਜਿਨ੍ਹਾਂ ਨੂੰ ਮੈਂ ਬੇਨਤੀ ਕਰੀ ਸੀ ਕਿ ਮਹਾਰਾਜ ਤੱਤ ਬੇਤੇ ਮਹਾਂਪੁਰਸ਼ਾਂ ਦਾ ਇਕ ਤਰ੍ਹਾਂ ਨਾਲ ਕਾਲ ਪਿਆ ਹੋਇਆ ਹੈ। ਮਹਾਂਪੁਰਸ਼ਾਂ ਦਾ ਤਾਂ ਕੋਈ ਹਿਸਾਬ ਨਹੀਂ ਹੈ ਜਿਨ੍ਹਾਂ ਨੂੰ ਅਸੀਂ ਕਹਿੰਦੇ ਹਾਂ, ਪਰ ਗੁਰੂ ਗ੍ਰੰਥ ਸਾਹਿਬ ਜਿਨ੍ਹਾਂ ਨੂੰ ਪ੍ਰਵਾਨ ਕਰਦੇ ਹਨ ਉਹ ਤਾਂ ਉਂਗਲੀਆਂ ਤੇ ਹੀ ਗਿਣਨ ਵਾਲੇ ਹਨ -

*ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥*

ਸੰਤਾਂ ਦੇ ਬਚਨ ਰੁਕ ਜਾਣ, ਉਨ੍ਹਾਂ ਦੀ ਭਜਨ ਬੰਦਗੀ, ਤਪ ਕੀਤਾ ਹੋਇਆ ਵੀ ਸੰਸਾਰ ਨੂੰ ਸ਼ਾਂਤੀ ਦਿੰਦਾ ਹੈ ਪਰ ਜੇ ਉਨ੍ਹਾਂ ਦੇ ਮੁਖ ਤੋਂ ਬਚਨ ਨਿਕਲਣ, ਉਹ ਸ਼ਕਤੀਸ਼ਾਲੀ ਹੁੰਦੇ ਨੇ, ਖਾਲੀ ਨਹੀਂ ਹੁੰਦੇ। ਜਿਸ ਤਰ੍ਹਾਂ ਬੰਦੂਕ ਕਾਰਤੂਸਾਂ ਨਾਲ ਭਰੀ ਹੁੰਦੀ ਹੈ, ਗੋਲੀਆਂ ਨਿਕਲਦੀਆਂ ਨੇ, ਜ਼ਖਮੀ ਕਰਦੀਆਂ ਨੇ, ਘਾਅ ਕਰਦੀਆਂ ਨੇ, ਇਸੇ ਤਰ੍ਹਾਂ ਮਹਾਂਪੁਰਸ਼ਾਂ ਦੇ ਹਿਰਦੇ ਵਿਚੋਂ ਕਮਾਏ ਹੋਏ ਨਿਕਲੇ ਬਚਨ ਹਿਰਦਿਆਂ ਵਿਚ ਪ੍ਰਵੇਸ਼ ਕਰਦੇ ਨੇ, ਚਾਹੇ ਥੋੜ੍ਹੇ ਜਿਹੇ ਕਰਨ, ਬਹੁਤਿਆਂ ਦੀ ਲੋੜ ਨਹੀਂ ਹੈ। ਦੋ ਚਾਰ ਬਚਨ ਵੀ ਉਨ੍ਹਾਂ ਦੇ ਕਿਤੇ ਦੀ ਕਿਤੇ ਲੈ ਜਾਂਦੇ ਨੇ। ਸੋ ਉਨ੍ਹਾਂ ਨੇ ਬੜੀ ਕਿਰਪਾ ਕਰੀ - ਸੰਗਤਾਂ ਨੂੰ ਦਰਸ਼ਨ ਦੇਣ ਦੀ, ਆਪਣੇ ਪ੍ਰਵਚਨ ਸੁਣਾਉਣ ਦੀ ਤੇ ਦਰਸ਼ਨ ਕਰਨ ਦੀ। ਬੇਨਤੀ ਕਰਾਂਗਾ ਮੈਂ ਕਿ ਹਰ ਰੋਜ਼ ਹੀ ਆ ਜਾਇਆ ਕਰਨ। ਸਤਿਸੰਗ ਹੈ, ਸੰਜੋਗਾਂ ਨਾਲ, ਭਾਗਾਂ ਨਾਲ ਮਿਲਦਾ ਹੈ। ਕਿਤੇ ਮਿਲ ਗਿਆ, ਕਿਤੇ ਨਾ ਮਿਲਿਆ, ਪਛਤਾਵਾ ਹੀ ਰਹਿ ਜਾਇਆ ਕਰਦਾ ਹੈ। ਸੋ ਆਪ ਨੇ ਜੋ ਬਚਨ ਕੀਤੇ ਨੇ, ਸੁਣਨ ਦਾ ਮਹਾਤਮ ਦੱਸਿਆ ਹੈ। ਇਹ ਸੁਣਕੇ ਕੀ ਹੁੰਦਾ ਹੈ? ਅਸੀਂ ਪ੍ਰਮੇਸ਼ਰ ਨੂੰ ਮਿਲ ਸਕਦੇ ਹਾਂ - ਸੁਣਨ ਨਾਲ, ਕਿਉਂਕਿ ਸੁਣਨ ਦੀ ਸਟੇਜ ਤੋਂ ਬਾਅਦ ਫਿਰ ਮੰਨਣ ਦੀ ਸਟੇਜ ਆਇਆ ਕਰਦੀ ਹੈ। ਮੰਨਣ ਤੋਂ ਬਾਅਦ ਫੇਰ ਜਿਹੜਾ ਕੁਝ ਸੁਣਿਆ ਹੈ ਤੇ ਮੰਨਿਆ ਹੈ ਫੇਰ ਉਸ ਦੀ ਖੋਜ ਕਰੋ ਅੰਦਰ। ਦੇਖੋ ਕਰਕੇ। ਦੋ ਗੱਲਾਂ ਤਾਂ ਹੋ ਗਈਆਂ, ਸੁਣ ਲਿਆ ਤੇ ਮੰਨ ਵੀ ਲਿਆ ਤੇ ਹੁਣ ਉਹ ਜਿਹੜਾ ਤੱਤ ਕਹਿੰਦੇ ਨੇ ਉਹ ਕੱਢੀਏ। ਜਦੋਂ ਤੱਕ ਅਸੀਂ ਸੁਣਕੇ ਤੇ ਮੰਨ ਕੇ ਫੇਰ ਉਸ ਗੱਲ ਤੋਂ ਅੱਗੇ ਨਹੀਂ ਚਲਦੇ, ਓਦੋਂ ਤੱਕ ਕੋਈ ਗੱਲ ਨਹੀਂ ਬਣਿਆ ਕਰਦੀ। ਹੁਣ ਤੁਹਾਡੇ ਅਸੀਂ ਸਕੂਲ ਦੇ ਕੋਲ ਬੈਠੇ ਹਾਂ, ਮਾਸਟਰ ਜੀ ਵੀ ਹਨ, ਹੋਰ ਵੀ ਸਾਰੇ ਪੜ੍ਹੇ-ਲਿਖੇ ਬੰਦੇ ਬੈਠੇ ਨੇ। ਜੇ ਵਿਗਿਆਨ ਦਾ ਅਸੀਂ ਸਿਧਾਂਤ ਸੁਣ ਲਿਆ ਕਿ ਹਾਈਡਰੋਜਨ ਦੇ ਨਾਲ ਜੇ ਆਕਸੀਜਨ ਨੂੰ ਮਿਲਾ ਦਿੱਤਾ ਜਾਵੇ ਤਾਂ ਪਾਣੀ ਬਣ ਜਾਂਦਾ ਹੈ ਕਿਉਂਕਿ ਪਾਣੀ ਦਾ formula (ਗੁਰ, ਨੁਸਖਾ) $H_2O$ ਹੈ, ਦੋਹਾਂ ਗੈਸਾਂ ਤੋਂ ਬਣਿਆ ਕਰਦਾ ਹੈ। ਮਾਸਟਰ ਜੀ ਨੇ ਕਰਕੇ ਵੀ ਦਿਖਾ ਦਿੱਤਾ। ਹੁਣ ਕਹਿੰਦੇ ਤੁਸੀਂ ਕਰੋ, ਪਾਣੀ ਬਣਾਓ। ਜੇ ਅਸੀਂ ਕਰਦੇ ਨਹੀਂ, ਸਾਡੇ ਕੋਲ ਚਾਹੇ 100 ਸਿਲੰਡਰ ਆਕਸੀਜਨ ਦਾ ਪਿਆ ਹੈ, 800 ਸਿਲੰਡਰ ਸਾਡੇ ਕੋਲ ਪਿਆ ਹੈ ਹਾਈਡ੍ਰੋਜਨ ਦਾ। ਪਿਆਸ ਸਾਨੂੰ ਲੱਗੀ ਹੋਈ ਹੈ। ਪਿਆਸ ਸਾਡੀ ਬੁਝ ਹੀ ਨਹੀਂ ਸਕਦੀ। ਦੋ ਗੱਲਾਂ ਤਾਂ ਅਸੀਂ ਦੇਖ ਲਈਆਂ, ਸੁਣ ਵੀ ਲਿਆ ਤੇ ਮੰਨ ਵੀ ਲਿਆ ਤੇ ਖੋਜ ਨਹੀਂ ਕਰੀ, ਨਿਧਿਆਸਣ ਨਹੀਂ ਕਰਿਆ, ਅਭਿਆਸ ਨਹੀਂ ਕਰਿਆ। ਉਸ ਅਭਿਆਸ ਤੋਂ ਬਿਨਾਂ ਸਿਧਾਂਤ ਤਾਂ ਸਾਡੇ ਕੋਲ ਹੋ ਗਿਆ ਬਹੁਤ ਵਧੀਆ। ਪਾਣੀ ਦੀ ਪਿਆਸ ਲੱਗੀ ਹੋਈ ਹੈ, ਉਹ ਅਭਿਆਸ ਨਾ ਕਰਨ ਕਰਕੇ ਪਿਆਸਾ ਹੀ ਆਦਮੀ ਮਰ ਜਾਏਗਾ ਹਾਲਾਂਕਿ ਉਸ ਦੇ ਕੋਲ ਸਾਰਾ ਸਾਧਨ ਹੈ। ਬਿਜਲੀ ਦੀ ਧਾਰਾ ਵੀ ਹੈ, ਹਰੇਕ ਚੀਜ਼ ਹੈ। ਇਹ ਜਿਹੜਾ ਅਧਿਆਤਮਵਾਦ ਦਾ ਮਾਰਗ ਹੈ, ਇਹ ਗੁਪਤ ਮਾਰਗ ਹੈ, ਇਸ ਨੂੰ secret path (ਗੁਪਤ ਰਸਤਾ) ਕਹਿੰਦੇ ਨੇ - ਮਹਾਂ ਪਵਿੱਤਰ ਤੇ ਗੁਪਤ secret path. ਇਹ ਪਵਿੱਤਰ ਵੀ ਹੈ ਤੇ ਗੁਪਤ ਵੀ ਹੈ, ਇਸ ਦੀ ਕੋਈ ਕਿਤਾਬ

ਨਹੀਂ ਹੁੰਦੀ। ਮਹਾਂਪੁਰਸ਼ ਆਪਣੀਆਂ ਕਿਤਾਬਾਂ ਲਿਖਦੇ ਹਨ, ਆਦਮੀ ਉਸ ਦੇ ਮੁਤਾਬਕ ਚਲਦਾ ਨਹੀਂ ਹੈ ਕਿਉਂਕਿ ਬਹੁਤ ਗੱਲਾਂ ਸਮਝ ਵਿਚ ਨਹੀਂ ਆਉਂਦੀਆਂ, ਜਦੋਂ ਤੱਕ ਮੁਰਸ਼ਦ-ਏ-ਕਾਮਲ ਨਾਲ ਮੇਲ ਨਾ ਹੋਵੇ। ਅਨੁਭਵੀ ਮਹਾਂਪੁਰਸ਼, ਜਿਸ ਨੇ ਦੇਖਿਆ ਹੋਇਆ ਹੈ, ਉਹ ਨਾ ਮਿਲੇ ਤਾਂ ਅੱਗੇ ਦਾ ਰਸਤਾ ਲੱਭਦਾ ਨਹੀਂ ਹੈ। ਆਹੀ ਸਾਡੇ ਵਿਚ ਥੋੜ੍ਹੀ ਜਿਹੀ ਘਾਟ ਪੈ ਗਈ। ਹੁਣ ਮੈਂ ਆਪਣੀ ਗੱਲ ਕਰਦਾ ਹਾਂ ਦੂਜਿਆਂ ਧਰਮਾਂ ਦੀ ਨਹੀਂ ਕਰਦਾ। ਉਨ੍ਹਾਂ ਦਾ ਠੀਕ ਹੈ ਆਪਣਾ ਲੇਖਾ-ਪੱਤਾ ਹੈ, ਉਹ ਸੰਤੁਸ਼ਟ ਨੇ। ਅਸੀਂ ਉਲਝ ਗਏ। ਜੇ ਸੱਚੀ ਗੱਲ ਕਹਿੰਦੇ ਹਾਂ ਤਾਂ ਕਈਆਂ ਨੂੰ ਬੜੀ ਔਖੀ ਲਗਦੀ ਹੈ ਕਿ ਇਹ ਕੀ ਗੱਲਾਂ ਕਹੀ ਜਾਂਦਾ ਹੈ ਬਾਬਾ ਜੀ। ਮੈਂ ਬਿਲਕੁਲ ਠੀਕ ਗੱਲ ਦਸਦਾ ਹਾਂ। ਅਸੀਂ ਜਿਨ੍ਹਾਂ ਦੀ ਪੂਜਾ ਕਰਦੇ ਹਾਂ, ਉਹ ਇਕੱਲੇ ਗੁਰੂ ਨਹੀਂ ਸੀ, ਉਹ ਗੁਰੂ ਅਵਤਾਰ ਸੀ। ਨਿਰੇ ਗੁਰੂ ਨਹੀਂ ਸੀ, ਉਹ ਗੁਰੂ ਅਵਤਾਰ ਸੀ। ਪਾਰਬ੍ਰਹਮ ਪ੍ਰਮੇਸ਼ਰ ਦਾ ਹੁਕਮ ਸੀ, "ਹੇ ਨਾਨਕ! ਮੈਂ ਪਾਰਬ੍ਰਹਮ ਪਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ!" ਉਹ ਗੁਰੂ ਪ੍ਰਮੇਸ਼ਰ ਸੀ, 10 ਜੋਤਾਂ ਦੇ ਵਿਚ ਆਏ। ਉਨ੍ਹਾਂ ਨੇ ਕਲਜੁਗ ਦੇ ਬੰਦਿਆਂ ਵਾਸਤੇ ਸੁਖਾਲਾ ਰਾਹ ਕੱਢਿਆ, ਸਾਡੀ ਬੋਲੀ ਵਿਚ ਕੱਢਿਆ। ਅਸੀਂ ਉਨ੍ਹਾਂ ਦਾ ਦੇਣਾ ਦੇ ਹੀ ਨਹੀਂ ਸਕਦੇ, ਬਿਲਕੁਲ ਨਹੀਂ ਦੇ ਸਕਦੇ। ਚਾਹੇ ਸੈਂਕੜੇ ਜਨਮ ਆਪਣਾ ਸੀਸ ਭੇਂਟ ਕਰੀ ਜਾਈਏ ਤਾਂ ਵੀ ਨਹੀਂ ਦੇ ਸਕਦੇ। ਉਹ ਜਿਹੜਾ ਮਹਾਂਪੁਰਸ਼ਾਂ ਦਾ ਪਿਛਲਾ ਅਨੁਭਵ ਸੀ, ਸਮਾਂ ਬਦਲਣ ਦੇ ਨਾਲ ਉਹ ਬੋਲੀ ਹੋਰ ਹੋ ਗਈ, ਉਸ ਇਕ-ਇਕ ਅੱਖਰ ਦੇ ਸੈਂਕੜੇ-ਸੈਂਕੜੇ ਅਰਥ ਨਿਕਲਣ ਲੱਗ ਗਏ। ਜਗਿਆਸੂ ਉਲਝ ਗਏ। ਰਾਹ ਨਾ ਲੱਭੇ ਕੋਈ ਵੀ, ਕੁਝ ਨਾ ਪਤਾ ਲੱਗੇ। ਇਸੇ ਕਰਕੇ ਬੇਅੰਤ ਸ਼ਾਸਤ੍ਰ, ਬੇਅੰਤ ਸਿਮਰਤੀਆਂ, ਉਪਨਿਸ਼ਦਾਂ ਬਣ ਗਈਆਂ। ਉਹ ਇਕ ਬਿੰਦੂ ਤੇ ਕੇਂਦਰਤ ਨਾ ਹੋ ਸਕੇ। ਗੁਰੂ ਨਾਨਕ ਪਾਤਸ਼ਾਹ ਨੇ ਸਾਡੀ ਅਧੋਗਤੀ ਨੂੰ ਦੇਖਦੇ ਹੋਏ ਬਹੁਤ ਹੀ ਸੌਖੇ ਅੱਖਰਾਂ ਵਿਚ ਬਹੁਤ ਵੱਡਾ ਦਰਸ਼ਨ ਤੱਤ ਗਿਆਨ ਲਿਆ ਦਿੱਤਾ। ਜੇ ਅਸੀਂ ਇਕੱਲੇ ਮੂਲ-ਮੰਤਰ ਦਾ ਵੀ ਅਰਥ ਸਮਝ ਜਾਈਏ, ਉਂਝ ਤਾਂ ਸਮਝ ਗਏ ਅਸੀਂ, ਕਿਹੜਾ ਅੱਖਰ ਹੈ ਜਿਹੜਾ ਸਾਡੀ ਸਮਝ ਵਿਚ ਨਹੀਂ ਆਉਂਦਾ, ਪਰ ਸਮਝ ਵਿਚ ਆਇਆ ਹੋਇਆ ਫੇਰ ਵੀ ਨਹੀਂ ਆਉਂਦਾ ਸਮਝ ਵਿਚ। ਉਹ ਸਮਝ ਹੀ ਨਹੀਂ ਸਕਦੇ, ਨਾ ਅਸੀਂ ਮੰਨ ਸਕਦੇ ਹਾਂ, ਮਾਮੂਲੀ ਗੱਲ ਹੈ। ਕਿੰਨੀਆਂ ਲਾਈਨਾਂ ਨੇ ਇਹ ਤੁਸੀਂ ਦੇਖ ਲਓ ਆਪੇ। ਇਸ ਦੀਆਂ ਜੇ ਪਿਛਲੀਆਂ ਲਾਈਨਾਂ ਵੀ ਲੈ ਲਈਏ-

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥* *ਅੰਗ - 1*

ਇਹ ਦੋ ਹੀ ਲਾਈਨਾਂ ਨੇ। ਇਹ ਦੋ ਲਾਈਨਾਂ ਬੰਦਾ ਜੇ ਸਾਰੀ ਜ਼ਿੰਦਗੀ ਵਿਚ ਸਮਝ ਗਿਆ, ਉਹ ਪੂਜਣਯੋਗ ਹੋ ਜਾਂਦਾ ਹੈ, ਉਸ ਨੂੰ ਸੰਸਾਰ ਪੂਜੇਗਾ ਕਿਉਂਕਿ ਉਸ ਨੂੰ ਸਤਿ ਦਾ ਗਿਆਨ ਹੋ ਗਿਆ, ਸਤਿ ਦਾ ਥਹੁ ਪਤਾ ਲੱਗ ਗਿਆ। ਦੋਏ ਲਾਈਨਾਂ ਨੇ, ਬਹੁਤਾ ਨਹੀਂ ਹੈ। ਪਰ ਇਸ ਦੇ ਵਿਚ ਕਿੰਨੀ philosophy (ਤੱਤ ਗਿਆਨ) ਭਰੀ ਪਈ ਹੈ। ਪਹਿਲਾਂ 'ਜਪੁਜੀ ਸਾਹਿਬ', ਫੇਰ 1430 ਪੰਨਾ ਇਸ ਸੱਚ ਦੀ ਹੀ ਗੱਲ ਕਰ ਰਿਹਾ ਹੈ ਸਾਰੀ। ਹੁਣ ਗੁਰੂ ਮਹਾਰਾਜ ਨੇ ਬੜੀ ਕਿਰਪਾ ਕਰਕੇ ਸਾਨੂੰ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਲੜ

ਲਾ ਦਿੱਤਾ। ਇਹ ਅਕਾਲ ਪੁਰਖ ਤੇ ਦਸਾਂ ਗੁਰੂਆਂ ਦੀ ਜੋਤ ਕਹਿ ਕੇ ਅਸੀਂ ਇਨ੍ਹਾਂ ਦਾ ਸਤਿਕਾਰ ਕਰਦੇ ਹਾਂ। ਜਿਨ੍ਹਾਂ ਨੂੰ ਨਿਸ਼ਚਾ ਹੈ ਅਖਰਾਂ ਦੇ ਵਿਚ ਹੀ ਸੰਪੂਰਨ ਜੋਤ ਹੈ ਕਿਉਂਕਿ ਹਰ ਅੱਖਰ ਵਿਚ ਸ਼ਕਤੀ ਹੋਇਆ ਕਰਦੀ ਹੈ। ਹੁਣੇ ਸੰਤ ਦਸਦੇ ਸੀ ਕਿ ਜੇ ਸ਼ਬਦ ਸਿੱਧ ਕਰ ਲਿਆ ਜਾਵੇ ਤਾਂ ਉਸ ਦੇ ਵਿਚੋਂ ਸ਼ਕਤੀ ਆ ਜਾਂਦੀ ਹੈ। ਅੱਖਰ ਹੀ ਨੇ ਹੋਰ ਕੀ ਨੇ? ਅੱਖਰਾਂ ਦੇ ਨਾਲ ਕੋਈ ਗੱਲ ਬਣਦੀ ਹੁੰਦੀ ਹੈ। ਉਹ ਜਿਹੜਾ ਅੱਖਰ ਬਣਿਆ ਹੈ - ਪੂਰਾ ਅੱਖਰ, ਉਸਦੇ ਵਿਚ ਸ਼ਕਤੀ ਹੁੰਦੀ ਹੈ। ਹੁਣ ਅਸੀਂ ਸੋਟਾ ਕਹਿ ਦਿੱਤਾ, ਇਹ ਦੋ ਹੀ ਅੱਖਰ ਨੇ। ਸੋਟਾ ਕਹੇ ਤੋਂ ਸਾਡੀ ਨਿਗ੍ਹਾ ਦੇ ਵਿਚ ਸੋਟਾ ਆ ਜਾਏਗਾ। ਇਹ ਤਾਂ ਹੁਣ ਇਸ ਦੀ ਸਮਝ ਹੋ ਗਈ, ਹੁਣ ਅੱਗੇ ਇਸ ਦੀ ਸ਼ਕਤੀ ਕਿੰਨੀ ਹੈ। ਸ਼ਕਤੀ ਇਹ ਹੈ ਕਿ ਜਦੋਂ ਬੰਦਾ ਕਿਸੇ ਦੇ ਮਾਰੇ ਤਾਂ ਪੇਟ ਪਾੜ ਦਿੰਦਾ ਹੈ। ਉਹ ਗੁਪਤ ਹੈ ਚੀਜ਼। ਇਸੇ ਤਰ੍ਹਾਂ ਦੇ ਨਾਲ ਜਿਹੜਾ ਇਹ ਹੁਣ ਕਹਿੰਦੇ ਸੀ ਕਿ ਅਰਥ ਸਮਝ ਕੇ ਪੜ੍ਹੋ, ਉਹ ਬੜੀ ਡੂੰਘੀ ਬਾਤ ਹੈ, ਬਹੁਤ ਹੀ ਡੂੰਘੀ ਬਾਤ ਹੈ। ਵਿਰਲਾ-ਵਿਰਲਾ ਬੰਦਾ ਐਥੇ ਆਉਂਦਾ ਹੈ ਜਿਸਦੇ ਸਮਝ ਵਿਚ ਪੈਂਦੀ ਹੈ। ਪੜ੍ਹਾਈ-ਲਿਖਾਈ ਨਾਲ ਤਾਂ ਇਸਦਾ ਸਬੰਧ ਨਹੀਂ, ਨਾ Ph.D. ਨਾ D.lit. ਕੋਈ ਨਹੀਂ ਇਸ ਨੂੰ ਸਾਂਭ ਸਕਦਾ। ਸੰਤਾਂ ਦੇ ਲੇਖ ਤੁਸੀਂ ਪੜ੍ਹਦੇ ਹੋ, ਆਪਣੇ ਮੈਗਜ਼ੀਨ ਵਿਚ ਆਉਂਦੇ ਨੇ। ਪ੍ਰੋਫੈਸਰਾਂ ਦੇ ਨਹੀਂ ਪੜ੍ਹਦੇ ਕਿਉਂਕਿ ਪ੍ਰੋਫੈਸਰ ਉਥੇ ਪਹੁੰਚਦੇ ਨਹੀਂ। ਅਸੀਂ ਲੇਖ ਦਿੰਦੇ ਨਹੀਂ ਉਨ੍ਹਾਂ ਦੇ। ਉਹ ਉਰ੍ਹੇ-ਉਰ੍ਹੇ ਹੀ ਰਹਿ ਜਾਂਦੇ ਨੇ, ਅੱਖਰ ਤੋਂ ਅਗੇ ਸ਼ਕਤੀ ਵਿਚ ਨਹੀਂ ਜਾਂਦੇ, ਉਸ ਦੇ ਲੱਛਣਾਂ ਵਿਚ ਨਹੀਂ ਜਾਂਦੇ। ਅੱਖਰਾਂ ਤੱਕ ਤਾਂ ਉਹ ਪਹੁੰਚ ਜਾਂਦੇ ਨੇ, ਉਸ ਤੋਂ ਅੱਗੇ ਨਹੀਂ ਉਨ੍ਹਾਂ ਨੂੰ ਗਿਆਨ। ਫੇਰ ਮੈਂ reject (ਨਾ ਮਨਜ਼ੂਰ) ਕਰ ਦਿੰਦਾ ਹਾਂ ਕਿ ਨਾ ਭਾਈ! ਇਸ ਨੇ ਕਿਸੇ ਤੇ ਵੀ ਅਸਰ ਨਹੀਂ ਪਾਉਣਾ, ਇਹ ਤਾਂ ਬੁੱਧੀ ਮੰਡਲ ਵਿਚ ਜਾ ਕੇ ਜਮ੍ਹਾਂ ਹੋ ਜਾਣਗੇ।

ਸੋ ਇਸੇ ਤਰ੍ਹਾਂ ਦੇ ਨਾਲ ਗੁਰੂ ਗ੍ਰੰਥ ਸਾਹਿਬ ਦਾ ਅਸੀਂ ਜਦੋਂ ਆਪਣਾ ਗੁਰੂ ਧਾਰ ਕੇ ਸਤਿਕਾਰ ਕਰਦੇ ਹਾਂ ਤਾਂ ਗੁਰੂ ਗ੍ਰੰਥ ਸਾਹਿਬ ਦੇ ਵਿਚ ਜਿਹੜੇ ਸ਼ਬਦ ਨੇ, ਇਨ੍ਹਾਂ ਵਿਚ ਸ਼ਕਤੀ ਤੇ ਰਹਿਨੁਮਾਈ ਹੈ, ਇਹ ਗੱਲ ਮੇਰੀ ਸਮਝਿਓ। ਉਹ ਅਗਵਾਈ ਕੀ ਹੈ? ਗੁਰੂ ਮਹਾਰਾਜ ਕਹਿੰਦੇ ਕਿ ਤੂੰ ਸੰਤਾਂ ਨੂੰ ਜਾ ਕੇ ਮਿਲ। ਸਾਡਾ ਕੀ ਰੁਝਾਨ ਹੈ, ਅਸੀਂ ਕਹਿੰਦੇ ਹਾਂ ਤੂੰ ਹੀ ਸੰਤ ਹੈ, ਹੋਰ ਕੋਈ ਸੰਤ ਹੈ ਹੀ ਨਹੀਂ। ਇਕ ਤਰਕ ਵਾਲਾ ਇਹ ਕਹੇਗਾ ਕਿ ਜਿਸ ਧਰਮ ਦੇ ਵਿਚ ਹੋਰ ਸੰਤ ਹੀ ਨਹੀਂ ਬਣ ਸਕਦਾ, ਇਕੋ ਹੀ ਸੰਤ ਹੈ, ਉਹ ਧਰਮ ਅਧੂਰਾ ਹੈ, ਉਸ ਦੀ ਤਾਲੀਮ ਅਧੂਰੀ ਹੈ। ਕਿਉਂਕਿ ਵਿਦਿਆਰਥੀਆਂ, ਜਗਿਆਸੂਆਂ ਨੇ ਪੜ੍ਹਨਾ ਹੈ। ਜੇ D.lit ਬਣ ਹੀ ਨਹੀਂ ਸਕਿਆ, ਕੋਈ Doctorate (ਆਚਾਰੀਆ ਪਦ, ਡਾਕਟਰ ਦੀ ਉਪਾਧੀ) ਹਾਸਲ ਨਹੀਂ ਕਰੀ, ਉਹ ਵਿਦਿਆ ਅਧੂਰੀ ਹੈ। ਉਹ ਜੇ ਪੰਜਵੀਂ, ਸੱਤਵੀਂ, ਅੱਠਵੀਂ ਵੀ ਪਾਸ ਨਹੀਂ ਕਰਾ ਸਕੀ, ਕੋਈ ਕੁਝ ਬਣਦਾ ਹੀ ਨਹੀਂ, ਫੇਰ ਉਸ ਵਿਦਿਆ ਦਾ ਫਾਇਦਾ ਕੀ ਹੈ? ਉਸ ਗੁਰੂ ਦਾ ਕੀ ਫਾਇਦਾ ਹੈ ਜਿਹੜਾ ਜਗਿਆਸੂ ਨੂੰ ਪ੍ਰਮੇਸ਼ਰ ਨਾ ਬਣਾ ਸਕੇ ਕਿਉਂਕਿ ਸਾਡਾ ਜੋ ਅੰਤਮ ਨਿਸ਼ਾਨਾ ਹੈ, ਧੇਅ ਹੈ, ਉਹ ਇਹ ਹੈ ਕਿ ਇਹੀ ਜੀਵ, ਜਿਹੜਾ ਹੇਠਾਂ ਉਤਰ ਕੇ ਜੀਵ ਕੁਹਾਉਣ ਲੱਗ ਪਿਆ, ਹੋਰ ਪੜ੍ਹਿਆ ਹੋਇਆ ਇਸ ਨੂੰ ਜੀਵ ਆਤਮਾ ਕਹਿ ਦਿੰਦਾ ਹੈ, ਉਹ ਜੀਵ ਭਾਵ ਹੀ ਨਾ

ਜੋ ਤੋੜ ਸਕਿਆ ਗੁਰੂ, ਤਾਂ ਉਹ ਗੁਰੂ ਅਧੂਰਾ ਹੈ। ਕਬੀਰ ਸਾਹਿਬ ਕਹਿੰਦੇ –

*ਕਬੀਰ ਮਾਇ ਮੂੰਡਉ ਤਿਹ ਗੁਰੂ ਕੀ*
*ਜਾ ਤੇ ਭਰਮੁ ਨ ਜਾਇ॥*
*ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥*

***ਅੰਗ – 1371***

ਫੇਰ ਦਸੋ ਉਸਨੂੰ ਗੁਰੂ ਬਣਾਉਣ ਦਾ ਫਾਇਦਾ ਕੀ ਜੇ ਰੂਹਾਨੀ ਤਰੱਕੀ ਹੀ ਨਾ ਹੋਈ। ਗੁਰੂ ਗ੍ਰੰਥ ਸਾਹਿਬ ਸੰਤ ਬਣਾਉਂਦੇ ਹਨ। ਸੰਤ ਕੀ ਹੁੰਦਾ ਹੈ? ਮਹਾਰਾਜ ਕਹਿੰਦੇ ਸੰਤ ਦੀ ਵੀ ਪ੍ਰੀਭਾਸ਼ਾ ਹੈ –

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*

***ਅੰਗ – 397***

ਉਹ ਰੱਬ ਵਰਗਾ ਬਣਾ ਦਿੰਦਾ ਹੈ –

*ਕਬੀਰ ਤੂੰ ਤੂੰ ਕਰਤਾ ਤੂ ਹੂਆ*
*ਮੁਝ ਮਹਿ ਰਹਾ ਨ ਹੂੰ॥*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ॥* ***ਅੰਗ – 1376***

ਨਾ ਤਾਂ ਉਸ ਦਾ ਕੋਈ ਭੇਖ ਹੁੰਦਾ ਹੈ, ਇਹ ਵੀ ਮੈਂ ਬੇਨਤੀ ਕਰ ਦੇਵਾਂ। ਸੰਤ ਦੇ ਉਤੇ ਬੜਾ ਵਾਦ-ਵਿਵਾਦ ਹੈ ਕਿਉਂਕਿ ਭੇਖ ਨਾਲ ਤਾਂ ਅਸੀਂ ਜਦੇ ਹੀ ਸੰਤ ਬਣ ਜਾਂਦੇ ਹਾਂ। ਕਿਸੇ ਨੂੰ ਵੀ ਚੋਲਾ ਪੁਆ ਕੇ ਗੜਵਾ-ਵਗੈਰਾ ਫੜਾ ਦੇਈਏ, ਸ੍ਰੀ ਸਾਹਿਬ ਫੜੀ ਹੋਈ ਹੈ, ਬੜਾ ਕੁਝ ਹੈ ਅਡੰਬਰ, 50-60 ਬੰਦੇ ਪਿਛੇ ਆ ਰਹੇ ਨੇ, 'ਪਰ੍ਹੇ ਹਟ ਜਾਉ, ਪਰ੍ਹੇ ਹਟ ਜਾਉ' ਕਰਦੇ ਤੁਰੇ ਆ ਰਹੇ ਨੇ, ਉਹ ਇਸ ਤਰ੍ਹਾਂ ਨਹੀਂ ਸੰਤ ਬਣਦਾ ਹੁੰਦਾ। ਛੋਟੀ ਬੁੱਧ ਵਾਲਿਆਂ ਨੂੰ ਤਾਂ ਹੁੰਦਾ ਹੈ, ਤਰਕ ਵਾਲਿਆਂ ਨੂੰ ਤਰਕ ਜਾਗ ਪੈਂਦੀ ਹੈ ਜਿਹੜੇ ਤਿੱਖੀ ਬੁੱਧੀ ਦੇ ਮਾਲਕ ਨੇ। ਮਹਾਰਾਜ ਕਹਿੰਦੇ ਸੰਤ ਜਿਹੜਾ ਹੁੰਦਾ ਹੈ ਉਸ ਨੂੰ ਇਕ ਸੁਆਸ ਵੀ ਪ੍ਰਮੇਸ਼ਰ ਕਦੇ ਨਹੀਂ ਭੁਲਦਾ। ਉਨ੍ਹਾਂ ਦੀ ਬਿਰਤੀ ਮਾਇਆਕਾਰੀ ਕਦੇ ਵੀ ਨਹੀਂ ਹੁੰਦੀ, ਸਦਾ ਹੀ ਆਤਮਕਾਰ ਬਿਰਤੀ ਰਹਿੰਦੀ ਹੈ –

*ਜਿਨਾ ਸਾਸਿ ਗਿਰਾਸਿ ਨ ਵਿਸਰੈ*
*ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥*

***ਅੰਗ – 319***

ਉਹ ਬਹੁਤ ਘੱਟ ਨੇ, ਹੈ ਨਹੀਂ, ਨਜ਼ਰ ਨਹੀਂ ਆਉਂਦੇ। ਫੇਰ ਕਹਿੰਦੇ ਸਾਨੂੰ ਪਤਾ ਕਿਵੇਂ ਲੱਗੇ? ਗੁਰੂ ਮਹਾਰਾਜ ਕਹਿੰਦੇ ਜੇ ਤੁਸੀਂ ਪਤਾ ਲਾਉਣਾ ਚਾਹੁੰਦੇ ਹੋ – ਸੱਚੀ ਮੁੱਚੀ, ਤਾਂ ਇਹ ਹੁੰਦਾ ਹੈ ਕਿ ਸੰਤ ਜੇ ਕੋਲ ਆ ਜਾਵੇ ਤਾਂ ਵਾਹਿਗੁਰੂ ਵਾਹਿਗੁਰੂ ਆਪੇ ਹੀ ਹੋਣ ਲੱਗ ਜਾਂਦਾ ਹੈ, ਆਪਣੇ ਆਪ ਹੀ ਚਲ ਪੈਂਦਾ ਹੈ ਨਾਮ। ਬਾਣੀ ਵਿਚ ਕਹਿੰਦੇ ਨੇ –

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥ ਅੰਗ - 520*

ਦਰਸ਼ਨ ਕਰਦੀ ਸਾਰ ਅੰਦਰਲੇ ਪਾਸੇ ਪਰਿਵਰਤਨ ਹੋਕੇ ਸਾਰੇ ਖਿਆਲ ਦਬ ਜਾਂਦੇ ਨੇ ਤੇ ਅੰਦਰ ਕੀ ਹੋਣ ਲੱਗ ਜਾਂਦਾ ਹੈ? ਜਿਹੜੀ ਧੁਨ ਸਾਡੇ ਅੰਦਰ ਚਲਦੀ ਹੈ ਨਾਮ ਦੀ, ਉਹ ਉਪਰ ਆ ਕੇ ਤੇ ਮਧਮਾ ਨੂੰ ਪਾਰ ਕਰਕੇ ਜੀਭ ਦੇ ਉਤੇ ਆ ਕੇ ਵਾਹਿਗੁਰੂ ਵਾਹਿਗੁਰੂ ਹੋਣਾ ਸ਼ੁਰੂ ਹੋ ਜਾਊ vibration ਤਰੰਗ ਲਹਿਰ ਆ ਜਾਏਗੀ ਸਰੀਰ ਵਿਚ। ਇਹ ਸੰਤ ਦੀ ਨਿਸ਼ਾਨੀ ਹੈ, ਦੇਖਦੀਸਾਰ ਪਰਿਵਰਤਨ ਹੁੰਦਾ ਹੈ। ਸੋ ਕਹਿੰਦੇ ਉਨ੍ਹਾਂ ਕੋਲ ਜਾਓ ਤੁਸੀਂ, ਉਹ ਚਾਹੇ ਫੌਜ ਵਿਚ ਨੌਕਰੀ ਕਰਦਾ ਹੈ, ਚਾਹੇ ਉਹ ਹਲ ਚਲਾ ਰਿਹਾ ਹੈ, ਚਾਹੇ ਉਹ ਕਿਸੇ ਆਸ਼ਰਮ ਦੇ ਵਿਚ ਬੈਠਾ ਹੈ, ਚਾਹੇ ਉਹ ਸਕੂਲ ਵਿਚ ਪੜ੍ਹਾ ਰਿਹਾ ਹੈ, ਚਾਹੇ ਉਹ ਹੋਰ ਕਿਰਿਆ ਕਰਦਾ ਹੈ। ਯਾਦ ਕਰਨਾ ਹੋਰ ਚੀਜ਼ ਹੈ - ਆਸ਼ਰਮਾਂ ਵਿਚ ਬਹਿਣਾ, ਡੇਰਿਆਂ ਵਿਚ ਬਹਿਣਾ, ਚੋਲੇ ਧਾਰ ਲੈਣੇ; ਉਹ ਉਨ੍ਹਾਂ ਦਾ ਸਵੈ-ਅਨੁਸ਼ਾਸ਼ਨ ਹੁੰਦਾ ਹੈ। ਸੰਤ ਨਾਲ ਇਸ ਦਾ ਸਬੰਧ ਨਹੀਂ ਹੈ, ਇਹ ਜਮਾਤ ਨਾਲ, ਸੰਪਰਦਾ ਨਾਲ ਸਬੰਧ ਹੁੰਦਾ ਹੈ, ਜਿਵੇਂ ਅਸੀਂ ਪੰਜ ਕਕਾਰ ਪਹਿਨ ਲੈਂਦੇ ਹਾਂ। ਸਾਡੀ ਸੰਪਰਦਾ ਨਾਲ ਇਸ ਦਾ ਸੰਬੰਧ ਹੈ। ਦੂਰੋਂ ਦੇਖ ਕੇ ਅਗਲਾ ਕਹੇਗਾ ਕਿ ਇਹ ਸਿੰਘ ਹੈ। ਸਿੰਘ ਬਣ ਗਏ ਜਾਂ ਨਹੀਂ ਬਣੇ, ਖਾਲਸਾ ਬਣ ਗਏ ਜਾਂ ਨਹੀਂ ਬਣੇ। ਉਸ ਦੇ ਬਾਰੇ ਮਹਾਰਾਜ ਕਹਿੰਦੇ -

*ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥ (ਸਰਬ ਲੋਹ ਗ੍ਰੰਥ 'ਚੋਂ)*

ਇਥੇ ਅਸੀਂ ਖੁੰਝ ਜਾਂਦੇ ਹਾਂ, ਅਸੀਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੁਣਦੇ ਹਾਂ, ਅੱਗੇ ਨਹੀਂ ਕਦਮ ਪੱਟਦੇ। ਸੰਤ ਕੋਈ ਵੀ ਆਪਣੇ ਪਿਛੇ ਨਹੀਂ ਲਾਇਆ ਕਰਦਾ ਕਿਉਂਕਿ ਸੰਤ ਹੁੰਦਾ ਨਹੀਂ। ਜਿਸ ਨੂੰ ਕਹਿੰਦੇ ਨੇ ਹੈ, ਉਹ ਹੁੰਦਾ ਨਹੀਂ ਦਰਅਸਲ। ਉਸ ਨੂੰ ਕਹਿੰਦੇ ਹੀ ਤਾਂ ਨੇ ਸੰਤ -

*ਜਬ ਹਮ ਹੋਤੇ ਤਬ ਤੂ ਨਾਹੀ*
*ਅਬ ਤੂਹੀ ਮੈ ਨਾਹੀ॥ ਅੰਗ - 657*

ਉਹ ਜਿਹੜੀ ਮੈਂ ਸੀ ਇਸ ਦੇ ਵਿਚ ਉਹ disolve (ਘੁਲ) ਹੋ ਗਈ। ਹੁਣੇ ਸੰਤਾਂ ਨੇ ਤੁਹਾਨੂੰ ਦੱਸਿਆ ਸੀ -

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ॥ ਅੰਗ - 624*

ਉਹ ਜਿਹੜੀ ਮੈਂ ਹੈ, ਰੱਬ ਦੇ ਦਰਮਿਆਨ ਓਹੀ ਪੜਦਾ ਹੈ। ਜਿਸ ਦੀ ਮੈਂ ਨਿਕਲ ਗਈ ਉਹ ਪਰਦਾ ਟੁਟ ਗਿਆ, ਉਹ ਰੱਬ ਹੋ ਗਿਆ। ਬੜਾ ਸਿਧਾ ਗਿਆਨ ਗੁਰੂ ਮਹਾਰਾਜ ਨੇ ਦਿੱਤਾ ਹੈ। ਜੇ ਮੈਂ ਇਸ ਗੱਲ ਦੀ ਵਿਆਖਿਆ ਕਰਾਂ ਤਾਂ ਬੜੀ ਲੰਮੀ ਚੌੜੀ ਹੈ। ਕਿਉਂਕਿ ਪਹਿਲਾਂ ਉਲਝ ਗਏ ਸੀ ਸਾਰੇ ਜਗਿਆਸੂ। ਗੁਰੂ ਨਾਨਕ ਸਾਹਿਬ ਦੇ ਆਉਣ ਤੋਂ ਪਹਿਲਾਂ ਬੜਾ ਹੀ ਰੌਲਾ-ਰੱਪਾ ਸੀ ਰੂਹਾਨੀਅਤ ਦੇ ਵਿਚ, ਬੁਰੀ ਤਰ੍ਹਾਂ ਉਲਝ ਗਏ ਸੀ। ਕੋਈ ਵੀ

ਨਿਕਲਣ ਦਾ ਰਾਹ ਨਹੀਂ ਸੀ ਲੇਕਿਨ ਇਸਲਾਮ ਵਾਲਿਆਂ ਕੋਲ ਸੀ। ਉਹ ਵੀ ਗਿਣਵੇਂ ਬੰਦਿਆਂ ਕੋਲ ਜਿਹੜੇ ਸ਼ਰ੍ਹਾ ਦੀ ਹੱਦ ਨੂੰ ਪਾੜ ਕੇ ਤਰੀਕਤ, ਹਕੀਕਤ, ਮਾਰਫਤ ਦੇ ਵਿਚ ਪਹੁੰਚ ਗਏ ਸੀ। ਪਰ ਉਹ ਸਮਝਦੇ ਨਹੀਂ ਹਨ। ਬੜੀ ਤਕਲੀਫ ਦਿੱਤੀ - ਕਿਸੇ ਦੀ ਖੱਲ ਲਾਹ ਦਿੱਤੀ, ਕਿਸੇ ਨੂੰ ਸੂਲੀ ਤੇ ਚਾੜ੍ਹ ਦਿੱਤਾ ਕਿਉਂਕਿ ਉਹ ਨਹੀਂ ਨਿਕਲਣ ਦੇਣਾ ਚਾਹੁੰਦੇ ਸੀ ਪਰ ਸੰਤ ਦਾ ਅਭਾਵ ਨਹੀਂ ਹੁੰਦਾ ਕਦੇ। ਪਰ ਉਹ ਵਿਰਲੇ-ਵਿਰਲੇ ਹੁੰਦੇ ਨੇ।

ਸੋ ਸੰਤਾਂ ਦਾ ਤੁਸੀਂ ਦਰਸ਼ਨ ਕਰਿਆ - ਸੰਤ ਕਲਿਆਣ ਦਾਸ ਜੀ ਦਾ, ਇਨ੍ਹਾਂ ਦੇ ਬਚਨ ਸੁਣੇ ਨੇ ਬਚਨਾਂ ਤੋਂ ਹੀ ਪਤਾ ਲਗਦਾ ਹੈ ਕਿ ਹਾਂ, ਕੋਈ ਜੋਤ ਇਨ੍ਹਾਂ ਦੇ ਅੰਦਰ ਜਗ ਰਹੀ ਹੈ। ਕੋਈ ਰੌਸ਼ਨੀ ਹੈ ਜਿਸ ਦੇ ਵਿਚੋਂ ਇਹ ਬੋਲ ਰਹੇ ਨੇ। ਯਾਦਾਸ਼ਤ ਦੇ ਬਲ ਤੇ ਨਹੀਂ ਬੋਲਦੇ, ਕੋਈ ਚੀਜ਼ ਦੇਖ ਕੇ ਗੱਲ ਕਰ ਰਹੇ ਨੇ। ਸੋ ਬੜੇ ਸਾਡੇ ਭਾਗ ਚੰਗੇ ਨੇ ਕਿ ਇਨ੍ਹਾਂ ਨੇ ਕਿਹਾ ਕਿ ਮੈਂ ਚਾਰੇ ਦਿਨ ਆਵਾਂਗਾ। ਭਾਵੇਂ ਬਹੁਤ ਰੁਝੇ ਹੋਏ ਨੇ, ਥੋੜ੍ਹਾ ਨਹੀਂ। ਕੱਲ੍ਹ ਜਦੋਂ ਮੈਂ ਗਿਆ ਤਾਂ ਬੜਾ ਕੰਮ ਕਰਾ ਰਹੇ ਸੀ। ਫੇਰ ਮੇਰੇ ਖਿਆਲ ਆਇਆ ਕਿ ਸੰਤਾਂ ਨੂੰ ਤਾਂ ਬਹੁਤ ਕੰਮ ਹੈ, ਕਈ ਗੱਲਾਂ ਮੇਰੇ ਮਨ ਵਿਚ ਆਈਆਂ ਕਿ ਅਸੀਂ ਛੇਤੀ ਭੇਜ ਦਿਆ ਕਰਾਂਗੇ ਪਰ ਫੇਰ ਛੇਤੀ ਭੇਜਣ ਨੂੰ ਮੇਰਾ ਜੀਅ ਨਹੀਂ ਕਰਦਾ। ਮੈਂ ਕਹਿੰਦਾ ਹਾਂ ਕਿ ਇਹ ਸ਼ਸ਼ੋਭਤ ਰਹਿਣ, ਪ੍ਰਤਾਪ ਹੁੰਦਾ ਹੈ ਮਹਾਤਮਾ ਦੇ ਦਰਸ਼ਨਾਂ ਦਾ। ਸਾਡਾ ਵੀ ਭਲਾ ਹੋ ਜਾਏਗਾ। ਸੋ ਹੁਣ ਮੈਂ ਬੇਨਤੀ ਜਿਹੜੀ ਕੱਲ੍ਹ ਕਰਦਾ ਸੀ ਉਹ ਬਹੁਤ ਪ੍ਰੇਮੀਆਂ ਨੇ ਬੜੇ ਧਿਆਨ ਨਾਲ ਸਰਵਣ ਕਰੀ। ਉਹ ਸੀ ਪ੍ਰਮੇਸ਼ਰ ਦੇ ਨਾਮ ਬਾਰੇ ਕਿ ਸੰਸਾਰ ਨੂੰ ਨਹੀਂ ਪਤਾ ਕਿ -

***ਨਾਮ ਕੀ ਮਹਿਮਾ ਸੰਤ ਰਿਦ ਵਸੈ॥***
***ਸੰਤ ਪ੍ਰਤਾਪਿ ਦੁਰਤੁ ਸਭੁ ਨਸੈ॥***
***ਸੰਤ ਕਾ ਸੰਗੁ ਵਡਭਾਗੀ ਪਾਈਐ॥***
***ਸੰਤ ਕੀ ਸੇਵਾ ਨਾਮੁ ਧਿਆਈਐ॥***
***ਨਾਮ ਤੁਲਿ ਕਛੁ ਅਵਰੁ ਨ ਹੋਇ॥***
***ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥ ਅੰਗ - 265***

ਹੁਣ ਸਾਡਾ ਜੀਵਨ, ਕਿਸ ਤਰੀਕੇ ਦੇ ਨਾਲ ਅਸੀਂ ਪਾਰ ਲੰਘ ਸਕਦੇ ਹਾਂ। ਦਿਨ ਸਾਡੇ ਕੋਲ 4 ਨੇ, ਵਿਸ਼ਾ ਸਾਡੇ ਕੋਲ ਪੂਰੀ ਜ਼ਿੰਦਗੀ ਦਾ ਹੈ। ਇਕ ਜਗਿਆਸੂ ਨੂੰ ਚੁੱਕ ਕੇ ਪ੍ਰਮੇਸ਼ਰ ਤੱਕ ਪਹੁੰਚਾਉਣਾ ਹੈ - 4 ਦਿਨਾਂ ਦੇ ਅੰਦਰ ਅੰਦਰ। ਇਨ੍ਹਾਂ ਨੇ ਵੀ ਬਚਨ ਸੁਣਾਉਣੇ ਨੇ, ਮੈਨੂੰ ਵੀ ਮਹਾਰਾਜ ਪ੍ਰੇਰਨਾ ਕਰਨਗੇ ਜਿਥੋਂ ਤੱਕ ਹੋ ਸਕੇਗਾ, ਜਿਥੇ ਤੱਕ ਅਸੀਂ ਗੱਲ ਕਰਾਂਗੇ ਠੀਕ ਹੈ। ਸੋ ਇਸ ਦੇ ਵਾਸਤੇ ਸੁਖਾਲਾ ਰਾਹ ਕਿਹੜਾ ਹੈ? ਅਸੀਂ ਗ੍ਰਿਹਸਤੀ ਕਿਵੇਂ ਲੰਘ ਸਕਦੇ ਹਾਂ? ਕਿਉਂਕਿ ਮਹਾਰਾਜ ਦੀ ਸਿਧਾਂ ਦੇ ਨਾਲ ਬੜੀ ਲੰਮੀ ਚੌੜੀ ਵਾਰਤਾ ਹੋਈ, ਜਿਹੜੀ ਸਿਧ ਗੋਸਟਿ ਵਿਚ ਹੈ। ਸਿਧ ਗੋਸਟਿ ਬਾਣੀ ਜਿਸ ਨੂੰ ਸਮਝ ਆ ਗਈ ਉਹ ਰੂਹਾਨੀਅਤ ਦੀ ਬੜੀ ਉਚੀ ਅਵਸਥਾ ਤੱਕ ਪਹੁੰਚ ਗਿਆ ਕਿਉਂਕਿ ਬਹੁਤ ਉਚੀਆਂ ਬਾਤਾਂ ਨੇ। ਜਿਹੜੇ ਗੋਰਖਨਾਥ ਵਗੈਰਾ ਸੀ ਇਨ੍ਹਾਂ ਦੇ ਮੁਕਾਬਲੇ ਤੇ ਉਸ ਵੇਲੇ ਕੋਈ ਹੈ ਨਹੀਂ ਸੀ। ਉਨ੍ਹਾਂ ਨੇ ਅੰਦਰੋਂ ਪ੍ਰਤੱਖ ਕਰਕੇ ਦੇਖਿਆ ਹੋਇਆ ਸੀ, ਉਥੇ ਦੀ ਗੱਲ ਕਰਦੇ ਸੀ। ਗੁਰੂ ਨਾਨਕ

ਪਾਤਸ਼ਾਹ ਕਹਿੰਦੇ ਸੀ ਕਿ ਇਥੇ ਨਾ ਰੁਕੋ, ਤੁਸੀਂ ਇਸ ਤੋਂ ਅੱਗੇ ਚਲੋ। ਉਨ੍ਹਾਂ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਬੜਾ ਕੁਝ ਕਰਕੇ ਦਿਖਾਇਆ। ਮਹਾਰਾਜ ਕਹਿੰਦੇ ਨਹੀਂ, ਇਹ ਤਾਂ ਤੁਸੀਂ ਰਾਹ ਵਿਚ ਫਸੇ ਹੋਏ ਹੋ।

ਉਹ ਕਹਿਣ ਲੱਗੇ, "ਹੇ ਨਾਨਕ! ਤੂੰ ਆਪਣੇ ਸਿੱਖਾਂ ਨੂੰ ਕਹੀ ਜਾਂਦਾ ਹੈਂ ਕਿ ਤੁਸੀਂ ਗ੍ਰਿਹਸਤ ਵਿਚ ਰਹੋ, ਗ੍ਰਿਹਸਤ ਵਿਚ ਰਹੋ, ਲੋਕਾਂ ਦੇ ਦਰਾਂ ਤੇ ਜਾ ਕੇ ਭਿਖਿਆ ਨਾ ਮੰਗੋ, ਕਮਾਈ ਕਰੋ - ਦਸਾਂ ਨਹੁੰਆਂ ਦੀ, ਨਾਮ ਜਪੋ। ਗ੍ਰਿਹਸਤੀ ਲੰਘ ਕਿਵੇਂ ਸਕਦਾ ਹੈ? ਉਸ ਦੇ ਦੁਆਲੇ ਤਾਂ ਇੰਨੇ ਜੰਜਾਲ ਹੁੰਦੇ ਨੇ।"

***ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ॥ ਅੰਗ - 1385***

'ਪੰਜਾਹ ਸ਼ਿਕਾਰੀ ਇਕ ਪੰਛੀ ਨੂੰ ਫੜਨ ਵਾਸਤੇ ਖੜ੍ਹੇ ਨੇ। ਗ੍ਰਹਿਸਤੀ ਦਾ ਮਨ ਇਕਾਗਰ ਨਹੀਂ ਹੋ ਸਕਦਾ। ਉਹ ਮੋਹ ਵਿਚ ਐਨਾ ਗਲਤਾਨ ਹੋ ਜਾਂਦਾ ਹੈ, ਕਿਤੇ ਕੋਈ ਬੱਚਾ ਬਿਮਾਰ ਹੋ ਜਾਂਦਾ ਹੈ, ਕਦੇ ਕਿਸੇ ਕੁੜਮ ਦਾ ਦਿਹਾਂਤ ਹੋ ਗਿਆ, ਕਦੇ ਕੋਈ ਭਰਾ ਦਾ ਹੋ ਗਿਆ, ਕਦੇ ਕੋਈ ਨੁਕਸ ਆ ਗਿਆ, ਕਦੇ ਕੋਈ ਨੁਕਸ ਗਿਆ। ਉਹ ਤਾਂ ਮੋਹ ਦੇ ਚੱਕਰ ਵਿਚੋਂ ਹੀ ਨਹੀਂ ਨਿਕਲ ਸਕਦਾ। ਜਿਹੋ ਜਿਹਾ 'ਚੱਕਰਵਿਊ' ਸੀ, ਇਹੋ ਜਿਹੇ ਚੱਕਰ ਵਿਚ ਫਸਿਆ ਹੋਇਆ ਗ੍ਰਹਿਸਤੀ ਨਿਕਲ ਕਿਵੇਂ ਜਾਏਗਾ? ਬਿਲਕੁਲ ਨਹੀਂ ਨਿਕਲ ਸਕਦਾ। ਹੇ ਗੁਰੂ ਨਾਨਕ! ਤੂੰ ਤਰਸ ਕਰ, ਤੂੰ ਸਾਡਾ ਮਾਰਗ ਅਪਣਾਅ ਕੇ ਦੇਖ, ਜੋਗੀਆਂ ਵਾਲੇ ਇਸ ਮਾਰਗ ਦਾ ਪ੍ਰਚਾਰ ਕਰ।"

ਮਹਾਰਾਜ ਕਹਿੰਦੇ, "ਗੋਰਖ ਨਾਥ! ਕਲਜੁਗ ਦਾ ਸਮਾਂ ਆ ਗਿਆ। ਆਦਮੀ ਜਿਹੜੇ ਨੇ ਇਨ੍ਹਾਂ ਦਾ ਚਰਿੱਤਰ ਐਨਾ ਪਤਲਾ ਹੋ ਗਿਆ ਕਿ ਸਰੀਰ ਦੀ ਰਕਸ਼ਾ ਵਾਸਤੇ ਜਿਹੜੀਆਂ sensual ਸਰੀਰਕ ਸ਼ਕਤੀਆਂ ਚੀਜ਼ਾਂ ਨੇ ਉਨ੍ਹਾਂ ਤਾਕਤਾਂ ਨੂੰ ਇਹ ਸੰਭਾਲ ਕੇ ਰੱਖ ਨਹੀਂ ਸਕਦਾ। ਜ਼ਾਇਆ ਕਰੀ ਜਾਂਦਾ ਹੈ ਵਿਸ਼ਿਆਂ ਵਿਚ ਪੈ ਕੇ। ਕਾਮ ਵਿਚ ਪੈ ਕੇ ਉਹ ਜਿਹੜੀ vital force (ਜੀਵਨ ਲਈ ਅਤਿ ਜ਼ਰੂਰੀ ਤਾਕਤ) ਹੈ ਉਸ ਨੂੰ ਖਤਮ ਕਰ ਦਿੰਦਾ ਹੈ। ਜੇ ਫੇਰ ਮੈਂ ਇਨ੍ਹਾਂ ਨੂੰ ਪ੍ਰਾਣਾਯਾਮ ਤੇ ਲਾ ਦਿਆਂ, 1000 ਬੰਦਿਆਂ ਵਿਚੋਂ ਸ਼ਾਇਦ ਇਕ ਲੰਘ ਜਾਵੇ ਤਾਂ ਲੰਘ ਜਾਵੇ, 999 ਨੂੰ ਕੋਈ ਹਸਪਤਾਲ ਨਹੀਂ ਜਿਹੜਾ ਸਾਂਭ ਲਏ, ਕਮਲੇ (ਪਾਗਲ) ਹੋ ਜਾਣਗੇ, ਮੈਂ ਕਮਲੇ ਨਹੀਂ ਕਰਨੇ ਗ੍ਰਿਹਸਤੀ। ਅਸੀਂ ਗ੍ਰਿਹਸਤੀਆਂ ਦਾ ਧਰਮ ਦੇਣਾ ਹੈ, ਕਿਰਤ ਕਰਨ ਵਾਲਿਆਂ ਦਾ ਦੇਣਾ ਹੈ। ਨਾਮ ਜਪਣਾ, ਕਿਰਤ ਕਰਨਾ, ਕਿਰਤ ਕਰਕੇ ਫੇਰ ਵੰਡ ਕੇ ਛਕਣਾ। ਨਿਯਮ ਐਸੇ ਬਣਾ ਦੇਣੇ ਨੇ। ਸੋ ਇਹ ਤੁਹਾਡੇ ਵਾਲਾ ਤਪ ਨਹੀਂ ਕਰਵਾਉਣਾ, ਗੁਫਾਵਾਂ ਵਿਚ ਲਿਆ ਕੇ ਨਹੀਂ ਮੈਂ ਆਪਣੇ ਸਿੱਖ ਨੂੰ ਬਿਠਾਉਣਾ, ਬਰਫਾਂ ਵਿਚ ਨਹੀਂ ਬਿਠਾਉਣਾ, ਪੁੱਠੇ ਨਹੀਂ ਲਟਕਣ ਦੇਣਾ, ਭੁੱਖਾ ਨਹੀਂ ਮੈਂ ਰਹਿਣ ਦੇਣਾ। ਇਹ ਸਭ ਸਾਧਨ ਬਾਹਰਲੇ-ਬਾਹਰਲੇ ਨੇ। ਅਸੀਂ ਐਸਾ ਮਾਰਗ ਦੇਵਾਂਗੇ ਜਿਸ ਦੇ ਨਾਲ ਕਾਰੋਬਾਰ ਕਰਦਾ ਹੋਇਆ, ਬਾਲ-ਬੱਚੇ ਪਾਲਦਾ ਹੋਇਆ, ਸਮਾਜ ਵਿਚ ਰਹਿੰਦਾ ਹੋਇਆ ਨਾਲੇ ਤਾਂ ਸਮਾਜ ਨੂੰ ਸਵਰਗ ਬਣਾ ਦਏਗਾ, ਉਸਦੇ ਵਿਚੋਂ ਬੁਰਿਆਈਆਂ ਕੱਢ ਦਏਗਾ ਤੇ ਨਾਲੇ ਇਹ ਪ੍ਰਮੇਸ਼ਰ ਨੂੰ ਮਿਲ ਜਾਏਗਾ।

ਸੋ ਸਾਧਨ ਬੜਾ ਹੀ ਸੁਖਾਲਾ ਹੈ ਇਥੇ ਸਾਰੇ ਦੁੱਖਾਂ ਦੇ ਖਾਤਮੇ ਵਾਸਤੇ ਪ੍ਰਮੇਸ਼ਰ ਦਾ ਨਾਮ ਹੈ ਤੇ ਛੇਤੀ ਤਰਨ ਵਾਸਤੇ ਪ੍ਰਮੇਸ਼ਰ ਦੀ ਸੇਵਾ, ਸੰਗਤ ਦੀ ਸੇਵਾ, ਗੁਰੂ ਦੀ ਸੇਵਾ, ਸੰਸਾਰ ਦੀ ਸੇਵਾ। ਜਦੋਂ ਨਿਸ਼ਕਾਮ ਹੋਕੇ ਸੇਵਾ ਕਰਦਾ ਹੈ 'ਨਿਹਕਾਮ' ਹੋਕੇ ਸੇਵਾ ਕਰੇਗਾ ਤਾਂ ਵਾਹਿਗੁਰੂ ਨੇ ਇਸ ਨੂੰ ਮਿਲਣਾ ਹੀ ਮਿਲਣਾ ਹੈ ਕਿਉਂਕਿ ਨਾਮ ਦੇ ਵਿਚ ਐਨਾ ਬਲ ਹੈ। ਜਹਾਜ ਦਾ ਇਕ ਫੰਗ (ਖੰਭ) ਤਾਂ ਇਹ ਨਾਮ ਹੋ ਗਿਆ, ਦੂਜਾ ਹੋ ਗਿਆ 'ਸੇਵਾ'।"

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥***

***ਅੰਗ - 286***

ਇਉਂ ਪੜ੍ਹ ਲਓ, ਸਾਰੇ ਪ੍ਰੇਮੀ ਬੋਲਿਆ ਕਰੋ -

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦਾ -2, 2.***

ਬੜਾ ਹੀ ਸੁਖਾਲਾ ਰਾਹ ਹੈ ਨਾਮ ਜਪਣ ਵਾਸਤੇ। ਘਰ ਛੱਡਣ ਦੀ ਲੋੜ ਨਹੀਂ ਹੈ, ਕੋਈ ਕੰਮ ਛੱਡਣ ਦੀ ਲੋੜ ਨਹੀਂ। ਹਲ ਚਲਾਉਣਾ ਹੈ, ਅੰਮ੍ਰਿਤ ਵੇਲੇ ਪਾਣੀ ਲਾਉਣਾ ਹੈ, ਕੋਈ ਬਾਤ ਨਹੀਂ, ਨਾਮ ਉਥੇ ਹੀ ਜਪਿਆ ਜਾ ਸਕਦਾ ਹੈ। ਬਹੁਤ ਹੀ ਸੁਖਾਲਾ ਰਾਹ ਹੈ। ਹੱਥ ਪੈਰ ਤਾਂ ਸਫਲ ਹੁੰਦੇ ਨੇ ਜੇ ਸੇਵਾ ਕਰੇ। ਜੇ ਸੇਵਾ ਨਹੀਂ ਕਰਦਾ, ਮਹਾਰਾਜ ਕਹਿੰਦੇ ਕਿ ਬਿਨਾਂ ਸੇਵਾ ਤੋਂ ਹੱਥ ਤੇ ਪੈਰ ਧ੍ਰਿਕਾਰਯੋਗ ਨੇ। 100 ਵਾਰੀ ਫਿੱਟੇ - ਮੂੰਹ ਕਹੋ, ਇਕ ਵਾਰੀ ਧਿਰਕਾਰਯੋਗ ਕਹਿ ਦਿਓ। ਕਿਉਂ, ਆਦਮੀ ਸੇਵਾ ਦੇ ਨਾਲ ਤਰਦਾ ਹੈ, ਸੇਵਾ ਕਰਕੇ ਹੱਥ ਸਫਲੇ ਹੁੰਦੇ ਨੇ।

ਗੁਰੂ ਦਸਮੇਸ਼ ਪਿਤਾ ਜੀ ਦਾ ਦੀਵਾਨ ਲੱਗਿਆ ਹੋਇਆ ਹੈ, ਗਰਮੀ ਦਾ ਮਹੀਨਾ ਹੈ। ਚੌਰ ਬਰਦਾਰ ਜਿਹੜਾ ਸੀ ਉਹ ਜ਼ਰਾ ਕੁ ਕਿਸੇ ਕੰਮ ਲਈ ਪਾਸੇ ਗਿਆ ਹੋਇਆ ਸੀ ਤੇ ਮਹਾਰਾਜ ਦੇ ਮੁਖਾਰਬਿੰਦ ਤੋਂ ਅਵਾਜ਼ ਆਈ - ਪਾਣੀ, ਜਲ। ਕੋਲ ਇਕ 16-17 ਸਾਲ ਦਾ ਨੌਜਵਾਨ ਬੜਾ ਹੀ ਸੁੰਦਰ ਬੈਠਾ ਸੀ, ਉਸ ਨੇ ਸੁਣ ਲਿਆ। ਉਸਦੇ ਮਨ ਵਿਚ ਆਇਆ ਕਿ ਮੈਂ ਲਿਆਵਾਂ ਪਾਣੀ। ਬਰਤਨ ਪਿਆ ਸੀ ਤੇ ਜਾ ਕੇ ਬਹੁਤ ਸਫਾਈ ਕਰਕੇ ਜਲ ਭਰ ਲਿਆਇਆ ਤੇ ਹਥੇਲੀ ਦੇ ਉਤੇ ਰੱਖ ਲਿਆ ਕਿਉਂਕਿ ਉਨ੍ਹਾਂ ਦਿਨਾਂ ਵਿਚ ਗਿਲਾਸ ਨਹੀਂ ਸੀ ਹੁੰਦੇ, ਛੰਨੇ ਜਾਂ ਕਉਲ ਹੁੰਦੇ ਸੀ। ਮਹਾਰਾਜ ਜੀ ਜਦੋਂ ਜਲ ਚੁੱਕਣ ਲੱਗੇ ਤਾਂ ਉਨ੍ਹਾਂ ਦੀ ਨਿਗ੍ਹਾ ਉਸਦੇ ਹੱਥਾਂ ਤੇ ਪਈ ਕਿ ਐਨੇ ਨਰਮ ਹੱਥ। ਜਲ ਚੁੱਕ ਲਿਆ ਤੇ ਸਵਾਲ ਕਰ ਦਿੱਤਾ।

ਕਹਿੰਦੇ, "ਬੇਟਾ! ਤੇਰੇ ਹੱਥ ਬੜੇ ਨਰਮ ਨੇ?"

ਕਹਿੰਦਾ, "ਮਹਾਰਾਜ! ਆਪ ਦੀ ਦਿੱਤੀ ਹੋਈ ਦੌਲਤ ਐਨੀ ਹੈ, ਧੰਨ ਐਨਾ ਹੈ ਕਿ ਮੈਨੂੰ ਕੋਈ ਕੰਮ ਕਰਨ ਦੀ ਲੋੜ ਹੀ ਨਹੀਂ ਪੈਂਦੀ ਕਦੇ ਵੀ।"

ਕਹਿੰਦੇ, "ਦਰੀਆਂ ਝਾੜਦੇ ਹੁੰਦੇ ਹੋ ਸਤਿਸੰਗ ਦੀਆਂ?" ਕਿਉਂਕਿ ਚਰਨ ਧੂੜ ਉਤੇ ਪੈਂਦੀ ਹੈ, ਚਰਨਧੂੜ ਵਿਚ ਬੜੀ ਹੀ ਬਰਕਤ ਹੈ। ਥੋੜ੍ਹੀ ਜਿਹੀ

ਬਰਕਤ ਨਹੀਂ ਸਾਧ ਸੰਗਤ ਜੀ! ਇਹ ਐਵੇਂ ਹੀ ਨਹੀਂ ਹੁੰਦੀ ਗਰਦ। ਜੇ ਕੋਈ ਕਹੇ ਗਰਦ ਹੈ, ਬਿਲਕੁਲ ਨਹੀਂ। ਅਸੀਂ ਤਾਂ ਪ੍ਰਤਿਆ-ਪ੍ਰਤਿਆ ਕੇ ਦੇਖਿਆ ਹੋਇਆ ਹੈ ਤੇ ਗੁਰੂ ਮਹਾਰਾਜ ਤਾਂ ਇਸ ਤੋਂ ਵੀ ਵੱਧ ਕਹਿੰਦੇ ਨੇ ਕਿ ਚਰਨਧੂੜ ਦੀ ਕਿੰਨੀ ਪਵਿੱਤਰਤਾ ਹੈ -

***ਗੰਗਾ ਜਮੁਨਾ ਗੋਦਾਵਰੀ ਸਰੁਸਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥***

***ਅੰਗ - 1263***

ਇਹ ਮੁਖੀ ਦੇਵਤੇ ਨੇ ਜਿਨ੍ਹਾਂ ਦਰਿਆਵਾਂ ਦੇ, ਤੀਰਥਾਂ ਦੇ ਅਦਿਸ਼ਠਾਨ ਨੇ ਜਿਹੜੇ ਕਿਉਂ ਆਉਂਦੇ ਨੇ ਇਹ ਸੰਤਾਂ ਕੋਲ ਚਰਨਧੂੜ ਵਾਸਤੇ?

***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥***

***ਅੰਗ - 1263***

ਉਹ ਧੂੜੀ ਐਸੀ ਚੀਜ਼ ਹੈ ਕਿ ਰੋਗ ਵੀ ਦੂਰ ਹੋ ਜਾਂਦੇ ਨੇ। ਲੇਖ ਜੇ ਪੁਠੇ ਹੋਣ -

***ਧੂੜੀ ਲੇਖੁ ਮਿਟਾਇਆ................॥***

***ਭਾਈ ਗੁਰਦਾਸ ਜੀ ਦੀ ਵਾਰ 23/3***

ਧੂੜੀ ਲੇਖ ਵੀ ਸਿਧੇ ਕਰ ਦਿੰਦੀ ਹੈ, ਮਿਟ ਜਾਂਦਾ ਹੈ, ਬਗੈਰ ਭੋਗੇ ਤੋਂ ਮਿਟ ਜਾਂਦਾ ਹੈ, ਐਡੀ ਬਰਕਤ, ਆਪੇ ਹੀ ਮਿਲ ਜਾਂਦੀ ਹੈ। ਜਿਹੜੀ ਸੰਗਤ ਹੁਣ ਐਥੇ ਬੈਠੀ ਹੈ, ਇਨ੍ਹਾਂ ਦੇ ਚਿਤ ਵਾਹਿਗੁਰੂ ਨਾਲ ਜੁੜੇ ਹੋਏ ਨੇ, ਵਾਹਿਗੁਰੂ ਜੀ ਦੀ ਜਿਹੜੀ ਸ਼ਕਤੀ ਹੈ, ਜਿਸ ਨੂੰ current (ਧਾਰਾ) ਕਹਿੰਦੇ ਸੀ ਸੰਤ ਹੁਣੇ, ਉਹ ਪ੍ਰਵੇਸ਼ ਕਰੀ ਜਾਂਦੀ ਹੈ ਇਸ ਥਾਂ ਦੇ ਵਿਚ। ਇਹ ਥਾਂ ਪਵਿੱਤਰ ਹੋ ਜਾਂਦਾ ਹੈ -

***ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥***

***ਅੰਗ - 319***

ਥਾਨ ਸੁਹਾਵਾ ਹੋ ਜਾਂਦਾ ਹੈ, ਜਿਥੇ ਸੰਗਤ ਦੇ ਚਰਨ ਪੈ ਜਾਣ। ਸੋ ਇਹ ਪਵਿੱਤਰ ਹੋਈਆਂ-ਹੋਈਆਂ ਦਰੀਆਂ ਨੇ, ਜਿਨ੍ਹਾਂ ਉਤੇ ਬੈਠੀ ਹਾ ਸਾਧਸੰਗਤ।

ਮਹਾਰਾਜ ਕਹਿੰਦੇ, "ਫੇਰ ਐਡੀ ਬਰਕਤ ਇਸਦੇ ਵਿਚ ਹੈ ਪ੍ਰੇਮੀਆਂ! ਤੂੰ ਕਦੇ ਦਰੀਆਂ ਵੀ ਨਹੀਂ ਝਾੜੀਆਂ?"

ਕਹਿੰਦਾ, "ਨਹੀਂ।"

ਮਹਾਰਾਜ ਕਹਿੰਦੇ, "ਅੱਛਾ! ਫੇਰ ਕਦੇ ਜੋੜੇ ਸਾਫ ਕਰੇ ਹੋਣ?"

ਕਹਿੰਦਾ, "ਨਹੀਂ ਮਹਾਰਾਜ।"

ਕਹਿੰਦੇ, "ਪੱਖਾ ਝੱਲਿਆ ਹੋਵੇ?"

ਕਹਿੰਦਾ, "ਨਹੀਂ।"

ਕਹਿੰਦੇ, "ਕਦੇ ਪਾਣੀ ਪਿਲਾਇਆ ਹੋਵੇ ਸੰਗਤਾਂ ਨੂੰ।"

ਕਹਿੰਦਾ, "ਨਹੀਂ ਮਹਾਰਾਜ।"

ਕਹਿੰਦੇ, "ਲੰਗਰ ਵਰਤਾਇਆ ਹੋਵੇ?"

ਕਹਿੰਦਾ, "ਨਹੀਂ ਮਹਾਰਾਜ।"

"ਕਦੇ ਬਰਤਨ ਮਾਂਜੇ ਹੋਣ ਸੰਗਤਾਂ ਦੇ।"

ਕਹਿੰਦਾ, "ਨਹੀਂ ਮਹਾਰਾਜ! ਮੇਰਾ ਤਾਂ ਜ਼ਿੰਦਗੀ ਵਿਚ ਪਹਿਲਾ ਦਿਨ ਹੈ ਕਿ ਤੁਹਾਨੂੰ ਜਲ ਛਕਾ ਰਿਹਾ ਹਾਂ।"

ਮਹਾਰਾਜ ਨੇ ਪਿਛੇ ਕਰ ਕੇ ਜਲ ਗਿਰਾ ਦਿੱਤਾ। ਸਾਰੀ ਸੰਗਤ ਨੇ ਦੇਖ ਲਿਆ। ਸਾਰਿਆਂ ਦੇ ਮਨ ਵਿਚ ਸ਼ੰਕਾ ਹੋ ਗਿਆ ਕਿ ਮਹਾਰਾਜ ਨੇ ਜਲ ਪੀਣਾ ਸੀ, ਫੜਿਆ ਤੇ ਡੋਲ੍ਹ ਕਿਉਂ ਦਿੱਤਾ? ਉਸ ਵੇਲੇ ਮਹਾਰਾਜ ਨੇ ਸਾਰਿਆਂ ਦੇ ਮਨ ਦੀ ਜਾਣ ਕੇ ਸ਼ਬਦ ਦੀ ਸਮਾਪਤੀ ਤੋਂ ਬਾਅਦ ਮਹਾਰਾਜ ਕਹਿੰਦੇ, "ਪ੍ਰੇਮੀਓਂ! ਕੀ ਸ਼ੰਕਾ ਤੁਹਾਡੇ ਮਨਾਂ ਵਿਚ ਆ ਗਿਆ?"

"ਮਹਾਰਾਜ! ਸ਼ੰਕਾ ਇਹ ਆ ਗਿਆ ਕਿ ਆਪਨੇ ਪਾਣੀ ਮੰਗਾਇਆ, ਫੇਰ ਪੀਤਾ ਕਿਉਂ ਨਹੀਂ?"

ਮਹਾਰਾਜ ਕਹਿੰਦੇ, "ਤੁਸੀਂ ਦੱਸੋ ਪਹਿਲਾਂ, ਮੁਰਦੇ ਨਾਲ ਛੂਹਿਆ ਹੋਇਆ ਪਾਣੀ ਪੀ ਸਕਦੇ ਹੋ?"

ਕਹਿੰਦੇ, "ਮਹਾਰਾਜ! ਮੁਰਦੇ ਨਾਲ ਛੋਹਿਆ? ਉਹ ਤਾਂ ਜਿਹੜੇ ਬਸਤ੍ਰ (ਕੱਪੜੇ) ਪਾ ਕੇ ਅਸੀਂ ਜਾਂਦੇ ਹਾਂ ਜਦੋਂ ਤੱਕ ਪੰਜ ਇਸ਼ਨਾਨਾਂ ਨਹੀਂ ਕਰ ਲੈਂਦੇ ਜਾਂ ਇਸ਼ਨਾਨ ਨਹੀਂ ਕਰ ਲੈਂਦੇ, ਮੂੰਹ ਵਿਚ ਕੁਝ ਵੀ ਨਹੀਂ ਪਾਈਦਾ। ਹੁਣ ਤਾਂ ਕਲਜੁਗ ਆ ਗਿਆ, ਪਹਿਲਾਂ ਮਰਿਯਾਦਾ ਰੱਖਦੇ ਸੀ, ਜਾ ਕੇ ਬਸਤਰ ਤੇ ਵੀ ਛਿਟੇ ਪਾਉਂਦੇ ਹੁੰਦੇ, ਕੋਈ ਪਾਣੀ ਪਾਉਂਦਾ। ਕਹਿੰਦੇ ਉਹ ਤਾਂ ਐਨਾ ਮਹਾਂ ਅਪਵਿੱਤਰ ਹੋ ਜਾਂਦਾ ਹੈ ਕਿ ਖਾਣੇ ਪੀਣੇ ਦਾ ਕੋਈ ਸਵਾਲ ਹੀ ਨਹੀਂ ਹੈ।"

ਕਹਿੰਦੇ, "ਫੇਰ ਮੈਂ ਕਿਵੇਂ ਛਕ ਲੈਂਦਾ?"

ਕਹਿੰਦੇ, "ਮਹਾਰਾਜ! ਇਹ ਤਾਂ ਅਮੀਰ ਦਾ ਬੱਚਾ ਹੈ, ਬੜਾ ਚੰਗਾ ਹੈ ਤੇ ਇਹ ਤਾਂ ਮੁਰਦਾ ਨਹੀਂ ਹੈ।"

ਮਹਾਰਾਜ ਕਹਿੰਦੇ, "ਤੁਹਾਨੂੰ ਗੁਰੂ ਨਾਨਕ ਸਾਹਿਬ ਦੀ ਬਾਣੀ ਨਹੀਂ ਯਾਦ? ਮਹਾਰਾਜ ਫੁਰਮਾਨ ਕਰਦੇ ਹਨ –

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥ ਅੰਗ – 142***

ਜਿਸ ਦੇ ਮਨ ਵਿਚ ਵਾਹਿਗੁਰੂ ਦੇ ਨਾਮ ਦਾ ਵਾਸਾ ਹੋ ਗਿਆ ਉਹ ਤਾਂ ਹੈ

ਜੀਉਂਦਾ, ਬਾਕੀ ਤਾਂ ਮੁਰਦੇ ਹੁੰਦੇ ਨੇ।"

ਦੋ ਤਰ੍ਹਾਂ ਦੇ ਮੁਰਦੇ ਨੇ। ਇਕ ਤਾਂ ਮੁਰਦੇ ਉਹ ਨੇ ਜਿਨ੍ਹਾਂ ਦੇ ਵਿਚੋਂ ਚੇਤਨ ਕਲਾ ਨਿਕਲ ਜਾਂਦੀ ਹੈ, ਉਹ ਸਰੀਰ ਗਲ ਜਾਂਦਾ ਹੈ, ਉਸ ਦਾ ਅਸੀਂ ਸਸਕਾਰ ਕਰ ਦਿੰਦੇ ਹਾਂ, ਦੱਬ ਦਿੰਦੇ ਹਾਂ, ਪਾਣੀ ਵਿਚ ਰੋੜ੍ਹ ਦਿੰਦੇ ਹਾਂ, ਬੇਅੰਤ ਤਰੀਕੇ ਨੇ। ਇਕ ਮੁਰਦਾ ਉਹ ਹੈ, ਦੇਖਣ ਨੂੰ ਤੁਰਦਾ-ਫਿਰਦਾ, ਖਾਂਦਾ ਪੀਂਦਾ, ਸੋਹਣਾ ਲਗਦਾ ਹੈ, ਗੱਲਾਂ ਕਰਦਾ ਹੈ, ਸਭ ਕੁਝ ਕਰਦਾ ਹੈ।

ਹੁਣ ਆਪਾਂ ਵਿਚਾਰ ਕਰੋ ਦੁਕਾਨ ਦੇ ਉਤੇ ਬੈਟਰੀ ਪਈ ਹੁੰਦੀ ਹੈ, ਟਰੈਕਟਰ ਵਾਸਤੇ ਬੈਟਰੀ ਚਾਹੀਦੀ ਹੈ। ਬੈਟਰੀ ਖਰੀਦ ਲਈ। ਉਹ ਕਹਿੰਦਾ ਮੈਂ ਰੱਖ ਲਵਾਂ ਟਰੈਕਟਰ ਵਿਚ? ਕਹਿੰਦਾ ਇਹ ਤਾਂ dead (ਮੁਰਦਾ) ਹੈ ਅਜੇ। ਕਹਿੰਦਾ ਇਹ ਤਾਂ ਬਣੀ ਹੋਈ ਹੈ। ਕਹਿੰਦਾ ਬਣੀ ਤਾਂ ਹੋਈ ਹੈ ਪਰ ਇਸ ਦੇ ਵਿਚ current (ਧਾਰਾ) ਨਹੀਂ ਹੈ, ਇਸ ਨੂੰ charge ਚਾਰਜ ਕਰਨਾ ਪੈਣਾ ਹੈ। charge ਕਰੇ ਬਿਨਾਂ current ਨਹੀਂ ਹੁੰਦੀ। ਖਾਲੀ ਬੈਟਰੀ ਨਾ ਕਾਰ ਚਲਾ ਸਕੇ, ਨਾ ਰੋਸ਼ਨੀ ਦੇ ਸਕੇ, ਕੋਈ ਕੰਮ ਵੀ ਨਹੀਂ ਕਰ ਸਕਦੀ।

ਮਹਾਰਾਜ ਕਹਿੰਦੇ, "ਜਿਸ ਦੇ ਵਿਚ ਪ੍ਰਮੇਸ਼ਰ ਦਾ ਪਿਆਰ ਨਹੀਂ ਹੈ -

***ਅਤਿ ਸੁੰਦਰ ਕੁਲੀਨ ਚਤੁਰ***
***ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ***
***ਜਿਹ ਪ੍ਰੀਤਿ ਨਹੀ ਭਗਵੰਤ॥*** ***ਅੰਗ - 254***

ਉਹ ਤਾਂ ਮੁਰਦਾ ਹੁੰਦਾ ਹੈ - ਸਾਧ ਸੰਗਤ ਜੀ! ਨਾ ਤਾਂ ਇਸ ਨੇ ਕਦੇ ਪ੍ਰਮੇਸ਼ਰ ਦਾ ਨਾਮ ਜਪਿਆ ਹੈ, ਨਾ ਕਦੇ ਗੁਰੂ ਪਿਆਰਿਆਂ ਦੀ, ਸੰਗਤਾਂ ਦੀ ਇਸ ਨੇ ਸੇਵਾ ਕਰੀ ਹੈ ਕਿਉਂਕਿ ਗੁਰੂ, ਸੰਗਤਾਂ ਵਿਚ ਵਸਦਾ ਹੈ। ਐਸਾ ਵੀ ਫੁਰਮਾਨ ਆਉਂਦਾ ਹੈ - ਸ਼ਾਸ਼ਤਰਾਂ ਦੇ ਵਿਚ ਕਿ ਜਿਥੇ ਸਤਿਸੰਗ ਹੁੰਦਾ ਹੈ, ਜਿਸ ਥਾਂ ਦੇ ਉਤੇ ਕੀਰਤਨ ਹੁੰਦਾ ਹੈ ਉਥੇ ਸਾਰੇ ਦੇਵਤੇ ਆ ਕੇ ਆਸਣ ਲਾ ਕੇ ਬਹਿ ਜਾਂਦੇ ਨੇ-

***ਹਰਿ ਕੀ ਕਥਾ ਹੋਤ ਹੈ ਜਹਾਂ॥***
***ਗੰਗਾ ਵੀ ਚਲ ਆਵਤ ਤਹਾਂ॥***

ਗੰਗਾ ਦਾ ਮਹਾਤਮ ਹੁੰਦਾ ਹੈ ਉਥੇ। ਇਕ ਵਾਰੀ ਮੈਂ ਐਸਾ ਬਚਨ ਕਰ ਰਿਹਾ ਸੀ। ਰਤਨਗੜ੍ਹ ਪਿੰਡ ਹੈ ਮੋਰਿੰਡੇ ਕੋਲ। ਮੇਰੇ ਮੂੰਹੋਂ ਨਿਕਲ ਗਿਆ, ਮੈਂ ਕਿਹਾ, ਇਥੇ ਸਾਰੇ ਦੇਵਤੇ ਬੈਠੇ ਨੇ, ਮੰਗੋ ਜਿਸ ਨੇ ਮੰਗਣਾ ਹੈ, ਜਿਹੜਾ ਕੁਝ ਉਨ੍ਹਾਂ ਕੋਲ ਹੈ ਉਹ ਮਿਲ ਜਾਏਗਾ ਤੁਹਾਨੂੰ। ਇਕ ਮਾਈ ਆ ਗਈ ਮਹੀਨੇ ਬਾਅਦ, ਰੁਮਾਲਾ ਲਿਆ ਹੋਇਆ, 50/- ਰੁਪਏ ਮੱਥਾ ਟੇਕਿਆ। ਮੈਂ ਕਿਹਾ, "ਮਾਤਾ! ਕੀ ਗੱਲ ਹੈ?"

ਕਹਿਣ ਲੱਗੀ, "ਰਤਨਗੜ੍ਹ ਦੀਵਾਨ ਲੱਗੇ ਹੋਏ ਸੀ ਆਪ ਦੇ?"

ਮੈਂ ਕਿਹਾ, "ਹਾਂ।"

ਕਹਿੰਦੀ, "ਤੁਸੀਂ ਕਿਹਾ ਕਿ ਇਥੇ ਸਾਰੀਆਂ ਸ਼ਕਤੀਆਂ ਬੈਠੀਆਂ ਨੇ ਦੀਵਾਨ ਵਿਚ, ਵਿਸ਼ਨੂੰ ਜੀ ਵੀ ਬੈਠੇ ਨੇ।"

***ਕਹੁ ਕਬੀਰ ਇਹ ਕਹੀਐ ਕਾਹਿ॥***
***ਸਾਧਸੰਗਤਿ ਬੈਕੁੰਠੈ ਆਹਿ॥ ਅੰਗ - 325***

ਜਿਥੇ ਬੈਕੁੰਠ ਹੈ, ਉਥੇ ਬੈਕੁੰਠ ਪਤੀ ਨੇ ਆਉਣਾ ਹੈ, ਬੈਕੁੰਠ ਪਤੀ ਆਇਆ, ਨਾਲ ਲਛਮੀ ਨੇ ਵੀ ਆਉਣਾ ਹੈ। ਮੰਗ ਲਓ ਜਿਹੜਾ ਕੁਝ ਮੰਗਣਾ ਹੈ. ਸਤਿਸੰਗ ਵਿਚ ਮਿਲ ਜਾਇਆ ਕਰਦਾ ਹੈ।

ਕਹਿੰਦੀ, "ਆਹ ਤੁਸੀਂ ਕਰਿਆ ਬਚਨ। ਮੈਂ ਕਿਹਾ ਕਿ ਮੇਰਾ ਤਾਂ ਦਮਾ ਹਟ ਜਾਵੇ, ਮੈਨੂੰ ਤਾਂ ਬਚਪਨ ਤੋਂ ਹੀ ਜੰਮਦੀ ਨੂੰ ਹੀ ਦਮਾ ਸੀ, ਮੈਂ ਬੜੀ ਦੁਖੀ ਸੀ, ਕੋਈ ਇਲਾਜ ਨਹੀਂ ਸੀ ਹੁੰਦਾ।"

ਮੈਂ ਕਿਹਾ, "ਫੇਰ ਕੀ ਹੋਇਆ?"

ਕਹਿੰਦੀ, "ਮੁੜ ਕੇ ਹੋਇਆ ਹੀ ਨਹੀਂ।"

ਇਹ ਐਵੇਂ ਹੀ ਨਹੀਂ ਗੱਲਾਂ ਸੰਤ ਕਰਦੇ ਹੁੰਦੇ, ਉਹ ਦੇਖ ਕੇ ਕਰਦੇ ਨੇ, ਆਪਣੇ ਆਪ ਨੂੰ ਵੀ ਮਨਾਉਂਦੇ ਨੇ ਤੇ ਫੇਰ ਨਿਸ਼ਚੇਪੂਰਵਕ ਗੱਲ ਕਰਦੇ ਨੇ।

ਮਹਾਰਾਜ ਕਹਿਣ ਲੱਗੇ, "ਪ੍ਰੇਮੀਓ! ਇਸ ਪ੍ਰੇਮੀ ਨੇ ਨਾ ਕਦੇ ਦਰੀਆਂ ਝਾੜੀਆਂ, ਨਾ ਕਦੇ ਪੱਖਾ ਝੱਲਿਆ, ਨਾ ਕਦੇ ਪਾਣੀ ਭਰਿਆ, ਇਹ ਜੀਉਂਦਿਆਂ ਵਿਚ ਨਹੀਂ ਹੈ। ਜੀਉਂਦੇ ਉਹ ਹੁੰਦੇ ਹਨ ਜਿਨ੍ਹਾਂ ਦੇ ਅੰਦਰ ਨਾਮ ਦੀ current (ਧਾਰਾ) ਪਿਆਰ ਦੀ current (ਧਾਰਾ) ਹੋਵੇ।

ਜਿਸ ਅੰਦਰ ਪਿਆਰ ਨਹੀਂ, ਸੇਵਾ ਨਹੀਂ, ਉਹ ਮੁਰਦਾ ਹੋਇਆ ਕਰਦਾ ਹੈ, ਸੋ ਮੈਂ ਮੁਰਦੇ ਦੇ ਹੱਥ ਦਾ ਪਾਣੀ ਕਿਵੇਂ ਪੀ ਲੈਂਦਾ?"

ਸਾਰੀ ਸੰਗਤ ਨੂੰ ਪਤਾ ਲੱਗ ਗਿਆ ਕਿ ਸੇਵਾ ਦਾ ਤਾਂ ਬਹੁਤ ਵੱਡਾ ਮਹਾਤਮ ਹੈ। ਮਹਾਰਾਜ ਕਹਿੰਦੇ -

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥***
***ਅੰਗ - 286***

ਸੇਵਾ ਕਰਨ ਦੀ ਵਿਧੀ ਹੁੰਦੀ ਹੈ, ਵਿਧੀ ਤੋਂ ਬਗੈਰ ਜਿਹੜੀ ਸੇਵਾ ਹੈ ਉਹ ਸਫਲ ਨਹੀਂ ਹੋਇਆ ਕਰਦੀ ਅਧੂਰੀ ਰਹਿ ਜਾਂਦੀ ਹੈ। ਜੇ ਨਾ ਢੰਗ ਹੋਵੇ, ਸੇਵਾ ਕਰਨ ਦਾ -

***ਮਤਿ ਥੋੜੀ ਸੇਵ ਗਵਾਈਐ॥ ਅੰਗ - 468***

ਸੇਵਾ ਤਾਂ ਕਰ ਦਿੱਤੀ, ਰੌਲਾ ਪਾਉਂਦਾ ਫਿਰਦੈ ਕਿ ਜੇ ਮੈਂ ਨਾ ਹੁੰਦਾ ਤਾਂ ਕਦੇ ਵੀ ਨਹੀਂ ਸੀ ਇਹ ਕੰਮ ਹੋਣਾ, ਮੈਂ ਹੀ ਕਰਿਆ ਹੈ। ਤੈਨੂੰ ਬਲ ਕਿਸ ਨੇ ਦਿੱਤਾ ਹੈ?

***ਇਸ ਕਾ ਬਲੁ ਨਾਹੀ ਇਸੁ ਹਾਥ॥***
***ਕਰਨ ਕਰਾਵਨ ਸਰਬ ਕੋ ਨਾਥ॥ ਅੰਗ - 277***

ਇਹ ਤਾਂ ਨਹੀਂ ਕਹਿੰਦਾ ਕਿ ਗੁਰੂ ਸਾਹਿਬ ਨੇ ਮੈਥੋਂ ਸੇਵਾ ਕਰਾ ਲਈ, ਗੁਰੂ ਸਾਹਿਬ ਨੇ ਮੇਰੀ ਮਾਇਆ ਸਫਲ ਕਰਾ ਲਈ, ਉਹ 'ਮੈਂ' ਵਿਚ ਆ ਜਾਂਦੀ ਹੈ। ਮਹਾਰਾਜ ਕਹਿੰਦੇ, ਹਉਮੈਂ ਵਿਚ ਕੀਤੀ ਹੋਈ ਸੇਵਾ ਨਹੀਂ ਸਫਲ ਹੋਇਆ ਕਰਦੀ। ਉਸ ਦਾ ਫਲ ਨਹੀਂ ਮਿਲਿਆ ਕਰਦਾ। ਕਿਉਂ, ਉਸ ਨੇ ਆਪ ਹੀ ਕੱਟ ਦਿੱਤਾ ਉਸ ਦਾ ਫਲ, ਦਰਖਤ ਹੀ ਵੱਢ ਦਿੱਤਾ ਜਿਸ ਨੂੰ ਫਲ ਲੱਗਣਾ ਸੀ। ਸੋ ਮਹਾਰਾਜ ਕਹਿੰਦੇ -

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥ ਅੰਗ - 26***

ਸੋ ਸਾਡਾ ਜੋ ਸਿਧਾਂਤ ਹੈ ਨਾਮ ਜਪਣਾ, ਨਾਮ ਜੱਪਣ ਨਾਲ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ। ਐਸਾ ਫੁਰਮਾਨ ਹੈ, ਪੜ੍ਹੋ ਪਿਆਰ ਨਾਲ -

***ਧਾਰਨਾ - ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,***
***ਇਕੋ ਨਾਮ ਵਾਹਿਗੁਰੂ ਦਾ -2, 2.***

ਹੁਣ ਪਤਾ ਲਗ ਗਿਆ ਕਿ ਨਾਮ ਹੀ ਸਾਰੇ ਦੁਖਾਂ ਦੀ ਦਾਰੂ ਹੈ ਪਰ ਨਾਮ ਜਪਣਾ ਕਿਵੇਂ ਹੈ? ਇਸ ਦੀ ਵੀ ਇਕ ਵਿਧੀ ਹੈ। ਨਾਮ ਦਾ ਵਿਧੀ ਵਿਧਾਨ ਕੀ ਹੈ?

ਸਾਨੂੰ ਕੋਈ ਦੱਸਣ ਵਾਲਾ ਨਹੀਂ ਮਿਲਿਆ -

***ਗੁਰ ਪੂਰੇ ਬਿਨੁ ਬਿਧਿ ਨ ਬਨਾਈ॥***

***ਅੰਗ - 259***

ਜਦੋਂ ਤੱਕ ਕੋਈ ਸਮਰੱਥ ਮੁਰਸ਼ਦ-ਏ-ਕਾਮਲ ਨਹੀਂ ਮਿਲਦਾ, ਉਸ ਵਿਧੀ ਦਾ ਨਹੀਂ ਪਤਾ ਲਗਦਾ ਕਿ ਕਿਹੜੀ ਵਿਧੀ ਨਾਲ ਨਾਮ ਜਪੀਏ। ਇਸੇ ਕਰਕੇ ਮਹਾਰਾਜ ਪੂਰੇ ਮੁਰਸ਼ਦ ਨੇ, ਉਹ ਕਹਿੰਦੇ ਜਾਹ ਮੇਰੇ ਸੰਤਾਂ ਕੋਲ, ਮੇਰਾ ਤੇ ਉਨ੍ਹਾਂ ਦਾ ਫਰਕ ਨਹੀਂ ਹੈ ਕੋਈ। ਜਿੰਨੀ ਸ਼ਰਧਾ ਰਖੇਂਗਾ, ਉਨਾ ਤੇਰਾ ਕੰਮ ਬਣ ਜਾਏਗਾ। ਜੇ ਤੂੰ ਗਣਤ ਰਖੇਂਗਾ ਉਨ੍ਹਾਂ ਨਾਲ, ਫੇਰ ਨਹੀਂ ਤੇਰਾ ਕੰਮ ਬਣਨਾ। ਉਹ ਕਹਿੰਦੇ ਕਿ ਉਨ੍ਹਾਂ ਨੂੰ ਵਿਧੀ ਦਾ ਪਤਾ ਹੁੰਦਾ ਹੈ -

***ਗੁਰ ਪੂਰੇ ਬਿਨੁ ਬਿਧਿ ਨ ਬਨਾਈ॥***
***ਗੁਰਿ ਪੂਰੈ ਸੰਜਮੁ ਕਰਿ ਦੀਆ॥***
***ਨਾਨਕ ਤਉ ਫਿਰਿ ਦੂਖ ਨ ਥੀਆ॥***

***ਅੰਗ - 259***

ਕੋਈ ਦੁਖ ਵੀ ਨਹੀਂ ਲੱਗਿਆ ਕਰਦਾ। ਵੱਡੇ-ਵੱਡੇ ਦੇਖੇ ਨੇ, ਕਿੰਨੇ ਹੀ ਵਿਘਨ ਹੋਣ, ਕਿੰਨੀਆਂ ਹੀ ਔਕੜਾਂ ਹੋਣ, ਸਾਰੇ ਦੇ ਸਾਰੇ ਨਾਮ ਨੇ ਖਤਮ ਕਰਨੇ ਹਨ। ਹੁਣ ਨਾਮ ਮਿਲੇ ਕਿਥੋਂ ? ਗੁਰੂ ਘਰ ਦੇ ਅੰਦਰ ਮਰਿਆਦਾ ਬਣਾ ਦਿੱਤੀ ਗੁਰੂ ਪਾਤਸ਼ਾਹ ਨੇ। ਉਹ ਇਹ ਹੈ ਕਿ ਸਾਨੂੰ ਪਹਿਲਾਂ ਪ੍ਰਤਿਗਿਆ ਲੈਣੀ ਪੈਂਦੀ ਹੈ, ਗੁਰੂ ਦੇ ਬਣਨਾ ਪੈਂਦਾ ਹੈ। ਈਸਾਈਆਂ ਦੇ ਵੀ ਹੈ, ਇਸਲਾਮ ਵਾਲਿਆਂ ਦੇ ਵੀ ਹੈ, ਹਿੰਦੂਆਂ ਦੇ, ਬੋਧੀਆਂ ਦੇ, ਜੈਨੀਆਂ ਦੇ ਸਭ ਦੇ ਹੈ। ਸਾਰਿਆਂ ਦੀ ਹੀ ਆਪਣੀ-ਆਪਣੀ ਮਰਿਆਦਾ ਹੈ। ਉਹ ਪਹਿਲਾਂ ਪੂਰੀ ਕਰਦੇ ਨੇ, ਉਸ ਤੋਂ ਬਾਅਦ ਮੰਤਰ ਦਿੰਦੇ ਨੇ। ਉਹ ਜਿਹੜਾ ਮੰਤਰ ਦਿੰਦੇ ਨੇ ਉਸ ਦਾ ਫੇਰ ਤਰੀਕੇ ਦੇ ਨਾਲ ਜਾਪ ਕਰਕੇ ਮਥ-ਮਥ ਕੇ ਜਿਵੇਂ ਤੱਤ ਕੱਢੀਦਾ ਹੈ। ਲੱਕੜ ਵਿਚ ਅੱਗ ਹੁੰਦੀ ਹੈ, ਬਾਂਸ ਵਿਚ ਅੱਗ ਹੁੰਦੀ ਹੈ, ਢੰਗ ਦੇ ਨਾਲ ਵਿਚੋਂ ਅੱਗ ਨਿਕਲ ਆਉਂਦੀ ਹੈ। ਇਵੇਂ ਜਿਵੇਂ ਇਸ ਸਰੀਰ ਦੇ ਵਿਚ-

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***<br>
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***<br>
***ਸੁੰਨ ਸਮਾਧਿ ਅਨਹਦ ਤਹ ਨਾਦ॥***<br>
***ਕਹਨੁ ਨ ਜਾਈ ਅਚਰਜ ਬਿਸਮਾਦ॥***

***ਅੰਗ - 293***

ਮੰਤਰ ਨਾਮ ਤੱਕ ਪਹੁੰਚਾਉਂਦਾ ਹੈ ਜਿਸ ਨੂੰ ਗੁਰ ਮੰਤਰ ਕਹਿੰਦੇ ਹਾਂ। ਗੁਰ ਮੰਤਰ ਨੇ ਨਾਮ ਤੱਕ ਕਿਵੇਂ ਪਹੁੰਚਾਉਣਾ ਹੈ ? ਇਸ ਦੇ ਛੋਟੇ ਛੋਟੇ, ਨੇੜੇ-ਨੇੜੇ ਦੇ, ਜਿਸ ਦੇ ਨਾਲ ਲੰਮਾ ਚੱਕਰ ਨਾ ਪਵੇ, ਸੰਤਾਂ ਕੋਲ ਢੰਗ, ਜੁਗਤੀਆਂ ਹੁੰਦੀਆਂ ਹਨ, ਸੰਤਾਂ ਦੀ ਇਹੀ ਸੇਵਾ ਲੱਗੀ ਹੁੰਦੀ ਹੈ।

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥***<br>
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥***

***ਅੰਗ - 1374***

ਉਤੋਂ ਦਰਗਾਹ 'ਚੋਂ ਹੁੰਦਾ ਹੈ, ਫੇਰ ਉਸ ਦੀ ਪਵਿੱਤਰਤਾ ਕਿੰਨੀ ਗਿਣੀ ਗਈ ਹੈ ? ਗੁਰੂ ਘਰ ਵਿਚ ਮਹਾਰਾਜ ਕਹਿੰਦੇ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***<br>
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥***

***ਅੰਗ - 306***

ਸੋ ਉਹ ਨਾਮ ਜਿਹੜਾ ਹੈ ਪੂਰੇ ਸਤਿਗੁਰ ਦੀ ਮਿਹਰ ਤੋਂ ਬਗੈਰ ਨਹੀਂ ਮਿਲਿਆ ਕਰਦਾ। ਗੁਰੂ ਕੋਲ ਨਾਮ ਹੀ ਹੁੰਦਾ ਹੈ।

***ਨਾਨਕ ਕੈ ਘਰਿ ਕੇਵਲ ਨਾਮੁ॥ ਅੰਗ - 1136***

ਉਸ ਦੀ ਸੇਵਾ ਦੇ ਵਿਚ ਲੱਗਿਆਂ ਹੋਇਆਂ ਨਾਮ ਮਿਲਦਾ ਹੈ, ਨਾਮ ਕਿਉਂਕਿ ਜਾਇਦਾਦ ਹੈ, ਉਸ ਦੀ ਹੀ ਹੈ ਪਰ ਸਾਡੇ ਅੰਦਰ, ਲੇਕਿਨ ਹੱਥ ਵਿਚ ਉਸ ਦੇ ਹੈ। ਹਰ ਬੰਦੇ ਦੀ ਅਮਾਨਤ ਕਿਤੇ ਨਾ ਕਿਤੇ ਪਈ ਹੁੰਦੀ ਹੈ - ਕਿਸੇ ਮਹਾਤਮਾ ਕੋਲ। ਕਿਸੇ ਦੀ ਕਿਸੇ ਕੋਲ ਹੁੰਦੀ ਹੈ। ਪਹਿਲਿਆਂ ਜਨਮਾਂ ਵਿਚ ਤਪ ਕਰਦੇ, ਨਾਮ ਜਪਦੇ ਆਉਂਦੇ ਨੇ, ਪੂਰੇ ਹੁੰਦੇ ਨਹੀਂ ਹਨ, ਅਧੂਰੇ

ਰਹਿ ਜਾਂਦੇ ਨੇ। ਅਕਾਲ ਪੁਰਖ ਲਿਖ ਦਿੰਦੇ ਹਨ ਕਿ ਤੇਰੀ ਅਮਾਨਤ ਫਲਾਣੇ ਮਹਾਤਮਾ ਕੋਲ ਹੈ ਉਥੋਂ ਹੀ ਮਿਲੇਗੀ। ਸੰਤ ਦੱਸ ਦਿੰਦੇ ਨੇ ਕਿ ਤੂੰ ਭਾਈ! ਮੇਰੇ ਕੋਲ ਨਾ ਆ, ਤੇਰਾ ਤਾਂ ਖਜ਼ਾਨਾ ਫਲਾਣੇ ਮਹਾਤਮਾ ਕੋਲ ਪਿਆ ਹੈ। ਉਥੋਂ ਜਾ ਕੇ ਲੈ ਲੈ, ਉਹ ਤੇਰਾ ਇੰਤਜ਼ਾਰ ਕਰਦੇ ਹਨ।

ਜਦੋਂ ਸੰਤ ਮਹਾਰਾਜ ਜੀ ਦਸਵੀਂ ਜਮਾਤ ਵਿਚ ਇਮਤਿਹਾਨਾਂ ਤੋਂ ਪਹਿਲਾਂ ਇਥੇ ਆਏ ਰੇਰੂ ਸਾਹਿਬ, ਉਨ੍ਹਾਂ ਮਹਾਂਪੁਰਸ਼ਾਂ ਨੇ ਕਦੇ ਕਿਸੇ ਨੂੰ ਇਹੋ ਜਿਹੇ ਬਚਨ ਨਹੀਂ ਕਹੇ। ਜਦੋਂ ਇਹ ਸਾਹਮਣੇ ਆਏ ਤਾਂ ਇਨ੍ਹਾਂ ਦੇ ਸਕੂਲ ਵਾਲੀ ਵਰਦੀ ਸੀ, ਰੇਸ਼ਮੀ ਕੱਪੜੇ ਪਹਿਨੇ ਹੋਏ ਸੀ, ਸਿਰ ਤੇ ਚੀਰਾ ਬੰਨ੍ਹਿਆ ਹੋਇਆ ਸੀ। ਉਨ੍ਹਾਂ ਦਿਨਾਂ ਵਿਚ ਪਟਿਆਲੇ ਵਿਚ ਚੀਰੇ ਰੰਗੇ ਜਾਂਦੇ ਸੀ, ਆਮ ਹੀ ਲੋਕ ਪਹਿਨਦੇ ਸੀ। ਜਦੋਂ ਇਨ੍ਹਾਂ ਨੇ ਨਮਸ਼ਕਾਰ ਕਰੀ ਤਾਂ ਉਨ੍ਹਾਂ ਨੇ ਦੇਖਿਆ ਇਨ੍ਹਾਂ ਨੂੰ, ਮਹਾਰਾਜ ਜੀ ਨੂੰ।

ਕਹਿਣ ਲੱਗੇ, "ਆ ਗਿਆ? ਅਸੀਂ ਤਾਂ ਤੇਰੀ ਤਲਾਸ਼ ਕਰ ਰਹੇ ਸੀ। ਚੰਗਾ ਹੋਇਆ ਤੂੰ ਆ ਗਿਆ। ਤੇਰੀ ਅਮਾਨਤ ਸਾਡੇ ਕੋਲ ਪਈ ਹੈ।" ਫੇਰ ਅਮਾਨਤ ਲੈ ਲਈ ਨਾ, ਲੇਕਿਨ ਲੈਣ ਵਾਸਤੇ ਬਹੁਤ ਜਦੋ ਜਹਿਦ ਕਰਨੀ ਪਈ। ਇਉਂ ਨਹੀਂ ਸੰਤ ਫੜਾਉਂਦੇ ਕਿ ਆਇਆ, ਤੇ ਫੜਾ ਦਿੱਤੀ। ਉਹ ਦੇਖਦੇ ਹਨ ਕਿ ਅਧਿਕਾਰੀ ਵੀ ਹੈ ਇਸਦਾ ਰੱਖ ਵੀ ਲਏਗਾ ਸਾਂਭ ਕੇ, ਗੁਆ ਤਾਂ ਨਹੀਂ ਦਏਗਾ? ਕਿਉਂਕਿ ਉਸ ਅਮਾਨਤ ਵਿਚ ਬੇਅੰਤ ਸ਼ਕਤੀਆਂ ਹੁੰਦੀਆਂ ਹਨ, ਰਿਧੀਆਂ-ਸਿਧੀਆਂ ਹੁੰਦੀਆਂ ਨੇ। ਉਹ ਦਿੰਦੇ ਹੀ ਤਾਂ ਨੇ ਜਦੋਂ ਪਰਖ ਲੈਂਦੇ ਨੇ। ਸੋ ਇਹ ਵਿਚਾਰਾਂ ਆਪਾਂ ਕਰਾਂਗੇ। ਸੋ ਪੂਰੇ ਮਹਾਂਪੁਰਸ਼ ਦੇ ਕੋਲ ਨਾਮ ਦੀ ਅਮਾਨਤ ਹੋਇਆ ਕਰਦੀ ਹੈ, ਐਸਾ ਫੁਰਮਾਨ ਹੈ ਗੁਰਬਾਣੀ ਵਿਚ ਪੜ੍ਹੋ ਪਿਆਰ ਨਾਲ -

***ਧਾਰਨਾ - ਨਾਮ ਅਮੋਲਕ ਰਤਨ ਹੈ,***
***ਪੂਰੇ ਸਤਿਗੁਰ ਪਾਸ -2, 2.***

ਦੱਸ ਪੈ ਗਈ, ਗੁਰੂ ਗ੍ਰੰਥ ਸਾਹਿਬ ਮਹਾਰਾਜ ਨੇ ਦੱਸ ਦਿੱਤਾ ਕਿ ਪਿਆਰਿਓ! ਜਿਹੜਾ ਅਭੇਦ ਅਵਸਥਾ ਦਾ ਹੋ ਗਿਆ, ਪੂਰਾ ਬਣ ਗਿਆ, ਉਸ ਦੇ ਕੋਲ ਨਾਮ ਰਤਨ ਹੋਇਆ ਕਰਦਾ ਹੈ; ਜੇ ਲੈਣਾ ਹੈ ਉਥੋਂ ਲੈ ਲਓ-

***ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ॥***
***ਸਤਿਗੁਰ ਸੇਵੈ ਲਗਿਆ ...............॥***

***ਅੰਗ - 40***

ਜਦੋਂ ਪ੍ਰਸੰਨ ਹੋ ਗਿਆ ਸੇਵਾ ਤੋਂ, ਫੇਰ ਉਹ ਕੀ ਕਰੇਗਾ?

................***ਕਢਿ ਰਤਨੁ ਦੇਵੈ ਪਰਗਾਸਿ॥***

***ਅੰਗ - 40***

ਜਿਹੜੇ ਪੰਜ ਭਰਮ ਪਏ ਹੋਏ ਨੇ, ਉਨ੍ਹਾਂ ਦਾ ਹਨ੍ਹੇਰਾ ਦੂਰ ਕਰ ਦਏਗਾ, ਨਾਮ ਮੰਡਲ, ਆਤਮ ਮੰਡਲ ਦੇ ਵਿਚ ਆਤਮ ਸਾਖਸ਼ਾਤਕਾਰ ਕਰਕੇ ਉਸ ਨੂੰ ਉਸ ਦਾ ਸਰੂਪ ਦਿਖਾ ਦੇਵੇਗਾ। ਪਰਮੇਸ਼ਰ ਦੇ ਕੋਲ ਪਹੁੰਚਾ ਦਿੰਦਾ ਹੈ, ਉਸ

ਨੂੰ ਹੀ ਪ੍ਰਮੇਸ਼ਰ ਬਣਾ ਦਿੰਦਾ ਹੈ। ਇਹ ਸਤਿਗੁਰ ਦੀ ਸਿਫਤ ਹੋਇਆ ਕਰਦੀ ਹੈ –

***ਧੰਨੁ ਵਡਭਾਗੀ ਵਡ ਭਾਗੀਆ***
***ਜੋ ਆਇ ਮਿਲੇ ਗੁਰ ਪਾਸਿ॥*** ***ਅੰਗ – 40***

ਜਿਹੜੇ ਸਮਰੱਥ ਗੁਰੂ ਕੋਲ ਜਾਂਦੇ ਨੇ ਉਹ ਭਾਗਾਂ ਵਾਲੇ ਹਨ। ਹੁਣ ਇਥੇ ਮੈਂ ਇਕ ਥੋੜ੍ਹੀ ਕਿੰਤੂ ਕਰਨੀ ਚਾਹੁੰਦਾ ਹਾਂ। ਵਿਚਾਰ ਹੁੰਦੀ ਹੈ ਇਨ੍ਹਾਂ ਗੱਲਾਂ ਦੀ ਕਿਉਂਕਿ ਸਾਡੇ ਅੰਦਰ ਗਲਤ ਨਿਸ਼ਚੇ ਬੈਠੇ ਹੋਏ ਨੇ। ਸੰਤਾਂ ਨੇ ਵੀ ਪਾ ਦਿੱਤੇ, ਕੀਰਤਨੀਆਂ ਨੇ ਵੀ ਪਾ ਦਿੱਤੇ, ਪ੍ਰਚਾਰਕਾਂ ਨੇ ਪਾ ਦਿੱਤੇ। ਉਹ ਇਹ ਕਹਿੰਦੇ ਹਨ ਕਿ ਤੁਸੀਂ ਅੰਮ੍ਰਿਤ ਛਕ ਲਓ ਫੇਰ ਤੁਹਾਡਾ ਲੈਣਾ ਦੇਣਾ ਸਭ ਖਤਮ। ਗੁਰੂ ਗ੍ਰੰਥ ਸਾਹਿਬ ਤਾਂ ਨਹੀਂ ਇਸ ਤਰ੍ਹਾਂ ਕਹਿੰਦੇ। ਗੁਰੂ ਗ੍ਰੰਥ ਸਾਹਿਬ ਤਾਂ ਕਹਿੰਦੇ ਨੇ ਕਿ ਤੇਰੇ ਅੰਦਰ ਹਨ੍ਹੇਰਾ ਹੈ ਪਿਆਰਿਆ! ਤੂੰ ਕਿਸੇ ਧਰਮ ਵਿਚ ਦਾਖਲ ਹੋਇਆ? ਈਸਾਈਆਂ ਦੇ ਬਿਲਕੁਲ ਸਾਡੇ ਵਾਂਗ ਹੀ ਅੰਮ੍ਰਿਤ ਛਕਾਉਂਦੇ ਨੇ। ਹਿੰਦੂਆਂ ਦੇ ਵੀ ਯਗਿਓਪਵੀਤ ਗਾਇਤ੍ਰੀ ਦਾ ਮੰਤਰ ਦੇਣ ਤੋਂ ਪਹਿਲਾਂ ਐਸਾ ਕਰਦੇ ਨੇ। ਇਸਲਾਮ ਵਿਚ ਤੁਹਾਨੂੰ ਪਤਾ ਹੀ ਹੈ ਕਿ ਕਿਹੋ ਜਿਹੀ ਸ਼ਰ੍ਹਾ ਹੈ ਜਿਸ ਵਿਚ ਦਾਖਲ ਕਰਦੇ ਨੇ, ਸੁੰਨਤ ਵਗੈਰਾ ਕਰਦੇ ਹਨ, ਹੋਰ ਕਰਦੇ ਹਨ। ਜੈਨੀਆਂ ਦੇ ਸਾਰੇ ਕੇਸ ਪੁੱਟ ਦਿੰਦੇ ਨੇ 'ਅਬ ਦੁਖ, ਫਿਰ ਸੁਖ –2', ਸਭ ਹੱਥਾਂ ਨਾਲ ਪੁੱਟਦੇ ਨੇ, ਪਿਆ ਚੀਕਾਂ ਮਾਰੀ ਜਾਵੇ। ਹਰ ਧਰਮ ਵਿਚ ਪ੍ਰਵੇਸ਼ ਦਾ ਕੋਈ ਨਾ ਕੋਈ ਜ਼ਰੀਆ ਹੁੰਦਾ ਹੈ। ਹੁਣ ਇਹ ਹੈ ਕਿ ਇਸ ਦੇ ਵਿਚ ਕੀ ਵਢੋਤੀ ਹੈ ਕੀ ਛੋਟੀ ਹੈ? ਇਹ ਗੱਲ ਕਰਾਂਗਾ ਤੁਹਾਡੇ ਨਾਲ ਪਰ ਠਹਿਰ ਕੇ ਕਰਾਂਗਾ ਕਿਉਂਕਿ ਹੁਣ ਜੇ ਮੈਂ ਇਧਰ ਪੈ ਗਿਆ ਤਾਂ ਗੱਲ ਪਾਸੇ ਚਲੀ ਜਾਏਗੀ। ਉਹ ਇਹ ਹੈ ਕਿ ਅੰਮ੍ਰਿਤ ਤਾਂ ਅਸੀਂ ਛਕ ਲਿਆ, 5 ਪਿਆਰਿਆਂ ਨੇ ਮੰਤਰ ਦੇ ਦਿੱਤਾ, ਜਿਸ ਨੂੰ ਗੁਰ ਮੰਤਰ ਕਹਿੰਦੇ ਨੇ ਕਿਉਂਕਿ ਗੁਰੂ ਮਹਾਰਾਜ ਨੇ 5 ਪਿਆਰਿਆਂ ਦੇ ਰਾਹੀਂ ਗੁਰ ਮੰਤਰ ਦਾ ਵਿਧਾਨ ਕਰ ਦਿੱਤਾ। ਪਰ 5 ਪਿਆਰੇ ਕਿਹੜੇ ਨੇ, ਹੁਣ ਇਹ ਵੀ ਤੁਸੀਂ ਦੇਖ ਲਓ। ਇਕ ਤਾਂ ਹੈ ਮਾਇਆ ਦੇ ਪਿਆਰੇ, ਪੁੱਤਰਾਂ ਦੇ ਪਿਆਰੇ, ਪੈਸੇ ਦੇ ਪਿਆਰੇ, ਪ੍ਰਭਤਾ ਦੇ ਪਿਆਰੇ; ਭੇਖ ਉਨ੍ਹਾਂ ਦੇ ਉਤੇ ਚਾਹੇ ਕੋਈ ਹੈ, ਉਹ ਗੁਰੂ ਦੇ ਪਿਆਰੇ ਨਹੀਂ ਹਨ। ਗੁਰੂ ਦਾ ਪਿਆਰਾ ਉਹ ਹੈ ਜਿਹੜਾ ਗੁਰੂ ਦੇ ਨਾਲ ਹਰ ਵਕਤ ਰੱਤਿਆ ਰਹਿੰਦਾ ਹੈ। ਪਿਆਰ ਵਾਲਾ ਤਾਂ ਪਿਆਰ ਵਿਚ ਹੀ ਰਹਿੰਦਾ ਹੈ। ਦੁਨੀਆਂ ਦੀਆਂ ਮਿਸਾਲਾਂ ਲੈ ਲਓ। ਉਹ ਧੁਨ ਐਨੀ ਜਬਰਦਸਤ ਉਸ ਦੇ ਅੰਦਰ ਹੁੰਦੀ ਹੈ ਕਿ ਉਸ ਨੂੰ ਆਲੇ-ਦੁਆਲੇ ਦਾ ਕੁਝ ਨਹੀਂ ਪਤਾ ਹੁੰਦਾ।

ਲੈਲਾ ਤੇ ਮਜਨੂੰ ਹੋਏ ਨੇ ਸ਼ਿਰਾਜ਼ ਦੇ ਈਰਾਨ ਵਿਚ। ਮਜਨੂੰ ਨੂੰ ਸ਼ਹਿਰ ਵਿਚੋਂ ਕੱਢ ਦਿੱਤਾ ਕਿਉਂਕਿ ਇਸ ਦਾ ਪਿਤਾ ਬਹੁਤ ਵੱਡਾ ਸੀ। ਉਥੇ ਬੇਅੰਤ ਹੀ ਉਡਾਰ ਦੇ ਟਿੱਬੇ ਸੀ। ਉਹ ਉਥੇ ਕਿਤੇ ਫੇਰ ਬਹਿ ਗਿਆ ਵਿਚਾਰਾ। ਇਧਰ ਲੈਲਾ ਉਸ ਨੂੰ ਟੋਲ੍ਹਦੀ ਫਿਰਦੀ ਹੈ। ਉਹ ਇਕ ਕਾਫਲੇ ਦੇ ਮੂਹਰੇ ਦੀ ਲੰਘ ਗਈ ਤੇ ਕਾਫਲੇ ਵਾਲੇ ਨਮਾਜ਼ ਪੜ੍ਹ ਰਹੇ ਨੇ। ਉਨ੍ਹਾਂ ਸਾਰਿਆਂ ਨੇ ਦੇਖ ਲਿਆ,

ਸਰਦਾਰ ਨੇ ਵੀ ਕਿ ਸਾਡੀ ਤਾਂ ਨਮਾਜ਼ ਕਜ਼ਾ ਹੋ ਗਈ ਔਰਤ ਲੰਘ ਗਈ, ਸਾਡੇ ਮੋਹਰੇ ਦੀ। ਐਸੇ ਉਨ੍ਹਾਂ ਦੇ ਖਿਆਲ ਨੇ ਸਾਡੇ ਨਹੀਂ ਇਹ ਖਿਆਲ। ਸਾਡੇ ਤਾਂ ਹੋਰ ਹੀ ਤਰ੍ਹਾਂ ਦੇ ਖਿਆਲ ਨੇ, ਉਸ ਨੇ ਜਾਕੇ ਕਾਜ਼ੀ ਕੋਲ ਸ਼ਿਕਾਇਤ ਕਰ ਦਿੱਤੀ।

ਕਹਿਣ ਲੱਗਿਆ, "ਆਹ ਕੁੜੀ ਜਿਹੜੀ ਹੈ, ਅਸੀਂ ਇਹ ਫੜ ਲਈ ਹੈ। ਇਸ ਨੇ ਸਾਡੀ ਨਮਾਜ਼ ਕਜ਼ਾ (ਭੰਗ) ਕਰੀ ਹੈ ਇਸ ਨੂੰ ਫਤਵਾ ਦੇ ਕੇ ਸਜ਼ਾ ਦੇਵੋ।"

ਮੁਕੱਦਮਾ ਪੇਸ਼ ਹੋ ਗਿਆ, ਉਨ੍ਹਾਂ ਨੇ ਸਾਰਿਆਂ ਦੀਆਂ ਗਵਾਹੀਆਂ ਲਈਆਂ। ਜਦੋਂ ਲੈਲਾ ਦੀ ਵਾਰੀ ਆਈ, ਉਹ ਕਹਿਣ ਲੱਗੀ, "ਕਾਜ਼ੀ ਸਾਹਿਬ! ਇਹ ਨਮਾਜ਼ ਨਹੀਂ ਸੀ ਪੜ੍ਹਦੇ।" ਕਹਿੰਦਾ, "ਤੈਨੂੰ ਕਿਵੇਂ ਪਤਾ ਹੈ?"

ਕਹਿੰਦੀ, "ਮੈਨੂੰ ਇਨ੍ਹਾਂ ਦੀਆਂ ਗੱਲਾਂ ਤੋਂ ਹੁਣ ਪਤਾ ਲਗਦਾ ਹੈ, ਇਹ ਨਮਾਜ਼ ਵਗੈਰਾ ਕੋਈ ਨਹੀਂ ਸੀ ਪੜ੍ਹਦਾ। ਦੇਖੋ! ਤੁਸੀਂ ਇਨਸਾਫ ਕਰੋ, ਮੈਂ ਇਕ ਮਨੁੱਖ ਨੂੰ ਪਿਆਰ ਕਰਦੀ ਹਾਂ। ਮੈਨੂੰ ਪਤਾ ਹੈ ਚੰਗੀ ਤਰ੍ਹਾਂ ਦੇ ਨਾਲ ਕਿ ਇਸ ਨੇ ਬਾਰ-ਏ-ਗਾਹ ਖੁਦਾ ਵਿਚ ਮੇਰੀ ਕੋਈ ਮਦਦ ਨਹੀਂ ਕਰਨੀ। ਇਹ ਇਨਸਾਨੀ ਫਿਤਰਤ ਹੋਣ ਕਰਕੇ ਮੈਂ ਉਸ ਨੂੰ ਪਿਆਰ ਕਰਦੀ ਹਾਂ। ਮੈਂ ਨਹੀਂ ਰਹਿ ਸਕਦੀ ਉਸ ਤੋਂ ਬਗੈਰ। ਮੈਂ ਉਸ ਦੀ ਤਲਾਸ਼ ਵਿਚ ਜਾ ਰਹੀ ਸੀ। ਇਹ ਕਾਫਲਾ ਕਿਥੇ ਉਤਰਿਆ ਹੋਇਆ ਸੀ, ਕਿੰਨੇ ਕੁ ਬੰਦੇ ਸੀ, ਨਮਾਜ਼ ਪੜ੍ਹਦੇ ਸੀ ਜਾਂ ਰੋਟੀ ਖਾਂਦੇ ਸੀ, ਜਾਂ ਕੀ ਕਰਦੇ ਸੀ, ਮੈਂ ਤਾਂ ਦੇਖਿਆ ਹੀ ਨਹੀਂ ਇਨ੍ਹਾਂ ਨੂੰ। ਮੈਂ ਤਾਂ ਆਪਣੀ ਧੁਨ ਵਿਚ ਐਨੀ ਪੱਕੀ ਸੀ ਮੈਨੂੰ ਕੁਝ ਵੀ ਨਹੀਂ ਸੀ ਨਜ਼ਰ ਆਉਂਦਾ ਤੇ ਜੇ ਮੈਂ ਇਕ ਮਨੁੱਖ ਨੂੰ ਪਿਆਰ ਕਰਦੀ ਹਾਂ- ਖਾਕੀ ਮਨੁਖ ਨੂੰ, ਪੰਜਾਂ ਤੱਤਾਂ ਦੇ ਪੁਤਲੇ ਨੂੰ, ਇਹ ਤਾਂ ਖੁਦਾ ਨੂੰ ਪਿਆਰ ਕਰਦੇ ਨੇ; ਇਹ ਖੁਦਾ ਦੇ ਪਿਆਰ ਵਿਚ ਲੀਨ ਹੋਏ ਉਸ ਦੀ ਨਮਾਜ਼ ਪੜ੍ਹ ਰਹੇ ਸੀ ਜਾਂ ਮੈਨੂੰ ਦੇਖ ਰਹੇ ਸੀ? ਜੇ ਮੈਨੂੰ ਦੇਖ ਰਹੇ ਸੀ ਤਾਂ ਇਹ ਨਮਾਜ਼ ਕਿਵੇਂ ਪੜ੍ਹਦੇ ਸੀ? ਕਜ਼ਾ ਤਾਂ ਨਮਾਜ਼ ਇਨ੍ਹਾਂ ਨੇ ਮੇਰੇ ਆਉਣ ਤੋਂ ਪਹਿਲਾਂ ਹੀ ਆਪਣੇ ਆਪ ਕਰੀ ਹੋਈ ਸੀ। ਇਨ੍ਹਾਂ ਨੂੰ ਡੰਨ ਦੇਵੋ ਕਿਉਂਕਿ ਇਹ ਨਮਾਜ਼ ਨਹੀਂ ਸੀ ਪੜ੍ਹ ਰਹੇ।"

ਸੋ ਬੜੀ ਪਤੇ ਦੀ ਗੱਲ ਸੀ ਉਸ ਦੀ ਕਿਉਂਕਿ ਅਸੀਂ ਇਨ੍ਹਾਂ ਗੱਲਾਂ ਦੇ ਵਿਚ ਸਾਵਧਾਨ ਨਹੀਂ। ਸੋ ਸਾਡਾ ਜੋ ਸਬੰਧ ਹੈ ਗੁਰੂ ਮਹਾਰਾਜ ਨਾਲ, ਇਹ ਨਹੀਂ ਹੈ ਕਿ ਅੰਮ੍ਰਿਤ ਛਕ ਲਿਆ ਅਸੀਂ। ਇਹ ਨਹੀਂ ਕਿ ਸਹਿਧਾਰੀਆਂ ਨੂੰ ਨਹੀਂ ਮਿਲਣਾ। ਸਾਡੀ ਖਿੱਚਾ-ਖਿੱਚੀ ਬਹੁਤ ਹੈ ਕਿਤਾਬਾਂ ਬਹੁਤ ਬਣ ਗਈਆਂ ਇਸ ਤਰ੍ਹਾਂ ਦੀਆਂ। ਅੰਮ੍ਰਿਤ ਤਾਂ ਅਸੀਂ ਛਕ ਲਿਆ ਤੇ ਅੱਗੇ ਪੈਰ ਨਹੀਂ ਪੁਟਦੇ।

ਹੁਣ ਪੰਜ ਪਿਆਰਿਆਂ ਦੀ ਗੱਲ ਮੈਂ ਕਰਦਾ ਸੀ ਕਿ ਜਿਹੜੇ ਪੰਜ ਪਿਆਰੇ ਮਾਇਆ ਦੇ ਪਿਆਰੇ ਨੇ ਉਹ ਗੁਰੂ ਦੇ ਪਿਆਰੇ ਤਾਂ ਹੋਏ ਨਾ, ਗੁਰੂ ਦਾ ਪਿਆਰਾ ਉਹ ਹੁੰਦਾ ਹੈ -

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥***

***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥***
***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥ ਅੰਗ - 517***

ਉਹ ਰੱਤੇ ਹੁੰਦੇ ਨੇ -

***ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ੀ ਸਿਞਾਤਾ ਸਾਈ॥***
***ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਾ ਕਾਰਿ ਨ ਆਈ॥***
***ਅੰਗ - 1426***

ਜਿਹੜੇ ਹਰ ਵਕਤ ਵਾਹਿਗੁਰੂ ਦੇ ਪਿਆਰ ਵਿਚ ਲੀਨ ਰਹਿੰਦੇ ਨੇ, ਠੀਕ ਹੈ ਉਨ੍ਹਾਂ ਦਾ ਅੰਮ੍ਰਿਤ ਛਕਾਇਆ ਹੋਇਆ ਬਹੁਤ ਉੱਚਾ ਲੈ ਜਾਂਦਾ ਹੈ। ਇਥੇ ਲੁਧਿਆਣੇ ਖਾਲਸਾ ਸਕੂਲ ਹੁੰਦਾ ਸੀ, ਹੁਣ ਕਾਲਜ ਬਣ ਗਿਆ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅੰਮ੍ਰਿਤ ਛਕਾ ਰਹੇ ਸੀ। ਉਹ ਬੜੇ ਸਾਵਧਾਨ ਰਹਿੰਦੇ ਸੀ ਕਿ ਪਿਆਰੇ ਕਿਹੜੇ ਲੈਣੇ ਨੇ। ਉਸ ਵੇਲੇ 4 ਤਾਂ ਆ ਗਏ, ਪੰਜਵਾਂ ਨਾ ਆਇਆ। ਅਨੁਭਵ ਸੀ ਉਨ੍ਹਾਂ ਦੇ ਅੰਦਰ, ਕਹਿਣ ਲੱਗੇ ਆ ਜਾਏਗਾ, ਅਰਦਾਸ ਕਰੋ। ਜਦੋਂ ਅਰਦਾਸ ਕਰੀ ਤਾਂ ਪਿਛੇ ਪੰਜਵੇਂ ਵੀ ਖੜ੍ਹੇ ਸੀ, ਬਾਪੂ ਜੀ, ਤੁਹਾਡੇ ਬੀਬੀ ਜੀ ਦੇ ਪਿਤਾ ਜੀ। ਕਹਿੰਦੇ, "ਆ ਗਏ?" ਕਹਿੰਦੇ, "ਹਾਂ! ਤੁਸੀਂ ਯਾਦ ਕਰਿਆ ਸੀ ਅਸੀਂ ਆ ਗਏ - ਬਿਨਾਂ ਚਿੱਠੀਆਂ ਤੋਂ, ਬਿਨਾਂ ਟੈਲੀਫੋਨ ਤੋਂ।" ਅੰਦਰ ਹੀ ਅੰਦਰ telepathy (ਦੂਜੇ ਦੇ ਦਿਲ ਦੇ ਭਾਵ ਬੁੱਝਣ ਦੀ ਸ਼ਕਤੀ) ਨਾਲ ਗੱਲ ਚਲਦੀ ਸੀ ਸਿੰਘਾਂ ਦੀ। ਯਾਦ ਕਰੋ, ਚਾਹੇ ਬੰਬਈ ਬੈਠਾ ਹੈ ਉਸ ਨੇ ਚੱਲ ਪੈਣਾ ਹੈ। ਉਸ ਵੇਲੇ ਨਾਮ ਜਪਦੇ ਸੀ, ਬੰਦਗੀ ਕਰਦੇ ਸੀ ਐਵੇਂ ਫੋਕੇ ਸਿੰਘ ਨਹੀਂ ਸੀ ਉਸ ਵੇਲੇ। ਸਾਡੇ ਦੇਖਦੇ-ਦੇਖਦੇ ਰੌਲਾ ਪਿਆ ਹੈ ਜਦੋਂ ਦੀ ਰਾਜਨੀਤੀ ਆਈ ਹੈ, ਰਾਜਨੀਤਿਕ ਬਣ ਗਏ। ਨਾਮ ਤਾਂ ਗਿਆ ਆਇਆ ਕਿਧਰੇ, ਨਾ ਕਿਤੇ ਪਾਠ ਨਾ ਕਿਤੇ ਨਾਮ। ਜੀਵਨ ਹੀ ਹੋਰ ਤਰ੍ਹਾਂ ਦਾ ਹੋ ਗਿਆ। ਜਦ ਅੰਮ੍ਰਿਤ ਤਿਆਰ ਕਰਿਆ ਤਾਂ ਫੱਲ੍ਹੇਆਲ ਦਾ ਇਕ ਲੜਕਾ ਦਸਵੀਂ ਜਮਾਤ ਦਾ, ਬਾਪੂ ਜੀ ਅੰਮ੍ਰਿਤ ਛਕਾ ਰਹੇ ਨੇ, ਜਦੋਂ ਇਨ੍ਹਾਂ ਨੇ ਨੇਤਰਾਂ ਵਿਚ ਨੇਤਰ ਕਰਕੇ ਪੰਜਵਾਂ ਛਿੱਟਾ ਮਾਰਿਆ, ਉਸ ਬੱਚੇ ਦਾ ਉਥੇ ਹੀ ਬੋਲ ਰੁਕ ਗਿਆ, ਤਾੜੀ ਲੱਗ ਗਈ, ਅੱਖਾਂ ਉਵੇਂ ਜਿਵੇਂ ਚੜ੍ਹੀਆਂ ਹੀ ਰਹਿ ਗਈਆਂ।

ਭਾਈ ਸਾਹਿਬ ਕਹਿੰਦੇ, "ਹੁਣ ਕੀ ਹੋਏਗਾ? ਬੱਚਾ ਤਾਂ ਚੁੱਪ ਹੋ ਗਿਆ।"

ਬਾਪੂ ਜੀ ਕਹਿੰਦੇ, "ਕੋਈ ਗੱਲ ਨਹੀਂ, ਅਸੀਂ ਜਲਾਲ ਵਿਚ ਆ ਗਏ ਸੀ ਥੋੜ੍ਹੀ ਜਿਹੀ ਜ਼ਿਆਦਾ ਸ਼ਕਤੀ ਦੇ ਦਿੱਤੀ, ਇਹ ਬੱਚਾ ਸਹਿ ਨਹੀਂ ਸਕਿਆ।"

ਕਹਿੰਦੇ, "ਹੁਣ!"

ਕਹਿੰਦੇ, "ਹੁਣ 56 ਘੰਟੇ ਤੋਂ ਬਾਅਦ ਇਸ ਦੀ ਸੁਰਤੀ ਨੇ ਥੱਲੇ ਆਉਣਾ ਹੈ।"

ਭਾਈ ਸਾਹਿਬ ਲਿਖਦੇ ਨੇ ਕਿ ਅਸੀਂ ਬੱਚੇ ਨੂੰ ਚੁੱਕ ਕੇ ਇਕ ਪਾਸੇ ਬਿਠਾ

ਦਿੱਤਾ। ਉਸ ਤੋਂ ਬਾਅਦ ਸਕੂਲ ਵਿਚ ਹੀ ਅਖੰਡ ਪਾਠ ਸ਼ੁਰੂ ਹੋ ਗਿਆ। ਪੂਰੇ 48 ਘੰਟੇ ਤੋਂ ਬਾਅਦ ਕੀਰਤਨ ਸ਼ੁਰੂ ਹੋ ਗਿਆ। ਜਦੋਂ 8 ਘੰਟੇ ਕੀਰਤਨ ਕਰਦਿਆਂ ਨੂੰ ਹੋ ਗਏ ਉਸ ਵੇਲੇ ਉਹ ਬੱਚਾ ਧਰਤੀ ਦੀ ਖਿੱਚ ਤੋਂ ਮੁਕਤ ਹੋ ਗਿਆ। ਧਰਤੀ ਤੋਂ ਉਡ ਕੇ ਸੰਗਤਾਂ ਤੋਂ ਉੱਚਾ ਹੋ ਗਿਆ, ਹੋਰ ਉੱਚਾ ਹੋ ਗਿਆ। ਕਹਿੰਦੇ ਉਥੇ ਇਸ ਤਰ੍ਹਾਂ ਤੈਰਨ ਲੱਗ ਗਿਆ ਜਿਵੇਂ ਮੱਛੀ ਪਾਣੀ ਵਿਚ ਤੈਰਦੀ ਹੈ। ਕਹਿੰਦੇ ਸਾਡੇ ਉਤੋਂ ਦੀ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਆ ਗਿਆ ਤੇ ਬਾਪੂ ਜੀ ਆਏ, ਕਹਿੰਦੇ, "ਭਾਈ ਸਾਹਿਬ! ਲਾਵਾਂ ਦਾ ਕੀਰਤਨ ਕਰੋ ਇਸ ਦੀ ਰੂਹ ਇਸ ਵੇਲੇ ਮਿਲਾਪ ਮੰਗਦੀ ਹੈ।"

ਕਿਉਂਕਿ ਉਹ ਗੁਰੂ ਦੇ ਪਿਆਰੇ ਸੀ, ਗੁਰੂ ਮਹਾਰਾਜ ਨੇ ਉਨ੍ਹਾਂ ਪਿਆਰਿਆਂ ਨੂੰ 'ਪਿਆਰੇ' ਕਿਹਾ ਸੀ–

***ਖਾਲਸਾ ਮੇਰੋ ਰੂਪ ਹੈ ਖਾਸ॥***
***ਖਾਲਸੇ ਮਹਿ ਹੌਂ ਕਰੌਂ ਨਿਵਾਸ॥***

***(ਸਰਬ ਲੋਹ ਗ੍ਰੰਥ 'ਚੋਂ)***

ਉਹ ਮੇਰਾ ਰੂਪ ਨੇ –

***ਦਾਸ ਅਨਿੰਨ ਮੇਰੋ ਨਿਜ ਰੂਪ॥ ਅੰਗ – 1252***

ਕਿੱਡੀ ਵੱਡੀ ਮਹਾਰਾਜ ਨੇ ਚਲਾਈ ਸੀ ਗੱਲ, ਅਸੀਂ ਇਸ ਨੂੰ ਕਿਥੇ ਲੈ ਗਏ, ਰਸਮ ਬਣਾ ਦਿੱਤਾ। ਨਾ ਸਾਡੇ ਵਿਚ ਕੋਈ ਜੀਵਨ ਧਾਰਾ ਹੈ।

ਸੰਤ ਕਲਿਆਣ ਦਾਸ ਜੀ ਦੇ ਕੋਲ ਇਕ ਪ੍ਰੇਮੀ ਆਏ, ਕਹਿੰਦੇ, "ਤੁਸੀਂ ਅੰਮ੍ਰਿਤ ਕਿਉਂ ਨਹੀਂ ਛੱਕਿਆ?"

ਕਹਿੰਦੇ ਬੜਾ ਡਾਂਟ ਕੇ ਮੈਨੂੰ ਕਿਹਾ।

ਕਹਿੰਦੇ ਮੈਂ ਕਿਹਾ, "ਭਾਈ ਅਸੀਂ ਤਾਂ ਸਹਿਜਧਾਰੀ ਉਦਾਸੀ ਸਾਧੂ ਹਾਂ। ਜੇ ਤੂੰ ਅੰਮ੍ਰਿਤ ਛਕਾ ਸਕਦਾ ਹੈਂ ਤਾਂ ਛਕ ਲੈਂਦੇ ਹਾਂ।"

ਕਹਿੰਦਾ, "ਹਾਂ ਛਕਾ ਦਊਂ।"

ਕਹਿੰਦੇ, "ਤੇਰੇ ਅੰਦਰ ਨਾਮ ਦੀ ਧੁਨ ਹਰ ਵਕਤ ਚੱਲ ਰਹੀ ਹੈ, ਸੁਆਸ–ਸੁਆਸ ਨਾਮ ਦਾ ਤੈਨੂੰ ਪਤਾ ਹੈ? ਤੈਨੂੰ ਪਤਾ ਹੈ ਸ਼ਕਤੀ ਕਿਵੇਂ ਅੰਦਰ ਜਾਂਦੀ ਹੁੰਦੀ ਹੈ, ਬ੍ਰਹਿਮੰਡੀ ਸ਼ਕਤੀ ਅੰਦਰ ਜਾ ਕੇ ਕੀ ਕਰਦੀ ਹੁੰਦੀ ਹੈ?"

ਕਹਿੰਦੇ, ਉਸ ਦਾ ਜਿਹੜਾ ਸਾਰਾ ਹੀ ਅਭਿਮਾਨ ਸੀ ਉਹ ਛਿੱਥਾ ਪੈ ਗਿਆ। ਉਹ ਕਹਿੰਦੇ, ਓਏ! ਤੂੰ ਤਾਂ ਬੁਝਿਆ ਹੋਇਆ ਦੀਵਾ ਹੈਂ, ਮੇਰੇ ਅੰਦਰ ਕਿਵੇਂ ਜੋਤ ਜਗਾ ਦਏਂਗਾ? ਜੇ ਜਗਦਾ ਹੋਏਂਗਾ ਤਾਂ ਜਗਾਏਂਗਾ? ਜਦੋਂ ਤੂੰ ਆਪ ਹੀ ਬੁਝਿਆ ਹੋਇਆ ਹੈਂ, ਤੇਰੇ ਦੀਵੇ ਵਿਚ ਨਾ ਤੇਲ ਹੈ, ਨਾ ਬੱਤੀ ਹੈ। ਤੂੰ ਆ ਕੇ ਫੜ੍ਹਾਂ ਮਾਰਦਾ ਹੈਂ। ਮੈਂ ਇਹੋ ਜਿਹਾ ਨਹੀਂ, ਮੈਂ ਅੰਮ੍ਰਿਤ ਛਕ

ਲਵਾਂ। ਛਕਾਉਣ ਵਾਲਾ ਆ ਜਾਵੇ, ਛਕਲਵਾਂਗੇ। ਫੇਰ ਵੀ ਚਲੋ ਮੰਨ ਲਓ ਸਾਨੂੰ ਮਿਲਦਾ ਨਹੀਂ ਫੇਰ ਵੀ ਅਸੀਂ ਕਰੀਏ ਕੀ? ਅੰਮ੍ਰਿਤ ਅਸੀਂ ਛਕ ਲਿਆ ਪੰਜ ਪਿਆਰਿਆਂ ਤੋਂ, ਪੰਜ ਪਿਆਰਿਆਂ ਨੇ ਇਕ ਨਾਮ ਦੇ ਦਿੱਤਾ ਜਿਹੜਾ ਸੀਨੇ-ਬ-ਸੀਨੇ ਗੁਰੂ ਨਾਨਕ ਸਾਹਿਬ ਤੋਂ ਚਲਿਆ ਆ ਰਿਹਾ ਹੈ, ਮੰਤਰ ਦੇ ਦਿੱਤਾ ਕਿ ਭਾਈ! ਵਾਹਿਗੁਰੂ ਮੰਤਰ ਹੈ ਇਸ ਨੂੰ ਜਪ ਕੇ ਤੇਰੀ ਹਉਮੈ ਦਾ ਨਾਸ਼ ਹੋ ਜਾਏਗਾ -

***ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।***

***ਭਾਈ ਗੁਰਦਾਸ ਜੀ ਦੀ ਵਾਰ13/2***

ਇਸ ਵਾਹਿਗੁਰੂ ਮੰਤਰ ਨੇ ਤੈਨੂੰ ਨਾਮ ਤੱਕ ਪਹੁੰਚਾ ਦੇਣਾ ਹੈ, ਆਤਮ ਮੰਡਲ ਦੇ ਵਿਚ ਪਹੁੰਚਾ ਦੇਣਾ ਹੈ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸਰਾਮੁ॥ ਅੰਗ - 293***

ਉਹ ਅੰਮ੍ਰਿਤ ਦਾ ਤੀਰਥ ਤੇਰੇ ਅੰਦਰ ਪ੍ਰਗਟ ਕਰ ਦੇਣਾ ਹੈ, ਦੂਜਾ ਜਿਹੜਾ ਵਾਹਿਗੁਰੂ ਦੇ ਸਰੂਪ ਦਾ ਧਿਆਨ ਧਰਨਾ ਹੈ ਉਹ ਹੈ -

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥***
***ਜਪੁ॥***
***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਅੰਗ - 1***

ਇਸ ਨੂੰ ਸਾਰੀ ਜ਼ਿੰਦਗੀ ਵਿਚ ਸਮਝ ਲਈਂ, ਪੂਰੀ ਜ਼ਿੰਦਗੀ ਵਿਚ ਆਖਰੀ ਸੁਆਸ ਤੇ ਵੀ ਸਮਝ ਜਾਏਂਗਾ ਤਾਂ ਵੀ ਤੇਰਾ ਭਲਾ ਹੋ ਜਾਏਗਾ। ਇਹ ਸਮਝ ਉਦੋਂ ਆਉਣਾ ਹੈ ਜਦੋਂ ਨਾਮ ਦੀ ਕੁੰਜੀ ਲਗਣੀ ਹੈ ਉਸ ਨੂੰ, ਉਂਝ ਨਹੀਂ ਸਮਝ ਵਿਚ ਆਉਣਾ, ਉਂਝ ਤੇਰੇ ਬੁੱਧੀ ਮੰਡਲ ਵਿਚ ਆਏਗਾ। ਤੇਰੇ ਅੰਦਰ ਆਤਮਕ-ਮੰਡਲ ਵਿਚ ਇਸਦਾ ਪ੍ਰਕਾਸ਼ ਨਹੀਂ ਪਏਗਾ। ਹੁਣ ਉਸ ਨੇ ਤਾਂ ਦੱਸ ਦਿੱਤਾ, ਚਾਹੇ ਉਹ ਜਾਣਦੇ ਨੇ, ਚਾਹੇ ਨਹੀਂ ਜਾਣਦੇ। ਜਗਿਆਸੂ ਆ ਗਿਆ, ਹੁਣ ਉਹ ਕੀ ਕਰਦਾ ਹੈ, ਨਾਮ ਦੀ ਕੁੰਜੀ ਲੈ ਕੇ ਘਰ ਰੱਖ ਦਿੰਦਾ ਹੈ ਫੇਰ ਸੰਤਾਂ ਕੋਲ ਆ ਜਾਂਦਾ ਹੈ ਕਿ ਮੈਨੂੰ ਨਾਮ ਦਿਓ। ਉਹ ਕਹਿੰਦੇ, ਤੂੰ ਅੰਮ੍ਰਿਤ ਛਕਿਆ ਹੈ, ਤੈਨੂੰ ਤਾਂ ਮੰਤਰ ਦਿੱਤਾ ਹੈ, ਤੂੰ ਕਮਾਈ ਕਰ, ਨਾਮ ਤੇਰੇ ਅੰਦਰੋਂ ਪ੍ਰਗਟ ਹੋਣਾ ਹੈ, ਹਾਂ ਉਸ ਦੀ ਜੁਗਤ ਦੱਸ ਦਿੰਦੇ ਹਾਂ ਤੈਨੂੰ। ਸੰਤ ਜੁਗਤੀ ਦਸਦੇ ਨੇ, ਉਸ ਜੁਗਤੀ ਦੇ ਨਾਲ ਆਦਮੀ ਤਰਦਾ ਹੈ। ਸੋ ਮਹਾਰਾਜ ਕਹਿੰਦੇ ਪਿਆਰਿਓ! ਇਹ ਜਿਹੜੀਆਂ ਚੀਜ਼ਾਂ ਨੇ -

***ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ॥***

***ਅੰਗ - 40***

ਪਰ ਹੁਣ ਗੁਰੂ ਕੋਲ ਕੌਣ ਆਉਂਦਾ ਹੈ। ਮਹਾਰਾਜ ਕਹਿੰਦੇ ਜੇ ਮੱਥੇ ਵਿਚ ਕਲਮ ਵੁੜੀ ਹੋਵੇ, ਲਿਖਿਆ ਹੋਵੇ ਲੇਖ ਤਾਂ ਸੰਤਾਂ ਕੋਲ ਆਉਂਦਾ ਹੈ, ਨਹੀਂ

ਤਾਂ ਆਉਂਦਾ ਨਹੀਂ ਹੁੰਦਾ। ਪੂਰਾ ਸੰਤ ਨਹੀਂ ਮਿਲਦਾ, ਬੇਅੰਤ ਪਖੰਡੀ ਘਟੀਆ ਹੇਠਲੇ ਦਰਜੇ ਦੇ ਮਿਲੀ ਜਾਣਗੇ ਲੇਕਿਨ ਪੂਰਾ ਨਹੀਂ ਮਿਲਦਾ।

ਸੰਤ ਕਲਿਆਣ ਦਾਸ ਜੀ ਨੂੰ ਇਹ ਲਗਨ ਲੱਗ ਗਈ ਕਿ ਮੈਂ ਪੂਰੇ ਨੂੰ ਲੱਭਣਾ ਹੈ ਪਰ ਮੈਂ ਉਸ ਦੀ ਪ੍ਰੀਖਿਆ ਵੀ ਲੈਣੀ ਹੈ। ਕਹਿੰਦੇ ਮੈਂ ਕਿਹਾ ਜਿਹੜਾ ਮੈਨੂੰ ਬੁਲਾ ਕੇ ਕਹਿ ਦੇਵੇ ਨਾ, ਮੈਂ ਉਸ ਦੇ ਨਾਲ ਗੱਲ ਕਰਾਂਗਾ। ਚਲੇ ਗਏ ਮਹਾਪੁਰਸ਼ਾਂ ਕੋਲ – ਬਾਬਾ ਜਵਾਲਾ ਸਿੰਘ ਜੀ ਕੋਲ। ਕਹਿੰਦੇ, "ਆ ਜਾ! ਆ ਗਿਆ ਤੂੰ।" ਮੇਰੀ ਨਿਸ਼ਾ ਹੋ ਗਈ, ਜਿਥੇ ਮੈਂ ਆਉਣਾ ਸੀ ਆ ਗਿਆ। ਉਹ ਆ ਕਿਉਂ ਗਿਆ ਕਿਉਂਕਿ ਇਨ੍ਹਾਂ ਦੇ ਮੱਥੇ ਤੇ ਲੇਖ ਲਿਖਿਆ ਹੋਇਆ ਸੀ। ਜੇ ਲੇਖ ਨਹੀਂ ਲਿਖਿਆ ਹੋਇਆ ਤਾਂ ਸੰਤਾਂ ਦੇ ਦਰਸ਼ਨ ਤਾਂ ਕਰ ਲਏਗਾ, ਉਨ੍ਹਾਂ ਦੇ ਬਚਨ ਸੁਣ ਲਏਗਾ ਲੇਕਿਨ ਉਨ੍ਹਾਂ ਨਾਲ ਸੰਪਰਕ ਨਹੀਂ ਹੁੰਦਾ। ਉਹ ਭਾਗ ਨਹੀਂ ਹੁੰਦਾ, ਇਸ ਕਰਕੇ ਸੰਤਾਂ ਨਾਲ ਮੇਲ ਨਹੀਂ ਹੁੰਦਾ।

***ਬਿਨੁ ਭਾਗਾ ਸਤਿਗੁਰੁ ਨਾ ਮਿਲੈ***
***ਘਰਿ ਬੈਠਿਆ ਨਿਕਟਿ ਨਿਤ ਪਾਸਿ॥***

***ਅੰਗ – 40***

ਕੋਲ ਹੀ ਰਹਿੰਦਾ ਹੁੰਦਾ ਹੈ। ਇਕ ਘਰ ਛੱਡ ਕੇ ਦੂਸਰੇ ਵਿਚ ਹੁੰਦਾ ਹੈ ਉਹ। ਉਨ੍ਹਾਂ ਦੇ ਭਾਗ ਨਹੀਂ ਬਣਦੇ ਉਨ੍ਹਾਂ ਨੂੰ ਨਹੀਂ ਪਤਾ ਲਗਦਾ। ਕਿਸੇ ਨੂੰ ਵਿਰਲੇ ਨੂੰ ਹੀ ਪਤਾ ਲਗਦਾ ਹੈ। ਨਾਮਦੇਵ ਜੀ ਦੀ ਛੱਪਰੀ ਨੂੰ ਅੱਗ ਲਾਉਣ ਵਾਲੇ ਕੋਲ ਹੀ ਬੈਠੇ ਸੀ, ਰਵਿਦਾਸ ਜੀ ਨੂੰ ਤੰਗ ਕਰਨ ਵਾਲੇ ਕੋਲ ਹੀ ਬੈਠੇ ਸਨ, ਕਬੀਰ ਸਾਹਿਬ ਨੂੰ ਬੁਰੀ ਤਰ੍ਹਾਂ ਬੇਇਜ਼ਤ ਕਰਨ ਵਾਲੇ, ਜੱਗ ਕਰਤਾ ਜਿਨ੍ਹਾਂ ਆਪੇ ਹੀ ਚਿੱਠੀਆਂ ਭੇਜ ਦਿੱਤੀਆਂ, ਕੋਲ ਹੀ ਬੈਠੇ ਸੀ, ਨਾਲ ਹੀ ਰਹਿੰਦੇ ਸੀ। ਮਹਾਰਾਜ ਕਹਿੰਦੇ, ਕੋਲ ਬੈਠਿਆਂ ਨੂੰ ਵੀ ਨਹੀਂ ਪਤਾ ਲਗਦਾ ਕਿਉਂਕਿ ਅੰਨ੍ਹੇ ਹੁੰਦੇ ਨੇ –

***ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ...॥ ਅੰਗ – 40***

ਕਹਿੰਦੇ ਉਸ ਦੇ ਵਿਚ ਪੜਦਾ ਪਿਆ ਹੋਇਆ ਹੈ।

***.............. ਦੂਰਿ ਪਇਆਸਿ॥ ਅੰਗ – 40***

ਦੂਈ ਦਾ ਪੜਦਾ ਪੈ ਗਿਆ ਉਸ ਦੇ ਅੰਦਰ –

***ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ....॥ ਅੰਗ – 40***

ਜਿੰਨਾ ਚਿਰ ਗੁਰੂ ਨਾਲ ਭੇਟ ਨਾ ਕਰੇ, ਦਰਸ਼ਨ ਤਾਂ ਅਸੀਂ ਕਰਦੇ ਹਾਂ, ਭੇਟ ਤਾਂ ਚੀਜ਼ ਹੋਰ ਹੁੰਦੀ ਹੈ। ਇਕ ਅੱਖਰ ਲਿਖਿਆ ਹੈ ਮਹਾਰਾਜ ਨੇ। ਭੇਟ ਦਾ ਵੀ ਇਕ ਸੰਕਲਪ ਹੈ, ਅਸੀਂ ਭੇਟਾ ਦਿੰਦੇ ਹਾਂ ਗੁਰੂ ਗ੍ਰੰਥ ਸਾਹਿਬ ਨੂੰ ਲਿਆ ਕੇ ਜਿੰਨੇ ਕੁ ਪੈਸੇ ਸਾਡੇ ਕੋਲ ਹਨ ਜਾਂ ਜਿੰਨੇ ਘਰੋਂ ਧਾਰ ਕੇ ਆਏ ਹਾਂ ਕਿ ਐਨਾ ਮੱਥਾ ਟੇਕਣਾ ਹੈ ਉਹ ਭੇਟਾ ਕਰ ਦਿੱਤੀ। ਹੁਣ ਗੁਰੂ ਕਹਿੰਦਾ ਹੈ ਕਿ

ਮੈਨੂੰ ਪੈਸੇ ਦੀ ਵੀ ਲੋੜ ਨਹੀਂ, ਤੇਰਾ ਕੁਝ ਨਹੀਂ ਚਾਹੀਦਾ, ਮੈਨੂੰ ਤੂੰ ਚਾਹੀਦਾ ਹੈਂ ਤੂੰ। ਉਸ 'ਤੂੰ' ਦੇ ਵਿਚ ਸਭ ਕੁਝ ਆ ਗਿਆ - ਧਨ ਵੀ ਆ ਗਿਆ, ਮਨ ਵੀ ਆ ਗਿਆ, ਤਨ ਵੀ ਆ ਗਿਆ। ਜੇ ਤਾਂ 'ਮੈਂ' ਨੂੰ ਮੱਥਾ ਟੇਕ ਦੇਵੇ, 'ਮੈਂ' ਆਪਣੀ ਕੱਢ ਕੇ ਗੁਰੂ ਨੂੰ ਦੇ ਦੇਵੇ ਤਾਂ -

*ਤਨ ਮਨ ਧਨ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ..॥* *ਅੰਗ - 918*

ਫੇਰ ਹੁਕਮ ਮੰਨਣਾ ਪੈਂਦਾ ਹੈ, ਫੇਰ ਕਹਿੰਦੇ -

................ *ਪਾਈਐ॥* *ਅੰਗ - 918*

ਜਿੰਨਾ ਚਿਰ ਅਸੀਂ ਗੁਰੂ ਦੇ ਨਾਲ ਭੇਟ ਨਹੀਂ ਕਰਦੇ, ਆਪਣੇ ਆਪ ਨੂੰ ਸਮਰਪਣ ਨਹੀਂ ਕਰਦੇ, ਪੂਰੇ ਤੌਰ ਤੇ ਅਰਪਨ ਨਹੀਂ ਕਰਦੇ ਅਸੀਂ ਵੱਖਰੇ ਰਹਿੰਦੇ ਹਾਂ, ਆਪਣਾ ਆਪ ਵੱਖਰਾ ਚੁੱਕੀ ਫਿਰਦੇ ਹਾਂ। ਮਿਲਦਾ ਨਹੀਂ, ਜ਼ੋਰ ਲਾ ਲਵੇ ਜਿਸ ਦਾ ਜੀਅ ਕਰਦਾ ਹੈ। ਇਹ ਗੁਰੂ ਨੂੰ ਦੇਣਾ ਪੈਂਦਾ ਹੈ।

ਰਾਜਾ ਜਨਕ ਕਹਿੰਦਾ, ਮੈਂ ਗੁਰੂ ਉਸ ਨੂੰ ਬਣਾਉਣਾ ਹੈ, ਜਿਹੜਾ ਘੋੜੇ ਦੀ ਰਕਾਬ ਵਿਚ ਪੈਰ ਰੱਖ ਕੇ ਦੂਜੇ ਪਾਸੇ ਜਾਂਦੇ-ਜਾਂਦੇ ਮੈਨੂੰ ਗਿਆਨ ਕਰਾ ਦਏ। ਸਾਰੇ ਭਾਰਤਵਰਸ਼ ਦੇ ਰਿਸ਼ੀ ਮੁਨੀ ਆਏ ਹੋਏ ਸੀ, ਸਭ ਨੇ ਨੀਵੀਆਂ ਪਾ ਲਈਆਂ ਕਿ ਗਿਆਨ! ਗਿਆਨ ਤਾਂ ਪਹਿਲਾਂ ਕਰਮ ਹੁੰਦਾ ਹੈ ਫੇਰ ਉਪਾਸ਼ਨਾ ਹੁੰਦੀ ਹੈ ਫੇਰ ਉਸ ਤੋਂ ਬਾਅਦ ਗਿਆਨ ਹੁੰਦਾ ਹੈ ਫੇਰ ਉਸ ਦੀ ਸਾਧਨਾ ਕਰਾਈਦੀ ਹੈ ਫੇਰ ਕਿਤੇ ਜਾ ਕੇ ਗਿਆਨ ਆਉਂਦਾ ਹੈ। ਇਹ ਕਹਿੰਦਾ ਹੈ ਘੋੜੇ ਤੇ ਚੜ੍ਹਦੇ-ਚੜ੍ਹਦੇ ਕਰ ਦੇਵੇ, ਕੋਈ ਨਾ ਆਇਆ। 8-9 ਸਾਲ ਦਾ ਇਕ ਬੱਚਾ, ਅੱਠ ਵਲ ਪੈਂਦੇ ਸੀ ਉਸ ਦੇ ਸਰੀਰ ਵਿਚ, ਉਹ ਆ ਗਿਆ।

ਉਹ ਕਹਿੰਦੇ, "ਬਾਲ ਰਿਸ਼ੀ! ਸ਼ਰਤ ਸੁਣ ਲਈ?"

ਕਹਿੰਦਾ, "ਹਾਂ ਸੁਣ ਲਈ।"

ਸਾਰਿਆਂ ਨੂੰ ਰਾਜੇ ਜਨਕ ਨੇ ਕਿਹਾ ਕਿ ਭਾਰਤ ਵਰਸ਼ ਵਿਚ ਕੋਈ ਵੀ ਐਸਾ ਸਮਰੱਥ ਪੁਰਸ਼ ਨਹੀਂ ਹੈ ਜਿਹੜਾ ਇਹ ਕੰਮ ਕਰ ਦੇਵੇ। ਸਾਰਿਆਂ ਨੇ ਨੀਵੀਆਂ ਪਾ ਲਈਆਂ। ਉਸ ਨੇ ਕਿਹਾ ਇਹ ਵਚਿਤਰ ਬਾਲਕ ਹੈ ਕੋਈ। "ਬਹਿ ਜਾ ਚੌਂਕੀ ਤੇ: ਬੈਠ ਸਕਦੇ ਹੋਂ ਤੁਸੀਂ? ਪਰ ਸ਼ਰਤ ਇਹ ਹੈ ਕਿ ਜੇ ਮੈਨੂੰ ਗਿਆਨ ਨਾ ਹੋਇਆ ਫੇਰ ਇਹ ਬੇਅਦਬੀ ਹੋਏਗੀ, ਡੰਨ ਮਿਲੇਗਾ ਆਪਨੂੰ।"

ਉਹ ਕਹਿੰਦਾ, "ਠੀਕ ਹੈ।"

ਘੋੜਾ ਮੰਗਾ ਲਿਆ, ਪੈਰ ਰੱਖਣ ਲੱਗਿਆ ਰਕਾਬ ਵਿਚ।

ਉਹ ਕਹਿੰਦੇ, "ਠਹਿਰ! ਤੈਨੂੰ ਹੋਣਾ ਹੈ ਗਿਆਨ, ਗਿਆਨ ਤੋਂ ਬਾਅਦ ਇਹ ਸੰਸਾਰ ਸੰਸਾਰ ਨਹੀਂ ਰਹਿਣਾ, ਤੂੰ ਰਾਜਾ ਜਨਕ ਨਹੀਂ ਰਹਿਣਾ ਤੇ ਫੇਰ ਕੀ

ਪਤਾ ਤੂੰ ਕਿਧਰ ਨੂੰ ਜਾਵੇਂ। ਗੁਰ ਦਕਸ਼ਣਾ ਦਿੱਤੇ ਤੋਂ ਬਗੈਰ ਜਿਹੜੀ ਦੀਕਸ਼ਾ ਹੈ, ਉਹ ਸਹੀ ਨਹੀਂ ਹੋਇਆ ਕਰਦੀ। ਮੈਨੂੰ ਪਹਿਲਾਂ ਗੁਰ ਦਕਸ਼ਣਾ ਦੇਹ।"

ਉਸ ਨੇ ਕਿਹਾ ਕਿ ਪੈਸੇ ਵਗੈਰਾ ਮੰਗਦਾ ਹੋਏਗਾ, ਦੇ ਦੇਵਾਂਗੇ। ਕਹਿੰਦਾ, "ਹੁਕਮ ਕਰੋ।"

ਕਹਿੰਦੇ, "ਹੁਕਮ ਇਹ ਹੈ ਕਿ ਤੇਰੇ ਕੋਲ ਦੋ ਚੀਜ਼ਾਂ ਨੇ - ਇਕ ਆਤਮ ਹੈ ਤੇ ਇਕ ਅਨਾਤਮ ਹੈ। ਉਹ ਜਿਹੜੀਆਂ ਤੇਰੇ ਕੋਲ ਅਨਾਤਮ ਚੀਜ਼ਾਂ ਹਨ ਉਹ ਸਾਰੀਆਂ ਮੈਨੂੰ ਦੇ ਦੇ।"

ਹੁਣ ਇਸ ਨੂੰ ਧਿਆਨ ਨਾਲ ਸਮਝਿਓ।

ਉਸਨੇ ਚੂਲ੍ਹੀ ਛੱਡ ਦਿੱਤੀ।

ਕਹਿੰਦੇ, "ਕਾਹਦੀ ਛੱਡੀ ਹੈ?"

ਕਹਿੰਦਾ, "ਮੈਂ ਆਪਣੀ ਜਾਇਦਾਦ ਦੇ ਦਿੱਤੀ ਸਾਰੀ।"

ਕਹਿੰਦੇ, "ਹੁਣ ਤੇਰੇ ਕੋਲ ਕੀ ਹੈ ਬਾਕੀ?"

ਪਤਾ ਨਹੀਂ ਲਗਦਾ। ਕਹਿੰਦੇ, "ਆਹ ਸਰੀਰ ਨਹੀਂ ਛਡਿਆ ਅਜੇ ਤੂੰ, ਸਰੀਰ ਤੇਰੇ ਕੋਲ ਹੈ।"

ਕਹਿਣ ਲੱਗਿਆ, "ਮੈਂ ਸਰੀਰ ਵੀ ਦਿੰਦਾ ਹਾਂ।"

ਕਹਿੰਦੇ, "ਹੁਣ ਤੇਰੇ ਕੋਲ ਸੂਖਸ਼ਮ ਸਰੀਰ ਹੈ, ਇਸ ਦੇ ਵਿਚ ਮਨ ਹੈ, ਬੁਧੀ ਹੈ, ਚਿਤ ਹੈ, ਤਿੰਨ ਚੀਜ਼ਾਂ ਨੇ ਇਸ ਦੇ ਵਿਚ। ਇਹ ਮੈਨੂੰ ਤਿੰਨੇ ਦੇ ਦੇ ਹੁਣ।"

ਉਹ ਵੀ ਤਿੰਨੇ ਅਰਪ ਦਿੱਤੀਆਂ। ਹੁਣ ਜਦੋਂ ਮਨ ਚਲਿਆ ਗਿਆ, ਬੁਧੀ ਚਲੀ ਗਈ ਤਾਂ ਫੁਰਨਾ ਕਿਸ ਨੇ ਕਰਨਾ ਹੈ; ਉਹ ਚਿਤ ਚਲਿਆ ਗਿਆ ਤਾਂ ਚਿਤਵਨੀ ਕਿਸ ਨੇ ਕਰਨੀ ਹੈ।

ਗੁਰੂ ਨਾਨਕ ਪਾਤਸ਼ਾਹ ਬੈਠੇ ਨੇ, ਇੰਦਰਸੈਨ ਰਾਜਾ ਹੈ। ਉਹ ਕਹਿੰਦਾ, "ਮੈਨੂੰ ਗਿਆਨ ਕਰਾ ਦਿਓ।"

ਮਹਾਰਾਜ ਕਹਿੰਦੇ, "ਅਨਾਤਮ ਚੀਜ਼ਾਂ ਮੈਨੂੰ ਦੇ ਦੇ।" ਮਹਾਰਾਜ ਇਕੱਲੀ-ਇਕੱਲੀ ਮੰਗੀ ਗਏ ਕਿ ਤੂੰ ਹੁਣ ਮਨ ਤਾਂ ਦਿੱਤਾ ਨਹੀਂ, ਮਨ ਦੇਹ। ਇਹ ਫੁਰਨੇ ਨਹੀਂ ਕਰ ਰਿਹਾ?"

ਕਹਿੰਦਾ, "ਹਾਂ ਜੀ।" ਮਨ ਦੇ ਦਿੱਤਾ।

ਕਹਿੰਦੇ, "ਹੁਣ ਬੁਧੀ ਤੇਰੀ ਨਿਰਣਾ ਕਰ ਰਹੀ ਹੈ।"

ਕਹਿੰਦਾ, "ਹਾਂ ਜੀ।"

ਕਹਿੰਦੇ, "ਇਹ ਵੀ ਦੇ ਦੇ। ਹੁਣ ਤੇਰਾ ਚਿਤ ਚਿਤਵਨੀ ਕਰ ਰਿਹਾ ਹੈ ਇਹ ਵੀ ਦੇ ਦੇ। ਹੁਣ ਦੱਸ ਬਾਕੀ ਤੇਰੇ ਕੋਲ ਕੀ ਰਹਿ ਗਿਆ।"

ਸਿਆਣਾ ਸੀ, ਸਾਧਨਾ ਕਰਦਾ ਸੀ। ਕਹਿਣ ਲੱਗਿਆ, "ਮੇਰੇ ਕੋਲ ਆਹ ਸੱਤ੍ਹਾ ਰਹਿ ਗਈ ਕਿ ਮੈਂ ਹਾਂ ਕੁਝ।"

ਕਹਿੰਦੇ, "ਇਹ ਵੀ ਸਾਨੂੰ ਦੇ ਦੇ, ਹੁਣ ਦੱਸ ਤੇਰੇ ਕੋਲ ਕੀ ਰਹਿ ਗਿਆ?"

ਦੱਸਣ ਵਾਲਾ ਜਿਹੜਾ ਸੀ, ਉਹ ਵੀ ਗੁਰੂ ਦੇ ਚਰਨਾਂ ਵਿਚ ਆ ਗਿਆ –

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥ ਅੰਗ – 827***

ਜਦੋਂ ਸਾਰਾ ਅਰਪ ਦਿੱਤਾ ਉਸ ਨੇ, ਹੁਣ ਘੋੜੇ ਤੇ ਕੌਣ ਚੜ੍ਹੇ, ਫੁਰਨਾ ਤਾਂ ਲੈ ਲਿਆ ਅਸ਼ਟਾਵਕਰ ਨੇ, ਬੁਧੀ ਵੀ ਉਸ ਨੇ ਲੈ ਲਈ। ਇੰਨੇ ਨੂੰ ਇਕ ਬ੍ਰਾਹਮਣ ਆ ਗਿਆ ਤੇ ਕਹਿਣ ਲਗਿਆ, "ਮੇਰੇ ਪੁੱਤਰ ਦੀ ਬਰਾਤ ਲੁਟ ਲਈ, ਛੇਤੀ ਫੌਜ ਭੇਜੋ, ਛੇਤੀ ਭੇਜੋ।" ਤਰਲੇ ਮਾਰੀ ਗਿਆ 15 ਮਿੰਟ, ਉਹ ਬੋਲਿਆ ਹੀ ਨਾ, ਟੱਸ ਤੋਂ ਮੱਸ ਨਾ ਹੋਇਆ। ਕਹਿੰਦਾ ਕਿਹੋ ਜਿਹਾ ਰਾਜਾ ਹੈ ਇਹ। ਗਾਲ੍ਹਾਂ ਕੱਢੀਆਂ ਉਸ ਨੂੰ ਬਹੁਤ ਖਿਝਵੀਆਂ, ਉਹ ਫੇਰ ਵੀ ਨਾ ਹਿਲਿਆ। ਉਸ ਨੇ ਜਾਣ ਲਿਆ ਕਿ ਦੇਖ ਲਓ ਹੁਣ ਇਹ ਬਿਲਕੁਲ ਡੂੰਘੀ ਚੁਪ ਵਿਚ ਪਹੁੰਚ ਗਿਆ। ਜਦੋਂ ਅਸੀਂ ਸਭ ਕੁਝ ਤੋਂ, ਦ੍ਰਿਸ਼ਟਮਾਨ ਤੋਂ, ਜਿੰਨਾ ਕੁਝ ਅਸੀਂ ਜਾਣਦੇ ਹਾਂ, ਸਾਧ ਸੰਗਤ ਜੀ! ਉਹ ਸਾਰਾ ਜਦੋਂ ਗੁਰੂ ਨੂੰ ਦੇ ਦਿੰਦੇ ਹਾਂ, ਇਸ ਨੂੰ ਭੇਟਾ ਕਹਿੰਦੇ ਨੇ ਭੇਟਾ। ਮਹਾਰਾਜ ਕਹਿੰਦੇ –

***ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ...........॥ ਅੰਗ – 40***

ਨਹੀਂ ਹੁੰਦਾ ਕੰਚਨ ਕਿਉਂਕਿ ਮੈਲ ਲੱਗੀ ਪਈ ਹੈ। ਲੋਹੇ ਨੂੰ ਜੰਗਾਲ ਲੱਗਿਆ ਹੋਵੇ, ਪਾਰਸ ਕੰਮ ਨਹੀਂ ਕਰਦਾ। ਰਗੜਨਾ ਪੈਂਦਾ ਹੈ ਤਾਂ ਜਾ ਕੇ ਸੋਨਾ ਹੁੰਦਾ ਹੈ। ਸੋ ਸਤਿਗੁਰੂ ਨੂੰ ਭੇਟਾ ਕਰਨਾ ਪੈਂਦਾ ਹੈ ਫੇਰ ਹੁੰਦਾ ਕੀ ਹੈ? ਕਹਿੰਦੇ ਫੇਰ–

***.............. ਮਨਮੁਖੁ ਲੋਹੁ ਬੂਡਾ ਬੇੜੀ ਪਾਸਿ॥ ਅੰਗ – 40***

ਮਨਮੁਖ ਡੁੱਬ ਜਾਂਦਾ ਹੈ ਬੇੜੀ ਕੋਲ ਹੁੰਦੇ-ਹੁੰਦੇ, ਗੁਰੂ ਨੂੰ ਦੇ ਨਾ ਸਕਿਆ। ਹੁਣ ਇਹ ਗੱਲ ਜਿਹੜੀ ਹੈ ਇਹ ਸਾਡੇ ਵਿਚ ਤਾਂ ਆਉਂਦੀ ਨਹੀਂ, ਅਸੀਂ ਤਾਂ ਬੱਸ ਰੌਲਾ ਪਾਈ ਜਾਂਦੇ ਹਾਂ ਕਿ ਜੀ ਅੰਮ੍ਰਿਤ ਛਕੋ – ਅੰਮ੍ਰਿਤ ਛਕੋ। ਇਹ ਅੰਮ੍ਰਿਤ ਜਿਹੜਾ ਸੀ ਇਹ ਬਹੁਤ ਕੀਮਤੀ ਚੀਜ਼ ਸੀ।

***ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ***
***ਸੁ ਅੰਮ੍ਰਿਤੁ ਗੁਰ ਤੇ ਪਾਇਆ॥ ਅੰਗ – 918***

ਇਕ 'ਪਾਹੁਲ' ਸੀ। ਪਾਹੁਲ ਛਕਾ ਕੇ ਅੰਮ੍ਰਿਤ ਦੇ ਮੰਡਲ ਵਿਚ ਗੁਰੂ ਨੇ ਪਹੁੰਚਾਉਣਾ ਸੀ। ਮਹਾਰਾਜ ਕਹਿੰਦੇ ਜਿਸ ਨੇ ਇਹ ਗੱਲ ਨਹੀਂ ਕਰੀ ਗੁਰੂ ਦੇ ਨਾਲ, ਇਸ ਦੇ ਵਿਚ ਅਸੀਂ ਸਾਰੇ ਹੀ ਆ ਗਏ ਜਿੰਨੇ ਆਪਾਂ ਬੈਠੇ ਹਾਂ। ਕਹਿੰਦੇ –

*ਜਿਨਾ ਸਤਿਗੁਰੁ ਪੁਰਖੁ ਨ ਭੇਟਿਓ*
*ਸੇ ਭਾਗਹੀਣ ਵਸਿ ਕਾਲ॥* *ਅੰਗ – 40*

ਉਹ ਜੰਮਦੇ ਮਰਦੇ ਰਹਿਣਗੇ ਸਾਰੇ –

*ਓਇ ਫਿਰਿ ਫਿਰਿ ਜੋਨਿ ਭਵਾਈਅਹਿ*
*ਵਿਚਿ ਵਿਸਟਾ ਕਰਿ ਵਿਕਰਾਲ॥*
*ਓਨਾ ਪਾਸਿ ਦੁਆਸਿ ਨ ਭਿਟੀਐ*
*ਜਿਨ ਅੰਤਰਿ ਕ੍ਰੋਧੁ ਚੰਡਾਲ॥* *ਅੰਗ – 40*

ਸੋ ਇਸ ਤਰ੍ਹਾਂ ਦੇ ਨਾਲ ਰੱਬ ਕੋਲ ਹੀ ਰਹਿੰਦਾ ਹੈ –

*ਧਨ ਪਿਰ ਕਾ ਇਕ ਹੀ ਸੰਗਿ ਵਾਸਾ ...........॥* *ਅੰਗ – 1263*

ਮੈਂ ਉਥੇ ਬੈਠਾ ਸੁਣਦਾ ਸੀ ਮਹਾਂਪੁਰਸ਼ ਦੱਸ ਰਹੇ ਸੀ।

*................ ਵਿਚਿ ਹਉਮੈ ਭੀਤਿ ਕਰਾਰੀ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ॥* *ਅੰਗ – 1263*

ਸੋ ਇਸ ਤਰ੍ਹਾਂ ਦੇ ਨਾਲ ਇਹ ਰੂਹਾਨੀ ਰਸਤੇ ਦੀਆਂ ਸ਼ਰਤਾਂ ਨੇ, ਜਿਸ ਨੇ ਚੱਲਣਾ ਹੈ। ਮਾੜ੍ਹਾ ਜਿਹਾ ਨਾਮ ਜਪ ਕੇ ਕਹਿੰਦੇ ਜੀ! ਮੇਰੀ ਅੱਗੇ ਨਹੀਂ ਬਿਰਤੀ ਚੜ੍ਹੀ। ਬਿਰਤੀ ਤੇਰੀ ਕੀ ਚੜ੍ਹੇ, ਤੂੰ ਤਾਂ ਅਜੇ ਦੁਨੀਆਂ ਵਿਚੋਂ ਹੀ ਨਹੀਂ ਨਿਕਲ ਰਿਹਾ। ਮੁੜ-ਮੁੜ ਕੇ ਥੱਲੇ ਗਿਰ ਰਿਹਾ ਹੈਂ। ਉਤੇ ਨੂੰ ਤਾਂ ਤੂੰ ਚੜ੍ਹਾਈ ਕਰ ਨਹੀਂ ਰਿਹਾ। ਵਾਸ਼ਨਾਵਾਂ ਤੇਰੇ ਅੰਦਰ ਉਵੇਂ ਜਿਵੇਂ ਕਾਇਮ ਨੇ, ਬਿਰਤੀ ਕਿਵੇਂ ਚਲੀ ਜਾਵੇ? ਕਿਵੇਂ ਅਨਹਦ ਸ਼ਬਦ ਸੁਣ ਜਾਣ? ਕਿਵੇਂ ਜੋਤੀ ਦੇ ਅੰਦਰ ਦਰਸ਼ਨ ਹੋ ਜਾਣ ਤੈਨੂੰ? ਕਿਵੇਂ ਗਿਆਨ ਦਾ ਝਲਕਾਰਾ ਵੱਜ ਜਾਵੇ? ਨਹੀਂ ਵਜਦਾ ਕਿਉਂਕਿ ਅਜੇ ਦੁਨੀਆਂ ਵਿਚੋਂ ਨਿਕਲਦਾ ਨਹੀਂ, ਰਸਨਾ ਦੇ ਨਾਲ ਕਰਦਾ ਹੈ –

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥*
*ਪੰਨਾ – 491*

ਉਸ ਨਾਮ ਵਾਸਤੇ ਤਾਂ ਸਾਧ ਸੰਗਤ ਜੀ! ਰਹਿਤਾਂ ਹੋਰ ਨੇ। ਉਹ ਸਤਿਸੰਗ ਤੇ ਸਾਧੂਆਂ ਕੋਲੋਂ ਮਿਲਦੀਆਂ ਨੇ। ਇਹ ਪੰਜ ਪਿਆਰਿਆਂ ਨੇ ਤਾਂ ਤੁਹਾਨੂੰ ਮੰਤਰ ਦੇ ਦਿੱਤਾ, ਤੁਹਾਨੂੰ ਦਾਖਲ ਕਰ ਲਿਆ ਸਿੱਖੀ ਵਿਚ ਲੇਕਿਨ ਸੰਤਾਂ ਕੋਲ ਰਹਿਤਾਂ ਨੇ। ਜਦੋਂ ਤੱਕ ਉਹ ਧਾਰਦੇ ਨਹੀਂ, ਨਾਮ ਵਿਚ ਤਰੱਕੀ ਨਹੀਂ ਹੋਏਗੀ। ਉਹ ਰਹਿਤਾਂ ਧਾਰਨੀਆਂ ਹੀ ਪੈਂਦੀਆਂ ਨੇ, ਤਾਂ ਨਾਮ ਵਿਚ ਤਰੱਕੀ ਹੁੰਦੀ ਹੈ। ਹਠ ਕਰਕੇ ਨਹੀਂ ਕਿਸੇ ਨੂੰ ਮਿਲਦਾ। ਜੇ ਕੋਈ ਕਹੇ ਮੈਂ

ਹਠ ਕਰ ਲਿਆ, ਤੜਕੇ ਜਾਗਦਾ ਹਾਂ, ਨਹਾਉਂਦਾ ਹਾਂ, ਪਾਲੇ ਵਿਚ ਰਹਿੰਦਾ ਹਾਂ, ਮਹਾਰਾਜ ਕਹਿੰਦੇ ਤੇਰਾ ਜਿੰਨਾ ਜੀਅ ਕਰਦਾ ਹੈ ਹਠ ਕਰੀ ਜਾਹ, ਤੈਨੂੰ ਜਿੰਨਾ ਚਿਰ ਰਸਤੇ ਦਾ ਨਹੀਂ ਪਤਾ, ਹਠ ਨੇ ਨਹੀਂ ਲੰਘਾਉਣਾ, ਹਠ ਕਰਕੇ ਤਪ ਕਰਦਾ ਹੈ –

***ਮਨਹਠਿ ਕਿਨੈ ਨ ਪਾਇਓ***
***ਸਭ ਥਕੇ ਕਰਮ ਕਮਾਇ॥*** ***ਅੰਗ – 593***

ਕਹਿੰਦੇ ਇਕ ਦੋ ਚਾਰ ਨਹੀਂ, ਸਾਰਿਆਂ ਨੇ ਹਠ ਕਰਕੇ ਦੇਖ ਲਿਆ –

***ਮਨਹਠਿ ਭੇਖ ਕਰਿ ਭਰਮਦੇ ............॥***

***ਅੰਗ – 593***

ਭੇਖ ਵੀ ਧਾਰ ਲਿਆ ਤੇ ਮਨ ਦਾ ਹਠ ਕਰ ਲਿਆ, ਭਰਮਦਾ ਫਿਰਦਾ ਹੈ –

***.................. ਦੁਖੁ ਪਾਇਆ ਦੂਜੈ ਭਾਇ॥***

***ਅੰਗ – 593***

ਸੁਖ ਤਾਂ ਆਇਆ ਹੀ ਨਾ, ਸ਼ਾਂਤੀ ਤਾਂ ਅੰਦਰ ਪੈਦਾ ਹੀ ਨਾ ਹੋਈ। ਦੁਖ ਪਾਉਂਦਾ ਹੈ ਤੇ ਫੇਰ ਜਿਹੜਾ ਅੰਦਰ ਅਗਿਆਨ ਦਾ ਹਨ੍ਹੇਰਾ ਪਿਆ ਹੋਇਆ ਹੈ, ਮਹਾਰਾਜ ਕਹਿੰਦੇ ਉਹ ਨਹੀਂ ਲਹਿਆ ਕਰਦਾ ਜਦੋਂ ਤੱਕ ਗੁਰੂ ਨਾਲ ਤੂੰ ਭੇਟ ਨਹੀਂ ਕਰਦਾ, ਭੇਟਦਾ ਨਹੀਂ ਹੈਂ –

***ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥***
***ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰੁ॥***

***ਅੰਗ – 463***

ਬਗੈਰ ਸਮਰੱਥ ਗੁਰੂ ਤੋਂ ਅੰਦਰ ਰੋਸ਼ਨੀ ਨਹੀਂ ਆਇਆ ਕਰਦੀ। ਪੰਜ ਕਿਸਮ ਦੇ ਗੁਰੂ ਮਹਾਂਪੁਰਸ਼ ਦਸਦੇ ਨੇ। ਪਹਿਲਾ ਗੁਰੂ ਉਹ ਹੁੰਦਾ ਹੈ ਜਿਹੜਾ ਬਿਲਕੁਲ ਕੱਚਾ ਹੁੰਦਾ ਹੈ, ਕਰਮ ਕਾਂਡ ਦੇ ਵਿਚ ਫਸਾ ਦਿੰਦਾ ਹੈ। ਨਾ ਆਪ ਤਰਦਾ ਹੈ ਤੇ ਨਾ ਮਗਰ ਲੱਗਣ ਵਾਲੇ ਨੂੰ ਤਾਰਦਾ ਹੈ। ਉਹ ਗੁਰੂ ਕਿਸੇ ਕੰਮ ਦਾ ਨਹੀਂ ਹੁੰਦਾ। ਕਬੀਰ ਸਾਹਿਬ ਕਹਿੰਦੇ –

***ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ......॥*** ***ਅੰਗ – 1370***

ਇਹੋ ਜਿਹੇ ਗੁਰੂ ਦੀ ਮਾਂ ਦੇ ਕੇਸ ਕੱਟ ਦਿਓ ਕਿ ਇਹੋ ਜਿਹਾ ਤੂੰ ਪੈਦਾ ਕਰਿਆ ਕਿਉਂਕਿ ਉਸ ਨੇ ਤਾਰਨਾ ਨਹੀਂ, ਐਵੇਂ ਹੀ ਭੰਬਲ-ਭੂਸਿਆਂ ਵਿਚ

ਪਾ ਦਏਗਾ, ਉਲਟੀਆਂ ਪੁਲਟੀਆਂ ਗੱਲਾਂ ਦਿਮਾਗ ਵਿਚ ਬਿਠਾ ਦਏਂਗਾ-

*ਕਾਚੇ ਗੁਰ ਤੇ ਮੁਕਤਿ ਨਾ ਹੂਆ॥ ਅੰਗ - 932*

ਦੂਸਰਾ ਅੰਨ੍ਹਾ ਹੈ। ਜਿਸ ਨੂੰ ਆਪ ਹੀ ਨਹੀਂ ਦਿਸਦਾ ਉਹ ਕਿਸ ਨੂੰ ਕੀ ਰਾਹ ਪਾ ਦਏਗਾ। ਪਤਾ ਨਹੀਂ ਉਹ ਪੂਰਬ ਵੱਲ ਬਾਂਹ ਕਰੀ ਜਾਂਦਾ ਹੈ ਜਾਂ ਉਤਰ ਵੱਲ ਕਰੀ ਜਾਂਦਾ ਹੈ ਜਾਂ ਦੱਖਣ ਵੱਲ ਕਰੀ ਜਾਂਦਾ ਹੈ। ਉਸ ਨੂੰ ਤਾਂ ਆਪ ਨੂੰ ਹੀ ਨਹੀਂ ਪਤਾ ਕਿ ਕਿਧਰ ਕਿਹੜੀ ਦਿਸ਼ਾ ਹੈ। ਉਹ ਦੱਸ ਨਹੀਂ ਸਕਦਾ ਰਾਹ, ਉਹ ਆਪ ਵੀ ਮਰਦਾ ਹੈ-

*ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥*

*ਅੰਗ - 767*

ਸਭ ਨੂੰ ਡੋਬ ਦਿੰਦਾ ਹੈ ਅੰਨ੍ਹਾ ਆਗੂ, ਆਪ ਵੀ ਡੁਬਦਾ ਹੈ। ਤੀਸਰਾ ਹੋਇਆ ਕਰਦਾ ਹੈ ਵਿਦਵਾਨ ਗੁਰੂ। ਉਹ ਜਾਣਦਾ ਸਭ ਕੁਝ ਹੈ ਲੇਕਿਨ ਉਸਦੇ ਅੰਦਰ ਅਧਿਕਾਰ ਨਹੀਂ ਹੁੰਦਾ ਜਿਵੇਂ ਡਰਾਮਾ ਕਰਦੇ ਨੇ, ਫਿਲਮ ਬਣਾ ਲਈ, ਕੋਈ ਗੁਰੂ ਉਥੇ ਆ ਗਿਆ, ਉਹ ਗੁਰੂ ਤਾਂ ਨਹੀਂ ਉਹ ਤਾਂ ਡਰਾਮਾ ਕਰਿਆ ਹੈ ਉਸ ਨੇ। ਉਹ ਵਿਦਵਾਨ ਗੁਰੂ ਜਾਣਦਾ ਹੁੰਦਾ ਹੈ ਲੇਕਿਨ ਉਸ ਦੇ ਵਿਚ ਉਹ ਸ਼ਕਤੀ ਨਹੀਂ ਹੁੰਦੀ।

*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ॥ ਅੰਗ - 749*

ਇਹ ਸ਼ਕਤੀ ਉਸ ਦੇ ਕੋਲ ਹੁੰਦੀ ਨਹੀਂ ਹੈ। ਨਾ ਹੋਣ ਕਰਕੇ ਉਹ ਵਿਦਿਆ ਦੇ ਹਨ੍ਹੇਰੇ ਵਿਚ ਫਸ ਜਾਂਦਾ ਹੈ, ਚੇਲਿਆਂ ਨੂੰ ਵੀ ਉਸ ਦੇ ਵਿਚ ਹੀ ਫਸਾ ਦਿੰਦਾ ਹੈ।

*ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥*

*ਪੰਨਾ - 1371*

ਚਾਰ ਵੇਦਾਂ ਵਿਚ ਹੀ ਡੁਬ ਗਿਆ ਵਿਦਵਾਨ ਗੁਰੂ। ਇਕ ਹੋਇਆ ਕਰਦਾ ਹੈ ਅਵਧੂਤ ਗੁਰੂ। ਉਹ ਆਪ ਤਾਂ ਲੰਘ ਜਾਂਦਾ ਹੈ ਲੇਕਿਨ ਪਿਛੇ ਨਹੀਂ ਦਸ ਸਕਦਾ ਕਿਉਂਕਿ ਉਸ ਦੇ ਕੋਲ ਅੱਖਰ ਨਹੀਂ ਹਨ, ਦੱਸਣ ਲਈ ਉਸ ਦੇ ਕੋਲ ਬੋਲੀ ਨਹੀਂ ਹੈ, ਲੰਘਾ ਨਹੀਂ ਸਕਦਾ। ਚੀਜ਼ਾਂ ਦੇ ਦਏਗਾ ਜਿੰਨੀਆਂ ਜੀਅ ਕਰਦਾ ਹੈ ਦਾਤਾਂ ਦੇ ਦਏਗਾ। ਪੁੱਤਰ ਲੈ ਲਓ, ਹੋਰ ਲੈ ਲਓ, ਬਿਮਾਰੀਆਂ ਹਟਾ ਲਓ ਉਸ ਤੋਂ, ਸਭ ਕੁਝ ਕਰ ਦਿੰਦਾ ਹੈ ਲੇਕਿਨ ਗਿਆਨ ਨਹੀਂ ਦੇ ਸਕਦਾ ਕਿਉਂਕਿ ਉਸਦੇ ਕੋਲ ਸੀਮਤ ਅੱਖਰ ਨੇ, ਨਿਸ਼ਾ (ਸ਼ੰਕੇ ਨਵਿਰਤ) ਨਹੀਂ ਕਰ

ਸਕਦਾ ਜਗਿਆਸੂ ਦੀ, ਨਿਸ਼ਾ ਨਾ ਹੋਵੇ ਆਦਮੀ ਲੰਘਦਾ ਨਹੀਂ ਹੈ।

ਤੇ ਪੰਜਵਾਂ ਜਿਹੜਾ ਹੋਇਆ ਕਰਦਾ ਹੈ ਉਹ ਹੋਇਆ ਕਰਦਾ ਹੈ ਸਮਰੱਥ ਗੁਰੂ। ਉਸ ਸਮਰੱਥ ਗੁਰੂ ਦੇ ਵਾਸਤੇ ਐਸਾ ਫੁਰਮਾਨ ਹੈ –

***ਧਾਰਨਾ – ਨਿਰਵੈਰ ਨਿਰਾਲਾ ਜੀ –2, 2.***
***ਸਤਿਗੁਰ ਪੁਰਖ ਅਗੰਮ ਹੈ –2, 2.***

***ਸਤਿਗੁਰ ਪੁਰਖੁ ਅਗੰਮੁ ਹੈ, ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ, ਫਲ ਕਰਮ ਸਮ੍ਹਾਲਾ।***
***ਜਿਉ ਕਰਿ ਨਿਰਮਲੁ ਆਰਸੀ, ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ, ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ, ਵੇਮੁਖੁ ਮੁਹ ਕਾਲਾ॥***

***ਭਾਈ ਗੁਰਦਾਸ ਜੀ ਦੀ ਵਾਰ34/1***

ਸੋ ਐਸਾ ਸਮਰੱਥ ਗੁਰੂ ਜਿਹੜਾ ਆਪ ਪਰਮੇਸ਼ਰ ਰੂਪ ਹੋਵੇ, ਉਹ ਸਮਰੱਥ ਗੁਰੂ ਜਿਹੜਾ ਹੈ ਸਿਰਫ ਓਹੀ ਹੈ ਜਿਸ ਨੂੰ ਪੂਰਾ ਗੁਰੂ ਕਿਹਾ ਜਾਂਦਾ ਹੈ ਜਿਹੜਾ ਭਾਗਾਂ ਦੇ ਨਾਲ ਮਿਲਦਾ ਹੈ। ਉਸ ਤੋਂ ਬਗੈਰ ਸੰਸਾਰ ਦੇ ਵਿਚ ਹਨ੍ਹੇਰਾ ਰਹਿੰਦਾ ਹੈ। ਆਪਣੇ ਆਪ ਹਠ ਕਰਕੇ ਨਹੀਂ ਪ੍ਰਮੇਸ਼ਰ ਮਿਲਦਾ, ਵੱਡੀਆਂ ਵੱਡੀਆਂ ਸਾਡੇ ਕੋਲ ਮਿਸਾਲਾਂ ਨੇ ਜਿਨ੍ਹਾਂ ਨੂੰ ਅਸੀਂ ਵਾਚ ਕੇ ਆਪਣਾ ਰਾਹ ਕੱਢ ਸਕਦੇ ਹਾਂ। ਗੁਰੂ ਗ੍ਰੰਥ ਮਹਾਰਾਜ ਦੇ ਅੰਦਰ ਬਾਬੇ ਫਰੀਦ ਦੀ ਬਾਣੀ ਹੈ ਜਿਸ ਨੂੰ ਅਸੀਂ ਸਤਿਗੁਰੂ ਦੀ ਬਾਣੀ ਕਹਿ ਕੇ ਸਤਿਕਾਰਦੇ ਹਾਂ। ਸਤਿਗੁਰੂ ਪਦਵੀ ਤੇ ਪਹੁੰਚੇ, ਸਤਿਗੁਰੂ ਦੀ ਬਾਣੀ ਬਣੀ।

ਸੋ ਬੜੇ ਮਹਾਤਮਾ ਉਸ ਵੇਲੇ ਦੇ ਸਾਰੇ ਇਨ੍ਹਾਂ ਨੂੰ ਪਿਆਰ ਕਰਦੇ ਸੀ। ਬਾਬੇ ਫਰੀਦ ਦਾ ਜਿਹੜਾ ਜੀਵਨ ਹੈ, ਉਹ ਬੜਾ ਕਮਾਲ ਦਾ ਹੈ, ਇਹੋ ਜਿਹਾ ਜੀਵਨ ਹੈ ਨਹੀਂ ਕਿਸੇ ਦਾ, ਬਹੁਤ ਵਿਰਲੇ ਜੀਵਨ ਹੁੰਦੇ ਨੇ ਇਸ ਤਰ੍ਹਾਂ ਦੇ। 5 ਸਾਲ ਦੇ ਸੀ, ਸਾਰਾ ਕੁਰਾਨ ਸ਼ਰੀਫ ਯਾਦ ਹੋ ਗਿਆ ਸੀ। ਮਾਂ ਸੀ ਭਗਤ। ਇਕ ਦਿਨ ਮਾਤਾ ਦੇ ਨਾਲ ਪਿਆ ਹੈ, ਛੋਟੀ ਉਮਰ ਹੈ, 3 ਕੁ ਸਾਲ ਦਾ ਹੈ। ਚੋਰ ਆ ਵੜਿਆ ਘਰ ਵਿਚ। ਮਰੀਅਮ ਸੀ ਇਨ੍ਹਾਂ ਦੀ ਮਾਤਾ ਦਾ ਨਾਉਂ। ਕਹਿੰਦਾ, "ਅੰਮੀ ਜਾਨ! ਅੰਮੀ ਜਾਨ!! ਚੋਰ ਹੈ ਆਪਣੇ ਘਰ।" ਉਹ ਪਈ ਸੀ।

ਕਹਿੰਦੀ, "ਤੂੰ ਪਿਆ ਰਹਿ, ਕੁਝ ਨਹੀਂ ਹੁੰਦਾ ਚੋਰ ਨੂੰ।"

ਫੇਰ ਇਸ ਨੇ ਕਿਹਾ, "ਅੰਮੀ! ਚੀਜ਼ਾਂ ਇਕੱਠੀਆਂ ਕਰ ਰਿਹਾ ਹੈ।"

ਕਹਿੰਦੀ, "ਤੂੰ ਅਰਾਮ ਨਾਲ ਪੈ ਜਾਹ, ਕੁਝ ਨਹੀਂ ਹੁੰਦਾ।"

ਚੋਰ ਨੇ ਸਾਰੇ ਸਮਾਨ ਦੀ ਗਠੜੀ ਬੰਨ੍ਹ ਲਈ। ਜਿਥੋਂ ਵੀ ਲੱਭਿਆ ਅਰਾਮ ਨਾਲ ਇਕੱਠਾ ਕਰੀ ਗਿਆ ਕਿ ਇਹ ਤਾਂ ਜਾਗਦੇ ਹੀ ਨਹੀਂ ਹਨ। ਜਦੋਂ ਜਾਣ ਲੱਗਿਆ, ਦਰਵਾਜ਼ਾ ਹੀ ਨਾ ਲੱਭੇ, ਕੰਧ ਹੀ ਆਈ ਜਾਵੇ, ਕੰਧ ਹੀ ਆਈ ਜਾਵੇ। ਹਾਰ ਕੇ ਕੰਧ ਦੇ ਨਾਲ ਲੱਗ ਕੇ ਬਹਿ ਗਿਆ ਗਠੜੀ ਕੋਲ ਹੈ ਕਿ ਹੁਣ ਕੀ ਹੋਏਗਾ ਮੈਨੂੰ ਤਾਂ ਦਰਵਾਜ਼ਾ ਹੀ ਨਹੀਂ ਦਿਸਦਾ, ਬੰਦ ਹੋ ਗਿਆ ਦਰਵਾਜ਼ਾ। ਦਿਨ ਚੜ੍ਹ ਗਿਆ। ਮਾਤਾ ਆਪਣੇ ਕੰਮ ਲੱਗ ਗਈ। ਪੁਛਿਆ ਹੀ ਨਾ, ਜਦੋਂ ਬਿਲਕੁਲ ਚਾਨਣਾ ਹੋ ਗਿਆ, ਪ੍ਰਸ਼ਾਦ ਪਾਣੀ ਤਿਆਰ ਕਰ ਲਿਆ, ਕਹਿੰਦੀ, "ਫਰੀਦ! ਇਸ ਨੂੰ ਦੇ ਆ, ਰਾਤ ਦਾ ਵਿਚਾਰਾ ਭੁੱਖਾ ਬੈਠਾ ਹੈ।"

ਉਹ ਕਹਿੰਦਾ, "ਬੀਬੀ! ਪ੍ਰਸ਼ਾਦਾ ਤਾਂ ਮੈਂ ਛਕ ਲਵਾਂਗਾ, ਮੇਰੇ ਤਾਂ ਨੇਤਰ ਅੰਨ੍ਹੇ ਹੋ ਗਏ, ਮੈਨੂੰ ਦਿਸਦਾ ਨਹੀਂ ਤੇ ਨਾ ਮੈਨੂੰ ਦਰਵਾਜ਼ਾ ਦਿਸਦਾ ਹੈ ਤੇ ਹੁਣ ਤੂੰ ਮੇਰੇ ਤੇ ਕਿਰਪਾ ਕਰ, ਤੇਰੇ ਵਿਚ ਸ਼ਕਤੀ ਹੈ, ਰੱਬ ਦੀ ਤੇਰੇ ਤੇ ਮਿਹਰ ਹੈ ਤੇ ਜਿਹੜੇ ਰੱਬ ਨੂੰ ਤੂੰ ਮੰਨਦੀ ਹੈਂ, ਮੈਨੂੰ ਵੀ ਉਸ ਰੱਬ ਦੇ ਕੋਲ ਲੈ ਜਾਹ।"

ਉਸੇ ਵੇਲੇ ਆਪਣਾ ਮਜ਼੍ਹਬ ਤਬਦੀਲ ਕਰਕੇ ਇਸਲਾਮ ਵਿਚ ਆ ਗਿਆ। ਬਾਬੇ ਫਰੀਦ ਨੇ ਦੇਖਿਆ ਕਿ ਮੇਰੀ ਮਾਤਾ ਤਾਂ ਬੜੀ ਕਰਨੀ ਵਾਲੀ ਹੈ। ਐਵੇਂ ਨਹੀਂ ਸੀ ਮਾਤਾ ਦੇ ਬਚਨਾਂ ਤੇ ਨਿਸ਼ਚਾ ਉਸ ਨੇ ਕਰ ਲਿਆ।

ਜਦੋਂ ਪੰਜ ਸਾਲ ਦਾ ਹੋ ਗਿਆ, ਮਾਤਾ ਕਹਿਣ ਲੱਗੀ, "ਫਰੀਦਾ! ਕੁਰਾਨ ਸ਼ਰੀਫ ਤਾਂ ਤੇਰੇ ਯਾਦ ਹੋ ਗਿਆ, ਹੁਣ ਤੂੰ ਇਬਾਦਤ (ਬੰਦਗੀ) ਕਰਿਆ ਕਰ।"

ਕਹਿੰਦਾ, "ਮਾਤਾ! ਮੈਨੂੰ ਪਤਾ ਨਹੀਂ ਇਬਾਦਤ ਦਾ।"

ਕਹਿੰਦੀ, "ਉਹ ਤਾਂ ਤੈਨੂੰ ਪਤਾ ਲੱਗ ਜਾਏਗਾ, ਮੈਂ ਤੈਨੂੰ ਦੱਸ ਦਿੰਦੀ ਹਾਂ ਕਿ ਤਸਬੀ ਲੈ ਲਈਦੀ ਹੈ, ਇਕ-ਇਕ ਮਣਕੇ ਨਾਲ ਅੱਲ੍ਹਾ ਹੂ! ਅੱਲ੍ਹਾ ਹੂ!! ਕਹੀ ਜਾਈਦਾ ਹੈ। ਨਮਾਜ਼ ਪੜ੍ਹ ਲਿਆ ਕਰ। ਫੇਰ ਤੂੰ ਬੈਠ ਕੇ ਕੁਝ ਘੰਟੇ, ਘੰਟਾ ਸਵਾ ਘੰਟਾ ਬੈਠ ਕੇ ਤਸਬੀ ਫੇਰਿਆ ਕਰ।" ਉਸ ਦੇ ਸਹਿਜ ਸੁਭਾਅ ਮੂੰਹ ਵਿਚੋਂ ਨਿਕਲ ਗਿਆ, "ਮਾਂ! ਤਸਬੀ ਫੇਰੇ ਤੋਂ ਕੀ ਮਿਲੇਗਾ?"

ਕਹਿੰਦੀ, "ਸ਼ੱਕਰ ਮਿਲਦੀ ਹੁੰਦੀ ਹੈ।"

ਮਾਤਾ ਨੇ ਪੁੜੀ ਰੱਖ ਦੇਣੀ। ਇਸ ਨੇ ਜਦੋਂ ਇਬਾਦਤ ਕਰਕੇ ਹਟਣਾ,

ਉਸ ਵੇਲੇ ਜਦੋਂ ਮੁਸੱਲਾ ਚੁਕਣਾ ਜਿਸ ਨੂੰ ਆਪਾਂ ਆਸਣ ਕਹਿੰਦੇ ਹਾਂ ਤੇ ਉਸ ਦੇ ਥੱਲੇ ਪਈ ਹੁੰਦੀ। ਇਸ ਨੇ ਖਾ ਲੈਣੀ, ਨਿਸਚਾ ਬੱਝ ਗਿਆ ਇਸ ਦਾ। ਨਿਤਨੇਮ ਕਰਨ ਲੱਗ ਗਿਆ।

ਇਕ ਦਿਨ ਮਾਤਾ ਕਿਤੇ ਚਲੀ ਗਈ, ਸਮਾਂ ਹੋ ਗਿਆ ਇਬਾਦਤ ਦਾ। ਮਾਲਾ ਉਪਰ ਟੰਗੀ ਹੋਈ ਸੀ, ਫਰੀਦ ਜੀ ਨੇ ਮਾਲਾ ਸੋਟੀ ਨਾਲ ਕਿੱਲੀ ਤੋਂ ਲਾਹ ਲਈ। ਆਪਣੇ ਸਮੇਂ ਨਾਲ ਬਹਿ ਗਿਆ। ਅੱਜ ਮਾਂ ਤਾਂ ਦੂਰ ਗਈ ਹੋਈ ਹੈ, ਤੇ ਨਮਾਜ਼ ਦਾ ਇਬਾਦਤ ਦਾ ਵਕਤ ਹੋ ਗਿਆ। ਜੇ ਅੱਜ ਉਸ ਨੂੰ ਸ਼ੱਕਰ ਨਾ ਮਿਲੀ ਤਾਂ ਨਿਸ਼ਚਾ ਗਿਰ ਜਾਣਾ ਹੈ, ਕਹਿੰਦੀ ਚਲੋ, ਦੇਖੋ ਕੀ ਹੁੰਦਾ ਹੈ। ਜਿਸ ਵਕਤ ਆਈ, ਕਹਿੰਦੀ, "ਫਰੀਦਾ! ਨਾਮ ਜਪਿਆ ਤੂੰ।"

ਕਹਿੰਦਾ, "ਹਾਂ ਮਾਤਾ!"

ਡਰਦੀ ਡਰਦੀ ਨੇ ਕਿਹਾ ਕਿ, "ਸ਼ੱਕਰ ਮਿਲ ਗਈ?"

ਕਹਿੰਦਾ, "ਸ਼ੱਕਰ? ਮੇਰੇ ਨਾਲ ਆ।" ਉਂਗਲੀ ਫੜ ਲਈ, ਮਾਂ ਨੂੰ ਅੰਦਰ ਲੈ ਗਿਆ, ਭਾਂਡੇ ਭਰੇ ਪਏ ਨੇ ਸ਼ੱਕਰ ਨਾਲ। ਕਹਿੰਦਾ, "ਅੱਜ ਸਾਰੇ ਮੁਸੱਲੇ ਦੇ ਥੱਲੇ ਸ਼ੱਕਰ ਹੀ ਸ਼ੱਕਰ ਸੀ।" ਉਥੋਂ ਇਸ ਦਾ ਨਾਉਂ ਫਰੀਦ ਸ਼ੱਕਰ ਗੰਜ ਹੋ ਗਿਆ। ਮਾਤਾ ਬੜੀ ਖੁਸ਼ ਹੋਈ ਕਿ ਇਸ ਦਾ ਤਾਂ ਸ਼ਬਦ ਸਿੱਧ ਹੋ ਗਿਆ। ਜਿਵੇਂ ਸੰਤ ਦਸਦੇ ਸੀ, ਸ਼ਬਦ ਸਿਧ ਹੋ ਜਾਂਦਾ ਹੈ, ਇਹ ਮੰਤਰ ਸਿਧ ਹੋ ਜਾਂਦਾ ਹੈ। ਇਸ ਵਾਹਿਗੁਰੂ ਮੰਤਰ ਦੇ ਵਿਚ ਬੇਅੰਤ ਬਰਕਤਾਂ ਨੇ, ਹਿਸਾਬ ਕਿਤਾਬ ਤੋਂ ਬਾਹਰੀਆਂ ਨੇ, ਕੋਈ ਸਿਧ ਕਰ ਲਵੇ –

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਅੰਗ – 649***

ਇਹ ਮੰਤਰ ਹਿਰਦੇ ਵਿਚ ਵਸਣ ਨਾਲ ਨੌਂ ਨਿਧੀਆਂ, 18 ਸਿਧੀਆਂ ਹੱਥ ਬੰਨ੍ਹਦੀਆਂ ਫਿਰਦੀਆਂ ਹਨ ਕਿ ਸਾਡੇ ਤੋਂ ਸੇਵਾ ਲੈ ਲਓ। ਅਸੀਂ ਫੇਰ ਤੁਰੇ ਫਿਰਦੇ ਹਾਂ ਕੰਗਾਲ ਬਣੇ। ਕਿਉਂ ਨਹੀਂ ਜਪਦੇ ਨਾਮ?

ਸੋ ਮਾਤਾ ਨੇ ਇਕ ਦਿਨ ਕਿਹਾ, "ਫਰੀਦਾ! ਅੱਜ ਰਾਸ਼ਣ ਨਹੀਂ ਆਪਣੇ ਘਰ। ਜਦੋਂ ਇਬਾਦਤ ਕਰਨ ਲੱਗੇਗਾ, ਉਸ ਵੇਲੇ ਤੂੰ ਕਹਿ ਦੇਵੀਂ ਕਿ ਸਾਨੂੰ ਇਕ ਡੰਗ ਦਾ ਰਾਸ਼ਨ ਚਾਹੀਦਾ ਹੈ।"

ਮਾਤਾ ਜਦੋਂ ਆਈ, ਕਹਿਣ ਲੱਗੀ, "ਫਰੀਦਾ! ਰਾਸ਼ਨ ਦੇ ਵਾਸਤੇ ਕਿਹਾ ਸੀ?" ਕਹਿੰਦਾ, "ਮਾਤਾ! ਆ ਜਾ।" ਅੰਦਰ ਗਿਆ ਤਾਂ ਕੋਈ ਭਾਂਡਾ ਖਾਲੀ

ਨਹੀਂ, ਬੇਅੰਤ ਨਵੇਂ ਭਾਂਡੇ ਭਰੇ ਪਏ ਨੇ ਹਰ ਕਿਸਮ ਦੇ ਰਾਸ਼ਨ ਨਾਲ।

ਕਹਿੰਦੀ, "ਕੌਣ ਦੇ ਗਿਆ?"

ਕਹਿੰਦਾ, "ਇਥੇ ਕੋਈ ਆਏ ਸੀ, ਆ ਕੇ ਸਾਰਾ ਕੁਝ ਦੇ ਗਏ। ਮੈਂ ਕਿਹਾ, "ਅਸੀਂ ਤਾਂ ਇਕ ਡੰਗ ਦਾ ਮੰਗਿਆ ਹੈ। ਉਹ ਕਹਿੰਦੇ, ਤੂੰ ਮੰਗਿਆ ਹੈ ਖ਼ੁਦਾ ਤੋਂ, ਜਿੱਡਾ ਵੱਡਾ ਖ਼ੁਦਾ ਹੈ, ਉਡਾ ਹੀ ਉਸ ਦਾ ਡੰਗ ਵੱਡਾ ਹੈ।"

ਮਾਂ ਦੇ ਮਨ ਨੂੰ ਨਿਸ਼ਚਾ ਹੋ ਗਿਆ ਕਿ ਮੇਰਾ ਪੁੱਤਰ ਠੀਕ ਹੈ। 18 ਸਾਲ ਦਾ ਹੋ ਗਿਆ ਬਾਬਾ ਫਰੀਦ। ਬਾਬੇ ਫਰੀਦ ਦਾ ਜੀਵਨ ਪੜ੍ਹੋ। ਮਾਂ ਭੇਜਦੀ ਹੈ ਕਿ ਤੂੰ ਫਲਾਣੇ ਮਹਾਤਮਾ ਕੋਲ ਜਾਹ, ਫਲਾਣੇ ਕੋਲ ਜਾਹ। ਕਿੰਨਾ ਸਫਰ ਕਰਿਆ ਹੈ ਬਾਬੇ ਫਰੀਦ ਨੇ, ਬਗਦਾਦ ਤੋਂ ਲੈ ਕੇ ਯੂਰਪ ਵਿਚ ਚਲਿਆ ਗਿਆ। ਉਸ ਵੇਲੇ ਸਪੇਨ ਦੇ ਵਿਚ ਬੇਅੰਤ ਹੀ ਇਸਲਾਮ ਵਾਲੇ ਹੋਇਆ ਕਰਦੇ ਸੀ, ਉਨ੍ਹਾਂ ਦੀਆਂ ਵੱਡੀਆਂ-ਵੱਡੀਆਂ ਮਸਜਿਦਾਂ ਹੁਣ ਖੜ੍ਹੀਆਂ ਨੇ ਲੇਕਿਨ ਇਸਲਾਮ ਵਾਲਾ ਨਹੀਂ ਕੋਈ। ਉਥੋਂ ਲੈ ਕੇ ਤੁਰਕੀ ਵਗੈਰਾ ਹਰ ਥਾਂ ਦੇ ਉਤੇ ਇਨ੍ਹਾਂ ਨੇ ਸਫਰ ਕਰਿਆ। ਇਧਰ ਜਾਵਾ, ਮਲਾਇਆ ਤੱਕ ਸਾਰਾ ਉਨ੍ਹਾਂ ਨੇ ਸਫਰ ਕਰਿਆ ਹੈ। ਲੰਕਾ ਤੱਕ ਇਧਰ ਉਪਰ ਪਹਾੜਾਂ ਤੱਕ ਸਾਰੇ ਸਫਰ ਕਰਿਆ। ਸਫਰ ਬਾਬੇ ਫਰੀਦ ਨੇ ਬਹੁਤ ਕਰਿਆ। ਕੋਈ ਸਾਧੂ ਨਹੀਂ ਉਸ ਨੇ ਛਡਿਆ ਜਿਸ ਦੇ ਕੋਲ ਜਾ ਕੇ ਉਸ ਨੇ ਕੋਈ ਸਿਖਿਆ ਨਾ ਲਈ ਹੋਵੇ, ਪੜ੍ਹਿਆ ਲਿਖਿਆ ਬਹੁਤ, ਬੜਾ ਵਿਦਵਾਨ ਬਣ ਗਿਆ।

ਜਦੋਂ 18 ਸਾਲ ਦਾ ਹੋ ਗਿਆ ਤਾਂ ਮਾਂ ਨੇ ਕਿਹਾ, "ਫਰੀਦਾ! ਤੂੰ ਪੜ੍ਹ ਤਾਂ ਬਹੁਤ ਗਿਆ। ਹੁਣ ਮੈਂ ਤੈਨੂੰ ਇਕ ਪੜ੍ਹਾਈ ਹੋਰ ਦਸਦੀ ਹਾਂ, ਉਹ ਅੰਦਲੀ ਪੜ੍ਹਾਈ ਹੈ ਉਸ ਦਾ ਮੈਨੂੰ ਤਾਂ ਗਿਆਨ ਨਹੀਂ ਹੈ। ਤੂੰ ਜੰਗਲ ਵਿਚ ਜਾਹ, ਉਥੇ ਬਹੁਤ ਸਾਰੇ ਪੀਰ ਜ਼ੋਹਦ ਕਰ ਰਹੇ ਨੇ, ਤੂੰ ਜ਼ੋਹਦ ਕਰ।" ਜ਼ੋਹਦ ਤਪ ਨੂੰ ਕਹਿੰਦੇ ਨੇ।

ਚਾਹੇ ਤਾਂ ਕੋਈ ਗੁਫਾ ਵਿਚ ਬੈਠ ਕੇ ਕਰੇ, ਕੋਈ ਬਰਫਾਂ ਵਿਚ ਬੈਠ ਕੇ ਕਰੇ, ਕੋਈ ਧੂਣੀਆਂ ਤਾਪ ਕੇ ਕਰੇ, ਕੋਈ ਜਲ ਧਾਰੇ ਕਰਕੇ ਕਰੇ, ਬੇਅੰਤ ਤਰੀਕੇ ਨੇ ਜ਼ੋਹਦ ਦੇ, ਤਪ ਕਰਨ ਦੇ।

ਮਾਂ ਨੇ ਕਿਹਾ, "ਤੂੰ ਜਾਹ।" ਜਦੋਂ ਤੁਰਨ ਲਗਿਆ, ਕਹਿੰਦੀ, "ਫਰੀਦਾ! ਤਿੰਨ ਗੱਲਾਂ ਦਾ ਧਿਆਨ ਰੱਖੀਂ- ਗਦੈਲਿਆਂ ਤੇ ਸੌਣਾ ਹੈ, ਛੱਤੀ ਪ੍ਰਕਾਰ ਦੇ ਭੋਜਨ ਛਕਣੇ ਨੇ ਤੇ ਕਿਲ੍ਹੇ ਵਿਚ ਰਹਿਣਾ ਹੈ।"

ਹੈਰਾਨ ਹੋ ਗਿਆ। ਕਹਿੰਦਾ, "ਮਾਂ ਇਕ ਪਾਸੇ ਤੂੰ ਮੈਨੂੰ ਜੰਗਲ ਵਿਚ

ਭੇਜਦੀ ਹੈਂ, ਇਕ ਪਾਸੇ ਤੂੰ ਮੈਨੂੰ ਇਹ ਗੱਲਾਂ ਕਹਿੰਦੀ ਹੈਂ।"

ਕਹਿੰਦੀ, "ਫਰੀਦਾ! ਜਿਨ੍ਹਾਂ ਲੋਕਾਂ ਵਿਚ ਤੂੰ ਜਾਣਾ ਹੈ, ਉਨ੍ਹਾਂ ਨੇ ਸਾਫ ਗੱਲ ਨਹੀਂ ਕਰਨੀ ਰਮਜ਼ ਮਾਰਨੀ ਹੈ, ਮੈਂ ਤੈਨੂੰ ਰਮਜ਼ ਮਾਰੀ ਹੈ।"

***ਧਾਰਨਾ - ਧੰਨ ਧੰਨ ਨੇ ਜਣੇਦੀਆਂ ਮਾਵਾਂ,***
***ਜਿਨ੍ਹਾਂ ਦੇ ਪੁੱਤਰ ਨਾਮ ਜਪਦੇ -2***

ਜਿਨ੍ਹਾਂ ਦੇ ਪੁੱਤਰ ਬੰਦਗੀ ਕਰਦੇ ਨੇ, ਨਾਮ ਜਪਦੇ ਨੇ, ਗੁਰੂ ਮਹਾਰਾਜ ਕਹਿੰਦੇ ਉਸ ਦੀ ਮਾਤਾ ਵੀ ਧੰਨ ਹੈ -

***ਤਿਨ ਕਾ ਜਨਮੁ ਸਫਲੁ ਹੈ***
***ਜੋ ਚਲਹਿ ਸਤਗੁਰ ਭਾਇ॥***
***ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ॥***

***ਅੰਗ - 28***

ਕਿਉਂ ਧੰਨ ਕਹਿੰਦੇ ਨੇ? ਇਸ ਵਾਸਤੇ ਕਿ ਇਕ ਕੁਲ ਦੇ ਵਿਚ ਇਕ ਬ੍ਰਹਮਗਿਆਨੀ ਹੋ ਜਾਵੇ, ਪ੍ਰਮੇਸ਼ਰ ਦਾ ਪਿਆਰਾ ਹੋ ਜਾਵੇ ਤੇ ਉਹ 101 ਕੁਲ ਦਾ ਉਧਾਰ ਕਰ ਦਿਆ ਕਰਦਾ ਹੈ -

***ਪਿਤਾ ਸਾਚ ਚੌਬੀਸ, ਬੀਸ ਮਾਤਾ ਕੇ ਜਾਨੋ।***
***ਖੋੜਸ ਤੁਲਾ ਮਹਾਨ, ਦੁਆਦਸ ਸੁਤਾ ਪਹਿਚਾਨੋ।***
***ਏਕਾਦਸ ਕੁਲ ਭੈਣ ਦਸ ਭੂਆ ਕੇ ਲੇਖੇ।***
***ਮਾਤ ਭੈਣ ਕੁਲ ਆਠ ਸ਼ਤ੍ਰੀ ਸਿੰਮ੍ਰਤੀ ਪੇਖੇ।***

***(ਪੰਨਾ 33, ਕਥਾ ਨਰਾਇਣ ਹਰੀ)***

44 ਹੋ ਗਈਆਂ ਦੋਏ। ਆਪ ਦੀਆਂ ਕੁਲਾਂ 24 ਤਾਰ ਦਿੰਦਾ, 20 ਨਾਨਕਿਆਂ ਦੀਆਂ ਤਾਰ ਦਿੰਦਾ ਹੈ। ਜਿਥੇ ਵਿਆਹਿਆ ਹੁੰਦਾ ਹੈ ਉਨ੍ਹਾਂ ਦੀਆਂ 16 ਕੁਲਾਂ। ਜਿਥੇ ਬੱਚੇ ਵਿਆਹੇ ਹੁੰਦੇ ਨੇ 12 ਕੁਲਾਂ ਉਨ੍ਹਾਂ ਦੀਆਂ ਤਾਰ ਦਿੰਦਾ ਹੈ, ਜਿਥੇ ਲੜਕੀ ਵਿਆਹੀ ਹੁੰਦੀ ਹੈ। ਭੈਣ ਦੀਆਂ 11 ਕੁਲਾਂ ਤਾਰ ਦਿੰਦਾ ਹੈ, 10 ਭੂਆ ਦੀਆਂ ਤਾਰ ਦਿੰਦਾ ਹੈ।

ਇਹ ਅਨੁਭਵੀ ਮਹਾਂਪੁਰਸ਼ਾਂ ਨੇ ਦੇਖ ਕੇ ਬਚਨ ਕਰੇ ਨੇ ਕਿ ਉਹ ਇਸ ਵਾਸਤੇ ਧੰਨ ਹੈ। ਜਿਹੜਾ ਬੰਦਗੀ ਦੀ ਥਾਂ ਤੇ ਨਸ਼ੇ ਪੀਣ ਵਾਲਾ ਪੁਤਰ ਆ ਗਿਆ, ਉਹ ਡੋਬਦਾ ਹੈ-

***ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ॥***

*ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ॥*
*ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥*
*ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ॥*

7 ਕੁਲਾਂ ਦਾ ਨਾਸ਼ ਕਰ ਦਿੰਦਾ ਹੈ ਸ਼ਰਾਬ ਪੀਣ ਵਾਲਾ, ਆਪਣੇ ਬਜੁਰਗਾਂ ਨੂੰ ਵੀ ਨਰਕਾਂ ਵਿਚ ਪਾ ਦਿੰਦਾ ਹੈ। ਤੰਬਾਕੂ ਪੀਣ ਵਾਲਾ 100 ਕੁਲ ਦਾ ਨਾਸ਼ ਕਰ ਦਿੰਦਾ ਹੈ। ਦੱਸੋ ਫੇਰ ਉਹ ਕਿਸੇ ਕੰਮ ਦਾ ਹੈ? ਕਹਿੰਦੇ, ਜਿਹੜੇ ਉਸ ਦੇ ਬਜ਼ੁਰਗ ਨੇ ਪਿਤਰ ਲੋਕ ਵਿਚ ਬੈਠੇ, ਉਨ੍ਹਾਂ ਨੂੰ ਨਰਕ ਭੋਗਣਾ ਪੈਂਦਾ ਹੈ।

ਜਿਹੋ ਜਿਹੀ ਸ਼ਰਾਬ ਪੀ ਲਈ, ਉਹੋ ਜਿਹਾ ਉਸ ਦੇ ਹੱਥੋਂ ਪਾਣੀ ਪੀ ਲਿਆ ਕਿਉਂਕਿ ਉਹ ਕੁਲਾਂ ਡੋਬਦਾ ਹੈ। ਜਿਹੜਾ ਡੋਬਦਾ ਹੈ, ਮਹਾਰਾਜ ਕਹਿੰਦੇ ਕਿ ਜਿਹੜਾ ਉਸ ਦਾ ਪਿਓ ਸੀ ਹੈ ਉਹ ਮਰ ਜਾਣਾ ਚਾਹੀਦਾ ਸੀ, ਜੀਉਂਦਾ ਨਹੀਂ ਸੀ ਰਹਿਣਾ ਚਾਹੀਦਾ। ਦੇਖੋ ਕਿੱਡੀ ਵੱਡੀ ਮਹਾਰਾਜ ਨੇ ਬਾਤ ਕਹਿ ਦਿੱਤੀ –

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥*
*ਬਿਧਵਾ ਕਸ ਨ ਭਈ ਮਹਤਾਰੀ॥ ਅੰਗ – 328*

ਉਹ ਮਾਂ ਵਿਧਵਾ ਹੋ ਕੇ ਆਪਣਾ ਦੁਖ ਭੋਗਦੀ ਤੇ ਪਿਓ ਉਸ ਦਾ ਮਰ ਜਾਣਾ ਚਾਹੀਦਾ ਸੀ ਕਿਉਂਕਿ ਉਸ ਕੁਲ ਦੇ ਵਿਚ ਨਾਮ ਜਪਣ ਵਾਲਾ ਨਹੀਂ ਆਇਆ। ਮਹਾਰਾਜ ਕਹਿੰਦੇ ਦੱਸੋ ਉਸ ਦੇ ਪੈਦਾ ਹੋਣ ਦਾ ਕੀ ਫਾਇਦਾ ਹੈ ਜਿਸ ਨੇ ਬੰਦਗੀ ਨਹੀਂ ਕਰਨੀ, ਕੁਲਾਂ ਗਾਲਣੀਆਂ ਨੇ। ਉਸ ਨੇ ਜਨਮ ਲੈ ਲਿਆ ਤੇ ਆ ਗਿਆ ਕੁਲ ਦੇ ਵਿਚ ਤੇ ਕੁਲਾਂ ਡੋਬ ਦਿੱਤੀਆਂ ਉਸਨੇ। 100 ਕੁਲ ਦਾ ਨਾਸ਼ ਕਰ ਦਿੰਦਾ ਹੈ।

ਤੰਬਾਕੂ ਪੀਣ ਵਾਲਾ 100 ਕੁਲ ਤੱਕ ਮਾਰ ਕਰਦਾ ਹੈ। ਡਾਕਟਰਾਂ ਨੇ ਕੱਢ ਲਿਆ ਕਿ 10 ਕੁਲਾਂ ਤੱਕ ਜੀਨ ਜੀਉਂਦੀ ਰਹਿੰਦੀ ਹੈ। ਖਾਨਦਾਨ ਜਿਸ ਨੂੰ ਅਸੀਂ ਕਹਿੰਦੇ ਹਾਂ ਕਿ ਕਿਹੜੇ ਖਾਨਦਾਨ ਦਾ ਹੈ ਇਹ। ਉਹ ਖਾਨਦਾਨ ਕੀ ਹੁੰਦਾ ਹੈ ਜੀਨ ਹੁੰਦੀ ਹੈ ਆਦਮੀ ਦੇ ਅੰਦਰ ਜਿਵੇਂ ਕਣਕਾਂ ਦੇ ਅੰਦਰ ਹੈ। ਇਹ ਵਿਗਿਆਨ ਵਾਲੇ ਜਾਣਦੇ ਨੇ ਜਿਹੜੇ ਖੇਤੀ ਬਾੜੀ ਸੰਬੰਧੀ ਪੜ੍ਹਦੇ ਨੇ। ਉਹ 10 ਕੁਲਾਂ ਤੋਂ ਬਾਅਦ ਜੀਨ ਮਰ ਜਾਂਦੀ ਹੈ। ਤੰਬਾਕੂ ਪੀਣ ਵਾਲੇ ਵਿਚ ਫੇਰ ਕੀ ਹੁੰਦਾ ਹੈ, ਕੈਂਸਰ ਦਾ ਬੀਜ ਪੈਦਾ ਹੋ ਜਾਂਦਾ ਹੈ ਚਾਹੇ ਪੁੱਤ ਨੂੰ ਲੱਗ ਜਾਵੇ, ਚਾਹੇ ਪੋਤੇ ਨੂੰ, ਚਾਹੇ ਪੜੋਤੇ ਨੂੰ, ਚਾਹੇ ਲੜਕੀ ਨੂੰ, ਚਾਹੇ

ਕਿਸੇ ਨੂੰ ਲੱਗ ਜਾਵੇ। ਜਿਹੜਾ ਖ਼ੂਨ ਦਾ ਰਿਸ਼ਤਾ ਹੋਏਗਾ ਉਸ ਦੇ ਵਿਚ ਕੈਂਸਰ ਆ ਜਾਣਾ ਹੈ। ਹੈਰਾਨ ਹੁੰਦੇ ਨੇ ਕਿ ਇਹ ਤਾਂ ਬੜਾ ਭਗਤ ਹੈ, ਇਸ ਨੂੰ ਕੈਂਸਰ ਕਿਥੋਂ ਹੋ ਗਿਆ। ਇਸ ਦਾ ਪੜਦਾਦਾ ਕੋਈ ਹੁਕਾ ਪੀਂਦਾ ਹੋਣਾ ਹੈ, ਹੁਣ ਤਾਂ ਜਿਹੜਾ ਪੀਂਦਾ ਹੈ ਉਸ ਨੂੰ ਵੀ ਲਗਦਾ ਹੈ। ਹਟਾ ਦਿੱਤਾ ਬਾਹਰਲੇ ਦੇਸ਼ਾਂ ਨੇ, ਐਸੇ ਕਾਨੂੰਨ ਬਣ ਗਏ। ਕਹਿੰਦੇ ਜੇ 10 ਸਿਗਰਟਾਂ ਪੀਂਦਾ ਹੈ ਕੋਈ ਬੰਦਾ, ਉਸ ਦਾ ਪੀਣ ਵਾਲੇ ਨੂੰ ਥੋੜ੍ਹਾ ਅਸਰ ਹੁੰਦਾ ਹੈ, ਜਿਹੜਾ ਉਸ ਦਾ ਧੂੰਆਂ ਲੈਂਦਾ ਹੈ ਉਸ ਨੂੰ ਜ਼ਿਆਦਾ ਅਸਰ ਹੋ ਜਾਂਦਾ ਹੈ। ਉਹ ਆਪ ਹੀ ਨਹੀਂ ਮਰਦਾ, ਜਿਹੜੇ ਉਸ ਦੇ ਧੂੰਏਂ ਨੂੰ ਸੁੰਘਦੇ ਨੇ ਉਹ ਵੀ ਮਰ ਜਾਂਦੇ ਨੇ ਨਾਲ, ਤੇ ਉਨ੍ਹਾਂ ਨੂੰ ਵੀ ਕੈਂਸਰ ਹੋ ਜਾਂਦਾ ਹੈ। ਸੋ ਦੁਨੀਆਂ ਨੂੰ ਦੁਖ ਦੇਣ ਵਾਲਿਆਂ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਹਨ–

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥ ਅੰਗ – 450*

ਕਹਿੰਦੇ ਫਾਇਦਾ ਕੀ ਸੀ ਤੇਰਾ ਸੰਸਾਰ ਤੇ ਆਉਣਾ ਦਾ–

*ਮਾਨੁਖੁ ਬਿਨੁ ਬੂਝੇ ਬਿਰਥਾ ਆਇਆ॥*

*ਅੰਗ – 712*

ਕਹਿੰਦੇ, ਫਜ਼ੂਲ ਜਨਮ ਧਾਰਿਆ। ਜਨਮ ਤਾਂ ਉਸ ਦਾ ਹੀ ਸੁਖਾਵਾਂ ਹੈ ਜਿਹੜਾ ਇਥੇ ਆ ਕੇ ਬੰਦਗੀ ਕਰਦਾ ਹੈ, ਸੇਵਾ ਕਰਦਾ ਹੈ, ਗੁਰੂ ਧਾਰਨ ਕਰਕੇ ਨਾਮ ਮੰਤਰ ਲੈਂਦਾ ਹੈ ਗੁਰੂ ਤੋਂ, ਨਿਗੁਰਾ ਨਹੀਂ ਰਹਿੰਦਾ ਕਿਉਂਕਿ–

*ਨਿਗੁਰੇ ਕਾ ਹੈ ਨਾਉ ਬੁਰਾ॥ ਅੰਗ – 435*

ਉਸ ਦਾ ਤਾਂ ਨਾਉਂ ਹੀ ਬੁਰਾ ਹੋਇਆ ਕਰਦਾ ਹੈ। ਸੋ ਮਾਤਾ ਨੇ, ਜਦੋਂ ਜੁਆਨ ਹੋ ਗਿਆ ਫਰੀਦ 18 ਸਾਲ ਦਾ, ਦ੍ਰਿੜ੍ਹ ਇਰਾਦੇ ਵਾਲਾ ਦੇਖਿਆ।

ਕਹਿੰਦੀ, "ਜਾਹ! ਹੁਣ ਜ਼ੋਹਦ ਕਰ।" ਜ਼ੋਹਦ ਤਪ ਨੂੰ ਕਹਿੰਦੇ ਨੇ। ਇਕ ਜ਼ਿਆਰਤ ਹੁੰਦੀ ਹੈ, ਇਕ ਜ਼ੋਹਦ ਹੁੰਦਾ ਹੈ, ਜ਼ਿਆਰਤ ਭਗਤੀ ਨੂੰ ਕਹਿੰਦੇ

ਨੇ। ਜ਼ੋਹਦ ਕਹਿੰਦੇ ਨੇ ਤਪ ਨੂੰ, ਸਰੀਰ ਨੂੰ ਦੁਖ ਦੇਣਾ, ਭੁਖਾ ਰੱਖਣਾ। ਸੋ ਬਾਬੇ ਫਰੀਦ ਨੇ ਜਾ ਕੇ ਜ਼ੋਹਦ ਕਰਨਾ ਸ਼ੁਰੂ ਕਰ ਦਿੱਤਾ, ਬਹੁਤ ਸਖਤ ਤਪਸਿਆ ਸ਼ੁਰੂ ਕਰ ਦਿੱਤੀ, ਸਾਰੀ ਰਾਤ ਖੜ੍ਹਾ ਰਹਿੰਦਾ ਹੈ। ਐਸਾ ਆਉਂਦਾ ਹੈ ਕਿ ਇਕ ਵਾਰੀ ਇਕ ਲੁਹਾਰ ਸਾਝਰੇ ਹੀ ਜੰਗਲ ਵਿਚ ਚਲਿਆ ਗਿਆ ਕਿ ਮੈਂ ਜਾ ਕੇ ਲੱਕੜਾਂ ਵੱਢਾਂ ਤੇ ਫੇਰ ਕੋਲੇ ਬਣਾ ਲਵਾਂ ਤੇ ਸ਼ਾਮ ਤੱਕ ਠੰਡੇ ਕਰਕੇ ਉਨ੍ਹਾਂ ਨੂੰ ਲਿਆਵਾਂ। ਅੱਗੇ ਬਾਬਾ ਫਰੀਦ ਖੜ੍ਹਾ ਸੀ ਚੁਪ ਕਰਿਆ, ਨਾ ਬਾਂਹ ਹਿਲਦੀ ਹੈ, ਨਾ ਕੁਝ ਹਿਲਦਾ ਹੈ। ਪੂਰੀ ਤਰ੍ਹਾਂ ਚਾਨਣਾ ਨਹੀਂ ਸੀ, ਉਸ ਨੇ ਸੋਚਿਆ ਕਿ ਆਹ ਲਕੜੀ ਤਾਂ ਕੋਲ ਹੀ ਮਿਲ ਗਈ। ਇਹ ਦੇਖਣ ਵਾਸਤੇ ਕਿ ਇਹ ਸੁੱਕੀ ਹੈ ਜਾਂ ਗਿਲੀ ਹੈ, ਉਸ ਨੇ ਪੀਨ ਵਲੋਂ ਕੁਹਾੜਾ ਮਾਰਿਆ। ਜਦੋਂ ਕੁਹਾੜਾ ਲੱਗਿਆ ਤਾਂ ਬਾਬਾ ਫਰੀਦ ਗਿਰਨ ਤੋਂ ਮਸਾਂ ਹੀ ਬਚਿਆ ਤੇ ਕਾਫੀ ਦੂਰ ਅੱਗੇ ਚਲੇ ਗਿਆ। ਉਸ ਵੇਲੇ ਦੇਖਿਆ ਕਿ ਇਹ ਲੁਹਾਰ ਹੈ। ਕਹਿੰਦਾ, "ਮੈਂ ਕੁਰਬਾਨ ਜਾਂਦਾ ਹਾਂ ਤੇਰੇ ਤੇ, ਆਪਣਾ ਪੇਸ਼ਾ ਇਕੋ ਹੀ ਹੈ – ਤੇਰਾ ਵੀ ਤੇ ਮੇਰਾ ਵੀ ਕਿਉਂਕਿ ਮੈਂ ਵਾਦੀ-ਏ-ਤਲਾਸ਼ ਵਿਚ ਹਾਂ। ਪਹਿਲੀ ਵਾਦੀ ਹੈ ਜਿਹੜੀ ਨਾਮ ਜਪਣ ਵਾਲਿਆਂ ਦੀ, ਉਹ ਤਲਾਸ਼ ਹੁੰਦੀ ਹੈ। ਜੇ ਤਲਾਸ਼, ਢੂੰਡ ਨਹੀਂ ਪਈ ਤਾਂ ਵੈਰਾਗ ਨਹੀਂ ਹੁੰਦਾ। ਵੈਰਾਗ ਤੋਂ ਬਿਨਾਂ ਲਭਦਾ ਕੁਝ ਨਹੀਂ ਹੁੰਦਾ। ਇਹ ਵਾਦੀ-ਏ-ਤਲਾਸ਼ ਕਹਾਉਂਦੀ ਹੈ। ਸੱਤ ਵਾਦੀਆਂ ਹੁੰਦੀਆਂ ਨੇ ਇਸਲਾਮ ਵਾਲਿਆਂ ਦੀਆਂ। ਸਾਡੀਆਂ 7 ਭੂਮਿਕਾ ਹੁੰਦੀਆਂ ਨੇ ਤੇ ਚਾਰ ਮੰਜ਼ਲਾਂ ਸਾਡੀਆਂ ਹੁੰਦੀਆਂ ਨੇ, ਚਾਰ ਇਨ੍ਹਾਂ ਦੀਆਂ ਹੁੰਦੀਆਂ ਨੇ। 5 ਤਬਕ ਇਨ੍ਹਾਂ ਦੇ ਨੇ, ਪੰਜੇ ਸਾਡੇ ਨੇ – ਸਚਖੰਡ ਤਖਤ। ਰਲਦੀਆਂ-ਮਿਲਦੀਆਂ ਗੱਲਾਂ ਨੇ ਬੋਲੀ ਦਾ ਫਰਕ ਹੈ ਥੋੜ੍ਹਾ ਜਿਹਾ।

ਉਹ ਕਹਿਣ ਲੱਗਿਆ ਮੈਂ ਵੀ ਵਾਦੀ-ਏ-ਤਲਾਸ਼ ਵਿਚ ਹਾਂ, ਮੈਨੂੰ ਵੀ ਕਿਸੇ ਚੀਜ਼ ਦੀ ਢੂੰਡ ਹੈ ਪਿਆਰਿਆ! ਤੂੰ ਵੀ ਘਰ ਤੋਂ ਆਇਆ ਹੈਂ, ਤਲਾਸ਼ ਤੈਨੂੰ ਵੀ ਹੈ ਪਰ ਜੇ ਕਿਤੇ ਜ਼ੋਰ ਨਾਲ ਸਿਧਾ ਮਾਰਦਾ ਫੇਰ ਤਾਂ ਮੇਰੀ ਤਲਾਸ਼ ਇਥੇ ਹੀ ਰਹਿ ਜਾਣੀ ਸੀ।

***ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ॥***
***ਫਰੀਦਾ ਹਉ ਲੋੜੀ ਸਹੁ ਆਪਣਾ***
***ਤੂ ਲੋੜਹਿ ਅੰਗਿਆਰ॥ ਅੰਗ – 1381***

ਤਲਾਸ਼ ਵਿਚ ਮੈਂ ਵੀ ਹਾਂ, ਤਲਾਸ਼ ਵਿਚ ਹੀ ਤੂੰ ਹੈਂ ਲੇਕਿਨ ਫਰਕ ਹੈ। ਮੈਂ ਪ੍ਰਭੂ ਨੂੰ ਖੋਜਦਾ ਫਿਰਦਾ ਹਾਂ, ਤੂੰ ਕੋਲੇ ਟੋਲ੍ਹਦਾ ਫਿਰਦਾ ਹੈ। ਸੋ ਇਸ ਤਰ੍ਹਾਂ ਬਹੁਤ ਸਖਤ ਤਪਸਿਆ ਕਰੀ। ਵੈਰਾਗ ਬਹੁਤ ਸੀ ਉਸ ਦੇ ਅੰਦਰ, ਬਿਰਹਾ

ਬਹੁਤ ਹੱਦ ਤਕ ਵਧ ਗਿਆ। ਕਹਿੰਦੇ ਜਿਸ ਦੇ ਅੰਦਰ ਬਿਰਹਾ ਨਹੀਂ ਉਪਜਦਾ, ਉਹ ਹਿਰਦਾ ਬਿਲਕੁਲ ਮਸਾਣ ਹੋਇਆ ਕਰਦਾ ਹੈ –

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ*
*ਸੋ ਤਨੁ ਜਾਣੁ ਮਸਾਨੁ॥* *ਅੰਗ – 1380*

ਮਾਇਆ ਦਾ ਜਲਿਆ ਹੋਇਆ ਹਿਰਦਾ ਹੁੰਦਾ ਹੈ ਜਿਸ ਦੇ ਅੰਦਰ ਪ੍ਰਮੇਸ਼ਰ ਦੀ ਯਾਦ ਵਿਚ ਹੰਝੂ ਨਹੀਂ ਗਿਰਿਆ ਕਰਦੇ, ਖਿੱਚ ਨਹੀਂ ਪੈਦਾ ਹੁੰਦੀ। ਜਿਸ ਦੇ ਅੰਦਰ ਖਿੱਚ ਹੁੰਦੀ ਹੈ –

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

ਫਿਰਦੇ-ਫਿਰਦੇ ਫਰੀਦ ਜੀ ਨੇ ਆਵਾਜ਼ ਸੁਣੀ ਬਹੁਤ ਸੋਹਣੀ, ਦਿਲ ਨੂੰ ਮੋਹਦੀਂ ਹੈ, ਆਵਾਜ਼ ਆ ਰਹੀ ਹੈ ਕੋਇਲ ਦੀ। ਮਨ ਵਿਚ ਖਿਆਲ ਆਇਆ ਕਿ ਜਿਹੋ ਜਿਹਾ ਮੈਨੂੰ ਬਿਰਹਾ ਹੈ ਇਸ ਨੂੰ ਵੀ ਕੋਈ ਨਾ ਕੋਈ ਬਿਰਹਾ ਹੈ, ਇਸ ਨੂੰ ਵੀ ਕਿਸੇ ਨਾ ਕਿਸੇ ਦਾ ਵੈਰਾਗ ਹੈ, ਕੋਈ ਵਿਛੜਿਆ ਹੋਇਆ ਹੈ ਜਿਸ ਨੂੰ ਇਹ ਯਾਦ ਕਰਦੀ ਹੈ, ਐਨੀ ਮਿੱਠੀ ਆਵਾਜ਼ ਕੱਢਦੀ ਹੈ। ਕੋਇਲ ਦੇ ਕੋਲ ਚਲਿਆ ਗਿਆ ਤੇ ਜਾ ਕੇ ਦੇਖਿਆ ਕਿ ਰੰਗ ਮੇਰਾ ਵੀ ਕਾਲਾ ਹੋ ਗਿਆ, ਕਿੰਨਾ ਗੋਰਾ ਛੋਹ ਸੀ ਮੈਂ ਤੇ ਇਸ ਦਾ ਵੀ ਹੋ ਗਿਆ, ਮੇਰੇ ਵਾਲੀ ਹੀ ਗੱਲ ਇਸ ਨੂੰ ਨਾ ਹੋਵੇ। ਉਸ ਵੇਲੇ ਸਵਾਲ ਕਰ ਦਿੱਤਾ ਇਸ ਤਰ੍ਹਾਂ ਨਾਲ –

*ਧਾਰਨਾ – ਦੱਸੀ ਕੋਇਲੇ,*
*ਰੰਗ ਕਾਲਾ ਕਾਹਨੂੰ ਹੋ ਗਿਆ-੨*

ਸਵਾਲ ਕਰਿਆ –

*ਕਾਲੀ ਕੋਇਲ ਤੂ ਕਿਤ ਗੁਨ ਕਾਲੀ॥*
*ਅੰਗ – 794*

ਆਪਣੇ ਮਨ ਦੀ ਗੱਲ ਦੱਸ ਕਿ ਤੂੰ ਕਾਲੀ ਕਿਵੇਂ ਹੋ ਗਈ? ਮੈਂ ਵੀ ਕਾਲਾ ਹੋ ਗਿਆ, ਤੂੰ ਵੀ ਕਾਲੀ ਹੋ ਗਈ, ਮੈਨੂੰ ਦੱਸ ਦੇ ਤਾਂ ਕਿ ਮੇਰਾ

ਭਰਮ ਜਿਹੜਾ ਹੈ ਉਹ ਦੂਰ ਹੋ ਜਾਵੇ। ਕਹਿਣ ਲੱਗੀ, "ਤੂੰ ਕਿਉਂ ਕਾਲਾ ਹੋ ਗਿਆ?"

ਕਹਿਣ ਲੱਗਿਆ, "ਮੈਂ ਆਪਣੇ ਪਿਆਰੇ ਤੋਂ ਵਿਛੜਿਆ ਹੋਇਆ ਹਾਂ। ਵਿਛੜੇ ਹੋਏ ਦੇ ਉਤੇ ਕਾਲਖ ਆ ਜਾਇਆ ਕਰਦੀ ਹੈ।"

***ਸਾਬਣ ਲਾ ਲਾ ਧੋਤਾ ਕੋਲਾ,***
***ਦੁਧ ਦਹੀਂ ਵਿਚ ਪਾਇਆ॥***
***ਰੰਗ ਚਾੜ੍ਹ ਖੁੰਬਣ ਵੀ ਧਰਿਆ,***
***ਰੰਗ ਨ ਓਸ ਵਟਾਇਆ॥***
***ਵਿਛੜ ਕੇ ਕਾਲਖ ਸੀ ਆਈ,***
***ਬਿਨ ਮਿਲਿਆਂ ਨਹੀਂ ਲਹਿੰਦੀ॥***
***ਅੰਗ ਅੱਗ ਦੇ ਲਾ ਕੇ ਦੇਖੋ,***
***ਚੜ੍ਹਦਾ ਰੂਪ ਸਵਾਇਆ॥ (ਭਾਈ ਵੀਰ ਸਿੰਘ ਜੀ)***

ਕਿਸੇ ਨੂੰ ਵੀ ਵਿਛੋੜਾ ਹੋ ਜਾਵੇ, ਪਤੀ ਦਾ ਵਿਛੋੜਾ ਹੋ ਜਾਵੇ, ਪੁੱਤਰ ਦਾ ਵਿਛੋੜਾ ਹੋ ਜਾਵੇ, ਦੇਖ ਲਓ ਜਾ ਕੇ ਉਸ ਦਾ ਕੀ ਹਾਲ ਹੁੰਦਾ ਹੈ। ਵਿਛੋੜਾ ਚੀਜ਼ ਹੀ ਐਸੀ ਹੈ, ਝੱਲਿਆ ਨਹੀਂ ਜਾਂਦਾ ਹੁੰਦਾ ਵਿਛੋੜਾ, ਅਸਹਿ ਚੀਜ਼ ਹੈ ਦੁਨੀਆਂ ਦੇ ਅੰਦਰ।

ਗੁਰੂ ਮਹਾਰਾਜ ਜਾਂਦੇ ਨੇ। ਜਾਂਦੇ-ਜਾਂਦੇ ਇਕ ਸਰੋਵਰ ਦੇਖਿਆ ਬਹੁਤ ਹੀ ਸੋਹਣਾ, ਉਸ ਦੇ ਵਿਚ ਕਮਲ ਫੁੱਲ ਖਿੜੇ ਪਏ ਨੇ। ਕਾਫੀ ਸਮੇਂ ਤੋਂ ਬਾਅਦ ਜਦੋਂ ਵਾਪਸ ਆਏ ਉਥੇ ਕੀ ਦੇਖਦੇ ਨੇ ਸਾਰਾ ਸਰੋਵਰ ਬਦਬੂ ਨਾਲ ਭਰਿਆ ਪਿਆ ਹੈ, ਕਮਲ ਦਿਸਦੇ ਹੀ ਨਹੀਂ, ਕਾਲਾ ਹੀ ਕਾਲਾ ਹੋਇਆ ਪਿਆ ਹੈ। ਮਹਾਰਾਜ ਕਹਿਣ ਲੱਗੇ -

***ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ॥***
***ਅੰਗ - 1413***

ਤੂੰ ਤਾਂ ਹਰਿਆਵਲ ਸੀ, ਸੋਨੇ ਰੰਗ ਵਾਂਗ ਡਲ੍ਹਕਾਂ ਮਾਰਦਾ ਸੀ ਤੂੰ।

***ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ***
***ਨਾਨਕ ਮੈ ਤਨਿ ਭੰਗੁ॥ ਅੰਗ - 1413***

ਤੈਨੂੰ ਹੋ ਕੀ ਗਿਆ, ਤੇਰਾ ਮਨ ਵੀ ਪੰਗ ਹੋ ਗਿਆ, ਤਨ ਵੀ ਪੰਗ ਹੋ ਗਿਆ। ਉਸ ਵੇਲੇ ਕਹਿਣ ਲੱਗਾ -

"ਗੁਰੂ ਜੀ!

*ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ ॥*

*ਪੰਨਾ - 1413*

ਮੇਰਾ ਸੰਗ ਸੀ ਪਾਣੀ ਨਾਲ, ਪਿਆਰਾ ਸੀ ਮੇਰਾ। ਉਹ ਮਿਲਦਾ ਹੈ ਤਾਂ ਮੈਂ ਜੀਉਂਦਾ ਸੀ ਤੇ ਜਦੋਂ ਮੈਨੂੰ ਮਿਲਣ ਤੋਂ ਹਟ ਗਿਆ -

*ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ ॥*

*ਪੰਨਾ - 1413*

ਮੈਂ ਉਸ ਤੋਂ ਵਿਛੜ ਗਿਆ ਜਿਹੜਾ ਮੇਰਾ ਪਿਆਰਾ ਸੀ।

ਵਿਛੋੜਾ ਚਾਹੇ ਕਿਸੇ ਨੂੰ ਆਵੇ ਸਾਧ ਸੰਗਤ ਜੀ! ਵਿਛੋੜਾ ਬੜਾ ਬੁਰਾ ਹੈ। ਕਹਿਣ ਲੱਗਿਆ, "ਕੋਇਲ! ਹੁਣ ਤੂੰ ਮੇਰੇ ਸਵਾਲ ਦਾ ਜਵਾਬ ਦੇਹ ਕਿ ਤੇਰਾ ਰੰਗ ਕਿਉਂ ਕਾਲਾ ਹੋ ਗਿਆ।"

ਇਸ ਤਰ੍ਹਾਂ ਬਾਣੀ ਵਿਚ ਆਉਂਦਾ ਹੈ, ਪੜ੍ਹੋ ਪਿਆਰ ਨਾਲ -

*ਧਾਰਨਾ - ਜਾਲੀ ਪਿਆਰਿਆ!*
*ਮੈਂ ਤਾਂ ਰਾਮ ਦੇ ਵਿਜੋਗ ਨੇ -2, 2.*
*ਪ੍ਰੀਤਮ ਦੇ ਵਿਜੋਗ ਨੇ -4,*
*ਜਾਲੀ ਪਿਆਰਿਆ! ,... -2.*

*ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥*
*ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥*

*ਅੰਗ - 794*

ਫਰੀਦਾ! ਸਾਰੀ ਦੁਨੀਆਂ ਪਿਆਰ ਦੇ ਆਸਰੇ ਜੀਉਂਦੀ ਹੈ। ਜਿਸ ਨੂੰ ਪਿਆਰ ਹੀ ਨਾ ਮਿਲੇ, ਪਿਆਰ ਤੋਂ ਹੀਣਾ ਰਹਿ ਜਾਵੇ।

ਕਹਿਣ ਲੱਗੇ, "ਤੈਨੂੰ ਕੀ ਦੁਖ ਹੈ? ਚਕਵੀ ਤੇ ਚਕਵੇ ਨੂੰ ਤਾਂ ਸਾਰੀ ਦੁਨੀਆਂ ਗਾਉਂਦੀ ਹੈ ਕਿ ਰਾਤ ਨੂੰ ਵਿਛੜ ਜਾਂਦੇ ਨੇ ਪਰ ਜਿਹੜੇ ਨਾ ਰਾਤ ਨੂੰ ਮਿਲਦੇ ਨੇ ਤੇ ਨਾ ਦਿਨ ਨੂੰ ਮਿਲਦੇ ਨੇ, ਉਨ੍ਹਾਂ ਦਾ ਹਾਲ ਕੀ ਹੈ?"

ਕਹਿੰਦੇ, "ਸਾਰੇ ਆਹ ਜਿੰਨੇ ਪੰਛੀ ਨੇ ਤੂੰ ਗਿਣ ਲੈ ਹਿਸਾਬ ਨਾਲ, ਇਹ ਸਾਰੇ ਜਿਥੇ ਬੈਠਣਗੇ ਜੋੜਾ ਬੈਠੇਗਾ।" ਰਾਤ ਨੂੰ ਤਾਂ ਠੀਕ ਹੈ ਅੱਡ ਅੱਡ ਹੋ ਜਾਂਦੇ ਨੇ ਕਿ ਕੋਈ ਮਾਰ ਨਾ ਦੇਵੇ, ਪ੍ਰਮੇਸ਼ਰ ਨੇ ਸੋਝੀ ਦਿੱਤੀ ਹੋਈ ਹੈ,

ਦਿਨੇ ਨਹੀਂ ਇਹ ਇਕੱਲੇ-ਇਕੱਲੇ ਰਹਿੰਦੇ, ਦਿਨੇ ਇਕੱਠੇ ਹੁੰਦੇ ਨੇ ਇਕੱਠੇ ਹੋ ਕੇ ਬੱਚਿਆਂ ਨੂੰ ਪਾਲਦੇ ਨੇ, ਇਕੱਠੇ ਹੋ ਕੇ ਚੋਗਾ ਚੁਗਦੇ ਨੇ। ਕੋਈ ਦੂਜਾ ਹਮਲਾ ਕਰ ਦੇਵੇ ਉਸੇ ਵੇਲੇ ਨਰ ਜਾਂਦਾ ਹੈ ਮਾਰਨ, ਮਦੀਨ ਜਾਂਦੀ ਹੈ ਮਾਰਨ। ਪਰ ਫਰੀਦਾ! ਮੇਰਾ ਤਾਂ ਪਿਰ ਮੇਰੇ ਨਾਲ ਕਦੇ ਵੀ ਨਹੀਂ ਬੈਠਿਆ ਤੇ ਹੁਣ ਮੇਰਾ ਰੰਗ ਕਾਲਾ ਹੋਵੇ ਜਾਂ ਨਾ ਹੋਵੇ?" ਕਿਉਂਕਿ ਕਦੇ ਵੀ ਕੋਇਲ ਜੋੜਾ ਨਹੀਂ ਬੈਠੇਗਾ। ਦੇਖਿਆ ਨਹੀਂ ਕਿਸੇ ਨੇ ਕਿ ਕੋਇਲ ਦਾ ਵੀ ਜੋੜਾ ਹੁੰਦਾ ਹੈ। ਰਹਿੰਦੇ ਹੀ ਨਹੀਂ ਇਕੱਠੇ। ਸੋ ਕਹਿੰਦੀ ਮੇਰੀ ਪ੍ਰਮੇਸ਼ਰ ਨੇ ਇਹੋ ਜਿਹੀ ਹਾਲਤ ਕਰ ਦਿੱਤੀ, ਮੇਰਾ ਰੰਗ ਕਾਲਾ ਹੀ ਹੋਣਾ ਸੀ। ਸੋ ਇਹ ਵਿਛੋੜੇ ਦੀਆਂ ਗੱਲਾਂ ਗੁਰੂ ਮਹਾਰਾਜ ਨੇ ਜਗਿਆਸੂਆਂ ਵਾਸਤੇ ਲਿਖੀਆਂ ਨੇ ਕਿਉਂਕਿ ਆਹੀ ਹਾਲ ਉਨ੍ਹਾਂ ਦਾ ਹੁੰਦਾ ਹੈ, ਉਨ੍ਹਾਂ ਨੂੰ ਵੀ ਜੀਉਣਾ ਬਹੁਤ ਔਖਾ ਹੋ ਜਾਂਦਾ ਹੈ।

***ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥***
***ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥ ਅੰਗ - 1369***

ਜਦੋਂ ਬਿਰਹੁ ਦਾ ਭੁਯੰਗਮ, ਸੱਪ ਕਹਿੰਦੇ ਖੜੱਪਾ ਨਾਗ ਮਨ ਵਿਚ ਵਸ ਜਾਵੇ ਫੇਰ ਉਹ ਗੱਲਾਂ ਨਹੀਂ ਸੁਣ ਸਕਦਾ-

***ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥ ਅੰਗ - 1369***

***ਧਾਰਨਾ - ਨਹੀਓਂ ਜੀਉਂਦਾ,***
***ਕੋਈ ਰਾਮ ਦਾ ਵਿਜੋਗੀ -2, 2***

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥***
***ਨਾਨਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥***
***ਅੰਗ - 708***

ਸੋ ਇਸ ਤਰ੍ਹਾਂ ਵੈਰਾਗੀ ਹੋਇਆ ਹੋਇਆ ਪ੍ਰਮੇਸ਼ਰ ਦੀ ਤਲਾਸ਼ ਕਰਦਾ ਹੈ ਬਾਬਾ ਫਰੀਦ। ਹਰ ਥਾਂ ਦੇਖਦਾ ਹੈ ਬੜੀ ਉਗਰ ਤਪੱਸਿਆ ਕਰੀ ਹੈ ਉਸ ਨੇ। ਉਸ ਦੀ ਤਪੱਸਿਆ ਨੂੰ ਦੇਖਣ ਵਾਸਤੇ ਵੱਡੇ ਵੱਡੇ ਮਹਾਂਪੁਰਸ਼ ਆਇਆ ਕਰਦੇ ਸੀ। ਦੇਖਦੇ ਸੀ ਫਰੀਦ ਨੂੰ ਕਿ ਐਨੀ ਤਪਸਿਆ ਇਹ ਤਾਂ ਸੰਭਵ ਹੀ ਨਹੀਂ ਹੈ।

ਸੋ ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ, ਇਸੇ ਵਿਚਾਰ ਨੂੰ ਮਨ ਵਿਚ ਰੱਖਿਓ। ਵਾਹਿਗੁਰੂ ਜੀ ਨੇ ਚਾਹਿਆ ਤਾਂ ਕੱਲ੍ਹ ਨੂੰ ਫੇਰ ਤੁਹਾਡੇ ਦਰਸ਼ਨ ਕਰਾਂਗੇ। ਹੁਣ ਸਾਰੇ ਪ੍ਰੇਮੀ ਗੁਰਸਤੋਤਰ ਵਿਚ ਬੋਲੋ, ਜਿਹੜੇ ਅਜੇ ਤੱਕ ਨਹੀਂ ਬੋਲੇ ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਓ।

ਗੁਰਸਤੋਤਰ

ਅਰਦਾਸ

# ਆਪੇ ਗੁਰ ਚੇਲਾ

ਭਾਰਤ ਰਿਸ਼ੀਆਂ-ਮੁਨੀਆਂ, ਵਿਚਾਰਕਾਂ, ਕਰਮਯੋਗੀਆਂ, ਸਤਿ ਤੇ ਮਰ ਮਿਟਣ ਵਾਲੇ ਯੋਧਿਆਂ ਅਤੇ ਧਰਮ ਨੂੰ ਪੂਰੀ ਤਰ੍ਹਾਂ ਪਾਲਣ ਕਰਨ ਵਾਲੇ ਗ੍ਰਹਿਸਤੀਆਂ ਦਾ ਦੇਸ਼ ਹੈ। ਜਿਸ ਦੇਸ਼ ਨੂੰ ਕਰਮ ਭੂਮੀ ਕਹਿ ਕੇ ਵਡਿਆਇਆ ਜਾਂਦਾ ਰਿਹਾ ਹੈ, ਇਸ ਵਿਚ ਸਦਾਚਾਰ ਤੇ ਅਧਿਆਤਮ ਸੂਝ ਦਾ ਸਦਾ ਹੀ ਬੋਲ-ਬਾਲਾ ਰਿਹਾ ਹੈ ਪਰ ਸਮੇਂ ਬਦਲੇ, ਇਸਦੇ ਅਮਨ-ਅਮਾਨ ਨਾਲ ਵਸਦੇ ਰਾਜਿਆਂ ਉਪਰ ਇਕ-ਇਕ ਕਰਕੇ ਅਫਗਾਨਿਸਤਾਨ, ਇਰਾਨ, ਅਰਬ ਅਤੇ ਬਗਦਾਦ ਦੇ ਸ਼ਾਹਾਂ ਨੇ ਹਮਲੇ ਕਰਨੇ ਸ਼ੁਰੂ ਕਰ ਦਿਤੇ। ਪਹਿਲੇ ਪਹਿਲੇ ਇਨ੍ਹਾਂ ਦੇ ਰਾਜਸੀ ਮਨੋਰਥ ਹੋਇਆ ਕਰਦੇ ਸਨ। ਇਕ ਰਾਜਾ ਹਾਰ ਜਾਂਦਾ ਸੀ, ਉਸ ਨਾਲ ਸਮਝੌਤੇ ਕਰਕੇ ਆਪਣੇ ਰਾਜ ਪੱਕੇ ਕਰਿਆ ਕਰਦੇ ਸਨ। ਅੱਠਵੀਂ ਸਦੀ ਤੋਂ ਭਾਰਤ ਦੇ ਅਮਨ ਨੂੰ ਡਾਵਾਂ-ਡੋਲ ਹੋਣਾ ਪਿਆ। ਹੌਲੀ-ਹੌਲੀ ਇਨ੍ਹਾਂ ਦੇਸ਼ਾਂ ਦੇ ਹਮਲਾਵਰ ਜੋ ਇਸਲਾਮ ਨਾਲ ਸਬੰਧ ਰਖਦੇ ਸਨ, ਆਪਣੀਆਂ ਵਧੀਕੀਆਂ ਨੂੰ ਨਫਰਤ ਤੋਂ ਬਚਾਉਣ ਖਾਤਰ ਮਜ਼੍ਹਬੀ ਨਾਹਰੇ ਦੇਣ ਲੱਗੇ।

ਇਸਲਾਮ ਇਕ ਅਜਿਹਾ ਧਰਮ ਹੈ ਜਿਸ ਵਿਚ ਇਨਸਾਫ, ਰਹਿਮ ਅਤੇ ਪ੍ਰਭੂ ਭਗਤੀ ਦੇ ਜਜ਼ਬੇ ਪ੍ਰਭੂ ਪਿਆਰ ਨੂੰ ਪ੍ਰਫੁੱਲਤ ਕਰਦੇ ਸਨ। ਇਹ ਧਰਮ ਅੱਲਾਹ-ਤਾਲਾ ਨੂੰ ਸਰਬ ਕਲਾ ਸਮਰੱਥ ਮੰਨਦਾ ਸੀ ਅਤੇ ਇਸ ਵਿਚ ਦੇਵਤਿਆਂ ਦੀ ਪੂਜਾ ਪ੍ਰਤਿਸ਼ਠਾ ਵਲ ਕੋਈ ਧਿਆਨ ਨਹੀਂ ਦਿਤਾ ਜਾਂਦਾ ਸੀ ਅਤੇ ਇਹ ਨਿਰੋਲ ਵਾਹਿਗੁਰੂ ਨੂੰ ਪਿਆਰ ਕਰਨ ਵਾਲਾ ਧਰਮ ਸੀ ਅਤੇ ਉਸਦੇ ਹੁਕਮ ਤੇ ਰਜ਼ਾ ਨੂੰ ਮੰਨਣ ਵਾਲਾ ਸੀ। ਪ੍ਰਭੂ ਦੀ ਯਾਦ ਨੂੰ ਹਿਰਦੇ ਵਿਚ ਸਦੀਵੀ ਥਾਂ ਦੇਣ ਲਈ ਪੰਜ ਨਮਾਜ਼ਾਂ, ਪੰਜ ਵਕਤਾਂ ਵਿਚ ਪੜ੍ਹੀਆਂ ਜਾਂਦੀਆਂ ਸਨ ਅਤੇ ਸੱਚ ਦੀ ਖੋਜ ਅੰਦਰ ਘੋਰ ਤਪੱਸਿਆ ਕੀਤੀ ਜਾਂਦੀ ਸੀ। ਅੰਦਰੋਂ ਹੀ ਸੱਚ ਦੀ ਪ੍ਰਾਪਤੀ ਲਈ ਨਿਯਮਬੱਧ ਸਦਾਚਾਰਕ ਜੀਵਨ ਜੀਵਿਆ ਜਾਂਦਾ ਸੀ। ਇਨ੍ਹਾਂ ਨਾਲ, ਅਰਬ ਤੇ ਹੋਰ ਦੇਸ਼ਾਂ ਦੇ ਮੂਰਤੀਆਂ ਦੀ ਪੂਜਾ ਕਰਨ ਵਾਲੇ ਦ੍ਵੈਸ਼ ਰਖਦੇ ਸਨ। ਬਹੁਤ ਸਾਰੇ ਜੰਗ ਇਸ ਨਵੇਂ ਧਰਮ ਨੇ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਦੂਸਰੇ ਧਰਮ ਅਬਲੰਭੀਆਂ ਨਾਲ ਕੀਤੇ ਅਤੇ ਬਹੁਤ ਸਾਰੀਆਂ ਜਿੱਤਾਂ ਪ੍ਰਾਪਤ ਕਰਕੇ ਇਨਸਾਫ ਅਤੇ ਧਰਮ ਦੇ ਰਾਜ ਚਲਾਏ। ਇਸ ਧਰਮ ਵਿਚ ਮਹਾਨ ਚਿੰਤਕ ਸੂਫੀ ਸੰਪਰਦਾਵਾਂ ਦੇ ਜਨਮ ਹੋਏ ਜਿਨ੍ਹਾਂ ਨੇ ਸੰਸਾਰ ਨੂੰ ਭਰਾਤਰੀ ਭਾਵ, ਪਿਆਰ ਅਤੇ ਪ੍ਰਭੂ ਦੀ ਸੋਝੀ ਦਿਤੀ। ਇਹ ਸੂਫੀ ਵਰਗ ਕਠਿਨ ਜ਼ੋਹਦ ਵਿਚ ਵਿਸ਼ਵਾਸ਼ ਰੱਖਦਾ ਸੀ ਅਤੇ ਪੀਰ ਪ੍ਰਸਤੀ, ਆਪਣੇ ਪੀਰ ਨੂੰ ਰੱਬ ਦਾ ਰੂਪ ਜਾਣ ਕੇ ਉਸਦੀ ਸੇਵਾ ਅਤੇ ਉਸਦੇ ਹੁਕਮ ਨੂੰ ਬਹੁਤ ਹੀ ਪਵਿੱਤਰ ਜਾਣ ਕੇ ਮੰਨਦੇ ਸਨ। ਹੌਲੀ-ਹੌਲੀ ਇਹ ਧਰਮ, ਅਗਿਆਨਤਾ ਵਿਚ ਭਰੇ ਹੋਏ ਲੋਕਾਂ ਨੂੰ ਭਾਅ ਗਿਆ ਅਤੇ ਬਹੁਤ ਸਾਰਿਆਂ ਨੇ ਇਸ ਧਰਮ ਦੇ ਚੰਗੇ ਗੁਣਾਂ ਨੂੰ ਧਾਰਨ ਕਰ ਲਿਆ। ਬਹੁਤ ਵੱਡੀਆਂ-ਵੱਡੀਆਂ ਹਕੂਮਤਾਂ ਕਾਇਮ ਕਰ ਲਈਆਂ।

ਰਾਜ ਮੱਧ ਸਦਾ ਕਿਸੇ ਨੂੰ ਇਕ ਰਸ ਨਹੀਂ ਰਹਿਣ ਦਿੰਦਾ ਅਤੇ ਇਹ ਅਭਿਮਾਨ ਉਤਮ ਤੋਂ ਉਤਮ ਧਰਮ ਦੇ ਧਾਰਨੀ ਹੁੰਦਿਆਂ ਹੋਇਆਂ ਵੀ ਆਪਣੇ

ਅਧੀਨ ਕਰ ਲੈਂਦਾ ਹੈ। ਸਮੇਂ ਦੀ ਚਾਲ ਨਾਲ ਇਹ ਅਭਿਮਾਨੀ ਸ਼ਾਹਾਂ ਨੇ ਅਤਿ ਘਿਨਾਉਣੇ ਜ਼ੁਲਮ ਨੂੰ ਆਪਣੇ ਮਜ਼ਹਬ ਦਾ ਰੂਪ ਦੇ ਕੇ ਆਪ ਸ਼ੈਤਾਨ ਦੇ ਅਧੀਨ ਹੋ ਕੇ ਅਜਿਹੇ ਘੋਰ ਅਪਰਾਧ ਮਨੁੱਖਤਾ ਉਪਰ ਕੀਤੇ ਜਿਨ੍ਹਾਂ ਨੂੰ ਪੜ੍ਹਿਆਂ-ਵਾਚਿਆਂ ਚੰਗੇ ਤੋਂ ਚੰਗੇ ਪੁਰਸ਼ ਦਾ ਮਨ ਵੀ ਖੇਦ ਵਿਚ ਆ ਜਾਂਦਾ ਹੈ। ਰਾਜ ਮੱਧ ਵਿਚ ਡੁੱਬਿਆ ਰਾਜਾ ਪ੍ਰੀਪੂਰਨ ਸ਼ੈਤਾਨ ਦਾ ਰੂਪ ਹੁੰਦਾ ਹੈ ਅਤੇ ਅੱਲਾਹ ਦੇ ਹੁਕਮਾਂ ਨੂੰ ਮੰਨਣ ਦੀ ਥਾਂ ਉਹ ਸ਼ੈਤਾਨ ਦਾ ਹੀ ਏਜੰਟ ਹੋਇਆ ਕਰਦਾ ਹੈ। ਇਨ੍ਹਾਂ ਜ਼ਾਲਮ ਰਾਜਿਆਂ ਨੇ ਅਤਿ ਘਿਨਾਉਣੇ ਜ਼ੁਲਮ ਨੂੰ ਕਮਾ ਕੇ ਰੱਬ ਨੂੰ ਪ੍ਰਸੰਨ ਕਰਨ ਦਾ ਇਕ ਗੁਨਾਹ ਭਰਿਆ ਵਿਸ਼ਵਾਸ਼ ਬਣਾ ਲਿਆ ਜਿਸ ਕਰਕੇ ਇਨ੍ਹਾਂ ਨੇ ਵੈਰੀਆਂ ਨਾਲ ਅਜਿਹੇ ਪਸ਼ੂ-ਪੁਣੇ ਦੇ ਜ਼ੁਲਮ ਕੀਤੇ ਕਿ ਧਰਮਰਾਜਾ ਵੀ ਕੰਬ ਗਿਆ ਕਿ ਇਨ੍ਹਾਂ ਪੁਰਸ਼ਾਂ ਨੂੰ, ਜਿਹੜੇ ਪ੍ਰਮਾਰਥ ਦੇ ਕਾਰਨ ਮਹਾਂ ਹਤਿਆਵਾਂ ਕਰਦੇ ਹਨ, ਕਿਹੜੇ ਨਰਕ ਵਿਚ ਸੁਟਿਆ ਜਾਵੇ।

ਗੁਰੂ ਨਾਨਕ ਸਾਹਿਬ ਮਹਾਰਾਜ ਜੀ ਦਾ ਸੰਸਾਰ ਉਤੇ ਪ੍ਰਕਾਸ਼ ਹੋਣ ਸਮੇਂ ਤਕ ਅਜਿਹਾ ਵਾਤਾਵਰਣ ਰਾਜਿਆਂ ਦੇ ਜ਼ੁਲਮਾਂ ਦਾ ਹੋ ਗਿਆ ਸੀ ਕਿ ਮਹਾਰਾਜ ਜੀ ਨੇ ਇਨ੍ਹਾਂ ਨੂੰ ਇਹ ਕਹਿ ਕੇ ਦੁਰਕਾਰਿਆ –

***ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।।***
***ਕੂੜ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।।***

***ਅੰਗ – 145***

ਇਨ੍ਹਾਂ ਕਸਾਈ ਰਾਜਿਆਂ ਨੇ ਧਰਮ ਦੀ ਆੜ ਲੈ ਕੇ ਜਨਤਾ ਦੇ ਉਪਰ ਅਤਿ ਦੇ ਜ਼ੁਲਮ ਕੀਤੇ। ਭਾਵੇਂ ਅਨੇਕ ਥਾਵਾਂ ਤੇ ਭਾਰਤ ਵਾਸੀਆਂ ਨੇ ਆਪਣੀ ਅਣਖ ਤੇ ਗੈਰਤ ਨੂੰ ਬਚਾਉਣ ਲਈ ਬੇਅੰਤ ਕੁਰਬਾਨੀਆਂ ਦਿਤੀਆਂ, ਮਜ਼ਬੂਤ ਰਾਜਿਆਂ ਨੇ ਰਸ-ਮਹਿ-ਜੋਹਰ ਵਿਚ ਆਪਣੀਆਂ ਪਿਆਰੀਆਂ ਪਤਨੀਆਂ, ਲੜਕੀਆਂ ਨੂੰ ਮਹਾਂ ਅਗਨ ਵਿਚ ਸੜਦੀਆਂ ਨੂੰ ਸੁਆਹ ਹੁੰਦੇ ਦੇਖਿਆ ਅਤੇ ਆਪ ਮੈਦਾਨੇ ਜੰਗ ਵਿਚ ਆਪਣੀਆਂ ਜਾਨਾਂ ਤੇ ਖੇਲ੍ਹ ਗਏ ਪਰ ਮਹਾਨ ਜ਼ੁਲਮ ਦੇ ਹੜ੍ਹ ਨੂੰ ਇਹ ਛੋਟੇ-ਛੋਟੇ ਉਦਮ ਰੋਕ ਨਾ ਸਕੇ।

ਗੁਰੂ ਨਾਨਕ ਪਾਤਸ਼ਾਹ ਜੀ ਨੇ ਭਾਰਤ ਦੇ ਅਨੇਕ ਵਿਸ਼ਵਾਸ਼ਾਂ ਨੂੰ ਇਕ ਪ੍ਰਮੇਸ਼ਰ ਭਗਤੀ ਉਤੇ ਕੇਂਦਰਤਿ ਕੀਤਾ ਅਤੇ ਸਾਰਿਆਂ ਵਿਚ ਇਕੋ ਅੱਲਾਹ ਦਾ ਨੂਰ ਦੇਖਦਿਆਂ ਹੋਇਆਂ ਇਥੇ ਦੇ ਵਾਸੀਆਂ ਵਿਚ ਪ੍ਰਸਪਰ ਪ੍ਰੇਮ ਨੂੰ ਵਧਾਉਣ ਲਈ ਆਪਣੇ ਪ੍ਰਵਚਨਾਂ ਰਾਹੀਂ ਸੇਧ ਦਿਤੀ। ਗੁਰੂ ਮਹਾਰਾਜ ਦੇ ਸਮੇਂ ਹੀ ਗੁਰੂ ਨਾਨਕ ਸਾਹਿਬ ਨੂੰ ਦੋਹਾਂ ਧਰਮਾਂ ਦੇ ਲੋਕਾਂ ਨੇ ਆਪਣਿਆਂ ਹਿਰਦਿਆਂ ਵਿਚ ਸਤਿਕਾਰ ਦਿਤਾ ਅਤੇ ਅੰਤ ਦੇ ਸਮੇਂ ਗੁਰੂ ਪਾਤਸ਼ਾਹ ਦੇ ਸਰੀਰ ਨੂੰ ਇਸਲਾਮ ਵਾਲਿਆਂ ਨੇ ਪੀਰ ਕਿਹਾ ਅਤੇ ਦੂਸਰਿਆਂ ਨੇ ਆਪਣਾ ਗੁਰੂ ਪ੍ਰਮੇਸ਼ਰ ਕਿਹਾ ਪਰ ਦੂਜੇ ਪਾਸੇ ਰਾਜਸੀ ਸ਼ਾਸ਼ਕ ਕਸਾਈ ਬੁੱਚੜਾਂ ਨੂੰ ਵੀ ਮਾਤ ਪਾ ਗਏ। ਉਨ੍ਹਾਂ ਨੇ ਅਜਿਹੇ ਘਿਨਾਉਣੇ ਜ਼ੁਲਮ ਕੀਤੇ ਜਿਨ੍ਹਾਂ ਬਾਰੇ ਲਿਖ ਕੇ ਆਪਣੇ ਹੀ ਮਨ ਵਿਚ ਬੇਚੈਨੀ ਪੈਦਾ ਕਰਨ ਦੇ ਬਰਾਬਰ ਹੈ।

ਗੁਰੂ ਪੰਜਵੇਂ ਪਾਤਸ਼ਾਹ ਤੇ ਗੁਰੂ ਨੌਂਵੇਂ ਪਾਤਸ਼ਾਹ ਨੇ ਆਪਣਾ ਪ੍ਰਮ ਪਵਿੱਤਰ ਬਲੀਦਾਨ ਦੇ ਕੇ ਇਸਲਾਮੀ ਰਾਜਿਆਂ ਦੀ ਅੰਧਮਈ ਕਠੋਰ ਆਤਮਾ

ਨੂੰ ਜਗਾਉਣ ਦਾ ਉਪਰਾਲਾ ਕੀਤਾ ਪਰ ਪਾਪ ਕਰ-ਕਰ ਕੇ ਸਮੇਂ ਦੇ ਰਾਜਿਆਂ ਦਾ ਮਨ ਅਜਿਹਾ ਕਠੋਰ ਹੋ ਚੁੱਕਿਆ ਸੀ ਕਿ ਇਨ੍ਹਾਂ ਬਲੀਦਾਨਾਂ ਨੂੰ ਵੀ ਆਪਣੇ ਆਪ ਲਈ ਸਵਾਬ (ਪੁੰਨ) ਸਮਝਣ ਦੀ ਢੀਠਤਾ ਕਰ ਰਹੇ ਸਨ। ਇਸ ਤਰ੍ਹਾਂ ਆਮ ਇਨਸਾਨ ਉਪਰ ਵੀ ਬਹੁਤ ਵੱਡਾ ਅਸਰ ਹੋ ਚੁੱਕਿਆ ਸੀ। ਹਿੰਦੂਆਂ ਵਿਚ ਤਾਂ ਬੇ-ਦਿਲੀ ਇਸ ਹੱਦ ਤਕ ਪਹੁੰਚ ਚੁਕੀ ਸੀ ਕਿ ਉਨ੍ਹਾਂ ਨੇ ਸੰਤਾਪ ਨੂੰ ਆਪਣੇ ਬੁਰੇ ਕਰਮਾਂ ਦਾ ਫਲ ਮੰਨ ਕੇ ਹੀ ਭੋਗਣ ਵਿਚ ਬੇਹਤਰੀ ਸਮਝੀ। ਇਸਲਾਮ ਨਾਲ ਸਬੰਧ ਰੱਖਣ ਵਾਲੇ ਆਪਣੇ ਆਪ ਨੂੰ ਵਿਸ਼ੇਸ਼ ਸਮਝਦੇ ਸਨ ਅਤੇ ਕਦੇ ਵੀ ਉਨ੍ਹਾਂ ਨੇ ਕਿਸੇ ਗੁਰੂ ਦੇ ਖਿਲਾਫ ਆਪਣੇ ਧਰਮ ਦੇ ਰਾਜਿਆਂ ਨੂੰ ਸੁਮੱਤ ਨਹੀਂ ਸੀ ਦਿਤੀ। ਭਾਵੇਂ ਅਨੇਕਾਂ ਧਾਰਮਿਕ ਬੰਦਿਆਂ ਦੇ ਅੰਦਰ ਹਾਅ ਦਾ ਨਾਅਰਾ ਸੀ ਪਰ ਇਨ੍ਹਾਂ ਪਸ਼ੂ ਰਾਜਿਆਂ ਨੂੰ ਸਮਝਾਉਣ ਦੀ ਹਿੰਮਤ ਨਹੀਂ ਸੀ। ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਗੁਰੂ ਨੌਂਵੇਂ ਪਾਤਸ਼ਾਹ ਦੇ ਸਮੇਂ ਤੱਕ ਵਿਚ ਹੋਏ ਗੁਰਸਿਖਾਂ ਵਿਚ ਸਵੈਮਾਨ, ਰਵਾਦਾਰੀ, ਭਰਾਤਰੀ ਭਾਵ ਅਤੇ ***'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ'*** ਦਾ ਪਵਿੱਤਰ ਉਤਮ ਖਿਆਲ ਸਰਬ ਦਾ ਭਲਾ ਕਰਨ ਵਾਲਾ ਕਰਮ ਯੋਗੀ ਬਣਾ ਰਿਹਾ ਸੀ ਅਤੇ ਘਟ-ਘਟ ਵਿਚ ਰਮੀ ਆਤਮ ਜੋਤ ਦੀ ਸਾਂਝ ਨੇ ਗੁਰਸਿੱਖ ਨੂੰ ਤਤੂ ਗਿਆਨੀ ਅਤੇ ਸਰਬ ਸਾਂਝੇ ਰੂਪ ਵਿਚ ਪ੍ਰਗਟ ਕਰ ਦਿਤਾ ਸੀ। ਗੁਰੂ ਦਸ਼ਮੇਸ਼ ਪਿਤਾ ਨੇ ਇਨ੍ਹਾਂ ਜੰਗਲੀ ਹਾਕਮਾਂ ਨੂੰ ਸੁਮੱਤ ਦੇਣ ਲਈ ਬਹੁਤ ਹੀ ਵਿਉਂਤਬੱਧ ਸੰਘਰਸ਼ ਕਰਕੇ ਆਪਣੇ ਪ੍ਰੇਮ ਪਿਆਰੇ ਗੁਰਸਿੱਖਾਂ ਨੂੰ ਪ੍ਰਮਾਤਮਾ ਦੀ ਫੌਜ ਕਹਿ ਕੇ ਸੰਬੋਧਨ ਕੀਤਾ। ਇਸ ਮੰਤਵ ਲਈ 1699 ਈ. ਚੜ੍ਹਦੇ ਹੀ ਤਿਆਰੀਆਂ ਸ਼ੁਰੂ ਹੋ ਗਈਆਂ। ਸੰਗਤਾਂ ਹੁੰਮ-ਹੁਮਾ ਕੇ ਮਾਰਚ ਦੇ ਅੰਤ ਤਕ ਪੁੱਜ ਗਈਆਂ। ਵਿਸਾਖੀ ਤੋਂ ਇਕ ਦਿਨ ਪਹਿਲਾਂ ਤਖਤ ਸਾਹਿਬ ਦੀ ਥਾਂ ਉਤੇ ਜ਼ਰੱਈ ਕਾਬਲੀ ਚਾਂਦਨੀ ਨੂੰ ਤਣਵਾਇਆ, ਨੇੜੇ ਇਕ ਨਵੀਨ ਤੰਬੂ ਲਵਾ ਦਿਤਾ। ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਸਮਾਪਤ ਹੋਇਆ, ਗੁਰੂ ਮਹਾਰਾਜ ਵੀ ਤਖਤ ਤੇ ਬਿਰਾਜਮਾਨ ਸਨ। ਆਪ ਜੀ ਨੇ ਸਾਰੀ ਸੰਗਤ ਨੂੰ ਸਨਮੁਖ ਕਰਕੇ ਸਮੇਂ ਦੇ ਹਾਲਾਤ ਉਪਰ ਰੌਸ਼ਨੀ ਪਾਉਂਦਿਆਂ ਫੁਰਮਾਨ ਕੀਤਾ ਕਿ ਪਿਆਰੇ ਗੁਰਸਿੱਖੋ! ਇਹ ਮੁਗਲਾਂ ਦਾ ਜ਼ੁਲਮੀ ਰਾਜ ਗੁਰੂ ਨਾਨਕ ਪਾਤਸ਼ਾਹ ਦੇ ਵੇਲੇ ਤੋਂ ਹੀ ਚਲ ਰਿਹਾ ਹੈ। ਗੁਰੂ ਘਰ ਨੇ ਸਦਾ ਹੀ ਉਦਮ ਕੀਤਾ ਹੈ ਕਿ ਹਿੰਦੂ-ਮੁਸਲਮਾਨਾਂ ਵਿਚ ਭਾਈ-ਭਾਈ ਜੈਸੀ ਭਾਵਨਾ ਵਧ ਜਾਵੇ ਅਤੇ ਉਨ੍ਹਾਂ ਦਾ ਗੁਰੂ ਘਰ ਨਾਲ ਪਿਆਰ ਪੱਕਾ ਹੋ ਜਾਵੇ। ਐਸਾ ਹੀ ਗੁਰੂ ਘਰ ਨਾਲ ਸਾਰਿਆਂ ਦਾ ਪਿਆਰ ਵੱਡਿਆ ਗਿਆ। ਗੁਰੂ ਪੰਜਵੇਂ ਪਾਤਸ਼ਾਹ ਨੇ ਭਾਰਤ ਵਿਚ ਪੈਦਾ ਹੋਏ ਸੰਤਾਂ, ਭਗਤਾਂ, ਫਕੀਰਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸਨਮਾਨ ਦਿਤਾ ਪਰ ਜਨਤਾ ਦਾ ਆਪਸੀ ਪਿਆਰ ਇਨ੍ਹਾਂ ਮੁਗਲ ਰਾਜਿਆਂ ਨੂੰ ਨਹੀਂ ਭਾਇਆ। ਗੁਰੂ ਅਰਜਨ ਪਾਤਸ਼ਾਹ ਨੂੰ ਸ਼ਹੀਦ ਕੀਤਾ ਗਿਆ, ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰਾ ਦਿਤਾ ਗਿਆ, ਗੁਰੂ ਨੌਂਵੇਂ ਪਾਤਸ਼ਾਹ ਨੂੰ ਸ਼ਹੀਦ ਕੀਤਾ ਗਿਆ, ਹਜ਼ਾਰਾਂ ਦੀ ਤਦਾਦ ਵਿਚ ਮੰਦਰ ਗਿਰਵਾ ਦਿਤੇ ਗਏ, ਧਰਮ ਗ੍ਰੰਥ ਸੜਵਾ ਦਿਤੇ, ਲੱਖਾਂ ਹੀ ਭਾਰਤ ਵਿਚ ਵਸਦੇ ਹਿੰਦੂਆਂ ਨੂੰ ਜਾਂ ਤਾਂ ਸ਼ਰ੍ਹਾ ਮੁਹੰਮਦੀ ਵਿਚ ਲੈ ਆਂਦਾ ਜਾਂ ਫਿਰ ਕਤਲ ਕਰਾ ਦਿਤਾ ਗਿਆ। ਤੁਸੀਂ ਗੁਰਸਿੱਖੀ ਧਾਰਨ ਕੀਤੀ ਹੈ। ਮੌਤ ਦੀ ਹੱਦ ਨੂੰ ਤੁਸੀਂ ਪਾਰ

ਕਰ ਗਏ ਹੋਂ ਅਤੇ ਤੁਹਾਡੇ ਲਈ ਮੌਤ ਕੋਈ ਡਰਾਵਣੀ ਚੀਜ਼ ਨਹੀਂ ਰਹੀ ਜਿਵੇਂ ਕਿ ਫੁਰਮਾਨ ਹੈ –

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥***

***ਅੰਗ – 1365***

ਤੁਸੀਂ ਜਿਉਂਦੇ ਜਾਗਦੇ ਜੀਵਨ ਅਪਣਾਅ ਰਹੇ ਹੋ, ਮੁਰਦਿਆਨ ਤੁਹਾਡੇ ਵਿਚੋਂ ਬਾਣੀ ਤੇ ਨਾਮ ਦੀ ਕਮਾਈ ਨਾਲ ਖਤਮ ਹੋ ਚੁੱਕੀ ਹੈ। ਸੰਸਾਰ ਦੁਖੀ ਹੈ, ਇਨ੍ਹਾਂ ਦੁਖਾਂ ਨੂੰ ਦੂਰ ਕਰਨ ਲਈ ਜ਼ਰੂਰੀ ਹੈ ਕਿ ਉਚ ਕੋਟੀ ਦੇ ਮਹਾਂਪੁਰਸ਼ਾਂ ਦੀ ਬਲੀ ਦਿਤੀ ਜਾਵੇ। ਮਾਣ–ਮਰਯਾਦਾ, ਸਵੈਮਾਨ ਦਾ ਜੀਵਨ ਇਕ ਸੁਪਨਾ ਹੀ ਬਣ ਗਿਆ ਹੈ। ਆਦਮੀ ਡਰ ਵਿਚ ਜੀਵਨ ਲੰਘਾਉਣ ਦਾ ਘੋਰ ਪਾਪ ਕਰ ਰਿਹਾ ਹੈ। ਇਸ ਹਤਿਆਵਾਂ ਭਰੇ ਹੜ੍ਹ ਨੂੰ ਰੋਕਣ ਲਈ ਐਸ ਵੇਲੇ ਮੈਨੂੰ ਕੋਈ ਗੁਰਸਿੱਖ ਆਪਣਾ ਸੀਸ ਭੇਟ ਕਰੇ। ਵਾਰੀ–ਵਾਰੀ ਆਵਾਜ਼ਾਂ ਸੁਣਦਿਆਂ ਪੰਜਾਂ ਸਿੰਘਾਂ ਨੇ ਆਪਣੇ ਸੀਸ ਭੇਟ ਕੀਤੇ। ਸਾਰੇ ਦੀਵਾਨ ਵਿਚ ਭੈਅ ਦਾ ਵਾਤਾਵਰਣ ਛਾ ਗਿਆ ਕਿਉਂਕਿ ਬਹੁਤ ਸਾਰੇ ਸਿੱਖਾਂ ਨੇ ਲਹੂ ਭਰੀ ਤਲਵਾਰ ਨੂੰ ਅੱਖਾਂ ਨਾਲ ਪ੍ਰਤੱਖ ਦੇਖਿਆ ਸੀ ਅਤੇ ਸਿੰਘ ਗਿਰਦੇ ਵੇਖੇ ਸਨ ਪਰ ਸਭ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਦੇਖਿਆ ਕਿ ਸਿੰਘਾਂ ਨੂੰ ਇਕੋ ਜਿਹੇ ਬਸਤਰ ਪਹਿਨਾ ਕੇ ਸੰਗਤਾਂ ਨੂੰ ਦਰਸ਼ਨ ਕਰਾਏ। ਕਿਸੇ ਦੀ ਸਮਝ ਵਿਚ ਨਹੀਂ ਆਇਆ ਕਿ ਕੀ ਕੌਤਕ ਵਰਤਿਆ।

ਇਸ ਮੌਕੇ ਤੇ ਲਿਖਣ ਵਾਲਿਆਂ ਨੇ ਆਪਣੇ–ਆਪਣੇ ਅਨੁਮਾਨ ਨਾਲ ਲਿਖਣ ਦਾ ਜਤਨ ਕੀਤਾ ਹੈ। ਔਰੰਗਜ਼ੇਬ ਦੇ ਇਕ ਜਾਸੂਸ, ਜੋ ਅਰੰਗਜ਼ੇਬ ਨੇ ਖਾਸ ਹਦਾਇਤ ਦੇ ਕੇ ਭੇਜਿਆ ਸੀ ਕਿ ਮੈਨੂੰ ਸਹੀ–ਸਹੀ ਰਿਪੋਰਟ ਦੇਵੋ, ਨੇ ਅੱਖੀ ਦੇਖਿਆ ਹਾਲ ਲਿਖਿਆ ਹੈ ਕਿ ਗੁਰੂ ਨੇ ਤਲਵਾਰ ਨਾਲ ਬਹਾਦਰ ਸਿਖਾਂ ਦੇ ਸਿਰਾਂ ਨੂੰ ਕੱਟਿਆ, ਉਸ ਤੋਂ ਪਿਛੋਂ ਆਪਣੇ ਯੋਗ ਬਲ ਨਾਲ ਪੰਜਾਂ ਹੀ ਸਿੰਘਾਂ ਨੂੰ ਜਿਉਂਦੇ ਕਰ ਦਿਤਾ। ਮੈਨੂੰ ਇਹ ਪੂਰੀ ਤਰ੍ਹਾਂ ਨਾਲ ਪਤਾ ਨਹੀਂ ਲਗ ਸਕਿਆ ਕਿ ਉਠਣ ਵਾਲਿਆਂ ਦੇ ਧੜਾਂ ਉਪਰ ਆਪੋ–ਆਪਣੇ ਸੀਸ ਸਨ ਜਾਂ ਕਿ ਬਦਲੇ ਹੋਏ ਸਨ। ਇਸੇ ਤਰ੍ਹਾਂ ਨਾਲ ਰਾਮਗੜ੍ਹੀਆ ਇਤਿਹਾਸ, ਕਿਰਤ ਬਖਸ਼ੀ ਸਿੰਘ ਆਦਲ ਲਿਖਦਾ ਹੈ ਕਿ ਅਬੁਲ ਤੁਰਾਨੀ ਜੋ ਖੁਫੀਆ ਜਾਸੂਸ ਸੀ, ਲਿਖਦਾ ਹੈ ਕਿ ਕੱਟੇ ਹੋਏ ਧੜਾਂ ਉਪਰ ਤੇ ਸੀਸਾਂ ਉਪਰ ਛਿੱਟੇ ਮਾਰੇ ਗਏ, ਉਹ ਗੁਰੂ ਦਾ ਹੁਕਮ ਸੁਣ ਕੇ ਉਠ ਕੇ ਖੜ੍ਹੇ ਹੋ ਜਾਂਦੇ ਸਨ। ਦੂਸਰਿਆਂ ਦਾ ਖਿਆਲ ਹੈ ਕਿ ਗੁਰੂ ਮਹਾਰਾਜ ਜੀ ਨੇ ਸਚਮੁੱਚ ਸੀਸ ਨਹੀਂ ਕੱਟੇ ਸਨ ਪਰ ਉਨ੍ਹਾਂ ਦੀ ਥਾਂ ਤੇ ਬੱਕਰੇ ਮਾਰੇ ਗਏ ਸਨ। ਇਹ ਦੋਵੇਂ ਵਿਵਾਦ ਪੂਰਨ ਵਿਚਾਰਾਂ ਮੁੱਢ ਤੋਂ ਹੀ ਚਲ ਰਹੀਆਂ ਹਨ। ਹੁਣ ਵੀ ਜਿਨ੍ਹਾਂ ਦਾ ਵਿਚਾਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਹੈ, ਉਹ ਸਮਝਦੇ ਹਨ ਕਿ ਗੁਰੂ ਅਤੇ ਗੋਬਿੰਦ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ। ਉਨ੍ਹਾਂ ਦਾ ਵਿਸ਼ਵਾਸ਼ ਹੈ –

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ॥***

*ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥ ਅੰਗ - 442*

ਉਹ ਗੁਰੂ ਨੂੰ ਸਰਬੱਗ ਅਤੇ ਸਮਰੱਥ ਸਮਝਦੇ ਹਨ ਅਤੇ ਏਸ ਗੱਲ ਨੂੰ ਕਿ ਗੁਰੂ ਮਹਾਰਾਜ ਨੇ ਸਿੱਖਾਂ ਦੇ ਸੀਸ ਕੱਟ ਕੇ ਮੁੜ ਜੀਉਂਦੇ ਕਰ ਦਿਤੇ, ਕੋਈ ਅਣਹੋਣੀ ਗੱਲ ਨਹੀਂ ਸਮਝਦੇ, ਸਹਿਜ ਵਿਚ ਹੀ ਲੈਂਦੇ ਹਨ ਕਿਉਂਕਿ ਸਤਿਗੁਰੂ ਸਰਬ ਕਲਾ ਸਮਰੱਥ ਹੋਇਆ ਕਰਦਾ ਹੈ। ਇਹ ਕੋਈ ਅਣਹੋਣੀ ਗੱਲ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਨਾਮਦੇਵ ਜੀ ਦੀ ਬਾਣੀ ਤੋਂ ਪ੍ਰਗਟ ਹੁੰਦਾ ਹੈ ਕਿ ਨਾਮਦੇਵ ਜੀ ਅੱਗੇ ਮਰੀ ਹੋਈ ਗਊ ਸੁੱਟ ਕੇ ਕਿਹਾ ਕਿ ਜਾਂ ਤਾਂ ਇਸ ਗਊ ਨੂੰ ਜਿਉਂਦੀ ਕਰ ਦੇਹ, ਜਾਂ ਰਾਮ ਛੱਡ ਕੇ ਅੱਲਾ-ਅੱਲਾ ਕਰ। ਨਹੀਂ ਤਾਂ ਤੈਨੂੰ ਵੀ ਇਸੇ ਥਾਂ ਮਾਰ ਦਿਤਾ ਜਾਵੇਗਾ, ਨਾਮਦੇਵ ਜੀ ਨੇ ਪ੍ਰਭੂ ਨੂੰ ਅਰਾਧਿਆ ਪ੍ਰਭੂ ਨੇ ਗਊ ਜਿਉਂਦੀ ਕਰ ਦਿਤੀ। ਇਸੇ ਤਰ੍ਹਾਂ ਗੁਰੂ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਬਾਬਾ ਅਟੱਲ ਜੀ ਸਾਥੀਆਂ ਨਾਲ ਖੇਲ੍ਹ ਰਹੇ ਸਨ, ਦਿਨ ਛਿਪ ਗਿਆ, ਪਾਰੀ (ਪਿੱਤ) ਮੋਹਨ ਦੇ ਸਿਰ ਰਹਿ ਗਈ। ਦੂਜੇ ਦਿਨ ਮੋਹਨ ਖੇਲ੍ਹਣ ਨਾ ਆਇਆ ਤਾਂ ਬਾਬਾ ਜੀ ਨੇ ਜਾ ਕੇ ਆਵਾਜ਼ ਦਿਤੀ ਅਤੇ ਮੋਹਨ ਦੇ ਪਾਸ ਪਹੁੰਚ ਕੇ ਖੂੰਟੀ ਗਲ 'ਚ ਪਾ ਕੇ ਕਿਹਾ ਕਿ ਉਠ ਸਾਡੀ ਪਾਰੀ ਦੇਹ; ਉਹ ਜਿਉਂਦਾ ਹੋ ਗਿਆ। ਗੁਰੂ ਛੇਵੇਂ ਪਾਤਸ਼ਾਹ ਜੀ ਨੂੰ ਇਹ ਕੌਤਕ ਨਾ ਭਾਇਆ ਤੇ ਬਾਬਾ ਜੀ ਨੇ ਆਪਣੀ ਮਰਜ਼ੀ ਦੇ ਅਨੁਸਾਰ 'ਗੁਰਮੁਖਿ ਆਵੈ ਜਾਇ ਨਿਸੰਗ' ਦੇ ਮਹਾਂਵਾਕ ਅਨੁਸਾਰ ਸਰੀਰ ਛੱਡ ਦਿਤਾ।

ਇਸੇ ਤਰ੍ਹਾਂ ਨਾਲ ਬਾਬਾ ਗੁਰਦਿਤਾ ਜੀ ਤੋਂ ਚੀਤੇ ਦੇ ਭੁਲੇਖੇ ਇਕ ਗਊ ਮਰ ਗਈ। ਉਨ੍ਹਾਂ ਦਾ ਬਾਣ ਉਸਦੇ ਪੇਟ ਵਿਚੋਂ ਆਰ-ਪਾਰ ਨਿਕਲ ਗਿਆ, ਆਂਦਰਾਂ ਕੱਟੀਆਂ ਗਈਆਂ ਪਰ ਉਨ੍ਹਾਂ ਨੇ ਪਹਾੜੀਆਂ ਦੇ ਰੌਲਾ ਪਾਉਣ ਉਤੇ ਸਤਿਨਾਮ-ਵਾਹਿਗੁਰੂ ਕਹਿ ਕੇ ਗਊ ਜਿਉਂਦੀ ਕਰ ਦਿਤੀ।

ਗੁਰੂ ਸਤਵੇਂ ਪਾਤਸ਼ਾਹ ਦੇ ਪਾਸ ਇਕ ਪੰਡਤ ਆਪਣੇ ਮੁਰਦਾ ਬੱਚੇ ਨੂੰ ਲਿਆ ਕੇ ਜ਼ਿੱਦ ਕਰਦਾ ਹੈ ਕਿ ਜਾਂ ਤਾਂ ਮੇਰੇ ਬੱਚੇ ਨੂੰ ਜਿਉਂਦਾ ਕਰ ਦੇਵੋਂ, ਨਹੀਂ ਤਾਂ ਮੈਂ ਜਿਉਂਦਾ ਚਿਖਾ ਵਿਚ ਜਲ ਜਾਵਾਂਗਾ। ਉਸ ਵੇਲੇ ਹਾਲਾਤ ਨੂੰ ਭਾਂਪਦਿਆਂ ਹੋਇਆਂ ਭਾਈ ਜੀਵਨ ਜੀ ਨੇ ਆਪਣਾ ਸਰੀਰ ਛੱਡ ਦਿਤਾ ਅਤੇ ਉਸ ਬ੍ਰਾਹਮਣ ਦੇ ਬੱਚੇ ਨੂੰ ਜੀਵਨ ਦਾਨ ਬਖਸ਼ ਦਿਤਾ। ਇਸੇ ਤਰ੍ਹਾਂ ਨਾਲ ਸਮਸ਼ਤਬਰੇਜ਼ ਦਾ ਧਾਰਮਿਕ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਉਸ ਨੇ ਨਵਾਬ ਦੇ ਮਰੇ ਹੋਏ ਬੱਚੇ ਨੂੰ ਇਹ ਕਹਿ ਕੇ 'ੳ ਲੜਕੇ ਦਰਵੇਸ਼ ਕੇ ਹੁਕਮ ਸੇ ਖੜ੍ਹਾ ਹੋ' ਜਿਉਂਦਾ ਕਰ ਦਿਤਾ। ਗੁਰੂ ਨਾਨਕ ਪਾਤਸ਼ਾਹ ਦਿੱਲੀ ਜਮਨਾ ਦੇ ਕੰਢੇ ਹਾਥੀ-ਖਾਨੇ ਦੇ ਨੇੜੇ ਬਿਰਾਜਮਾਨ ਹਨ, ਅੰਮ੍ਰਿਤ ਵੇਲੇ ਇਕ ਹਾਥੀ ਮਰ ਗਿਆ। ਉਸਨੂੰ ਸੰਭਾਲਣ ਵਾਲਾ ਪਰਿਵਾਰ ਰੋਣ ਪਿੱਟਣ ਲਗਿਆ। ਉਸ ਦੀ ਆਵਾਜ਼ ਗੁਰੂ ਨਾਨਕ ਪਾਤਸ਼ਾਹ ਤਕ ਪਹੁੰਚੀ ਤਾਂ ਆਪ ਨੇ ਮਰਦਾਨਾ ਜੀ ਨੂੰ ਭੇਜ ਕੇ ਕਿਹਾ ਕਿ ਉਨ੍ਹਾਂ ਦੇ ਮਹਾਵਤ ਨੂੰ ਕਹੋ ਕਿ ਇਹ ਹਾਥੀ ਤਾਂ

ਜਿਉਂਦਾ ਹੈ! ਦੇਖਿਆ ਤਾਂ ਉਹ ਮਰਿਆ ਹੋਇਆ ਹਾਥੀ ਸਚਮੁੱਚ ਜਿਉਂਦਾ ਸੀ। ਦੂਸਰੇ ਦਿਨ ਜਦੋਂ ਪਤਾ ਲਗਦਾ ਹੈ ਤਾਂ ਦਿੱਲੀ ਦਾ ਬਾਦਸ਼ਾਹ ਪਹੁੰਚ ਕੇ ਆਖਦਾ ਹੈ ਕਿ ਫਕੀਰ ਸਾਈਂ! ਤੂੰ ਮਰਿਆ ਹੋਇਆ ਹਾਥੀ ਜਿਉਂਦਾ ਕਰ ਦਿਤਾ? ਤਾਂ ਗੁਰੂ ਨਾਨਕ ਜੀ ਨੇ ਕਿਹਾ ਕਿ ਮਾਰਨ ਜੀਵਾਲਣ ਵਾਲਾ ਤਾਂ ਖੁਦਾ ਹੈ। ਬਾਦਸ਼ਾਹ ਨੇ ਕਿਹਾ ਕਿ ਹੁਣ ਮਾਰ ਕੇ ਦਿਖਾ। ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ ਕਿ ਹਾਥੀ ਤਾਂ ਪਹਿਲਾਂ ਹੀ ਮਰਿਆ ਹੋਇਆ ਹੈ। ਐਨਾ ਸ਼ਬਦ ਸੁਣਦੇ ਹੀ ਹਾਥੀ ਦੜੰਮ ਕਰਕੇ ਗਿਰ ਗਿਆ ਅਤੇ ਆਪਣੇ ਪ੍ਰਾਣ ਛੱਡ ਗਿਆ। ਜਦੋਂ ਫੇਰ ਜਿਉਂਦਾ ਕਰਨ ਲਈ ਕਿਹਾ ਤਾਂ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਇਆ ਕਿ ਬਾਦਸ਼ਾਹ! ਰੱਬ ਦੀ ਮਾਰੀ ਹੋਈ ਨੂੰ ਫਕੀਰ ਚੁੱਕ ਲੈਂਦੇ ਹਨ, ਫਕੀਰ ਦੀ ਮਾਰੀ ਹੋਈ ਨੂੰ ਕੋਈ ਨਹੀਂ ਚੁੱਕ ਸਕਦਾ ਜਿਵੇਂ ਫੁਰਮਾਨ ਹੈ –

***ਮੇਰੀ ਬਾਂਧੀ ਭਗਤੁ ਛਡਾਵੈ***
***ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***

***ਅੰਗ – 1252***

ਇਸੇ ਤਰ੍ਹਾਂ ਨਾਲ ਨਾਮਦੇਵ ਜੀ ਨੇ ਇਕ ਬ੍ਰਾਹਮਣ ਦੇ ਮਰੇ ਹੋਏ ਬੱਚੇ ਨੂੰ, ਜਿਸਨੂੰ ਅਰਥੀ ਤੇ ਪਾ ਕੇ ਸ਼ਮਸ਼ਾਨ ਭੂਮੀ ਵਲ ਨੂੰ ਲਈਂ ਜਾਂਦੇ ਸਨ, ਜਿਉਂਦਾ ਕਰ ਦਿਤਾ ਸੀ, ਜਿਸ ਕਰਕੇ ਬਾਦਸ਼ਾਹ ਨੇ ਗਊ ਮਾਰ ਕੇ ਉਨ੍ਹਾਂ ਨੂੰ ਜਿਉਂਦੀ ਕਰਨ ਲਈ ਕਿਹਾ ਸੀ।

ਅੱਜ ਦੀ ਦੁਨੀਆਂ ਵਿਚ ਬੰਬਈ ਦੇ ਪ੍ਰਸਿੱਧ ਜਾਦੂਗਰ ਪ੍ਰੋਫੈਸਰ ਅਹਿਮਦ ਹੁਸੈਨ ਦਾ ਇਕ ਮੁਟਿਆਰ ਨੂੰ ਹਵਾ ਵਿਚ ਲਟਕਾ ਦੇਣਾ, ਤਲਵਾਰ ਦੀ ਨੋਕ ਉਤੇ ਲਿਟਾਉਣਾ, ਗਰਦਨ ਕੱਟ ਕੇ ਜੋੜਨੀ, ਆਰੇ ਨਾਲ ਚੀਰ ਦੇਣਾ; ਇਹ ਕਰੱਤਵ ਉਸਨੇ ਰਾਸ਼ਟਰਪਤੀ ਜ਼ਾਕਿਰ ਹੁਸੈਨ ਨੂੰ ਦਿਖਾ ਕੇ ਸਰਟੀਫਿਕੇਟ ਲਿਆ ਸੀ।

ਡਾ. ਸੁਆਮੀ ਰਾਮ ਜੀ ਇਕ ਘਟਨਾ ਦਾ ਜ਼ਿਕਰ ਕਰਦੇ ਦਸਦੇ ਹਨ ਕਿ ਮੈਂ ਆਪਣੇ students ਵਿਦਿਆਰਥੀਆਂ ਨੂੰ ਮੌਤ ਉਪਰ ਲੈਕਚਰ ਦੇ ਰਿਹਾ ਸੀ ਤਾਂ ਇਕ ਯੋਗੀ ਕਲਾਸ ਵਿਚ ਆ ਗਿਆ। ਉਹ ਹਸਦਾ ਰਿਹਾ। ਮੈਨੂੰ ਬੜਾ ਗੁੱਸਾ ਆਇਆ। ਕਲਾਸ ਦਾ ਸਮਾਂ ਪੂਰਾ ਹੋਣ ਉਪਰੰਤ ਮੈਂ ਉਸ ਯੋਗੀ ਉਪਰ ਬਹੁਤ ਨਰਾਜ਼ ਹੋਇਆ ਅਤੇ ਕਿਹਾ, ਤੂੰ ਕਿਉਂ ਹਸਦਾ ਸੀ? ਉਸਨੇ ਉਤਰ ਦਿਤਾ ਕਿ ਤੂੰ (ਸਵਾਮੀ ਰਾਮ ਜੀ) ਇਕ ਬੱਚਾ ਹੀ ਹੈਂ, ਤੈਨੂੰ ਮੌਤ ਦੇ ਭੇਤ ਬਾਰੇ ਕੋਈ ਗਿਆਤ ਨਹੀਂ ਹੈ। ਉਸਨੇ ਮੈਨੂੰ ਕਿਹਾ ਕਿ ਕੋਈ ਚਲਦਾ ਫਿਰਦਾ ਜੀਵ ਲੈ ਕੇ ਆ। ਮੈਂ ਇਕ ਵੱਡਾ ਕੀੜਾ ਫੜ ਕੇ ਉਸ ਦੇ ਅੱਗੇ ਰੱਖ ਦਿਤਾ। ਉਸਨੇ ਚਾਕੂ ਨਾਲ ਉਸਦੇ ਦੋ ਟੁਕੜੇ ਕਰ ਦਿਤੇ ਅਤੇ ਇਕ ਦੂਜੇ ਤੋਂ ਦੂਰ ਕਰ ਦਿਤੇ। ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਮੈਂ ਦੇਖਿਆ ਕਿ ਕਟੇ ਹੋਏ ਦੋਨੋਂ ਹਿੱਸੇ ਇਕ ਦੂਜੇ ਵਲ ਵੱਧ ਰਹੇ ਹਨ। ਫਿਰ ਦੋਵੇਂ ਹੀ ਜੁੜ ਗਏ ਅਤੇ ਕੀੜਾ ਪਹਿਲਾਂ ਵਾਂਗ ਹੀ ਜਿਉਂਦਾ ਹੋ ਕੇ ਤੁਰ

ਪਿਆ। ਅਜਿਹੀਆਂ ਘਟਨਾਵਾਂ ਅਧਿਆਤਮਵਾਦ ਵਿਚ ਸਹਿਜੇ ਹੀ ਇਕ ਫੁਰਨੇ ਦਾ ਖੇਲ੍ਹ ਹਨ। ਸੋ ਇਹ ਕਹਿ ਦੇਣਾ ਕਿ ਗੁਰੂ ਦਸ਼ਮੇਸ਼ ਪਿਤਾ ਜੀ ਨੇ ਕੱਟੇ ਹੋਏ ਸੀਸ ਫੇਰ ਜੋੜ ਦਿਤੇ, ਇਹ ਕੋਈ ਬਹੁਤੀ ਵਡਿਆਈ ਵਾਲੀ ਗੱਲ ਨਹੀਂ ਜਦੋਂ ਕਿ ਗੁਰੂ ਦਸ਼ਮੇਸ਼ ਪਿਤਾ ਜੀ ਅਥਾਹ ਸ਼ਕਤੀਆਂ ਦੇ ਮਾਲਕ ਸਨ। ਸ਼ਕਤੀ ਦਿਖਾਉਣੀ, ਨਾ ਦਿਖਾਉਣੀ, ਉਨ੍ਹਾਂ ਦਾ ਆਪਣਾ ਕਰਤੱਵ ਹੈ, ਅਸੀਂ ਇਸ ਵਿਚ ਕੁਝ ਵੀ ਕਹਿਣ ਤੋਂ ਅਸਮਰੱਥ ਹਾਂ। ਇਸ ਘਟਨਾ ਦਾ ਸੰਗਤਾਂ ਉਪਰ ਬਹੁਤ ਵੱਡਾ ਅਸਰ ਪਿਆ। ਜਿਨ੍ਹਾਂ ਦੇ ਮਨ ਵਿਚ ਥੋੜ੍ਹਾ ਚਿਰ ਪਹਿਲਾਂ ਇਹ ਸ਼ੰਕਾ ਸੀ ਕਿ ਗੁਰੂ ਨੂੰ ਕੀ ਹੋ ਗਿਆ, ਆਪਣੇ ਹੀ ਸਿੱਖਾਂ ਨੂੰ ਮਾਰ-ਮਾਰ ਸੁਟੀ ਜਾਂਦੇ ਹਨ; ਉਤਰ ਗਿਆ ਅਤੇ ਦੂਜੇ ਦਿਨ ਅੰਮ੍ਰਿਤ ਛਕਣ ਵਾਸਤੇ, ਜਿਸ ਵਿਚ ਪਹਿਲੀ ਵਾਰੀ ਜਾਤ-ਪਾਤ ਨੂੰ ਤੋੜਿਆ ਗਿਆ ਸੀ, ਵੀਹ ਹਜ਼ਾਰ ਸਿੰਘ ਨਿਤਰਿਆ। ਸਚਮੁੱਚ ਹੀ ਬਾਣੀ ਵਿਚ ਅਥਾਹ ਸ਼ਕਤੀ ਹੈ ਜਿਸਨੂੰ ਨਾਪਣਾ-ਤੋਲਣਾ ਮਨੁੱਖੀ ਮਨ ਦੀ ਸ਼ਕਤੀ ਤੋਂ ਉਪਰ ਹੈ। ਜਦੋਂ ਉਹ ਖੰਡੇ ਬਾਟੇ ਦੇ ਨਾਲ ਲਾ ਕੇ ਪਾਹੁਲ ਬਣਾ ਕੇ ਛਕਾਈ ਗਈ ਤਾਂ ਇਸਦਾ ਅਸਰ ਪ੍ਰਤੱਖ ਰੂਪ ਵਿਚ ਦਿਸ ਰਿਹਾ ਸੀ। ਅੰਮ੍ਰਿਤਧਾਰੀ ਸਿੰਘਾਂ ਵਿਚ ਇਕ ਅਥਾਹ ਜੋਸ਼, ਸਵੈਮਾਨ, ਕੁਰਬਾਨੀ ਦਾ ਜਜ਼ਬਾ ਸਰਬੱਤ ਦੇ ਭਲੇ ਦੀ ਲੋਚਾ ਇਉਂ ਜਾਗ ਗਈ ਜਿਵੇਂ ਕੋਈ ਬਹੁਤ ਵੇਗ ਵਾਲਾ ਚਸ਼ਮਾ ਧਰਤੀ ਵਿਚੋਂ ਬੰਜਰ ਜ਼ਮੀਨਾਂ ਦੀ ਪਿਆਸ ਬੁਝਾਉਣ ਲਈ ਫੁੱਟ ਗਿਆ ਹੋਵੇ।

ਵਿਸਾਖੀ ਦੇ ਦਿਨ ਦੀ ਬਹੁਤ ਮਹੱਤਤਾ ਹੈ। ਇਸੇ ਦਿਨ ਗੁਰੂ ਨਾਨਕ ਦੇਵ ਜੀ ਮਹਾਰਾਜ, ਧਰਤ ਲੋਕਾਈ ਨੂੰ ਸੋਧਣ ਲਈ ਚੱਲੇ, ਇਸੇ ਦਿਨ ਹੀ ਗੋਇੰਦਵਾਲ ਸਾਹਿਬ ਬਾਉਲੀ ਦਾ ਕੜ ਟੁੱਟਿਆ, ਦੁਖਭੰਜਨੀ ਬੇਰੀ ਹੇਠ ਇਸੇ ਦਿਨ ਹੀ ਰਜਨੀ ਦਾ ਪਿੰਗਲਾ ਪਤੀ ਰਾਜ਼ੀ ਹੋਇਆ, ਤੇ ਅੰਮ੍ਰਿਤਸਰ ਦਾ ਪਵਿੱਤਰ ਤੀਰਥ ਪ੍ਰਗਟ ਹੋਇਆ। ਵਿਸਾਖੀ ਵਾਲੇ ਦਿਨ ਹੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਦਾ ਬਾਬਾ ਬਕਾਲਾ ਆਦੇਸ਼ ਹੋਇਆ ਅਤੇ ਇਸੇ ਦਿਨ ਹੀ ਇਨਸਾਨੀਅਤ ਦੇ ਇਤਿਹਾਸ ਵਿਚ ਸੰਤ ਸਿਪਾਹੀ ਦਾ ਆਦਰਸ਼ ਖਾਲਸਾ ਰੂਪ ਵਿਚ ਪ੍ਰਗਟ ਹੋਇਆ।

ਗੁਰੂ ਮਹਾਰਾਜ ਜੀ ਨੇ ਇਸ ਖਾਲਸਾ ਸਿਧਾਂਤ ਨੂੰ ਸਪਸ਼ਟ ਕਰਦਿਆਂ ਕਿਹਾ ਕਿ -

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥ (ਸਰਬ ਲੋਹ ਗ੍ਰੰਥ 'ਚੋਂ)*

ਆਤਮਾ ਦੇ ਰਸ ਵਿਚ ਲੀਨ ਮਹਾਨ ਉਚੇ ਪੁਰਸ਼ ਨੂੰ ਖਾਲਸਾ ਸੰਗਿਆ ਪ੍ਰਦਾਨ ਕੀਤੀ ਜਿਸ ਆਦਰਸ਼ਧਾਰੀ ਨੂੰ ਗੁਰੂ ਸਾਹਿਬ ਨੇ ਆਪਣਾ ਰੂਪ ਕਥਨ ਕੀਤਾ ਤੇ ਕਿਹਾ -

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥*

*(ਸਰਬ ਲੋਹ ਗ੍ਰੰਥ 'ਚੋਂ)*

ਗੁਰੂ ਮਹਾਰਾਜ ਜੀ ਨੇ ਅੰਮ੍ਰਿਤ ਛਕਾ ਕੇ ਉਨ੍ਹਾਂ ਹੀ ਪੰਜਾਂ ਤੋਂ ਉਸੇ ਵਿਧੀ ਨਾਲ ਆਪ ਅੰਮ੍ਰਿਤ ਛਕ ਕੇ, ਆਪਣੀ ਮਹਾਨ ਬਲ ਭਰੀ ਸ਼ਕਤੀਸ਼ਾਲ ਪ੍ਰਮ ਪੂਜਨੀਕ ਪ੍ਰਮੇਸ਼ਰ ਰੂਪ ਹਸਤੀ ਨੂੰ ਸਦਾ-ਸਦਾ ਲਈ ਆਪਣੇ ਹੀ ਗੁਰਮੁਖ ਪਿਆਰਿਆਂ ਵਿਚ ਲੀਨ ਕਰ ਦਿਤਾ ਅਤੇ ਇਹ ਬਚਨ ਫੁਰਮਾਇਆ -

*ਪੰਥ ਖਾਲਸਾ ਖੇਤੀ ਮੇਰੀ॥*
*ਕਰਉ ਸੰਭਾਲ ਮਹਿ ਤਿਸ ਕੇਰੀ॥*

ਗੁਰੂ ਮਹਾਰਾਜ ਜੀ ਨੇ ਮੁਰਦਿਆਂ ਦੇ ਵਿਚ, 'ਜੀਵਨ' ਦਾ ਟੀਕਾ ਲਾਇਆ ਜਿਨ੍ਹਾਂ ਨੇ ਆਪਣੇ ਫਰਜ਼ਾਂ ਦੀ ਪੂਰਤੀ ਨੂੰ ਪਹਿਚਾਣਦਿਆਂ ਹੋਇਆਂ, ਸਮੁੱਚੇ ਦੇਸ਼ ਦਾ ਇਤਿਹਾਸ ਬਦਲ ਕੇ ਰੱਖ ਦਿਤਾ। ਅੱਜ ਦੀ ਸ਼ਾਂਤੀ, ਖੁਸ਼ਹਾਲੀ ਉਨ੍ਹਾਂ ਆਦਰਸ਼ਕ ਖਾਲਸਾ ਵਿਅਕਤੀਆਂ ਦੀ ਮਹਾਨ ਦੇਣ ਹੈ ਜਿਨ੍ਹਾਂ ਦੇ ਰੋਮ-ਰੋਮ ਵਿਚ ਵਾਹਿਗੁਰੂ ਨਾਮ ਦੀਆਂ ਧੁਨੀਆਂ ਗੁੰਜਾਰ ਪਾਉਂਦੀਆਂ ਸਨ ਤੇ ਸਦਾ ਹੀ ਵਾਹਿਗੁਰੂ ਜੀ ਨਾਲ ਇਕ-ਮਿਕ ਹੋਈ ਲਿਵ ਅਵਸਥਾ ਵਿਚ ਵਿਚਰਦੇ ਸਨ। ਪੁਰਾਤਨ ਗੁਰਸਿੱਖ ਨਾਮ ਬਾਣੀ ਨਾਲ ਐਉਂ ਜੁੜੇ ਹੋਏ ਸਨ ਜਿਵੇਂ -

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*

*ਅੰਗ - 708*

ਅਜ ਜਦ ਅਸੀਂ ਉਸ ਆਦਰਸ਼ ਦੀ ਗੰਭੀਰ ਪੜਚੋਲ ਕਰਦੇ ਹਾਂ ਤਾਂ ਸਪਸ਼ਟ ਹੁੰਦਾ ਹੈ ਕਿ ਅੱਜ ਦੇ ਸਿੱਖ ਵਿਚ ਖਾਲਸਾ ਆਦਰਸ਼ ਮੱਧਮ ਹੋ ਚੁੱਕਿਆ ਹੈ। ਗੁਰੂ ਸਾਹਿਬ ਜੀ ਨੇ ਸੰਤਾਂ ਨੂੰ ਸਿਪਾਹੀ ਬਣਾਇਆ ਸੀ ਜੋ ਸਦਾ ਹੀ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਆਸਾ, ਤ੍ਰਿਸ਼ਨਾ, ਅੰਦੇਸਾ, ਸ਼ਬਦ, ਸਪਰਸ਼, ਰੂਪ, ਰਸ, ਗੰਧ ਨਾਲ ਜੂਝਦੇ ਰਹਿੰਦੇ ਸਨ ਅਤੇ ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗਾਂ ਨੂੰ ਦਬਾ ਕੇ ਰਖਦੇ ਸਨ। ਹੰਸ, ਹੇਤ, ਕੋਪ, ਲੋਭ ਚਾਰੇ ਨਦੀਆਂ ਦੀਆਂ ਅੱਗਾਂ ਸ਼ਾਂਤ ਕਰਕੇ ਰਖਦੇ ਸਨ ਅਤੇ ਸਦਾ ਹੀ ਅੰਤਰੀਵੀ ਜੁੱਧ ਦੀ ਵਿਚਾਰ ਕਰਦਿਆਂ ਸਾਵਧਾਨੀ ਵਰਤਦੇ ਰਹਿੰਦੇ ਸਨ ਜਿਨ੍ਹਾਂ ਦੇ ਰੋਮ-ਰੋਮ ਵਿਚ ਨਾਮ ਦੀਆਂ ਧੁਨੀਆਂ ਗੂੰਜਦੀਆਂ ਸਨ ਜਿਹੜੇ ਆਪਣੇ ਅੰਦਰੋਂ ਹੀ ਪ੍ਰਮੇਸ਼ਰ ਦੀ ਖੋਜ ਕਰਕੇ ਪ੍ਰਭੂ ਨੂੰ ਪਾ ਲਿਆ ਕਰਦੇ ਸਨ ਅਤੇ ਘਟ-ਘਟ ਵਿਚ ਵਿਆਪਕ ਪ੍ਰਭੂ ਜੋਤ ਨੂੰ ਪਛਾਣਦਿਆਂ ਜਨ ਸੇਵਾ ਨੂੰ ਪੂਰੀ ਨਿਸ਼ਕਾਮਤਾ ਨਾਲ, ਸਮਝਦਿਆਂ, ਆਪਣਾ ਪ੍ਰਮ ਫਰਜ਼ ਨਿਭਾਇਆ ਕਰਦੇ ਸਨ; ਉਹ ਵਜੂਦ 'ਖਾਲਸਾ' ਹੋਇਆ ਕਰਦਾ ਸੀ ਅਤੇ 'ਖਾਲਸਾ' ਵਾਹਿਗੁਰੂ ਦੀ ਫੌਜ ਅਤੇ ਵਾਹਿਗੁਰੂ ਦੀ ਮੌਜ ਵਿਚ ਪ੍ਰਗਟ ਹੋਇਆ ਕਲਜੁਗ ਦੇ ਮਹਾਂ ਅੰਧਕਾਰ ਦੇ ਵਾਤਾਵਰਣ ਨਾਲ ਜੂਝਣ ਵਾਲਾ ਆਦਰਸ਼ ਸੀ।

*ਖ਼ਾਲਸਾ ਅਕਾਲ ਪੁਰਖ ਕੀ ਫੌਜ॥*

*ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥*

*(ਸਰਬ ਲੋਹ ਗ੍ਰੰਥ 'ਚੋਂ)*

ਪਰ ਜਦੋਂ ਅਸੀਂ ਹੁਣ ਇਨ੍ਹਾਂ ਆਦਰਸ਼ਾਂ ਦੇ ਚਾਨਣੇ ਵਿਚ ਪੜਚੋਲ ਕਰਦੇ ਹਾਂ ਤਾਂ ਇਹ ਉਚ ਆਦਰਸ਼ ਸਮੇਂ ਦੇ ਕਲਜੁਗੀ ਪ੍ਰਭਾਵ ਵਿਚ ਕਾਫੀ ਹੱਦ ਤਕ ਅਲੋਪ ਹੋਏ ਪ੍ਰਤੀਤ ਦਿੰਦੇ ਹਨ ਪਰ ਫੇਰ ਵੀ ਕੁਝ ਸੰਪ੍ਰਦਾਵਾਂ, ਜੱਥੇ ਐਸੇ ਹਨ ਜਿਨ੍ਹਾਂ ਨੇ ਇਸ ਖਾਲਸਾ ਆਦਰਸ਼ ਨੂੰ ਆਪਣੇ ਸੁਾਸਾਂ ਗਿਰਾਸਾਂ ਵਿਚ ਸਮਾਇਆ ਹੋਇਆ ਹੈ। ਉਨ੍ਹਾਂ ਦੀ ਬੋਲ-ਬਾਣੀ ਅਤੇ ਜੀਵਨ ਚਾਲ ਖਾਲਸੇ ਦੇ ਆਦਰਸ਼ ਨੂੰ ਉਜਾਗਰ ਕਰਦੀ ਹੈ ਪਰ ਇਕ ਬਹੁਤ ਵੱਡਾ ਅੰਗ ਨਾਮ ਸ਼ਕਤੀ ਤੋਂ ਟੁਟਿਆ ਹੋਇਆ ਪ੍ਰਤੀਤ ਦਿੰਦਾ ਹੈ। ਖਾਲਸੇ ਦੀ ਜਿੱਤ ਹਰ ਮੈਦਾਨ ਵਿਚ ਭਾਵੇਂ ਉਹ ਆਰਥਿਕ ਹੈ, ਰਾਜਸੀ ਹੈ, ਭਾਈਚਾਰਕ ਹੈ, ਰੂਹਾਨੀ ਹੈ, ਇਸ ਗੱਲ ਉਪਰ ਅਧਾਰਿਤ ਹੈ ਕਿ ਉਹ ਸਚਮੁਚ ਹੀ ਵਾਹਿਗੁਰੂ ਨਾਲ ਅਭੇਤ ਅਵਸਥਾ ਵਿਚ ਇਕਮਿਕ ਹੋ ਕੇ ਹੋਵੇ ਅਤੇ ਉਸਨੂੰ ਦਿਬਯ ਲੋਇਨਾਂ ਰਾਹੀਂ ਘਟ-ਘਟ ਵਿਚ ਪ੍ਰਭੂ ਦੇ ਪ੍ਰਤੱਖ ਝਲਕਾਰੇ ਮਸਤ ਕਰਦੇ ਹੋਣ। ਉਹ ਵਜੂਦ ਸਾਕਾਰ ਰੂਪ ਵਿਚ ਪ੍ਰਭੂ ਦਾ ਹੀ ਵਜੂਦ ਹੋਇਆ ਕਰਦਾ ਹੈ। ਅਜਿਹੇ ਖਾਲਸੇ ਨੂੰ ਕਦੇ ਵੀ ਹਾਰ ਦਾ ਮੂੰਹ ਨਹੀਂ ਦੇਖਣਾ ਪੈਂਦਾ ਕਿਉਂਕਿ ਸਰਬੱਤ ਦੇ ਭਲੇ ਦਾ ਫੈਲਿਆ ਹੋਇਆ ਓਰਾ ਹਰ ਕਿਸੇ ਨੂੰ ਆਪਣੇ ਕਲਾਵੇ ਵਿਚ ਲੈ ਕੇ ਪਿਆਰ, ਪ੍ਰੇਮ ਤੇ ਅਪਣੱਤ ਦੀਆਂ ਤਰੰਗਾਂ ਰਾਹੀਂ ਆਪਣਾ ਬਣਾ ਲੈਂਦਾ ਹੈ, ਉਸ ਵਿਚ ਸਾਰੀ ਸ੍ਰਿਸ਼ਟੀ ਦੀ ਸਾਂਝ ਪ੍ਰਤੱਖ ਰੂਪ ਵਿਚ ਨਜ਼ਰ ਆਇਆ ਕਰਦੀ ਹੈ ਅਤੇ ਉਹ ਅਕਾਲਪੁਰਖ ਵਲੋਂ ਥਾਪਿਆ ਹੋਇਆ ਸੇਵਾਦਾਰ ਹੁੰਦਾ ਹੈ। ਉਹ ਸਾਰੀ ਸ੍ਰਿਸ਼ਟੀ ਦਾ ਸਾਂਝਾ ਹੋਣ ਕਰਕੇ ਸਭਨਾਂ ਦਾ ਭਲਾ ਮਨਾਉਂਦਾ ਹੈ। ਅਸਾਨੂੰ ਬਹੁਤ ਸ਼ੀਘਰ ਆਪਣੇ ਆਪ ਦੀ ਪੜਚੋਲ ਕਰਨੀ ਚਾਹੀਦੀ ਹੈ ਅਤੇ ਦੇਖਣਾ ਚਾਹੀਦਾ ਹੈ ਕਿ ਕੀ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਉਚ ਆਦਰਸ਼ਾਂ ਦੇ ਮੁਤਾਬਿਕ ਆਪਣੇ ਜੀਵਨ ਪੱਥ ਅਪਣਾਅ ਰਹੇ ਹਾਂ ਜਾਂ ਕਿ ਮਨ ਮਤ ਦੀਆਂ ਕਾਲੀਆਂ ਲਕੀਰਾਂ ਪੈ ਕੇ ਇਸ ਨੂੰ ਧੁੰਧਲਾ ਕਰ ਰਹੇ ਹਾਂ।

ਪੰਜ ਪਿਆਰਿਆਂ ਰਾਹੀਂ ਬਾਣੀ ਦੀ ਸ਼ਕਤੀ ਦੇ ਨਾਲ ਤਿਆਰ ਕੀਤੀ ਪਾਹੁਲ, ਸ਼ਕਤੀ ਦਾ ਭੰਡਾਰ ਹੋਇਆ ਕਰਦਾ ਹੈ। ਜਿਸਨੇ ਪੰਜ ਪਿਆਰਿਆਂ ਦੀ ਪਵਿੱਤਰ ਰਸਨਾ ਤੋਂ ਗੁਰਮੰਤ੍ਰ ਦੀ ਗੁੰਜ਼ਾਰ ਸੁਣ ਕੇ ਅੰਦਰ ਵਸਾ ਲਈ, ਉਸਦੇ ਅੰਦਰੋਂ ਨਾਮ ਧੁਨ ਅਲੋਪ ਨਹੀਂ ਹੋਇਆ ਕਰਦੀ। ਗੁਰਮੰਤ੍ਰ ਦੀ ਸ਼ਕਤੀ ਉਸਦੇ ਰੋਮ-ਰੋਮ ਵਿਚ ਸਮਾ ਜਾਂਦੀ ਹੈ ਅਤੇ ਮੰਤ੍ਰ ਦੇ ਬਲ ਕਰਕੇ ਉਹ ਉਸ ਅੰਮ੍ਰਿਤ ਕੁੰਡ ਤਕ ਪਹੁੰਚ ਜਾਂਦੀ ਹੈ ਜਿਸ ਬਾਰੇ ਗੁਰਬਾਣੀ ਵਿਚ ਫੁਰਮਾਨ ਹੈ –

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ॥*
*ਜਿਉ ਕਸਤੂਰੀ ਮਿਰਗੁ ਨ ਜਾਣੈ*
*ਭ੍ਰਮਦਾ ਭਰਮਿ ਭੁਲਾਇਆ॥*
*ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ*

*ਕਰਤੈ ਆਪਿ ਖੁਆਇਆ॥* *ਅੰਗ - 644*

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*

*ਅੰਗ - 293*

ਦੇ ਮਹਾਨ ਅਨੰਦ ਨੂੰ ਆਪਣੇ ਜੀਵਨ ਵਿਚ ਮਾਣਦਾ ਹੈ।

ਸੋ ਇਸ ਕਰਕੇ ਪਿਆਰਿਓ! ਸੋਚੋ ਕਿ ਅੱਜ ਅਸੀਂ ਘਰ ਵਿਚ ਭਰਪੂਰ ਅੰਮ੍ਰਿਤ ਤਕ ਪੁੱਜ ਸਕੇ ਹਾਂ? ਅੰਮ੍ਰਿਤ ਨੂੰ ਸੁਰ, ਨਰ, ਮੁਨ, ਜਨ ਦੇਵਤੇ ਖੋਜਦੇ ਰਹੇ ਹਨ ਅਤੇ ਜੋ ਗੁਰੂ ਦੇ ਰਾਹੀਂ ਪ੍ਰਾਪਤ ਹੋ ਕੇ ਜੀਵ ਆਤਮਾ ਨੂੰ ਵਾਹਿਗੁਰੂ ਦਾ ਰੂਪ ਬਣਾ ਦਿੰਦਾ ਹੈ; ਉਹ ਸਾਨੂੰ ਪ੍ਰਾਪਤ ਹੋ ਚੁੱਕਿਆ ਹੈ ਜਾਂ ਨਹੀਂ? ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥*

*ਅੰਗ - 538*

ਇਸ ਅੰਮ੍ਰਿਤ ਨੂੰ ਪ੍ਰਾਪਤ ਕਰਨ ਵਾਸਤੇ ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਵਿਚ ਆ ਕੇ -

*ਵਾਹਿਗੁਰੂ ਗੁਰਮੰਤ੍ਰ ਹੈ ਜਪ ਹਉਮੈ ਖੋਈ॥*

ਗੁਰਮੰਤ੍ਰ ਪ੍ਰਾਪਤ ਕਰਕੇ ਗੁਰਮੁਖ ਪਿਆਰਿਆਂ ਦੀ ਸੰਗਤ ਰਾਹੀਂ ਇਸ ਅੰਮ੍ਰਿਤ ਕੁੰਡ ਤੱਕ ਪਹੁੰਚ ਕੇ ਸਦਾ-ਸਦਾ ਲਈ ਅਮਰ ਹੋਣ ਲਈ ਖਾਲਸਾ ਪਦ ਦੀ ਪ੍ਰਾਪਤੀ ਕੀਤੀ ਜਾਵੇ-

*ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ*
*ਹਰਿ ਸਿਮਰਤ ਅਨਦ ਅਨੰਤਾ॥* *ਅੰਗ - 496*

# ਸੰਸਾ ਇਹ ਸੰਸਾਰ ਹੈ

ਸਤਿਨਾਮ ਸ੍ਰੀ ਵਾਹਿਗੁਰੂ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਅੰਗ - 256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289***

***ਧਾਰਨਾ - ਪਿਆਰੇ ਜੀ,***
***ਭਰਮ ਵਿਚ ਸੌਂ ਗਿਆ ਬੰਦਿਆ -2.***
***ਤੇਰੀ ਸੁਤਿਆਂ ਰੈਣ ਵਿਹਾਣੀ -2.***

ਸਾਧ ਸੰਗਤ ਜੀ! ਗੱਲ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ ਜੀ। ਆਪ ਸਾਰੇ ਕਾਰੋਬਾਰ ਸੰਕੋਚਦੇ ਹੋਏ ਗੁਰੂ ਦਰਬਾਰ ਵਿਚ ਪਹੁੰਚੇ ਹੋ ਅਤੇ ਆਪ ਸਾਰੇ ਮੁਹਾਲੀ ਵਿਖੇ ਸ਼ਸ਼ੋਭਤ ਹੋ। ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੀ ਇਕਤੀਵੀਂ ਫਿਲਮ ਵਿਚ ਸ਼ਾਮਲ ਹੋਏ ਹੋ ਕਿਉਂਕਿ ਬਹੁਤ ਸਾਰੀਆਂ ਫਿਲਮਾਂ ਪਿੰਡਾਂ ਵਿਚ ਬਣ ਚੁਕੀਆਂ ਹਨ। ਸੋ ਵਿਚਾਰ ਹੈ ਜੋ ਪਹਿਲਾਂ ਪੜ੍ਹਿਆ ਸੀ ਕਿ ਸੰਸਾ ਉਤਰ ਗਿਆ, ਜਦੋਂ ਤੋਂ ਦਰਸ਼ਨ ਪਾਏ। ਸੰਸਾ ਕੀ ਚੀਜ਼ ਹੈ? ਸਾਰਾ ਸੰਸਾਰ ਸੰਸੇ ਦੇ ਸਮੁੰਦਰ ਵਿਚ ਗੋਤੇ ਖਾ ਰਿਹਾ ਹੈ, ਕੋਈ ਬੰਦਾ ਵੀ ਐਸਾ ਨਹੀਂ ਹੈ ਜੋ ਸੰਸੇ ਦੇ ਸਮੁੰਦਰ ਵਿਚ ਨਾ ਹੋਵੇ, ਸਾਰਾ ਹੀ ਸੰਸਾਰ ਹੈ, ਕੀ ਪਾਠ ਕਰਨ ਵਾਲੇ, ਕੀ ਲੈਕਚਰ ਦੇਣ ਵਾਲੇ, ਕੀ ਕਿਤਾਬਾਂ ਲਿਖਣ ਵਾਲੇ, ਸਾਰੇ ਦੇ ਸਾਰੇ ਸੰਸੇ ਦੇ ਸਮੁੰਦਰ ਵਿਚ ਗੋਤੇ ਲਾ ਰਹੇ ਹਨ ਕਿਉਂਕਿ ਸੰਸਾਰ ਹੈ ਹੀ ਸੰਸੇ ਦਾ ਸਮੁੰਦਰ ਅਤੇ ਅਗਿਆਨ ਵੱਸ ਜੀਵ ਬਹੁਤ ਦੁਖੀ ਹੋ ਰਿਹਾ ਹੈ। ਸੰਸਾ ਸਮੁੰਦਰ ਕਿਸੇ ਵੀ ਤਰੀਕੇ ਨਾਲ ਪਾਰ ਨਹੀਂ ਹੁੰਦਾ, ਜੇ ਸੰਸਾ ਹਟ ਜਾਏ ਤਾਂ ਸ਼ਾਂਤੀ ਹੋ ਜਾਂਦੀ ਹੈ। ਮਹਾਰਾਜ ਦਾ ਫੁਰਮਾਨ ਹੈ, ਜੇਕਰ ਸੰਸਾ ਉਤਰ ਜਾਵੇ ਤਾਂ ਵਾਹਿਗੁਰੂ ਜੀ ਦੇ ਦਰਸ਼ਨ ਹੋ ਜਾਂਦੇ ਹਨ। ਜਿੰਨੀ ਦੇਰ ਤੱਕ ਸੰਸਾ ਨਹੀਂ ਉਤਰਦਾ ਆਦਮੀ ਭਟਕਦਾ ਫਿਰਦਾ ਹੈ। ਆਪਣੇ ਆਪ ਤੋਂ ਆਪੇ ਹੀ ਡਰੀ ਜਾਂਦਾ ਹੈ। ਦੂਜਾ ਮਹਾਰਾਜ ਦਾ ਫੁਰਮਾਨ ਹੈ -

***ਸੰਸਾ ਇਹੁ ਸੰਸਾਰੁ ਹੈ ..............॥ ਅੰਗ - 36***

ਇਸ ਸੰਸਾਰ ਨੂੰ ਹੀ ਸੰਸਾ ਕਹਿੰਦੇ ਹਨ, ਨਹੀਂ ਤਾਂ ਇਹ ਵਾਹਿਗੁਰੂ ਦਾ ਹੀ ਰੂਪ ਹੈ -

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ***
***ਨਦਰੀ ਹਰਿ ਨਿਹਾਲਿਆ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ***

***ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥***
***ਅੰਗ - 922***

ਇਹ ਹੈ ਤਾਂ ਪਰਮੇਸ਼ਰ ਦਾ ਸਰੂਪ ਪਰ ਸੰਸੇ ਕਰਕੇ ਇਹ ਸੰਸਾਰ ਬਣ ਗਿਆ ਤੇ ਸੰਸਾਰ ਦੇ ਉਤੇ ਕਹਾਣੀਆਂ ਬਣ ਗਈਆਂ ਤੇ 'ਮੈਂ' ਨੇ ਆਪਣਾ ਪਸਾਰਾ ਸ਼ੁਰੂ ਕਰ ਦਿੱਤਾ। ਇਹਦੇ ਵਿਚ, ਹਉਮੈ ਆ ਗਈ। ਉਸ ਹਉਮੈ ਨੇ ਸੰਸਾ ਪੈਦਾ ਕਰ ਦਿੱਤਾ ਕਿ ਵਾਹਿਗੁਰੂ ਕਿਥੇ ਹੈ? ਜਿਹੜੀ ਚੀਜ਼ ਪ੍ਰਤੱਖ ਹੈ ਉਹਦੇ ਉਤੇ ਤਾਂ ਸ਼ੱਕ ਪੈ ਗਿਆ, ਜਿਹੜੀ ਚੀਜ਼ ਹੈ ਹੀ ਨਹੀਂ ਉਹਨੂੰ ਏਸਨੇ ਸੱਚ ਮੰਨ ਲਿਆ। ਸੋ ਸੰਸਾ ਅਵਿਦਿਆ ਦਾ ਨਾਮ ਹੋਇਆ ਕਰਦਾ ਹੈ, ignorance, ਭੁੱਲ ਦਾ -

***ਸੰਸਾ ਇਹੁ ਸੰਸਾਰੁ ਹੈ ਸੁਤਿਆਂ ਰੈਣਿ ਵਿਹਾਇ॥***
***ਅੰਗ - 36***

ਪਰ ਕਿਸੇ ਕਿਸੇ ਨੂੰ ਜਾਗ ਆ ਜਾਂਦੀ ਹੈ।

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ***
***ਸੁਤਿਆਂ ਰੈਣਿ ਵਿਹਾਣੀ॥*** ***ਅੰਗ - 920***

ਰਜੋ ਗੁਣ, ਤਮੋ ਗੁਣ, ਸਤੋ ਗੁਣ, ਇਹਨਾਂ ਤਿੰਨਾਂ ਗੁਣਾਂ ਦੇ ਵਿਚ ਸਾਰਾ ਸੰਸਾਰ ਖੇਲ ਰਿਹਾ ਹੈ। ਇਹਦੇ ਵਿਚ ਸਾਰੀ ਉਮਰ ਬੀਤ ਜਾਂਦੀ ਹੈ, ਇਕ ਨਹੀਂ ਬੀਤਦੀ ਇਸ ਤੋਂ ਪਹਿਲਾਂ ਦੀਆਂ ਤਰਾਸੀ ਲੱਖ ਨੜਿਨਵੇਂ ਹਜ਼ਾਰ, ਨੌ ਸੌ ਨੜਿਨਵੇਂ ਕਿਸਮ ਦੇ ਸਰੀਰ ਧਾਰ ਕੇ ਜੀਵਨ ਦੀਆਂ ਉਮਰਾਂ ਬੀਤੀਆਂ। ਉਹਨਾਂ ਵਿਚ ਤਾਂ ਅਸੀਂ ਮਜਬੂਰ ਸੀ, ਕਿਉਂਕਿ ਪੱਥਰ ਨੂੰ ਗਿਆਨ ਨਹੀਂ ਹੈ, ਦਰਖਤਾਂ ਨੂੰ ਗਿਆਨ ਨਹੀਂ ਹੈ ਕਿਉਂਕਿ ਪਾਣੀ ਦੇ ਜੀਵਾਂ ਨੂੰ ਗਿਆਨ ਦਾ ਅਧਿਕਾਰ ਨਹੀਂ ਹੈ, ਉਡਣ ਵਾਲੇ ਪੰਛੀਆਂ ਨੂੰ ਗਿਆਨ ਦਾ ਅਧਿਕਾਰ ਨਹੀਂ ਹੋ ਸਕਦਾ। ਏਸੇ ਤਰ੍ਹਾਂ ਪਸ਼ੂਆਂ ਨੂੰ ਗਿਆਨ ਨਹੀਂ ਹੋ ਸਕਦਾ। ਕੇਵਲ ਸਾਰੀ ਸ੍ਰਿਸ਼ਟੀ ਦੇ ਅੰਦਰ ਇਕ ਜੀਵ ਹੈ ਐਸਾ, ਜਿਹੜਾ ਦੋ ਚੀਜ਼ਾਂ ਦੇ ਮਿਲਾਪ ਨਾਲ ਬਣਿਆ ਹੋਇਆ ਹੈ। ਬਾਕੀ ਦੇ ਵਿਚ ਪਰਮੇਸ਼ਰ ਦੀ ਸੱਤਾ ਕੰਮ ਕਰਦੀ ਹੈ ਲੇਕਿਨ ਬੁੱਧੀ ਬਹੁਤ ਘਟ ਦਿੱਤੀ ਹੋਈ ਹੈ। ਉਹਨਾਂ ਕੋਲ ਬੁੱਧੀ ਆਪਣੀ ਰੱਖਿਆ ਲਈ ਤਾਂ ਹੈ, ਖਾਣ ਪੀਣ ਲਈ ਤਾਂ ਹੈ, ਲੇਕਿਨ ਉਹ ਪਰਮੇਸ਼ਰ ਦੇ ਮਾਰਗ ਤੇ ਨਹੀਂ ਚਲ ਸਕਦੇ। ਇਹ ਬੁੱਧੀ ਕੇਵਲ ਮਨੁਖ ਨੂੰ ਬਖਸ਼ੀ ਹੈ।

ਇਕ ਤਾਂ ਇਹਦੇ ਵਿਚ ਜਿਹੜੀ ਪਰਾ-ਚੇਤਨਤਾ ਹੈ, ਜਿਸ ਨੂੰ cosmic ਆਖਦੇ ਹਨ, ਸੁਚੇਤਨਤਾ ਆਖਦੇ ਹਨ। ਉਹਦਾ ਹਿੱਸਾ ਬਹੁਤ ਵੱਡਾ ਹੈ ਤੇ ਦੂਜਾ ਹੈ ਪ੍ਰਕਿਰਤੀ ਦਾ। ਜਦੋਂ ਇਹ ਦੋਨੋਂ ਇਕੱਠੇ ਹੋ ਜਾਂਦੇ ਹਨ ਲੇਕਿਨ ਜੋ ਬੁਧੀ ਹੈ, ਇਸਦੇ ਰਾਹੀਂ ਤਰੱਕੀ ਕਰਕੇ ਸਿੱਧੀ ਪ੍ਰਾਪਤ ਕਰ ਸਕਦੇ ਹਾਂ -

***ਕਹਿ ਕਬੀਰ ਬੁਧਿ ਹਰਿ ਲਈ ਮੇਰੀ***
***ਬੁਧਿ ਬਦਲੀ ਸਿਧਿ ਪਾਈ॥*** ***ਅੰਗ - 339***

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥*

*ਅੰਗ – 7*

ਜਿਹੜੀ ਦੇਵਤਿਆਂ ਵਾਲੀ ਬੁਧੀ ਹੈ ਉਹ ਸਾਨੂੰ ਸਰੀਰ ਵਿਚ ਪ੍ਰਾਪਤ ਹੋ ਸਕਦੀ ਹੈ। ਇਸ ਤੋਂ ਵੀ ਉਪਰ ਜਿਹੜੀ ਰੂਹਾਨੀ ਆਤਮਕ ਮੰਡਲ ਦੀ ਬੁਧੀ ਹੈ, ਉਹ ਵੀ ਸਾਨੂੰ ਪ੍ਰਾਪਤ ਹੋ ਸਕਦੀ ਹੈ। ਇਕ ਤਾਂ ਇਸ ਤਰ੍ਹਾਂ ਸਮਝ ਲਓ ਕਿ ਜਿਸ ਤਰ੍ਹਾਂ ਟੇਪ ਰਿਕਾਡਰ ਦਾ ਐਨਟੀਨਾ ਹੁੰਦਾ ਹੈ, ਉਸਦੇ ਕਈ ਹਿੱਸੇ ਹੁੰਦੇ ਹਨ ਜਿਉਂ ਜਿਉਂ ਉਸ ਨੂੰ ਉਪਰ ਖਿਚਦੇ ਚਲੇ ਜਾਈਏ, ਜਿਹੜਾ ਸਭ ਤੋਂ ਉਪਰਲਾ ਹਿੱਸਾ ਹੈ, ਉਸ ਨੂੰ ਬੁੱਧੀ ਸਮਝ ਲਓ। ਉਹ ਜੇਕਰ ਹੇਠਾਂ ਦੱਬ ਦੇਈਏ ਤਾਂ ਸੁਧ ਬਣ ਜਾਂਦਾ ਹੈ। ਜੇਕਰ ਹੋਰ ਹੇਠਾਂ ਦੱਬ ਦੇਈਏ ਤਾਂ ਸਿਧਾਂ ਦੀ ਬਣ ਜਾਂਦੀ ਹੈ। 'ਸੁਰਾ ਸਿਧ' ਦੇਵਤਿਆਂ ਦੀ ਬੁਧੀ। ਜੇਕਰ ਹੋਰ ਹੇਠਾਂ ਦੱਬ ਲਈਏ ਤਾਂ ਆਤਮ ਮੰਡਲ ਦੀ ਬੁਧੀ ਬਣ ਜਾਂਦੀ ਹੈ। ਹੈ ਤਾਂ ਸਾਰੀ ਜੁੜੀ ਹੋਈ ਪਰ ਅਸੀਂ ਕੰਮ ਬਹੁਤ ਥੋੜ੍ਹੇ ਹਿਸੇ ਤੋਂ ਲੈਂਦੇ ਹਾਂ। ਬੁਧੀ ਦਾ ਜੋ ਬਾਹਰਲਾ ਹਿੱਸਾ ਹੈ ਉਸ ਤੋਂ ਅਸੀਂ ਕੰਮ ਲੈਂਦੇ ਹਾਂ। ਅੰਦਰਲੇ ਹਿੱਸੇ ਤਕ ਨਾ ਤਾਂ ਅਸੀਂ ਪਹੁੰਚਦੇ ਹਾਂ, ਨਾ ਹੀ ਕੰਮ ਲੈਂਦੇ ਹਾਂ ਅਤੇ ਨਾ ਹੀ ਪਹੁੰਚਣ ਦੀ ਕੋਸ਼ਿਸ਼ ਕਰਦੇ ਹਾਂ। ਮਨੋਵਿਗਿਆਨੀ ਇਹ ਕਹਿੰਦਾ ਹੈ ਕਿ ਜੋ ਮਨ ਦੁਨੀਆਂ ਦੇ ਨਾਲ ਕਾਰੋਬਾਰ ਕਰਦਾ ਹੈ, ਉਹ ਜਾਗਦਾ ਮਨ ਹੈ, ਸੁਚੇਤ ਮਨ। ਜਿਹੜਾ ਇਸ ਤੋਂ ਪਰ੍ਹੇ ਹੈ, ਉਹ ਅਰਧਚੇਤਨ ਹੈ। ਜਿਹੜਾ ਉਸ ਤੋਂ ਪਰ੍ਹੇ ਹੈ, ਉਹ ਅਚੇਤ ਮਨ ਹੈ। ਉਸਦਾ ਇਹਨੂੰ ਨੂੰ ਪਤਾ ਨਹੀਂ ਲਗ ਸਕਿਆ। ਪਰ ਰੂਹਾਨੀਅਤ ਵਾਲੇ ਇਹ ਕਹਿੰਦੇ ਹਨ ਕਿ ਜਿਹੜੀ ਦੁਨੀਆਂ ਨਾਲ ਵਿਹਾਰ ਕਰਨ ਵਾਲੀ ਬੁਧੀ ਹੈ, ਚੇਤਨਤਾ ਹੈ, ਉਹ ਸੁਤੀ ਪਈ ਬੁਧੀ ਹੈ, ਸੰਸਿਆਂ ਦੇ ਵਿਚ ਘਿਰੀ ਹੋਈ। ਉਸ ਨੂੰ ਕੁਝ ਤੋਂ ਕੁਝ ਨਜ਼ਰ ਆ ਰਿਹਾ ਹੈ। ਜਿਹੜੀ ਉਸ ਤੋਂ ਅੱਗੇ ਹੈ, ਉਸ ਵਿਚ ਕੁਝ ਸੋਝੀ ਪ੍ਰਾਪਤ ਹੋ ਜਾਂਦੀ ਹੈ। ਜਦੋਂ ਆਤਮ ਵਿਛੈਣੀ ਬੁਧੀ ਹੋ ਜਾਂਦੀ ਹੈ, ਉਸ ਵੇਲੇ ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਸੰਸਾਰ ਕੀ ਚੀਜ਼ ਹੈ, ਇਸਦੀ ਅਸਲੀਅਤ ਕੀ ਹੈ। ਫਿਰ ਉਹ ਪਰਮ ਅਨੰਦ ਵਿਚ ਪਹੁੰਚ ਕੇ, ਸਤਿ ਚਿਤ ਅਨੰਦ ਪਰਮੇਸ਼ਰ ਦੇ ਵਿਚ ਲੀਨ ਹੋ ਜਾਇਆ ਕਰਦਾ ਹੈ ਕਿਉਂਕਿ ਉਹਦੇ ਕੋਲ ਕੋਈ ਰੁਕਾਵਟ ਨਹੀਂ ਹੋਇਆ ਕਰਦੀ। ਸੋ ਜਿਹੜਾ ਇਸ ਸੰਸੇ ਦੇ ਵਿਚ ਪਿਆ ਹੋਇਆ ਹੈ ਉਹ ਸੰਸਾਰ ਕਹਾਉਂਦਾ ਹੈ –

*ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ॥*

*ਅੰਗ – 36*

ਪਰ ਅਕਾਲ ਪੁਰਖ ਕ੍ਰਿਪਾ ਵੀ ਕਰ ਦਿੰਦਾ ਹੈ –

*ਇਕਿ ਆਪਣੈ ਭਾਣੈ ਕਢਿ ਲਇਅਨੁ*
*ਆਪੇ ਲਇਓਨੁ ਮਿਲਾਇ॥* *ਅੰਗ – 36*

ਸੁਤਿਆਂ ਦੀ ਲੰਘ ਗਈ ਪਰ ਕਿਸੇ ਨੂੰ ਆਪਣੀ ਮਰਜ਼ੀ ਨਾਲ ਕੱਢ ਵੀ ਲੈਂਦਾ ਹੈ ਤੇ ਆਪਣੇ ਨਾਲ ਮਿਲਾ ਲੈਂਦਾ ਹੈ –

*ਆਪੇ ਹੀ ਆਪਿ ਮਨਿ ਵਸਿਆ*

*ਮਾਇਆ ਮੋਹੁ ਚੁਕਾਇ॥* *ਅੰਗ - 36*

ਕਿਉਂਕਿ ਬੁੱਧੀ ਦੇ ਹਰੇਕ ਹਿੱਸੇ ਅੰਦਰ ਪਰਮੇਸ਼ਰ ਹੀ ਹੈ, ਜੋ ਇਹਦੇ ਵਿਚ ਜਾਗਰਤ ਹੈ। ਉਹ ਬੁਧੀ ਦੇ ਮੰਡਲ ਦੀ ਵੀ ਵਾਹਿਗੁਰੂ ਦੀ ਹੈ, ਲੇਕਿਨ ਬੁਧੀ ਵਿਚ ਪ੍ਰਕਿਰਤੀ ਦੇ ਨਾਲ ਮਿਲਾਵਟ ਜ਼ਿਆਦਾ ਹੋਣ ਕਰਕੇ, ਇਹ ਸਾਫ ਨਹੀਂ ਦਿਸਦਾ, ਸ਼ਬਦ ਇਥੇ ਸੁਣਾਈ ਨਹੀਂ ਦਿੰਦਾ, ਗਿਆਨ ਦਾ ਏਥੇ ਅਸਰ ਨਹੀਂ ਪੈਂਦਾ ਕਿਉਂਕਿ ਪ੍ਰਕਿਰਤੀ ਦੇ ਬਹੁਤ ਨੇੜੇ ਹੈ ਕਿਉਂਕਿ ਇਸ ਨੇ ਪ੍ਰਕਿਰਤੀ ਦਾ ਸੁਭਾਅ ਅਪਣਾਅ ਲਿਆ ਹੋਇਆ ਹੈ। 'ਆਤਮ ਸੁਭਾ' ਪਿਛੇ ਰਹਿ ਗਿਆ ਹੈ। ਉਹ ਆਪੇ ਹੀ ਵਾਹਿਗੁਰੂ ਹੈ, ਦੂਜਾ ਤਾਂ ਹੋਰ ਕੋਈ ਨਹੀਂ ਹੈ।

*ਆਪੇ ਹੀ ਆਪਿ ਮਨਿ ਵਸਿਆ ਮਾਇਆ ਮੋਹੁ ਚੁਕਾਇ॥*
*ਆਪਿ ਵਡਾਈ ਦਿਤੀਅਨੁ ਗੁਰਮੁਖਿ ਦੇਇ ਬੁਝਾਇ॥* *ਅੰਗ - 36*

ਗੁਰਮੁਖ ਦੇ ਰਾਹੀਂ, ਗੁਰੂ ਦੇ ਰਾਹੀਂ ਕਿਸੇ ਕਿਸੇ ਨੂੰ ਬੁਝਾ ਦਿਆ ਕਰਦਾ ਹੈ। ਸੋ ਇਹ ਸੰਸਾ ਆਦਮੀ ਦੇ ਵਿਚ ਰਹਿੰਦਾ ਹੀ ਹੈ।

ਇਕ ਵਾਰੀ ਇਕ ਪੰਡਤ ਛੇ ਸ਼ਾਸਤਰ ਪੜ੍ਹ ਕੇ, ਖਟ ਸਾਸ਼ਤਰੀ ਉਸਨੂੰ ਆਖਿਆ ਜਾਂਦਾ ਹੈ। ਉਹ ਜਦੋਂ ਆਪਣੀ ਡਿਗਰੀ ਵਗੈਰਾ ਲੈ ਕੇ ਆਪਣੇ ਪਿੰਡ ਵਿਚ ਆਇਆ ਜਾਂ ਸ਼ਹਿਰ ਵਿਚ ਆਇਆ, ਉਸਦੇ ਮਨ ਵਿਚ ਇਹ ਗੱਲ ਆ ਗਈ ਕਿ ਜਿਸਦਾ ਕੋਈ ਰੂਪ ਨਹੀਂ, ਰੇਖ ਨਹੀਂ, ਰੰਗ ਨਹੀਂ, ਭੇਖ ਨਹੀਂ, ਕੋਈ ਨਿਸ਼ਾਨੀ ਨਹੀਂ ਹੈ, ਜਿਸ ਨਾਲ ਕੋਈ ਸਪਰਸ਼ ਹੀ ਨਹੀਂ ਹੋ ਸਕਦਾ। ਜਿਹੜਾ ਆਕਾਸ਼ ਤੋਂ ਵੀ ਕ੍ਰੋੜਾਂ ਗੁਣਾਂ, ਅਰਬਾਂ ਗੁਣਾਂ ਸੂਖਸ਼ਮ ਹੈ ਖਰਬਾਂ ਗੁਣਾਂ ਸੂਖਸ਼ਮ ਹੈ। ਉਹ ਨਾ ਤਾਂ ਕੋਈ ਚੀਜ਼ ਹੈ। ਅਕਾਸ਼ ਵਿਚ ਕੋਈ ਸਤਯਾ ਨਹੀਂ ਹੈ ਤਾਂ ਫਿਰ ਰੱਬ ਵਿਚ ਕੀ ਸਤਯਾ ਹੋਈ? ਜਿਹੜਾ ਇਸ ਤੋਂ ਅਰਬਾਂ ਗੁਣਾਂ ਸੂਖਸ਼ਮ ਹੈ। ਉਹਦੇ ਮਨ ਵਿਚ ਭਰਮ ਪੈ ਗਿਆ, ਇਕ ਤਰ੍ਹਾਂ ਦੀ ਉਹਦੇ ਅੰਦਰ ਨਾਸਤਕ ਬੁਧੀ ਜਾਗਰਤ ਹੋ ਕੇ, ਇਹ ਖਿਆਲ ਹੋ ਗਿਆ ਕਿ ਪਰਮੇਸ਼ਰ ਤਾਂ ਹੋਣਾ ਹੀ ਨਹੀਂ। ਇਸੇ ਕਰਕੇ ਸਿਆਣਿਆਂ ਨੇ ਇਹਨੂੰ ਸੁੰਨ ਕਹਿ ਦਿਤਾ। ਲੇਕਿਨ ਸੁੰਨ ਦੀ ਜਾਗਰਤਾ ਦਾ ਉਸਨੂੰ ਪਤਾ ਨਹੀਂ ਸੀ। ਸੁੰਨ ਦੀਆਂ ਸ਼ਕਤੀਆਂ ਦਾ ਉਸਨੂੰ ਪਤਾ ਨਹੀਂ ਸੀ, ਦੂਜਾ ਉਸਦੇ ਮਨ ਵਿਚ ਇਹ ਹੋ ਗਿਆ ਕਿ ਕਰਮ ਕਿਵੇਂ ਕੰਮ ਕਰਦਾ ਹੈ।

ਤੀਸਰਾ ਉਸਦੇ ਮਨ ਵਿਚ ਇਹ ਖਿਆਲ ਆ ਗਿਆ ਕਿ ਦਰਗਾਹ ਵਿਚ ਸਜ਼ਾ ਮਿਲਦੀ ਹੈ, ਪਰ ਇਹ ਸਜ਼ਾ ਕਿਸ ਚੀਜ਼ ਨੂੰ ਮਿਲਦੀ ਹੋਈ ਕਿਉਂਕਿ ਮਿਸਾਲ ਦੇ ਤੌਰ ਤੇ ਇਸਦੇ ਅੰਦਰ ਜੋ ਰੌਰਵ ਨਰਕ ਹੈ। ਜਿਸ ਵਿਚ ਕਿ ਇਸਤਰੀਆਂ ਤੇ ਆਦਮੀਆਂ ਦੇ ਗਰਮ ਕੀਤੇ ਹੋਏ ਬੁਤ, ਵਿਭਚਾਰੀਆਂ ਇਸਤਰੀਆਂ ਤੇ ਪੁਰਸ਼ਾਂ ਨੂੰ ਨਾਲ ਚੰਬੇੜ ਦਿਤਾ ਜਾਂਦਾ ਹੈ, ਫੇਰ ਉਹ ਚੀਕਾਂ ਮਾਰਦੇ ਹਨ, ਕਹਿੰਦੇ ਹਨ ਕਾਮ ਵੀ ਗਰਮ ਤੇ ਉਹ ਵੀ ਗਰਮ। ਕਹਿੰਦੇ, ਅੱਗ ਨਾਲ ਅੱਗ ਲੱਗਣ ਨਾਲ ਉਸਨੂੰ ਕੀ ਤਕਲੀਫ ਹੁੰਦੀ ਹੈ। ਇਕ ਮਹਾਤਮਾ ਦੇ ਪਾਸ ਚਲਾ ਗਿਆ ਤੇ ਕਹਿਣ ਲੱਗਾ ਮਹਾਰਾਜ! ਮੇਰਾ ਇਕ ਸ਼ੰਕਾ ਨਵਿਰਤ

ਕਰੋ। ਕਿੰਨੇ ਹੀ ਸਵਾਲ ਉਸਨੇ ਮਹਾਤਮਾ ਅੱਗੇ ਰੱਖ ਦਿੱਤੇ। ਮਹਾਤਮਾ ਬੜੇ ਸਮਝਦਾਰ ਸੀ, ਸਮਝ ਗਏ ਕਿ ਐਵੇਂ ਕੋਈ ਦਿਮਾਗ ਖਪਾਉਣ ਵਾਲਾ ਬੰਦਾ ਆ ਗਿਆ ਹੈ। ਕੁਝ ਆਦਮੀਆਂ ਦਾ ਸੁਭਾਅ ਹੁੰਦਾ ਹੈ ਕਿ ਜਗਿਆਸਾ ਲੈ ਕੇ ਨਹੀਂ ਜਾਇਆ ਕਰਦੇ, ਗਿਆਨ ਦੀ ਪ੍ਰੀਖਿਆ ਕਰਨ ਵਾਸਤੇ ਜਾਇਆ ਕਰਦੇ ਹਨ। ਉਥੇ ਮਹਾਤਮਾ ਚੁਪ ਕਰ ਰਹਿੰਦੇ ਹਨ ਜਾਂ ਏਧਰਲੀਆਂ ਓਧਰਲੀਆਂ ਗੱਲਾਂ ਕਰਕੇ ਟਾਲ ਦਿੰਦੇ ਹਨ, ਕਿਉਂਕਿ ਕੋਈ ਫਾਇਦਾ ਨਹੀਂ ਹੁੰਦਾ ਰਿੜਕਣ ਵਾਸਤੇ, ਪਾਣੀ ਵਿਚ ਮਧਾਣੀ ਲੈ ਆਂਦੀ, ਨਿਕਲਣਾ ਕੁਝ ਨਹੀਂ ਹੈ। ਸੋ ਇਸ ਤਰ੍ਹਾਂ ਦੇ ਨਾਲ ਚੁਪ ਕਰ ਗਏ। ਮਹਾਤਮਾ ਨੇ ਕਿਹਾ ਬਈ ਸਾਡੇ ਕੋਲ ਐਨਾ ਸਮਾਂ ਨਹੀਂ ਕਿ ਅਸੀਂ ਤੁਹਾਨੂੰ ਸਮਝਾ ਸਕੀਏ। ਜੇ ਤੂੰ ਸਮਝਣਾ ਚਾਹੁੰਦਾ ਹੈ ਤਾਂ ਫਲਾਣੀ ਜਗਾਹ ਇਕ ਮਹਾਤਮਾ ਹੈ, ਉਹਨਾਂ ਕੋਲ ਜਾ ਕੇ ਤੂੰ ਸਵਾਲ ਪੁਛ। ਉਹ ਖਟ ਸ਼ਾਸਤਰੀ ਉਥੇ ਚਲਾ ਗਿਆ ਤੇ ਜਾ ਕੇ ਤਿੰਨੇ ਸਵਾਲ ਕੀਤੇ। ਮਹਾਂਪੁਰਸ਼ਾਂ ਨੇ ਦੇਖ ਲਿਆ ਕਿ ਇਹ ਝਗੜਾਲੂ ਬੰਦਾ ਆ ਗਿਆ, ਅੱਜ ਰੌਲਾ ਪਏਗਾ। ਸਾਡੀ ਬਿਰਤੀ ਵੀ ਉਥਾਨ ਕਰੇਗਾ, ਸੋ ਉਹ ਚੁਪ ਕਰ ਰਹੇ। ਉਸਨੇ ਦੁਬਾਰਾ ਕਿਹਾ ਕਿ ਮਹਾਰਾਜ! ਮੈਂ ਖਟ ਸ਼ਾਸਤਰੀ ਹਾਂ, ਮੈਂ ਛੇ ਸ਼ਾਸਤਰ ਪੜ੍ਹਿਆ ਹੋਇਆ ਹਾਂ ਤੇ ਤੁਸੀਂ ਮੇਰੇ ਨਾਲ ਜਗਿਆਸਾ ਦੀ ਗੱਲ ਕਰੋ। ਸੋ ਉਸ ਵੇਲੇ ਮਹਾਤਮਾ ਫਿਰ ਚੁਪ ਕਰ ਰਹੇ। ਜਦੋਂ ਉਸਨੇ ਫੇਰ ਤੀਜੀ ਵਾਰੀ ਪੁਛਿਆ ਤਾਂ ਮਹਾਤਮਾ ਕੋਲ ਇਕ ਰੋੜਾ ਪਿਆ ਸੀ, ਉਹ ਚੱਕ ਕੇ ਮਾਰਿਆ। ਖਟ ਸਾਸ਼ਤਰੀ ਉਠ ਖਲੋਤਾ, ਬੜਾ ਗੁਸੇ ਹੋਇਆ ਤੇ ਮਹਾਤਮਾ ਨੂੰ ਗਾਲਾਂ ਕੱਢੀਆਂ। ਇਥੋਂ ਤੱਕ ਕਿ ਮਹਾਤਮਾ ਨਾਲ ਹੱਥ-ਪਾਈ ਵੀ ਕਰਨ ਲਗ ਪਿਆ। ਮਹਾਤਮਾ ਨੇ ਕਿਹਾ ਕਿ ਤੂੰ ਮੈਨੂੰ ਮਾਰ ਨਾ। ਮੈਂ ਤਾਂ ਤੇਰੇ ਸਵਾਲ ਦਾ ਜਵਾਬ ਦਿੱਤਾ ਹੈ। ਤਿੰਨਾਂ ਸਵਾਲਾਂ ਦਾ ਜਵਾਬ ਇਕੋ ਕਰਮ ਨਾਲ ਦੇ ਦਿੱਤਾ, ਤੂੰ ਮੈਨੂੰ ਮਾਰ ਨਾ। ਜਦੋਂ ਤੈਨੂੰ ਪਤਾ ਲਗ ਜਾਏਗਾ ਕਿ ਤੇਰੇ ਤਿੰਨੇ ਸਵਾਲਾਂ ਦਾ ਜਵਾਬ ਦਿਤਾ ਹੈ, ਫੇਰ ਤੂੰ ਪਛਤਾਂਏਗਾ, ਬੈਠ ਕੇ ਬਚਨ ਸੁਣ।

ਮਹਾਤਮਾ ਦੇ ਮਨ ਵਿਚ ਕੋਈ ਖੇਦ ਨਹੀਂ ਆਇਆ, ਕੋਈ ਕ੍ਰੋਧ ਨਹੀਂ ਆਇਆ, ਉਸੇ ਅਵਸਥਾ ਵਿਚ ਰਹੇ। ਪੁਛਣ ਲੱਗਾ ਕਿ ਮੈਨੂੰ ਦਸੋ ਕਿ ਕਿਸ ਤਰ੍ਹਾਂ ਤੁਸੀਂ ਮੇਰੇ ਸਵਾਲ ਦਾ ਜਵਾਬ ਦਿੱਤਾ ਹੈ? ਕਹਿਣ ਲੱਗੇ ਪ੍ਰੇਮੀਆ! ਦੇਖ ਤੂੰ ਮੈਨੂੰ ਮਾਰਿਆ? ਕਹਿਣ ਲੱਗਾ, ਜੀ ਤੁਸੀਂ ਮੈਨੂੰ ਰੋੜਾ ਮਾਰਿਆ। ਮੈਂ ਤਾਂ ਤੁਹਾਨੂੰ ਮਾਰਿਐ। ਮਹਾਤਮਾ ਨੇ ਪੁਛਿਆ ਕਿ ਰੋੜਾ ਮਾਰਨ ਤੇ ਕੀ ਚੀਜ਼ ਹੋਈ? ਕਹਿਣ ਲੱਗਾ ਕਿ ਮੈਨੂੰ ਦਰਦ ਹੋਇਆ। ਮਹਾਤਮਾ ਨੇ ਕਿਹਾ ਕਿ ਕੀ ਤੂੰ ਮੈਨੂੰ ਦਸ ਸਕਦਾ ਹੈਂ ਕਿ ਪੀੜ ਦੀ ਕੀ ਸ਼ਕਲ ਹੈ? ਕੀ ਰੰਗ ਹੈ? ਕਿੰਨੀ ਲੰਮੀ ਹੈ? ਕਿੰਨੀ ਚੌੜੀ ਹੈ? ਕਿੰਨੀ ਭਾਰੀ ਹੈ? ਕੋਈ ਸ਼ਕਲ ਸੂਰਤ ਹੈ ਦਰਦ ਦੀ? ਕਹਿਣ ਲੱਗਾ ਨਹੀਂ ਮਹਾਰਾਜ! ਇਹਦੀ ਕਾਹਦੀ ਸ਼ਕਲ ਹੋਣੀ ਹੈ। ਮਹਾਂਪੁਰਸ਼ਾਂ ਨੇ ਕਿਹਾ, ਦਰਦ ਦੀ ਸ਼ਕਲ ਦੇਖਣ ਨੂੰ ਤਾਂ ਨਹੀਂ ਹੈ ਪਰ ਪੀੜ ਤੈਨੂੰ ਮਹਿਸੂਸ ਹੋ ਰਹੀ ਹੈ।

ਆਦਮੀ ਨੂੰ ਕ੍ਰੋਧ ਆਉਂਦਾ ਹੈ ਪਰ ਕੀ ਕੋਈ ਦੱਸ ਸਕਦਾ ਹੈ ਕਿ ਕ੍ਰੋਧ

ਦੀ ਕੀ ਸ਼ਕਲ ਹੈ? ਕ੍ਰੋਧ ਦਾ ਕੇਵਲ ਅਸਰ ਦੇਖਿਆ ਜਾਂਦਾ ਹੈ ਕਿ ਅੱਖਾਂ ਲਾਲ ਹੋ ਗਈਆਂ, ਬੋਲ ਕੰਬਣ ਲਗ ਜਾਂਦਾ ਹੈ, ਦਿਮਾਗ ਦੇ ਉਤੇ ਪੜਦਾ ਪੈ ਗਿਆ। ਕ੍ਰੋਧ ਵਿਚ ਆ ਕੇ ਐਸੀਆਂ ਗੱਲਾਂ ਕਰ ਦਿੰਦਾ ਹੈ ਕਿ ਬਾਅਦ ਵਿਚ ਆ ਕੇ ਉਸਨੂੰ ਪਛਤਾਉਣਾ ਪੈਂਦਾ ਹੈ। ਸੰਸਾਰ ਵਿਚ ਕੋਈ ਐਸਾ ਨਹੀਂ ਹੈ ਜੋ ਕਿ ਕ੍ਰੋਧ ਦੀ ਸ਼ਕਲ ਦਸ ਸਕਦਾ ਹੋਵੇ। ਮਹਾਤਮਾ ਨੇ ਕਿਹਾ, ਭਾਈ! ਤੇਰੇ ਦੋ ਸਵਾਲਾਂ ਦਾ ਜਵਾਬ ਆ ਗਿਆ। ਪਹਿਲਾ ਇਹ ਕਿ ਜਿਹੜੀ ਚੀਜ਼ ਦਿਸਦੀ ਹੀ ਨਹੀਂ ਹੈ ਤੂੰ ਕਹਿੰਦਾ ਹੈ ਕਿ ਉਹ ਹੈ ਹੀ ਨਹੀਂ। ਜਿਸ ਤਰ੍ਹਾਂ ਤੈਨੂੰ ਪੀੜ ਮਹਿਸੂਸ ਹੋਈ ਹੈ ਇਸੇ ਤਰ੍ਹਾਂ ਪਰਮੇਸ਼ਰ ਦੀ ਹਸਤੀ ਕੋਈ ਦੇਖਣ ਵਾਲੀ ਨਹੀਂ ਹੈ ਮਹਿਸੂਸ ਕਰਨ ਵਾਲੀ ਹੈ, ਅਨੁਭਵ ਕਰਨ ਵਾਲੀ ਹੈ। ਆਤਮ ਮੰਡਲ ਦੇ ਅੰਦਰ, ਉਹਦੇ ਅਸਰ ਹੋਇਆ ਕਰਦੇ ਹਨ, ਉਹਨੂੰ ਨਾਮ ਦਾ ਨਸ਼ਾ ਚੜ ਜਾਂਦਾ ਹੈ, ਉਹ ਖੁਸ਼ ਹੋ ਜਾਂਦਾ ਹੈ, ਉਹਦੀ ਖੁਸ਼ੀ ਦਾ ਕੋਈ ਅੰਦਾਜ਼ਾ ਨਹੀਂ ਰਹਿੰਦਾ-

*ਨਾਨਕ ਭਗਤਾ ਸਦਾ ਵਿਗਾਸੁ ॥ ਅੰਗ - 2*

ਵਿਗਾਸ ਆ ਜਾਂਦਾ ਹੈ, ਖੁਸ਼ੀ ਆ ਜਾਂਦੀ ਹੈ, ਸਰੀਰ ਦੇ ਅੰਦਰ ਲਹਿਰਾਂ ਉਠਦੀਆਂ ਹਨ ਨਾਮ ਦੀਆਂ, ਪਰ ਕੱਢ ਕੇ ਤਾਂ ਨਹੀਂ ਦਿਖਾਇਆ ਜਾ ਸਕਦਾ ਕਿ ਰੱਬ ਕਿਹੋ ਜਿਹਾ ਹੈ ਤੇ ਕਿਹੋ ਜਿਹਾ ਨਹੀਂ। ਕੇਵਲ ਮਹਿਸੂਸ ਹੀ ਕੀਤਾ ਜਾਂਦਾ ਹੈ। ਸੋ ਇਸ ਤਰ੍ਹਾਂ ਹੋਰ ਵੀ ਬਹੁਤ ਸਾਰੀਆਂ ਨਿਸ਼ਾਨੀਆਂ ਹਨ ਉਸ ਦੀਆਂ। ਜਦੋਂ ਉਸ ਮੰਡਲ ਵਿਚ ਜਾਂਦੇ ਹਾਂ ਤਾਂ ਬਹੁਤ ਸਾਰੀਆਂ ਨਿਸ਼ਾਨੀਆਂ ਪ੍ਰਗਟ ਹੁੰਦੀਆਂ ਹਨ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਬਹੁਤ ਖੋਲ੍ਹ ਕੇ ਵਰਨਣ ਕੀਤਾ ਗਿਆ ਹੈ ਕਿ ਜਦੋਂ ਆਦਮੀ ਦੀ ਰੂਹ ਪਰਮੇਸ਼ਰ ਦੇ ਮੰਡਲ ਵਿਚ ਪਹੁੰਚ ਜਾਏਗੀ, ਉਸ ਵੇਲੇ ਉਹਦੇ ਤੇ ਕੀ ਅਸਰ ਹੋਏਗਾ? ਬਾਹਰ ਵਾਲਿਆਂ ਨੂੰ ਉਹਦੀ ਜਿੰਦਗੀ ਦਾ ਕੀ ਪਤਾ ਲਗੇਗਾ ਕਿ ਇਸਨੂੰ ਪਰਮੇਸ਼ਰ ਮਿਲਿਆ ਹੈ ਕਿ ਨਹੀਂ। ਮਿਲਣੀ ਤਾਂ ਉਹ ਚੀਜ਼ ਹੁੰਦੀ ਹੈ ਜਿਹੜੀ ਪਹਿਲਾਂ ਨਾ ਮਿਲੀ ਹੋਈ ਹੋਵੇ। ਰੱਬ ਤਾਂ ਮਿਲਿਆ ਹੀ ਹੋਇਆ ਹੈ। ਕੇਵਲ ਇਕ ਭੁਲ ਪਈ ਹੋਈ ਹੈ, ਸੰਸਾ ਪਿਆ ਹੋਇਆ ਹੈ। ਸੰਸਾ ਪੈਣ ਕਰਕੇ ਪਰਮੇਸ਼ਰ ਕੋਲ ਹੁੰਦਾ ਵੀ ਦੂਰ ਨਜ਼ਰ ਆ ਰਿਹਾ ਹੈ। ਦੂਜਾ ਕਹਿਣ ਲੱਗੇ, ਬਈ ਮੈਂ ਰੋੜਾ ਮਾਰਿਆ ਹੈ, ਮਿੱਟੀ ਦਾ ਡਲਾ। ਮੈਂ ਪਹਿਲਾਂ ਕਰਮ ਕਰ ਲਿਆ, ਉਹਦਾ ਫਲ ਮੈਨੂੰ ਮਿਲ ਗਿਆ। ਸੋ ਕਰਮ ਇਸ ਤਰ੍ਹਾਂ ਕੰਮ ਕਰਦਾ ਹੈ। ਤੀਜਾ ਕਹਿੰਦਾ ਸੀ ਕਿ ਉਹ ਨਰਕ ਕਿਸ ਤਰ੍ਹਾਂ ਮਿਲਦਾ ਹੈ, ਉਹ ਵੀ ਅਗਨ ਹੈ ਤੇ ਉਹ ਵੀ ਅਗਨ ਹੈ। ਸਰੀਰ ਨੂੰ ਕਿਸ ਤਰ੍ਹਾਂ ਸਜ਼ਾ ਮਿਲਦੀ ਹੈ, ਸਰੀਰ ਵੀ ਮਿੱਟੀ ਹੈ ਤੇ ਰੋੜਾ ਵੀ ਮਿੱਟੀ ਹੈ। ਇਸ ਤਰ੍ਹਾਂ ਸਜ਼ਾ ਮਿਲਦੀ ਹੈ ਤੈਨੂੰ ਪੀੜ ਹੋਣ ਲਗ ਪਈ।

ਸੋ ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਹਨ ਕਿ ਸੰਸਾਰ ਸੰਸੇ ਵਿਚ ਪਿਆ ਹੈ, ਵਾਹਿਗੁਰੂ ਤਾਂ ਕੋਲ ਹੈ, ਪਰ ਇਕ ਕਾਰਨ ਦਸਦੇ ਹਨ ਕਿ ਇਹਦੇ ਅੰਦਰ ਹਉਮੈ ਦਾ ਪੜਦਾ ਪੈ ਗਿਆ। ਉਹ ਪੜਦਾ ਪੈਣ ਨਾਲ ਵਾਹਿਗੁਰੂ ਕੋਲ ਹੁੰਦਾ ਹੋਇਆ ਨਜ਼ਰ ਨਹੀਂ ਆਉਂਦਾ। ਇਹ ਹਉਮੈ ਦੇ ਰੋਗ ਨੇ ਸਾਰੀ ਸ੍ਰਿਸ਼ਟੀ ਨੂੰ ਵਾਹਿਗੁਰੂ ਨਾਲੋਂ ਤੋੜ ਦਿਤਾ। ਖਾਸ ਕਰਕੇ ਇਹ ਰੋਗ ਮਨੁਖ ਨੂੰ ਮਿਲਿਆ ਹੋਇਆ ਹੈ ਹੋਰ ਕਿਸੇ ਨੂੰ ਨਹੀਂ ਮਿਲਿਆ ਹੋਇਆ। ਪਸ਼ੂ ਨੂੰ ਜੇ ਡੰਡਾ

ਮਾਰੋ ਤਾਂ ਉਹਦੀ ਹਉਮੈ ਦੁਖਿਤ ਨਹੀਂ ਹੁੰਦੀ, ਉਹ ਫੇਰ ਉਥੇ ਹੀ ਆ ਜਾਏਗਾ। ਕੁਤੇ ਨੂੰ ਮਾਰੋ ਉਹ ਫੇਰ ਉਥੇ ਹੀ ਆ ਜਾਏਗਾ। ਪਰ ਮਨੁਖ ਵਿਚ ਐਨੀ ਜ਼ਿਆਦਾ ਹਉਮੈ ਵੜੀ ਹੋਈ ਹੈ, ਇਹਦੀ ਚੇਤਨਤਾ ਦੁਖੀ ਹੋ ਜਾਂਦੀ ਹੈ। ਜਿਹੜਾ ਦਿਲ ਦੁਖੀ ਹੁੰਦਾ ਹੈ, ਜਖਮੀ ਹੁੰਦਾ ਹੈ, ਉਹ ਚੀਜ਼ ਕੀ ਹੈ? ਉਹ ਕੇਵਲ ਹਉਮੈ ਹੈ, ਹਉਮੈ ਹੋਣ ਕਰਕੇ ਇਸ ਨੂੰ ਦੁਖ ਪਹੁੰਚਦਾ ਹੈ। ਜੰਮਣ ਦੀ, ਮਰਨ ਦੀ, ਦੁਖ ਦੀ, ਸੁਖ ਦੀ, ਹਾਣ ਦੀ ਲਾਭ ਦੀ ਜੇਕਰ ਹਉਮੈ ਨਾ ਹੋਵੇ ਤਾਂ ਕੁਝ ਵੀ ਨਹੀਂ ਮਹਿਸੂਸ ਹੋਇਆ ਕਰਦਾ। ਮਹਾਰਾਜ ਦਾ ਫੁਰਮਾਨ ਹੈ –

***ਬਿਨੁ ਗੁਰ ਰੋਗੁ ਨ ਤੁਟਈ ਹਉਮੈ ਪੀੜ ਨ ਜਾਇ॥***

***ਅੰਗ – 36***

ਜਿੰਨੀ ਦੇਰ ਤਕ ਪੂਰਾ ਗੁਰੂ ਨਹੀਂ ਮਿਲਦਾ ਉਨੀ ਦੇਰ ਤਕ ਹਉਮੈ ਦੀ ਪੀੜ ਨਹੀਂ ਜਾਏਗੀ। ਇਸ ਤਰ੍ਹਾਂ ਨਾਲ ਫੁਰਮਾਨ ਕੀਤਾ ਹੈ –

***ਧਾਰਨਾ – ਬਿਨਾ ਗੁਰਾਂ ਤੋਂ ਰੋਗ ਨਹੀਓਂ ਜਾਣਾ,***
***ਹਉਮੈ ਵਾਲੀ ਪੀੜ ਹੈ ਬੁਰੀ –2, 2.***

***ਬਿਨੁ ਗੁਰ ਰੋਗੁ ਨ ਤੁਟਈ ...............॥***

***ਅੰਗ – 36***

ਜਿੰਨੀ ਦੇਰ ਤਕ ਸਮਰਥ ਗੁਰੂ ਨਹੀਂ ਮਿਲਦਾ, ਉਨੀ ਦੇਰ ਤੱਕ ਇਹ ਹਉਮੈ ਦਾ ਰੋਗ ਨਹੀਂ ਟੁਟਦਾ –

***ਬਿਨੁ ਗੁਰ ਰੋਗੁ ਨ ਤੁਟਈ ਹਉਮੈ ਪੀੜ ਨ ਜਾਇ॥***
***ਗੁਰ ਪਰਸਾਦੀ ਮਨਿ ਵਸੈ ਨਾਮੇ ਰਹੈ ਸਮਾਇ॥***

***ਅੰਗ – 36***

ਜੇ ਗੁਰੂ ਕ੍ਰਿਪਾ ਹੋ ਜਾਏ, ਨਾਮ ਮਨ ਵਿਚ ਵਸ ਜਾਏ, ਭਰਮ ਤੇ ਅਵਿਦਿਆ ਦੂਰ ਹੋ ਜਾਵੇ ਫੇਰ ਨਾਮ ਵਿਚ ਹਰ ਵਕਤ ਸਮਾਇਆ ਰਹਿੰਦਾ ਹੈ, ਪਰੀਪੂਰਨ ਸ਼ਕਤੀ ਦੇ ਅੰਦਰ, ਜਿਹੜੀ ਕਿ ਹਰੇਕ ਦੇ ਨਾਲ ਵਸਦੀ ਹੈ –

***ਮਨ ਰੇ ਨਿਜ ਘਰਿ ਵਾਸਾ ਹੋਇ॥***
***ਰਾਮ ਨਾਮੁ ਸਾਲਾਹਿ ਤੂ***
***ਫਿਰਿ ਆਵਣ ਜਾਣੁ ਨ ਹੋਇ॥ ਅੰਗ – 36***

ਸੋ ਸੰਸਾਰ ਦੇ ਅੰਦਰ ਸਾਰਾ ਕਾਰਣ ਸੰਸੇ ਦਾ, ਦੁਖ ਦਾ ਹੈ, ਇਹਦੇ ਅੰਦਰ ਭਰਮ ਪੈ ਗਿਆ। ਸਾਰੇ ਗੁਰੂ, ਪੀਰ, ਵੇਦ, ਸਾਸ਼ਤਰ, ਮਹਾਂਪੁਰਸ਼, ਇਕੋ ਗੱਲ ਹੀ ਦਸਦੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਨਾਮ ਹੀ ਨਾਮ ਹੈ ਤੇ ਅਸੀਂ ਪੜ੍ਹ ਪੜ੍ਹ ਕੇ ਅਕ ਜਾਂਦੇ ਹਾਂ। ਇਹ ਅੱਖਰ ਤਾਂ ਪੜ੍ਹ ਲਿਆ ਪਰ ਇਹਦੀ ਸਮਤਾ ਦਾ ਪਤਾ ਨਹੀਂ ਹੈ ਕਿ ਇਹ ਚੀਜ਼ ਕੀ ਹੈ? ਉਹ ਐਸਾ ਸੰਸਾਰ ਹੈ ਜਿਸਦੇ ਬਾਰੇ ਕੁਝ ਕਿਹਾ ਹੀ ਨਹੀਂ ਜਾ ਸਕਦਾ। ਉਥੇ ਐਨਾ ਪਰਮ ਅਨੰਦ ਹੈ ਕਿ ਉਥੇ ਆਦਮੀ ਚੁਪ ਹੋ ਜਾਂਦਾ ਹੈ, ਦਸ ਨਹੀਂ ਸਕਦਾ–

*ਕਹੁ ਕਬੀਰ ਗੂੰਗੈ ਗੁੜੁ ਖਾਇਆ*
*ਪੂਛੇ ਤੇ ਕਿਆ ਕਹੀਐ ॥* *ਅੰਗ - 334*

ਕੀ ਦਸੇ, ਗੁੰਗੇ ਕੋਲ ਜ਼ੁਬਾਨ ਨਹੀਂ ਹੈ। ਸੋ ਇਸੇ ਤਰ੍ਹਾਂ ਨਾਮ ਨੂੰ ਦੱਸਣ ਵਾਸਤੇ, ਅਜੇ ਤਕ ਕੋਈ ਬੋਲੀ ਬਣੀ ਨਹੀਂ ਹੈ। ਕੋਈ ਆਲਾ ਨਹੀਂ ਬਣਿਆ ਜੋ ਉਹਨਾਂ ਨੂੰ ਪਤਾ ਲਗ ਜਾਵੇ ਕਿ ਨਾਮ ਇਹ ਚੀਜ਼ ਹੈ, ਜੋ ਬੇਅੰਤ ਤਰੀਕਿਆਂ ਨਾਲ ਦਸਿਆ ਜਾਂਦਾ ਹੈ। ਅਵਿਦਿਆ ਤੇ ਭੁਲ ਦੇ ਵਿਚ ਹੋਣ ਕਰਕੇ ਐਸੇ ਖਿਆਲ ਆਉਂਦੇ ਹਨ ਉਹਨਾਂ ਨੂੰ।

ਸੰਸਾਰ ਦੇ ਅੰਦਰ ਤਿੰਨ ਦੁਖੀ ਹੋਇਆ ਕਰਦੇ ਹਨ। ਇਕ ਤਾਂ ਉਹ ਹੈ ਜਿਸਨੂੰ ਸ਼ਰਧਾ ਨਾ ਹੋਵੇ, ਉਹ ਦੁਖੀ ਹੋਇਆ ਕਰਦਾ ਹੈ। ਦੂਜਾ ਉਹ ਦੁਖੀ ਹੁੰਦਾ ਹੈ ਜਿਸ ਦੇ ਅੰਦਰ ਅਵਿਦਿਆ ignorance ਹੈ। ਤੀਜਾ ਉਹ ਹੈ ਜਿਸਦੇ ਅੰਦਰ ਸੰਸਾ ਹੈ, ਭਰਮ ਹੈ। ਸੰਸਾ ਪੈ ਜਾਂਦਾ ਹੈ ਗੱਲ ਦਾ। ਜੇ ਸੰਸਾ ਪੈ ਜਾਵੇ ਅਤੇ ਜਦੋਂ ਤਕ ਉਹ ਨਿਕਲ ਨਾ ਜਾਵੇ ਉਹ ਕੰਡੇ ਦੀ ਤਰ੍ਹਾਂ ਚੁਭਦਾ ਰਹਿੰਦਾ ਹੈ। ਸੰਸਾ ਪੈ ਗਿਆ, ਸ਼ੱਕ ਪੈ ਗਿਆ ਕਿਸੇ ਤੇ, ਸ਼ੱਕ ਇਹ ਪੈ ਗਿਆ ਕਿ ਸੰਸਾਰ ਹੋਰ ਹੈ ਤੇ ਵਾਹਿਗੁਰੂ ਹੋਰ ਹੈ ਤੇ ਮੈਂ ਕੋਈ ਹੋਰ ਚੀਜ਼ ਹਾਂ। ਇਹ ਅੰਦਰਲੀ ਖੋਜ ਨਹੀਂ ਕਰਦਾ। ਖੋਜ ਨਾ ਕਰਨ ਕਰਕੇ, ਇਕ ਤਰ੍ਹਾਂ ਦੇ ਨਾਲ ਇਹ ਦੁਖੀ ਹੈ। ਜਿਸ ਨੂੰ ਇਕ ਨੀਂਦ ਦੇ ਨਾਲ ਤਸਬੀ ਦਿੱਤੀ ਹੈ, ਸੰਸੇ ਦੀ ਨੀਂਦ ਵਿਚ ਸੁੱਤਾ ਪਿਆ ਤਕਲੀਫ ਕਟ ਰਿਹਾ ਹੈ। ਇਸ ਨੂੰ ਜਾਗ ਨਹੀਂ ਆਈ, ਜੇ ਜਾਗ ਆ ਜਾਵੇ ਤਾਂ ਇਸ ਨੂੰ ਪਤਾ ਲਗ ਜਾਵੇ।

ਇਕ ਵਾਰੀ ਇਕ ਰਾਜਾ ਸੀ, ਜਿਸ ਦਾ ਨਾਮ 'ਸਿਕੀ' ਸੀ। ਉਹ ਬੜਾ ਸ਼ਕੀ ਰਾਜਾ ਸੀ। ਉਸਨੇ ਆਪਣੇ ਵਾਸਤੇ ਸਿਕਓਰਿਟੀ ਦਾ ਐਨਾ ਜਬਰਦਸਤ ਬੰਦੋਬਸਤ ਕੀਤਾ ਹੋਇਆ ਸੀ ਕਿ ਉਹ ਉਪਰ ਸਤਵੀਂ ਮੰਜਲ ਤੇ ਸੌਂਦਾ ਸੀ। ਪਹਿਲੀ ਮੰਜਲ ਦੇ ਚਾਰੇ ਪਾਸੇ ਆਲੇ ਦੁਆਲੇ ਥਾਉਂ ਬਣਾਇਆ ਹੋਇਆ ਸੀ ਸਿਪਾਹੀਆਂ ਦੇ ਖਲੋਣ ਵਾਸਤੇ। ਛੇਵੀਂ ਮੰਜਲ ਤੱਕ ਸਿਪਾਹੀ ਖਲੋਂਦੇ ਸਨ। ਸੱਤਵੀਂ ਵਿਚ ਜਾ ਕੇ ਆਪ ਸੌਂਦਾ ਸੀ। ਦਰਵਾਜ਼ੇ ਐਨੇ ਮਜ਼ਬੂਤ ਸਨ ਕਿ ਕਿਸੇ ਤਰੀਕੇ ਨਾਲ ਵੀ ਤੋੜੇ ਨਹੀਂ ਜਾ ਸਕਦੇ ਸਨ। ਜਿਸ ਤਰ੍ਹਾਂ ਅੰਮ੍ਰਿਤਸਰ ਵਿਚ ਬਾਬੇ ਅਟੱਲ ਦੇ ਅੰਦਰ ਪੌੜੀਆਂ ਹਨ। ਇਸੇ ਤਰ੍ਹਾਂ ਇਸਦੇ ਮਹਿਲ ਵਿਚ ਸਨ। ਹੇਠਾਂ ਤਾਂ ਆਪ ਤਾਲੇ ਬੰਦ ਕਰਦਾ ਕਰਦਾ ਉਪਰ ਆਉਂਦਾ ਸੀ। ਇਕ ਦਿਨ ਰਾਤ ਨੂੰ ਕੀ ਦੇਖਦਾ ਹੈ ਕਿ ਦੁਸ਼ਮਨ ਚੜ੍ਹ ਕੇ ਆ ਗਿਆ ਤੇ ਰਾਜਾ ਨਿਕਲ ਕੇ ਜੰਗਲ ਨੂੰ ਦੌੜ ਗਿਆ। ਇਹਦੀ ਬਹੁਤ ਬੇਇਜ਼ਤੀ ਹੋਈ, ਰਾਣੀਆਂ ਨੇ ਵੀ ਇਹਦੀ ਬਹੁਤ ਬੇਇਜ਼ਤੀ ਕੀਤੀ, ਅਮੀਰਾਂ ਵਜ਼ੀਰਾਂ ਨੇ ਵੀ ਕੀਤੀ ਤੇ ਇਹਨੂੰ ਕੱਢ ਦਿਤਾ ਗਿਆ। ਜਿਥੇ ਘੋਰ ਵਣ ਸੀ ਇਸਨੇ ਉਥੇ ਜਾ ਕੇ ਪਨਾਹ ਲੈ ਲਈ ਤੇ ਉਥੇ ਇਕ ਹਲਕੀ ਹੋਈ ਗਿਦੜੀ ਆ ਗਈ। ਉਸ ਗਿਦੜੀ ਨੇ ਆ ਕੇ ਇਸ ਦੀ ਲੱਤ ਵੱਢ ਖਾਧੀ। ਪਟ ਵੱਢ ਲਿਆ ਤੇ ਬੜਾ ਰੋਇਆ। ਕੋਲ ਹਥਿਆਰ ਕੋਈ ਨਹੀਂ, ਇਕ ਨਿੱਕੀ ਜਿਹੀ ਟੁਟੀ ਹੋਈ ਲੱਕੜੀ ਨੂੰ ਚੁਕਣ ਦਾ ਯਤਨ ਕਰਦਾ ਹੈ, ਉਸਤੋਂ ਪਹਿਲਾਂ ਹੀ ਗਿਦੜੀ ਨੇ ਵੱਢ ਦਿੱਤਾ ਸੀ। ਇਹ ਦੂਜੇ ਰਾਜੇ ਦੇ ਰਾਜ ਵਿਚ ਘੁੰਮ ਰਿਹਾ ਹੈ। ਉਸ ਵੇਲੇ ਇਸਨੇ ਬਹੁਤ ਦੁਖ ਮਹਿਸੂਸ ਕੀਤਾ, ਬਹੁਤ ਰੋਂਦਾ ਹੈ ਕਿ ਮੇਰੇ ਤੇ ਕੋਈ ਤਰਸ ਕਰੋ। ਮੈਨੂੰ

ਜ਼ਖਮ ਬਹੁਤ ਤੰਗ ਕਰ ਰਿਹਾ ਹੈ। ਇਸ ਜ਼ਖਮ ਤੇ ਕੋਈ ਦਵਾਈ ਲਾ ਦੇਵੇ। ਸੋ ਉਹ ਪੁਛਦਾ ਪੁਛਾਂਦਾ ਇਕ ਘਾਵ ਬੰਨਣ ਵਾਲੇ ਕੋਲ ਪਹੁੰਚ ਗਿਆ, ਜੋ ਜ਼ਖਮ ਤੇ ਮਲ੍ਹਮ ਪੱਟੀ ਕਰਦੇ ਸਨ – ਜਰਾਹ ਦੇ ਪਾਸ। ਉਸ ਜਰਾਹ ਨੇ ਕਿਹਾ ਕਿ ਮੈਂ ਤਾਂ ਇਕ ਧੇਲਾ ਲਵਾਂਗਾ ਤਾਂ ਤੇਰੀ ਦਵਾਈ ਦਾਰੂ ਕਰਾਂਗਾ, ਨਹੀਂ ਤਾਂ ਮੈਂ ਨਹੀਂ ਕਰ ਸਕਦਾ। ਉਸਨੇ ਬਹੁਤ ਬੇਨਤੀਆਂ ਕੀਤੀਆਂ ਕਿ ਮੈਂ ਫਲਾਣੇ ਦੇਸ਼ ਦਾ ਰਾਜਾ ਹਾਂ, ਮੇਰੇ ਤੇ ਵਕਤ ਖਰਾਬ ਆ ਗਿਆ, ਮੈਨੂੰ ਕੱਢ ਦਿੱਤਾ। ਮੇਰੀ ਜੋ ਇਹ ਹਾਲਤ ਬਣੀ ਹੋਈ ਹੈ ਇਸੇ ਕਰਕੇ ਹੋਈ ਹੋਈ ਹੈ। ਕੀ ਪਤਾ ਮੈਂ ਕੱਲ ਨੂੰ ਫੇਰ ਰਾਜਾ ਬਣ ਜਾਵਾਂ, ਤੈਨੂੰ ਫੇਰ ਵੱਡਾ ਉਹਦੇਦਾਰ ਬਣਵਾ ਦਿਆਂ ਤੇਰਾ ਕੀਤਾ ਹੋਇਆ ਭਲਾ ਮੈਂ ਜ਼ਿੰਦਗੀ ਭਰ ਨਹੀਂ ਭੁਲਾਂਗਾ। ਰਾਜੇ ਨੇ ਬਹੁਤ ਤਰਲੇ ਕੀਤੇ ਪਰ ਉਹ ਐਸਾ ਅੜਿਆ ਕਿ ਉਸਨੇ ਰਾਜੇ ਦੇ ਜ਼ਖਮਾਂ ਤੇ ਪੱਟੀ ਨਾ ਕੀਤੀ।

ਉਥੋਂ ਦੁਖੀ ਹੋ ਕੇ ਚਲ ਪਿਆ। ਜਾਂਦੇ ਜਾਂਦੇ ਰਸਤੇ ਵਿਚ ਇਕ ਮਹਾਤਮਾ ਮਿਲ ਗਏ। ਜਦੋਂ ਮਹਾਤਮਾ ਨੇ ਦੇਖਿਆ ਤਾਂ ਪੁਛਿਆ ਪ੍ਰੇਮੀਆਂ! ਤੂੰ ਐਨਾ ਕਿਉਂ ਰੋ ਰਿਹਾ ਹੈ? ਕਹਿਣ ਲੱਗਾ, ਮਹਾਰਾਜ! ਮੈਂ ਰਾਜਾ ਸੀ, ਪਰਸੋਂ ਹੀ ਰਾਜਾ ਸੀ ਤੇ ਫਲਾਣੇ ਰਾਜੇ ਨੇ ਮੇਰੇ ਤੇ ਹਮਲਾ ਕਰ ਦਿੱਤਾ। ਮੇਰਾ ਰਾਜ ਖੋਹ ਲਿਆ ਤੇ ਮੈਨੂੰ ਬੇਇਜ਼ਤ ਕਰਕੇ ਰਾਜ ਤੋਂ ਬਾਹਰ ਕੱਢ ਦਿੱਤਾ। ਮੇਰੀਆਂ ਬਹੁਤ ਫੌਜਾਂ ਸਨ ਤੇ ਮੇਰੀ ਰਾਖੀ ਵੀ ਫੌਜਾਂ ਕਰਦੀਆਂ ਸਨ। ਪਰ ਮੈਨੂੰ ਕੀ ਪਤਾ ਸੀ ਕਿ ਸਾਰਿਆਂ ਨੇ ਹੀ ਬੇਇਮਾਨ ਹੋ ਜਾਣਾ ਹੈ। ਜਿਹੜੀਆਂ ਮੇਰੀਆਂ ਰਾਣੀਆਂ ਸਨ ਉਹ ਸਾਰੀਆਂ ਦੀਆਂ ਸਾਰੀਆਂ ਮੇਰੇ ਬਰਖਲਾਫ ਹੋ ਗਈਆਂ ਹਨ ਤੇ ਨਵੇਂ ਰਾਜੇ ਦੇ ਗੁਣ ਗਾ ਰਹੀਆਂ ਹਨ ਅਤੇ ਉਹਦੇ ਸਾਹਮਣੇ ਹੀ ਮੈਨੂੰ ਤਾਨ੍ਹੇ ਮੇਣੇ ਮਾਰਦੀਆਂ ਰਹੀਆਂ। ਮੈਂ ਦੁਖੀ ਹੋ ਕੇ ਜੰਗਲ ਵਿਚ ਚਲਾ ਗਿਆ। ਉਥੇ ਮੈਨੂੰ ਗਿਦੜੀ ਨੇ ਵਢ ਖਾਧਾ ਹੈ। ਪੱਟੀ ਕਰਨ ਵਾਲਾ ਇਕ ਧੇਲਾ ਮੰਗਦਾ ਹੈ, ਜੋ ਮੇਰੇ ਪਾਸ ਨਹੀਂ ਹੈ। ਮੈਨੂੰ ਮੰਗਣਾ ਵੀ ਨਹੀਂ ਆਉਂਦਾ ਕਿ ਕਿਸ ਤਰ੍ਹਾਂ ਮੰਗੀਦਾ ਹੈ? ਮਹਾਤਮਾ ਨੇ ਕਿਹਾ, ਤੂੰ ਫਿਕਰ ਨਾ ਕਰ। ਰਾਜੇ ਨੂੰ ਨਾਲ ਆਪਣੇ ਆਸ਼ਰਮ ਵਿਚ ਲੈ ਗਏ ਤੇ ਕਿਹਾ ਭਾਈ ਵਕਤ ਤਾਂ ਵੱਡਿਆਂ ਵੱਡਿਆਂ ਤੇ ਆਏ ਹਨ, ਇਹ ਭਾਵੀ ਹੋਇਆ ਕਰਦੀ ਹੈ, ਇਹ ਟਲਿਆ ਨਹੀਂ ਕਰਦੀ। ਜਦੋਂ ਆਉਂਦੀ ਹੈ ਵਡਿਆਂ ਵਡਿਆਂ ਨੂੰ ਲਪੇਟ ਕੇ ਲੈ ਜਾਂਦੀ ਹੈ। ਭਾਵੇਂ ਕਿੰਨਾ ਵੱਡਾ ਹੀ ਕਿਉਂ ਨਾ ਹੋਵੇ। ਕੋਈ ਇਕ ਦਿਨ ਪਹਿਲਾਂ ਉਸ ਨੂੰ ਪਤਾ ਨਹੀਂ ਹੁੰਦਾ ਦੂਜੇ ਦਿਨ ਪਤਾ ਲਗਦਾ ਹੈ ਕਿ ਇਹ ਕੀ ਹੋ ਗਿਆ? ਕਹਿੰਦੇ ਕੋਈ ਗੱਲ ਨਹੀਂ ਇਨਸਾਨ ਇਨਸਾਨ ਦਾ ਦਾਰੂ ਹੋਇਆ ਕਰਦੀ ਹੈ। ਚਲ ਮੈਂ ਤੇਰਾ ਇਲਾਜ ਕਰਦਾ ਹਾਂ। ਮੇਰੇ ਆਸਰਮ ਵਿਚ ਰਹਿ, ਪ੍ਰਸ਼ਾਦ ਪਾਣੀ ਛਕ, ਵਸਤ੍ਰ ਵੀ ਮਿਲਣਗੇ ਅਤੇ ਤੇਰਾ ਮੈਂ ਇਲਾਜ ਵੀ ਕਰਾਂਗਾ।

ਸੋ ਮਹਾਂਪੁਰਸ਼ ਨਾਲ ਲੈ ਗਏ ਤੇ ਉਹਨਾਂ ਨੇ ਸਾਰਾ ਕੁਝ ਕੀਤਾ। ਚੰਗੀ ਤਰ੍ਹਾਂ ਇਲਾਜ ਕੀਤਾ, ਜ਼ਖਮ ਵੀ ਰਾਜ਼ੀ ਹੋ ਗਿਆ। ਪ੍ਰਸ਼ਾਦ ਪਾਣੀ ਵੀ ਮਿਲਦਾ ਰਿਹਾ, ਵਸਤ੍ਰ ਵੀ ਮਿਲੇ। ਇਕ ਦਿਨ ਉਸਦੇ ਮਨ ਵਿਚ ਖਿਆਲ ਆਇਆ ਕਿ ਮੈਂ ਉਸ ਬੰਦੇ ਨੂੰ ਜਾ ਕੇ ਜ਼ਰੂਰ ਮਿਲਣਾ ਹੈ ਜਿਸਨੇ ਮੇਰੇ ਪੱਟੀ ਨਹੀਂ ਸੀ ਕੀਤੀ। ਉਥੇ ਜਾਕੇ ਉਹਦੇ ਨਾਲ ਖਹਿੜਨ ਲਗ ਪਿਆ ਤੇ ਧਕਮ ਧੱਕੀ ਹੋ

ਗਏ, ਇਹ ਗਿਰ ਗਿਆ ਤੇ ਐਨੇ ਵਿਚ ਏਹਦੀ ਅੱਖ ਖੁਲ੍ਹ ਗਈ। ਅੱਖ ਖੁਲ੍ਹਣ ਤੇ ਸੋਚਣ ਲੱਗਾ ਕਿ ਮੈਨੂੰ ਪਤਾ ਨਹੀਂ ਲਗਦਾ ਕਿ ਇਹ ਸੁਪਨਾ ਹੈ ਕਿ ਉਹ ਸੁਪਨਾ ਹੈ ਆਲੇ ਦੁਆਲੇ ਦੇਖਦਾ ਹੈ ਕਿ ਹਥਿਆਰ ਹੀ ਹਥਿਆਰ ਪਏ ਹਨ। ਗੋਲੀਆਂ ਭਰੀਆਂ ਪਈਆਂ ਹਨ, ਬਰਛੇ ਪਏ ਹਨ, ਹੋਰ ਸਸ਼ਤਰ ਪਏ ਹਨ। ਚਲਾਉਣ ਵਾਲੇ, ਦੂਰ ਸਿੱਟਣ ਵਾਲੇ ਤੇ ਬਾਹਰ ਨਿਕਲਕੇ ਦੇਖਦਾ ਹੈ ਕਿ ਫੌਜ ਉਸੇ ਤਰ੍ਹਾਂ ਕਾਇਮ ਹੈ, ਸੱਤਾਂ ਮੰਜ਼ਲਾਂ ਤੇ ਹੀ ਪਹਿਰਾ ਦੇ ਰਹੇ ਹਨ ਤੇ ਹੈਰਾਨ ਹੋ ਗਿਆ ਕਿ ਮੇਰੀ ਐਨੀ ਬੁਰੀ ਹਾਲਤ ਹੋਈ।

ਸੋ ਮਹਾਰਾਜ ਕਹਿੰਦੇ ਹਨ ਕਿ ਜੀਵ ਜਿਹੜਾ ਹੈ, ਉਸਦੀ ਹਾਲਤ ਵੀ ਠੀਕ ਏਸੇ ਤਰ੍ਹਾਂ ਦੀ ਹੈ, ਮਹਾਰਾਜ ਕਹਿੰਦੇ ਇਸ ਤਰ੍ਹਾਂ ਹੈ –

***ਧਾਰਨਾ – ਨਰਪਤ ਏਕ ਸਿੰਘਾਸਨ ਸੋਇਆ***
***ਸੁਪਨੇ ਭਇਆ ਭਿਖਾਰੀ ਜੀ –2, 2.***

***ਮਾਧਵੇ ਕਿਆ ਕਹੀਐ ਭ੍ਰਮੁ ਐਸਾ॥***
***ਜੈਸਾ ਮਾਨੀਐ ਹੋਇ ਨ ਤੈਸਾ॥ ਅੰਗ – 657***

ਸੋ ਇਹਦੇ ਵਿਚ ਮਹਾਰਾਜ ਨੇ ਬੜੀ ਡੂੰਘੀ ਵਿਚਾਰ ਫੁਰਮਾਈ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਫੁਰਮਾਨ ਹੈ, ਆਪ ਲਿਖਦੇ ਹਨ ਹੇ ਪ੍ਰਭੂ! ਜਦ ਤੱਕ ਮੈਂ ਸੀਗਾ ਤੂੰ ਨਹੀਂ ਸੀ। ਮੈਂ ਮਿੰਨਤਾਂ ਹੀ ਕਰਦਾ ਰਿਹਾ, ਬੇਨਤੀਆਂ ਕਰਦਾ ਰਿਹਾ, ਰੋਂਦਾ ਹੀ ਰਿਹਾ ਤੇ ਤੇਰਾ ਵਿਛੋੜਾ ਅਨੁਭਵ ਕਰਦਾ ਰਿਹਾ, ਰੋਟੀ ਨਾ ਖਾਧੀ, ਭੁਖਾ ਰਿਹਾ, ਤਿਹਾਇਆ ਰਿਹਾ, ਬੇਅੰਤ ਕਿਸਮ ਦੀਆਂ ਤਕਲੀਫਾਂ ਸਦਾ ਵੈਰਾਗ ਵਿਚ ਹੀ ਰਹਿੰਦਾ ਸੀ। ਉਸ ਵੇਲੇ ਤੂੰ ਹੈ ਨਹੀਂ ਸੀ, ਜਦੋਂ ਮੈਂ ਸੀ। ਪਰ ਹੁਣ ਮੈਂ ਹੈਰਾਨ ਹੋ ਗਿਆ ਕਿ ਜਦੋਂ ਮੈਂ ਮਰ ਗਿਆ, ਮੈਂ ਆਪਣੇ ਆਪ ਨੂੰ ਬਿਲਕੁਲ ਗੁਆ ਦਿੱਤਾ ਤੇ ਮੈਂ ਰਿਹਾ ਹੀ ਨਾ ਹੁਣ। ਮੈਂ ਦੇਖ ਕੇ ਹੈਰਾਨ ਹੋ ਰਿਹਾ ਹਾਂ ਕਿ ਤੂੰ ਹੀ ਤੂੰ ਹੈਂ, ਮੈਂ ਤਾਂ ਰਿਹਾ ਹੀ ਨਹੀਂ ਏਥੇ। ਕਹਿਣ ਲੱਗੇ ਕਿ ਇਹ ਕਿਹੋ ਜਿਹਾ ਭਰਮ ਪਿਆ ਹੋਇਆ ਹੈ? ਬਹੁਤ ਵੱਡਾ ਭਰਮ ਪੈ ਗਿਆ ਬਈ ਇਹ ਗੱਲ ਕੀ ਹੋਈ, ਜਦੋਂ ਤਾਂ ਮੈਂ ਹੁੰਦਾ ਹਾਂ, ਤਾਂ ਤੂੰ ਨਹੀਂ ਹੁੰਦਾ, ਜਦੋਂ ਤੂੰ ਹੁੰਦਾ ਹੈਂ, ਉਸ ਵੇਲੇ ਮੈਂ ਨਹੀਂ ਹੁੰਦਾ। ਕਹਿਣ ਲੱਗੇ ਕਿਹੋ ਜਿਹਾ ਭਰਮ ਪੈ ਗਿਆ?

***ਮਾਧਵੇ ਕਿਆ ਕਹੀਐ ਭ੍ਰਮੁ ਐਸਾ॥***
***ਜੈਸਾ ਮਾਨੀਐ ਹੋਇ ਨ ਤੈਸਾ॥ ਅੰਗ – 657***

ਅਸੀਂ ਤਾਂ ਕੁਝ ਹੋਰ ਮੰਨਦੇ ਸੀ ਪਰ ਵੈਸਾ ਨਿਕਲਿਆ ਨਹੀਂ।

ਜਿਸ ਤਰ੍ਹਾਂ ਕਿ ਕੋਈ ਆਦਮੀ ਰੜੇ ਮੈਦਾਨ ਵਿਚ ਜਾ ਰਿਹਾ ਸੀ। ਉਥੇ ਉਸ ਨੂੰ ਪਿਆਸ ਲਗ ਗਈ। ਇਕ ਵਾਰੀ ਦੀ ਗੱਲ ਹੈ, ਅਸੀਂ ਜ਼ਮੀਨਾਂ ਖਰੀਦਦੇ ਫਿਰਦੇ ਸੀ। ਕਈਆਂ ਨੇ ਕਿਹਾ ਕਿ ਬੀਕਾਨੇਰ ਵਿਚ ਜ਼ਮੀਨਾਂ ਮਿਲਦੀਆਂ ਹਨ। ਗੰਗਾ ਨਗਰ ਤੋਂ ਪਰਲੇ ਪਾਸੇ ਉਥੋਂ ਨਹਿਰ ਨਿਕਲਣੀ ਹੈ, ਲੋਕ ਉਥੇ ਪਹਿਲੇ ਹੀ ਚਲੇ ਜਾਇਆ ਕਰਨ। ਲੋਕ ਕਾਫੀ ਸਿਆਣੇ ਹੋਇਆ ਕਰਦੇ ਹਨ। ਅਸੀਂ ਵੀ ਯੂ.ਪੀ. ਵਿਚ ਜ਼ਮੀਨ ਲਈ ਸੀ। ਉਧਰ ਦੇਖਣ ਵਾਸਤੇ ਚਲੇ ਗਏ ਸੱਤ ਅੱਠ ਬੰਦੇ ਨਾਲ ਲੈ ਲਏ। ਅਸੀਂ ਜਦੋਂ ਹਨੂਮਾਨਗੜ੍ਹ ਕੋਲੋਂ

ਲੰਘੇ, ਸਰੂਪ ਗੜ੍ਹ ਦੇ ਕੋਲ ਦੀ ਉਥੇ ਵੱਡੇ ਵੱਡੇ ਟਿੱਬੇ ਹਨ, ਅੱਧ ਅੱਧ ਮੀਲ ਚੌੜੇ ਹੋਣਗੇ। ਬਹੁਤ ਵੱਡੇ ਤੇ ਉਚੇ ਉਚੇ ਹਨ। ਉਥੋਂ ਦੋ ਕੁ ਟਿੱਬੇ ਲੰਘ ਕੇ ਅਗੇ ਗਏ ਤਾਂ ਪਿਆਸ ਲਗ ਆਈ, ਅਪ੍ਰੈਲ ਦਾ ਮਹੀਨਾ ਸੀ। ਇਕ ਪ੍ਰੇਮੀ ਕਹਿਣ ਲੱਗਾ ਮੈਨੂੰ ਤਾਂ ਬਹੁਤ ਪਿਆਸ ਲਗ ਗਈ ਹੈ ਕਿਤੇ ਨੇੜੇ ਪਾਣੀ ਮਿਲੇਗਾ? ਦੂਜੇ ਆਦਮੀ ਨੇ ਕਿਹਾ ਕਿ ਪਾਣੀ ਦੱਸ ਮੀਲ ਦੂਰੀ ਤੇ ਮਿਲੇਗਾ। ਪਿਛੇ ਚਾਰ ਮੀਲ ਰਹਿ ਗਿਆ, ਅੱਗੇ ਦਸ ਮੀਲ ਤੇ ਹੈ। ਐਨੇ ਨੂੰ ਉਹ ਰੜੇ ਮੈਦਾਨ ਦੇ ਅੰਦਰ ਦੇਖਣ ਲਗ ਪਿਆ। ਕਹਿਣ ਲੱਗਾ, ਦੇਖੋ! ਉਹ ਸਾਹਮਣੇ ਪਾਣੀ ਨਜ਼ਰ ਆ ਰਿਹਾ ਹੈ, ਕਿਉਂ ਨਹੀਂ ਹੈਗਾ ਪਾਣੀ। ਉਹ ਦੇਖੋ ਮੈਨੂੰ ਦਰਖਤਾਂ ਦੇ ਪਰਛਾਵੇਂ ਵੀ ਨਜ਼ਰ ਆ ਰਹੇ ਹਨ ਤੇ ਪਾਣੀ ਵੀ। ਦੂਜੇ ਨੇ ਕਿਹਾ ਇਹ ਤੇਰਾ ਭੁਲੇਖਾ ਹੈ। ਕਹਿਣ ਲੱਗਾ ਮੈਂ ਤਾਂ ਅੱਜ ਤਕ ਭੁਲੇਖਾ ਨਹੀਂ ਖਾਧਾ। ਦੂਜੇ ਨੇ ਕਿਹਾ ਚੰਗਾ ਚਲ ਤੇਰਾ ਭਰਮ ਦੂਰ ਕਰ ਦਿੰਦੇ ਹਾਂ। ਦਰਖਤ ਦੀ ਨਿਸ਼ਾਨੀ ਲਗਾ ਲਈ। ਜਦੋਂ ਤੂੰ ਉਥੇ ਪਹੁੰਚਣੈ ਫੇਰ ਤੈਨੂੰ ਪਾਣੀ ਅੱਗੇ ਨਜ਼ਰ ਆਉਣਾ ਹੈ। ਸੋ ਜਦੋਂ ਅਸੀਂ ਅੱਗੇ ਪਹੁੰਚੇ ਤਾਂ ਕਹਿਣ ਲੱਗਾ, ਨਹੀਂ ਏਥੇ ਤਾਂ ਹੈ ਨਹੀਂ। ਉਹ ਅੱਗੇ ਨਜ਼ਰ ਆ ਰਿਹਾ ਹੈ। ਜਿਥੇ ਅੱਗੇ ਦਰਖਤਾਂ ਦੀ ਛਾਂ ਹੈ, ਪਰ ਉਥੇ ਪਾਣੀ ਨਹੀਂ ਹੁੰਦਾ। ਹਿਰਨ ਵਿਚਾਰਾ ਪਾਣੀ ਦੀ ਤਲਾਸ਼ ਵਿਚ ਮਰ ਖਪ ਜਾਇਆ ਕਰਦਾ ਹੈ। ਦੂਰੋਂ ਤਾਂ ਪਾਣੀ ਨਜ਼ਰ ਆਉਂਦਾ ਹੈ ਪਰ ਪਾਣੀ ਨਹੀਂ ਹੁੰਦਾ। ਅਸਮਾਨ ਨੀਲਾ ਲਗਦਾ ਹੈ ਪਰ ਇਹ ਨੀਲਾ ਹੈ ਨਹੀਂ। ਜਿਉਂ ਜਿਉਂ ਉਪਰ ਚਲੇ ਜਾਓਗੇ, ਹੋਰ ਨੀਲਾ ਲਗੇਗਾ, ਹੋਰ ਉਪਰ ਜਾਓਗੇ ਹੋਰ ਨੀਲਾ ਨਜ਼ਰ ਆਏਗਾ।

ਸੋ ਇਸ ਤਰ੍ਹਾਂ -

*ਮਾਧਵੇ ਕਿਆ ਕਹੀਐ ਭ੍ਰਮੁ ਐਸਾ॥*

*ਅੰਗ - 657*

ਐਸਾ ਭਰਮ ਪੈ ਗਿਆ ਕਿ ਨਕਲੀ ਚੀਜ਼ ਅਸਲੀ ਚੀਜ਼ ਲਗਦੀ ਹੈ ਅਤੇ ਲਗਦੀ ਵੀ ਪੱਕੀ ਤਰ੍ਹਾਂ ਹੈ। ਹਨ੍ਹੇਰੇ ਵਿਚ ਰੱਸੀ ਪਈ ਹੈ, ਬੰਦਾ ਬਾਹਰ ਨਿਕਲ ਆਇਆ ਸੈਰ ਕਰਨ ਵਾਸਤੇ ਤੇ ਉਹਦੇ ਬਾਅਦ ਕੀ ਦੇਖਦਾ ਹੈ ਕਿ ਸੱਪ ਪਿਆ ਹੈ, ਅੰਦਰੋਂ ਲਾਠੀ ਲੈਣ ਚਲਾ ਗਿਆ, ਨਾਲੇ ਟਾਰਚ ਲਿਆਂਦੀ। ਇਕ ਨੇ ਕਿਹਾ ਮੈਂ ਟਾਰਚ ਫੜਦਾ ਹਾਂ, ਤੂੰ ਸੱਪ ਦੇ ਡੰਡਾ ਮਾਰੀ, ਐਵੇਂ ਨਾ ਨੱਠ ਕੇ ਪੈਰਾਂ ਵਿਚ ਆ ਵੜੇ। ਕਹਿੰਦਾ, ਜ਼ਰਾ ਪਿਛੇ ਹਟ ਜਾਹ ਮੈਨੂੰ ਟਾਰਚ ਨਾਲ ਦੇਖ ਲੈਣ ਦੇ। ਜਦੋਂ ਰੋਸ਼ਨੀ ਪਈ ਤਾਂ ਕੀ ਦੇਖਦਾ ਹੈ ਕਿ ਉਥੇ ਤਾਂ ਸੱਪ ਦਾ ਨਾਮ ਨਿਸ਼ਾਨ ਵੀ ਨਹੀਂ ਹੈ। ਇਹ ਤਾਂ ਕੇਵਲ ਰੱਸੀ ਪਈ ਹੈ। ਇਸ ਨੂੰ ਭਰਮ ਕਹਿੰਦੇ ਹਨ। ਇਹ ਭਰਮ ਕੋਈ ਐਸਾ ਨਹੀਂ ਹੈ ਕਿ ਖਿਆਲ ਦਾ ਹੀ ਹੋਵੇ, ਇਹ ਸੱਚਾ ਲਗਦਾ ਹੈ। ਰਾੜੇ ਵਾਲੇ ਮਹਾਰਾਜ ਜੀ ਦੱਸਿਆ ਕਰਦੇ ਸੀ ਕਿ ਜਦੋਂ ਇਕ ਨਹਿਰ ਬਣ ਰਹੀ ਸੀ। ਪੰਜ ਚਾਰ ਬੰਦੇ ਸਵੇਰੇ ਸਵੇਰੇ ਰਾਜਸਥਾਨ ਜਿਥੇ ਪੁਲ ਬਣਾਇਆ ਸੀ, ਉਥੇ ਨਾਲ ਲੱਕੜਾਂ ਗੱਡ ਦਿੱਤੀਆਂ ਕਿ ਕੋਈ ਗੱਡੀ ਨਾ ਮਾਰੇ ਵਿਚ। ਉਹ ਚਾਰ ਪੰਜ ਬੰਦੇ ਸਵੇਰੇ ਸਵੇਰੇ ਟੁਰ ਪਏ ਤੇ ਕਹਿਣ ਲੱਗੇ ਉਹ ਦੂਰ ਤਾਂ ਕੋਈ ਧਾੜਵੀ ਖੜ੍ਹਾ ਹੈ। ਦੋ ਤਿੰਨ ਜਿਹੜੇ ਸਿਆਣੇ ਸਨ, ਕਹਿਣ ਲੱਗੇ ਕਿ ਜਦੋਂ ਦਿਨ ਚੜ੍ਹੇਗਾ, ਆਪਾਂ ਤਾਂ ਉਦੋਂ

ਜਾਵਾਂਗੇ। ਉਹਨਾਂ ਵਿਚ ਇਕ ਬੜਾ ਬਹਾਦਰ ਬੰਦਾ ਸੀ, ਕਹਿਣ ਲੱਗਾ ਕਿ ਆਪਾਂ ਤਾਂ ਚਾਰ ਹਾਂ, ਉਹ ਤਾਂ ਇਕੋ ਹੀ ਖੜ੍ਹਾ ਹੈ। ਦੂਜੇ ਨੇ ਕਿਹਾ, ਨਹੀਂ! ਉਹ ਲੁਕ ਕੇ ਬੈਠੇ ਹੋਣੇ ਹਨ। ਉਹਨਾਂ ਨੇ ਆਪਾਂ ਨੂੰ ਦੇਖ ਲਿਆ ਹੈ ਤੇ ਹੁਣ ਉਡੀਕ ਰਹੇ ਹਨ। ਉਹਨੇ ਆਵਾਜ਼ ਦੇ ਦੇਣੀ ਹੈ ਤੇ ਆਪਾਂ ਨੇ ਕਾਬੂ ਆ ਜਾਣਾ ਹੈ। ਜੇ ਉਹਨਾਂ ਨੇ ਸਾਨੂੰ ਦੇਖ ਵੀ ਲਿਆ ਤੇ ਆਪਾਂ ਨੱਠ ਜਾਵਾਂਗੇ। ਉਹ ਕਿਹੜਾ ਸਾਡੇ ਨਾਲੋਂ ਤਕੜੇ ਹਨ, ਉਹਨਾਂ ਨੇ ਇੱਟਾਂ ਰੋੜੇ ਮਾਰਨੇ ਸ਼ੁਰੂ ਕਰ ਦਿੱਤੇ। ਪੱਲਾ ਭਰ ਲਿਆ ਰੋੜਿਆਂ ਨਾਲ। ਜਦੋਂ ਰੋੜਾ ਲੱਕੜ ਨੂੰ ਲੱਗਾ ਤੇ ਕੁਝ ਖੜਕਾ ਹੋਇਆ ਤਾਂ ਸੋਚਿਆ ਇਹ ਤਾਂ ਲੱਕੜ ਹੈ, ਨੇੜੇ ਆ ਕੇ ਬਾਕੀ ਸਾਥੀਆਂ ਨੂੰ ਵੀ ਬੁਲਾ ਲਿਆ, ਬਈ ਤੁਸੀਂ ਹੁਣ ਆ ਜਾਓ। ਉਹ ਬਾਕੀ ਡਰਦੇ ਫੇਰ ਵੀ ਨਾ ਆਉਣ। ਪਹਿਲੇ ਨੇ ਤਸੱਲੀ ਕਰਾਈ ਕਿ ਮੈਂ ਹੱਥ ਲਾ ਕੇ ਦੇਖ ਲਿਆ ਕਿ ਇਹ ਤਾਂ ਲੱਕੜ ਹੀ ਹੈ। ਸੋ ਕਿੰਨਾ ਭਰਮ ਪਿਆ, ਇਸਨੂੰ ਸੰਸਾ ਆਖਦੇ ਹਨ। ਇਸ ਸੰਸਾਰ ਦੇ ਵਿਚ ਭਰਮ ਪਿਆ ਹੋਇਆ ਹੈ।

ਭਗਤ ਰਵਿਦਾਸ ਜੀ ਕਹਿੰਦੇ ਹਨ –

***ਜਬ ਹਮ ਹੋਤੇ ਤਬ ਤੂ ਨਾਹੀ***
***ਅਬ ਤੂਹੀ ਮੈ ਨਾਹੀ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ***
***ਜਲ ਕੇਵਲ ਜਲ ਮਾਂਹੀ॥*** ***ਅੰਗ – 657***

ਸਮੁੰਦਰ ਵਿਚ ਲਹਿਰਾਂ ਉਠਦੀਆਂ ਹਨ, ਪਰ ਲਗਦੀਆਂ ਹਨ ਜਿਸ ਤਰ੍ਹਾਂ ਸਮੁੰਦਰ ਤੋਂ ਵਖਰੀਆਂ ਹਨ। ਪਰ ਹੈਰਾਨੀ ਦੀ ਗੱਲ ਹੈ ਕਿ ਉਹ ਕਿਸੇ ਵੀ ਤਰ੍ਹਾਂ ਸਮੁੰਦਰ ਤੋਂ ਵਖਰੀਆਂ ਨਹੀਂ ਹੁੰਦੀਆਂ। ਸੋ ਜਿਸ ਤਰ੍ਹਾਂ ਲਹਿਰ ਸਮੁੰਦਰ ਨਾਲੋਂ ਵਖਰੀ ਨਹੀਂ ਹੁੰਦੀ, ਇਹ ਕੇਵਲ ਭਰਮ ਸੀ ਕਿ ਲਹਿਰ ਹੋਰ ਹੈ ਤੇ ਸਮੁੰਦਰ ਹੋਰ ਹੈ –

***ਮਾਧਵੇ ਕਿਆ ਕਹੀਐ ਭ੍ਰਮੁ ਐਸਾ॥***
***ਜੈਸਾ ਮਾਨੀਐ ਹੋਇ ਨ ਤੈਸਾ॥***
***ਨਰਪਤਿ ਏਕੁ ਸਿੰਘਾਸਨਿ ਸੋਇਆ***
***ਸੁਪਨੇ ਭਇਆ ਭਿਖਾਰੀ॥*** ***ਅੰਗ – 658***

ਸੋ ਫੇਰ ਅਗਲੀ ਗੱਲ ਖੋਲ੍ਹਕੇ ਦਸਦੇ ਹਨ, ਕਿ ਇਕ ਰਾਜਾ ਆਪਣੇ ਸਿੰਘਾਸਣ ਤੇ ਬੈਠਾ ਬੈਠਾ ਸੌਂ ਗਿਆ ਤੇ ਭਿਖਾਰੀ ਬਣ ਗਿਆ, ਫੇਰ ਉਸ ਨੂੰ ਰਾਜ ਦਾ ਦੁਖ ਲੱਗਾ–

***ਅਛਤ ਰਾਜ ਬਿਛੁਰਤ ਦੁਖੁ ਪਾਇਆ***
***ਸੋ ਗਤਿ ਭਈ ਹਮਾਰੀ॥*** ***ਅੰਗ – 658***

ਸੋ ਸਾਡੀ ਵੀ ਉਹ ਗੱਲ ਹੋ ਗਈ। ਜਿਵੇਂ ਰਾਜੇ ਨੂੰ ਰਾਜ ਤੋਂ ਵਖਰਾ ਹੋਣ ਤੇ ਦੁਖ ਲੱਗਾ। ਸਾਨੂੰ ਵੀ ਦੁਖ ਲਗਦਾ ਹੈ ਕਿ ਅਸੀਂ ਆਪਣੇ ਪਰਮਪਦ ਤੋਂ ਹੇਠਾਂ ਆ ਗਏ ਤੇ ਜੀਵ ਬਣ ਗਏ ਕਿਉਂਕਿ ਸਾਧ ਸੰਗਤ ਜੀ! ਇਹ ਅਵਿਦਿਆ ਦਾ ਕੰਮ ਹੈ, ਕਿਉਂਕਿ ਹੈ ਤਾਂ ਸਾਰੇ ਇਕੋ ਚੇਤਨ ਵਾਹਿਗੁਰੂ, ਜਿਵੇਂ

ਰੌਸ਼ਨੀ ਦੇ ਅਗੇ, ਧੁੱਪ ਦੇ ਅੱਗੇ ਛਾਨਣਾ ਕਰ ਦਿਓ। ਜਿਸ ਤਰ੍ਹਾਂ ਕਿ ਮੋਰੀਆਂ ਵਾਲਾ ਮੰਜਾ ਡਾਹ ਦੇਈਏ, ਉਥੇ ਪਰਛਾਵਾਂ ਤੇ ਲਾਈਟ ਇਕੱਠੇ ਹੋ ਜਾਣਗੇ। ਉਹ ਛਾਨਣੇ ਦੇ ਵਿਚ ਵਿਚ ਸਾਰਾ ਗੋਲ ਗੋਲ ਨਜ਼ਰ ਆਵੇਗਾ ਤੇ ਵੱਖਰਾ ਵੱਖਰਾ ਨਜ਼ਰ ਆ ਆਵੇਗਾ। ਜਦੋਂ ਕਿ ਉਹ ਵਖਰਾ ਵਖਰਾ ਨਹੀਂ ਹੈ। ਇਹ ਸਿਆਣਿਆਂ ਨੇ, ਮਹਾਂਪੁਰਸ਼ਾਂ ਨੇ ਸੋਚ ਲਿਆ ਕਿ ਇਹ ਵਖਰਾ ਤਾਂ ਹੈ ਨਹੀਂ, ਪ੍ਰਕਾਸ਼ ਤਾਂ ਅਖੰਡ ਹੈ, ਵਖਰਾ ਨਹੀਂ ਹੋ ਸਕਦਾ ਪਰ ਅਵਿਦਿਆ ਨੇ, ਮਾਇਆ ਨੇ, ਭਰਮ ਨੇ, ਇਹ ਵਖਰਾ ਵਖਰਾ ਕਰ ਦਿਤਾ। ਵਖਰੇ ਵਖਰੇ ਜੀਵ ਬਣ ਗਏ ਤੇ ਵਖਰਾ ਵਖਰਾ ਉਹਨਾਂ ਦਾ ਅੰਤਸ਼ਕਰਣ ਬਣ ਗਿਆ। ਫੇਰ ਇਹ ਸਾਰੀ ਦੁਨੀਆਂ ਬਣ ਗਈ ਤੇ ਸਾਰੇ ਰੌਲਾ ਪਾਉਂਦੇ ਫਿਰਦੇ ਹਨ। ਕੋਈ ਕਹਿੰਦਾ ਮੈਂ ਹਿੰਦੂ ਹਾਂ, ਕੋਈ ਕਹਿੰਦਾ ਮੈਂ ਸਿਖ ਹਾਂ, ਮੈਂ ਮੁਸਲਮਾਨ ਹਾਂ, ਮੈਂ ਹਿੰਦੁਸਤਾਨੀ ਹਾਂ। ਕੋਈ ਕਹਿੰਦਾ ਮੈਂ ਅਮਰੀਕਨ ਹਾਂ, ਸਾਰੇ ਕਮਲੇ ਹੋਏ ਫਿਰਦੇ ਹਨ–

*ਬਿਨੁ ਨਾਵੈ ਜਗੁ ਕਮਲਾ ਫਿਰੈ*
*ਗੁਰਮੁਖਿ ਨਦਰੀ ਆਇਆ॥* *ਅੰਗ - 644*

ਕਹਿੰਦੇ ਸਾਰਾ ਸੰਸਾਰ ਪਾਗਲਖਾਨੇ ਵਿਚ ਆ ਕੇ ਵਸ ਗਿਆ, ਪਾਗਲਾਂ ਦਾ ਸੰਸਾਰ ਹੈ। ਇਹ ਕਹਿੰਦਾ ਮੈਂ ਬਹੁਤ ਅਕਲ ਵਾਲਾ ਹਾਂ, ਮੇਰੇ ਜਿੰਨੀ ਅਕਲ ਹੋਰ ਕਿਸੇ ਨੂੰ ਨਹੀਂ ਹੈ, ਸੋ –

*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ*
*ਸੋ ਗਤਿ ਭਈ ਹਮਾਰੀ॥* *ਅੰਗ - 644*

ਆਪ ਹੀ ਦਸਦੇ ਹਨ ਕਿ ਹੁਣ ਸਾਨੂੰ ਸਮਝ ਆ ਗਈ ਹੈ –

*ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ*
*ਅਬ ਕਛੁ ਮਰਮੁ ਜਨਾਇਆ॥* *ਅੰਗ - 658*

ਕਹਿੰਦੇ ਜਿਵੇਂ ਰੱਸੀ ਦੇ ਵਿਚ ਸੱਪ ਦਿਸਦਾ ਸੀ ਦਰਅਸਲ ਹੈ ਨਹੀਂ ਸੀ। ਸੋ ਹੁਣ ਸਾਨੂੰ ਪਤਾ ਲਗ ਗਿਆ ਕਿ ਇਹ ਭਰਮ ਕਰਕੇ ਦਿਸਦਾ ਸੀ। ਹਨ੍ਹੇਰੇ ਕਰਕੇ–

*ਅਨਿਕ ਕਟਕ ਜੈਸੇ ਭੂਲਿ ਪਰੇ*
*ਅਬ ਕਹਤੇ ਕਹਨੁ ਨ ਆਇਆ॥* *ਅੰਗ - 658*

ਜਿਸ ਤਰ੍ਹਾਂ ਸੋਨੇ ਦੇ ਗਹਿਣੇ ਬਣੇ ਪਏ ਹਨ ਕਿਸੇ ਨੂੰ ਨੱਥ ਮਛਲੀ, ਕਿਸੇ ਨੂੰ ਬੰਦ, ਕਿਸੇ ਨੂੰ ਕੰਗਨ, ਪਰ ਹੈ ਤਾਂ ਸਾਰਾ ਹੀ ਸੋਨਾ। ਸੋਨੇ ਤੋਂ ਤੇ ਕਿਧਰੇ ਵਖਰਾ ਨਹੀਂ ਹੋ ਸਕਦਾ। ਸੋ –

*ਸਰਬੇ ਏਕੁ ਅਨੇਕੈ ਸੁਆਮੀ*
*ਸਭ ਘਟ ਭੋੁਗਵੈ ਸੋਈ॥* *ਅੰਗ - 658*

ਸਾਰਿਆਂ ਵਿਚ ਵਾਹਿਗੁਰੂ ਹੀ ਵਸਦਾ ਹੈ ਅਤੇ ਜਿਸਦਾ ਪਰਮ ਅਨੰਦ ਸਰੂਪ ਹੈ, ਇਹਦੇ ਵਿਚ ਵਸ ਕੇ ਇਹ ਸਾਰੇ ਸਰੀਰ ਨੂੰ ਚਲਾਉਂਦਾ ਹੈ। ਪਰ ਕਾਰਨ

ਇਹ ਹੈ–

***ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥***
***ਅੰਗ - 658***

ਹੈ ਤਾਂ ਨਾਲ ਹੀ ਦੂਰ ਨਹੀਂ ਹੈ, ਪਰ ਅਵਿਦਿਆ ਨੇ ਚੇਤਨ ਪ੍ਰਵਾਹ ਨੂੰ ਆਪਣੀ ਸ਼ਕਤੀ ਦੇ ਨਾਲ ਵੰਡ ਦਿਤਾ।

ਸੋ ਇਹਦੇ ਵਿਚ ਤਿੰਨ ਚੀਜ਼ਾਂ ਤਮੋ ਗੁਣ, ਸਤੋ ਗੁਣ, ਰਜੋ ਗੁਣ, ਤਿੰਨ ਚੀਜ਼ਾਂ ਦੇ ਨਾਲ ਫਰਕ ਪੈ ਗਿਆ। ਸੋ ਜੋ ਚੇਤਨ ਹੈ, ਇਸਨੇ ਆਪਣੀ ਸਤਾ ਦੇ ਨਾਲ ਨਾਮ ਵੀ ਰਖਾ ਲਿਆ ਤੇ ਰੂਪ ਵੀ ਬਣਾ ਲਿਆ ਤੇ ਮਾਇਆ ਦੀ ਉਪਾਧੀ ਲੈ ਲਈ। ਜਿਵੇਂ ਰੱਸੀ ਲੈ ਲਓ ਤੁਸੀਂ, ਮੰਜਾ ਹੈ, ਰੱਸੀ ਕਾਹਦੀ ਬਣਦੀ ਹੈ? ਕਹਿੰਦੇ, ਮੁੰਜ ਦੀ। ਮੁੰਜ ਕਿਥੇ ਹੁੰਦਾ ਹੈ? ਕਹਿੰਦੇ, ਜ਼ਮੀਨ ਤੇ। ਕਹਿੰਦੇ, ਜ਼ਮੀਨ ਕਿਸਦਾ ਕਾਰਜ ਹੈ? ਕਹਿੰਦੇ ਪਾਣੀ ਦਾ। ਕਾਰਜ ਉਸ ਨੂੰ ਆਖਦੇ ਹਨ ਜਿਸ ਵਿਚੋਂ ਕੋਈ ਚੀਜ਼ ਨਿਕਲੀ ਹੋਵੇ। ਪਾਣੀ ਕਿਸਦਾ ਕਾਰਜ ਹੈ? ਕਹਿੰਦੇ, ਗੈਸਿਜ਼ ਦਾ, ਹਾਈਡਰੋਜਨ ਤੇ ਆਕਸੀਜਨ। ਜਿਹੜੀ ਅੱਗ ਹੈ, ਉਹ ਭਲਾ ਕਿਸਦਾ ਕਾਰਜ ਹੈ? ਉਹ ਹਵਾ ਦਾ ਹੈ ਤੇ ਹਵਾ ਕਿਸਦਾ ਕਾਰਜ ਹੈ? ਕਹਿੰਦੇ, ਅਕਾਸ਼ ਦਾ ਤੇ ਆਕਾਸ਼ ਕਿਸਦਾ ਕਾਰਜ ਹੈ ਕਹਿੰਦੇ, ਮਹਤੱਤ ਦਾ, ਪ੍ਰਕਿਰਤੀ ਦਾ ਤੇ ਪ੍ਰਕਿਰਤੀ ਦਾ ਕੀ ਕਾਰਜ ਹੈ? ਕਹਿੰਦੇ, ਇਹ ਮਾਇਆ ਹੈ ਸਤੋ ਗੁਣੀ ਅੰਸ਼। ਜਿਸ ਨੂੰ ਗਿਆਨ ਸਹਿਤ ਮਾਇਆ ਅਵਿਦਿਆ ਕਹਿੰਦੇ ਹਨ ਤੇ ਮਾਇਆ ਕਿਸ ਚੀਜ਼ ਦਾ ਕਾਰਜ ਹੈ? ਕਹਿੰਦੇ ਹਉਮੈ ਦਾ, ego ਦਾ –

***ਹਉਮੈ ਵਿਚਿ ਜਗੁ ਉਪਜੈ ਪੁਰਖਾ***
***ਨਾਮਿ ਵਿਸਰਿਐ ਦੁਖੁ ਪਾਈ॥ ਅੰਗ - 946***

ਤੇ ਹਉਮੈ ਕਿਸ ਚੀਜ਼ ਦਾ ਕਾਰਜ ਹੈ? ਸ਼ਬਦ ਦਾ, ਨਾਮ ਦਾ। ਸ਼ਬਦ ਕਿਸ ਚੀਜ਼ ਦਾ ਕਾਰਜ ਹੈ? ਵਾਹਿਗੁਰੂ ਦਾ, ਹੁਣ ਵਾਹਿਗੁਰੂ ਤੋਂ ਕੋਈ ਚੀਜ਼ ਵਖਰੀ ਕਰਕੇ ਦੇਖ ਲਓ, ਭਲਾ ਵਖਰੀ ਹੁੰਦੀ ਹੈ। ਉਹ ਇਕ ਧਾਰਾ ਸਰੂਪ ਬਦਲਦੀ ਚਲੀ ਗਈ ਹੈ। ਸਾਰੇ ਪਰਮੇਸ਼ਰ ਹੀ ਪਰਮੇਸ਼ਰ ਹੈ, ਹੋਰ ਦੂਜਾ ਕੋਈ ਹੈ ਨਹੀਂ।

ਜਿੰਨੀ ਤੁਹਾਨੂੰ ਬਨਸਪਤੀ ਨਜ਼ਰ ਆਉਂਦੀ ਹੈ, ਸਾਰਿਆਂ ਦੇ ਵਿਚ ਅੱਗ ਹੈ –

***............... ਸਗਲ ਦੂਧ ਮਹਿ ਘੀਆ॥***
***ਅੰਗ - 617***

ਜਿੰਨੇ ਵੀ ਦੁਧ ਹਨ ਉਹਨਾਂ ਸਾਰਿਆਂ ਵਿਚ ਘਿਓ ਹੈ। ਲੇਕਿਨ ਜੁਗਤੀ ਨਾਲ ਕਢਿਆ ਜਾਂਦਾ ਹੈ।

***ਊਚ ਨੀਚ ਮਹਿ ਜੋਤਿ ਸਮਾਣੀ***
***ਘਟਿ ਘਟਿ ਮਾਧਉ ਜੀਆ॥ ਅੰਗ - 617***

ਜਿੰਨੀਆਂ ਵੀ ਤੁਹਾਨੂੰ ਚੀਜ਼ਾਂ ਨਜ਼ਰ ਆਉਂਦੀਆਂ ਹਨ, ਜਿਹਨਾਂ ਦਾ

ਨਾਮ ਤੇ ਰੂਪ ਹੈ, ਉਹਨਾਂ ਸਾਰਿਆਂ ਦੇ ਅੰਦਰ ਪਰਮੇਸ਼ਰ ਦੀ ਜੋਤ ਸਮਾਈ ਹੋਈ ਹੈ। ਜਦੋਂ ਪੂਰੀ ਤਰ੍ਹਾਂ ਸਮਝ ਵਿਚ ਆ ਜਾਵੇ ਕਿ ਉਹ ਜੋਤ ਕੀ ਹੈ? ਭਰਮ illusion ਹਟ ਜਾਵੇ ਤਾਂ ਫਿਰ ਉਸ ਵੇਲੇ ਖਾਲਸੇ ਦੀ ਉਪਾਧੀ ਮਿਲਿਆ ਕਰਦੀ ਹੈ -

*ਪੂਰਨ ਜੋਤ ਜਗੈ ਘਟ ਮੈ,*
*ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥* *(ਖਾਲਸਾ)*

ਜੇ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਹੈ, ਪਰ ਜੇਕਰ ਭਰਮ ਵਿਚ ਫਿਰਦਾ ਹੈ ਤਾਂ ਫਿਰ ਜੀਵ ਬਿਰਤੀ ਦਾ ਬੰਦਾ ਹਨ੍ਹੇਰੇ ਵਿਚ ਘੁੰਮਦਾ ਫਿਰਦਾ ਹੈ ਕਿਉਂਕਿ ਇਸਦੇ ਅੰਦਰ ਜੋਤੀ ਦਾ ਪ੍ਰਕਾਸ਼ ਨਹੀਂ ਹੋਇਆ-

*ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥* *(ਸਰਬ ਲੋਹ ਗ੍ਰੰਥ 'ਚੋਂ)*

ਫਿਰ ਉਸਦੀ ਪਦਵੀ ਕਿੱਡੀ ਵੱਡੀ ਹੁੰਦੀ ਹੈ। ਮਹਾਰਾਜ ਕਹਿੰਦੇ ਕਿ ਜਿਸਦੇ ਅੰਦਰ ਇਹ ਜੋਤ ਦਾ ਆਤਮ ਪ੍ਰਕਾਸ਼ ਹੋ ਗਿਆ, ਅਨੁਭਵ ਦਾ ਪ੍ਰਕਾਸ਼ ਹੋ ਗਿਆ, ਅੰਦਰ ਜੋਤ ਜਗ ਗਈ ਤੇ ਭਰਮ ਹਟ ਗਿਆ ਤੇ ਉਹਨੂੰ ਪਤਾ ਲਗ ਗਿਆ ਕਿ ਇਹ ਤਾਂ ਹੈ ਹੀ ਸਾਰਾ ਪਰਮੇਸ਼ਰ ਆਪੇ ਹੀ, ਏਥੇ ਹੋਰ ਦੂਜਾ ਹੈ ਨਹੀਂ ਕੋਈ, ਆਪੇ ਆਪ ਹੀ ਹੈ। ਇਸੇ ਕਰਕੇ ਗੁਰੂ ਨਾਨਕ ਪਾਤਸ਼ਾਹ ਨੇ ਸਭ ਤੋਂ ਪਹਿਲਾਂ '੧' ਇਕ ਅੱਖਰ ਵਰਤਿਆ ਹੈ। ਢੰਗ ਨਾਲ ਦਸ ਦਿੱਤਾ, ਜਿਹੜੇ ਉਸ ਵੇਲੇ ਦੇ ਅਚਾਰੀਆ ਸਨ, ਉਹਨਾਂ ਨੇ ਬੜਾ ਰੌਲਾ ਪਾਇਆ ਸੀ ਕਿ ਮਹਾਰਾਜ! ਇਹ ਤਾਂ ਗੁਪਤ ਗੱਲ ਸੀ, ਤੁਸੀਂ ਸਾਰਿਆਂ ਨੂੰ ਦਸ ਦਿੱਤੀ, ਪ੍ਰਗਟ ਕਰ ਦਿੱਤੀ। ਇਹ ਸਾਰਿਆਂ ਨੂੰ ਦੱਸਣ ਵਾਲੀ ਬਾਤ ਨਹੀਂ ਸੀ। ਤੁਸੀਂ ਇਹ ਗੱਲ ਖੋਲ੍ਹ ਦਿਤੀ 'ਓ' ਓਂਕਾਰ ਦੇ ਅੱਗੇ ਤੁਸੀਂ ਏਕਾ ਲਾ ਦਿਤਾ। ਗੁਰੂ ਮਹਾਰਾਜ ਨੇ ਕਿਹਾ ਕਿ ਇਕੋ ਹੀ ਹੈ ਕਲਜੁਗ ਵਿਚ, ਨਾਮ ਦੀ ਵਡਿਆਈ ਹੈ। ਨਾਮ ਦੀ ਵਡਿਆਈ ਇਸ ਤਰ੍ਹਾਂ ਹੈ ਕਿ ਵਾਹਿਗੁਰੂ ਵਾਹਿਗੁਰੂ ਕਰਨ ਤੋਂ ਪੂਰਨ ਗਿਆਨ ਤਕ, ਜਦੋਂ ਤੱਕ ਇਹਦੇ ਅੰਦਰੋਂ ਭਰਮ ਨਹੀਂ ਹਟਦਾ, ਸਾਰੀ ਕਿਰਿਆ ਨੂੰ ਨਾਮ ਕਹਿੰਦੇ ਹਨ। ਜਦੋਂ ਅਗਿਆਨ ਦੂਰ ਹੋ ਜਾਵੇ ਤੇ ਅੰਦਰ ਪ੍ਰਕਾਸ਼ ਹੋ ਜਾਵੇ ਤਾਂ ਉਸ ਨੂੰ ਨਾਮ ਦੀ ਪ੍ਰਾਪਤੀ ਆਖਦੇ ਹਨ। ਸ਼ਬਦ ਦੀ ਪ੍ਰਾਪਤੀ, ਨਾਮ ਦੀ ਪ੍ਰਾਪਤੀ। ਸੋ ਗੁਰੂ ਮਹਾਰਾਜ ਨੇ ਕਈ ਤਰ੍ਹਾਂ ਦੇ ਸ਼ਬਦ ਵਰਤ ਕੇ ਸਮਝਾਉਣ ਦਾ ਯਤਨ ਕੀਤਾ ਹੈ।

ਹੁਣ ਜਿਸ ਤਰ੍ਹਾਂ ਕਿ ਇਕ ਦਰਖਤ ਹੈ ਬਰੋਟੇ ਦਾ, ਬੋਹੜ ਦਾ। ਉਸਦਾ ਬੀਜ ਨਿਕਾ ਜਿਹਾ ਹੁੰਦਾ ਹੈ। ਉਸ ਵਿਚੋਂ ਕਿੰਨਾ ਵੱਡਾ ਦਰਖਤ ਪੈਦਾ ਹੁੰਦਾ ਹੈ, ਪੈਦਾ ਹੋਇਆ ਹੋਇਆ ਬੀਜ ਕਿਸੇ ਵੇਲੇ ਵੀ ਉਹਦੇ ਵਿਚੋਂ ਬਾਹਰ ਨਹੀਂ ਜਾਂਦਾ। ਉਹਦੇ ਵਿਚ ਰਮਿਆ ਹੋਇਆ ਹੈ, ਫੇਰ ਜਦੋਂ ਗੋਲਾਂ ਲਗਦੀਆਂ ਹਨ, ਫੇਰ ਬੀਜ ਬਾਹਰ ਆ ਜਾਂਦਾ ਹੈ।

*ਬਾਜੀਗਰਿ ਜੈਸੇ ਬਾਜੀ ਪਾਈ॥*
*ਨਾਨਾ ਰੂਪ ਭੇਖ ਦਿਖਲਾਈ॥*

*ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ॥*
*ਤਬ ਏਕੋ ਏਕੰਕਾਰਾ॥*
*ਕਵਨ ਰੂਪ ਦ੍ਰਿਸਟਿਓ ਬਿਨਸਾਇਓ॥*
*ਕਤਹਿ ਗਇਓ ਉਹੁ ਕਤ ਤੇ ਆਇਓ॥*
*ਜਲ ਤੇ ਊਠਹਿ ਅਨਿਕ ਤਰੰਗਾ॥*
*ਕਨਿਕ ਭੂਖਨ ਕੀਨੇ ਬਹੁ ਰੰਗਾ॥*
*ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥*
*ਫਲ ਪਾਕੇ ਤੇ ਏਕੰਕਾਰਾ॥ ਅੰਗ - 736*

ਸੋ ਇਸ ਤਰ੍ਹਾਂ ਕਿਸੇ ਮੌਕੇ ਤੇ ਵੀ ਵਾਹਿਗੁਰੂ ਸੰਸਾਰ ਤੋਂ ਬਾਹਰ ਨਹੀਂ ਹੁੰਦਾ, ਸਗੋਂ ਸੰਸਾਰ ਕਹਿਣਾ ਹੀ ਗਲਤ ਹੈ। ਕੇਵਲ ਵਾਹਿਗੁਰੂ ਵਾਹਿਗੁਰੂ ਹੀ ਹੈ। ਹੋਰ ਦੂਜਾ ਕੋਈ ਨਹੀਂ।

*ਸਗਲ ਬਨਸਪਤਿ ਮਹਿ ਬੈਸੰਤਰੁ*
*ਸਗਲ ਦੂਧ ਮਹਿ ਘੀਆ॥*
*ਊਚ ਨੀਚ ਮਹਿ ਜੋਤਿ ਸਮਾਣੀ*
*ਘਟਿ ਘਟਿ ਮਾਧਉ ਜੀਆ॥*
*ਸੰਤਹੁ ਘਟਿ ਘਟਿ ਰਹਿਆ ਸਮਾਹਿਓ॥*
*ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ ਰਮਈਆ*
*ਆਹਿਓ॥*
*ਗੁਣ ਨਿਧਾਨ ਨਾਨਕੁ ਜਸੁ ਗਾਵੈ*
*ਸਤਿਗੁਰਿ ਭਰਮੁ ਚੁਕਾਇਓ॥ ਅੰਗ - 617*

ਜਦੋਂ ਭਰਮ ਚੁਕ ਗਿਆ ਫੇਰ ਕੀ ਦੇਖਿਆ -

*ਸਰਬ ਨਿਵਾਸੀ ਸਦਾ ਅਲੇਪਾ*
*ਸਭ ਮਹਿ ਰਹਿਆ ਸਮਾਇਓ॥ ਅੰਗ - 617*

ਸਾਰੇ ਹੀ ਝਗੜੇ ਖਤਮ ਹੋ ਜਾਂਦੇ ਹਨ। ਕਿਉਂਕਿ ਭਰਮ ਚੁਕਿਆ ਜਾਂਦਾ ਹੈ। ਅਵਿਦਿਆ, illusion ਤੇ egnorance ਦੂਰ ਹੋ ਜਾਂਦੇ ਹਨ। ਪਰ ਇਹ ਗੁਰੂ ਦੀ ਕ੍ਰਿਪਾ ਤੋਂ ਬਗੈਰ ਨਹੀਂ ਹੁੰਦਾ। ਸਾਧ ਸੰਗਤ ਜੀ! ਇਹਦੇ ਵਿਚ ਗੁਰੂ ਦੀ ਲੋੜ ਹੈ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਹਨ -

*ਧਾਰਨਾ - ਤੇਰੇ ਅੰਦਰ ਹਰੀ ਦੀ ਵਾਸਾ*
*ਗੁਰਾਂ ਨੂੰ ਮਿਲਕੇ ਦੇਖ ਲੈ ਮਨਾ -2, 2.*
*ਧਨ ਪਿਰ ਕਾ ਇਕ ਹੀ ਸੰਗ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ॥ ਅੰਗ - 1263*

ਰਹਿੰਦੇ ਤਾਂ ਦੋਨੋਂ ਹੀ ਇਕੱਠੇ ਹਨ ਪਰ ਇਕ ਗੱਲ ਹੋ ਗਈ, ਵਿਚ ਹਉਮੈ ਦੀ ਦੀਵਾਰ ਖੜ੍ਹੀ ਹੋ ਗਈ। ਪਰ ਜਦੋਂ ਪੂਰਾ ਗੁਰੂ ਮਿਲ ਜਾਵੇ -

*ਹਉ ਹਉ ਭੀਤਿ ਭਇਓ ਹੈ ਬੀਚੋ*

***ਸੁਨਤ ਦੇਸਿ ਨਿਕਟਾਇਓ॥*** ***ਅੰਗ - 624***

ਹੈ ਤਾਂ ਬਹੁਤ ਨੇੜੇ ਪਰ ਪਤਾ ਨਹੀਂ ਲਗਦਾ। ਜਦੋਂ ਤਕ ਪੂਰਨ ਗੁਰੂ ਨਾ ਮਿਲੇ ਤੇ ਸਮਝਾ ਨਾ ਦੇਵੇ ਸਾਧਨ ਕਰਕੇ, ਆਪਣੀ ਕ੍ਰਿਪਾ ਦੇ ਨਾਲ –

***ਗੁਰਿ ਪੂਰੈ ਹਉਮੈ ਭੀਤਿ ਤੋਰੀ***
***ਜਨ ਨਾਨਕ ਮਿਲੇ ਬਨਵਾਰੀ॥*** ***ਅੰਗ - 1263***

ਜਦੋਂ ਪੂਰਾ ਗੁਰੂ ਹਉਮੈ ਦੀ ਕੰਧ ਤੋੜ ਦਿੰਦਾ ਹੈ, ਫਿਰ ਅੰਦਰਲੇ ਪਾਸਿਓਂ ਹੀ ਪਰਮੇਸ਼ਰ ਦੇ ਦਰਸ਼ਨ ਹੋ ਜਾਂਦੇ ਹਨ ਕਿਉਂਕਿ ਆਦਮੀ ਨੂੰ ਇਸ ਸੰਸੇ ਨੇ ਹੀ ਘੇਰਿਆ ਹੋਇਆ ਹੈ।

***ਸਹਸੈ ਜੀਉ ਮਲੀਣੁ ਹੈ ..............॥***
***ਅੰਗ - 919***

ਇਹਦਾ ਜੀਵ ਮਲੀਨ ਹੋਇਆ ਪਿਆ ਹੈ, ਅੰਤਸ਼ਕਰਣ। ਜਦੋਂ ਬਹੁਤ ਮੈਲ ਲਗ ਜਾਵੇ, ਫੇਰ ਸੀਸ਼ੇ ਵਿਚ ਇਹਦਾ ਮੂੰਹ ਨਹੀਂ ਦਿਸਦਾ।

***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥***
***ਅੰਗ - 624***

ਜਿਵੇਂ ਭੰਬੀਰੀ ਦਾ ਪੱਤਾ ਹੁੰਦਾ ਹੈ। ਉਹਦਾ ਖੰਭ ਜਿਵੇਂ ਬਹੁਤ ਪਤਲਾ ਜਿਹਾ ਕਾਗਜ਼ ਹੁੰਦਾ ਹੈ। ਉਸਨੂੰ ਬਿਜਲੀ ਦੇ ਕਨੈਕਸ਼ਨ ਵਿਚ ਦੇ ਦਿਓ, ਜਿਥੇ ਸਵਿੱਚ ਲੱਗੀ ਹੋਈ ਹੈ। ਦੱਬੀ ਜਾਓ, ਬਿਜਲੀ ਦਾ ਕਰੰਟ ਪਾਰ ਨਹੀਂ ਹੁੰਦਾ। ਏਸੇ ਤਰ੍ਹਾਂ ਨਿਕਾ ਜਿਹਾ ਪਰਦਾ ਹੈ, ਪਰਦਾ ਕਾਹਦਾ, 'ਮੈਂ' ਸਮਝਦਾ ਹਾਂ ਆਪਣੇ ਆਪ ਨੂੰ। ਬੱਸ ਸਾਰਾ ਰੌਲਾ ਇਹੋ ਹੀ ਹੈ, ਗੁਰੂ ਕਹੀ ਜਾਂਦਾ ਹੈ –

***ਪਹਿਲਾਂ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਅੰਗ - 1102***

ਬੰਦਾ ਕਹਿੰਦਾ ਹੈ ਮਹਾਰਾਜ! ਹੋਰ ਕੋਈ ਗੱਲ ਕਹਿ ਦਿਓ, ਪਰ ਮੈਂ ਮਰਨਾ ਤਾਂ ਚਾਹੁੰਦਾ ਨਹੀਂ। ਕਹਿੰਦੇ, ਭਾਈ ਅਸੀਂ ਤੈਨੂੰ ਸਰੀਰਿਕ ਤੌਰ ਤੇ ਤਾਂ ਨਹੀਂ ਮਾਰਦੇ, ਇਹ ਤਾਂ ਮਰਿਆ ਹੀ ਪਿਆ ਹੈ –

***ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥***
***ਅੰਗ - 1430***

ਤੂੰ ਸਰੀਰ ਦੀ ਤਾਂ ਗੱਲ ਕਰ ਹੀ ਨਾ, ਸਰੀਰ ਨੇ ਤਾਂ ਮਰਨਾ ਹੀ ਮਰਨਾ ਹੈ। ਕੋਈ ਵੀ ਸਰੀਰਧਾਰੀ ਪ੍ਰਾਣੀ, ਕੋਈ ਵੀ ਸਥੂਲ ਸਰੀਰ, ਚਾਹੇ ਧਰਤੀ ਹੈ, ਸੂਰਜ ਹੈ, ਚੰਦਰਮਾ ਹੈ, ਤਾਰੇ ਹਨ, ਇਹ ਸਾਰੀਆਂ ਨਾ ਰਹਿਣ ਵਾਲੀਆਂ ਚੀਜ਼ਾਂ ਹਨ। ਰਹਿਣ ਵਾਲਾ ਤਾਂ ਕੇਵਲ ਇਕ ਪਰਮੇਸ਼ਰ ਹੈ, ਅਸੀਂ ਤਾਂ ਉਹ ਕਹਿੰਦੇ ਹਾਂ ਕਿ ਜਿਹੜਾ ਤੇਰੇ ਅੰਦਰ 'ਮੈਂ' ਬਣਿਆ ਬੈਠਾ ਹੈ, ਪਰਮੇਸ਼ਰ ਤੋਂ ਵਖਰਾ ਹੋਇਆ ਬੈਠਾ ਹੈ, ਉਸਨੂੰ ਮਰਨਾ ਕਬੂਲ ਕਰ ਲੈ। ਕਹਾਂਗੇ, ਮਹਾਰਾਜ ਜੇ ਕਰੇਗਾ ਤਾਂ ਤੈਨੂੰ ਰੱਬ ਬਣਾ ਦਿਆਂਗੇ। ਜਦੋਂ ਤੂੰ ਨਾ ਰਿਹਾ ਤਾਂ ਕੇਵਲ ਰੱਬ

ਹੀ ਰਹਿ ਜਾਂਦਾ ਹੈ –

***ਕਬੀਰ ਤੂੰ ਤੂੰ ਕਰਤਾ ਤੂ ਹੂਆ***
***ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ***
***ਜਤ ਦੇਖਉ ਤਤ ਤੂ॥*** ***ਅੰਗ – 1376***

ਜਿਧਰ ਵੀ ਦੇਖਦਾ ਹਾਂ ਤੂੰਹੀ ਤੂੰਹੀ ਨਜ਼ਰ ਆਉਂਦਾ ਹੈ, ਫੇਰ ਦੂਜਾ ਨਜ਼ਰ ਨਹੀਂ ਆਉਂਦਾ ਕਿਉਂਕਿ ਵਿਚ 'ਮੈਂ' ਨਹੀਂ ਰਿਹਾ ਹੁਣ।

ਸੋ ਸੰਸਾਰ ਤੇ ਸਾਰਾ ਹੀ ਝਗੜਾ 'ਮੈਂ' ਦਾ ਚਲਦਾ ਹੈ। ਕਹਿੰਦੇ, ignorance ਹੈ, ਇਹੋ ਹੀ ਮਾਇਆ, ਇਹੋ ਹੀ illusion ਹੈ। ਇਸੇ ਨੂੰ ਭੁੱਲ ਕਹਿੰਦੇ ਹਨ। ਸੰਸਾਰ ਵਿਚ ਸਾਰਾ ਰੌਲਾ ਗੌਲਾ ਇਸੇ ਚੀਜ਼ ਨੇ ਪਾਇਆ ਹੋਇਆ ਹੈ, ਇਸੇ ਭਰਮ ਦਾ। ਮਹਾਂਪੁਰਸ਼ ਪੰਜ ਕਿਸਮ ਦੇ ਭਰਮ ਦਸਦੇ ਹੁੰਦੇ ਹਨ ਇਸਨੂੰ, ਪਹਿਲਾਂ ਭਰਮ ਇਹ ਹੁੰਦਾ ਹੈ ਕਿ ਵਾਹਿਗੁਰੂ ਹੋਰ ਹੈ ਤੇ ਮੈਂ ਹੋਰ ਹਾਂ, ਦੋਨਾਂ ਨੂੰ ਵਖਰਾ ਵਖਰਾ ਦੇਖਣਾ ਚਾਹੁੰਦਾ ਹੈ। ਆਪਣੇ ਆਪੇ ਤੇ ਇਸਦੀ ਪਕੜ ਹੈ, ਪਰ ਸੱਚੀ ਚੀਜ਼ ਤਾਂ ਇਹ ਹੈ ਕਿ ਵਾਹਿਗੁਰੂ ਤੋਂ ਬਗੈਰ ਹੋਰ ਕੁਝ ਨਹੀਂ ਹੈ, ਇਕੋ ਹੀ ਪ੍ਰਭੂ ਹੈ, ਇਕੋ ਹੀ ਬ੍ਰਹਮ ਹੈ।

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ***
***ਪ੍ਰਭ ਬਿਨਾ ਨਹੀ ਜਾਣੀਐ॥*** ***ਅੰਗ – 846***

ਕਹਿੰਦਾ, ਮੈਂ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਹਾਂ, ਪਰ ਤੂੰ ਤਾਂ ਮੰਨਦਾ ਹੀ ਨਹੀਂ ਹੈ, ਨਾ ਇਸ ਗੱਲ ਨੂੰ ਮੰਨਣ ਨੂੰ ਤਿਆਰ ਹੈਂ। ਤੂੰ ਤਾਂ ਆਪਣੇ ਆਪ ਦਾ ਹੀ ਸਿਖ ਹੈਂ, ਆਪਣੀ 'ਮੈਂ' ਦਾ ਹੀ ਸਿਖ ਹੈਂ, ਤੂੰ ਤਾਂ ਕੁਝ ਹੋਰ ਹੀ ਬਣਿਆ ਹੋਇਆ ਹੈਂ, ਤੂੰ ਤਾਂ ਆਪਣੀ 'ਮੈਂ' ਦਾ ਹੀ ਚੇਲਾ ਹੈਂ ਗੁਰੂ ਦਾ ਨਹੀਂ। ਜੇ ਤੂੰ ਗੁਰੂ ਦਾ ਹੁੰਦਾ ਤਾਂ ਇਹ ਸੁਰਤ ਹੈ, ਜਿਸ ਤਰ੍ਹਾਂ ਦਾਖਲਾ ਫੀਸ ਹੁੰਦੀ ਹੈ, ਉਹਦੀਆਂ ਸ਼ਰਤਾਂ ਹੁੰਦੀਆਂ ਹਨ, ਸਿਖੀ ਦੀ ਇਹੀ ਸ਼ਰਤ ਹੈ –

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਭਾਈ ਗੁਰਦਾਸ ਜੀ ਦੀ ਵਾਰ 3/18***

ਇਹਨੂੰ ਫੇਰ ਸੋਚ ਲੈਂਦਾ ਹੈ ਕਿ ਮੁਰਦਾ ਹੋਣਾ ਹੀ ਠੀਕ ਹੈ। ਮਹਾਰਾਜ ਇਸ ਤਰ੍ਹਾਂ ਨਹੀਂ ਕਹਿੰਦੇ, ਉਹਨਾਂ ਦਾ ਫੁਰਮਾਨ ਹੈ ਕਿ ਤੂੰ ਸਰੀਰ ਤਾਂ ਬੇਸ਼ਕ ਰਖ, ਪਰ ਤੇਰੇ ਅੰਦਰ ਜਿਹੜਾ 'ਮੈਂ' ਭਾਵ ਹੈ, ਹੰਗਤਾ ਤੇ ਮਮਤਾ ਇਹਨਾਂ ਨੂੰ ਮਾਰ ਦੇ, ਜਿੰਨੀ ਦੇਰ ਤਕ ਤੂੰ ਉਹ ਨਹੀਂ ਮਾਰਦਾ। ਤੂੰ ਮੁਰੀਦ ਨਹੀਂ ਬਣ ਸਕਦਾ।

***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਭਾਈ ਗੁਰਦਾਸ ਜੀ ਦੀ ਵਾਰ 3/18***

ਮਹਾਰਾਜ ਮੈਂ ਇਸ ਤਰ੍ਹਾਂ ਦਾ ਬਣਨ ਨੂੰ ਤਿਆਰ ਨਹੀਂ, ਮੈਂ ਤਾਂ ਤੁਹਾਡੇ

ਕੋਲ ਆਇਆ ਹਾਂ ਕਿ ਮੈਂ ਵੀ ਰਹਾਂ ਤੇ ਤੁਸੀਂ ਵੀ ਰਹੋ। ਪਰ ਗੁਰੂ ਜੀ ਕਹਿੰਦੇ ਨਹੀਂ –

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥* ***ਅੰਗ – 1413***

ਜਿਹੜਾ ਤੇਰੇ ਅੰਦਰ 'ਮੈਂ' ਦਾ ਅਭਿਮਾਨ ਹੈ, ਹੰਗਤਾ ਹੈ ਸਿਰ ਰੂਪੀ, ਇਸਨੂੰ ਪਹਿਲਾਂ ਲਾਹ ਦੇ, ਜੇ ਤੂੰ ਮੇਰੇ ਕੋਲ ਆਉਣਾ ਹੈ ਤਾਂ ਤੇਰਾ ਕੁਝ ਬਣ ਜਾਏਗਾ। ਜੇ ਤੂੰ ਕੁਝ ਬਣਕੇ ਆਇਆ ਤਾਂ ਫਿਰ ਤੇਰੀ ਮੇਰੀ ਕੋਈ ਸਾਂਝ ਨਹੀਂ। ਬਾਕੀ ਰਹਿ ਗਿਆ ਤੂੰ ਮੰਗਦਾ ਹੈਂ। ਇਹ ਤੇਰੀ ਭਾਵਨਾ ਹੈ, ਦੇਣ ਵਾਲੇ ਨੇ ਤਾਂ ਦੇਈ ਹੀ ਜਾਣਾ ਹੈ। ਇਹ ਤਾਂ ਪਰਮੇਸ਼ਰ ਦਾ ਸੁਭਾਅ ਹੀ ਹੈ, ਉਸਨੇ ਤਾਂ ਸਭ ਨੂੰ ਦੇਣਾ ਹੈ, ਚੰਗਿਆਂ ਨੂੰ ਵੀ ਦੇਣਾ ਹੈ, ਮਾੜਿਆਂ ਨੂੰ ਵੀ ਦੇਣਾ ਹੈ, ਜਿਹੜਾ ਵੀ ਕੋਈ ਮੰਗਦਾ ਹੈ –

*ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥*
***ਅੰਗ – 681***

ਉਹ ਤਾਂ ਦਈ ਹੀ ਜਾਂਦਾ ਹੈ। ਲੇਕਿਨ ਜਿਹੜੀ ਸਭ ਤੋਂ ਵੱਡੀ ਚੀਜ਼ ਹੈ, ਜਿਸਦਾ ਸੰਸਾਰ ਦੇ ਅੰਦਰ ਕੋਈ ਮੁੱਲ ਨਹੀਂ ਹੈ, ਉਸ ਚੀਜ਼ ਨੂੰ ਲੈਣ ਵਾਸਤੇ ਤਿਆਰ ਨਹੀਂ ਹੁੰਦਾ। ਕਹਿੰਦਾ, ਮੈਂ ਜੀਉਂਦਾ ਰਹਾਂ। ਸੋ ਇਹ ਵੱਡਾ ਭਰਮ ਹੈ ਜਿਸ ਨੂੰ ਭੇਦ ਦਾ ਭਰਮ ਆਖਦੇ ਹਨ।

ਦੂਜਾ ਆਖਦੇ ਹਨ, ਬਈ ਮੈਂ ਕਰਮ ਕਰਦਾ ਹਾਂ, ਮੈਂ ਚੰਗੇ ਕਰਮ ਕਰਦਾ ਹਾਂ, ਮੈਨੂੰ ਲੋਕ ਚੰਗਾ ਕਹਿਣ। ਲੋਕ ਚੰਗੇ ਕਰਮ ਕਰਕੇ ਫੇਰ ਆਪਣੇ ਆਪ ਨੂੰ 'ਕਰਤਾ' ਸਮਝਣ ਅਤੇ ਕਰਮਾਂ ਦਾ ਅਭਿਮਾਨੀ ਬਣਨਾ, ਇਹ ਦੂਜਾ ਕਰਤੱਤੂ ਭਰਮ ਹੋਇਆ ਕਰਦਾ ਹੈ।

ਤੀਜਾ ਹੋਇਆ ਕਰਦਾ ਹੈ, ਜਦੋਂ ਬੁਧੀ ਤੇ ਪ੍ਰਕਾਸ਼ ਪੈਂਦਾ ਹੈ ਆਤਮਾ ਸੱਤਾ ਦਿੰਦੀ ਹੈ, ਬੁਧੀ ਵਿਚ ਰੰਗ ਚੜ੍ਹ ਜਾਂਦਾ ਹੈ, ਰੰਗ ਚੜ੍ਹਣ ਨਾਲ ਐਸੀ ਬਣ ਜਾਂਦੀ ਹੈ ਕਿ ਮੈਂ ਹਿੰਦੂ ਹਾਂ, ਮੈਂ ਮੁਸਲਮਾਨ ਹਾਂ, ਮੈਂ ਸਿਖ ਹਾਂ, ਮੈਂ ਈਸਾਈ ਹਾਂ, ਮੈਂ ਅਮੀਰ ਹਾਂ, ਮੈਂ ਗਰੀਬ ਹਾਂ, ਮੈਂ ਦੁਖੀ ਹਾਂ, ਮੈਂ ਸੁਖੀ ਹਾਂ, ਸਾਰਾ ਦ੍ਵੰਦ ਇਸ ਵਿਚ ਆ ਜਾਇਆ ਕਰਦਾ ਹੈ।

ਚੌਥਾ ਹੋਇਆ ਕਰਦਾ ਹੈ ਵਿਕਾਰ ਭਰਮ ਕਿ ਵਾਹਿਗੁਰੂ ਹੋਰ ਹੈ ਤੇ ਸੰਸਾਰ ਹੋਰ ਹੈ, ਇਹ ਦੋਨੋਂ ਅੱਡ ਅੱਡ ਹਨ। ਮਹਾਰਾਜ ਕਹਿੰਦੇ ਕੁਝ ਵੀ ਨਹੀਂ ਹੈ –

*ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥*
***ਅੰਗ – 290***

ਜਦੋਂ ਆਕਾਰ ਹੀ ਕੋਈ ਨਹੀਂ ਸੀ, ਜਦ ਕਿਥੇ ਸੀ? ਉਸ ਵੇਲੇ ਪੁੰਨ ਪਾਪ ਕਰਨ ਵਾਲੇ ਕਿਥੇ ਸਨ? ਕਿਥੇ ਸੀ ਕੋਈ ਪੀਰ, ਕੋਈ ਪੈਗੰਬਰ, ਗੁਰੂ,

ਕੋਈ ਵੀ ਨਹੀਂ ਸੀ, ਕੇਵਲ ਨਿਰੰਕਾਰ ਆਪੇ ਹੀ ਆਪ ਸੀ। ਆਪਣੀ ਮੌਜ ਵਿਚ ਆਪੇ ਹੀ ਖੇਲਦਾ ਹੈ।

***ਆਪੀਨੈ ਆਪੁ ਸਾਜਿਓ ਆਪੀਨੑੈ ਰਚਿਓ ਨਾਉ॥***
***ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ ਅੰਗ - 463***

ਦੂਜੀ ਕੁਦਰਤ ਆਪੇ ਹੀ ਬਣਾ ਕੇ ਆਪੇ ਹੀ ਖੇਡ ਰਿਹਾ ਹੈ। ਸੋ ਇਹ ਕਿਸੇ ਤਰ੍ਹਾਂ ਵਖਰਾ ਨਹੀਂ ਹੁੰਦਾ। ਇਸ ਨੂੰ ਵਿਕਾਰ ਨਹੀਂ ਹੈ ਕਿ ਜਗਤ ਹੋਰ ਹੈ ਪਰਮੇਸ਼ਰ ਹੋਰ ਹੈ। ਸੋ ਇਹ ਭਰਮ ਨਹੀਂ ਜਾਇਆ ਕਰਦੇ। ਸੋ ਭਾਈ ਗੁਰਮੁਖਾ! ਤੂੰ ਪੂਰੇ ਗੁਰੂ ਦੀ ਸ਼ਰਣ ਜਾਹ, ਤੂੰ ਹੰਗਤਾ ਧਾਰ ਕੇ ਇਹਦੇ ਵਿਚ ਰਹਿੰਦਾ ਹੈਂ, ਪਰ ਸਾਰੇ ਪਸਾਰੇ ਵਿਚ ਕੇਵਲ ਆਤਮਾ ਦਾ ਪ੍ਰਕਾਸ਼ ਹੈ। ਇਹ ਹੇਠਲੇ ਪੱਧਰ ਤੇ ਆ ਕੇ ਤੂੰ ਜੀਵ ਬਣ ਗਿਆ। ਹੋਰ ਹੇਠਲੇ ਪੱਧਰ ਤੇ ਆ ਕੇ ਇਹ ਕੁਟਸਥ ਜੀਵ ਬਣ ਗਿਆ, ਬੁੱਧੀ ਰਲ ਗਈ ਇਸ ਵਿਚ। ਸੋ ਇਹਨਾਂ ਚੀਜ਼ਾਂ ਨੂੰ ਸਮਝਣ ਦਾ ਯਤਨ ਕਰ, ਗੁਰੂ ਸ਼ਰਣ ਵਿਚ ਆ ਕੇ ਐਵੇਂ ਸਮਾਂ ਨਾ ਜ਼ਾਇਆ ਕਰ। ਜ਼ਿੰਦਗੀ ਝੂਠੀਆਂ ਗੱਲਾਂ ਵਿਚ ਨਾ ਗੁਜ਼ਾਰ, ਇਹਨਾਂ ਬੱਚਿਆਂ ਦੇ ਲਾਰਿਆਂ ਵਿਚ ਐਵੇਂ ਜ਼ਿੰਦਗੀ ਨਾ ਗੁਜ਼ਾਰ। ਤੂੰ ਸਹੀ ਗੱਲ ਸਮਝਣ ਦੀ ਕੋਸ਼ਿਸ਼ ਕਰ। ਕਿਉਂਕਿ ਇਹ ਗੱਲ ਕੇਵਲ ਇਸ ਸਰੀਰ ਵਿਚ ਹੀ ਸਮਝੀ ਜਾਣੀ ਹੈ। ਫੇਰ ਨਹੀਂ ਸਮਝੀ ਜਾਣੀ-

***ਇਸ ਪਉੜੀ ਤੇ ਜੋ ਨਰੁ ਚੂਕੈ***
***ਸੋ ਆਇ ਜਾਇ ਦੁਖੁ ਪਾਇਦਾ॥ ਅੰਗ - 1075***

ਨਾ ਫੇਰ ਇਹ ਮੌਕਾ, ਨਾ ਆਤਮਾ ਦਾ ਪਤਾ ਲਗੇ। ਨਾ ਫੇਰ ਇਹ ਖਿਆਲ ਪੈਦਾ ਹੋਏ, ਜਿਹੜੀਆਂ ਚੀਜ਼ਾਂ ਵਿਚ ਤੂੰ ਹੁਣ ਫਸਿਆ ਹੋਇਆ ਹੈਂ ਭਰਮ illusion ਦੇ ਅੰਦਰ, ਅਗਿਆਨਤਾ (ignorance) ਦੇ ਅੰਦਰ, ਕੋਈ ਚੀਜ਼ ਨਾਲ ਨਹੀਂ ਜਾਣੀ, ਨਾ ਧੀ ਨਾਲ ਜਾਣੀ ਹੈ, ਨਾ ਪੁਤ ਨਾਲ ਜਾਣਾ ਹੈ, ਨਾ ਕਾਰਾਂ, ਕੋਠੀਆਂ ਨਾਲ ਜਾਣੀਆਂ ਹਨ, ਨਾ ਪੈਸਾ ਨਾਲ ਜਾਣਾ ਹੈ, ਨਾ ਕਿਸੇ ਸੁਸਾਇਟੀ ਨੇ ਨਾਲ ਜਾਣਾ ਹੈ, ਨਾ ਰਿਸ਼ਤੇਦਾਰਾਂ ਨੇ ਨਾਲ ਜਾਣਾ ਹੈ, ਨਾ ਤੇਰੇ ਨਾਲ ਕਿਸੇ ਹੋਰ ਚੀਜ਼ ਨੇ ਜਾਣਾ ਹੈ। ਐਵੇਂ ਤੂੰ ਸੰਸਾਰ ਤੇ ਆ ਕੇ ਵਕਤ ਗੁਜ਼ਾਰ ਦਿੱਤਾ। ਜਿਹੋ ਜਿਹਾ ਆਇਆ ਜਿਹੋ ਜਿਹਾ ਨਾ ਆਇਆ -

***ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥ ਅੰਗ - 251***

ਕਹਿੰਦੇ ਏਹੋ ਗੱਲ ਹੀ ਬੁਝਣ ਵਾਸਤੇ ਤੂੰ ਸੰਸਾਰ ਤੇ ਆਇਆ ਸੀ। ਪਰ ਤੂੰ ਅਸਲੀ ਗੱਲ ਬੁਝੀ ਨਹੀਂ। ਮਹਾਰਾਜ ਕਹਿੰਦੇ, ਤੂੰ ਪਸ਼ੂਆਂ ਵਿਚੋਂ ਵੀ ਢੋਰ ਹੈਂ। ਪਸ਼ੂ 25% ਤੋਂ ਲੈ ਕੇ 50% ਤੱਕ ਜਾਗਦੇ ਹਨ। ਗਧੇ ਵਿਚ ਕੇਵਲ 25-26% ਜਾਗ ਹੈ, ਸਾਰੀਆਂ ਉਲਟੀਆਂ ਗੱਲਾਂ ਹੀ ਕਰਦਾ ਰਹਿੰਦਾ ਹੈ। ਕਹਿੰਦੇ, ਢੋਰ ਹੈ, ਹੇਠਲੇ ਪੱਧਰ ਦਾ ਪਸ਼ੂ ਹੈ। ਸੋ ਇਸ ਤਰ੍ਹਾਂ ਪਰਮੇਸ਼ਰ ਇਸ ਤੋਂ ਵਖਰਾ ਨਹੀਂ ਹੈ। ਹਰ ਵਕਤ ਨਾਲ ਰਹਿੰਦਾ ਹੈ।

ਜਦੋਂ ਇਹ ਵਖਰਾ ਹੋ ਕੇ ਹਉਮੈ ਵਿਚ ਆ ਜਾਂਦਾ ਹੈ ਤਾਂ ਹਉਮੈ ਇਸਦਾ ਬਹੁਤ ਵੱਡਾ ਥੰਮ ਬਣ ਜਾਂਦੀ ਹੈ। ਦੇਹ ਦੇ ਸਾਰੇ ਦੁਖ ਇਸ ਹਉਮੈ ਦੇ ਪਿਲਰ ਤੋਂ ਹੀ ਸ਼ੁਰੂ ਹੋ ਜਾਂਦੇ ਹਨ। ਜੇ ਇਹ ਥਮਲਾ ਹੀ ਗਿਰਾ ਦਿੱਤਾ ਜਾਵੇ ਤਾਂ ਕੇਵਲ ਵਾਹਿਗੁਰੂ ਹੀ ਰਹਿ ਜਾਂਦਾ ਹੈ। ਮਹਾਰਾਜ ਤਾਂ ਬੜੇ ਤਰੀਕਿਆਂ ਨਾਲ ਸਮਝਾਉਂਦੇ ਹਨ–

***ਕਾਹੇ ਰੇ ਬਨ ਖੋਜਨ ਜਾਈ॥***
***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ਅੰਗ – 684***

ਕਿਉਂਕਿ ਜਿਹੜਾ ਵਾਹਿਗੁਰੂ ਹੈ, ਉਹ ਤਾਂ ਤੇਰੇ ਨਾਲ ਰਲਿਆ ਪਿਆ ਹੈ।

***ਪੁਹਪ ਮਧਿ ਜਿਉ ਬਾਸੁ ਬਸਤੁ ਹੈ***
***ਮੁਕਰ ਮਾਹਿ ਜੈਸੇ ਛਾਈ॥ ਅੰਗ – 684***

ਜਿਸ ਤਰ੍ਹਾਂ ਫੁਲਾਂ ਦੇ ਅੰਦਰ ਖੁਸ਼ਬੂ ਹੈ, ਸ਼ੀਸ਼ੇ ਦੇ ਅੰਦਰ ਪਰਛਾਵਾਂ ਹੈ –

***ਤੈਸੇ ਹੀ ਹਰਿ ਬਸੇ ਨਿਰੰਤਰਿ***
***ਘਟ ਹੀ ਖੋਜਹੁ ਭਾਈ॥ ਅੰਗ – 684***

ਕਦੀ ਧਿਆਨ ਦਿੱਤਾ ਹੈ ਕਿ ਮੇਰੇ ਨਾਲ ਵਾਹਿਗੁਰੂ ਰਹਿੰਦਾ ਹੈ। ਮੈਨੂੰ ਤਾਂ ਉਹ ਸਦਾ ਦੇਖਦਾ ਹੈ, ਜਿਥੇ ਵੀ ਮੈਂ ਜਾਂਦਾ ਹਾਂ, ਸਦਾ ਮੇਰੇ ਨਾਲ ਹੀ ਰਹਿੰਦਾ ਹੈ। ਵਾਹਿਗੁਰੂ ਇਕੱਲਾ ਤੇਰੇ ਨਾਲ ਹੀ ਨਹੀਂ, ਉਹ ਤਾਂ ਸਾਰੀਆਂ ਸ੍ਰਿਸ਼ਟੀਆਂ, ਸਾਰੇ ਖੰਡਾਂ ਬ੍ਰਹਿਮੰਡਾਂ ਵਿਚ ਹੈ। ਨਾ ਉਸਦਾ ਕੋਈ 'ਆਦਿ' ਹੈ ਨਾ ਅੰਤ ਹੈ, ਉਹ ਐਡੀ ਵੱਡੀ ਹਸਤੀ ਹੈ ਕਿ ਸੰਸਾਰ ਵਿਚ ਉਸਦੀ ਕੋਈ ਕੀਮਤ ਨਹੀਂ ਪਾ ਸਕਦਾ। ਤੈਨੂੰ ਹਰ ਵਕਤ ਤੇਰੇ ਨਾਲ ਰਹਿ ਕੇ ਦੇਖ ਰਿਹਾ ਹੈ। ਤੂੰ ਮੁਕਰ ਨਹੀਂ ਸਕਦਾ ਕਿਉਂਕਿ ਤੇਰੀ ਫਿਲਮ ਨਾਲ ਨਾਲ ਬਣ ਰਹੀ ਹੈ। ਉਹ ਐਸਾ ਕੈਮਰਾ ਹੈ ਉਹ ਐਸੀ ਅੱਖ ਹੈ ਕਿ ਹਰ ਇਕ ਨੂੰ ਹਰ ਵਕਤ ਦੇਖਦੀ ਹੈ –

***ਸਹਸ ਤਵ ਨੈਨ ਨਨ ਨੈਨ ਹਹਿ ਤੋਹਿ॥ ਅੰਗ – 12***

ਕ੍ਰੋੜਾਂ ਹੀ ਤੇਰੀਆਂ ਅੱਖਾਂ ਹਨ, ਸੈਂਕੜੇ ਹੀ ਤੇਰੀਆਂ ਅੱਖਾਂ ਹਨ। ਸਾਡੇ ਵਰਗੀ ਅੱਖ ਨਹੀਂ ਹੈ ਉਸਦੀ। ਉਸਦੇ ਤਾਂ ਲੱਖਾਂ ਹੀ ਕੰਨ ਹਨ, ਅਰਬਾਂ ਖਰਬਾਂ ਹਨ। ਸਭ ਦੀ ਗੱਲ ਸੁਣਦਾ ਹੈਂ, ਸਭ ਨੂੰ ਦੇਖ ਰਿਹਾ ਹੈਂ। ਬੰਦਾ ਉਸਨੂੰ ਮਨ ਦੇ ਵਿਚ ਨਹੀਂ ਵਸਾਉਂਦਾ। ਇਸ ਗੱਲ ਦਾ ਭਰੋਸਾ ਹੀ ਨਹੀਂ ਕਰਦਾ ਕਿ ਉਹ ਮੇਰੇ ਨਾਲ ਹੈ। ਕਹਿੰਦਾ ਜੀ, ਮੈਂ ਜਿਧਰ ਵੀ ਜਾਂਦਾ ਹਾਂ, ਮੇਰੀ ਬਿਰਤੀ ਨਹੀਂ ਲਗਦੀ, ਭਜਨ ਮੈਂ ਬਥੇਰਾ ਕਰਦਾ ਹਾਂ। ਰਾਮ ਰਾਮ ਵੀ ਕਰੀ ਜਾਂਦਾ ਹਾਂ। ਪਰ ਮੇਰਾ ਮਨ ਨਹੀਂ ਟਿਕਦਾ। ਭਾਈ ਤੂੰ ਤਾਂ ਨਾਸਤਕ ਹੈਂ ਤਾਂ ਤੇਰਾ ਮਨ ਨਹੀਂ ਟਿਕਦਾ। ਤੂੰ ਅਜੇ ਮੰਨਿਆ ਨਹੀਂ ਪਰਮੇਸ਼ਰ ਨੂੰ ਕਿ ਰੱਬ ਹੈ, ਕਿਥੇ ਰਹਿੰਦਾ ਹੈ? ਜੇ ਤੇਰੇ ਮਨ ਵਿਚ ਆ ਜਾਵੇ ਤਾਂ ਤੂੰ ਕੋਈ ਵੀ ਗੱਲ ਗਲਤ ਨਹੀਂ ਕਰ ਸਕਦਾ। ਤੈਨੂੰ ਉਸੇ ਵੇਲੇ ਤੜਕ ਕਰਕੇ ਗਿਆਨ ਹੋ ਜਾਏਗਾ –

***ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥***

***ਅੰਗ - 285***

ਫੇਰ ਨਤੀਜਾ ਕੀ ਹੁੰਦਾ ਹੈ?

***ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥ ਅੰਗ - 285***

ਉਹ ਤੱਤ ਗਿਆਨ ਉਸੇ ਵੇਲੇ ਵਾਹਿਗੁਰੂ ਦਾ ਦਰਸ਼ਨ ਹੋਣਾ ਸ਼ੁਰੂ ਹੋ ਜਾਂਦਾ ਹੈ। ਵਾਹਿਗੁਰੂ ਦਾ ਦਰਸ਼ਨ ਕੀ ਹੈ? ਹੈ ਹੀ ਵਾਹਿਗੁਰੂ ਸਾਰੇ, ਦੂਜਾ ਹੋਰ ਕੋਈ ਹੈ ਨਹੀਂ, ਉਸਦਾ ਭਰਮ ਟੁਟ ਜਾਂਦਾ ਹੈ। ਪੱਕਾ ਨਿਸ਼ਚਾ ਉਸਦੇ ਮਨ ਵਿਚ ਆ ਜਾਂਦਾ ਹੈ।

***ਤੈਸੇ ਹੀ ਹਰਿ ਬਸੇ ਨਿਰੰਤਰਿ***
***ਘਟ ਹੀ ਖੋਜਹੁ ਭਾਈ॥***
***ਬਾਹਰਿ ਭੀਤਰਿ ਏਕੋ ਜਾਨਹੁ***
***ਇਹੁ ਗੁਰ ਗਿਆਨੁ ਬਤਾਈ॥ ਅੰਗ - 684***

ਉਹ ਕਿਸੇ ਥਾਂ ਤੇ ਖੰਡਨ ਨਹੀਂ ਹੁੰਦਾ ਉਹ ਤਾਂ ਅਖੰਡ ਜੋਤੀ ਹੈ। ਆਕਾਸ਼ ਦਾ ਟੁਕੜਾ ਕਰਕੇ ਵਖਾਓ ਭਲਾ, ਸਾਡੇ ਅੰਦਰ ਵੀ ਆਕਾਸ਼ ਹੈ ਬਾਹਰ ਵੀ ਆਕਾਸ਼ ਹੈ। ਏਥੇ ਬੇਅੰਤ ਬਰਤਨ ਰਖ ਦਿਓ, ਉਹਨਾਂ ਸਭ ਵਿਚ ਆਕਾਸ਼ ਹੈ। ਜੇਕਰ ਡੰਡਾ ਮਾਰਕੇ ਬਰਤਨ ਭੰਨੀ ਜਾਓ ਉਹ ਆਕਾਸ਼ ਕਿਧਰੇ ਵਖਰਾ ਹੁੰਦਾ ਹੈ, ਕਿਤੇ ਜਾਣਾ ਹੈ ਉਹ ਤਾਂ ਪਰੀਪੂਰਨ ਹਸਤੀ ਹੈ। ਏਸੇ ਤਰ੍ਹਾਂ ਵਾਹਿਗੁਰੂ ਸਤਿ, ਚਿਤ, ਅਨੰਦ, ਪਿਆਰ ਕਰਨ ਵਾਲਾ ਚਾਰ ਗੁਣ ਉਹਦੇ ਵਿਚ ਖਾਸ ਹਨ। ਬਾਕੀ ਉਹਦੇ ਵਿਚ ਬੇਅੰਤ ਹੀ ਗੁਣ ਹਨ। ਜਿਹੜਾ ਗੁਣ ਵੀ ਤੁਸੀਂ ਚਿਤਵ ਲਓ ਉਹ ਗੁਣ ਵੀ ਉਸ ਪਰਮ ਹਸਤੀ ਵਿਚ ਹੈ। ਉਹ ਜਿਹੜਾ ਸੱਤ ਚਿਤ ਅਨੰਦ, ਸਤਿ ਰਹਿਣ ਵਾਲੀ ਹਸਤੀ ਤੇ ਚੇਤਨ ਬ੍ਰਹਮ, ਚੇਤਨ ਸਭ ਦੇ ਜਾਨਣ ਵਾਲੀ ਤੇ ਸਦਾ ਹੀ ਅਨੰਦ ਵਿਚ ਰਹਿਣ ਵਾਲੀ। ਫੇਰ ਪਿਆਰ ਕਰਨ ਵਾਲੀ ਕਿਰਿਆ, ਸਭ ਨਾਲ ਹੀ ਪਿਆਰ ਕਰਦੀ ਹੈ। ਉਸਨੂੰ ਭੁੱਲ ਕੇ ਇਹੋ ਜਿਹੀਆਂ ਚੀਜ਼ਾਂ ਦੇ ਨਾਲ ਮਨ ਲਾਉਂਦਾ ਹੈ। ਜਿਸਨੇ ਨਾ ਤਾਂ ਨਾਲ ਜਾਣਾ ਹੈ, ਨਾ ਕੋਈ ਸਹਾਇਤਾ ਕਰਨੀ ਹੈ, ਬੰਦਾ ਉਹਨਾਂ ਦੇ ਨਾਲ ਪਰਚਿਆ ਪਿਆ ਹੈ। ਧੀਆਂ, ਪੁਤਰਾਂ ਦੇ ਨਾਲ, ਆਪਣੀ ਹਸਤੀ ਦੇ ਨਾਲ, ਸਾਰਾ ਦਿਨ ਦੇਖਣ ਵਾਲੀਆਂ ਚੀਜ਼ਾਂ ਦੇਖੀ ਜਾਂਦਾ ਹੈ। ਜਿਹਨਾਂ ਵਿਚ ਇਹਦਾ ਮਨ ਲਗਦਾ ਹੈ-

***ਜਨ ਨਾਨਕ ਬਿਨੁ ਆਪਾ ਚੀਨੈ***
***ਮਿਟੈ ਨ ਭ੍ਰਮ ਕੀ ਕਾਈ॥ ਅੰਗ - 684***

ਜਿੰਨੀ ਦੇਰ ਤਕ ਆਪਣੇ ਆਪ ਦੀ ਖੋਜ ਨਹੀਂ ਕਰਦਾ ਕਿ ਮੈਂ ਕੌਣ ਹਾਂ? ਉਨੀ ਦੇਰ ਤਕ ਇਹਦੇ ਭਰਮ, ਸੰਸੇ ਦਾ ਨਾਸ ਨਹੀਂ ਹੋਇਆ ਕਰਦਾ। ਸਾਧ ਸੰਗਤ ਜੀ! ਜਿਹੜਾ ਦੂਜਾ ਪਾਸਾ ਹੈ, ਉਹਦੇ ਵਿਚ ਬਹੁਤ ਖਤਰਨਾਕ ਚੀਜ਼ਾਂ ਹਨ। ਪੰਜ ਤਾਂ ਚੋਰ ਰਹਿੰਦੇ ਹਨ। ਜੇਕਰ ਇਕ ਇਕ ਚੋਰ ਦੀ ਗੱਲ ਕਰੀਏ ਤਾਂ ਪੂਰਾ ਦਿਨ ਲੰਘ ਜਾਂਦਾ ਹੈ। ਪੰਜ ਇਹਦੇ ਵਿਚ ਵਿਸ਼ੇ ਰਹਿੰਦੇ ਹਨ। ਸ਼ਬਦ, ਸਪਰਸ਼, ਰੂਪ, ਰਸ, ਗੰਧ, ਇਕ ਇਕ ਵਿਸ਼ੇ ਵਿਚ ਕਿੰਨੀ ਕਿੰਨੀ ਤਾਕਤ ਹੈ।

ਤੁਸੀਂ ਸ਼ਬਦ ਨੂੰ ਹੀ ਲੈ ਲਓ। ਹਿਰਨ ਵਾਸਤੇ ਘੰਡੇਹੇੜੇ ਦਾ ਸਾਜ ਵਜਾਇਆ ਜਾਂਦਾ ਸੀ। ਉਹ ਸਾਜ ਸੁਣ ਕੇ ਲਿਟਣ ਲਗ ਜਾਂਦਾ ਸੀ। ਉਹ ਐਨਾ ਮਸਤ ਹੋ ਜਾਂਦਾ ਸੀ ਕਿ ਕੋਲ ਜਾ ਕੇ ਸ਼ਿਕਾਰੀ ਫੜ ਲੈਂਦਾ ਸੀ। ਇਕੋ ਹੀ ਸ਼ਬਦ ਦਾ ਵਿਸ਼ਾ ਕਿੰਨਾ ਤਕੜਾ ਹੈ। ਫੇਰ 'ਸਪਰਸ਼', ਹਾਥੀ ਲਈ ਕਾਗਜ਼ਾਂ ਦੀ ਹਥਨੀ ਬਣਾ ਕੇ ਫੇਰ ਟੋਆ ਪੁੱਟ ਕੇ ਵਿਚ ਫੂਸ ਪਾ ਕੇ ਖੜ੍ਹੀ ਕਰ ਦਿੰਦੇ ਹਨ। ਹਾਥੀ ਦੇ ਮਨ ਵਿਚ ਸਪਰਸ਼ ਦੀ ਐਨੀ ਜ਼ਬਰਦਸਤ ਖਿਚ ਹੈ, ਉਹ ਨਹੀਂ ਦੇਖਦਾ ਕਿ ਮੇਰਾ ਪੈਰ ਕਿਥੇ ਰਖਿਆ ਜਾਂਦਾ ਹੈ। ਧੜੰਮ ਕਰਕੇ ਟੋਏ ਵਿਚ ਗਿਰ ਜਾਂਦਾ ਹੈ ਅਤੇ ਸਾਰੀ ਜ਼ਿੰਦਗੀ ਮਨੁਖ ਦਾ ਗੁਲਾਮ ਰਹਿੰਦਾ ਹੈ। ਆਹ ਜਿਹੜਾ ਪਰਵਾਨਾ ਹੈ, ਲਾਈਟ ਕਰ ਦਿਓ, ਦੀਵਾ ਜਲਾ ਦਿਓ, ਦੇਖੀ ਵੀ ਜਾਂਦਾ ਹੈ ਕਿ ਜਿਹੜੇ ਪਹਿਲਾਂ ਜਾ ਰਹੇ ਹਨ, ਸਭ ਮਰੀ ਜਾ ਰਹੇ ਹਨ। ਪਰ ਉਸਨੂੰ ਰੂਪ ਦੀ ਐਨੀ ਖਿਚ ਹੈ ਕਿ ਆਪ ਵੀ ਆ ਕੇ ਮਰ ਜਾਂਦਾ ਹੈ।

ਮੱਛੀਆਂ ਦੇਖੀ ਜਾਂਦੀਆਂ ਹਨ ਕਿ ਬਾਕੀ ਕੁੰਡੀ ਵਿਚ ਫਸੀ ਜਾਂਦੀਆਂ ਹਨ ਤੇ ਬਾਹਰ ਕੱਢੀਆਂ ਜਾ ਰਹੀਆਂ ਹਨ। ਜਦੋਂ ਦੁਬਾਰਾ ਕੁੰਡੀ ਪਾਈ ਜਾਂਦੀ ਹੈ ਤਾਂ ਫਿਰ ਆਪ ਆ ਕੇ ਵੀ ਉਸੇ ਕੁੰਡੀ ਵਿਚ ਫਸ ਜਾਂਦੀ ਹੈ। ਜੋ ਕੁੰਡੀ ਤੇ ਲਗਾ ਹੁੰਦਾ ਹੈ ਉਸ ਨੂੰ ਅੰਦਰ ਲੰਘਾ ਲੈਣਗੀਆਂ ਕਿਉਂਕਿ ਉਹਨਾਂ ਨੂੰ ਰਸ ਹੈ।

ਇਸੇ ਤਰ੍ਹਾਂ ਗੰਧ ਹੈ, ਭੰਵਰਾ ਫੁੱਲ ਦੇ ਉਤੇ ਆ ਕੇ ਬੈਠ ਜਾਂਦਾ ਹੈ। ਜਦੋਂ ਸ਼ਾਮ ਹੁੰਦੀ ਹੈ ਫੁਲ ਬੰਦ ਹੋਣਾ ਸ਼ੁਰੂ ਹੋ ਜਾਂਦਾ ਹੈ ਤੇ ਵਿਚੇ ਹੀ ਦਬਕੇ ਮਰ ਜਾਂਦਾ ਹੈ ਤੇ ਸਵੇਰੇ ਮਰਿਆ ਹੋਇਆ ਹੀ ਨਿਕਲਦਾ ਹੈ। ਮਹਾਰਾਜ ਕਹਿੰਦੇ, ਕਿੱਡੀ ਵੱਡੀ ਤਾਕਤ ਹੈ, ਉਹਨਾਂ ਸਾਰਿਆਂ ਤੇ ਤਾਂ ਇਕ ਇਕ ਚੀਜ਼ ਨੇ ਕਾਬੂ ਪਾਇਆ ਹੋਇਆ ਹੈ। ਹਿਰਨ ਵਿਚ, ਸੁਗੰਧੀ ਦਾ ਰੋਗ ਨਹੀਂ ਹੈ, ਸਪਰਸ਼ ਦਾ ਨਹੀਂ ਹੈ, ਜੀਭ ਦਾ ਨਹੀਂ ਹੈ। ਮੱਛੀ ਦੇ ਅੰਦਰ ਸਪਰਸ਼ ਦਾ ਰੋਗ ਨਹੀਂ ਹੈ। ਮਹਾਰਾਜ ਕਹਿੰਦੇ ਮਨੁੱਖ ਨੂੰ ਤਾਂ ਪੰਜੇ ਰੋਗ ਲਗੇ ਹੋਏ ਹਨ। ਇਹਦੇ ਵਿਚ ਪੰਜੇ ਹੀ ਹਨ। ਸਪਰਸ਼, ਰੂਪ, ਰਸ, ਗੰਧ, ਸ਼ਬਦ। ਮਨੁੱਖ ਇਹਨਾਂ ਪੰਜਾਂ ਰੋਗਾਂ ਰਾਹੀਂ ਆਪਣੇ ਆਪ ਨੂੰ ਨਾਸ਼ ਕਰ ਰਿਹਾ ਹੈ। ਨਾਲ ਇਸ ਦੇ ਅੰਦਰ ਰਾਗ, ਦ੍ਵੈਸ਼ ਹੈ ਤੇ ਪੰਜ ਵਿਸ਼ੇ ਇਸਨੂੰ ਨਿਕਲਣ ਨਹੀਂ ਦਿੰਦੇ। ਐਸ ਤਰ੍ਹਾਂ ਵਾਸ਼ਨਾਵਾਂ ਦਾ ਕੋਈ ਅੰਤ ਹੀ ਨਹੀਂ ਹੈ। ਐਨੀਆਂ ਵਾਸ਼ਨਾਵਾਂ ਹਨ, ਇਕ ਕਿਸਮ ਦਾ ਜੰਗਲ ਹੀ ਬਣਿਆ ਪਿਆ ਹੈ। ਜਿਸ ਵਿਚ ਮਨੁੱਖ ਰੁਲਦਾ ਫਿਰਦਾ ਹੈ ਤੇ ਇਸ ਤਰ੍ਹਾਂ ਦੁਖੀ ਹੁੰਦਾ ਰਹਿੰਦਾ ਹੈ।

ਇਸ ਤਰ੍ਹਾਂ ਅਭਿਮਾਨ ਰਾਜ, ਰੂਪ, ਮਾਲ, ਜੋਬਨ ਪੰਜੇ ਠੱਗ ਹਨ। ਇਕ ਇਕ ਅਭਿਮਾਨ ਦੀ ਜੇ ਗੱਲ ਕਰੀਏ, ਰਾਗ ਦਾ ਹੀ ਅਭਿਮਾਨ ਲੈ ਲਓ। ਜਿਸਦੇ ਹੱਥ ਵਿਚ ਤਾਕਤ ਆ ਗਈ ਉਹ ਫਿਰ ਦੇਖਦਾ ਨਹੀਂ ਕਿ ਜਾਇਜ਼ ਹੋ ਰਹੀ ਹੈ ਜਾਂ ਨਜਾਇਜ਼ ਹੋ ਰਹੀ ਹੈ। ਆਪਣੀ ਮਨਮਾਨੀ ਕਰਦਾ ਹੈ।

ਇਕ ਵਾਰੀ ਨਾਮਦੇਵ ਜੀ ਨੂੰ ਬਹੁਤ ਸਾਰੇ ਸਾਥੀਆਂ ਸਮੇਤ ਆਪ ਜੀ

ਨੂੰ ਸੱਦਾ ਆਇਆ ਕਿ ਮਹਾਰਾਜ ਆਪ ਕੇਵਲ ਦੱਖਣ ਦੇ ਅੰਦਰ ਹੀ ਨਾ ਬੈਠੋ, ਥੋੜ੍ਹਾ ਫਿਰ ਤੁਰ ਕੇ ਦਰਸ਼ਨ ਦਿਓ ਕਿਉਂਕਿ ਤੀਰਥ ਅਸਥਾਨ ਬਣਾਏ ਸੀ, ਜਿਥੇ ਸਾਧੂ ਮਹਾਤਮਾ ਇਕੱਠੇ ਹੋਇਆ ਕਰਦੇ ਸਨ, ਉਥੇ ਆ ਕੇ ਸੰਗਤਾਂ ਵੀ ਦਰਸ਼ਨ ਕਰਦੀਆਂ ਸਨ ਤੇ ਮਹਾਤਮਾ ਉਪਦੇਸ਼ ਦਿਆ ਕਰਦੇ ਸਨ। ਤੀਰਥ ਹੁੰਦੇ ਹੀ ਇਸ ਵਾਸਤੇ ਸਨ ਕਿ ਉਥੇ ਇਸ਼ਨਾਨ ਵੀ ਕਰ ਲਓ ਤੇ ਸੰਤਾਂ ਦੇ ਬਚਨ ਵੀ ਸੁਣ ਲਓ। ਸੋ ਨਾਮਦੇਵ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ! ਵਾਹਿਗੁਰੂ ਜੀ ਤੁਹਾਡੇ ਬਹੁਤ ਨੇੜੇ ਹਨ, ਤੁਸੀਂ 72 ਵਾਰੀ ਵਾਹਿਗੁਰੂ ਜੀ ਦੇ ਸਾਕਾਰ ਰੂਪ ਵਿਚ ਦਰਸ਼ਨ ਕੀਤੇ ਹਨ। ਸੋ ਤੁਸੀਂ ਹੁਣ ਏਥੇ ਨਾ ਬੈਠੋ, ਸੰਗਤਾਂ ਨੂੰ ਘੁੰਮ ਫਿਰਕੇ ਦਰਸ਼ਨ ਦਿਓ, ਕਿਉਂਕਿ ਸਾਰੇ ਮਹਾਤਮਾ ਤਾਂ ਆਪ ਪਾਸ ਪਹੁੰਚ ਨਹੀਂ ਸਕਦੇ, ਪਰ ਮਹਾਤਮਾ ਤਾਂ ਤੀਰਥ ਹੋਇਆ ਕਰਦੇ ਹਨ। ਇਕ ਜੜ੍ਹ ਤੀਰਥ ਹੁੰਦੇ ਹਨ, ਇਕ ਜੰਗਮ ਤੀਰਥ ਹੁੰਦੇ ਹਨ। ਜੜ੍ਹ ਤੀਰਥ ਕੋਲ ਕੇਵਲ ਇਕ ਫਲ ਹੋਇਆ ਕਰਦਾ ਹੈ। ਮਹਾਤਮਾ ਚਾਰ ਫਲ ਚੱਕੀਂ ਫਿਰਦੇ ਹਨ –

***ਚਾਰਿ ਪਦਾਰਥ ਜੇ ਕੋ ਮਾਗੈ॥***
***ਸਾਧ ਜਨਾ ਕੀ ਸੇਵਾ ਲਾਗੈ॥*** ***ਅੰਗ – 266***

ਧਰਮ ਉਹਨਾਂ ਕੋਲ ਹੁੰਦਾ ਹੈ, ਅਰਥ ਉਹਨਾਂ ਕੋਲ ਹੁੰਦਾ ਹੈ, ਕਾਮਨਾਵਾਂ ਪੂਰੀਆਂ ਕਰਨ ਦੀ ਸ਼ਕਤੀ ਉਹਨਾਂ ਕੋਲ ਹੁੰਦੀ ਹੈ, ਮੁਕਤੀ ਦਾ ਰਸਤਾ ਦੱਸਣ ਦੀ ਸ਼ਕਤੀ ਉਹਨਾਂ ਕੋਲ ਹੋਇਆ ਕਰਦੀ ਹੈ। ਫਿਰ ਕੀ?

***ਤੀਰਥ ਕੀਏ ਏਕ ਫਲ ਸੰਤ ਮਿਲੇ ਫਲ ਚਾਰ।***
***ਗੁਰੂ ਮਿਲੇ ਫਲ ਅਨੇਕ ਹੈ ਕਹਤ ਕਬੀਰ ਵੀਚਾਰ।***

ਸੋ ਮਹਾਤਮਾ ਤੁਰ ਫਿਰ ਕੇ ਜੰਗਮ ਤੀਰਥ ਕਹਾਉਂਦੇ ਹਨ। ਜੰਗਮ ਉਸਨੂੰ ਆਖਦੇ ਹਨ ਜਿਹੜਾ ਤੁਰ ਕੇ, ਅੱਗੇ ਜਾ ਕੇ ਫਿਰ ਤੀਰਥ ਬਣਾ ਲਵੇ। ਜਿਥੇ ਜਾਏਗਾ ਉਥੇ ਹਜ਼ਾਰਾਂ ਬੰਦੇ ਬਚਨਾਂ ਦਾ ਇਸ਼ਨਾਨ ਕਰਨ ਆ ਜਾਣਗੇ ਤੇ ਹਜ਼ਾਰਾਂ ਬੰਦੇ ਉਹਨਾਂ ਦੇ ਬਚਨਾਂ ਦੇ ਪ੍ਰਭਾਵ ਨਾਲ ਜੀਵਨ ਬਦਲ ਲੈਣਗੇ, ਬੇਅੰਤ ਪਾਪਾਂ ਦਾ, ਕ੍ਰੋੜਾਂ ਪਾਪਾਂ ਦਾ ਨਾਸ ਹੋ ਜਾਵੇਗਾ। ਸੋ ਉਹ ਤੀਰਥ ਮਹਾਤਮਾ ਹੋਇਆ ਕਰਦੇ ਹਨ ਤੇ ਉਹਨਾਂ ਦੀ ਧੂੜੀ ਨੂੰ ਜਿਹੜੇ ਜੜ੍ਹ ਤੀਰਥ ਹਨ ਉਹ ਅਕਾਲ ਪੁਰਖ ਪਾਸ ਬੇਨਤੀ ਕਰਦੇ ਹਨ –

***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥***

***ਅੰਗ – 1263***

ਕਿਉਂ ਕਰਦੇ ਹਨ, ਕਹਿੰਦੇ ਸਾਡੇ ਵਿਚ ਪਾਪੀ ਨਹਾ ਗਏ।

***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥***

***ਅੰਗ – 1263***

ਜੇਕਰ ਸਾਧੂ ਦੀ ਧੂੜ ਮਿਲ ਜਾਵੇ ਤਾਂ ਉਹ ਮੈਲ ਹਟਾ ਦਿੰਦੀ ਹੈ। ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ - ਤੀਰਥ ਵੀ ਲੋਚਦੇ***
***ਸੰਤਾਂ ਦੀ ਧੂੜੀ ਤਾਈ -2, 2.***

ਸਾਰੀ ਗੱਲ ਵਿਚਾਰ ਕੇ ਨਾਮਦੇਵ ਜੀ ਨੇ ਤੀਰਥਾਂ ਤੇ ਇਸ਼ਨਾਨ ਕਰਨਾ, ਸੰਗਤਾਂ ਨੂੰ ਦਰਸ਼ਨ ਦੇਣੇ ਤੇ ਦੇਸ਼ ਵਿਚ ਭ੍ਰਮਣ ਕਰਨ ਦਾ ਸੰਕਲਪ ਬਣਾ ਲਿਆ ਤਾਂ ਕਾਫੀ ਸਾਥੀ ਨਾਲ ਲੈ ਕੇ ਤੇ ਕਾਫੀ ਸਮੇਂ ਤਕ ਆਪ ਘੁੰਮਦੇ ਰਹੇ। ਪੰਜਾਬ ਵੀ ਆਏ, ਦਿੱਲੀ ਵੀ ਆਏ, ਬੜੀ ਜੈ ਜੈਕਾਰ ਹੋਈ। ਕਾਫੀ ਸਮੇਂ ਤੋਂ ਬਾਅਦ ਜਦ ਕਾਫੀ ਸਾਲ ਲੰਘ ਗਏ, ਜਦੋਂ ਵਾਪਸ ਗਏ ਤੇ ਦੇਖਿਆ ਜਿਹੜੀਆਂ ਉਹਨਾਂ ਦੀਆਂ ਝੌਂਪੜੀਆਂ ਹੁੰਦੀਆਂ ਸਨ, ਹੁਣ ਹੈ ਹੀ ਨਹੀਂ। ਉਥੇ ਵੱਡਾ ਸਾਰਾ ਕਿਲਾ ਬਣਿਆ ਪਿਆ ਹੈ। ਮਹੱਲ ਬਣਿਆ ਪਿਆ ਹੈ, ਕੰਧਾਂ ਖਿਚੀਆਂ ਪਈਆਂ ਹਨ, ਬਹੁਤ ਵੱਡੀ ਹਵੇਲੀ ਬਣਾ ਲਈ, ਮਕਾਨ ਬਣ ਗਏ, ਮਹਿਲ ਬਣਾ ਲਿਆ ਤਾਂ ਨਾਮਦੇਵ ਜੀ ਨੇ ਜਾ ਕੇ ਪੁਛਿਆ ਕਿ ਸਾਡੇ ਘਰ ਕਿਥੇ ਚਲੇ ਗਏ? ਪਤਾ ਲਗਾ ਕਿ ਜਿਹੜਾ ਰਾਜਾ ਹੈ, ਉਸਨੇ ਬਣਾ ਲਏ ਹਨ। ਨਾਮਦੇਵ ਜੀ ਨੇ ਕਿਹਾ ਕਿ ਰਾਜੇ ਦਾ ਧਰਮ ਤਾਂ ਹੁੰਦਾ ਹੈ, ਨਿਆ ਕਰਨਾ। ਇਸ ਤਰ੍ਹਾਂ ਥੋੜ੍ਹੀ ਹੁੰਦਾ ਹੈ ਕਿ ਅਗਲਿਆਂ ਦੇ ਘਰ ਢਾਹ ਕੇ ਆਪਣੇ ਮਹਿਲ ਬਣਾ ਲਓ।

***ਰਾਜੇ ਚੁਲੀ ਨਿਆਵ ਕੀ ............॥***

***ਅੰਗ - 1240***

ਰਾਜੇ ਦਾ ਧਰਮ ਹੀ ਨਿਆ ਕਰਨਾ ਹੁੰਦਾ ਹੈ।

ਸੋ ਨਾਮਦੇਵ ਜੀ! ਰਾਜੇ ਪਾਸ ਚਲੇ ਗਏ। ਕਹਿਣ ਲੱਗੇ ਰਾਜਨ! ਅਸੀਂ ਤੀਰਥ ਯਾਤਰਾ ਲਈ ਗਏ ਸੀ। ਸਾਨੂੰ ਬਹੁਤ ਸਾਰਾ ਸਮਾਂ ਲਗ ਗਿਆ। ਏਥੇ ਜਿਹੜੇ ਸਾਰੇ ਘਰ ਸਨ ਉਹ ਤੁਸੀਂ ਢਾਹ ਦਿੱਤੇ। ਰਾਜੇ ਨੇ ਕਿਹਾ ਫੇਰ ਕੀ ਹੋ ਗਿਆ ਜੇ ਢਾਹ ਦਿੱਤੇ। ਨਾਮਦੇਵ ਜੀ ਨੇ ਕਿਹਾ ਕਿ ਘਰ ਢਾਹੁੰਣ ਵਾਸਤੇ ਕੋਈ ਨਾ ਕੋਈ ਕਾਰਣ ਤਾਂ ਹੋਣਾ ਚਾਹੀਦਾ ਹੈ। ਰਾਜੇ ਨੇ ਕਿਹਾ ਕਿ ਏਥੇ ਦੀ ਸਜਾਵਟ, ਇਥੇ ਦੀ ਵਿਉਂਤ ਵਿਚ ਫਰਕ ਪੈ ਰਿਹਾ ਸੀ, ਇਸ ਲਈ ਢਾਹ ਦਿੱਤੇ। ਜਿਹੜਾ ਮੈਂ ਨਕਸ਼ਾ ਬਣਾਇਆ ਸੀ ਉਹ ਠੀਕ ਨਹੀਂ ਸੀ ਰਹਿੰਦਾ। ਜਿੰਨੇ ਫੁਟ ਮੈਂ ਆਪਣਾ ਲੰਬਾ ਚੌੜਾ ਕਿਲ੍ਹਾ ਬਣਾਉਣਾ ਸੀ, ਉਹ ਸਹੀ ਨਹੀਂ ਸੀ ਬੈਠਦਾ। ਵਿਉਂਤ ਖਰਾਬ ਹੋ ਰਹੀ ਸੀ ਇਸ ਲਈ ਮੈਂ ਢਾਹ ਦਿੱਤੇ। ਉਸ ਵੇਲੇ ਨਾਮਦੇਵ ਜੀ ਨੇ ਇਸ ਤਰ੍ਹਾਂ ਫੁਰਮਾਇਆ -

***ਧਾਰਨਾ - ਰਾਜਾ ਮੰਦਰ ਬਣਾਵੇ ਆਪਣੇ,***
***ਢਾਕੇ ਮੇਰੀ ਰਾਮ ਕੁਟੀਆ -2, 2.***

ਨਾਮਦੇਵ ਜੀ ਕਹਿਣ ਲੱਗੇ, "ਰਾਜਨ! ਐਨੇ ਵੱਡੇ ਤੂੰ ਮਹਿਲ ਬਣਾ ਲਏ। ਘਟ ਤੋਂ ਘਟ ਗਰੀਬ ਦੇ ਰਹਿਣ ਵਾਲਾ ਥਾਂ ਤਾਂ ਰਖ ਲੈਣਾ ਸੀ। ਇਹ ਤਾਂ ਠੀਕ ਜੁਗਤ ਨਹੀਂ ਹੈ ਕਿ ਜਬਰਦਸਤੀ ਕਬਜ਼ਾ ਕਰ ਲਓ। ਅਸੀਂ ਤਾਂ ਸਿਰ ਲੁਕਾਉਣ ਵਾਸਤੇ ਥਾਂ ਬਣਾਇਆ ਹੋਇਆ ਸੀ। ਅਸੀਂ ਕੋਈ ਵੱਡੇ ਮਕਾਨ ਨਹੀਂ ਸੀ ਬਣਾਏ ਹੋਏ। ਜਿਹੜੇ ਤੁਸੀਂ ਜਰ ਨਾ ਸਕੇ।" ਰਾਜਾ ਬਹੁਤ ਅਭਿਮਾਨੀ ਸੀ। ਕਹਿਣ ਲੱਗਾ, ਫੇਰ ਕੀ ਹੋ ਗਿਆ? ਨਾਮਦੇਵ ਜੀ ਨੇ ਕਿਹਾ ਕਿ ਗੱਲ

ਵੀਚਾਰ ਨਾਲ ਕਰਨੀ ਚਾਹੀਦੀ ਹੈ।

*ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥ ਅੰਗ - 692*

ਏਥੇ ਤਾਂ ਕਿਸੇ ਨੇ ਵੀ ਨਹੀਂ ਰਹਿਣਾ, ਇਸ ਤਰ੍ਹਾਂ ਕਥਨ ਹੈ -

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ, ਅਵਤਾਰ ਭੀ ਅਨੇਕ ਹੈ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਨ ਕੇਤੇ, ਅਸੁਨੀ ਕੁਮਾਰ ਕੇਤੇ,*
*ਅੰਸਾ ਅਵਤਾਰ ਕੇਤੇ, ਕਾਲ ਬਸ ਭਏ ਹੈਂ॥*
*ਪੀਰ ਔ ਪੀਕਾਂਬਰ ਕੇਤੇ, ਗਨੇ ਨ ਪਰਤ ਏਤੇ,*
*ਭੂਮ ਹੀ ਤੇ ਹੁਇਕੈ, ਫੇਰ ਭੂਮ ਕੀ ਮਿਲਏ ਹੈਂ॥*
*ਅਕਾਲ ਉਸਤਤਿ*

*ਜੋਗੀ ਜਤੀ ਬ੍ਰਹਮਚਾਰੀ, ਬਡੇ ਬਡੇ ਛਤ੍ਰਧਾਰੀ,*
*ਛਤ੍ਰ ਹੀ ਕੀ ਛਾਇਆ, ਕਈ ਕੋਲ ਲੌ ਚਲਤ ਹੈਂ॥ ਅਕਾਲ ਉਸਤਤਿ*

ਨਾਮਦੇਵ ਜੀ ਨੇ ਕਿਹਾ ਹੇ ਰਾਜਨ! ਐਡੇ ਵੱਡੇ ਔਲੀਏ, ਪੀਰ, ਪੈਗੰਬਰ, ਬ੍ਰਹਮਾ ਜੀ, ਵਿਸ਼ਨੂੰ ਜੀ, ਏਥੇ ਕੋਈ ਰਿਹੈ ਸੰਸਾਰ ਦੇ ਉਤੇ? ਇਕ ਆ ਜਾਂਦਾ ਹੈ ਚਲਾ ਜਾਂਦਾ ਹੈ, ਇਕ ਆ ਜਾਂਦਾ ਹੈ, ਫੇਰ ਚਲਾ ਜਾਂਦਾ ਹੈ। ਇਸ ਸੰਸਾਰ ਤੇ ਕੋਈ ਰਹਿ ਨਹੀਂ ਸਕਦਾ, ਗੱਲਾਂ ਇਸ ਤਰ੍ਹਾਂ ਕਰੀ ਜਾਂਦਾ ਹੈ ਜੋ ਸੋਭਦੀਆਂ ਨਹੀਂ ਹਨ। ਕਹਿੰਦੇ, ਦੇਖ ਇਕ ਮਾਰਕੰਡਾ ਰਿਸ਼ੀ ਹੋਇਆ ਹੈ, ਜਿਸ ਦੀ ਉਮਰ ਸਭ ਤੋਂ ਵਧ ਦਸਦੇ ਹਨ ਉਸਨੇ ਜ਼ਿੰਦਗੀ ਵਿਚ ਕੋਈ ਚੀਜ਼ ਨਹੀਂ ਸੀ ਬਣਾਈ।

*ਮਾਰਕੰਡੇ ਤੇ ਕੋ ਅਧਿਕਾਈ*
*ਜਿਨਿ ਤ੍ਰਿਣ ਧਰਿ ਮੂੰਡ ਬਲਾਏ॥ ਅੰਗ - 692*

ਜੇ ਉਸ ਨੂੰ ਪੁਛਣਾ ਮਾਰਕੰਡਾ ਜੀ! ਜਦੋਂ ਅਸੀਂ ਤੁਹਾਨੂੰ ਬਚਪਨ ਵਿਚ ਦੇਖਿਆ, ਉਦੋਂ ਵੀ ਤੁਸੀਂ ਏਹੀ ਛੱਪਰ ਜਿਹਾ ਸਿਰ ਤੇ ਰਖ ਲੈਂਦੇ ਸੀ। ਜਿਧਰ ਦੀ ਹਵਾ ਆਉਣੀ ਛਪਰੀ ਉਸ ਪਾਸੇ ਕਰ ਲੈਣੀ। ਜਿਧਰੋਂ ਬਾਰਸ਼ ਆਉਣੀ ਉਧਰ ਕਰ ਲੈਣੀ, ਜਿਧਰੋਂ ਧੁਪ ਆਉਣੀ ਉਧਰ ਕਰ ਲੈਣੀ। ਲੋਕਾਂ ਨੇ ਕਹਿਣਾ ਮਾਰਕੰਡਾ ਜੀ ਕੋਈ ਪੱਕਾ ਜਿਹਾ ਘਰ ਬਣਾ ਲਓ, ਮਹਾਰਾਜ! ਉਹਨਾਂ ਨੇ ਅੱਗੋਂ ਜਵਾਬ ਦੇਣਾ ਕਿ ਚਾਰ ਦਿਨ ਦੀ ਤਾਂ ਜ਼ਿੰਦਗੀ ਹੈ, ਪਤਾ ਨਹੀਂ ਕਾਲ ਨੇ ਕਿਸ ਵੇਲੇ ਗੁਲੇਲਾ ਮਾਰਨਾ ਹੈ। ਉਹਦੇ ਬਾਰੇ ਇਸ ਤਰ੍ਹਾਂ ਨਾਲ ਫੁਰਮਾਨ ਹੈ -

*ਧਾਰਨਾ - ਮਾਰਕੰਡੇ ਨੇ ਤਪਸਿਆ ਕੀਤੀ,*
*ਛਪਰੀ 'ਚ ਦਿਨ ਕੱਟ ਕੇ ਪਿਆਰਿਓ,*
*ਮਾਰਕੰਡੇ ਤੇ ਕੋ ਅਧਿਕਾਈ*
*ਜਿਨਿ ਤ੍ਰਿਣ ਧਰਿ ਮੂੰਡ ਬਲਾਏ॥ ਅੰਗ - 692*

ਮਾਰਕੰਡਾ ਕਿੰਨੀਆਂ ਸ਼ਕਤੀਆਂ ਵਾਲਾ ਹੋਇਆ ਹੈ, ਕਿੱਡੀ ਮਹਿਮਾ ਵਾਲਾ, ਕਿੱਡੇ ਪ੍ਰਭਾਵ ਵਾਲਾ ਹੋਇਆ ਮਾਰਕੰਡਾ। ਉਹ ਰਾਜੇ ਦਾ ਲੜਕਾ ਸੀ, ਇਸ ਦੀ ਉਮਰ ਨੌਂ ਸਾਲ ਸੀ, ਇਸ ਨੂੰ ਵਖਰਾ ਰਖਕੇ ਪਾਲਿਆ ਗਿਆ ਸੀ। ਕਿਉਂਕਿ ਪਹਿਲਾਂ ਦਸਿਆ ਗਿਆ ਸੀ ਕਿ ਇਹ ਨੌਂ ਸਾਲ ਤੋਂ ਬਾਅਦ ਮਰ ਜਾਵੇਗਾ। ਇਸ ਲਈ ਰਾਜਾ ਇਸਦੇ ਮੋਹ ਵਿਚ ਨਹੀਂ ਪੈਣਾ ਚਾਹੁੰਦਾ ਕਿਉਂਕਿ ਇਸਨੇ ਨੌਂ ਸਾਲ ਤੋਂ ਬਾਅਦ ਤਾਂ ਮਰ ਹੀ ਜਾਣਾ ਹੈ। ਸੋ ਜਿਸ ਦਾਈ ਨੇ ਇਸ ਨੂੰ ਪਾਲਿਆ ਸੀ ਉਹ ਬਹੁਤ ਪਿਆਰ ਕਰਦੀ ਸੀ ਇਸਨੂੰ। ਜਦੋਂ ਇਹ ਨੌਂ ਸਾਲ ਦਾ ਹੋਣ ਵਾਲਾ ਸੀ ਤਾਂ ਉਹ ਦਾਈ ਬਹੁਤ ਵੈਰਾਗ ਕਰਦੀ ਹੈ। ਮਾਰਕੰਡੇ ਨੇ ਪੁਛਿਆ ਮਾਤਾ ਤੂੰ ਕਿਉਂ ਰੋਂਦੀ ਹੈ? ਕਹਿਣ ਲੱਗੀ ਬੇਟਾ! ਮੈਂ ਤੇਰੀ ਮਾਂ ਤੇ ਨਹੀਂ ਹਾਂ, ਮੈਂ ਤਾਂ ਤੈਨੂੰ ਕੇਵਲ ਪਾਲਿਆ ਹੈ, ਤੂੰ ਤਾਂ ਰਾਜੇ ਤੇ ਰਾਣੀ ਦਾ ਲੜਕਾ ਹੈਂ। ਮਾਰਕੰਡੇ ਨੇ ਦਾਈ ਨੂੰ ਪੁਛਿਆ ਕਿ ਇਹ ਗੱਲ ਮੈਨੂੰ ਪਹਿਲਾਂ ਕਿਉਂ ਨਾ ਦੱਸੀ ਗਈ? ਦਾਈ ਨੇ ਕਿਹਾ ਕਿ ਤੇਰੀ ਉਮਰ ਸਾਰੀ ਨੌਂ ਸਾਲ ਦੀ ਹੈ। ਰਾਜੇ ਨੇ ਕਿਹਾ ਸੀ ਕਿ ਬੱਚੇ ਨੂੰ ਮੇਰੇ ਮੱਥੇ ਨਾ ਲਾਇਓ ਕਿਉਂਕਿ ਮੈਂ ਐਵੇਂ ਮੋਹ ਵਿਚ ਪੈ ਜਾਵਾਂਗਾ। ਸੋ ਇਸ ਕਰਕੇ ਅਸੀਂ ਵਖਰੀ ਥਾਂ ਤੇ ਰਹਿੰਦੇ ਹਾਂ। ਹੁਣ ਕਿਉਂਕਿ ਤੇਰੀ ਜ਼ਿੰਦਗੀ ਦੇ ਕੁਝ ਦਿਨ ਹੀ ਰਹਿ ਗਏ ਹਨ। ਮੈਂ ਤੈਨੂੰ ਪਾਲਿਆ ਹੈ, ਇਸ ਕਰਕੇ ਮੈਨੂੰ ਬਹੁਤ ਪਿਆਰ ਹੈ। ਮੈਨੂੰ ਤੇਰੇ ਨਾਲ ਆਪਣੇ ਪੁਤਰਾਂ ਵਰਗਾ ਹੀ ਪਿਆਰ ਹੈ। ਏਨਾ ਕਹਿ ਕੇ ਬਹੁਤ ਰੋਣ ਲਗ ਪਈ। ਮਾਰਕੰਡੇ ਨੇ ਵਰਾਉਣ ਦਾ ਯਤਨ ਕੀਤਾ ਤੇ ਕਿਹਾ ਜੇਕਰ ਕੋਈ ਸਮਸਿਆ ਆ ਜਾਵੇ ਤਾਂ ਕਿਸੇ ਨਾਲ ਸਲਾਹ ਕਰ ਲੈਣੀ ਚਾਹੀਦੀ ਹੈ। ਭਲਾ ਕੋਈ ਇਸ ਦਾ ਹੱਲ ਹੋ ਨਹੀਂ ਸਕਦਾ? ਦਾਈ ਮਾਂ ਕਹਿਣ ਲੱਗੀ, ਹਾਂ ਹੋ ਸਕਦਾ ਹੈ, ਪੁਛਿਆ ਕੀ ਹੱਲ ਹੈ? ਤਾਂ ਦਾਈ ਮਾਂ ਨੇ ਉਤਰ ਦਿੱਤਾ ਕਿ ਜੇਕਰ ਕੋਈ ਮਹਾਤਮਾ ਅਸ਼ੀਰਵਾਦ ਦੇ ਦੇਵੇ, ਚਿਰੰਜੀਵ ਹੋਣ ਦੀ ਅਸ਼ੀਰਵਾਦ ਦੇ ਦੇਵੇ ਕਿਉਂਕਿ ਮਹਾਤਮਾ ਰੱਬ ਦੀਆਂ ਕੀਤੀਆਂ ਸਭ ਮਿਟਾ ਸਕਦੇ ਹਨ ਕਿਉਂਕਿ –

***ਮੇਰੀ ਬਾਂਧੀ ਭਗਤੁ ਛਡਾਵੈ***
***ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***

***ਅੰਗ – 1253***

ਭਗਤਾਂ ਕੋਲ ਸਭ ਕੁਝ ਬਦਲਣ ਦੀ ਸ਼ਕਤੀ ਹੋਇਆ ਕਰਦੀ ਹੈ। ਉਹਨਾਂ ਕੋਲ ਪੂਰਨ ਅਧਿਕਾਰ ਹੋਇਆ ਕਰਦਾ ਹੈ। ਜਦੋਂ ਕੋਈ ਬੀਤ ਰਾਗ ਮਹਾਂਪੁਰਸ਼ ਮਿਲ ਜਾਵੇ ਇਸ ਅਵਸਥਾ ਦਾ –

ਮਨੋ ਨਾਸ਼, ਵਾਸ਼ਨਾ ਖ੍ਹੈ, ਤੱਤ ਗਿਆਨ ਵਿਚ ਬਿਰਤੀ ਰਹਿੰਦੀ ਹੋਵੇ, ਉਹ ਫਿਰ ਅਸ਼ੀਰਵਾਦ ਦੇ ਸਕਦੇ ਹਨ।

ਸੋ ਮਾਰਕੰਡੇ ਨੇ ਦਾਈ ਮਾਂ ਨੂੰ ਕਿਹਾ ਕਿ ਫਿਰ ਆਪਾਂ ਸੰਤਾਂ ਦੇ ਦਰਸ਼ਨ ਕਰੀਏ। ਸੋ ਰਾਤ ਨੂੰ ਜੰਗਲ ਵਿਚ ਫਿਰਦੇ ਫਿਰਦੇ ਇਕ ਬੀਤ ਰਾਗ ਮਹਾਂਪੁਰਸ਼ ਮਿਲ ਗਏ। ਜੋ ਕਿ ਆਪਣੇ ਪ੍ਰਵਚਨ ਕਰ ਰਹੇ ਸਨ, ਤੇ ਬਹੁਤ ਸਾਰੇ ਸਾਧਕ ਬੈਠੇ ਸੁਣ ਰਹੇ ਸਨ। ਸਭ ਕਰਨੀ ਕਮਾਈ ਵਾਲੇ ਹਨ। ਕੋਈ ਐਵੇਂ ਨਹੀਂ ਸਨ। ਸੋ ਮਾਰਕੰਡੇ ਨੇ ਇਕ ਪਾਸੇ ਤੋਂ ਨਮਸਕਾਰ ਕਰਨੀ ਸ਼ੁਰੂ ਕਰ ਦਿੱਤੀ। ਸਾਰੇ ਅਸ਼ੀਰਵਾਦ ਦੇਈ ਜਾਣ ਕਿ ਬੇਟਾ! ਚਿਰੰਜੀਵ ਹੋ। ਇਕ ਕੋਲ, ਦੂਜੇ ਕੋਲ, ਫਿਰ ਤੀਜੇ ਕੋਲ ਕਰਦੇ ਕਰਦੇ ਵੱਡੇ ਮਹਾਂਪੁਰਸ਼ਾਂ ਕੋਲ ਪਹੁੰਚ ਗਿਆ ਤੇ ਉਹਨਾਂ ਦੇ ਚਰਣ ਫੜ ਲਏ ਤੇ ਉਸਦੀ ਦਾਈ ਮਾਂ ਜੋ ਨਾਲ ਸੀ ਉਸ ਨੂੰ ਪੁਛਣ ਲੱਗੇ ਕਿ ਇਹ ਬੱਚਾ ਸਾਰੇ ਮਹਾਂਪੁਰਸ਼ਾਂ ਦਾ ਸਤਿਕਾਰ ਕਰਦਾ ਆ ਰਿਹਾ ਹੈ। ਵਿਚੋਂ ਕੀ ਗੱਲ ਹੈ? ਕਹਿਣ ਲੱਗੀ, ਮਹਾਰਾਜ! ਤੁਸੀਂ ਤੇ ਜਾਣੀ ਜਾਣ ਹੋ, ਇਸ ਬੱਚੇ ਦੀ ਉਮਰ ਕੱਲ ਨੂੰ ਖਤਮ ਹੋ ਰਹੀ ਹੈ। ਸੋ ਇਸਨੇ ਸਾਰੇ ਮਹਾਂਪੁਰਸ਼ਾਂ ਨੂੰ ਨਮਸ਼ਕਾਰ ਕਰਕੇ ਚਿਰੰਜੀਵ ਹੋਣ ਦੀ ਅਸ਼ੀਰਵਾਦ ਲਈ ਹੈ। ਸੋ ਮਹਾਂਪੁਰਸ਼ਾਂ ਨੇ ਬਚਨ ਕੀਤਾ ਇਹ ਠੀਕ ਕੀਤਾ ਹੈ ਇਸਨੇ ਬੀਬੀ। ਇਸ ਬੱਚੇ ਦੀ ਉਮਰ ਸਭ ਤੋਂ ਵੱਡੀ ਹੋਏਗੀ। ਇਹ ਤਾਂ ਲੱਖਾਂ ਸਾਲ ਦੀ ਉਮਰ ਭੋਗੇਗਾ।

ਸੋ ਕਹਿਣ ਲੱਗੇ ਰਾਜਨ! ਕੀ ਉਮਰ ਹੈ, ਕਲਜੁਗ ਦੇ ਅੰਦਰ? ਸੱਠ ਸਾਲ ਸਰੀਰ ਨੂੰ ਤਾਂ ਵਿਸ਼ੇ ਵਿਕਾਰ ਨਸ਼ੇ ਭੋਗ ਦਿੰਦੇ ਹਨ, ਗਲਤ ਆਹਾਰ, ਗਲਤ ਸੋਚ, ਗਲਤ ਕੱਪੜੇ ਸਰੀਰ ਦਾ ਨਾਸ਼ ਮਾਰ ਦਿੰਦੇ ਹਨ। ਉਮਰ ਕਿਸੇ ਦੀ ਪੰਜਾਹ ਕਿਸੇ ਦੀ ਸੱਠ, ਕਿਸੇ ਦੀ ਸੱਤਰ। ਸੋ ਨਾਮਦੇਵ ਜੀ ਨੇ ਰਾਜੇ ਨੂੰ ਕਿਹਾ ਕਿ ਤੇਰੀ ਉਮਰ ਕਿੰਨੀ ਹੈ? ਕਹਿਣ ਲੱਗਾ, ਬੱਸ ਨੇੜੇ ਹੀ ਪਹੁੰਚ ਰਿਹਾ ਹਾਂ। ਪਰ ਤੂੰ ਤਾਂ ਬੜੀਆਂ ਲੰਮੀਆਂ ਉਮਰਾਂ ਵਾਸਤੇ ਮਕਾਨ ਬਣਾਇਆ ਹੈ। ਸਾਡੇ ਵਾਸਤੇ ਵੀ ਮਾੜਾ ਮੋਟਾ ਥਾਂ ਛੱਡ ਦਿੰਦਾ ਤਾਂ ਕੀ ਹੋ ਜਾਣਾ ਸੀ।

ਰਾਜੇ ਨੇ ਇਸ ਗੱਲ ਦਾ ਗੁੱਸਾ ਕੀਤਾ। ਕਹਿਣ ਲੱਗਾ ਦੇਖ! ਮਾਰਕੰਡੇ ਰਿਸ਼ੀ ਦੀ ਕਿੰਨੀ ਵੱਡੀ ਉਮਰ ਲੱਖਾਂ ਵਰ੍ਹਿਆਂ ਦੀ ਸੀ। ਉਸਨੇ ਕੋਈ ਘਰ, ਕੋਈ ਪੱਕਾ ਮਕਾਨ ਨਹੀਂ ਸੀ ਬਣਾਇਆ। ਇਕ ਛਪਰੀ ਵਿਚ ਦਿਨ ਕੱਟ ਕੇ ਗਿਆ। ਬਾਦਸ਼ਾਹ ਨੇ ਕਹਿਣਾ ਕਿ ਜਦੋਂ ਅਸੀਂ ਬੱਚੇ ਸਾਂ ਉਦੋਂ ਵੀ ਤੁਸੀਂ ਇਹੋ ਜਿਹੇ ਸੀ। ਅਸੀਂ ਹੁਣ ਬਜ਼ੁਰਗ ਹੋ ਗਏ ਹਾਂ ਤਾਂ ਵੀ ਤੁਸੀਂ ਉਹੋ ਜਿਹੇ ਹੋ। ਨਾਲੇ ਤੁਹਾਨੂੰ ਅਸ਼ੀਰਵਾਦ ਮਿਲੀ ਹੋਈ ਹੈ ਕਿ ਤੁਹਾਡੀ ਉਮਰ ਸਭ ਤੋਂ ਵੱਡੀ ਹੋਵੇਗੀ। ਰਾਜੇ ਨੇ ਨਾਮਦੇਵ ਜੀ ਨੂੰ ਕਿਹਾ ਕਿ ਤੁਹਾਨੂੰ ਵੀ ਇਸ ਤਰ੍ਹਾਂ ਸੋਚਣਾ ਚਾਹੀਦਾ ਹੈ।

ਸੰਤਾਂ ਦੀ ਜਿਹੜੀ ਵੀ ਗੱਲ ਬਾਤ ਹੁੰਦੀ ਹੈ ਕਿਸੇ ਪਰਥਾਇ ਹੁੰਦੀ ਹੈ। ਉਹਨਾਂ ਦੇ ਮਨ ਵਿਚ ਸਦਾ ਹੁੰਦਾ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਇਸ ਜੀਵ ਦਾ ਭਲਾ ਹੋ ਜਾਵੇ। ਇਸ ਕਰਕੇ ਕਿਸੇ ਨਾ ਕਿਸੇ ਤਰ੍ਹਾਂ ਸਮਝਾਉਣ ਦਾ ਯਤਨ ਕਰਦੇ ਹਨ। ਰਾਜਾ ਕਹਿਣ ਲੱਗਾ, ਦੇਖ ਨਾਮਦੇਵ! ਮੈਂ ਤੇਰੀਆਂ ਬੜੀਆਂ ਗੱਲਾਂ ਸੁਣੀਆਂ ਹਨ, ਮੈਂ ਇਹ ਵੀ ਸੁਣਿਆ ਹੈ ਕਿ ਦਿੱਲੀ ਦਾ ਬਾਦਸ਼ਾਹ ਤੇਰੇ ਅੱਗੇ ਮੂੰਹ ਵਿਚ ਘਾਹ ਪਾ ਕੇ ਆਇਆ ਸੀ ਤੇ ਗਲ ਵਿਚ ਪੱਲਾ ਪਾ ਕੇ ਆਇਆ ਸੀ।

***ਬਖਸੀ ਹਿੰਦੂ ਮੈ ਤੇਰੀ ਗਾਇ॥ ਅੰਗ - 1166***

ਮੈਨੂੰ ਇਹ ਗੱਲਾਂ ਵੀ ਪਹੁੰਚ ਚੁਕੀਆਂ ਹਨ ਤੇ ਇਹ ਵੀ ਪਤਾ ਲੱਗਾ ਹੈ ਕਿ ਤੂੰ ਬੜਾ ਅਭਿਮਾਨੀ ਪੁਰਸ਼ ਹੈਂ ਤੇ ਕਿਸੇ ਦੇ ਅੱਗੇ ਝੁਕਦਾ ਨਹੀਂ ਹੈ। ਜਾਹ, ਜਾ ਕੇ ਆਪਣੇ ਸਾਰੇ ਸਾਥੀ ਲੈ ਆ। ਮੈਂ ਫੇਰ ਦੇਖ ਲਵਾਂਗਾ। ਆਪਣੀ ਸਾਰੀ ਮੱਦਦ ਲੈ ਆ। ਨਾਮਦੇਵ ਜੀ ਨੇ ਉਤਰ ਦਿੱਤਾ ਰਾਜਨ! ਤੁਹਾਨੂੰ ਗਲਤ ਫਹਿਮੀ ਹੋ ਗਈ ਹੈ। ਨਾ ਮੈਂ ਕਿਸੇ ਦੇ ਅੱਗੇ ਅੜਦਾ ਹਾਂ, ਨਾ ਕਦੇ ਸੋਚਦਾ ਹਾਂ, ਭਗਵਾਨ ਜਾਣਦਾ ਹੈ ਮੈਂ ਤਾਂ ਇਕ ਗਰੀਬ ਜਿਹਾ ਬੰਦਾ ਹਾਂ, ਮਿਹਨਤ ਮਜ਼ੂਰੀ ਕਰਕੇ ਮੈਂ ਰੋਟੀ ਖਾਂਦਾ ਹਾਂ। ਗਰੀਬ ਆਦਮੀ ਨੇ ਕਾਹਦਾ ਮਾਨ ਕਰਨਾ ਹੈ। ਅਭਿਮਾਨ ਤਾਂ ਪੈਸੇ ਵਾਲੇ ਬੰਦੇ ਨੂੰ ਹੋਇਆ ਕਰਦਾ ਹੈ। ਉਹ ਨਹੀਂ ਕਿਸੇ ਨੂੰ ਨਿਗਾਹ ਥੱਲੇ ਲਿਆਇਆ ਕਰਦਾ। ਗਰੀਬ ਨੂੰ ਪੈਸੇ ਬਾਰੇ ਕੋਈ ਪਤਾ ਨਹੀਂ ਹੋਇਆ ਕਰਦਾ। ਜਿਹੜਾ ਬਾਹਰੋਂ ਵੀ ਗਰੀਬ ਹੁੰਦਾ ਹੈ ਉਹ ਅੰਦਰੋਂ ਵੀ ਗਰੀਬ ਹੁੰਦਾ ਹੈ। ਸੋ ਇਸ ਕਰਕੇ ਮੇਰਾ ਤਾਂ ਜੋਰ ਕੋਈ ਨਹੀਂ ਹੈ। ਹਾਂ, ਜਿਹੜਾ ਤੂੰ ਕਹਿੰਦਾ ਹੈਂ ਰਾਜਨ ਕਿ ਤੂੰ ਆਪਣੇ ਸਾਥੀਆਂ ਨੂੰ ਲੈ ਆ, ਆਪਣੇ ਹਿਮੈਤੀਆਂ ਨੂੰ ਲੈ ਆ, ਮੇਰਾ ਹਮੈਤੀ ਤਾਂ ਕੇਵਲ ਪਰਮੇਸ਼ਰ ਹੈ, ਹੋਰ ਕੋਈ ਨਹੀਂ ਹੈ।

***ਧਾਰਨਾ - ਕਰਤਾ ਰਾਮ ਸਨੇਹੀ,***
***ਹਮਰੋ ਕਰਤਾ ਰਾਮ ਸਨੇਹੀ -2, 4.***

ਕਹਿਣ ਲੱਗੇ, ਰਾਜਨ! ਮੇਰੇ ਕੋਲ ਕਿਹੜੀਆਂ ਫੌਜਾਂ ਹਨ, ਤੂੰ ਤਾਂ ਫੌਜਾਂ ਦਾ ਮਾਲਕ ਹੈਂ, ਤੇਰੇ ਕੋਲ ਪੁਲਿਸ ਹੈ ਤੇਰੇ ਬੇਅੰਤ ਮਿਤਰ ਦੋਸਤ ਹਨ। ਮੈਂ ਤਾਂ ਕੇਵਲ ਇਕੋ ਹੀ ਮਿਤਰ ਬਣਾਇਆ ਹੈ। ਉਹ ਹੈ ਮੇਰਾ ਭਗਵਾਨ -

***ਹਮਰੋ ਕਰਤਾ ਰਾਮੁ ਸਨੇਹੀ॥ ਅੰਗ - 692***

ਉਹ ਮੈਨੂੰ ਪਿਆਰ ਵੀ ਕਰਦਾ ਹੈ, ਮੈਂ ਵੀ ਉਸਨੂੰ ਪਿਆਰ ਕਰਦਾ ਹਾਂ। ਪਰ ਮੇਰੇ ਕੋਲ ਕੋਈ ਦੁਨਿਆਵੀ ਤਾਕਤ ਤਾਂ ਨਹੀਂ ਹੈ, ਜਿਹੜਾ ਕਹਿ ਦਿਆਂ ਬਈ ਦੇਖੀ ਜਾਊਗੀ। ਸਾਧ ਸੰਗਤ ਜੀ! ਜੇ ਕਿਸੇ ਕੋਲ ਦੁਨਿਆਵੀ ਤਾਕਤ ਨਾ ਹੋਵੇ ਅਤੇ ਉਹ ਪਰਮੇਸ਼ਰ ਦੀ ਤਾਕਤ ਥੱਲੇ ਆ ਜਾਵੇ, ਸਮਰਪਣ ਕਰ ਦੇਵੇ, ਉਹਦੀ ਸ਼ਰਣ ਵਿਚ ਆ ਜਾਵੇ, ਫੇਰ ਕੀ ਹੋਇਆ ਕਰਦਾ ਹੈ? ਸਭ ਨੂੰ ਪਤਾ ਹੈ, ਜਦੋਂ ਦ੍ਰੋਪਤੀ ਪ੍ਰਭੂ ਦੀ ਸ਼ਰਣ ਵਿਚ ਆ ਗਈ ਸੀ।

***ਪੰਚਾਲੀ ਕਉ ਰਾਜ ਸਭਾ ਮਹਿ***
***ਰਾਮ ਨਾਮ ਸੁਧਿ ਆਈ॥***
***ਤਾ ਕੋ ਦੂਖੁ ਹਰਿਓ ਕਰੁਣਾ ਮੈ***
***ਅਪਨੀ ਪੈਜ ਬਢਾਈ॥ ਅੰਗ - 1008***

ਪਹਿਲਾਂ ਦੁਸਾਸਣ ਨੇ ਕੀ ਕੀਤਾ ਸੀ -

***ਅੰਦਰਿ ਸਭਾ ਦੁਸਾਸਣੈ ਮਥੇਵਾਲ ਦ੍ਰੋਪਦੀ ਆਂਦੀ।***
***ਭਾਈ ਗੁਰਦਾਸ ਜੀ ਦੀ 10/8***

ਸਭਾ ਵਿਚ ਇਕੋ ਕੱਪੜੇ ਵਿਚ ਖਿਚ ਕੇ ਲੈ ਆਇਆ, ਇਸ਼ਨਾਨ ਕਰਨ ਲੱਗੀ ਸੀ।

***ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।***

***ਭਾਈ ਗੁਰਦਾਸ ਜੀ ਦੀ 10/8***

ਹੁਕਮ ਦੇ ਦਿੱਤਾ ਕਿ ਇਸ ਨੂੰ ਨਗਨ ਕਰ ਦਿਓ –

***ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨ੍ਹਾਂ ਦੀ।***

***ਭਾਈ ਗੁਰਦਾਸ ਜੀ ਦੀ 10/8***

ਪੰਜੋ ਪਾਂਡੋ ਬੈਠੇ ਦੇਖ ਰਹੇ ਹਨ ਕਿ ਕੀ ਕੀਤਾ ਜਾਵੇ। ਪਰ ਬਚਨ ਦੇ ਬਧੇ ਨੀਵੀਆਂ ਪਾਈ ਬੈਠੇ ਹਨ ਕਿ ਦ੍ਰੋਪਤੀ ਨੂੰ ਜੂਏ ਵਿਚ ਹਾਰ ਚੁਕੇ ਸਨ। ਜਿਸ ਤਰ੍ਹਾਂ ਅਸੀਂ ਕੋਈ ਪਸ਼ੂ ਵੇਚ ਦੇਈਏ ਦੂਜਾ ਮਾਲਕ ਉਸਨੂੰ ਭਾਵੇਂ ਸਾਡੇ ਸਾਹਮਣੇ ਹੀ ਡੰਡੇ ਮਾਰੀ ਜਾਵੇ, ਅਸੀਂ ਕੁਝ ਨਹੀਂ ਕਰ ਸਕਦੇ। ਦੁਖੀ ਤਾਂ ਅਸੀਂ ਜ਼ਰੂਰ ਹੋਵਾਂਗੇ ਪਰ ਸਾਡਾ ਵੱਸ ਨਹੀਂ ਚਲੇਗਾ, ਕਿਉਂਕਿ ਅਸੀਂ ਵੇਚ ਬੈਠੇ ਹਾਂ।

ਇਸੇ ਤਰ੍ਹਾਂ ਪਾਂਡਵ ਦ੍ਰੋਪਤੀ ਨੂੰ ਜੂਏ ਵਿਚ ਹਾਰ ਬੈਠੇ ਸਨ। ਹੁਣ ਪਛਤਾ ਤਾਂ ਰਹੇ ਹਨ ਪਰ ਕਰ ਕੁਝ ਨਹੀਂ ਸਕਦੇ। ਉਸ ਵੇਲੇ ਜਦੋਂ ਦੁਸ਼ਾਸ਼ਣ ਨੇ ਝਟਕਾ ਮਾਰਿਆ ਤਾਂ ਅੱਧੀ ਧੋਤੀ ਰਹਿ ਗਈ, ਅੱਧੀ ਖੁਲ੍ਹ ਗਈ। ਉਸ ਵੇਲੇ ਦ੍ਰੋਪਤੀ ਪ੍ਰਭੂ ਦੀ ਸ਼ਰਣ ਵਿਚ ਚਲੀ ਗਈ। ਉਸਨੇ ਆਪਣਾ ਤਾਣ ਛੱਡ ਦਿੱਤਾ, ਉਸ ਵੇਲੇ –

***ਅਖੀ ਮੀਟਿ ਧਿਆਨੁ ਧਰਿ***
***ਹਾਹਾ ਕ੍ਰਿਸਨ ਕਰੈ ਬਿਲਲਾਂਦੀ।***

***ਭਾਈ ਗੁਰਦਾਸ ਜੀ ਦੀ 10/8***

ਆਵਾਜ਼ ਦਿੱਤੀ ਹੇ ਪ੍ਰਭੂ! ਹੁਣ ਤੇਰੇ ਬਗੈਰ ਮੇਰਾ ਕੋਈ ਨਹੀਂ ਹੈ। ਉਧਰੋਂ ਕੀ ਹੋਇਆ?

***ਕਪੜ ਕੋਟੁ ਉਸਾਰਿਓਨੁ***
***ਥਕੇ ਦੂਤ ਨ ਪਾਰਿ ਵਸਾਂਦੀ।*** ***ਭਾਈ ਗੁਰਦਾਸ ਜੀ ਦੀ 10/8***

ਸਾੜੀ ਉਤਾਰਦੇ ਉਤਾਰਦੇ ਦੂਤ ਥਕ ਗਏ, ਕੱਪੜੇ ਦੇ ਢੇਰਾਂ ਦੇ ਢੇਰ ਲਗ ਗਏ। ਕੱਪੜਾ ਰੱਖਣ ਨੂੰ ਕੋਈ ਥਾਂ ਨਾ ਰਿਹਾ। ਦੁਰਯੋਧਨ ਵੀ ਆ ਗਿਆ ਝਟਕੇ ਮਾਰਦਾ ਹੈ, ਘੰਟੇ ਲੰਘ ਗਏ, ਪਹਿਰ ਲੰਘ ਗਏ। ਸਾਰੀ ਸਭਾ ਸ਼ਰਮਿੰਦੀ ਹੋ ਗਈ ਕਿ ਬੁਧੀ ਤੇ ਕੀ ਪੜਦਾ ਪੈ ਗਿਆ। ਕੀ ਅਸੀਂ ਇਹਨਾਂ ਅੱਖਾਂ ਦੇ ਨਾਲ ਇਕ ਨਗਨ ਇਸਤ੍ਰੀ ਨੂੰ ਦੇਖਣਾ ਹੈ? ਭੀਸ਼ਮ ਪੀਤਾਮਾ ਇਕ ਸੌ ਪਚਹੱਤਰ ਸਾਲ ਦਾ ਸੀ। ਨੜਿਨਵੇਂ ਸਾਲ ਦਾ ਦ੍ਰੋਣਾਚਾਰਯ ਸੀ। ਸਾਰਿਆਂ ਦਾ ਰਾਜ ਮਦ ਉਤਰ ਗਿਆ।

***ਹਥ ਮਰੋੜਨਿ ਸਿਰੁ ਧੁਣਨਿ***
***ਪਛੋਤਾਨਿ ਕਰਨਿ ਜਾਹਿ ਜਾਂਦੀ॥***

***ਭਾਈ ਗੁਰਦਾਸ ਜੀ ਦੀ 10/8***

ਮਨ ਵਿਚ ਪਛਤਾਵਾ ਕਰ ਰਹੇ ਹਨ। ਜਿਸ ਦਾ ਕੋਈ ਨਹੀਂ ਹੁੰਦਾ, ਉਸਦਾ ਪਰਮੇਸ਼ਰ ਹੋਇਆ ਕਰਦਾ ਹੈ।

***ਘਰਿ ਆਈ ਠਾਕੁਰ ਮਿਲੇ***

***ਪੈਜ ਰਹੀ ਬੋਲੇ ਸ਼ਰਮਾਂਦੀ॥***

***ਭਾਈ ਗੁਰਦਾਸ ਜੀ ਦੀ 10/8***

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਦ੍ਰੋਪਦੀ ਬਹੁਤ ਪਰੇਸ਼ਾਨ ਹੈ। ਕਹਿੰਦੀ ਮਹਾਰਾਜ! ਪੈਜ ਰਹਿ ਗਈ। ਥੋੜੀ ਦੇਰ ਬਾਅਦ ਕਹਿਣ ਲੱਗੀ ਮਹਾਰਾਜ! ਤੁਸੀਂ ਵੀ ਨਾ ਬੋਹੜੇ। ਕ੍ਰਿਸ਼ਨ ਮਹਾਰਾਜ ਨੇ ਕਿਹਾ, ਦ੍ਰੋਪਦੀ! ਤੂੰ ਆਪਣੇ ਮਨ ਤੋਂ ਪੁਛ, ਪਹਿਲਾਂ ਤੂੰ ਆਪਣੇ ਮੰਤਵ ਵਾਸਤੇ ਦਲੀਲਾਂ ਰਚੀਆਂ, ਰਾਜਨੀਤੀ ਵਰਤਣ ਦਾ ਯਤਨ ਕੀਤਾ। ਫਿਰ ਤੂੰ ਆਪਣੇ ਪੜਦਾਦੇ ਨੂੰ ਇਹ ਗੱਲ ਕਹੀ ਕਿ ਤੁਹਾਡੇ ਹੁੰਦਿਆਂ ਇਹ ਕੀ ਹੋ ਰਿਹਾ ਹੈ। ਫੇਰ ਸ਼ਸ਼ਤਰ ਗੁਰੂ ਦ੍ਰੋਣਾਚਾਰਯ ਨੂੰ ਕਿਹਾ, ਫੇਰ ਬਾਕੀ ਜੋ ਸਭਾ ਵਿਚ ਬੈਠੇ ਸਨ ਉਹਨਾਂ ਨੂੰ ਕਿਹਾ। ਫਿਰ ਤੂੰ ਪਾਂਡਵਾਂ ਵੱਲ ਦੇਖਿਆ, ਫੇਰ ਮੈਨੂੰ ਆਪਣੇ ਆਪ ਤੇ ਭਰੋਸਾ ਸੀ, ਮੈਂ ਤਾਂ ਕੱਪੜੇ ਲਈ ਖੜਾ ਸੀ ਕਿ ਪਤਾ ਨਹੀਂ ਕਿਸੇ ਵੇਲੇ ਮੈਨੂੰ ਆਵਾਜ਼ ਪੈ ਜਾਵੇ। ਮੈਨੂੰ ਕੋਈ ਵਕਤ ਮਿਲਣਾ ਸੀ, ਮੈਂ ਤਾਂ ਤਿਆਰ ਬਰ ਤਿਆਰ ਖੜਾ ਸੀ। ਜਿਸ ਵੇਲੇ ਹੀ ਤੂੰ ਮੇਰੀ ਸ਼ਰਣ ਵਿਚ ਆਈ, ਜੋ ਵੀ ਸ਼ਰਣ ਵਿਚ ਆ ਜਾਂਦਾ ਹੈ।

***ਜਬ ਹੀ ਸਰਨਿ ਗਹੀ ਕਿਰਪਾ ਨਿਧਿ***
***ਗਜ ਗਰਾਹ ਤੇ ਛੂਟਾ॥ ਅੰਗ - 632***

ਇਕ ਵਾਰੀ ਰਾਮ ਦਾ ਧਿਆਨ ਕੀਤਾ, ਉਸੇ ਵੇਲੇ ਬੰਧਨ ਕੱਟ ਦਿੱਤੇ –

***ਧਾਰਨਾ - ਉਹ ਤਾਂ ਕਦੇ ਵੀ ਨਾ ਹਾਰਦਾ,***
***ਜਿਹਦੇ ਹੋ ਜਾਏ ਵੱਲ -2, 2.***

***ਨਿਤ ਜਪੀਐ ਸਾਸਿ ਗਰਾਸਿ ਨਾਉ ਪਰਵਦਿਗਾਰ ਦਾ॥***
***ਜਿਸ ਨੋ ਕਰੇ ਰਹੰਮ ਤਿਸੁ ਨ ਵਿਸਾਰਦਾ॥***
***ਆਪਿ ਉਪਾਵਣਹਾਰ ਆਪੇ ਹੀ ਮਾਰਦਾ॥***
***ਸਭੁ ਕਿਛੁ ਜਾਣੈ ਜਾਣੁ ਬੁਝਿ ਵੀਚਾਰਦਾ॥***
***ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ॥***
***ਜਿਸ ਨੋ ਲਾਇ ਸਚਿ ਤਿਸਹਿ ਉਧਾਰਦਾ॥***
***ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ॥***
***ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ॥***

***ਅੰਗ - 519***

ਸੋ ਨਾਮਦੇਵ ਜੀ ਨੇ ਕਿਹਾ ਰਾਜਨ! ਮੇਰੇ ਕੋਲ ਤਾਂ ਸਿਰਫ ਨੇਕੀ ਤੇ ਸਚਾਈ ਹੈ, ਹੋਰ ਤਾਂ ਮੇਰੇ ਕੋਲ ਕੁਝ ਨਹੀਂ ਹੈ। ਸਚਾਈ ਦੀ ਜ਼ਿੰਦਗੀ ਹੈ, ਨਿਮਰਤਾ ਦੀ ਜ਼ਿੰਦਗੀ ਹੈ। ਮੇਰੇ ਕੋਲ ਕੋਈ ਤਲਵਾਰ ਨਹੀਂ ਹੈ, ਕੋਈ ਸ਼ਸਤਰ ਨਹੀਂ ਹੈ, ਮੇਰੇ ਕੋਲ ਤਾਂ ਨਿਰਅਭਿਮਾਨ ਜੀਵਨ ਦੀ ਦਾਤ ਹੈ, ਪਿਆਰ ਹੈ, ਮੇਰੇ ਕੋਲ ਅਹਿੰਸਾ ਹੈ। ਮੈਂ ਹਿੰਸਾ ਨਹੀਂ ਰਖਦਾ, ਮੈਂ ਹਿੰਸਾ ਨੂੰ ਪਿਆਰ ਨਹੀਂ ਕਰਦਾ। ਸੋ ਇਸ ਕਰਕੇ ਤੈਨੂੰ ਇਹ ਗੱਲ ਨਹੀਂ ਸੀ ਕਹਿਣੀ ਚਾਹੀਦੀ। ਬਾਕੀ ਜਿਹੜਾ ਤੂੰ ਦੇਹ ਦਾ ਮਾਨ ਕਰਦਾ ਹੈਂ, ਪਤਾ ਨਹੀਂ ਕਿਸ ਵੇਲੇ ਕਾਲ ਦਾ ਗੁਲੇਲਾ ਪੈ ਜਾਵੇ।

***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥***

***ਓਹੁ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥***
***ਅੰਗ - 254***

ਕਾਹਦਾ ਮਾਣ ਕਰਦਾ ਹੈ।

***ਕਾਹੇ ਰੇ ਨਰ ਗਰਬੁ ਕਰਤ ਹਹੁ***
***ਬਿਨਸਿ ਜਾਇ ਝੂਠੀ ਦੇਹੀ॥*** ***ਅੰਗ - 692***

ਇਸ ਦੇਹ ਨੇ ਤਾਂ ਬਿਨਸ ਜਾਣਾ ਹੈ, ਰਹਿਣੀ ਨਹੀਂ ਹੈ। ਇਸ ਦੇਹੀ ਦਾ ਹੀ ਮਾਣ ਕਰੀ ਜਾਂਦਾ ਹੈਂ। ਅੱਗੇ ਜਾਣਾ ਹੈ, ਲੇਖੇ ਦੇਣੇ ਹਨ, ਜਵਾਬ ਦੇਣੇ ਹਨ। ਸੋ ਇਸ ਦਾ ਮਾਣ ਨਾ ਕਰ, ਇਸ ਨੂੰ ਕਿਸੇ ਲੇਖੇ ਵਿਚ ਲਾ ਲੈ।

***ਧਾਰਨਾ - ਤੇਰੀ ਦੇਹੀ ਨੇ ਖਾਕ ਬਣ ਜਾਣਾ,***
***ਜਿਸ ਦਾ ਤੂੰ ਮਾਣ ਕਰਦੈ।***
***ਕਾਹੇ ਰੇ ਨਰ ਗਰਬੁ ਕਰਤ ਹਹੁ..........॥***
***ਅੰਗ - 692***

ਕਾਹਦਾ ਹੰਕਾਰ ਕਰਦਾ ਹੈ, ਬਈ ਸੋਹਣੇ ਕੱਪੜੇ ਪਾਏ ਹੋਏ ਹਨ। ਤਕੜਾ ਮੈਂ ਬਹੁਤ ਹਾਂ, ਇਹ ਕਮਾਲ ਨਹੀਂ ਹੋਇਆ ਕਰਦਾ। ਇਹ ਰਹਿਣ ਵਾਲੀ ਚੀਜ਼ ਨਹੀਂ ਹੈ।

***............ ਬਿਨਸਿ ਜਾਇ ਝੂਠੀ ਦੇਹੀ॥***
***ਅੰਗ - 692***

***ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ॥***
***ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ॥***
***ਅੰਗ - 1375***

ਹੁਣ ਖੇਹ ਬਣ ਗਈ, ਨਹੀਂ ਚਾਰ ਦਿਨਾਂ ਨੂੰ ਬਣ ਜਾਣੈ, ਇਸ ਦੇਹੀ ਨੇ ਤਾਂ ਖਤਮ ਹੋਣਾ ਹੀ ਹੋਣਾ ਹੈ। ਰਾਜੇ ਦੇਖ, ਅਸੀਂ ਤੈਨੂੰ ਬੇਨਤੀ ਕਰਦੇ ਹਾਂ, ਧਿਆਨ ਨਾਲ ਸੁਣ, ਇਹ ਜੋ ਮਾਨਸ ਜਨਮ ਹੈ, ਕਿਸੇ ਕੰਮ ਵਾਸਤੇ ਮਿਲਿਆ ਹੋਇਆ ਹੈ। ਭਜਨ ਕਰਨ ਵਾਸਤੇ, ਦੂਜਿਆਂ ਦਾ ਹਕ ਖੋਣ ਵਾਸਤੇ ਨਹੀਂ। ਝਗੜਿਆਂ ਝਾਂਟਿਆਂ ਵਾਸਤੇ ਨਹੀਂ ਇਹ ਤਾਂ ਇਕ ਬਹੁਤ ਹੀ ਵਚਿੱਤਰ ਮਸ਼ੀਨ ਹੈ, ਇਸਦੇ ਵਿਚ ਰੱਬ ਰਹਿੰਦਾ ਹੈ। ਸੋ ਇਸ ਦੇਹੀ ਨੂੰ ਕਿਸੇ ਲੇਖੇ ਵਿਚ ਲਾ ਲੈ, ਤਾ ਹੀ ਸਫਲ ਹੈ। ਜੇਕਰ ਐਵੇਂ ਜਿਵੇਂ ਗਵਾਉਣਾ ਹੈ, ਫੇਰ ਕੋਈ ਫਾਇਦਾ ਨਹੀਂ ਹੋਇਆ ਕਰਦਾ, ਸੋ ਤੂੰ ਵੀ ਵੀਚਾਰ ਕਰੀਂ।

ਇਹ ਜੋ ਦੇਹੀ ਹੈ, ਪੰਜ ਤੱਤਾਂ ਦੀ ਬਣੀ ਹੋਈ ਹੈ, ਪੱਚੀ ਪ੍ਰਕਿਰਤੀਆਂ ਦੀ ਹੋਂਦ ਤੋਂ। ਪੰਜ ਇਹਦੇ ਵਿਚ ਕਰਮ ਇੰਦਰੇ ਹਨ, ਹਥਿਆਰ ਮਿਲੇ ਹੋਏ ਹਨ। ਪੰਜ ਇਹਦੇ ਵਿਚ ਗਿਆਨ ਇੰਦਰੇ ਹਨ, ਦੇਖਣ ਵਾਸਤੇ, ਸੁਨਣ ਵਾਸਤੇ, ਸਮਝਣ ਵਾਸਤੇ। ਇਸ ਤਰ੍ਹਾਂ ਇੰਦਰੇ ਮਿਲੇ ਹਨ ਤਾਂ ਕਿ ਕੰਮ ਕਾਰ ਹੋਈ ਜਾਵੇ, ਕੰਮ ਕੀ ਕਰਨਾ ਹੈ? ਇਕ ਤਾਂ ਇਸ ਦੇਹੀ ਨੂੰ ਪਾਲਨ ਵਾਸਤੇ, ਦੂਜਾ ਇਸ ਦੇਹੀ ਦੇ ਅੰਦਰ ਵਾਹਿਗੁਰੂ ਵਸਦਾ ਹੈ। ਜਿਸ ਨਾਲੋਂ ਅਸੀਂ ਅਰਬਾਂ

ਖਰਬਾਂ ਸਾਲ ਪਹਿਲਾਂ ਤੋਂ ਵਿਛੜੇ ਹੋਏ ਹਾਂ, ਉਹ ਹੁਣ ਫਲ ਤੇ ਆਈ ਹੋਈ ਚੀਜ਼ ਹੈ।

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥ ਅੰਗ - 309*

ਇਹਦੇ ਵਿਚ ਤਾਂ ਰਤਨ ਲੁਕੇ ਪਏ ਹਨ ਨਾਮ ਦੇ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*

*ਅੰਗ - 293*

ਐਸੀ ਪਵਿਤਰ ਦੇਹ ਜੋ ਤੈਨੂੰ ਪ੍ਰਾਪਤ ਹੋਈ ਹੈ, ਜਿਹਦੇ ਵਿਚ ਵਾਹਿਗੁਰੂ ਰਹਿੰਦਾ ਹੈ।

*ਸਭੁ ਆਤਮ ਰਾਮੁ ਪਛਾਣਿਆ*
*ਤਾਂ ਇਕੁ ਰਵਿਆ ਇਕੋ ਓਤਿ ਪੋਤਿ॥*
*ਇਕੁ ਦੇਖਿਆ ਇਕੁ ਮੰਨਿਆ*
*ਇਕੋ ਸੁਣਿਆ ਸ੍ਰਵਣ ਸਰੋਤਿ॥*
*ਜਨ ਨਾਨਕ ਨਾਮੁ ਸਲਾਹਿ ਤੂ*
*ਸਚੁ ਸਚੇ ਤੇਰੀ ਹੋਤ॥ ਅੰਗ - 309*

ਕਹਿਣ ਲੱਗੇ ਇਸ ਦੇਹੀ ਵਿਚੋਂ ਪਰਮੇਸਰ ਲਭਣਾ ਹੈ, ਇਹਦੇ ਵਿਚ ਰਹਿੰਦਾ ਹੈ।

*ਨਉ ਦਰ ਠਾਕੇ ਧਾਵਤੁ ਰਹਾਏ॥*
*ਦਸਵੈ ਨਿਜ ਘਰਿ ਵਾਸਾ ਪਾਏ॥*
*ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ*
*ਗੁਰਮਤੀ ਸਬਦਿ ਸੁਣਾਵਣਿਆ॥ ਅੰਗ - 124*

ਇਹਦੇ ਅੰਦਰ ਤਾਂ ਜੋ ਕੁਝ ਪਰਮੇਸ਼ਰ ਨੇ ਪਾਇਆ ਹੈ ਜਰਾ ਵਿਚਾਰ ਕਰਕੇ ਦੇਖ ਲੈ, ਸੋ ਇਹ ਬਿਰਤੀਆਂ ਹਨ, ਕੰਮ ਕਰਨ ਵਾਸਤੇ।

ਫਿਰ ਇਹਦੇ ਅੰਦਰ ਪੰਜ ਪ੍ਰਾਣ ਹਨ, ਉਹ ਆਪਣਾ ਆਪਣਾ ਕੰਮ ਕਰਦੇ ਹਨ। ਇਕ ਧੌਂਕਨੀ ਵਾਂਗਣ ਫੇਫੜੇ ਚਲਾਉਂਦਾ ਹੈ, ਇਕ ਮਿਹਦੇ ਦੇ ਵਿਚ ਬੈਠਾ ਕੰਮ ਕਰ ਰਿਹਾ ਹੈ, ਇਕ ਦਿਲ ਨੂੰ ਪੰਪ ਕਰ ਰਿਹਾ ਹੈ, ਇਕ ਮੈਲ ਬਾਹਰ ਕੱਢ ਰਿਹਾ ਹੈ। ਇਕ ਇਲੈਕਟਰੋਨਿਕ ਸਾਂਭੀ ਬੈਠਾ ਹੈ, ਜਿਸ ਨੂੰ ਸਮਾਨ ਪ੍ਰਾਣ ਕਹਿੰਦੇ ਹਨ। ਜਿਸ ਵੇਲੇ ਗੰਢ ਖੁਲ ਗਈ ਉਸੇ ਵੇਲੇ ਇਸ ਸਰੀਰ ਨੂੰ ਛੱਡ ਦੇਣਾ ਹੈ। ਸੋ ਇਸਦੇ ਅੰਦਰ ਮਨ ਹੈ, ਬੁਧੀ ਹੈ, ਅੰਤਸ਼ਕਰਣ ਦੀਆਂ

ਚੀਜ਼ਾਂ ਫੇਰ ਇਹਦੇ ਉਤੇ ਚਿਤ ਹੈ। ਕਹਿੰਦਾ ਹੁੰਦਾ ਹੈ ਅੱਜ ਮੇਰਾ ਚਿਤ ਉਦਾਸ ਹੈ। ਅੱਜ ਮੇਰਾ ਚਿਤ ਬੜਾ ਖੁਸ਼ ਹੈ, ਇਹਦੇ ਉਤੇ ਝੂਠੀ 'ਮੈਂ' ਰਹਿੰਦੀ ਹੈ, ਫੇਰ ਪ੍ਰੇਮੀਆ ਇਹਦੇ ਉਤੇ ਵਾਹਿਗੁਰੂ ਵਸਦਾ ਹੈ, ਅੰਦਰ ਰਾਮ ਰਹਿੰਦਾ ਹੈ। ਫੇਰ ਉਹ ਸੁਤਾ ਨਹੀਂ ਰਹਿੰਦਾ। ਇਹ ਕੋਈ ਐਵੇਂ ਖਿਆਲੀ ਗੱਲਾਂ ਨਹੀਂ। ਉਥੇ ਤਾਂ ਨਿਸ਼ਾਨੀਆਂ ਹਨ, ਜਿਥੇ ਜਾਕੇ ਪਤਾ ਲਗਦਾ ਹੈ ਕਿ ਮੈਂ ਹੁਣ ਰਾਮ ਦੇ ਘਰ ਆ ਗਿਆ –

*ਨਉ ਦਰ ਠਾਕੇ ਧਾਵਤੁ ਰਹਾਏ॥*
*ਦਸਵੈ ਨਿਜ ਘਰਿ ਵਾਸਾ ਪਾਏ॥*
*ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ*
*ਗੁਰਮਤੀ ਸਬਦਿ ਸੁਣਾਵਣਿਆ॥ ਅੰਗ – 124*

ਉਥੇ ਗੁਰੂ ਦਾ ਸ਼ਬਦ ਸੁਣਦਾ ਹੈ, ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਵਸਦਾ ਰਾਮ ਪਿਆਰਾ,*
*ਅੰਦਰ ਤੇਰੇ ਅੰਦਰ ਤੇਰੇ –2, 2.*
*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ*
*ਗੁਰ ਸਬਦਿ ਖੁਲੀਜੈ॥*
*ਅਨਹਦ ਵਾਜੇ ਧੁਨਿ ਵਜਦੇ*
*ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ*
*ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ*
*ਜਿਨਿ ਆਪੇ ਰਚਨ ਰਚਾਈ॥ ਅੰਗ – 954*
*ਵਾਹੁ ਵਾਹੁ ਸਚੇ ਪਾਤਸਾਹ ਤੂ ਸਚੀ ਨਾਈ॥*
*ਅੰਗ – 947*

ਇਹ ਇਕ ਕਿਲਾ ਹੈ ਜੋ ਪਰਮੇਸ਼ਰ ਨੇ ਸਾਨੂੰ ਦਿੱਤਾ ਹੋਇਆ ਹੈ, ਆਪਣੇ ਰਹਿਣ ਵਾਸਤੇ ਉਸਨੇ ਥਾਉਂ ਬਣਾਇਆ ਹੈ। ਇਹਦੇ ਅੰਦਰ ਤਾਂ ਵਾਹਿਗੁਰੂ ਰਹਿੰਦਾ ਹੈ, ਇਹ ਦੇਹੀ ਭੋਗਾਂ ਵਾਸਤੇ ਨਹੀਂ ਮਿਲੀ, ਝਗੜੇ ਝਾਟੇ ਫਸਾਦ ਕਰਕੇ ਇਸ ਨੂੰ ਬਰਬਾਦ ਕਰਨ ਵਾਸਤੇ ਨਹੀਂ ਮਿਲੀ, ਇਹਦੇ ਅੰਦਰ ਤਾਂ ਪਰਮੇਸ਼ਰ ਦਾ ਵਾਸਾ ਹੈ –

*ਨਉ ਦਰ ਠਾਕੇ ਧਾਵਤੁ ਰਹਾਏ॥ ਅੰਗ – 124*

ਜਦੋਂ ਨੌ ਦਰਵਾਜੇ ਠਾਕ ਲਏਂਗਾ, ਨਾ ਅੱਖਾਂ ਵਲੋਂ ਸੁਰਤ ਬਾਹਰ ਜਾਵੇ, ਨਾ ਕੰਨਾਂ ਰਾਹੀਂ ਬਾਹਰ ਜਾਵੇ, ਨਾ ਕਿਸੇ ਹੋਰ ਇੰਦਰੇ ਰਾਹੀਂ ਬਾਹਰ ਜਾਵੇ, ਫੇਰ ਮਨ ਠਹਿਰ ਜਾਏਗਾ, ਫਿਰ –

*ਦਸਵੈ ਨਿਜ ਘਰਿ ਵਾਸਾ ਪਾਏ॥ ਅੰਗ – 124*

ਫੇਰ ਤੇਰਾ ਵਾਸਾ ਦਸਵੇਂ ਵਿਚ ਹੋ ਜਾਏਗਾ, ਉਥੇ ਨਿਸ਼ਾਨੀਆਂ ਹਨ,

ਕੋਈ ਸੁੰਨ ਮੁੰਨ ਨਹੀਂ ਹੈ।

***ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ***
***ਗੁਰਮਤੀ ਸਬਦਿ ਸੁਣਾਵਣਿਆ॥*** ***ਅੰਗ - 124***

ਗੁਰੂ ਦੀ ਮੱਤ ਧਾਰਨ ਕਰਕੇ ਫੇਰ ਜਦੋਂ ਸ਼ਬਦ ਸੁਣਦਾ ਹੈ-

***ਅੰਮ੍ਰਿਤ ਰਸੁ ਸਤਿਗੁਰੂ ਚੁਆਇਆ॥***
***ਦਸਵੈ ਦੁਆਰਿ ਪ੍ਰਗਟੁ ਹੋਇ ਆਇਆ॥***
***ਅੰਗ - 1069***

ਫੇਰ ਕੀ ਹੋਏਗਾ -

***ਤਹ ਅਨਹਦ ਸਬਦ ਵਜਹਿ ਧੁਨਿ ਬਾਣੀ***
***ਸਹਜੇ ਸਹਜਿ ਸਮਾਈ ਹੇ॥*** ***ਅੰਗ - 1069***

ਨਿਸ਼ਾਨੀਆਂ ਹੋਣਗੀਆਂ, ਤਿੰਨ ਚੀਜ਼ਾਂ ਹਨ, ਇਕ ਨਾਦ ਹੋਏਗਾ, ਇਕ ਪ੍ਰਕਾਸ਼ ਹੋਏਗਾ, ਇਕ ਅੰਮ੍ਰਿਤ ਹੋਏਗਾ, ਐਵੇਂ ਖਿਆਲ ਨਹੀਂ ਹਨ ਉਹਦੇ ਵਿਚ ਰਹਿੰਦਾ ਹੈ, ਇਸਨੂੰ ਹੀ ਸੁੰਨ ਮੰਡਲ ਆਖਦੇ ਹਨ।

***ਸੁੰਨ ਮੰਡਲ ਇਕੁ ਜੋਗੀ ਬੈਸੇ॥*** ***ਅੰਗ - 685***

ਕਿਹੋ ਜਿਹਾ ਹੈ ਉਹ, ਕਹਿੰਦੇ -

***ਨਾਰਿ ਨ ਪੁਰਖੁ ਕਹਹੁ ਕੋਊ ਕੈਸੇ॥ ਅੰਗ - 685***

ਨਾ ਉਹ ਨਾਰ ਹੈ, ਨਾ ਪੁਰਖ ਹੈ। ਸੋ ਇਹ ਸਰੀਰ ਐਵੇਂ ਖਰਾਬ ਕਰਣ ਵਾਲਾ ਨਹੀਂ। ਇਹ ਤਾਂ ਪਰਮੇਸ਼ਰ ਨੇ ਬੜੇ ਢੰਗ ਨਾਲ ਬਣਾਇਆ ਹੈ, ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਪੁਤਰੀ ਤੇਰੀ ਜੀ,***
***ਬਿਧਿ ਕਰਿ ਥਾਟੀ -2, 2.***
***ਬਿਧਿ ਕਰਿ ਥਾਟੀ -2, 2.***
***ਪੁਤਰੀ ਤੇਰੀ ਜੀ,............... -2.***

ਨਾਮਦੇਵ ਜੀ ਕਹਿਣ ਲੱਗੇ, ਰਾਜਨ! ਇਹ ਜੋ ਪੁਤਲਾ ਆਪਾਂ ਨੂੰ ਮਿਲਿਆ ਹੋਇਆ ਹੈ, ਇਸਨੂੰ ਪਰਮੇਸ਼ਰ ਨੇ ਬੜੇ ਢੰਗ ਨਾਲ ਬਣਾਇਆ ਹੈ। ਇਹਦੇ ਵਿਚ ਬਹੁਤ ਕੁਝ ਹੈ। ਪੰਜ ਤੱਤ ਹਨ, ਪੱਚੀ ਪ੍ਰਕਿਰਤੀਆਂ ਹਨ, ਪੰਜ ਪ੍ਰਾਣ ਹਨ, ਪੰਜ ਗਿਆਨ ਇੰਦਰੇ ਹਨ, ਪੰਜ ਕਰਮ ਇੰਦਰੇ ਹਨ, ਫਿਰ ਮਨ ਬਣਾਇਆ ਹੈ, ਬੁਧੀ ਬਣਾਈ ਹੈ, ਚਿਤ ਬਣਾਇਆ ਹੈ, ਉਹਦੇ ਵਿਚ ਮੈਂ ਭਾਵ ਪੈਦਾ ਕੀਤੇ ਹਨ। ਜੇ ਇਹ ਪਰਮੇਸ਼ਰ ਨੂੰ ਮਿਲ ਪਿਆ, ਅੰਦਰੋਂ ਲਭ ਲਿਆ, ਤਾਂ ਤੇ ਇਹ ਪਾਕ ਹੈ, ਨਹੀਂ ਤਾਂ ਇਹ ਬਿਲਕੁਲ ਨਾ-ਪਾਕ ਹੈ, ਕੇਵਲ ਗੰਦ ਮੰਦ ਦਾ ਹੀ ਥੈਲਾ ਹੈ।

***ਪੁਤਰੀ ਤੇਰੀ ਬਿਧਿ ਕਰਿ ਥਾਟੀ॥***
***ਜਾਨੁ ਸਤਿ ਕਰਿ ਹੋਇਗੀ ਮਾਟੀ॥***
***ਮੂਲੁ ਸਮਾਲਹੁ ਅਚੇਤ ਗਵਾਰਾ॥*** ***ਅੰਗ - 374***

ਆਪਣਾ ਮੂਲ ਤਾਂ ਸੰਭਾਲ ਤੇਰਾ ਮੂਲ ਕੀ ਹੈ।

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*
*ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥ ਅੰਗ - 441*

ਤੂੰ ਤਾਂ ਪਰਮੇਸਰ ਦੀ ਅੰਸ਼ ਹੈ, ਆਪਣੇ ਆਪ ਨੂੰ ਸੰਭਾਲ। ਜੇ ਤੂੰ ਨਹੀਂ ਸੰਭਾਲਦਾ ਫਿਰ ਬਾਕੀ ਤੇਰੇ ਕੋਲ ਹੈ ਕੀ?

*ਤੀਨਿ ਸੇਰ ਕਾ ਦਿਹਾੜੀ ਮਿਹਮਾਨੁ॥*
*ਅੰਗ - 374*

ਤਿੰਨ ਸੇਰ ਕੱਚਾ ਵਿਚੇ ਮਿਲਾ ਲੈ ਤੂੰ ਸਭ ਕੁਝ ਐਨਾ ਕੁ ਦਿਹਾੜੀ ਦਾ ਮਹਿਮਾਨ ਹੈ -

*ਅਵਰ ਵਸਤੁ ਤੁਝ ਪਾਹਿ ਅਮਾਨ॥*
*ਅੰਗ - 374*

ਭਰੀ ਬੈਠਾ ਹੈ ਬੇਅੰਤ ਸਮਾਨ ਲੈ ਕੇ, ਇਹ ਤਾਂ ਅਮਾਨਤਾ ਖਾਧੀਆਂ ਹੋਈਆਂ ਹਨ।

*ਬਿਸਟਾ ਅਸਤ ਰਕਤੁ ਪਰੇਟੇ ਚਾਮ॥*
*ਅੰਗ - 374*

ਇਹਦੇ ਵਿਚ ਵਿਸ਼ਟਾ ਹੈ, ਹੱਡੀਆਂ ਹਨ, ਖ਼ੂਨ ਹੈ, ਜਿਸ ਤਰ੍ਹਾਂ ਕਿ ਪਲਾਸਟਿਕ ਦੇ ਪਤਲੇ ਜਿਹੇ ਕਾਗਜ਼ ਵਿਚ ਲਪੇਟ ਕੇ ਰਖੀਆਂ ਹੋਈਆਂ ਹਨ।

*ਇਸੁ ਊਪਰਿ ਲੇ ਰਾਖਿਓ ਗੁਮਾਨ॥*
*ਅੰਗ - 374*

ਇਸ ਦੇ ਉਪਰ ਤੂੰ ਮਾਣ ਕਰਦਾ ਹੈ ਕਿ ਮੈਂ ਬੜਾ ਸੁੰਦਰ ਹਾਂ, ਬੜਾ ਜੋਬਨਵੰਤ ਹਾਂ, ਇਸਦਾ ਗੁਮਾਨ ਨਾ ਕਰ, ਇਹ ਤਾਂ ਉਪਰ ਪਲਾਸਟਿਕ ਦਾ ਕਵਰ ਦਿੱਤਾ ਹੋਇਆ ਹੈ ਗੰਦ ਮੰਦ ਦੇ ਉਤੇ -

*ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥*
*ਬਿਨੁ ਬੂਝੇ ਤੂੰ ਸਦਾ ਨਾਪਾਕ॥ ਅੰਗ - 374*

ਜੇ ਤੂੰ ਬੁਝ ਗਿਆ ਤਾਂ ਤੇ ਤੂੰ ਪਵਿੱਤਰ ਹੈ ਜਿਥੇ ਬੈਠੇਂਗਾ ਉਹ ਥਾਂ ਪਵਿੱਤਰ, ਜਿਥੇ ਚਰਣ ਧਰੇਂਗਾ, ਉਹ ਥਾਂ ਪਵਿੱਤਰ। ਸਾਰੀ ਥਾਂ ਪਵਿੱਤਰ ਹੀ ਪਵਿੱਤਰ ਕਰ ਦੇਵੇਂਗਾ। ਜੇਕਰ ਨਹੀਂ ਤਾਂ -

*ਬਿਨੁ ਬੂਝੇ ਤੂੰ ਸਦਾ ਨਾਪਾਕ॥*
*ਕਹੁ ਨਾਨਕ ਗੁਰ ਕਉ ਕੁਰਬਾਨੁ॥*
*ਜਿਸ ਤੇ ਪਾਈਐ ਹਰਿ ਪੁਰਖੁ ਸੁਜਾਨੁ॥*
*ਅੰਗ - 374*

ਰਾਜਨ! ਇਸ ਸਰੀਰ ਦੇ ਅੰਦਰ ਵਾਹਿਗੁਰੂ ਰਹਿੰਦਾ ਹੈ, ਇਹ ਜਿਹੜਾ ਤੇਰਾ ਸਰੀਰ ਹੈ ਕੋਈ ਮਾਨ ਕਰਨ ਵਾਲੀ ਚੀਜ਼ ਨਹੀਂ ਹੈ ਇਸ ਦੇ ਅੰਦਰ ਤਾਂ ਖੋਜ ਕਰਨੀ ਹੈ, ਉਹਦੀ ਨਿਸ਼ਾਨੀ ਕੀ ਹੈ, ਭਾਈ ਗੁਰਦਾਸ ਜੀ ਦਸਦੇ ਹਨ ਕਿ ਦਸਿਆ ਨਹੀਂ ਜਾਂਦਾ –

***ਦਸਮ ਸਥਾਨ ਕੇ ਸਮਾਨਿ***
***ਕਉਨ ਭਉਨ ਕਹੌਂ,..........॥***

***ਕਬਿੱਤ, ਭਾਈ ਗੁਰਦਾਸ ਜੀ***

ਦੁਨੀਆਂ ਵਿਚ ਕੋਈ ਵੀ ਐਸੀ ਚੀਜ਼ ਨਹੀਂ ਹੈ ਜਿਹੜੀ ਦਸਮ ਦੁਆਰ ਵਰਗੀ ਹੋਵੇ।

***..... ਗੁਰਮੁਖਿ ਪਾਵੈ ਸੁ ਤਉ, ਅਨਤ ਨ ਪਾਵਈ॥ ਕਬਿੱਤ, ਭਾਈ ਗੁਰਦਾਸ ਜੀ***

ਗੁਰੂ ਕ੍ਰਿਪਾ ਕਰਕੇ ਦਸ ਦੇਵੇ, ਤਾਂ ਤੇ ਉਹ ਇਸ ਅਵਸਥਾ ਤੇ ਪ੍ਰਾਪਤ ਹੋ ਜਾਂਦਾ ਹੈ, ਅਨੁਭਵ ਦੇ ਮੰਡਲ ਵਿਚ, ਜਿਸਨੂੰ ਦਸਮ ਦੁਆਰ ਕਹਿੰਦੇ ਹਨ, ਉਥੇ ਆਤਮਾ ਹੀ ਆਤਮਾ ਹੈ, ਵਾਹਿਗੁਰੂ ਹੀ ਵਾਹਿਗੁਰੂ ਹੈ, ਝਲਕਾਰੇ ਵਜਦੇ ਹਨ ਉਥੇ –

***ਨਗਰੀ ਏਕੈ ਨਉ ਦਰਵਾਜੇ***
***ਧਾਵਤੁ ਬਰਜਿ ਰਹਾਈ॥***
***ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲ੍ਹੈ***
***ਤਾ ਮਨੁ ਖੀਵਾ ਭਾਈ॥*** ***ਅੰਗ – 1123***

ਮਨ ਆਨੰਦ ਹੋ ਜਾਂਦਾ ਹੈ, ਉਥੇ ਫੁਰਨੇ ਖਤਮ ਹੋ ਜਾਂਦੇ ਹਨ, ਅਫੁਰ ਅਵਸਥਾ ਆ ਜਾਂਦੀ ਹੈ, ਦੇਖਦਾ ਹੈ, ਸੁਣਦਾ ਹੈ ਪਰ 'ਮੈ' ਮਰ ਜਾਂਦੀ ਹੈ, ਮੈਂ ਭਾਵ ਖਤਮ ਹੋ ਜਾਂਦਾ ਹੈ –

***ਉਨਮਨੀ ਜੋਤਿ ਪਟੰਤਰ ਦੀਜੈ ...............॥***

***ਕਬਿੱਤ, ਭਾਈ ਗੁਰਦਾਸ ਜੀ***

ਜਿਹੜਾ ਉਥੇ ਆਤਮਾ ਮੰਡਲ ਦਾ ਪ੍ਰਕਾਸ਼ ਹੈ, ਕੀ ਉਹ ਹਜ਼ਾਰ ਬਲਬ ਵਰਗਾ ਹੈ ਜਾਂ ਸੂਰਜ ਵਰਗਾ ਹੈ ਜਾਂ ਚੰਦਰਮਾਂ ਵਰਗਾ ਹੈ, ਬਿਜਲੀ ਵਰਗਾ ਹੈ ਜਾਂ ਮੋਤੀ ਹੀਰਿਆਂ ਵਰਗਾ ਹੈ।

***ਉਨਮਨੀ ਜੋਤਿ ਪਟੰਤਰ ਦੀਜੈ ਕਉਨ ਜੋਤਿ,***
***ਦਇਆ ਕੈ ਦਿਖਾਵੈ ਜਾਹੀ, ਤਾਹੀ ਬਨਿ ਆਵਈ॥ ਕਬਿੱਤ, ਭਾਈ ਗੁਰਦਾਸ ਜੀ***

ਜਿਸਦੇ ਉਤੇ ਮਾਲਕ ਨੇ ਕ੍ਰਿਪਾ ਕਰ ਦਿੱਤੀ ਉਸਨੂੰ ਦਿਖਾ ਦਿੱਤਾ, ਦੇਖਕੇ ਚੁਪ ਹੀ ਹੋ ਜਾਂਦਾ ਹੈ। ਉਥੇ ਰਾਗ ਕਿਹੋ ਜਿਹਾ ਹੈ, ਉਹ ਵੀ ਨਹੀਂ ਦਸਿਆ ਜਾਂਦਾ। ਕਹਿੰਦੇ ਜੇਕਰ ਉਹ ਇਕ ਵਾਰੀ ਰਾਗ ਸੁਣ ਲਓ ਜਾਂ ਇਕ ਵਾਰੀ ਉਹ ਪ੍ਰਕਾਸ਼ ਦੇਖ ਲਓ, ਉਹ ਭੁਲਦਾ ਨਹੀਂ। ਭਜਨ ਕਰਨ ਵਾਲਿਆਂ ਨੂੰ ਕਈ ਮੌਕੇ ਆਉਂਦੇ ਹਨ, ਜਦੋਂ ਬਿਰਤੀ ਟਿਕ ਜਾਂਦੀ ਹੈ ਤਾਂ ਰੋਜ ਹੀ ਦਿਖਾਈ ਦੇ

ਜਾਂਦੇ ਹਨ। ਪਹਿਲਾਂ ਪਹਿਲਾਂ ਪਰਮੇਸ਼ਰ ਜਗਿਆਸੂਆਂ ਨੂੰ ਦਿਖਾ ਦਿੰਦਾ ਹੈ ਕਿ ਭਾਈ ਤੂੰ ਐਥੇ ਆਉਣਾ ਹੈ, ਜਦੋਂ ਬੰਦਗੀ ਕਰਦੇ ਕਰਦੇ ਵਜਦ ਵਿਚ ਆ ਜਾਂਦਾ ਹੈ ਤਾਂ ਮੂਰਛਤ ਹੋ ਜਾਂਦਾ ਹੈ।

ਇਕ ਵਾਰੀ ਜਦੋਂ ਵੱਡੇ ਮਹਾਰਾਜ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜੇ ਵਾਲੇ) ਦੇ ਦੀਵਾਨ ਚੰਡੀਗੜ੍ਹ ਵਿਚ ਲਗੇ ਹੋਏ ਸਨ ਤਾਂ 10 ਸੈਕਟਰ ਮਕਾਨ ਲਿਆ ਹੋਇਆ ਸੀ। ਉਥੇ ਮਹਾਰਾਜ ਦਾ ਉਤਾਰਾ ਕਰਾ ਦੇਣਾ। ਉਥੇ ਇਕ ਮਹਾਂਪੁਰਸ਼ ਆਇਆ ਸੀ ਜੋ ਚੰਗਾ ਵਿਦਵਾਨ ਪੰਡਤ ਸੀ ਹੁਸ਼ਿਆਰਪੁਰ ਦਾ। ਉਸਨੇ ਆ ਕੇ ਦੋ ਸਵਾਲ ਕੀਤੇ। ਕਹਿੰਦਾ ਮਹਾਰਾਜ! ਦਿਸਦਾ ਹੈ, ਦੇਖਦਾ ਹਾਂ ਤਾਂ ਦੇਖ ਨਹੀਂ ਹੁੰਦਾ। ਸੁਣਦਾ ਹਾਂ ਤਾਂ ਸੁਣ ਨਹੀਂ ਹੁੰਦਾ। ਸੁਣਕੇ ਸਾਰੇ ਚੁਪ ਕਰ ਗਏ। ਉਥੇ ਇਕ ਮਹਾਤਮਾ ਬੈਠੇ ਸਨ, ਉਹ ਬੜਾ ਪੜ੍ਹਿਆ ਲਿਖਿਆ ਮਹਾਤਮਾ ਸੀ, ਐਮ.ਏ. ਕੀਤੀ ਹੋਈ ਸੀ। ਵੱਡੇ ਮਹਾਰਾਜ ਨੇ ਉਸਨੂੰ ਪੁਛਿਆ, ਮਹਾਰਾਜ! ਤੁਸੀਂ ਦਸੋ ਉਹ ਚੁਪ ਕਰ ਗਏ। ਕਹਿਣ ਲੱਗੇ, ਮਹਾਰਾਜ! ਮੈਨੂੰ ਤਾਂ ਸੁਆਲ ਹੀ ਸਮਝ ਨਹੀਂ ਆਇਆ। ਮਹਾਰਾਜ ਜੀ ਕਹਿਣ ਲੱਗੇ ਕੋਈ ਨਾ। ਸਵਾਲ ਤਾਂ ਐਨਾ ਹੀ ਹੈ ਪੰਡਤ ਜੀ! ਅਭਿਆਸ ਨਹੀਂ ਸੀ। ਗਿਆਨ ਨਹੀਂ ਸੀ ਪੂਰਾ। ਅਸੀਂ ਬੈਠੇ ਦੇਖੀ ਜਾਈਏ, ਰਮਜ਼ ਉਹਨੇ ਮਾਰੀ, ਰਮਜ਼ ਦੂਜੇ ਨੇ ਮਾਰੀ। ਜਦੋਂ ਸਾਰੇ ਚਲੇ ਗਏ ਤਾਂ ਮੈਂ ਮਹਾਰਾਜ ਜੀ ਨੂੰ ਪੁਛਿਆ ਕਿ ਇਹ ਕੀ ਰਮਜ਼ ਸੀ? ਕਹਿਣ ਲੱਗੇ ਰਮਜ਼ ਕੀ ਸੀ, ਉਹ ਜੋ ਪ੍ਰਕਾਸ਼ ਹੈ ਉਨਮਨੀ ਜੋਤਿ ਦਾ, ਉਹ ਕਦੀ ਕਦੀ ਆਇਆ ਕਰਦਾ ਹੈ, ਜਗਿਆਸੂਆਂ ਨੂੰ। ਉਹ ਜੋ ਅਨਹਦ ਨਾਦ ਹੈ, ਪਰਮੇਸ਼ਰ ਦੇ ਦੁਆਰੇ ਦਾ, ਪੰਜ ਸ਼ਬਦ ਹੁੰਦੇ ਹਨ। ਇਹ ਪੰਜ ਸ਼ਬਦ ਤਾਂ ਸਹਿ ਹੋ ਜਾਂਦੇ ਹਨ, ਕੋਈ ਔਖੀ ਗੱਲ ਨਹੀਂ ਹੈ।

***ਤਿਥੈ ਨਾਦ ਬਿਨੋਦ ਕੋਡ ਅਨੰਦੁ॥ ਅੰਗ - 7***

ਜਦੋਂ ਬੇਅੰਤ ਨਾਦ ਵਜਦੇ ਨੇ, ਦਰਗਾਹੀ ਨਾਦ, ਉਥੇ ਨਾ ਤਾਂ ਉਹਨਾਂ ਵਰਗਾ ਕੋਈ ਸਾਜ਼ ਹੈ ਇਥੇ ਉਹ ਐਨਾ ਮਨ ਮੋਂਹਦੇ ਹਨ -

***ਤਾ ਕੀ ਧੁਨਿ ਮੋਹੇ ਗੋਪਾਲਾ॥ ਅੰਗ - 186***

ਉਸ ਧੁੰਨੀ ਦੇ ਨਾਲ ਪਰਮੇਸ਼ਰ ਵੀ ਮੋਹਿਆ ਜਾਂਦਾ ਹੈ।

***ਅਨਹਤ ਬਾਣੀ ਥਾਨੁ ਨਿਰਾਲਾ॥***
***ਤਾ ਕੀ ਧੁਨਿ ਮੋਹੇ ਗੋਪਾਲਾ॥ ਅੰਗ - 186***

ਉਹਦੇ ਵਿਚ ਮੋਹੇ ਜਾਂਦੇ ਹਨ। ਉਹ ਕੁਦਰਤੀ ਐਸਾ ਹੀ ਹੁੰਦਾ ਹੈ, ਜਿਸ ਨੂੰ ਕਦੀ ਝਲਕਾਰਾ ਵਜਿਆ ਹੋਵੇ ਉਹ ਸਹਿ ਨਹੀਂ ਹੁੰਦਾ। ਆਦਮੀ ਐਨੇ ਵਜਦ ਵਿਚ ਆਉਂਦਾ ਹੈ, ਖੁਸ਼ੀ ਵਿਚ ਆਉਂਦਾ ਹੈ ਕਿ ਉਹਦੇ ਸਰੀਰ ਵਿਚ ਉਸਨੂੰ ਸਾਂਭਣ ਦੀ ਸਮਰੱਥਾ ਨਹੀਂ ਹੁੰਦੀ, ਜਰ ਨਹੀਂ ਸਕਦਾ, ਅਜਰ ਹੋਇਆ ਕਰਦਾ ਹੈ।

ਸੋ -

***ਉਨਮਨੀ ਜੋਤਿ ਪਟੰਤਰ ਦੀਜੈ ਕਉਨ ਜੋਤਿ,***
***ਦਇਆ ਕੈ ਦਿਖਾਵੈ ਜਾਹੀ, ਤਾਹੀ ਬਨਿ ਆਵਈ।***

*ਅਨਹਦ ਨਾਦ ਸਮਸਰਿ ਨਾਦ ਬਾਦ ਕਉਨ.........॥ਕਬਿੱਤ, ਭਾਈ ਗੁਰਦਾਸ ਜੀ*

ਕਹਿੰਦੇ ਕਿਹੜਾ ਦਸੀਏ ਕਿ ਕਿਹੜਾ ਨਾਦ ਵਜ ਰਿਹਾ ਹੈ।

*..... ਸ੍ਰੀ ਗੁਰੂ ਸੁਨਾਵੈ ਜਾਹਿ, ਸੋਈ ਲਿਵ ਲਾਵਈ॥*
*ਕਬਿੱਤ, ਭਾਈ ਗੁਰਦਾਸ ਜੀ*

ਫਿਰ ਅੰਮ੍ਰਿਤ ਦੀ ਧਾਰ ਕੈਸੀ ਹੈ।

*ਨਿਝਰ ਅਪਾਰ ਧਾਰ ਤੁਲਿ ਨ ਅੰਮ੍ਰਿਤ ਰਸ, .....॥ ਕਬਿੱਤ, ਭਾਈ ਗੁਰਦਾਸ ਜੀ*

ਕੋਈ ਵੀ ਦੁਨੀਆਂ ਦਾ ਰਸ ਉਹਦੇ ਮੁਕਾਬਲੇ ਨਹੀਂ –

*.............. ਅਪਿਉ ਪੀਆਵੈ ਜਾਹਿ,*
*ਤਾਹੀ ਮੈ ਸਮਾਵਈ॥*
*ਕਬਿੱਤ, ਭਾਈ ਗੁਰਦਾਸ ਜੀ*

ਬਿਨਾਂ ਪਿਆਲੇ ਤੋਂ ਹੀ ਪੀ ਹੁੰਦਾ ਹੈ, ਬਿਨਾਂ ਦੀਵੇ ਤੋਂ ਹੀ ਰੋਸ਼ਨੀ ਹੋ ਰਹੀ ਹੈ, ਬਿਨਾਂ ਸਾਜਾਂ ਤੋਂ ਹੀ ਸੰਗੀਤ ਵਜ ਰਿਹਾ ਹੈ, ਜਿਸਦਾ ਸੰਪਰਕ ਉਸ ਸ਼ਬਦ ਨਾਲ ਹੋ ਜਾਵੇ।

*ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ*
*ਦਸਵਾ ਦੁਆਰੁ ਪਾਇਆ॥*
*ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ......॥*
*ਅੰਗ – 441*

ਉਹ ਧੁੰਨੀ ਉਪਜਦੀ ਹੈ ਜਿਹੜੀ ਵਾਹਿਗੁਰੂ ਨੇ ਸੰਸਾਰ ਰਚਨ ਤੋਂ ਪਹਿਲਾਂ ਬੋਲਿਆ ਸੀ।

*ਕੀਤਾ ਪਸਾਉ ਏਕੋ ਕਵਾਉ॥*
*ਤਿਸ ਤੇ ਹੋਏ ਲਖ ਦਰੀਆਉ॥ ਅੰਗ – 3*

*ਏਕ ਕਵਾਵੈ ਤੇ ਸਭਿ ਹੋਆ॥ ਅੰਗ – 1003*

ਇਸਲਾਮ ਵਾਲੇ ਕਹਿੰਦੇ ਹਨ ਕਿ ਇਕ ਆਵਾਜ਼ ਦਿੱਤੀ ਸੀ, 'ਕੁਨ' ਵਰਗੀ ਉਹ ਆਵਾਜ਼ ਹੁਣ ਤਕ ਚਲੀ ਆ ਰਹੀ ਹੈ। ਈਸਾ ਜੀ ਕਹਿੰਦੇ ਹਨ There was logos ਜਦੋਂ ਉਥੇ ਕੁਝ ਵੀ ਨਹੀਂ ਸੀ, ਕੇਵਲ ਸ਼ਬਦ ਸੀ, ਉਹ ਸ਼ਬਦ ਜਿਸਨੇ ਸਾਰੇ ਸੰਸਾਰਾਂ ਨੂੰ ਬੰਨਿਆਂ ਪਿਆ ਹੈ, ਇਹਦੇ ਅੰਦਰ ਦਿਨ ਰਾਤ ਬੋਲ ਰਿਹਾ ਹੈ, ਪਰ ਕੇਵਲ ਗੁਰੂ ਹੀ ਦਿਖਾ ਸਕਦਾ ਹੈ –

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ॥ ਅੰਗ – 1291*

ਜਦੋਂ ਅੰਦਰਲਾ ਘਰ ਦਿਖਾ ਦਿੱਤਾ, ਇਕ ਤਾਂ ਇਹ ਘਰ ਹੈ, ਦੂਜਾ ਰੱਬ ਦਾ ਘਰ ਹੈ ਇਹਦੇ ਵਿਚ। ਉਸ ਰੱਬ ਦੇ ਘਰ ਨੂੰ ਆਤਮ ਮੰਡਲ ਕਹਿੰਦੇ ਹਨ।

ਅਨਭਵ ਨਗਰ ਕਹਿੰਦੇ ਹਨ, ਅਨਭਵ ਨਗਰ ਬੜੇ ਨਾਮ ਹਨ ਇਸਦੇ।

ਸਤਿਗੁਰ ਓਹੀ ਹੋਇਆ ਕਰਦੀ ਹੈ ਜੋ ਅੰਦਰ ਦਿਖਾ ਦੇਵੇ। ਜਿਹੜਾ ਐਵੇਂ ਭਰਮਾਂ ਵਿਚ ਪਾ ਦੇਵੇ, ਭੇਖਾਂ ਵਿਚ ਪਾ ਦੇਵੇ, ਉਹ ਗੁਰੂ ਨਹੀਂ ਹੋਇਆ ਕਰਦਾ, ਐਵੇਂ ਆਪਣਾ ਵਕਤ ਕਟੀ ਜਾਂਦਾ ਹੈ। ਜਿਹੜਾ ਅੰਦਰ ਦਿਖਾ ਦੇਵੇ –

***ਘਰ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ॥*** ***ਅੰਗ – 1291***

ਉਥੇ ਫੇਰ ਹੋਏਗਾ ਕੀ?

***ਪੰਚ ਸਬਦ ਧੁਨਿਕਾਰ ਧੁਨਿ***
***ਤਹ ਬਾਜੈ ਸਬਦੁ ਨੀਸਾਣੁ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥***
***ਅੰਗ – 1291***

ਵਿਸਮਾਦ ਹੀ ਵਿਸਮਾਦ ਹੈ, ਉਥੇ ਹੀ ਵਾਹਿਗੁਰੂ ਕਿਹਾ ਜਾਂਦਾ ਹੈ, ਹੋਰ ਕਿਧਰੇ ਨਹੀਂ ਕਿਹਾ ਜਾਂਦਾ। ਵਾਹਿਗੁਰੂ ਉਪਰਲਾ ਮੰਤਰ ਹੈ। 'ਸੋਹੰਗ' ਜੋ ਮੰਤਰ ਹੈ ਇਹ ਦਸਵੇਂ ਦੁਆਰ ਦਾ ਮੰਤਰ ਹੈ। ਜਦੋਂ ਪ੍ਰਾਪਤੀ ਹੋਏ ਵਿਚ ਲੀਨ ਹੋ ਜਾਵੇ, ਇਕ ਤਾਂ ਹੁੰਦਾ ਹੈ ਆਪਣੇ ਆਪ ਨੂੰ ਪਛਾਨਣਾ, ਆਪਣੇ ਆਪ ਨੂੰ ਤਾਂ –

***........ ਸੋਹੰ ਹੰਸਾ ਜਪੁ ਜਾਪਹੁ............॥***
***ਅੰਗ – 1093***

ਨਾਲ ਪਛਾਣਦੇ ਹਾਂ, ਇਹਦੇ ਵਿਚ ਤਾਂ ਕੋਈ ਬੋਲੀ ਨਹੀਂ ਹੈ ਇਹਦੇ ਵਿਚ ਤਾਂ ਵਿਸਮਾਦ ਦੇ ਝਟਕੇ ਹਨ, ਉਥੇ ਵਾਹ ਵਾਹ ਤੋਂ ਬਿਨਾਂ ਹੋਰ ਕੁਝ ਕਹਿ ਨਹੀਂ ਹੁੰਦਾ। ਸੋ –

***ਪੰਚ ਸਬਦ ਧੁਨਿਕਾਰ ਧੁਨਿ***
***ਤਹ ਬਾਜੈ ਸਬਦੁ ਨੀਸਾਣੁ॥*** ***ਅੰਗ – 1291***

ਉਥੇ ਵਾਹ ਵਾਹ ਵਾਹ ਸ਼ਬਦ ਹੈ –

***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥***
***ਸੁਖਮਨ ਕੈ ਘਰਿ ਰਾਗੁ ਸੁਨਿ***
***ਸੁੰਨਿ ਮੰਡਲਿ ਲਿਵ ਲਾਇ॥*** ***ਅੰਗ – 1291***

ਸੋ ਇਸ ਤਰ੍ਹਾਂ ਨਾਲ ਰਾਜਨ! ਇਹ ਸਰੀਰ ਇਹੋ ਜਿਹਾ ਨਹੀਂ ਹੈ ਕਿ ਇਸਦੇ ਵਿਚ ਵਾਦ ਵਿਵਾਦ ਕਰੀਏ, ਬਾਕੀ ਸਰੀਰ ਨੇ ਤਾਂ ਨਾਲ ਚਲਣਾ ਨਹੀਂ ਅਤੇ ਪਰ ਦੇਹ ਅਧਿਆਸ ਕਿਸੇ ਕੰਮ ਨਹੀਂ ਹੈ। ਇਕ ਵਾਰੀ ਬਾਬਾ ਫਰੀਦ ਜੀ ਜਾ ਰਹੇ ਸਨ, ਕੀ ਦੇਖਦੇ ਹਨ! ਕਿ ਇਕ ਘਰ ਦੇ ਅੰਦਰੋਂ ਚੀਕ ਦੀ ਆਵਾਜ਼ ਆ ਰਹੀ ਹੈ, ਬਹੁਤ ਚੀਕਾਂ ਮਾਰ ਰਹੀ ਹੈ। ਬਾਬਾ ਜੀ ਨੇ ਦਸਤਕ

ਦਿੱਤੀ, ਕੀ ਦੇਖਦੇ ਹਨ ਕਿ ਜਿਹੜੀ ਬੀਬੀ ਦਰਵਾਜਾ ਖੋਲਣ ਆਈ ਹੈ, ਉਹਦੇ ਹੱਥ ਵਿਚ ਹੰਟਰ ਹੈ। ਪੁਛਿਆ ਬੇਟੀ! ਇਹ ਕਾਹਦੀ ਆਵਾਜ਼ ਆ ਰਹੀ ਹੈ? ਕਹਿਣ ਲੱਗੀ ਬਾਬਾ ਜੀ! ਤੁਸੀਂ ਸੰਤਾਂ ਨੇ ਸਾਡੇ ਕੋਲੋਂ ਕੀ ਲੈਣਾ ਹੈ? ਇਹ ਤੁਹਾਡਾ ਕੰਮ ਨਹੀਂ ਹੈ ਸਾਡੇ ਗ੍ਰਿਹਸਤੀਆਂ ਦਾ ਕੰਮ ਹੈ, ਪਰ ਜੋ ਬੜੀ ਦਰਦਨਾਕ ਆਵਾਜ਼ ਆ ਰਹੀ ਸੀ ਕੀ ਤੁਸੀਂ ਕਿਸੇ ਨੂੰ ਮਾਰ ਰਹੇ ਸੀ? ਕਹਿਣ ਲੱਗੀ, ਹਾਂ! ਮਾਰ ਰਹੀ ਸੀ। ਪੁਛਿਆ ਕਿਸਨੂੰ? ਕਹਿੰਦੀ ਮੈਂ ਆਪਣੀ ਗੋਲੀ ਨੂੰ ਮਾਰ ਰਹੀ ਸੀ। ਕਹਿਣ ਲਗੇ, ਤੂੰ ਉਸ ਨੂੰ ਕਿਉ ਮਾਰਦੀ ਸੀ? ਕਹਿੰਦੀ, ਮੈਂ ਅੱਖਾਂ ਦਾ ਖਾਸ ਫੈਸ਼ਨ ਕੱਢ ਰਹੀ ਸੀ। ਮੈਂ ਕੋਇਆਂ ਤੋਂ ਬਾਹਰ ਇਕ ਖਾਸ ਧਾਰ ਕੱਢਣੀ ਸੀ, ਉਸ ਸੁਰਮੇਂ ਦੇ ਅੰਦਰ ਇਕ ਰੜਕ ਆ ਗਈ। ਉਸ ਨਾਲ ਮੇਰੀਆਂ ਅੱਖਾਂ ਵਿਚੋਂ ਪਾਣੀ ਨਿਕਲ ਆਇਆ ਤੇ ਮੇਰਾ ਫੈਸ਼ਨ ਖਰਾਬ ਹੋ ਗਿਆ। ਆਪ ਹੀ ਮੇਰੀ ਅੱਖ ਵਲ ਦੇਖੋ। ਬਾਬਾ ਫਰੀਦ ਜੀ ਹੱਸ ਕੇ ਕਹਿਣ ਲੱਗੇ ਬੀਬੀ! ਇਸ ਸਰੀਰ ਨੇ ਤਾਂ ਖਤਮ ਹੀ ਹੋ ਜਾਣਾ ਹੈ। ਇਹ ਕਾਹਦਾ ਸ਼ਿੰਗਾਰ। ਇਸਨੂੰ ਤਾਂ ਕੁਦਰਤ ਨੇ ਹੀ ਸ਼ਿੰਗਾਰਿਆਂ ਹੋਇਆ ਹੈ, ਇਸਨੂੰ ਉਤੋਂ ਦੀ ਹੋਰ ਕੀ ਸ਼ਿੰਗਾਰ ਲਵੇਂਗੀ? ਵਾਹਿਗੁਰੂ ਨੇ ਤਾਂ ਆਪ ਹੀ ਸ਼ਿੰਗਾਰ ਕੇ ਦਿੱਤਾ ਹੈ, ਉਨੇ ਤੇ ਹੀ ਬਸ ਕਰ ਲੈਣੀ ਚਾਹੀਦੀ ਹੈ। ਉਸ ਤੋਂ ਅੱਗੇ ਨਹੀਂ ਜਾਣਾ ਚਾਹੀਦਾ। ਉਸ ਤੋਂ ਅੱਗੇ ਤਾਂ ਨੁਕਸਾਨ ਹੀ ਨੁਕਸਾਨ ਹੁੰਦੇ ਹਨ। ਉਸ ਬੀਬੀ ਨੂੰ ਸਮਝਾਇਆ ਤੇ ਗੋਲੀ ਨੂੰ ਕੁਟਣ ਤੋਂ ਹਟਾ ਦਿੱਤੀ। ਪਰ ਉਹ ਬੀਬੀ ਨਾਰਾਜ਼ ਹੀ ਰਹੀ ਕਿ ਬਾਬੇ ਨੇ ਐਵੇਂ ਆ ਕੇ ਦਖਲ ਦਿੱਤਾ।

ਕਾਫੀ ਸਮੇਂ ਤੋਂ ਬਾਅਦ ਇਕ ਦਿਨ ਬਾਬਾ ਫਰੀਦ ਜੀ ਤੁਰੇ ਆਉਂਦੇ ਹਨ ਤੇ ਆਉਂਦੇ ਆਉਂਦੇ ਕੀ ਦੇਖਦੇ ਹਨ ਕਿ ਕਬਰ ਵਿਚੋਂ ਕੱਢੀ ਹੋਈ ਖੋਪਰੀ ਝਾੜ ਤੇ ਟੰਗੀ ਹੋਈ ਹੈ। ਕਬਰ ਕੋਲ ਝਾੜ ਵੱਡੇ ਸਨ ਉਹ ਉਚੇ ਹੋ ਗਏ ਤੇ ਖੋਪਰੀ ਵੀ ਉਥੇ ਹੀ ਟੰਗੀ ਰਹਿ ਗਈ। ਉਹਦੇ ਵਿਚ ਛੋਟੀਆਂ ਛੋਟੀਆਂ ਚਿੜੀਆਂ ਆਲ੍ਹਣੇ ਪਾ ਕੇ ਵਿਚ ਬੱਚੇ ਦੇ ਦਿਆ ਕਰਨ। ਉਸ ਵੇਲੇ ਉਸ ਆਲ੍ਹਣੇ ਵਿਚ ਦੋ ਬਚੇ ਸਨ, ਇਕ ਤਾਂ ਇਕ ਅੱਖ ਵਿਚੋਂ ਝਾਕਦਾ ਹੈ ਦੂਜਾ ਦੂਜੀ ਅੱਖ ਵਿਚੋਂ ਝਾਕਦਾ ਹੈ, ਉਥੇ ਬਾਬਾ ਜੀ ਨੇ ਅੰਤਰ ਧਿਆਨ ਹੋਕੇ ਦੇਖਿਆ ਕਿ ਇਹ ਕਿਸ ਦੀ ਖੋਪੜੀ ਹੋਈ? ਜਦੋਂ ਪਤਾ ਲਗ ਗਿਆ ਤਾਂ ਸਿਜਦੇ ਵਿਚ ਹੋ ਗਏ। ਐ ਅੱਲਾ ਤਾਲਾ! ਬਲਿਹਾਰ ਤੇਰੀ ਕੁਦਰਤ ਤੋਂ, ਐਨਾ ਕਹਿ ਕੇ ਆਪਣੇ ਆਪ ਵਿਚ ਜੁੜ ਗਏ। ਕਾਫੀ ਦੇਰ ਤੋਂ ਬਾਅਦ ਜਦੋਂ ਆਪ ਉਥਾਨ ਹੋਏ ਤਾਂ ਮੁਰੀਦਾਂ ਨੇ ਪੁਛਿਆ ਕਿ ਬਾਬਾ ਜੀ ਆਪਨੇ ਕੀ ਦੇਖਿਆ ਸੀ? ਜਿਸ ਕਰਕੇ ਆਪ ਐਨੇ ਵਜਦ ਵਿਚ ਆ ਗਏ ਤੇ ਆਪਦੇ ਮੂੰਹ ਵਿਚੋਂ ਵਾਹ ਵਾਹ ਤੇ ਸੁਭਾਨ ਸੁਭਾਨ ਨਿਕਲ ਰਿਹਾ ਹੈ। ਕਹਿਣ ਲੱਗੇ ਬੇਟਾ! ਪਰਮੇਸ਼ਰ ਦੀ ਕੁਦਰਤ ਦੇਖ ਰਹੇ ਹਾਂ। ਮੁਰੀਦ ਕਹਿਣ ਲੱਗੇ ਮਹਾਰਾਜ! ਸਾਨੂੰ ਵੀ ਦਸੋ। ਕਹਿੰਦੇ ਦੇਖੋ ਇਹ ਜੋ ਖੋਪਰੀ ਹੈ, ਇਸਦੇ ਵਿਚ ਅੱਖਾਂ ਖਾਲੀ ਪਈਆਂ ਹਨ, ਕੁਝ ਵੀ ਨਹੀਂ ਹੈ, ਖਾਲੀ ਗਲੀਆਂ ਹੀ ਹਨ। ਇਹਨਾਂ ਵਿਚੋਂ ਚਿੜੀਆਂ ਦੇ ਬਚਿਆਂ ਨੇ ਵਿਚੋਂ ਚੁੰਜਾਂ ਕਢੀਆਂ ਹੋਈਆਂ ਹਨ ਤੇ ਵਿਚ ਆਲ੍ਹਣੇ ਪਾਏ ਹੋਏ ਹਨ ਤੇ ਵਿਚੋਂ ਦੀ ਝਾਕ ਰਹੇ ਹਨ। ਇਹਨਾਂ ਨੂੰ ਦੇਖ ਕੇ ਅਸੀਂ ਵਿਸਮਾਦ ਵਿਚ ਆਏ ਹਾਂ ਕਿਉਂਕਿ ਇਹੋ ਅੱਖਾਂ ਇਕ ਦਿਨ ਕਜਲ ਦੀ ਰੇਖ ਨਹੀਂ ਸਨ ਸਹਿੰਦੀਆਂ।

*ਧਾਰਨਾ - ਜਿਹੜੀਆਂ ਕੱਜਲ ਰੇਖ ਨਾ ਸੀ ਸਹਿੰਦੀਆਂ,*
*ਪੰਛੀਆਂ ਨੇ ਪਾ ਲਏ ਆਲ੍ਹਣੇ -2, 2.*

*ਫਰੀਦਾ ਜਿਨ੍ ਲੋਇਣ ਜਗੁ ਮੋਹਿਆ*
*ਸੇ ਲੋਇਣ ਮੈ ਡਿਠੁ ॥*
*ਕਜਲ ਰੇਖ ਨ ਸਹਦਿਆ*
*ਸੇ ਪੰਖੀ ਸੂਇ ਬਹਿਠੁ ॥* *ਅੰਗ - 1379*

ਕਹਿਣ ਲੱਗੇ, "ਬੇਟਾ! ਇਹ ਉਹੀ ਅੱਖਾਂ ਹਨ ਜਿੰਨਾਂ ਵਿਚ ਮੋਟਾ ਸੁਰਮਾ ਪੈ ਗਿਆ ਸੀ ਤੇ ਕਜਲ ਦੀ ਰੇਖ ਖਰਾਬ ਹੋ ਗਈ ਸੀ, ਤੇ ਇਸ ਬੀਬੀ ਨੇ ਗੋਲੀ ਨੂੰ ਕਿੰਨਾ ਮਾਰਿਆ ਸੀ। ਅੱਜ ਆ ਕੇ ਕਹੇ, ਕੁਝ ਕਹਿ ਸਕਦੀ ਹੈ? ਵੱਡੇ ਵੱਡੇ ਬਾਦਸ਼ਾਹ ਹੋਏ ਹਨ, ਜਿਨ੍ਹਾਂ ਤੇ ਘਾਹ ਜੰਮੇ ਪਏ ਹਨ। ਪਹਿਲਾਂ ਜਦੋਂ ਬਹਿੰਦੇ ਸਨ, ਨੇੜੇ ਕੋਈ ਚਿੜੀ ਨਹੀਂ ਸੀ ਫੜਕ ਸਕਦੀ। ਸੋ ਇਸ ਦੇਹੀ ਦਾ ਕੋਈ ਕਾਹਦਾ ਗੁਮਾਨ ਕਰਦਾ ਹੈ? ਤੂੰ ਕਹੀ ਜਾਂਦਾ ਹੈ ਮੇਰਾ ਹੈ, ਮੇਰਾ ਹੈ, ਮੇਰੇ ਵਿਚ ਤਾਂ ਕੋਈ ਸ਼ੈ ਨਹੀਂ, ਮੇਰਾ ਕਹਿਣ ਵਾਲੇ ਤਾਂ ਬਹੁਤ ਸੰਸਾਰ ਤੇ ਆਏ।

*ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ॥*
*ਅੰਗ - 693*

ਕਿਥੇ ਚਲੇ ਗਏ ਉਹ ਮੇਰੀ ਮੇਰੀ ਕਰਨ ਵਾਲੇ, ਸੌ ਭਰਾ ਸਨ ਉਸਦੇ।

*ਬਾਰਹ ਜੋਜਨ ਛਤ੍ਰੁ ਚਲੈ ਥਾ*
*ਦੇਹੀ ਗਿਰਝਨ ਖਾਈ ॥* *ਅੰਗ - 693*

ਰੁਲਦੀਆਂ ਫਿਰਦੀਆਂ ਹਨ ਦੇਹਾਂ, ਕੋਈ ਸਸਕਾਰ ਕਰਨ ਵਾਲਾ ਨਾ ਰਿਹਾ। ਜਿਹਨਾਂ ਦੇ ਉਤੇ ਵੱਡੇ ਵੱਡੇ ਛਤ੍ਰ ਝੂਲਦੇ ਸਨ, ਉਹ ਵੀ ਨਾ ਰਹੇ।

*ਧਾਰਨਾ - ਕੈਰੋਂ ਕਰਤੇ ਮੇਰੀ ਜੀ ਮੇਰੀ -2, 2.*
*ਮੇਰੀ ਜੀ ਮੇਰੀ ਕੈਰੋਂ ਕਰਤੇ -2, 4.*
*ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ॥*
*ਅੰਗ - 693*

ਕ੍ਰਿਸ਼ਨ ਮਹਾਰਾਜ ਦੋਹਾਂ ਦੇ ਰਿਸ਼ਤੇਦਾਰ ਸਨ। ਉਹਨਾਂ ਦੇ ਮਨ ਵਿਚ ਬੜੀ ਭਾਰੀ ਆਸਾ ਸੀ ਕਿ ਇਹਨਾਂ ਭਰਾਵਾਂ ਵਿਚ ਜੋ ਆਖਰੀ ਜੰਗ ਹੈ, ਕਿਸੇ ਤਰ੍ਹਾਂ ਨਾਲ ਨਾ ਹੋਣ ਦਿੱਤਾ ਜਾਵੇ। ਸੋ ਆਪਨੇ ਬਹੁਤ ਯਤਨ ਕੀਤੇ। ਇਕ ਵਾਰੀ ਆਪ ਦੁਆਰਕਾ ਤੋਂ ਆਏ ਤੇ ਆ ਕੇ ਬਿਦਰ ਦੇ ਘਰ ਠਹਿਰੇ ਤੇ ਕੌਰਵਾਂ ਨੂੰ ਬੇਨਤੀ ਕੀਤੀ ਕਿ ਜੇਕਰ ਤੁਸੀਂ ਪਾਂਡਵਾਂ ਨੂੰ ਅੱਧਾ ਰਾਜ ਨਹੀਂ ਦੇ ਸਕਦੇ ਤਾਂ ਪੰਜ ਪਿੰਡ ਦੇ ਦਿਉ। ਇਕ ਇਕ ਪਿੰਡ ਲੈ ਕੇ ਆਪਣੀ ਜਿੰਦਗੀ ਤਾਂ ਗੁਜ਼ਾਰ ਲੈਣਗੇ। ਦਰਯੋਧਨ ਕਹਿਣ ਲੱਗਾ ਦੇਖੋ ਕ੍ਰਿਸ਼ਨ! ਤੂੰ ਆਇਆ ਹੈ ਠੀਕ ਹੈ, ਪਰ ਤੂੰ ਗਲਤ ਮੰਗ ਲੈ ਕੇ ਆਇਆ ਹੈਂ। ਮੇਰੇ ਹੱਥ ਵਿਚ ਸੂਈ ਹੈ, ਤੇ ਇਸਦਾ ਨੱਕਾ ਦੇਖ। ਸੂਈ ਦੇ ਨੱਕੇ ਨੂੰ ਧਰਤੀ ਤੇ ਮਾਰਿਆ। ਕਹਿੰਦਾ ਜਿੰਨੀ ਜ਼ਮੀਨ ਇਸ ਸੂਈ ਦੇ ਨੱਕੇ ਨੇ ਮੱਲੀ ਹੈ, ਮੈਂ ਐਨੀ ਜ਼ਮੀਨ ਵੀ ਦੇਣ ਨੂੰ ਤਿਆਰ ਨਹੀਂ। ਪਿਛੋਂ ਮਹਾਂ ਭਾਰਤ ਦਾ ਕਿੱਡਾ ਵੱਡਾ ਯੁੱਧ ਹੋਇਆ, ਵਿਨਾਸ਼

ਹੋਇਆ। ਹਿੰਦੁਸਤਾਨ ਦਾ ਪੰਤਾਲੀ ਲੱਖ ਬੰਦਾ ਮਾਰਿਆ, ਅਠਾਰਾਂ ਦਿਨਾਂ ਦੇ ਅੰਦਰ। ਸਾਰੇ ਬਹਾਦਰ ਖਤਮ ਹੋ ਗਏ ਜਦ ਤੋਂ ਪੰਜ ਹਜ਼ਾਰ ਸਾਲ ਤੋਂ ਪਤਨ ਹੋਇਆ ਹੋਇਆ ਹੈ। ਕਿੰਨੇ ਵਸ ਲਗ ਗਏ ਕਿੰਨੀ ਗੁਲਾਮੀ ਸਹਿਣ ਕੀਤੀ, ਅੱਠ ਸੌ ਸਾਲ ਕਿੰਨੀ ਬੁਰੀ ਹਾਲਤ ਰਹੀ ਗੁਲਾਮੀ ਕਰਕੇ ਭਾਰਤਵਰਸ਼ ਦੀ, ਮਹਾਂਭਾਰਤ ਦੀ ਲੜਾਈ ਕਰਕੇ ਕਿੰਨਾ ਬੁਰਾ ਹਾਲ ਹੋਇਆ।

***ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ॥***
***ਬਾਰਹ ਜੋਜਨ ਛਤ੍ਰੁ ਚਲੈ ਥਾ***
***ਦੇਹੀ ਗਿਰਝਨ ਖਾਈ॥*** ***ਅੰਗ - 693***

ਕੋਈ ਰਿਹਾ ਉਹਨਾਂ ਦਾ ਸਸਕਾਰ ਕਰਨ ਵਾਲਾ? ਮੈਦਾਨੇ ਜੰਗ ਵਿਚ ਲਾਸ਼ਾਂ ਰੁਲਦੀਆਂ ਫਿਰਦੀਆਂ ਸਨ, ਪੰਤਾਲੀ ਲਖ ਦਾ ਕੌਣ ਸਸਕਾਰ ਕਰ ਦੇਵੇਗਾ?

***ਸਰਬ ਸੋੁਇਨ ਕੀ ਲੰਕਾ ਹੋਤੀ***
***ਰਾਵਨ ਸੇ ਅਧਿਕਾਈ॥***
***ਕਹਾ ਭਇਓ ਦਰਿ ਬਾਂਧੇ ਹਾਥੀ***
***ਖਿਨ ਮਹਿ ਭਈ ਪਰਾਈ॥*** ***ਅੰਗ - 693***

***ਇਕੁ ਲਖੁ ਪੂਤ ਸਵਾ ਲਖੁ ਨਾਤੀ॥***
***ਤਿਹ ਰਾਵਨ ਘਰ ਦੀਆ ਨ ਬਾਤੀ॥***
***ਅੰਗ - 481***

ਉਹਦੇ ਨਾ ਕੋਈ ਦੀਵਾ ਜਲਦਾ ਹੈ ਨਾ ਬੱਤੀ ਜਲਦੀ ਹੈ, ਪਤਾ ਹੀ ਨਹੀਂ ਲੰਕਾ ਕਿਧਰ ਚਲੀ ਗਈ।

***ਧਾਰਨਾ - ਜਿਹਦੇ ਦਰ ਤੇ ਝੂਲ ਦੇ ਹਾਥੀ,***
***ਲਦ ਗਏ ਨੇ ਰੌਣ ਵਰਗੇ -2, 2.***
***ਸਰਬ ਸੋੁਇਨ ਕੀ ਲੰਕਾ ਹੋਤੀ***
***ਰਾਵਨ ਸੇ ਅਧਿਕਾਈ॥***
***ਕਹਾ ਭਇਓ ਦਰਿ ਬਾਂਧੇ ਹਾਥੀ***
***ਖਿਨ ਮਹਿ ਭਈ ਪਰਾਈ॥*** ***ਅੰਗ - 693***

ਮਾਣ ਹੈ ਕਿਸੇ ਜਾਇਦਾਦ ਦਾ, ਐਸੀ ਗਲ ਨਹੀਂ ਕਰਨੀ ਚਾਹੀਦੀ। ਇਸ ਸਰੀਰ ਦੇ ਅੰਦਰ ਪਰਮੇਸ਼ਰ ਵਸਦਾ ਹੈ, ਇਸ ਦੀ ਖੋਜ ਕਰਨੀ ਹੈ, ਕਦੀ ਅਭਿਮਾਨ ਦੀ ਗਲ ਨਹੀਂ ਕਰਨੀ। ਰਾਜਾ ਨਾਮਦੇਵ ਜੀ ਨੂੰ ਕਹਿਣ ਲਗਾ ਵਾਹ ਭਗਤ ਜੀ ਵਾਹ। ਤੁਹਾਨੂੰ ਤਾਂ ਇਹਨਾਂ ਗੱਲਾਂ ਦਾ ਬੜਾ ਪਤਾ ਹੈ? ਤਾਹੀਓਂ ਹੀ ਤੁਹਾਡੇ ਮਗਰ ਦੁਨੀਆਂ ਲਗਦੀ ਹੈ। ਰਾਜਾ ਵਿਅੰਗ ਭਾਵਨਾ ਵਿਚ ਗਲ ਕਰ ਰਿਹਾ ਹੈ, ਟਿਚਰ ਕਰਦਾ ਹੈ। ਉਸ ਵੇਲੇ ਨਾਮਦੇਵ ਜੀ ਕਹਿਣ ਲੱਗੇ ਰਾਜਨ! ਸੰਤ ਤਾਂ ਦੂਸਰੇ ਦੇ ਭਲੇ ਵਾਸਤੇ ਗਲ ਕਹਿੰਦੇ ਹਨ। ਉਹਨਾਂ ਦੀ ਗੱਲ ਤੇ ਟਿਚਰ ਤੇ ਮਸ਼ਕਰੀ ਨਹੀਂ ਕਰਨੀ ਚਾਹੀਦੀ। ਮਸ਼ਕਰੀ ਠੀਕ ਨਹੀਂ ਹੁੰਦੀ। ਦੇਖ ਕ੍ਰਿਸ਼ਨ ਮਹਾਰਾਜ ਦੀ ਔਲਾਦ ਨੇ ਦੁਆਪਰ ਜੁਗ ਦੇ ਅੰਦਰ ਸਾਂਗ

ਰਚਿਆ। ਪੇਟ ਤੇ ਕੱਪੜੇ ਬੰਨ ਕੇ ਵਿਚ ਬਾਟੀ ਰਖ ਲਈ ਤੇ ਲੜਕੀਆਂ ਦੇ ਕੱਪੜੇ ਪੰਜਾ ਛੇਆਂ ਨੇ ਪਾ ਲਏ। ਕਈ ਮੁੰਡੇ ਨਾਲ ਤਿਆਰ ਹੋ ਗਏ ਤੇ ਜਿਥੇ ਸੰਤ ਮਹਾਤਮਾ ਬੈਠੇ ਸਨ ਤੇ ਇਕ ਇਕ ਸੰਤ ਨੂੰ ਜਾ ਕੇ ਪੁਛਦੇ ਹਨ ਕਿ ਬਾਬਾ ਜੀ ਇਸ ਬੀਬੀ ਦੇ ਲੜਕਾ ਹੋਏਗਾ ਜਾਂ ਲੜਕੀ ਹੋਏਗੀ? ਸੰਤ ਚੁਪ ਕਰ ਰਹਿਣ। ਜਾਂਦੇ ਜਾਂਦੇ ਦੁਰਬਾਸੇ ਰਿਸ਼ੀ ਨੂੰ ਛੇੜ ਬੈਠੇ ਤੇ ਜਦੋਂ ਦੁਰਬਾਸੇ ਨੂੰ ਕਹਿਣ ਲੱਗੇ, ਇਸ ਬੀਬੀ ਦੇ ਕੀ ਹੋਏਗਾ? ਰਿਸ਼ੀ ਨੇ ਕਿਹਾ ਦਸਾਂ? ਦੂਜੀ ਵਾਰੀ ਗਰਜ਼ ਕੇ ਬੋਲੇ, ਤੀਜੀ ਵਾਰੀ ਪੂਰੇ ਜੋਰ ਨਾਲ ਬੋਲੇ, ਬੱਚੇ ਅਜੇ ਵੀ ਪੁਛਣੋ ਨਾ ਹਟੇ। ਜੇਕਰ ਮਾਫੀ ਮੰਗ ਲੈਂਦੇ ਤਾਂ ਵੀ ਬਚ ਜਾਂਦੇ। ਕਹਿੰਦੇ –

***ਦੁਰਬਾਸਾ ਸਿਉ ਕਰਤ ਠਗਉਰੀ***
***ਜਾਦਵ ਏ ਫਲ ਪਾਏ॥*** ***ਅੰਗ – 693***

ਫੇਰ ਫਲ ਕੀ ਮਿਲਿਆ ਰਿਸ਼ੀ ਨੇ ਕਿਹਾ, ਇਹਦੇ ਪੇਟ ਵਿਚੋਂ ਉਹ ਪੈਦਾ ਹੋਏਗਾ ਜਿਹੜਾ ਤੁਹਾਡੀ ਕੁਲ ਦਾ ਨਾਸ਼ ਕਰੇਗਾ।

***ਸੰਤਨ ਸੇਤੀ ਮਸਕਰੀ ਇਹ ਡੁਬਣ ਕੀ ਰੀਤ॥***

ਸੰਤਾਂ ਨਾਲ ਮਸ਼ਕਰੀਆਂ ਕਰਕੇ ਤਾਂ ਡੁਬਣਾ ਹੀ ਹੈ। ਸੋ ਇਹ ਠੀਕ ਨਹੀਂ ਹੋਇਆ ਕਰਦਾ ਰਾਜਨ। ਫਿਰ ਰੋਂਦੇ ਹੋਏ ਕ੍ਰਿਸ਼ਨ ਮਹਾਰਾਜ ਕੋਲ ਆ ਗਏ ਤੇ ਕਹਿਣ ਲੱਗੇ ਦੁਰਬਾਸਾ ਰਿਸ਼ੀ ਨੇ ਤਾਂ ਸਾਨੂੰ ਸਰਾਪ ਦੇ ਦਿੱਤਾ। ਨਾਲੇ ਕਹਿ ਦਿੱਤਾ ਕਿ ਤੁਹਾਡੀ ਕੁਲ ਦਾ ਨਾਸ਼ ਹੋਵੇਗਾ। ਨਾਲੇ ਜਦੋਂ ਪੇਟ ਤੋਂ ਕੱਪੜੇ ਉਤਾਰੇ ਬਾਟੀ ਦੀ ਜਗਾਹ ਤੇ ਅੰਦਰੋਂ ਮੂਸਲ ਨਿਕਲਿਆ ਹੈ। ਸੋ ਪਿਤਾ ਜੀ ਤੁਸੀਂ ਕੁਝ ਕਰੋ। ਆਪ ਤਾਂ ਕਲਜੁਗ ਦੇ ਸੋਲਾਂ ਕਲਾਂ ਸੰਪੂਰਨ ਅਵਤਾਰ ਹੋ। ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਮੇਰਾ ਤਾਂ ਆਦਿ ਜੁਗਾਦਿ ਤੋਂ ਨੇਮ ਹੈ ਮੈਂ ਆਪਣੇ ਭਗਤਾਂ ਦੀ ਗੱਲ ਕਹੀ ਹੋਈ ਕਦੀ ਨਹੀਂ ਹਟਾ ਸਕਦਾ।

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ॥*** ***ਅੰਗ – 748***

ਭਗਤ ਮੇਰੀ ਕੀਤੀ ਨੂੰ ਬਦਲ ਸਕਦੇ ਹਨ।

***ਮੇਰੀ ਬਾਂਧੀ ਭਗਤੁ ਛਡਾਵੈ***
***ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ॥*** ***ਅੰਗ–1253***

ਸੋ ਹੁਣ ਤਾਂ ਭਾਣਾ ਇਸ ਤਰ੍ਹਾਂ ਹੀ ਵਰਤੇਗਾ, ਬਚਿਆਂ ਨੇ ਕਿਹਾ ਮਹਾਰਾਜ! ਤੁਸੀਂ ਕੁਝ ਕਿਰਪਾ ਕਰੋ, ਕੁਝ ਯਤਨ ਕਰੋ। ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਜਾਉ ਇਸ ਮੂਸਲ ਨੂੰ ਰਗੜ ਲਓ। ਸੋ ਰਗੜ ਰਗੜਕੇ ਜਦੋਂ ਛੋਟਾ ਜਿਹਾ ਟੁਕੜਾ ਰਹਿ ਗਿਆ ਤਾਂ ਪਾਣੀ ਵਿਚ ਸੁਟ ਦਿੱਤਾ। ਉਥੇ ਇਕ ਮੱਛੀ ਨੇ ਇਹ ਟੁਕੜਾ ਨਿਗਲ ਲਿਆ। ਉਸ ਨੂੰ ਇਕ ਬਧਕ ਨੇ ਫੜ ਲਿਆ ਤੇ ਇਕ ਤੀਰ ਦੇ ਅਗੇ ਲਾ ਲਿਆ ਉਹ ਟੁਕੜਾ।

ਕ੍ਰਿਸ਼ਨ ਮਹਾਰਾਜ ਨੇ ਬਚਿਆਂ ਨੂੰ ਕਿਹਾ ਕਿ ਤੁਸੀਂ ਬਹੁਤ ਉਪਦਰਵ ਕਰਨ ਲਗ ਗਏ ਹੋ ਤੇ ਪ੍ਰਭਾਵਸ਼ੇਤਰ ਤੇ ਜਾਕੇ ਪ੍ਰਾਸ਼ਚਿਤ ਕਰਮ ਕਰੋ। ਕਹਿੰਦੇ ਦੁਆਰਕਾ ਵਿਚ ਭੁਚਾਲ ਆਉਣ ਲਗ ਪਏ ਤੇ ਅੱਗਾਂ ਲੱਗਣ ਲਗ ਪਈਆਂ ਹਨ। ਧਰਤੀ ਡਾਵਾਂ ਡੋਲ ਹੋ ਰਹੀ ਹੈ ਸਮੁੰਦਰ ਦਾ ਪਾਣੀ ਵੀ ਚੜ੍ਹ ਗਿਆ ਹੈ। ਕ੍ਰਿਸ਼ਨ ਮਹਾਰਾਜ ਤੋਂ ਪੰਦਰਾਂ ਸੌ ਸਾਲ ਬਾਅਦ ਦੁਆਰਕਾ ਡੁਬ ਗਈ ਸੀ। ਹੁਣ ਦੇਖਦੇ ਹਨ ਕਿ ਕਈ ਸੈਂਕੜੇ ਫੁਟ ਹੇਠਾਂ ਚਲੀ ਗਈ ਹੈ। ਜਦੋਂ ਉਹ ਪ੍ਰਾਸ਼ਚਿਤ ਕਰਨ ਗਏ ਤੇ ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਦੇਖਿਓ ਕਿ ਕਿਧਰੇ ਸ਼ਰਾਬ ਨਾ ਪੀ ਲੈਣਾ। ਕਹਿਣਾ ਨਾ ਮੰਨਿਆ, ਪ੍ਰਾਸ਼ਚਿਤ ਕਰਨ ਗਏ, ਸ਼ਰਾਬ ਪੀ ਕੇ ਸਾਰੇ ਆਪਸ ਵਿਚ ਲੜ ਪਏ ਤੇ ਸਾਰੇ ਮਰ ਗਏ। ਇਕ ਨਾ ਬਚਿਆ। ਮਹਾਂਪੁਰਸ਼ਾਂ ਦਾ ਬਚਨ ਸੀ, ਕ੍ਰਿਸ਼ਨ ਮਹਾਰਾਜ ਜੀ ਇਕੱਲੇ ਰਹਿ ਗਏ। ਜੰਗਲ ਵਿਚ ਚਲੇ ਗਏ। ਗੋਡੇ ਦੇ ਉਪਰ ਦੂਸਰਾ ਚਰਣ ਰੱਖ ਲਿਆ ਉਹਦੇ ਵਿਚ ਸੀ ਪਦਮ। ਦੋ ਤਰ੍ਹਾਂ ਦਾ ਪਦਮ ਹੁੰਦਾ ਹੈ ਇਕ ਤਾਂ ਸਚਮੁਚ ਹੀ ਹਿਰਣ ਦੀ ਅੱਖ ਵਰਗਾ ਹੁੰਦਾ ਹੈ, ਚਮਕਦਾ ਹੈ। ਦੂਜੀ ਰੇਖਾ ਹੁੰਦੀ ਹੈ ਅੱਖ ਵਰਗੀ ਸ਼ਕਲ ਦੀ ਹੁੰਦੀ ਹੈ। ਜੋ ਕਿ ਸਾਧੂ ਸੰਤਾਂ ਦੇ ਚਰਣਾਂ ਵਿਚ ਹੁੰਦੀ ਹੈ। ਜਦੋਂ ਕ੍ਰਿਸ਼ਨ ਮਹਾਰਾਜ ਜੰਗਲ ਵਿਚ ਪਏ ਸਨ ਇਕ ਸ਼ਿਕਾਰੀ ਬਧਕ ਭਾਲਦਾ ਭਾਲਦਾ ਆ ਗਿਆ। ਉਸਨੇ ਦੂਰੋਂ ਦੇਖਿਆ ਕਿ ਮ੍ਰਿਗ ਬੈਠਾ ਹੈ, ਦੂਰੋਂ ਜੋਰ ਦੀ ਬਾਣ ਮਾਰਿਆ ਜੋ ਕਿ ਕ੍ਰਿਸ਼ਨ ਮਹਾਰਾਜ ਦੇ ਜਾਕੇ ਲਗਾ। ਜਦੋਂ ਦੌੜਕੇ ਗਿਆ, ਜੋ ਪਦਮ ਚਮਕ ਰਿਹਾ ਸੀ, ਜਾ ਕੇ ਦੇਖਿਆ, ਕ੍ਰਿਸ਼ਨ ਮਹਾਰਾਜ ਘਾਇਲ ਹੋਏ ਪਏ ਹਨ। ਉਥੇ ਬੈਠਕੇ ਬਹੁਤ ਰੋਇਆ।

*ਧਾਰਨਾ – ਮ੍ਰਿਗ ਜਾਣਕੇ ਬਾਣ ਮੈਂ ਮਾਰਿਆ,*
*ਭੁਲ ਮੇਰੀ ਬਖਸ਼ੀ ਮਾਲਕਾ –2, 2.*
*ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੈ ਪੈਰ ਪਸਾਰੇ।*
*ਚਰਣ ਕਮਲ ਵਿਚਿ ਪਦਮੁ ਹੈ*
*ਝਿਲਮਿਲ ਝਲਕੈ ਵਾਂਗੀ ਤਾਰੇ।*
*ਬਧਿਕੁ ਆਇਆ ਭਾਲਦਾ*
*ਮਿਰਗੈ ਜਾਣਿ ਬਾਣੁ ਲੈ ਮਾਰੇ।*
*ਦਰਸਣ ਡਿਠੋਸੁ ਜਾਇਕੈ*
*ਕਰਣ ਪਲਾਵ ਕਰੇ ਪੂਕਾਰੇ।*

*ਭਾਈ ਗੁਰਦਾਸ ਜੀ ਦੀ 10/23*

ਰੋ ਰੋ ਕੇ ਪੁਕਾਰਾਂ ਕਰਦਾ ਹੈ ਕਿ ਮੇਰੇ ਤੋਂ ਬਹੁਤ ਵੱਡੀ ਭੁਲ ਹੋ ਗਈ। ਕ੍ਰਿਸ਼ਨ ਮਹਾਰਾਜ ਨੇ ਕਿਹਾ ਬਧਿਕ ਮੇਰੇ ਨੇੜੇ ਆ ਜਾ। ਨੇੜੇ ਆ ਕੇ ਰੋਂਦਾ ਹੈ। ਕ੍ਰਿਸ਼ਨ ਮਹਾਰਾਜ ਨੇ ਬੁਕਲ ਵਿਚ ਲੈ ਲਿਆ। ਕਹਿਣ ਲੱਗੇ ਤੂੰ ਕਿਉਂ ਰੋਂਦਾ ਹੈ? ਪਿਆਰ ਕਰਨ ਲਗ ਪਏ।

*ਗਲਿ ਵਿਚਿ ਲੀਤਾ ਕ੍ਰਿਸ਼ਨ ਜੀ*
*ਅਵਗੁਣੁ ਕੀਤਾ ਹਰਿ ਨ ਚਿਤਾਰੇ।* *ਭਾਈ ਗੁਰਦਾਸ ਜੀ ਦੀ 10/23*

ਚਿਤਾਰ ਨਹੀਂ ਰਹੇ ਕਿ ਉਸਨੇ ਬਾਣ ਮਾਰਿਆ ਹੈ ਸਗੋਂ ਉਸ ਨੂੰ ਪਿਆਰ

ਕਰ ਰਹੇ ਹਨ। ਕਹਿੰਦੇ ਕਿਉਂ ਰੋਈ ਜਾਂਦਾ ਹੈ –

***ਕਰਿ ਕਿਰਪਾ ਸੰਤੋਖਿਆ***
***ਪਤਿਤ ਉਧਾਰਣੁ ਬਿਰਦੁ ਬੀਚਾਰੇ।*** ***ਭਾਈ ਗੁਰਦਾਸ ਜੀ ਦੀ 10/23***

ਮਹਾਂ ਪਤਿਤਾਂ ਦਾ ਉਧਾਰ ਕਰਨਾ ਵੀ ਬਿਰਦ ਹੋਇਆ ਕਰਦਾ ਹੈ। ਇਹ ਵੀਚਾਰ ਕੇ ਕ੍ਰਿਸ਼ਨ ਮਹਾਰਾਜ ਨੇ ਬਧਿਕ ਨੂੰ ਕਿਹਾ ਤੂੰ ਰੋ ਨਾ ਪਹਿਲਾਂ ਸਾਡਾ ਬਚਨ ਸੁਣ ਲੈ। ਅਸੀਂ ਤੇਰਾ ਕਰਜਾ ਮੋੜਨਾ ਸੀ।

ਤ੍ਰੇਤੇ ਜੁਗ ਦੇ ਅੰਦਰ ਜਦੋਂ ਅਸੀਂ ਰਾਮਾ ਅਵਤਾਰ ਸੀ ਉਸ ਵੇਲੇ ਤੂੰ ਬਾਲੀ ਸੀ। ਅਸੀਂ ਤੈਨੂੰ ਛੁਪਕੇ ਮਾਰਿਆ ਸੀ। ਤੂੰ ਇਹ ਗੱਲ ਕਹੀ ਸੀ ਤੁਸੀਂ ਛੁਪਕੇ ਮਾਰਨ ਦੀ ਅਨੀਤੀ ਕੀਤੀ ਹੈ ਤਾਂ ਅਸੀਂ ਤੈਨੂੰ ਕਿਹਾ ਸੀ ਕਿ ਅਸੀਂ ਇਸਦਾ ਬਦਲਾ ਦੇਵਾਂਗੇ। ਸੋ ਉਸ ਕਰਕੇ ਤੂੰ ਆ ਗਿਆ ਨਾਲੇ ਦੂਜਾ ਹੈ, ਰਿਸ਼ੀ ਦਾ ਬਚਨ ਦੁਰਬਾਸ਼ਾ ਰਿਸ਼ੀ ਦਾ। ਤੇਰੇ ਤੀਰ ਦੇ ਅਗੇ ਉਹੀ ਮੁਖੀ ਲਗੀ ਹੋਈ ਹੈ ਜਿਸਨੇ ਸਾਡੇ ਕੁਲ ਦਾ ਨਾਸ਼ ਕਰਨਾ ਸੀ। ਸੋ ਇਸ ਕਰਕੇ ਤੂੰ ਅਫਸੋਸ ਨਾ ਕਰ–

***ਕਰਿ ਕਿਰਪਾ ਸੰਤੋਖਿਆ***
***ਪਤਿਤ ਉਦਾਰਣੁ ਬਿਰਦੁ ਬੀਚਾਰੇ॥***
***ਭਲੇ ਭਲੇ ਕਰਿ ਮੰਨੀਅਨਿ***
***ਬੁਰਿਆਂ ਦੇ ਹਰਿ ਕਾਜ ਸਵਾਰੇ।***
***ਭਾਈ ਗੁਰਦਾਸ ਜੀ ਦੀ 10/23***

ਭਲਿਆਂ ਦੇ ਤਾਂ ਸਭ ਕਰਦੇ ਹਨ, ਬੁਰਿਆਂ ਨੂੰ ਵੀ ਬਖਸ਼ਣ ਵਾਲਾ ਪਰਮੇਸ਼ਰ ਹੋਇਆ ਕਰਦਾ ਹੈ।

***ਪਾਪ ਕਰੇਂਦੇ ਪਤਿਤ ਉਧਾਰੇ॥***
***ਭਾਈ ਗੁਰਦਾਸ ਜੀ ਦੀ 10/23***

ਕਹਿਣ ਲੱਗੇ ਰਾਜਨ!

***ਦੁਰਬਾਸਾ ਸਿਉ ਕਰਤ ਠਗਉਰੀ***
***ਜਾਦਵ ਏ ਫਲ ਪਾਏ॥*** ***ਅੰਗ – 693***

ਕਿਹੋ ਜਿਹਾ ਫਲ ਮਿਲਿਆ ਕਿ ਸਾਰੀ ਕੁਲ ਦਾ ਨਾਸ਼ ਹੋ ਗਿਆ। ਸੰਤਾਂ ਨਾਲ ਕਦੀ ਮਸ਼ਕਰੀ ਨਹੀਂ ਕਰੀਦੀ।

***ਸੰਤਨ ਸੇਤੀ ਮਸ਼ਕਰੀ ਏਹ ਡੂਬਣ ਕੀ ਰੀਤ॥***

ਸੋ ਤੂੰ ਵੀ ਪਰਮੇਸ਼ਰ ਦਾ ਭਜਨ ਕਰਿਆ ਕਰ। ਕਹਿੰਦਾ ਜੇ ਕਰਾਊਗਾ ਤਾਂ ਕਰਾਂਗੇ। ਨਾਮਦੇਵ ਜੀ ਨੇ ਕਿਹਾ ਰਾਜਨ! ਫੇਰ ਤੂੰ ਇਹ ਤੇ ਨਹੀਂ ਕਹਿੰਦਾ ਜੇ ਪਰਮੇਸ਼ਰ ਮੂੰਹ ਵਿਚ ਗਰਾਈ ਪਾਏਗਾ ਤਾਂ ਖਾਵਾਂਗਾ। ਜੇਕਰ ਨਵਾਏਗਾ ਤਾਂ ਨਾਵਾਂਗੇ। ਜੇਕਰ ਉਪਰ ਕੱਪੜਾ ਪਾਏਗਾ ਤਾਂ ਲਵਾਂਗੇ। ਸਾਰੇ ਕੰਮ ਤੂੰ ਕਰਦਾ ਹੈ ਪਿਆਰਿਆ। ਪਰਮੇਸ਼ਰ ਦਾ ਨਾਮ ਜਪਣ ਵਾਸਤੇ ਵੀ ਤੈਨੂੰ ਉਦਮ ਕਰਨਾ ਪੈਣਾ ਹੈ ਪਿਆਰਿਆ ਕਿਉਂਕਿ ਉਦਮ ਹਮੇਸ਼ਾ ਹੀ ਪਰਮਾਰਥ ਵਿਚ

ਹੋਇਆ ਕਰਦਾ ਹੈ। ਆਲਸ ਵਿਚ ਤਾਂ ਨਿਸ਼ਫਲ ਹੋਇਆ ਕਰਦਾ ਹੈ। ਪਰਮੇਸ਼ਰ ਕੋਲੋਂ ਪ੍ਰਾਲਬਧ ਆਪੇ ਹੀ ਕਰਵਾ ਲੈਂਦੀ ਹੈ।

*ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥*
*ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥*

*ਅੰਗ - 653*

ਪ੍ਰਾਲਬਧ ਕਿਸੇ ਨੂੰ ਚੁਕ ਕੇ ਮਾਰਦੀ ਹੈ ਅਸਟ੍ਰੇਲੀਆ, ਕਿਸੇ ਨੂੰ ਅਫਰੀਕਾ, ਕਿਸੇ ਨੂੰ ਅਮਰੀਕਾ ਤੇ ਕਿਸੇ ਨੂੰ ਕੈਨੇਡਾ, ਕਿਸੇ ਨੂੰ ਅਰਬ ਦੇਸ਼ਾਂ ਵਿਚ ਭੇਜ ਦਿੱਤਾ। ਇਹ ਤਾਂ ਪ੍ਰਾਲਬਧ ਹੈ, ਉਦਮ ਤਾਂ ਕਰਨਾ ਹੈ ਨਾਮ ਜੱਪਣ ਵਾਸਤੇ ਬੰਦਗੀ ਕਰਨ ਵਾਸਤੇ।

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*

*ਅੰਗ - 305*

ਸੋ ਇਹ ਤਾਂ ਆਪੇ ਹੀ ਕਰਨਾ ਪੈਣਾ ਹੈ।

*ਕ੍ਰਿਪਾ ਕਰੀ ਜਨ ਅਪੁਨੇ ਊਪਰ*
*ਨਾਮਦੇਉ ਹਰਿ ਗੁਨ ਗਾਏ॥* *ਅੰਗ - 693*

ਸੋ ਆਪਣੇ ਉਪਰ ਆਪ ਕ੍ਰਿਪਾ ਕਰਨੀ ਹੈ।

ਸੋ ਜੋ ਹੰਕਾਰੀ ਪੁਰਸ਼ ਹੋਇਆ ਕਰਦਾ ਹੈ, ਉਹ ਪਰਮੇਸ਼ਰ ਨੂੰ ਭੁਲਦਾ ਹੈ ਤੇ ਆਪਣੇ ਸਰੀਰ ਕੋਲੋਂ ਸਹੀ ਸਹੀ ਮਤਲਬ ਨਹੀਂ ਲੈਂਦਾ। ਸੋ ਪਰਮੇਸ਼ਰ ਨੂੰ ਪਛਾਨਣਾ ਜ਼ਰੂਰੀ ਹੈ, ਜਦੋਂ ਅਸੀਂ ਪਰਮੇਸ਼ਰ ਨੂੰ ਪਛਾਣ ਲਿਆ ਉਦੋਂ ਸਾਡਾ ਸੰਸਾ ਉਤਰ ਜਾਏਗਾ।

*ਧਾਰਨਾ - ਪਿਆਰੇ ਜਬ ਤੇ ਦਰਸਨ ਪਾਇਆ,*
*ਸੰਸਾ ਉਤਰ ਗਿਆ -2, 2.*

ਜਦੋਂ ਅਗਿਆਨ, ਅਵਿਦਿਆ, ਭਰਮ ਹਉਮੈ ਦੂਰ ਹੋ ਗਈ, ਉਸ ਵੇਲੇ ਕੀ ਦੇਖਿਆ ਕਿ ਸਾਰੇ ਪਾਸੇ ਪਰਮੇਸ਼ਰ ਹੀ ਪਰਮੇਸ਼ਰ ਹੈ। ਹੋਰ ਦੂਜਾ ਕੋਈ ਨਹੀਂ। ਮਹਾਂਪੁਰਸ਼ਾਂ ਨੇ ਕ੍ਰਿਪਾ ਕਰ ਦਿੱਤੀ ਤੇ ਉਸਨੂੰ ਪਰਮਾਰਥ ਦੀ ਸੋਝੀ ਦਿੱਤੀ। ਉਸਨੂੰ ਦੇਹ ਅਭਿਮਾਨ, ਦੇਹ ਅਧਿਆਸ ਕਰਕੇ ਸੰਸਾ ਪਿਆ ਹੋਇਆ ਸੀ। ਨਾਮਦੇਵ ਜੀ ਨੇ ਰਾਜੇ ਨੂੰ ਮਿੱਠੇ ਬਚਨਾਂ ਨਾਲ ਗਿਆਨ ਦੇ ਦਿੱਤਾ।

ਸੋ ਸਾਧ ਸੰਗਤ ਜੀ! ਇਹ ਸਾਰਾ ਕੁਝ ਪੜ੍ਹ ਕੇ ਸੁਣਕੇ ਸਾਨੂੰ ਵੀ ਫਿਕਰ ਕਰਨਾ ਚਾਹੀਦਾ ਹੈ ਕਿ ਅਸੀਂ ਕਿਥੇ ਕੁ ਖੜੇ ਹਾਂ? ਉਪਰੋਂ ਬੰਦਾ ਕਿੰਨਾ ਕੁ ਬਣ ਬਣ ਕੇ ਦਿਖਾਵੇ, ਪਰ ਅੰਦਰੋਂ ਉਸਨੂੰ ਪਤਾ ਹੁੰਦਾ ਹੈ ਕਿ ਮੈਨੂੰ ਅਜੇ ਕਿੰਨੀ ਤਰੱਕੀ ਕਰਨ ਦੀ ਲੋੜ ਹੈ। ਕਿਉਂਕਿ ਮਾਨਸ ਜਨਮ ਬੜੇ ਭਾਗਾਂ ਨਾਲ ਮਿਲਦਾ ਹੈ। ਸੋ ਕਿਉਂ ਨਾ ਇਸ ਜਨਮ ਦਾ ਲਾਹਾ ਖਟ ਲਈਏ ਅਤੇ ਜੋ ਸੰਸਾ

ਪਿਆ ਹੋਇਆ ਹੈ, ਮਹਾਂਪੁਰਸ਼ਾਂ ਦੀ ਸੰਗਤ ਕਰਕੇ ਗੁਰਬਾਣੀ ਤੇ ਪੂਰਾ ਭਰੋਸਾ ਲਿਆ ਕੇ ਅਸੀਂ ਵੀ ਪਾਰ ਲੰਘ ਜਾਈਏ।

ਗੁਰਸਤੋਤਰ

ਅਰਦਾਸ

# ਗੁਰੁ ਅਰਜੁਨੁ ਪਰਤਖ ਹਰਿ

ਗੁਰੂ ਨਾਨਕ ਪਾਤਸ਼ਾਹ ਜੀ ਦੀ ਬਾਬਰ ਨਾਲ ਐਮਨਾਬਾਦ ਵਿਚ ਪਹਿਲੀ ਭੇਂਟ ਹੋਈ, ਜਿਥੇ ਬਾਬਰ ਨੇ ਸਾਰੇ ਬੰਦਿਆਂ ਨੂੰ ਫੜ ਕੇ ਵਗਾਰ ਵਿਚ ਲਾਇਆ ਹੋਇਆ ਸੀ। ਇਕ ਭਿਆਨਕ ਕਤਲੇਆਮ, ਜੁੱਧ ਦੀ ਭਿਆਨਕਤਾ ਕਰਕੇ, ਭਾਰਤ ਵਾਸੀਆਂ ਦੇ ਮਨਾਂ ਉਤੇ ਇਕ ਤਰ੍ਹਾਂ ਮੁਰਦਿਆਨ ਛਾਈ ਹੋਈ ਸੀ, ਉਹ ਇਸ ਕਹਿਰ ਨੂੰ ਅੱਖੀਂ ਦੇਖ ਕੇ ਕੰਬ ਰਹੇ ਸਨ ਅਤੇ ਅਬੋਲ ਹੋਏ, ਬੇ-ਹਿਸ ਹੋਈਆਂ ਮੂਰਤਾਂ ਹੀ ਬਣੇ ਹੋਏ ਸਨ -

***ਕਾਇਆ ਕਪੜੁ ਟੁਕੁ ਟੁਕੁ ਹੋਸੀ...॥***

***ਅੰਗ - 723***

ਮੈਦਾਨੇ ਜੰਗ ਦਾ ਦ੍ਰਿਸ਼ ਅਤਿ ਦੀ ਭਿਆਨਕਤਾ ਪ੍ਰਗਟ ਕਰ ਰਿਹਾ ਸੀ, ਔਰਤਾਂ ਘਰਾਂ ਵਿਚੋਂ ਧਰੂ ਕੇ ਬਾਹਰ ਕੱਢੀਆਂ ਜਾ ਰਹੀਆਂ ਸਨ, ਸਤਿ ਤੋੜੇ ਜਾ ਰਹੇ ਸਨ ਅਤੇ ਇਨਸਾਨੀਅਤ ਦੀ ਅਤਿ ਭਿਆਨਕ ਘਿਨੌਣੀ ਤਸਵੀਰ ਦ੍ਰਿਸ਼ ਵਿਚ ਪਸਰੀ ਮਾਲੂਮ ਦੇ ਰਹੀ ਸੀ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਬਾਬਰ ਵਲ ਸਨਮੁਖ ਹੋ ਕੇ ਫੁਰਮਾ ਰਹੇ ਸਨ -

***ਏਤੀ ਮਾਰ ਪਈ ਕਰਲਾਣੇ***
***ਤੈਂ ਕੀ ਦਰਦੁ ਨ ਆਇਆ॥*** ***ਅੰਗ - 360***

ਅਤੇ ਤਾੜਨਾ ਕਰ ਰਹੇ ਸਨ ਕਿ ਇਸ ਮਹਾਨ ਜ਼ੁਲਮ ਦਾ, ਅਤਿਆਚਾਰ ਦਾ ਬਦਲਾ ਤੂੰ ਦੇਣਾ ਹੈ ਕਿਉਂਕਿ ਜਦੋਂ ਦੋਹਾਂ ਫੌਜਾਂ ਦੀ ਲੜਾਈ ਹੋ ਰਹੀ ਸੀ, ਸਾਡੇ ਮਨ ਵਿਚ ਕੋਈ ਰੋਸ ਨਹੀਂ ਸੀ। ਐ ਬਾਬਰ! ਜਦੋਂ ਇਕ ਫੌਜ ਹਾਰ ਜਾਂਦੀ ਹੈ ਤਾਂ ਜੇਤੂ ਰਾਜੇ ਦਾ ਰਾਜ ਉਸੇ ਹੀ ਸਮੇਂ ਤੋਂ ਸ਼ੁਰੂ ਹੋ ਜਾਂਦਾ ਹੈ। ਤੈਂ ਆਪਣੀ ਹੋ ਚੁੱਕੀ ਪਰਜਾ ਦੇ ਉਤੇ ਅਤਿਆਚਾਰ ਕੀਤੇ ਅਤੇ ਤੂੰ ਸਕਤੇ ਸੀਂਹ ਦਾ ਰੂਪ ਧਾਰ ਕੇ, ਵੱਗਾਂ ਦੇ ਬਾੜੇ ਵਿਚ ਦਾਖਲ ਹੋ ਕੇ, ਨਿਹੱਥੀ ਗਊ ਰੂਪ ਜਨਤਾ ਨੂੰ ਲਹੂ ਲੁਹਾਨ ਕਰ ਦਿਤਾ। ਤੂੰ ਇਸ ਨਿਤਾਣੀ ਜਨਤਾ ਦਾ ਰਾਜਾ ਬਣ ਚੁਕਿਆ ਹੈਂ, ਦਰਗਾਹ ਵਿਚ ਪੁੱਛ ਤੇਰੇ ਤੋਂ ਹੀ ਕੀਤੀ ਜਾਣੀ ਹੈ -

***ਜੇ ਸਕਤਾ ਸਕਤੇ ਕਉ ਮਾਰੇ***
***ਤਾ ਮਨਿ ਰੋਸੁ ਨ ਹੋਈ॥***
***ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥***

***ਅੰਗ - 360***

ਤੈਨੂੰ ਕੋਈ ਦਰਦ ਨਹੀਂ ਆ ਰਿਹਾ - ਇਨ੍ਹਾਂ ਦੁਖੀ ਜੀਵਾਂ ਦੀ ਚੀਕ ਪੁਕਾਰ ਤੇ? ਤੈਂ ਸੁਖੀ ਵਸਦਿਆਂ ਨੂੰ ਮਿੱਟੀ ਵਿਚ ਰੋਲ ਦਿਤਾ, ਹਾਸਿਆਂ ਨੂੰ ਲੰਮੇ ਰੋਣਿਆਂ ਵਿਚ ਬਦਲ ਦਿਤਾ। ਤੂੰ ਗੁਨਹਗਾਰ ਹੈਂ। ਇਸ ਸ੍ਰਿਸ਼ਟੀ ਦਾ ਮਾਲਕ ਵਾਹਿਗੁਰੂ ਜੀ ਹੈ। ਤੇਰੇ ਜ਼ਿੰਮੇ ਰਾਜ ਕਰਨ ਤੇ ਇਨਸਾਫ ਕਰਨ ਦਾ ਕੰਮ ਸੌਂਪਣਾ ਕਰਕੇ ਤੇਰੀ ਜਿੱਤ ਅੱਲਾ ਨੇ ਕਰਾਈ। ਉਹ ਸਾਰਿਆਂ ਦਾ ਹੀ ਹੈ; ਉਹ ਹਿੰਦੂਆਂ ਦਾ ਵੀ ਹੈ, ਮੁਸਲਮਾਨਾਂ ਦਾ ਵੀ ਹੈ, ਚੰਗਿਆਂ ਦਾ ਵੀ ਓਹੀ ਹੈ, ਮਾੜਿਆਂ ਦਾ ਵੀ ਓਹੀ ਹੈ -

***ਕਰਤਾ ਤੂੰ ਸਭਨਾ ਕਾ ਸੋਈ॥ ਅੰਗ - 360***

ਉਸ ਕਰਤਾ ਪੁਰਖ ਨੇ ਤੈਥੋਂ ਜਵਾਬ ਤਲਬੀ ਦਰਗਾਹ ਵਿਚ ਕਰਨੀ ਹੈ ਅਤੇ ਇਸ ਗੁਨਾਹੇ ਅਜ਼ੀਮ ਦਾ ਫਲ, ਤੈਨੂੰ ਦੋਜ਼ਕਾਂ ਵਿਚ ਸੁੱਟ ਕੇ ਦਿਤਾ ਜਾਵੇਗਾ।

ਇਸ ਰੋਹ ਭਰੀ ਗਰਜ ਨੂੰ ਸੁਣ ਕੇ ਬਾਬਰ ਕੰਬ ਗਿਆ, ਫਜ਼ਲ! ਫਜ਼ਲ! ਦੀ ਮੰਗ ਕੀਤੀ, ਚਰਨਾਂ ਤੇ ਸਿਜਦਾ ਕਰਕੇ ਗਿੜ-ਗਿੜਾਇਆ। ਦਰਵੇਸ਼ ਨਾਨਕ ਜੀ ਦਾ ਜਲਾਲ ਝਲਿਆ ਨਾ ਗਿਆ, ਧੁਰ ਅੰਦਰੋਂ ਕੰਬ ਗਿਆ। ਬੇਨਤੀ ਕਰੀ, "ਹੇ ਦਰਵੇਸ਼ ਸਾਂਈ! ਮੇਰੇ ਤੇ ਰਹਿਮ ਕਰੋ, ਮੇਰੀਆਂ ਅੱਖਾਂ ਨੂੰ ਉਹ ਦੋਜ਼ਕ ਦਿਸ ਰਿਹਾ ਹੈ ਜਿਥੇ ਮੈਥੋਂ ਜਵਾਬ ਤਲਬੀ ਕੀਤੀ ਜਾਵੇਗੀ। ਉਹ ਅੱਗ ਨਾਲ ਸੜਿਆ ਦੋਜਕ ਮੇਰੇ ਸਨਮੁਖ ਹੈ, ਮੈਨੂੰ ਬਖਸ਼ ਦਿਓ। ਸਚਮੁੱਚ ਮੈਂ ਮਾੜਾ ਕੀਤਾ। ਜਦੋਂ ਲੋਧੀ ਫੌਜ ਹਾਰ ਗਈ ਸੀ ਤਾਂ ਉਸੇ ਸਮੇਂ ਤੋਂ ਮੇਰਾ ਰਾਜ ਸ਼ੁਰੂ ਹੋ ਜਾਂਦਾ ਹੈ ਪਰ ਮੈਂ ਮਨ ਦੇ ਹਨ੍ਹੇਰੇ ਵਿਚ ਰੁੜ੍ਹਿਆ ਆਪਣੇ ਫਰਜ਼ ਦੀ ਪਛਾਣ ਨਾ ਕਰ ਸਕਿਆ ਅਤੇ ਕਤਲੇਆਮ ਦਾ ਹੁਕਮ ਦੇ ਦਿਤਾ। ਹੇ ਦਰਵੇਸ਼ ਸਾਂਈ! ਤੂੰ ਮੇਰੀਆਂ ਅੱਖਾਂ ਖੋਲ੍ਹ ਦਿਤੀਆਂ। ਮੈਂ ਤੇਰੀ ਸ਼ਰਨ ਹਾਂ, ਮੈਨੂੰ ਹੁਕਮ ਦੇਹ, ਤਾਂ ਕਿ ਮੈਂ ਸਿਰ ਨਿਵਾ ਕੇ ਉਸਦੀ ਪਾਲਣਾ ਕਰਾਂ।" ਹੁਕਮ ਹੋਇਆ ਕਿ ਸਾਰੇ ਕੈਦੀ ਛੱਡ ਦੇ, ਸਭਨਾਂ ਦਾ ਸਮਾਨ ਵਾਪਸ ਕਰ, ਜਿਨ੍ਹਾਂ ਦੇ ਘਰ ਜਲ ਗਏ ਉਨ੍ਹਾਂ ਦੇ ਵਸੇਬੇ ਲਈ ਘਰ ਦੇਹ, ਜਿਨ੍ਹਾਂ ਦਾ ਸਮਾਨ ਲੁੱਟ ਲਿਆ ਹੈ ਉਨ੍ਹਾਂ ਦਾ ਸਮਾਨ ਵਾਪਸ ਕਰਕੇ ਉਨ੍ਹਾਂ ਦੀਆਂ ਖੁਸ਼ੀਆਂ ਲੈ। ਆਪਣੇ ਗੁਨਾਹਾਂ ਤੋਂ ਤੋਬਾ ਕਰ। ਪਬਲਿਕ ਨੇ ਤੇਰਾ ਕੀ ਵਿਗਾੜਿਆ ਸੀ ਕਿ ਉਨ੍ਹਾਂ ਨਿਹੱਥਿਆਂ ਨੂੰ ਬਿਨਾਂ ਕਿਸੇ ਗੁਨਾਹ ਦੇ ਘੋਰ ਸਜ਼ਾ ਦਿਤੀ। ਫੌਰਨ ਹੁਕਮ ਦੀ ਤਾਮੀਲ ਹੋ ਗਈ। ਲੋਕ ਬੰਧਨਾਂ ਤੋਂ ਛੁੱਟ ਕੇ ਆਪਣੇ-ਆਪਣੇ ਘਰਾਂ ਨੂੰ ਜਾ ਰਹੇ ਸਨ। ਫੌਜੀਆਂ ਤੋਂ ਲੁੱਟ ਦਾ ਸਮਾਨ ਵਾਪਸ ਲਿਆ ਜਾ ਰਿਹਾ ਸੀ ਅਤੇ ਵਿਖਾ-ਵਿਖਾ ਕੇ ਜਿਨ੍ਹਾਂ ਦਾ ਸਮਾਨ ਲੁਟਿਆ ਸੀ, ਉਨ੍ਹਾਂ ਦਾ ਵਾਪਸ ਕੀਤਾ ਜਾ ਰਿਹਾ ਸੀ। ਜਨਤਾ ਦੀ ਖੁਸ਼ੀ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਮਹਿਸੂਸ ਕਰਕੇ ਬਾਬਰ ਨੂੰ ਰਾਜ ਦੀ ਬਖਸ਼ਿਸ਼ ਕਰ ਦਿਤੀ ਪਰ ਦੋ ਰਾਜ ਕਰ ਦਿਤੇ- ਦੁਨਿਆਵੀ ਰਾਜ ਬਾਬਰ ਕਾ, ਰੂਹਾਨੀ ਰਾਜ ਬਾਬੇ ਕਾ।

***ਬਾਬੇ ਕੇ ਬਾਬਰ ਕੇ ਦੋਊ॥***

ਬਾਬਰ ਨੇ ਗੁਰੂ ਨਾਨਕ ਪਾਤਸ਼ਾਹ ਤੋਂ ਭੁੱਲ ਬਖਸ਼ਾਈ। ਗੁਰੂ ਘਰ ਨਾਲ ਪੂਰੀ ਤਰ੍ਹਾਂ ਨਾਲ ਮੇਲ ਰੱਖਦਾ ਰਿਹਾ। ਪੁੱਤਰ ਹਮਾਯੂੰ ਹਾਰ ਖਾ ਕੇ ਗੁਰੂ ਅੰਗਦ ਪਾਤਸ਼ਾਹ ਜੀ ਦੇ ਪਾਸ ਪੁੱਜਦਾ ਹੈ। ਗੁਰੂ-ਹਜ਼ੂਰੀ ਵਿਚ ਖੜ੍ਹਾ ਹੁੰਦਾ ਹੈ ਪਰ ਉਹ ਬੇਪਰਵਾਹ ਗੁਰੂ ਅੰਗਦ ਦੇਵ ਜੀ, ਆਪਣੀ ਮੌਜ ਵਿਚ ਲੀਨ ਹਨ। ਇਹ ਸਾਮ੍ਹਣੇ ਖੜ੍ਹਾ ਬਖਸ਼ਿਸ਼ ਦੀ ਮੰਗ ਕਰ ਰਿਹਾ ਹੈ ਪਰ ਇਸ ਹਾਰੇ ਹੋਏ ਰਾਜੇ ਦੇ ਮਨ ਵਿਚ ਬੜਾ ਅਭਿਮਾਨ ਹੈ। ਗੁਰੂ ਮਹਾਰਾਜ ਜੀ ਉਪਰ ਸ਼ਸਤਰ ਚੁੱਕਿਆ। ਮਹਾਰਾਜ ਜੀ ਨੇ ਫੁਰਮਾਇਆ, "ਤੇਰੀ ਬਹਾਦਰੀ ਸ਼ੇਰ ਸ਼ਾਹ ਸੂਰੀ ਦੇ ਸਾਮ੍ਹਣੇ ਕਿਥੇ ਗਈ ਹੋਈ ਸੀ?" ਸ਼ਰਮਿੰਦਾ ਹੋ ਕੇ ਆਪਣੀ ਗਲਤੀ ਦੀ ਤਲਾਫੀ ਲਈ ਬੇਨਤੀ ਕੀਤੀ ਅਤੇ ਆਪਣੇ ਗਏ ਹੋਏ ਰਾਜ ਦੀ ਮੰਗ ਕਰੀ। ਗੁਰੂ ਮਿਹਰ ਦੇ

ਘਰ ਆਏ, ਰਾਜ ਦੀ ਬਖਸ਼ਿਸ਼ ਕਰ ਦਿਤੀ।

14 ਸਾਲ ਪਿਛੋਂ ਹਮਾਯੂੰ ਫੇਰ ਭਾਰਤ ਵਰਸ਼ ਦਾ ਰਾਜਾ ਬਣ ਗਿਆ। ਇਸ ਦੇ ਪਿਛੋਂ ਇਸ ਦਾ ਪੁੱਤਰ ਅਕਬਰ ਇਕ ਬਹੁਤ ਹੀ ਵਚਿੱਤਰ ਸਖਸ਼ੀਅਤ ਦਾ ਮਾਲਕ ਸੀ। ਭਾਵੇਂ ਇਕ ਅੱਖਰ ਵੀ ਨਹੀਂ ਸੀ ਪੜ੍ਹਿਆ ਹੋਇਆ ਪਰ ਉਸਦੇ ਅੰਦਰਲੇ ਦਿੱਬ ਨੈਣ ਪ੍ਰਕਾਸ਼ਿਤ ਸਨ। ਉਸ ਦੇ ਰਾਜ ਵਿਚ ਸੀਂਹ ਤੇ ਬੱਕਰੀ ਇਕੋ ਘਾਟ ਤੇ ਪਾਣੀ ਪੀਂਦੇ ਸਨ। ਗੁਰੂ ਅਮਰਦਾਸ ਜੀ ਦੀ ਚਰਨ-ਸ਼ਰਨ ਆ ਕੇ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ, ਖੁਸ਼ੀਆਂ ਲਈਆਂ। ਇਸ ਬਾਦਸ਼ਾਹ ਦੇ ਰਾਜ ਕਾਲ ਵਿਚ ਭਾਰਤ ਨੇ ਬਹੁਤ ਸੁਖ ਵੇਖਿਆ। ਇਸ ਦੇ ਪਿਛੋਂ ਇਸ ਦਾ ਪੁੱਤਰ ਜਹਾਂਗੀਰ ਰਾਜਗੱਦੀ ਦੇ ਉਤੇ ਬੈਠਾ। ਉਸ ਸਮੇਂ ਗੁਰੂ ਅਰਜਨ ਪਾਤਸ਼ਾਹ, ਪੰਜਵੇਂ ਗੁਰੂ ਨਾਨਕ ਸੰਸਾਰ ਦੇ ਅਗਿਆਨ ਦੇ ਛਉੜ ਕੱਟ ਰਹੇ ਸਨ। ਪੰਜਾਬ ਅਤੇ ਸਾਰਾ ਭਾਰਤ ਵਰਸ਼ ਆਪ ਦੇ ਚਰਨਾਂ ਵਿਚ ਪੁੱਜ ਕੇ ਅਧਿਆਤਮ ਮਾਰਗ ਦੀ ਸੋਝੀ ਪ੍ਰਾਪਤ ਕਰ ਰਿਹਾ ਸੀ। ਆਪ ਜੀ ਬਾਣੀ ਦੇ ਬੋਹਿਥ ਸਨ। ਆਪ ਜੀ ਨਿਰੇ ਨੂਰ ਦਾ ਮਹਾਨ ਸੂਰਜ ਸਨ, ਜਿਨ੍ਹਾਂ ਦੇ ਉਪਦੇਸ਼ ਤੋਂ ਹਿੰਦੂ ਤੇ ਮੁਸਲਮਾਨ ਇਕੋ ਤਰ੍ਹਾਂ ਨਾਲ ਪ੍ਰਭਾਵਿਤ ਹੋ ਰਹੇ ਸਨ; ਇਹ ਤਸਵੀਰ ਦਾ ਇਕ ਰੁਖ ਹੈ। ਦੂਜੇ ਪਾਸੇ ਕੱਟੜ ਮੁੱਲਾਂ-ਮੁਲਾਣੇ ਇਸਲਾਮੀ ਰਾਜ ਦਾ ਸੁਪਨਾ ਲੈ ਰਹੇ ਸਨ ਪਰ ਅਕਬਰ ਦੇ ਰਾਜ ਵਿਚ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਜਿਉਂ ਹੀ ਅਕਬਰ ਦੀ ਮੌਤ ਹੋਈ ਤਾਂ ਇਕ ਦਮ ਕੱਟੜ ਪਾਰਟੀਆਂ ਉਭਰ ਕੇ ਰੰਗ ਮੰਚ ਤੇ ਆ ਗਈਆਂ, ਜਿਨ੍ਹਾਂ ਵਿਚ ਉਚ ਜਾਤੀਏ, ਦੋਹਾਂ ਧਰਮਾਂ ਦੇ ਬੰਦੇ, ਹਿੰਦੂ ਤੇ ਮੁਸਲਿਮ, ਕੁਲ ਅਭਿਮਾਨੀ ਬੀਰਬਲ ਵਰਗੇ ਜੋ ਧਰਮ ਨੂੰ ਦੁਕਾਨ ਸਮਝ ਕੇ ਸੌਦੇ ਵਿਹਾਜਦੇ ਸਨ, ਇਨ੍ਹਾਂ ਦੇ ਅੰਦਰ ਈਰਖਾ ਦੀ ਅੱਗ ਭੜਕ ਉਠੀ। ਅਖਾਉਤੀ ਅਚਾਰੀਏ ਤੇ ਮਾਨਮਤੀਏ ਜੋ ਲੋਕਾਂ ਦੇ ਪਾਰ-ਉਤਾਰੇ ਦੇ ਠੇਕੇਦਾਰ ਬਣੇ ਹੋਏ ਸਨ, ਲੋਕਾਂ ਨੂੰ ਬੁੱਧੂ ਬਣਾ ਕੇ ਧਨ ਬਟੋਰ ਰਹੇ ਸਨ, ਇਨ੍ਹਾਂ ਨੂੰ ਗੁਰੂ ਸਾਹਿਬ ਦੀ ਮਹਾਨ ਅਨੰਦ ਦਿੰਦੀ ਸੀਤਲ ਅਤੇ ਲੋਕ ਪ੍ਰਿਅ ਸਖਸ਼ੀਅਤ, ਬਿਲਕੁਲ ਨਹੀਂ ਭਾ ਰਹੀ ਸੀ। ਗੁਰੂ ਗ੍ਰੰਥ ਸਾਹਿਬ ਜੀ ਦੇ ਉਲਟ ਸ਼ਕਾਇਤਾਂ ਕੀਤੀਆਂ ਗਈਆਂ ਕਿ ਇਸ ਵਿਚ ਪੀਰਾਂ-ਪੈਗੰਬਰਾਂ, ਵੇਦਾਂ, ਸ਼ਾਸ਼ਤਰਾਂ, ਕੁਰਾਨ ਸ਼ਰੀਫ ਦੀ ਨਿੰਦਿਆ ਕੀਤੀ ਗਈ ਹੈ। ਬਾਦਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਸੁਣ ਕੇ ਸੋਨੇ ਦੀਆਂ ਮੋਹਰਾਂ ਭੇਟ ਕੀਤੀਆਂ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਸਰੋਪੇ ਭੇਜੇ ਤੇ ਸ਼ਿਕਾਇਤੀਆਂ ਨੂੰ ਮੂੰਹ ਦੀ ਖਾਣੀ ਪਈ ਪਰ ਜਹਾਂਗੀਰ ਦੇ ਰਾਜ ਵਿਚ ਹਾਲਾਤ ਹੋਰਵੇਂ ਸਨ। ਉਸ ਨੇ ਭਾਵੇਂ ਇਹ ਕਿਹਾ ਸੀ ਕਿ ਉਹ ਇਨਸਾਫ ਕਰਨ ਵੇਲੇ ਆਪਣੀ ਪ੍ਰਮ ਸਨੇਹਵਾਨ ਬੇਗਮ ਨੂਰਜਹਾਂ ਨੂੰ ਵੀ ਸਜ਼ਾ ਦੇ ਸਕਦਾ ਹੈ ਪਰ ਦੂਜੇ ਪਾਸੇ ਉਸ ਦੇ ਮਨ ਵਿਚ ਗੁਰੂ ਘਰ ਲਈ ਵਿਰੋਧ ਦਿਨੋਂ-ਦਿਨ ਵਧ ਰਿਹਾ ਸੀ ਕਿਉਂਕਿ ਇਹ ਚੁਗਲਖੋਰ, ਜਿਨ੍ਹਾਂ ਵਿਚ ਪ੍ਰਿਥੀਆ, ਚੰਦੂ ਸ਼ਾਹ ਅਤੇ ਹੋਰ ਪੰਡਤ ਵਗੈਰਾ ਸਨ, ਇਹ ਸਾਰੇ, ਸ਼ੇਖ ਮੁਜਦੱਦ ਅਲਫਸਾਨੀ ਅਤੇ ਸ਼ੇਖ ਫਰੀਦ ਬੁਖਾਰੀ ਨਾਲ ਮਿਲ ਕੇ ਗੁਰੂ ਘਰ ਦੇ ਖਿਲਾਫ ਖੜਯੰਤਰ ਰਚ ਰਹੇ ਸਨ। ਇਨ੍ਹਾਂ ਨੇ ਜਹਾਂਗੀਰ ਦੇ ਮਨ ਵਿਚ ਗੁਰੂ ਘਰ ਦੇ ਖਿਲਾਫ ਏਤਨੀਆਂ ਝੂਠੀਆਂ ਤੁਹਮਤਾਂ ਲਾਈਆਂ ਕਿ ਉਹ ਪੂਰੀ ਤਰ੍ਹਾਂ ਦੇ ਨਾਲ ਬਿਨਾਂ ਸੋਚੇ ਸਮਝੇ ਗੁਰੂ ਘਰ ਦੇ ਖਿਲਾਫ ਹੋ ਕੇ ਇਸ ਲਹਿਰ ਨੂੰ, ਇਸ ਸੀਤਲ ਸੋਮੇ ਨੂੰ ਪੂਰੀ ਤਰ੍ਹਾਂ

ਨਾਲ ਬੰਦ ਕਰਨ ਉਤੇ ਤੁਲਿਆ ਹੋਇਆ ਸੀ। ਉਸ ਦੇ ਮਨ ਵਿਚ ਇਤਨੀ ਘਿਨੌਣੀ ਘਿਰਨਾ ਭਰ ਦਿਤੀ ਗਈ ਸੀ ਕਿ ਉਹ ਛੋਟੇ-ਛੋਟੇ ਬਹਾਨਿਆਂ ਦੇ ਸਹਾਰੇ ਵੱਡੇ ਤੋਂ ਵੱਡਾ ਨੁਕਸਾਨ ਕਰ ਦੇਵੇ। ਸ਼ੇਖ ਮੁਜਦੱਦ ਅਲਫਸਾਨੀ ਪੂਰੀ ਤਰ੍ਹਾਂ ਇਹ ਸਮਝਦਾ ਸੀ ਕਿ ਇਸਲਾਮੀ ਰਾਜ ਲਿਆਉਣ ਵਿਚ ਜੇ ਕੋਈ ਵੱਡੀ ਰੁਕਾਵਟ ਹੈ ਤਾਂ ਉਹ ਗੁਰੂ ਅਰਜਨ ਪਾਤਸ਼ਾਹ ਜੀ ਦੀ ਸਤਿ ਦੀ ਆਵਾਜ਼ ਹੈ ਜੋ ਹਿੰਦੂ, ਮੁਸਲਮਾਨ ਨੂੰ ਇਕੋ ਪਲੇਟਫਾਰਮ ਤੇ ਜੋੜੀ ਬੈਠੀ ਸੀ। ਸੋ ਉਹ ਜਹਾਂਗੀਰ ਨੂੰ ਭੜਕਾਉਣਾ ਚਾਹੁੰਦਾ ਸੀ। ਜਦੋਂ ਖੁਸਰੋ ਨੇ ਬਗਾਵਤ ਕੀਤੀ, ਉਹ ਹਾਰ ਖਾ ਕੇ ਬਿਆਸ ਦਰਿਆ ਪਾਰ ਕਰਕੇ ਗੁਰੂ ਅਰਜਨ ਪਾਤਸ਼ਾਹ ਦੇ ਪਾਸ ਤਰਨ ਤਾਰਨ ਸਾਹਿਬ ਪਹੁੰਚਦਾ ਹੈ ਅਤੇ ਗੁਰੂ ਕੇ ਲੰਗਰ ਦੀ ਪ੍ਰਥਾ ਦੇ ਮੁਤਾਬਿਕ ਇਨ੍ਹਾਂ ਭੁੱਖੀਆਂ ਫੌਜਾਂ ਨੂੰ ਲੰਗਰ ਵਿਚ ਪ੍ਰਸ਼ਾਦਾ ਛਕਾਇਆ ਗਿਆ, ਜੋ ਬਗੈਰ ਵਿਤਕਰੇ ਤੋਂ ਦਿਤਾ ਜਾਂਦਾ ਹੈ। ਇਹ ਘਟਨਾ ਬਹੁਤ ਮਹੱਤਵ ਪੂਰਨ ਸੀ ਜਿਸ ਨੂੰ ਗਲਤ ਭਾਵਨਾ ਨਾਲ ਦਰਸਾ ਕੇ ਜਹਾਂਗੀਰ ਨੂੰ ਪੂਰੀ ਤਰ੍ਹਾਂ ਨਾਲ ਕਹਿਰਵਾਨ ਕੀਤਾ ਜਾ ਸਕਦਾ ਹੈ। ਸ਼ਹਿਜ਼ਾਦਾ ਖੁਸਰੋ ਫੜਿਆ ਗਿਆ, ਸਾਥੀਆਂ ਨੂੰ ਸਜ਼ਾਵਾਂ ਦਿਤੀਆਂ ਗਈਆਂ; ਮਦਦ ਦੇਣ ਵਾਲਿਆਂ ਨੂੰ ਇਨਾਮ ਦਿਤੇ ਗਏ ਪਰ ਇਨ੍ਹਾਂ ਵਿਰੋਧੀਆਂ ਦੇ ਮਨ ਨੂੰ ਕਦ ਚੈਨ ਆਉਂਦੀ ਸੀ, ਉਨ੍ਹਾਂ ਨੇ ਜਹਾਂਗੀਰ ਨੂੰ ਗੁਰੂ ਅਰਜਨ ਪਾਤਸ਼ਾਹ ਜੀ ਦੇ ਖਿਲਾਫ ਬਹੁਤ ਹੀ ਭੜਕਾਇਆ। ਗੁਰੂ ਮਹਾਰਾਜ ਜੀ ਨੂੰ ਲਾਹੌਰ ਬੁਲਾਇਆ ਗਿਆ, ਬਿਨਾਂ ਕਿਸੇ ਪੁੱਛ-ਤਾਛ ਕਰਨ ਦੇ, ਯਾਸਾ ਦੀ ਸਜ਼ਾ ਦੇ ਹੁਕਮ ਜਾਰੀ ਕਰ ਦਿਤੇ। ਇਹ ਸਜ਼ਾ ਦਰਵੇਸ਼ਾਂ ਤੇ ਸਾਧੂਆਂ ਨੂੰ ਇਸ ਲਈ ਦਿਤੀ ਜਾਂਦੀ ਹੈ ਕਿ ਜੇ ਉਨ੍ਹਾਂ ਦਾ ਖੂਨ ਧਰਤੀ ਉਤੇ ਡੁੱਲ੍ਹ ਜਾਵੇ ਤਾਂ ਉਨ੍ਹਾਂ ਦੀ ਰੂਹ ਬਾਦਸ਼ਾਹ ਨੂੰ ਸੌਣ ਨਹੀਂ ਦਿੰਦੀ ਅਤੇ ਡਰ ਪੈਦਾ ਕਰਦੀ ਰਹਿੰਦੀ ਹੈ।

ਅਸਾਡੇ ਇਤਿਹਾਸਕਾਰ ਬਹੁਤ ਕਿਸਮ ਦੇ ਕਾਰਨ ਲਿਖਦੇ ਹਨ ਜਿਨ੍ਹਾਂ ਵਿਚੋਂ ਚੰਦੂ ਦੀ ਲੜਕੀ ਦਾ ਰਿਸ਼ਤਾ ਜੋ ਗੁਰੂ ਹਰਿਗੋਬਿੰਦ ਪਾਤਸ਼ਾਹ ਲਈ ਭੇਜਿਆ ਗਿਆ ਸੀ, ਉਸ ਨੂੰ ਨਾ-ਪ੍ਰਵਾਨ ਕਰਨਾ ਵੱਡਾ ਕਾਰਨ ਦਸਦੇ ਹਨ। ਇਹ ਠੀਕ ਹੈ ਕਿਉਂਕਿ ਚੰਦੂ, ਗੁਰੂ ਮਹਾਰਾਜ ਜੀ ਦੇ ਇਸੇ ਗੱਲੋਂ ਖਿਲਾਫ ਹੋਇਆ। ਆਪਣੇ ਅਭਿਮਾਨ ਵਿਚ ਆਪਣੀ ਕੀਤੀ ਹੋਈ ਗੁਸਤਾਖੀ ਨੂੰ ਵਿਚਾਰ ਨਹੀਂ ਰਿਹਾ ਸੀ। ਉਸਨੇ ਕਿਹਾ ਸੀ ਕਿ ਮੈਂ ਉਚੀ ਜਾਤੀ ਦਾ ਖਤਰੀ ਵੱਡੇ ਅਹੁਦੇ ਉਤੇ ਲੱਗਿਆ ਹੋਇਆ, ਬਹੁਤ ਇਜ਼ਤ ਵਾਲਾ ਬੰਦਾ; ਤੇ ਗੁਰੂ ਅਰਜਨ ਇਕ ਦਰਵੇਸ਼, ਜਿਨ੍ਹਾਂ ਦੇ ਕੋਲ ਕੋਈ ਜਗੀਰ ਨਹੀਂ, ਕੋਈ ਸਰਕਾਰੀ ਅਹੁਦਾ ਨਹੀਂ; ਰਿਸ਼ਤਾ ਕਰਕੇ ਆਉਣ ਵਾਲਿਆਂ ਪਰੋਹਤਾਂ ਨੂੰ ਸੰਬੋਧਨ ਕਰ ਕੇ ਕਿਹਾ ਕਿ ਤੁਸੀਂ ਬਹੁਤ ਘਟੀਆ ਕੰਮ ਕਰਿਆ ਕਿ ਚੁਬਾਰੇ ਦੀ ਇੱਟ ਗੰਦੇ ਪਾਣੀ ਨਿਕਲਣ ਵਾਲੀ ਨਾਲੀ ਵਿਚ ਲਾ ਦਿਤੀ ਹੈ। ਉਸ ਦੇ ਮਨ ਵਿਚ ਗੁਰੂ ਘਰ ਲਈ ਹੱਦ ਦਰਜੇ ਦੀ ਹਿਕਾਰਤ ਸੀ। ਇਹ ਇਕ ਕਾਰਨ ਤਾਂ ਹੋ ਸਕਦਾ ਹੈ ਪਰ ਸਾਰੇ ਕਾਰਨ ਨਹੀਂ ਹਨ। ਇਸ ਦੇ ਨਾਲ ਬਹੁਤ ਸਾਰੇ ਰਾਜਸੀ ਕਾਰਨ ਸਨ। ਅਕਬਰ ਗੁਰੂ ਘਰ ਦਾ ਹੱਦੋਂ ਵੱਧ ਸ਼ਰਧਾਲੂ ਸੀ। ਉਸ ਦੇ ਬਹੁਤ ਸਾਰੇ ਉਚ ਪਦਵੀਆਂ ਦੇ ਅਧਿਕਾਰੀ ਹਿੰਦੂ-ਮੁਸਲਮਾਨ, ਗੁਰੂ ਘਰ ਦੇ ਸ਼ਰਧਾਲੂ ਸਨ, ਖਾਸ ਕਰਕੇ ਲਾਹੌਰ ਦਾ ਸੂਬੇਦਾਰ ਵਜ਼ੀਰ ਖਾਨ ਅਤੇ ਉਚ ਕੋਟੀ ਦੇ ਫਨਾਹ-ਫਿਲਾਹ ਹਾਲਤ ਦੇ ਦਰਜੇ ਵਾਲੇ ਫਕੀਰ ਮੀਆਂ-ਮੀਰ, ਜਿਨ੍ਹਾਂ ਦਾ ਰਸੂਖ ਹਿੰਦੂ-

ਮੁਸਲਮਾਨਾਂ ਦੋਹਾਂ ਵਿਚ ਸੀ, ਉਹ ਵੀ ਗੁਰੂ ਮਹਾਰਾਜ ਜੀ ਉਪਰ ਪੂਰੀ ਅਕੀਦਤ ਰਖਦੇ ਸਨ।

ਗੁਰੂ ਮਹਾਰਾਜ ਜੀ ਨੇ, ਲਾਹੌਰ ਵਿਚ ਜਦੋਂ ਮਹਾਂ ਮਰੀ ਫੈਲੀ, ਉਸ ਵੇਲੇ ਬਗੈਰ ਵਿਤਕਰੇ ਦੇ ਮੁਰਦਿਆਂ ਨੂੰ ਦਫਨਾਇਆ ਤੇ ਸਸਕਾਰਿਆ, ਸਾਰਾ ਕੰਮ ਗੁਰੂ ਮਹਾਰਾਜ ਦੀ ਹਾਜ਼ਰੀ ਵਿਚ ਹੋਇਆ। ਲੋੜਵੰਦਾਂ ਦੀ ਵਸਤਰ, ਅਨਾਜ ਨਾਲ ਮਦਦ ਕੀਤੀ ਗਈ। ਉਹ ਸਾਰੇ ਗੁਰੂ ਮਹਾਰਾਜ ਉਪਰ ਕੁਰਬਾਨ ਹੋ ਰਹੇ ਸਨ। ਇਸ ਤੋਂ ਇਲਾਵਾ ਪੰਜਾਬ ਦਾ ਕਿਸਾਨ ਵਰਗ ਗੁਰੂ ਮਹਾਰਾਜ ਨੂੰ ਆਪਣਾ ਮਸੀਹਾ ਸਮਝਦਾ ਸੀ ਕਿਉਂਕਿ ਕਾਲ ਪੈਣ ਵੇਲੇ ਜਦੋਂ ਮਾਮਲਾ ਦੇਣ ਵਾਸਤੇ ਉਨ੍ਹਾਂ ਕੋਲ ਕੁਝ ਵੀ ਨਹੀਂ ਸੀ ਤਾਂ ਗੁਰੂ ਮਹਾਰਾਜ ਨੇ ਅਕਬਰ ਨੂੰ ਕਹਿ ਕੇ ਇਨ੍ਹਾਂ ਕਿਸਾਨਾਂ ਦੀ ਪੂਰੀ ਮਦਦ ਕੀਤੀ ਸੀ ਤੇ ਮਾਲੀਆ ਮਾਫ ਕਰਾ ਦਿਤਾ ਸੀ। ਇਸ ਤਰ੍ਹਾਂ ਗੁਰੂ ਮਹਾਰਾਜ ਜੀ ਦਾ ਪ੍ਰਭਾਵ ਪੰਜਾਬ ਅਤੇ ਭਾਰਤ ਵਰਸ਼ ਵਿਚ ਬਹੁਤ ਜ਼ਿਆਦਾ ਸੀ। ਜਹਾਂਗੀਰ ਇਨ੍ਹਾਂ ਗੱਲਾਂ ਨੂੰ ਅੱਛੀ ਤਰ੍ਹਾਂ ਜਾਣਦਾ ਸੀ ਅਤੇ ਛੇਤੀਂ-ਛੇਤੀਂ ਗੁਰੂ ਘਰ ਨਾਲ ਵਿਗਾੜ ਨਹੀਂ ਪਾਉਣਾ ਚਾਹੁੰਦਾ ਸੀ ਪਰ ਖੁਸਰੋ ਦੀ ਬਗਾਵਤ ਵੇਲੇ ਉਸਦੀਆਂ ਦਿਤੀਆਂ ਹੋਈਆਂ ਦਹਿਸ਼ਤ ਪਾਉਣ ਵਾਲੀਆਂ ਸਜ਼ਾਵਾਂ ਨੇ ਜਨਤਾ ਨੂੰ ਕੰਮਪਾਇਮਾਨ ਕਰ ਦਿਤਾ ਸੀ। ਸੋ ਇਹ ਮੌਕਾ ਅਜਿਹਾ ਸੀ ਕਿ ਗੁਰੂ ਘਰ ਨਾਲ ਟੱਕਰ ਲਈ ਜਾ ਸਕਣ ਵੇਲੇ ਜਨਤਾ ਨੇ ਅਬੋਲ ਹੀ ਰਹਿਣਾ ਸੀ। ਵਿਰੋਧੀਆਂ ਨੇ ਸ਼ਿਕਾਇਤ ਕੀਤੀ ਕਿ ਗੁਰੂ ਅਰਜਨ ਜੀ ਨੇ ਅਮੀਰ ਖੁਸਰੋ ਦੀ ਪੈਸੇ ਨਾਲ ਵੀ ਮਦਦ ਕੀਤੀ ਹੈ ਅਤੇ ਲੰਗਰ ਵਿਚ ਪ੍ਰਸ਼ਾਦਾ ਛਕਾ ਕੇ ਉਸ ਦੇ ਹੱਕ ਵਿਚ ਦੁਆ ਕੀਤੀ ਸੀ। ਇਨ੍ਹਾਂ ਹੀ ਕਾਰਨਾਂ ਕਰਕੇ ਉਸ ਦੀ ਪਹਿਲਾਂ ਹੀ ਮਿੱਥੀ ਹੋਈ ਵਿਉਂਤ ਦੇ ਮੁਤਾਬਿਕ, ਗੁਰੂ ਘਰ ਨਾਲ ਟੱਕਰ ਲੈਣ ਲਈ ਕਾਫੀ ਸੀ। ਉਸ ਨੇ ਇਸ ਘਟਨਾ ਦਾ ਜ਼ਿਕਰ ਤੁਜ਼ਕੇ ਜਹਾਂਗੀਰੀ ਵਿਚ ਇਸ ਤਰ੍ਹਾਂ ਨਾਲ ਕੀਤਾ -

"ਦਰਿਆ ਬਿਆਸ ਕੰਢੇ ਗੋਇੰਦਵਾਲ ਵਿਖੇ ਇਕ ਅਰਜਨ ਨਾਮ ਦਾ ਹਿੰਦੂ ਰਹਿੰਦਾ ਸੀ। ਉਹ ਪੀਰ ਤੇ ਸ਼ੇਖ ਹੋਣ ਦਾ ਦਾਅਵਾ ਕਰਦਾ ਸੀ। ਸਿੱਧੇ ਸਾਦੇ ਹਿੰਦੂ ਤੇ ਅਣਜਾਣ ਤੇ ਕਮੀਨੇ ਮੁਸਲਮਾਨ ਉਸਨੇ ਅਨੁਯਾਈ ਬਣਾ ਲਏ ਸਨ। ਚਿਰਾਂ ਤੋਂ ਮੇਰੇ ਦਿਲ ਵਿਚ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਵਾਇਆ ਜਾਏ ਜਾਂ ਫਿਰ ਅਰਜਨ ਨੂੰ ਇਸਲਾਮੀ ਜਮਾਤ ਵਿਚ ਸ਼ਾਮਲ ਕਰ ਲਿਆ ਜਾਵੇ। ਉਨ੍ਹਾਂ ਦਿਨਾਂ ਵਿਚ ਖੁਸਰੋ ਗੋਇੰਦਵਾਲ ਦੇ ਰਾਹੋਂ ਲੰਘਿਆ। ਇਸ ਮੂਰਖ ਮਰਦ ਨੇ ਉਸ ਦੀ ਸੇਵਾ ਕੀਤੀ ਤੇ ਆਪਣੇ ਡੇਰੇ ਠਹਿਰਾਇਆ।

ਜਦੋਂ ਇਹ ਗੱਲ ਅਸਾਂ ਸੁਣੀ ਤਾਂ ਮੈਨੂੰ ਅਰਜਨ ਦੇ ਝੂਠ ਤੇ ਕੁਫਰ ਦਾ ਯਕੀਨ ਹੋ ਗਿਆ ਤੇ ਮੈਂ ਉਸ ਨੂੰ ਹਾਜ਼ਰ ਕਰਨ ਦਾ ਹੁਕਮ ਦਿਤਾ, ਉਸ ਦਾ ਘਰ-ਬਾਰ ਤੇ ਟੱਬਰ, ਬੱਚੇ ਮੁਰਤਜ਼ਾਖਾਨ (ਸ਼ੇਖ ਫਰੀਦ ਬੁਖਾਰੀ ਜੋ ਸੇਖ ਅਹਿਮਦ ਸਰਹੰਦੀ ਮੁਜਦੱਦ ਅਲਫਸਾਨੀ ਦਾ ਫਰਮਾ ਬਰਦਾਰ ਸੀ), ਨੂੰ ਸੌਂਪੇ, ਉਸਦਾ ਸਾਰਾ ਮਾਲ ਅਸਬਾਬ ਜ਼ਬਤ ਕਰ ਲਿਆ ਅਤੇ ਹੁਕਮ ਦਿਤਾ ਕਿ 'ਊਂ ਰਾ ਬ-ਸਿਆਸਤ ਵਾ ਯਾਸਾ ਕਤਲ ਰਸਾਨੰਦ।" ਉਸ ਨੂੰ ਯਾਸਾ ਦੀ ਸਜ਼ਾ ਰਾਹੀਂ ਮੌਤ ਦਾ ਦੰਡ ਮਿਲੇ।

ਚੰਦੂ ਨੇ ਜਦੋਂ ਪ੍ਰੋਹਿਤ ਰਿਸ਼ਤਾ ਕਰਨ ਲਈ ਭੇਜਿਆ ਤਾਂ ਉਹ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਰਿਸ਼ਤਾ ਪੱਕਾ ਕਰ ਗਿਆ। ਦਿੱਲੀ ਵਿਖੇ ਸ਼ਗਨ ਭੇਜਣ ਵੇਲੇ ਚੰਦੂ ਨੇ ਕੁਝ ਉਘੇ ਸਿੱਖ ਵੀ ਬੁਲਾਏ ਤੇ ਉਥੇ ਹੰਕਾਰ ਭਰੇ ਸ਼ਬਦ ਬੋਲੇ। ਅਭਿਮਾਨੀ ਨੇ ਕਿਹਾ, ਪ੍ਰੋਹਿਤ ਜੀ! ਤੁਸੀਂ ਗੱਲ ਸੋਚ ਸਮਝ ਕੇ ਨਹੀਂ ਕੀਤੀ, ਮੇਰੀ ਲੜਕੀ ਬਹੁਤ ਉਚੀ ਕੁਲ ਨਾਲ ਸਬੰਧ ਰੱਖਣ ਵਾਲੀ ਸੀ। ਉਹ ਚੁਬਾਰੇ ਦੀ ਇੱਟ ਸੀ, ਤੁਸੀਂ ਮੋਰੀ ਵਾਲੀ ਕੁਲ ਨਾਲ ਲਗਾ ਆਏ ਹੋਂ।

***ਕਨਿਆ ਈਟ ਚੁਬਾਰੇ ਕੀ ਮਮ***
***ਮੋਰੀ ਸਮ ਕੁਲ ਮਹਿ ਦੀ ਸੋਇ॥***

ਗੁਰਸਿੱਖ ਨਿੰਦਿਆ ਸਹਿਨ ਨਾ ਕਰ ਸਕੇ, ਉਨ੍ਹਾਂ ਨੇ ਗੁਰੂ ਮਹਾਰਾਜ ਜੀ ਨੂੰ ਪਤ੍ਰਿਕਾ ਲਿਖ ਕੇ ਭੇਜ ਦਿਤੀ–

***ਆਪ ਚੁਬਾਰਾ ਬਨਿਓ ਪਾਪੀ।***
***ਗੁਰ ਕਾ ਘਰ ਇਨ ਮੋਰੀ ਥਾਪੀ।***
***ਨਿੰਦੀ ਯਾ ਬਿਧਿ ਉਨ ਗੁਰਗਾਦੀ।***
***ਕੀਏ ਨ ਚਾਹੀਏ ਇਨ ਕੇ ਸ਼ਾਦੀ।***

ਇਕ ਗੁਰਸਿੱਖ ਦੇ ਪਾਸ ਚਿੱਠੀ ਭੇਜ ਦਿਤੀ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਤੇ ਹੋਰ ਸਿੱਖਾਂ ਨੂੰ ਬੁਲਾ ਕੇ ਚਿੱਠੀ ਸੁਣਾਈ। ਫੈਸਲਾ ਹੋਇਆ ਕਿ ਸਗਾਈ ਲਈ ਨਾ ਜਾਵੇ, ਅਸੀਂ ਤਾਂ ਕਿਸੇ ਨਿਰਹੰਕਾਰੀ ਪੁਰਸ਼ ਦਾ ਰਿਸ਼ਤਾ ਲਵਾਂਗੇ –

***ਬਾਬੇ ਬੁੱਢੇ ਅਰ ਗੁਰਦਾਸ।***
***ਇਤਿਆਦਿਕ ਸਿੱਖ ਥੇ ਜੋ ਪਾਸ।***
***ਚਿੱਠੀ ਸਭ ਕੋ ਗੁਰੂ ਸੁਣਾਈ।***
***ਸਭ ਨੇ ਕਿਹੋ, ਨ ਲੇਹੁ ਸਗਾਈ।*** ***ਪੰਥ ਪ੍ਰਕਾਸ਼***

ਸੂਰਜ ਪ੍ਰਕਾਸ਼ ਅਨੁਸਾਰ –

***ਸਾਕਤ ਸੁਤਾ ਨ ਲੇਹਿੰਗੇ, ਨਹਿ ਸ਼ਰਧਾ ਗੁਰ ਭੌਨ।***

ਸ਼ਗਨ ਵਾਪਸ ਮੁੜ ਗਿਆ। ਚੰਦੂ ਨੇ ਹੰਕਾਰ ਵਿਚ ਆ ਕੇ ਕਿਹਾ ਕਿ ਅਸੀਂ ਸ਼ਾਹੀ ਖੱਤਰੀ ਧਰਮਾਇਣ ਕਹਾਹੀਏ। ਉਹ ਸਰੀਣ ਨਿਵਾਂਦੀਏ, ਉਹ ਸਾਡੇ ਤੋਂ ਛੋਟੇ ਹੁੰਦੇ ਹੋਏ ਰਿਸ਼ਤਾ ਮੋੜਦੇ ਹਨ। ਮੁਹੰਮਦ ਲਤੀਫ ਲਿਖਦਾ ਹੈ ਕਿ ਚੰਦੂ ਨੇ ਇਕ ਲੱਖ ਰੁਪਈਆ ਰਿਸ਼ਤਾ ਮੰਨ ਲੈਣ ਲਈ ਭੇਜਿਆ। ਗੁਰੂ ਮਹਾਰਾਜ ਜੀ ਨੇ ਕਿਹਾ, ਜੇ ਰਾਜ ਵੀ ਦਾਜ ਵਿਚ ਦਿਤਾ ਜਾਵੇ ਤਾਂ ਵੀ ਅਸੀਂ ਸੰਗਤ ਦੇ ਬਚਨ ਨਹੀਂ ਮੋੜ ਸਕਦੇ।

ਚੰਦੂ ਮੁਖਾਲਫ ਬਣ ਗਿਆ। ਪ੍ਰਿਥੀ ਚੰਦ ਤਾਂ ਪਹਿਲਾਂ ਹੀ ਗੁਰਗੱਦੀ ਨਾ ਮਿਲਣ ਕਰਕੇ ਗੁਰੂ ਅਰਜਨ ਪਾਤਸ਼ਾਹ ਬਾਰੇ ਬਹੁਤ ਹੀ ਬੁਰੀਆਂ ਗੱਲਾਂ ਸੋਚਦਾ ਰਹਿੰਦਾ ਸੀ। ਦੂਜੇ ਪਾਸੇ ਕੱਟੜ ਮਜ਼੍ਹਬੀ ਜਨੂੰਨੀ ਹਿੰਦੂ ਮੁਸਲਮਾਨ ਦੋਨੋਂ ਹੀ ਧਰਮਾਂ ਵਿਚ ਗੁਰੂ ਘਰ ਦੇ ਪ੍ਰਕਾਸ਼ ਦੇ ਸੂਰਜ ਦੀ ਰੋਸ਼ਨੀ ਨੂੰ ਆਪਣੀਆਂ ਉੱਲੂ ਵਰਗੀਆਂ ਅੱਖਾਂ ਨਾਲ ਵੇਖਣਾ ਬਿਲਕੁਲ ਹੀ ਪਸੰਦ ਨਹੀਂ ਸਨ ਕਰਦੇ। ਸਾਜਿਸ਼ਾਂ ਕਰਕੇ ਸੁਲਭੀ ਖਾਨ ਅਤੇ ਸੁਲਹੀ ਖਾਨ ਵਰਗਿਆਂ ਨੂੰ ਗੁਰੂ ਮਹਾਰਾਜ

ਜੀ ਉਪਰ ਚੜ੍ਹਾਉਂਦੇ ਰਹੇ। ਖੁਸਰੋ ਦੀ ਬਗਾਵਤ ਹੋ ਜਾਣ ਕਰਕੇ ਇਨ੍ਹਾਂ ਸਾਰਿਆਂ ਨੂੰ ਮੌਕਾ ਮਿਲ ਗਿਆ। ਗੁਰੂ ਮਹਾਰਾਜ ਜੀ ਦੇ ਵਿਰੋਧ ਵਿਚ ਇਕ ਬਹੁਤ ਸ਼ਕਤੀਸ਼ਾਲ ਜੁੰਡਲੀ ਜਹਾਂਗੀਰ ਦੇ ਦੁਆਲੇ ਸਦਾ ਹੀ ਤਾਕ ਵਿਚ ਰਹਿੰਦੀ ਸੀ ਕਿ ਕਦੋਂ ਗੁਰੂ ਘਰ ਨੂੰ ਨੁਕਸਾਨ ਪਹੁੰਚਾਇਆ ਜਾ ਸਕੇ ਕਿਉਂਕਿ ਗੁਰੂ ਘਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਰੋਸ਼ਨੀ ਵਿਚ ਸਾਰੇ ਸੰਸਾਰ ਨੂੰ ਅੱਲਾਹ ਦੇ ਨੂਰ ਵਿਚੋਂ ਪ੍ਰਗਟ ਹੋਇਆ ਪੂਰਨ ਏਕਤਾ ਦ੍ਰਿੜ੍ਹਾਉਂਦਾ ਸੀ। ਉਚਾ ਗਿਆਨ, ਸ਼ਰ੍ਹਾ ਤੇ ਕਰਮਕਾਂਡ ਦੇ ਬੰਧਨਾਂ ਨੂੰ ਤੋੜ ਕੇ ਇਨਸਾਨ ਨੂੰ ਦਸਦਾ ਸੀ ਕਿ ਤੂੰ ਮਜ਼੍ਹਬਾਂ ਦੇ ਬੰਧਨਾਂ ਵਿਚ ਪੈ ਕੇ ਵਕਤ ਗੁਜ਼ਾਰਨ ਨਹੀਂ ਆਇਆ, ਤੇਰਾ ਅਸਲੀ ਮਨੋਰਥ, ਅੰਦਰ ਵਸਦੇ ਪ੍ਰਭੂ ਨਾਲ ਮੇਲ ਹੈ, ਜੋ ਗੁਰੂ ਦਾ ਸ਼ਬਦ ਪ੍ਰਾਪਤ ਕਰਕੇ ਘਾਲ ਕਮਾਈ ਰਾਹੀਂ ਪ੍ਰਾਪਤ ਹੋ ਸਕਦਾ ਹੈ। ਆਪ ਫੁਰਮਾਉਂਦੇ ਹਨ ਕਿ –

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥*
*ਸਭੁ ਆਤਮ ਰਾਮੁ ਪਛਾਣਿਆ*
*ਤਾਂ ਇਕੁ ਰਵਿਆ ਇਕੋ ਓਤਿ ਪੋਤਿ॥*
*ਇਕੁ ਦੇਖਿਆ ਇਕੁ ਮੰਨਿਆ*
*ਇਕੋ ਸੁਣਿਆ ਸ੍ਰਵਣ ਸਰੋਤਿ॥*
*ਜਨ ਨਾਨਕ ਨਾਮੁ ਸਲਾਹਿ ਤੂ*
*ਸਚੁ ਸਚੇ ਸੇਵਾ ਤੇਰੀ ਹੋਤਿ॥* *ਅੰਗ – 309*

ਗੁਰੂ ਮਹਾਰਾਜ ਜੀ ਦਾ ਉਪਦੇਸ਼, ਆਦਮੀ ਦੇ ਦੁਆਲੇ ਕੱਟੜ ਪੰਥੀਆਂ ਵਲੋਂ ਪਾਏ ਗਏ ਭਰਮ ਭੁਲੇਖੇ, ਸ਼ਰਾ ਦੇ ਸੰਗਲ ਅਤੇ ਵਾਧੂ ਰਸਮ ਰਿਵਾਜਾਂ ਦੀਆਂ ਕਾਲੀਆਂ ਵਲਗਣਾਂ ਨੂੰ ਤੋੜ ਕੇ ਸੱਚ ਦਾ ਪ੍ਰਕਾਸ਼ ਕਰਕੇ ਆਦਮੀ ਨੂੰ ਪੂਰੀ ਸੇਧ ਦਿੰਦਾ ਹੋਇਆ ਪ੍ਰੇਰਨਾ ਦਿੰਦਾ ਸੀ ਕਿ ਵਾਹਿਗੁਰੂ ਜੀ ਇਸੇ ਸਰੀਰ ਦੇ ਅੰਦਰ ਸਮਾਏ ਹੋਏ ਹਨ, ਜੋ ਗੁਰੂ ਦੀ ਕ੍ਰਿਪਾ ਨਾਲ ਪ੍ਰਗਟ ਹੁੰਦੇ ਹਨ। ਆਪ ਦਾ ਫੁਰਮਾਨ ਸੀ –

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ॥*
*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ॥*
*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥*

*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ॥* *ਅੰਗ - 1033*

ਗੁਰੂ ਮਹਾਰਾਜ ਜੀ ਜੰਗਲਾਂ ਵਿਚ ਜਾ ਕੇ ਸਖਤ ਕਿਸਮ ਦੇ ਜ਼ੋਹਦ ਕਰਕੇ ਇਸ ਕਾਇਆ ਨੂੰ ਅਤਿ ਦੁਬਲੀ ਕਰਨ ਦੇ ਹੱਕ ਵਿਚ ਨਹੀਂ ਸਨ। ਉਨ੍ਹਾਂ ਦਾ ਫੁਰਮਾਨ ਸੀ ਕਿ ਇਸ ਦੇਹੀ ਦੀ ਸਵਸਥਤਾ ਨੂੰ ਸਾਧਨ ਬਣਾ ਕੇ ਸਰੀਰ ਨੂੰ ਨਰੋਆ ਰੱਖ ਕੇ -

*ਅਲਪ ਅਹਾਰ ਸੁਲਪ ਸੀ ਨਿੰਦ੍ਰਾ..............॥*
*ਪਾਤਸ਼ਾਹੀ 10*

ਦੇ ਨਿਯਮਾਂ ਦਾ ਪਾਲਣ ਕਰਕੇ ਅਸੀਂ ਆਪਣੇ ਅੰਦਰੋਂ ਘਟ-ਘਟ ਵਿਚ ਰਮੇ ਵਾਹਿਗੁਰੂ ਦੀ ਖੋਜ ਕਰ ਸਕਦੇ ਹਾਂ।

*ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ॥*
*ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ॥*
*ਪੰਨਾ - 554*

ਗੁਰੂ ਮਹਾਰਾਜ ਜੀ ਦਾ ਉਪਦੇਸ਼ ਸਾਰੀ ਇਨਸਾਨੀਅਤ ਵਾਸਤੇ ਸਾਂਝਾ ਸੀ। ਉਨ੍ਹਾਂ ਨੇ ਨਿਰਭਉ ਨੂੰ ਜਪ ਕੇ ਨਿਰਭੈ ਹੋਣ ਦੀ ਪ੍ਰੇਰਨਾ ਦਿਤੀ, ਨਿਰਵੈਰ ਨੂੰ ਜਪ ਕੇ ਨਿਰਵੈਰ ਹੋਣ ਦੀ ਪ੍ਰੇਰਨਾ ਦਿੰਦਿਆਂ ਇਕ ਭਾਵਨੀ ਪੈਦਾ ਕੀਤੀ -

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਕਾ ਭਲਾ।*
*ਵਵਾ ਵੈਰੁ ਨ ਕਰੀਐ ਕਾਹੂ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ॥ ਅੰਗ - 259*

ਇਸ ਦ੍ਰਿਸ਼ਟਮਾਨ ਪਸਾਰੇ ਨੂੰ ਗੁਰੂ ਮਹਾਰਾਜ ਜੀ ਨੇ ਪ੍ਰਭੂ ਦਾ ਹੀ ਰੂਪ ਦ੍ਰਿਸ਼ਟੀਗੋਚਰੇ ਕਰਾਇਆ ਅਤੇ ਪੂਰਨ ਅਦ੍ਵੈਤ ਸਿਧਾਂਤ ਇਸ ਕਰਮਕਾਂਡਾਂ ਵਿਚ ਫਸੇ ਮਨੁੱਖ ਦੇ ਹਿਰਦੇ ਵਿਚ ਵਸਾਇਆ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ॥* *ਅੰਗ - 846*

ਉਨ੍ਹਾਂ ਨੇ ਹਰ ਵਰਗ ਦੀ ਨਿਰਾਰਥਕ ਕ੍ਰਿਆ ਨੂੰ ਪ੍ਰਭੂ ਪ੍ਰਾਪਤੀ ਲਈ ਗੈਰ ਜ਼ਰੂਰੀ ਦੱਸਿਆ ਅਤੇ ਫੁਰਮਾਨ ਕੀਤਾ ਕਿ ਜਦ ਤੱਕ ਤੁਹਾਡੇ ਅੰਦਰੋਂ ਵਿਕਾਰਾਂ ਦਾ ਨਾਸ਼ ਨਹੀਂ ਹੁੰਦਾ, ਵਾਸ਼ਨਾਵਾਂ ਦੇ ਉਲਝੇ ਹੋਏ ਜਾਲ ਕੱਟੇ ਨਹੀਂ ਜਾਂਦੇ; ਉਸ ਸਮੇਂ ਤੀਕਰ ਵਾਹਿਗੁਰੂ ਦੀ ਪ੍ਰਾਪਤੀ ਅਸੰਭਵ ਹੈ। ਆਪ ਜੀ ਨੇ ਸਤਿ ਪ੍ਰਾਪਤ ਕੀਤੇ ਹੋਏ ਮਹਾਂਪੁਰਸ਼ਾਂ ਦੀ ਸੰਗਤ ਕਰਨ ਦਾ ਗਾਡੀ ਰਾਹ ਪ੍ਰਗਟ ਕੀਤਾ ਜੋ ਜਗਿਆਸੂ ਨੂੰ ਬਿਨਾਂ ਕਿਸੇ ਬੰਧਨਾਂ ਵਿਚ ਪਾਏ ਆਪਣੇ ਪ੍ਰਭੂ ਤਕ ਪਹੁੰਚਾਉਣ ਦੀ ਸਮਰਥਾ ਰੱਖਦਾ ਸੀ। ਹੇਠ ਲਿਖੇ ਫੁਰਮਾਨ ਵਿਚ ਜੇ ਗਹੁ ਨਾਲ ਵਿਚਾਰਿਆ ਜਾਵੇ ਤਾਂ ਗੁਰਮਤਿ ਸਿਧਾਂਤ ਪੂਰੀ ਤਰ੍ਹਾਂ ਨਾਲ ਨਿਰੂਪਣ ਹੁੰਦਾ ਹੈ -

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ
ਨਿਵਲਿ ਭੁਅੰਗਮ ਸਾਧੇ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ
ਅਧਿਕ ਅਹੰਬੁਧਿ ਬਾਧੇ॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ
ਮੈ ਕੀਏ ਕਰਮ ਅਨੇਕਾ॥
ਹਾਰਿ ਪਰਿਓ ਸੁਆਮੀ ਕੈ ਦੁਆਰੈ
ਦੀਜੈ ਬੁਧਿ ਬਿਬੇਕਾ॥
ਮੋਨਿ ਭਇਓ ਕਰਪਾਤੀ ਰਹਿਓ
ਨਗਨ ਫਿਰਿਓ ਬਨ ਮਾਹੀ॥
ਤਟ ਤੀਰਥ ਸਭ ਧਰਤੀ ਭ੍ਰਮਿਓ
ਦੁਬਿਧਾ ਛੁਟਕੈ ਨਾਹੀ॥
ਮਨ ਕਾਮਨਾ ਤੀਰਥ ਜਾਇ ਬਸਿਓ
ਸਿਰਿ ਕਰਵਤ ਧਰਾਏ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ
ਜੇ ਲਖ ਜਤਨ ਕਰਾਏ॥
ਕਨਿਕ ਕਾਮਿਨੀ ਹੈਵਰ ਗੈਵਰ
ਬਹੁ ਬਿਧਿ ਦਾਨੁ ਦਾਤਾਰਾ॥
ਅੰਨ ਬਸਤ੍ਰ ਭੂਮਿ ਬਹੁ ਅਰਪੇ
ਨਹ ਮਿਲੀਐ ਹਰਿ ਦੁਆਰਾ॥
ਪੂਜਾ ਅਰਚਾ ਬੰਦਨ ਡੰਡਉਤ
ਖਟੁ ਕਰਮਾ ਰਤੁ ਰਹਤਾ॥
ਹਉ ਹਉ ਕਰਤ ਬੰਧਨ ਮਹਿ ਪਰਿਆ
ਨਹ ਮਿਲੀਐ ਇਹ ਜੁਗਤਾ॥
ਜੋਗ ਸਿਧ ਆਸਣ ਚਉਰਾਸੀਹ
ਏ ਭੀ ਕਰਿ ਕਰਿ ਰਹਿਆ॥
ਵਡੀ ਆਰਜਾ ਫਿਰਿ ਫਿਰਿ ਜਨਮੈ
ਹਰਿ ਸਿਉ ਸੰਗੁ ਨ ਗਹਿਆ॥
ਰਾਜ ਲੀਲਾ ਰਾਜਨ ਕੀ ਰਚਨਾ
ਕਰਿਆ ਹੁਕਮੁ ਅਫਾਰਾ॥
ਸੇਜ ਸੋਹਨੀ ਚੰਦਨੁ ਚੋਆ
ਨਰਕ ਘੋਰ ਕਾ ਦੁਆਰਾ॥
ਹਰਿ ਕੀਰਤਿ ਸਾਧਸੰਗਤਿ ਹੈ
ਸਿਰਿ ਕਰਮਨ ਕੈ ਕਰਮਾ॥
ਕਹੁ ਨਾਨਕ ਤਿਸੁ ਭਇਓ ਪਰਾਪਤਿ
ਜਿਸੁ ਪੁਰਬ ਲਿਖੇ ਕਾ ਲਹਨਾ॥
ਤੇਰੋ ਸੇਵਕੁ ਇਹ ਰੰਗਿ ਮਾਤਾ॥
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ

*ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥*

*ਅੰਗ- 641-42*

ਤੀਰਥਾਂ ਤੇ ਨਹਾਉਣ ਦੀ ਥਾਂ ਤੇ ਅੰਦਰ ਵਸਦੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਦੀ ਜਾਂਚ ਦੱਸੀ। ਜਨੇਊ ਪਾਉਣ ਦੀ ਯਥਾਰਥਕਤਾ ਦਰਸਾਂਦੇ ਹੋਏ ਆਪ ਨੇ ਫੁਰਮਾਇਆ ਕਿ ਜਦੋਂ ਤੱਕ ਦਇਆ ਹਿਰਦੇ ਵਿਚ ਨਹੀਂ ਵਸਦੀ, ਸੰਤੋਖ ਦਾ ਨਿਵਾਸ ਪੂਰੀ ਤਰ੍ਹਾਂ ਨਾਲ ਮਨ ਵਿਚ ਪ੍ਰਗਟ ਨਹੀਂ ਹੁੰਦਾ ਤੇ ਸਤਿ ਦਾ ਜੀਵਨ ਜੀਉਣ ਦੀ ਜਾਂਚ ਨਹੀਂ ਆਉਂਦੀ ਤੇ ਸਾਰੇ ਸਮੂੰਹ ਇੰਦਰਿਆਂ ਉਪਰ ਜਤ ਦਾ ਨਿਯੰਤਰਣ ਕਾਇਮ ਨਹੀਂ ਹੁੰਦਾ, ਉਸ ਵੇਲੇ ਤੱਕ ਧਾਗੇ ਦਾ ਪਾਇਆ ਹੋਇਆ ਜਨੇਊ ਅੰਦਰਲੇ ਵਿਕਾਰਾਂ ਨੂੰ ਕੱਢਣ ਦੇ ਸਮਰੱਥ ਨਹੀਂ ਹੈ। ਕੇਵਲ ਗੁਰੂ ਸ਼ਬਦ ਦਾ ਪਹਿਨਿਆਂ ਹੋਇਆ ਜਨੇਊ ਅਤੇ ਨਾਮ ਦੇ ਸਰੋਵਰ ਵਿਚ ਕੀਤਾ ਹੋਇਆ ਇਸ਼ਨਾਨ ਹੀ ਅੰਤਸ਼ਕਰਣ ਦੀ ਮੈਲ ਦੂਰ ਕਰਨ ਦੀ ਸਮਰੱਥਾ ਰਖਦਾ ਹੈ। ਆਪ ਨੇ ਫੁਰਮਾਇਆ ਕਿ ਮਨੁੱਖ ਮਾਤਰ ਨੂੰ ਸਭ ਤੋਂ ਵੱਡਾ ਰੋਗ ਆਪਣੀ ਹੋਂਦ ਨੂੰ ਵਾਹਿਗੁਰੂ ਜੀ ਤੋਂ ਵੱਖਰਾ ਸਮਝ ਕੇ ਵਰਤਣ ਦਾ, ਜਿਸਨੂੰ ਹਉਮੈ ਕਹਿੰਦੇ ਹਨ, ਲੱਗਿਆ ਹੋਇਆ ਹੈ। ਇਹ ਹਉਮੈ ਦਾ ਰੋਗ, ਜਦੋਂ ਤਕ ਨਾਮ ਦੇ ਮੰਡਲ ਵਿਚ ਸੁਰਤ ਨਹੀਂ ਪਹੁੰਚਦੀ, ਨਹੀਂ ਕੱਟਿਆ ਜਾ ਸਕਦਾ। ਹਉਮੈ ਕੱਟਣ ਦੀ ਦਾਰੂ ਪ੍ਰਭੂ ਨੇ ਇਸ ਸਰੀਰ ਦੇ ਅੰਦਰ ਹੀ ਰੱਖੀ ਹੋਈ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*

*ਅੰਗ - 293*

*ਹਰਿ ਅਉਖਧੁ ਸਭ ਘਟ ਹੈ ਭਾਈ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥*
*ਗੁਰਿ ਪੂਰੈ ਸੰਜਮੁ ਕਰਿ ਦੀਆ॥*
*ਨਾਨਕ ਤਉ ਫਿਰਿ ਦੂਖ ਨ ਥੀਆ॥*

*ਅੰਗ - 259*

ਸੋ ਅਜਿਹਾ ਆਦਰਸ਼ ਤੇ ਪ੍ਰਕਾਸ਼ਮਈ ਮਾਰਗ, ਭਰਮਾਂ ਤੇ ਵਹਿਮਾਂ ਵਿਚ ਫਸਿਆਂ ਇਨਸਾਨਾਂ ਦੀ ਸਮਝ ਵਿਚ ਆਇਆ। ਉਹ ਸਾਰੇ ਬੰਧਨਾਂ ਨੂੰ ਤੋੜ ਕੇ ਗੁਰੂ ਦੀ ਸ਼ਰਨ ਵਿਚ ਫੁੱਲਾਂ ਦੀ ਸੁਗੰਧੀ ਨੂੰ ਮਾਨਣ ਵਾਲੇ ਭੌਰਿਆਂ ਦੇ ਝੁੰਡਾਂ ਦੇ ਵਿਚ ਆ ਰਹੇ ਸਨ। ਅਖਉਤੀ ਮੁੱਲਾਂ-ਮੁਲਾਣੇ, ਕਰਮਕਾਂਡੀ ਪੰਡਤ ਵਰਗ ਅਤੇ ਸ਼ਾਸ਼ਕ ਸਾਰੇ ਹੀ ਮਨੁੱਖ ਵਿਚ ਪੈਦਾ ਹੋ ਰਹੀ ਜਾਗ੍ਰਤੀ ਤੋਂ ਘਬਰਾ ਰਹੇ ਸਨ ਅਤੇ ਇਹ ਸਾਰੇ ਇਕੱਠੇ ਹੋ ਕੇ ਇਸ ਪ੍ਰਕਾਸ਼ ਦਿੰਦੇ ਸੂਰਜ ਨੂੰ ਢਕਣ ਦੇ ਜਤਨਾਂ ਵਿਚ ਸਨ। ਮਨੁੱਖ ਨੂੰ ਆਪਣੇ ਹੱਕਾਂ ਦੀ ਸੋਝੀ ਅਤੇ ਸਵੈਮਾਨ ਨਾਲ ਜੀਉਣ ਦੀ ਜੁਗਤ ਗੁਰਮਤਿ ਵਿਚੋਂ ਪ੍ਰਾਪਤ ਹੋ ਕੇ, ਦ੍ਰਿੜ੍ਹਤਾ ਦੇ ਰੂਪ ਵਿਚ ਬਦਲ ਰਹੀ ਸੀ ਜਿਸਨੂੰ ਅੱਜਕੱਲ੍ਹ ਮਨੁੱਖੀ ਹੱਕ human rights ਆਖਿਆ ਜਾਂਦਾ ਹੈ, ਇਹ ਚੇਤਨਤਾ ਦਿਨ-ਬ-ਦਿਨ ਵਧ ਰਹੀ ਸੀ। ਰਾਜਾ ਪ੍ਰੇਸ਼ਾਨ ਸੀ ਕਿ ਜੇ ਇਹ ਜਾਗੇ ਹੋਏ ਮਨੁੱਖਾਂ ਦੀ ਜਥੇਬੰਦੀ, ਅਨਿਆਂ ਤੇ ਜ਼ੋਰ-

ਜ਼ਬਰ ਨਾਲ ਟੱਕਰ ਲੈਣ ਲਈ ਉਠ ਖੜ੍ਹੀ ਹੋਈ ਤਾਂ ਇਨ੍ਹਾਂ ਨਾਲ ਸਿੱਝਣਾ ਬਹੁਤ ਮੁਸ਼ਕਿਲ ਹੋ ਜਾਵੇਗਾ। ਇਕ ਤਰ੍ਹਾਂ ਨਾਲ ਇਹ ਸੁੱਚੇ ਜੀਵਨ ਵਾਲੇ ਮਨੁੱਖਾਂ ਅਤੇ ਜ਼ੋਰ-ਜ਼ਬਰ, ਭਰਮਾਂ, ਵਹਿਮਾਂ, ਬੰਧਨਾਂ 'ਚ ਪਾਉਣ ਵਾਲੇ ਸਮੂੰਹ ਨਾਲ ਇਕ ਸਹਿਜ ਯੁੱਧ ਹੋ ਰਿਹਾ ਸੀ, ਜੋ ਗੁਰੂ ਘਰ ਨਾਲ ਵਿਰੋਧਤਾ ਦਾ ਅਸਲੀ ਕਾਰਨ ਸੀ। ਗੁਰਬਾਣੀ ਦੇ ਪ੍ਰਕਾਸ਼ ਨੇ ਮਨੁੱਖ ਨੂੰ ਐਨੀ ਉਚਤਾ ਬਖਸ਼ੀ ਕਿ ਉਸਦੀ ਬਿਰਤੀ ਸਮਤਾ ਵਿਚ ਲੀਨ ਹੋ ਰਹੀ ਸੀ, ਜਿਸ ਦਾ ਭਾਵ ਇਸ ਤਰ੍ਹਾਂ ਸੀ -

*ਪ੍ਰਭ ਕੀ ਆਗਿਆ ਆਤਮ ਹਿਤਾਵੈ।।*
*ਜੀਵਨ ਮੁਕਤਿ ਸੋਊ ਕਹਾਵੈ।।*
*ਤੈਸਾ ਹਰਖੁ ਤੈਸਾ ਉਸੁ ਸੋਗੁ।।*
*ਸਦਾ ਅਨੰਦੁ ਤਹ ਨਹੀ ਬਿਓਗੁ।।*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ।।*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ।।*
*ਤੈਸਾ ਮਾਨੁ ਤੈਸਾ ਅਭਿਮਾਨੁ।।*
*ਤੈਸਾ ਰੰਕੁ ਤੈਸਾ ਰਾਜਾਨੁ।।*
*ਜੋ ਵਰਤਾਏ ਸਾਈ ਜੁਗਤਿ।।*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ।।*

*ਅੰਗ - 275*

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।।*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ*
*ਕੰਚਨ ਮਾਟੀ ਮਾਨੈ।।* *ਅੰਗ - 633*

ਸਦੀਆਂ ਦਾ ਦਬਿਆ ਹੋਇਆ ਮਨੁੱਖ, ਮੌਤ ਦੀ ਭਿਆਨਕ ਹੱਦ ਤੋਂ ਪਾਰ ਹੋ ਕੇ ਇਕ ਆਦਰਸ਼ਕ ਜੀਵਨ ਜੀਉਣ ਨੂੰ ਉਤਸ਼ਾਹਤ ਸੀ। ਮਜ਼੍ਹਬਾਂ, ਵਹਿਮਾਂ ਤੋਂ ਮੁਕਤ ਹੋ ਕੇ ਉਹ ਸੰਸਾਰ ਵਿਚ ਹਲੀਮੀ ਰਾਜ ਦੀ ਕਾਮਨਾ ਦੀ ਚਿਤਵਨੀ ਕਰ ਰਿਹਾ ਸੀ ਜਿਸ ਵਿਚ ਕੋਈ ਦੁਖੀ ਨਾ ਹੋਵੇ, ਕੋਈ ਕਿਸੇ ਦੇ ਦਬਾਅ ਹੇਠ ਨਾ ਹੋਵੇ, ਕੋਈ ਕਿਸੇ ਨੂੰ ਭੈ ਨਾ ਦਿੰਦਾ ਹੋਵੇ, ਨਾ ਹੀ ਕਿਸੇ ਤੋਂ ਭੈ ਮੰਨਦਾ ਹੋਵੇ। ਸਭੇ ਸਾਂਝੀਵਾਲ ਸਦਾਉਣ ਵਾਲੀ ਉਚ ਭਾਵਨਾ ਹਿਰਦੇ ਅੰਦਰ ਪ੍ਰਫੁੱਲਤ ਹੋਵੇ ਅਤੇ ਕੋਈ ਗੈਰ ਨਜ਼ਰੀ ਨਾ ਪੈਂਦਾ ਹੋਵੇ, ਜਿਸ ਨਾਲ ਵੈਰ ਪੈਦਾ ਹੋਵੇ, ਜਿਸਨੂੰ ਲੁੱਟਿਆ ਜਾ ਸਕੇ, ਜਿਸ ਨੂੰ ਪਤਿਤ ਕੀਤਾ ਜਾ ਸਕੇ -

*ਸਭੈ ਸਾਝੀਵਾਲ ਸਦਾਇਨਿ*
*ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।।*

*ਅੰਗ - 97*

ਨਾ ਹੀ ਰਾਜਸੀ ਵਰਗ ਅਤੇ ਨਾ ਹੀ ਕਰਮਕਾਂਡੀ ਬੰਧਨਾਂ, ਸ਼ਰ੍ਹਾ ਦੇ ਅੰਦਰ ਭੁੱਲ-ਭੁਲਾਈਆਂ ਵਿਚ ਪਾ ਕੇ ਰੱਖਣ ਵਾਲਾ ਵਰਗ ਕਦੋਂ ਇਹ ਬਰਦਾਸ਼ਤ ਕਰ ਸਕਦਾ ਸੀ ਕਿ ਇਕ ਅਜਿਹੀ, ਗਿਆਨ ਪ੍ਰਕਾਸ਼ ਵਿਚ ਜਿਉਂਦੀ ਸੰਸਥਾ ਜਨਮ ਲਵੇ ਜੋ ਉਨ੍ਹਾਂ ਦੀ ਲੁੱਟ-ਕਸੁੱਟ ਨੂੰ ਦੂਰ ਕਰਕੇ, ਸੁਥਰਾ ਜੀਵਨ ਪ੍ਰਦਾਨ

ਕਰੇ। ਸੋ ਇਹ ਸਨ ਕਾਰਨ ਜੋ ਗੁਰੂ ਘਰ ਦੇ ਵਿਰੋਧ ਵਿਚ ਅੰਦਰ ਹੀ ਅੰਦਰ ਪਲ ਰਹੇ ਸਨ। ਉਹ ਨਹੀਂ ਚਾਹੁੰਦੇ ਸਨ ਕਿ ਸਾਰੀ ਸ੍ਰਿਸ਼ਟੀ ਨੂੰ ਰਾਹ ਦਿਖਾਉਣ ਵਾਲੀ ਧੁਰ ਤੋਂ ਆਈ ਬਾਣੀ ਦੀ ਸੁੱਚਤਾ, ਮੌਲਿਕਤਾ ਕਾਇਮ ਰਹੇ। ਉਹ ਇਸ ਵਿਚ ਹਨ੍ਹੇਰੇ ਦੀ ਅੰਸ ਰਲਾਉਣਾ ਚਾਹੁੰਦੇ ਸਨ ਜੋ ਗੁਰੂ ਜੀ ਕਿਸੇ ਵੀ ਸੂਰਤ ਉਪਰ ਪ੍ਰਵਾਨ ਨਹੀਂ ਕਰ ਸਕਦੇ ਸਨ। ਸਮਾਂ ਆ ਗਿਆ ਜਦੋਂ ਕਾਰਨਾਂ ਦੇ ਵਸ ਅਤੇ ਆਪਣੇ ਨਿੱਜੀ ਅਤਿ ਨਿੰਦਨੀ ਮਜ਼੍ਹਬੀ ਤਅੱਸਬ ਵਿਚ ਆਇਆ ਹੋਇਆ ਜਹਾਂਗੀਰ ਗੁਰੂ ਮਹਾਰਾਜ ਜੀ ਨੂੰ ਅਤਿ ਘਿਨੌਣੀਆਂ ਸਜ਼ਾਵਾਂ ਰਚ ਕੇ ਸ਼ਹੀਦ ਕਰ ਸਕੇ। ਖੁਸਰੋ ਦੀ ਬਗਾਵਤ ਸਮੇਂ ਉਸ ਭੁੱਖੇ ਨੂੰ ਲੰਗਰ ਪ੍ਰਸ਼ਾਦ ਛਕਾ ਦੇਣਾ ਇਕ ਨੇਕੀ ਦਾ ਕਰਮ ਸੀ ਪਰ ਉਸਨੂੰ ਬਹੁਤ ਚੁੱਭਿਆ ਅਤੇ ਬਹਾਨਾ ਮਿਲ ਗਿਆ। ਇਤਿਹਾਸਕਾਰਾਂ ਨੇ ਆਪਣੇ-ਆਪਣੇ ਭਾਵ ਪ੍ਰਗਟ ਕੀਤੇ ਹਨ।

ਗੁਰੂ ਮਹਾਰਾਜ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਹੋ ਗਿਆ। 15 ਮਈ 1606 ਈ. ਨੂੰ ਗੁਰੂ ਹਰਿਗੋਬਿੰਦ ਸਾਹਿਬ, ਜਿਨ੍ਹਾਂ ਦਾ ਸਰੀਰ ਅਜੇ ਬਾਲ ਅਵਸਥਾ ਵਿਚ ਸੀ, ਨੂੰ ਗੱਦੀ ਦੇ ਦਿਤੀ ਅਤੇ ਦੱਸ ਦਿਤਾ ਕਿ ਸ਼ਾਂਤਮਈ ਦੀ ਹੱਦ ਹੋਇਆ ਕਰਦੀ ਹੈ, ਉਸ ਤੋਂ ਲੰਘ ਕੇ ਆਪਣੇ ਸਰੀਰ ਦੀ ਅਹੂਤੀ ਦੇ ਕੇ ਸ਼ਹੀਦੀ ਪ੍ਰਾਪਤ ਕਰ ਲੈਣੀ ਇਕ ਸ਼ੁਭ ਤੇ ਪ੍ਰਮ ਪਵਿੱਤਰ ਕਰਮ ਹੈ। ਹਥਿਆਰ ਚੁੱਕ ਲੈਣਾ, ਉਸ ਵੇਲੇ ਇਨਸਾਨ ਦਾ ਸਿਰਫ ਹੱਕ ਹੀ ਨਹੀਂ ਹੋਇਆ ਕਰਦਾ, ਉਹਦਾ ਪਵਿੱਤਰ ਧਰਮ ਹੋਇਆ ਕਰਦਾ ਹੈ। ਇਨ੍ਹਾਂ ਗੱਲਾਂ ਨੂੰ ਅਤੇ ਸੁੱਚੇ ਜੀਵਨ ਵਿਚੋਂ ਨਿਕਲੇ ਆਦਰਸ਼ਕ ਜੀਵਨ ਦੀ ਸੁੱਚੀ ਕ੍ਰਿਆ ਨੂੰ ਰਾਜੇ ਕਦੇ ਵੀ ਅੱਖੋਂ ਓਹਲੇ ਨਹੀਂ ਕਰਦੇ। ਉਨ੍ਹਾਂ ਨੂੰ ਆਪਣਾ ਹਿੱਤ ਹੋਇਆ ਕਰਦਾ ਹੈ। ਕਿਵੇਂ ਜਨਤਾ ਨੂੰ ਅਣਜਾਣ ਰੱਖ ਕੇ ਭੰਬਲ-ਭੂਸਿਆਂ ਦੀ ਪਕੜ ਦੇ ਵਿਚ ਜਕੜ, ਆਪਸ ਵਿਚ ਬੇ-ਵਿਸ਼ਵਾਸ਼ੀ ਪੈਦਾ ਕਰਕੇ ਰਾਜ ਕੀਤਾ ਜਾਂਦਾ ਹੈ।

ਜਹਾਂਗੀਰ ਕੋਈ ਧਰਮੀ ਬੰਦਾ ਨਹੀਂ ਸੀ। ਕੁਰਾਨ ਸ਼ਰੀਫ ਦੇ ਉਪਦੇਸ਼ ਦੇ ਮੁਤਾਬਿਕ ਸ਼ਰਾਬ ਪੀਣੀ ਹਰਾਮ ਹੈ ਪਰ ਇਹ ਸ਼ਰਾਬ ਵਿਚ ਹੀ ਹਰ ਸਮੇਂ ਮਸਤ ਰਹਿੰਦਾ ਸੀ। ਇਹ ਲੋਕ ਧਰਮ ਨੂੰ ਇਕ ਬਹਾਨਾ ਬਣਾ ਕੇ ਉਸ ਲਈ ਕੀਤੇ ਪਾਪ ਨੂੰ ਪੁੰਨਾਂ ਵਿਚ ਬਦਲ ਕੇ ਆਪਣੀਆਂ ਮਨਮਾਨੀਆਂ ਲਈ ਇਕ ਸ਼ਾਹ-ਰਾਹ ਮੰਨ ਲਿਆ ਕਰਦੇ ਹਨ। ਸੋ ਗੁਰਸਿੱਖੀ ਦਾ ਚੜ੍ਹਦਾ ਸੂਰਜ ਅਤੇ ਉਸ ਦੇ ਪਵਿੱਤਰ ਜੀਵਨ ਵਿਚੋਂ ਨਿਕਲਣ ਵਾਲੇ ਸਿੱਟਿਆਂ ਤੋਂ ਕਿਵੇਂ ਅਣਜਾਣ ਰਹਿ ਸਕਦੇ ਸਨ। ਇਸੇ ਲਈ ਜਹਾਂਗੀਰ ਨੇ ਇਸ ਮਹਾਨ ਪਵਿੱਤਰ ਆਦਰਸ਼ ਨੂੰ ਝੂਠ ਦੀ ਦੁਕਾਨ ਕਹਿ ਘਿਨੌਣੇ ਭਾਵ ਪ੍ਰਗਟ ਕੀਤੇ ਅਤੇ ਉਸਦੀ ਅੰਦਰਲੀ ਮੈਲਾਂ ਭਰੀ, ਦੁਰਗੰਧ ਭਰੀ ਈਰਖਾ ਗੁਰੂ ਪੰਜਵੇਂ ਪਾਤਸ਼ਾਹ ਦੇ ਬਲੀਦਾਨ ਦਾ ਕਾਰਨ ਬਣੀ।

ਗੁਰੂ ਮਹਾਰਾਜ ਜੀ ਦੀ ਗ੍ਰਿਫਤਾਰੀ ਦਾ ਹੁਕਮ ਹੋ ਗਿਆ। ਆਪ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਂਦਾ ਗਿਆ। ਗੁਰੂ ਮਹਾਰਾਜ ਜੀ ਨੇ ਤੁਰਨ ਤੋਂ ਪਹਿਲਾਂ ਫੁਰਮਾਨ ਕੀਤਾ -

***ਸਾਡਾ ਲੱਗੇਗਾ ਸੀਸ, ਇਹ ਨਿਸ਼ਚਾ ਆਇਆ।***
***ਅਸਾਂ ਹੋਆ ਤੁਰਕਾਂ ਵਿਚ ਜਾਣਾ,***

***ਉਨ੍ਹਾਂ ਕਰਣੀ ਹੈ ਹੁੱਜਤ,***
***ਸਰੀਰ ਹੈ ਛੁਟਣਾ ਸੰਸਾ ਨਹੀਂ ਕੋਈ,***
***ਰਜਾਇ ਖਾਵੰਦ ਦੀ ਹੈ, ਇਸ ਤਰ੍ਹਾਂ ਹੋਈ।***

ਗੁਰੂ ਮਹਾਰਾਜ ਜੀ ਨਾਲ ਭਾਈ ਲੰਘਾਹਾ, ਭਾਈ ਬਿਧੀ ਚੰਦ, ਭਾਈ ਜੇਠਾ ਅਤੇ ਭਾਈ ਪਰਾਣਾ ਨਾਲ ਗਏ। ਆਪ ਜੀ ਦੀ ਜਹਾਂਗੀਰ ਦੇ ਪੇਸ਼ੀ ਹੋਈ, ਉਸ ਵਿਚ ਦੋਸ਼ ਲਾਇਆ ਕਿ ਆਪ ਦੇ ਪਾਸ ਚੋਰ ਅਤੇ ਡਾਕੂ; ਸਰਕਾਰੀ ਬਾਗੀ ਖੁਸਰੋ ਵਰਗੇ ਪਨਾਹ ਲੈਂਦੇ ਹਨ ਅਤੇ ਆਪ ਦੇਸ਼ ਦਾ ਅਮਨ ਭੰਗ ਕਰ ਰਹੇ ਹੋ। ਆਪ ਨੇ ਅਜਿਹਾ ਗ੍ਰੰਥ ਬਣਾਇਆ ਹੈ ਜਿਸ ਵਿਚ ਹਿੰਦੂਆਂ ਤੇ ਮੁਸਲਮਾਨਾਂ ਦੇ ਪ੍ਰਚਲਤ ਅਕੀਦਿਆਂ ਨੂੰ ਸੱਟ ਮਾਰੀ ਗਈ ਹੈ ਅਤੇ ਉਨ੍ਹਾਂ ਨੂੰ ਖੰਡਨ ਕੀਤਾ ਗਿਆ ਹੈ ਜਿਸ ਕਰਕੇ ਦੋਹਾਂ ਵਰਗਾਂ ਦੇ ਮੁਖੀਆਂ ਨੂੰ ਖੇਦ ਪਹੁੰਚਿਆ ਹੈ। ਇਸ ਕਰਕੇ ਅਜਿਹੇ ਬਚਨ ਕੱਟ ਦਿਤੇ ਜਾਣ ਅਤੇ ਉਸ ਦੀ ਥਾਂ ਮੁਹੰਮਦ ਸਾਹਿਬ ਦੇ ਪਵਿੱਤਰ ਜੀਵਨ ਦੀ ਸਿਫਤ ਉਸ ਵਿਚ ਲਿਖ ਦਿਤੀ ਜਾਵੇ। ਆਪ ਨੂੰ ਯਾਸ਼ਾ ਰਾਹੀਂ ਮੌਤ ਦਾ ਦੰਡ ਦਿਤਾ ਜਾਂਦਾ ਹੈ ਜਿਸ ਤੋਂ ਬਚਣ ਦਾ ਕੇਵਲ ਇਕੋ-ਇਕ ਰਾਹ, ਆਪ ਦਾ ਇਸਲਾਮ ਧਾਰਨ ਕਰਨਾ ਹੀ ਹੈ। ਗੁਰੂ ਮਹਾਰਾਜ ਜੀ ਨੇ ਸਮਝਾਉਣ ਦਾ ਯਤਨ ਕੀਤਾ ਪਰ ਨਾ ਹੀ ਉਨ੍ਹਾਂ ਸਰੀਰਾਂ ਵਿਚ ਬੁੱਧੀ ਦੀ ਕੋਈ ਅੰਸ ਬਚਦੀ ਸੀ, ਕੁਬੁੱਧੀ ਦੇ ਮਹਾਨ ਹਨ੍ਹੇਰ ਘੁੱਪ ਨੇ ਉਨ੍ਹਾਂ ਨੂੰ ਘੇਰਿਆ ਹੋਇਆ ਸੀ, ਨਾ ਹੀ ਕਿਸੇ ਕਾਨੂੰਨ ਦਾ ਸਨਮਾਨ ਉਨ੍ਹਾਂ ਦੇ ਅੰਦਰ ਸੀ। ਜੇ ਕੋਈ ਭਾਵਨੀ ਸੀ ਤਾਂ ਕੇਵਲ ਇਕੋ-ਇਕ ਸੀ- ਕਿਸੇ ਤਰ੍ਹਾਂ ਨਾਲ ਇਸ ਪ੍ਰਕਾਸ਼ਮਈ ਚਲਦੀ ਸੀਤਲ ਨਦੀ ਨੂੰ, ਸੋਮੇ ਸਮੇਤ ਬੰਦ ਕਰ ਦਿਤਾ ਜਾਵੇ ਅਤੇ ਗੁਰੂ ਮਹਾਰਾਜ ਜੀ ਨੂੰ ਯਾਸ਼ਾ ਰਾਹੀਂ ਸ਼ਹੀਦ ਕਰ ਦਿਤਾ ਜਾਵੇ।

ਹੁਕਮ ਦੀ ਪਾਲਣਾ ਸ਼ੁਰੂ ਹੋ ਗਈ। ਇਕ ਹਵੇਲੀ ਵਿਚ ਲਿਜਾ ਕੇ ਗੁਰੂ ਮਹਾਰਾਜ ਜੀ ਨੂੰ ਨਾ ਹੀ ਪਾਣੀ ਦਿਤਾ ਗਿਆ, ਨਾ ਹੀ ਕੁਝ ਛਕਣ ਵਾਸਤੇ ਦਿਤਾ ਗਿਆ। ਜੇਠ ਦੀ ਕੜਕਦੀ ਧੁੱਪ ਵਿਚ ਖੜ੍ਹਾ ਕੀਤਾ ਗਿਆ। ਦੂਸਰੇ ਦਿਨ ਇਕ ਦੇਗ ਮੰਗਾਈ ਗਈ, ਹੁਕਮ ਕੀਤਾ ਗਿਆ ਕਿ ਇਨ੍ਹਾਂ ਨੂੰ ਦੇਗ ਵਿਚ ਚੁੱਕ ਕੇ ਸੁੱਟ ਦਿਤਾ ਜਾਵੇ ਅਤੇ ਦੇਗ ਦਾ ਪਾਣੀ ਉਬਾਲ ਕੇ ਸਰੀਰ ਨੂੰ ਰਿੰਨ੍ਹ ਦਿਤਾ ਜਾਵੇ। ਇਹ ਸਾਰੀਆਂ ਸਜ਼ਾਵਾਂ ਭੁੱਲੜ ਚੰਦੂ ਦੀ ਦੇਖ-ਰੇਖ ਵਿਚ ਦਿਤੀਆਂ ਜਾ ਰਹੀਆਂ ਸਨ। ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ -

***ਕਹਿ ਚਾਕਰ ਸੋਂ ਦੇਗ ਉਬਾਰੀ।***
***'ਪਕਰੋ ਦੇਹੁ ਤਿਸੀ ਮਹਿਂ ਡਾਰੀ'।।***
***ਤਬਿ ਸਤਿਗੁਰੂ ਉਠਿ ਆਪੇ ਗਏ।***
***ਤਪਤਿ ਨੀਰ ਮਹਿਂ ਬੈਠਤਿ ਭਏ।***

***ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ, ਪੰਨਾ - 2364***

ਆਪ ਦੇ ਚਿਹਰੇ ਉਪਰ ਕਰੂਰਤਾ ਦਾ ਕੋਈ ਵੀ ਚਿੰਨ ਨਹੀਂ ਸੀ ਸਗੋਂ ਆਪ ਦੀ ਸੁਰਤ, ਪ੍ਰਭੂ ਪ੍ਰੇਮ ਵਿਚ ਪ੍ਰੋਤੀ, ਪ੍ਰਭੂ ਨਾਲ ਇਕ-ਮਿਕ ਹੋਈ ਉਚਾਰ ਰਹੀ ਸੀ -

***ਜਹ ਬੈਸਾਲਹਿ ਤਹ ਬੈਸਾ ਸੁਆਮੀ***

*ਜਹ ਭੇਜਹਿ ਤਹ ਜਾਵਾ॥*
*ਸਭ ਨਗਰੀ ਮਹਿ ਏਕੋ ਰਾਜਾ*
*ਸਭੇ ਪਵਿਤੁ ਹਹਿ ਥਾਵਾ॥* *ਅੰਗ - 933*

ਰੂਹਾਨੀ ਸ਼ਕਤੀਆਂ ਦੇ ਭੰਡਾਰ ਹੁੰਦੇ ਹੋਏ ਕੋਈ ਫੁਰਨਾ ਵੀ ਨਹੀਂ ਕਰ ਰਹੇ ਸਨ ਕਿ ਭੁੱਲੜਾਂ ਨੂੰ ਪੂਰੀ ਸਜ਼ਾ ਦਿਤੀ ਜਾਵੇ, ਉਸ ਦੀ ਥਾਂ ਸ਼ਾਂਤ ਚਿੱਤ ਪ੍ਰਭੂ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਸਨ। ਭਾਈ ਪਰਾਣਾ ਜੀ ਇਹ ਦ੍ਰਿਸ਼ ਦੇਖ ਕੇ ਸਹਿਨ ਨਾ ਕਰ ਸਕੇ ਅਤੇ ਦੋਨੋਂ ਬਾਹਾਂ ਉਚੀਆਂ ਕਰਕੇ ਜਦੋਂ ਤਾਲੀ ਵਜਾਉਣ ਲੱਗੇ, ਉਸ ਸਮੇਂ ਗੁਰੂ ਮਹਾਰਾਜ ਜੀ ਨੇ ਉਚੀ ਅਵਾਜ਼ ਦੇ ਕੇ ਰੋਕ ਦਿਤਾ ਅਤੇ ਕਿਹਾ ਕਿ ਸ਼ਕਤੀ ਨਹੀਂ ਦਿਖਾਉਣੀ। ਇਹ ਜੋ ਕੁਝ ਹੋ ਰਿਹਾ ਹੈ, ਇਹ ਵਾਹਿਗੁਰੂ ਜੀ ਦੇ ਭਾਣੇ ਵਿਚ ਹੋ ਰਿਹਾ ਹੈ, ਇਸ ਨੂੰ ਅਸੀਂ ਮਿੱਠਾ ਕਰਕੇ ਮੰਨ ਰਹੇ ਹਾਂ। ਆਪ ਜੀ ਪ੍ਰਭੂ ਨਾਲ ਸਨਮੁਖ ਹੋ ਕੇ ਫੁਰਮਾਨ ਕਰ ਰਹੇ ਨੇ -

*ਹਮ ਨੇ ਇਮ ਹੀ ਕਾਰਨ ਕਰਨਾ।*
*ਤੂੰ ਨਹਿਂ ਲਖੈਂ ਏਵ ਆਚਰਨਾ।*
*ਸ੍ਰੀ ਸੂਰਜ ਗ੍ਰੰਥ ਪ੍ਰਕਾਸ਼, ਪੰਨਾ - 2365*

ਤਨ ਨੂੰ ਪੀੜ ਹੋ ਰਹੀ ਹੈ ਪਰ ਆਪ ਦੀ ਸੁਰਤ ਚੜ੍ਹਦੀ ਕਲਾ ਵਿਚ ਜਾ ਰਹੀ ਹੈ। ਜਿਵੇਂ ਪ੍ਰਬਤ ਨੂੰ ਝੱਖੜ ਹਿਲਾ ਨਹੀਂ ਸਕਦਾ, ਇਸ ਤਰ੍ਹਾਂ ਨਾਲ ਕੋਈ ਵੀ ਦਿਤਾ ਜਾ ਰਿਹਾ ਕਸ਼ਟ ਗੁਰੂ ਮਹਾਰਾਜ ਜੀ ਦੀ ਅਡੋਲਤਾ ਵਿਚ ਫਰਕ ਨਹੀਂ ਲਿਆ ਸਕਦਾ ਸੀ -

*ਤਨ ਪੀਰਾ ਤੇ ਡਿਗੀ ਨ ਸੋਈ।*
*ਮੇਰੁ ਹਿਲਾਇ ਨ ਜਿਮ ਨਰ ਕੋਈ।*

ਪਾਣੀ ਉਬਲ ਕੇ ਕੰਢਿਆਂ ਤੋਂ ਬਾਹਰ ਆ ਰਿਹਾ ਸੀ। ਗੁਰੂ ਮਹਾਰਾਜ ਜੀ ਦੇਗ ਵਿਚ ਬੈਠੇ, ਕੋਈ ਵੀ ਫੁਰਨਾ ਨਹੀਂ ਕਰ ਰਹੇ ਸਨ। ਆਪ ਨੂੰ ਬਾਹਰ ਕੱਢਿਆ ਗਿਆ। ਤਨ ਦੀ ਪੀੜਾ ਅਸਹਿ ਸੀ। ਦੂਸਰੇ ਦਿਨ ਇਕ ਤਵੀ ਦੇ ਹੇਠਾਂ ਅੱਗ ਜਲਾ ਕੇ ਉਸਨੂੰ ਲਾਲ ਕੀਤਾ ਗਿਆ, ਉਸ ਉਪਰ ਗੁਰੂ ਮਹਾਰਾਜ ਜੀ ਨੂੰ ਬੈਠਣ ਦਾ ਹੁਕਮ ਦਿਤਾ। ਆਪ ਅਡੋਲ ਲਾਲ ਰੰਗ ਦੀ ਹੋਈ ਲੋਹ ਉਪਰ ਬੈਠ ਗਏ, ਮਾਸ ਜਲਣ ਦੀ ਕ੍ਰਿਆ ਵਾਪਰੀ। ਮੀਆਂ ਮੀਰ ਨੂੰ ਪਤਾ ਲਗਿਆ, ਉਹ ਬਹੁਤ ਕਾਹਲੀ ਨਾਲ ਅਤਿ ਦੁਖਿਤ ਹੋਇਆ, ਗੁਰੂ ਮਹਾਰਾਜ ਜੀ ਦੇ ਸਨਮੁਖ ਆ ਕੇ ਕਹਿਣ ਲੱਗਿਆ ਕਿ ਪਾਤਸ਼ਾਹ! ਅਸਾਥੋਂ ਆਪ ਦੀ ਇਹ ਨਿਰਾਦਰੀ ਸਹਿਨ ਨਹੀਂ ਹੋ ਸਕਦੀ। ਹੁਕਮ ਦੇਵੋ, ਮੈਂ ਆਗਰੇ ਤੇ ਲਾਹੌਰ ਦੀ ਇੱਟ ਨਾਲ ਇੱਟ ਵਜਾ ਦੇਵਾਂ। ਆਪ ਸ਼ਕਤੀ ਸੰਪੰਨ ਮਹਾਂਪੁਰਸ਼ ਸਨ ਜਿਨ੍ਹਾਂ ਦੀ ਉਚਤਾਈ ਨੂੰ ਅਨੁਭਵ ਕਰਕੇ ਗੁਰੂ ਮਹਾਰਾਜ ਜੀ ਨੇ ਮਹਾਂ ਪਵਿੱਤਰ ਹਰਿਮੰਦਰ ਦੀ ਨੀਂਹ ਇਸ ਮਹਾਂਪੁਰਸ਼ ਦੇ ਕਰ-ਕਮਲਾਂ ਰਾਹੀਂ ਰਖਾਈ ਸੀ। ਮਹਾਰਾਜ ਜੀ ਕਹਿਣ ਲੱਗੇ ਕਿ ਪੀਰ ਜੀ! ਇਹ ਸਾਰਾ ਆਤਮ ਪਸਾਰਾ ਹੈ ਅਤੇ ਦਿਖਣ ਵਾਲਾ ਪਰਪੰਚ ਮਿਥਿਆ ਹੈ। ਆਤਮਾ ਸਦਾ ਅਸੰਗ ਹੈ। ਪ੍ਰਮੇਸ਼ਰ ਤੋਂ ਬਿਨਾਂ ਇਸ ਸੰਸਾਰ ਵਿਚ ਹੋਰ ਕੋਈ ਹੈ ਨਹੀਂ। ਇਹ ਦ੍ਰਿਸ਼ਟੀ ਮੀਆਂਮੀਰ ਜੀ ਨੇ ਸੁਖਮਨੀ ਸਾਹਿਬ ਜੀ ਵਿਚੋਂ ਪੜ੍ਹੀ ਸੀ -

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮਗਿਆਨੀ ਹੋਇ॥*

*ਅੰਗ - 272*

*ਬ੍ਰਹਮ ਗਿਆਨੀ ਕੈ ਧੀਰਜੁ ਏਕ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥*

*ਅੰਗ - 272*

ਅਤੇ ਇਹ ਵੀ ਪੜ੍ਹਿਆ ਸੀ -

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥*

*ਪੰਨਾ - 275*

ਕਹਿਣ ਲੱਗੇ, ਪੀਰ ਜੀ! ਤੁਸੀਂ ਆਪ ਹੀ ਦੱਸੋ, ਇਸ ਸੰਸਾਰ ਵਿਚ ਅਲਾਹ ਤੋਂ ਬਗੈਰ ਹੋਰ ਵੀ ਕੋਈ ਹੈ? ਆਪ ਤਾਂ ਦਿਬਯ ਦ੍ਰਿਸ਼ਟ ਪ੍ਰਾਪਤ ਮਹਾਂਪੁਰਸ਼ ਹੋ; ਇਹ ਜੋ ਕੁਝ ਹੋ ਰਿਹਾ ਹੈ, ਇਕ ਸੁਪਨੇ ਦਾ ਪਰਪੰਚ ਹੈ। ਆਤਮਾ ਨੂੰ ਕੋਈ ਮਾਰ ਨਹੀਂ ਸਕਦਾ, ਜਲਾ ਨਹੀਂ ਸਕਦਾ, ਸੁਕਾ ਨਹੀਂ ਸਕਦਾ, ਟੁਕੜੇ ਨਹੀਂ ਕਰ ਸਕਦਾ; ਉਹ ਸਦਾ ਹੀ ਅਚੱਲ ਤੇ ਅਸੰਗ ਸਤਿ ਚਿਤ ਅਨੰਦ ਸਮਾਧਿਸ਼ਟ ਰੂਪ ਹੈ। ਜਿਸ ਤਵੀ ਉਪਰ ਅਸੀਂ ਬੈਠੇ ਹਾਂ, ਜੋ ਅੱਗ ਜਾਲੀ ਜਾ ਰਹੀ ਹੈ, ਪ੍ਰਭੂ ਇਸ ਦੇ ਕਣ-ਕਣ ਵਿਚ ਸਮਾਇਆ ਹੋਇਆ ਹੈ, ਆਪ ਹੀ ਅਗਨ ਰੂਪ ਹੈ, ਆਪ ਹੀ ਇਸ ਸਮੇਂ ਇਨ੍ਹਾਂ ਜਲਾਦਾਂ ਦੇ ਰੂਪ ਵਿਚ ਹੈ, ਆਪ ਹੀ ਹੁਕਮ ਦੇਣ ਵਾਲਾ ਹੈ ਅਤੇ ਆਪ ਹੀ ਹੁਕਮ ਮੰਨਣ ਵਾਲਾ ਹੈ ਤਾਂ ਫਿਰ ਸਰਾਪ ਕਿਸ ਨੂੰ ਦਿਤਾ ਜਾਵੇ। ਜੋ ਕੁਝ ਹੋ ਰਿਹਾ ਹੈ, ਇਹ ਮੇਰੇ ਪ੍ਰਭੂ ਦਾ ਭਾਣਾ ਹੈ -

*ਰਹੇ ਬਦੇਹੀ ਹੋਇ ਦ੍ਰਿੜ੍ਹ ਬ੍ਰਹਮਗਿਆਨ ਨੀਕ।*
*ਜੋ ਬਰਨਿਓ ਮਧ ਸੁਖਮਨੀ ਪਾਲ ਦਿਖਾਇਓ ਠੀਕ।*
*ਅਜਰ ਜਰਨਿ ਕੀ ਔਧਿ ਜਨਾਈ।*
*ਇਤੇ ਕਸ਼ਟ ਤੇ ਨਹੀਂ ਦਿਖਾਈ।*
*ਇੰਦ੍ਰ ਆਦਿ ਜੇਤਿਕ ਸੁਰ ਸਾਰੇ।*
*ਚੱਕ੍ਰਿਤ ਚਿਤ ਗੁਰਿ ਚਲਿਤ ਨਿਹਾਰੇ॥*
*'ਧੰਨ ਜ ਧੰਨ ਜ' ਸਭ ਕਰਹਿ ਬਖਾਨਾ।*

*'ਇਨ ਤੇ ਬਿਨਾ ਨ ਐਸੋ ਆਨਾ।'*

*ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ, ਪੰਨਾ – 2369*

ਆਪ ਨੇ ਪੀਰ ਜੀ ਨੂੰ ਸੰਬੋਧਨ ਕਰਕੇ ਫੁਰਮਾਇਆ –

*ਤੇਰਾ ਕੀਆ ਮੀਠਾ ਲਾਗੈ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥*

*ਅੰਗ – 394*

ਗੁਰੂ ਮਹਾਰਾਜ ਜੀ ਦੀ ਅਜੱਰ ਜਰਨ ਦੀ ਮਾਨਸਿਕ ਅਵਸਥਾ ਨੂੰ ਵੇਖ ਕੇ ਮੀਆਂ ਮੀਰ ਦਾ ਸੀਸ ਨਿਵ ਗਿਆ ਅਤੇ ਫੁਰਮਾਇਆ ਕਿ ਹੇ ਗੁਰੂ ਮਹਾਰਾਜ! ਇਕ ਤੂੰ ਹੀ ਹੈਂ ਜੋ ਐਸੇ ਹਾਲਾਤ ਨੂੰ ਸਮ ਅਵਸਥਾ ਵਿਚ ਵੇਖ ਰਿਹਾ ਹੈਂ। ਕਿਸੇ ਪੀਰ, ਰਿਸ਼ੀ-ਮੁਨੀ ਵਿਚ ਸ਼ਕਤੀ ਨਹੀਂ ਹੈ ਕਿ ਸਬਰ ਨੂੰ ਦ੍ਰਿੜ੍ਹ ਕਰੇ ਅਤੇ ਸਭ ਕੁਝ ਹੁੰਦਿਆਂ ਹੋਇਆਂ ਫੇਰ ਵੀ ਸਰਬੱਤ ਦੇ ਭਲੇ ਦੀ ਭਾਵਨੀ ਮਨ ਵਿਚ ਰੱਖੇ।

ਸੂਰਜ ਪ੍ਰਕਾਸ਼ ਵਿਚ ਆਉਂਦਾ ਹੈ ਕਿ ਅੰਤਰਜਾਮਤਾ ਦੇ ਬਲ ਨਾਲ ਗੋਰਖ ਨੇ ਸਮਾਧੀ ਵਿਚ ਦ੍ਰਿਸ਼ ਦੇਖਿਆ, ਜਿਸ ਕਾਰਨ ਉਹ ਇਸ ਦ੍ਰਿਸ਼ ਨੂੰ ਦੇਖ ਕੇ ਘਬਰਾ ਗਿਆ। ਅਦ੍ਰਿਸ਼ਟ ਰੂਪ ਵਿਚ ਗੁਰੂ ਮਹਾਰਾਜ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਬੇਨਤੀ ਕਰਦਾ ਹੈ ਕਿ ਮੈਂ ਇਨ੍ਹਾਂ ਦੁਸ਼ਟਾਂ ਨੂੰ ਗਰਕ ਕਰ ਦੇਵਾਂ, ਆਗਿਆ ਦੇਵੋ। ਗੁਰੂ ਮਹਾਰਾਜ ਜੀ! ਜੇ ਇਨ੍ਹਾਂ ਨੂੰ ਸਬਕ ਨਾ ਦਿਤਾ ਗਿਆ ਤਾਂ ਇਹ ਦੁਸ਼ਟ, ਸੰਤਾਂ ਨੂੰ ਦੁਖੀ ਕਰਦੇ ਰਹਿਣਗੇ। ਇਨ੍ਹਾਂ ਦਾ ਭੈਅ ਦੂਰ ਹੋ ਜਾਵੇਗਾ ਅਤੇ ਰੱਬ ਦੇ ਪਿਆਰਿਆਂ ਦੀ ਨਿਰਾਦਰੀ ਸ਼ੁਰੂ ਹੋ ਜਾਵੇਗੀ। ਜੇ ਤੁਸੀਂ ਸ਼ਕਤੀ ਨਹੀਂ ਦਿਖਾਉਣੀ ਤਾਂ ਮੈਨੂੰ ਆਗਿਆ ਦੇਵੋ –

*ਨਾਂਹਿ ਤ ਦੁਸ਼ਟ ਹੰਕਾਰੀ ਹੋਇ॥*
*ਦੇਹਿ ਕਸ਼ਟ ਸੰਤਨਿ ਸਭਿ ਕੋਇ'।*

*ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ, ਪੰਨਾ – 2370*

ਮਹਾਰਾਜ ਜੀ ਕਹਿਣ ਲੱਗੇ ਕਿ ਗੋਰਖ! ਅਸੀਂ ਸਬਰ ਤੇ ਸ਼ੁਕਰ ਦਾ ਸਬਕ, ਆਉਣ ਵਾਲੇ ਜਗਿਆਸੂਆਂ ਨੂੰ ਆਪਣੇ ਉਤੇ ਵਰਤਾ ਕੇ ਦ੍ਰਿੜ੍ਹ ਕਰਾ ਰਹੇ ਹਾਂ। ਤੁਸੀਂ ਚਿੰਤਾ ਨਾ ਕਰੋ, ਅਜਿਹਾ ਅਸੀਂ ਆਪਣੀ ਇੱਛਾ ਨਾਲ ਹੀ ਕਰ ਰਹੇ ਹਾਂ। ਅਸਾਡੇ ਅੰਦਰ ਨਾਮ ਦੀ ਠੰਢਕ ਇਸ ਅਗਨ ਦੀ ਤਪਸ਼ ਨੂੰ ਨੇੜੇ ਨਹੀਂ ਆਉਣ ਦਿੰਦੀ। ਇਹ ਇਕ ਸਬਕ ਹੈ ਜੋ ਆਉਣ ਵਾਲੀ ਦੁਨੀਆਂ ਨੂੰ ਰਾਹ ਦਿਖਾਵੇਗਾ। ਅੰਦਰ ਬਾਹਰ ਪ੍ਰਭੂ ਨੂੰ ਪਸਰਿਆ ਹੋਇਆ ਕਹਿਣਾ ਬਹੁਤ ਆਸਾਨ ਹੈ ਪਰ ਉਸ ਨੂੰ ਜਲਦੀ ਅੱਗ, ਤਪਦੀ ਲੋਹ, ਸੀਸ ਪੈਂਦੇ ਤਪਦੇ ਰੇਤੇ ਅਤੇ ਪਾਣੀ ਦੇ ਉਬਾਲਾਂ ਵਿਚੋਂ ਪ੍ਰਭੂ ਨੂੰ ਦੇਖਣਾ ਅਤੇ ਵਰਤਣਾ ਬਹੁਤ ਔਖਾ ਹੈ। ਇਹ ਇਕ ਸਬਕ ਹੈ ਜੋ ਅਸੀਂ ਸੰਸਾਰ ਨੂੰ ਦੇ ਰਹੇ ਹਾਂ –

*ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥*
*ਅੰਤਰਿ ਬਾਹਰਿ ਏਕੁ ਪਛਾਣੈ*
*ਇਉ ਘਰੁ ਮਹਲੁ ਸਿਞਾਪੈ॥ ਅੰਗ – 930*

ਸਰੀਰ ਛੱਡ ਜਾਣਾ ਜਾਂ ਰੱਖ ਲੈਣਾ ਗੁਰਮੁਖਾਂ ਦੇ ਆਪਣੇ ਹੱਥ ਵਿਚ

ਹੋਇਆ ਕਰਦਾ ਹੈ। ਕਈ ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਮਹਾਰਾਜ ਜੀ ਨੂੰ ਬੰਨ੍ਹ ਕੇ ਰਾਵੀ, ਜੋ ਉਸ ਸਮੇਂ ਕਿਲੇ ਦੇ ਨਾਲ ਲਗਦੀ ਚਲਿਆ ਕਰਦੀ ਸੀ, ਵਿਚ ਰੁੜ੍ਹਾ ਦਿਤਾ। ਇਹ ਸ਼ਹੀਦੀ ਸਾਰੀ ਦੁਨੀਆਂ ਦੇ ਇਤਿਹਾਸ ਵਿਚ ਅਲੌਕਿਕ ਹੈ ਜੋ ਸਾਰੀਆਂ ਸ਼ਕਤੀਆਂ ਦੇ ਮਾਲਕ ਹੁੰਦਿਆਂ ਹੋਇਆਂ ਭੀ ਸਬਰ, ਸ਼ੁਕਰ ਅਤੇ ਵਾਹਿਗੁਰੂ ਦੇ ਭਾਣੇ ਵਿਚ ਰਹਿ ਕੇ ਮਨੁਖਤਾ ਨੂੰ ਸੁੱਚੇ ਆਦਰਸ਼ਾਂ ਵਿਚ ਉਭਾਰਨ ਲਈ, ਨਿਰਭੈਤਾ ਦਾ ਜੀਵਨ ਬਖਸ਼ਣ ਲਈ ਇਕ ਅਦੁੱਤੀ ਮਿਸਾਲ ਹੈ; ਇਹ ਕੋਈ ਅਤਿਕਥਨੀ ਨਹੀਂ। ਮਹਾਂਪੁਰਸ਼ ਭਾਵੇਂ ਕਿਸੇ ਵੀ ਧਰਮ ਨਾਲ, ਕਿਸੇ ਵੀ ਦੇਸ਼ ਨਾਲ ਸਬੰਧ ਰਖਦਾ ਹੋਵੇ ਜਿਸ ਵਿਚ ਸਤਿ ਦਾ ਪ੍ਰਕਾਸ਼ ਪੂਰਨਤਾ ਨਾਲ ਹੋ ਗਿਆ ਹੋਵੇ, ਉਨ੍ਹਾਂ ਦੀ ਲੀਲ੍ਹਾ ਨਿਆਰੀ ਤੇ ਅਗੰਮ ਹੋਣ ਕਰਕੇ ਸਮਝਣੀ ਬਹੁਤ ਔਖੀ ਹੈ ਕਿਉਂਕਿ –

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ॥*
*ਭਾਈ ਗੁਰਦਾਸ ਜੀ, ਵਾਰ ੩੪/੧*

*ਸਤਿਗੁਰੁ ਪੁਰਖੁ ਅਗੰਮੁ ਹੈ*
*ਜਿਸੁ ਅੰਦਰਿ ਹਰਿ ਉਰਿਧਾਰਿਆ॥*
*ਸਤਿਗੁਰੂ ਨੋ ਅਪੜਿ ਕੋਇ ਨ ਸਕਈ*
*ਜਿਸੁ ਵਲਿ ਸਿਰਜਣਹਾਰਿਆ॥*
*ਸਤਿਗੁਰੂ ਕਾ ਖੜਗੁ ਸੰਜੋਉ ਹਰਿ ਭਗਤਿ ਹੈ*
*ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ॥*
*ਸਤਿਗੁਰੂ ਕਾ ਰਖਣਹਾਰਾ ਹਰਿ ਆਪਿ ਹੈ*
*ਸਤਿਗੁਰੂ ਕੈ ਪਿਛੈ ਹਰਿ ਸਭਿ ਉਬਾਰਿਆ॥*
*ਜੋ ਮੰਦਾ ਚਿਤਵੈ ਪੂਰੇ ਸਤਿਗੁਰੂ ਕਾ*
*ਸੋ ਆਪਿ ਉਪਾਵਣਹਾਰੈ ਮਾਰਿਆ॥*
*ਏਹ ਗਲ ਹੋਵੈ ਹਰਿ ਦਰਗਹ ਸਚੇ ਕੀ*
*ਜਨ ਨਾਨਕ ਅਗਮੁ ਵੀਚਾਰਿਆ॥ ਅੰਗ – 312*

*ਸਤਿਗੁਰੁ ਪੁਰਖੁ ਦਇਆਲੁ ਹੈ*
*ਜਿਸ ਨੋ ਸਮਤੁ ਸਭੁ ਕੋਇ॥*
*ਏਕ ਦ੍ਰਿਸਟਿ ਕਰਿ ਦੇਖਦਾ*
*ਮਨ ਭਾਵਨੀ ਤੇ ਸਿਧਿ ਹੋਇ॥*
*ਸਤਿਗੁਰ ਵਿਚਿ ਅੰਮ੍ਰਿਤੁ ਹੈ*
*ਹਰਿ ਉਤਮੁ ਹਰਿ ਪਦੁ ਸੋਇ॥*
*ਨਾਨਕ ਕਿਰਪਾ ਤੇ ਹਰਿ ਧਿਆਈਐ*
*ਗੁਰਮੁਖਿ ਪਾਵੈ ਕੋਇ॥ ਅੰਗ – 300*

ਐਸੇ ਸਤਿਗੁਰ ਨਾਲ ਵੈਰ ਕਰਕੇ ਇਨ੍ਹਾਂ ਭੁੱਲੜਾਂ ਨੇ ਸਦਾ ਲਈ ਆਪਣੇ ਆਪ ਨੂੰ ਕਲੰਕਿਤ ਕਰ ਲਿਆ। ਸ਼ਹੀਦ ਹੋ ਜਾਣਾ ਹਾਰ ਨਹੀਂ ਹੋਇਆ ਕਰਦੀ ਪਰ ਭਵਿੱਖਤ ਵਿਚ ਆਉਣ ਵਾਲਿਆਂ ਦੀ ਜਿੱਤ ਹੋਇਆ ਕਰਦੀ ਹੈ। ਨਿਰਵੈਰਾਂ ਨਾਲ ਵੈਰ ਕਰਨ ਵਾਲੇ ਪਚ ਜਾਂਦੇ ਹਨ। ਅੱਜ ਕਿਥੇ ਹਨ ਉਹ ਭੁੱਲੜ ਬੰਦੇ

ਜਿਨ੍ਹਾਂ ਨੇ ਨਿਰਵੈਰ ਨਾਲ ਵੈਰ ਕੀਤਾ। ਪਰ ਗੁਰੂ ਮਹਾਰਾਜ ਜੀ ਸਦਾ-ਸਦਾ ਅਮਰ ਹਨ। ਉਨ੍ਹਾਂ ਦੀ ਮਹਾਨ ਸ਼ਹੀਦੀ ਸਦਾ ਹੀ ਪ੍ਰੇਰਨਾ ਦਿੰਦੀ ਰਹੇਗੀ ਅਤੇ ਮਨੁੱਖ ਨੂੰ ਆਪਣੇ ਹੱਕਾਂ ਲਈ ਸ਼ਕਤੀ ਪ੍ਰਦਾਨ ਕਰਦੀ ਰਹੇਗੀ -

*ਸਤਿਗੁਰ ਪੁਰਖੁ ਨਿਰਵੈਰੁ ਹੈ*
*ਨਿਤ ਹਿਰਦੈ ਹਰਿ ਲਿਵ ਲਾਇ॥*
*ਨਿਰਵੈਰੈ ਨਾਲਿ ਵੈਰੁ ਰਚਾਇਦਾ*
*ਅਪਣੈ ਘਰਿ ਲੂਕੀ ਲਾਇ॥*
*ਅੰਤਰਿ ਕ੍ਰੋਧੁ ਅੰਹਕਾਰੁ ਹੈ*
*ਅਨਦਿਨੁ ਜਲੈ ਸਦਾ ਦੁਖੁ ਪਾਇ॥*
*ਕੂੜੁ ਬੋਲਿ ਬੋਲਿ ਨਿਤ ਭਉਕਦੇ*
*ਬਿਖੁ ਖਾਧੇ ਦੂਜੈ ਭਾਇ॥*
*ਬਿਖੁ ਮਾਇਆ ਕਾਰਣਿ ਭਰਮਦੇ*
*ਫਿਰਿ ਘਰਿ ਘਰਿ ਪਤਿ ਗਵਾਇ॥*
*ਬੇਸੁਆ ਕੇਰੇ ਪੂਤ ਜਿਉ ਪਿਤਾ ਨਾਮੁ ਤਿਸੁ ਜਾਇ॥*
*ਹਰਿ ਹਰਿ ਨਾਮੁ ਨ ਚੇਤਨੀ ਕਰਤੈ ਆਪਿ ਖੁਆਇ॥*
*ਹਰਿ ਗੁਰਮੁਖਿ ਕਿਰਪਾ ਧਾਰੀਅਨੁ*
*ਜਨ ਵਿਛੁੜੇ ਆਪਿ ਮਿਲਾਇ॥ ਅੰਗ - 1415*

ਅੱਜ ਇਸ ਮਹਾਨ ਘਟਨਾ ਨੂੰ ਅਸਾਨੂੰ ਵਿਚਾਰ ਕੇ ਸਮੁੱਚੇ ਸੰਸਾਰ ਨੂੰ ਆਪਣਾ ਸਮਝਣਾ ਚਾਹੀਦਾ ਹੈ। ਭੇਖਾਂ-ਭਰਮਾਂ ਤੋਂ ਨਿਆਰੇ ਹੋ ਕੇ ਵਹਿਮ ਪ੍ਰਸਤੀ ਤੇ ਭਰਮਾਂ ਦੇ ਪਾਏ ਬੰਧਨਾਂ ਨੂੰ ਦੂਰ ਕਰਕੇ ਮਨੁੱਖ ਮਾਤਰ ਦੀ ਸੇਵਾ ਵਿਚ ਜੁਟ ਜਾਣਾ ਚਾਹੀਦਾ ਹੈ। ਸਭ ਤੋਂ ਵੱਡੀ ਸੇਵਾ ਪ੍ਰਭੂ ਦਾ ਨਾਮ ਜਪ ਕੇ ਇਕ ਅੰਤਰੀਵੀ ਭਾਵਨਾ ਪੈਦਾ ਕਰਕੇ ਸੰਸਾਰ ਦਾ ਭਲਾ ਮੰਗਣਾ ਹੈ। ਇਕੋ ਅਰਦਾਸ ਕਰੀਏ, ਹੇ ਪ੍ਰਭੂ!

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥*
*ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ॥*
*ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰ॥ ਅੰਗ - 853*

ਗੁਰੂ ਮਹਾਰਾਜ ਜੀ ਸਦਾ ਅਮਰ ਹਨ, ਹਾਜ਼ਰ ਨਾਜ਼ਰ ਹਨ। ਸੰਸਾਰ ਤੋਂ ਜਾਣਾ ਸਭ ਨੇ ਹੀ ਹੈ; ਇਕਨਾਂ ਦੇ ਜਾਣ ਤੇ ਸੰਸਾਰ ਕਦੇ ਉਨ੍ਹਾਂ ਨੂੰ ਭੁਲਦਾ ਨਹੀਂ, ਉਹ ਅਮਰ ਹਨ, ਹਾਜ਼ਰ ਨਾਜ਼ਰ ਹਨ, ਆਪਣਿਆਂ ਪਿਆਰਿਆਂ ਦੇ ਪਿਆਰ ਵਿਚ ਵਸਦੇ ਹਨ।

ਇਕ ਓਹ ਹਨ ਜਿਨ੍ਹਾਂ ਨੇ ਸਤਿਗੁਰੂ ਦਾ ਬੁਰਾ ਚਿਤਵਿਆ, ਨਿਰਵੈਰਾਂ ਸੰਗਿ ਵੈਰ ਰਚਾਏ; ਉਹ ਕਿਹੜੇ ਨਰਕਾਂ ਵਿਚ ਸੜਦੇ ਹੋਣਗੇ, ਕੌਣ ਜਾਣਦਾ ਹੈ।

ਆਖੋ ਧੰਨ ਗੁਰੂ ਅਰਜਨ ਸਾਹਿਬ ਜੀ ਮਹਾਰਾਜ - ਸ਼ਹੀਦਾਂ ਦੇ ਸਿਰਤਾਜ

–

ਤਤੁ ਬਿਚਾਰੁ ਯਹੈ ਮਥੁਰਾ
ਜਗ ਤਾਰਨ ਕਉ ਅਵਤਾਰੁ ਬਨਾਯਉ॥
ਜਪਉ ਜਿਨ ਅਰਜੁਨ ਦੇਵ ਗੁਰੂ
ਫਿਰਿ ਸੰਕਟ ਜੋਨਿ ਗਰਭ ਨ ਆਯਉ॥

ਅੰਗ - 1409

ਧਰਨਿ ਗਗਨ ਨਵ ਖੰਡ ਮਹਿ
ਜੋਤਿ ਸ੍ਵਰੂਪੀ ਰਹਿਓ ਭਰਿ॥
ਭਨਿ ਮਥੁਰਾ ਕਛੁ ਭੇਦੁ ਨਹੀ
ਗੁਰੁ ਅਰਜੁਨੁ ਪਰਤਖ ਹਰਿ॥ ਅੰਗ - 1409

# ਨਾਮ ਜਪੀਏ ਤਾ ਦੂਰ ਹੁੰਦੇ ਦੁਖੜੇ ਸੇਵਾ ਕਰਕੇ ਮਾਣ ਪਾਈਦੈ॥

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ*

*ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਏਕੋ ਕਹੀਐ ਨਾਨਕਾ -2, 2.*
*ਪਿਆਰੇ ਦੂਜਾ ਕਾਹੇ ਕੂ -2, 2.*

*ਜੈਸੇ ਏਕ ਆਗ ਤੇ ਕਨੂਕਾ ਕੋਟ ਉਠੇ,*
*ਨਿਆਰੇ ਨਿਆਰੇ ਹੋਇ ਕੈ,*
*ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ, ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ, ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ, ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ,*
*ਤਾਹੀ ਤੇ ਉਪਜ, ਸਬੈ ਤਾਹੀ ਮੈ ਸਮਾਹਿੰਗੇ॥*

*(ਅਕਾਲ ਉਸਤਤਿ)*

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥*

*ਅੰਗ - 1291*

ਗੁਰੂ ਦਸਮੇਸ਼ ਪਿਤਾ ਜੀ ਮਿਸਾਲ ਦਿੰਦੇ ਨੇ ਇਸ ਗੱਲ ਦੀ। ਇਕ ਅੱਗ ਦੇ ਵਿਚੋਂ ਬੇਅੰਤ ਚਿੰਗਿਆੜੀਆਂ ਉਠਦੀਆਂ ਨੇ ਲੇਕਿਨ ਉਹ ਮੁੜ ਕੇ ਫੇਰ ਅੱਗ ਦੇ ਵਿਚ ਸਮਾਂ ਜਾਂਦੀਆਂ ਨੇ, ਮਿੱਟੀ ਉਡਦੀ ਹੈ, ਅਸਮਾਨਾਂ ਤੱਕ ਪਹੁੰਚ

ਜਾਂਦੀ ਹੈ ਲੇਕਿਨ ਉਹ ਫੇਰ ਮਿੱਟੀ ਵਿਚ ਹੀ ਸਮਾਅ ਜਾਂਦੀ ਹੈ, ਪਾਣੀ ਦੇ ਉਤੇ ਲਹਿਰਾਂ ਉਠਦੀਆਂ ਹਨ ਹਵਾ ਦੇ ਵੇਗ ਨਾਲ, ਮੁੜ ਕੇ ਪਾਣੀ ਵਿਚ ਫੇਰ ਸਮਾਅ ਜਾਂਦੀਆਂ ਹਨ। ਇਸੇ ਤਰ੍ਹਾਂ ਦੇ ਨਾਲ ਵਾਹਿਗੁਰੂ ਜੀ ਦੇ ਵਿਚੋਂ ਕਿੰਨਾ ਦ੍ਰਿਸ਼ਟਮਾਨ ਉਠਿਆ ਹੈ, ਸਾਰੇ ਦ੍ਰਿਸ਼ਟਮਾਨ ਨੇ ਉਸਦੇ ਵਿਚ ਹੀ ਸਮਾਅ ਜਾਣਾ ਹੈ। ਬਹੁਤ ਵੱਡੀ ਬਾਤ ਹੈ ਸਾਧ ਸੰਗਤ ਜੀ! ਇਹ ਜਿਹੜਾ ਬਚਨ ਹੈ, ਹੈ ਬਹੁਤ ਛੋਟਾ ਲੇਕਿਨ ਇਸ ਨੂੰ ਸਮਝਣ ਵਾਸਤੇ ਜਿਵੇਂ ਹੁਣੇ ਮਹਾਂਪੁਰਸ਼ਾਂ ਨੇ ਦੱਸਿਆ ਸੀ ਇਕ ਜਨਮ ਦੇ ਤਪ ਦੀ ਲੋੜ ਨਹੀਂ ਹੈ ਬਹੁਤ ਜਨਮ ਤਪ ਕਰੋ ਤਾਂ ਐਨੀ ਕੁ ਗੱਲ ਸਮਝ ਵਿਚ ਆਉਂਦੀ ਹੈ, ਨਹੀਂ ਆਉਂਦੀ ਨਹੀਂ ਹੈ। ਸਾਰੇ ਜਿਹੜੇ ਪਹਿਲੇ ਅਚਾਰੀਆ ਹੋਏ ਨੇ ਗੁਰੂ ਮਹਾਰਾਜ ਜੀ ਕਹਿੰਦੇ ਉਨ੍ਹਾਂ ਨੇ ਤਨ ਵਿਚ ਮਨ ਨਹੀਂ ਸੀ ਦੇਖਿਆ। ਉਹ ਵਾਹਿਗੁਰੂ ਦੀ ਪਰਿਪੂਰਨ ਸ਼ਕਤੀ ਜਿਹੜੀ ਸੀ, ਜਿਹੜੀ ਇਸ ਸਰੀਰ ਵਿਚ ਕੰਮ ਕਰ ਰਹੀ ਹੈ ਉਹ ਦੇਖੀ ਨਹੀਂ ਉਸ ਨੂੰ ਓਪਰਾ ਸਮਝਦੇ ਰਹੇ ਕਿਉਂਕਿ ਭਾਰਤ ਦੀ ਫਿਲਾਸਫੀ ਦੇ ਵਿਚ ਤਿੰਨ ਚੀਜ਼ਾਂ ਹਨ। ਇਕ ਤਾਂ ਜਿਸ ਨੂੰ ਜੀਵ ਕਹਿੰਦੇ ਨੇ ਜਾਂ ਆਪਾਂ ਕਹਿੰਦੇ ਹਾਂ 'ਮੈਂ'। ਹੁਣ ਤਾਂ ਅਸੀਂ 'ਮੈਂ' ਗਲਤੀ ਨਾਲ ਸਰੀਰ ਨੂੰ ਕਹਿੰਦੇ ਹਾਂ, ਸਰੀਰ ਤਾਂ ਸਾਡਾ ਆਵਾਜਾਈ ਦਾ ਸਾਧਨ ਹੈ, ਸਰੀਰ ਨਹੀਂ ਹਾਂ ਅਸੀਂ ਇਸ ਦੇ ਵਿਚ ਵੱਸਣ ਵਾਲੇ (ਸੰਚਾਲਨ) ਕਰਨ ਵਾਲੇ ਇਕ ਚਾਲਕ ਹਾਂ ਉਹ ਕਹੀ ਜਾਂਦਾ ਹੈ 'ਮੈਂ-ਮੈਂ', ਉਸ ਨੂੰ ਜੀਵ ਕਹਿੰਦੇ ਨੇ। ਉਹ ਜੰਮਦਾ ਹੈ ਮਰਦਾ ਹੈ, ਜੰਮਦਾ ਹੈ ਮਰਦਾ ਹੈ ਕਿਉਂਕਿ ਉਸ ਦੇ ਆਲੇ ਦੁਆਲੇ ਇਕ ਚੱਕਰ ਪਿਆ ਹੋਇਆ ਹੈ ਹਉਮੈ ਦਾ। ਇਹ ਤਾਂ ਅਸੀਂ ਕਹਿੰਦੇ ਹਾਂ, ਉਹ ਨਹੀਂ ਕਹਿੰਦੇ, ਉਹ ਕਹਿੰਦੇ ਹਨ ਜੀਵ ਅਨਾਦੀ ਹੈ, ਪਹਿਲਾਂ ਤੋਂ ਹੀ ਹੈ ਜੀਵ, ਜਿਹੜੀ ਪ੍ਰਾਕਿਰਤੀ ਹੈ ਇਹ ਵੀ ਪਹਿਲਾਂ ਤੋਂ ਹੀ ਹੈ। ਸਾਡਾ ਮੱਤ ਨਹੀਂ ਹੈ ਇਹ, ਸਾਡੇ ਮਹਾਰਾਜ ਕਹਿੰਦੇ ਨੇ -

*ਦੁਯੀ ਕੁਦਰਤਿ ਸਾਜੀਐ*
*ਕਰਿ ਆਸਣੁ ਡਿਠੋ ਚਾਉ॥* *ਅੰਗ - 463*

*ਅਪਨੀ ਮਾਇਆ ਆਪਿ ਪਸਾਰੀ*
*ਆਪਹਿ ਦੇਖਨਹਾਰਾ॥* *ਅੰਗ - 537*

ਮਾਇਆ ਦਾ ਵਜੂਦ ਨਹੀਂ ਸੀ, ਸਾਰੇ ਸਾਸ਼ਤਰਾਂ ਵਿਚ ਆਉਂਦਾ ਹੈ। ਵੇਦਾਂਤ ਨੇ ਤਾਂ ਕਹਿ ਦਿੱਤਾ 'ਅਨਰ ਬਚਨੀਯ' ਹੈ ਇਹ। ਇਸ ਦੇ ਉਤੇ ਗੱਲ ਹੀ ਨਾ ਕਰੋ ਸਾਡੇ ਨਾਲ। ਦੂਜੇ ਕਹਿੰਦੇ ਇਹ ਬੀਜ ਰੂਪ ਦੇ ਵਿਚ ਰਹਿੰਦੀ ਹੈ ਚੇਤਨ ਤੱਤ ਦੇ ਵਿਚ। ਮਹਾਰਾਜ ਕਹਿੰਦੇ, ਉਥੇ ਦੂਜਾ ਕੋਈ ਹੈ ਹੀ ਨਹੀਂ

ਆਪੇ ਆਪ ਹੈ। ਉਹ ਆਪ ਹੀ ਪ੍ਰਭੂ ਹੈ ਉਸ ਨੂੰ ਕੀ ਲੋੜ ਹੈ ਮਾਇਆ ਵਿਚ ਰਹਿਣ ਦੀ, ਮਾਇਆ ਰਹਿੰਦੀ ਨਹੀਂ।

ਸਾਇੰਸਦਾਨ ਵੀ ਘਬਰਾ ਗਏ। ਡਾ. ਸਟੀਫਨ ਲੰਡਨ ਦੇ ਰਹਿਣ ਵਾਲਾ ਹੈ, ਉਸ ਨੇ time and space (ਸਮਾਂ ਤੇ ਖਲਾਅ) ਇਕ ਕਿਤਾਬ ਲਿਖੀ ਹੈ। ਉਸ ਦੇ ਵਿਚ infinite (ਬੇਅੰਤ) ਦੇ ਵਿਚ ਜਾ ਕੇ ਉਹ ਹਰੇਕ ਚੀਜ਼ ਨੂੰ ਖਤਮ ਕਰਦਾ ਹੈ ਕਿ ਜਦੋਂ ਇਹ ਸੂਖਸ਼ਮ ਤੋਂ ਸੂਖਸ਼ਮ ਹੁੰਦਾ ਹੈ ਉਸ ਵੇਲੇ ਇਹ ਬੀਜ ਰੂਪ ਵਿਚ ਕਿੰਨਾ ਛੋਟਾ ਹੋ ਜਾਂਦਾ ਹੈ ਜਦੋਂ ਸੁੰਗੜਦਾ ਹੈ, ਉਹ ਦੱਸ ਨਹੀਂ ਸਕਿਆ ਕਿਸੇ ਤਰ੍ਹਾਂ ਨਹੀਂ ਦੱਸ ਸਕਿਆ ਅਖੀਰ infinite (ਬੇਅੰਤ) ਲਿਖ ਦਿੱਤਾ। ਉਸ ਨੇ ਕਿਹਾ, ਨਹੀਂ, ਇਹ ਦੱਸਿਆ ਨਹੀਂ ਜਾ ਸਕਦਾ। ਜਦੋਂ ਵੱਡੇ ਤੋਂ ਵੱਡਾ ਹੁੰਦਾ ਹੈ ਫੇਰ ਇਹ ਕਿੰਨਾ ਪਸਾਰਾ ਕਰ ਲੈਂਦਾ ਹੈ ਬਥੇਰੇ ਉਸ ਨੇ ਅੰਕ ਲਾਏ ਏਕਾ (1) ਲਾ ਕੇ ਅੱਗੇ ਅੱਸੀ (ਸਿਫਰ) ਲਾ ਕੇ ਫੇਰ infinite ਲਿਖ ਦਿੱਤੀ ਕਿ ਇਸ ਦਾ ਵੀ ਅੰਤ ਨਹੀਂ ਆਉਂਦਾ, ਚਾਹੇ ਕਰੋੜ ਸਾਲ ਲਿਖੀ ਜਾਓ 0,0 ਲਾਈ ਜਾਓ ਏਕੇ ਨਾਲ। ਉਹ ਬੇਅੰਤ ਬੇਅੰਤ ਹੈ। ਸਾਇੰਸ ਘਬਰਾ ਗਈ ਕਿ ਇਹ ਹੁੰਦਾ ਕੀ ਹੈ ਉਸ ਨੇ ਪਿਛੇ ਲਿਖ ਦਿੱਤਾ ਕਿ ਮੈਂ ਤਾਂ ਘਬਰਾ ਗਿਆ, ਪਾਗਲ ਹੋਣ ਵਾਲਾ ਹੋ ਗਿਆ ਕਿਉਂਕਿ endless (ਬੇਅੰਤ) ਚੀਜ਼ ਨੂੰ ਮੈਂ ਛੇੜ ਬੈਠਿਆ, ਜਿਸ ਦਾ ਅੰਤ ਹੀ ਨਹੀਂ ਹੈ। ਕੀ ਕੋਈ ਵੀ ਧਰਮ ਇਹੋ ਜਿਹਾ ਹੈ ਜਿਹੜਾ ਇਸ ਗੱਲ ਦੇ ਉਤੇ ਰੋਸ਼ਨੀ ਪਾਵੇ? ਮੈਂ ਅਮਰੀਕਾ ਵਿਚ ਸੀ। ਮੈਂ ਕਿਹਾ ਮੈਂ ਡਾਕਟਰ ਨੂੰ ਜ਼ਰੂਰ ਮਿਲਣਾ ਹੈ। ਉਸ ਨੂੰ ਅਧਰੰਗ (paralysis) ਹੋਇਆ ਹੋਇਆ ਸੀ। ਮੈਂ ਕਿਹਾ interprater (ਦੁਭਾਸ਼ੀਆ) ਲੈ ਲਵਾਂਗੇ ਉਸ ਦੇ ਨਾਲ ਗੱਲ ਕਰਾਂਗੇ ਕਿ ਗੁਰੂ ਨਾਨਕ ਸਾਹਿਬ ਨੇ ਸਭ ਕੁਝ ਲਿਖਿਆ ਹੋਇਆ ਹੈ –

*ਜੇਵਡੁ ਭਾਵੈ ਤੇਵਡੁ ਹੋਇ॥ ਅੰਗ – 5*

*ਪਾਰਬ੍ਰਹਮ ਕੇ ਸਗਲੇ ਠਾਉ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥*
*ਆਪੇ ਕਰਨ ਕਰਾਵਨ ਜੋਗੁ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ॥*
*ਪਸਰਿਓ ਆਪਿ ਹੋਇ ਅਨਤ ਤਰੰਗ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥*
*ਜੈਸੀ ਮਤਿ ਦੇਇ ਤੈਸਾ ਪਰਗਾਸ॥*
*ਪਾਰਬ੍ਰਹਮ ਕਰਤਾ ਅਬਿਨਾਸ॥ ਅੰਗ – 275*

ਇਹ ਗੁਰੂ ਗ੍ਰੰਥ ਸਾਹਿਬ ਦਾ ਤੱਤ ਗਿਆਨ ਐਡੀ ਵੱਡਾ ਹੈ ਸਾਧ ਸੰਗਤ ਜੀ! ਇਹ ਸਾਡੇ ਕਮਲਿਆਂ ਜਹਿਆਂ ਦੇ ਹੱਥ ਆ ਗਈ, ਅਣਜਾਣ ਬੰਦਿਆਂ ਦੇ ਹੱਥ ਆ ਗਈ। ਸਾਨੂੰ ਪਤਾ ਨਹੀਂ ਕਿ ਇਹ ਐਡਾ ਵੱਡਾ ਹੀਰਾ ਹੈ, ਕੀਮਤ ਨਹੀਂ ਸੀ ਪਤਾ, ਗੁਰੂ ਗ੍ਰੰਥ ਸਾਹਿਬ ਦੀ ਜਿਹੜੀ philosophy (ਤੱਤ ਗਿਆਨ) ਹੈ ਉਸ ਨੂੰ ਅਸੀਂ ਸਮਝ ਨਹੀਂ ਸਕਦੇ - ਕਿਸੇ ਤਰੀਕੇ ਨਾਲ ਵੀ, ਨਾ ਅਸੀਂ ਸਮਝਣ ਦਾ ਯਤਨ ਕਰਦੇ ਹਾਂ। ਜਿਵੇਂ ਇਨ੍ਹਾਂ ਨੇ ਕਿਹਾ ਸੀ ਕਿ ਪਹਿਲੀ ਜਮਾਤ ਵਿਚੋਂ ਦੂਜੀ ਵਿਚ ਅੱਗੇ ਹੋਣਾ ਹੀ ਨਹੀਂ ਚਾਹੁੰਦੇ, ਉਥੇ ਹੀ ਅਸੀਂ ਸੰਤੁਸ਼ਟ ਹਾਂ। ਜੇ ਕੋਈ ਦੱਸੇ ਤਾਂ ਉਸ ਦੇ ਨਾਲ ਲੜ ਪੈਂਦੇ ਹਾਂ ਕਿ ਤੂੰ ਹੋਰ ਹੀ ਗੱਲਾਂ ਕਰਦਾ ਹੈਂ, ਸਾਨੂੰ ਨਹੀਂ ਤੇਰੀਆਂ ਇਹ ਗੱਲਾਂ ਚੰਗੀਆਂ ਲਗਦੀਆਂ। ਜਿਹੜੇ ਸਿਆਣੇ ਹਨ ਉਨ੍ਹਾਂ ਨੂੰ ਪਤਾ ਲਗਦਾ ਹੈ।

ਡਾਕਟਰ ਸੁਆਮੀ ਰਾਮ ਜੀ ਉਥੇ ਆਏ ਸਮਾਗਮ ਵਿਚ, ਮੈਂ ਕਿਹਾ ਕਿ ਜੇ ਤੁਸੀਂ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਕਰ ਦਿਓ ਅੰਗਰੇਜ਼ੀ ਵਿਚ, ਮੈਂ ਤੁਹਾਨੂੰ ਤਾਂ ਕਹਿੰਦਾ ਹਾਂ ਕਿਉਂਕਿ ਤੁਸੀਂ ਸਾਰੀਆਂ ਪੜ੍ਹਾਈਆਂ ਪੜ੍ਹੇ ਹੋਏ ਹੋ, ਕੁਰਾਨ ਸ਼ਰੀਫ ਤੁਹਾਡੇ ਜ਼ਬਾਨੀ ਯਾਦ, ਬਾਈਬਲ, ਵੇਦ ਤੁਹਾਡੇ ਸਾਰੇ ਜ਼ਬਾਨੀ ਯਾਦ, ਸਾਸ਼ਤਰ ਸਾਰੇ ਤੁਸੀਂ ਪੜ੍ਹੇ ਹੋਏ ਨੇ, ਮਹਾਤਮਾ ਬੁੱਧ ਦਾ, ਜੈਨੀਆਂ ਦਾ ਸਾਰਾ ਸਾਹਿਤ ਤੁਸੀਂ ਪੜ੍ਹਿਆ ਹੋਇਆ ਹੈ, ਪਾਰਸੀਆਂ ਦਾ ਪੜ੍ਹਿਆ ਹੋਇਆ ਹੈ, ਪੜ੍ਹਿਆ ਹੀ ਨਹੀਂ ਵਿਚ ਰਹਿ-ਰਹਿ ਕੇ ਦੇਖਿਆ ਹੈ। ਉਨ੍ਹਾਂ ਨੇ 6-6 ਮਹੀਨੇ ਮਸਜਿਦ ਵਿਚ ਰਹਿ ਕੇ ਨਮਾਜ਼ ਪੜ੍ਹ ਕੇ ਦੇਖਿਆ ਹੈ ਕਿ ਇਸ ਦੇ ਵਿਚ ਕਿੰਨੀ ਕੁ ਸਚਾਈ ਹੈ ਪਰ ਉਹ ਜਦੋਂ ਅਖੀਰ ਵਿਚ ਗੁਰੂ ਗ੍ਰੰਥ ਸਾਹਿਬ ਪੜ੍ਹਨ ਲੱਗੇ ਉਸ ਵੇਲੇ ਉਚੀ ਬੋਲ ਪਏ, ਸਹਿਆ ਨਾ ਜਾਵੇ ਕਹਿੰਦੇ, "ਐ ਦੁਨੀਆਂ ਦੇ ਲੋਕੋ ਤੁਹਾਨੂੰ ਨਹੀਂ ਪਤਾ ਗੁਰੂ ਗ੍ਰੰਥ ਸਾਹਿਬ ਸਾਰੀ ਦੁਨੀਆਂ ਦੇ ਸਾਹਿਤ ਤੋਂ ਸ਼੍ਰੋਮਣੀ ਨੇ ਤੇ ਸਭ ਨੂੰ ਰੋਸ਼ਨੀ ਦੇ ਰਹੇ ਨੇ, ਸਾਨੂੰ ਤਾਂ ਨਹੀਂ ਪਤਾ। ਕਿਉਂ ਨਹੀਂ? ਅਸੀਂ ਤਾਂ ਕਹਿੰਦੇ ਹਾਂ ਆਹ ਨਾ ਪੜ੍ਹੇ, ਉਹ ਨਾ ਪੜ੍ਹੇ, ਪੈਂਟ ਵਾਲਾ ਨਾ ਪੜ੍ਹ ਸਕੇ, ਦਾਹੜੀ ਚੜ੍ਹੀ ਵਾਲਾ ਨਾ ਪੜ੍ਹ ਸਕੇ, ਅਸੀਂ ਤਾਂ ਕੰਧਾਂ ਕਰ ਦਿੱਤੀਆਂ ਇਨ੍ਹਾਂ ਦੇ ਆਲੇ ਦੁਆਲੇ। ਇਹ ਤਾਂ ਇਕ ਵਿਸ਼ਵਵਿਆਪੀ ਸੰਦੇਸ਼ ਸੀ, ਸਾਰੀ ਸ੍ਰਿਸ਼ਟੀ ਨੂੰ ਦੇਣਾ ਸੀ, ਉਸ ਦੀ ਥਾਂ ਤੇ ਅਸੀਂ ਕਬਜ਼ਾ ਹੀ ਕਰ ਲਿਆ, ਕਿਉਂ ਸਾਨੂੰ ਪਤਾ ਨਹੀਂ ਹੈ ਕਿ ਇਹ ਕਿੱਡੀ ਮਹਾਨ ਵਿਚਾਰਧਾਰਾ ਹੈ। ਉਹ ਕਹਿਣ ਲੱਗੇ ਕਿ ਮੈਂ ਕਰ ਦਿਆਂਗਾ ਅਨੁਵਾਦ। ਜਦੋਂ ਉਨ੍ਹਾਂ ਨੇ ੧ਓ ਸ਼ੁਰੂ ਕਰਿਆ ਮਹੀਨਾ ਲੰਘ ਗਿਆ। ਉਹ ਕਹਿੰਦੇ ਇਹ ਮੁਮਕਿਨ (ਸੰਭਵ) ਨਹੀਂ ਹੈ। ਕਹਿੰਦੇ, ਇਸ ਦਾ ਹਰ ਅੱਖਰ philosophy ਹੈ, ਇਸ ਦੀ ਰੂਟ ਹੈ, ਹੈ ਕਿਹੜੀ ਜ਼ੁਬਾਨ ਵਿਚੋਂ ਕਿਥੋਂ ਇਹ ਚੀਜ਼ ਆਈ ਹੈ। ਇਸ ਕਰਕੇ ਜੇ

ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਕਰਨਾ ਹੈ ਤਾਂ ਸਾਲ ਵਿਚ ਨਹੀਂ ਇਹ ਹੁੰਦਾ, ਇਸ ਲਈ ਤਾਂ ਅੱਧੀ ਉਮਰ ਲਾ ਦਿਓ ਇਹ ਤਾਂ ਵੀ ਨਹੀਂ ਹੁੰਦਾ। ਸਾਨੂੰ ਨਹੀਂ ਪਤਾ ਕਿ ਸਾਨੂੰ ਕਿੱਡੀ ਵੱਡੀ ਚੀਜ਼ ਗੁਰੂ ਮਹਾਰਾਜ ਦੇ ਗਏ। ਹੁਣ ਇਸ ਦੇ ਵਿਚ ਜਿਹੜਾ ਸਿਧਾਂਤ ਹੈ ਉਹ ਸਾਡੇ ਸਮਝ ਵਿਚ ਨਹੀਂ ਆਉਂਦਾ ਕਿ ਕੀ ਹੈ? ਸਾਡੀ ਸਮਝ ਵਿਚ ਤਾਂ ਆਏਗਾ ਇਹ, ਜੇ ਅਸੀਂ ਛੇਈਂ ਸਾਸ਼ਤਰਾਂ ਨੂੰ ਚੰਗੀ ਤਰ੍ਹਾਂ ਵਿਚਾਰਾਂਗੇ, ਇਕ ਦਮ ਪਤਾ ਲਗ ਜਾਏਗਾ ਕਿ ਗੁਰੂ ਮਹਾਰਾਜ ਤਾਂ ਇਹ ਕਹਿੰਦੇ ਨੇ, ਸਾਨੂੰ ਤਾਂ ਪਤਾ ਹੀ ਨਹੀਂ ਕਿ –

***ਏਕੋ ਕਹੀਐ ਨਾਨਕਾ ............॥***

***ਅੰਗ – 1291***

ਕੀ ਹੈ? ਇਕੋ ਗੱਲ ਕਰੀ ਜਾਵਾਂਗੇ, ਸਾਡੇ ਗਿਆਨੀ ਵੀ ਕਰੀ ਜਾਣਗੇ ਕਿ ਜੀ! ਰੱਬ ਇਕ ਹੈ, ਰੱਬ ਨੂੰ ਕੌਣ ਕਹਿੰਦਾ ਕਿ ਦੋ ਨੇ, ਰੱਬ ਤਾਂ ਹੈ ਹੀ ਇਕ। ਦੋ ਤਾਂ ਕਦੇ ਹੋਇਆ ਹੀ ਨਹੀਂ ਹੈ। ਕਿਉਂ ਉਨ੍ਹਾਂ ਨੂੰ ਅਨੁਭਵ ਨਹੀਂ ਜਾਗਦਾ ਅੰਦਰੋਂ, ਉਹ ਗੱਲ ਕਹਿੰਦੇ ਨੇ ਕਿ ਇਥੇ ਇਕੋ ਹੀ ਆਪ ਹੈ ਹੋਰ ਕੋਈ ਹੈ ਨਹੀਂ –

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥***
***ਤਿਸ ਕੈ ਭਾਣੈ ਕੋਇ ਨ ਭੂਲਾ***
***ਜਿਨਿ ਸਗਲੋ ਬ੍ਰਹਮੁ ਪਛਾਤਾ॥*** ***ਅੰਗ – 610***

ਆਪੇ ਹੀ ਆਪਣੀ ਮਰਜ਼ੀ ਨਾਲ ਫੈਲਿਆ ਹੋਇਆ ਹੈ। ਹੁਣ ਇਹ ਜਿਹੜੇ ਜੀਵ ਨੇ ਇਹ ਕਾਬੂ ਆ ਗਏ ਹਉਮੈ ਦੇ, ਤੁਸੀਂ ਵੀ ਆ ਗਏ। ਮੈਂ ਵੀ ਆ ਗਿਆ। ਸਾਰੇ ਅਸੀਂ ਕਾਬੂ ਹਾਂ। ਜੇ ਨਾ ਆਏ ਹੁੰਦੇ ਤਾਂ ਸਾਡਾ ਜਨਮ ਮਰਨ ਕੱਟਿਆ ਹੋਣਾ ਸੀ। ਉਹ ਗੱਲ ਵੱਖਰੀ ਹੈ ਕਿ ਇਥੇ ਸਾਰੇ ਜੀਵ ਭੇਜੇ ਜਾਂਦੇ ਨੇ, ਡਿਊਟੀਆਂ ਲਾਈਆਂ ਜਾਂਦੀਆਂ ਨੇ। ਉਹ ਗੱਲਾਂ ਹੋਰ ਨੇ, ਰੌਚਕ ਬਾਤਾਂ ਨੇ ਯਥਾਰਥ ਨਹੀਂ ਹਨ। ਯਥਾਰਥ ਬਾਤ ਹੈ ਕਿ ਪ੍ਰਮੇਸ਼ਰ ਆਪ ਹੀ ਹੈ? ਜਦੋਂ ਇਸ ਦੇ ਅੰਦਰੋਂ ਹਉਮੈ ਦਾ ਹਨ੍ਹੇਰਾ ਖਤਮ ਹੋ ਜਾਂਦਾ ਹੈ ਫੇਰ ਆਪੇ ਹੀ ਰਹਿ ਜਾਂਦਾ ਹੈ –

***ਜਬ ਹਮ ਹੋਤੇ ਤਬ ਤੂ ਨਾਹੀ***
***ਅਬ ਤੂਹੀ ਮੈ ਨਾਹੀ॥*** ***ਅੰਗ – 657***

ਉਸ ਦਾ ਵਜੂਦ ਨਹੀਂ ਬਚਦਾ ਦਰਗਾਹ ਵਿਚ ਜਾ ਕੇ। ਜਿਥੇ ਬਚਦਾ ਹੈ ਉਥੇ ਤੱਕ ਦ੍ਵੈਤ ਹੈ ਕਿਉਂਕਿ ਸਾਡਾ ਜਿਹੜਾ ਮੱਤ ਹੈ ਇਹ ਅਦ੍ਵੈਤ ਸਿਧਾਂਤ ਹੈ ਪਰ ਅਸੀਂ ਦ੍ਵੈਤ ਵਿਚੀਂ ਲੰਘਦੇ ਹਾਂ। ਭਗਤੀ ਜਿਹੜੀ ਹੈ, ਦੋ ਜਾਣਕੇ

ਹੋਇਆ ਕਰਦੀ ਹੈ, ਇਕ ਨਾਲ ਹੁੰਦੀ ਨਹੀਂ। ਭਗਤੀ ਬਿਨਾਂ ਸ਼ਾਂਤੀ ਨਹੀਂ ਆਉਂਦੀ, ਭਗਤੀ ਬਿਨਾਂ ਅੰਦਰ ਪ੍ਰਕਾਸ਼ ਨਹੀਂ ਹੁੰਦਾ। ਜਦੋਂ ਤੱਕ ਪ੍ਰਕਾਸ਼ ਨਹੀਂ ਹੁੰਦਾ ਉਨੀਂ ਦੇਰ ਤੱਕ ਆਉਣਾ ਜਾਣਾ ਨਹੀਂ ਖਤਮ ਹੁੰਦਾ ਕਿਉਂਕਿ ਹਉਮੈ ਦੀ ਸੁਰਤ ਬੜੀ ਦੂਰ ਤੱਕ ਜਾਂਦੀ ਹੈ, ਥੋੜ੍ਹੀ ਜਿਹੀ ਨਹੀਂ ਜਾਂਦੀ। ਬਹੁਤ ਦੂਰ ਜਾਂਦੀ ਹੈ, ਉਚੇ ਮੰਡਲਾਂ ਤੱਕ ਜਾਂਦੀ ਹੈ ਜਿਥੇ ਤੱਕ ਇਸ ਨੇ ਸੋਚੀ ਹੈ ਕਿ ਮੈਂ ਹਾਂ, ਉਥੇ ਤੱਕ ਇਹ ਹਉਮੈ ਦੀ ਸੁਰਤ ਜਾਂਦੀ ਹੀ ਜਾਂਦੀ ਹੈ। ਸੋ ਵਾਹਿਗੁਰੂ ਜੀ ਸਾਡੇ ਅੰਦਰ ਨੇ, ਬਾਹਰ ਨਹੀਂ ਹਨ ਕਿਤੇ ਵੀ, ਮਤਾਂ ਇਹ ਖਿਆਲ ਕਰੋ ਕਿ ਉਥੇ ਨੇ ਫਲਾਣੇ ਥਾਂ ਨੇ। ਸਾਡੇ ਇਤਿਹਾਸਾਂ ਦੇ ਵਿਚ, ਸਾਡੇ ਪ੍ਰਚਾਰਕ ਹਨ੍ਹੇਰੇ ਵਿਚ ਹੋਣ ਕਰਕੇ ਹਨ੍ਹੇਰੇ ਦੀਆਂ ਗੱਲਾਂ ਕਰੀ ਜਾਂਦੇ ਨੇ। ਹਨ੍ਹੇਰੇ ਵਿਚ ਤਾਂ ਰੱਸੀ ਸੱਪ ਲਗਦੀ ਹੈ ਹੁਣ ਉਹ ਸੱਪ ਥੋੜ੍ਹਾ ਹੁੰਦਾ ਹੈ ਉਹ ਰੱਸੀ ਪਈ ਹੈ। ਉਹ ਬਚਨ ਐਸੇ ਸੁਣਾਉਂਦੇ ਨੇ ਕਿ ਅਸੀਂ ਭਰਮ ਵਿਚ ਪੈ ਜਾਂਦੇ ਹਾਂ ਪੱਕੇ ਕਿ ਗੁਰੂ ਦਸਵੇਂ ਪਾਤਸ਼ਾਹ ਇਕ ਪਹਿਰ ਆਉਂਦੇ ਨੇ ਤੇ ਚਾਰ ਪਹਿਰ ਹਜ਼ੂਰ ਸਾਹਿਬ ਰਹਿੰਦੇ ਨੇ, ਮੇਰੇ ਤਾਂ ਇਹ ਗੱਲ ਅੱਜ ਤੱਕ ਨਹੀਂ ਸਮਝ ਆਈ ਕਿ ਤੁਸੀਂ ਗੁਰੂ ਦਸਵੇਂ ਪਾਤਸ਼ਾਹ ਨੂੰ ਇਥੇ ਤੁਸੀਂ ਧਰਤੀ ਤੇ ਹੀ ਬੰਨ੍ਹ ਕੇ ਰੱਖ ਲਿਆ। ਉਹ ਤਾਂ ਕਹਿੰਦੇ ਸੀ –

*ਇਹ ਬਿਧਿ ਕਰਤ ਤਪਸਿਆ ਭਯੋ।*
*ਦ੍ਵੈ ਤੇ ਏਕ ਰੂਪ ਹ੍ਵੈ ਗਯੋ।* **ਚੌਪਈ**

*ਚਿਤ ਨ ਭਯੋ ਹਮਰੋ ਆਵਨ ਕਹ।*
*ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹ।* **ਚੌਪਈ**

ਉਹ ਤਾਂ ਬ੍ਰਹਮਲੀਨ ਹੋਇਆਂ ਦੀ ਅਵਸਥਾ ਸੀ, ਵਾਹਿਗੁਰੂ ਦੀ ਮਰਜ਼ੀ ਹੈ ਆਪਣੇ ਵਿਚੋਂ ਕੋਈ ਵੀ character (ਚਰਿੱਤਰ) ਕੱਢ ਕੇ ਧਰਤੀ ਤੇ ਭੇਜ ਦੇਵੇ। ਉਥੇ ਦੋ ਨਹੀਂ ਹੁੰਦੇ। ਹਾਂ ਜਿਥੇ ਤੱਕ ਦ੍ਵੈਤ ਦਾ ਮੰਡਲ ਹੈ ਉਥੇ ਤੱਕ ਦੋ ਹਨ, ਗੁਰੂ ਦ੍ਵੈਤ ਦੇ ਮੰਡਲ ਵਿਚ ਨਹੀਂ ਸੀ, ਗੁਰੂ ਪਰਮੇਸ਼ਰ ਦਾ ਰੂਪ ਸੀ –

*ਆਪਿ ਨਰਾਇਣੁ ਕਲਾ ਧਾਰਿ*
*ਜਗ ਮਹਿ ਪਰਵਰਿਯਉ॥* *ਅੰਗ – 1396*

ਨਰਾਇਣ ਆਪ ਹੀ ਕਲਾ ਧਾਰ ਕੇ ਸੰਸਾਰ ਵਿਚ ਆਇਆ ਸੀ, ਗੁਰੂ ਨਾਨਕ ਦਾ ਰੂਪ ਧਾਰ ਕੇ, ਜਨਮ ਸਾਖੀਆ, ਸਾਡੇ ਪ੍ਰਚਾਰਕ ਉਹ ਹੋਰ ਬਾਤ ਕਰ ਦਿੰਦੇ ਨੇ ਦ੍ਵੈਤ ਨਹੀਂ ਫੇਰ ਟੁਟਦੀ ਆਦਮੀ ਦੀ। ਦ੍ਵੈਤ ਟੁਟਦੀ ਹੈ, ਤਾਂ ਜੇ ਅੰਦਰੋਂ ਜਿਵੇਂ ਮਹਾਂਪੁਰਸ਼ਾਂ ਨੇ ਦੱਸਿਆ, ਕੱਲ ਨੂੰ ਦੱਸਣਗੇ, ਗੱਲ ਧਿਆਨ

ਨਾਲ ਸੁਣਿਓ ਜਿਸ ਨੇ ਸਫਰ ਤਹਿ ਕਰਨਾ ਹੈ। ਅਸੀਂ ਬਹੁਤ ਗਹਿਰੇ ਗਿਰ ਗਏ, ਥੱਲੇ ਗਿਰ ਗਏ। ਇਥੋਂ ਤੱਕ ਗਿਰ ਗਏ ਕਿ ਅਸੀਂ ਆਪਣੇ ਆਪ ਨੂੰ ਸਰੀਰ ਸਮਝਣਾ ਸ਼ੁਰੂ ਕਰ ਦਿਤਾ। ਉਸ ਦਾ ਨਾਉਂ ਹੈ ਵਰਿਆਮ ਸਿੰਘ। ਜੇ ਤਾਂ ਕਿਹਾ ਕਿ ਉਹ ਇਸ ਨੂੰ ਬੁਲਾਉਂਦੇ ਨੇ ਨਾਉਂ ਕੋਈ ਰੱਖ ਲਓ। ਸਰੀਰ ਨੂੰ ਹਾਕ (ਆਵਾਜ਼) ਮਾਰਦੇ ਹਨ, ਚਲੋ ਮੈਂ ਕਰ ਲੈਂਦਾ ਹਾਂ ਗੱਲ। ਉਹ ਹਰ ਵਾਰੀ ਨਹੀਂ ਕਹਿੰਦੇ ਕਿ ਮੈਂ ਨਹੀਂ ਹਾਂ। ਉਹ ਆਪਣੇ ਅੰਦਰ ਰਖਦੇ ਨੇ 'ਉਚਾ ਨਹੀਂ ਕਹਿਣਾ ਮਨ ਮਹਿ ਰਹਿਣਾ॥' ਸੋ ਇਕੋ ਹੀ ਹੈ ਇਥੇ। ਉਸ ਨੂੰ ਮਿਲਿਆ ਕਿਵੇਂ ਜਾਵੇ ਆਪਣੇ ਮੂਲ ਦੀ। ਕਿਵੇਂ ਹੋਈਏ ਕਿਉਂਕਿ ਅਸੀਂ ਜੀਵ ਬਣ ਚੁਕੇ ਹਾਂ। ਜੇ ਤਾਂ ਅਸੀਂ ਗੱਲਾਂ ਨਾਲ ਕਹੀਏ ਕਿ ਮੈਂ ਤਾਂ ਆਤਮਾ ਹਾਂ ਬਿਲਕੁਲ ਗਲਤ ਹੈ, ਮਹਾਰਾਜ ਕਹਿੰਦੇ –

***ਗਿਆਨੁ ਨ ਗਲੀਈ ਢੂਢੀਐ***
***ਕਥਨਾ ਕਰੜਾ ਸਾਰੁ॥*** ***ਅੰਗ – 465***

ਗੱਲ ਤਾਂ ਪਿਆਰਿਆ ਤੂੰ ਕਹਿ ਦਿੱਤੀ ਪਰ ਤੂੰ ਤਾਂ ਹਉਮੈ ਵਿਚ ਬਿੜ੍ਹਿਆ ਪਿਆ ਹੈਂ ਅਜੇ। ਤੂੰ ਐਥੇ ਬੈਠਾ ਹੋਇਆ ਚਿੱਕੜ ਵਿਚ ਕਹੇ ਕਿ ਮੈਂ ਤਾਂ ਬਾਦਸ਼ਾਹਾਂ ਦਾ ਬਾਦਸ਼ਾਹ ਹਾਂ ਤੂੰ ਬਾਦਸ਼ਾਹ ਕਿਵੇਂ ਬਣ ਗਿਆ? ਤੂੰ ਤਾਂ ਚਿੱਕੜ ਵਿਚ ਲਿਬੜਿਆ ਪਿਆ ਹੈਂ। ਹਾਂ! ਜਿਸ ਵਕਤ ਤੂੰ ਚਿੱਕੜ ਵਿਚੋਂ ਨਿਕਲ ਜਾਏਗਾ, ਕਿਸੇ ਤਖਤ ਤੇ ਬੈਠੇਂਗਾ ਤੇਰੇ ਤੇ ਛਤਰ ਝੁਲੇਗਾ, ਉਸ ਵੇਲੇ ਅਸੀਂ ਮੰਨਲਾਂਗੇ ਤੇਰਾ ਹੁਕਮ ਚਲਦਾ ਹੈ, ਬਾਦਸ਼ਾਹ ਹੈਂ ਤੂੰ ਸਾਰੇ ਬਾਦਸ਼ਾਹਾਂ ਦਾ ਬਾਦਸ਼ਾਹ ਹੈਂ। ਇਹ ਫਰਜ਼ ਕਰਕੇ ਕੁਝ ਨਹੀਂ ਹੁੰਦਾ। ਜੇ ਕਹੇ ਮੈਂ ਆਤਮਾ ਹਾਂ, ਮੈਂ ਆਤਮਾ ਹਾਂ, ਪਕਾਈ ਜਾਹ ਪੱਕ ਜਾਏਗੀ ਤੇਰੇ ਇਹ ਗੱਲ ਲੇਕਿਨ ਆਤਮਾ ਨਹੀਂ ਅਜੇ ਤੂੰ ਹੈਂ। ਤੂੰ ਉਸ ਅਵਸਥਾ ਵਿਚ ਨਹੀਂ ਪਹੁੰਚਿਆ, ਮਾਇਆ ਦੇ ਮੰਡਲ ਵਿਚੋਂ ਰਟ ਲਾ ਰਿਹਾ ਹੈ ਤੋਤੇ ਵਾਂਗੂੰ। ਤੈਨੂੰ ਅਸਲੀ ਚੀਜ਼ ਦਾ ਨਹੀਂ ਪਤਾ ਲਗਿਆ। ਹੁਣ ਇਸ ਦੇ ਵਾਸਤੇ ਮੈਂ ਕੱਲ੍ਹ ਬੇਨਤੀ ਕਰੀ ਸੀ ਕਿ ਬਾਬੇ ਫਰੀਦ ਦੀ ਮਾਤਾ ਨੇ, ਉਹ ਵੀ ਨਹੀਂ ਸੀ ਜਾਣਦੀ, ਉਹ ਕੇਵਲ ਇੰਨਾਂ ਜਾਣਦੀ ਸੀ ਕਿ ਤਪ ਕਰੋ, ਸਾਧੂਆਂ ਦੀ ਸੰਗਤ ਤਾਂ ਕਰਦੇ ਨੇ ਸਾਰੇ, ਲੇਕਿਨ ਸਾਰਿਆਂ ਨੂੰ ਨਹੀਂ ਸਮਝ ਵਿਚ ਆਉਂਦੀ ਹੁੰਦੀ ਗੱਲ, ਕੋਈ ਵਿਰਲਾ ਹੁੰਦਾ ਹੈ ਜਿਹੜਾ ਸੰਤਾਂ ਦੀ ਗੱਲ ਫੜਦਾ ਹੈ ਕਿਉਂਕਿ ਬਿਰਤੀ ਹੈ ਆਪਣੀ। ਕਿਸੇ ਦੀ ਰੌਚਕ ਬਿਰਤੀ ਹੈ, ਕਿਸੇ ਦੀ ਭਿਆਨਕ ਦੇ ਮੰਡਲ ਦੀ ਬਿਰਤੀ ਹੈ, ਕਿਸੇ ਦੀ ਯਥਾਰਥ ਦੇ ਵਿਚ ਆਉਂਦੀ ਹੈ। ਮਹਾਤਮਾ ਦੀ ਬਾਤ ਉਹੀ ਫੜ ਸਕਦਾ ਹੈ ਜਿਹੜਾ ਮਿਟ ਗਿਆ ਹੋਵੇ, ਆਪਣਾ ਆਪ ਪੂਰੀ ਤਰ੍ਹਾਂ ਸਮਰਪਣ ਕਰ ਦਿੱਤਾ ਹੋਵੇ ਮਹਾਂਪੁਰਸ਼ਾਂ ਦੇ, ਉਹ ਤਾਂ ਗਲ ਫੜ

ਲਏਗਾ, ਦੂਜੇ ਦੀ ਸਮਝ ਵਿਚ ਨਹੀਂ ਆਉਣੀ। ਇਸੇ ਕਰਕੇ ਇਸ ਨੂੰ ਬਿਖਮ ਵਿਦਿਆ ਕਹਿੰਦੇ ਨੇ। ਗੱਲਾਂ ਸਾਰੀਆਂ ਦੱਸੀ ਜਾਂਦੇ ਨੇ ਸੰਤ, ਲੇਕਿਨ ਫੜ ਨਹੀਂ ਹੁੰਦੀਆਂ–

***ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥ ਅੰਗ – 930***

ਉਹ ਹਉਮੈ ਜਿਹੜੀ ਹੈ ਇਹ ਨਹੀਂ ਟੁਟਦੀ। ਇਸ ਦੇ ਟੁਟਣ ਦੇ ਨਾਲ ਗੱਲਾਂ ਬਾਤਾਂ ਦਾ ਤਾਂ ਪੂਰਾ ਗਿਆਨੀ ਹੈ ਲੇਕਿਨ ਅੰਦਰ ਨਹੀਂ ਅਜੇ ਪ੍ਰਕਾਸ਼ ਹੋਇਆ। ਸੋ ਉਸ ਦੇ ਵਾਸਤੇ ਬਾਬੇ ਫਰੀਦ ਦੀ ਮਾਤਾ ਨੂੰ ਪਤਾ ਨਹੀਂ ਸੀ ਕਿਉਂਕਿ ਇਸਲਾਮ ਵਾਲਿਆਂ ਨੇ ਜ਼ੋਹਦ (ਤਪ) ਬਹੁਤ ਕਰਿਆ ਹੈ। ਗੁਰੂ ਮਹਾਰਾਜ ਨੇ ਨਹੀਂ ਜ਼ੋਹਦ ਮੰਨਿਆ।

ਬਾਬਾ ਫਰੀਦ ਸਾਨੀ ਜੋ ਸੀ, ਫਰੀਦ। ਉਹ ਜਾਗਦਾ ਹੀ ਰਹਿੰਦਾ ਸੀ ਸਾਰੀ ਰਾਤ। ਇਸ ਗੱਲ ਦਾ ਮਾਣ ਸੀ ਉਸ ਨੂੰ ਕਿ ਮੈਂ ਜਾਗਦਾ ਰਹਿੰਦਾ ਹਾਂ। ਠੀਕ ਹੈ ਆਦਮੀ ਜਾਗ ਸਕਦਾ ਹੈ ਐਸੀ ਬਾਤ ਨਹੀਂ ਹੈ। Medical Science ਦੀ ਜਿਹੜੀ ਬਾਤ ਹੈ ਕਿ ਸੌਣਾ ਜ਼ਰੂਰੀ ਹੈ ਸਾਡੇ ਵਾਸਤੇ। ਹੈ ਉਹ ਇਕ ਅਵਸਥਾ, ਇਹੋ ਜਿਹੀ ਆਉਂਦੀ ਹੈ ਕਿ –

***ਅਹਿਨਿਸਿ ਜਾਗੈ ਨੀਦ ਨ ਸੋਵੈ॥ ਅੰਗ – 993***

ਸੁਰਤ ਦਾ ਇਕ ਮੰਡਲ ਆਦਮੀ ਦੇ ਅੰਦਰ ਐਸਾ ਹੈ ਜਿਥੇ ਨੀਂਦ ਆਉਂਦੀ ਹੀ ਨਹੀਂ, ਨਾ ਨੀਂਦ ਦੀ ਲੋੜ ਹੈ, ਇਕ ਐਸਾ ਥਾਂ ਹੈ –

***ਗੁਰਮੁਖਿ ਅੰਤਰਿ ਸਹਜੁ ਹੈ***
***ਮਨੁ ਚੜਿਆ ਦਸਵੈ ਆਕਾਸਿ॥***
***ਤਿਥੈ ਊਂਘ ਨ ਭੁਖ ਹੈ***
***ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥ ਅੰਗ – 1414***

ਮਹਾਰਾਜ ਨੇ ਸਾਫ ਕਹਿ ਦਿੱਤਾ ਕਿ ਉਥੇ ਨਾ ਨੀਂਦ ਹੈ ਨਾ ਭੁਖ ਹੈ। ਇਹ ਜੋ ਫਰੀਦ ਸੀ ਫਰੀਦ ਸਾਨੀ ਬਾਰ੍ਹਵੇ ਥਾਂ। ਇਨ੍ਹਾਂ ਦੇ ਮਨ ਵਿਚ ਸੀ ਕਿ ਮੈਂ ਜਾਗਦਾ ਹਾਂ।

ਗੁਰੂ ਨਾਨਕ ਪਾਤਸ਼ਾਹ ਭਾਈ ਮਰਦਾਨੇ ਤੇ ਭਾਈ ਬਾਲੇ ਨੂੰ ਕਹਿਣ ਲੱਗੇ ਭਾਈ! ਹੁਣ ਰਾਤ ਵਡੇਰੀ ਹੋ ਗਈ, ਚਲੋ! ਅਸੀਂ ਅਰਾਮ ਕਰ ਲਈਏ। ਹੁਣ ਇਹ ਵੀ ਇਕ ਭੁਲੇਖਾ ਹੈ, ਮੈਂ ਦਸਦਾ ਹਾਂ ਕਿ ਗੁਰੂ ਨਾਨਕ ਸਾਹਿਬ ਸੌਂਦੇ ਸੀ ਜਾਂ ਨਹੀਂ। ਮਾਤਾ ਜੀ ਨੇ ਤੁਲਸਾਂ ਦਾਸੀ ਨੂੰ ਕਿਹਾ ਕਿ ਜਾਹ ਜਾ ਕੇ,

ਪ੍ਰਸ਼ਾਦਾ ਤਿਆਰ ਹੋ ਗਿਆ, ਗੁਰੂ ਨਾਨਕ ਉਹ ਪਏ ਨੇ ਮੰਜੇ ਤੇ, ਉਨ੍ਹਾਂ ਨੂੰ ਜਗਾ ਲਿਆ। ਉਹ ਬੜੀ ਅਦਬ ਵਾਲੀ ਬੀਬੀ ਸੀ, ਬਹੁਤ ਅਦਬ ਸੀ ਉਸ ਦੇ ਮਨ ਵਿਚ। ਉਹ ਸਮਝਦੀ ਸੀ ਕਿ ਇਹ ਤਾਂ ਪ੍ਰਮੇਸ਼ਰ ਦਾ ਰੂਪ ਹੈ। ਕੋਲ ਗਈ, ਆਵਾਜ਼ ਦੇਣ ਨੂੰ ਹੌਂਸਲਾ ਨਾ ਪਿਆ। ਉਸ ਨੇ ਆਪਣਾ ਮਸਤਕ ਜਿਥੇ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਹੈ ਜਿਸ ਨੂੰ ਆਗਿਆ ਚੱਕਰ ਕਹਿੰਦੇ ਨੇ, ਇਹ ਮਹਾਰਾਜ ਜੀ ਦੇ ਅੰਗੂਠੇ ਨਾਲ ਸਪਰਸ਼ ਕਰ ਦਿੱਤਾ ਕਿ ਇਹ ਜਦੋਂ ਅੰਗੂਠੇ ਨਾਲ ਲੱਗੇਗਾ ਤਾਂ ਮਹਾਰਾਜ ਜੀ ਉਠ ਜਾਣਗੇ। ਜਦੋਂ ਸਪਰਸ਼ ਹੋਇਆ ਤਾਂ ਉਸ ਦੇ ਅੰਦਰ ਸਾਰਾ ਹੀ ਬ੍ਰਹਿਮੰਡ ਖੁਲ੍ਹ ਗਿਆ। ਹੈਰਾਨ ਹੋ ਗਈ ਕਿ ਮੈਨੂੰ ਤਾਂ ਬਹੁਤ ਦੂਰ-ਦੂਰ ਤੱਕ, ਕਿਤੇ ਸਮੁੰਦਰ ਦਿਸਦਾ ਹੈ, ਕਿਤੇ ਕੁਝ ਦਿਸਦਾ ਹੈ। ਕੀ ਦੇਖਦੀ ਹੈ ਕਿ ਗੁਰੂ ਨਾਨਕ ਪਾਤਸ਼ਾਹ ਭਾਈ ਮਨਸੁਖ ਦਾ ਡੁਬਦਾ ਜਹਾਜ਼ ਕੰਢੇ ਲਾ ਰਹੇ ਨੇ, ਅੰਦਰ ਅਜੇ ਜਰਨ ਸ਼ਕਤੀ ਆਈ ਨਹੀਂ ਸੀ, ਜਾ ਕੇ ਮਾਤਾ ਜੀ ਨੂੰ ਕਹਿਣ ਲੱਗੀ, "ਮਾਤਾ ਜੀ! ਉਹ ਤਾਂ ਲੰਕਾਂ ਦੇ ਕੋਲ ਗਏ ਹੋਏ ਨੇ, ਉਥੇ ਭਾਈ ਮਨਸੁਖ ਦਾ ਜਹਾਜ਼ ਡੁਬ ਰਿਹਾ ਹੈ ਉਸ ਨੂੰ ਬੰਨੇ ਲਾ ਰਹੇ ਨੇ।" ਮੱਥੇ ਤੇ ਹੱਥ ਰੱਖ ਲਿਆ ਮਾਤਾ ਨੇ ਕਿ ਅੱਗੇ ਤਾਂ ਲੋਕ ਹੀ ਕਹਿੰਦੇ ਸੀ, ਹੁਣ ਘਰ ਦੇ ਨੌਕਰ ਵੀ ਕਹਿਣ ਲੱਗ ਪਏ, ਹੁਣ ਤਾਂ ਗੱਲ ਹੀ ਮਾੜੀ ਹੋ ਗਈ ਮੇਰੇ ਪੁੱਤਰ ਦੀ।

ਜਿਸ ਵਕਤ ਮਾਤਾ ਜੀ ਨੇ ਮਹਾਰਾਜ ਜੀ ਨੂੰ ਆਵਾਜ਼ ਦਿੱਤੀ, ਆਪ ਸਾਵਧਾਨ ਹੋਏ। ਕਹਿੰਦੀ, "ਬੇਟਾ! ਅੱਗੇ ਤਾਂ ਲੋਕ ਹੀ ਕਹਿੰਦੇ ਸੀ ਤੈਨੂੰ ਪਰ ਹੁਣ ਤਾਂ ਘਰ ਦੇ ਜਿਹੜੇ ਸੇਵਾਦਾਰ ਨੇ ਇਹ ਵੀ ਕਹਿਣ ਲੱਗ ਗਏ।" ਬੇਬੇ ਨਾਨਕੀ ਜੀ ਕੋਲ ਸੀ ਤੇ ਮਹਾਰਾਜ ਦੇ ਮੂੰਹੋਂ ਸਹਿਜ ਸੁਭਾਅ ਨਿਕਲ ਗਿਆ ਕਿ ਐਵੇਂ ਝੱਲੀਆਂ ਗੱਲਾਂ ਮਾਰਦੀ ਹੈ। ਉਸੇ ਵੇਲੇ ਬੇਬੇ ਜੀ ਨੇ ਦੋਹੇ ਹੱਥ ਜੋੜੇ, "ਵੀਰ! ਅੱਗੇ ਨਾ ਬਚਨ ਕਰੀਂ, ਕਿਰਿਆ ਨਹੀਂ ਇਸ ਤੋਂ ਹੋ ਸਕਣੀ ਕਿਉਂਕਿ ਮਹਾਂਪੁਰਸ਼ਾਂ ਦਾ ਬਚਨ ਜਦੋਂ ਨਿਕਲ ਜਾਂਦਾ ਹੈ ਫੇਰ ਉਹ ਟਲਿਆ ਨਹੀਂ ਕਰਦਾ। ਮਹਾਰਾਜ ਕਹਿੰਦੇ, "ਕੋਈ ਨਾ ਭੈਣ। ਹੋਸ਼ ਹਵਾਸ਼ ਇਸ ਨੂੰ ਪੂਰੀ ਰਹੇਗੀ ਲੇਕਿਨ ਇਹ ਜਿਹੜੇ ਅੰਦਰਲੇ ਭੇਤ ਨੇ ਉਹ ਨਹੀਂ ਦਸੇਗੀ ਕਿਸੇ ਨੂੰ।" ਉਨ੍ਹਾਂ ਤੋਂ ਝੱਲੀ ਕਰੀ ਹੈ ਅਸੀਂ। ਹੁਣ ਮਹਾਰਾਜ ਸੁੱਤੇ ਤਾਂ ਨਹੀਂ ਸੀ। ਇਕ ਅਵਸਥਾ ਐਸੀ ਹੈ ਜਿਥੇ ਸਰੀਰ ਸੌਂ ਜਾਂਦਾ ਹੈ। ਮਹਾਂਪੁਰਸ਼ ਸਾਰੇ ਜਾਣਦੇ ਨੇ ਕਿ ਸਰੀਰ ਨੂੰ ਸੁਲਾ ਦੇਈਦਾ ਹੈ, ਸੁਰਤ ਨਹੀਂ ਸੌਂਦੀ, ਸੁਰਤ ਜਾਗਦੀ ਹੈ। ਸਰੀਰ ਨੂੰ ਛੱਡ ਕੇ ਦੂਰ-ਦੂਰ ਤੱਕ ਚਲੀ ਜਾਂਦੀ ਹੈ।

ਇਕ ਵਾਰ ਮਹਾਰਾਜ ਜੀ ਕੋਲ ਐਸੀ ਬਾਤ ਹੋਈ ਰਾੜੇ ਸਾਹਿਬ। ਕੋਈ

ਐਸੀ ਅਵਸਥਾ ਆਈ ਕਿ ਮੈਂ ਪਹਿਲੀ ਵਾਰ ਦੇਖੀ ਸੀ ਕਿ ਮੈਂ ਸਰੀਰ ਵਿਚੋਂ ਨਿਕਲ ਗਿਆ। ਮੈਨੂੰ ਬੜੀ ਹੈਰਾਨੀ ਹੋਈ ਕਿ ਸਰੀਰ ਮੇਰਾ ਆਹ ਪਿਆ ਹੈ ਤੇ ਮੈਂ ਨਿਕਲ ਗਿਆ। ਮੈਂ ਦੂਰ ਨਾ ਜਾਵਾਂ ਕਿ ਹੁਣ ਤਾਂ ਇਹ ਚੜ੍ਹਾਈ ਕਰ ਗਏ ਬੱਸ, ਇਹ ਗੱਲਾਂ ਕਰਦੇ, ਉਥੇ ਕਈ ਸਿੰਘ ਸੀ। ਮੈਂ ਉਨ੍ਹਾਂ ਦੇ ਮੋਢੇ ਹਿਲਾਵਾਂ, ਮੋਢਾ ਕਿਸੇ ਦਾ ਹਿਲੇ ਹੀ ਨਾ, ਸੂਖਸ਼ਮ ਸਰੀਰ ਤਾਂ ਹਿਲਾ ਹੀ ਨਹੀਂ ਸਕਦਾ ਕਿਸੇ ਨੂੰ, ਕੁਦਰਤੀ ਮੈਂ ਫੇਰ ਗਿਆ ਜਾ ਕੇ ਸਰੀਰ ਵਿਚ ਦਾਖਲ ਹੋ ਗਿਆ। ਮੇਰੇ ਮਨ ਵਿਚ ਹੋ ਗਈ ਗੱਲ, ਮਹਾਰਾਜ ਜੀ ਕੋਲ ਗਿਆ ਮੈਂ ਸਵੇਰੇ ਹੀ। ਮੈਂ ਕਿਹਾ, "ਮਹਾਰਾਜ ਜੀ! ਅੱਜ ਐਸ ਤਰ੍ਹਾਂ ਹੋਇਆ ਮੇਰੇ ਨਾਲ। ਕਹਿੰਦੇ, "ਬੱਸ ਇਕ ਦਿਨ ਵਿਚ ਹੀ ਘਬਰਾ ਗਿਆ?"

ਮੈਂ ਕਿਹਾ, "ਕੀ ਗੱਲ ਮਹਾਰਾਜ?"

ਕਹਿੰਦੇ ਅਸੀਂ ਰੋਜ਼ ਜਾਂਦੇ ਹਾਂ ਰੋਜ਼, ਸਰੀਰ ਛੱਡ ਕੇ ਅਸੀਂ ਰੋਜ਼ ਜਾਂਦੇ ਹਾਂ, ਕਿਤੇ ਅਮਰੀਕਾ ਜਾਂਦੇ ਹਾਂ, ਕਿਤੇ ਅਸੀਂ ਕੈਨੇਡਾ ਜਾਂਦੇ ਹਾਂ, ਦੁਨੀਆਂ ਭਰ ਵਿਚ ਜਾਂਦੇ ਹਾਂ। ਸੇਵਾਦਾਰਾਂ ਦੇ ਕੰਮ ਹੁੰਦੇ ਨੇ, ਉਹ ਅਸੀਂ ਕਰ ਲੈਂਦੇ ਹਾਂ ਜਾ ਕੇ।"

ਮੈਂ ਕਿਹਾ, "ਮਹਾਰਾਜ! ਫੇਰ ਸਰੀਰ ਕਿਵੇਂ ਜੀਉਂਦਾ ਰਹਿੰਦਾ ਹੈ?"

ਕਹਿੰਦੇ, "ਇਕ silver cod ਹੁੰਦੀ ਹੈ 'ਚਾਂਦੀ ਦੀ ਤਾਰ' ਰੋਸ਼ਨੀ ਦੀ ਤਾਰ ਹੁੰਦੀ ਹੈ ਉਸ ਦੇ ਨਾਲ ਜੁੜਿਆ ਰਹਿੰਦਾ ਹੈ ਸਰੀਰ।"

ਇਸ ਕਰਕੇ ਮਹਾਤਮਾ ਨੂੰ ਐਵੇਂ ਨਹੀਂ ਕਮਲਿਆਂ ਵਾਂਗ ਆਵਾਜ਼ਾਂ ਮਾਰ ਕੇ ਜਗਾਉਣਾ ਚਾਹੀਦਾ, ਪਤਾ ਨਹੀਂ ਕਿਥੇ ਗਏ ਹੋਏ ਹੁੰਦੇ ਨੇ, ਕਿਹੜੇ ਮੰਡਲ ਵਿਚ ਫਿਰਦੇ ਨੇ।

ਸੋ ਇਹ ਚੀਜ਼ਾਂ ਨੇ ਜਿਹੜੀਆਂ ਉਚੇਰੀਆਂ ਅਵਸਥਾਵਾਂ ਦੇ ਵਿਦਿਆਰਥੀ ਨੇ, ਰੂਹਾਨੀਅਤ ਦੇ ਨੇ ਜਿਹੜੇ, ਉਨ੍ਹਾਂ ਨੂੰ ਇਨ੍ਹਾਂ ਗੱਲਾਂ ਦਾ ਪਤਾ ਲਗਦਾ ਹੈ, ਦੂਜਿਆਂ ਨੂੰ ਨਹੀਂ ਪਤਾ ਲਗਦਾ। ਹੁਣ ਬਾਬੇ ਫਰੀਦ ਦੀ ਮਾਤਾ ਨੂੰ ਪਤਾ ਨਹੀਂ ਸੀ, ਜਿੰਨਾ ਪਤਾ ਸੀ ਉਨੀ ਉਸ ਨੇ ਗੱਲ ਕਰ ਦਿੱਤੀ ਕਿ ਤੂੰ ਜਾਹ! ਤਪ ਕਰ। ਉਸ ਨੇ ਬਹੁਤ ਤਪ ਕਰਿਆ 12 ਸਾਲ। ਤਪ ਵਾਸਤੇ ਐਨਾ ਮਸ਼ਹੂਰ ਹੋ ਗਿਆ ਸੀ ਬਾਬਾ ਫਰੀਦ, ਪਹਿਲਾਂ ਤਾਂ ਇਹ ਇਕ ਮੁਸਾਫਿਰ ਸੀ, ਇਸ ਨੇ ਕੋਈ ਥਾਂ ਨਹੀਂ ਛੱਡਿਆ ਦੁਨੀਆਂ ਦਾ ਜਿਥੇ ਇਹ ਨਹੀਂ ਗਿਆ, ਜਿਥੇ ਜਾ ਕੇ ਇਹ ਨਹੀਂ ਰਿਹਾ ਮਹੀਨਾ-ਮਹੀਨਾ, ਦੋ-ਦੋ ਮਹੀਨੇ। ਹਰ ਮਹਾਤਮਾ, ਹਰ ਸੂਫੀ

ਸੰਤ ਕੋਲ ਇਹ ਗਏ। ਇਸ ਨੇ ਤਪ ਐਨਾ ਕਰਿਆ ਕਿ ਇਸ ਦੇ ਤਪ ਦੀਆਂ ਕਹਾਣੀਆਂ ਚੱਲ ਪਈਆਂ। ਵੱਡੇ-ਵੱਡੇ ਮਹਾਤਮਾ ਆਏ ਇਸਦਾ ਦਰਸ਼ਨ ਕਰਨ ਵਾਸਤੇ, ਜਿਹੜੇ ਕਹਿੰਦੇ ਕਹਾਉਂਦੇ ਸੀ ਉਸ ਵੇਲੇ ਦੇ। ਉਹ ਦੇਖਦੇ ਸੀ ਕਿ ਤਪ ਕਰ ਰਿਹਾ ਹੈ ਇਹ ਕਿਉਂਕਿ ਜ਼ੋਹਦ ਜਿਹੜਾ ਹੈ ਇਸਲਾਮ ਵਾਲਿਆਂ ਵਿਚ ਬਹੁਤਾ ਹੈ। ਗੁਰੂ ਨਾਨਕ ਸਾਹਿਬ ਨੇ ਨਹੀਂ ਜ਼ੋਹਦ ਕਰਾਇਆ। ਸਾਡਾ ਜਿਹੜਾ ਰਸਤਾ ਹੈ ਉਹ ਬਹੁਤ ਸਹਿਜ ਦਾ ਹੈ -

***ਮਨ ਮੇਰੇ ਸੁਖ ਸਹਜ ਸੇਤੀ ਜਪਿ ਨਾਉ॥ ਅੰਗ - 44***

ਸਾਡਾ ਮਾਰਗ ਇਹ ਨਹੀਂ ਹੈ ਧੂਣੀਆਂ ਤਾਪਣ ਦਾ, ਨਾ ਪਾਣੀ ਵਿਚ ਖੜ੍ਹੇ ਹੋਣ ਦਾ, ਨਾ ਪੁੱਠੇ ਲਟਕਣ ਦਾ, ਸਾਡਾ ਬਿਲਕੁਲ ਸਹਿਜ ਦਾ ਰਸਤਾ ਹੈ, ਸੁਰਤ ਤੇ ਸ਼ਬਦ ਦਾ ਮੇਲ ਹੋ ਜਾਂਦਾ ਹੈ। ਉਸ ਦੇ ਨਾਲ ਅਸੀਂ ਚੜ੍ਹਾਈ ਕਰਨੀ ਹੈ, ਬਾਹਰਲੇ ਤਪ ਨਾਲ ਨਹੀਂ ਕਰਨੀ। ਬਾਹਰਲੇ ਤਪ ਦੀ ਥਾਂ ਤੇ ਸਾਨੂੰ ਗੁਰੂ ਮਹਾਰਾਜ ਨੇ ਐਸੀ ਚੀਜ਼ ਬਖਸ਼ੀ ਹੈ ਜਿਸ ਨੂੰ ਸੇਵਾ ਕਹਿੰਦੇ ਨੇ। ਸੇਵਾ ਤੇ ਸਿਮਰਨ ਜਦੋਂ ਦੋ ਚੀਜ਼ਾਂ ਇਕੱਠੀਆਂ ਹੋ ਜਾਂਦੀਆਂ ਨੇ ਫੇਰ ਇਹ ਰੂਹਾਨੀ ਪੁਲਾਂਘਾਂ ਭਰਦਾ ਹੈ, ਵੱਡੇ-ਵੱਡੇ ਕਦਮ ਭਰਦਾ ਹੈ ਪਹੁੰਚਣ ਵਾਸਤੇ ਇਸੇ ਕਰਕੇ ਐਸਾ ਫੁਰਮਾਨ ਹੈ ਪੜ੍ਹੋ ਪਿਆਰ ਨਾਲ-

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ -2, 2.***

ਨਾਮ ਜਪਣਾ ਤੇ ਸੇਵਾ ਕਰਨੀ, ਸੇਵਾ ਤਪਾਂ ਦੀ ਥਾਂ ਤੇ ਹੈ। ਸਭ ਤੋਂ ਸ਼੍ਰੋਮਣੀ ਤਪ ਜੋ ਹੈ ਤਾਂ ਉਹ ਸੇਵਾ ਕਰਨੀ ਹੈ, ਮਿਸਾਲ ਦੇ ਤੌਰ ਤੇ ਵਿਚਾਰ ਕੇ ਦੇਖ ਲਓ।

ਇਕ ਸਾਧੂ ਪੰਜ ਧੂਣੀਆਂ ਲਾਈ ਬੈਠਾ ਹੈ, ਉਪਰੋਂ ਜੇਠ ਹਾੜ੍ਹ ਦਾ ਮਹੀਨਾ ਹੈ, ਉਹ ਕੁਝ ਵੀ ਨਹੀਂ ਸਹਾਰ ਰਿਹਾ। ਇਕ ਤਮਾਸ਼ਾ ਬਣਿਆ ਹੋਇਆ ਹੈ ਲੋਕ ਜਾਂਦੇ ਨੇ ਦੇਖਦੇ ਨੇ। ਉਸ ਦੇ ਮੁਕਾਬਲੇ ਦੇ ਉਤੇ ਇਕ ਬੀਬੀ 5-7 ਘੰਟੇ ਹੋ ਗਏ ਪ੍ਰਸ਼ਾਦੇ ਲਹਿ ਰਹੇ ਨੇ, ਜੇਠ ਹਾੜ੍ਹ ਦਾ ਮਹੀਨਾ ਹੈ, ਤਵੀ ਤਪ ਰਹੀ ਹੈ ਤੇ ਉਹ ਲੰਗਰ, ਬਣਾ-ਬਣਾ ਕੇ ਪ੍ਰਸ਼ਾਦੇ ਪਾਈ ਜਾਂਦੀ ਹੈ। ਹੁਣ ਜੇ ਤਪਾਂ ਦਾ ਦੇਖੋਂਗੇ ਕਿ ਕਿਸ ਦਾ ਤਪ ਜ਼ਿਆਦਾ ਹੈ? ਉਸ ਮਾਤਾ ਦਾ, ਭੈਣ ਦਾ, ਬੀਬੀ ਦਾ ਤਪ ਹਜ਼ਾਰਾਂ ਗੁਣਾ ਜ਼ਿਆਦਾ ਹੈ ਜਿਸ ਨੇ ਪ੍ਰਸ਼ਾਦੇ ਲਾਹ ਕੇ ਭੁਖਿਆਂ ਦੀ ਤ੍ਰਿਪਤੀ ਕਰਵਾਈ ਹੈ। ਇਸ ਤਰ੍ਹਾਂ ਦੇ ਨਾਲ ਇਕ ਜਲ ਪਿਲਾ ਰਿਹਾ ਹੈ, ਇਕ ਜਲ ਵਿਚ ਖੜ੍ਹਾ ਹੈ, ਉਸ ਦਾ ਨਿਰਾਰਥਕ ਤਪ ਹੈ, ਲੇਕਿਨ ਜਿਹੜਾ ਜਲ ਦੀ ਸੇਵਾ ਕਰ ਰਿਹਾ ਹੈ, ਪੱਖੇ ਦੀ ਸੇਵਾ ਕਰ ਰਿਹਾ ਹੈ, ਉਸ

ਦੀ ਸੇਵਾ ਕਿਤੇ ਉਸ ਦੇ ਨਾਲੋਂ ਵੱਧ ਹੈ। ਸੋ ਮਹਾਰਾਜ ਨੇ ਸਾਰਾ ਕੁਝ ਬਦਲ ਦਿੱਤਾ। ਸਾਡੇ ਕਲਜੁਗੀ ਜੀਵਾਂ ਵਾਸਤੇ ਸੁਖਾਲਾ ਕਰ ਦਿਤਾ ਤਾਂ ਕਿ ਸਾਡਾ ਉਧਾਰ ਹੋ ਸਕੇ। ਇਸ ਦੇ ਵਿਚ ਜ਼ਰੂਰੀ ਨਹੀਂ ਕਿ ਅਸੀਂ ਘਰ ਛੱਡੀਏ, ਸੇਵਾ ਸਾਰੇ ਹੀ ਕਰ ਸਕਦੇ ਹੋ ਤੁਸੀਂ, ਸੇਵਾ ਦਾ ਕੁੰਭ ਚਲਦਾ ਹੈ ਸੇਵਾ ਕਰੋ, ਨਾਮ ਹੈ ਨਾਮ ਇਕੱਲਾ ਹਰੇਕ ਜਪ ਸਕਦਾ ਹੈ। ਸਤਿਸੰਗ ਵਿਚ ਜਾਓ ਨਾਮ ਜਪੋ, ਬਾਣੀ ਪੜ੍ਹੋ ਜਿਵੇਂ ਹੁਣੇ ਸੰਤਾਂ ਨੇ ਚਾਰ ਅਵਸਥਾਵਾਂ ਦੱਸੀਆਂ ਨੇ। ਬੜਾ ਫਰਕ ਪੈਂਦਾ ਹੈ ਇਕ ਇਕ ਦਾ। ਸੋ ਗੁਰੂ ਮਹਾਰਾਜ ਨੇ ਸਾਨੂੰ ਬਹੁਤ ਹੀ ਸੁਖਾਲਾ ਰਾਹ ਦੱਸ ਦਿੱਤਾ, ਤਪਾਂ ਦੇ ਰਸਤੇ ਸਾਨੂੰ ਨਹੀਂ ਪਾਇਆ। ਜਿਹੜੇ ਪੂਰਨ ਪੁਰਸ਼ ਹੁੰਦੇ ਹਨ ਉਹ ਤਪ ਨੂੰ ਪਸੰਦ ਨਹੀਂ ਕਰਦੇ ਉਹ ਸਹਿਜ ਨੂੰ ਪਸੰਦ ਕਰਦੇ ਹਨ। ਸੋ ਇਹ ਬਾਬਾ ਫਰੀਦ ਬਹੁਤ ਹੀ ਘੋਰ ਤਪ ਕਰ ਰਿਹਾ ਹੈ। ਦੂਰ-ਦੂਰ ਤੋਂ ਮਹਾਤਮਾ ਸੂਫੀ ਪੀਰ ਆਉਂਦੇ ਨੇ ਜਿਨ੍ਹਾਂ ਤੱਕ ਗੱਲ ਪਹੁੰਚਦੀ ਹੈ ਕਿ ਦੇਖ ਕੇ ਆਓ, ਫਰੀਦ ਕਿੰਨਾ ਤਪ ਕਰ ਰਿਹਾ ਹੈ।

ਫਰੀਦ ਜੀ ਦੇ ਮਨ ਵਿਚ ਆਇਆ ਕਿ 12 ਸਾਲ ਲੰਘ ਗਏ ਨੇ, ਮਾਤਾ ਨੂੰ ਮੈਂ ਦੱਸ ਆਵਾਂ ਜਾ ਕੇ। ਉਸ ਦੇ ਅੰਦਰ ਉਥੱਲ ਪੁਥੱਲ ਹੋਣ ਲੱਗ ਗਈ। ਜਦੋਂ ਆਦਮੀ ਦੇ ਅੰਦਰ ਸ਼ਕਤੀ ਪ੍ਰਵੇਸ਼ ਕਰਦੀ ਹੈ ਤਾਂ ਉਸ ਦਾ ਪੈਰ ਨਹੀਂ ਟਿਕਦਾ ਧਰਤੀ ਤੇ, ਜਜ਼ਬ ਨਹੀਂ ਹੁੰਦੀ। ਉਸ ਦੀ ਗਲਤ ਵਰਤੋਂ ਕਰਦਾ ਹੈ ਫੇਰ ਉਹ ਕਿਉਂਕਿ ਜਰੀ ਨਹੀਂ ਜਾਂਦੀ, ਸ਼ਕਤੀ ਜਿਹੜੀ ਆ ਜਾਂਦੀ ਹੈ, ਕਰਾਮਾਤਾਂ ਜਿਹੜੀਆਂ ਆ ਜਾਂਦੀਆਂ ਨੇ, ਜਰੀਆਂ ਨਹੀਂ ਜਾਂਦੀਆਂ, ਵਰਤਣੀਆਂ ਸ਼ੁਰੂ ਕਰ ਦਿੰਦਾ ਹੈ। ਉਸ ਵੇਲੇ ਇਹ ਵਾਪਸ ਤੁਰ ਪਿਆ ਜੰਗਲਾਂ ਤੋਂ 12 ਮੀਲ ਜਦੋਂ ਕਿ ਜੰਗਲ ਲੰਘਣ ਨੂੰ ਹੋਰ ਰਹਿੰਦਾ ਸੀ। ਉਥੇ ਬੈਠਾ ਹੈ ਤਾਂ ਦਰਖਤ ਬੜਾ ਸੰਘਣਾ ਹੈ, ਬੜੀਆਂ ਚਿੜੀਆਂ ਆਦਿ ਉਥੇ ਬੈਠੀਆਂ ਨੇ। ਉਹ ਚੀਂ-ਚੀਂ ਕਰੀ ਜਾਂਦੀਆਂ ਨੇ। ਇਸ ਨੂੰ ਗੁੱਸਾ ਆ ਗਿਆ ਕਿਉਂਕਿ ਤਪੀਏ ਨੂੰ ਗੁੱਸਾ ਬਹੁਤ ਆਉਂਦਾ ਹੈ। ਉਹ ਤਮੋ ਗੁਣ ਵਿਚ ਰਹਿੰਦਾ ਹੈ, ਤਪ ਹੀ ਤਮੋ ਗੁਣ ਹੈ। ਇਕ ਰਜੋ ਗੁਣ ਦਾ ਤਪ ਹੈ, ਆਪਣੀਆਂ ਇੰਦਰੀਆਂ ਨੂੰ ਰੋਕਣਾ, ਮਨ ਨੂੰ ਦੌੜਨ ਨਾ ਦੇਣਾ, ਮੋੜ-ਮੋੜ ਕੇ ਬਾਣੀ ਵੱਲ ਲਾਉਣਾ, ਹਜ਼ਾਰਾਂ ਗੁਣਾਂ ਫਲ ਜ਼ਿਆਦਾ ਹੈ ਇਸਦਾ। ਇਕ ਸਤੋ ਗੁਣੀ ਤਪ ਹੈ, ਬੰਦਗੀ ਕਰਨੀ, ਨਾਮ ਜਪਣਾ ਤੇ ਅੰਤਰ ਵਿਚਾਰ ਕਰਨੀ। ਉਹ ਜਿਹੜਾ ਪਹਿਲਾ ਹੈ ਤਮੋ ਗੁਣੀ ਤਪ, ਉਸ ਦੇ ਵਿਚ ਜਦੋਂ ਸਿਧੀਆਂ ਆਉਂਦੀਆਂ ਹਨ ਤਾਂ ਸਾਂਭੀਆਂ ਨਹੀਂ ਜਾਂਦੀਆਂ। ਸਰਾਪ ਦਿੰਦਾ ਹੈ, ਕਿਤੇ ਮਾੜੀਆਂ ਗੱਲਾਂ ਕਹਿੰਦਾ ਹੈ, ਲੋਕ ਡਰ ਜਾਂਦੇ ਨੇ। ਹੁੰਦੀਆਂ ਤਾਂ ਦੂਜਿਆਂ ਵਿਚ ਵੀ ਨੇ ਪਰ ਉਨ੍ਹਾਂ ਨੇ ਕਾਬੂ ਕਰ ਲਈਆਂ ਹੁੰਦੀਆਂ ਨੇ। ਉਹ ਬਿਲਕੁਲ ਨਹੀਂ ਦਿਖਾਉਂਦੇ-

***ਹੋਨਿ ਨਜੀਕਿ ਖੁਦਾਇ ਦੇ ਭੇਤੁ ਨ ਕਿਸੈ ਦੇਨਿ॥***

ਬਾਬੇ ਫਰੀਦ ਨੂੰ ਗੁੱਸਾ ਆ ਗਿਆ, ਉਤੇ ਨੂੰ ਝਾਕਿਆ। ਕਹਿੰਦਾ, ਮਰ ਵੰਞੋਂ ਚਿੜੀਓਂ! ਸਾਰੀਆਂ ਹੀ ਗਿਰ ਗਈਆਂ। ਬੜਾ ਖੁਸ਼ ਹੋਇਆ ਕਿ ਮੇਰੇ ਇਕ ਵਾਰੀ ਕਹੇ ਤੋਂ ਮਰ ਗਈਆਂ। ਫੇਰ ਕਹਿੰਦਾ, “ਜੀਅ ਵੰਞੋ।” ਸਾਰੀਆਂ ਹੀ ਉਡ ਗਈਆਂ। ਹੁਣ ਸਾਂਭੀ ਨਹੀਂ ਜਾਂਦੀ ਸ਼ਕਤੀ ਕਿ ਐਨੀ ਸ਼ਕਤੀ ਮੇਰੇ ਵਿਚ ਆ ਗਈ। ਬਾਰਾਂ ਮੀਲ ਜਦੋਂ ਤੁਰ ਕੇ ਅੱਗੇ ਆਇਆ ਤਾਂ ਪਿਆਸ ਬੜੀ ਲੱਗੀ ਹੋਈ ਹੈ, ਗਰਮੀ ਦਾ ਮਹੀਨਾ ਹੈ। ਉਥੇ ਕੀ ਦੇਖਦਾ ਹੈ ਇਕ ਬੀਬੀ ਖੂਹ ਵਿਚੋਂ ਪਾਣੀ ਕੱਢਦੀ ਹੈ ਡੋਲ੍ਹ ਦਿੰਦੀ ਹੈ। ਉਸ ਨੇ ਕਿਹਾ ਚਲੋ ਇਥੇ ਪਾਣੀ ਪੀਂਦੇ ਹਾਂ ਤੇ ਪਿਆਸ ਬੁਝਾਉਂਦੇ ਹਾਂ। ਉਥੇ ਚਲਿਆ ਗਿਆ। ਉਥੇ ਜਾ ਕੇ ਬੀਬੀ ਤੋਂ ਪਾਣੀ ਮੰਗਿਆ ਕਹਿੰਦਾ, “ਐ ਲੜਕੀ! ਦਰਵੇਸ਼ ਕੋ ਪਾਣੀ ਪਿਲਾਓ।”

ਉਹ ਕਹਿੰਦੀ, “ਬਾਬਾ! ਉਥੇ ਬਹਿ ਜਾ ਅਰਾਮ ਨਾਲ।”

ਬੜਾ ਗੁੱਸਾ ਆਇਆ ਕਿ ਮੇਰੇ ਵਿਚ ਤਾਂ ਐਨੀਆਂ ਕਰਾਮਾਤਾਂ ਹਨ, ਜੇ ਮੈਂ ਇਸ ਨੂੰ ਕਰਾਮਾਤ ਦਿਖਾਵਾਂ ਇਹ ਤਾਂ ਮੰਨੇਗੀ।

ਕਹਿੰਦਾ, “ਬੀਬੀ! ਦਰਵੇਸ਼ ਨਾਲ ਬਾਤ ਕਰ ਰਹੀ ਹੈਂ।”

ਕਹਿੰਦੀ, “ਹਾਂ ਮੈਨੂੰ ਪਤਾ ਹੈ, ਇਹ ਚਿੜੀਆਂ ਨਹੀਂ ਜਿਹੜੀਆਂ ਤੂੰ ਮਾਰ ਦਏਂਗਾ, ਨਾਲੇ ਜੀਉਂਦੀਆਂ ਕਰ ਦੇਵੇਂਗਾ।”

ਪਾਣੀ ਵਿਚ ਬਹਿ ਗਿਆ ਕਿ ਮੈਂ ਤਾਂ ਇਸ ਨੂੰ ਸ਼ਕਤੀ ਦਿਖਾਉਣੀ ਸੀ। ਮੇਰੀ ਤਾਂ ਸ਼ਕਤੀ ਕਿਧਰੇ ਹੀ ਰਹਿ ਗਈ। ਮੈਨੂੰ ਤਾਂ ਇਸ ਤਰ੍ਹਾਂ ਹੀ ਨਹੀਂ ਪਤਾ ਕਿ ਇਹ ਪਾਣੀ ਕਿਉਂ ਡੋਲ੍ਹਦੀ ਹੈ। ਇਸ ਨੂੰ ਤਾਂ ਇਹ ਵੀ ਪਤਾ ਹੈ ਕਿ ਮੈਂ ਚਿੜੀਆਂ ਮਾਰੀਆਂ ਸੀ, ਜਿਉਂਦੀਆਂ ਕਰ ਦਿੱਤੀਆਂ। ਪਿਆਸ ਬੁਝ ਗਈ, ਉਹ ਪਾਣੀ ਡੋਲ੍ਹ ਹਟੀ।

ਉਸ ਨੇ ਕਿਹਾ, “ਦਰਵੇਸ ਸਾਈਂ! ਹੁਣ ਆਓ ਤੁਸੀਂ, ਪਾਣੀ ਪੀਓ ਵੁਜ਼ੂ ਕਰ, ਆਪਣੇ ਚਰਨ ਧੋਵੋਂ ਜੋ ਸੇਵਾ ਮੈਨੂੰ ਕਹੋ ਪ੍ਰਸ਼ਾਦ ਪਾਣੀ ਦੀ, ਮੈਂ ਕਰਦੀ ਹਾਂ।”

ਉਹ ਕਹਿੰਦਾ, “ਬੀਬੀ! ਪਹਿਲਾਂ ਮੈਨੂੰ ਇਹ ਦੱਸ ਕਿ ਤੇਰੀ ਉਮਰ ਕੁਝ ਨਹੀਂ 22 ਕੁ ਸਾਲ ਦੀ ਲਗਦੀ ਹੈ। ਤੂੰ ਪਾਣੀ ਕਿਉਂ ਡੋਲ੍ਹਦੀ ਸੀ, ਇਸ ਦਾ ਮੈਨੂੰ ਪਤਾ ਨਹੀਂ ਲੱਗ ਸਕਿਆ, ਮੇਰੀਆਂ ਚਿੜੀਆਂ ਮਾਰੀਆਂ 12 ਮੀਲ ਤੇ ਤੈਨੂੰ ਸਾਰਾ ਪਤਾ ਲੱਗ ਗਿਆ। ਤੂੰ ਕਿਹੜਾ ਤਪ ਕਰਿਆ ਹੈ, ਮੈਨੂੰ 12

ਸਾਲ ਹੋ ਗਏ ਭੁਖੇ ਤਿਆਹੇ ਨੂੰ, ਫਿਰਦੇ ਨੂੰ, ਰਾਤਾਂ ਨੂੰ ਖੜ੍ਹਾ ਰਹਿੰਦਾ ਹਾਂ, ਭੁਖਾ ਰਹਿੰਦਾ ਹਾਂ, ਕਾਲਾ ਮੇਰਾ ਰੰਗ ਹੋ ਗਿਆ, ਸਰੀਰ ਦਾ ਬੁਰਾ ਹਾਲ ਹੋ ਗਿਆ ਤੇ ਤੂੰ ਤਾਂ ਕੱਪੜੇ ਵੀ ਸੋਹਣੇ ਪਾਏ ਹੋਏ ਨੇ, ਤੇਰੀ ਸਿਹਤ ਵੀ ਵਧੀਆ ਹੈ, ਤੇਰਾ ਚਿਹਰਾ-ਮੋਹਰਾ ਵੀ ਵਧੀਆ ਹੈ ਤੂੰ ਕਿਹੜਾ ਤਪ ਕਰ ਲਿਆ ਐਨੀ ਛੋਟੀ ਉਮਰ ਵਿਚ।"

ਉਹ ਕਹਿੰਦੀ, "ਬਾਬਾ ਫਰੀਦ! ਮੈਂ ਤੇਰਾ ਨਾਉਂ ਵੀ ਜਾਣਦੀ ਹਾਂ। ਅਸੀਂ ਬੀਬੀਆਂ ਤਪ ਨਹੀਂ ਕਰਿਆ ਕਰਦੀਆਂ, ਜਿਹੋ ਜਿਹਾ ਤੁਸੀਂ ਕਰਦੇ ਹੋ ਅਸੀਂ ਆਪਣੇ ਪਤੀ ਵਿਚ ਪ੍ਰਮੇਸ਼ਰ ਭਾਵਨਾ ਜਾਣ ਕੇ ਸੇਵਾ ਕਰਦੀਆਂ ਹਾਂ। ਉਸ ਸੇਵਾ ਦਾ ਇਹ ਫਲ ਹੋਇਆ ਕਿ ਮੈਨੂੰ ਦਿਬਯ ਦ੍ਰਿਸ਼ਟ ਪ੍ਰਾਪਤ ਹੋ ਗਈ। ਦੂਰ ਦਰਸ਼ੀ ਮੇਰੀ ਜਾਗ ਪਈ। ਮੇਰੀ ਭੈਣ ਦੇ ਘਰ ਨੂੰ ਅੱਗ ਲੱਗ ਗਈ, 20 ਮੀਲ ਤੇ ਹੈ। ਉਹ ਸਤਿਸੰਗ ਵਿਚ ਗਈ ਹੋਈ ਹੈ, ਮੈਂ ਪਾਣੀ ਡੋਲ੍ਹ ਕੇ ਉਸਦੀ ਅੱਗ ਬੁਝਾਈ ਹੈ। ਹੁਣ ਬੁਝ ਗਈ ਹੋਣੀ ਹੈ ਹੁਣ ਤੇਰੇ ਨਾਲ ਤਾਂ ਗੱਲ ਕਰੀ ਹੈ।"

ਚੁਪ ਕਰ ਗਿਆ। ਸਾਰਾ ਜਿਹੜਾ ਸੀ ਮਹੱਲ ਬਣਿਆ ਹੋਇਆ ਅੰਦਰ, ਖਤਮ ਹੋ ਗਿਆ, ਮੁੜ ਗਿਆ ਬਾਬਾ ਫਰੀਦ ਕਿ ਮੈਂ ਤਾਂ ਕੁਝ ਵੀ ਨਹੀਂ ਕਰਿਆ। ਬੀਬੀ ਨੇ ਕਿਹਾ, "ਫਰੀਦ! ਤੁਸੀਂ ਰੱਬ ਨੂੰ ਮਿਲਣ ਵਾਲੇ ਬੰਦੇ ਹੋ। ਇਹ ਜਿਹੜੀਆਂ ਸ਼ਕਤੀਆਂ ਨੇ ਇਹ ਬੜਾ ਭਾਰੀ ਬੰਧਨ ਹੈ ਇਸ ਦੇ ਵਿਚ। ਮਾਇਆ ਦੂਜੀ ਦਾ ਤਾਂ ਮੁਕਾਬਲਾ ਕਰ ਲਵੋਂਗੇ, ਇਨ੍ਹਾਂ ਸ਼ਕਤੀਆਂ ਦਾ ਮੁਕਾਬਲਾ ਨਹੀਂ ਸੰਤ ਤੋਂ ਹੋਇਆ, ਮਲੋ ਮੱਲੀ ਦਿਖਾਉਂਦਾ ਹੈ, ਇਸ ਦੇ ਨਾਲ ਉਸ ਦਾ ਮਾਣ ਹੁੰਦਾ ਹੈ, ਉਹ ਮਾਣ ਛੱਡ ਨਹੀਂ ਸਕਦਾ -

***ਕਬੀਰ ਮਾਇਆ ਤਜੀ ਤ ਕਿਆ ਭਇਆ***
***ਜਉ ਮਾਨੁ ਤਜਿਆ ਨਹੀ ਜਾਇ॥***
***ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥ ਅੰਗ - 1373***

ਮਹਾਰਾਜ ਕਹਿੰਦੇ ਰਿਧੀ ਸਿਧੀ ਕੀ ਹੈ ਪਿਆਰਿਓ! ਇਹ ਤਾਂ ਕੁਝ ਵੀ ਨਹੀਂ -

***ਰਿਧਿ ਸਿਧਿ ਸਭੁ ਮੋਹੁ ਹੈ***
***ਨਾਮੁ ਨ ਵਸੈ ਮਨਿ ਆਇ॥ ਅੰਗ - 593***

ਨਾਮ ਵੱਡੀ ਚੀਜ਼ ਹੈ।

***ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥***

*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ॥* *ਅੰਗ - 14*

ਜੇ ਇਨ੍ਹਾਂ ਰਿੱਧੀਆਂ ਸਿੱਧੀਆਂ ਨੇ ਨਾਮ ਨੂੰ ਭੁਲਾ ਦਿਤਾ ਤਾਂ ਇਹ ਕੁਝ ਵੀ ਨਹੀਂ, ਇਹ ਬੰਧਨ ਵਾਲੀ ਚੀਜ਼ ਹੈ, ਜਾਲ ਹੈ ਇਕ, ਇਸ ਦੇ ਵਿਚ ਸੰਤ ਫਸ ਜਾਂਦੇ ਨੇ। ਤਾਂਤਰੀਆਂ ਦਾ ਤਾਂ ਪੇਸ਼ਾ ਹੀ ਇਹੀ ਹੈ, ਉਹ ਤਾਂ ਨਰਕਾਂ ਨੂੰ ਜਾਂਦੇ ਨੇ ਬਾਅਦ ਵਿਚ। ਸ਼ਕਤੀਆਂ ਸਿੱਧ ਕਰ ਲੈਂਦੇ ਨੇ, ਚਿਲ੍ਹੇ ਕੱਟ ਲੈਂਦੇ ਨੇ। ਫੇਰ ਇਸ ਦਾ ਮਤਲਬ ਹੈ ਕਿ ਸੰਤਾਂ ਵਿਚ ਸ਼ਕਤੀ ਆਉਂਦੀ ਨਹੀਂ। ਮਹਾਰਾਜ ਕਹਿੰਦੇ ਸ਼ਕਤੀਆਂ ਹਾੜ੍ਹੇ ਕੱਢਦੀਆਂ ਫਿਰਦੀਆਂ ਹਨ, ਬੇਨਤੀਆਂ ਕਰਦੀਆਂ ਫਿਰਦੀਆਂ ਨੇ। ਸੰਤ ਮਹਾਰਾਜ ਜੀ ਨਾਲ ਇਕ ਵਾਰੀ ਐਸਾ ਹੀ ਬਚਨ ਮੇਰਾ ਚਲ ਰਿਹਾ ਸੀ। ਮੈਂ ਕਿਹਾ, "ਮਹਾਰਾਜ! ਤੁਹਾਡਾ ਜੀਵਨ ਲਿਖਣ ਨੂੰ ਚਿੱਠੀ ਆਈ ਹੈ ਮੇਰੇ ਕੋਲ, ਪ੍ਰੀਤਮ ਸਿੰਘ ਹੈ ਕੋਈ ਦਿੱਲੀ ਦਾ, ਉਸ ਨੇ ਕਿਹਾ ਹੈ। ਦੱਸੋ ਤੁਹਾਡੇ ਨਾਲ ਕੀ-ਕੀ ਵਰਤੀ ਹੈ?"

ਮਹਾਰਾਜ ਕਹਿੰਦੇ, "ਸੰਤਾਂ ਦਾ ਜੀਵਨ ਲਿਖਣਾ ਤਾਂ ਬਹੁਤ ਔਖਾ ਹੈ।"

ਮੈਂ ਕਿਹਾ, "ਕਿਉਂ ਮਹਾਰਾਜ! ਸਾਨੂੰ ਪਤਾ ਹੀ ਹੈ ਤੁਸੀਂ ਉਥੇ-ਉਥੇ ਦੀਵਾਨ ਲਾਏ?"

ਕਹਿੰਦੇ, "ਇਹ ਕਿਤੇ ਜੀਵਨ ਹੁੰਦਾ ਹੈ? ਸੰਤਾਂ ਦਾ ਜੀਵਨ ਹੁੰਦਾ ਹੈ ਅੰਦਰਲਾ ਕਿ ਕਿਸ ਤਰੀਕੇ ਨਾਲ ਨਾਮ ਜਪਿਆ, ਕਿਸ ਤਰੀਕੇ ਨਾਲ ਉਨ੍ਹਾਂ ਨੇ ਚੜ੍ਹਾਈ ਕੀਤੀ, ਉਸ ਤੋਂ ਬਾਅਦ ਕਦੋਂ ਇਸ ਦੇ ਅੰਦਰ ਸ਼ਕਤੀਆਂ ਦਾ ਪ੍ਰਵੇਸ਼ ਹੋਇਆ? ਕਿਹੜਾ ਕਿਹੜਾ ਚੱਕਰ ਉਨ੍ਹਾਂ ਨੇ ਵਿੰਨ੍ਹਿਆ, ਰੌਸ਼ਨੀ ਕਦੋਂ ਆਈ ਉਨ੍ਹਾਂ ਦੇ ਅੰਦਰ ਤੇ ਇਹ ਅਨਹਦ ਸ਼ਬਦ ਕਦੋਂ ਜਾਗੇ, ਇਨ੍ਹਾਂ ਤੋਂ ਉਪਰ ਕਦੋਂ ਗਿਆ, ਤ੍ਰਿਕੁਟੀ ਦੇ ਵਿਚੋਂ ਕਦੋਂ ਲੰਘਿਆ।"

ਮੈਂ ਕਿਹਾ, "ਮਹਾਰਾਜ! ਇਹ ਤਾਂ ਪਤਾ ਹੀ ਨਹੀਂ ਲਗਦਾ, ਕਿਵੇਂ ਕੋਈ ਖੋਲ੍ਹ ਕੇ ਦੱਸੋ।"

ਮਹਾਰਾਜ ਕਹਿਣ ਲੱਗੇ, "ਜਦੋਂ ਅਸੀਂ ਮੋਨ ਰੱਖ ਕੇ ਭਜਨ ਕਰਦੇ ਸੀ, ਸਾਨੂੰ ਆਵਾਜ਼ਾਂ ਸੁਣਾਈ ਦੇਣ ਲਗ ਗਈਆਂ ਕਿ ਮੈਂ ਅੰਤਰਜਾਮਤਾ ਸਿੱਧੀ ਹਾਂ। ਜੇ ਤੂੰ ਮੈਨੂੰ ਅੰਗੀਕਾਰ ਕਰ ਲਵੇਂ ਤਾਂ ਬੰਦਾ ਪਿਛੋਂ ਆਏਗਾ, ਗੱਲ ਤੇਰੇ ਕੋਲ ਪਹਿਲਾਂ ਪਹੁੰਚ ਜਾਏਗੀ।

ਪਤਾ ਲਗ ਜਾਏਗਾ ਕਿ ਇਹ ਬੜਾ ਪੂਰਨ ਸੰਤ ਹੈ।

ਦੂਜੀ ਕਹਿੰਦੀ ਮੈਂ ਪ੍ਰੇਰਨਾ ਸ਼ਕਤੀ ਹਾਂ, ਚਾਹੇ ਬਾਦਸ਼ਾਹ ਨੂੰ ਕਹਿ ਦੇਵੀਂ ਮੈਂ ਪਰੇਰ ਕੇ ਇਥੇ ਚਰਨਾਂ ਵਿਚ ਲੈ ਆਵਾਂਗੀ।

ਕਹਿੰਦੇ, ਵੈਰਾਗ ਬਹੁਤ ਸੀ, ਸਾਡੇ ਅੰਦਰ ਹਰ ਵਕਤ ਨੇਤਰਾਂ ਵਿਚੋਂ ਜਲ ਹੀ ਜਾਈ ਜਾਂਦਾ ਸੀ।" ਛੋਟੀ ਉਮਰ ਵਿਚ ਹੀ ਲਗ ਗਏ ਸੀ।

ਸੋ ਉਸ ਵੇਲੇ ਕਹਿਣ ਲੱਗੇ, "ਅਸੀਂ ਧਿਆਨ ਹੀ ਨਾ ਦਿਤਾ। ਫੇਰ ਅਸੀਂ ਕੀ ਦੇਖਦੇ ਹਾਂ ਰੂਪ ਧਾਰ ਕੇ ਆ ਗਈਆਂ, ਸੂਖਸ਼ਮ, ਇਸਤ੍ਰੀ ਰੂਪ ਖ਼ੂਬਸੂਰਤ ਬਣ ਕੇ, ਹੱਥ ਬੰਨ੍ਹ ਬੰਨ੍ਹ ਕਹਿੰਦੀਆਂ ਹਨ ਮੈਂ ਫਲਾਣੀ ਸਿੱਧੀ ਹਾਂ, ਮੈਨੂੰ ਅੰਗੀਕਾਰ ਕਰ ਲਓ। ਅਸੀਂ ਝਾਕੇ ਹੀ ਨਾ। ਜਦੋਂ ਬਿਲਕੁਲ ਹੀ ਨਾ ਦੇਖਿਆ ਫੇਰ ਕਹਿੰਦੀਆਂ ਅਸੀਂ ਤਾਂ ਸੇਵਾ ਵਿਚ ਹਾਜ਼ਰ ਰਹਿਣਾ ਹੈ, ਜਦੋਂ ਤੁਹਾਡੀ ਮਰਜ਼ੀ ਹੋਵੇ ਸਾਡੇ ਤੋਂ ਕੰਮ ਲੈ ਲਿਆ ਕਰੋ, ਦਾਸੀਆਂ ਬਣ ਕੇ ਰਹਾਂਗੀਆਂ।

ਮਾਇਆ ਦਾਸੀ ਬਣ ਕੇ ਸਾਧੂਆਂ ਦੀ ਸੇਵਾ ਕਰਦੀ ਹੈ। ਸੋ ਕਹਿਣ ਲੱਗੀ, ਬਾਬਾ ਫਰੀਦ, ਇਹ ਕਿੱਥੇ ਉਲਝ ਗਿਆ ਤੂੰ ਚੱਕਰ ਵਿਚ, ਤੂੰ ਤਾਂ ਗਿਆ ਘਰ ਤੋਂ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਸੀ, ਤੇਰਾ ਬਣਿਆ ਹੀ ਕੱਖ ਨਹੀਂ ਹੈ।"

ਬਾਬਾ ਫਰੀਦ ਵਾਪਸ ਹੋ ਗਿਆ। ਉਸ ਨੇ ਕਿਹਾ ਪਹਿਲੀ ਤਪਸਿਆ ਕੁਝ ਪੂਰੀ ਨਹੀਂ ਸੀ, ਹੁਣ ਮੈਂ ਤਪਸਿਆ ਕਰਾਂ, ਖਾਣਾ ਪੀਣਾ ਬਿਲਕੁਲ ਛੱਡ ਦਿਤਾ, ਪਿਆ ਰਹਿੰਦਾ ਹੈ ਹਰ ਵਕਤ। ਉਸ ਵੇਲੇ ਇਕ ਵੱਡੇ ਮਹਾਤਮਾ ਸੀ, ਸੋਹ੍ਰਾਵਰਦੀ ਉਨ੍ਹਾਂ ਦਾ ਨਾਂ ਸੀ, ਪੀਰ ਸੀ ਮੰਨੇ ਹੋਏ। ਉਹ ਬਾਬਾ ਫਰੀਦ ਦੀ ਗੱਲ ਸੁਣ ਕੇ ਆ ਗਏ ਕਿ ਤਪ ਬਹੁਤ ਕਰ ਰਿਹਾ ਹੈ। ਉਥੇ ਆ ਕੇ ਉਨ੍ਹਾਂ ਦਾ ਸਤਿਕਾਰ ਕਰ ਦਿਤਾ, ਦੂਸਰੇ ਸਾਰਿਆਂ ਨੇ, ਕੁਰਸੀ ਤੇ ਬੈਠੇ ਨੇ।

ਕਹਿੰਦੇ, "ਫਰੀਦਾ! ਕਿਥੇ ਕੁ ਪਹੁੰਚ ਗਿਆ?"

ਬਾਬੇ ਫਰੀਦ ਨੇ ਇਸ ਤਰ੍ਹਾਂ ਹੱਥ ਕਰ ਦਿਤਾ (ਉਪਰ ਨੂੰ) ਜਿਉਂ-ਜਿਉਂ ਹੱਥ ਉਪਰ ਨੂੰ ਕਰਦਾ ਹੈ ਤਿਉਂ ਤਿਉਂ ਉਸ ਦੀ ਕੁਰਸੀ ਉਤੇ ਨੂੰ ਹੀ ਜਾ ਰਹੀ ਹੈ। ਉਨ੍ਹਾਂ ਸੰਤਾਂ ਨੇ ਕੁਰਸੀ ਤੇ ਹੱਥ ਮਾਰਿਆ ਕੁਰਸੀ ਥੱਲੇ ਆ ਗਈ।

ਕਹਿੰਦੇ, "ਕੁਝ ਨਹੀਂ ਹੈ ਅਜੇ ਤੱਕ ਤੈਨੂੰ ਤਾਂ ਲੱਭਿਆ ਹੀ ਕੱਖ ਨਹੀਂ।" ਫਰੀਦਾ! ਅਜੇ ਤੂੰ ਕਿਸੇ ਉਲਟੇ ਰਸਤੇ ਵਿਚ ਪਿਆ ਹੋਇਆ ਹੈਂ, ਸਹੀ ਰਾਹ ਅਪਣਾਅ?"

ਉਸ ਵੇਲੇ ਬਾਬਾ ਫਰੀਦ ਆਪਣੀ ਹਾਲਤ ਇਸ ਤਰ੍ਹਾਂ ਵਰਣਨ ਕਰਦੇ ਹਨ, ਪੜ੍ਹੋ ਪਿਆਰ ਨਾਲ –

*ਧਾਰਨਾ – ਤਨ ਸੁੱਕ ਕੇ ਹੱਡਾਂ ਦੀ ਮੁਠੀ ਹੋ ਗਿਆ*
*ਅਜੇ ਵੀ ਨਾ ਰੱਬ ਬਹੁੜਿਆ – 2.*

*ਫਰੀਦਾ ਤਨੁ ਸੁੱਕਾ ਪਿੰਜਰੁ ਥੀਆ*
*ਤਲੀਆਂ ਖੂੰਡਹਿ ਕਾਗ॥*
*ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥ ਅੰਗ – 1383*

ਤਨ ਸੁੱਕ ਗਿਆ, ਮਾਸ ਸੁੱਕ ਗਿਆ ਸਾਰਾ, ਹੱਡੀਆਂ ਗਿਣੀਆਂ ਜਾਂਦੀਆਂ ਹਨ, ਦਿਸਦੀਆਂ ਨੇ, ਹਿਲਦੀਆਂ ਦਿਸਦੀਆਂ ਨੇ। ਕਹਿਣ ਲੱਗੇ ਕਿ ਪਿੰਜਰ ਬਣਿਆ ਪਿਆ ਹਾਂ, ਅਜੇ ਤੱਕ ਰੱਬ ਨਹੀਂ ਆਇਆ। ਐਸੀ ਧਾਰਨਾ ਸੀ ਉਸ ਦੇ ਮਨ ਦੇ ਅੰਦਰ। ਮਹਾਰਾਜ ਕਹਿੰਦੇ ਐਉਂ ਨਹੀਂ ਮਿਲਦਾ ਪ੍ਰਮੇਸ਼ਰ –

*ਮਨਹਠਿ ਕਿਨੈ ਨ ਪਾਇਓ॥ ਅੰਗ – 86*

ਮਨ ਦਾ ਹੱਠ ਕਰਕੇ ਨਹੀਂ ਪ੍ਰਮੇਸ਼ਰ ਮਿਲਿਆ ਕਰਦਾ। ਕਰਦੇ ਕਰਦੇ ਐਸੀ ਅਵਸਥਾ ਆ ਗਈ ਉਸ ਦੀ, ਪਿਆ ਰਹਿੰਦਾ ਹੈ ਤੇ ਕਾਵਾਂ ਨੇ ਆ ਕੇ ਤਲੀਆਂ ਤੇ ਠੂੰਗਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ। ਸੁੱਕਾ ਮਾਸ ਜ਼ਖਮ ਹੀ ਜ਼ਖਮ ਅਖੀਰ ਐਸਾ ਆਇਆ ਕਿ ਕਾਂ ਆ ਕੇ ਮੱਥੇ ਤੇ ਬੈਠ ਗਿਆ ਇਹ ਦੇਖਣ ਵਾਸਤੇ ਕਿ ਮਰ ਗਿਆ ਜਾਂ ਜੀਉਂਦਾ ਹੈ ਇਹ। ਜਦੋਂ ਉਹ ਬੈਠਿਆ ਤਾਂ ਉਸ ਵੇਲੇ ਬਾਬਾ ਫਰੀਦ ਨੇ ਕਿਹਾ ਕਿ ਇਸ ਨੇ ਮੇਰੀ ਅੱਖ ਦੇ ਉਤੇ ਚੁੰਝ ਮਾਰਨੀ ਹੈ, ਮਾਸ ਤਾਂ ਖਾ ਗਿਆ, ਮੈਂ ਤਾਂ ਉਡਾਇਆ ਹੀ ਨਹੀਂ ਹੈ ਤੇ ਹੁਣ ਜੇ ਮੇਰੀ ਅੱਖ ਵੀ ਖਾਧੀ ਗਈ, ਮੈਂ ਦਰਸ਼ਨ ਕਾਹਦੇ ਨਾਲ ਕਰਾਂਗਾ। ਇਹ ਗਲਤ ਅਗਵਾਈ ਹੁੰਦੀ ਹੈ ਸਾਧਸੰਗਤ ਜੀ। ਜੇ ਸਮਰੱਥ ਗੁਰੂ ਨਹੀਂ ਮਿਲਦਾ ਤਾਂ ਐਸੀਆਂ ਹੀ ਬਾਤਾਂ ਹਰੇਕ ਵੈਰਾਗੀ ਦੇ ਮਨ ਵਿਚ ਆਉਂਦੀਆਂ ਹਨ ਕਿ ਮੈਂ ਰੱਬ ਨੂੰ ਇਥੇ ਸਾਮ੍ਹਣੇ ਮਿਲਣਾ ਹੈ। ਸਾਡੀਆਂ ਕਹਾਣੀਆਂ ਵੀ ਐਸੀਆਂ ਹੀ ਨੇ। ਉਹ ਗੱਲਾਂ ਹੋਰ ਨੇ ਵਿਚੋਂ, ਉਤਲੀਆਂ ਗੱਲਾਂ ਹੋਰ ਨੇ ਉਹ, ਭਾਵਨਾ ਦਾ ਰੱਬ ਤਾਂ ਮਿਲ ਜਾਂਦਾ ਹੈ।

ਇਕ ਵਾਰ ਨਾਮਦੇਵ ਜੀ ਦੇ ਜਦੋਂ ਉਨ੍ਹਾਂ ਦਾ ਦੇਹੁਰਾ ਫੇਰਿਆ ਪ੍ਰਮੇਸ਼ਰ ਨੇ ਤਾਂ ਮਨ ਵਿਚ ਥੋੜ੍ਹਾ ਅਭਿਮਾਨ ਆ ਗਿਆ। ਪੁੱਛਣ ਲੱਗੇ, ਪ੍ਰਭੂ ਨੂੰ ਕਹਿੰਦੇ, "ਤੁਸੀਂ ਕਿਥੇ ਰਹਿੰਦੇ ਹੋ?"

ਕਹਿੰਦੇ, "ਇਹ ਤਾਂ ਗੱਲ ਮੈਂ ਨਹੀਂ ਦੱਸਣੀ। ਇਹ ਜੇ ਮੈਂ ਦੱਸ ਦਿਤੀ ਤਾਂ ਨਾ ਮੈਂ ਰਹਿਣਾ ਹੈ, ਨਾ ਤੂੰ ਰਹਿਣਾ ਹੈ, ਨਾ ਸੰਸਾਰ ਨੇ ਰਹਿਣਾ ਹੈ। ਹਾਂ ਜੇ ਤੂੰ ਹੋਰ ਤਰ੍ਹਾਂ ਦੀ ਗੱਲ ਕਰਦਾ ਹੈਂ, ਹੇਠਲੇ ਦਰਜੇ ਦੀ, ਤਾਂ ਰਹਿੰਦੇ ਹਾਂ ਉਥੇ ਚਲਿਆ ਜਾਹ।"

ਉਥੇ ਚਲਿਆ ਗਿਆ ਤੇ ਕੀ ਦੇਖਦਾ ਹੈ ਕਿ ਟੁੱਟੀ ਹੋਈ ਝੌਂਪੜੀ ਹੈ, ਰੋਸ਼ਨੀ ਪੈਂਦੀ ਹੈ, ਸੂਰਜ ਦੀ ਹੇਠਾਂ ਜਾਂਦੀ ਹੈ, ਮੀਂਹ ਆ ਜਾਵੇ ਤਾਂ ਕਿਤੇ ਬੈਠਣ ਨੂੰ ਥਾਂ ਨਹੀਂ। ਇਕ ਮੰਜੀ ਟੁੱਟੀ ਹੋਈ ਪਈ ਹੈ, ਦੌਣ ਹੈ ਨਹੀਂ ਉਸ ਦੇ ਵਿਚ ਤੇ ਇਕ ਬੀਬੀ ਹਲਦੀ ਰਗੜਦੀ ਹੈ ਤੇ ਇਸ ਨੇ ਜਾ ਕੇ ਪੁਛਿਆ ਕਿ ਭੈਣ! ਇਹ ਰੰਕਾ-ਬੰਕਾ ਦਾ ਘਰ ਹੈ?"

ਕਹਿੰਦੀ, "ਹਾਂ"।

ਕਹਿੰਦਾ, "ਇਹ ਤੂੰ ਕੀ ਕਰਦੀ ਹੈਂ?"

ਕਹਿੰਦੀ, "ਮੈਂ ਹਲਦੀ ਰਗੜਦੀ ਹਾਂ।"

ਕਹਿੰਦਾ, "ਕਿਉਂ?"

ਕਹਿਣ ਲੱਗੀ, "ਇਕ ਨਵਾਂ-ਨਵਾਂ ਭਗਤ ਆਇਆ ਹੈ ਨਾਮਾ ਕਹਿੰਦੇ ਨੇ ਉਸ ਨੂੰ, ਨਾਮਦੇਵ। ਉਹ ਮਿੰਟ ਵਿਚ ਹੱਸ ਪੈਂਦਾ ਹੈ, ਮਿੰਟ ਵਿਚ ਰੁੱਸ ਜਾਂਦਾ ਹੈ। ਮੰਦਰ ਵਿਚ ਜਾ ਵੜਿਆ, ਉਥੇ ਜਾ ਕੇ ਰੁੱਸ ਗਿਆ, ਰੱਬ ਨੂੰ ਉਲਾਂਭੇ ਦੇਣ ਲੱਗ ਗਿਆ। ਮੈਨੂੰ ਤੂੰ ਛੀਪੇ ਦੇ ਜਨਮ ਵਿਚ ਪੈਦਾ ਕਿਉਂ ਕਰਿਆ, ਜੇ ਤੂੰ ਨੀਵੀਂ ਜਾਤਾਂ ਵਾਲਿਆਂ ਨੂੰ ਮਿਲਣਾ ਨਹੀਂ ਸੀ ਤਾਂ ਤੂੰ ਮੈਨੂੰ ਉਚੀ ਕੁੱਲ ਬ੍ਰਾਹਮਣਾਂ ਵਿਚ ਪੈਦਾ ਕਰ ਦਿੰਦਾ। ਇਸ ਤਰ੍ਹਾਂ ਕਹਿਣ ਲੱਗ ਗਿਆ।

***ਛੀਪੇ ਕੇ ਜਨਮਿ ਕਾਹੇ ਕਉ ਆਇਆ॥***

***ਅੰਗ - 1164***

ਕਹਿੰਦੀ, "ਜਦੋਂ ਜ਼ਿਆਦਾ ਹੀ ਕਿਹਾ ਤਾਂ ਪ੍ਰਭੂ ਨੇ ਮੰਦਰ ਘੁਮਾ ਦਿਤਾ ਤੇ ਉਸ ਦੇ ਵਲ ਮੂੰਹ ਕਰ ਦਿਤਾ ਤੇ ਪਾਂਡਿਆਂ ਵਲ ਪਿੱਠ ਕਰ ਦਿਤੀ। ਪ੍ਰਭੂ ਦੇ ਜਰਕ ਆ ਗਈ ਤੇ ਮੈਂ ਉਹ ਜਰਕ ਲਈ ਹਲਦੀ ਲਾਉਂਦੀ ਹਾਂ, ਹੁਣ ਤਾਂ ਠੀਕ ਹਨ।"

ਕਹਿੰਦੇ, "ਹੁਣ ਕਿੱਥੇ ਗਏ ਨੇ?"

ਕਹਿੰਦੀ, "ਬਾਹਰ ਗਏ ਨੇ।"

ਬਾਹਰ ਗਿਆ ਤਾਂ ਪ੍ਰਮੇਸ਼ਰ ਨੇ ਆਉਣਾ ਜਾਣਾ ਕਿਥੋਂ ਹੈਂ? ਮਿਲ ਗਏ ਇਸ ਨੂੰ।

ਕਹਿੰਦਾ, "ਮਹਾਰਾਜ! ਮੈਂ ਤਾਂ ਤੁਹਾਡਾ ਮਹੱਲ ਦੇਖਣ ਆਇਆ, ਤੁਹਾਡਾ ਰੰਗਲਾ ਪਲੰਘ ਵੀ ਦੇਖ ਆਇਆ। ਬੀਬੀ ਕਹਿੰਦੀ ਕਿ ਇਥੇ ਹੀ ਪਏ ਰਹਿੰਦੇ ਨੇ, ਅਸੀਂ ਬਥੇਰਾ ਕਹਿੰਦੇ ਹਾਂ ਕਿ ਤੁਸੀਂ ਮੰਦਰਾਂ ਵਿਚ ਜਾਓ। ਮੰਦਰਾਂ ਵਾਲਿਆਂ ਨੇ ਸਵਰਨ ਦੇ ਪਲੰਘ ਬਣਾਏ ਹੋਏ ਨੇ, ਹੀਰੇ ਜਵਾਹਰਾਤ ਜੜ੍ਹ ਕੇ, ਗਦੈਲੇ ਨੇ ਤੇ ਨਾਲ ਖੁਸ਼ਬੂਆਂ ਨੇ ਚੰਦਨ ਨੇ। ਬੀਬੀ ਕਹਿੰਦੀ ਸਾਨੂੰ ਪ੍ਰਭੂ ਕਹਿੰਦੇ ਹਨ ਕਿ ਮੇਰਾ ਉਥੇ ਜੀਅ ਨਹੀਂ ਲਗਦਾ, ਮੈਨੂੰ ਪਿਆਰ ਨਹੀਂ ਕੋਈ ਕਰਦਾ, ਮੈਂ ਉਥੇ ਕੀ ਜਾਵਾਂ, ਮੈਂ ਤਾਂ ਪਿਆਰ ਦਾ ਭੁੱਖਾ ਹਾਂ, ਪਿਆਰ ਦਾ ਬੰਨ੍ਹਿਆ ਹੋਇਆ ਹਾਂ, ਜਿਥੇ ਮੈਨੂੰ ਕੋਈ ਪਿਆਰ ਕਰਦਾ ਹੈ, ਮੈਂ ਉਤੇ ਰਹਿੰਦਾ ਹਾਂ..................ਆਹ ਮੰਜੀ ਤੇ ਪੈ ਜਾਂਦੇ ਨੇ।"

ਕਹਿੰਦੇ, "ਤੁਸੀਂ?"

ਕਹਿੰਦੇ, "ਅਸੀਂ ਆਹ ਸਫ ਤੇ ਪੈ ਜਾਂਦੇ ਹਾਂ।"

ਹੈਰਾਨ ਹੋ ਗਿਆ ਕਿ ਮੇਰੀ ਭਗਤੀ ਵੀ ਇਨ੍ਹਾਂ ਨੂੰ ਪ੍ਰਵਾਨ ਨਹੀਂ। ਇਹ ਕਹਿੰਦੇ ਨੇ ਕਿ ਰਾਗ-ਦ੍ਵੈਸ਼ ਦੇ ਵਿਚ ਆਇਆ ਹੋਇਆ ਭਗਤ ਹੈ, ਕਦੇ ਹੱਸ ਪੈਂਦਾ ਹੈ, ਕਦੇ ਰੋ ਪੈਂਦਾ ਹੈ ਤੇ ਰਹਿੰਦਾ ਰੱਬ ਇਥੇ ਹੈ, ਕਿਸੇ ਮੰਦਰ ਵਿਚ ਨਹੀਂ ਜਾਂਦਾ - ਵੱਡੇ-ਵੱਡੇ ਮੰਦਰ ਅਸਮਾਨਾਂ ਨਾਲ ਛੂੰਹਦੇ ਬਣਾਏ ਹੋਏ ਨੇ, ਸੰਗਮਰਮਰ ਲਾ ਲਾ ਕੇ, ਮੋਤੀਆਂ ਦੇ ਸੋਨੇ ਨਾਲ ਜੜ੍ਹੇ ਹੋਏ ਤੇ ਬੇਅੰਤ ਕਿਸਮ ਦੀਆਂ ਉਥੇ ਸੁਗੰਧੀਆਂ ਨੇ, ਰੱਬ ਜਾਂਦਾ ਕਿਉਂ ਨਹੀਂ ਉਨ੍ਹਾਂ ਮੰਦਰਾਂ ਵਿਚ। ਫੇਰ ਉਨ੍ਹਾਂ ਨੇ ਹੀ ਕਿਹਾ ਕਿ ਕਹਿੰਦੇ ਨੇ ਮੈਨੂੰ ਕੋਈ ਦੁਨੀਆਂ ਵਿਚ ਪਿਆਰ ਨਹੀਂ ਕਰਦਾ। ਮੈਂ ਸਾਰੀ ਦੁਨੀਆਂ ਨੂੰ ਦਿੰਦਾ ਹਾਂ, ਪੁੱਤਰ ਮੰਗਦੇ ਹਨ, ਪੁੱਤਰ ਦਿੰਦਾ ਹਾਂ, ਸਿਹਤ ਮੰਗਦਾ ਹੈ, ਸਿਹਤ ਦਿੰਦਾ ਹਾਂ, ਕਾਰੋਬਾਰ ਨਹੀਂ ਚਲਦੇ, ਮੈਂ ਕਾਰੋਬਾਰ ਚਲਾਉਂਦਾ, ਹਰ ਥਾਂ ਦੇ ਉਤੇ ਮੈਂ ਦਿੰਦਾ ਹਾਂ, ਉਹ ਦਿਨ ਰਾਤ ਇਹੀ ਕਹਿੰਦੇ ਨੇ -

***ਆਖਹਿ ਮੰਗਹਿ ਦੇਹਿ ਦੇਹਿ............॥***

***ਅੰਗ - 2***

ਇਸ ਸੰਸਾਰ ਦੀ ਦੇਹ-ਦੇਹ ਛੁਟਦੀ ਨਹੀਂ ਹੈ ਤੇ ਮੈਂ ਵੀ -

..............***ਦਾਤਿ ਕਰੇ ਦਾਤਾਰੁ॥ ਅੰਗ - 2***

ਮੈਂ ਦੇਈ ਜਾਂਦਾ ਹਾਂ ਦਾਤਾਂ। ਉਹ ਮੈਨੂੰ ਪਿਆਰ ਨਹੀਂ ਕਰਦੇ, ਦਾਤ ਨਾਲ ਕਰਦੇ ਨੇ –

*ਦਾਤਿ ਪਿਆਰੀ ਵਿਸਰਿਆ ਦਾਤਾਰਾ॥*

*ਅੰਗ – 676*

ਦੱਸੋ ਜਦੋਂ ਮੈਨੂੰ ਕੋਈ ਪਿਆਰ ਹੀ ਨਹੀਂ ਕਰਦਾ, ਮੈਂ ਸਭ ਕੁਝ ਦੇਈ ਜਾਂਦਾ ਹਾਂ ਫੇਰ ਮੇਰਾ ਜੀਅ ਕਿਵੇਂ ਲੱਗੇ? ਮੈਨੂੰ ਭੁੱਖ ਲੱਗੀ ਹੋਈ ਹੈ –

*ਗੋਬਿੰਦ ਭਾਉ ਭਗਤਿ ਦਾ ਭੁਖਾ॥*

*ਭਾਈ ਗੁਰਦਾਸ ਜੀ ਦੀ ਵਾਰ 10/7*

ਇਸ ਕਰਕੇ ਮੈਂ ਤਾਂ ਇਥੇ ਹੀ ਰਹਿਣਾ ਹੈ ਪਿਆਰਿਆਂ ਕੋਲ।

*ਸਾਚ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥ ਪਾਤਸ਼ਾਹੀ ੧੦*

ਪ੍ਰਮੇਸ਼ਰ ਆਪ ਹੀ ਪਿਆਰ ਦਾ ਰੂਪ ਧਾਰ ਕੇ ਫੈਲਿਆ ਹੋਇਆ ਹੈ। ਆਹ ਜਿਹੜਾ ਤੁਹਾਨੂੰ ਦਿਸਦਾ ਹੈ ਅੰਦਰ ਬਾਹਰ ਉਹ ਪਿਆਰ ਦਾ ਹੀ ਰੂਪ ਹੈ –

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥ ਜਾਪੁ ਸਾਹਿਬ*

ਅਨੁਰਾਗ ਪਿਆਰ ਨੂੰ ਕਹਿੰਦੇ ਨੇ। ਪਿਆਰ ਧਾਰ ਕੇ ਬੈਠਾ ਹੈ। ਪਿਆਰ ਵਿਚ ਹੁੰਦੀ ਹੈ ਖਿੱਚ, ਹੁਣ ਖਿੱਚ ਦਾ ਠੋਸ ਸਰੂਪ ਵੀ ਹੈ ਤੇ ਪਤਲਾ ਵੀ ਹੈ। ਹੁਣ ਅਸੀਂ ਅੰਗਰੇਜ਼ੀ ਵਿਚ ਇਸ ਨੂੰ ਗੁਰੂਤਾ ਸ਼ਕਤੀ ਕਹਿੰਦੇ ਹਾਂ। ਆਹ ਸਾਰੇ ਖੰਡ ਬ੍ਰਹਿਮੰਡ ਦੇ ਬੰਨ੍ਹੇ ਹੋਏ ਰਹਿੰਦੇ ਨੇ, ਇਹ ਠੁੱਲ੍ਹਾ ਪਿਆਰ ਹੈ, ਮੋਟਾ ਪਿਆਰ, ਬਹੁਤ ਮੋਟਾ ਸਰੂਪ ਹੈ ਪਿਆਰ ਦਾ। ਸੋ ਜਿਹੜਾ ਸਾਡੇ ਅੰਦਰ ਪਿਆਰ ਦਾ ਤੁਣਕਾ ਵਜਦਾ ਹੈ, ਖਿੱਚਦਾ ਹੈ ਉਹ ਬਹੁਤ ਸੂਖਸ਼ਮ ਪਿਆਰ ਹੈ। ਜਿਹੜੇ ਸਭ ਕੁਝ ਛੱਡ ਕੇ ਪ੍ਰਮੇਸ਼ਰ ਨੂੰ ਪਿਆਰ ਕਰਦੇ ਨੇ। ਐਸਾ ਫੁਰਮਾਨ ਹੈ ਪੜ੍ਹ ਲਓ ਸਾਰੇ ਪ੍ਰੇਮੀ –

*ਧਾਰਨਾ – ਲੋਕ ਕੁਟੰਬ ਸਭਹੂੰ ਤੇ ਤੋਰੈ*
*ਤਉ ਆਪਨ ਬੇਢੀ ਆਵੈ ਹੋ –2, 2.*

*ਅੰਗ – 657*

ਜਦੋਂ ਰੱਬ ਨਾਲ ਸਿੱਧੇ ਮੱਥੇ ਪਿਆਰ ਕਰਾਂਗੇ ਫੇਰ ਆ ਜਾਂਦਾ ਹੈ। ਸਾਡਾ ਪਿਆਰ ਵੰਡਿਆ ਹੋਇਆ ਹੈ। ਰੱਬ ਲਈ ਤਾਂ ਸਾਨੂੰ ਪਿਆਰ ਕਦੇ ਜਾਗਦਾ ਹੀ ਨਹੀਂ। ਬਾਲ ਬੱਚਿਆਂ ਦਾ ਬਹੁਤ ਜਾਗਦਾ ਹੈ, ਆਪਣੀਆਂ ਚੀਜ਼ਾਂ ਦਾ

ਪਿਆਰ ਬਹੁਤ ਜਾਗਦਾ ਹੈ, ਪਦਵੀਆਂ ਦਾ ਜਾਗਦਾ ਹੈ, ਦੋਸਤਾਂ-ਮਿਤਰਾਂ ਦਾ, ਰਿਸ਼ਤੇਦਾਰਾਂ ਦਾ ਪਿਆਰ ਜਾਗਦਾ ਹੈ, ਰੱਬ ਨੂੰ ਕੌਣ ਪਿਆਰ ਕਰਦਾ ਹੈ, ਦੁਨੀਆਂ ਵਿਚ ਕੋਈ ਵਿਰਲਾ ਹੀ ਹੈ। ਸੋ ਨਾਮਦੇਵ ਮੈਂ ਮੰਦਰਾਂ ਵਿਚ ਜਾਵਾਂ ਕਿਵੇਂ, ਉਥੇ ਪਿਆਰ ਨਹੀਂ ਕੋਈ ਕਰਦਾ, ਸਭ ਗਰਜਾਂ (ਲੋੜਾਂ) ਵਾਲੇ ਬੰਦੇ ਇਕੋ ਹੀ ਗੱਲ ਕਹੀ ਜਾਂਦੇ ਨੇ, ਦੇਹ-ਦੇਹ-ਦੇਹ-ਦੇਹ। ਸੈਂਕੜੇ ਮੀਲਾਂ ਤੋਂ ਚਲਦੇ ਆਉਂਦੇ ਨੇ, ਦੇਹ-ਦੇਹ ਕਰਦੇ। ਮੈਂ ਦਾਤ ਦੇਈ ਜਾਂਦਾ ਹਾਂ। ਮੈਨੂੰ ਤਾਂ ਪਿਆਰ ਨਹੀਂ ਕਰਦੇ, ਮੈਂ ਤਾਂ ਇਨ੍ਹਾਂ ਦੇ ਰਹਿੰਦਾ ਹਾਂ।

ਕਹਿਣ ਲੱਗੇ, "ਉਹ ਤਾਂ ਠੀਕ ਹੈ ਮਹਾਰਾਜ, ਪਰ ਤੁਹਾਡਾ ਕੋਈ ਟਿਕਾਣਾ ਤਾਂ ਹੋਏਗਾ ਹੀ। ਸਦਾ ਤਾਂ ਨਹੀਂ ਰਹਿੰਦੇ ਇਥੇ, ਚਲੋ ਇਹ ਹੁਣ ਹੈ ਪਿਆਰੇ ਤੇ ਕੋਈ ਨਾ ਕੋਈ ਤੁਹਾਡਾ ਟਿਕਾਣਾ ਹੋਣਾ ਹੀ ਹੈ।"

ਕਹਿੰਦੇ, "ਨਾਮਦੇਵ! ਇਹ ਗੱਲ ਮੈਂ ਨਹੀਂ ਦੱਸ ਸਕਦਾ। ਜੇ ਮੈਂ ਦੱਸ ਦਿਤੀ ਨਾ ਮੈਂ ਰਹਿਣਾ ਹੈ, ਨਾ ਤੂੰ ਰਹਿਣਾ ਹੈ ਤੇ ਨਾ ਸੰਸਾਰ ਨੇ ਰਹਿਣਾ ਹੈ।"

ਹੈਰਾਨ ਹੋ ਗਿਆ ਨਾਮਦੇਵ ਕਿ ਇਹ ਕੀ ਗੱਲ ਹੋਈ।

ਕਹਿੰਦਾ, "ਫੇਰ ਮਹਾਰਾਜ! ਕੋਈ ਦੱਸਣ ਵਾਲਾ ਵੀ ਹੈ।"

ਕਹਿੰਦੇ, "ਮੇਰੇ ਸੰਤ ਦਸਦੇ ਨੇ। ਤੂੰ ਸੰਤਾਂ ਕੋਲ ਚਲਿਆ ਜਾਹ।"

ਕਹਿੰਦਾ, "ਮਹਾਰਾਜ! ਕਿਸੇ ਦੀ ਦੱਸ ਪਾ ਦਿਓ।"

ਕਹਿੰਦੇ, "ਗਿਆਨੇਸ਼ੂਰ ਜੀ ਕੋਲ ਚਲਿਆ ਜਾਹ।"

ਦੱਖਣ ਦੇ ਬਹੁਤ ਵੱਡੇ ਮਹਾਤਮਾ ਹੋਏ ਨੇ ਗਿਆਨਵਾਨ, ਤੱਤ ਬੇਤੇ। ਉਥੇ ਚਲਿਆ ਜਾਂਦਾ ਹੈ ਤੇ ਅੱਗੇ ਉਹ ਕੀ ਕਰਦੇ ਹਨ, ਨਦੀ ਦੇ ਵਿਚ ਖੜ੍ਹੇ ਨੇ ਸੋਟਾ ਉਨ੍ਹਾਂ ਦੇ ਹੱਥ ਵਿਚ ਹੈ, ਇਕ ਪੈਰ ਉਨ੍ਹਾਂ ਨੇ ਪੱਥਰ ਤੇ ਧਰਿਆ ਹੋਇਆ ਹੈ ਤੇ ਇਕ ਨਦੀ ਦੇ ਪਾਣੀ ਵਿਚ ਹੈ। ਉਹ ਜਿਹੜਾ ਪੈਰ ਧਰਿਆ ਹੋਇਆ ਹੈ ਪੱਥਰ ਦੇ ਉਤੇ, ਉਸ ਪੱਥਰ ਵਿਚ ਚਿੱਟੀ ਲਕੀਰ ਹੈ ਉਸ ਨੂੰ ਸਾਲਗ੍ਰਾਮ ਕਹਿੰਦੇ ਨੇ। ਇਹ ਬੀਠਲ ਕਹਿ ਕੇ ਉਸ ਦੀ ਪੂਜਾ ਕਰਦਾ ਸੀ। ਬੜੀ ਤਰਕ ਆਈ ਕਿ ਚੰਗੇ ਨਾਸਤਕ ਕੋਲ ਭੇਜਿਆ ਹੈ। ਬੜਾ ਹੀ ਉਦਾਸ ਹੋ ਕੇ ਮੁੜ ਆਇਆ। ਰੋਣ ਲੱਗ ਗਿਆ ਨਾਮਦੇਵ, ਚਿੱਤ ਨਾ ਲੱਗੇ ਉਸ ਦਾ। ਪ੍ਰਭੂ ਕਹਿੰਦੇ, "ਕੀ ਗੱਲ ਕਰਦਾ ਹੈਂ?"

ਕਹਿੰਦਾ, "ਤੁਸੀਂ ਚੰਗਾ ਮੇਰੇ ਨਾਲ ਮਖੌਲ ਕਰਿਆ ਹੈ। ਇਹੋ ਜਿਹੇ

ਨਾਸਤਕ ਕੋਲ, ਉਹ ਤਾਂ ਬੀਠਲ ਦੇ ਉਤੇ ਪੈਰ ਧਰੀ ਖੜ੍ਹਾ ਹੈ।"

ਕਹਿੰਦੇ, "ਨਾਮਦੇਵ! ਚੰਗਾ ਮੈਂ ਕਹਿ ਦਿੰਦਾ ਹਾਂ ਉਸ ਨੂੰ ਜਾ ਕੇ। ਜਾਹ ਫੇਰ।"

ਦੂਜੇ ਦਿਨ ਗਿਆ ਤਾਂ ਗਿਆਨੇਸ਼ੁਰ ਜੀ ਨੇ ਦੂਰੋਂ ਹੀ ਜਿੱਥੇ ਬੈਠੇ ਸੀ, ਸੰਗਤਾਂ ਵੀ ਬੈਠੀਆਂ ਸਨ, ਕਹਿੰਦੇ ਜਾਹ, ਤੇਰੀ ਸਿਫਾਰਸ਼ ਆ ਗਈ ਸਾਡੇ ਕੋਲ।

ਕਹਿੰਦੇ, "ਦੱਸ ਕੀ ਕਹਿਣ ਆਇਆ ਹੈਂ?"

ਕਹਿੰਦਾ, "ਮੈਨੂੰ ਇਸ ਤਰ੍ਹਾਂ ਭੇਜਿਆ ਹੈ ਉਨ੍ਹਾਂ ਨੇ।"

ਕਹਿੰਦੇ, "ਤੂੰ ਕਦੇ ਸੰਤਾਂ ਦੀ ਸੰਗਤ ਕੀਤੀ ਹੋਏਗੀ, ਬਚਨ ਸੁਣੇ ਹੋਣਗੇ, ਕੀ ਕੋਈ ਕਹਿੰਦਾ ਹੈ ਸੰਤ ਕਿ ਕਿਥੇ ਕੁ ਰਹਿੰਦਾ ਹੈ।"

ਕਹਿੰਦਾ, "ਉਹ ਤਾਂ ਇਹ ਕਹਿੰਦੇ ਨੇ ਕਿ ਸਾਰੇ ਪਰੀਪੂਰਨ ਹੈ, ਕੋਈ ਥਾਂ ਐਸਾ ਨਹੀਂ ਜਿਥੇ ਵਾਹਿਗੁਰੂ ਨਹੀਂ ਹੈ।"

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*
*ਧਰਨਿ ਮਾਹਿ ਆਕਾਸ ਪਇਆਲ॥*
*ਸਰਬ ਲੋਕ ਪੂਰਨ ਪ੍ਰਤਿਪਾਲ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥*
*ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖ ਪਾਉ॥ ਅੰਗ - 293*

ਕਹਿੰਦੇ, "ਫੇਰ ਜੇ ਇਹ ਕਹਿੰਦੇ ਨੇ ਫੇਰ ਮੰਨਿਆ ਨਹੀਂ ਨਾ ਇਸ ਗੱਲ ਨੂੰ। ਪ੍ਰਮੇਸ਼ੁਰ ਤਾਂ ਸਾਰੇ ਪਰੀਪੂਰਨ ਹੈ, ਤੂੰ ਇਸ ਤਰ੍ਹਾਂ ਦੱਸ ਤੂੰ ਕੱਲ੍ਹ ਕਿਉਂ ਮੁੜ ਗਿਆ ਸੀ?"

ਕਹਿੰਦੇ, "ਤੁਸੀਂ ਬੀਠਲ ਤੇ ਪੈਰ ਧਰੀ ਖੜ੍ਹੇ ਸੀ।"

ਉਹ ਕਹਿੰਦੇ, "ਨਾਮਦੇਵ! ਇਥੇ ਪ੍ਰਮੇਸ਼ੁਰ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ।

ਕਿਸਦਾ ਪੈਰ ਕਿਸਦੇ ਉਤੇ ਸੀ।"

ਕ੍ਰਿਪਾ ਦ੍ਰਿਸ਼ਟੀ ਜਦੋਂ ਕਰੀ ਤਾਂ ਤੜੱਕ ਦੇ ਕੇ ਅੰਦਰ ਪ੍ਰਕਾਸ਼ ਹੋ ਗਿਆ। ਜਦੋਂ ਪ੍ਰਕਾਸ਼ ਹੋਇਆ ਫੇਰ ਜਜ਼ਬ ਨਾ ਕਰ ਸਕਿਆ। ਘਰ ਆ ਗਿਆ ਉਸੇ ਲੋਰ ਵਿਚ ਪਤਾ ਲੱਗ ਗਿਆ ਕਿ ਇਥੇ ਤਾਂ ਪ੍ਰਮੇਸ਼ੁਰ ਤੋਂ ਬਿਨਾਂ ਹੈ ਹੀ ਨਹੀਂ ਕੋਈ, ਆਪ ਹੀ ਆਪ ਹੈ, ਆਪਣੀ ਮੌਜ ਵਿਚ ਅਨੇਕਾਂ ਹੋ ਰਿਹਾ ਹੈ -

***ਏਕ ਮੂਰਤ ਅਨੇਕ ਦਰਸ਼ਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***

ਆਪੇ ਹੀ ਉਧਰਲਾ ਰੂਪ ਧਾਰਿਆ ਹੋਇਆ ਹੈ, ਆਪੇ ਹੀ ਇਧਰਲਾ ਕਿਉਂਕਿ ਮਾਇਆ ਪਸਾਰ ਦਿਤੀ-

***ਬਾਜੀਗਰਿ ਜੈਸੇ ਬਾਜੀ ਪਾਈ॥***
***ਨਾਨਾ ਰੂਪ ਭੇਖ ਦਿਖਲਾਈ॥***
***ਸਾਂਗੁ ਉਤਾਰਿ ਥੰਮਿ੍ਓ ਪਾਸਾਰਾ॥***
***ਤਬ ਏਕੋ ਏਕੰਕਾਰਾ॥ ਅੰਗ - 736***

ਉਸ ਵੇਲੇ ਗਿਆਨ ਦੇ ਘਰ ਵਿਚ ਬੈਠਾ ਹੈ, ਪ੍ਰਸ਼ਾਦੇ ਲਾਹ ਕੇ ਹਟਿਆ ਹੈ। ਪੁਰਾਣੇ ਜ਼ਮਾਨਿਆਂ ਵਿਚ ਕੋਠੀਆਂ ਹੁੰਦੀਆਂ ਸੀ। ਉਨ੍ਹਾਂ ਵਿਚ ਕੀਮਤੀ ਚੀਜ਼ਾਂ ਖਾਣ ਪੀਣ ਵਾਲੀਆਂ ਰੱਖੀਆਂ ਹੁੰਦੀਆਂ ਸੀ, ਘਿਓ ਵਗੈਰਾ ਉਸ ਦੇ ਵਿਚ ਰੱਖ ਦਿੰਦੇ ਸੀ। ਉਹ ਘੀ ਭਾਂਡਾ ਜਦੋਂ ਕੱਢਣ ਗਿਆ ਤਾਂ ਉਸ ਵੇਲੇ ਕੁੱਤਾ ਸੀ ਕੋਲ, ਉਸ ਨੇ ਪੌਣਾ ਸਮੇਤ ਰੋਟੀਆਂ ਦੇ ਚੁੱਕਿਆ ਤੇ ਨੱਠ ਗਿਆ। ਇਹ ਪਿਛੇ ਹੀ ਦੌੜਿਆ ਜਾਂਦਾ ਹੈ, ਹਾਕਾਂ ਮਾਰੀ ਜਾਂਦਾ ਹੈ, ਹੇ ਪ੍ਰਭੂ! ਰੁਖੜੀ ਨਾ ਖਾਇਓ। ਜੇ ਐਨੀ ਭੁੱਖ ਸੀ ਤਾਂ ਮੈਂ ਪਹਿਲਾਂ ਹੀ ਚੋਪੜ ਦਿੰਦਾ। ਅੱਗੇ ਗਿਆ ਤਾਂ ਕੁੱਤੇ ਨੇ ਪੌਣਾ ਰੱਖ ਦਿਤਾ। ਇਹ ਜਾਂਦਾ ਹੈ ਨੀਵੀਂ ਪਾਈ ਹੋਈ ਹੈ, ਚੋਪੜ ਕੇ ਪ੍ਰਸ਼ਾਦੇ ਦੇਈ ਜਾਂਦਾ ਹੈ ਤੇ ਬਹੁਤ ਵੈਰਾਗ ਵਿਚ ਹੈ।

ਆਵਾਜ਼ ਆਈ, "ਨਾਮਦੇਵ ਤੂੰ ਮੈਨੂੰ ਇਥੇ ਵੀ ਪਹਿਚਾਣ ਲਿਆ?"

ਕਹਿੰਦਾ, "ਮਹਾਰਾਜ! ਉਹ ਥਾਂ ਕਿਹੜਾ ਹੈ ਜਿੱਥੇ ਤੁਸੀਂ ਨਹੀਂ ਹੋ? ਇਹ ਤਾਂ ਤੁਸੀਂ ਆਪੇ ਹੀ ਕੌਤਕ ਕਰ ਰਹੇ ਹੋ....।"

***ਕਤਹੂੰ ਸੁਚੇਤ ਹੋਇਕੈ, ਚੇਤਨਾ ਕੋ ਚਾਰ ਕੀਓ,***
***ਕਤਹੂੰ ਅਚਿੰਤ ਹੁਇਕੈ, ਸੋਵਤ ਅਚੇਤ ਹੋ॥***
***ਕਤਹੂੰ ਭਿਖਾਰੀ ਹੁਇਕੈ, ਮਾਂਗਤ ਫਿਰਤ ਭੀਖ,***

*ਕਹੂੰ ਮਹਾਂ ਦਾਨ ਹੁਇਕੈ, ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਗੀਤ, ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਤ੍ਰਿਗੁਨ ਅਤੀਤ, ਕਹੂੰ ਸੁਰਗੁਨ ਸਮੇਤ ਹੋ॥*
*ਤ੍ਵਪ੍ਰਸਾਦਿ ਕਬਿੱਤ*

ਪਾਤਸ਼ਾਹ! ਕੋਈ ਹੈ ਸੰਸਾਰ ਵਿਚ ਤੇਰੇ ਬਿਨਾਂ, ਤੂੰ ਤਾਂ ਆਪ ਹੀ ਬੋਲਦਾ ਹੈਂ –

*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥*
*ਰਾਮ ਬਿਨਾ ਕੋ ਬੋਲੈ ਰੇ॥ ਅੰਗ – 988*

ਕਹਿੰਦੇ, "ਕੋਈ ਥਾਂ ਹੀ ਨਹੀਂ ਹੈ ਪਾਤਸ਼ਾਹ! ਜਿੱਥੇ ਤੂੰ ਨਹੀਂ ਹੈਂ।"

ਸੋ ਇਹ ਜਿਹੜੀ ਉਪਲੱਬਧੀ ਹੋਈ, ਉਸ ਨੇ ਤਪ ਵੀ ਕਰਿਆ। ਮੈਂ ਬਾਤ ਕਰਦਾ ਸੀ ਕਿ ਭਾਵਨਾ ਦਾ ਦਰਸ਼ਨ ਤਾਂ ਹੋ ਜਾਂਦਾ ਹੈ ਸਭ ਨੂੰ। 72 ਵਾਰੀ ਨਾਮਦੇਵ ਜੀ ਨੂੰ ਦਰਸ਼ਨ ਹੋਏ ਜਿਹੜਾ ਅਕਾਲ ਪੁਰਖ ਦਾ ਆਪਣਾ ਸਰੂਪ ਹੈ। 'ਨਿਜ ਸਰੂਪ' ਉਸ ਦਾ ਦਰਸ਼ਨ ਗੁਰੂ ਤੋਂ ਬਗੈਰ ਨਹੀਂ ਹੁੰਦਾ। ਸੋ ਇਹ ਬਾਬਾ ਫਰੀਦ ਤਪ ਕਰਕੇ ਦੇਖਦਾ ਹੈ ਕਿ ਮੈਨੂੰ ਇਸ ਤਰ੍ਹਾਂ ਰੱਬ ਮਿਲ ਜਾਵੇ ਤੇ ਉਸ ਵੇਲੇ ਐਸੀ ਹਾਲਤ ਹੋ ਗਈ, ਜਦੋਂ ਕਾਂ ਆ ਕੇ ਬੈਠ ਗਿਆ, ਅੱਖ ਤੇ ਠੂੰਗਾ ਮਾਰਨ ਲੱਗਿਆ ਇਸ ਨੂੰ ਸੀ ਕਿ ਮੈਂ ਅੱਖ ਨਾਲ ਦੇਖ ਲਵਾਂਗਾ, ਮਹਾਰਾਜ ਕਹਿੰਦੇ ਅੱਖ ਹੀ ਨਹੀਂ ਹੈ ਰੱਬ ਨੂੰ ਦੇਖਣ ਵਾਲੀ –

*ਨਾਨਕ ਸੇ ਅਖੜੀਆਂ ਬਿਅੰਨਿ*
*ਜਿਨੀ ਡਿਸੰਦੋ ਮਾ ਪਿਰੀ॥ ਅੰਗ – 577*

ਉਹ ਅੱਖ ਹੀ ਹੋਰ ਹੈ, ਉਹ ਸਾਡੀ ਅੱਖ ਖੁਲ੍ਹਦੀ ਨਹੀਂ ਹੈ ਤੇ ਸਭ ਨੂੰ ਦਿਤੀ ਹੋਈ ਹੈ, ਤੁਹਾਨੂੰ ਵੀ ਮੈਨੂੰ ਵੀ ਪਰ ਅਸੀਂ ਖੋਜ ਨਹੀਂ ਕਰੀ, ਖੋਲ੍ਹੀ ਨਹੀਂ ਹੈ, ਮਿਹਨਤ ਨਹੀਂ ਕਰੀ। ਆਦਮੀ ਦੇ ਅੰਦਰ ਵਾਹਿਗੁਰੂ ਨੇ ਦਿਬਯ ਨੇਤਰ ਬਖਸ਼ੇ ਹੋਏ ਹਨ। ਆਹ ਅੱਖਾਂ ਤਾਂ ਬਾਹਰ ਨੂੰ ਖੁਲ੍ਹਦੀਆਂ ਹਨ, ਕੰਨ ਬਾਹਰ ਦੀਆਂ ਗੱਲਾਂ ਸੁਣਦੇ ਨੇ, ਬਾਹਰੋਂ ਅਸੀਂ ਨਾਸਕਾ ਦੇ ਨਾਲ ਸੁਗੰਧੀ ਲੈਂਦੇ ਹਾਂ, ਬਾਹਰੋਂ ਰਸ ਕਸ ਅਸੀਂ ਖਾਂਦੇ ਹਾਂ ਤੇ ਕਹਿੰਦੇ ਹਾਂ ਕਿ ਬੜੀ ਸੁਆਦ ਹੈ ਚੀਜ਼, ਬਾਹਰ ਦੀ ਸਪਰਸ਼ ਨਾਲ ਅਸੀਂ ਮਸਤ ਹੁੰਦੇ ਹਾਂ ਪਰ ਜੇ ਦਿਬਯ ਖੁਲ੍ਹ ਜਾਵੇ ਤਾਂ ਮਹਾਰਾਜ ਕਹਿੰਦੇ ਹਨ ਕਿ ਜਦੋਂ ਦਿਬਯ ਨੇਤਰ ਖੁਲ੍ਹ ਜਾਏਗਾ, ਉਸ ਵੇਲੇ

ਕੀ ਹੋਏਗਾ? ਇਥੇ ਸਾਰੇ ਹੀ ਪ੍ਰਮੇਸ਼ਰ ਦਿਸਣ ਲਗ ਜਾਏਗਾ, ਇਹ ਅੱਖ ਹੋਰ ਹੈ, ਉਹ ਅੱਖ ਹੋਰ ਹੈ। ਵਾਹਿਗੁਰੂ ਦਿਸੇਗਾ ਹਰ ਥਾਂ, ਦਿਬਯ ਅੱਖੀਆਂ ਜਦੋਂ ਪ੍ਰਾਪਤ ਹੋ ਜਾਣਗੀਆਂ। ਜਦੋਂ ਦਿਬਯ ਕੰਨ ਖੁਲ੍ਹ ਜਾਣਗੇ ਤਾਂ ਬਗੈਰ ਵਾਜਿਆਂ ਤੋਂ ਵਾਜੇ ਸੁਣਨੇ ਸ਼ੁਰੂ ਹੋ ਜਾਣਗੇ, ਸੰਗੀਤ ਸੁਣੇਗਾ, ਜਦੋਂ ਦਿਬਯ ਨਾਸਕਾ ਖੁਲ੍ਹ ਜਾਏਗੀ, ਆਲੇ-ਦੁਆਲੇ ਝਾਕੇਗਾ ਕਿ ਮੈਨੂੰ ਸੁਗੰਧੀ ਕਿਥੋਂ ਆਉਂਦੀ ਹੈ ਐਨੀ ਤੇਜ਼। ਕਦੇ ਕਿਸੇ ਚੀਜ਼ ਨੂੰ ਹੱਥ ਪਾ ਕੇ ਦੇਖੇਗਾ ਕਦੇ ਕਿਸੇ ਨੂੰ, ਜਿਵੇਂ ਮਿਰਗ ਨੂੰ ਸੁਗੰਧੀ ਆਉਂਦੀ ਹੈ ਕਸਤੂਰੀ ਦੀ -

***ਜਿਉ ਕਸਤੂਰੀ ਮਿਰਗੁ ਨ ਜਾਣੈ***
***ਭ੍ਰਮਦਾ ਭਰਮਿ ਭੁਲਾਇਆ॥*** ***ਅੰਗ - 644***

ਇਵੇਂ ਜਿਵੇਂ ਸਾਡੇ ਅੰਦਰ ਸੁਗੰਧੀ ਭਰੀ ਪਈ ਹੈ ਸਾਨੂੰ ਲੋੜ ਨਹੀਂ ਬਾਹਰ ਦੀਆਂ ਖੁਸ਼ਬੂਆਂ ਦੀ, ਅੰਦਰ ਹੀ ਐਨੀ ਜ਼ਬਰਦਸਤ ਖੁਸ਼ਬੂ ਭਰੀ ਪਈ ਹੈ। ਰਸ ਐਨਾ ਹੈ ਨਾਮ ਦਾ ਜਿਸਨੂੰ ਆ ਗਿਆ ਨਾਮ ਦਾ ਰਸ ਇਹ ਰਸ ਛੱਡਿਆ ਨਹੀਂ ਜਾਂਦਾ। ਕਹਿੰਦੇ ਇਹ ਜਿਹੜਾ ਬਾਹਰ ਦਾ ਰਸ ਹੈ ਇਸ ਨੂੰ ਛੱਡ ਫੇਰ ਉਹ ਰਸ ਆ ਜਾਏਗਾ। ਤੂੰ ਤਾਂ ਬਾਹਰ ਦੇ ਰਸਾਂ ਵਿਚ ਪਿਆ ਹੈਂ, ਬੇਅੰਤ ਰਸ ਨੇ ਬਾਹਰ ਦੇ, ਬਾਹਰ ਦੀ ਸਪਰਸ਼ ਵਿਚ ਤੂੰ ਗਰਕ ਹੋਇਆ ਪਿਆ ਹੈਂ, ਤੇਰੇ ਅੰਦਰਲੇ ਪਾਸੇ ਜਦੋਂ ਦਿਬਯ ਖੁਲ੍ਹ ਗਈ ਉਸ ਵੇਲੇ ਤੇਰੇ ਤੋਂ ਝੱਲੀ ਨਹੀਂ ਜਾਣੀ, ਜਦੋਂ ਸਪਰਸ਼ ਪੈਦਾ ਹੁੰਦੀ ਹੈ, ਝੱਲ ਨਹੀਂ ਸਕਦਾ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਦੇ ਹਨ 'ਰੰਗਲੇ ਸੱਜਣ' ਵਿਚ ਕਿ ਬਾਪੂ ਜੀ (ਬੀਜੀ ਦੇ ਪਿਤਾ ਜੀ) ਮਹਾਰਾਜ ਜੀ ਦੀ ਤਾਅਬੇ ਬੈਠੇ ਸੀ। ਉਹ ਬੈਠੇ-ਬੈਠੇ ਛੱਤ ਨਾਲ ਜਾ ਲੱਗੇ, ਮੁੜ ਕੇ ਹੌਲੀ ਹੌਲੀ ਫੇਰ ਥੱਲੇ ਆ ਗਏ, ਦੁਬਾਰਾ ਫੇਰ ਛੱਤ ਨਾਲ ਜਾ ਲੱਗੇ। ਉਸ ਤੋਂ ਬਾਅਦ ਉਹ ਸੰਗਤ ਦੇ ਉਤੋਂ ਦੀ ਹੋ ਕੇ ਫੇਰ ਮਹਾਰਾਜ ਦੇ ਸਾਮ੍ਹਣੇ ਲੰਮੇ ਪੈ ਗਏ, ਛੇ ਘੰਟੇ ਪਏ ਰਹੇ, ਉਨ੍ਹਾਂ ਦੇ ਸਰੀਰ ਵਿਚੋਂ ਲਿਸ਼ਕਾਰਾ ਜਿਵੇਂ ਬਿਜਲੀ ਨਿਕਲਦੀ ਹੁੰਦੀ ਹੈ, ਐਂ ਲਿਸ਼ਕਾਰੇ ਨਿਕਲੇ, ਜ਼ੋਰ ਦਾ ਚਾਨਣਾ ਜਿਵੇਂ ਬਿਜਲੀ ਚਮਕਦੀ ਹੈ, ਉਹ ਸਾਰੇ ਗੁਰਦੁਆਰੇ ਵਿਚ ਫੈਲ ਜਾਵੇ, ਕੀਰਤਨ ਵਾਲੇ ਕੀਰਤਨ ਤੋਂ ਰਹਿ ਗਏ। ਜਿਸ ਵਕਤ ਝੁਣਝੁਣੀ ਆ ਰਹੀ ਸੀ ਸਾਰਿਆਂ ਨੂੰ ਰੂਹਾਨੀ ਕੰਬਣੀ ਸ਼ੁਰੂ ਹੋ ਗਈ, ਨਾ ਬੋਲ ਹੋਵੇ, ਨਾ ਉਠ ਹੋਵੇ, ਸਭ ਕੁਝ ਭੁੱਲ ਗਏ, ਛੇ ਘੰਟੇ ਉਹ ਅੱਗੇ ਪਏ ਰਹੇ। ਸੰਗਤ ਸਾਰੀ ਬੈਠੀ ਰਹੀ। ਇਹ ਖੇਲ੍ਹਾਂ ਨੇ ਜਿਹੜੀਆਂ ਸਾਡੇ ਅੰਦਰ ਹਨ, ਨਾਮ ਜਪ ਕੇ ਪ੍ਰਗਟ ਹੁੰਦੀਆਂ ਹਨ, ਨਹੀਂ ਤਾਂ ਅਸੀਂ ਜੀਵਨ ਵਿਅਰਥ ਗੁਆ ਰਹੇ ਹਾਂ। ਬਾਹਰੋਂ ਸ਼ਰਾਬ ਪੀ ਲਈ, ਦੱਸੋ ਸ਼ਰਾਬ ਨੇ ਤਾਂ ਜੀਵਨ

ਖਰਾਬ ਕਰ ਦੇਣਾ ਹੈ, ਰੋਗ ਲਗ ਜਾਂਦਾ ਹੈ, ਹੁਣ ਜਿਹੜੇ ਸਾਇੰਸਦਾਨ ਨੇ ਵੱਡੇ-ਵੱਡੇ ਖੋਜ ਕਰਨ ਵਾਲੇ, ਡਾਕਟਰੀ ਦੇ ਉਹ ਕਹਿੰਦੇ ਸ਼ਰਾਬ ਦੇ ਵਿਚ ਕੈਂਸਰ ਹੁੰਦਾ ਹੈ। ਫੇਫੜਿਆਂ ਨੂੰ ਗਾਲਦੀ ਹੈ, ਸਰੀਰ ਦੇ ਸਾਰੇ ਸੈਲ 14 ਖਰਬ ਪ੍ਰਮੇਸ਼ਰ ਨੇ ਸਾਡੇ ਸਰੀਰ ਵਿਚ ਦਿਤੇ ਨੇ, ਇਕੱਲੇ-ਇਕੱਲੇ ਸੈਲ ਵਿਚੋਂ ਸ਼ਰਾਬ ਦਾ ਮੁਸ਼ਕ ਆਉਣ ਲਗ ਜਾਂਦਾ ਹੈ। ਜਿੰਨੀਆਂ ਸਾਨੂੰ ਚਾਹੀਦੀਆਂ ਹਨ, 25 ਕਿਸਮ ਦੀਆਂ ਸਪਰੇਆਂ ਸਾਡੇ ਮਿਹਦੇ ਵਿਚ ਆਪਣੇ ਆਪ ਹੁੰਦੀਆਂ ਨੇ। ਮੂਲੀਆਂ ਖਾ ਲਓ, ਜਿਹੜੀ ਚੀਜ਼ ਉਸ ਨੂੰ ਗਾਲ ਸਕਦੀ ਹੈ, ਉਸ ਦੀ spray ਹੋਣੀ ਸ਼ੁਰੂ ਹੋ ਜਾਏਗੀ। ਇਨ੍ਹਾਂ ਰਸਾਂ ਵਿਚ ਪਏ ਹੋਏ ਇਨ੍ਹਾਂ ਰਸਾਂ ਦੇ ਨਾਲ ਪ੍ਰਮੇਸ਼ਰ ਦਾ ਰਸ ਨਹੀਂ ਆਇਆ ਕਰਦਾ। ਦੁਨੀਆਂ ਦੇ ਰਸਾਂ ਵਿਚ ਪੈ ਕੇ, ਪੈਸੇ ਦਾ ਰਸ ਹੈ, ਕਪੜਿਆਂ ਦਾ ਰਸ ਹੈ, ਸਵਾਰੀਆਂ ਦਾ ਰਸ ਹੈ, ਪੁੱਤਰਾਂ ਦਾ ਰਸ ਹੈ, ਪ੍ਰਭਤਾ ਦਾ ਰਸ ਹੈ, ਅਹੁਦਿਆਂ ਦਾ ਰਸ ਹੈ। ਮਹਾਰਾਜ ਕਹਿੰਦੇ ਫੇਰ ਪ੍ਰਮੇਸ਼ਰ ਦਾ ਰਸ ਕਿਥੋਂ ਭਾਲਦਾ ਹੈਂ ਤੂੰ, ਇਹ ਨਹੀਂ ਆਉਣਾ, ਇਨ੍ਹਾਂ ਰਸਾਂ ਤੋਂ ਉਪਰ ਬਿਰਤੀ ਜਦੋਂ ਜਾਏਗੀ ਫੇਰ ਪ੍ਰਮੇਸ਼ਰ ਦਾ ਰਸ ਆਏਗਾ। ਸੋ ਇਹ ਅੱਖਾਂ ਦਾ ਵਿਸ਼ਾ ਨਹੀਂ ਹੈ, ਪ੍ਰਮੇਸ਼ਰ ਇਨ੍ਹਾਂ ਅੱਖਾਂ ਨਾਲ ਨਜ਼ਰ ਆਉਂਦਾ ਹੈ ਪਰ ਫੇਰ ਆਉਂਦਾ ਹੈ ਪਿਛੋਂ ਜਾ ਕੇ। ਜਦੋਂ ਉਹ ਅੱਖ ਖੁਲ੍ਹ ਜਾਂਦੀ ਹੈ ਫੇਰ ਪ੍ਰਮੇਸ਼ਰ ਹਰ ਥਾਂ ਦਿਸਦਾ ਹੈ, ਫੇਰ ਪ੍ਰਮੇਸ਼ਰ ਕਦੇ ਅਲੋਪ ਹੀ ਨਹੀਂ ਹੁੰਦਾ ਅੰਦਰ ਬਾਹਰ, ਆਪਣਾ ਆਪ ਹੈ ਜਿਹੜਾ, ਉਹ disolve (ਘੁਲ) ਹੋ ਜਾਂਦਾ ਹੈ ਤੇ ਰਹਿ ਹੀ ਪ੍ਰਮੇਸ਼ਰ ਜਾਂਦਾ ਹੈ।

ਸੋ ਬਾਬਾ ਫਰੀਦ ਜੀ ਅੱਖਾਂ ਨਾਲ ਤੇ ਕਾਵਾਂ ਨੂੰ ਬੇਨਤੀ ਕਰਦੇ ਹਨ ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਓ ਕਾਗਾ ਏਹ ਦੋਇ ਨੈਣਾਂ***
***ਮਤ ਛੇੜਿਓ -2, 2.***
***ਮੈਨੂੰ ਪਿਰ ਦੇਖਣ ਦੀ ਆਸ -2, 2.***

***ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥***
***ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥ ਅੰਗ – 1383***

ਐਸੀ ਘੋਰ ਤਪਸਿਆ –

***ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨ੍ਹਿ॥***
***ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨ੍ਹਿ॥***
***ਅੰਗ – 1385***

ਜੇ ਮੈਨੂੰ ਮਿਲ ਜਾਵੇ ਪ੍ਰਮੇਸ਼ਰ, ਮੈਂ ਪੈਰਾਂ ਨਾਲ ਚਲਦਾ ਥੱਕ ਜਾਵਾਂ, ਕੋਈ ਦੱਸ ਦੇਵੇ ਕਿ ਫਲਾਣੇ ਪਹਾੜ ਦੇ ਉਤੇ ਰਹਿੰਦਾ ਹੈ ਫੇਰ ਮੈਂ ਸਿਰ ਦੇ ਭਾਰ ਵੀ ਚੱਲ ਕੇ ਰਸਤਾ ਤੈਅ ਕਰ ਲਵਾਂ। ਲਗਨ ਹੈ ਸਾਧ ਸੰਗਤ ਜੀ! ਰਸਤਾ ਬੇਸ਼ਕ ਗਲਤ ਹੈ ਪਰ ਕੁਰਬਾਨ ਜਾਂਦੇ ਹਾਂ। ਬਲਿਹਾਰ ਜਾਂਦੇ ਹਾਂ! ਬਾਬੇ ਫਰੀਦ ਤੇ ਜਿਸ ਦੇ ਅੰਦਰ ਪਿਰ ਦੇਖਣ ਦੀ ਆਸ ਲੱਗੀ ਹੋਈ ਹੈ। ਮਹਾਰਾਜ ਕਹਿੰਦੇ ਹਨ –

***ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥***
***ਨਾਨਕ ਤਾ ਕੈ ਬਲਿ ਬਲਿ ਜਾਸਾ॥ ਅੰਗ – 266***

ਅਸੀਂ ਬਲਿਹਾਰ ਜਾਂਦੇ ਹਾਂ ਜਿਸ ਨੂੰ ਦਰਸ਼ਨਾਂ ਦੀ ਪਿਆਸ ਲੱਗ ਗਈ, ਕੋਈ ਛੋਟੀ ਜਿਹੀ ਬਾਤ ਤਾਂ ਨਹੀਂ ਨਾ ਹੁੰਦੀ। ਇਸ ਦੀ ਕੀਰਤੀ ਬਹੁਤ ਫੈਲ ਗਈ ਸੀ ਬਾਬੇ ਫਰੀਦ ਜੀ ਦੀ, ਸ਼ਕਤੀਆਂ ਦੀ ਚਰਚਾ ਬਹੁਤ ਚੱਲ ਪਈ ਸੀ। ਉਸ ਵੇਲੇ ਵੱਡੇ ਵੱਡੇ ਮਹਾਤਮਾਵਾਂ ਨਾਲ ਮੇਲ ਹੋਇਆ ਬਾਬੇ ਫਰੀਦ ਦਾ। ਚੋਟੀ ਦੇ ਜਿਹੜੇ ਉਸ ਵੇਲੇ ਦੇ ਮਹਾਤਮਾ ਚਾਹੇ ਉਹ ਈਰਾਨ ਵਿਚ ਸੀ, ਚਾਹੇ ਬਗਦਾਦ ਵਿਚ ਸੀ, ਚਾਹੇ ਅਫਗਾਨਿਸਤਾਨ ਵਿਚ ਸੀ, ਚਾਹੇ ਗਜ਼ਨੀ ਦੇ ਵਿਚ ਸੀ, ਚਾਹੇ ਭਾਰਤ ਵਰਸ਼ ਤੇ ਇਧਰ ਜਾਵਾ-ਸੁਮਾਟ੍ਰਾ ਵਿਚ ਸਾਰੇ ਬਾਬੇ ਫਰੀਦ ਨੇ ਸਫਰ ਕਟਿਆ ਹੋਇਆ ਸੀ –

***ਫਰੀਦਾ ਇਨੀ ਨਿਕੀ ਜੰਘੀਐ***
***ਥਲ ਡੂੰਗਰ ਭਵਿਓਮ੍ਹਿ॥ ਅੰਗ – 1379***

ਕੋਈ ਥਾਂ ਨਹੀਂ ਕਹਿੰਦੇ ਅਸੀਂ ਛਡਿਆ ਜਿਥੇ ਅਸੀਂ ਨਹੀਂ ਗਏ –

***ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥***
***ਅੰਗ – 1379***

ਬੁਢਾਪਾ ਆ ਗਿਆ 91 ਸਾਲ ਦੀ ਉਮਰ ਹੋਈ ਹੈ ਇਨ੍ਹਾਂ ਦੀ। ਉਹ ਕੁੱਜਾ ਪਾਣੀ ਦਾ ਨਾ ਚੁਕ ਹੋਇਆ, ਲੋਟਾ ਨਾ ਚੁਕ ਹੋਇਆ। ਸੋ ਇਸ ਤਰ੍ਹਾਂ ਦੇ ਨਾਲ ਬਾਬੇ ਫਰੀਦ ਦੀ ਲਗਨ ਦੀ ਜਿਹੜੀ ਖੁਸ਼ਬੂ ਸੀ ਉਹ ਸਾਰੇ ਖਿੰਡ ਗਈ। ਉਸ ਵੇਲੇ ਕੋਈ ਤੱਤ ਬੇਤੇ ਮਹਾਤਮਾ ਆਏ ਕਹਿੰਦੇ, "ਫਰੀਦਾ! ਕੁਰਬਾਨ ਜਾਂਦੇ ਹਾਂ ਤੇਰੇ ਤਪ ਤੋਂ, ਜ਼ੋਹਦ ਤੂੰ ਬਹੁਤ ਕਰਿਆ ਕਰ ਪਿਆਰਿਆ! ਤੈਨੂੰ ਅਸੀਂ ਐਡੀ ਦੂਰੋਂ ਇਕ ਗੱਲ ਦੱਸਣ ਆਏ ਹਾਂ ਧਿਆਨ ਦੇ ਨਾਲ ਉਹ ਗੱਲ ਤੂੰ ਸਰਵਣ ਕਰ-

***ਧਾਰਨਾ – ਜੰਗਲਾਂ ਦੇ ਵਿਚ ਕਾਹਨੂੰ ਢੂੰਡਦੈ,***
***ਖੋਜ ਮਨ ਆਪਣੇ ਨੂੰ -2, 2.***

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ***

*ਵਣਿ ਕੰਡਾ ਮੋੜੇਹਿ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢਹਿ॥*

*ਅੰਗ - 1379*

ਫਰੀਦਾ! ਤੇਰੀ ਲਗਨ ਤੋਂ ਕੁਰਬਾਨ ਜਾਂਦੇ ਹਾਂ, ਬਲਿਹਾਰ ਹਾਂ ਦਰਸ਼ਨਾਂ ਦੀ ਤੇਰੀ ਲਗਨ ਤੋਂ ਪਰ ਪਿਆਰਿਆ ਤੇਰਾ ਰਸਤਾ ਗਲਤ ਹੈ, ਚਾਹੇ ਤੂੰ ਕਿੰਨਾ ਚਿਰ ਕਰੀਂ ਜਾਈ ਇਵੇਂ ਜਿਵੇਂ ਉਸ ਨੇ ਨਹੀਂ ਮਿਲਣਾ ਕਿਉਂਕਿ ਉਸ ਨੇ ਕਹਿ ਦਿੱਤਾ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ॥* *ਅੰਗ - 205*

ਜਿੰਨਾ ਚਿਰ ਤੂੰ ਮੁਰਸ਼ਦ-ਏ-ਕਾਮਲ ਦੀ ਸ਼ਰਨ ਵਿਚ ਨਹੀਂ ਜਾਂਦਾ, ਪਰਮੇਸ਼ਰ ਦਾ ਦਰ ਖੁੱਲ੍ਹਣਾ ਹੀ ਨਹੀਂ।

ਇਕ ਮਿਸਾਲ ਦੇ ਨਾਲ ਗੱਲ ਸਮਝ ਆ ਜਾਏਗੀ। ਇਕ ਕੋਈ ਰਾਜਾ ਸੀ, ਉਸ ਦੇ ਔਲਾਦ ਨਹੀਂ ਸੀ। ਉਸ ਨੇ 20 ਮੀਲ ਦੇ ਏਰੀਏ ਦੇ ਅੰਦਰ ਐਸੀ ਸੈਰ-ਗਾਹ ਬਣਾਈ ਹੋਈ ਸੀ ਜਿਸ ਦੇ ਵਿਚ ਭੁਲ ਭੁਲਾਈਆਂ ਵੀ ਸੀ। ਜਦੋਂ ਮੇਲੇ ਆਦਿ ਲਗਵਾਉਂਦਾ ਤਾਂ ਉਥੇ ਦੁਕਾਨਾਂ ਤੇ ਨਾਚ ਗਾਣੇ ਆਦਿ ਵੀ ਹੁੰਦੇ ਸੀ। ਝੀਲ ਦੇ ਵਿਚ ਵੀ ਸਫਰ ਕਰਦੇ ਰਹਿੰਦੇ, ਝੀਲ ਦੇ ਦੁਆਲੇ ਜਿਹੜੀ ਖੁਸ਼ਕੀ ਸੀ ਉਥੇ ਬਹੁਤ ਕੁਝ ਉਸਨੇ ਬਣਾਇਆ ਹੋਇਆ ਸੀ, ਜੰਗਲਾਂ ਵਿਚ ਬੜੀਆਂ ਅਜੀਬ ਸੜਕਾਂ, ਬਹੁਤ ਹੀ ਵਧੀਆ ਜਿਥੇ ਕਿਤੇ ਲੋੜ ਪਈ ਫੁਆਰੇ ਚਲਦੇ ਸੀ, ਫੁੱਲ ਲਗੇ ਹੋਏ ਸੀ। ਉਸ ਨੇ ਕਿਹਾ ਮੇਰੇ ਔਲਾਦ ਨਹੀਂ ਹੈ। ਮੈਂ ਆਪਣਾ ਰਾਜ ਉਸ ਬੰਦੇ ਨੂੰ ਦੇਣਾ ਚਾਹੁੰਦਾ ਹਾਂ ਜਿਹੜਾ ਮੇਰੀ ਸੈਰ-ਗਾਹ ਦੇ ਵਿਚ ਜਾ ਕੇ ਮੈਨੂੰ ਲੱਭ ਲਏ। ਉਸ ਨੇ ਡੌਂਡੀ ਪਿਟਵਾ ਦਿਤੀ। ਸਭ ਦੇ ਮਨ ਵਿਚ ਬਹੁਤ ਲਾਲਸਾ ਹੋ ਗਈ ਕਿ ਚਲੋ ਦੇਖਾਂਗੇ, ਜੇ ਰਾਜਾ ਲੱਭ ਗਿਆ ਤਾਂ ਫੇਰ ਰਾਜ ਗੱਦੀ ਤੇ ਤਾਂ ਬੈਠ ਹੀ ਜਾਵਾਂਗੇ। ਉਸ ਨੇ ਸਮਾਂ ਰੱਖ ਦਿੱਤਾ ਕਿ 10 ਤੋਂ 4 ਤੱਕ ਲੱਭਣਾ ਹੈ, 6 ਘੰਟੇ, ਉਸ ਤੋਂ ਬਾਅਦ ਸਭ ਅਸਫਲ। ਉਸ ਵੇਲੇ ਇਕ ਦਮ ਦਰਵਾਜਾ ਖੁੱਲ੍ਹ ਗਿਆ। ਇਕ ਦੂਜੇ ਤੇ ਉਤੋਂ ਦੀ ਲੰਘਦੇ ਹੋਏ ਨੱਠੇ ਜਾਂਦੇ ਨੇ ਕਿ ਮੈਂ ਉਨ੍ਹਾਂ ਭੁਲ ਭਲਾਈਆਂ ਵਿਚ ਦੇਖਦਾ ਹਾਂ, ਮੈਂ ਜਾ ਕੇ ਝੀਲ ਵਿਚ ਦੇਖਦਾ ਹਾਂ। ਜਦੋਂ ਉਹ ਉਥੇ ਜਾਂਦੇ ਹਨ ਤਾਂ ਰਾਜੇ ਨੇ ਉਥੇ ਐਨੇ ਮੰਨੋਰੰਜਕ ਸਾਧਨ ਜੁਟਾਏ ਹੋਏ ਸਨ, ਇਹੋ

ਜਿਹੀਆਂ ਚੀਜ਼ਾਂ ਨਾਚ ਗਾਣੇ, ਸ਼ਰਾਬਾਂ ਕਬਾਬਾਂ ਆਦਿ ਉਸ ਨੇ ਇੰਤਜਾਮ ਕਰਿਆ ਹੋਇਐ ਕਿ ਜਿਹੜੇ ਉਥੇ ਖੜ੍ਹ ਗਏ, ਉਹ ਉਥੇ ਹੀ ਪਰਚ ਗਏ, ਓਹੀ ਦੇਖੀ ਜਾਂਦੇ ਨੇ, ਨਸ਼ੇ ਪੀਣ ਵਾਲੇ ਨਸ਼ੇ ਹੀ ਪੀ ਜਾਂਦੇ ਨੇ, ਕੁਝ ਕੁ ਲੋਕਾਂ ਨੇ ਹਿੰਮਤ ਕਰੀ, ਉਨ੍ਹਾਂ ਨੇ ਝੀਲ ਵਿਚ ਕਿਸ਼ਤੀ ਵਿਚ ਬੈਠ ਕੇ ਲੱਭਣਾ ਸ਼ੁਰੂ ਕਰ ਦਿੱਤਾ, ਕੋਈ ਜੰਗਲ ਵਿਚ ਨੂੰ ਨੱਠੇ ਜਾਂਦੇ ਨੇ ਕਿ ਕਿਤੇ ਜੰਗਲ ਦੇ ਕੋਨੇ ਵਿਚ ਲੁਕਿਆ ਹੋਏਗਾ। ਸਾਰੇ ਲੱਭ ਰਹੇ ਨੇ ਹਜ਼ਾਰਾਂ ਬੰਦੇ ਕਿਉਂਕਿ ਰਾਜ ਮਿਲ ਜਾਣਾ ਸੀ ਜੇ ਲੱਭ ਜਾਂਦਾ।

ਉਸ ਵੇਲੇ ਇਕ ਬਹੁਤ ਹੀ ਸੋਝੀ ਵਾਲਾ ਬੰਦਾ ਸੀ, ਉਸ ਨੇ ਕਿਹਾ ਕਿ ਇਸ ਤਰ੍ਹਾਂ ਨਹੀਂ ਉਸ ਨੇ ਲੱਭਣਾ, ਕਿਸੇ ਭੇਤੀ ਨੂੰ ਮਿਲੀਏ ਜਿਹੜਾ ਭੇਤ ਦੇ ਦੇਵੇ। ਭੇਤੀ ਦੇ ਭੇਤ ਦਿੱਤੇ ਬਗੈਰ ਰਾਜੇ ਨੇ ਨਹੀਂ ਲੱਭਣਾ। ਜਿਹੜਾ ਉਥੋਂ ਦਾ ਵੱਡਾ ਮੈਨੇਜਰ ਸੀ, ਉਹ ਆਪਣੇ ਦਫਤਰ ਵਿਚ ਬੈਠਾ ਸੀ। ਇਹ ਪ੍ਰੇਮੀ ਉਥੇ ਜਲ ਪਾਣੀ ਦੀ ਸੇਵਾ ਕਰ ਰਿਹਾ ਹੈ, ਜਦੋਂ ਉਹ ਕੋਈ ਚੀਜ਼ ਕਹਿੰਦਾ ਹੈ ਉਹ ਉਦੋਂ ਹੀ ਲਿਆ ਕੇ ਦਿੰਦਾ ਹੈ ਕਿਉਂਕਿ ਸਾਰੇ ਬਾਕੀ ਦੇ ਤਾਂ ਨੱਠ ਗਏ ਸੀ ਲੱਭਣ ਵਾਸਤੇ। ਜਦੋਂ 3 ਵੱਜ ਗਏ ਤਾਂ ਉਹ ਕਹਿਣ ਲੱਗਿਆ, "ਓ ਪ੍ਰੇਮੀਆ! ਤੂੰ ਟੋਲ੍ਹਣ ਨਹੀਂ ਗਿਆ, ਸਾਰੀ ਦੁਨੀਆਂ ਟੋਲ੍ਹਣ ਗਈ ਹੈ?"

ਕਹਿੰਦਾ, "ਮੈਨੇਜਰ ਸਾਹਿਬ! ਰਾਜਾ ਇਹੋ ਜਿਹੀ ਥਾਂ ਨਹੀਂ ਲੁਕਿਆ ਜਿਥੇ ਸੁਖਾਲਾ ਲੱਭ ਜਾਵੇ ਤੇ ਮੇਰੇ ਉਤੇ ਤੂੰ ਕਿਰਪਾ ਕਰਦੇ ਮੈਨੂੰ ਜੇ ਦਸ ਦੇਵੇਂ ਤਾਂ ਮੈਂ ਲੱਭ ਲਵਾਂ ਤੇ ਨਾਲ ਮੇਰੀ ਮੱਦਦ ਕਰੇਂ। ਇਕੱਲਾ ਦੱਸੇ ਤੋਂ ਨਹੀਂ ਕੰਮ ਚੱਲਣਾ, ਨਾਲ ਮੇਰੀ ਮੱਦਦ ਵੀ ਕਰੀਂ।

ਉਹ ਥੋੜ੍ਹੀ ਦੇਰ ਫੇਰ ਚੁੱਪ ਰਿਹਾ ਕਿਉਂਕਿ ਸਮਾਂ ਵੀ ਨੇੜੇ ਆ ਰਿਹਾ ਸੀ। ਉਹ ਕਹਿੰਦਾ, "ਦੇਖ! ਮੈਂ ਤੈਨੂੰ ਭੇਦ ਦੀ ਗੱਲ ਦਸਦਾ ਹਾਂ। ਆਹ ਜਿਹੜਾ ਦਫਤਰ ਹੈ ਇਸ ਦੇ ਪਿਛੇ ਇਕ ਉਚੀ ਜਿਹੜੀ ਢੇਰੀ ਹੈ ਮਿੱਟੀ ਦੀ। ਉਥੇ ਬੋਰੀਆਂ ਪਈਆਂ ਨੇ, ਬੋਰੀਆਂ ਖਿੱਚ ਕੇ ਪਰ੍ਹੇ ਕਰ ਦੇਈਂ ਤੇ ਅੱਗੇ ਦਰਵਾਜਾ ਆ ਜਾਏਗਾ। ਉਹ ਦਰਵਾਜਾ ਖੋਲ੍ਹ ਲਈ। ਉਸ ਦੇ ਵਿਚ ਜਦੋਂ ਤੂੰ ਜਾਏਂਗਾ ਪਹਿਲਾਂ ਤਾਂ ਹਨ੍ਹੇਰਾ ਹੋਏਗਾ। ਉਸ ਤੋਂ ਬਾਅਦ ਜਦੋਂ ਤੂੰ ਇਕ ਦੋ ਕੋਠੜੀਆਂ ਲੰਘੇਗਾ, ਉਸ ਵੇਲੇ ਸੰਗੀਤ ਆ ਜਾਏਗਾ। ਉਹ ਸੰਗੀਤ ਸੁਣ ਕੇ ਤੂੰ ਅਗੇ ਅਗੇ ਪੈਰ ਪੁੱਟੀ ਜਾਈਂ। ਇਹ ਨਿਸ਼ਾਨੀ ਹੈ ਕਿ ਇਥੇ ਲੁਕਿਆ ਹੋਇਆ ਹੈ ਨੇੜੇ ਹੀ ਪਰ ਉਸ ਤੋਂ ਅੱਗੇ ਜਾ ਕੇ ਐਸੀਆਂ ਚੀਜ਼ਾਂ ਆਉਣਗੀਆਂ ਜੋ ਤੈਨੂੰ ਭੁਲਾਉਣ ਦਾ ਯਤਨ ਕਰਨਗੀਆਂ, ਸ਼ਕਤੀਆਂ ਆਉਣਗੀਆਂ ਕਿ ਮੁੜ ਜਾਹ ਆਹ ਲੈ ਲੈ ਸਾਡੇ ਤੋਂ। ਮੁੜੀਂ ਨਾ ਉਨ੍ਹਾਂ ਦੀ ਪਰਵਾਹ ਨਾ ਕਰੀਂ। ਉਸ ਤੋਂ

ਅੱਗੇ ਰੋਸ਼ਨੀ ਆ ਜਾਏਗੀ। ਹੁਣ ਰੋਸ਼ਨੀ ਵੀ ਹੋ ਜਾਏਗੀ ਤੇ ਸੰਗੀਤ ਵੀ ਚੱਲ ਪਏਗਾ ਤੇਰਾ ਜੀਅ ਵੀ ਲੱਗ ਜਾਏਗਾ ਪਰ ਤੂੰ ਅੱਗੇ ਚਲੀਂ। ਅੱਗੇ ਜਾ ਕੇ ਜਿਸ ਵਕਤ ਦਸਵਾਂ ਦਰਵਾਜਾ ਆਇਆ ਨਾਹ, ਉਹ ਖੋਲ੍ਹ ਲਈਂ। ਅੱਗੇ ਬਾਦਸ਼ਾਹ ਬੈਠਾ ਹੈ ਤਖਤ ਦੇ ਉਤੇ, ਤੇਰੇ ਨਾਲ ਨਰਾਜ਼ ਨਹੀਂ ਹੁੰਦਾ, ਕੁਝ ਨਹੀਂ ਹੁੰਦਾ। ਤੈਨੂੰ ਪਿਆਰ ਕਰੇਗਾ ਕਿਉਂਕਿ ਉਸ ਨੇ ਰਾਜ ਦੇਣਾ ਹੈ। ਉਸੇ ਤਰ੍ਹਾਂ ਨਾਲ ਉਸ ਨੇ ਕੀਤਾ, ਸਮਝਾ ਦਿਤਾ ਸੀ ਕਿ ਅੱਗੇ ਇਕ ਰਸਤਾ ਇਹੋ ਜਿਹਾ ਆਉਣਾ ਹੈ ਜਿਹੜਾ ਬਾਹਰ ਨਿਕਲ ਜਾਏਗਾ ਅੱਗੇ ਨਹੀਂ ਤੂੰ ਜਾ ਸਕਣਾ। ਸੋ ਉਸ ਵੇਲੇ ਉਵੇਂ ਜਿਵੇਂ ਕਰਦਾ-ਕਰਦਾ ਅੰਦਰ ਦਾਖਲ ਹੋ ਗਿਆ ਤੇ ਅੱਗੇ ਜਾ ਕੇ ਰਾਜਾ ਜਿਹੜਾ ਸੀ ਉਹ ਬੈਠਾ ਹੈ। ਰਾਜਾ ਬੜਾ ਪ੍ਰਸੰਨ ਹੋਇਆ, ਕਿਉਂਕਿ ਤਾਲਾ ਲਾਇਆ ਹੋਇਆ ਹੈ ਰਾਜੇ ਨੇ ਬੋਰੀਆਂ ਰਖਾ ਦਿੱਤੀਆਂ ਅੱਗੇ। ਦ੍ਰਿਸ਼ਟਾਂਤ ਹੈ ਇਹ। ਮਹਾਰਾਜ ਕਹਿੰਦੇ -

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ............॥ ਅੰਗ - 205***

ਹੁਣ ਤਾਲਾ ਤਾਂ ਲਾ ਦਿੱਤਾ। ਤਾਲੇ ਨੂੰ ਤਾਂ ਕੁੰਜੀ ਨੇ ਖੋਲ੍ਹਣਾ ਹੈ, ਕੁੰਜੀ ਤਲਾਸ਼ ਕਰੋ ਕਿ ਕੁੰਜੀ ਕਿਥੇ ਹੈ, ਕਹਿੰਦੇ -

***.............. ਕੁੰਜੀ ਗੁਰ ਸਉਪਾਈ॥***

***ਅੰਗ - 205***

ਗੁਰੂ ਨੂੰ ਦੇ ਦਿੱਤੀ, ਕੁੰਜੀ ਦੇ ਕੇ ਫੇਰ ਉਸ ਨੇ ਜੁਗਤ ਦੱਸ ਦਿੱਤੀ। ਅੱਗੇ ਜਾਣਾ ਹੈ ਕੁੰਜੀ ਗੁਰੂ ਦੇ ਕੋਲ ਹੈ। ਇਹ ਨਾ ਤਾਂ ਲੋਹੇ ਦੀ ਕੁੰਜੀ ਹੈ, ਨਾ ਨੰਬਰਾਂ ਦੀ ਕੁੰਜੀ ਹੈ, ਇਹ ਅੱਖਰਾਂ ਦੀ ਕੁੰਜੀ ਹੈ। ਸਾਡੇ ਗੁਰੂ ਕੋਲ 4 ਅੱਖਰਾਂ ਦੀ ਕੁੰਜੀ ਹੈ 'ਵਾਹਿਗੁਰੂ' ਦੀ। 'ਵਾਹਿਗੁਰੂ' ਦੀ ਕੁੰਜੀ ਲਾ ਕੇ ਤਾਲੇ ਖੁਲ੍ਹਣੇ ਨੇ। ਪਹਿਲਾਂ ਗੁਰੂ ਧਾਰਨ ਕਰੋ, ਗੁਰੂ ਨੇ ਰਾਹ ਦੱਸ ਦਿੱਤਾ, ਨਾਲ ਚਾਬੀ ਫੜਾ ਦਿੱਤੀ ਕਿ ਲੈ ਆਹ ਚਾਬੀ ਲੈ ਲੈ ਤੇ ਅੰਦਰ ਰਹਿੰਦਾ ਹੈ ਇਸ ਦੇ ਵਿੱਚ। ਆਹ ਸਰੀਰ ਹੈ ਜਿਹੜਾ ਇਹ ਮਿੱਟੀ ਦੀ ਢੇਰੀ ਹੈ। ਰੱਬ ਕਿਤੇ ਬਾਹਰ ਨਹੀਂ ਰਹਿੰਦਾ, ਨਾ ਜੰਗਲਾਂ ਵਿਚ, ਨਾ ਕਿਤੇ ਤੀਰਥਾਂ ਤੇ। ਅਸੀਂ ਕਹਿੰਦੇ ਹਾਂ ਕਿ ਹੇਮਕੁੰਟ ਗੁਰੂ ਸਾਹਿਬ ਰਹਿੰਦੇ ਨੇ। ਕਈ ਕਹਿਣਗੇ ਜੀ! ਉਥੇ ਦਰਸ਼ਨ ਹੋਏ, ਉਹ ਤਾਂ ਭਾਵਨਾ ਹੈ, ਭਾਵਨਾ ਬੜਾ ਕੁਝ ਕਰ ਦਿੰਦੀ ਹੈ। ਫੇਰ ਸਿਧਾਂਤ ਗਲਤ ਹੋ ਜਾਂਦੀ ਹੈ ਗੁਰੂ ਗ੍ਰੰਥ ਸਾਹਿਬ ਦੀ। ਗੁਰੂ ਗ੍ਰੰਥ ਸਾਹਿਬ ਕਹਿੰਦੇ, ਕੋਈ ਥਾਂ ਐਸਾ ਹੈ ਹੀ ਨਹੀਂ ਜਿਥੇ ਪਰਮੇਸ਼ਰ ਨਹੀਂ ਹੈ। ਜੇ ਅਸੀਂ ਉਸ ਨੂੰ ਇਕ ਪੁਰਖੀ ਬਣਾ ਦਿੰਦੇ ਹਾਂ ਤਾਂ ਸੰਸਾਰ ਵਿਚ ਕਿਵੇਂ ਹੈ ਉਹ, ਫੇਰ ਤਾਂ ਹੇਮਕੁੰਟ ਹੀ ਰਹਿ

ਗਏ ਸਾਡੇ ਗੁਰੂ ਸਾਹਿਬ। ਇਥੇ ਤਾਂ ਆਉਂਦੇ ਹੀ ਨਹੀਂ। ਸਾਨੂੰ ਤਾਂ ਭਰਮ ਪੈ ਜਾਣਾ ਹੈ ਕਿ ਗੁਰਦੁਆਰੇ ਜਾ ਕੇ ਕੀਤੀ ਅਰਦਾਸ ਨੂੰ ਕੌਣ ਸੁਣੇਗਾ, ਉਹ ਤਾਂ ਬੜੀ ਦੂਰ ਨੇ ਉਥੇ ਚੱਲ ਕੇ ਕਰੀਏ। ਮਹਾਰਾਜ ਕਹਿੰਦੇ ਜਿਥੇ ਤੂੰ ਹੈ ਉਹ ਹਰ ਥਾਂ ਤੇ ਸੁਣਦਾ ਹੈ, ਹਰ ਥਾਂ ਤੇ ਤੇਰੇ ਨਾਲ ਹੈ, ਬਾਹਰ ਨਹੀਂ ਹੈ –

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥*
*ਬਿਨਸਿ ਜਾਇ ਜੋ ਨਿਮਖ ਮਹਿ*
*ਸੋ ਅਲਖ ਸੁਖੁ ਭਨੀਐ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥*

*ਅੰਗ – 677*

ਹੁਣ ਜਿਹੜਾ ਸਾਸ ਸਾਸ ਸਮ੍ਹਾਲਦਾ ਹੈ, ਜਿਧਰ ਵੀ ਅਸੀਂ ਦੇਖਦੇ ਹਾਂ ਉਧਰ ਹੀ ਹੈ। ਉਹ ਇਕ ਥਾਂ ਤੇ ਪਹਾੜਾਂ ਤੇ ਥੋੜ੍ਹਾ ਬੈਠਾ ਹੈ। ਨਿਸ਼ਚੇ ਨੇ ਆਪਣੇ-ਆਪਣੇ, ਥਾਂ ਪੈਂਦਾ ਹੈ ਨਿਸ਼ਚਾ, ਸ਼ਰਧਾ ਦੀ ਬਾਤ ਹੈ ਲੇਕਿਨ ਤੱਤ ਬਾਤ ਹੋਰ ਹੈ ਜਿਹੜੀ ਬਾਅਦ ਵਿਚ ਸਮਝ ਵਿਚ ਆਉਂਦੀ। ਸੋ ਇਸ ਤਰ੍ਹਾਂ ਇਸ ਸਰੀਰ ਵਿਚ ਮਿੱਟੀ ਦੀ ਢੇਰੀ ਦੀ ਚਾਬੀ ਗੁਰੂ ਦਿੰਦਾ ਹੈ। ਕਹਿੰਦਾ ਲੈ 'ਵਾਹਿਗੁਰੂ' ਦਾ ਅੰਮ੍ਰਿਤ ਛਕਦੇ ਹਾਂ, ਸ਼ਰਧਾ ਵਾਲੇ ਬਣਦੇ ਹਾਂ, ਗੁਰੂ ਧਾਰਦੇ ਹਾਂ। ਗੁਰੂ ਕਹਿੰਦਾ ਆਹ ਲੈ ਚਾਬੀ, 4 ਅੱਖਰਾਂ ਦੀ 'ਵਾਹਿਗੁਰੂ' ਦੀ ਇਸ ਨੂੰ ਤੂੰ ਵਾਹਿਗੁਰੂ-ਵਾਹਿਗੁਰੂ ਕਹੀ ਜਾਹ, ਹੁਣ ਤੂੰ ਇਸ ਢੇਰੀ ਦੇ ਵਿਚ ਵੜ। ਸੰਤਾਂ ਨੇ ਤੁਹਾਨੂੰ ਦਸਿਆ ਹੈ ਕਿ ਪਹਿਲਾਂ 'ਬੈਖਰੀ ਬਾਣੀ' ਨਾਲ ਨਾਮ ਜਪੋ। ਜਦੋਂ 'ਮੱਧਮਾ' ਵਿਚ ਜਾਵੋਗੇ ਉਸ ਦਾ ਫਲ ਵਧ ਜਾਣਾ ਹੈ ਸੈਂਕੜੇ ਗੁਣਾ। ਜਦੋਂ ਅਸੀਂ ਹਿਰਦੇ ਦੀ ਬਾਣੀ ਵਿਚ ਜਾਵਾਂਗੇ, ਉਥੇ ਨਾ ਬੁੱਲ੍ਹਾਂ ਨੇ ਹਿਲਣਾ ਹੈ, ਨਾ ਬੋਲ ਨੇ ਨਿਕਲਣਾ ਹੈ, ਨਾ ਕੁਝ ਹੋਣਾ ਹੈ ਉਥੇ ਆਪਣੇ ਆਪ ਹੀ ਨਾਮ ਜਪ ਹੁੰਦਾ ਹੈ, ਸਿਰਫ ਅਸੀਂ ਸੁਣਦੇ ਹਾਂ ਉਥੇ ਜੱਪਣ ਵਾਲਾ ਕੋਈ ਨਹੀਂ ਹੁੰਦਾ, ਨਾਮ ਦੀ ਧੁਨ ਸੁਣਦੀ ਹੈ। ਉਸ ਨਾਮ ਦੀ ਧੁਨ ਵਿਚ ਜਦੋਂ ਅਸੀਂ ਮਸਤ ਜਾਂਦੇ ਹਾਂ ਤਾਂ ਡੂੰਘੀ ਖਾਮੋਸ਼ੀ। ਵਿਚ ਚਲੇ ਜਾਂਦੇ ਹਾਂ ਜਿਥੇ ਨਾ ਸੰਸਾਰ ਹੈ ਨਾ ਮਾਇਆ ਹੈ, ਨਾ ਤੂੰ ਹੈ। ਸੁਰਤ ਜਿਹੜੀ ਹੈ ਉਹ ਐਸੇ ਥਾਂ ਚਲੀ ਜਾਂਦੀ ਹੈ ਜਿਥੇ ਹੋਂਦ ਹੈ। ਸੋ ਇਹ ਖੁਲ੍ਹਦੀ ਇਵੇਂ ਜਿਵੇਂ ਹੈ। ਜਦੋਂ ਆਦਮੀ ਅੰਦਰ ਜਾਂਦਾ ਹੈ ਅਨਹਦ ਵਾਜਿਆਂ ਨਾਲ ਵਾਹ ਪੈਂਦਾ ਹੈ-

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*

*ਅੰਗ - 954*

ਗੁਰੂ ਦੇ ਸ਼ਬਦ ਨਾਲ ਖੁੱਲ੍ਹਦਾ ਹੈ, ਆਏਂ ਨਹੀਂ ਬਜਰ ਕਪਾਟ ਖੁਲ੍ਹਦੇ। ਆਏਂ ਪੜ੍ਹ ਲਓ -

*ਧਾਰਨਾ - ਖੁਲ੍ਹਦੇ ਨੇ ਬਜਰ ਕਪਾਟ,*
*ਸਤਿਨਾਮ ਜਪ ਕੇ, ਵਾਹਿਗੁਰੂ ਜਪ ਕੇ -2, 2.*

*ਬਜਰ ਕਪਾਟ ਨ ਖੁਲਨੀ ਗੁਰਸਬਦ ਖੁਲੀਜੈ॥*

*ਅੰਗ - 954*

ਕਿਸੇ ਉਪਾਅ ਨਾਲ ਨਹੀਂ ਖੁੱਲ੍ਹਦੇ, ਕਿਉਂਕਿ ਚਾਬੀ ਨਹੀਂ ਲੱਗੀ। ਚਾਬੀ ਫੜਾ ਦਿੱਤੀ ਗੁਰੂ ਨੇ ਕਿ ਤੂੰ ਅੰਦਰ ਵੜ ਇਸ ਦੇ, ਮੰਤਰ ਲੈ ਲਿਆ ਗੁਰੂ ਤੋਂ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰੀ ਜਾਂਦੇ ਹਾਂ, ਬਾਣੀ ਪੜ੍ਹੀ ਜਾਂਦੇ ਹਾਂ ਉਚੀ ਗਾ ਕੇ। ਇਸ ਦੇ ਨਾਲ ਕੀ ਹੁੰਦਾ ਹੈ ਮਨ ਕੇਂਦਰ ਤੇ ਆ ਜਾਂਦਾ ਹੈ। ਹੁਣ ਮਹਾਤਮਾ ਦਸਦੇ ਨੇ ਕਿ ਤੂੰ ਅੰਦਰ ਵੜ ਤੈਨੂੰ ਜੁਗਤ ਦਸ ਦਿੰਦੇ ਹਾਂ ਅਸੀਂ। ਜੁਗਤ ਬਿਨਾ ਨਹੀਂ ਪਤਾ ਲਗਦਾ। ਹੁਣ ਸੁਆਸ ਸਾਨੂੰ ਆਉਂਦਾ ਹੈ, ਨਾਸਕਾ ਵਿਚੀਂ ਆਉਂਦਾ ਹੈ, ਇਥੇ ਖੜ੍ਹ ਜਾਓ ਪਹਿਰੇਦਾਰ ਬਣਕੇ ਕਿ ਮੈਨੂੰ ਗੁਰੂ ਨੇ ਦਿੱਤਾ ਨਾਮ ਤੇ ਮੈਂ ਕੋਈ ਸੁਆਸ ਨਾਮ ਤੋਂ ਬਗੈਰ ਅੰਦਰ ਨਹੀਂ ਜਾਣ ਦੇਣਾ, ਰੋਕ ਦੇਣਾ ਹੈ ਇਥੇ ਹੀ ਜੇ ਉਹ ਨਾ ਨਾਮ ਲੈ ਕੇ ਅੰਦਰ ਨੂੰ ਗਿਆ। ਹੁਣ ਸਾਹ ਅੰਦਰ ਨੂੰ ਆਉਂਦਾ ਹੈ ਤਾਂ 'ਵਾਹਿ' ਕਹੀ ਜਾਓ ਜਦੋਂ ਬਾਹਰ ਨੂੰ ਆਉਂਦਾ ਹੈ ਫੇਰ ਖਾਲੀ ਨਾ ਆਉਣ ਦਿਓ ਫੇਰ 'ਗੁਰੂ' ਕਹਿ ਕੇ ਬਾਹਰ ਕੱਢੋ।

ਦੂਜਾ ਇਸ ਦੇ ਵਿਚ ਇਹ ਹੁੰਦਾ ਹੈ ਹੋਰ ਸੁਰਤੀ ਨੂੰ ਇਕਾਗਰ ਕਰਨ ਵਾਸਤੇ ਜੇ ਸੱਜੀ ਨਾਸਕਾ ਤੋਂ 'ਵਾਹਿ' ਕਿਹਾ ਹੈ ਤਾਂ 'ਗੁਰੂ' ਖੱਬੀ ਨਾਸਕਾ ਰਾਹੀਂ ਕੱਢਣਾ ਹੈ ਫੇਰ 'ਗੁਰੂ' ਵਾਲੇ ਪਾਸੇ ਤੋਂ 'ਵਾਹਿ' ਕਹਿਣਾ ਹੈ ਦੂਜੇ ਪਾਸੇ ਗੁਰੂ ਕਹਿਣਾ ਹੈ। ਜਿਵੇਂ ਅਸੀਂ ਮਧਾਣੀ ਨਾਲ ਦੁਧ ਰਿੜਕਦੇ ਹਾਂ ਇਸ ਤਰ੍ਹਾਂ ਰਿੜਕਣੇ ਵਾਂਗ ਉਸ ਨੂੰ ਕਰਨਾ ਹੈ। ਜਿਹੜਾ ਵਾਹਿਗੁਰੂ ਮੰਤਰ ਹੈ ਇਸ ਦੇ ਵਿਚ ਸ਼ਕਤੀ ਹੈ, ਉਸ ਦੇ ਨਾਲ ਕੀ ਹੋਏਗਾ? 15-20 ਸੁਆਸਾਂ ਤੋਂ ਬਾਅਦ ਹੀ ਰਸ ਆ ਜਾਣਾ ਸ਼ੁਰੂ ਹੋ ਜਾਏਗਾ। 'ਵਾਹਿਗੁਰੂ' ਦੀ ਜਿਹੜੀ ਸ਼ਕਤੀ ਹੈ ਉਹ ਅੰਦਰ ਜਾਣ ਲੱਗ ਜਾਏਗੀ ਉਸੇ ਵੇਲੇ ਮਨ ਜਿਹੜਾ ਹੈ ਇਹ ਕਿਸੇ

ਚੀਜ਼ ਦੇ ਨਾਲ ਪਰਚਦਾ ਹੈ, ਮਨ ਇਸ ਰਸ ਨਾਲ ਪਰਚ ਜਾਏਗਾ ਕਿਉਂਕਿ ਅਸੀਂ ਪਹਿਰਾ ਲਾ ਦਿੱਤਾ ਕਿ ਕੋਈ ਸੁਆਸ ਨਾਮ ਤੋਂ ਬਿਨਾਂ ਅੰਦਰ ਨਹੀਂ ਜਾਣ ਦੇਣਾ। ਕਰਕੇ ਦੇਖ ਲਇਓ, ਬੜਾ ਸੁਖਾਲਾ ਹੈ। ਮੈਂ ਤਾਂ ਕਹਿ ਦਿੰਦਾ ਹਾਂ ਕਿਉਂਕਿ ਇਹ ਲੱਭਣਾ ਹੀ ਨਹੀਂ ਸਮਾਂ। ਨਾ ਤੁਹਾਨੂੰ ਲੱਭੇ ਨਾ ਮੈਨੂੰ ਲੱਭੇ। ਨਾ ਮੈਂ ਗੱਲ ਕਰ ਸਕਾਂ, ਨਾ ਤੁਸੀਂ ਸੁਣ ਸਕੋ ਇਹ ਗੱਲਾਂ। ਇਹ ਗੁਪਤ ਗੱਲਾਂ ਨੇ ਕਲਜੁਗ ਆ ਗਿਆ ਬਹੁਤਾ, ਭੂਚਾਲ ਪੈ ਗਿਆ ਗੱਲਾਂ ਦਾ ਕੋਈ ਕੁਝ ਕਹਿੰਦਾ ਹੈ, ਕੋਈ ਕੁਝ ਕਹਿੰਦਾ ਹੈ ਉਹ ਰਸਤਾ ਹੀ ਜਾਂਦਾ ਰਿਹਾ। ਮਹਾਰਾਜ ਕਹਿੰਦੇ –

***ਸਾਸਿ ਸਾਸਿ ਸਿਮਰਹੁ ਗੋਬਿੰਦ॥*** ***ਅੰਗ – 295***

ਕੋਈ ਸੁਆਸ ਖਾਲੀ ਨਾ ਜਾਣ ਦਿਓ। ਉਸ ਦੇ ਨਾਲ ਕੀ ਹੋਏਗਾ ਸੁਰਤ ਇਕਾਗਰ ਹੋਣ ਲੱਗ ਜਾਏਗੀ ਫੇਰ ਕੀ ਹੋਏਗਾ? ਆਵਾਜ਼ ਤਾਂ ਤੁਹਾਨੂੰ 'ਵਾਹਿਗੁਰੂ' ਓਵੇਂ ਜਿਵੇਂ ਸੁਣੇਗੀ ਲੇਕਿਨ ਨਾਸਕਾ ਤੋਂ ਪਹਿਰਾ ਹਟ ਜਾਏਗਾ। ਹੁਣ ਪਹਿਰਾ ਕਿਥੇ ਚਲੇ ਗਿਆ? ਅੰਦਰ ਚਲਿਆ ਗਿਆ ਧੁਨ ਦੇ ਵਿਚ ਧਿਆਨ ਆ ਗਿਆ–

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ॥*** ***ਅੰਗ – 879***

ਜਦੋਂ ਇਥੇ ਗਿਆ ਤਾਂ ਗੁਰੂ ਦੇ ਸ਼ਬਦ ਨੇ ਟੱਕਰ ਮਾਰਨੀ ਹੈ ਉਸ ਨੇ ਬਜਰ ਕਪਾਟ ਖੋਲ੍ਹ ਦੇਣੇ ਨੇ। ਜਦੋਂ ਬੱਜਰ ਕਪਾਟ ਖੁੱਲ੍ਹੇ, ਉਸੇ ਵੇਲੇ –

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*** ***ਅੰਗ – 954***

ਰੂਹਾਨੀ ਸੰਗੀਤ ਜਿਹੜਾ ਹੈ ਤੁਹਾਡੇ ਅੰਦਰ ਵੱਜਣਾ ਸ਼ੁਰੂ ਹੋ ਜਾਣਾ ਹੈ ਉਸੇ ਵੇਲੇ, ਬਗੈਰ ਵਜਾਇਆ ਵਾਜੇ ਪੰਜ ਨਹੀਂ ਬੇਅੰਤ, ਪਤਾ ਨਹੀਂ ਕਿੰਨੇ ਹੁੰਦੇ ਨੇ।

ਇਥੇ ਜਦੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਏ ਨੇ ਆਪਣੇ ਗੁਰਦਵਾਰੇ। ਵੱਡੇ ਬੰਦਿਆਂ ਨੂੰ ਪਤਾ ਹੋਏਗਾ ਮੈਂ ਉਦੋਂ 5ਵੀਂ 6ਵੀਂ ਵਿਚ ਪੜ੍ਹਦਾ ਸੀ। ਉਹ ਕੀਰਤਨ ਕਰਕੇ ਹਟੇ, ਮੈਂ ਝੂਲੀ ਜਾਵਾਂ ਉਸੇ ਤਰ੍ਹਾਂ। ਉਹ ਪ੍ਰਸ਼ਾਦਾ ਛਕਦੇ ਸੀ ਮੈਂ ਫੇਰ ਵੀ ਓਵੇਂ ਜਿਵੇਂ ਕਰੀ ਜਾਵਾਂ ਸਾਹਮਣੇ ਬੈਠਾ, ਪ੍ਰਸ਼ਾਦਾ ਛਕ ਕੇ ਮੈਨੂੰ ਕਹਿਣ ਲਗੇ, "ਨਿੱਕਿਆ! ਮੇਰੇ ਕੋਲ ਆ।"

ਮੈਂ ਗਿਆ, ਉਨ੍ਹਾਂ ਨੇ ਗੋਦੀ ਵਿਚ ਬਿਠਾ ਲਿਆ।

ਕਹਿੰਦੇ, "ਕੀ ਗੱਲ ਐਨਾ ਝੂਮਦਾ ਸੀ?"

ਮੈਂ ਕਿਹਾ, "ਮੈਂ ਵਾਜੇ ਸੁਣਦਾ ਸੀ ਅੰਦਰ।" ਨਿਆਣੇ ਨੂੰ ਕੀ ਪਤਾ ਹੁੰਦਾ ਹੈ ਕਿ ਗੱਲ ਕਹਿਣੀ ਹੈ ਜਾਂ ਨਹੀਂ ਕਹਿਣੀ, 10-11 ਸਾਲ ਦਾ ਸੀ।

ਕਹਿੰਦੇ, "ਕੋਈ ਸ਼ਬਦ ਵੀ ਸੁਣਦਾ ਸੀ?"

ਮੈਂ ਕਿਹਾ, "ਹਾਂ! ਮਨ ਬੈਰਾਗ ਭਇਆ ਦਰਸ਼ਨ ਦੇਖਣੇ ਕਾ ਚਾਓ। ਇਹ ਵੀ ਸ਼ਬਦ ਸੁਣਦਾ ਸੀ।" ਮੈਨੂੰ ਘੁੱਟ ਕੇ ਫੜ ਲਿਆ।

ਕਹਿੰਦੇ, "ਜਾਓ! ਸਾਰੇ ਸਿੰਘਾਂ ਨੂੰ ਬੁਲਾਓ।' ਸਾਰੇ ਇਕੱਠੇ ਕਰ ਲਏ ਮੁੜ ਕੇ ਫੇਰ ਮੈਨੂੰ ਪੁਛਿਆ।

ਕਹਿੰਦੇ, "ਆਹ ਜਿਹੜੀ ਚੀਜ਼ ਹੈ ਨਾਂਹ! ਇਸ ਨੂੰ ਪੁਛੋ ਕਿ ਕਿਹੜੇ ਕਿਹੜੇ ਸੀ?"

ਮੈਂ ਕਿਹਾ, "ਮੈਨੂੰ ਇਉਂ ਕੋਈ ਪਤਾ ਨਹੀਂ ਹੈ ਕਿਹੜੇ-ਕਿਹੜੇ ਸੀ ਧੁਮਕਾਰ ਪਈ ਹੋਈ ਸੀ।"

***ਪੰਚ ਸਬਦ ਧੁਨਿਕਾਰ ਧੁਨਿ***
***ਤਹ ਬਾਜੈ ਸਬਦੁ ਨੀਸਾਣੁ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥ ਅੰਗ - 1291***

ਇਹ ਵਾਸਤਵਿਕ ਬਾਤਾਂ ਨੇ ਇਹ ਕੋਈ ਖਿਆਲੀ ਨਹੀਂ ਹਨ ਐਵੇਂ ਗੱਲਾਂ ਬਾਤਾਂ ਦੀਆਂ। ਨਾਮ ਦੇ ਨਾਲ ਜਿਸ ਵਕਤ ਚਾਬੀ ਲੱਗ ਜਾਂਦੀ ਹੈ ਫੇਰ ਅਨਹਦ ਵਾਜੇ ਸੁਣਦੇ ਹਨ, ਫੇਰ ਕੀ ਹੁੰਦਾ ਹੈ -

***ਤਿਤੁ ਘਟ ਅੰਤਰਿ ਚਾਨਣਾ***
***ਕਰਿ ਭਗਤਿ ਮਿਲੀਜੈ॥ ਅੰਗ - 954***

ਪ੍ਰਕਾਸ ਹੋ ਜਾਂਦਾ ਹੈ ਜੋਤ ਜਗ ਜਾਂਦੀ ਹੈ। ਉਥੋਂ ਹੁਣ ਰੱਬ ਦੇ ਦਰ ਤੇ ਕਿਵੇਂ ਪਹੁੰਚਣਾ ਹੈ ਰੱਬ ਦਿਸ ਤਾਂ ਗਿਆ ਕਿ ਸਾਰੇ ਹੈ, ਮੇਰੇ ਅੰਦਰ ਵੀ ਹੈ ਕਹਿੰਦੇ -

ਹੁਣ divotion (ਸ਼ਰਧਾ-ਭਗਤੀ) ਦੇ ਨਾਲ ਚੱਲ ਇਥੇ, ਭਗਤੀ ਦੇ ਨਾਲ, ਪਿਆਰ ਦੇ ਨਾਲ ਚਲ, ਪਿਆਰ ਤੋਂ ਬਿਨਾਂ ਨਹੀਂ ਤੂੰ ਉਥੇ ਪਹੁੰਚ

ਸਕਦਾ। ਜਦੋਂ ਤੂੰ ਆਪਾ ਵੇਚ ਦਏਂਗਾ, ਪਿਆਰ ਦੇ ਨਾਲ –

*ਨਾਨਕ ਨਦਰੀ ਨਦਰਿ ਨਿਹਾਲ॥ ਅੰਗ – 8*

ਨਦਰ ਹੋ ਜਾਏਗੀ। ਸੋ ਇਹ ਰਸਤਾ ਹੈ, ਬੜੇ ਹੀ ਸੰਖੇਪ ਦੇ ਵਿਚ ਮੈਂ ਬੇਨਤੀ ਕਰੀ ਹੈ ਜਿਨ੍ਹਾਂ ਨੇ ਚਲਣਾ ਹੈ ਚੱਲ ਲਓ ਐਨਾ ਹੀ ਬਹੁਤ ਹੈ ਜੇ ਐਥੇ ਤੱਕ ਵੀ ਪਹੁੰਚ ਜਾਓ, ਅੱਗੇ ਦੀਆਂ ਗੱਲਾਂ ਤਾਂ ਬਹੁਤੀਆਂ ਗੂੜ੍ਹੀਆਂ ਹੁੰਦੀਆਂ ਹਨ ਕਈ ਜਨਮਾਂ ਤੋਂ ਬਾਅਦ ਮਹਾਂਪੁਰਸ਼ ਦਸਦੇ ਨੇ। ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਤੂੰ ਅੰਦਰ ਲੱਭ –

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ॥ ਅੰਗ – 1033*

ਆਹ ਜਿਹੜਾ ਸਰੀਰ ਹੈ ਨਾਹ, ਦੱਸ ਦਿੱਤਾ ਕਿ ਗਗਨੰਦਰ ਪਹੁੰਚ, ਗਗਨ ਵਿਚ। ਗਗਨ ਹੈ ਦਸਵਾਂ ਦੁਆਰ ਜਿਥੇ ਸ਼ਾਂਤ ਹੈ deep silence (ਪੂਰਨ ਸ਼ਾਤੀ) ਹੈ। ਉਥੇ ਪਹੁੰਚ ਉਥੇ ਵਾਹਿਗੁਰੂ ਤੇਰੇ ਅੰਦਰ ਬੈਠਾ ਤੇਰਾ ਇੰਤਜਾਰ ਕਰ ਰਿਹਾ ਹੈ ਕਿ ਕਦੋਂ ਆਏਗਾ, ਖਰਬਾਂ-ਖਰਬਾਂ ਸਾਲ ਤਾਂ ਹੋ ਗਏ ਤੈਨੂੰ ਵਿਛੜੇ ਨੂੰ ਦਰਵਾਜ਼ਾ ਉਸ ਨੇ ਬੰਦ ਕਰ ਦਿਤਾ, ਹਨ੍ਹੇਰਾ ਹੋ ਗਿਆ –

*ਬਿਨੁ ਸਬਦੈ ਅੰਤਰਿ ਆਨੇਰਾ॥*
*ਨ ਵਸਤੁ ਲਹੈ ਨ ਚੂਕੈ ਫੇਰਾ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੇ ਭਾਗਿ ਮਿਲਾਵਣਿਆ॥ ਅੰਗ – 124*

ਪੂਰੇ ਭਾਗ ਹੋਣ ਤਾਂ ਗੁਰੂ ਮਿਲਦਾ ਹੈ, ਉਹ ਕੁੰਜੀ ਦੇ ਦਿੰਦਾ ਹੈ। ਜਦੋਂ ਕੁੰਜੀ ਮਿਲ ਜਾਵੇ ਫੇਰ ਚੜ੍ਹਾਈ ਕਰਨੀ ਹੈ, ਇੰਜ ਥੋੜ੍ਹਾ ਹੈ ਕਿ ਕੁੰਜੀ ਲੈ ਕੇ ਰਖ ਦਿੱਤੀ। ਅਸੀਂ ਕੀ ਕਰਦੇ ਹਾਂ, ਪੰਜ ਪਿਆਰੇ ਦੱਸ ਦਿੰਦੇ ਨੇ ਕਿ ਆਹ ਭਾਈ ਵਾਹਿਗੁਰੂ ਮੰਤਰ ਹੈ, ਆਹ ਮੂਲ ਮੰਤਰ ਹੈ, ਉਹ ਲੈ ਲੈਂਦੇ ਹਾਂ, ਘਰ ਵਿਚ ਲਿਜਾ ਕੇ ਰੱਖ ਦਿੰਦੇ ਹਾਂ। ਤਰੱਕੀ ਤਾਂ ਹੋਣੀ ਨਹੀਂ ਜੇ ਵਰਤੋਂਗੇ ਨਹੀਂ। ਪੰਜ ਪਿਆਰੇ ਪੂਰੀ ਤਰ੍ਹਾਂ ਨਹੀਂ ਸਮਝਾਉਂਦੇ, ਆਹ ਗੁਰਮੰਤਰ ਹੈ ਆਹ ਮੂਲ ਮੰਤਰ ਹੈ। ਹੁਣ ਅਗੇ ਜੇ ਵਿਚਾਰਿਆਂ ਨੂੰ ਆਪ ਪਤਾ ਹੋਵੇ ਤਾਂ ਗੱਲ ਕਰਨ। ਇਸ ਕਰਕੇ ਬਹੁਤ ਕੰਮ ਖਰਾਬ ਹੋ ਰਿਹਾ ਹੈ, ਅੰਮ੍ਰਿਤ ਤਾਂ ਅਸੀਂ ਛਕਾਈ ਜਾਂਦੇ ਹਾਂ ਪਰ ਜੇ ਪੁਛੋ ਕਿ ਮੰਤਰ ਕੀ ਹੈ? ਕਹਿੰਦੇ ਜੀ ਮੈਂ ਤਾਂ ਫਲਾਣੇ ਥਾਂ ਤੋਂ ਲਿਆ ਹੈ ਜਾ ਕੇ! ਮੰਤਰ ਤਾਂ ਤੈਨੂੰ ਗੁਰੂ ਨੇ ਦੇ ਦਿੱਤਾ, ਹੋਰ ਕਿਥੋਂ ਤੈਨੂੰ

ਲੋੜ ਹੈ ਮੰਤਰ ਦੀ ਤੇ ਸਭ ਤੋਂ ਸ੍ਰੇਸ਼ਟ ਮੰਤਰ ਹੈ, ਸੁਖਾਲਾ। ਇਸ ਦੀ ਧੁਨ ਬਣਦੀ ਹੈ, ਹੋਰ ਮੰਤਰ ਦੀ ਧੁਨ ਨਹੀਂ ਬਣਦੀ 'ਅਲ੍ਹਾ ਹੂ' ਦੀ ਧੁਨ ਨਹੀਂ ਬਣਦੀ, 'ਨਾਰਾਇਣ' ਦੀ ਧੁਨ ਨਹੀਂ ਬਣਦੀ, ਰਾਮ-ਰਾਮ ਦੀ ਧੁਨ ਨਹੀਂ ਬਣਦੀ। ਇਹ 'ਵਾਹਿਗੁਰੂ' ਦੀ ਬਣਦੀ ਹੈ ਬਹੁਤ ਹੀ ਵਧੀਆ ਧੁਨ। ਉਸ ਧੁਨ ਵਿਚ ਜਦੋਂ ਧਿਆਨ ਹੈ -

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ॥ ਅੰਗ - 879***

ਸੋ ਇਸ ਤਰ੍ਹਾਂ ਦੇ ਨਾਲ ਉਸ ਮਹਾਤਮਾ ਨੇ ਕਿਹਾ ਓ ਬਾਬਾ ਫਰੀਦ! ਤੇਰਾ ਤਪ ਬਹੁਤ ਹੈ ਪਰ ਤੂੰ ਦੇਖ ਭੀਤਰ -

***ਅੰਦਰਿ ਕੋਟ ਛਜੇ ਹਟਨਾਲੇ॥***
***ਆਪੇ ਲੇਵੈ ਵਸਤੁ ਸਮਾਲੇ॥***
***ਬਜਰ ਕਪਾਟ ਜੜੇ ਜੜਿ ਜਾਣੈ***
***ਗੁਰ ਸਬਦੀ ਖੋਲਾਇਦਾ॥ ਅੰਗ - 1033***

ਜਾਹ ਮੁਰਸ਼ਦ-ਏ-ਕਾਮਲ ਤੋਂ ਸ਼ਬਦ ਲੈ। ਉਹ ਤੈਨੂੰ ਮੰਤਰ ਦੇਏਗਾ। ਉਸ ਮੰਤਰ ਦੇ ਨਾਲ ਤੇਰੇ ਬਜਰ ਕਪਾਟ ਖੁੱਲ੍ਹਣੇ ਨੇ -

***ਭੀਤਰਿ ਕੋਟ ਗੁਫਾ ਘਰ ਜਾਈ॥***
***ਨਉ ਘਰ ਥਾਪੇ ਹੁਕਮਿ ਰਜਾਈ॥ ਅੰਗ - 1033***

ਜਦੋਂ ਨੌਏਂ ਦਰਵਾਜਿਆਂ ਨੂੰ ਤੂੰ ਬੰਦ ਕਰ ਲਏਂਗਾ, ਆਪਣੀ ਮਰਜ਼ੀ ਦੇ ਮੁਤਾਬਕ ਕਰ ਲਏਗਾ, ਅੱਖਾਂ ਪਰਾਇਆ ਰੂਪ ਨਹੀਂ ਦੇਖਣਗੀਆਂ, ਜੁਬਾਨ ਝੂਠ ਨਹੀਂ ਬੋਲੇਗੀ, ਕੰਨ ਗੰਦੇ ਗੀਤ ਨਹੀਂ ਸੁਣਨਗੇ, ਤੇ ਜੀਭ ਜਿਹੜੀ ਹੈ ਉਹ ਨਾਮ ਰਸ ਤੋਂ ਬਿਨਾਂ ਹੋਰ ਰਸਾਂ ਵਿਚ ਨਹੀਂ ਪਰਚੇਗੀ, ਜਿਹੜਾ ਸਪਰਸ਼ ਹੈ ਇਸ ਨੂੰ ਲੋੜ ਨਹੀਂ ਕਿਸੇ ਦੀ, ਅੰਦਰ ਹੀ ਤੇਰੇ ਐਨਾ ਅਨੰਦ ਆ ਜਾਣਾ ਹੈ ਤੈਨੂੰ ਲੋੜ ਹੀ ਨਹੀਂ ਕਿਸੇ ਚੀਜ਼ ਦੀ ਰਹਿਣੀ। ਉਹ ਨੌਏਂ ਘਰ ਥਾਪ ਦਿੱਤੇ, ਠਾਕ ਦਿੱਤੇ ਜਿਵੇਂ ਮੰਤਰ ਪੜ੍ਹ ਕੇ ਠਾਕਦੇ ਹਾਂ, ਮੰਤਰ ਠਾਕਦਾ ਹੀ ਹੈ। ਫੇਰ ਕਹਿੰਦੇ-

***ਦਸਵੈ ਪੁਰਖੁ ਅਲੇਖੁ ਅਪਾਰੀ***
***ਆਪੇ ਅਲਖੁ ਲਖਾਇਦਾ॥ ਅੰਗ - 1033***

ਜਿਸ ਨੂੰ ਟੋਲ੍ਹਦਾ ਫਿਰਦਾ ਹੈਂ ਉਹ ਤੇਰੇ ਅੰਦਰ ਹੀ ਲੱਭ ਜਾਣਾ ਹੈ, ਜਾਹ ਮੁਰਸ਼ਦ-ਏ-ਕਾਮਲ ਕੋਲ। ਅੱਖਾਂ ਖੁੱਲ੍ਹ ਗਈਆਂ ਬਾਬੇ ਫਰੀਦ ਦੀਆਂ ਕਿ

36 ਸਾਲ ਗੁਆ ਲਏ, ਮੈਂ ਤਾਂ 12 ਸਾਲ ਦਾ ਇਕ ਤਪ, 12 ਸਾਲ ਦਾ ਇਕ, 12 ਸਾਲ ਦਾ ਇਕ ਹੋਰ। ਮੁਰਸ਼ਦ-ਏ-ਕਾਮਲ ਦੀ ਖੋਜ ਵਿਚ ਚਲਿਆ ਗਿਆ। ਕਹਿੰਦਾ, "ਮੈਨੂੰ ਦੱਸ ਤਾਂ ਦਿਓ ਕਿਰਪਾ ਕਰਕੇ।"

ਕਹਿੰਦੇ, "ਤੇਰਾ ਜਿਹੜਾ ਭੰਡਾਰਾ ਹੈ ਨਾਂਹ ਉਹ ਬਖਤਿਆਰ ਕਾਕੀ ਕੋਲ ਹੈ। ਮਅਯੂਦੀਨ ਦਾ ਜੋ ਸੇਵਕ ਹੈ ਬਖਤਿਆਰ ਕਾਕੀ ਉਸ ਦੀ ਉਮਰ ਵੱਡੀ ਹੋ ਗਈ। ਤੇਰਾ ਭੰਡਾਰਾ ਉਥੇ ਪਿਆ ਹੈ ਜਾਹ ਲੈ ਲੈ ਜਾਕੇ।"

ਅਜਮੇਰ ਸ਼ਰੀਫ ਪਹੁੰਚ ਗਿਆ। ਉਥੇ ਬਖਤਿਆਰ ਕਾਕੀ ਮੁਰਸ਼ਦ ਜੋ ਹੈ ਉਹ ਬੱਚਿਆਂ ਨਾਲ ਖੇਡ ਰਿਹਾ ਹੈ। ਕਹਿੰਦਾ ਇਹ ਬੱਚਿਆਂ ਨਾਲ ਖੇਡ ਰਿਹਾ ਹੈ। ਮੌਜ ਹੈ ਉਸਦੀ, ਪਹੁੰਚਿਆ ਹੋਇਆ ਪੁਰਸ਼ ਇਉਂ ਨਹੀਂ ਹੈ ਕਿ ਉਹ ਸਮਾਧੀਆਂ ਲਾਈ ਬੈਠਾ ਹੈ। ਉਸਨੂੰ ਹਰ ਥਾਂ ਤੇ ਵਾਹਿਗੁਰੂ ਨਜ਼ਰ ਆਉਂਦਾ ਹੈ, ਉਹ ਤਾਂ ਰਹਿੰਦਾ ਹੀ ਪ੍ਰਮੇਸ਼ਰ ਵਿਚ ਹੈ। ਸ਼ਬਦ ਉਥੇ ਆਪੇ ਹੀ ਚਲਦਾ ਹੈ, ਚਲਾਉਣ ਦੀ ਲੋੜ ਨਹੀਂ ਹੈ। ਆਪਣੇ ਆਪ ਹੀ ਚਲਦਾ ਹੈ। ਉਥੇ ਗਿਆ ਤਾਂ ਉਹ ਗੇਂਦ ਮਾਰਦਾ ਹੈ ਬੱਚੇ ਨੱਠ ਕੇ ਚੁਕ ਲਿਆਉਂਦੇ ਨੇ। ਜਦੋਂ ਇਸ ਦੇ ਗਏ ਤੋਂ ਗੇਂਦ ਉਪਰ ਮਾਰੀ ਤਾਂ ਬਾਬੇ ਫਰੀਦ ਨੇ ਗੇਂਦ ਉਤੇ ਹੀ ਰੋਕ ਦਿੱਤੀ। ਉਸਨੇ ਦੇਖਿਆ ਕਿ ਗੇਂਦ ਥੱਲੇ ਨਹੀ ਆਈ, ਆਲਾ ਦੁਆਲਾ ਦੇਖਿਆ, ਕਹਿੰਦੇ ਆਹ ਨਵਾਂ ਆਇਆ ਹੈ, ਇਸ ਨੇ ਰੋਕੀ ਹੈ। ਖੇਲ੍ਹ ਸਮਾਪਤ ਕਰ ਦਿੱਤੀ, ਗੇਂਦ ਥੱਲੇ ਲਾਹ ਲਈ।

ਕਹਿਣ ਲੱਗੇ, "ਕਿਵੇਂ ਆਇਆ ਹੈ? ਕੌਣ ਹੈ ਤੂੰ?"

ਕਹਿਣ ਲੱਗਿਆ, "ਮੈਂ ਤੁਹਾਨੂੰ ਮੁਰਸ਼ਦ ਬਣਾਉਣ ਆਇਆ ਹਾਂ।"

ਕਹਿੰਦੇ, "ਮੇਰਾ ਮੁਰਸ਼ਦ ਬਣਨ ਆਇਆ ਹੈ ਜਾਂ ਮੁਰਸ਼ਦ ਬਣਾਉਣ ਆਇਆ ਹੈਂ? ਜਾਹ ਫੇਰ ਆਈਂ।"

ਵਿਚਾਰਾ ਬੜਾ ਪਛਤਾਇਆ, ਫੇਰ ਆ ਗਿਆ। ਉਸ ਦਿਨ ਇਸਦਾ ਮੁਰਸ਼ਦ ਬਖਤਿਆਰ ਕਾਕੀ ਇਕ ਦਰਖਤ ਦੇ ਥੱਲ੍ਹੇ ਬੈਠਾ ਸੀ। ਜਿਸ ਤੇ ਪੱਤਾ ਨਹੀਂ ਸੀ ਕੋਈ, ਉਹ ਡੁੰਡ ਬਣਿਆ ਹੋਇਆ ਸੀ। ਜੇਠ ਦਾ ਮਹੀਨਾ ਸੀ। ਇਸ ਨੇ ਕਿਹਾ ਕਿ ਸਵੇਰੇ ਬੈਠਾ ਹੋਏਗਾ ਆ ਕੇ ਤੇ ਹੁਣ ਧੁੱਪ ਦੇਖੋ ਕਿੰਨੀ ਲੱਗ ਰਹੀ ਹੈ, ਮੈਂ ਸੇਵਾ ਕਰਾਂ। ਇਕ ਨਿਗ੍ਹਾ ਕਰੀ, ਦਰਖਤ ਹਰਾ-ਭਰਾ ਕਰ ਦਿੱਤਾ। ਜਦੋਂ ਉਸਨੇ ਦੇਖਿਆ ਕਿ ਇਹ ਦਰਖਤ ਕਿਉਂ ਹਰਾ ਹੋ ਗਿਆ। ਉਤੇ ਨੂੰ ਦੇਖਿਆ ਸਭ ਪੱਤੇ ਹੀ ਪੱਤੇ ਆ ਗਏ, ਨਾਲ ਦੇਖਿਆ ਕਿ ਉਸ ਦਿਨ ਵਾਲਾ ਹੀ ਫੇਰ ਗਿਆ। ਇਕ ਨਿਗ੍ਹਾ ਕਰੀ ਦਰਖਤ ਮੁੜ ਕੇ ਡੁੰਡ ਫੇਰ ਬਣਾ

ਦਿੱਤਾ। ਬੁਲਾਇਆ ਕੋਲ।

ਕਹਿੰਦੇ, "ਕਿਵੇਂ ਆਇਆ ਹੈਂ?"

ਕਹਿੰਦਾ, "ਮੈਂ ਤਾਂ ਮਹਾਰਾਜ! ਤੁਹਾਨੂੰ ਮੁਰਸ਼ਦ ਧਾਰਨਾ ਹੀ ਧਾਰਨਾ ਹੈ, ਮੈਨੂੰ ਕੋਈ ਲੱਭਿਆ ਨਹੀਂ ਤੁਹਾਡੇ ਵਰਗਾ।"

ਕਹਿੰਦੇ, "ਫੇਰ! ਨਾਉਂ ਕੀ ਹੈ?"

ਕਹਿੰਦਾ, "ਫਰੀਦ।"

ਕਹਿੰਦੇ, "ਤੇਰੇ ਬਾਰੇ ਸੁਣਿਆ ਸੀ, ਤੇਰੇ ਯਾਦ ਹੋਏਗਾ ਮੈਂ ਤੈਨੂੰ ਮਿਲਿਆ ਵੀ ਸੀ, ਉਸ ਵੇਲੇ ਤੂੰ ਤਪ ਕਰ ਰਿਹਾ ਸੀ।" ਕਹਿਣ ਲੱਗੇ, "ਫਰੀਦਾ! ਜੇ ਮੁਰੀਦ ਬਣਨਾ ਹੈ ਤਾਂ ਉਸ ਦੀ ਰਹਿਤ ਸਿੱਖ।"

ਕਹਿਣ ਲੱਗਿਆ, "ਮਹਾਰਾਜ! ਮੈਂ ਅਣਜਾਣ ਹਾਂ, ਜੰਗਲਾਂ ਵਿਚ ਤਪ ਕਰਿਆ ਹੈ। ਮੈਨੂੰ ਨਹੀਂ ਪਤਾ ਕਿ ਮੁਰਸ਼ਦ ਤੇ ਮੁਰੀਦ ਦਾ ਕੀ ਰਿਸ਼ਤਾ ਹੁੰਦਾ ਹੈ।"

ਕਹਿੰਦੇ, "ਜੇ ਫੇਰ ਤੂੰ ਮੁਰੀਦ ਬਣਨਾ ਹੈ ਸਚਮੁਚ, ਤਾਂ ਸੁਣ ਧਿਆਨ ਦੇ ਨਾਲ"

ਪੜ੍ਹੋ ਪਿਆਰ ਨਾਲ –

***ਧਾਰਨਾ – ਮੁਰਦਾ ਹੋਇ ਕੈ ਮੁਰੀਦ ਬਣ ਜਾਵਣਾ***

ਕਹਿਣ ਲੱਗੇ, "ਫਰੀਦਾ! ਮੁਰਸ਼ਦ ਦਾ ਜਿਹੜਾ ਰਿਸ਼ਤਾ ਹੈ ਨਾਹ। ਇਸ ਦੇ ਵਿਚ ਦੋ ਦਾ ਥਾਂ ਨਹੀਂ ਹੁੰਦਾ, ਇਹ ਤਾਂ ਉਸ ਦੀ ਗੋਰ ਵਿਚ ਸਮਾਉਣਾ ਪੈਂਦਾ ਹੈ।"

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰ ਸਿਦਕਿ ਸਹੀਦੁ ਭਰਮ ਭਉ ਖੋਵਣਾ॥***

***ਭਾਈ ਗੁਰਦਾਸ ਜੀ ਦੀ ਵਾਰ 3/18***

ਸ਼ਕਤੀਆਂ ਆਉਣੀਆਂ ਨੇ ਸਬਰ ਕਰਨਾ ਹੈ, ਲੋਕਾਂ ਨੇ ਇੱਟਾ ਵੱਟੇ ਮਾਰਨੇ ਨੇ, ਪਰ ਸਰਾਪ ਨਹੀਂ ਦੇਣੇ। ਸੇਵਾ ਕਰਨ ਵਾਲੇ ਨੂੰ ਆਪੇ ਉਸਦੀ ਭਾਵਨਾ ਵਰ ਲਏਗੀ, ਉਸ ਦੀ ਦੁਸ਼ਟਤਾਈ ਆਪਣੇ ਆਪ ਸ਼ਰਾਪ ਲਏਗੀ। ਦਰਵੇਸ਼ ਨੇ ਨਹੀਂ ਕਿਸੇ ਨੂੰ ਵੀ ਬੁਰਾ ਕਹਿਣਾ। ਤਾਂ ਹੀ ਬਾਬੇ ਫਰੀਦ ਨੇ ਕਿਹਾ ਹੈ –

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥*
*ਅੰਗ - 1383*

ਕਹਿੰਦੇ, "ਇਸ ਤਰ੍ਹਾਂ ਨਹੀਂ ਬਣੀਦਾ ਹੁੰਦਾ, ਮੁਰਦਾ ਹੋ ਕੇ ਆਉਣਾ ਪੈਂਦਾ ਹੈ, ਆਪਣਾ ਆਪ ਗੁਆ ਕੇ ਆਉਣਾ ਪੈਂਦਾ ਹੈ।"

ਬੜੀਆਂ ਮਿਸਾਲਾਂ ਨੇ। ਸੋ ਹੁਣ ਸਮਾਂ ਨਹੀਂ ਹੈ ਮੈਂ ਜਿਆਦਾ ਮਿਸਾਲਾਂ ਵਿਚ ਨਹੀਂ ਜਾਂਦਾ। ਸੋ ਤੱਤ ਦੀ ਬਾਤ ਇਹ ਹੈ ਕਿ -

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥*
*ਗੁਰ ਕੀ ਆਗਿਆ ਮਨ ਮਹਿ ਸਹੈ॥*
*ਆਪਸ ਕਉ ਕਰਿ ਕਛੁ ਨ ਜਨਾਵੈ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥*
*ਮਨੁ ਬੇਚੈ ਸਤਿਗੁਰ ਕੈ ਪਾਸਿ॥*
*ਤਿਸੁ ਸੇਵਕ ਕੇ ਕਾਰਜ ਰਾਸਿ॥ ਅੰਗ - 286*

ਮਨ ਨਹੀਂ ਜਿਸ ਨੇ ਵੇਚਿਆ, ਮਨ ਤਾਂ ਆਪਣੇ ਕੋਲ ਰੱਖਿਆ ਹੋਇਆ ਹੈ। ਜਿਵੇਂ ਇਸਤੇ ਸਾਡਾ ਰਾਖਵਾਂ ਹੱਕ ਹੈ। ਜਿਹੜੀ ਗੱਲ ਚੰਗੀ ਲਗਦੀ ਹੈ ਠੀਕ ਹੈ, ਦੂਜੀ ਵਿਚ ਰੋਣ ਲੱਗ ਜਾਂਦਾ ਹੈ। ਮਨ ਤਾਂ ਵੇਚਿਆ ਨਹੀਂ। ਅਜੇ ਤਾਂ ਪਹਿਲੀ ਦੂਜੀ ਦਾ ਵਿਦਿਆਰਥੀ ਹੈ, ਮੰਗੀ ਜਾਂਦਾ ਹੈ, ਮੰਗੀ ਜਾਂਦਾ ਹੈ। ਜਦੋਂ ਤੱਕ ਮੰਗਾਂ ਕਾਇਮ ਨੇ ਮੁਰਸ਼ਦ ਨਾਲ ਨਹੀਂ ਬਨਿਆ ਕਰਦੀ, ਮੁਰਸ਼ਦ ਦੇ ਤਾਂ ਹੁਕਮ ਵਿਚ ਚਲਣਾ ਪੈਂਦਾ ਹੈ, ਰਜ਼ਾ ਵਿਚ -

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ॥*
*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ*
*ਵਿਚਿ ਅਗਨੀ ਆਪੁ ਜਲਾਈ॥ ਅੰਗ - 756*

ਆਪਣਾ ਆਪਾ ਜੋ ਹੈ ਇਸ ਨੂੰ ਅੱਗ ਵਿਚ ਜਾਲ ਦੇਵੋ, ਮੈਂ ਨਹੀਂ ਉਥੇ ਰਹਿੰਦੀ, ਮਿਟ ਜਾਂਦਾ ਹੈ ਬੰਦਾ। ਕਹਿੰਦੇ, "ਫਰੀਦਾ! ਜੇ ਮੁਰੀਦ ਬਣਨਾ ਹੈ ਤਾਂ ਇਹ ਰਹਿਤ ਧਾਰਨ ਕਰ।"

ਹੋਰ ਜਿਹੜੀਆਂ ਰਹਿਤਾਂ ਨੇ ਉਹ ਬਹੁਤ ਨੇ ਇਕ ਤਾਂ ਨਹੀਂ ਹੈ। ਆਹ

ਜਿਹੜੀਆਂ ਬੀਬੀਆਂ ਦੇ ਕੋਲ ਪੁਸਤਕਾਂ ਨੇ ਨਾਹ ਜਿਹੜੀਆਂ 'ਬਾਤ ਅਗੰਮ ਕੀ' ਉਹ ਲੈ ਕੇ ਪੜ੍ਹ ਲਿਓ, ਉਸ ਦੇ ਵਿਚ ਰਹਿਤਾਂ ਸਾਰੀਆਂ ਲਿਖੀਆਂ ਹੋਈਆਂ ਨੇ, ਕਿ ਆਹ ਰਹਿਤਾਂ ਹੋਣ ਤਾਂ ਅੱਗੇ ਤਰੱਕੀ ਹੋਏਗੀ, ਨਹੀਂ ਹੋਇਆ ਨਹੀਂ ਕਰਦੀ। ਵਿਚੇ ਰਹਿ ਜਾਂਦੇ ਨੇ ਆ ਕੇ, ਭਜਨ ਕਰਦੇ ਨੇ ਨਾਮ ਲੈ ਲਿਆ, ਅੱਗੇ ਕਿਸੇ ਕਿਨਾਰੇ ਹੀ ਨਹੀਂ ਪਹੁੰਚਦੇ ਕਿਉਂਕਿ ਪੂਰੀ ਤਰ੍ਹਾਂ ਸਤਰਕ ਨਹੀਂ ਹਨ, ਚੇਤਨ ਨਹੀਂ ਹਨ।

ਸੋ ਉਸ ਵੇਲੇ ਬਾਬਾ ਫਰੀਦ ਚਰਨਾਂ ਤੇ ਢਹਿ ਪਿਆ, "ਮੁਰਸ਼ਦ! ਮੇਰੀਆਂ ਗਲਤੀਆਂ ਮਾਫ ਕਰ।"

ਕਹਿੰਦੇ, "ਚੰਗਾ ਜਾਹ!" ਮੰਤਰ ਦੇ ਦਿੱਤਾ। ਜਾਪ ਕਰੀ ਜਾਇਆ ਕਰ ਅੱਲ੍ਹਾ ਹੂ ਦਾ। ਸੇਵਾ ਕਰੀ ਜਾਹ। ਹੁਣ ਸੇਵਾ ਤੇ ਸਿਮਰਨ ਦੋ ਹਲਟ ਚਲਾ ਦਿੱਤਾ ਜ਼ਮੀਨ ਦੇ ਵਿਚ। ਧਾਨ ਆਪਣੇ ਬੀਜੇ ਹੋਏ ਨੇ, ਨਹਿਰ ਦਾ ਪਾਣੀ ਵੀ ਹੈ ਟਿਊਬਵੈਲ ਦਾ ਜਾਂ ਦੋ ਟਿਊਬਵੈਲ ਨੇ। ਜ਼ਮੀਨ ਵਿਚ ਤੇੜਾਂ ਪੈ ਗਈਆਂ, ਇਕ ਟਿਊਬਵੈਲ ਤਾਂ ਭਰਦਾ ਹੀ ਨਹੀਂ ਹੈ। ਸਾਡੇ ਖੇਤ ਹੁੰਦੇ ਸੀ ਸਖਤ, ਮੈਂ ਟਿਊਬਵੈਲ ਚਲਾ ਦਿੱਤਾ ਉਹ ਇਕੋ ਹੀ ਕਿਆਰਾ ਨਾ ਭਰੇ, ਤੇੜਾਂ ਹੀ ਵਿਚੇ ਖਾਈ ਜਾਣ। ਨਾਲ ਦੀ ਨਾਲ ਦੂਜਾ ਚਲਾਇਆ ਤਾਂ ਜ਼ੋਰ ਨਾਲ ਇਕ ਦਮ ਕਿਆਰੇ ਭਰਨੇ ਸ਼ੁਰੂ ਹੋ ਗਏ। ਇਹ ਵੀ ਜਿਹੜਾ ਸਾਡੇ ਕੋਲ ਸਮਾਂ ਹੈ ਉਹ ਬਹੁਤ ਥੋੜ੍ਹਾ ਹੈ। ਸੇਵਾ ਤੇ ਸਿਮਰਨ ਦੋ ਅੰਗ ਜਦੋਂ ਅਸੀਂ ਅਪਣਾਉਂਦੇ ਹਾਂ ਕਿਉਂਕਿ ਜਿਹੜੀ ਸੇਵਾ ਹੈ ਇਹ ਵੀ ਆਦਮੀ ਮੁਰਦਾ ਹੋ ਕੇ ਹੀ ਕਰਦਾ ਹੈ–

***ਸੇਵਾ ਕਰਤ ਹੋਇ ਨਿਹਕਾਮੀ॥*** ***ਅੰਗ - 286***

ਫੇਰ ਮਿਲਦਾ ਕੀ ਹੈ?

***ਤਿਸ ਕਉ ਹੋਤ ਪਰਾਪਤਿ ਸੁਆਮੀ॥***

***ਅੰਗ - 286***

ਵਾਹਿਗੁਰੂ ਮਿਲਦਾ ਹੈ ਸੇਵਾ ਕਰਨ ਵਾਲੇ ਨੂੰ –

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਆ॥***
***ਕਹੁ ਨਾਨਕ ਬਾਹ ਲੁਡਾਈਐ॥*** ***ਅੰਗ - 26***

***ਸਾ ਸੇਵਾ ਕੀਤੀ ਸਫਲ ਹੈ***
***ਜਿਤੁ ਸਤਿਗੁਰ ਕਾ ਮਨੁ ਮੰਨੇ॥***

*ਜਾ ਸਤਿਗੁਰ ਕਾ ਮਨੁ ਮੰਨਿਆ*
*ਤਾ ਪਾਪ ਕਸੰਮਲ ਭੰਨੇ॥* *ਅੰਗ - 314*

ਗੁਰੂ ਨੂੰ ਮਨਾਉਣਾ ਪੈਂਦਾ ਹੈ, ਆਏ ਪੜ੍ਹ ਲਓ -

*ਧਾਰਨਾ - ਗੁਰਾਂ ਨੂੰ ਮਨਾ ਲਈਏ*
*ਤਨ ਮਨ ਧਨ ਦੇ ਕੇ-2, 2.*

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ॥* *ਅੰਗ - 918*

ਵਾਹਿਗੁਰੂ ਮਿਲ ਜਾਏਗਾ। ਸੋ ਇਸ ਤਰ੍ਹਾਂ ਮੁਰਸ਼ਦ ਨੇ ਸਿਖਿਆ ਦਿੱਤੀ ਕਹਿੰਦੇ ਅੱਛਾ! ਸੇਵਾ ਕਰੀਂ, ਸਿਮਰਨ ਕਰੀ ਛੇਤੀ ਤੇਰਾ ਕੰਮ ਰਾਸ ਆ ਜਾਏਗਾ। ਉਸ ਵੇਲੇ ਬਾਬਾ ਫਰੀਦ ਦਿਨ ਭਰ ਸੇਵਾ ਕਰਦਾ ਹੈ, ਬਰਤਨ ਮਾਂਜਦਾ ਹੈ, ਬਾਲਣ ਲੈ ਕੇ ਆਉਂਦਾ ਹੈ ਪ੍ਰਸ਼ਾਦਿਆਂ ਵਾਸਤੇ, ਝਾੜੂ ਦਿੰਦਾ ਹੈ। ਇਕ ਸੇਵਾ ਉਸਨੇ ਹੋਰ ਲੈ ਲਈ ਕਿ ਮੁਰਸ਼ਦ ਦੀ ਉਮਰ ਵੱਡੀ ਸੀ ਉਨ੍ਹਾਂ ਨੂੰ ਗਰਮ ਪਾਣੀ ਕਰਕੇ ਇਸ਼ਨਾਨ ਕਰਾਉਂਦਾ ਹੈ। ਸੋ ਇਸ ਤਰ੍ਹਾਂ ਸੇਵਾ ਨਿਭਦੀ ਜਾਂਦੀ ਹੈ, 12 ਸਾਲ ਲੰਘ ਗਏ। ਮੁਰਸ਼ਦ ਨੇ ਨਹੀਂ ਮੁੜ ਕੇ ਬਲਾਇਆ। ਗੁਰੂ ਅਮਰਦਾਸ ਮਹਾਰਾਜ ਜੀ ਨੂੰ ਉਸ ਦਿਨ ਹੀ ਗੁਰੂ ਅੰਗਦ ਸਾਹਿਬ ਮਹਾਰਾਜ ਨੇ ਬਲਾਇਆ ਸੀ ਜਿਸ ਦਿਨ ਸਭ ਕੁਝ ਦੇਣਾ ਸੀ। ਗੁਰੂ ਨਿਗਰਾਨੀ ਕਰਦਾ ਹੈ, ਬੁਲਾਇਆ ਨਹੀਂ ਕਰਦਾ ਬਹੁਤਾ। ਜਿਸ ਦਾ ਭਲਾ ਕਰਨਾ ਹੈ ਉਸ ਨੂੰ ਦੂਰ ਰਖਦਾ ਹੈ, ਥੋੜ੍ਹਾ ਜਿਹਾ ਭੇਤ ਨਹੀਂ ਦਿੰਦਾ, ਉਸ ਦੇ ਨਾਲ ਖੁਲ੍ਹਦਾ ਨਹੀਂ ਹੁੰਦਾ ਗੁਰੂ ਕਦੇ ਕਿਉਂਕਿ ਫੇਰ ਸ਼ਰਧਾ ਘਟ ਜਾਂਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ 12 ਸਾਲ ਲੰਘ ਗਏ। ਗੁਰੂ ਦੇ ਮਨ ਵਿਚ ਆਇਆ ਕਿ ਹੁਣ ਕਸਵੱਟੀ ਲਾ ਕੇ ਦੇਖੀਏ ਖਰਾ ਹੈ ਜਾਂ ਖੋਟਾ ਹੈ। ਭਾਈ ਮੰਝ ਤੇ ਕਸਵੱਟੀ ਲਾ ਕੇ ਦੇਖੀ ਸੀ ਮਹਾਰਾਜ ਨੇ।

ਭਾਈ ਮੰਝ ਨੇ ਕਿਹਾ, "ਸੱਚੇ ਪਾਤਸ਼ਾਹ! ਜੇ ਮੈਨੂੰ ਦੇਣਾ ਹੈ ਤਾਂ ਇਹ ਦਿਓ ਕਿ ਕਲਜੁਗ ਦਾ ਸਮਾਂ ਹੈ ਕਸਵੱਟੀ ਨਾ ਲਾਇਓ ਸਿੱਖਾਂ ਤੇ, ਲੰਘ ਨਹੀਂ ਹੋਣਾ ਕਿਸੇ ਤੋਂ।"

ਮਹਾਰਾਜ ਕਹਿੰਦੇ, "ਭਾਈ ਮੰਝ! ਖਰਾ ਸੋਨਾ ਤਾਂ ਬਣਦਾ ਹੈ ਜੇ ਬਾਰ-ਬਾਰ ਤਓ ਦਿਓ ਉਸ ਨੂੰ। ਉਸ ਦੀ ਮੈਲ ਲਾਹੋ ਤਾਂ ਖਰਾ ਸੋਨਾ ਹੁੰਦਾ ਹੈ। ਫੇਰ ਪਹੁੰਚਦਾ ਕਿਥੇ ਹੈ ਸਿੱਖ? ਰੱਬ ਦਾ ਰੂਪ ਬਣਾ ਦਿੰਦਾ ਹੈ ਗੁਰੂ।"

ਸੋ ਇਸ ਤਰ੍ਹਾਂ ਦੇ ਨਾਲ ਬੁਲਾਇਆ ਨਹੀਂ 12 ਸਾਲ ਲੰਘ ਗਏ, ਖਾਮੋਸ਼ੀ

ਵਿਚ ਰਹਿੰਦਾ ਹੈ ਬੋਲਦਾ ਨਹੀਂ ਹੈ ਕਿਉਂਕਿ ਪਹਿਲਾਂ ਸਮਾਂ ਬਹੁਤ ਬਰਬਾਦ ਕਰ ਲਿਆ। ਐਸੀ ਗੱਲ ਨਹੀਂ ਕਰਦਾ ਗੁਰੂ ਨਾਲ ਕਿ ਕਿਤੇ ਮੈਥੋਂ ਇਹੋ ਜਿਹੀ ਗਲਤੀ ਹੋ ਜਾਵੇ ਕਿ ਗੁਰੂ ਨਰਾਜ਼ ਹੋ ਜਾਵੇ। ਅੱਜ ਕਸਵੱਟੀ ਲਾ ਦਿੱਤੀ। ਸਮਰੱਥ ਗੁਰੂ ਸੀ, ਕਸਵੱਟੀ ਲਾਈ ਐਨੇ ਜ਼ੋਰ ਦੀ ਬਾਰਸ਼ ਕਰਾਈ। ਸਰਦੀ ਦਾ ਮਹੀਨਾ ਹੈ ਪੋਹ ਦਾ ਤੇ ਜਿਥੋਂ ਲਕੜੀਆਂ ਲਿਆਉਂਦਾ ਸੀ, ਰੱਖਦਾ ਸੀ ਉਹ ਵੀ ਭਿੱਜ ਗਈਆਂ, ਜਿਥੇ ਅੱਗ ਦੱਬੀ ਹੋਈ ਸੀ ਉਹ ਵੀ ਟੋਆ ਭਰ ਗਿਆ ਪਾਣੀ ਨਾਲ ਤੇ ਜਦੋਂ ਆਪ ਉਠਿਆ ਹੈਰਾਨ ਹੋ ਗਿਆ ਕਿ ਅੱਜ ਕੀ ਬਣੇਗਾ? ਮੁਰਸ਼ਦ ਦੇ ਇਸ਼ਨਾਨ ਦਾ ਤਾਂ ਵੇਲਾ ਹੋਣ ਵਾਲਾ ਹੈ। ਲਕੜਾਂ ਵੀ ਭਿੱਜੀਆਂ ਪਈਆਂ ਨੇ, ਅੱਗ ਹੈ ਹੀ ਨਹੀਂ। ਹੁਣ ਅੱਗ ਲਿਆਵਾਂ ਕਿਥੋਂ? ਜੇ ਮੇਰਾ ਨੇਮ ਟੁਟਦਾ ਹੈ ਤਾਂ ਫੇਰ ਬੜੀ ਬੁਰੀ, ਬਾਤ ਹੁੰਦੀ ਹੈ ਕਿਉਂਕਿ ਨੇਮ ਤੋੜਨਾ ਸਭ ਤੋਂ ਵੱਡੀ ਬਾਤ ਹੋਇਆ ਕਰਦੀ ਹੈ। ਇਕ ਮਹਾਤਮਾ ਸੀ, ਇਕ ਰਜਾਈ ਲਿਆ ਦਿੱਤੀ ਉਨ੍ਹਾਂ ਨੂੰ ਕਿਸੇ ਨੇ। ਰਜਾਈ ਦਾ ਨਿੱਘ ਆ ਗਿਆ, ਸਵੇਰੇ ਉਠਣ ਨੂੰ ਜੀਅ ਨਾ ਕਰਿਆ, ਦਿਨ ਚੜ੍ਹ ਗਿਆ। ਉਹ ਕਹਿੰਦੇ, "ਮੈਨੂੰ ਦੱਸ ਭਾਈ, ਇਸ਼ਨਾਨ ਕਿਥੇ ਕਰਾਂ?"

ਕਹਿੰਦੇ, "ਜੀ ਆਹ ਅੰਦਰ ਟੂਟੀਆਂ ਲੱਗੀਆਂ ਹੋਈਆਂ ਹਨ ਇਸ਼ਨਾਨ ਘਰ ਹੈ ਇਥੇ ਕਰ ਲਓ।" ਰਜਾਈ ਸਣੇ ਅੰਦਰ ਨੂੰ ਜਾਵੇ।

ਕਹਿੰਦੇ, "ਬਾਬਾ ਜੀ! ਰਜਾਈ ਤਾਂ ਬਾਹਰ ਰੱਖ ਦਿਓ।"

ਕਹਿੰਦੇ, "ਨਹੀਂ ਕੋਈ ਗੱਲ ਨਹੀਂ, ਤੁਸੀਂ ਫਿਕਰ ਨਾ ਕਰੋ।" ਜਿਉ ਟੂਟੀ ਖੋਲ੍ਹੀ, ਰਜਾਈ ਸਣੇ ਥੱਲੇ ਬੈਠੇ ਰਹੇ। ਉਹ ਉਠੇ ਤਾਂ ਰਜਾਈ ਚੋਂਦੀ ਹੈ। ਸੇਵਾਦਾਰ ਨੇ ਉਸ ਦੇ ਵਿਚੋਂ ਪਾਣੀ ਵਗੈਰਾ ਕੱਢਿਆ।

ਕਹਿੰਦੇ, "ਪਾਣੀ ਕਢਦਾ ਹੈ, ਸਾਡੇ ਉਤੇ ਹੀ ਦੇ ਦੇ।" ਪੋਹ ਦਾ ਮਹੀਨਾ ਹੈ।

ਕਹਿੰਦਾ, "ਮਹਾਰਾਜ! ਠੰਢ ਬਹੁਤ ਹੈ।"

ਕਹਿੰਦੇ, "ਅੱਜ ਮੈਂ ਸੁਆਦ ਦਿਖਾਉਣਾ ਹੈ ਇਸ ਰਜਾਈ ਨੂੰ। ਇਹ ਨੇਮ ਕਿਉਂ ਤੋੜਿਆ ਹੈ ਇਸਨੇ, ਰਜਾਈ ਦੇ ਨਿੱਘ ਵਿਚ ਆ ਕੇ।"

ਸਾਰਾ ਮਹੀਨਾ ਪੋਹ ਦਾ ਗਿਲੀ ਰਜਾਈ ਨਾਲੇ ਲੈਣ ਨਾਲੇ ਦੰਦ ਵਜਿਆ ਕਰਨ। ਕਹਿੰਦੇ ਤੈਨੂੰ ਸੁਆਦ ਦਿਖਾਉਂ ਤੂੰ ਨੇਮ ਤੋੜਿਆ ਸੀ, ਨੇਮ ਕਿਉਂ ਤੋੜਿਆ? ਮਹਾਂਪੁਰਸ਼ ਨੇਮ ਨਹੀਂ ਤੋੜਦੇ। ਇਉਂ ਪੜ੍ਹ ਲਓ –

***ਧਾਰਨਾ - ਮੇਰੀ ਟੁੱਟੇ ਨਾ ਪ੍ਰੇਮ ਵਾਲੀ ਡੋਰੀ,***
***ਭਿੱਜ ਭਾਵੇਂ ਜਾਵੇ ਕੰਬਲੀ -2, 2.***

***ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥***
***ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥***

***ਅੰਗ - 1380***

ਨੇਮ ਨਾ ਟੁੱਟ ਜਾਵੇ ਜੇ ਅੱਜ ਟੁੱਟ ਗਿਆ, ਮੁਰਸ਼ਦ ਨਰਾਜ਼ ਹੋ ਗਿਆ। 12 ਸਾਲ ਦੀ ਕੀਤੀ ਹੋਈ ਸੇਵਾ ਕਿਸੇ ਲੇਖੇ ਵਿਚ ਨਹੀਂ ਪੈਣੀ। ਉਸ ਵੇਲੇ ਕਸਵੱਟੀ ਲੱਗੀ ਹੋਈ ਹੈ, ਛਾਛੜੇ ਦਾ ਮੀਂਹ ਪੈ ਰਿਹਾ ਹੈ, ਠੰਡ ਬੇਅੰਤ ਹੈ, ਪੋਹ ਦਾ ਮਹੀਨਾ ਹੈ, ਚਿੱਕੜ ਵੀ ਬਹੁਤ ਹੈ-

***ਫਰੀਦਾ ਗਲੀਏ ਚਿਕੜੁ ਦੂਰਿ ਘਰੁ***
***ਨਾਲਿ ਪਿਆਰੇ ਨੇਹੁ॥***
***ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥***

***ਅੰਗ - 1380***

ਤਕੜਾ ਹੋਇਆ ਕਿ ਮੈਂ ਸ਼ਹਿਰ ਦੇ ਵਿਚੋਂ ਕੋਸ਼ਿਸ਼ ਕਰਦਾ ਹਾਂ, ਦੇਖਾਂ ਜੇ ਕਿਤੋਂ ਅੱਗ ਲੱਭ ਜਾਂਦੀ ਹੈ। ਸ਼ਹਿਰ ਦੇ ਵਿਚ ਗਿਆ ਤਾਂ ਹਨ੍ਹੇਰ-ਗੁਬਾਰ ਪਿਆ ਹੋਇਆ ਸੀ। ਉਦੋਂ ਕਿਹੜਾ ਬੱਤੀਆਂ ਜਗਦੀਆਂ ਹੁੰਦੀਆਂ ਬਾਹਰ ਬਿਜਲੀ ਦੀਆਂ, ਸੁੰਨ ਸਾਨ ਪਈ ਹੈ, ਕੁੱਤੇ ਭੌਂਕ ਰਹੇ ਨੇ। ਬਾਬਾ ਫਰੀਦ ਇਕ ਥਾਂ ਗਿਆ, ਦੇਖਿਆ ਰੋਸ਼ਨੀ ਆਉਂਦੀ ਹੈ ਝੀਥਾਂ ਥਾਈਂ, ਜਾਨ ਪੈ ਗਈ ਕਿ ਇਥੇ ਮੈਂ ਆਵਾਜ਼ ਦੇਵਾਂ। ਉਥੇ ਚੌਂਤਰੇ ਤੇ ਚੜ੍ਹਿਆ, ਦਰਵਾਜਾ ਖੜਕਾਇਆ। ਅੰਦਰੋਂ ਆਵਾਜ਼ ਆਈ, "ਤੂੰ ਕੌਣ ਹੈਂ ਇਸ ਵੇਲੇ ਇਥੇ?" ਆਵਾਜ਼ ਸਮਝ ਲਈ ਕਿ ਕਿਸੇ ਨੌਜਵਾਨ ਬੀਬੀ ਦੀ ਹੈ। ਕਹਿਣ ਲੱਗੇ, "ਬੀਬਾ! ਬੇਟਾ!! ਮੈਨੂੰ ਕੰਮ ਹੈ ਤੇਰੇ ਤਾਈਂ।"

"ਕੌਣ ਹੈ ਤੂੰ?"

ਕਹਿੰਦੇ, "ਮੈਂ ਫਰੀਦ ਹਾਂ, ਮੁਰਸ਼ਦ ਦਾ ਮੁਰੀਦ।"

ਸਮਝ ਗਈ ਕਿ ਅਜਮੇਰ ਸ਼ਰੀਫ ਵਾਲੇ ਜਿਹੜੇ ਪੀਰ ਹਨ ਉਨ੍ਹਾਂ ਦਾ ਕੋਈ ਚੇਲਾ ਹੈ। ਇਸ ਵੇਲੇ ਇਸ ਦਾ ਕੰਮ ਕੀ?

ਕਹਿੰਦੀ, "ਫਰੀਦਾ! ਤੂੰ ਜਿਸ ਦਰਵਾਜੇ ਤੇ ਆ ਕੇ ਖੜ੍ਹਾ ਹੋਇਆਂ ਹੈ ਇਥੋਂ ਤਾਂ ਨਰਕਾਂ ਦਾ ਟਿਕਟ ਮਿਲਦਾ ਹੈ, ਪੀਰਾਂ ਫਕੀਰਾਂ ਦਾ ਕੰਮ ਨਹੀਂ, ਇਥੇ ਮੇਰੇ ਕੋਲ ਤਾਂ ਬਦਮਾਸ਼ ਬੰਦੇ ਆਉਂਦੇ ਨੇ ਤੇ ਤੂੰ ਕਿਥੇ ਆ ਗਿਆ ਇਸ

ਵੇਲੇ ?"

ਕਹਿਣ ਲੱਗਿਆ, "ਬੀਬਾ! ਬੇਟਾ!! ਮੈਨੂੰ ਤੇਰੇ ਤੱਕ ਕੰਮ ਹੈ, ਤੂੰ ਮੇਰੀ ਗੱਲ ਸੁਣ ਲੈ।"

ਮੁਰਸ਼ਦ ਨੇ ਉਸ ਨੂੰ ਵੀ ਬੜਾ ਸਖਤ ਬਣਾ ਦਿੱਤਾ। ਦਰਵਾਜ਼ਾ ਖੋਲ੍ਹਿਆ, ਬੜੀ ਘੂਰ ਕੇ ਦੇਖਦੀ ਹੈ।

ਕਹਿੰਦੀ, "ਆ ਕੇ ਬੇਅਰਾਮ ਕਰਦੇ ਹੋ ਤੁਸੀਂ ਪੀਰ ਫਕੀਰ ਲੋਕ, ਸਾਡਾ ਕੀ ਕੰਮ ਹੈ ਪੀਰਾਂ ਫਕੀਰਾਂ ਨਾਲ। ਸਾਡੀ ਰੋਜ਼ੀ ਸਰੀਰ ਵੇਚਣਾ ਤੇ ਬੇਵਕੂਫ ਬੰਦੇ ਸਾਡੇ ਕੋਲ ਆਉਂਦੇ ਨੇ, ਤੂੰ ਤਾਂ ਸਮਝਦਾਰ ਬੰਦਾ ਹੈ, ਅੱਧੀ ਰਾਤ ਕਿਉਂ ਆਇਆ ਹੈ ?"

ਕਹਿੰਦੇ, "ਬੀਬਾ! ਮੇਰੇ ਮੁਰਸ਼ਦ ਦੇ ਇਸ਼ਨਾਨ ਦਾ ਸਮਾਂ ਹੋ ਗਿਆ, ਅੱਗ ਬੁਝ ਚੁਕੀ ਹੈ ਕਿਤੋਂ ਨਹੀਂ ਮਿਲ ਰਹੀ। ਕਿਰਪਾ ਕਰ ਮੈਨੂੰ ਅੱਗ ਦੇ ਦੇ।"

ਕਹਿਣ ਲੱਗੀ, "ਬੜਾ ਪ੍ਰੇਮ ਹੈ ਤੈਨੂੰ ਫਰੀਦਾ ਮੁਰਸ਼ਦ ਨਾਲ ਪਰ ਮੈਂ ਵੀ ਦੇਖਦੀਂ ਹਾਂ ਕਿ ਤੇਰਾ ਪ੍ਰੇਮ ਸੱਚਾ ਹੈ ਜਾਂ ਝੂਠਾ ਹੈ।"

ਕਹਿੰਦੇ, "ਨਾ ਬੀਬੀ! ਮੈਨੂੰ ਅੱਗ ਦੇ ਦੇ, ਕਿਸੇ ਇਮਤਿਹਾਨ ਵਿਚ ਨਾ ਪਾ। ਮੈਂ ਇਸ ਵੇਲੇ ਅੱਗ ਭਾਲਦਾ ਫਿਰਦਾ ਹਾਂ, ਕਿਰਪਾ ਕਰ ਮੇਰੇ ਤੇ।"

ਉਹ ਕਹਿੰਦੀ, "ਜੇ ਅੱਗ ਲੈਣੀ ਹੈ ਤਾਂ ਸਰੀਰ ਦਾ ਕੋਈ ਅੰਗ ਦੇਣਾ ਪੈਣਾ ਹੈ ਤੈਨੂੰ।"

ਖੁਸ਼ ਹੋ ਗਿਆ, ਹੱਸ ਰਿਹਾ ਹੈ। ਕਹਿੰਦਾ, "ਤੁਸੀਂ ਤਾਂ ਮੰਗਿਆ ਹੀ ਕੁਝ ਨਹੀਂ।

***ਤਨ ਗੰਦਗੀ ਦੀ ਕੋਠੜੀ ਹਰਿ ਹੀਰਿਆਂ ਦੀ ਖਾਣ।***
***ਸਿਰ ਦਿਤਿਆ ਜੇ ਹਰਿ ਮਿਲੇ ਤਉ ਭੀ ਸਸਤਾ ਜਾਣ।***

ਤੇ ਜੇ ਤੂੰ ਮੇਰਾ ਸਿਰ ਮੰਗ ਲਵੇਂ ਤਾਂ ਵੀ ਸਸਤਾ ਹੀ ਸੌਦਾ ਹੈ, ਮੇਰਾ ਮੁਰਸ਼ਦ ਖੁਸ਼ ਹੋਣਾ ਚਾਹੀਦਾ ਹੈ।"

ਕਹਿੰਦੀ, "ਅੱਖ ਦਾ ਡੇਲਾ ਦੇ ਦੇ, ਡੇਲੇ ਜਿੱਡਾ ਕੋਲਾ ਮੈਂ ਤੈਨੂੰ ਦੇਵਾਂਗੀ।"

ਇਹ ਮੌਕਾ ਹੁੰਦਾ ਹੈ ਜਿਸ ਵਕਤ ਆਦਮੀ ਗਿਰਦਾ ਹੈ ਜਾਂ ਚੜ੍ਹਦਾ ਹੈ ਇਉਂ ਪੜ੍ਹ ਲਓ –

*ਧਾਰਨਾ - ਡੇਰਾ ਨੀ ਜਿੰਦੇ*
*ਸਿਰ ਤੋਂ ਪਰ੍ਹੇ ਹੈ ਪ੍ਰੇਮ ਵਾਲਾ-2, 2.*

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*

*ਅੰਗ - 1413*

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*

*ਅੰਗ - 1102*

ਪਿਆਰ ਦਾ ਜਿਹੜਾ ਡੇਰਾ ਹੈ, ਆਪਾ ਕੁਰਬਾਨ ਉਥੇ ਹੁੰਦਾ ਹੈ ਸਰੀਰ ਦੀ ਉਥੇ ਪ੍ਰਵਾਹ ਨਹੀਂ। ਕਹਿਣ ਲੱਗੇ -

*ਸਿਰ ਦਿਤਿਆ ਜੇ ਹਰਿ ਮਿਲੇ*
*ਤਉ ਭੀ ਸਸਤਾ ਜਾਣੁ॥*

ਕਹਿੰਦੀ, "ਸਿਰ ਨਹੀਂ ਮੰਗਦੀ, ਮੈਂ ਡੇਲ੍ਹਾ ਮੰਗਦੀ ਹਾਂ ਤੇਰਾ।"

ਕਹਿੰਦੇ, "ਲੈ! ਕੱਢ ਲੈ।"

ਕਹਿੰਦੀ, "ਮੈਂ ਕਿਉਂ ਕੱਢਾ, ਆਪ ਕੱਢ ਕੇ ਦੇਹ।"

ਡੇਲ੍ਹਾ ਕੱਢ ਕੇ ਦੇ ਦਿੱਤਾ। ਬੜੀ ਮੁਸ਼ਕਲ ਦੇ ਨਾਲ ਅੱਗ ਲਿਆ ਕੇ ਮੁਰਸ਼ਦ ਦਾ ਇਸ਼ਨਾਨ ਕਰਾਇਆ। ਪੱਟੀ ਬੰਨ੍ਹੀ ਹੋਈ ਹੈ। ਸਾਫਾ ਪਾੜ ਕੇ ਅੱਖ ਤੇ ਬੰਨ੍ਹ ਲਿਆ। ਮੁਰਸ਼ਦ ਨੇ ਫੇਰ ਵੀ ਨਹੀਂ ਪੁਛਿਆ। ਜਾਣਦਾ ਸਭ ਕੁਝ ਸੀ, ਕਿਉਂ ਆਪ ਹੀ ਵਰਤਾਇਆ ਹੋਇਆ ਸੀ ਕੌਤਕ ਸਾਰਾ। ਪੂਰੀ ਤਰ੍ਹਾਂ ਪਕਾਉਣਾ ਚਾਹੁੰਦੇ ਸੀ ਇਸ ਨੂੰ, ਕੱਚਾ ਨਹੀਂ ਸੀ ਬਾਬੇ ਫਰੀਦ ਨੂੰ ਰੱਖਣਾ ਚਾਹੁੰਦੇ। ਮੁਰਸ਼ਦ ਦਾ ਹੀ ਐਨਾ ਉੱਚਾ ਕੀਤਾ ਹੋਇਆ ਹੈ ਕਿ ਸਤਿਗੁਰੂ ਰੂਪ ਹੋ ਕੇ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਨੇ। ਮੱਥੇ ਟੇਕਦੇ ਹਾਂ, ਅਸੀਂ ਉਨ੍ਹਾਂ ਦੀ ਬਾਣੀ ਪੜ੍ਹ ਕੇ ਰਸ ਲੈਂਦੇ ਹਾਂ। ਕਿਉਂ? ਪਹੁੰਚਾ ਦਿੱਤਾ ਸੀ ਗੁਰੂ ਸਮਰੱਥ ਸੀ ਉਸ ਦਾ। ਸੋ ਉਸ ਵੇਲੇ ਬਾਬਾ ਫਰੀਦ ਆਪਣਾ ਇਸ਼ਨਾਨ ਕਰਕੇ ਕੋਨੇ ਵਿਚ ਚਲਿਆ ਗਿਆ ਜਿਸ ਨੂੰ ਗੋਸ਼ਾ ਕਹਿੰਦੇ ਨੇ, ਇਹ ਆਮ ਕਰਕੇ ਗੋਸ਼ਿਆਂ ਵਿਚ ਭਗਤੀ ਕਰਦੇ ਹੁੰਦੇ ਸੀ ਇਸਲਾਮ ਵਾਲੇ। ਕੋਨੇ ਵੱਲ ਮੂੰਹ ਕਰ ਲੈਣਾ, ਚੌਂਕੜਾ ਮਾਰ ਲੈਣਾ ਤਾਂ ਕਿ ਕੋਈ ਅੱਗੇ ਦੀ ਨਾ ਲੰਘੇ ਤੇ ਨਾ ਕੋਈ ਬੁਲਾਵੇ। ਦਿਨ ਚੜ੍ਹ ਗਿਆ।

ਉਸ ਵੇਲੇ ਮੁਰਸ਼ਦ ਨੇ ਕਿਹਾ, "ਫਰੀਦ ਨਹੀਂ ਨਜ਼ਰ ਆ ਰਿਹਾ, ਕਿਥੇ ਹੈ

ਉਹ?"

ਕਹਿੰਦੇ, "ਜੀ! ਉਹ ਗੋਸ਼ੇ ਵਿਚ ਬੰਦਗੀ ਕਰ ਰਿਹਾ ਹੈ।"

ਕਹਿੰਦੇ, "ਲਿਆਓ ਬੁਲਾ ਕੇ।"

ਬੁਲਾ ਕੇ ਲਿਆਂਦਾ ਤੇ ਸਾਹਮਣੇ ਖੜ੍ਹਾ ਹੋ ਗਿਆ, ਸਿਜਦਾ ਕੀਤਾ। ਹੁਣ ਜੇ ਤਾਂ ਸਾਡੇ ਵਰਗਾ ਹੁੰਦਾ ਤਾਂ ਦੱਸ ਦਿੰਦਾ। ਪਹਿਲਾਂ ਜਦੋਂ ਹੀ ਦੱਸ ਦਿੰਦਾ ਜੀ ਅੱਜ ਤਾਂ ਅੱਖ ਦੇ ਕੇ ਮੈਂ ਲਿਆਇਆ ਹਾਂ ਅੱਗ। ਉਹ ਸਬਰ ਹੁੰਦਾ ਹੈ ਹੱਦ ਤੋਂ ਜਿਆਦਾ ਤੇ ਇਉਂ ਨਹੀਂ ਆਪਣੀਆਂ ਬਾਤਾਂ ਕਰਦੇ।

ਉਸ ਵੇਲੇ ਮੁਰਸ਼ਦ ਨੇ ਕਿਹਾ, "ਫਰੀਦਾ! ਇਹ ਤੂੰ ਅੱਖ ਕਿਉਂ ਬੰਨ੍ਹੀ ਹੋਈ ਹੈ?"

ਕਹਿੰਦਾ, "ਮੁਰਸ਼ਦ! ਤੁਸੀਂ ਘਟ ਘਟ ਦੇ ਜਾਨਣਹਾਰ ਹੋ, ਸਭ ਕੁਝ ਜਾਣਦੇ ਹੋ।"

ਕਹਿੰਦੇ, "ਨਾਂਹ, ਸਾਨੂੰ ਹੀ ਦੱਸ, ਅਸੀਂ ਪੁਛਦੇ ਹਾਂ ਕਿ ਅੱਖ ਕਿਉਂ ਬੰਨ੍ਹੀ ਹੈ?"

ਕਹਿੰਦਾ, "ਮਹਾਰਾਜ! ਆਈ ਹੋਈ ਹੈ।"

ਕਹਿੰਦੇ, "ਫਰੀਦਾ! ਗਈਆਂ ਹੋਈਆਂ ਅੱਖਾਂ ਬੰਨ੍ਹੀਦੀਆਂ ਨੇ, ਆਈਆਂ ਹੋਈਆਂ ਨਹੀਂ ਬੰਨੀਦੀਆਂ, ਖੋਲ੍ਹ ਦੇ ਪੱਟੀ।"

ਪੱਟੀ ਖੋਲ੍ਹ ਦਿੱਤੀ, ਅੱਖ ਦਾ ਡੇਲ੍ਹਾ ਸਾਬਤ ਪਰ ਥੋੜ੍ਹਾ ਜਿਹਾ ਛੋਟਾ। ਅੱਜ ਵੀ ਉਨ੍ਹਾਂ ਦੇ ਖਾਨਦਾਨ ਵਿਚ ਇਕ ਅੱਖ ਛੋਟੀ ਹੈ। ਸਾਡੇ ਉਥੇ ਯੂ.ਪੀ. ਵਿਚ ਹੁੰਦਾ ਸੀ ਇਕ, ਬੁਲਾਉਂਦੇ ਸਾਂ ਕਦੇ-ਕਦੇ ਉਸਨੂੰ ਸਤਿਸੰਗ ਵਿਚ। ਉਸ ਵੇਲੇ ਉਠ ਕੇ ਬੁਕੱਲ ਵਿਚ ਲੈ ਲਿਆ। ਦੋ ਅੱਖਰ ਬੋਲੇ ਨੇ ਉਸ ਵੇਲੇ ਉਸ ਨੇ।

ਉਸ ਨੇ ਕਿਹਾ, "ਫਰੀਦਾ! ਹਮਾ ਊਸਤ, ਹਮਾ ਅਜ਼ ਊਸਤ।"

ਹੁਣ ਇਸ ਦਾ ਮਤਲਬ ਸਾਨੂੰ ਤਾਂ ਸਮਝ ਵਿਚ ਨਹੀਂ ਆਉਂਦਾ, ਪੜ੍ਹੇ ਹੋਏ ਅਸੀਂ ਬਥੇਰੇ ਹਾਂ। ਉਸਨੇ ਕਿਹਾ, ਫਰੀਦਾ! ਇਥੇ ਪ੍ਰਮੇਸ਼ਰ ਬਿਨਾ ਹੈ ਹੀ ਕੋਈ ਨਹੀਂ। 'ਅਹੰ ਬ੍ਰਹਮੰ ਅਸਮੀ।' ਜਿਹੜਾ ਕੁਝ ਤੂੰ ਦੇਖ ਰਿਹਾ ਹੈ ਉਹ ਪਰਮੇਸ਼ਰ ਹੀ ਹੈ। ਦੋ ਅੱਖਰ ਕਹੇ ਨੇ ਤੜਕ ਦੇ ਕੇ, ਜਿਹੜਾ ਅਗਿਆਨ ਦਾ ਪੜਦਾ ਸੀ ਖੁੱਲ੍ਹ ਗਿਆ ਤੇ ਨਾਲ ਇਹ ਕਿਰਪਾ ਹੋਈ ਕਿ ਉਹ ਬੁੱਧੀ ਮੰਡਲ

ਵਿਚ ਨਹੀਂ, ਉਹ ਉਸ ਮੰਡਲ ਵਿਚ ਪਹੁੰਚ ਗਿਆ ਸੀ ਜਿਥੇ ਪ੍ਰਤੱਖ ਰੂਪ ਵਿਚ ਆਤਮਾ ਸਾਖਸ਼ਾਤਕਾਰ ਹੁੰਦਾ ਹੈ। ਆਤਮਾ ਪਰਮਾਤਮਾ ਸਾਖਸ਼ਾਤਕਾਰ ਕਰਾ ਦਿੱਤਾ। ਉਸ ਵੇਲੇ ਬਾਬੇ ਫਰੀਦ ਦੇ ਜੋ ਭਾਵ ਨੇ ਸਾਰੇ ਪੜ੍ਹਿਓ ਧਿਆਨ ਨਾਲ –

*ਧਾਰਨਾ – ਅੱਖਾਂ ਨਾਲ ਓ ਦੇਖ ਲਿਆ –2, 2.*
*ਜਿਹੜਾ ਰੱਬ ਨਾ ਕਿਸੇ ਨੂੰ ਦਿਸਿਆ –2, 2.*

ਇਨ੍ਹਾਂ ਅੱਖਾਂ ਨਾਲ, ਖਾਕੀ ਅੱਖਾਂ ਨਾਲ (ਖਾਕ ਦੀਆਂ)।

ਕਹਿੰਦੇ –

*ਹਰਿ ਕੇ ਸੰਤ ਸੁਣਹੁ ਜਨ ਭਾਈ*
*ਹਰਿ ਸਤਿਗੁਰ ਕੀ ਇਕ ਸਾਖੀ॥ ਅੰਗ – 87*

ਕਹਿੰਦੇ ਗਵਾਹੀ ਦਿੰਦੇ ਹਾਂ ਗੁਰੂ ਦੀ –

*ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ*
*ਤਿਨਿ ਜਨਿ ਲੈ ਹਿਰਦੈ ਰਾਖੀ॥ ਅੰਗ – 87*

ਭਾਗਾਂ ਵਾਲੇ ਇਸ ਗੱਲ ਨੂੰ ਹਿਰਦੇ ਵਿਚ ਧਾਰਨ ਕਰ ਲੈਣ।

*ਹਰਿ ਅੰਮ੍ਰਿਤ ਕਥਾ ਸਰੇਸਟ ਊਤਮ*
*ਗੁਰ ਬਚਨੀ ਸਹਜੇ ਚਾਖੀ॥*
*ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ*
*ਜਿਉ ਸੂਰਜ ਰੈਣਿ ਕਿਰਾਖੀ॥ ਅੰਗ – 87*

ਜਦੋਂ ਗੁਰੂ ਨੇ ਕਿਹਾ ਪ੍ਰਕਾਸ਼ ਹੋ ਗਿਆ, ਆਤਮਾ ਸਾਖਸ਼ਾਤਕਾਰ ਹੋ ਗਿਆ –

*ਆਤਮਾ ਪਰਾਤਮਾ ਏਕੋ ਕਰੈ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ॥ ਅੰਗ – 661*

ਅਭੇਦ ਅਵਸਥਾ ਵਿਚ ਪਹੁੰਚਾ ਦਿੱਤਾ। ਫਰੀਦ ਨਾਮ ਦੀ ਕੋਈ ਚੀਜ਼ ਜੀਉਂਦੀ ਨਾ ਰਹੀ, ਜੇ ਰਹਿ ਗਿਆ ਤਾਂ ਰੱਬ ਹੀ ਰਹਿ ਗਿਆ। ਰੱਬ ਰਹਿਣ ਕਰਕੇ ਹੀ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਨਾਹ ਬਾਬਾ ਫਰੀਦ, ਜੇ ਫਰੀਦ ਰਹਿੰਦਾ ਫੇਰ ਨਹੀਂ ਸੀ ਆਉਂਦਾ –

*ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ*
*ਜਿਉ ਸੂਰਜ ਰੈਣਿ ਕਿਰਾਖੀ॥ ਅੰਗ – 87*

ਰਾਤ ਹਨ੍ਹੇਰੀ ਤੋਂ ਬਾਅਦ ਜਿਵੇਂ ਸੂਰਜ ਚੜ੍ਹਦਾ ਹੈ, ਇਉਂ ਪ੍ਰਕਾਸ਼ ਹੋ ਗਿਆ।

*ਅਦਿਸਟੁ ਅਗੋਚਰੁ ਅਲਖੁ ਨਿਰੰਜਨੁ*
*ਸੋ ਦੇਖਿਆ ਗੁਰਮੁਖਿ ਆਖੀ॥* *ਅੰਗ - 87*

ਜਿਹੜਾ ਰੱਬ ਨਹੀਂ ਦਿਸਦਾ ਉਹ ਗੁਰਮੁਖ ਨੇ ਮੈਨੂੰ ਦਿਖਾ ਦਿੱਤਾ।

*ਜਨ ਨਾਨਕ ਅਲਖੁ ਨ ਲਖੀਐ*
*ਗੁਰਮੁਖਿ ਦੇਹਿ ਦਿਖਾਲਿ॥* *ਅੰਗ - 1318*

ਸੋ ਇਸ ਤਰ੍ਹਾਂ ਦੇ ਨਾਲ ਬਾਬਾ ਫਰੀਦ ਨੇ ਤਪ ਵੀ ਕਰੇ, ਮਨ ਹਠ ਕਰਿਆ ਪਰ ਜਦੋਂ ਤੱਕ ਗੁਰੂ ਦੀ ਸ਼ਰਨ ਵਿਚ ਨਾ ਆਇਆ ਉਨੀ ਦੇਰ ਤੱਕ, 36 ਸਾਲ ਵੀ ਕਹਿੰਦੇ ਨੇ ਘੋਰ ਤਪਸਿਆ ਕਰੀ, ਨੇੜੇ ਤੇੜੇ ਵੀ ਨਾ ਰੱਬ ਦੇ ਪਹੁੰਚਿਆ ਪਰ ਜਦੋਂ ਗੁਰੂ ਮਿਲ ਗਿਆ, ਸੇਵਾ ਕੀਤੀ ਸਿਮਰਨ ਕਰਕੇ ਆਪਣੇ ਆਪ ਨੂੰ ਪੂਰਨ ਕਰ ਲਿਆ। ਦੋਏਂ ਚੀਜ਼ਾਂ ਨੇ ਗੁਰੂ ਘਰ ਦੇ ਅੰਦਰ ਸੇਵਾ ਤੇ ਸਿਮਰਨ। ਉਸ ਵੇਲੇ ਪਰਮੇਸ਼ਰ ਨੂੰ ਜਿਸ ਨੂੰ ਤਲਾਸ਼ ਕਰਦਾ ਸੀ, ਕੀ ਦੇਖਦਾ ਹੈ ਜਿਧਰ ਦੇਖਦਾ ਹੈ ਪਰਮੇਸ਼ਰ, ਜਿਧਰ ਦੇਖਦਾ ਹੈ ਪਰਮੇਸ਼ਰ, ਕੋਈ ਪਾਸਾ ਰੱਬ ਤੋਂ ਖਾਲੀ ਹੀ ਨਾ ਰਿਹਾ -

*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ॥* *ਅੰਗ - 407*

ਹਰ ਪਾਸੇ ਦੇਖਦਾ ਹੈ ਕਿ ਇਹ ਤਾਂ ਪਰਮੇਸ਼ਰ ਹੀ ਹੈ ਪ੍ਰਤੱਖ ਰੂਪ ਦੇ ਅੰਦਰ ਪਰਮੇਸ਼ਰ ਨਜ਼ਰ ਆ ਗਿਆ। ਪਰਮੇਸ਼ਰ ਕਿਤੇ ਗਿਆ ਹੀ ਨਹੀਂ, ਪਰਮੇਸ਼ਰ ਸਾਡੇ ਨਾਲ ਹੈ ਪਰ ਸਾਡੇ ਕੋਲ ਅੱਖ ਨਹੀਂ ਹੈ ਦੇਖਣ ਵਾਲੀ -

*ਬੁਲ੍ਹਿਆ ਰੱਬ ਤੈਥੋਂ ਵੱਖ ਨਹੀਂ।*
*ਪਰ ਦੇਖਣ ਵਾਲੀ ਅੱਖ ਨਹੀਂ।*

ਸੋ ਇਸ ਤਰ੍ਹਾਂ ਦੇ ਨਾਲ ਜਿਨ੍ਹਾਂ ਨੂੰ ਸ਼ੌਕ ਹੈ ਜਦੋਂ ਤੱਕ ਮੁਰਸ਼ਦ-ਏ-ਕਾਮਲ ਦੀ ਸ਼ਰਨ ਵਿਚ ਨਹੀਂ ਆਉਂਦੇ, ਉਨੀ ਦੇਰ ਤੱਕ ਮੰਤਰ ਨਹੀਂ ਮਿਲਦਾ। ਹੁਣ ਜਿਹੜਾ ਕੰਮ ਉਸ ਦੇ ਮੁਰਸ਼ਦ ਨੇ ਕੀਤਾ ਉਹ ਗੁਰ ਦੇ ਜਿਹੜੇ ਸਿਖ ਨੇ, ਸੰਤ ਨੇ, ਗੁਰਮੁਖ ਨੇ ਉਹ ਕਰਦੇ ਨੇ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਜਗਿਆਸੂ ਨੇ ਭਟਕ ਜਾਣਾ ਹੈ। ਇਸ ਦਾ ਪਾਰ ਉਤਾਰਾ ਨਹੀਂ ਹੋਣਾ। ਸਾਡੇ ਕੀ ਹੋ ਗਿਆ, ਕਲਜੁਗ ਵੜ ਗਿਆ? ਉਹ ਕਹਿੰਦਾ ਸੰਤਾਂ ਕੋਲ ਜਾਓ ਹੀ

ਨਾ, ਸੰਤਾਂ ਦੀ ਗੱਲ ਹੀ ਨਾ ਸੁਣੋ। ਫੇਰ ਭਾਈ! ਮਰਜੀ ਹੈ ਸੰਤ ਕਿਹੜਾ ਰੌਲਾ ਪਾਉਂਦੇ ਨੇ ਕਿ ਤੂੰ ਜਰੂਰ ਮੇਰੇ ਕੋਲ ਆ। ਉਹ ਸੱਚ ਦੀ ਗੱਲ, ਸੱਚ ਦਾ ਹੋਕਾ ਦਿੰਦੇ ਫਿਰਦੇ ਨੇ ਕਿ ਤੇਰੇ ਭਾਗ ਨੇ, ਮਹਾਰਾਜ ਨੇ ਤਾਂ ਲਿਖ ਹੀ ਦਿੱਤਾ –

***ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ***
***ਤਿਨਿ ਜਨਿ ਲੈ ਹਿਰਦੈ ਰਾਖੀ॥ ਅੰਗ – 87***

ਹਿਰਦੇ ਵਿਚ ਓਹੀ ਸਮਝਣਗੇ ਜਿਨ੍ਹਾਂ ਦੇ ਭਾਗ ਜਾਗ ਪਏ ਨੇ ਦੂਜੇ ਨੂੰ ਨਹੀਂ ਪਤਾ ਤੇ ਭਾਗ ਵੀ –

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ॥ ਅੰਗ – 204***

ਸਾਰੇ ਪੜ੍ਹ ਲਓ –

***ਧਾਰਨਾ – ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ –2, 2.***

ਸੋ ਇਸ ਤਰ੍ਹਾਂ ਸੇਵਾ ਤੇ ਸਿਮਰਨ। ਗੁਰੂ ਧਾਰ ਕੇ ਮੰਤਰ ਦਾ ਜਾਪ ਕਰਨਾ। ਦੋ ਦਿਨ ਤੋਂ ਆਪਾਂ ਇਹੀ ਵਿਚਾਰ ਕਰ ਰਹੇ ਹਾਂ ਕਿ –

***ਮਨਹਠਿ ਕਿਨੈ ਨ ਪਾਇਓ............॥***

***ਅੰਗ – 86***

ਬੇਅੰਤ ਦੁਨੀਆਂ ਕੁਰਲਾ-ਕੁਰਲਾ ਕੇ ਚਲੀ ਗਈ, ਮਨ ਦੇ ਹਠ ਨਾਲ ਵਾਹਿਗੁਰੂ ਨਹੀਂ ਮਿਲਦਾ, ਮੁਰਸ਼ਦ-ਏ-ਕਾਮਲ ਤੋਂ ਬਗੈਰ ਪਰਮੇਸ਼ਰ ਨਹੀਂ ਮਿਲਿਆ ਕਰਦਾ।

***ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥***
***ਮਿਲੇ ਪ੍ਰਤਖਿ ਗੁਸਾਈ ਧੰਨਾ ਵਡਭਾਗਾ॥***

***ਅੰਗ – 488***

ਸੋ ਇਸ ਤਰ੍ਹਾਂ ਦੇ ਨਾਲ ਜੋ ਆਪਾਂ ਵਿਚਾਰਾਂ ਕਰੀਆਂ ਹਨ ਇਸ ਦਾ ਅੰਤਰੰਗ ਸਤਿਸੰਗ ਕਰਿਆ ਕਰੋ।

***............ ਨਿਗੁਰੇ ਕਾ ਹੈ ਨਾਉ ਬੁਰਾ॥***

***ਅੰਗ – 435***

ਨਿਗੁਰਾ ਰਹਿਣ ਨਾਲ ਤਾਂ ਨਾਉ ਵੀ ਬੁਰਾ ਹੈ। ਜਿਥੇ ਨਿਗੁਰਾ ਪੁਰਸ਼ ਬੈਠ ਜਾਂਦਾ ਹੈ ਸਵਾ ਗਜ ਗਹਿਰੀ, ਸਵਾ ਗਜ ਚੌੜੀ ਧਰਤੀ ਭਰਿਸ਼ਟ ਹੋ ਜਾਂਦੀ ਹੈ। ਜਿਥੇ ਗੁਰੂ ਵਾਲਾ ਬੈਠ ਜਾਂਦਾ ਹੈ, ਨਾਮ ਜਪਣ ਵਾਲਾ ਬੈਠ ਜਾਂਦਾ ਹੈ, ਸਾਰੀ ਧਰਤੀ ਨੂੰ ਪਵਿੱਤਰ ਕਰ ਦਿੰਦਾ ਹੈ ਤੇ ਮੇਰੇ ਕੋਲ ਬਿਮਾਰ ਆਉਂਦੇ ਨੇ। ਮੈਂ ਕਿਹਾ ਤੁਸੀਂ ਸੰਗਤਾਂ ਦੀ ਚਰਨਧੂੜ ਲਾ ਲਓ ਮੱਥੇ ਨੂੰ ਠੀਕ ਹੋ ਜਾਓਂਗੇ। ਬਰਕਤਾਂ ਨੇ ਚਰਨਧੂੜ ਦੇ ਅੰਦਰ। ਕਿਉਂ? ਉਥੇ ਵਾਹਿਗੁਰੂ ਦੀ ਸ਼ਕਤੀ ਕੇਂਦਰਤ ਹੋਈ ਹੁੰਦੀ ਹੈ, ਉਸ ਵੇਲੇ ਪ੍ਰਤੱਖ ਰੂਪ ਵਿਚ ਪ੍ਰਗਟ ਹੋਈ ਹੁੰਦੀ ਹੈ। ਅੱਗ ਤਾਂ ਹੁੰਦੀ ਹੈ ਲਕੜਾਂ ਵਿਚ ਪਰ ਉਹ ਵਿਧੀ ਤੋਂ ਬਗੈਰ ਬਾਹਰ ਨਹੀਂ ਆਉਂਦੀ। ਜਦੋਂ ਇਥੇ ਸੰਗਤ ਬੈਠ ਕੇ ਹਰੀ ਨਾਲ ਜੁੜਦੀ ਹੈ, ਉਸ ਵੇਲੇ ਉਹ ਜਿਹੜੀ ਸ਼ਕਤੀ ਵਾਹਿਗੁਰੂ ਦੀ ਸ਼ਕਤੀ ਹੈ, ਉਹ ਥਾਂ ਪਵਿੱਤਰ ਕਰ ਜਾਂਦੀ ਹੈ। ਸੋ ਇਹ ਬੜਾ ਭਾਰੀ ਉਪਕਾਰ ਹੈ ਕਿ ਇਥੇ ਬੈਠ ਕੇ ਤੁਸੀਂ ਸਤਿਸੰਗ ਕਰਦੇ ਹੋ ਤੇ ਉਨ੍ਹਾਂ ਅਵਿਅਕਤ ਰੂਹਾਂ ਦਾ ਤੇ ਆਪਣਾ ਵੀ ਉਧਾਰ ਹੁੰਦਾ ਹੈ। ਹੁਣ ਸਾਰੇ ਪ੍ਰੇਮੀ ਗੁਰ ਸਤੋਤਰ ਵਿਚ ਬੋਲੋ ਭਾਈ!

-ਗੁਰ ਸਤੋਤਰ-

- ਅਰਦਾਸ -

# ਸੁ ਅੰਮ੍ਰਿਤੁ ਗੁਰ ਤੇ ਪਾਇਆ

ਸ਼ਾਨ ....................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ*
*ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਅਪਨੀ ਮਾਇਆ ਆਪਿ ਪਸਾਰੀ*
*ਆਪਹਿ ਦੇਖਨਹਾਰਾ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥*
*ਅੰਗ - 537*

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਦੂਰ ਦਰਾਜ਼ ਤੋਂ ਆਪ ਗੁਰੂ ਦਰਬਾਰ ਦੇ ਅੰਦਰ ਅੱਜ ਪੰਜਵੇਂ ਦੀਵਾਨ ਵਿਚ ਸ਼ੁਸ਼ੋਭਿਤ ਹੋ। ਗੁਰੂ ਮਹਾਰਾਜ ਜੀ ਦਾ ਐਸਾ ਮੱਤ ਹੈ ਕਿ ਜਿੰਨੀ ਦੇਰ ਤੱਕ ਅਸੀਂ ਗੁਰਮਤਿ ਨੂੰ ਨਾ ਸਮਝ ਸਕੀਏ ਕਿ ਗੁਰੂ ਸਾਹਿਬ ਕੀ ਕਹਿੰਦੇ ਨੇ, ਉਨੀ ਦੇਰ ਤਕ ਰੂਹਾਨੀ ਰਸਤੇ ਤੇ ਚੱਲਣ ਵਾਲੇ ਨੂੰ ਪਤਾ ਨਹੀਂ ਲਗਦਾ ਕਿ ਮੇਰਾ ਨਿਸ਼ਾਨਾ (target) ਕੀ ਹੈ, ਕਿਥੇ ਮੈਂ ਪਹੁੰਚਣਾ ਹੈ? ਸੋ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਇਹ ਸਾਰਾ ਹੀ ਸੰਸਾਰ ਪ੍ਰਮੇਸ਼ਰ ਤੋਂ ਪੈਦਾ ਹੋਇਆ ਹੈ। ਇਕੋ ਹੀ ਆਤਮ ਪਸਾਰਾ ਹੈ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ॥ ਅੰਗ - 846*

ਇਸ ਆਤਮਾ ਨੂੰ ਅਸੀਂ ਨਾਮ ਕਹਿੰਦੇ ਹਾਂ। ਸਾਰਾ ਪਸਾਰਾ ਨਾਮ ਤੋਂ ਹੀ ਹੋਇਆ ਹੈ। ਨਾਮ ਨਾਮੀ ਤੋਂ ਵੱਖਰਾ ਨਹੀਂ ਹੈ, ਵਾਹਿਗੁਰੂ ਦਾ ਹੀ ਇਕ

ਰੂਪ ਹੈ ਜੋ ਕਿ ਸਾਡੀ ਮੰਜਿਲ ਹੈ, ਜਿਥੇ ਅਸੀਂ ਪਹੁੰਚਣਾ ਹੈ। ਜਦ ਤਕ ਉਥੇ ਨਹੀਂ ਪਹੁੰਚਦੇ, ਉਨੀ ਦੇਰ ਤਕ ਸਾਡੇ ਗੱਲ ਜੰਮਣ-ਮਰਣ ਦਾ ਚੱਕਰ ਜੋ ਪਇਆ ਹੋਇਆ ਹੈ, ਉਹ ਹਟਣਾ ਨਹੀਂ ਹੈ। ਸਾਧ ਸੰਗਤ ਜੀ! ਵਾਹਿਗੁਰੂ ਨੇ ਮਾਇਆ ਨੂੰ ਆਪਣੇ ਤੋਂ ਅਲਗ ਕਰ ਦਿੱਤਾ -

*ਅਪਨੀ ਮਾਇਆ ਆਪਿ ਪਸਾਰੀ*
*ਆਪਹਿ ਦੇਖਨਹਾਰਾ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥*

*ਅੰਗ - 537*

ਲੇਕਿਨ ਸਾਧ ਸੰਗਤ ਜੀ! ਸਾਰਿਆਂ ਦੇ ਅੰਦਰ ਕੋਈ ਹੋਰ ਬੈਠ ਗਿਆ, ਏਨਾ ਕੁ ਤਾਂ ਸਾਨੂੰ ਵਿਸ਼ਵਾਸ ਕਰ ਲੈਣਾ ਚਾਹੀਦਾ ਹੈ ਕਿਉਂਕਿ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਸਤਕ ਨਿਵਾਉਂਦੇ ਹਾਂ, ਇਹ ਸਮਝ ਲੈਣਾ ਚਾਹੀਦਾ ਹੈ ਕਿ ਹਰ ਇਕ ਦੇ ਅੰਦਰ ਵਾਹਿਗੁਰੂ ਬੈਠਾ ਹੈ। ਇਹ ਸਰੀਰ ਪ੍ਰਮੇਸ਼ਰ ਦਾ ਬਹੁਤ ਹੀ ਪਵਿੱਤਰ ਮੰਦਰ ਹੈ। ਸਾਧ ਸੰਗਤ ਜੀ! ਚਾਹੇ ਕਿੰਨਾ ਹੀ ਸੰਗਮਰਮਰ ਲਾ ਲਓ, ਚਾਹੇ ਸੋਨੇ ਦੀਆਂ ਪਲੇਟਾਂ ਲਾ ਲਓ, ਜੋ ਕਰਨਾ ਹੈ ਕਰ ਲਓ, ਉਹ ਮੰਦਰ ਫੇਰ ਵੀ ਮਿੱਟੀ ਗਾਰੇ ਦੇ ਰਹਿੰਦੇ ਹਨ। ਇਹ ਮੰਦਰ ਜੋ ਪਰਮੇਸ਼ਰ ਨੇ ਬਣਾਇਆ ਹੈ, ਇਹ ਬਹੁਤ ਹੀ ਕੀਮਤੀ ਮੰਦਰ ਹੈ, ਜਿਸ ਵਿਚ ਪ੍ਰਮੇਸ਼ਰ ਆਪ ਆਸਣ ਲਾ ਕੇ ਬੈਠਾ ਹੈ। ਆਪ ਹੀ ਉਸ ਦੀ ਸਮਰਥਾ ਦੇ ਮੁਤਾਬਿਕ ਜਿਵੇਂ ਬਿਜਲੀ ਦਾ ਟਰਾਂਸਫਾਰਮਰ ਹੁੰਦਾ ਹੈ, ਬਿਜਲੀ ਤਾਂ 11,000 ਵਾਟ ਦੀ ਜਾ ਰਹੀ ਹੈ, ਪਰ ਟਰਾਂਸਫਾਰਮਰ 440 ਵਾਟ ਦੇ ਰਿਹਾ ਹੈ ਟਿਊਬਵੈਲਾਂ ਨੂੰ, ਘਰ ਦੀ ਲਾਈਟ ਵਾਸਤੇ 220 ਵਾਟ ਦੇ ਰਿਹਾ ਹੈ। ਅਮਰੀਕਾ ਵਗੈਰਾ ਵਿਚ 120 ਵਾਟ ਹੋਇਆ ਕਰਦਾ ਹੈ, ਪਰ ਬਿਜਲੀ ਓਹੀ ਹੈ। ਇਸੇ ਤਰ੍ਹਾਂ ਸਾਰਿਆਂ ਦੇ ਸਰੀਰਾਂ ਵਿਚ ਵਾਹਿਗੁਰੂ ਬੈਠਾ ਹੈ, ਜਿੰਨੀ ਕੁ ਕਿਸੇ ਦੀ ਬੁਧੀ ਹੈ, ਓਨੀ ਹੀ ਉਹ ਬੁਧੀ ਤੋਂ ਕੰਮ ਲੈ ਰਿਹਾ ਹੈ।

*ਪਾਰਬ੍ਰਹਮ ਕੇ ਸਗਲੇ ਠਾਉ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥*
*ਆਪੇ ਕਰਨ ਕਰਾਵਨ ਜੋਗੁ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ॥*
*ਪਸਰਿਓ ਆਪਿ ਹੋਇ ਅਨਤ ਤਰੰਗ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥*

*ਅੰਗ - 275*

ਆਪ ਹੀ ਫੈਲ ਗਿਆ, ਜਿਵੇਂ ਬੀਜ ਤੋਂ ਦਰਖਤ ਫੈਲ ਜਾਂਦਾ ਹੈ, ਇਸ ਤਰ੍ਹਾਂ ਪ੍ਰਮੇਸ਼ਰ ਸੰਸਾਰ ਬਣਕੇ ਫੈਲ ਗਿਆ।

***ਜੈਸੀ ਮਤਿ ਦੇਇ ਤੈਸਾ ਪਰਗਾਸ॥ ਅੰਗ - 275***

ਜਿਵੇਂ ਦੀ ਮਤ ਕਿਸੇ ਨੂੰ ਦਿੱਤੀ ਹੈ ਉਹੋ ਜਿਹਾ ਚਾਨਣਾ ਉਸਦੇ ਅੰਦਰ ਹੈ। ਬਹੁਤ ਵੱਡੀ ਮੱਤ ਵਾਲੇ ਨੂੰ ਬਹੁਤਾ ਚਾਨਣਾ ਪ੍ਰਾਪਤ ਹੁੰਦਾ ਹੈ, ਥੋੜ੍ਹੀ ਮੂਰਖ ਮਤ ਵਾਲੇ ਥੋੜਾ ਪ੍ਰਾਪਤ ਹੰਦਾ ਹੈ। ਸੋ ਮਹਾਰਾਜ ਜੀ ਬਾਣੀ ਵਿਚ ਕਹਿੰਦੇ ਹਨ -

***ਪਾਰਬ੍ਰਹਮੁ ਕਰਤਾ ਅਬਿਨਾਸ॥***
***ਸਦਾ ਸਦਾ ਸਦਾ ਦਇਆਲ॥***
***ਸਿਮਰਿ ਸਿਮਰਿ ਨਾਨਕ ਭਏ ਨਿਹਾਲ॥***

***ਅੰਗ - 275***

ਸੋ ਵਾਹਿਗੁਰੂ ਜੀ ਆਪੇ ਹੀ ਸਾਰੇ ਸੰਸਾਰ 'ਚ ਪਸਾਰਾ ਕਰਕੇ ਅਨੇਕਾਂ ਰੂਪਾਂ ਦੇ ਵਿਚ ਨਜ਼ਰ ਆ ਰਿਹਾ ਹੈ। ਪਰ ਸਾਡੇ ਵਿਚ ਇਹ ਫਰਕ ਕਿਥੋਂ ਪੈ ਗਿਆ? ਸਾਨੂੰ ਤਾਂ ਨਜ਼ਰ ਹੀ ਨਹੀਂ ਆਉਂਦਾ। ਜੇ ਕੋਈ ਦੱਸਦਾ ਹੈ ਤਾਂ ਵੀ ਯਕੀਨ ਨਹੀਂ ਆਉਂਦਾ ਕਿਉਂਕਿ ਸਾਡੇ ਮਨਾਂ ਅੰਦਰ ਗੁਰੂ ਤੇ ਵਿਸ਼ਵਾਸ ਨਹੀਂ, ਜੇ ਵਿਸ਼ਵਾਸ ਹੋਵੇ ਇਸੇ ਹੀ ਦੀਵਾਨ ਵਿਚ ਹੁਣੇ ਹੀ ਸਾਰੇ ਬ੍ਰਹਮਗਿਆਨੀ ਹੋ ਜਾਣ। ਇਕ ਵੀ ਅਗਿਆਨ ਵਾਲਾ ਨਾ ਰਹੇ, ਸਭ ਨੂੰ ਪਰਮ ਮੁਕਤ ਵਾਲਾ ਦਰਜਾ ਪ੍ਰਾਪਤ ਹੋ ਜਾਵੇ। ਪਰ ਇਹ ਜੀਵ ਮੰਨਦਾ ਨਹੀਂ, ਜਿੰਨਾ ਚਾਹੇ ਇਸ ਨੂੰ ਸੱਚ ਬੋਲ ਬੋਲ ਕੇ ਦੱਸੀ ਜਾਓ ਪਰ ਝੂਠ ਹੀ ਮੰਨਦਾ ਹੈ। ਇਸ ਦੀ ਬਿਰਤੀ ਹੀ ਐਸੀ ਬਣ ਗਈ ਹੈ ਇਸ ਦੇ ਗਲ ਕਲੇਸ਼ ਪੈ ਗਿਆ ਹੈ। ਅਸਲ ਗੱਲ ਹੋਰ ਹੈ, ਪਰ ਮੰਨਦਾ ਹੋਰ ਹੈ, ਨਾ ਗੁਰੂਆਂ ਦੀ ਮੰਨਦਾ ਹੈ ਨਾ ਮੁਨੀਆਂ ਦੀ, ਨਾ ਸਾਧੂਆਂ ਦੀ, ਨਾ ਸੰਤਾਂ ਦੀ ਇਹ ਆਪਣੀ ਹੀ ਅਕਲ ਦੇ ਮੁਤਾਬਿਕ ਚਲਦਾ ਹੈ। ਸਾਧ ਸੰਗਤ ਜੀ! ਹੁਣ ਫਰਕ ਕਿਥੇ ਪੈ ਗਿਆ ਹੈ, ਫਰਕ ਪੈ ਗਿਆ ਹੈ ਮਾਇਆ ਦਾ, ਮਾਇਆ ਇਕ ਐਸਾ ਤੱਤ ਹੈ ਜਿਸ ਨੇ ਪ੍ਰਮੇਸ਼ਰ ਨੂੰ ਭੁਲਾ ਦਿੱਤਾ। ਹੁੰਦਾ ਤਾਂ ਕੁਝ ਵੀ ਨਹੀਂ ਪਰ ਹੁੰਦਾ ਦਿਖਾ ਦਿੱਤਾ। ਇਸ ਗੱਲ ਨੂੰ ਸਮਝਣ ਵਾਸਤੇ ਇਕ ਸਾਖੀ ਦੀ ਲੋੜ ਪੈਂਦੀ ਹੈ।

ਕ੍ਰਿਸ਼ਨ ਮਹਾਰਾਜ ਜੀ ਤੇ ਅਰਜੁਨ ਰੱਥ ਤੇ ਜਾ ਰਹੇ ਹਨ। ਕ੍ਰਿਸ਼ਨ ਜੀ ਰੱਥ ਚਲਾ ਰਹੇ ਹਨ ਤੇ ਅਰਜੁਨ ਰੱਥ ਵਿਚ ਬੈਠਾ ਹੈ। ਚਲਦੇ-ਚਲਦੇ ਕਹਿਣ ਲੱਗੇ, ਅਰਜਨ ਮੈਂ ਪਾਰਬ੍ਰਹਮ ਪਰਮੇਸ਼ਰ ਸਾਰੇ ਪਰੀਪੂਰਨ ਹਾਂ, ਕੋਈ ਥਾਂ ਐਸਾ ਨਹੀਂ ਜਿਥੇ ਮੈਂ ਨਾ ਹੋਵਾਂ। ਪਰ ਜੀਵ ਬੜਾ ਮੂਰਖ ਹੈ, ਮੈਨੂੰ ਭੁਲਕੇ ਮੇਰੀ ਤ੍ਰਿਗੁਣੀ

ਮਾਇਆ ਨੂੰ ਪਿਆਰ ਕਰਦਾ ਹੈ। ਮੇਰੀ ਤ੍ਰਿਗੁਣੀ ਮਾਇਆ ਦਾ ਕੋਈ ਵਜੂਦ ਨਹੀਂ ਹੈ, ਇਹ ਅਣਹੋਈ ਹੈ, ਜੀਵ ਅਣਹੋਈ ਨੂੰ ਹੋਈ ਕਹਿੰਦਾ ਹੈ, ਹੋਈ ਨੂੰ ਅਣਹੋਈ ਕਹਿੰਦਾ ਹੈ, ਇਹ ਸਾਰਾ ਮੇਰੀ ਮਾਇਆ ਦਾ ਚਮਤਕਾਰ ਹੈ, ਇਸ ਵਿਚ ਜੀਵ ਭੁਲ ਜਾਂਦਾ ਹੈ। ਅਰਜੁਨ ਕਹਿਣ ਲੱਗਿਆ ਮਹਾਰਾਜ! ਜਿਸਨੂੰ ਗਿਆਨ ਹੋਵੇ ਉਹ ਨਹੀਂ ਭੁੱਲ ਸਕਦਾ। ਕ੍ਰਿਸ਼ਨ ਜੀ ਕਹਿੰਦੇ, ਨਹੀਂ ਅਰਜੁਨ ਮੇਰੀ ਕ੍ਰਿਪਾ ਤੋਂ ਬਗੈਰ ਸਭ ਭੁਲ ਜਾਂਦੇ ਨੇ, ਕੋਈ ਐਸਾ ਨਹੀਂ ਜਿਹੜਾ ਯਾਦ ਰੱਖ ਲਏ। ਕਹਿਣ ਲੱਗਿਆ ਮਹਾਰਾਜ! ਮੈਂ ਨਹੀਂ ਭੁਲਦਾ, ਮੈਨੂੰ ਤਾਂ ਪਤਾ ਹੈ ਕਿ ਤੁਸੀਂ ਹੋ, ਤੁਸੀਂ ਮੈਨੂੰ ਮਹਾਂ ਭਾਰਤ ਦੇ ਯੁੱਧ ਵਿਚ ਗਿਆਨ ਕਰਾ ਦਿੱਤਾ ਤੇ ਮੈਂ ਕਿਵੇਂ ਭੁਲ ਜਾਵਾਂਗਾ। ਕਹਿੰਦੇ, ਨਹੀਂ ਅਰਜਨ ਗਿਆਨ ਸਥਿਲ ਹੋ ਜਾਇਆ ਕਰਦਾ ਹੈ। ਮਾਇਆ ਦੀ ਸ਼ਕਤੀ ਏਨੀ ਜਬਰਦਸਤ ਹੈ ਕਿ ਗਿਆਨ ਵੀ ਨਹੀਂ ਰਿਹਾ ਕਰਦਾ। ਕਹਿਣ ਲੱਗਿਆ, ਨਹੀਂ ਮਹਾਰਾਜ! ਮੈਂ ਇਸ ਗੱਲ ਨੂੰ ਨਹੀਂ ਮੰਨਦਾ। ਦੂਜੇ ਦਿਨ ਫੇਰ ਬਚਨ ਹੋਇਆ, ਕਹਿਣ ਲੱਗਿਆ ਮੈਨੂੰ ਮਾਇਆ ਦਿਖਾ ਦਿਓ, ਜੇ ਤਾਂ ਮੈਂ ਭੁੱਲ ਗਿਆ, ਫੇਰ ਤਾਂ ਠੀਕ ਹੈ, ਪਰ ਮੈਂ ਤੁਹਾਨੂੰ ਕਿਵੇਂ ਭੁਲ ਸਕਦਾ ਹਾਂ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਅਰਜੁਨ! ਮੈਨੂੰ ਤਾਂ ਭੁਲਣਾ ਇਕ ਪਾਸੇ ਰਿਹਾ ਤੂੰ ਤਾਂ ਆਪਣੇ ਆਪ ਨੂੰ ਵੀ ਭੁਲ ਜਾਏਂਗਾ। ਅਰਜਨ ਕਹਿਣ ਲੱਗਿਆ ਕਿ ਐਸਾ ਵੀ ਹੋ ਸਕਦਾ ਹੈ ਕਿ ਮੈਂ ਆਪਣੇ ਆਪ ਨੂੰ ਭੁਲ ਜਾਵਾਂ। ਕ੍ਰਿਸ਼ਨ ਮਹਾਰਾਜ ਕਹਿਣ ਲਗੇ, ਕਿ ਮਾਇਆ ਪ੍ਰਬਲ ਹੈ, ਇਸਦਾ ਕੰਮ ਹੀ ਇਹੀ ਹੈ ਕਿ ਇਹ ਜੀਵ ਨੂੰ ਪ੍ਰਮੇਸ਼ਰ ਤੋਂ ਭੁਲ ਦਿੰਦੀ ਹੈ –

***ਧਾਰਨਾ – ਤੁਮਰੇ ਚਰਨ ਵਿਸਾਰੇ ਜੀ,***
***ਇਨ ਮਾਇਆ ਜਗਦੀਸ ਗੁਸਾਈ –2, 2.***

***ਇਨਿ ਮਾਇਆ ਜਗਦੀਸ ਗੁਸਾਈ***
***ਤੁਮਰੇ ਚਰਨ ਬਿਸਾਰੇ॥ ਅੰਗ – 857***

ਵਾਹਿਗੁਰੂ ਤੋਂ ਜੋ ਮੰਗੋ ਮਿਲ ਜਾਂਦਾ ਹੈ, ਪਰੰਤੂ ਇਸ ਜੀਵ ਨੇ ਪ੍ਰਭੂ ਨੂੰ ਵਿਸਾਰ ਦਿੱਤਾ –

***ਜੋ ਮਾਗਹਿ ਸੋਈ ਸੋਈ ਪਾਵਹਿ***
***ਸੇਵਿ ਹਰਿ ਕੇ ਚਰਣ ਰਸਾਇਣ॥ ਅੰਗ – 714***

ਸਾਧ ਸੰਗਤ ਜੀ! ਜਿਹੜਾ ਉਸ ਦੀ ਓਟ ਲਏਗਾ, ਨਾਮ ਜਪੇਗਾਂ, ਜੋ ਕੁਛ ਮੰਗੇਗਾ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ। ਮਨ ਚਿਤ ਇਕਾਗਰ ਕਰਕੇ ਕੁਛ ਮੰਗ ਲਓ, ਉਸੇ ਵੇਲੇ ਮਿਲ ਜਾਂਦਾ ਹੈ। ਵਾਹਿਗੁਰੂ ਤਾਂ ਸਭ ਨੂੰ ਦੇਣਹਾਰ ਹੈ, ਦਿੰਦਾ ਹੀ ਚਲਾ ਜਾਂਦਾ ਹੈ, ਪਰ ਸਾਨੂੰ ਮੰਗਣ ਦੀ ਜਾਚ ਨਹੀਂ ਹੈ ਉਪਰੋਂ

ਉਪਰੋਂ ਮੰਗਦੇ ਹਾਂ, ਜੇ ਦੇ ਦਿੱਤਾ ਤਾਂ ਠੀਕ ਹੈ, ਨਹੀਂ ਤਾਂ ਨਾ ਸਹੀ, ਦਿਲੋਂ ਨਹੀਂ ਮੰਗਦੇ, ਜੇ ਦਿਲੋ ਮੰਗ ਲਓ ਮਿਲ ਜਾਂਦਾ ਹੈ। ਇਕ ਵਾਰੀ ਪਿੰਡ ਰਤਨਗੜ੍ਹ ਵਿਚ ਦੀਵਾਨ ਲਗਿਆ ਹੋਇਆ ਸੀ, ਉਥੇ ਸੰਗਤ ਬਹੁਤ ਬੈਠੀ ਸੀ, ਇਹ ਬਚਨ ਮੇਰੇ ਮੂੰਹ ਵਿਚੋਂ ਨਿਕਲ ਗਿਆ ਕਿ ਜੋ ਮੰਗੋ ਮਿਲ ਜਾਂਦਾ ਹੈ, ਬਹੁਤਿਆਂ ਦੇ ਤਾਂ ਉਪਰੋਂ ਹੀ ਲੰਘ ਗਿਆ ਕਿਉਂਕਿ ਆਦਮੀ ਦੀ ਸੁਰਤੀ ਬਿਰਤੀ ਐਸੀ ਹੁੰਦੀ ਹੈ ਗਹਿਰਾ ਧਿਆਨ ਨਹੀਂ ਦਿੰਦਾ ਕਿ ਕੀ ਕਿਹਾ ਜਾ ਰਿਹਾ ਹੈ। ਉਸ ਦੀਵਾਨ ਦੀ ਸਮਾਪਤੀ ਤੋਂ ਕੋਈ ਇਕ ਮਹੀਨੇ ਬਾਅਦ ਇਕ ਮਾਈ ਨੇ ਰੁਮਾਲਾ ਰੱਖ ਕੇ 50 ਰੁਪਏ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਅੱਗੇ ਮੱਥਾ ਟੇਕਿਆ। ਮੈਂ ਕਿਹਾ ਕਿ ਬੀਬੀ ਇਹ ਪੰਜਾਹ ਰੁਪਏ ਕਾਹਦੇ ਲੈ ਕੇ ਆਈ ਹੈਂ? ਉਹ ਕਹਿਣ ਲੱਗੀ ਕਿ ਸਾਡੇ ਪਿੰਡ ਦੀਵਾਨ ਵਿਚ ਕਿਹਾ ਸੀ ਕਿ ਗੁਰੂ ਮਹਾਰਾਜ ਤੋਂ ਜੋ ਮੰਗੋ ਮਿਲ ਜਾਂਦਾ ਹੈ। ਮੈਨੂੰ ਪੁਰਾਣਾ ਦਮਾ ਹੋਇਆ ਹੋਇਆ ਸੀ। ਡਾਕਟਰਾਂ ਤੋਂ ਰਾਜੀ ਨਹੀਂ ਸੀ ਹੁੰਦਾ, ਮੈਂ ਉਸ ਵਕਤ ਦੀਵਾਨ ਵਿਚ ਕਿਹਾ ਮਹਾਰਾਜ! ਮੈਂ ਹੋਰ ਕੁਛ ਨਹੀਂ ਮੰਗਦੀ ਮੇਰਾ ਦਮਾਂ ਹਟਾ ਦੇ, ਕਹਿੰਦੀ ਮੇਰਾ ਦਮਾਂ ਉਦੋਂ ਹੀ ਹਟ ਗਿਆ। ਮੈਂ ਮਹੀਨਾ ਇਸ ਗੱਲ ਤੇ ਰਹੀ ਕਿ ਦੁਬਾਰਾ ਹੁੰਦਾ ਹੈ ਕਿ ਨਹੀਂ ਹੁੰਦਾ ਤੇ ਅੱਜ ਮੈਂ ਗੁਰੂ ਮਹਾਰਾਜ ਜੀ ਨੂੰ ਰੁਮਾਲਾ ਭੇਟਾ ਲੈ ਕੇ ਆਈ ਹਾਂ ਤੇ ਪੰਜਾਹ ਰੁਪਏ ਲੈ ਕੇ ਆਈ ਹਾਂ। ਸਾਧ ਸੰਗਤ ਜੀ! ਵਾਹਿਗੁਰੂ ਤਾਂ ਐਨਾ ਨੇੜੇ ਹੈ ਪਰ ਸਾਡਾ ਦਿਲ ਨਹੀਂ ਮੰਨਦਾ, ਨਾ ਮੰਨਣ ਕਰਕੇ ਅਸੀਂ ਟੁਟੇ ਰਹਿੰਦੇ ਹਾਂ, ਕਿਹੜੀ ਚੀਜ਼ ਹੈ ਜਿਹੜੀ ਪ੍ਰਮੇਸ਼ਰ ਤੋਂ ਨਹੀਂ ਮਿਲ ਸਕਦੀ ਪਰ ਸਾਨੂੰ ਮੰਗਣਾ ਨਹੀਂ ਆਉਂਦਾ।

*ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥*
*ਘਰਿ ਤ ਤੇਰੈ ਸਭੁ ਕਿਛੁ ਹੈ*
*ਜਿਸੁ ਦੇਹਿ ਸੁ ਪਾਵਏ॥* *ਅੰਗ - 917*

ਅਸੀਂ ਮੰਗ ਤਾਂ ਲੈਂਦੇ ਹਾਂ, ਪਰ ਉਸ ਹਸਤੀ ਦਾ ਧਿਆਨ ਸਾਡੇ ਹਿਰਦੇ ਵਿਚ ਨਹੀਂ ਆਉਂਦਾ, ਉਸ ਨੂੰ ਅਸੀਂ ਭੁੱਲੇ ਰਹਿੰਦੇ ਹਾਂ, ਕਾਰਨ ਇਹ ਹੈ ਕਿ ਮਾਇਆ ਬੜੀ ਪ੍ਰਬਲ ਹੈ।

*ਇਨਿ ਮਾਇਆ ਜਗਦੀਸ ਗੁਸਾਈ*
*ਤੁਮਰੇ ਚਰਨ ਬਿਸਾਰੇ॥*
*ਕਿੰਚਤ ਪ੍ਰੀਤਿ ਨ ਉਪਜੈ ਜਨ ਕਉ*
*ਜਨ ਕਹਾ ਕਰਹਿ ਬੇਚਾਰੇ॥* *ਅੰਗ - 857*

ਸੋ ਕਹਿੰਦੇ, ਬਿਲਕੁਲ ਵੀ ਦਿਲ ਵਿਚ ਦਾਤੇ ਦੀ ਪ੍ਰੀਤ ਨਹੀਂ ਆਉਂਦੀ,

ਸਗੋਂ ਦਾਤੇ ਦੀ ਥਾਂ ਤੇ ਦਿੱਤੀ ਹੋਈ ਦਾਤ ਦਾ ਪਿਆਰ ਪੈ ਜਾਂਦਾ ਹੈ। ਪੁੱਤਰ ਦੇ ਦਿੱਤਾ, ਉਸਨੇ ਉਹਦੇ ਨਾਲ ਪਿਆਰ, ਜਿਹੜਾ ਦੇਣ ਵਾਲਾ ਉਸਨੂੰ ਕੋਈ ਨਹੀਂ ਜਾਣਦਾ। ਸੋ ਇਹ ਕੰਮ ਹੈ ਮਾਇਆ ਦਾ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, "ਅਰਜਨ! ਇਹ ਜੀਵ ਤਾਂ ਭੁਲਦਾ ਹੀ ਭੁਲਦਾ ਹੈ। ਬਹੁਤ ਸਾਰੀਆਂ ਸਮਾਧੀਆਂ ਲਾਉਂਦਾ ਹੈ, ਪਾਠ ਕਰਦਾ ਹੈ, ਹੋਰ ਅਨੇਕ ਕਰਮ ਕਰਦਾ ਹੈ ਪਰ ਪ੍ਰਮੇਸ਼ਰ ਨੂੰ ਤਾਂ 24 ਘੰਟੇ ਹੀ ਭੁਲਿਆ ਰਹਿੰਦਾ ਹੈ ਕਿਉਂਕਿ ਮੇਰੀ ਮਾਇਆ ਪ੍ਰਬਲ ਹੈ। ਕਹਿੰਦਾ, "ਮੈਂ ਨਹੀਂ ਭੁਲਦਾ, ਮੈਨੂੰ ਆਪਣੀ ਮਾਇਆ ਦਿਖਾਓ।" ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਸਾਡੇ ਵਾਸਤੇ ਜਲ ਲੈ ਕੇ ਆ, ਅਸੀਂ ਦਾਤਨ ਕਰਨੀ ਹੈ। ਪਾਣੀ ਕੋਲ ਹੀ ਸੀ। ਉਸਨੇ ਗੜਵਾ ਚੁਕਿਆ ਤੇ ਪਾਣੀ ਭਰਣ ਲਈ ਇਕ ਪੈਰ ਹੇਠਾਂ ਪੌੜੀ ਤੇ ਰਖਿਆ ਜਦ ਗੜਵਾ ਭਰਣ ਲਗਿਆ ਤਾਂ ਭਗਵਾਨ ਨੇ ਮਾਇਆ ਪਾ ਦਿੱਤੀ। ਜਦੋਂ ਮਾਇਆ ਪਈ ਤਾਂ, ਕੀ ਦੇਖਦੈ ਕਿ ਨਾ ਤਾਲਾਬ ਹੈ ਨਾ ਹੱਥ ਵਿਚ ਗੜਵਾ ਹੈ ਤੇ ਭਿਆਨਕ ਜੰਗਲ ਹੈ। ਜੰਗਲ ਦੇ ਵਿਚ ਸ਼ੇਰ ਫਿਰਦੇ ਨਜ਼ਰ ਆਉਂਦੇ ਹਨ, ਵੱਡੇ ਵੱਡੇ ਸੱਪ ਮੂੰਹ ਅੱਡੀ ਆਉਂਦੇ ਨੇ, ਡਰਿਆ ਹੋਇਆ ਦੌੜਿਆ ਜਾਂਦਾ ਹੈ। ਆਵਾਜ਼ਾਂ ਦਿੰਦਾ ਹੈ ਕਿ ਤੁਸੀਂ ਕਿਥੇ ਗਏ, ਹੇ ਕ੍ਰਿਸ਼ਨ ਮਹਾਰਾਜ, ਤੁਸੀਂ ਕਿਥੇ ਗਏ। ਉੱਚੀ ਉੱਚੀ ਪੁਕਾਰਦਾ ਹੈ ਕਿ ਤੁਸੀਂ ਕਿਥੇ ਹੋ, ਮੈਂ ਤਾਂ ਜੰਗਲ ਵਿਚ ਘਿਰ ਗਿਆ ਹਾਂ ਮੈਂ ਤਾਂ ਪਹਿਲਾ ਏਹੋ ਜੇਹਾ ਜੰਗਲ ਕਦੇ ਨਹੀਂ ਦੇਖਿਆ। ਤਿੰਨ ਦਿਨ, ਤਿੰਨ ਰਾਤਾਂ, ਜੰਗਲ ਵਿਚ ਦਰਖਤਾਂ ਤੇ ਪੈ ਕੇ ਤੇ ਏਧਰ ਉਧਰ ਭੱਟਕ ਕੇ ਬੜੀ ਮੁਸ਼ਕਲ ਦੇ ਨਾਲ ਜੰਗਲ ਤੋਂ ਬਾਹਰ ਨਿਕਲਿਆ। ਉਥੇ ਰੋਂਦਾ ਫਿਰਦਾ ਹੈ। ਇਕ ਕੋਈ ਪ੍ਰੇਮੀ ਮਿਲਿਆ, ਇਸ ਨੂੰ ਪੁਛਣ ਲੱਗਾ ਕਿ ਪ੍ਰੇਮੀਆ! ਤੂੰ ਰੋਂਦਾ ਕਿਉਂ ਹੈ? ਕਹਿੰਦਾ, ਰੋਵਾਂ ਨਾ ਤੇ ਹੋਰ ਕੀ ਕਰਾਂ, ਤਿੰਨ ਦਿਨ ਪਹਿਲਾਂ ਕ੍ਰਿਸ਼ਨ ਮਹਾਰਾਜ ਮੇਰੇ ਨਾਲ ਸੀ, ਪਤਾ ਨਹੀਂ ਕਿਥੇ ਚਲੇ ਗਏ, ਮੈਨੂੰ ਲਭਦੇ ਨਹੀਂ, ਨਾ ਹੀ ਮੈਨੂੰ ਉਹ ਰੱਥ ਲਭਦੈ, ਨਾ ਥਾਂ ਲਭਦਾ ਹੈ। ਉਹ ਪ੍ਰੇਮੀ ਕਹਿਣ ਲੱਗਾ ਕਿ ਕ੍ਰਿਸ਼ਨ ਮਹਾਰਾਜ ਜੀ ਨੂੰ ਤਾਂ ਦੁਨੀਆਂ ਤੋਂ ਗਇਆਂ ਨੂੰ 300 ਸਾਲ ਹੋ ਚੁਕੇ ਹਨ। ਕਹਿਣ ਲੱਗਿਆ 300 ਸਾਲ! ਹੁਣੇ ਤਾਂ ਉਹ ਮੇਰੇ ਨਾਲ ਸਨ। ਉਸਨੇ ਕਿਹਾ ਕਿ ਮੈਂ ਅਰਜਨ ਹਾਂ ਤਾਂ ਪ੍ਰੇਮੀ ਨੇ ਕਿਹਾ ਕਿ ਅਰਜਨ ਨੂੰ ਵੀ ਦੁਨੀਆਂ ਤੋਂ ਹੋਏ 300 ਸਾਲ ਗੁਜਰ ਚੁਕੇ ਹਨ। ਜੇ ਤੈਨੂੰ ਯਕੀਨ ਨਹੀਂ ਆਉਂਦਾ, ਤੂੰ ਮੇਰੇ ਨਾਲ ਚਲ, ਨਗਰ ਦੇ ਵਿਚ ਉਥੇ ਮਹਾ ਭਾਰਤ ਦੀ ਕਥਾ ਹੁੰਦੀ ਹੈ। ਉਹ ਉਸਦੇ ਨਾਲ ਨਗਰ ਵਿਚ ਚਲਾ ਗਿਆ। ਉਸਨੇ ਕਥਾ ਵਿਚ ਸੁਣ ਲਿਆ ਤੇ ਹੈਰਾਨ ਹੋ ਗਿਆ, ਕਥਾ ਵਿਚ ਕਹਿੰਦੇ ਕਿ ਮਹਾਭਾਰਤ ਦਾ ਯੁੱਧ ਹੋਇਆ, ਜਿੱਤ ਪਾਂਡਵਾਂ ਦੀ ਹੋਈ, ਉਸ ਤੋਂ ਬਾਅਦ ਪਾਂਡਵਾਂ ਨੇ ਯੱਗ ਕੀਤਾ,

ਉਦਾਸ ਹੋ ਗਏ, ਬਰਫਾਂ ਵਿਚ ਜਾ ਕੇ ਗਲ ਗਏ, ਫੇਰ ਮੁੜਕੇ ਨਹੀਂ ਆਏ। ਫੇਰ ਕ੍ਰਿਸ਼ਨ ਮਹਾਰਾਜ ਜੀ ਬਾਰੇ ਦਸਦੇ ਨੇ ਕਿ ਉਹ ਜੰਗਲ ਦੇ ਅੰਦਰ ਬੈਠੇ ਸੀ, ਤੇ ਇਕ ਬੱਧਕ ਨੇ ਹਰਣ ਦੇ ਭੁਲੇਖੇ ਆ ਕੇ ਬਾਣ ਮਾਰਿਆ, ਉਹ ਵੀ ਚੜਾਈ ਕਰ ਗਏ ਤੇ 300 ਸਾਲ ਹੋ ਚੁਕੇ ਹਨ। ਅਰਜਨ ਭਰਮ ਵਿਚ ਪੈ ਗਿਆ ਕਿ 300 ਸਾਲ, ਇਹ ਗੱਲ ਕੀ ਹੈ? ਮੈਂ ਜਾਗਦਾ ਹਾਂ ਕਿ ਸੁੱਤਾ ਪਿਆ ਹਾਂ। ਉਹ ਜਦ ਆਪਣੇ ਆਪ ਨੂੰ ਅਰਜਨ ਕਹਿੰਦੈ ਤਾਂ ਸਾਰੇ ਹੀ ਕਹਿੰਦੇ ਹਨ ਕਿ ਦੇਖੋ! ਇਹ ਪਾਗਲ, ਪਾਗਲਖਾਨੇ ਵਿਚੋਂ ਆ ਗਿਆ ਹੈ। ਉਹ ਪ੍ਰੇਮੀ ਕਹਿਣ ਲੱਗਿਆ, ਪਿਆਰਿਆ! ਪਰਦੇਸੀਆ! ਤੂੰ ਆਪਣੇ ਆਪ ਨੂੰ ਅਰਜੁਨ ਨਾ ਕਹਿ, ਤੈਨੂੰ ਲੋਕ ਵੱਟੇ ਮਾਰਨਗੇ, ਉਹਨਾਂ ਨੂੰ ਤਾਂ ਹੋਇਆਂ 300 ਸਾਲ ਹੋ ਗਏ ਹਨ, ਇਥੇ ਦਾ ਰਾਜਾ ਨਾਰਾਜ਼ ਹੋ ਜਾਏਗਾ, ਤੈਨੂੰ ਫਾਂਸੀ ਦੀ ਸਜਾ ਦੇ ਦੇਵੇਗਾ। ਕਹਿੰਦਾ, ਤੂੰ ਆਪਣੇ ਆਪ ਨੂੰ ਪਰਦੇਸੀ ਕਿਹਾ ਕਰ। ਅਰਜੁਨ ਆਪਣਾ ਨਾਮ ਭੁਲ ਗਿਆ, ਪਰਦੇਸੀ ਕਹਾਉਣ ਲੱਗ ਗਿਆ। ਉਥੋਂ ਰਾਜੇ ਨੇ ਉਸਦੇ ਬਾਣ ਚਲਾਉਣ ਦੇ ਕਰਤੱਵ ਦੇਖ ਲਏ ਅਤੇ ਉਸਨੂੰ ਆਪਣੀ ਫੌਜ ਦਾ ਵੱਡਾ ਜਰਨੈਲ ਬਣਾ ਦਿੱਤਾ।

ਐਸਾ ਮਸਤ ਹੋਇਆ, ਪ੍ਰਮੇਸਰ ਨੂੰ ਐਸਾ ਭੁਲਿਆ ਕਿ ਜੇ ਕੋਈ ਧਰਮ ਗ੍ਰੰਥ ਪੜਦਾ ਹੈ ਤਾਂ ਨਾਸਤਕਾਂ ਵਾਲੀਆਂ ਗੱਲਾਂ ਕਰਦਾ ਹੈ। ਆਪਣੇ ਮਤਾਹਿਤ ਫੌਜੀਆਂ ਨਾਲ ਬੁਰਾ ਸਲੂਕ ਕਰਦਾ ਤੇ ਗਾਲਾਂ ਕਢਦਾ ਹੈ। ਕਾਬਲ ਜਰਨੈਲ ਹੋਣ ਕਰਕੇ ਇਸਦਾ ਰਾਜੇ ਦੀ ਲੜਕੀ ਨਾਲ ਵਿਆਹ ਹੋ ਗਿਆ। ਦਿਨ ਰਾਤ ਘਰ ਰਹਿੰਦਾ ਹੈ, ਵਿਸ਼ੇ ਵਿਕਾਰਾਂ ਵਿਚ ਮਸਤ ਹੋ ਗਿਆ, ਸ਼ਰਾਬਾਂ ਪੀਣ ਲਗ ਗਿਆ, ਕਬਾਬ ਖਾਣ ਲਗ ਗਿਆ। ਕਈ ਬੱਚੇ ਹੋ ਗਏ, ਕਾਫੀ ਸਮਾਂ ਲੰਘ ਗਿਆ ਤੇ ਉਸ ਤੋਂ ਬਾਅਦ ਘਰਵਾਲੀ ਚੜ੍ਹਾਈ ਕਰ ਗਈ। ਪਤਨੀ ਦੇ ਚੜਾਈ ਕਰਨ ਤੇ ਕਹਿੰਦਾ ਕਿ ਮੈਂ ਵੀ ਇਸ ਦੇ ਨਾਲ ਹੀ ਚਿਤਾ ਵਿਚ ਜਲਾਂਗਾ। ਸਾਰਿਆਂ ਨੇ ਕਿਹਾ ਕਿ ਕਦੇ ਆਦਮੀ ਵੀ ਜਲਿਐ। ਕਹਿੰਦਾ ਮੈਂ ਤਾਂ ਜਲੂੰਗਾ, ਮੈਂ ਇਸ ਤੋਂ ਬਗੈਰ ਜਿੰਦਾ ਨਹੀਂ ਰਹਿ ਸਕਦਾ। ਉਸਨੇ ਹੱਠ ਕੀਤਾ, ਚਿਖਾ ਵੀ ਬਣਾ ਲਈ ਤੇ ਚਿਖਾ ਵਿਚ ਬੈਠਣ ਨੂੰ ਤਿਆਰ ਹੋ ਗਿਆ। ਉਸ ਵੇਲੇ ਕ੍ਰਿਸ਼ਨ ਮਹਾਰਾਜ ਜੀ ਨੇ ਊਧੋ ਨੂੰ ਭੇਜਿਆ ਕਿ ਉਸਨੂੰ ਉਪਦੇਸ਼ ਦੇਵੇ। ਉਸਨੇ ਆ ਕੇ ਉਪਦੇਸ਼ ਦਿਤਾ ਕਿ 'ਤੂੰ ਅਰਜਨ ਹੈ।' ਕਹਿੰਦਾ, ਖਬਰਦਾਰ ਜੇ ਮੈਨੂੰ ਅਰਜਨ ਕਿਹਾ, ਮੈਂ ਪਰਦੇਸੀ ਹਾਂ। ਊਧੋ ਨੇ ਕਿਹਾ ਕਿ ਮੈਨੂੰ ਵੀ ਨਹੀਂ ਪਹਿਚਾਣਦਾ, ਮੈਂ ਊਧੋ ਹਾਂ ਅਰਜਨ ਕਹਿੰਦਾ, 'ਤੂੰ ਪਾਗਲਖਾਨੇ ਵਿਚੋਂ ਤਾਂ ਨਹੀਂ ਆਇਆ, ਕਿਉਂਕਿ ਊਧੋ ਨੂੰ ਤਾਂ ਹੋਏ ਨੂੰ 300 ਸਾਲ ਹੋ ਚੁਕੇ ਹਨ, ਸਾਡੇ ਰੋਜ ਕਥਾ ਹੁੰਦੀ ਹੈ। ਫੇਰ ਨਹੀਂ ਮੰਨਦਾ ਆਖੀਰ ਕ੍ਰਿਸ਼ਨ

ਮਹਾਰਾਜ ਨੇ ਆਪ ਆ ਕੇ ਕਿਹਾ ਹੇ ਅਰਜਨ! ਮੈਂ ਤੇਰੇ ਉਤੇ ਮਾਇਆ ਪਾਈ ਹੋਈ ਹੈ। ਤੂੰ ਕਹਿੰਦਾ ਸੀ ਨਾ ਕਿ ਮੈਂ ਭੁਲਦਾ ਨਹੀਂ, ਤੂੰ ਤਾਂ ਬਿਲਕੁਲ ਹੀ ਭੁੱਲ ਗਿਆ। ਅਰਜਨ ਕਹਿਣ ਲੱਗਿਆ, ਤੂੰ ਕੌਣ ਹੈ? ਕ੍ਰਿਸ਼ਨ ਮਹਾਰਾਜ ਕਹਿੰਦੇ ਕਿ ਹੁਣ ਮੈਨੂੰ ਵੀ ਭੁੱਲ ਗਿਆ, ਮੈਂ ਕ੍ਰਿਸ਼ਨ ਹਾਂ। ਉਸਨੇ ਕਿਹਾ ਕਿ ਉਹਨਾਂ ਨੂੰ ਤਾਂ 300 ਸਾਲ ਹੋ ਗਏ ਸੰਸਾਰ ਤੋਂ ਸਰੀਰ ਅਲੋਪ ਕੀਤਿਆਂ, ਕਿਤੇ ਗਲਤੀ ਨਾਲ ਫੇਰ ਨਾ ਕਹਿ ਦੇਵੀਂ, ਮੈਂ ਪਾਗਲਖਾਨੇ ਵਿਚ ਦੇ ਦਿਆਂਗਾ। ਮੇਰੇ ਕੋਲ ਅਖਤਿਆਰ ਹਨ ਕਿਉਂਕਿ ਮੈਂ ਫੌਜ ਦਾ ਜਰਨੈਲ ਹਾਂ। ਕ੍ਰਿਸ਼ਨ ਮਹਾਰਾਜ ਨੇ ਬੜਾ ਸਮਝਾਇਆ ਤੂੰ ਅਰਜਨ ਹੈਂ, ਇਹ ਸਾਰਾ ਮਾਇਆ ਦਾ ਖੇਲ ਹੋ ਰਿਹਾ ਹੈ, ਤੂੰ ਆਪਣੇ ਆਪ ਨੂੰ ਭੁਲ ਗਿਆ ਹੈ। ਅਖੀਰ ਜਦੋਂ ਨਹੀਂ ਮੰਨਿਆ, ਕ੍ਰਿਸ਼ਨ ਮਹਾਰਾਜ ਜੀ ਨੇ ਮੂੰਹ ਤੇ ਹੌਲਾ ਜਿਹਾ ਥੱਪੜ ਮਾਰ ਕੇ ਮਾਇਆ ਲਾਹ ਦਿੱਤੀ। ਜਦੋਂ ਮਾਇਆ ਉਤਰ ਗਈ ਤਾਂ ਕੀ ਦੇਖਦਾ ਹੈ ਉਹੀ ਤਲਾਬ ਹੈ ਤੇ ਉਹ ਪਾਣੀ ਲੈਣ ਵਾਸਤੇ ਕੰਢੇ ਤੇ ਖੜ੍ਹਾ ਹੈ। ਕ੍ਰਿਸ਼ਨ ਮਹਾਰਾਜ ਨੇ ਆਵਾਜ਼ ਮਾਰੀ ਕਹਿੰਦੇ, ਅਰਜੁਨ! ਪਾਣੀ ਲੈ ਕੇ ਨਹੀਂ ਆਇਆ ਹੁਣ ਥਾਂਈ। ਅਰਜੁਨ ਉਚੀ ਉਚੀ ਰੋਂਦਾ ਹੈ। ਕਹਿੰਦੇ, "ਰੋਂਦਾ ਕਿਉਂ ਹੈ?" ਕਹਿੰਦਾ, "ਮੇਰੀ ਘਰਵਾਲੀ ਚੜ੍ਹਾਈ ਕਰ ਗਈ, ਮੈਨੂੰ ਪਤਾ ਨਹੀਂ ਉਹ ਕਿਥੇ ਰਹਿ ਗਈ।"

ਕ੍ਰਿਸ਼ਨ ਜੀ ਕਹਿੰਦੇ, "ਅਰਜਨ! ਮੈਂ ਤੇਰੇ ਤੇ ਮਾਇਆ ਪਾਈ ਸੀ।" ਕਹਿੰਦਾ, ਮਾਇਆ, ਅਰਜੁਨ ਕਿਹੜਾ, ਅਜੇ ਵੀ ਨਹੀਂ ਮੰਨਦਾ। ਅਖੀਰ ਕ੍ਰਿਸ਼ਨ ਮਹਾਰਾਜ ਜੀ ਨੇ ਮਾਇਆ ਸਮੇਟ ਲਈ, ਉਸ ਨੂੰ ਹੋਸ਼ ਆ ਗਿਆ। ਕਹਿਣ ਲੱਗਾ, "ਮਹਾਰਾਜ! ਬੜੀ ਪ੍ਰਬਲ ਮਾਇਆ ਹੈ। ਕ੍ਰਿਸ਼ਨ ਜੀ ਕਹਿੰਦੇ, ਇਸਨੇ ਹੀ ਸਾਰੇ ਜਗਤ ਨੂੰ, ਕੀ ਪੜ੍ਹੇ ਹੋਏ, ਕੀ ਅਨਪੜ੍ਹ, ਕੀ ਗਿਆਨੀ, ਕੀ ਪੰਡਤ, ਕੀ ਬੈਰਾਗੀ ਸਭ ਨੂੰ ਭੁਲਾਇਆ ਹੋਇਆ ਹੈ। ਇਸ ਮਾਇਆ ਕਾਰਨੇ ਜਗਤ ਨੇ ਪ੍ਰਮੇਸ਼ਰ ਭੁਲਾ ਦਿੱਤਾ।

***ਅਪਨੀ ਮਾਇਆ ਆਪਿ ਪਸਾਰੀ***
***ਆਪਹਿ ਦੇਖਨਹਾਰਾ॥ ਅੰਗ - 537***

ਸਾਧ ਸੰਗਤ ਜੀ, ਹੁਣ ਲੰਘਿਆ ਕਿਵੇਂ ਜਾਵੇ? ਪਿਛਲੇ ਚਾਰ ਦਿਨ ਤੋਂ ਮੈਂ ਏਹੀ ਬੇਨਤੀ ਕਰ ਰਿਹਾ ਹਾਂ ਕਿ ਅਸੀਂ ਪ੍ਰਮੇਸ਼ਰ ਤਕ ਪਹੁੰਚ ਕਿਵੇਂ ਸਕਦੇ ਹਾਂ, ਸਾਡੇ ਪਹੁੰਚਣ ਦਾ ਕੀ ਤਰੀਕਾ ਹੈ। ਕਿਉਂਕਿ ਜਿੰਨਾ ਚਿਰ ਸਾਡੇ ਹੱਥ ਕੋਈ ਹੱਲ ਨਹੀਂ ਆਉਂਦਾ, ਗੱਲਾਂ ਸੁਣੀਆਂ ਹੋਈਆਂ ਕੋਈ ਮਾਇਨੇ ਨਹੀਂ ਰਖਿਆ ਕਰਦੀਆਂ ਤੇ ਜੋ ਹੱਲ ਕੋਈ ਨਾ ਲੱਭਿਆ ਤਾਂ ਵਿਚ ਵਿਚਾਲੇ ਰਹਿ

ਜਾਵਾਂਗੇ। ਇਹ ਤਿੰਨ ਦਰਜੇ ਨੇ, ਇਕ ਕਰਮ ਹੈ, ਇਕ ਉਪਾਸ਼ਨਾ ਹੈ, ਤੇ ਇਕ ਗਿਆਨ ਹੈ। ਇਹ ਤਿੰਨੇ ਹੀ ਸਾਨੂੰ ਰੋਗ ਲਗੇ ਹੋਏ ਨੇ, ਮੈਲ ਲਗੀ ਹੋਈ ਹੈ।

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ॥*** ***ਅੰਗ - 651***

ਦੂਸਰਾ ਇਹ ਹੈ ਕਿ ਮਨ ਟਿਕਦਾ ਨਹੀਂ ਹੈ। ਤੀਸਰਾ ਅਗਿਆਨ ਦਾ ਪਰਦਾ ਹੈ, ਜੋ ਟੁਟਦਾ ਨਹੀਂ ਹੈ। ਸੋ ਇਸ ਨੂੰ ਤੋੜਨ ਵਾਸਤੇ ਨਿਸ਼ਕਾਮ ਕਰਮ ਹੁੰਦਾ ਹੈ। ਉਪਾਸ਼ਨਾ ਜਿਹੜੀ ਹੈ ਮਨ ਨੂੰ ਸ਼ੁਧ ਕਰਦੀ ਹੈ। ਗਿਆਨ ਜਿਹੜਾ ਹੈ, ਭਰਮ ਦਾ ਪਰਦਾ ਦੂਰ ਕਰਦਾ ਹੈ। ਇਸ ਤਰ੍ਹਾਂ ਨਾਲ ਮਾਇਆ ਦਾ ਪਸਾਰਾ ਹੋ ਰਿਹਾ ਹੈ। ਸਾਰੇ ਹੈ ਤਾਂ ਪ੍ਰਮੇਸ਼ਰ ਹੀ, ਪਰ ਜਦ ਤੱਕ ਆਦਮੀ ਨੂੰ ਸੋਝੀ ਨਹੀਂ ਆਉਂਦੀ, ਉਨੀ ਦੇਰ ਤੱਕ ਉਸਨੂੰ ਪਤਾ ਨਹੀਂ ਲਗਦਾ, ਆਪਣੇ ਆਪ ਤੋਂ ਭੁਲਿਆ ਹੋਇਆ ਹੈ। ਜਿਸ ਤਰ੍ਹਾਂ ਅਰਜਨ ਭੁਲ ਗਿਆ ਸੀ, ਇਵੇਂ ਹੀ ਸੰਸਾਰ ਭੁਲਿਆ ਹੋਇਆ ਹੈ।

***ਇਨਿ ਮਾਇਆ ਜਗਦੀਸ ਗੁਸਾਈ***
***ਤੁਮਰੇ ਚਰਨ ਬਿਸਾਰੇ॥*** ***ਅੰਗ - 857***
***ਮਾਇਆ ਮਮਤਾ ਮੋਹਣੀ***
***ਜਿਨਿ ਵਿਣੁ ਦੰਤਾ ਜਗੁ ਖਾਇਆ॥***
***ਅੰਗ - 642***

ਇਹ ਮਾਇਆ ਮੋਹਣੀ ਹੈ ਜੋ ਬਗੈਰ ਦੰਦਾ ਤੋਂ ਸੰਸਾਰ ਨੂੰ ਖਾ ਰਹੀ ਹੈ। ਸੰਸਾਰ ਨੂੰ ਨਾਗਨੀ ਮਾਇਆ ਲੜ ਗਈ ਹੈ ਤੇ ਸਭ ਨੂੰ ਬੇਹੋਸ਼ ਕਰ ਦਿੱਤਾ ਹੈ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਹਨ -

***ਧਾਰਨਾ - ਮਾਇਆ ਹੋ ਕੇ ਨਾਗਨੀ ਲੜ ਗਈ,***
***ਮਨਮੁਖ ਬੰਦਿਆਂ ਦੇ -2, 2.***

***ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥***
***ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥***
***ਗੁਰਮੁਖਿ ਕੋਈ ਗਾਰੜੂ***
***ਤਿਨਿ ਮਲਿ ਦਲਿ ਲਾਈ ਪਾਇ॥*** ***ਅੰਗ - 510***

ਗੁਰਮੁਖ ਤੋਂ ਬਗੈਰ ਸਾਰੇ ਸੰਸਾਰ ਨੂੰ ਮਾਇਆ ਨੇ ਖਾ ਲਿਆ ਹੈ। ਸਾਧ ਸੰਗਤ ਜੀ! ਦੇਖੋ ਕਿੰਨੀ ਅਜੀਬ ਗੱਲ ਹੈ, ਹਰ ਥਾਂ ਵਾਹਿਗੁਰੂ ਪਰੀਪੂਰਨ ਹੈ,

ਪਰ ਇਹ ਦਿਸਦਾ ਕਿਸੇ ਕਿਸੇ ਨੂੰ ਹੈ। ਮਾਇਆ ਨੇ ਆਪਣਾ ਰੂਪ ਦਿਖਾ ਦਿੱਤਾ। ਕਿਤੇ ਪਤੀ ਬਣੀ ਹੋਈ ਹੈ, ਕਿਤੇ ਪਤਨੀ ਬਣੀ ਹੋਈ ਹੈ, ਕਿਤੇ ਧੀ ਬਣੀ ਹੋਈ ਹੈ, ਕਿਤੇ ਪੁੱਤਰ ਬਣੀ ਹੋਈ ਹੈ, ਕਿਤੇ ਭਰਾ ਬਣੀ ਹੋਈ ਹੈ, ਕਿਤੇ ਮਿਤਰ ਬਣੀ ਹੈ, ਕਿਤੇ ਸਰੀਕ ਹੈ, ਕਿਤੇ ਦੁਸ਼ਮਨ ਹੈ, ਕਿਤੇ ਬੇਗਾਨਾ ਹੈ। ਇੰਨੇ ਜਿਆਦਾ ਰੂਪ ਧਾਰ ਕੇ ਉਸਨੇ ਜੀ ਨੂੰ ਰੱਬ ਭੁਲਾ ਦਿਤਾ ਹੈ। ਇਸ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਦਾ ਜੋ ਅਸਲੀ ਸਰੂਪ ਹੈ ਉਹ ਸਾਨੂੰ ਨਹੀਂ ਦਿਸਦਾ ਕਿਉਂਕਿ ਮਾਇਆ ਦੀ ਧੁੰਧ ਪਈ ਹੋਈ ਹੈ। ਅਸਲ ਵੀ ਨਕਲ ਲਗਦਾ ਹੈ। ਜਿਵੇਂ ਰਾਤ ਦੇ ਹਨ੍ਹੇਰੇ ਵਿਚ ਰੱਸੀ ਪਈ ਹੈ, ਦਿਨੇ ਅਸੀਂ ਰੱਸੀ ਨੂੰ ਦੇਖਦੇ ਹਾਂ ਤੇ ਰੱਸੀ ਪਈ ਹੈ। ਹਨ੍ਹੇਰੇ ਵਿਚ ਦੇਖਿਆ ਤਾਂ ਭਰਮ ਪੈ ਗਿਆ ਕਿ ਸੱਪ ਹੈ, ਸਾਰੀ ਰਾਤ ਡਰਦੇ ਰਹੇ, ਜਦ ਦਿਨ ਚੜ੍ਹ ਗਿਆ, ਦੇਖਿਆ ਕਿ ਸੱਪ ਨਹੀਂ ਇਹ ਤਾਂ ਰੱਸੀ ਹੈ। ਰੱਸੀ ਦੇ ਵਿਚ ਸੱਪ ਕਿਵੇਂ ਹੋ ਗਿਆ? ਇਸੇ ਤਰ੍ਹਾਂ ਦੇ ਨਾਲ ਭੁਲੇਖਾ ਪੈ ਗਿਆ। ਇਸ ਜੀਵ ਨੂੰ ਭਰਮ ਪੈ ਗਿਆ। ਹੈ ਤਾਂ ਸਾਰਾ ਪ੍ਰਮੇਸ਼ਰ ਰੂਪ ਲੇਕਿਨ ਪੰਜ ਭਰਮ ਪੈਣ ਦੇ ਨਾਲ ਇਹ ਸੰਸਾਰ ਦੇਖਣਾ ਸ਼ੁਰੂ ਕਰ ਦਿੱਤਾ। ਮਹਾਰਾਜ ਜੀ ਕਹਿੰਦੇ ਹਨ ਕਿ ਇਸ ਜੀਵ ਨੂੰ ਮੋਤੀਆ ਬਿੰਦ ਹੋ ਗਿਆ ਹੈ। ਜਦ ਤਕ ਇਸਦੇ ਨੇਤਰਾਂ ਵਿਚ ਗਿਆਨ ਨਹੀਂ ਆਉਂਦਾ, ਗਿਆਨ ਦਾ ਸੁਰਮਾ ਨਹੀਂ ਪੈਂਦਾ, ਉਨੀ ਦੇਰ ਤੱਕ ਇਸਨੂੰ ਅਸਲੀਅਤ ਦਾ ਪਤਾ ਨਹੀਂ ਲੱਗ ਸਕਦਾ ਅਸਲੀਅਤ ਮਹਾਰਾਜ ਦੱਸੀ ਜਾਂਦੇ ਨੇ –

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***

***ਅੰਗ – 846***

ਪਰ ਸਾਨੂੰ ਤਾਂ ਅਸਲੀਅਤ ਯਾਦ ਨਹੀਂ ਰਹਿੰਦੀ, ਇਹ ਸਾਨੂੰ ਵਾਧੂ ਗੱਲ ਲਗਦੀ ਹੈ ਕਿਉਂਕਿ ਸਾਨੂੰ ਸਭ ਨੂੰ ਮਾਇਆ ਨੇ ਮੋਹਿਆ ਹੋਇਆ ਹੈ। ਇਸਨੇ ਮੋਹ ਕੇ ਸਾਨੂੰ ਮੂਰਛਤ ਅਵਸਥਾ ਤੱਕ ਪਹੁੰਚਾ ਦਿੱਤਾ ਹੈ ਤੇ ਸੁਪਨੇ ਨਾਲ ਸਾਡਾ ਚਿਤ ਲਗ ਗਿਆ ਹੈ। ਇਸਦਾ ਇਲਾਜ ਕੀ ਹੈ? ਮਹਾਰਾਜ ਕਹਿੰਦੇ, ਮਾਇਆ ਦਾ ਮਾਰਣ ਹਰੀ ਨਾਮ ਹੈ। ਜੇਕਰ ਨਾਮ ਅੰਦਰ ਚਲ ਪਏ ਤਾਂ ਮਾਇਆ ਦਾ ਖਾਤਮਾ ਹੋ ਜਾਂਦਾ ਹੈ। ਨਾਮ ਨੂੰ ਅੰਮ੍ਰਿਤ ਕਹਿੰਦੇ ਹਨ ਅੰਮ੍ਰਿਤ ਤੇ ਨਾਮ ਦੋਨੋਂ ਇਕੋ ਹੀ ਚੀਜ਼ ਹੈ। ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਹਨ –

***ਧਾਰਨਾ – ਸੁਣ ਮੇਰੇ ਮਨਾ***
***ਅੰਮ੍ਰਿਤ ਹਰਿ ਹਰਿ ਨਾਮ ਹੈ –2, 2.***
***ਅੰਮ੍ਰਿਤ ਹਰਿ ਹਰਿ ਨਾਮ ਹੈ –2, 2.***

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ॥ ਅੰਗ - 538***

ਅੰਮ੍ਰਿਤ ਉਸ ਨੂੰ ਕਹਿੰਦੇ ਹਨ ਜਿਸ ਨੂੰ ਪੀ ਕੇ ਆਦਮੀ ਦੁਬਾਰਾ ਨਹੀਂ ਮਰਦਾ। ਅੰਮ੍ਰਿਤ ਮੌਤ ਤੋਂ ਰਹਿਤ ਚੀਜ਼ ਹੈ। ਕਹਿੰਦੇ, ਅੰਮ੍ਰਿਤ ਪ੍ਰਮੇਸ਼ਰ ਦਾ ਨਾਮ ਹੈ, ਜੇ ਪ੍ਰਾਪਤ ਹੋ ਜਾਵੇ ਤਾਂ ਦੁਬਾਰਾ ਮੌਤ ਨਹੀਂ ਹੋਇਆ ਕਰਦੀ। ਪਰ ਉਹ ਅੰਮ੍ਰਿਤ ਕਿਥੇ ਹੈ ਉਸ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ***
***ਮਨਮੁਖਾ ਸਾਦੁ ਨ ਪਾਇਆ॥***
***ਜਿਉ ਕਸਤੂਰੀ ਮਿਰਗੁ ਨ ਜਾਣੈ***
***ਭ੍ਰਮਦਾ ਭਰਮਿ ਭੁਲਾਇਆ॥ ਅੰਗ - 644***

ਜਿਵੇਂ ਮ੍ਰਿਗ ਨੂੰ ਨਹੀਂ ਪਤਾ ਹੁੰਦਾ ਕਿ ਉਸਦੀ ਨਾਭੀ ਦੇ ਅੰਦਰ ਕਸਤੂਰੀ ਹੈ, ਉਹ ਝਾੜਾਂ ਦੇ ਵਿਚ ਸੁੰਘਦਾ ਫਿਰਦਾ ਹੈ, ਪਰੰਤੂ ਇਹ ਉਸ ਦੇ ਕੋਲ ਹੈ। ਇਸੇ ਤਰ੍ਹਾਂ ਦੇ ਨਾਲ ਸਾਡੇ ਅੰਦਰ ਪ੍ਰਮੇਸ਼ਰ ਨੇ ਅੰਮ੍ਰਿਤ ਰਚਿਆ ਹੋਇਆ ਹੈ। ਜੇ ਬੰਦੇ ਨੂੰ ਪਤਾ ਲਗ ਜਾਵੇ ਤਾਂ ਛੁਟਕਾਰਾ ਹੋ ਸਕਦਾ ਹੈ। ਮੌਤ ਦੇ ਮੂੰਹ ਵਿਚੋਂ ਨਿਕਲ ਸਕਦਾ ਹੈ। ਮਹਾਰਾਜ ਜੀ ਕਹਿੰਦੇ ਹਨ ਕਿ ਉਹ ਅੰਮ੍ਰਿਤ ਤੇਰੇ ਅੰਦਰ ਹੈ-

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥ ਅੰਗ - 293***

ਤੇ ਇਸਦੀ ਨਿਸ਼ਾਨੀ ਕੀ ਹੈ? ਉਸ ਬਾਰੇ ਫੁਰਮਾਨ ਹੈ।

***ਸੁੰਨ ਸਮਾਧਿ ਅਨਹਤ ਤਹ ਨਾਦ॥ ਅੰਗ - 293***

ਉਥੇ ਕੋਈ ਫੁਰਨਾ ਨਹੀਂ ਹੈ, ਅਫੁਰ ਅਵਸਥਾ ਹੈ ਤੇ ਅਨਹਦ ਨਾਦ ਦੀ ਝੁਨਕਾਰ ਹੋ ਰਹੀ ਹੈ। ਪਹਿਲਾਂ ਵੀ ਮੈਂ ਬੇਨਤੀ ਕੀਤੀ ਸੀ ਕਿ ਅਨਹਦ ਨਾਦ ਕੀ ਹੁੰਦੇ ਹਨ, ਕਿਥੇ ਬੋਲਦੇ ਨੇ, ਕਦੋਂ ਬੋਲਦੇ ਹਨ ਅਤੇ ਸਾਨੂੰ ਕਦੋਂ ਸੁਣਦੇ ਹਨ? ਜੇ ਕੋਈ ਗੱਲ ਕਰਦਾ ਹੈ, ਅਸੀਂ ਭੁਲੇਖਾ ਖਾ ਜਾਂਦੇ ਹਾਂ, ਤਾਂ ਅਸੀਂ ਕਹਿੰਦੇ ਹਾਂ, ਇਹ ਤਾਂ ਕੋਈ ਗੱਲ ਹੀ ਨਹੀਂ ਹੈ। ਸਾਡੇ ਗੁਰੂ ਸਾਹਿਬ ਵੀ ਇਹੋ ਕਹਿੰਦੇ ਹਨ, ਗੁਰੂ ਮਹਾਰਾਜ ਜੀ ਨੇ ਤਾਂ ਸਭ ਗੱਲਾਂ ਦੁਨੀਆਂ ਦੇ ਸਾਮ੍ਹਣੇ ਪ੍ਰਕਾਸ਼ ਕਰਕੇ ਰੱਖ ਦਿੱਤੀਆਂ ਹਨ। ਉਹ ਕਹਿੰਦੇ ਉਥੇ ਅਨਹਦ ਨਾਦ ਹੈ-

***ਕਹਨੁ ਨ ਜਾਈ ਅਚਰਜ ਬਿਸਮਾਦ॥***
***ਅੰਗ - 293***

ਇਨਾ ਜਿਆਦਾ ਅਨੰਦ ਹੈ ਕਿ ਦਸਿਆ ਨਹੀਂ ਜਾ ਸਕਦਾ।

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ॥ ਅੰਗ - 538***

ਜਦ ਗੁਰੂ ਦੀ ਮੱਤ ਨੂੰ ਧਾਰਨ ਕਰ ਲਵਾਂਗੇ, ਫੇਰ ਇਹ ਅੰਮ੍ਰਿਤ ਮਿਲ ਜਾਂਦਾ ਹੈ। ਇਕ ਅੰਮ੍ਰਿਤ ਹੁਣ ਛਕਾ ਰਹੇ ਹਨ, ਇਕ ਹੈ ਜਨਮ ਸੰਸਕਾਰ ਅੰਮ੍ਰਿਤ, ਇਕ ਹੈ ਨਾਮ ਅੰਮ੍ਰਿਤ। ਨਾਮ ਨੂੰ ਪ੍ਰਾਪਤ ਕਰਨ ਵਾਸਤੇ ਇਕ ਕਿਰਿਆ ਹੈ ਜਿਸਦੇ ਕਰਨ ਨਾਲ ਨਾਮ ਨੂੰ ਪ੍ਰਾਪਤ ਕਰਨ ਲਈ ਰਸਤੇ ਤੇ ਪੈ ਜਾਂਦਾ ਹੈ। ਪੰਜ ਪਿਆਰੇ ਸ਼ਬਦ ਦਿੰਦੇ ਨੇ, ਮੰਤ੍ਰ ਦਿੰਦੇ ਨੇ, ਜਿਸ ਨੂੰ ਗੁਰੂ ਦਾ ਸ਼ਬਦ (ਮੰਤ੍ਰ, ਨਾਮ) ਕਹਿੰਦੇ ਨੇ -

***ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।***
***ਭਾਈ ਗੁਰਦਾਸ ਜੀ, ਵਾਰ 13/2***

ਵਾਹਿਗੁਰੂ ਦਾ ਜਾਪ ਜਪ ਕੇ ਅਸੀਂ ਨਾਮ ਤੱਕ ਪਹੁੰਚਣਾ ਹੈ। ਇਹ ਨਾਮ ਸਾਰੇ ਪਰੀਪੂਰਨ ਹੈ। ਸਾਰੇ ਸੰਸਾਰ ਵਿਚ ਇਕ ਸ਼ਕਤੀ ਹੈ। ਇਹ ਵਾਹਿਗੁਰੂ ਤੋਂ ਪ੍ਰਗਟ ਹੋਈ ਹੈ ਜਿਸ ਨੂੰ ਨਾਮ ਕਹਿੰਦੇ ਹਨ। ਪੜ੍ਹ ਕੇ ਦੇਖੋ, ਆਪਾਂ ਰੋਜ਼ ਪੜ੍ਹਦੇ ਹਾਂ '੧ੴ' ਏਕਾ (੧) ਜਿਹੜਾ ਹੈ ੧ੴ ਹੈ। ਲੇਕਿਨ ੧ ਦੇ ਨਾਲ ਓਅੰਕਾਰ ਲਾ ਕੇ ਮਹਾਰਾਜ ਜੀ ਨੇ ਇਕੱਠਾ '੧ੴ' ਬਣਾ ਦਿੱਤਾ ਤਾਂ ਕਿ ਭੁਲੇਖਾ ਨਾ ਪੈ ਜਾਵੇ। ਕਿਉਂਕਿ ੧ੴ ਤਾਂ ਵਾਹਿਗੁਰੂ ਹੈ। ਜੋ ਕਿ ਸਾਕਾਰ ਹਸਤੀ ਹੈ, ਉਹ ਹੀ ਅਕਾਲ ਮੂਰਤ ਹੈ। ਜਿਹੜਾ ਓਅੰਕਾਰ ਹੈ ਉਸਦੀ ਸ਼ਕਤੀ ਹੈ ਨਾਮ। ਮਹਾਰਾਜ ਨੇ ਨਾਲ ਲਿਖ ਦਿੱਤਾ। ਇਹ ਕੋਈ ਦੋ ਨਹੀਂ ਹੋਏ ਇਕੋ ਹੀ ਹੈ, ਸੱਤ ਹਸਤੀ ਹੈ ਅਤੇ ਫੇਰ ਅਗੇ ਨਾਮ ਲਿਖ ਦਿੱਤਾ। ਨਾਮ ਉਹ ਸ਼ਕਤੀ ਹੈ ਜਿਸ ਤੋਂ ਸਾਰਾ ਸੰਸਾਰ ਰਚਿਆ ਗਿਆ ਹੈ। ਇਸ ਸ਼ਕਤੀ ਤਕ ਅਸੀਂ ਇਹ ਮੰਤ੍ਰ ਜਪਕੇ ਜੋ ਪੰਜ ਪਿਆਰਿਆਂ ਨੇ ਦਿੱਤਾ ਹੋਇਆ ਹੈ ਜਾਂ ਦੇਣਾ ਹੈ, ਉਸ ਮੰਤ੍ਰ ਦਾ ਜਾਪ ਵਿਧੀ ਪੂਰਵਕ ਕਰਕੇ ਨਾਮ ਤਕ ਪਹੁੰਚ ਜਾਂਦੇ ਹਾਂ। ਜਦੋਂ ਪਹੁੰਚ ਗਏ ਫੇਰ ਨਾਂ ਕੋਈ ਜਮਦੂਤ ਆਵੇ, ਨਾ ਕਾਲ ਆਵੇ, ਕਾਲ ਨੇੜੇ ਹੀ ਨਹੀਂ ਆਉਂਦਾ ਕਿਉਂਕਿ ਨਾਮ ਪ੍ਰਾਪਤ ਹੋ ਗਿਆ ਹੈ। ਕਹਿੰਦੇ -

***ਕਹਨੁ ਨ ਜਾਈ ਅਚਰਜ ਬਿਸਮਾਦ॥***
***ਅੰਗ - 293***

ਇੰਨਾ ਅਨੰਦ ਹੈ ਕਿ ਕਿਹਾ ਨਹੀਂ ਜਾ ਸਕਦਾ, ਹੁਣ ਉਥੇ ਪਹੁੰਚੀਏ ਕਿਵੇਂ, ਕਿਸ ਤਰੀਕੇ ਨਾਲ ਅਸੀਂ ਜਾਈਏ? ਇਹ ਗੱਲਾਂ ਤਾਂ ਅਸੀਂ ਸਾਰੀਆਂ ਸੁਣ ਲਈਆਂ ਪਰ ਹੁਣ ਪਹੁੰਚੀਏ ਕਿਵੇਂ? ਪਹੁੰਚਣ ਦੀ ਮੈਂ ਬੇਨਤੀ ਕੀਤੀ

ਸੀ ਜੇ ਸਮਰਥ ਗੁਰੂ ਮਿਲ ਜਾਵੇ, ਉਸਦੇ ਕੋਲ ਇਹ ਚੀਜ਼ ਹੋਇਆ ਕਰਦੀ ਹੈ।

*ਸਤਿਗੁਰ ਸੇਵੈ ਲਗਿਆ*
*ਕਢਿ ਰਤਨੁ ਦੇਵੈ ਪਰਗਾਸਿ॥* *ਅੰਗ - 41*

ਜਦੋਂ ਅਸੀਂ ਸਤਿਗੁਰੂ ਦੀ ਸੇਵਾ ਕਰਦੇ ਹਾਂ ਤਾਂ ਉਹ ਨਾਮ ਰਤਨ ਪ੍ਰਕਾਸ਼ ਕਰਕੇ ਦੇ ਦਿੰਦਾ ਹੈ। ਹੋਰ ਕਿਤੇ ਨਾਮ ਹੁੰਦਾ ਹੀ ਨਹੀਂ।

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ॥* *ਅੰਗ - 918*

ਇਹ ਅੰਮ੍ਰਿਤ ਨਾਮ ਕੇਵਲ ਗੁਰੂ ਕੋਲ ਹੈ, ਹੋਰ ਕਿਸੇ ਕੋਲ ਨਹੀਂ। ਸਮਰੱਥ ਗੁਰੂ ਹੀ ਨਾਮ ਦੇ ਸਕਦਾ ਹੈ। ਸੋ ਜਦੋਂ ਅਸੀਂ ਨਾਮ ਅੰਮ੍ਰਿਤ ਲੈਂਦੇ ਹਾਂ, ਇਸਦਾ ਅਭਿਆਸ ਕਰਦੇ ਕਰਦੇ ਜਦੋਂ ਅਸੀਂ ਬ੍ਰਹਮ ਅੰਮ੍ਰਿਤ ਦੇ ਮੰਡਲ ਵਿਚ ਪਹੁੰਚਦੇ ਹਾਂ, ਉਥੇ ਸਮਰਥ ਗੁਰੂ ਸਾਨੂੰ ਸੇਧ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਸਮਰਥ ਗੁਰੂ ਹਨ, ਜਿਨਾਂ ਤੋਂ ਸੇਧ ਲੈ ਕੇ ਸਾਨੂੰ ਅੰਮ੍ਰਿਤ ਪ੍ਰਾਪਤ ਹੋ ਜਾਂਦਾ ਹੈ। ਮਹਾਤਮਾ ਮਦਦ ਕਰਦੇ ਨੇ, ਗੁਰੂ ਅਤੇ ਮਹਾਤਮਾ ਅਲਗ ਨਹੀਂ ਹੋਇਆ ਕਰਦੇ, ਦੋ ਨਹੀਂ ਹੋਇਆ ਕਰਦੇ। ਉਹਨਾਂ ਦੀ ਮੈਂ ਮਿਟ ਚੁਕੀ ਹੁੰਦੀ ਹੈ।

*ਧਾਰਨਾ - ਸਾਂਈ ਹੀ ਵਰਗੇ ਨੇ*
*ਵਿਸਰੇ ਨਾ ਨਾਮ ਜਿਨ੍ਹਾਂ ਨੂੰ-2*
*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਅੰਗ - 397*

*ਜਿਨਾ ਸਾਸਿ ਗਰਾਸਿ ਨ ਵਿਸਰੈ*
*ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥*
*ਅੰਗ - 319*

ਸਾਧ ਸੰਗਤ ਜੀ! ਗੁਰੂ ਮਹਾਰਾਜ ਜੀ ਕਹਿੰਦੇ ਨੇ ਉਹਨਾਂ ਦਾ ਦਰਜਾ ਕਿਵੇਂ ਦਾ ਹੁੰਦਾ ਹੈ -

*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*
*ਅੰਗ - 397*

*ਸੰਤ ਅਨੰਤਹਿ ਅੰਤਰੁ ਨਾਹੀ॥*
*ਅੰਗ - 486*

ਦੋਨਾਂ ਵਿਚ ਭੇਦ ਨਹੀਂ ਹੁੰਦਾ, ਭੇਦ ਨਾ ਹੋਣ ਕਰਕੇ ਵਖਰੀ ਹਸਤੀ ਨਹੀਂ ਹੁੰਦੀ, ਗੁਰੂ ਮਹਾਰਾਜ ਜੀ ਦਾ ਜੋ ਗਿਆਨ ਹੈ ਪ੍ਰਕਾਸ਼ ਹੈ, ਦੂਜਿਆਂ ਦੇ ਹਿਰਦਿਆਂ ਵਿਚ ਪ੍ਰਵੇਸ਼ ਕਰਨ ਨੂੰ ਹੋਇਆ ਕਰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਜਿਸ ਅੰਮ੍ਰਿਤ ਦੀ ਅਸੀਂ ਖੋਜ ਕਰਦੇ ਹਾਂ, ਦੇਵਤੇ ਖੋਜ ਕਰਦੇ ਹਨ ਉਹ ਕੇਵਲ ਇਨਸਾਨ ਦੇ ਹਿੱਸੇ ਵਿਚ ਹੈ, ਦੇਵਤਿਆਂ ਦੇ ਹਿੱਸੇ ਵਿਚ ਨਹੀਂ ਹੈ ਅਤੇ ਨਾ ਹੀ ਕਿਤੇ ਬਾਹਰ ਹੈ। ਇਸ ਸਰੀਰ ਵਿਚੋਂ ਹੀ ਅੰਮ੍ਰਿਤ ਪ੍ਰਗਟ ਹੁੰਦਾ ਹੈ। ਤਰੀਕਾ ਕੀ ਹੈ, ਪਹਿਲਾ ਤਰੀਕਾ ਹੈ ਕਿ ਗੁਰੂ ਵਾਲੇ ਬਣੋ, ਫੇਰ ਇਹ ਹੈ ਕਿ ਗੁਰੂ ਦੇ ਉਤੇ ਪ੍ਰਤੀਤ ਕਰੋ –

***ਜਾ ਕੈ ਮਨਿ ਗੁਰ ਕੀ ਪਰਤੀਤਿ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥***

***ਅੰਗ – 283***

ਉਸ ਤੋਂ ਬਾਅਦ ਇਹ ਹੈ ਕਿ ਪਹਿਲਾ 'ਵਾਹਿਗੁਰੂ' ਤੇ ਭਰੋਸਾ ਆਵੇ। ਭਰੋਸਾ ਆਵੇਗਾ ਤਾਂ ਗੱਲ ਚਲਣੀ ਹੈ, ਨਹੀਂ ਤਾਂ ਚਲਣੀ ਨਹੀਂ ਹੈ। ਦੂਸਰਾ ਗੁਰੂ ਤੇ ਭਰੋਸਾ ਆਵੇ। ਗੁਰੂ ਤੇ ਗੋਬਿੰਦ ਇਕੋ ਹੀ ਹਨ, ਦੋ ਨਹੀਂ ਹੋਇਆ ਕਰਦੇ। ਤੀਸਰਾ ਭਰੋਸਾ ਹੁੰਦਾ ਹੈ ਮੰਤਰ ਉਤੇ, ਜੋ ਮੈਨੂੰ ਮੰਤਰ ਮਿਲ ਗਿਆ ਹੈ, ਇਸਨੇ ਮੈਨੂੰ ਤਾਰ ਦੇਣਾ ਹੈ।

ਮਹਾਰਾਜ ਜੀ! ਕਹਿੰਦੇ ਨਾਵਾਂ ਦਾ ਤਾਂ ਅੰਤ ਹੀ ਨਹੀਂ ਹੈ। ਗੁਰੂ ਮਹਾਰਾਜ ਜੀ ਨੇ ਜਾਪੁ ਸਾਹਿਬ ਵਿਚ ਅਕਾਲ ਉਸਤਤਿ ਵਿਚ ਬੇਅੰਤ ਨਾਮ ਲਿਖੇ ਹਨ। ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਇਹਨਾਂ ਨਾਵਾਂ ਨੂੰ ਉਚਾਰਣ ਵਾਲਾ ਸ਼ੇਸ਼ਨਾਗ ਨਾਮ ਦੇ ਬਲ ਕਰਕੇ, ਉਚਾਰਣ ਦੇ ਬਲ ਕਰਕੇ, ਸਾਰੇ ਬ੍ਰਹਿਮੰਡਾਂ ਦਾ ਸੰਤੁਲਨ ਕਾਇਮ ਰਖ ਰਿਹਾ ਹੈ, ਉਸ ਦੇ ਮੁਖ ਤੋਂ ਰੋਜ਼ ਨਵੇਂ ਨਾਮ ਨਿਕਲਦੇ ਹਨ। ਗੁਰੂ ਨਾਨਕ ਦੇਵ ਜੀ ਕਹਿੰਦੇ, ਲੜਾਈ ਨਾ ਕਰੋ ਨਾਵਾਂ ਪਿੱਛੇ। ਜਿਹੜਾ ਗੁਰੂ ਤੋਂ ਨਾਮ ਪ੍ਰਾਪਤ ਹੋਇਆ ਹੈ, ਉਸ ਤੇ ਭਰੋਸਾ ਕਰੋ।

ਇਕ ਐਸੀ ਸਾਖੀ ਆਉਂਦੀ ਹੈ, ਇਕ ਮਹਾਤਮਾ ਦੇ ਅਧਿਆਤਮਕ ਇਤਿਹਾਸ ਅੰਦਰ ਕਿ ਇਕ ਮਹਾਤਮਾ ਸੀ, ਉਹਨਾਂ ਕੋਲ ਇਕ ਸਿਧਾ ਸਾਦਾ ਸਰਲ ਸੁਭਾਅ ਦਾ ਬੰਦਾ ਆਇਆ ਜੋ ਸਤਸੰਗ ਕਰਿਆ ਕਰਦਾ ਸੀ। ਉਸਦੇ ਮਨ ਵਿਚ ਸ਼ੌਂਕ ਆਇਆ ਕਿ ਕਿਸੇ ਪੂਰਨ ਮਹਾਤਮਾ ਕੋਲ ਚਲੀਏ ਤੇ ਰਸਤਾ ਪੁਛੀਏ, ਕਿਉਂਕਿ ਸਾਧ ਸੰਗਤ ਜੀ! ਰਸਤਾ ਦਸਣਾ ਮਹਾਤਮਾ ਦੀ ਡਿਊਟੀ ਹੈ –

***ਕਬੀਰ ਸੇਵਾ ਕਉ ਦੁਇ ਭਲੇ***

*ਏਕੁ ਸੰਤੁ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥*
*ਅੰਗ - 1373*

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ॥* *ਅੰਗ - 749*

ਉਹ ਇਕ ਪੂਰਨ ਮਹਾਤਮਾ ਦੀ ਸ਼ਰਣ ਵਿਚ ਚਲਾ ਗਿਆ। ਮਹਾਤਮਾ ਕਹਿਣ ਲੱਗੇ, ਪ੍ਰੇਮੀਆ! ਜਿਹੜੀ ਚੀਜ਼ ਤੂੰ ਮੰਗਦਾ ਹੈ, ਇੰਨੀ ਛੇਤੀ ਨਹੀਂ ਮਿਲਿਆ ਕਰਦੀ। ਪਹਿਲਾਂ ਤੂੰ ਚੰਗੇ ਕਰਮ ਕਰਕੇ ਆਪਣੇ ਅੰਤਸ਼ਕਰਣ ਨੂੰ ਸਾਫ ਕਰ, ਜਿਹੜੀਆਂ ਨਿੰਦਿਆਂ, ਚੁਗਲੀ ਵਗੈਰਾ ਇਹਨਾਂ ਕੁਰਹਿਤਾਂ ਛੱਡ ਕੇ, ਸੇਵਾ ਕਰ, ਜਦੋਂ ਸਮਾਂ ਆਏਗਾ ਅਸੀਂ ਤੈਨੂੰ ਦਸ ਦਵਾਂਗੇ। ਅੱਠ ਸਾਲ ਲੰਘਣ ਤੋਂ ਬਾਅਦ ਉਸ ਦੇ ਮਨ ਵਿਚ ਖਿਆਲ ਆਇਆ ਕਿ ਮੈਨੂੰ ਇੰਨਾ ਚਿਰ ਹੋ ਗਿਆ ਹੈ ਸੇਵਾ ਕਰਦਿਆਂ ਨੂੰ, ਡੰਗਰਾਂ ਦਾ ਗੋਹਾ ਚੁਕਦਾ ਹਾਂ, ਡੰਗਰਾਂ ਨੂੰ ਸਾਂਭਦਾ ਹਾਂ, ਪੱਠੇ ਪਾਉਂਦਾ ਹਾਂ ਤੇ ਅਜੇ ਤਕ ਮਹਾਤਮਾ ਨੇ ਮੈਨੂੰ ਮੰਤਰ ਨਹੀਂ ਦਿੱਤਾ। ਇਸ ਤਰ੍ਹਾਂ ਨਾਲ ਹੋਰ ਕਿੰਨਾ ਸਮਾਂ ਲੰਘੇਗਾ, ਮੇਰਾ ਤਾਂ ਕੁਝ ਬਣਨਾ ਨਹੀਂ। ਮਹਾਤਮਾ ਨੇ ਨਿਗਾਹ ਰਖੀ ਹੋਈ ਹੈ ਕਿ ਜਦੋਂ ਇਹ ਸਹੀ ਹੋਏਗਾ, ਤਾਂ ਉਸੇ ਵੇਲੇ ਇਸਨੂੰ ਮੰਤਰ ਦੇ ਦੇਵਾਂਗਾ ਕਿਉਂਕਿ ਜਦ ਤਕ ਬੰਦਾ ਸਹੀ ਨਹੀਂ ਹੋ ਜਾਂਦਾ ਉਸਨੂੰ ਦਿੱਤਾ ਹੋਇਆ ਮੰਤਰ ਚਲਦਾ ਨਹੀਂ ਹੁੰਦਾ। ਦੋਨੋਂ ਪਾਸੇ ਜ਼ਰੂਰੀ ਹੈ, ਇਕ ਪਾਸੇ ਤਾਂ ਜਿਹੜਾ ਮੰਤਰ ਦਿੰਦਾ ਹੈ ਉਹ ਪੂਰਨ ਹੋਣਾ ਚਾਹੀਦਾ ਹੈ, ਸ਼ਕਤੀ ਵਾਲਾ ਹੋਣਾ ਚਾਹੀਦਾ ਹੈ। ਗੁਰੂ ਘਰ ਦੇ ਅੰਦਰ ਇਕ ਦੀ ਥਾਂ ਤੇ ਪੰਜ ਰਖ ਦਿੱਤੇ ਗਏ ਹਨ ਤੇ ਥੋੜਾ ਇਸ ਅੰਮ੍ਰਿਤ ਦੀ ਸ਼ਕਤੀ ਬਾਰੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਜੋ ਮੈਂ ਪਿਛਲੇ ਸਾਲ ਵੀ ਦਸਿਆ ਸੀ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਅੰਮ੍ਰਿਤ ਬਾਰੇ ਆਪਣੀ ਪੁਸਤਕ ਵਿਚ ਲਿਖਿਆ ਹੈ। ਉਹ ਲਿਖਦੇ ਹਨ ਕਿ ਲੁਧਿਆਣੇ ਖਾਲਸਾ ਸਕੂਲ ਦੇ ਵਿਚ ਬੱਚਿਆਂ ਨੂੰ ਅੰਮ੍ਰਿਤ ਛਕਾਉਣਾ ਸੀ। ਪੰਜਾਂ ਪਿਆਰਿਆਂ ਵਿਚੋਂ ਚਾਰ ਤਾਂ ਆ ਗਏ, ਇਕ ਨਹੀਂ ਸੀ ਲਭ ਰਿਹਾ, ਉਹਨਾਂ ਨੇ ਕਿਹਾ ਅਰਦਾਸ ਕਰੋ ਕਿ ਇਕ ਵੀ ਆ ਜਾਵੇਗਾ। ਉਹਨਾਂ ਨੇ ਅਰਦਾਸ ਕਰੀ ਜਦੋਂ ਅਰਦਾਸ ਹੋ ਗਈ, ਕੀ ਦੇਖਦੇ ਨੇ ਪੰਜਵੇਂ ਵੀ ਪਿਛੇ ਖੜੇ ਹਨ। ਇਹ ਪੰਜਵੇਂ ਪਿਆਰੇ ਤੁਹਾਡੇ ਬੀਜੀ ਦੇ ਪਿਤਾ ਜੀ ਸਨ। ਭਾਈ ਸਾਹਿਬ ਕਹਿਣ ਲੱਗੇ ਆ ਗਏ। ਕਹਿੰਦੇ ਤੁਸੀਂ ਯਾਦ ਕਰਿਆ ਤੇ ਮੈਂ ਆ ਗਿਆ। ਪਿਛਲੇ ਸਿੰਘਾਂ ਦੀਆਂ ਗੱਲਾਂ ਅਜੀਬ ਹੋਇਆ ਕਰਦੀਆਂ ਸਨ। ਹੁਣ ਦੇ ਕਿਸੇ ਵੀ ਸੰਤ ਵਿਚ ਇਹ ਤਾਕਤ ਨਹੀਂ ਹੈ। ਉਹ ਜ਼ਮਾਨਾ ਹੋਰ ਸੀ। ਹੁਣ ਦਾ ਜ਼ਮਾਨਾ ਉਹਨਾਂ ਦੇ ਜ਼ਮਾਨੇ ਨਾਲ

ਰਲਦਾ ਨਹੀਂ ਹੈ। ਹੁਣ ਦਾ ਜ਼ਮਾਨਾ ਚੰਚਲ ਬਿਰਤੀ ਦਾ ਆ ਗਿਆ ਹੈ। ਗੱਲ ਬਹੁਤੀ ਵੱਧ ਹੋ ਗਈ ਹੈ ਤੇ ਕਰਨੀ ਕਮਾਈ ਘਟ ਗਈ ਹੈ। ਅੰਮ੍ਰਿਤ ਦਾ ਬਾਟਾ ਤਿਆਰ ਹੋ ਗਿਆ, ਪਿਤਾ ਜੀ ਦੀ ਵਾਰੀ ਆ ਗਈ ਤੇ ਉਹਨਾਂ ਨੇ ਇਕ ਫਲੇਹਾਲ ਪਿੰਡ ਦੇ ਬੱਚੇ ਨੂੰ ਜੋ ਦਸਵੀਂ ਜਮਾਤ ਦਾ ਸੀ, ਉਸਨੂੰ ਪੰਜ ਚੁਲੇ ਪਿਲਾਏ, ਪੰਜ ਕੇਸਾਂ ਵਿਚ ਤੇ ਫੇਰ ਮਰਿਆਦਾ ਅਨੁਸਾਰ ਨੇਤਰਾਂ ਵਿਚ ਪਾਏ। ਜਦੋਂ ਆਖਰੀ ਚੂਲਾ ਪਾਉਣ ਲਗੇ, ਨੇਤਰਾਂ ਵਿਚ ਨੇਤਰ ਪਾ ਕੇ ਦੇਖਿਆ, ਉਹ ਦੇਖਣ ਦੀ ਦੇਰ ਸੀ ਕਿ ਜਦੋਂ ਛਿਟਾ ਮਾਰਿਆ ਕਹਿੰਦੇ ਬੋਲ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥ ਉਸਨੇ ਵਾਹਿਗੁਰੂ ਜੀ ਕਾ ਖਾਲਸਾ ਤਾਂ ਕਹਿ ਦਿੱਤਾ, ਫਤਹਿ ਨਾ ਕਹਿ ਹੋਈ। ਬਿਰਤੀ ਉਤੇ ਚੜ੍ਹ ਗਈ, ਸਹਿ ਨਾ ਸਕਿਆ। ਭਾਈ ਸਾਹਿਬ ਭਾਈ ਰਣਧੀਰ ਸਿੰਘ ਬਾਪੂ ਜੀ ਨੂੰ ਕਹਿਣ ਲੱਗੇ ਇਹ ਕੀ ਗੱਲ ਹੈ? ਬਾਪੂ ਜੀ ਨੇ ਕਿਹਾ ਨੇਤਰਾਂ ਦਾ ਜਿਹੜਾ ਜਲਾਲ ਸੀ ਉਹ ਸਿਧਾ ਇਸਦੇ ਨੇਤਰਾਂ ਵਿਚ ਪੈ ਗਿਆ। ਕਹਿਣ ਲੱਗੇ ਹੁਣ ਕੀ ਹੋਵੇਗਾ? ਬਾਪੂ ਜੀ ਨੇ ਉਤਰ ਦਿਤਾ ਕਿ ਹੁਣ 56 ਘੰਟੇ ਤੋਂ ਬਾਅਦ ਇਸ ਦੀ ਸੁਰਤ ਨੀਚੇ ਉਤਰੇਗੀ ਉਸ ਤੋਂ ਬਾਅਦ ਉਸ ਬੱਚੇ ਨੂੰ ਚੁਕਿਆ ਤੇ ਚੁਕਕੇ ਇਸ ਪਾਸੇ ਬਿਠਾ ਦਿੱਤਾ। ਬਾਕੀ ਸਾਰੇ ਸਕੂਲ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਅਖੰਡ ਪਾਠ ਸ਼ੁਰੂ ਕਰ ਲਏ। ਤਿੰਨ ਦਿਨ ਪੂਰੇ 48 ਘੰਟੇ ਬਾਅਦ ਆਸਾ ਦੀ ਵਾਰ ਸ਼ੁਰੂ ਹੋ ਗਈ, ਕੀਰਤਨ ਹੋਇਆ ਤੇ ਜਦੋਂ 56 ਘੰਟੇ ਹੋ ਗਏ ਤਾਂ ਉਹ ਬੱਚਾ ਹਿਲਿਆ, ਹਿਲਕੇ ਉਪਰ ਨੂੰ ਉਡਣ ਲਗ ਪਿਆ। ਸਾਰੀ ਸੰਗਤ ਤੋਂ ਉਚਾ ਹੋ ਗਿਆ। ਜਦੋਂ ਹੋਰ ਉਚਾ ਹੋ ਗਿਆ ਉਸਨੇ ਆਪਣੀ ਚੌਂਕੜੀ ਖੋਲ ਲਈ, ਜਿਵੇਂ ਮੱਛੀ ਪਾਣੀ ਵਿਚ ਤੈਰਦੀ ਹੈ, ਇਵੇਂ ਵਿਚ ਵਿਚਾਲੇ ਨਾ ਛੱਤ ਨਾਲ ਲਗਿਆ ਹੋਇਆ, ਨਾ ਧਰਤੀ ਨਾਲ ਲਗਿਆ, ਸੰਗਤ ਦੇ ਉਪਰ ਤੋਂ ਤੈਰਦਾ ਫਿਰਦਾ ਹੈ। ਭਾਈ ਸਾਹਿਬ ਕਹਿੰਦੇ ਸਾਡੇ ਉਤੋਂ ਦੀ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਆ ਕੇ ਲੰਬੇ ਹੱਥ ਕਰ ਲਏ ਤੇ ਲੰਮਾਂ ਪੈ ਗਿਆ, ਡੰਡਉਤਿ ਕਰਨ ਲਗ ਪਿਆ। ਬਾਪੂ ਜੀ ਉਠ ਕੇ ਆਏ। ਕਹਿੰਦੇ, ਭਾਈ ਸਾਹਿਬ ਲਾਵਾਂ ਦਾ ਕੀਰਤਨ ਸ਼ੁਰੂ ਕਰੋ। ਕਹਿੰਦੇ, ਇਸ ਵੇਲੇ ਇਸ ਦੀ ਜੋ ਰੂਹ ਹੈ ਉਹ ਨਿਰੰਕਾਰ ਦੇ ਦਰ ਤੇ ਖੜੀ ਸੰਜੋਗ ਮੰਗ ਰਹੀ ਹੈ। ਲਾਵਾਂ ਜਗਿਆਸੂਆਂ ਵਾਸਤੇ ਸਹਾਇਕ ਹੁੰਦੀਆਂ ਹਨ ਪਰ ਅਸੀਂ ਇਸ ਨੂੰ ਸੰਸਾਰਕ ਵਿਆਹ ਵਾਸਤੇ ਵਰਤਦੇ ਹਾਂ।

ਕਹਿੰਦੇ, ਹੁਣ ਲਾਵਾਂ ਪੜ੍ਹੋ, ਲਾਵਾਂ ਪੜ੍ਹੀਆਂ ਗਈਆਂ ਤੇ ਉਸ ਤੋਂ ਬਾੱਦ ਉਹ ਬੱਚਾ ਹੇਠਾਂ ਉਤਰਿਆ, ਸਰੀਰ ਵਿਚ ਆਇਆ ਤੇ ਉਸ ਨੂੰ ਹੋਸ਼ ਆਈ। ਕਹਿੰਦੇ, ਜਦੋਂ ਇਹ ਸਾਰੀ ਗੱਲ ਹੋ ਗਈ, ਤਾਂ ਅਸੀਂ ਪੰਜ ਪਿਆਰਿਆਂ ਨੂੰ

ਕਿਹਾ, ਹੁਣ ਜਿਹੜੇ ਬੱਚੇ ਰਹਿ ਗਏ ਹਨ ਇਹਨਾਂ ਉਤੇ ਜਲਾਲ ਨਾ ਪੂਰਾ ਲਾਇਓ, ਥੋੜਾ ਥੋੜਾ ਜਿੰਨਾ ਸਹਿੰਦੇ ਨੇ, ਉਨਾ ਹੀ ਲਾਇਓ। ਸਾਧ ਸੰਗਤ ਜੀ! ਇਹ ਉਹ ਚੀਜ਼ਾਂ ਨੇ ਜਿਹੜੀਆਂ ਸਾਨੂੰ ਨੋਟ ਕਰਨੀਆਂ ਚਾਹੀਦੀਆਂ ਹਨ। ਪੰਜ ਪਿਆਰਿਆਂ ਵਿਚ ਕਿੰਨੀ ਸ਼ਕਤੀ ਹੁੰਦੀ ਹੈ, ਪੰਜ ਪਿਆਰੇ ਉਹੀ ਹੁੰਦੇ ਨੇ, ਜਿਹੜੇ ਗੁਰੂ ਦੇ ਪਿਆਰੇ ਹੋਣ, ਮਾਇਆ ਦੇ ਪਿਆਰੇ ਨਾ ਹੋਣ ਤੇ ਆਪਣੇ ਨਾਮ ਦੇ ਪਿਆਰੇ ਨਾ ਹੋਣ ਇਸ ਕਰਕੇ ਕੇਵਲ ਗੁਰੂ ਦੇ ਪਿਆਰਿਆਂ ਨੂੰ ਹੀ ਪੰਜ ਪਿਆਰੇ ਕਿਹਾ ਜਾਂਦਾ ਹੈ।

***ਅੰਤਰਿ ਗੁਰੁ ਆਰਾਧਣਾ***
***ਜਿਹਵਾ ਜਪਿ ਗੁਰ ਨਾਉ॥***
***ਨੇਤ੍ਰੀ ਸਤਿਗੁਰੁ ਪੇਖਣਾ***
***ਸ੍ਰਵਣੀ ਸੁਨਣਾ ਗੁਰ ਨਾਉ॥***
***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥ ਅੰਗ - 517***

ਪੰਜ ਪਿਆਰੇ ਨਾਮ ਦੇ ਰੰਗ ਨਾਲ ਰੱਤੇ ਹੁੰਦੇ ਨੇ, ਉਸ ਰੰਗ ਰੱਤੀ ਅਵਸਥਾ ਨਾਲ ਉਹ ਨਾਮ ਮੰਤਰ ਦੀ ਦਾਤ ਦਿੰਦੇ ਨੇ, ਉਸ ਮੰਤਰ ਦੀ ਫੇਰ ਅਸੀਂ ਕਮਾਈ ਕਰਦੇ ਹਾਂ, ਗੁਰ ਮੰਤਰ ਤੇ ਪੂਰਨ ਭਰੋਸਾ ਹੋਣਾ ਚਾਹੀਦਾ ਹੈ। ਸੋ ਉਹ ਮਹਾਤਮਾ ਪੂਰਨ ਮਹਾਤਮਾ ਸੀ ਤੇ ਉਸ ਪ੍ਰੇਮੀ ਨੇ ਕਿਹਾ ਅੱਠ ਸਾਲ ਹੋ ਗਏ ਮੈਨੂੰ ਸੇਵਾ ਕਰਦੇ ਨੂੰ ਤੇ ਅਜੇ ਨਾਮ ਤਾਂ ਮਿਲਿਆ ਨਹੀਂ। ਆਮਤੌਰ ਤੇ ਅਸੀਂ ਮੰਤਰ ਨੂੰ ਨਾਮ ਕਹਿੰਦੇ ਹਾਂ। ਸਾਰੇ ਕਹਿੰਦੇ ਨੇ ਫਲਾਣੇ ਥਾਂ ਤੋਂ ਨਾਮ ਲੈ ਲੋ। ਮੈਨੂੰ ਇਕ ਪ੍ਰੇਮੀ ਮਿਲਿਆ ਕਹਿੰਦਾ ਮੈਨੂੰ ਨਾਮ ਦੇ ਮੈਂ ਉਸਨੂੰ ਪੁਛਿਆ ਕਿ ਅੰਮ੍ਰਿਤ ਛਕਿਆ ਹੋਇਆ ਹੈ, ਕਹਿੰਦਾ ਹਾਂ। ਮੈਂ ਉਸ ਨੂੰ ਕਿਹਾ ਕਿ ਤੈਨੂੰ ਪੰਜ ਪਿਆਰਿਆਂ ਨੇ ਦੇ ਤਾਂ ਦਿੱਤਾ। ਕਹਿੰਦਾ, ਨਹੀਂ ਤੁਸੀਂ ਦੇ ਦਿਓ। ਮੈਂ ਕਿਹਾ ਮੇਰੇ ਕੋਲ ਕਿਹੜਾ ਕੋਈ ਹੋਰ ਹੈ। ਪੰਜ ਪਿਆਰੇ ਮੰਤਰ ਦਿੰਦੇ ਨੇ-

***ਵਾਹਿਗੁਰੂ ਗੁਰਮੰਤ੍ਰ ਹੈ ਜਪ ਹਉਮੈ ਖੋਈ॥***
***ਭਾਈ ਗੁਰਦਾਸ ਜੀ, ਵਾਰ 13/2***

ਇਹ ਸ਼ਬਦ ਵਾਹਿਗੁਰੂ ਹੈ। ਇਹ ਸ਼ਬਦ ਨਾਮ ਤਕ ਪਹੁੰਚਾ ਦਿੰਦਾ ਹੈ। ਗਰੁੜ ਹੈ, ਇਹ ਗਰੁੜ ਦੀ ਸਵਾਰੀ ਕਰਕੇ ਮਾਇਆ ਤੋਂ ਛੁਟਕਾਰਾ ਹੋ ਜਾਂਦਾ ਹੈ, ਤੇ ਇਹ ਨਾਮ ਤਕ ਪਹੁੰਚਾ ਦਿੰਦਾ ਹੈ। ਜਿਸ ਤਰ੍ਹਾਂ ਨਾਲ ਦਸ਼ਮੇਸ਼ ਪਿਤਾ ਜੀ ਨੇ ਸਿੰਘਾਂ ਨੂੰ ਨਾਰਦ ਮੁਨੀ ਦੁਆਰਾ ਭੇਟ ਕੀਤੇ ਗਏ ਅਨਲ ਪੰਛੀ ਦੇ ਖੰਭਾਂ ਨੂੰ ਤੀਰਾਂ ਨਾਲ ਜੜ੍ਹਾ ਕੇ ਸਮਝਾਇਆ ਸੀ ਕਿ ਇਹ ਤੀਰ ਉਸ ਥਾਂ

ਤੇ ਪਹੁੰਚ ਗਏ ਹਨ ਜਿਥੇ ਉਸ ਪੰਛੀ ਦਾ ਵਾਸਾ ਹੈ। ਭਾਵ ਉਹਨਾਂ ਖੰਭਾਂ ਨੇ ਤੀਰਾਂ ਨੂੰ ਉਸ ਮੰਡਲ ਵਿਚ ਪੁਚਾ ਦਿਤਾ ਸੀ। ਇਸ ਤਰ੍ਹਾਂ ਸ਼ਬਦ ਦਾ ਅਭਿਆਸ ਕਰਕੇ ਬਿਰਤੀ ਉਸ ਮੰਡਲ ਵਿਚ ਪਹੁੰਚ ਜਾਂਦੀ ਹੈ ਜਿਥੋਂ ਸ਼ਬਦ ਆਇਆ ਹੈ। ਉਸ ਪ੍ਰੇਮੀ ਨੇ ਸੋਚਿਆ ਕਿ ਅੱਜ ਸੰਤਾਂ ਨੂੰ ਪੁਛ ਲਈਏ ਕਿ ਮਹਾਰਾਜ! ਅੱਠ ਸਾਲ ਸੇਵਾ ਕਰਦਿਆਂ ਗੁਜ਼ਰ ਗਏ ਹਨ ਤੇ ਨਾਮ ਭਾਵ ਗੁਰ ਮੰਤਰ ਕਦੋਂ ਮਿਲੇਗਾ। ਇਧਰ ਸੰਤਾਂ ਦੇ ਦਰਸ਼ਨ ਕਰਨ ਵਾਸਤੇ ਇਕ ਰਾਜੇ ਨੇ ਆਉਣਾ ਸੀ ਅਤੇ ਰਾਜੇ ਦੇ ਅਹਿਲਕਾਰ ਸੰਤਾਂ ਦੀ ਕੁਟੀਆਂ ਅੱਗੇ ਕੀਮਤੀ ਗਲੀਚੇ ਆਦਿ ਵਿਛਾ ਗਏ ਤਾਂ ਕਿ ਰਾਜਾ ਪਰਵਾਰ ਸਮੇਤ ਤੇ ਅਹਿਲਕਾਰਾਂ ਸਮੇਤ ਇਸ ਤੇ ਬੈਠ ਕੇ ਸੰਤਾਂ ਨਾਲ ਬਚਨ ਬਿਲਾਸ ਕਰ ਸਕਣ। ਉਧਰ ਉਹ ਪ੍ਰੇਮੀ ਡੰਗਰਾਂ ਦੇ ਗੋਹੇ ਆਦਿ ਸੁਟਣ ਦੀ ਸੇਵਾ ਕਰਦਾ ਕਰਦਾ ਸੰਤਾਂ ਪਾਸ ਆ ਗਿਆ, ਉਸ ਵੇਲੇ ਉਸ ਦੇ ਪੈਰ ਗੋਹੇ ਨਾਲ ਲੱਥ ਪੱਥ ਹੋਏ ਹੋਏ ਸਨ। ਸੰਤਾਂ ਨੇ ਦੇਖਿਆ ਕਿ ਇਹ ਤਾਂ ਸਿਧਾ ਮੇਰੇ ਵੱਲ ਆ ਰਿਹਾ ਹੈ। ਉਹ ਆਸਣ ਤੋਂ ਉਠ ਖੜੇ ਹੋਏ ਤੇ ਕਹਿਣ ਲੱਗੇ "ਪਰੇ-ਪਰੇ"। ਇਸ ਤੋਂ ਸੰਤਾਂ ਦੇ ਕਹਿਣ ਦਾ ਇਹ ਭਾਵ ਸੀ ਕਿ ਇਸ ਦੇ ਗੰਦੇ ਪੈਰਾਂ ਨਾਲ ਇਹ ਕੀਮਤੀ ਗਲੀਚੇ ਗੰਦੇ ਨਾ ਹੋ ਜਾਣ। ਉਹ ਪ੍ਰੇਮੀ ਉਥੇ ਹੀ ਨਮਸ਼ਕਾਰ ਕਰਕੇ ਪਿਛੇ ਮੁੜ ਗਿਆ ਤੇ ਮਨ ਅੰਦਰ ਉਸ ਦੀ ਖੁਸ਼ੀ ਦੀ ਹੱਦ ਨਹੀਂ ਕਿ ਅੱਜ ਸੰਤਾਂ ਨੇ ਮੈਨੂੰ ਇਹ ਮੰਤਰ ਬਖਸ਼ ਦਿੱਤਾ ਹੈ "ਪਰੇ-ਪਰੇ"। ਬਸ ਫੇਰ ਕੀ ਸੀ, ਉਸ ਨੇ ਦਿਨ ਰਾਤ ਇਕ ਕਰ ਦਿਤਾ ਹਰ ਵੇਲੇ ਪਰੇ ਪਰੇ ਦਾ ਜਾਪ ਕਰਨ ਲੱਗ ਪਿਆ। ਕਰਦੇ ਕਰਦੇ ਅਵਸਥਾ ਉਚੀ ਹੋ ਗਈ ਤੇ ਹੁਣ ਇਕ ਸੈਕਿੰਡ ਵਾਸਤੇ ਵੀ ਇਸ ਨਾਮ ਤੋਂ ਵਿਛੜਨਾ ਨਹੀਂ ਚਾਹੁੰਦਾ।

ਆਖਾ ਜੀਵਾ ਵੀਸਰੇ ਮਰਿ ਜਾਉ॥ ਵਾਲੀ ਹਾਲਤ ਹੋ ਗਈ। ਇਕ ਦਿਨ ਸੰਤਾਂ ਨੇ ਉਸ ਨੂੰ ਆਪਣੇ ਪਾਸ ਬੁਲਾਇਆ ਤੇ ਕਿਹਾ ਕਿ ਪ੍ਰੇਮੀਆ! ਆਹ ਚਿੱਠੀ ਫਲਾਣੇ ਸੰਤਾਂ ਨੂੰ ਦੇ ਕੇ ਆ ਅਤੇ ਇਸ ਦਾ ਜਵਾਬ ਵੀ ਨਾਲ ਦੀ ਨਾਲ ਲੈ ਕੇ ਆਵੀਂ। ਹੁਣ ਉਸ ਨੇ ਮਨ ਵਿਚ ਸੋਚਿਆ ਕਿ ਜਾਣ ਆਉਣ ਵਿਚ ਬੜੀ ਖੇਚਲ ਹੋਵੇਗੀ ਅਤੇ 'ਪਰੇ ਪਰੇ' ਤੋਂ ਬਿਰਤੀ ਉਖੜੇਗੀ। ਹਾਲੇ ਮਨ ਵਿਚ ਖਿਆਲ ਹੀ ਕੀਤਾ ਤੇ ਪ੍ਰਮੇਸ਼ਰ ਸਾਕਾਰ ਰੂਪ ਧਾਰਨ ਕਰਕੇ ਇਸ ਬੰਦੇ ਦੀ ਸ਼ਕਲ ਵਿਚ ਆ ਹਾਜ਼ਰ ਹੋਇਆ। ਕਹਿਣ ਲੱਗਿਆ ਕਿ ਤੁਹਾਨੂੰ ਪਰੇਸ਼ਾਨੀ ਹੈ ਕਿ ਇਹ ਖਤ ਦੇਣ ਲਈ ਲੰਮੇ ਸਫਰ ਤੇ ਜਾਣਾ ਪਵੇਗਾ ਤੇ 'ਪਰੇ ਪਰੇ' ਤੋਂ ਬਿਰਤੀ ਉਖੜੇਗੀ। ਕਹਿਣ ਲੱਗਿਆ, ਹਾਂ। ਉਸ ਨੇ ਉਸੇ ਵੇਲੇ ਚਿੱਠੀ ਲਈ ਤੇ ਥੋੜੇ ਸਮੇਂ ਵਿਚ ਹੀ ਥੋੜੀ ਦੂਰ ਜਾ ਕੇ ਅਲੋਪ ਹੋ ਗਿਆ ਤੇ ਝੱਟ ਹੀ ਦੂਜੇ ਪਲ ਜਵਾਬ ਲਿਆ ਕੇ ਦੇ ਦਿੱਤਾ।

ਸੰਤ ਕਹਿੰਦੇ, ਪ੍ਰੇਮੀਆ! ਤੂੰ ਅਜੇ ਗਇਆ ਹੀ ਨਹੀਂ ਹੈ, ਮੈਂ ਤੈਨੂੰ ਬਹੁਤ ਤਾਕੀਦ ਕੀਤੀ ਸੀ। ਬਹੁਤ ਲੰਮਾ ਸਫਰ ਹੈ, ਤੇ ਤੂੰ ਗਿਆ ਕਿਉਂ ਨਹੀਂ? ਕਹਿੰਦਾ, ਕਿ ਮਹਾਰਾਜ ਜਵਾਬ ਲੈ ਲਓ। ਜਦ ਉਸਨੇ ਪੜ੍ਹਿਆ ਤਾਂ ਹੈਰਾਨ ਹੋ ਗਿਆ, ਕਦੇ ਉਸਦੇ ਪੈਰਾਂ ਵਲ ਵੇਖੇ, ਕਦੇ ਸਿਰ ਵਲ ਵੇਖੇ ਕਿ ਆਹ ਕੀ ਘਟਨਾ ਵਾਪਰੀ? ਇਹ ਤਾਂ ਸਚਮੁਚ ਸੰਤਾਂ ਦਾ ਜਵਾਬ ਲੈ ਆਇਆ। ਕਹਿਣ ਲੱਗੇ, ਮੈਨੂੰ ਇਹ ਦੱਸ ਕਿ ਇੰਨੀ ਜਲਦੀ ਕਿਵੇਂ ਲੈ ਕੇ ਆਇਆ ਹੈਂ? ਕਹਿੰਦਾ, ਮੈਂ ਤਾਂ ਲੈ ਕੇ ਹੀ ਨਹੀਂ ਆਇਆ ਜੀ, 'ਪਰੇ-ਪਰੇ' ਲੈ ਕੇ ਆਇਆ ਹੈ। ਕਹਿੰਦੇ, 'ਪਰੇ ਪਰੇ' ਕੌਣ ਹੈ? ਕਹਿੰਦੇ, ਜਿਹੜਾ ਤੁਸੀਂ ਮੈਨੂੰ ਮੰਤਰ ਦਿੱਤਾ ਸੀ। ਕਹਿੰਦੇ, ਕਦ ਦਿੱਤਾ ਸੀ? ਕਹਿਣ ਲੱਗਿਆ ਜਿਸ ਵਕਤ ਰਾਜਾ ਆਇਆ ਸੀ। ਸੰਤਾਂ ਨੂੰ ਸਮਝ ਆ ਗਈ, ਕਿ ਮੈਂ ਇਸ ਨੂੰ ਕਿਹਾ ਸੀ, 'ਪਰੇ ਪਰੇ' ਪਰ ਮਨ ਵਿਚ ਖਿਆਲ ਆ ਗਿਆ ਕਿ ਮੈਂ ਪ੍ਰਮੇਸ਼ਰ ਤੋਂ ਪੁਛਾਂਗਾ ਕਿ ਆਪ ਦਾ ਨਾਮ 'ਪਰੇ ਪਰੇ' ਵੀ ਹੈ। ਸਮਾਧੀ ਵਿਚ ਬੈਠ ਕੇ ਬੇਨਤੀ ਕਰੀ, ਹੇ ਪ੍ਰਭੂ! ਇਹ 'ਪਰੇ ਪਰੇ' ਕਿਹੜਾ ਤੁਹਾਡਾ ਨਾਮ ਹੋ ਗਿਆ? ਆਵਾਜ਼ ਆਈ ਕਿ ਸੰਤ ਜੀ ਅਸਲੀ ਨਾਮ ਤਾਂ ਹੈ ਹੀ 'ਪਰੇ ਪਰੇ'। ਇਕ ਪਾਸੇ ਤੋਂ ਲੱਗ ਕੇ ਅਖੀਰ ਤੇ ਪਹੁੰਚ ਜਾ, ਜਿਥੇ ਸਭ ਜੋ ਜਿਆਦਾ ਅਖੀਰ ਹੋਵੇ, ਉਥੇ ਮੈਂ ਹੁੰਦਾ ਹੈ। ਮੇਰਾ ਨਾਮ ਪਾਰਬ੍ਰਹਮ ਪਰਮੇਸਰ ਅਪਰੰਪਰ ਹੈ, ਅਪਰੰਪਰ ਪਰੇ ਤੋਂ ਪਰੇ ਨੂੰ ਕਹਿੰਦੇ ਹਨ। ਜਿਥੇ ਸਾਡੀ ਹੱਦ ਲੱਗ ਗਈ ਉਸ ਤੋਂ ਵੀ ਅਗੇ ਹੈ। ਜੋ ਉਸ ਤੋਂ ਅਗੇ ਫੇਰ ਹਦ ਖਿਚ ਦਿਤੀ, ਉਸ ਤੋਂ ਅਗੇ ਫੇਰ ਹੈ। ਅਪਰੰਪਰ ਕਹਿੰਦੇ ਨੇ -

***ਅਪਰੰਪਰ ਪਾਰਬ੍ਰਹਮੁ ਪਰਮੇਸਰੁ***
***ਨਾਨਕ ਗੁਰੁ ਮਿਲਿਆ ਸੋਈ ਜੀਉ॥***

***ਅੰਗ - 599***

ਮਹਾਰਾਜ ਕਹਿੰਦੇ, ਸਾਨੂੰ ਵੀ ਅਪਰੰਪਰ 'ਪਰੇ ਤੋਂ ਪਰੇ' ਗੁਰੂ ਮਿਲਿਆ ਹੈ। ਸੋ ਮੰਤਰ ਲੈਣ ਤੋਂ ਬਾਅਦ ਮੰਤਰ ਤੇ ਭਰੋਸਾ ਹੋਣਾ ਚਾਹੀਦਾ ਹੈ। ਜਦੋਂ ਤਕ ਜਗਿਆਸੂ ਨੂੰ ਭਰੋਸਾ ਨਹੀਂ ਹੁੰਦਾ, ਡਾਵਾਂ ਡੋਲ ਰਹਿੰਦਾ ਹੈ। ਕੁਝ ਰਹਿਤਾਂ ਨੇ, ਗੁਰੂ ਬਾਤ ਤੇ ਭਰੋਸਾ, ਗੁਰਬਾਣੀ ਤੇ ਭਰੋਸਾ ਕਰੋ, ਜੋ ਕੁਛ ਗੁਰੂ ਕਹਿੰਦਾ ਹੈ, ਫੇਰ ਕੁਛ ਚੀਜ਼ਾਂ ਦਾ ਤਿਆਗ ਕਰਨਾ ਪੈਂਦਾ ਹੈ। ਪਹਿਲਾ ਤਿਆਗ ਅਭਿਮਾਨ ਦਾ ਕਰਨਾ ਪੈਂਦਾ ਹੈ। ਉਸਦੇ ਬਾਰੇ ਮਹਾਰਾਜ ਜੀ ਦਾ ਐਸਾ ਫੁਰਮਾਨ ਆਉਂਦਾ ਹੈ -

***ਹਰਿ ਜੀਉ ਅਹੰਕਾਰੁ ਨ ਭਾਵਈ***

*ਵੇਦ ਕੂਕਿ ਸੁਣਾਵਹਿ॥* *ਅੰਗ - 1089*

*ਜਿਸੁ ਵਖਰ ਕਉ ਲੈਨਿ ਤੂ ਆਇਆ॥*

*ਰਾਮ ਨਾਮੁ ਸੰਤਨ ਘਰਿ ਪਾਇਆ॥ ਅੰਗ - 283*

ਮਹਾਰਾਜ ਕਹਿੰਦੇ, ਦੇਣਾ ਕੀ ਪੈਂਦਾ ਹੈ?

*ਤਜਿ ਅਭਿਮਾਨੁ ਲੇਹੁ ਮਨ ਮੋਲਿ॥ ਅੰਗ - 283*

ਕਹਿੰਦੇ ਜਿਹੜਾ ਤੇਰੇ ਅੰਦਰ ਅਭਿਮਾਨ ਹੈ, ਇਸ ਨੂੰ ਛੱਡ ਦੇ, ਇਹ ਗੁਰੂ ਨੂੰ ਨਹੀਂ ਭਾਉਂਦਾ, ਇਹ ਗੁਰੂ ਨਾਲੋਂ ਤੋੜ ਦਿੰਦਾ ਹੈ।

ਇਕ ਮਹਾਤਮਾ ਕੋਲ, ਇਕ ਅਮੀਰ ਬੰਦਾ, ਵੱਡਾ ਕਿਸਾਨ ਆ ਕੇ ਬੇਨਤੀ ਕਰਦਾ ਹੈ ਕਿ ਮਹਾਰਾਜ ਮੈਂ ਤੁਹਾਡਾ ਸਤਸੰਗ ਰੋਜ਼ ਸੁਣਦਾ ਹਾਂ, ਤੁਸੀਂ ਮੇਰੇ ਤੇ ਕ੍ਰਿਪਾ ਕਰੋ ਤੇ ਮੈਨੂੰ ਆਪਣੇ ਸੇਵਕਾਂ ਵਿਚ ਸ਼ਾਮਿਲ ਕਰ ਲਓ, ਆਪਣਾ ਮਰੀਦ ਬਣਾ ਲਓ ਤੇ ਕਹਿੰਦਾ, ਇਕ ਗੱਲ ਮੈਂ ਤੁਹਾਨੂੰ ਦੱਸਾਂ, ਤੁਹਾਡੇ ਇਹ ਜਿਹੜੇ ਸੇਵਕ ਨੇ ਸਾਰੇ ਗਰੀਬੜੇ ਜਿਹੇ ਨੇ, ਇਹ ਤਾਂ ਰੋਟੀ ਦੇ ਮਾਰੇ ਹੋਏ ਤੁਹਾਡੇ ਕੋਲ ਆਏ ਨੇ। ਤੁਹਾਨੂੰ ਪਤਾ ਹੈ, ਮੈਂ ਇਲਾਕੇ ਦਾ ਚੌਧਰੀ ਹਾਂ, 30, 40 ਪਿੰਡਾਂ ਦੀ ਚੌਧਰ ਮੇਰੇ ਹੱਥ ਵਿਚ ਹੈ। ਕਹਿੰਦਾ, ਸੰਤ ਜੀ, ਜੇ ਮੈਨੂੰ ਤੁਹਾਡਾ ਚੇਲਾ ਬਣ ਜਾਵਾਂਗਾ ਤੇ ਐਥੇ ਇੰਨੀਆਂ ਭੀੜਾਂ ਹੋ ਜਾਣਗੀਆਂ ਤੇ ਕੁਛ ਦਿਨਾਂ ਦੇ ਅੰਦਰ ਤੁਸੀਂ ਮਸ਼ਹੂਰ ਹੋ ਜਾਵੋਗੇ। ਮਹਾਤਮਾ ਕਹਿੰਦੇ, ਪਿਆਰਿਆ ਤੂੰ ਘਰ ਵਿਚ ਹੀ ਰਹਿ, ਕਹਿੰਦਾ ਨਹੀਂ ਨਹੀਂ ਮੈਂ ਡੇਰੇ ਵਿਚ ਰਹੂੰਗਾ। ਮਹਾਤਮਾ ਕਹਿੰਦੇ, ਓਹੀ ਗੱਲ ਤੂੰ ਘਰ ਵਿਚ ਕਰਨੀ ਹੈ ਉਹੀ ਡੇਰੇ ਵਿਚ ਕਰਨੀ ਹੈ। ਮਹਾਤਮਾ ਉਸਨੂੰ ਇਸ ਤਰ੍ਹਾਂ ਨਾਲ ਕਹਿੰਦੇ ਨੇ ਪਰ ਉਹ ਜਿਦ ਕਰਨ ਲਗ ਪਿਆ। ਮਹਾਤਮਾ ਨੇ ਕਿਹਾ ਇਹ ਕਿਸੇ ਦਿਨ ਮੈਨੂੰ ਤੰਗ ਕਰੇਗਾ। ਹੁਣ ਤੋਂ ਹੀ ਇਸ ਦਾ ਇਲਾਜ ਸੋਚਣਾ ਚਾਹੀਦਾ ਹੈ।

ਮਹਾਤਮਾ ਕਹਿਣ ਲੱਗੇ ਪ੍ਰੇਮੀਆ! ਉਹ ਲੋਹੇ ਦਾ ਸਰੀਆ ਲੈ ਕੇ ਆ, ਗਿੱਠ ਲੰਬਾ ਸਰੀਆ ਕਟਿਆ ਪਇਆ ਸੀ। ਉਸਨੇ ਉਹ ਸਰੀਆ ਲੈ ਆਉਂਦਾ। ਉਹਨਾਂ ਨੇ ਆਪਣੀ ਜੇਬ ਵਿਚੋਂ ਪਾਰਸ ਕਢਿਆ, ਕਹਿੰਦੇ ਦੇਖ ਜਿਹੜਾ ਇਹ ਪੱਥਰ ਹੈ, ਇਸ ਨੂੰ ਪਾਰਸ ਕਹਿੰਦੇ ਨੇ। ਇਸ ਨੂੰ ਲੋਹੇ ਨਾਲ ਲਗਾ ਦਓ ਤਾਂ ਇਹ ਲੋਹਾ ਸੋਨਾ ਬਣ ਜਾਂਦਾ ਹੈ। ਉਹਨਾਂ ਨੇ ਲੋਹੇ ਦੇ ਸਰੀਏ ਨਾਲ ਲਗਾ ਦਿੱਤਾ ਤਾਂ ਉਹ ਸੋਨਾ ਬਣ ਗਿਆ। ਕਹਿੰਦੇ ਜਾ ਸ਼ਹਿਰ ਵਿਚ ਜਾ ਕੇ ਇਸ ਬਾਰੇ ਪੁਛਕੇ ਆ, ਵਾਪਸ ਆ ਗਿਆ ਕਹਿੰਦਾ, ਮਹਾਰਾਜ ਇਹ ਤਾਂ ਖਰਾ ਸੋਨਾ ਹੈ। ਕਹਿੰਦੇ ਫੇਰ ਹੁਣ ਇਕ ਗਾਗਰ ਲੈ ਕੇ ਆ, ਉਹ ਗਾਗਰ ਲੈ ਆਇਆ। ਪਾਰਸ ਗਾਗਰ ਵਿਚ ਰੱਖ ਦਿੱਤਾ। ਕਹਿੰਦੇ ਇਸ ਨੂੰ ਪੇਟੀ ਵਿਚ ਰਖ ਕੇ ਤਾਲਾ

ਮਾਰਦੇ। ਉਸਨੇ ਤਾਲਾ ਮਾਰ ਦਿੱਤਾ। ਉਹ ਸੇਵਾ ਕਰਨ ਲੱਗ ਪਿਆ, ਸੇਵਾ ਕਰਦਾ ਕਰਦਾ ਉਹ ਸੇਵਾਦਾਰਾਂ ਨੂੰ ਕਹੀ ਜਾਂਦਾ, ਉਹ ਤੁਸੀਂ ਐਥੇ ਦੇ ਕੀ ਲਗਦੇ ਹੋ, ਭੁਖੇ ਮਰਦੇ ਆ ਗਏ ਹੋ, ਦੇਖੋ ਮੈਂ ਇੰਨਾ ਵੱਡਾ ਚੌਧਰੀ, ਐਥੇ ਆਇਆ ਹਾਂ ਤੇ ਐਥੇ ਦੇ ਭਾਂਡੇ ਮਾਂਜਦਾ ਹਾਂ, ਕੀ ਮੈਂ ਭਾਂਡੇ ਮਾਂਜਦਾ ਚੰਗਾ ਲਗਦਾ ਹਾਂ। ਫੇਰ ਵੀ ਮੈਂ ਮਾਂਜਦਾ ਹਾਂ। ਕਹਿੰਦਾ, ਜਿਸ ਦਿਨ ਤੋਂ ਮੈਂ ਆਇਆ ਹਾਂ ਸੰਤਾਂ ਕੋਲ ਇੰਨੀ ਦੁਨੀਆਂ ਆਉਣ ਲਗ ਪਈ ਹੈ। ਉਹ ਆਪਣਾ ਮਾਣ ਛਡਦਾ ਹੀ ਨਹੀਂ। ਸੰਤਾਂ ਪਾਸ ਰਹਿੰਦਿਆਂ ਸੱਤ ਅੱਠ ਸਾਲ ਲੰਘ ਗਏ। ਇਕ ਦਿਨ ਸੰਤਾਂ ਕੋਲ ਆਇਆ ਕਹਿੰਦਾ, ਸੰਤ ਜੀ, ਤੁਸੀਂ ਇਹ ਕਹਿੰਦੇ ਹੋ ਕਿ ਜੇ ਨਾਮ ਜਪੋ ਤਾਂ ਮਨ ਵਿਚ ਪਰਮ ਸ਼ਾਂਤੀ ਆ ਜਾਂਦੀ ਹੈ। ਕਲਪਣਾ ਸਾਰੀ ਹਟ ਜਾਂਦੀ ਹੈ, ਰਸ ਨਾਲ ਮਨ ਭਰ ਜਾਂਦਾ ਹੈ ਤੇ ਮੇਰਾ ਤਾਂ ਕੁਛ ਵੀ ਨਹੀਂ ਹੋਇਆ ਮੈਂ ਤਾਂ ਸੁੱਕੇ ਦਾ ਸੁੱਕਾ ਹਾਂ। ਤੇ ਮੈਨੂੰ ਐਵੇਂ ਲਗਣ ਲਗ ਪਿਆ ਹੈ ਕਿ ਤੁਸੀਂ ਝੂਠੇ ਸੰਤ ਹੋ। ਮਹਾਤਮਾ ਨੇ ਦੇਖ ਲਇਆ ਕਿ ਹੁਣ ਮੇਰੇ ਗੱਲ ਪਵੇਗਾ, ਛੁਟਣ ਦਾ ਕੋਈ ਉਪਰਾਲਾ ਕਰਨਾ ਚਾਹੀਦਾ ਹੈ। ਕਹਿੰਦੇ, ਐਵੇਂ ਕਰ ਗਾਗਰ ਲੈ ਕੇ ਆ। ਤੈਨੂੰ ਯਾਦ ਹੈ ਕਿ ਅਸੀਂ ਉਸਦੇ ਵਿਚ ਪਾਰਸ ਰਖਿਆ ਸੀ। ਕਹਿੰਦੇ ਹੁਣ ਤਾਂ ਗਾਗਰ ਸੋਨੇ ਦੀ ਬਣ ਗਈ ਹੋਵੇਗੀ। ਚਾਬੀਆਂ ਲੈ ਕੇ ਛੇਤੀ ਜਾ ਕੇ ਤਾਲਾ ਖੋਲਦਾ ਹੈ, ਉਸਨੂੰ ਪਰਖ ਕੇ ਦੇਖਦਾ ਹੈ ਤੇ ਉਥੋਂ ਹੀ ਬੋਲਦਾ ਹੈ, ਕਹਿੰਦਾ ਹੈ, ਸੰਤ ਜੀ ਇਹ ਤਾਂ ਸੋਨੇ ਦੀ ਬਣੀ ਹੀ ਨਹੀਂ। ਕਹਿੰਦਾ, ਤੁਸੀਂ ਵੀ ਝੂਠੇ ਤੇ ਤੁਹਾਡਾ ਪਾਰਸ ਵੀ ਝੂਠਾ। ਨਾ ਮੇਰੇ ਤੇ ਕੋਈ ਅਸਰ ਹੋਇਆ ਹੈ ਤੇ ਨਾ ਗਾਗਰ ਤੇ ਹੋਇਆ ਹੈ। ਸੰਤ ਬੜੇ ਧੀਰਜ ਵਾਲੇ ਸੀ ਕਹਿਣ ਲੱਗੇ ਪ੍ਰੇਮੀਆ! ਤੂੰ ਸਾਡੇ ਕੋਲ ਲੈ ਕੇ ਆ, ਐਵੇਂ ਨਾ ਤੂੰ ਕਹੀ ਜਾ, ਸਾਡੇ ਕੋਲ ਲੈ ਕੇ ਆ ਕੋਈ ਨੁਕਸ ਹੋਣੈ। ਕਹਿੰਦਾ, ਕਾਹਦਾ ਨੁਕਸ ਹੈ, ਪਾਰਸ ਵਿਚ ਪਇਆ ਹੈ, ਅੱਠ ਸਾਲ ਵਿਚ ਅਜੇ ਬਣਿਆ ਹੀ ਕੁਛ ਨਹੀਂ। ਕਹਿੰਦੇ, ਲਿਆ ਤਾਂ ਸਹੀ। ਜਦ ਕੋਲ ਲੈ ਕੇ ਆਉਂਦਾ ਹੈ ਤਾਂ ਸੰਤਾਂ ਨੇ ਕਿਹਾ ਕਿ ਦੇਖ ਪਾਰਸ ਦੇ ਉਤੇ ਤਾਂ ਕੁਛ ਨਹੀਂ, ਨੌਹਾਂ ਨਾਲ ਖੁਰਚ ਕੇ ਦੇਖਿਆ ਤਾਂ ਪਤਚਲਾ ਜਿਹਾ ਕਾਗਜ਼ ਲਪੇਟਿਆ ਹੋਇਐ। ਕਹਿੰਦਾ, ਕਾਗਜ਼ ਹੈ, ਕਹਿੰਦੇ ਸਾਰਾ ਕਾਗਜ਼ ਉਤੋਂ ਲਾਹ ਦੇ। ਉਸਨੇ ਲਾਹ ਦਿੱਤਾ। ਕਹਿੰਦੇ ਹੁਣ ਗਾਗਰ ਨਾਲ ਲਾ ਦੇ। ਜਦੋਂ ਲਾਇਆ ਤਾਂ ਗਾਗਰ ਸੋਨੇ ਦੀ ਬਣ ਗਈ। ਕਹਿਣ ਲੱਗਿਆ ਸੰਤ ਜੀ! ਪਾਰਸ ਤਾਂ ਤੁਹਾਡਾ ਸੱਚਾ ਹੈ, ਪਰ ਤੁਸੀਂ ਝੂਠੇ ਹੋ। ਸੰਤ ਕਹਿਣ ਲੱਗੇ ਪ੍ਰੇਮੀਆ! ਮੈਂ ਝੂਠਾ ਨਹੀਂ ਤੇਰੇ ਮਨ ਦੇ ਉਤੇ ਅਭਿਮਾਨ ਦਾ ਪਰਦਾ ਪਇਆ ਹੋਇਆ ਹੈ ਕਿ ਮੈਂ ਵੱਡਾ ਜਿੰਮੀਦਾਰ ਹਾਂ, ਇਲਾਕੇ ਦਾ ਚੌਧਰੀ ਹਾਂ, ਤੂੰ ਤਾਂ ਸਾਡਾ ਕੋਈ ਚੇਲਾ ਵੀ ਨਾ ਟਿਕਣ ਦਿੱਤਾ। ਪਿਆਰਿਆ

ਜੇ ਤੇ ਕੁਛ ਲੈਣਾ ਹੈ ਤਾਂ ਤੈਨੂੰ ਮਾਣ ਛਡਣਾ ਪੈਣਾ ਹੈ -

***ਧਾਰਨਾ - ਮਰਨਾ ਕਬੂਲ ਲੈ***
***ਜੀਵਨ ਦੀ ਛਡਦੇ ਆਸਾ -2, 2,***
***ਜੀਵਨ ਦੀ ਛਡਦੇ ਆਸਾ -2, 2.***

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਅੰਗ - 1102***

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥***
***ਸਿਰੁ ਦੀਜੈ ਕਾਣਿ ਨ ਕੀਜੈ॥ ਅੰਗ - 1412***

ਪਿਆਰਿਆ, ਹੰਗਤਾ ਤੇ ਮਮਤਾ ਦੋਏ ਚੀਜ਼ਾਂ ਨੂੰ ਮਾਰਨਾ ਪੈਂਦਾ ਹੈ। ਮੈਂ ਜਾਗੀਰਦਾਰ ਹਾਂ, ਮੈਂ ਚੌਧਰੀ ਹਾਂ, ਮੈਂ ਵਿਦਵਾਨ ਹਾਂ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਛਡਣਾ ਪੈਂਦਾ ਹੈ, ਤਾਂ ਪਿਆਰਿਆ -

***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਅੰਗ - 1102***

ਸਚਮੁਚ ਇਸ ਤਰ੍ਹਾਂ ਕਹਿ -

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥***
***ਅੰਗ - 1365***

ਜਦ ਤਕ ਤੇਰੇ ਅੰਦਰ ਇਹ ਨਹੀਂ ਆਉਂਦਾ ਕਿ ਮੇਰੇ ਤੋਂ ਬਗੈਰ ਸਾਰਾ ਸੰਸਾਰ ਚੰਗਾ ਹੈ। ਕਹਿੰਦੇ ਇਕ ਤਾਂ ਹੁੰਦਾ ਹੈ ਉਤੋਂ ਉਤੋਂ ਕਹਿਣਾ, ਕਿ ਬੁੰਦਾ ਹੈ ਬੁਝਣਾ। ਇਕ ਅੰਬ ਪੱਕਿਆ ਹੋਇਆ ਹੈ, ਜਿਹੜਾ ਖੇਤੀਬਾੜੀ ਵਾਲਾ ਬੰਦਾ ਹੈ, ਉਹ ਦੇਖਦਾ ਹੈ ਕਿ ਇਹ ਜਿਹੜਾ ਅੰਬ ਹੈ ਇਹਦੇ ਵਿਚ ਐਨੀ ਕੈਲਰੀ ਹੈ, ਇਸ ਵਿਚ ਐਨਾ ਤੇਜਾਬ ਹੈ, ਇੰਨੀ ਮਾਤਰਾ ਇਸ ਵਿਚ ਸ਼ੂਗਰ ਹੈ, ਇੰਨੀ ਇਹਦੇ ਵਿਚ ਫੈਟ ਹੈ। ਇਸ ਨੇ ਜਾਣ ਤਾਂ ਲਿਆ ਪਰ ਬੁਝਿਆ ਨਹੀਂ। ਇਕ ਬੰਦੇ ਨੇ ਆ ਕੇ ਅੰਬ ਚੁਕਿਆ, ਚੂਪ ਲਿਆ ਉਸਨੂੰ ਜਾਣਨ ਦੀ ਲੋੜ ਨਹੀਂ ਕਿ ਕਿੰਨੀ ਸ਼ੂਗਰ ਹੈ, ਤੇ ਕਿੰਨੀ ਇਸ ਵਿਚ ਐਸਿਡ ਹੈ, ਕਿੰਨੀ ਇਸ ਵਿਚ ਕੈਲਰੀ ਹੈ, ਕਿੰਨੀ ਖੁਰਾਕ ਹੈ, ਕਿੰਨੀ ਫੈਟ ਹੈ, ਉਹਨੂੰ ਜਾਨਣ ਦੀ ਲੋੜ ਨਹੀਂ, ਉਸਨੇ ਤਾਂ ਅਨੰਦ ਲੈ ਲਿਆ, ਇਸ ਨੂੰ ਹੀ ਬੁਝਣਾ ਕਹਿੰਦੇ ਹਨ।

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥*

*ਅੰਗ - 1365*

ਕਹਿੰਦੇ, ਪਿਆਰਿਆ ਸਾਡੇ ਮਿੱਤਰਾਂ ਦੀ ਲਾਈਨ ਵਿਚ ਆ ਕੇ ਖੜ੍ਹ ਜਾ, ਅਸੀਂ ਵੀ ਐਥੇ ਹੀ ਖੜੇ ਹਾਂ ਜਿਸ ਵਿਚ ਅਭਿਮਾਨ ਹੁੰਦਾ ਹੈ ਉਸ ਦਾ ਗੁਰੂ ਨਾਲੋਂ ਸੰਬੰਧ ਟੁੱਟ ਜਾਂਦਾ ਹੈ।

ਭਾਈ ਜੋਗਾ ਸਿੰਘ ਨੇ ਦੋ ਲਾਵਾਂ ਲੈ ਕੇ ਛੱਡ ਦਿੱਤੀਆਂ। ਵੱਡੀ ਬਾਤ ਕਰੀ, ਪਰ ਜਦ ਉਹ ਹੁਸ਼ਿਆਰਪੁਰ ਦੇ ਕੋਲ ਆਉਂਦਾ ਹੈ ਤਾਂ ਉਸ ਦੇ ਮਨ ਵਿਚ ਆਉਂਦਾ ਹੈ ਕਿ ਮੇਰੇ ਵਰਗਾ ਤਾਂ ਕੋਈ ਹੋਰ ਸਿੱਖ ਹੈ ਨਹੀਂ, ਜਿਸਨੇ ਇੰਨੀ ਸੁੰਦਰ ਲੜਕੀ ਛੱਡ ਦਿੱਤੀ ਤੇ ਦੋ ਲਾਵਾਂ ਲੈ ਕੇ ਤੁਰ ਆਇਆ, ਉਸ ਨੇ ਸੋਚਿਆ ਕਿ ਮੇਰੇ ਵਰਗਾ ਸਿਖ ਕਿਹੜਾ ਹੋ ਸਕਦਾ ਹੈ? ਉਸਦੇ ਵਿਚ ਹਉਮੈ ਆ ਗਈ, ਗੁਰੂ ਨਾਲੋਂ ਟੁਟ ਗਿਆ, ਅਤੇ ਜਾ ਕੇ ਵੇਸਵਾ ਉਤੇ ਗਿਰ ਗਿਆ। ਵੇਸਵਾ ਦੇ ਦੁਆਰੇ ਬਾਰ ਬਾਰ ਜਾਂਦਾ ਹੈ। ਉਹ ਤਾਂ ਗੁਰੂ ਦੀ ਮਿਹਰ ਸੀ ਕਿ ਉਸ ਨੇ ਪਹਿਰੇਦਾਰ ਦੇ ਰੂਪ ਵਿਚ ਪ੍ਰਗਟ ਹੋ ਕੇ ਉਸ ਦੀ ਰਾਖੀ ਕੀਤੀ ਤਾਂ ਉਹ ਸਿਖ ਬਚ ਗਿਆ। ਸਾਧ ਸੰਗਤ ਜੀ! ਫੇਰ ਵੀ ਗੁਰੂ ਡੁਬਦੇ ਸਿੱਖਾਂ ਨੂੰ ਬਚਾ ਲੈਂਦਾ ਹੈ ਪਰ ਸਿੱਖ ਤਾਂ ਡੁੱਬਣ ਦੀ ਕੋਈ ਕਸਰ ਨਹੀਂ ਰਖਦਾ। ਇਹ ਹੋ ਗਿਆ ਨਾ ਅਭਿਮਾਨ, ਮੈਂ ਜਾਣਦਾ ਹਾਂ, ਮੈਨੂੰ ਦੁਨੀਆਂ ਸੁਣਦੀ ਹੈ, ਮੇਰੇ ਵਰਗੀ ਗੱਲ ਕੋਈ ਨਹੀਂ ਕਰ ਸਕਦਾ, ਮੈਂ ਕੀਰਤਨ ਬੜਾ ਸੋਹਣਾ ਕਰਦਾ ਹਾਂ, ਮੈਨੂੰ ਦੁਨੀਆਂ ਬਹੁਤ ਮੰਨਦੀ ਹੈ। ਸਾਧ ਸੰਗਤ ਜੀ! ਇਹ ਸਭ ਫਜ਼ੂਲ ਚੀਜ਼ਾਂ ਨੇ, ਕਿਤੇ ਲੇਖੇ ਨਹੀਂ ਆਉਣੀਆਂ। ਇਹਨਾਂ ਦਾ ਅਭਿਮਾਨ ਛਡ ਦੇਣ। ਸਾਨੂੰ ਨੀਵਾਂ ਹੋ ਕੇ ਰਹਿਣਾ ਚਾਹੀਦਾ ਹੈ, ਨੀਵੀਆਂ ਦਾ ਉਧਾਰ ਹੋ ਜਾਂਦਾ ਹੈ ਪਰ ਉਚਿਆਂ ਦਾ ਨਹੀਂ। ਸੋ ਇਹ ਅਭਿਮਾਨ ਛਡਣਾ ਪੈਂਦਾ ਹੈ, ਤਾਂ ਨਾਮ ਚਲਦਾ ਹੈ, ਨਹੀਂ ਨਹੀਂ ਚਲਦਾ ਸਾਧ ਸੰਗਤ ਜੀ! ਜਿਹੜੇ ਨਾਮ ਜੱਪਣ ਦਾ ਸ਼ੌਕ ਰਖਦੇ ਨੇ ਗੱਲ ਨੋਟ ਕਰ ਲਓ ਕਿ ਜਿਵੇਂ ਨੀਵੀਆਂ ਥਾਵਾਂ ਤੇ ਪਾਣੀ ਟਿਕ ਜਾਂਦਾ ਹੈ, ਉਚੀਆਂ ਤੇ ਨਹੀਂ ਟਿਕਦਾ, ਇਸੇ ਤਰ੍ਹਾਂ ਨੀਵਿਆਂ ਹਿਰਦਿਆਂ ਵਿਚ ਨਾਮ ਦਾ ਵਾਸਾ ਹੋ ਜਾਂਦਾ ਹੈ।

*ਧਾਰਨਾ - ਗਰਬ ਜਿਨਾਂ ਵਡਿਆਈਆਂ,*
*ਖਾਲੀ ਦੁਨੀਆਂ ਉਤੋਂ ਜਾਣਗੇ -2, 2.*

ਭਰਥਰੀ ਤੇ ਗੋਪੀਚੰਦ ਉਚ ਕੋਟੀ ਦੇ ਦੋ ਮਹਾਤਮਾ ਹੋਏ ਹਨ, ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਉਪਦੇਸ਼ ਪ੍ਰਾਪਤ ਕੀਤਾ ਸੀ। ਇਹ

ਇਕ ਸਮੇਂ ਪੰਜਾਬ ਵਿਚ ਬੰਦਗੀ ਕਰਿਆ ਕਰਦੇ ਸੀ, ਬੜੇ ਸਾਧਨ ਕਰਦੇ ਸੀ। ਐਥੇ ਉਹਨਾਂ ਦੀ ਉਪਮਾ ਬਹੁਤ ਹੋ ਗਈ। ਭਰਥਰੀ ਨੇ ਗੋਪੀਚੰਦ ਨੂੰ ਕਿਹਾ, ਰਾਜ ਭਾਗ ਵੀ ਛਡਿਆ, ਫੇਰ ਓਹੀ ਹਾਲਤ ਹੁੰਦੀ ਜਾਂਦੀ ਹੈ। ਕਹਿੰਦਾ, ਉਪਮਾ ਹੋਣ ਨਾਲ ਲੋਕ ਆਉਣੇ ਸ਼ੁਰੂ ਹੋ ਗਏ। ਇਹ ਤਾਂ ਮੱਖੀਆਂ ਹੀ ਮੱਖੀਆਂ ਇਕੱਠੀਆਂ ਹੋ ਗਈਆਂ। ਕੋਈ ਕਹਿੰਦਾ ਮੈਂ ਬਿਮਾਰ ਹਾਂ, ਕੋਈ ਕਹਿੰਦਾ ਮੇਰਾ ਫਲਾਣਾ ਕੰਮ ਨਹੀਂ ਹੁੰਦਾ, ਕੋਈ ਕੁਛ ਕਹਿੰਦਾ ਹੈ, ਕੋਈ ਕੁਛ ਕਹਿੰਦਾ ਹੈ। ਉਹ ਆਪਸ ਵਿਚ ਇਕ ਦੂਜੇ ਨਾਲ ਸਲਾਹ ਕਰਦੇ ਹਨ ਕਿ ਇਸ ਤਰ੍ਹਾਂ ਨਾਲ ਤਾਂ ਭਗਤੀ ਕਰਨ ਦਾ, ਨਾਮ ਜਪਣ ਦਾ ਕੰਮ ਰਹਿ ਜਾਵੇਗਾ। ਉਹ ਦੋਨੋਂ ਉਥੋਂ ਤੁਰ ਗਏ, ਚਲਦੇ ਚਲਦੇ ਦੱਖਣ ਵਿਚ ਪਹੁੰਚ ਗਏ। ਉਥੇ ਇਕ ਦਰਖਤ ਦੇ ਨੀਚੇ ਬੈਠ ਗਏ। ਬੜੀ ਚੰਗੀ ਸੋਝੀ ਵਾਲੀ ਇਕ ਮਾਈ ਆਈ। ਕਹਿਣ ਲੱਗੀ, ਸੰਤ ਜੀ! ਮੇਰਾ ਘਰ ਬਹੁਤ ਵੱਡਾ ਹੈ, ਤੁਸੀਂ ਬਾਹਰ ਕਿਉਂ ਬੈਠੇ ਹੋ, ਉਸ ਵਿਚ ਬੈਠ ਜਾਓ। ਉਹਨਾਂ ਨੇ ਕਿਹਾ ਮਾਈ ਬੈਠ ਤਾਂ ਜਾਵਾਂਗੇ ਪਰ ਸਾਡੀ ਇਕ ਸ਼ਰਤ ਹੈ। ਕਹਿੰਦੀ, ਸ਼ਰਤ ਨਾਲ ਬੈਠੋਗੇ। ਕਹਿੰਦੇ, ਹਾਂ। ਕਹਿੰਦੇ, ਅਸੀਂ ਸਾਧਨ ਕਰਦੇ ਹਾਂ, ਅਸੀਂ ਛੇ ਛੇ ਮਹੀਨੇ ਦੀ ਸਮਾਧੀ ਲਾ ਲੈਂਦੇ ਹਾਂ ਪਰ ਅਸੀਂ ਗੁਪਤ ਰਹਿਣਾ ਚਾਹੁੰਦੇ ਹਾਂ ਤੇ ਤੂੰ ਸਾਡੇ ਬਾਰੇ ਕਿਸੇ ਨੂੰ ਨਾ ਦੱਸੀ। ਜੇ ਤੂੰ ਨਹੀਂ ਦਸੇਗੀ, ਫੇਰ ਤਾਂ ਰਹਾਂਗੇ। ਜੇ ਦਸ ਦੇਵੇਗੀ ਫੇਰ ਅਸੀਂ ਚਲੇ ਜਾਵਾਂਗੇ। ਸਮਾਂ ਲੰਘ ਗਿਆ। ਪੜੋਸੀਆਂ ਨੇ ਦੇਖਿਆ, ਮਾਈ ਨੂੰ ਪੁਛਿਆ ਤੇ ਮਾਈ ਨੇ ਉਹਨਾਂ ਬਾਰੇ ਦੱਸ ਦਿੱਤਾ। ਕਹਿੰਦੀ, ਬਹੁਤ ਵੱਡੇ ਮਹਾਤਮਾ ਆਏ ਨੇ, ਉਹ ਕਿੰਨੇ ਕਿੰਨੇ ਦਿਨ ਸਮਾਧੀ ਨਹੀਂ ਖੋਲਦੇ। ਪਿਛਲੀ ਵਾਰੀ ਮਹੀਨਾ ਦਰਵਾਜਾ ਬੰਦ ਕਰਕੇ ਅੰਦਰ ਬੈਠੇ ਰਹੇ। ਮੈਂ ਤਾਂ ਰੋਜ਼ ਉਹਨਾਂ ਦੇ ਦਰਸ਼ਨ ਕਰਕੇ ਧੰਨ ਹੋ ਗਈ ਹਾਂ। ਉਸ ਪੜੌਸੀ ਨੇ ਅਗਲੇ ਪੜੌਸੀ ਨੂੰ ਦੱਸ ਦਿੱਤਾ, ਉਸ ਤੋਂ ਅਗਲੇ ਨੇ ਅਗਲੇ ਨੂੰ, ਸਾਰੇ ਸ਼ਹਿਰ ਵਿਚ ਖਬਰ ਫੈਲ ਗਈ। ਫੈਲੀ ਹੋਈ ਖਬਰ ਰਾਜੇ ਤੱਕ ਵੀ ਪਹੁੰਚ ਗਈ। ਰਾਜੇ ਨੇ ਕਿਹਾ ਕਿ ਫੇਰ ਤਾਂ ਏਹੋ ਜਿਹੇ ਮਹਾਤਮਾ ਦੇ ਦਰਸ਼ਨ ਕਰਨੇ ਚਾਹੀਦੇ ਹਨ। ਰਾਜੇ ਨੇ ਵਜੀਰ ਨੂੰ ਕਿਹਾ, ਵਜੀਰ ਨੇ ਉਸ ਤੋਂ ਥੱਲੇ ਨੂੰ, ਸਾਰੇ ਹੀ ਤਿਆਰ ਹੋ ਗਏ। ਬੈਂਡ ਬਾਜੇ ਵਾਲੇ ਲੈ ਲਏ, ਰਾਜਾ ਤੇ ਰਾਣੀਆਂ ਇਕੱਠੇ ਹੋ ਕੇ ਜਲੂਸ ਕੱਢ ਲਿਆ। ਸੰਤਾਂ ਵੱਲ ਨੂੰ ਤੁਰੇ ਆਉਂਦੇ ਨੇ, ਉਸ ਦਿਨ ਉਹਨਾਂ ਦੀ ਸਮਾਧੀ ਖੁਲ੍ਹੀ ਸੀ, ਦੋਨੋਂ ਬੈਠੇ ਸੀ। ਭਰਥਰੀ ਕਹਿਣ ਲੱਗੇ, ਗੋਪੀਚੰਦ ਇਹ ਕੀ ਗੱਲ ਹੈ, ਬਾਹਰ ਰੌਲਾ ਰੱਪਾ ਪੈਂਦਾ ਸੁਣਾਈ ਦੇ ਰਿਹਾ ਹੈ। ਮਨ ਵਿਚ ਖਿਆਲ ਆਇਆ ਕਿ ਇਹ ਸਭ ਕੁਝ ਮਾਈ ਦਾ ਕੀਤਾ ਹੋਇਆ ਹੈ। ਪੁਛਣ ਲੱਗੇ ਕਿ ਮਾਤਾ ਇਹ ਕੀ ਆ ਰਿਹਾ ਹੈ? ਉਤਰ ਦਿੱਤਾ ਕਿ ਮਹਾਰਾਜ! ਮੈਂ ਤਾਂ ਬਹੁਤ ਖੁਸ਼ ਹਾਂ ਕਿ ਤੁਸੀਂ

ਇੰਨੇ ਵੱਡੇ ਮਹਾਤਮਾ ਹੋ ਅਤੇ ਅੱਜ ਇਥੋਂ ਦਾ ਰਾਜਾ ਤੁਹਾਡੇ ਦਰਸ਼ਨ ਕਰਨ ਆ ਰਿਹਾ ਹੈ। ਕਹਿੰਦੇ, ਤੂੰ ਸਾਡੇ ਬਾਰੇ ਦੱਸ ਦਿੱਤਾ ਹੋਣੈ। ਕਹਿੰਦੀ, ਮੈਂ ਦਸਦੀ ਕਿਵੇਂ ਨਾ? ਤੁਸੀਂ ਇੰਨੇ ਉਚੇ ਹੋ, ਤੁਹਾਨੂੰ ਪ੍ਰਗਟ ਹੋਣਾ ਚਾਹੀਦਾ ਹੈ ਤੇ ਤੁਹਾਨੂੰ ਗੁਪਤ ਨਹੀਂ ਰਹਿਣਾ ਚਾਹੀਦਾ। ਮੈਂ ਤਾਂ ਕੇਵਲ ਪੜੌਸੀਆਂ ਨੂੰ ਦਸਿਆ ਸੀ। ਉਹਨਾਂ ਨੇ ਅੱਗੇ ਗੱਲ ਕਰ ਦਿੱਤੀ। ਦੋਵੇਂ ਸੋਚਦੇ ਹਨ ਕਿ ਮਾਈ ਨੇ ਤਾਂ ਸਾਡੀ ਜਾਨ ਲਈ ਬਖੇੜਾ ਖੜਾ ਕਰ ਦਿੱਤਾ ਹੈ। ਆਪਸ ਵਿਚ ਗੱਲਾਂ ਕਰਦੇ ਨੇ ਕਿ ਉਹ ਰਾਜਾ ਤਾਂ ਇਕ ਦੰਦਈਆ ਆ ਰਿਹਾ ਹੈ। ਇਸ ਦੀਆਂ ਤਾਂ ਨਾ ਲੋੜਾਂ ਮੁਕਣੀਆਂ ਨੇ ਨਾ ਇਸਨੇ ਸਾਡਾ ਖਹਿੜਾ ਛਡਣਾ ਹੈ। ਦੋਨੋਂ ਆਪਸ ਵਿਚ ਸਲਾਹ ਕਰਨ ਲਗ ਪਏ ਕਿ ਇਸ ਤੋਂ ਕਿਵੇਂ ਪਿਛਾ ਛਡਾਈਏ। ਉਧਰ ਬੈਂਡ ਬਾਜਾ ਵਜੀ ਜਾਂਦਾ ਹੈ ਤੇ ਰਾਣੀਆਂ ਸਮੇਤ ਰਾਜਾ ਸੰਤਾਂ ਨੂੰ ਭੇਟ ਕਰਨ ਵਾਸਤੇ ਮੋਤੀਆਂ ਦਾ ਥਾਲ ਲੈ ਕੇ ਆ ਰਿਹਾ ਹੈ। ਜਦ ਨੇੜੇ ਆ ਗਿਆ, ਉਨ੍ਹਾਂ ਨੇ ਵਿਉਂਤ ਦੇ ਹਿਸਾਬ ਨਾਲ ਇਕ ਨੇ ਝੋਲੀ ਮੋਢੇ ਤੇ ਪਾ ਲਈ ਜਿਵੇਂ ਮੰਗਣ ਵਾਸਤੇ ਚਲਿਆ ਹੋਵੇ। ਦੂਜਾ ਕਹਿਣ ਲੱਗਿਆ ਗੁਰੂ ਜੀ ਕਿਥੇ ਚਲੋ ਹੋ? ਕਹਿੰਦੇ, ਮੈਂ ਸ਼ਹਿਰ ਜਾ ਆਵਾਂ ਤੇ ਅਲੱਖ ਨਿਰੰਜਨ ਕਹਿ ਆਵਾਂ। ਉਹ ਕਹਿੰਦਾ, ਅਜ ਤਾਂ ਮੈਂ ਜਾਵਾਂਗਾ। ਕਹਿੰਦਾ, ਕਲ ਤੁਸੀਂ ਗਏ ਸੀ, ਅਜ ਮੈਂ ਜਾਵਾਂਗਾ। ਰਾਜਾ ਸੁਣਨ ਲਗ ਪਿਆ। ਉਹ ਕਹਿੰਦਾ ਤੂੰ ਕਿਉਂ ਜਾਣਾ ਹੈ? ਕਹਿੰਦਾ, ਤੁਸੀਂ ਪਰਸੋਂ ਚੋਰੀ ਚੋਰੀ ਖੀਰ ਖਾ ਕੇ ਆਏ ਸੀ ਮੈਨੂੰ ਪਤਾ ਲਗ ਗਿਆ ਕਿਉਂਕਿ ਤੁਹਾਡੀ ਦਾੜ੍ਹੀ ਨਾਲ ਲਗੀ ਹੋਈ ਸੀ ਤੇ ਮੇਰੇ ਵਾਸਤੇ ਨਹੀਂ ਲੈ ਕੇ ਆਏ। ਰਸਤੇ ਵਿਚ ਹੀ ਖਾ ਆਏ ਸੀ। ਉਸ ਨੇ ਜਵਾਬ ਦਿੱਤਾ ਕਿ ਮੈਂ ਖਾਂਦਾ ਨਾ, ਕਿਉਂਕਿ ਚੋਥੇ ਤੂੰ ਵੀ ਤਾਂ ਲੱਡੂ ਖਾਧੇ ਸੀ। ਤੇਰੀ ਵੀ ਦਾੜ੍ਹੀ ਵਿਚ ਲੱਡੂ ਲਗੇ ਹੋਏ ਸੀ। ਉਹ ਕਹਿੰਦਾ ਮੈਂ ਜਾਣਾ ਹੈ, ਉਹ ਕਹਿੰਦਾ ਮੈਂ ਜਾਣਾ ਹੈ। ਦੋਨੋਂ ਆਪਸ ਵਿਚ ਗੁਥਮ ਗੁਥੀ ਹੋ ਗਏ। ਰਾਜਾ ਖੜ੍ਹਾ ਦੇਖਦਾ ਹੈ ਕਿ ਇਹ ਸਾਧ ਕਾਹਦੇ ਹਨ ਇਹ ਤਾਂ ਖਾਣ ਪੀਣ ਤੋਂ ਉਪਰ ਨਹੀਂ ਉਠੇ, ਇਹ ਤਾਂ ਖੀਰ ਤੇ ਲੱਡੂਆਂ ਦੇ ਭੁੱਖੇ ਹਨ। ਇਨ੍ਹਾਂ ਨੂੰ ਕੀ ਭੇਟ ਕਰਨੈ ਤੇ ਚੁਪ ਕਰਕੇ ਮੁੜ ਗਿਆ। ਵਜੀਰ ਤੇ ਅਹਿਲਕਾਰ ਵੀ ਇਸੇ ਤਰ੍ਹਾਂ ਰਾਜੇ ਦੀ ਹਾਂ ਵਿਚ ਹਾਂ ਮਿਲਾ ਕੇ ਵਾਪਸ ਤੁਰ ਗਏ। ਭਰਥਰੀ ਤੇ ਗੋਪੀਚੰਦ ਨੇ ਧਰਤੀ ਤੇ ਮੱਥਾ ਟੇਕਿਆ ਤੇ ਕਿਹਾ ਕਿ ਸ਼ੁਕਰ ਹੈ ਦੰਦਈਆਂ ਤੋਂ ਬਚ ਗਏ ਨਹੀਂ ਤਾਂ ਮਾਰੇ ਜਾਣਾ ਸੀ। ਇਸਨੂੰ ਪ੍ਰਭਤਾ ਕਹਿੰਦੇ ਹਨ। ਪ੍ਰਭਤਾ ਨੂੰ ਹਜਮ ਕਰਨ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ। ਜਿਸਦੇ ਮਨ ਵਿਚ ਸਚਮੁਚ ਇਹ ਸਮਾਇਆ ਹੋਵੇ ਕਿ –

***ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਅੰਗ – 730***

ਉਹ ਤਾਂ ਪ੍ਰਭਤਾ ਨੂੰ ਸਹਿ ਜਾਂਦਾ ਹੈ, ਦੂਸਰੇ ਤਾਂ ਪ੍ਰਭਤਾ ਪਾ ਕੇ ਪ੍ਰਮੇਸ਼ਰ ਨੂੰ ਵੀ ਭੁਲ ਜਾਇਆ ਕਰਦੇ ਹਨ ਅਤੇ ਆਪਣੇ ਵਾਸਤੇ ਨਰਕਾਂ ਦਾ ਰਾਹ ਤਿਆਰ ਕਰ ਲੈਂਦੇ ਹਨ। ਸੋ ਇਨ੍ਹਾਂ ਚੀਜ਼ਾਂ ਦਾ ਤਿਆਗ ਕਰਨਾ ਪੈਂਦਾ ਹੈ। ਨਿੰਦਿਆ ਦਾ ਤਿਆਗ, ਚੁਗਲੀ ਦਾ ਤਿਆਗ, ਕਪਟ ਦਾ ਤਿਆਗ, ਪੰਜ ਚੋਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਇਨ੍ਹਾਂ ਦਾ ਤਿਆਗ। ਪੰਜ ਵਿਸ਼ੇ - ਸ਼ਬਦ, ਸਪਰਸ਼, ਰੂਪ, ਰਸ, ਗੰਧ ਇਹਨਾਂ ਦਾ ਤਿਆਗ। ਈਰਖਾ ਦਾ ਤਿਆਗ, ਵਾਸ਼ਨਾਵਾਂ ਦਾ ਤਿਆਗ, ਵਾਸ਼ਨਾਵਾਂ ਨਾਲ ਅਸੀਂ ਸਾਰੇ ਬੰਨੇ ਹੋਏ ਹਾਂ। ਮਨ ਕਿਉਂ ਨਹੀਂ ਟਿਕਦਾ? ਮੈਂ ਪਹਿਲੇ ਦਿਨ ਦਸਿਆ ਸੀ ਕਿ ਮਨ ਤਾਂ ਨਹੀਂ ਟਿਕਦਾ ਕਿਉਂਕਿ ਮਨ ਵਿਚ ਅਨੇਕ ਵਾਸ਼ਨਾਵਾਂ ਹਨ ਤੇ ਉਹ ਪੂਰੀਆਂ ਨਹੀਂ ਹੁੰਦੀਆਂ। ਜਿੰਨੀਆਂ ਪੂਰੀਆਂ ਹੋ ਗਈਆਂ ਉਸ ਤੋਂ ਅਗੇ ਹੋਰ ਜਾਗ ਪੈਂਦੀਆਂ ਹਨ। ਮਹਾਰਾਜ ਕਹਿੰਦੇ,

***ਕੋਟਿ ਜੋਰੇ ...............॥ ਅੰਗ - 213***

ਕਰੋੜ ਰੁਪਇਆ ਜੋੜ ਲਿਆ। ਕਹਿੰਦੇ, ਇਹ ਤਾਂ ਥੋੜਾ ਹੀ ਹੈ। ਜਿਉਂ ਲਗਿਆ ਜੋੜਨ ਕਹਿੰਦੇ -

***.......... ਲਾਖ ਕ੍ਰੋਰੇ .........॥ ਅੰਗ - 213***

ਸੋ ਖਰਬ ਜੋੜ ਲਿਆ ਉਥੇ ਖੜ ਗਿਆ। ਮਹਾਰਾਜ ਕਹਿੰਦੇ -

***............. ਮਨੁ ਨ ਹੋਰੇ॥***
***ਪਰੈ ਪਰੈ ਹੀ ਕਉ ਲੁਝੀ ਹੇ॥ ਅੰਗ - 213***

ਹੋਰ ਅਗੇ ਚਲ ਪੈਂਦਾ ਹੈ, ਹੋਰ ਅਗੇ ਚਲ ਪੈਂਦਾ ਹੈ। ਇਹ ਵਾਸ਼ਨਾਵਾਂ ਆਦਮੀ ਦੇ ਅੰਦਰ ਜਿੰਦਗੀ ਭਰ ਰਹਿੰਦੀਆਂ ਹੈ। ਮਰਣ ਤੋਂ ਬਾਅਦ ਕੀ ਕਰਦੀਆਂ ਹਨ ਕਿ ਜਿਵੇਂ ਦੀ ਵਾਸ਼ਨਾ ਹੁੰਦੀ ਹੈ, ਉਸ ਤਰ੍ਹਾਂ ਦਾ ਜਨਮ ਮਿਲ ਜਾਂਦਾ ਹੈ।

***ਅੰਤ ਮਤੇ ਸੋ ਗਤੇ॥***
***ਵਾਸਨਾ ਬਧਾ ਆਵੈ ਜਾਵੈ॥***

ਜਨਮ ਮਰਣ ਦਾ ਚੱਕਰ ਵੀ ਇਸ ਦੇ ਗੱਲ ਵਾਸ਼ਨਾਵਾਂ ਨੇ ਪਾਇਆ ਹੋਇਆ ਹੈ। ਨਵਾਬ ਦੋਲਤਖਾਹ ਨੇ ਗੁਰੂ ਨਾਨਕ ਦੇਵ ਜੀ ਨੂੰ ਪੁਛਿਆ ਸੀ, ਹੇ ਨਾਨਕ! ਮਨ ਕਿਵੇਂ ਟਿੱਕੇ? ਮਹਾਰਾਜ ਕਹਿੰਦੇ, ਜਦ ਤਕ ਵਾਸ਼ਨਾ ਨਹੀਂ ਖਤਮ ਹੁੰਦੀ ਉਦੋਂ ਤਕ ਮਨ ਨਹੀਂ ਟਿਕਦਾ। ਵਾਸ਼ਨਾ ਦੇ ਵਿਚ ਪਹਿਲੀ ਧਨ ਵਾਸ਼ਨਾ, ਧਨ ਕਮਾਉਣ ਵਾਸਤੇ। ਕਹਿੰਦਾ, ਜੇ ਮੇਰੇ ਕੋਲ ਲਖ ਰੁਪਇਆ ਹੋ ਜਾਏ ਬਹੁਤ ਹੈ। ਕੁਦਰਤ ਨੇ ਸਾਥ ਦਿੱਤਾ, ਕਿਸਮਤ ਨੇ ਸਾਥ ਦਿੱਤਾ, ਲਖ

ਹੋ ਗਿਆ। ਮਨੁਖ ਕਹਿੰਦੈ ਇਹ ਤਾਂ ਥੋੜ੍ਹਾ ਹੈ, ਫਲਾਣੇ ਤੋਂ ਥੋੜ੍ਹਾ ਹੈ, ਹੋਰ ਵੱਧ ਗਿਆ, ਵੱਧਦਾ ਵੱਧਦਾ ਵੱਡਾ ਹੋ ਗਿਆ।

ਕੋਈ ਬਾਹਰੋ ਆਇਆ, ਉਸਨੇ ਡਾਲਰਾਂ ਦੀ ਗੱਲ ਕੀਤੀ ਕਿ ਮੇਰੇ ਲਖ ਡਾਲਰ ਨੇ। ਕਹਿੰਦੇ ਇਸ ਕੋਲ 30 ਲੱਖ ਜਮ੍ਹਾ ਹੈ। ਉਹ ਵੀ ਲਗ ਗਿਆ ਕੋਸ਼ਿਸ਼ ਕਰਨ, ਉਹਨੇ ਵੀ ਕਰ ਲਏ, ਹੋਲੀ ਹੋਲੀ ਕਰੋੜ ਹੋ ਗਏ। ਕਹਿੰਦਾ, ਇਹ ਤਾਂ ਥੋੜੇ ਹੀ ਨੇ, ਇਸ ਤੋਂ ਬਾਅਦ ਤਾਂ ਕਿੰਨੇ ਹੀ ਬੰਦੇ ਨੇ ਜਿਨ੍ਹਾਂ ਕੋਲ ਕਿੰਨੇ ਕਿੰਨੇ ਕਰੋੜ ਹੈ। ਇਹਦੇ ਕੋਲ ਕਰੋੜ ਵੀ ਹੋ ਗਿਆ, ਫੇਰ ਅਰਬਾਂ ਦਾ ਖਿਆਲ ਆ ਗਿਆ। ਮਹਾਰਾਜ ਕਹਿੰਦੇ, ਇਹ ਤ੍ਰਿਸ਼ਨਾ ਦੀ ਅੱਗ ਬੁਝਦੀ ਨਹੀਂ।

***ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥ ਅੰਗ - 213***

ਕੋਈ ਵਿਰਲਾ ਬੰਦਾ ਹੈ, ਜਿਹੜਾ ਤ੍ਰਿਸ਼ਨਾ ਨੂੰ ਬੁਝਾ ਸਕੇ। ਸਾਰੀ ਜ਼ਿੰਦਗੀ ਖੱਪ ਖੱਪ ਕੇ ਮਰ ਜਾਂਦਾ ਹੈ ਤੇ ਪ੍ਰਮੇਸ਼ਰ ਦੇ ਨਾਮ ਤੋਂ ਬਿਨਾਂ ਵਾਂਝਾ ਰਹਿ ਕੇ ਸੰਸਾਰ ਤੋਂ ਚਲਾ ਜਾਂਦਾ ਹੈ। ਲੇਕਿਨ ਧਨ ਦੀ ਵਾਸ਼ਨਾ ਨਹੀਂ ਖਤਮ ਹੁੰਦੀ, ਅਗੇ ਹੀ ਅਗੇ ਵੱਧਦੀ ਜਾਂਦੀ ਹੈ। ਦੂਸਰੀ ਵਾਸ਼ਨਾ ਹੁੰਦੀ ਹੈ ਦੇਹ ਵਾਸ਼ਨਾ। ਦੇਹ ਨੂੰ ਸ਼ਿੰਗਾਰਦੇ ਰਹਿੰਦੇ ਹਨ। ਸਫੇਦ ਵਾਲ ਹੋ ਗਏ ਤਾਂ ਕਹਿੰਦੇ ਕਿ ਇਹ ਤਾਂ ਚੰਗੇ ਨਹੀਂ ਲਗਦੇ, ਉਤੋਂ ਦੀ ਕਾਲਾ ਰੰਗ ਲਾ ਕੇ ਅਤੇ ਕਲਫ ਆਦਿ ਲਗਾਣਾ ਸ਼ੁਰੂ ਕਰ ਦਿੱਤਾ। ਇਸ ਦੇਹ ਨੂੰ ਵਧੀਆ ਤੋਂ ਵਧੀਆਂ ਕੱਪੜੇ ਲਿਆ ਕੇ ਪਾਉਂਦਾ ਹੈ, ਇਸਦਾ ਨਤੀਜਾ ਕੀ ਹੈ? ਕਹਿੰਦੇ, ਇਹ ਤਾਂ ਮਿੱਟੀ ਵਿਚ ਗੱਲ ਜਾਣੀ ਹੈ, ਹੱਡੀਆਂ ਦਾ ਵੀ ਨਹੀਂ ਪਤਾ ਚਲਣਾ ਕਿਧਰ ਚਲੇ ਗਈਆਂ ਹਨ। ਜਿਸ ਨੂੰ ਤੂੰ ਸ਼ਿੰਗਾਰਦਾ ਰਹਿੰਦਾ ਹੈ -

***ਜਿਹ ਸਿਰਿ ਰਚਿ ਰਚਿ ਬਾਧਤ ਪਾਗ॥***
***ਸੋ ਸਿਰੁ ਚੁੰਚ ਸਵਾਰਹਿ ਕਾਗ॥ ਅੰਗ - 330***

ਕਹਿੰਦੇ, ਆਦਮੀ ਦੀ ਵਾਸਨਾ ਕਦੇ ਖਤਮ ਨਹੀਂ ਹੁੰਦੀ। ਤੀਸਰੀ ਹੁੰਦੀ ਹੈ ਲੋਕ ਵਾਸਨਾ। ਲੋਕ ਵਾਸਨਾ ਵਾਸਤੇ ਆਦਮੀ ਦੇ ਮਨ ਵਿਚ ਹੁੰਦਾ ਹੈ ਕਿ ਮੇਰੇ ਕੋਲ ਸਭ ਤੋਂ ਵਧੀਆ ਚੀਜ਼ਾਂ ਹੋਣ, ਮੇਰਾ ਘਰ ਵੀ ਵਧੀਆ ਹੋਵੇ, ਜਦੋਂ ਮੈਂ ਵਿਆਹ ਕਰਾਂ ਇਸ ਤਰ੍ਹਾਂ ਦਾ ਕਰਾਂ ਕਿ ਲੋਕ ਧੰਨ ਧੰਨ ਕਰਨ। ਅੱਜ ਤਕ ਕੋਈ ਐਸਾ ਬੰਦਾ ਨਹੀਂ ਕਿ ਜਿਸਦੀ ਸਾਰੇ ਉਪਮਾ ਕਰਨ, ਨਾ ਕੋਈ ਐਸਾ ਹੈ ਜਿਸਦੀ ਸਾਰੇ ਨਿੰਦਿਆ ਕਰਨ। ਨਿੰਦਿਆ ਵੀ ਹੁੰਦੀ ਹੈ ਤੇ ਉਪਮਾ ਵੀ ਹੁੰਦੀ ਰਹਿੰਦੀ ਹੈ। ਦੋਨੋਂ ਗੱਲਾਂ ਤਾਂ ਹੁੰਦੀਆਂ ਹੀ ਹਨ। ਜਦੋਂ ਦਿਨ ਹੈ ਤਾਂ ਰਾਤ ਨੇ ਵੀ ਉਨੀ ਵੱਡੀ ਹੋ ਕੇ ਆਉਣਾ ਹੈ। ਲੋਕ ਵਾਸਨਾ ਬਹੁਤ ਤੰਗ ਕਰਦੀ ਹੈ।

ਜਦੋਂ ਸ੍ਰੀ ਰਾਮ ਚੰਦਰ ਜੀ ਮਹਾਰਾਜ ਲੰਕਾਂ ਜਿੱਤ ਕੇ ਅਯੋਧਿਆ ਆਏ। ਅਗਨ ਪਰੀਕਸ਼ਾ ਲੈ ਕੇ ਸੀਤਾ ਨੂੰ ਆਪਣੇ ਨਾਲ ਰਲਾਇਆ। ਇਸ ਤੋਂ ਬਾਅਦ ਇਕ ਦਿਨ ਆਪ ਪ੍ਰਜਾ ਦਾ ਹਾਲ ਦੇਖਣ ਵਾਸਤੇ ਵੀਰ ਯਾਤਰਾ ਕਰਦੇ ਕਰਦੇ ਇਕ ਐਸੇ ਥਾਂ ਗਏ, ਜਿਥੇ ਇਕ ਪਤੀ ਤੇ ਪਤਨੀ ਆਪਸ ਵਿਚ ਲੜ ਰਹੇ ਸਨ। ਕੀ ਦੇਖਦੇ ਹਨ ਹਨ੍ਹੇਰਾ ਹੋ ਚੁਕਿਆ ਸੀ ਕਿ ਇਕ ਪਤੀ ਆਪਣੀ ਪਤਨੀ ਨੂੰ ਘਰ ਦੇ ਅੰਦਰ ਨਹੀਂ ਸੀ ਆਉਣ ਦੇ ਰਿਹਾ ਤੇ ਕਹਿ ਰਿਹਾ ਸੀ ਕਿ ਮੇਰੇ ਘਰ ਵਿਚ ਪੈਰ ਨਾ ਰਖੀਂ। ਰਾਮਚੰਦਰ ਜੀ ਨੇ ਭੇਸ ਵਟਾਇਆ ਹੋਇਆ ਸੀ, ਜਾ ਕੇ ਪੁਛਿਆ, ਪੁਰਖਾ! ਕੀ ਗੱਲ ਹੈ ਤੂੰ ਇਸ ਨੂੰ ਅੰਦਰ ਕਿਉਂ ਨਹੀਂ ਆਉਣ ਦੇ ਰਿਹਾ, ਇਹ ਕਿਥੇ ਜਾਵੇ? ਕਹਿੰਦਾ, ਮੈਂ ਇਸਨੂੰ ਕਿਵੇਂ ਆਉਣ ਦਿਆਂ ਅੰਦਰ ਕਿਉਂਕਿ ਮੇਰੀ ਇਜਾਜਤ ਤੋਂ ਬਗੈਰ ਇਹ ਪੇਕਿਆਂ ਨੂੰ ਗਈ ਹੈ। ਰਾਮ ਚੰਦਰ ਜੀ ਕਹਿਣ ਲੱਗੇ ਕਿ ਕਿਉਂ ਬੀਬੀ! ਤੂੰ ਆਪਣੇ ਪਤੀ ਨੂੰ ਪੁਛਿਆ ਨਹੀਂ ਸੀ। ਉਸ ਬੀਬੀ ਨੇ ਕਿਹਾ ਕਿ ਮੈਨੂੰ ਸੁਨੇਹਾ ਆਇਆ ਸੀ ਕਿ ਮੇਰੇ ਪਿਤਾ ਜੀ ਬਹੁਤ ਸਖਤ ਬਿਮਾਰ ਹਨ ਤੇ ਇਹ ਧੋਬੀਘਾਟ ਗਇਆ ਹੋਇਆ ਸੀ। ਮੇਰੇ ਜਿਹੜੇ ਪੇਕੇ ਨੇ, ਇਹ ਸਾਮ੍ਹਣੇ ਥੋੜੀ ਵਿਥ ਤੇ ਹੀ ਹਨ, ਆਹ ਸਾਰਾ ਪਿੰਡ ਜਿਹੜਾ ਦਿਖਦਾ ਹੈ ਇਹ ਮੇਰੇ ਪੇਕਾ ਪਿੰਡ ਹੈ, ਕੋਈ ਅੱਧਾ ਮੀਲ ਤੇ ਹੈ ਤੇ ਧੋਬੀਘਾਟ ਡੇਢ ਮੀਲ ਤੇ ਹੈ ਤੇ ਜੋ ਮੈਂ ਉਧਰ ਪੁੱਛਣ ਜਾਂਦੀ ਤਾਂ ਮੈਨੂੰ ਤਿੰਨ ਮੀਲ ਤਾਂ ਆਹੀ ਵਾਟ ਪੈ ਜਾਣੀ ਸੀ, ਨਾਲੇ ਜ਼ਿਆਦਾ ਚਿਰ ਘਰ ਤੋਂ ਗੈਰਹਾਜ਼ਿਰ ਰਹਿਣਾ ਪੈਣਾ ਸੀ। ਮੈਂ ਸੋਚਿਆ ਕਿ ਮੈਂ ਨੱਠ ਕੇ ਜਾ ਕੇ ਆਪਣੇ ਪਿਓ ਦੀ ਖਬਰ ਲੈ ਆਵਾਂ। ਪਾਣੀ ਨੀ ਪੀਤਾ, ਰੋਟੀ ਨੀ ਖਾਧੀ, ਉਸੇ ਤਰ੍ਹਾਂ ਆ ਗਈ ਹਾਂ, ਹੁਣੇ ਹੀ ਗਈ ਸੀ, ਹੁਣੇ ਹੀ ਮੁੜ ਆਈ। ਰਾਮ ਚੰਦਰ ਜੀ ਨੇ ਕਿਹਾ ਕਿ ਇਸ ਵਿਚ ਇਸਦਾ ਕੀ ਕਸੂਰ ਹੈ ਤੂੰ ਬੀਬੀ ਨੂੰ ਅੰਦਰ ਆਉਣ ਦੀ ਆਗਿਆ ਦੇਹ। ਧੋਬੀ ਕਹਿਣ ਲੱਗਿਆ ਵਾਹ ਬਈ ਵਾਹ, ਤੂੰ ਮੈਨੂੰ ਰਾਮ ਚੰਦਰ ਸਮਝਦਾ ਹੈ ਕਿ ਸੀਤਾ ਲੰਕਾਪਤੀ ਰਾਵਣ ਦੇ ਬਾਗ ਵਿਚ ਰਹੀ ਹੋਈ ਨੂੰ ਰਾਮ ਚੰਦਰ ਨੇ ਫੇਰ ਵਾੜ ਲਿਆ। ਕੀ ਤੂੰ ਮੈਨੂੰ ਰਾਮ ਚੰਦਰ ਸਮਝ ਲਿਆ? ਉਸੀ ਸਮੇਂ ਰਾਮ ਚੰਦਰ ਜੀ ਦੇ ਮਨ ਤੇ ਬੜੀ ਗਹਿਰੀ ਸੱਟ ਲਗੀ। ਲੋਕਾਂ ਨੇ ਰਾਇ ਗਲਤ ਦੇ ਦਿੱਤੀ। ਉਹਨਾਂ ਨੂੰ ਸੀਤਾ ਜੀ ਦਾ ਤਿਆਗ ਕਰਨਾ ਪਿਆ।

ਇਕ ਵਾਰ ਦੋਨੋਂ ਭਰਾ ਰਾਮ ਚੰਦਰ ਜੀ ਤੇ ਲੱਛਮਣ ਜੀ ਪੂਰਬ ਵੱਲ ਚਲੇ ਗਏ। ਉਥੇ ਗਏ ਤਾਂ ਪਾਣੀ ਦੀ ਪਿਆਸ ਲਗੀ। ਇਕ ਕਿਸਾਨ ਹਲ ਚਲਾ ਰਿਹਾ ਹੈ। ਉਸਨੇ ਸਿਰ ਉਤੇ ਲੋਹੇ ਦੀਆਂ ਤਾਰਾਂ ਦਾ ਇਕ ਟੋਪ ਲਿਆ

ਹੋਇਆ ਹੈ ਤੇ ਤਾਰਾਂ ਦਾ ਹੀ ਕੋਟ ਗਲ ਵਿਚ ਪਾਇਆ ਹੋਇਆ ਹੈ। ਬਲਦਾਂ ਦੇ ਉਤੇ ਵੀ ਲੋਹੇ ਦੇ ਝੁਲ ਪਾਏ ਹੋਏ ਨੇ ਤੇ ਪੈਰਾਂ ਦੇ ਵਿਚ ਚਮੜੇ ਦੇ ਫੁਟਲਸ ਪਾਏ ਹੋਏ ਹਨ। ਕਿਸਾਨ ਨੇ ਆਪਣੇ ਪੈਰਾਂ ਵਿਚ ਵੀ ਫੁਟਲਸ ਪਾਏ ਹੋਏ ਹਨ। ਪਾਣੀ ਪੀਣ ਤੋਂ ਬਾਅਦ ਰਾਮ ਚੰਦਰ ਜੀ ਕਹਿਣ ਲੱਗੇ, ਪੁਰਖਾ! ਤੂੰ ਹਲ ਵਾਹੁਣ ਆਇਆ ਹੈਂ ਤੇ ਰੂਪ ਕੀ ਬਣਾਇਆ ਹੈ, ਇਹ ਕਿਉਂ ਹੈ? ਕਹਿੰਦਾ, ਮਹਾਰਾਜ ਐਥੇ ਇਕ ਪੰਛੀ ਹੈ ਉਸਦੀ ਬਹੁਤ ਤੇਜ ਚੁੰਜ ਹੈ, ਜੇ ਉਹ ਝਪਟਾ ਮਾਰੇ ਤਾਂ ਮਾਸ ਕੱਢ ਕੇ ਲੈ ਜਾਂਦਾ ਹੈ। ਇਸ ਕਰਕੇ ਲੋਹੇ ਦੀਆਂ ਤਾਰਾਂ ਦਾ ਅਸੀਂ ਝੂਲ ਬਣਾ ਦਿੱਤਾ ਤੇ ਮੈਂ ਵੀ ਤਾਰਾਂ ਦੀ ਟੋਪੀ ਉਤੇ ਲਿਤੀ ਹੋਈ ਹੈ। ਕਹਿੰਦੇ, ਫੇਰ ਪੈਰਾਂ ਵਿਚ ਚਮੜੇ ਦੇ ਫੁਟਲਸ ਪਾਏ ਹਨ ਕਹਿੰਦਾ, ਐਥੇ ਇਕ ਬਹੁਤ ਜ਼ਹਿਰੀਲਾ ਬਿੱਛੂ ਹੈ, ਜਦ ਉਹ ਲੜ ਜਾਂਦਾ ਹੈ ਤਾਂ ਪੱਥਰ ਨੂੰ ਵੀ ਖਿਲ ਬਣਾ ਦਿੰਦਾ ਹੈ। ਉਸ ਤੋਂ ਬਚਣ ਵਾਸਤੇ ਅਸੀਂ ਇਹ ਕੀਤਾ ਹੈ। ਰਾਮ ਚੰਦਰ ਜੀ ਕਹਿਣ ਲੱਗੇ, ਦੇਖ! ਭਾਰਤ ਵਰਸ਼ ਦੇ ਵਿਚ ਕਿਧਰੇ ਜ਼ਮੀਨ ਦਾ ਘਾਟਾ ਹੈ। ਤੂੰ ਇਹ ਜ਼ਮੀਨ ਛਡਕੇ, ਚੰਗੀ ਜਗ੍ਹਾ ਜਾ ਕੇ ਲੈ ਲਵੋ। ਕਿਸਾਨ ਨੇ ਕਿਹਾ ਕਿ ਵਾਹ ਜੀ ਵਾਹ, ਕਹਿੰਦਾ ਮੈਂ ਤੁਹਾਨੂੰ ਚੰਗਾ ਪਾਣੀ ਪਿਲਾਇਐ? ਪਰ ਮੈਂ ਤੁਹਾਡੇ ਤੋਂ ਕੋਈ ਗਲਤ ਰਾਇ ਥੋੜਾ ਲੈਣੀ ਹੈ। ਤੁਸੀਂ ਮੈਨੂੰ ਇਹ ਦੱਸੋ ਭਲਾ ਆਪਣੀ ਔਰਤ ਨੂੰ ਤੇ ਆਪਣੀ ਜ਼ਮੀਨ ਨੂੰ ਦੁਨੀਆਂ ਵਿਚ ਕੌਣ ਛਡਦਾ ਹੈ? ਕੀ ਤੁਸੀਂ ਮੈਨੂੰ ਰਾਮ ਚੰਦਰ ਸਮਝਿਆ ਹੈ ਕਿ ਜਿਸ ਨੇ ਲੋਕਾਂ ਦੇ ਕਹਿਣ ਤੇ ਸੀਤਾ ਜੀ ਦਾ ਤਿਆਗ ਕਰ ਦਿਤਾ। ਮੈਂ ਇਹ ਹਰਗਿਜ਼ ਨਹੀਂ ਕਰ ਸਕਦਾ। ਰਾਮ ਚੰਦਰ ਜੀ ਲੱਛਮਣ ਦੇ ਮੂੰਹ ਵੱਲ ਦੇਖਣ ਲਗ ਪਏ। ਕਹਿੰਦੇ, ਲੱਛਮਣ! ਹੁਣ ਦੱਸ ਕੀ ਕਰੀਏ, ਦੁਨੀਆਂ ਤਾਂ ਦੋ ਮੂੰਹੀ ਹੈ। ਰਾਮ ਚੰਦਰ ਜੀ ਲੱਛਮਣ ਨੂੰ ਕਹਿੰਦੇ, ਉਧਰ ਧੋਬੀ ਨੇ ਕਿਹਾ ਕਿ ਸੀਤਾ ਜੀ ਨੂੰ ਘਰ ਕਿਉਂ ਲਿਆਂਦਾ ਤੇ ਏਧਰ ਵਾਲੇ ਪਾਸੇ ਆਹ ਉਲਟੀ ਗੱਲ ਕਹਿੰਦਾ ਹੈ। ਸੋ ਲੋਕ ਵਾਸ਼ਨਾ ਵਿਚ ਪੈ ਕੇ ਬੰਦਾ ਕਿਸੇ ਨੂੰ ਖੁਸ਼ ਨਹੀਂ ਕਰ ਸਕਦਾ। ਸਾਰਿਆਂ ਦੀ ਆਪਣੀ ਆਪਣੀ ਮਤ ਹੁੰਦੀ ਹੈ ਜਿਵੇਂ ਦੀ ਕਿਸੇ ਦੀ ਸਮਝ ਵਿਚ ਆਉਂਦੀ ਹੈ, ਵੈਸੀ ਹੀ ਗੱਲ ਕਰਦਾ ਹੈ।

ਫੇਰ ਸ਼ਸਤਰ ਵਾਸ਼ਨਾ ਹੁੰਦੀ ਹੈ ਕਿ ਕਿਤਾਬਾਂ ਪੜ੍ਹੀ ਜਾਣੀਆਂ, ਲੋਕਾਂ ਨੂੰ ਸੁਣਾਈ ਜਾਣੀਆ ਤੇ ਆਪਣਾ ਹਾਲ ਪੋਰ ਵਰਗਾ ਹੁੰਦਾ ਹੈ। ਕਿਸਾਨ ਪੋਰ ਨੂੰ ਹੱਲ ਦੇ ਨਾਲ ਲਾ ਕੇ ਧਰਤੀ ਵਿਚ ਦਾਣੇ ਬੀਜਦਾ ਹੈ ਜੋ ਵਿਚੋਂ ਖੋਖਲਾ ਹੁੰਦਾ ਹੈ। ਧਰਤੀ ਵਿਚ ਜਾ ਕੇ ਦਾਣੇ ਜੰਮ ਜਾਂਦੇ ਹਨ, ਪਰੰਤੂ ਪੋਰ ਵਿਚ ਕੋਈ ਵੀ ਨਹੀਂ ਰਹਿੰਦਾ। ਗ੍ਰੰਥ ਵਿਚੋਂ ਪੜ੍ਹ ਕੇ ਲੋਕਾਂ ਨੂੰ ਸੁਣਾਈ ਜਾਣਾ ਤੇ ਲੋਕਾਂ ਤੋਂ ਵਾਹਵਾ-ਵਾਹਵਾ ਲਈ ਜਾਣੀ, ਇਸ ਨੂੰ ਸ਼ਸਤਰ ਵਾਸ਼ਨਾ ਆਖਦੇ

ਹਨ।

ਫੇਰ ਹੋਇਆ ਕਰਦੀ ਹੈ ਅੰਗਸ਼ਠਾਨ ਵਾਸ਼ਨਾ, ਚਿਲੇ ਕਟਣੇ ਤੇ ਵਚਨ ਕਰਨੇ ਕਿ ਬਈ ਤੇਰਾ ਫਲਾਣਾ ਕੰਮ ਹੋ ਜਾਵੇਗਾ। ਪਹਿਲਾਂ ਤਾਂ ਸਰੀਰ ਤੇ ਕਸ਼ਟ ਸਹਿ ਕੇ ਚਿਲੇ ਕੱਟਦੇ ਹਨ। ਫੇਰ ਉਹਨਾਂ ਨੂੰ ਪੈਸਿਆਂ ਲਈ ਲੋਕਾਂ ਨੂੰ ਵੇਚਦੇ ਹਨ। ਇਹ ਵਾਸ਼ਨਾ ਸਭ ਤੋਂ ਮਾੜੀ ਹੁੰਦੀ ਹੈ। ਸੋ ਇਸ ਤਰ੍ਹਾਂ ਵਾਸ਼ਨਾ ਦਾ ਤਿਆਗ ਕਰੇ ਬਿਨਾਂ ਨਾਮ ਨਹੀਂ ਚਲਦਾ। ਨਾਮ ਨੂੰ ਰੋਜ਼ੀ ਵਾਸਤੇ ਵੇਚਣਾ ਕਿ ਕੀਰਤਨ ਸੋਹਣਾ ਕਰਦਾ ਹੈ ਤੇ ਵਾਜੇ ਦੇ ਉਤੇ ਪੈਸੇ ਧਰਾਉਣ ਲਗ ਜਾਣਾ, ਰੋਜੀ ਪਿਛੇ ਨਾਮ ਨੂੰ ਵੇਚਣਾ, ਆਪਣੇ ਤੱਪ ਨੂੰ ਵੇਚਣਾ ਹੁੰਦਾ ਹੈ। ਬੰਦਾ ਭੁਲ ਜਾਂਦਾ ਹੈ, ਰੋਜੀ ਤਾਂ ਪ੍ਰਮੇਸ਼ਰ ਦਿੰਦਾ ਹੈ, ਕੌਣ ਹੈ ਦੁਨੀਆਂ ਵਿਚ ਜਿਸ ਨੂੰ ਰੋਜੀ ਨਹੀਂ ਮਿਲਦੀ। ਮਹਾਰਾਜ ਤਾਂ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਰੋਜੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ,***
***ਤੈਨੂੰ ਕਿਉਂ ਨਾ ਦੇਵੇ ਬੰਦਿਆ – 2.***
***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ॥ ਅੰਗ – 9***

ਇਕ ਵਾਰੀ ਗੁਰੂ ਦਸਵੇਂ ਪਾਤਸ਼ਾਹ ਜੀ ਦਾ ਦੀਵਾਨ ਲਗਿਆ ਹੋਇਆ ਹੈ। ਸੰਗਰਾਂਦ ਦਾ ਦਿਹਾੜਾ ਹੈ। ਦੂਰ ਦਰਾਜ ਤੋਂ ਆ ਕੇ ਸੰਗਤਾਂ ਨਮਸ਼ਕਾਰ ਕਰਦੀਆਂ ਨੇ, ਹਰੀ ਦਾ ਜੱਸ ਸਰਵਣ ਕਰਦੀਆਂ ਹਨ। ਜਦੋਂ ਅਦਰਾਸ ਹੋਣ ਲੱਗੀ ਇਕ ਪ੍ਰੇਮੀ ਦੀਵਾਨ ਵਿਚੋਂ ਉਠਿਆ, ਮੱਥਾ ਟੇਕ ਕੇ ਤੁਰ ਗਿਆ। ਅਗਲੇ ਮਹੀਨੇ ਦੀ ਸੰਗਰਾਂਦ ਤੇ ਫੇਰ ਮਹਾਰਾਜ ਜੀ ਨੇ ਦੇਖਿਆ, ਤੀਸਰੀ ਤੇ ਫੇਰ ਦੇਖਿਆ, ਸਿੰਘਾਂ ਨੂੰ ਹੁਕਮ ਕਰ ਦਿਤਾ ਕਿ ਇਹ ਜਿਹੜਾ ਗੁਰਸਿਖ ਹੈ, ਉਸਨੂੰ ਜਾਣ ਨਹੀਂ ਦੇਣਾ। ਚੌਥੀ ਸੰਗਰਾਂਦ ਤੇ ਜਦੋਂ ਮੱਥਾ ਟੇਕ ਕੇ ਜਾਣ ਲਗਿਆ ਤਾਂ ਸਿੰਘਾਂ ਨੇ ਰੋਕ ਲਿਆ ਕਿ ਤੇਰੇ ਵਾਸਤੇ ਹੁਕਮ ਹੈ ਗੁਰੂ ਕਲਗੀਧਰ ਪਾਤਸ਼ਾਹ ਜੀ ਨੂੰ ਮਿਲਕੇ ਜਾਵੀਂ। ਉਸਨੂੰ ਮਹਾਰਾਜ ਜੀ ਅੱਗੇ ਪੇਸ਼ ਕੀਤਾ। ਮਹਾਰਾਜ ਕਹਿੰਦੇ, ਸਿੰਘਾਂ ਤੈਨੂੰ ਚਾਰ ਸੰਗਰਾਂਦਾ ਤੋਂ ਦੇਖ ਰਹੇ ਹਾਂ ਕਿ ਤੂੰ ਅਰਦਾਸ ਤੋਂ ਪਹਿਲੇ ਹੀ ਤੁਰ ਜਾਂਦਾ ਹੈ। ਸਾਧ ਸੰਗਤ ਜੀ! ਗੁਰੂਆਂ, ਪੀਰਾਂ ਨਾਲ ਮਰਿਆਦਾ ਇਹ ਹੁੰਦੀ ਹੈ, ਕਿ ਜਦ ਤਕ ਗੁਰੂ ਸ਼ਸ਼ੋਭਿਤ ਹੈ, ਸਿੱਖ ਨੂੰ ਉਠਣਾ ਬਹੁਤ ਸਖਤ ਮਨ੍ਹਾ ਹੈ। ਬਹੁਤ ਹੀ ਜਰੂਰੀ ਕੰਮ ਹੋਵੇ, ਅੰਦਰ ਅਰਦਾਸ ਕਰਕੇ ਜਾਵੇ, ਗੁਰੂ ਨੂੰ ਪਿਠ ਨਾ ਦੇਵੇ। ਖਾਸ ਕਰਕੇ ਜਿਵੇਂ ਹੁਣ ਦੀਵਾਨ ਲਗਦੇ ਨੇ, ਮਹਾਰਾਜ ਸਿੰਘਾਸਨ ਤੇ ਬਿਰਾਜਮਾਨ ਹੁੰਦੇ ਨੇ, ਹੁਕਮਨਾਮੇ ਤੋਂ ਪਹਿਲਾਂ ਜਿਹੜਾ ਚਲਿਆ ਜਾਂਦਾ ਹੈ, ਉਹ ਆਪਣੇ ਆਪ ਨੂੰ ਇਵੇਂ ਸਮਝੇ

ਕਿ ਜਿਹਾ ਆਇਆ ਜਿਹਾ ਨਾ ਆਇਆ। ਜੇਕਰ ਗੁਰੂ ਦਾ ਹੁਕਮ ਸੁਣੇ ਬਿਨਾਂ ਉਠ ਕੇ ਚਲਾ ਗਿਆ। ਗੁਰੂ ਨੂੰ ਪਿਠ ਦੇ ਗਿਆ ਪਿਠ ਦੇਣੀ ਠੀਕ ਨਹੀਂ ਹੋਇਆ ਕਰਦੀ। ਕੋਈ ਨਹੀਂ ਜੇ 10 ਮਿੰਟ ਹੋਰ ਲਗ ਜਾਣਗੇ, ਫੇਰ ਵੀ 24 ਘੰਟਿਆਂ ਵਿਚ 10 ਮਿੰਟ ਹੋਰ ਲਾ ਲਓ। ਮਹਾਤਮਾ ਕੋਲ ਜਦੋਂ ਜਾਈਦਾ ਹੈ ਤਾਂ ਉਹਨਾਂ ਤੋਂ ਵਾਪਸ ਆਉਣ ਦੀ ਇਜਾਜ਼ਤ ਜ਼ਰੂਰ ਲੈਣੀ ਚਾਹੀਦੀ ਹੈ। ਮਹਾਤਮਾ ਅਸੀਸ ਦਿੰਦੇ ਨੇ, ਖੁਸ਼ੀਆਂ ਦਿੰਦੇ ਨੇ ਕਿ ਭਾਈ ਤੇਰਾ ਸਫਰ ਸੁਖ ਨਾਲ ਬੀਤੇ। ਦਸਮੇਸ਼ ਪਿਤਾ ਜੀ ਪੁਛਣ ਲੱਗੇ ਬਈ ਗੁਰਸਿੱਖਾ ਤੂੰ ਮੱਥਾ ਟੇਕ ਕੇ ਅਰਦਾਸ ਤੋਂ ਪਹਿਲਾਂ ਕਿਉਂ ਤੁਰ ਜਾਂਦਾ ਹੈ? ਕਹਿੰਦਾ, ਸੱਚੇ ਪਾਤਸ਼ਾਹ! ਮੇਰਾ ਘਰ ਬੜੀ ਦੂਰ ਹੈ ਤੇ ਮੈਂ ਗਰੀਬ ਆਦਮੀ ਹਾਂ। ਜੇ ਮੈਂ ਐਥੇ ਰਹਿ ਕੇ ਦੇਰ ਨਾਲ ਗਿਆ, ਮੇਰਾ ਤਾਂ ਟੱਬਰ ਭੁਖਾ ਮਰ ਜਾਵੇਗਾ। ਮਹਾਰਾਜ ਕਹਿੰਦੇ, ਪਾਠ ਵੀ ਕਰਦਾ ਹੁੰਦਾ ਹੈ, ਕਹਿੰਦਾ ਹਾਂ ਮਹਾਰਾਜ। ਆਪ ਜੀ ਦੀ ਕ੍ਰਿਪਾ ਨਾਲ ਪਾਠ ਵੀ ਕਰਦਾ ਹੁੰਦਾ ਹਾਂ ਤੇ ਮੈਂ ਕਥਾ ਵੀ ਕਰਦਾ ਹੁੰਦਾ ਹਾਂ। ਕਹਿੰਦੇ, ਚੰਗਾ ਮਹਾਰਾਜ ਕਹਿੰਦੇ, ਬਾਣੀ ਨੂੰ ਵਿਚਾਰਦਾ ਵੀ ਹੁੰਦਾ ਹੈ। ਕਹਿੰਦਾ, ਮਹਾਰਾਜ ਕਥਾ ਤਾਂ ਹੀ ਕਰਦਾ ਹਾਂ, ਜੇ ਮੈਂ ਬਾਣੀ ਨੂੰ ਵਿਚਾਰਦਾ ਹਾਂ। ਕਹਿੰਦੇ, ਰਹਿਰਾਸ ਵਿਚ ਕਦੇ ਪੜ੍ਹਿਆ ਹੈ -

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ॥ ਅੰਗ - 9***

ਕਹਿੰਦਾ, ਮਹਾਰਾਜ ਰੋਜ਼ ਪੜ੍ਹਦਾ ਹਾਂ। ਕਹਿੰਦੇ, ਇਸ ਤੇ ਤੈਨੂੰ ਵਿਸਵਾਸ਼ ਨਹੀਂ ਹੈ। ਰੋਜੀ ਤਾਂ ਪ੍ਰਮੇਸ਼ਰ ਨੇ ਦੇਣੀ ਹੈ। ਕਹਿੰਦੇ, ਰੋਜੀ ਪ੍ਰਮੇਸ਼ਰ ਨੇ ਦੇਣੀ ਹੈ, ਤੈਨੂੰ ਤਾਂ ਵਿਚਾਲੇ ਇਕ ਸਾਧਨ ਬਣਾਇਆ ਹੋਇਆ ਹੈ। ਰੋਜੀ ਤਾਂ ਰੱਬ ਨੇ ਸਭ ਨੂੰ ਦੇਣੀ ਹੈ। ਮਹਾਰਾਜ ਕਹਿੰਦੇ, ਵਿਚਾਰਦਾ ਵੀ ਹੁੰਦਾ ਹੈ। ਕਹਿੰਦਾ, ਮਹਾਰਾਜ ਵਿਚਾਰਦਾ ਹੁੰਦਾ ਹਾਂ। ਫੇਰ ਤੂੰ ਆਪਣੇ ਵਾਹਿਗੁਰੂ ਤੇ ਭਰੋਸਾ ਕਿਉਂ ਨਹੀਂ ਕਰਦਾ?ਕਹਿੰਦਾ, ਮਹਾਰਾਜ ਹੱਥ ਪੈਰ ਤਾਂ ਹਿਲਾਣੇ ਹੀ ਪੈਂਦੇ ਹਨ। ਮਹਾਰਾਜ ਕਹਿੰਦੇ, ਤੈਨੂੰ ਭਰੋਸਾ ਨਹੀਂ ਹੈ। ਚੰਗਾ ਸਾਡੀ ਚਿੱਠੀ ਲੈ ਜਾਈਂ ਰਸਤੇ ਵਿਚ ਪੀਰ ਬੁਧੂ ਸ਼ਾਹ ਨੂੰ ਦੇ ਦੇਵੀਂ। ਉਹਨਾਂ ਨੇ ਬੁਧੂਸ਼ਾਹ ਦੇ ਨਾਂ ਚਿੱਠੀ ਲਿਖ ਦਿਤੀ। ਚਿੱਠੀ ਵਿਚ ਲਿਖ ਦਿੱਤਾ ਕਿ ਇਹ ਜਿਹੜਾ ਸਿਖ ਹੈ, ਇਸ ਤੋਂ ਕਥਾ ਕਰਾਵੋ ਤੇ ਇਸ ਨੂੰ ਨੌ ਮਹੀਨੇ ਨਹੀਂ ਜਾਣ ਦੇਣਾ। ਜੇ ਇਹ ਨੱਠਣ ਲੱਗੇ ਬੇਸ਼ਕ ਇਸ ਨੂੰ ਜੇਲ੍ਹ ਵਿਚ ਬੰਦ ਰਖਿਓ, ਕਾਲਾਵਾਸ ਵਿਚ ਲੈ ਜਾਇਓ। ਚਿੱਠੀ ਲੈ ਕੇ ਚਲਾ ਗਿਆ। ਚਿੱਠੀ ਸੁਣਾ ਦਿੱਤੀ। ਕਹਿੰਦੇ ਗੁਰਸਿਖਾ ਚਿੱਠੀ ਤਾਂ ਬਹੁਤ ਕਰੜੀ ਆਈ ਹੈ, ਤੇ ਤੂੰ ਨੌ ਮਹੀਨੇ ਐਥੇ ਰਹਿਣਾ ਹੈ। ਭੱਜਣ ਦਾ ਯਤਨ ਨਾ ਕਰੀ, ਨਹੀਂ ਤਾਂ ਅਸੀਂ ਤੈਨੂੰ ਬੰਦ ਕਰ ਦੇਣਾ ਹੈ। ਤੈਨੂੰ ਗੁਰੂ

ਦਾ ਹੁਕਮ ਹੈ, ਕਥਾ ਸੁਣਾ। ਕਹਿੰਦਾ, ਮੈਂ ਕਿਸ ਚੀਜ਼ ਦੀ ਕਥਾ ਸੁਣਾਵਾਂ। ਕਦੇ ਗੁਰੂ ਵੀ ਏਹੋ ਜਿਹਾ ਹੁੰਦਾ ਹੈ ਜਿਹੜਾ ਮੇਰੇ ਟੱਬਰ ਨੂੰ ਭੁੱਖਾ ਮਾਰ ਦੇਵੇ? ਇਹ ਚੰਗਾ ਗੁਰੂ ਹੈ। ਕਹਿੰਦਾ, ਹੁਣ ਤਾਂ ਚਾਹੇ ਤੂੰ ਔਖਾ ਰਹਿ, ਚਾਹੇ ਸੌਖਾ ਰਹਿ, ਅਸੀਂ ਤੈਨੂੰ ਜਾਣ ਨਹੀਂ ਦੇਣਾ। ਆਖੀਰ ਉਹ ਮਜਬੂਰ ਹੋ ਗਿਆ ਤੇ ਹਰ ਰੋਜ਼, ਸਵੇਰੇ ਸ਼ਾਮ ਕਥਾ ਕਰਣ ਲੱਗ ਪਿਆ।

ਉਧਰ ਵਾਲੇ ਪਾਸੇ ਪਿੰਡ ਵਾਲਿਆਂ ਨੇ ਜਦ ਦੇਖਿਆ ਕਿ ਉਹ ਸੇਵਾ ਤੇ ਗਿਆ ਹੋਇਆ ਹੈ ਤੇ ਅਜੇ ਤਕ ਆਇਆ ਨਹੀਂ ਹੈ, ਉਹ ਵਿਚਾਰਾ ਗਰੀਬ ਹੈ, ਕਿਉਂ ਨਾ ਦਾਣੇ ਇਕੱਠੇ ਕਰਕੇ ਦੇ ਦੇਈਏ। ਉਹ ਰਹਿਮ ਵਾਲੇ ਬੰਦਿਆਂ ਨੇ ਦਾਣੇ ਤੇ ਹੋਰ ਚੀਜ਼ਾਂ ਇਕੱਠੀਆਂ ਕਰਕੇ ਦੇ ਦਿਤੀਆਂ। ਉਹ ਉਡੀਕੀ ਜਾਂਦੇ ਨੇ ਕਿ ਕੋਈ ਸਨੇਹਾ ਆਏਗਾ ਪਰ ਕੋਈ ਨਹੀਂ ਆਇਆ। ਉਧਰ ਉਸ ਸਿੱਖ ਦੀ ਲੜਕੀ ਕਹਿਣ ਲੱਗੀ, ਬੇਬੇ ਅਸੀਂ ਕਿੰਨਾ ਚਿਰ ਏਵੇਂ ਲੰਘਾਵਾਂਗੇ? ਕਿਉਂ ਨਾ ਅਸੀਂ ਕੋਈ ਕੰਮ ਕਰੀਏ, ਮੈਂ ਵੀ ਕਰ ਸਕਦੀ ਹਾਂ, ਤੁਸੀਂ ਵੀ ਕਰ ਸਕਦੇ ਹੋ। ਦੋਨਾਂ ਨੇ ਆਪਸ ਵਿਚ ਸਲਾਹ ਕਰਕੇ, ਪਿੰਡ ਵਿਚ ਜਿਹੜਾ ਵੱਡਾ ਸਰਦਾਰ ਸੀ, ਉਸਨੂੰ ਕਿਹਾ ਉਹ ਸਰਦਾਰਨੀ ਬੜੀ ਚੰਗੀ ਸੀ। ਉਹ ਰੱਬ ਨੂੰ ਮੰਨਣ ਵਾਲੀ ਸੀ, ਗੁਰਮੁਖ ਸੀ। ਉਸਦੇ ਕੋਲ ਚਲੀ ਗਈਆਂ, ਉਸਨੇ ਕਿਹਾ ਤੁਸੀਂ ਮਾਂ ਤੇ ਧੀ ਦੋਨੋਂ ਆ ਜਾਵੋ। ਮੇਰੀ ਲੜਕੀ ਦਾ ਵਿਆਹ ਹੈ ਤੇ ਤੁਸੀਂ ਹੁਣ ਦਾਲਾਂ ਵਗੈਰਾ ਸਾਫ ਕਰੋ, ਅਨਾਜ ਸਾਫ ਕਰੋ, ਘਰ ਨੂੰ ਲਿਪਣਾ ਪੋਚਣਾ ਕਰ ਦਿਓ, ਸਭ ਕੁਛ ਸਾਫ ਕਰਕੇ, ਵਧੀਆ ਬਣਾ ਦਿਓ। ਦੋਨੋਂ ਮਿੱਟੀ ਲੈਣ ਵਾਸਤੇ ਚਲੇ ਜਾਂਦੀਆਂ ਹਨ। ਜਦੋਂ ਉਹਨਾਂ ਨੇ ਮਿੱਟੀ ਵਾਸਤੇ ਟੱਕ ਮਾਰਿਆ ਉਹ ਥੋੜੀ ਜਿਹੀ ਮਿੱਟੀ ਪੁਟਣ ਤੋਂ ਬਾਅਦ ਖੜਕਾ ਜੇਹਾ ਹੋਇਆ, ਲੜਕੀ ਕਹਿਣ ਲੱਗੀ, ਬੇਬੇ ਖੜਕਾ ਜਿਹਾ ਹੁੰਦਾ ਹੈ। ਕਹਿੰਦੀ ਕੋਈ ਚੀਜ਼ ਹੋਣੀ ਹੈ ਹੋਲੀ ਹੋਲੀ ਕੱਢ ਲੈ, ਜਦ ਕਢਿਆ ਤੇ ਗਾਗਰ। ਉਹ ਗਾਗਰ ਸੋਨੇ ਦੀਆਂ ਮੋਹਰਾਂ ਦੀ ਭਰੀ ਹੋਈ ਸੀ। ਦੋਨੋਂ ਬਹੁਤ ਖੁਸ਼ ਹੋਈਆਂ ਤੇ ਆ ਕੇ ਸਰਦਾਰਨੀ ਨੂੰ ਦੱਸਿਆ। ਸਰਦਾਰਨੀ ਨੇ ਉਹਨਾਂ ਨੂੰ ਕਿਹਾ ਦੇਖੋ ਗਰੀਬ ਆਦਮੀ ਨੂੰ ਪਤਾ ਨਹੀਂ ਹੁੰਦਾ ਕਿ ਪੈਸੇ ਦਾ ਕੀ ਕਰੀਏ? ਸ਼ਰਾਬ ਪੀ ਜਾਂਦੇ ਨੇ, ਜਮੀਨਾਂ ਵੇਚ ਕੇ ਸਭ ਖਾ ਪੀ ਕੇ ਰਾਹ ਤੁਰਦੇ ਨੇ। ਉਸਨੇ ਉਹਨਾਂ ਨੂੰ ਕਈ ਖੂਹ ਮੁਲ ਲੈ ਕੇ ਦੇ ਦਿੱਤੇ, ਜ਼ਮੀਨ ਮੁਲ ਲੈ ਕੇ ਦਿੱਤੀ। ਘਰ ਬਹੁਤ ਵਧੀਆ ਪਾਉਣਾ ਸ਼ੁਰੂ ਕਰ ਦਿੱਤਾ। ਦੋ ਮੰਜਲਾ ਘਰ ਪੈ ਗਿਆ ਤੇ ਏਧਰ ਇਹ ਹੋ ਗਿਆ ਕਿ ਉਹ ਗੁਰੂ ਦੀ ਸੇਵਾ ਕਰਦਾ ਹੈ। ਦੇਖੋ ਗੁਰੂ ਨੇ ਕਿੰਨੀ ਬਰਕਤ ਪਾ ਦਿੱਤੀ ਹੈ, ਘਰ ਵੀ ਬਣ ਗਿਆ, ਪਸ਼ੂ ਵੀ ਲੈ ਲਏ ਤੇ ਘਰ ਵਿਚ ਲਹਿਰੇ ਬਹਿਰੇ ਹੋ ਗਏ। ਉਧਰ 9 ਮਹੀਨੇ ਲੰਘ ਗਏ। ਪੀਰ ਬੁਧੂ ਸ਼ਾਹ ਜੀ ਨੇ ਕਿਹਾ ਕਿ ਭਾਈ

ਗੁਰ ਸਿਖਾ ਨੌ ਮਹੀਨੇ ਪੂਰੇ ਹੋ ਗਏ ਹੁਣ ਤੂੰ ਜਾ ਸਕਦਾ ਹੈਂ। ਕਹਿੰਦਾ, ਜਾਣਾ ਕਿਥੇ ਹੈ? ਟੱਬਰ ਤਾਂ ਮੇਰਾ, ਗੁਰੂ ਨੇ ਜਿਉਂਦੇ ਜੀ ਮਾਰ ਦਿੱਤਾ, ਮੇਰੇ ਬੱਚੇ ਤੇ ਘਰਵਾਲੀ ਤਾਂ ਰੁਲ ਗਏ ਹੋਣਗੇ। ਉਹ ਕਹਿੰਦੇ ਇਕ ਵਾਰੀ ਜਾ ਕੇ ਤਾਂ ਆ, ਤੇਰਾ ਗੁਰੂ ਤਾਂ ਸਮਰਥ ਹੈ, ਇਸ ਗੱਲ ਵਿਚ ਕੋਈ ਭੇਦ ਹੋਵੇਗਾ। ਜਿਸ ਵੇਲੇ ਪਿੰਡ ਆਇਆ ਕੀ ਵੇਖਦਾ ਹੈ ਕੱਚਾ ਘਰ ਦਿਸਦਾ ਹੀ ਨਹੀਂ, ਦੋ ਮੰਜਲਾ ਘਰ ਬਣਿਆ ਹੋਇਆ ਹੈ। ਮੇਰੇ ਬੱਚੇ ਤਾਂ ਉਜੜ ਗਏ ਹੋਣੇ ਹਨ, ਕਿਸੇ ਨੇ ਮੇਰਾ ਘਰ ਵੀ ਦੱਬ ਲਿਆ ਹੈ। ਜਦ ਨੇੜੇ ਆਇਆ ਤਾਂ ਛੋਟਾ ਬੱਚਾ ਖੇਲਦਾ ਫਿਰਦਾ ਹੈ। ਘਰਵਾਲੀ ਉਤੇ ਚੁਬਾਰੇ ਤੇ ਬੈਠੀ ਹੈ। ਪੌੜੀਆਂ ਬਹੁਤ ਸੋਹਣੀਆਂ ਬਣੀਆਂ ਹੋਈਆਂ ਹਨ। ਉਸ ਮੁੰਡੇ ਨੇ ਜਦ ਦੇਖਿਆ ਬਾਪੂ ਆ ਗਿਆ। ਨੱਠ ਕੇ ਮਾਂ ਨੂੰ ਦੱਸਣ ਗਿਆ। ਇਹ ਵੀ ਕਾਹਲੇ ਪੈਰੀਂ ਹੋ ਕੇ ਨਾਲ ਬੱਚੇ ਦੇ ਹੋ ਗਿਆ ਕਿਉਂਕਿ ਅੱਗੇ ਪਤਾ ਨਹੀਂ ਸੀ ਕਿ ਅੱਗੇ ਕਿਥੇ ਜਾਣਾ ਹੈ ਇਹ ਵੀ ਪਿਛੇ ਹੀ ਪੌੜੀਆਂ ਚੜ੍ਹ ਗਿਆ। ਉਹ ਬੱਚਾ ਅੰਦਰ ਵੜ ਗਿਆ। ਉਹ ਦੇਹਲੀ ਤੇ ਆ ਗਿਆ। ਬੱਚੇ ਨੇ ਉਚੀ ਦੇ ਕੇ ਆਵਾਜ਼ ਮਾਰੀ, ਕਹਿੰਦਾ, ਬੇਬੇ, ਬੇਬੇ! ਉਹ ਕਹਿੰਦੀ ਹਾਂ। ਕਹਿੰਦਾ, ਬਾਪੂ ਫੇਰ ਆ ਗਿਆ, ਹੁਣ ਭੁਖੇ ਮਰਾਂਗੇ। ਉਹਨੇ ਵੀ ਸੁਣ ਲਿਆ ਤੇ ਅੰਦਰ ਚਲਾ ਗਿਆ। ਘਰਵਾਲੀ ਕਹਿੰਦੀ, ਤੂੰ ਇੰਨੀ ਛੇਤੀ ਆ ਗਿਆ, ਹੋਰ ਸੇਵਾ ਕਰ ਦੇਣੀ ਸੀ। ਕਹਿੰਦਾ, ਕੀ ਹੋਇਆ, ਉਸਨੇ ਸਾਰੀ ਗੱਲ ਦਸੀ। ਕਹਿੰਦਾ, ਮੈਂ ਤਾਂ ਉਸ ਗੱਲ ਤੋਂ ਮਨਮੁਖ ਸੀਗਾ। ਕਥਾ ਤਾਂ ਮੈਂ ਕਰਦਾ ਸੀ –

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ॥***

***ਅੰਗ – 9***

ਲੇਕਿਨ ਮੈਨੂੰ ਵਿਸ਼ਵਾਸ ਨਹੀਂ ਸੀ, ਹੁਣ ਵਿਸ਼ਵਾਸ ਆਇਆ। ਉਹ ਕਹਿੰਦੀ ਜਿਹੜੇ ਗੁਰੂ ਨੇ ਸਭ ਕੁਛ ਦੇ ਦਿੱਤਾ ਉਸਦੀ ਜਾ ਕੇ ਸੇਵਾ ਕਰ। ਉਸਨੂੰ ਗੁਰੂ ਦੀ ਸੇਵਾ ਵਾਸਤੇ ਭੇਜ ਦਿੱਤਾ। ਮਹਾਰਾਜ ਕਹਿੰਦੇ, ਕਿਉਂ ਬਈ ਪ੍ਰੇਮੀਆ, ਹੁਣ ਦਸ, ਯਕੀਨ ਆਇਆ। ਕਹਿੰਦਾ ਸਚੇ ਪਾਤਸ਼ਾਹ, ਹਾਂ ਆ ਗਿਆ।

ਸੋ ਇਸ ਦੇ ਵਾਸਤੇ ਮਿਹਨਤ ਤਾਂ ਕਰ ਲਓ ਜੀ ਭਰਕੇ, ਜਿੰਨਾ ਜੀ ਕਰਦਾ ਹੈ ਕਿਉਂਕਿ ਮਿਹਨਤ ਕਰਨਾ ਆਦਮੀ ਦਾ ਫਰਜ਼ ਹੈ। ਇਸਦੇ ਵਾਸਤੇ

ਰੂਹਾਨੀਅਤ ਸ਼ਕਤੀ ਨੂੰ ਨਾ ਵੇਚੋ, ਗੁਣ ਨਾ ਵੇਚੋ ਕੋਈ ਆਪਣਾ, ਗੁਣ ਫਰੀ ਦੇਣ ਵਾਸਤੇ ਹੁੰਦੇ ਨੇ, ਮੁਲ ਲੈਣ ਵਾਸਤੇ ਨਹੀਂ ਹੁੰਦੇ, ਬਜ਼ਾਰਾਂ ਵਿਚ ਨਹੀਂ ਵੇਚੀਦੇ, ਗੁਣਾਂ ਦਾ ਤਾਂ ਅਨੰਦ ਲਈਦਾ ਹੈ। ਸੋ ਇਹ ਜਿਹੜੀ ਗੱਲ ਹੈ, ਰੋਜੀ ਲਈ ਆਪਣੇ ਨਾਮ ਦੀ ਕਮਾਈ ਨੂੰ ਵੇਚ ਕੇ , ਨਾਮ ਨੂੰ ਵਰਤਣਾ, ਇਹ ਗੁਣ ਨਹੀਂ ਹੋਇਆ ਕਰਦਾ। ਕਰੋਧ ਦਾ ਤਿਆਗ, ਰਿਧੀ ਸਿਧੀ ਦਾ ਤਿਆਗ, ਬੁਰਾ ਕਰਨਾ ਤੇ ਬੁਰਾ ਚਿਤਵਨ ਦਾ ਤਿਆਗ, ਆਲਸ ਦਾ ਤਿਆਗ ਅਤੇ ਫਿਕਾ ਬੋਲਣ ਦਾ ਤਿਆਗ, ਇਹ ਸਾਰੀਆਂ ਅੰਦਰਲੀਆਂ ਰਹਿਤਾਂ ਹਨ, ਜਿਨ੍ਹਾਂ ਦੇ ਮਾਰਨ ਤੋਂ ਬਗੈਰ, ਤਿਆਗੇ ਤੋਂ ਬਗੈਰ ਨਾਮ ਨਹੀਂ ਚਲਦਾ। ਨਾਮ ਤਾਂ ਚਲੇਗਾ ਸਾਧ ਸੰਗਤ ਜੀ! ਜਿਹੜੀ ਮੈਂ ਬੇਨਤੀ ਕੀਤੀ ਹੈ ਇਹਨਾਂ ਗੱਲਾਂ ਨੂੰ ਮਨ ਵਿਚੋਂ ਕਢੋ। ਫੇਰ ਧਾਰੇ ਕੀ? ਜਿਸ ਹਿਰਦੇ ਵਿਚ ਦਇਆ ਨਹੀਂ ਹੁੰਦੀ, ਉਥੇ ਧਰਮ ਨਹੀਂ ਹੁੰਦਾ। ਗੁਰੂ ਸਾਹਿਬ ਇਕ ਬਾਤ ਕਹਿੰਦੇ ਨੇ ਗੁਰੂ ਗ੍ਰੰਥ ਸਾਹਿਬ ਵਿਚ –

***ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ..............॥***
***ਅੰਗ – 1103***

ਤੁਸੀ ਜੀਵਾਂ ਨੂੰ ਮਾਰਕੇ ਕਹਿੰਦੇ ਹੋ, ਅਸੀਂ ਧਰਮ ਕਰ ਰਹੇ ਹਾਂ। ਕਹਿੰਦੇ –

***..................... ਅਧਰਮੁ ਕਹਹੁ ਕਤ ਭਾਈ॥***
***ਅੰਗ – 1103***

ਕਹਿੰਦੇ, ਫੇਰ ਹੁਣ ਸਾਨੂੰ ਦੱਸ ਦਓ, ਗੱਲ ਵਢਕੇ ਜੀਵਾਂ ਦਾ ਤੁਸੀਂ ਕਹਿੰਦੇ ਹੋ, ਅਸੀਂ ਧਰਮ ਕਰਦੇ ਹਾਂ, ਤਾਂ ਅਧਰਮ ਕਿਹੜੀ ਚੀਜ਼ ਨੂੰ ਕਹੋਗੇ? ਇਸ ਹਾਲਤ ਵਿਚ ਤੁਸੀਂ ਆਪਣੇ ਆਪ ਨੂੰ ਵੱਡੇ ਕਹਾਉਂਦੇ ਹੋ।

***ਆਪਸ ਕਉ ਮੁਨਿਵਰ ਕਰਿ ਥਾਪਹੁ***
***ਕਾ ਕਉ ਕਹਹੁ ਕਸਾਈ॥ ਅੰਗ – 1103***

ਤੇ ਤੁਸੀਂ ਮੰਨ ਲਿਆ ਕਿ ਮੈਂ ਤਾਂ ਪੂਰਾ ਹਾਂ, ਜੀਵ ਨੂੰ ਵੀ ਮਾਰੀ ਜਾਵਾਂ, ਤੇ ਮੈਂ ਰਹਾਂ ਵੀ ਪੂਰਾ। ਮਹਾਰਾਜ ਕਹਿੰਦੇ ਹੁਣ ਸਾਨੂੰ ਇਹ ਸਮਝਾ ਦੇ ਕਿ ਕਸਾਈ ਕਿਸ ਨੂੰ ਕਹੇਂਗਾ? ਸੋ ਇਹ ਚੀਜ਼ ਹੈ। ਮਹਾਰਾਜ ਕਹਿੰਦੇ, ਜਿਸ ਹਿਰਦੇ ਵਿਚ ਦਇਆ ਨਹੀਂ ਹੈ, ਦਇਆ ਬਿਨ ਤਾਂ ਸਿਧ ਵੀ ਕਸਾਈ ਹੈ। ਦਇਆ ਤੋਂ ਧਰਮ ਪੁੱਤਰ ਨੇ ਜਨਮ ਲੈਣਾ ਹੈ।

***ਧੌਲੁ ਧਰਮੁ ਦਇਆ ਕਾ ਪੂਤੁ॥ ਅੰਗ – 3***

ਜੇ ਮਾਂ ਨਹੀਂ ਤਾਂ ਪੁੱਤਰ ਕਿਥੋਂ ਪੈਦਾ ਹੋਵੇਗਾ।

ਇਕ ਸਾਖੀ ਆਉਂਦੀ ਹੈ ਕਿ ਇਕ ਵਾਰੀ ਇਕ ਕਾਫਲਾ ਮੱਕੇ ਦਾ ਹੱਜ ਕਰਨ ਵਾਸਤੇ ਜਾ ਰਿਹਾ ਹੈ, ਬਹੁਤ ਵੱਡਾ ਕਾਫਲਾ ਹੈ। ਚਲਦੇ ਚਲਦੇ ਜਦ ਮੱਕੇ ਤੋਂ 60 ਕੋਹ ਦੂਰ ਰਹਿ ਗਏ। ਉਸ ਦੇ ਵਿਚ ਇਕ ਗੁਲਾਮ ਖਰੀਦੀ ਹੋਈ ਲੜਕੀ ਵੀ ਸੀ। ਪਹਿਲੇ ਜਮਾਨੇ ਵਿਚ ਬੰਦੇ ਲੜਕੇ ਤੇ ਲੜਕੀਆਂ ਨੂੰ ਚੁਕ ਕੇ ਲੈ ਜਾਂਦੇ ਸੀ ਤੇ ਅੱਗੇ ਵੇਚ ਦਿੰਦੇ ਸੀ। ਉਸਦੇ ਮੱਥੇ ਉਤੇ ਦਾਗ ਲਾ ਦਿੰਦੇ ਸੀ, ਦੂਰੋਂ ਹੀ ਪਤਾ ਲਗ ਜਾਂਦਾ ਸੀ ਕਿ ਇਹ ਗੁਲਾਮ ਹੈ। ਉਹ ਲੁੱਕ ਨਹੀਂ ਸੀ ਸਕਦਾ, ਜੇ ਮਾਲਕ ਨੂੰ ਛੱਡ ਕੇ ਭੱਜ ਜਾਵੇ ਤਾਂ ਉਸ ਨੂੰ ਮੌਤ ਦੀ ਸਜ਼ਾ ਦਿਤੀ ਜਾਂਦੀ ਸੀ। ਉਸਦਾ ਹੱਕ ਕੋਈ ਨਹੀਂ ਸੀ ਹੁੰਦਾ, ਉਸਦੀ ਹਾਲਤ ਪਸ਼ੂਆਂ ਵਰਗੀ ਹੁੰਦੀ, ਜਦੋਂ ਮਾਲਕ ਦਾ ਦਿਲ ਕਰੇ ਜਾਨ ਤੋਂ ਮਾਰ ਦਿੰਦਾ ਸੀ। ਉਸ ਲੜਕੀ ਦਾ ਨਾਂ ਰਾਵੀਆ ਸੀ। ਉਹ ਵੀ ਕਾਫਲੇ ਦੇ ਨਾਲ ਜਾ ਰਹੀ ਸੀ। ਜਿਸ ਵਕਤ 60 ਮੀਲ ਤੇ ਉਤਾਰਾ ਕਰਿਆ ਉਸ ਤੋਂ ਬਾਅਦ ਕਾਫਲਾ ਤੁਰ ਗਿਆ ਤੇ ਸੰਗ, ਜਥਾ ਵੀ ਸਾਰਾ ਤੁਰ ਗਿਆ। ਉਹ ਪਿਛੇ ਰਹਿ ਗਈ, ਉਸਦੀ ਨਿਗਾਹ ਵਿਚ ਕੀ ਆਇਆ ਕਿ ਉਥੇ ਇਕ ਖੂਹ ਹੈ, ਉਸਦੇ ਆਲੇ ਦੁਆਲੇ ਇਕ ਕੁੱਤੀ ਚਾਰ ਪੰਜ ਕਤੂਰੇ ਲਈ ਘੁੰਮਦੀ ਹੈ ਤੇ ਗੋਡੇ ਲਾ ਲਾ ਕੇ ਹੇਠਾ ਨੂੰ ਮੂੰਹ ਕਰਦੀ ਹੈ। ਉਸਨੂੰ ਸਮਝ ਆ ਗਈ ਕਿ ਇਹ ਪਾਣੀ ਮੰਗਦੀ ਹੈ। ਉਸ ਦੇ ਮਨ ਵਿਚ ਆਇਆ ਕਿ ਇਨ੍ਹਾਂ ਨੂੰ ਪਾਣੀ ਪਿਲਾਣਾ ਚਾਹੀਦਾ ਹੈ। ਉਸਦੇ ਅੰਦਰ ਦਇਆ ਪੈਦਾ ਹੋ ਗਈ।

***ਅਠਸਠਿ ਤੀਰਥ ਸਗਲ ਪੁੰਨ***
***ਜੀਅ ਦਇਆ ਪਰਵਾਨੁ ॥*** ***ਅੰਗ - 136***

ਜੇਕਰ ਜੀਆਂ ਦੇ ਉਤੇ ਦਇਆ ਆ ਜਾਵੇ ਤਾਂ ਅਠਸਠਿ ਤੀਰਥਾਂ ਦਾ ਪੁੰਨ ਹੋ ਜਾਂਦਾ ਹੈ। ਸੋ ਉਸਨੇ ਉਸ ਵੇਲੇ ਸਾਰੇ ਕੱਪੜੇ ਫਾੜ ਕੇ ਰੱਸੀ ਬਣਾਈ, ਖੂਹ ਬੜਾ ਗਹਿਰਾ ਸੀ, ਖੂਹ ਤੱਕ ਜਾ ਨਾ ਸਕਿਆ। ਉਸਨੇ ਹੋਰ ਤਰੀਕਾ ਸੋਚਿਆ, ਉਸਨੇ ਆਪਣੇ ਕੇਸ ਕੱਟ ਲਏ, ਫੇਰ ਉਸ ਦੀ ਰੱਸੀ ਬਣਾਈ। ਇਕ ਕੱਪੜਾ ਰੱਸੀ ਦੇ ਹੇਠਲੇ ਸਿਰੇ ਨਾਲ ਬੰਨ ਦਿਤਾ ਜਿਹੜਾ ਪਾਣੀ ਤੱਕ ਜਾ ਪਹੁੰਚਿਆ। ਪਾਣੀ ਨਾਲ ਭਿਉਂਦੀ ਹੈ ਲਿਆਕੇ ਪਾਣੀ ਪਿਲਾਈ ਜਾਂਦੀ ਹੈ। ਜਦੋਂ ਸਾਰਿਆਂ ਨੇ ਪਾਣੀ ਪੀ ਲਿਆ, ਤਾਂ ਲੜਕੀ ਨੂੰ ਮਹਿਸੂਸ ਹੋਇਆ ਕਿ ਕੁੱਤੀ ਤੇ ਕਤੂਰੇ ਉਪਰ ਨੂੰ ਮੂੰਹ ਚੁਕ ਕੇ ਅਲਾਹ ਤਾਲਾ ਕੋਲ ਦੁਆ ਕਰਦੇ ਹਨ। ਉਸਦੇ ਆਪਣੇ ਕੋਲ ਤਨ ਢੱਕਣ ਦਾ ਕੋਈ ਸਾਧਨ ਨਹੀਂ ਸੀ। ਉਸਨੇ ਟੋਆ ਪੁਟਿਆ ਤੇ ਗੱਲ ਤੱਕ ਰੇਤ ਪਾ ਕੇ ਉਸ ਦੇ ਵਿਚ ਬੈਠ ਗਈ, ਉਸਦੇ ਕੋਲ ਕੋਈ ਵਸਤਰ ਨਹੀਂ ਸੀ। ਉਧਰ ਸੰਗ ਜਿਹੜਾ ਸੀ, ਸਿਰੇ ਜਾ ਪਹੁੰਚਿਆ। ਇਬਰਾਹੀਮ ਉਹਨਾਂ ਦਾ ਸਭ ਤੋਂ ਵੱਡਾ ਜਥੇਦਾਰ ਸੀ। ਉਹ

ਹੈਰਾਨ ਹੋ ਗਏ ਕਿ ਅੱਜ ਬੇਅੰਤ ਹਾਜੀ ਆਏ ਨੇ, ਤੇ ਕਾਬਾ ਕਿਤੇ ਨਜ਼ਰ ਨਹੀਂ ਆ ਰਿਹਾ।

ਸਾਧ ਸੰਗਤ ਜੀ! ਇਹ ਸਾਖੀ ਮੈਂ ਉਹਨਾਂ ਦੇ ਗ੍ਰੰਥਾਂ ਦੀ ਸੁਣਾ ਰਿਹਾ ਹਾਂ। ਕਿਉਂਕਿ ਐਸੀਆਂ ਕਈ ਗੱਲਾਂ ਬਾਤਾਂ ਹੋ ਜਾਂਦੀਆਂ ਹਨ ਕਿ ਗੁਰੂ ਨਾਨਕ ਸਾਹਿਬ ਨੇ ਕਾਬੇ ਨੂੰ ਫੇਰ ਲਿਆ।

ਉਸ ਤੋਂ ਬਾਅਦ ਸਾਰੇ ਹਾਜੀਆਂ ਨੇ ਅਰਦਾਸ ਕੀਤੀ ਕਿ ਹੇ ਅਲਾਹ ਤਾਲਾ ਸਾਡੀਆਂ ਅੱਖਾਂ ਨੂੰ ਕੁਝ ਹੋ ਗਿਆ ਜਾਂ ਕਾਬੇ ਨੂੰ ਕੀ ਹੋ ਗਿਆ, ਕਿਥੇ ਚਲਾ ਗਿਆ? ਆਵਾਜ਼ ਆਈ, ਹੇ ਹਾਜੀਓ! ਕਾਬਾ ਰਾਵੀਆ ਦਾ ਹੱਜ ਕਰਨ ਗਇਆ ਹੋਇਆ ਹੈ, ਰਾਵੀਆ ਨੂੰ ਦਰਸ਼ਨ ਦੇਣ ਗਿਆ ਹੈ। 60 ਮੀਲ ਤੇ ਜਾਓ ਤੇ ਉਥੇ ਜਾ ਕੇ ਹੱਜ ਕਰੋ। ਜਦ ਇਬਰਾਹੀਮ ਤੇ ਉਸ ਦਾ ਸਾਰਾ ਜੱਥਾ ਉਥੇ ਪਹੁੰਚ ਗਿਆ ਤਾਂ ਉਹਨਾਂ ਨੇ ਕੀ ਦੇਖਿਆ ਰਾਵੀਆ ਦੇ ਆਲੇ ਦੁਆਲੇ ਜੰਗਲੀ ਜਾਨਵਰ ਬੈਠੇ ਨੇ, ਜਿਹੜੇ ਇਕ ਦੂਜੇ ਦੇ ਵਿਰੋਧੀ ਨੇ, ਇਕ ਦੂਜੇ ਨੂੰ ਖਾਣ ਵਾਲੇ। ਪਰ ਉਥੇ ਕੁਛ ਨਹੀਂ ਹੈ, ਆ ਕੇ ਹੈਰਾਨ ਹੋ ਗਿਆ। ਕਹਿਣ ਲਗਿਆ, ਬੀਬੀ ਰਾਵੀਆ ਕੀ ਗੱਲ ਹੈ? ਸਾਰੀ ਗੱਲ ਉਸਨੇ ਦੱਸੀ ਕਿ ਮੈਂ ਇਕ ਜੀਵ ਉਤੇ ਦਇਆ ਕਰੀ ਹੈ। ਉਹ ਦਇਆ ਪ੍ਰਮੇਸ਼ਰ ਦੇ ਦਰ ਤੇ ਇੰਨੀ ਭਾਅ ਗਈ, ਜਿਹੜਾ ਸਭ ਤੋਂ ਵੱਡਾ ਪੀਰ ਸੀ ਉਹ ਵੀ ਤੁਰ ਕੇ ਉਥੇ ਆ ਗਿਆ। ਫੇਰ ਦੂਜਾ ਸਵਾਲ ਕਰਿਆ ਕਿ ਇਹ ਸਾਰੇ ਜਾਨਵਰ ਇਕ ਦੂਜੇ ਦੇ ਵਿਰੋਧੀ ਤੇ ਇਕ ਦੂਜੇ ਨੂੰ ਖਾਣ ਵਾਲੇ, ਇਹ ਤੇਰੇ ਆਲੇ ਦੁਆਲੇ ਕਿਉਂ ਬੈਠੇ ਸੀ? ਕਹਿੰਦੀ, ਦਇਆ ਦਾ ਵਾਤਾਵਰਣ ਇੰਨਾ ਜਿਆਦਾ ਫੈਲ ਗਿਆ, ਕਿ ਇਹਨਾਂ ਨੂੰ ਆਪਸ ਵਿਚ ਇਕ ਦੂਜੇ ਤੇ ਦਇਆ ਆ ਗਈ।

ਸੋ ਜਿਸਦੇ ਹਿਰਦੇ ਵਿਚ ਦਇਆ ਹੋਏਗੀ, ਸਾਧ ਸੰਗਤ ਜੀ! ਉਸਦੇ ਹਿਰਦੇ ਵਿਚ ਨਾਮ ਚਲ ਪਏਗਾ। ਜਿਥੇ ਕੜਵਾਹਟ ਹੋਏਗੀ, ਉਥੇ ਨਾਮ ਨਹੀਂ ਚਲੇਗਾ। ਰੋਲਾ ਰੱਪਾ ਪਾਉਣਾ ਹੈ, ਪਾਈ ਜਾਵੋ। ਖਿਮਾ, ਧੀਰਜ, ਸਤਿ, ਸੰਤੋਖ, ਵਿਚਾਰ, ਅਹਿੰਸਾ, ਮਿਠੇ ਬਚਨ, ਅਲਪ ਆਹਾਰ, ਲੰਗਰ ਚਲਾਉਣਾ, ਦਾਨ ਕਰਨਾ, ਨਿੰਦਰਾ ਦਾ ਤਿਆਗ ਇਹ ਸਾਰੀਆਂ ਚੀਜ਼ਾਂ ਨੇ ਜੋ ਨਾਮ ਚੱਲਣ ਵਿਚ ਸਹਾਇਤਾ ਕਰਦੀਆਂ ਹਨ।

ਬ੍ਰਹਮਗਿਆਨੀ ਜੀਵਨ ਦੀ ਮਰਿਆਦਾ, ਕ੍ਰਿਤ, ਸੇਵਾ, ਲਗਨ, ਬੈਰਾਗ, ਪ੍ਰਤੀਤ ਇਹ ਜਿੰਨਾ ਚਿਰ ਹਿਰਦੇ ਵਿਚ ਨਹੀਂ ਪੈਦਾ ਹੁੰਦੇ, ਨਾਮ ਨਹੀਂ ਚਲਿਆ ਕਰਦਾ, ਸਾਧ ਸੰਗਤ ਜੀ! ਉਸਤਤਿ ਨਿੰਦਿਆਂ ਦੋਨਾਂ ਦਾ ਤਿਆਗ ਕਰਨਾ ਚਾਹੀਦਾ ਹੈ। ਸੋ ਇਹ ਗੁਣ ਹੋਇਆ ਕਰਦੇ ਨੇ, ਸਾਧ ਸੰਗਤ ਜੀ!

ਮੈਂ ਪਹਿਲੇ ਦਿਨ ਇਕ ਸ਼ਬਦ ਪੜ੍ਹਿਆ ਸੀ – *'ਜਿਥੇ ਮਿਲੇ ਨਾ ਸੌਦਾਗਰ ਪੂਰਾ ਗਠੜੀ ਨਾ ਖੋਲੀ ਨਾਮ ਦੀ'* ਸੌਦਾਗਰ ਉਹ ਹੁੰਦਾ ਹੈ, ਜਿਸਦੇ ਪੱਲੇ ਵਿਚ ਇਹ ਸਾਰੀਆਂ ਗੱਲਾਂ ਹੋਣ, ਉਸਦੇ ਪੱਲੇ ਵਿਚ ਬੈਰਾਗ, ਵਿਵੇਕ, ਖਟਸਮਤੀ, ਮੋਕਸ਼ ਹੁੰਦੀ ਹੈ। ਉਥੇ ਮਹਾਤਮਾ ਭੇਦ ਦੀ ਗੱਲ ਦਸਦੇ ਹਨ ਨਹੀਂ ਤਾਂ ਚੁਪ ਰਹਿੰਦੇ ਨੇ ਕਿਉਂਕਿ ਇਹ ਗਾਹਕ ਤਾਂ ਹੈ ਨਹੀਂ। ਜੇ ਗਾਹਕ ਮਿਲ ਜਾਵੇ –

***ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ॥***
***ਅੰਮ੍ਰਿਤ ਸਬਦਿ ਨਾਮੁ ਵਖਾਣੈ॥***
***ਸਾਚੀ ਬਾਣੀ ਸੂਚਾ ਹੋਇ॥***
***ਗੁਣ ਤੇ ਨਾਮੁ ਪਰਾਪਤਿ ਹੋਇ॥***
***ਗੁਣ ਅਮੋਲਕ ਪਾਏ ਨ ਜਾਹਿ॥***
***ਮਨਿ ਨਿਰਮਲ ਸਾਚੈ ਸਬਦਿ ਸਮਾਹਿ॥***
***ਸੇ ਵਡਭਾਗੀ ਜਿਨ੍ ਨਾਮੁ ਧਿਆਇਆ॥***
***ਸਦਾ ਗੁਣਦਾਤਾ ਮੰਨਿ ਵਸਾਇਆ॥***
***ਜੋ ਗੁਣ ਸੰਗ੍ਹੈ ਤਿਨ੍ ਬਲਿਹਾਰੈ ਜਾਉ॥***
***ਦਰਿ ਸਾਚੈ ਸਾਚੇ ਗੁਣ ਗਾਉ॥***
***ਆਪੇ ਦੇਵੈ ਸਹਜਿ ਸੁਭਾਇ॥***
***ਨਾਨਕ ਕੀਮਤਿ ਕਹਣੁ ਨ ਜਾਇ॥***

***ਅੰਗ – 362***

ਜਿਥੇ ਗਾਹਕ ਨਹੀਂ ਹੈ, ਉਥੇ ਹੀਰੇ ਦਾ ਮੁਲ ਕੌਡੀ ਤੁਲ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਧੰਨਾ, ਪੰਡਤ ਨੂੰ ਦੇਖਦਾ ਹੈ ਕਿ ਪੰਡਤ ਨੂੰ ਨਾਮ ਜੱਪਣ ਦੀ ਜਾਂ ਭਜਨ ਕਰਣ ਦੀ ਲਗਨ ਲਗੀ ਹੋਈ ਹੈ।

***ਬਾਮ੍ਹਣੁ ਪੂਜੈ ਦੇਵਤੇ ਧੰਨਾ ਗਊ ਚਰਾਵਣ ਆਵੈ।***
***ਧੰਨੈ ਡਿਠਾ ਚਲਿਤੁ ਏਹੁ***
***ਪੂਛੈ ਬਾਮ੍ਹਣੁ ਆਖਿ ਸੁਣਾਵੈ।***

***ਭਾਈ ਗੁਰਦਾਸ ਜੀ ਦੀ ਵਾਰ 10/13***

ਕਹਿਣ ਲੱਗਿਆ –

***ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।***
***ਭਾਈ ਗੁਰਦਾਸ ਜੀ ਦੀ ਵਾਰ 10/13***

ਸਭ ਕੁਛ ਮਿਲ ਜਾਂਦਾ ਹੈ। ਧੰਨੇ ਨੇ ਸਾਰੀਆਂ ਗੱਲਾਂ ਸੁਣੀਆਂ, ਜਦੋਂ ਉਹਨਾਂ ਨੇ ਕਿਹਾ ਕਿ ਤੂੰ ਗਾਹਕ ਨਹੀਂ, ਉਹ ਜਿੰਨਾ ਜਾਣਦਾ ਸੀ, ਓਨੀ ਹੀ ਗੱਲ ਕਰੀ। ਧੰਨੇ ਨੇ ਆਪਣੀ ਵਧੀਆ ਗਊ ਉਸਦੇ ਘਰ ਜਾ ਕੇ ਬੰਨ ਆਇਆ ਤੇ ਕਹਿੰਦਾ ਲਓ ਪੰਡਿਤ ਜੀ! ਪੱਠੇ ਵੀ ਮੈਂ ਪਾਊਂਗਾ। ਤੁਸੀਂ ਦੁਧ ਪੀ ਲਇਆ ਕਰੋ, ਗਊ ਤੁਹਾਡੀ ਹੀ ਹੈ। ਹੁਣ ਪੰਡਤ ਕੋਲ ਕੋਈ ਚਾਰਾ ਨਹੀਂ ਸੀ। ਕਹਿਣ ਲੱਗਿਆ, ਇਸਨੂੰ ਤਾਂ ਦੱਸਣਾ ਹੀ ਪੈਣਾ ਹੈ।

***ਧੰਨਾ ਕਰਦਾ ਜੋਦੜੀ***
***ਮੈ ਭਿ ਦੇਹ ਇਕ ਜੇ ਤੁਧੁ ਭਾਵੈ।*** ***ਭਾਈ***

***ਗੁਰਦਾਸ ਜੀ ਦੀ ਵਾਰ 10/13***

ਇਕ ਮੈਨੂੰ ਦੇ ਦੇ –

***ਪਥਰੁ ਇਕ ਲਪੇਟਿ ਕਰਿ ਦੇ***
***ਧੰਨੈ ਨੋ ਗੈਲ ਛੁਡਾਵੈ।***

***ਭਾਈ ਗੁਰਦਾਸ ਜੀ ਦੀ ਵਾਰ 10/13***

ਉਥੇ ਇਕ ਅਨਘੜ ਜਿਹਾ ਪੱਥਰ ਪਿਆ ਸੀ, ਚੁਕਕੇ ਲੈ ਆਉਂਦਾ ਹੈ। ਕਹਿੰਦਾ, ਲੈ ਧੰਨਿਆ ਮੇਰਾ ਠਾਕੁਰ ਤਾਂ ਛੋਟਾ ਜਿਹਾ ਹੈ, ਪਰ ਤੇਰੇ ਵਾਲਾ ਬਹੁਤ ਵੱਡਾ ਹੈ। ਇਸ ਨੂੰ ਇਸ਼ਨਾਨ ਕਰਵਾਈਂ, ਆਪ ਇਸ਼ਨਾਨ ਕਰੀ, ਉਸ ਤੋਂ ਬਾਅਦ ਇਸਨੂੰ ਭੋਗ ਲਗਵਾਈ। ਦੇਖੀ ਇਸਨੂੰ ਭੁਖਾ ਨਾ ਰੱਖ ਦੇਵੀਂ। ਇੰਵੇਂ ਭੋਗ ਲਗਵਾਈ, ਜਿਵੇਂ ਮੈਂ ਲਗਵਾਇਆ ਹੈ। ਉਸਨੇ ਸਾਰੀ ਗਲ ਸਮਝ ਲਈ ਕਿਉਂਕਿ ਉਸਨੇ ਨਾਮਦੇਵ ਦੀ ਸਾਖੀ ਸੁਣੀ ਹੋਈ ਸੀ। ਉਸਨੂੰ ਚਾਅ ਚੜ੍ਹ ਗਿਆ ਕਿ ਜਿਵੇਂ ਨਾਮਦੇਵ ਜੀ ਨੇ ਦੁਧ ਪਿਲਾਇਆ ਸੀ, ਮੈਂ ਵੀ ਪਿਲਾਵਾਂਗਾ। ਕਹਿੰਦਾ, ਪੰਡਤ ਜੀ, ਕਿਸ ਚੀਜ਼ ਦਾ ਭੋਗ ਲਗਵਾਣਾ ਹੈ। ਕਹਿੰਦਾ, ਪਰਸ਼ਾਦਾ ਛਕਾ ਦੇਈਂ ਇਸਨੂੰ। ਸੋ ਧੰਨਾ ਬੜੀ ਖੁਸ਼ੀ ਖੁਸ਼ੀ ਲੈ ਆਉਂਦਾ ਹੈ, ਤੇ ਘਰ ਵਿਚ ਲਿਆ ਕੇ ਪਸ਼ੂ ਵਗੈਰਾ ਬੰਨ੍ਹ ਕੇ, ਸਾਰੀ ਕਿਰਿਆ ਕਰਕੇ ਜਦ ਰਾਤ ਨੂੰ ਸੋਂਦਾ ਹੈ ਤਾਂ ਉਸਨੂੰ ਨੀਂਦ ਨਹੀਂ ਆਉਂਦੀ ਕਿ ਸਵੇਰੇ ਕਿਤੇ ਜਾਗ ਹੀ ਨਾ ਆਵੇ ਤੇ ਨਹਾਉਣ ਦਾ ਟਾਈਮ ਹੀ ਲੰਘ ਜਾਵੇ ਕਿਉਂਕਿ ਠਾਕੁਰ ਨੂੰ ਤਾਂ ਸਾਝਰੇ ਉਠਕੇ ਹੀ ਨਹਾਉਂਦੇ ਹੁੰਦੇ ਹਨ। ਸੋ ਉਹ ਅੰਮ੍ਰਿਤ ਵੇਲੇ ਜਾਗ ਪਿਆ।

***ਠਾਕੁਰ ਨੋ ਨ੍ਹਾਵਾਲਿਕੈ***
***ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।***

***ਭਾਈ ਗੁਰਦਾਸ ਜੀ ਦੀ ਵਾਰ 10/13***

ਲੱਸੀ ਰਿੜਕੀ, ਮੱਖਣ ਕਢਿਆ ਤੇ ਮਿੱਸੀਆਂ ਰੋਟੀਆਂ ਬਣਾ ਲੀਆਂ, ਥਾਲੀ ਵਿਚ ਪਾ ਕੇ, ਲਿਆ ਕੇ ਥਾਲੀ ਠਾਕੁਰ ਅੱਗੇ ਰੱਖ ਦਿੱਤੀ। ਕਹਿੰਦਾ, ਲਓ ਮਹਾਰਾਜ ਤੁਸੀਂ ਭੋਗ ਲਾਓ। ਥੋੜੀ ਦੇਰ ਬਾਅਦ ਦੇਖਿਆ, ਕੁਛ ਨਹੀਂ ਖਾਂਦੇ। ਕਹਿੰਦਾ, ਪਰਦੇ ਵਿਚ ਖਾਂਦੇ ਹੋਣਗੇ, ਕੱਪੜਾ ਤਾਣ ਦਿੱਤਾ, ਅੱਧਾ ਘੰਟਾ ਲੰਘ ਗਿਆ, ਬਿੜਕ ਨਾ ਆਈ। ਫੇਰ ਦੇਖਣ ਲੱਗ ਗਿਆ, ਕਹਿੰਦਾ ਠੰਡਾ ਹੋ ਗਿਆ, ਹੁਣ ਮੈਂ ਹੋਰ ਲਿਆਵਾਂ, ਹੋਰ ਲੈ ਆਇਆ। ਉਸਦੇ ਮਨ ਵਿਚ ਇਕ ਪਰਸੈਂਟ (1%) ਵੀ ਸ਼ੱਕ ਨਹੀਂ ਸੀ। ਸਾਧ ਸੰਗਤ ਜੀ! ਪ੍ਰਤੀਤ ਤਾਂ ਉਹੀ ਹੁੰਦੀ ਹੈ, ਜੇਕਰ ਮਨ ਦੇ ਵਿਚ ਸ਼ਕ ਨਾ ਹੋਵੇ, ਬਿਲਕੁਲ ਸ਼ਕ ਨਾ ਉਠੇ, ਸ਼ੱਕ ਉਠਿਆ ਤਾਂ ਗੱਲ ਖਤਮ ਹੋ ਗਈ। ਉਹ ਬਿਲਕੁਲ ਭੋਲਾ ਭਾਲਾ ਸੀ। ਉਹ ਸਚਮੁਚ ਸਮਝਦਾ ਸੀ ਕਿ ਇਹਨਾਂ ਨੇ ਪਰਸ਼ਾਦਾ ਛਕਣਾ ਹੀ ਛਕਣਾ ਹੈ। ਕਿਉਂਕਿ ਭੋਲੇ ਭਾਇ ਰੱਬ ਮਿਲਦਾ ਹੈ।

*ਰੇ ਜਨ ਮਨੁ ਮਾਧਉ ਸਿਉ ਲਾਈਐ॥*
*ਚਤੁਰਾਈ ਨ ਚਤੁਰਭੁਜੁ ਪਾਈਐ॥ ਅੰਗ - 324*

ਕੋਈ ਵੀ ਬੰਦਾ ਚਤੁਰਾਈ ਨਾਲ ਰੱਬ ਨੂੰ ਨਹੀਂ ਮਿਲ ਸਕਦਾ।

*ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥*
*ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥*
*ਅੰਗ - 918*

*ਕਹੁ ਕਬੀਰ ਭਗਤਿ ਕਰਿ ਪਾਇਆ॥*
*ਭੋਲੇ ਭਾਇ ਮਿਲੇ ਰਘੁਰਾਇਆ॥ ਅੰਗ - 324*

ਸਚਮੁਚ ਭੋਲਾਭਾਲਾ ਸੀ। ਉਸ ਵੇਲੇ ਹੋਰ ਪਰਸ਼ਾਦੇ ਲਾਹ ਲਿਆਉਂਦਾ ਹੈ। ਤੀਸਰੀ ਵਾਰ ਫੇਰ ਲਾਹ ਲਿਆਉਂਦਾ ਹੈ। ਰੋਣ ਲਗ ਗਿਆ, ਕਿ ਤੁਸੀਂ ਉਹਨਾਂ ਦਾ ਤਾਂ ਛੱਕ ਲੈਂਦੇ ਹੋ ਤੇ ਮੇਰਾ ਕਿਉਂ ਨਹੀਂ ਛੱਕਦੇ? ਕੀ ਗੱਲ ਮੇਰੇ ਕੋਲੋਂ ਕੋਈ ਗਲਤੀ ਹੋ ਗਈ, ਤੁਸੀਂ ਬੋਲ ਕੇ ਦਸ ਦਿਓ ਕਿ ਮੈਂ ਕੀ ਬਣਾਵਾਂ। ਅਸੀਂ ਤਾਂ ਏਹੀ ਖਾਂਦੇ ਹੁੰਦੇ ਹਾਂ, ਮਿੱਸੀਆਂ ਰੋਟੀਆਂ, ਮੱਖਣ ਤੇ ਲੱਸੀ ਪੀਂਦੇ ਹਾਂ, ਦਹੀਂ ਦਾ ਕੋਲਾ ਭਰਿਆ ਪਿਆ ਹੈ।

ਜਦ ਕੁਛ ਵੀ ਨਾ ਹੋਇਆ, ਕੋਈ ਚਾਰਾ ਨਾ ਰਿਹਾ ਉਸ ਵੇਲੇ ਹਿਰਦੇ ਵਿਚੋਂ ਅਵਾਜ਼ ਤੇ ਅੱਖਾਂ ਵਿਚੋਂ ਹੰਝੂ ਆਉਂਦੇ ਹਨ, ਇਹ ਸੱਚੀ ਪ੍ਰੀਤ ਹੁੰਦੀ ਹੈ, ਉਸ ਵੇਲੇ ਹਿਰਦਾ ਬੋਲਦਾ ਹੁੰਦਾ ਹੈ। ਹਿਰਦੇ ਦੀ ਬੋਲੀ ਹੰਝੂਆਂ ਵਿਚ ਆਉਂਦੀ ਹੁੰਦੀ ਹੈ। ਇਸ ਤਰ੍ਹਾਂ ਮਹਾਰਾਜ ਦੱਸਦੇ ਹਨ -

*ਧਾਰਨਾ - ਪੈਰੀ ਪੈ ਪੈ ਕੇ ਬਹੁਤ ਮਨਾਵੈ,*
*ਹੱਥ ਜੋੜ ਕਰੇ ਮਿਨਤਾਂ -2, 2.*

*ਹਥਿ ਜੋੜਿ ਮਿਨਤਾਂ ਕਰੈ*
*ਪੈਰੀਂ ਪੈ ਪੈ ਬਹੁਤੁ ਮਨਾਵੈ। ਭਾਈ ਗੁਰਦਾਸ*
*ਜੀ ਦੀ ਵਾਰ 10/13*

ਘੰਟਾ ਨਹੀਂ, ਦੋ ਘੰਟੇ ਨਹੀਂ ਸਗੋਂ ਪਹਿਰ ਦੋ ਪਹਿਰ ਲੰਘ ਗਏ, ਦੁਪਹਿਰਾ ਆ ਗਿਆ। ਪਸ਼ੂ ਜਿਹੜੇ ਨੇ ਕਿੱਲਿਆਂ ਤੇ ਖੜ੍ਹੇ ਨੇ, ਆਪਣੀ ਆਪਣੀ ਬੋਲੀ ਵਿਚ ਕੋਈ ਰੰਭਦਾ ਹੈ, ਕੋਈ ਕੁਛ ਕਰਦਾ ਹੈ, ਕੋਈ ਕੁਛ ਕਰਦਾ ਹੈ। ਉਧਰ ਵੀ ਦੇਖ ਲੈਂਦਾ ਹੈ ਧੰਨਾ। ਹੋਰ ਖਿਆਲ ਆ ਜਾਂਦਾ ਹੈ ਕਿ ਮੈਨੂੰ ਤਾਂ ਇਸ ਗੱਲ ਉਤੇ ਬੜੀ ਨਮੋਸ਼ੀ ਆਉਂਦੀ ਹੈ ਕਿ ਉਸ ਪੰਡਤ ਦੇ ਘਰ ਤਾਂ ਰੋਜ਼ ਹੀ ਛੱਕ ਲੈਂਦਾ ਹੈ, ਮੇਰੇ ਕੋਲ ਆ ਕੇ ਭੋਗ ਹੀ ਨਹੀਂ ਲਾ ਰਿਹਾ। ਕਦੇ ਕਹਿੰਦਾ, ਅਜ ਤੁਸੀਂ ਛੱਕ ਲਓ ਮੈਂ ਕਲ ਉਹਨਾਂ ਨੂੰ ਪੁਛਕੇ ਆਉਂਗਾ ਕਿ ਤੁਸੀਂ ਕੀ ਖਾਂਦੇ ਹੋ। ਨਹੀਂ ਤਾਂ ਤੁਸੀਂ ਹੀ ਦਸ ਦਿਓ ਕਿ ਤੁਸੀਂ ਕੀ ਚੀਜ਼ ਖਾਂਦੇ ਹੋ।

ਕਹਿੰਦਾ, ਮੈਂ ਹੁਣੇ ਹੀ ਬਣਾ ਦਿੰਦਾ ਹਾਂ, ਮੈਂ ਦਾਲ, ਸਬਜੀ ਬਣਾ ਦਿੰਦਾ ਹਾਂ, ਪਰਸ਼ਾਦੇ ਹੋਰ ਲੈ ਆਂਦਾ ਹਾਂ ਪਕਾ ਕੇ। 100% ਭਰੋਸੇ ਨਾਲ ਬੇਨਤੀ ਕਰਦਾ ਹੈ। ਉਹਦੇ ਬਾਅਦ ਮਨ ਵਿਚ ਖਿਆਲ ਆਉਂਦਾ ਹੈ, ਧੰਨਿਆ ਤੇਰੇ ਨਾਲ ਤਾਂ ਰੱਬ ਰੁਸ ਗਿਆ। ਬਹੁਤ ਰੋਂਦਾ ਹੈ, ਕਹਿੰਦਾ, ਹੇ ਪ੍ਰਭੂ ਤੂੰ ਮੇਰੇ ਨਾਲ ਕਿਹੜੀ ਗੱਲ ਤੋਂ ਰੁੱਸ ਗਿਆ ਹੈ। ਮੈਨੂੰ ਤੇਰਾ ਰੁੱਸ ਜਾਣਾ ਚੰਗਾ ਨਹੀਂ ਲਗਦਾ। ਮੈਂ ਵੀ ਹੁਣ ਪ੍ਰਣ ਕਰਦਾ ਹਾਂ ਕਿ ਜੇ ਤੂੰ ਨਹੀਂ ਕੁਛ ਖਾਇਆ, ਚਾਹੇ ਮੈਂ ਮਰ ਜਾਵਾਂ, ਮੈਂ ਵੀ ਕੁਛ ਨਹੀ ਖਾਣਾ। ਮੈਂ ਭੁਲਿਆ ਹੋਇਆ ਗਰੀਬ ਜੱਟ ਦਾ ਬੱਚਾ ਹਾਂ, ਮੈਂ ਕੱਦੇ ਕੋਈ ਗੈਤਰੀ ਨਹੀਂ ਪੜ੍ਹੀ, ਕਦੇ ਮੈਂ ਮੰਦਰ ਨਹੀਂ ਗਿਆ, ਕੱਦੇ ਮੈਂ ਕਿਸੇ ਨੂੰ ਪੁਛਿਆ ਨਹੀਂ। ਹੇ ਪ੍ਰਭੂ! ਤੂੰ ਮੇਰੇ ਤੇ ਕ੍ਰਿਪਾ ਕਰ, ਚੰਗਾ ਜੇ ਤੈਂ ਨਹੀਂ ਛਕਣਾ, ਜੇ ਤੂੰ ਭੁਖਾ ਰਹਿ ਗਿਆ ਤਾਂ ਮੈਂ ਵੀ ਰੋਟੀ ਨਹੀਂ ਖਾਣੀ।

***ਧਾਰਨਾ - ਮੈਂ ਹਾਂ ਭੁਲਿਆ ਗਰੀਬ ਦਾਸ ਤੇਰਾ,***
***ਕਾਹਤੋਂ ਮੇਰੇ ਨਾਲ ਰੁਸਿਆ -2, 2.***

***ਹਉਂ ਭੀ ਮੁਹੁ ਨ ਜੁਠਾਲਸਾਂ***
***ਤੂ ਰੁਠਾ ਮੈ ਕਿਹੁ ਨ ਸੁਖਾਵੈ।***

***ਭਾਈ ਗੁਰਦਾਸ ਜੀ ਦੀ ਵਾਰ 10/13***

ਹੇ ਪ੍ਰਭੂ! ਤੂੰ ਮੇਰੇ ਨਾਲ ਰੁਸ ਗਿਆ, ਪਹਿਲੇ ਦਿਨੇ, ਪਰ ਮੈਂ ਵੀ ਇਹ ਪ੍ਰਣ ਕਰਦਾ ਹਾਂ, ਜਦ ਤੱਕ ਤੂੰ ਨਹੀਂ ਖਾਏਗਾ, ਮੈਂ ਵੀ ਨਹੀਂ ਖਾਵਾਂਗਾ। ਹੇ ਪ੍ਰਭੂ! ਦੇਖ ਤਾਂ ਸਹੀ ਮੇਰੇ ਸਾਰੇ ਡੰਗਰ ਭੁਖੇ ਹਨ, ਤੁਸੀਂ ਪਰਸ਼ਾਦਾ ਛਕ ਲਓ। ਮੈਨੂੰ ਦਸ ਦਿਓ ਤੁਸੀਂ ਕੀ ਛਕਣਾ ਹੈ, ਮੈਂ ਬਣਾ ਦਿਆ ਕਰਾਂਗਾ। ਤੁਸੀਂ ਕ੍ਰਿਪਾ ਕਰੋ, ਇਹਨਾਂ ਪਸ਼ੂਆਂ ਦਾ ਤਾਂ ਕੋਈ ਕਸੂਰ ਨਹੀਂ, ਗਲਤੀ ਤਾਂ ਮੇਰੀ ਹੈ ਤੇ ਸਜ਼ਾ ਇਹ ਭੁਗਤ ਰਹੇ ਹਨ। ਨਾ ਮੈਂ ਇਹਨਾਂ ਨੂੰ ਪਾਣੀ ਪਿਲਾਇਆ, ਨਾ ਮੈਂ ਇਹਨਾਂ ਨੂੰ ਪੱਠੇ ਪਾਏ ਹਨ। ਇੰਨੇ ਚਿਰ ਵਿਚ ਉਸ ਦੇ ਅੰਦਰ ਇਕ ਸੈਕਿੰਡ ਵਾਸਤੇ ਵੀ ਉਸ ਤੇ ਸ਼ੱਕ ਦਾ ਪਰਛਾਵਾ ਨਹੀਂ ਆਇਆ, ਇਸਨੂੰ ਪ੍ਰਤੀਤ ਕਹਿੰਦੇ ਹਨ।

***ਜਾ ਕੈ ਮਨਿ ਗੁਰ ਕੀ ਪਰਤੀਤਿ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥***

***ਅੰਗ - 283***

ਭੋਰਾ ਜਿੰਨਾ ਵੀ ਆਪਣੇ ਭਰੋਸੇ ਤੋਂ ਨਹੀਂ ਹਟਿਆ। ਉਸ ਨੂੰ ਇਹੀ ਰਿਹਾ ਕਿ ਕਸੂਰ ਮੇਰੇ ਵਿਚ ਹੈ ਤੇ ਇਹ ਤਦੇ ਹੀ ਨਹੀਂ ਛੱਕ ਰਹੇ। ਇਹ ਤਾਂ ਛੱਕ ਲੈਂਦੇ ਨੇ ਜਦੋਂ ਨਾਮਦੇਵ ਦਾ ਦੁਧ ਪੀ ਲਿਆ, ਮੇਰਾ ਕਿਉਂ ਨਹੀਂ ਪੀਣਗੇ, ਮੇਰਾ ਕਿਉਂ ਨਹੀਂ ਛੱਕਣਗੇ। ਉਸ ਵੇਲੇ ਜਦ ਸਾਮ੍ਹਣੇ ਦੇਖਦਾ ਹੈਰਾਨ ਹੋ ਗਿਆ, ਲਿਸ਼ਕਾਰਾ ਵਜਿਆ, ਉਹ ਪੱਥਰ ਤਾਂ ਦਿਸਦਾ ਹੀ ਨਹੀਂ ਸੀ, ਉਥੇ ਚੌਂਕੜੀ ਮਾਰਕੇ ਭਗਵਾਨ ਬੈਠਾ ਹੈ, ਉਸਨੇ ਨਮਸ਼ਕਾਰ ਕਰੀ। ਉਹ ਖੁਸ਼ ਹੋ ਗਿਆ। ਕਹਿੰਦਾ, ਧੰਨਿਆ! ਇੰਨਾ ਉਦਾਸ, ਧੰਨਾ ਉਚੀ ਉਚੀ ਰੋਣ ਲਗ ਪਿਆ। ਕਹਿੰਦਾ, ਤੁਸੀਂ ਤਾਂ ਬਹੁਤ ਦੇਰ ਲਾਈ ਹੈ। ਨਾਮਦੇਵ ਵੇਲੇ ਤਾਂ ਇੰਨੀ

ਦੇਰ ਨਹੀਂ ਸੀ ਲਾਈ। ਮੈਂ ਗਰੀਬ ਬੰਦਾ ਹਾਂ ਤੁਸੀਂ ਮੇਰੇ ਵਾਰੀ ਇੰਨੀ ਦੇਰ ਲਾ ਦਿੱਤੀ। ਕਹਿੰਦੇ, ਧੰਨਿਆ, ਠੀਕ ਹੈ, ਲਿਆ ਤੂੰ ਪਰਸ਼ਾਦਾ ਦੇ ਮੈਨੂੰ ਭੁਖ ਲੱਗੀ ਹੋਈ ਹੈ। ਪਰਸ਼ਾਦੇ ਅੱਗੇ ਰੱਖ ਦਿੱਤੇ ਉਸਨੇ। ਉਹ ਹੈਰਾਨ ਹੁੰਦਾ ਹੈ, ਰੋਟੀ ਨੂੰ ਨਾ ਹੱਥ ਲਗਦਾ ਹੈ, ਨਾ ਖਾਂਦੇ ਨਜ਼ਰ ਆਉਂਦੇ ਨੇ, ਰੋਟੀ ਮੁਕ ਜਾਂਦੀ ਹੈ। ਫਟਾ ਫਟ ਉੜਦੀਆਂ ਨੇ ਉਪਰ ਨੂੰ। ਜਦ ਭਗਵਾਨ ਨੇ ਕਾਫੀ ਸਾਰੀਆਂ ਛੱਕ ਲਈਆਂ ਤਾਂ ਧੰਨੇ ਨੇ ਪਰਸ਼ਾਦਿਆਂ ਤੇ ਹੱਥ ਰੱਖ ਦਿੱਤਾ। ਕਹਿੰਦਾ, ਪ੍ਰਭੂ ਮੈਂ ਵੀ ਸਵੇਰ ਤੋਂ ਭੁਖਾ ਹਾਂ, ਤੁਸੀਂ ਵੀ ਸਵੇਰ ਤੋਂ ਭੁਖੇ ਹੋ ਤੇ ਮੇਰੇ ਵਾਸਤੇ ਛਡ ਦਿਓ। ਹੁਣ ਮੈਂ ਹੋਰ ਕਿਥੋਂ ਬਣਾਵਾਂਗਾ। ਸੋ ਭਾਈ ਸਾਹਿਬ ਲਿਖਦੇ ਨੇ-

***ਗੋਸਾਈ ਪਰਤਖਿ ਹੋਇ***
***ਰੋਟੀ ਖਾਇ ਛਾਹਿ ਮੁਹਿ ਲਾਵੈ।***

***ਭਾਈ ਗੁਰਦਾਸ ਜੀ ਦੀ ਵਾਰ 10/13***

***ਧਾਰਨਾ - ਵਾਹਵਾ-ਵਾਹਵਾ ਬਈ***
***ਰੱਬ ਪਰਤੱਖ ਹੋ ਗਿਆ -2***
***ਰੋਟੀ ਖਾ ਲਈ ਧੰਨੇ ਦੀ ਆ ਕੇ -2.***

ਲੱਸੀ ਵੀ ਪੀਂਦਾ ਹੈ ਤੇ ਪਰਸ਼ਾਦਾ ਵੀ ਛਕਦਾ ਹੈ। ਇਹ ਹੋਇਆ ਕਿਵੇਂ? ਮਹਾਰਾਜ ਕਹਿੰਦੇ -

***ਭੋਲਾ ਭਾਉ ਗੋਬਿੰਦੁ ਮਿਲਾਵੈ॥***

***ਭਾਈ ਗੁਰਦਾਸ ਜੀ ਦੀ ਵਾਰ 10/13***

ਭੋਲਾ ਭਾਵ ਉਸ ਦੀ ਪ੍ਰਤੀਤ ਹੈ।

***ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥***
***ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥***

***ਅੰਗ - 488***

ਸੋ ਸਾਧ ਸੰਗਤ ਜੀ! ਮੈਂ ਉਸ ਪਰਤੀਤ ਦਾ ਜਿਕਰ ਕਰਿਆ ਕਿ ਜੇ ਭਰੋਸਾ ਹੀ ਨਹੀਂ ਬੱਝਦਾ ਤਾਂ ਲੈਣ ਦੇਣ ਨੂੰ ਕੀ ਹੈ। ਇਹ ਸ਼ਰਧਾ, ਭਰੋਸਾ, ਯਕੀਨ ਜਿੰਨਾ ਚਿਰ ਸਾਡੇ ਮਨ ਵਿਚ ਨਹੀਂ ਆਉਂਦਾ, ਅਸੀਂ ਰੂਹਾਨੀ ਤੌਰ ਤੇ ਤਰੱਕੀ ਨਹੀਂ ਕਰ ਸਕਦੇ। ਸੋ ਹਰ ਹਾਲਤ ਵਿਚ ਗੁਰੂ ਧਾਰਨਾ ਜਰੂਰੀ ਹੈ। ਧੰਨੇ ਨੇ ਜਦੋਂ ਪ੍ਰਭੂ ਤੋਂ ਕੰਮ ਕਰਾਉਣੇ ਸ਼ੁਰੂ ਕਰ ਲਏ, ਜਾ ਕੇ ਡੰਗਰਾ ਨੂੰ ਪੱਠੇ ਪਾਉਣੇ, ਹਲ ਚਲਾਉਣਾ, ਖੂਹ ਹੱਕਣਾ, ਪਾਣੀ ਲਾਉਣਾ ਸਾਰੇ ਕੰਮ ਭਗਵਾਨ ਆਪ ਕਰਦੇ ਸਨ ਤੇ ਧੰਨੇ ਨੂੰ ਕਹਿਣ ਲੱਗੇ, ਧੰਨਿਆ ਤੂੰ ਐਥੇ ਬੈਠ ਕੇ ਰਾਮ ਰਾਮ ਕਰੀ ਜਾਇਆ ਕਰ, ਇਹ ਕੰਮ ਤਾਂ ਮੇਰੇ ਖੱਬੇ ਹੱਥ ਦਾ ਕੰਮ ਹੈ। ਤੇਰੇ ਸਾਰੇ ਕੰਮ ਹੋਏ ਹੋਣਗੇ। ਧੰਨਾ ਹੈਰਾਨ ਹੋ ਗਿਆ, ਬਹੁਤ ਮਿਤਰਤਾ ਹੋ ਗਈ।

ਇਕ ਦਿਨ ਕਹਿਣ ਲੱਗਿਆ, ਪ੍ਰਭੂ ਤੁਸੀਂ ਮੈਨੂੰ ਕੋਈ ਗਲ ਦਸੋ। ਕਹਿੰਦੇ, ਧੰਨਿਆ ਤੂੰ ਮੈਨੂੰ ਪਿਆਰ ਕਰਦਾ ਹੈ। ਕਹਿੰਦਾ, ਹਾਂ। ਕਹਿੰਦੇ, ਫੇਰ ਜਿਹੜਾ ਤੇਰਾ ਵਾਸਾ ਹੈ, ਮੇਰੇ ਸਰੂਪ ਵਿਚ ਨਹੀਂ ਹੋਣਾ। ਤੂੰ ਮੇਰੇ ਤੋਂ ਦੂਰ ਰਹੇਗਾ। ਕਹਿੰਦਾ, ਕਸੂਰ? ਕਹਿੰਦੇ, ਕਸੂਰ! ਤੂੰ ਨਿਗੁਰਾ ਹੈ, ਤੂੰ ਗੁਰੂ ਨਹੀਂ ਧਾਰਿਆ

ਹੋਇਆ। ਜਦ ਤਕ ਤੂੰ ਗੁਰੂ ਨਹੀਂ ਧਾਰਦਾ, ਚਾਰ ਮੁਕਤੀਆ ਵਿਚੋਂ ਤੈਨੂੰ ਕੋਈ ਮੁਕਤੀ ਨਹੀਂ ਮਿਲਣੀ। ਇਹ ਜਿਹੜੇ ਮੇਰੇ ਦਰਸ਼ਨ ਹੋ ਰਹੇ ਨੇ, ਮੇਰਾ ਇਹ ਸਰੂਪ ਨਹੀਂ ਹੈ, ਜਿਹੜਾ ਤੂੰ ਦੇਖ ਰਿਹਾ ਹੈਂ।

ਇਕ ਵਾਰੀ ਜਦੋਂ ਨਾਮਦੇਵ ਲਈ ਪ੍ਰਮੇਸ਼ਰ ਨੇ ਦੋਹਰਾ ਫੇਰ ਦਿਤਾ ਤਾਂ ਨਾਮਦੇਵ ਕਹਿਣ ਲੱਗੇ, ਹੇ ਪ੍ਰਭੂ! ਤੁਸੀਂ ਕਿਥੇ ਰਹਿੰਦੇ ਹੋ? ਕਹਿੰਦੇ, ਨਾਮਦੇਵ! ਇਹ ਮੈਂ ਆਪਣੇ ਮੂੰਹ ਨਾਲ ਨਹੀਂ ਦਸ ਸਕਦਾ। ਮੈਂ ਕਿਥੇ ਰਹਿੰਦਾ ਹਾਂ। ਕਹਿੰਦੇ ਹੇ ਪ੍ਰਭੂ ਫੇਰ ਕੌਣ ਦੱਸੇਗਾ? ਕਹਿੰਦੇ ਇਹ ਗੱਲ ਮੇਰੇ ਸਾਧੂ ਦਸਦੇ ਨੇ, ਸੰਤ ਦਸਦੇ ਨੇ, ਇਹ ਉਹਨਾਂ ਤੋਂ ਪੁਛ ਲੈ। ਕਹਿੰਦਾ, ਜੇ ਮਹਾਰਾਜ ਤੁਸੀਂ ਦੱਸ ਦਿਓ, ਫੇਰ ਕੀ ਫਰਕ ਪੈ ਜਾਏਗਾ। ਕਹਿੰਦੇ, ਨਾਮਦੇਵ ਫੇਰ ਨਾ ਮੈਂ ਰਹਿਣਾ ਹੈ, ਨਾ ਤੂੰ ਰਹਿਣਾ, ਨਾ ਸੰਸਾਰ ਨੇ ਰਹਿਣਾ। ਗੱਲ ਸਮਝ ਲਓ ਸਮਝ ਵਾਲੇ ਬੰਦੇ ਕਿ ਕੀ ਗੱਲ ਕਹਿ ਦਿੱਤੀ। ਕਹਿੰਦੇ, ਨਾ ਮੈਂ ਰਹਿਣਾ, ਨਾਂ ਤੂੰ ਰਹਿਣਾ, ਨਾ ਸੰਸਾਰ ਨੇ ਰਹਿਣਾ ਜੇ ਮੈਂ ਦੱਸ ਦਿੱਤਾ ਕਿ ਮੈਂ ਕਿਥੇ ਰਹਿੰਦਾ। ਫੇਰ ਕਹਿੰਦਾ ਗਿਆਨੇਸ਼ਵਰ ਜੀ ਕੋਲ ਜਾ ਉਹ ਤੈਨੂੰ ਦੱਸਣਗੇ। ਦੂਜੇ ਦਿਨ ਉਹਨਾਂ ਕੋਲ ਜਾਂਦਾ ਹੈ, ਉਥੇ ਕੀ ਦੇਖਿਆ ਉਹ ਬੀਠਲ ਨੂੰ ਪੂਜਦੇ ਨੇ। 'ਬੀਠਲ ਇਕ ਵੱਟਾ ਹੁੰਦਾ ਹੈ, ਜਿਸ ਵਿਚ ਸਫੇਦ ਧਾਰੀ ਹੁੰਦੀ ਹੈ'। ਗਿਆਨੇਸ਼ਵਰ ਜੀ ਖੜ੍ਹੇ ਹੈ ਉਹਨਾਂ ਨੇ ਇਕ ਪੈਰ ਜੁੱਤੀ ਸਮੇਤ ਉਸਦੇ ਉਪਰ ਰੱਖਿਆ ਹੋਇਆ ਹੈ। ਨਾਮਦੇਵ ਜੀ ਦੇ ਮਨ ਵਿਚ ਤਰਕ ਆ ਗਈ ਉਹ ਉਥੋਂ ਮੁੜ ਆਏ। ਕਹਿੰਦੇ, ਉਸ ਬੰਦੇ ਕੋਲ ਕੀ ਮਿਲਣੈਂ ਜਿਹੜਾ ਮੇਰੇ ਬੀਠਲ ਉਤੇ ਪੈਰ ਧਰੀ ਖੜ੍ਹਿਆ ਹੈ। ਉਸ ਤੋਂ ਬਾਅਦ ਬੜਾ ਉਦਾਸ ਹੋ ਗਿਆ। ਪ੍ਰਭੂ ਨੂੰ ਯਾਦ ਕਰਿਆ। ਪ੍ਰਮੇਸ਼ਰ ਆਏ, ਕਹਿੰਦੇ ਕੀ ਗੱਲ ਹੈ, ਤੂੰ ਹੁਣ ਰੋਂਦਾ ਕਿਉਂ ਹੈ? ਪ੍ਰਭੂ! ਉਹ ਤਾਂ ਤੇਰੇ ਉਤੇ ਪੈਰ ਧਰੀਂ ਖੜ੍ਹਿਆ ਹੈ। ਕਹਿੰਦੇ, ਜਾ, ਜਾ ਉਸੇ ਕੋਲ ਉਹੀ ਤੈਨੂੰ ਦਸੇਗਾ। ਕਹਿੰਦਾ, ਮੈਂ ਉਸ ਨੂੰ ਕਹਿ ਦੇਵਾਂਗਾ ਤੇ ਉਹ ਤੈਨੂੰ ਦੱਸ ਦਏਗਾ?

ਦੂਸਰੇ ਦਿਨ ਜਾਂਦਾ ਹੈ ਤਾਂ ਗਿਆਨੇਸ਼ਵਰ ਜੀ ਬੈਠੇ ਨੇ। ਕਹਿੰਦੇ ਆ ਜਾ, ਆ ਜਾ ਤੇਰੀ ਸਿਫਾਰਸ਼ ਪਹੁੰਚ ਗਈ ਹੈ ਮੇਰੇ ਕੋਲ। ਕੀ ਪੁਛਣਾ ਹੈ? ਤੂੰ ਪ੍ਰਭੂ ਤੋਂ ਕੀ ਪੁਛਿਆ ਸੀ ਕਿ ਪ੍ਰਮੇਸ਼ਰ ਕਿਥੇ ਰਹਿੰਦਾ ਹੈ? ਕਹਿੰਦਾ ਹਾਂ, ਕਹਿੰਦੇ ਤੂੰ ਕਦੇ ਸੁਣਿਆ ਹੈ ਕਿ ਕਿਥੇ ਰਹਿੰਦਾ ਹੈ? ਕਹਿੰਦਾ, ਸਾਰੇ ਸੰਤਾਂ ਤੋਂ ਸੁਣਿਆ ਹੈ। ਹਰ ਥਾਂ ਰਹਿੰਦਾ ਹੈ, ਕੋਈ ਵੀ ਥਾਂ ਐਸਾ ਨਹੀਂ ਜਿਥੇ ਉਹ ਨਹੀਂ ਰਹਿੰਦਾ। ਕਹਿੰਦੇ, ਮੇਰੇ ਵਿਚ ਵੀ ਰਹਿੰਦਾ ਹੈ। ਕਹਿੰਦਾ, ਹਾਂ। ਕਹਿੰਦੇ, ਮੇਰੇ ਪੈਰ ਵਿਚ ਵੀ ਰਹਿੰਦਾ ਹੈ। ਕਹਿੰਦਾ, ਹਾਂ। ਕਹਿੰਦੇ, ਉਹ ਜਿਹੜਾ ਨੀਚੇ ਬੀਠਲ ਪੱਥਰ ਪਇਆ ਹੈ, ਉਸ ਵਿਚ ਵੀ ਉਹੀ ਹੈ, ਕਹਿੰਦਾ ਓਹੀ ਹੈ। ਕਹਿੰਦਾ, ਕੌਣ ਪ੍ਰਮੇਸ਼ਰ ਉਤੇ ਪੈਰ ਧਰੀ ਖੜ੍ਹਿਆ ਸੀ। ਨਾਮਦੇਵ, ਐਥੇ ਪ੍ਰਮੇਸ਼ਰ ਤੋਂ ਬਗੈਰ ਕੋਈ ਹੋਰ ਹੈ ਨਹੀਂ, ਇਕੋ ਹੀ ਪ੍ਰਮੇਸ਼ਰ ਹੈ।

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ***

***ਪ੍ਰਭ ਬਿਨਾ ਨਹੀ ਜਾਣੀਐ॥*** ***ਅੰਗ - 846***

ਕਹਿੰਦੇ, ਧੰਨਿਆ! ਗੁਰੂ ਧਾਰ, ਜਦ ਤਕ ਤੂੰ ਗੁਰੂ ਨਹੀਂ ਧਾਰਦਾ, ਤੈਨੂੰ ਮੇਰੇ ਸਰੂਪ ਵਿਚ ਵਾਸਾ ਨਹੀਂ ਮਿਲਣਾ। ਬਾਹਰ ਰਹਿ ਜਾਏਗਾ, ਹੇਠਾ ਰਹਿ ਜਾਏਗਾ। ਸੋ ਗੁਰੂ ਰਾਮਾਨੰਦ ਨੂੰ ਧਾਰਿਆ ਉਸਨੇ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਇਸ ਨੂੰ ਪੂਰਨ ਭਗਤ ਜਾਣਕੇ, ਪੂਰਨ ਮਹਾਤਮਾ ਜਾਣਕੇ ਇਹਨਾਂ ਦੀ ਬਾਣੀ ਦਰਜ ਹੈ। ਸਾਧ ਸੰਗਤ ਜੀ! ਮੈਂ ਬੇਨਤੀ ਕਰੀ ਸੀ, ਪ੍ਰਤੀਤ ਦੀ, ਭਰੋਸੇ ਦੀ, ਗੁਰੂ ਦੀ ਬਾਤ ਤੇ ਜੋ ਸਾਨੂੰ ਭਰੋਸਾ ਆ ਜਾਵੇ ਸਾਡੇ ਸਾਰੇ ਹੀ ਸੰਕਟ ਦੂਰ ਹੋ ਜਾਣ, ਸੋ ਆਪਾਂ ਸ਼ਬਦ ਪੜਿਆ ਸੀ।

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***

***ਜਾਪੁ ਸਾਹਿਬ***

ਪਹਿਲਾਂ ਵੀ ਵਾਹਿਗੁਰੂ ਸੀ।

***ਆਦਿ ਸਚੁ..............॥*** ***ਅੰਗ - 1***

ਸਮਾਂ ਸ਼ੁਰੂ ਹੋਇਆ, ਤਦ ਵੀ ਵਾਹਿਗੁਰੂ ਸੀ,

***............ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*** ***ਅੰਗ - 1***

ਐਥੇ ਉਸ ਤੋਂ ਬਗੈਰ ਕੋਈ ਹੈ ਹੀ ਨਹੀਂ। ਦੂਜਾ ਕੋਈ ਨਹੀਂ ਹੈ।

***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥***

***ਅੰਗ - 1291***

ਸੋ ਇਹ ਸਚ ਦੀ ਆਵਾਜ਼ ਹੈ ਜਿਸਨੂੰ ਆਪਾਂ ਨੇ ਵਿਚਾਰਿਆਂ ਹੈ ਚਾਰ ਪੰਜ ਦਿਨਾਂ ਦੇ ਅੰਦਰ। ਸੋ ਆਪਾਂ ਸਾਰੇ ਬੜੇ ਪਿਆਰ ਨਾਲ ਆਉਂਦੇ ਰਹੇ। ਪਿਛਲੇ ਸਾਲ ਵੀ ਆਪਾਂ ਸਾਰੇ ਇਕੱਠੇ ਹੋਏ ਸੀ। ਮਹਾਰਾਜ ਨੇ ਬੜੀ ਕ੍ਰਿਪਾ ਕੀਤੀ ਹੈ ਤੇ ਤੁਹਾਡੇ ਦਰਸ਼ਨ ਹੋਏ। ਪੰਜ ਦਿਨ ਸਤਸੰਗ ਕਰਿਆ ਹੈ। ਸੋ ਅਗੇ ਜਿਵੇਂ ਵਾਹਿਗੁਰੂ ਨੂੰ ਭਾਵੇਗਾ ਹੋ ਜਾਏਗਾ।

ਬੇਨਤੀ ਇਹ ਹੈ ਕਿ ਸਿਧੀਆਂ ਸਿਧੀਆਂ ਗੱਲਾਂ ਆਪਾਂ ਕਰੀਆਂ, ਔਖੀਆਂ ਵੀ ਕਰੀਆਂ। ਇਹ ਇਕ ਰਸਤਾ ਹੈ, ਰੂਹਾਨੀ ਮਾਰਗ ਦਾ, ਇਸ ਵਿਚ ਧੋਖਾ ਨਹੀਂ, ਕਿਸੇ ਨਾਲ ਨਫਰਤ ਨਹੀਂ ਕੋਈ ਕਾਹਲ ਨਹੀਂ, ਸਿਧਾ ਰਾਹ ਜਾਂਦਾ ਹੈ। ਜਿਸ ਨੂੰ ਗਾਡੀ ਰਾਹ ਕਹਿੰਦੇ ਨੇ। ਭਰਮਾਂ-ਭੁਲੇਖਿਆਂ ਵਿਚ ਨਾ ਪਇਆ ਕਰੋ। ਜਿਹੜੀ ਗੁਰੂ ਦੀ ਬਾਣੀ ਹੈ ਉਸਦੇ ਮੁਤਾਬਿਕ ਚਲੋ, ਹੋਰ ਕਿਸੇ ਦੀ ਗੱਲ ਨਾ ਸੁਣੋ। ਕਿਉਂਕਿ ਕੱਚਾ ਮਨੁੱਖ ਹੈ, ਗੁਰੂ ਦੀ ਬਾਣੀ ਤੋਂ ਬਗੈਰ ਕੱਚੀ ਗੱਲ ਸੁਣਾਏਗਾ, ਅਸੀਂ ਉਲਝ ਜਾਵਾਂਗੇ। ਜਿਹੜਾ ਬਚਨ ਗੁਰੂ ਗ੍ਰੰਥ ਸਾਹਿਬ ਦੇ ਨਾਲ ਮਿਲਦਾ ਹੈ, ਉਹ ਤਾਂ ਪੱਕਾ ਹੈ। ਜਿਹੜਾ ਮਿਲਦਾ ਨਹੀਂ, ਆਪਣੀ ਮਨ ਦੀ ਮੱਤ ਤੋਂ ਆਉਂਦਾ ਹੈ, ਉਹ ਸਾਨੂੰ ਭਟਕਾ ਦਿੰਦਾ ਹੈ। ਸੋ ਜੋ ਆਪਣੇ ਸਾਰੀਆਂ ਬੇਨਤੀਆਂ ਸਰਵਣ ਕੀਤੀਆਂ ਹਨ, ਇਸਤੇ ਅਮਲ ਕਰੋ।

ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ ਵਿਚ ਬੋਲੀਏ। ਜਿਹੜੇ ਪ੍ਰੇਮੀ ਹੁਣ ਤੱਕ ਨਹੀਂ ਬੋਲੇ, ਉਹ ਵੀ ਰਸਨਾ ਪਵਿੱਤਰ ਕਰੋ।

ਅਨੰਦ ਸਾਹਿਬ

ਗੁਰ ਸਤੋਤਰ

ਅਰਦਾਸ

# ਗੁਰਹਿ ਦਿਖਾਇਓ ਲੋਇਨਾ

ਸ਼ਾਨ ....................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਹੁ ਤਹ ਤਹ ਨੇਰਾ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨਹੇਰਾ॥*

*ਅੰਗ - 827*

ਸਾਧ ਸੰਗਤ ਜੀ! ਚਿਤ ਬਿਰਤੀਆਂ ਇਕਾਗਰ ਕਰੋ। ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਬੁੱਧੀ ਨਾਲ ਵਿਚਾਰੋ ਫੇਰ ਹਿਰਦੇ ਵਿਚ ਧਾਰਨ ਕਰੋ। ਉਸ ਤੋਂ ਬਾਅਦ ਫੇਰ ਉਸ ਦੀ ਕਮਾਈ ਕਰੋ। ਸਿਧਾ ਜਿਹਾ ਉਪਦੇਸ਼ ਹੈ ਕੋਈ ਇਸ ਦੇ ਵਿਚ ਵਲ-ਫਰੇਬ ਨਹੀਂ ਹੈ। ਗੁਰੂ ਨਾਨਕ ਪਾਤਸ਼ਾਹ ਨੇ ਜੀਵਾਂ ਦੇ ਉਧਾਰ ਵਾਸਤੇ ਬਹੁਤ ਹੀ ਸੁਖੈਨ ਰਸਤਾ ਸਾਡੇ ਵਾਸਤੇ ਉਲੀਕਿਆ। ਪਿਛਲੇ ਤਿੰਨ ਦਿਨਾਂ ਤੋਂ ਆਪ ਨੇ ਸੰਤ ਕਲਿਆਣਦਾਸ ਜੀ ਤੋਂ ਬਹੁਤ ਕਿਸਮ ਦੀਆਂ ਵਿਚਾਰਾਂ ਸਰਵਣ ਕਰੀਆਂ। ਜੋ ਬੜੇ ਢੰਗਾਂ ਦੇ ਨਾਲ, ਬੜੀਆਂ ਮਿਸਾਲਾਂ ਦੇ ਦੇ ਕੇ ਉਸ ਸਤਿ ਵਲ ਲਿਜਾਣ ਦੀ ਕੋਸ਼ਿਸ਼ ਕਰੀ ਹੈ ਜੋ ਆਪ ਨੇ ਸਰਵਣ ਕੀਤੀ ਹੈ।

ਸੋ ਸਤਿਸੰਗ ਦਾ ਮਹਾਤਮ ਪੂਰਾ ਪੂਰਾ ਲੈਣ ਵਾਸਤੇ ਇਹ ਜ਼ਰੂਰੀ ਹੋਇਆ ਕਰਦਾ ਹੈ ਜੋ ਮੈਂ ਆਪ ਦੇ ਪਾਸ ਬੇਨਤੀ ਕੀਤੀ ਹੈ। ਸਤਿਸੰਗ ਭਾਗਾਂ ਤੋਂ ਬਗੈਰ ਮਿਲਦਾ ਨਹੀਂ ਇਹ ਗੱਲ ਪੱਕੀ ਤਰ੍ਹਾਂ ਸਮਝ ਲਓ, ਕੋਲ ਬੈਠਾ ਹੋਇਆ ਬੰਦਾ ਰਹਿ ਜਾਂਦਾ ਹੈ ਕਿਉਂਕਿ ਉਸ ਦੇ ਭਾਗ ਨਹੀਂ ਬਣੇ ਅਜੇ, ਪੁੰਨ ਕਰਮ ਜਾਗੇ ਨਹੀਂ ਹਨ। ਜਦੋਂ ਕਿਸੇ ਇਲਾਕੇ ਦੇ ਪੁੰਨ ਕਰਮ ਜਾਗ ਪੈਣ ਤਾਂ ਮਹਾਂਪੁਰਸ਼ਾਂ ਨੂੰ ਪ੍ਰੇਰਨਾ ਹੁੰਦੀ ਹੈ ਕਿ ਉਥੇ ਜਾਓ ਤੇ ਜਾ ਕੇ ਉਨ੍ਹਾਂ ਨੂੰ ਸਤਿ

ਦਾ ਮਾਰਗ ਦਰਸਾਓ। ਆਪਣੇ ਆਪ ਮਹਾਂਪੁਰਸ਼ ਆ ਜਾਣ ਇਸ ਤਰ੍ਹਾਂ ਨਹੀਂ ਹੈ, ਉਨ੍ਹਾਂ ਦੇ ਅੰਦਰ ਪ੍ਰੇਰਨਾ ਹੁੰਦੀ ਹੈ। ਕੋਈ ਬੁਲਾਓ ਨਾ ਬੁਲਾਓ ਇਸ ਤਰ੍ਹਾਂ ਵੀ ਉਹ ਆ ਜਾਂਦੇ ਨੇ ਕਿਉਂਕਿ ਉਨ੍ਹਾਂ ਦੇ ਭਾਗ ਜਾਗਦੇ ਨੇ, ਭਾਗ ਜਾਗਣ ਤਾਂ ਗੱਲ ਬਣਦੀ ਹੈ।

ਸੋ ਆਪ ਸਾਰੇ ਜਿੰਨੇ ਵੀ ਪ੍ਰੇਮੀ ਆ ਰਹੇ ਹੋ ਪਿਛਲੇ ਇਕ ਸਾਲ ਦੇ ਅੰਦਰ ਪੁੰਨ ਕਰਮਾਂ ਦਾ ਵਾਧਾ ਹੋਇਆ। ਉਹ ਫਲ ਦੇਣ ਨੂੰ ਇਕੱਠੇ ਹੀ ਤਿਆਰ ਹੋਏ। ਉਸ ਦੇ ਫਲਸਰੂਪ ਇਹ ਸਤਿਸੰਗ ਲਗਣੇ ਸ਼ੁਰੂ ਹੋਏ। ਮਹਾਰਾਜ ਦਾ ਪੱਕਾ ਫੁਰਮਾਨ ਹੈ –

***ਬਿਨੁ ਭਾਗਾ ਸਤਸੰਗੁ ਨ ਲਭੈ***
***ਬਿਨੁ ਸੰਗਤਿ ਮੈਲੁ ਭਰੀਜੈ ਜੀਉ॥ ਅੰਗ – 95***

ਸਤਿ ਦੀ ਸੰਗਤ ਦੀ ਪ੍ਰਾਪਤੀ ਨਹੀਂ ਹੁੰਦੀ –

***ਹਰਿ ਕੀਰਤਿ ਸਾਧਸੰਗਤਿ ਹੈ***
***ਸਿਰਿ ਕਰਮਨ ਕੈ ਕਰਮਾ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ॥ ਅੰਗ – 642***

ਸੋ ਆਪਾਂ ਬੇਨਤੀ ਕੀਤੀ ਹੈ ਮੈਂ ਕੁਝ ਵੀ ਨਹੀਂ ਪ੍ਰਭੂ ਤੂੰ ਹੀ ਤੂੰ ਹੈਂ। ਸੰਤਾਂ ਤੋਂ ਅਸੀਂ ਬਚਨ ਸੁਣ ਰਹੇ ਸੀ ਜੋ ਸਾਡੀ ਮੰਜ਼ਲ ਹੈ ਜਿਥੇ ਅਸੀਂ ਪਹੁੰਚਣਾ ਹੈ –

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥ ਅੰਗ – 827***

ਇਹ ਇਕੋ ਹੀ ਲਾਈਨ ਯਾਦ ਕਰ ਲਓ ਪਰ ਇਹ ਐਨੀ ਉਚੀ ਹੈ ਕਿ ਪੌੜੀ ਲੱਗੇ, ਡੰਡਿਆਂ ਤੇ ਚੜ੍ਹੋ ਤਾਂ ਜਾ ਕੇ ਕਿਤੇ ਇਸ ਲਾਈਨ ਤੇ ਪਹੁੰਚ ਸਕਦੇ ਹੋ, ਨਹੀਂ ਤਾਂ ਪਹੁੰਚ ਨਹੀਂ ਸਕਦੇ ਕਿਉਂਕਿ ਜਿਹੜਾ ਗੁਰੂ ਦਾ ਮਾਰਗ ਹੈ ਹੁਣੇ ਤੁਸੀਂ ਸੁਣਿਆ ਸੀ ਉਹ ਸ਼ਰਧਾ ਦਾ ਮਾਰਗ ਹੈ ਬੁੱਧੀ ਦਾ ਮਾਰਗ ਨਹੀਂ ਹੈ। ਬੁੱਧੀਆਂ ਜਲ ਜਾਂਦੀਆਂ ਨੇ ਇਸ ਰਸਤੇ ਦੇ ਉਤੇ। ਬੁੱਧੀ ਨੂੰ ਮਹਾਰਾਜ ਨੇ ਪ੍ਰਵਾਨ ਨਹੀਂ ਕਰਿਆ। ਪੜ੍ਹੇ ਹੋਏ ਨੂੰ, ਪੰਡਿਤ ਨੂੰ ਕਹਿੰਦੇ ਨੇ, "ਹੇ ਪਾਧਾ! ਤੂੰ ਮੈਨੂੰ ਕੀ ਪੜ੍ਹਾਉਣ ਲੱਗਿਐਂ?"

ਕਹਿਣ ਲੱਗਿਆ, "ਗੁਰੂ ਨਾਨਕ ਪਾਤਸ਼ਾਹ! ਮੈਂ ਤੁਹਾਨੂੰ ਪਹਾੜੇ, ਉਂਟੇ–ਢੈਂਚੇ, ਇਹ ਸਾਰੀਆਂ ਚੀਜ਼ਾਂ ਪੜ੍ਹਾਵਾਂਗਾ।"

ਕਹਿੰਦੇ, "ਇਸ ਦਾ ਪੜ੍ਹਾਈ ਫਾਇਦਾ ਕੀ ਹੋਏਗਾ?"

ਕਹਿਣ ਲੱਗੇ, "ਪੜ੍ਹ ਕੇ ਰਿਜ਼ਕ ਦੇ ਸਿਰ ਹੋਵੋਗੇ, ਪ੍ਰਸ਼ਾਦ ਪਾਣੀ ਵਧੀਆ ਪ੍ਰਾਪਤ ਹੋਏਗਾ, ਬੁਧੀ ਦੇ ਵਿਚ ਹੋਸ਼ ਹੋਏਗੀ, ਚੰਗਾ ਜੀਵਨ ਗੁਜ਼ਾਰ ਲਵੋਂਗੇ, ਮੂੜ੍ਹ ਮੱਤੀ ਨਹੀਂ ਰਹੇਗੀ।"

ਮਹਾਰਾਜ ਕਹਿੰਦੇ, "ਬੱਸ ਏਸੇ ਵਾਸਤੇ ਪੜ੍ਹਨਾ ਹੈ?"

ਕਹਿੰਦੇ, "ਹਾਂ! ਰੋਜ਼ੀ ਦਾ ਸਬੰਧ ਹੁੰਦਾ ਹੈ, ਚੰਗੀ ਨੌਕਰੀ ਮਿਲ ਜਾਏਗੀ, ਚੰਗੀ ਸੋਝੀ ਆ ਜਾਏਗੀ।"

ਮਹਾਰਾਜ ਕਹਿੰਦੇ, "ਇਹ ਤਾਂ ਪ੍ਰਮੇਸ਼ਰ ਨੇ ਪਹਿਲਾਂ ਹੀ ਬੰਦੋਬਸਤ ਕੀਤਾ ਹੋਇਆ ਹੈ।"

***ਨਾ ਕਰਿ ਚਿੰਤ ਚਿੰਤਾ ਹੈ ਕਰਤੇ॥***

***ਅੰਗ - 1070***

ਬਾਣੀ ਵਿਚ ਆਉਂਦਾ ਹੈ -

***ਕਾਹੇ ਰੇ ਮਨ ਚਿਤਵਹਿ***
***ਉਦਮੁ ਜਾ ਆਹਰਿ ਹਰਿ ਜੀਉ ਪਰਿਆ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ॥ ਅੰਗ - 9***

ਇਨ੍ਹਾਂ ਪੰਛੀਆਂ ਨੂੰ ਕੌਣ ਸਿਖਿਆ ਦਿੰਦਾ ਹੈ ਮਨੁੱਖਾਂ ਤੋਂ ਕਿਤੇ ਵੱਧ ਨੇ। ਅੱਜ ਇਨ੍ਹਾਂ ਨੇ ਛੱਕ ਲਿਆ ਤੇ ਮੌਜ ਨਾਲ ਰਾਤ ਕਟਦੇ ਨੇ। ਦੂਜੇ ਦਿਨ ਫੇਰ ਇਨ੍ਹਾਂ ਦਾ ਰਿਜ਼ਕ ਪਿਆ ਹੁੰਦਾ ਹੈ। ਨਾ ਕਿਤੇ ਜਮ੍ਹਾਂ ਕਰਦੇ ਨੇ, ਨਾ ਕੋਈ ਉਸਦਾ ਫਿਕਰ ਕਰਦੇ ਨੇ। ਉਡਾਰੀ ਮਾਰਦੇ ਨੇ, ਬੈਠ ਜਾਂਦੇ ਨੇ, ਰੱਜ ਜਾਂਦੇ ਨੇ। ਭੁੱਖ ਦੇ ਦੁਖ ਨਾਲ ਕਦੇ ਕੋਈ ਪੰਛੀ ਨਹੀਂ ਮਰਿਆ, ਮਨੁੱਖ ਮਰਦੇ ਨੇ। ਰਿਜ਼ਕ ਐਨਾ ਵਾਹਿਗੁਰੂ ਪੈਦਾ ਕਰ ਦਿੰਦਾ ਹੈ ਪਰ ਜਿਹੜੇ ਤਕੜੇ ਨੇ ਉਹ ਰੋਕ ਲੈਂਦੇ ਨੇ ਦੂਜਿਆਂ ਵਿਚਾਰਿਆਂ ਨੂੰ ਪ੍ਰਾਪਤ ਨਹੀਂ ਹੁੰਦਾ। ਵਾਹਿਗੁਰੂ ਵਲੋਂ ਤਾਂ ਵੰਡ ਕੀਤੀ ਹੋਈ ਹੈ। ਮਹਾਰਾਜ ਕਹਿੰਦੇ, "ਇਸ ਗੱਲ ਦਾ ਪੜ੍ਹਾਈ ਨਾਲ ਸਬੰਧ ਨਹੀਂ ਹੈ। ਮੈਨੂੰ ਇਕ ਗੱਲ ਦੱਸ ਕਿ ਇਹ ਜਿਹੜੀ ਪੜ੍ਹਾਈ ਹੈ ਜਦੋਂ ਜੀਵ ਦਰਗਾਹ ਵਿਚ ਜਾਂਦਾ ਹੈ ਉਥੇ ਕੋਈ ਸਹਾਇਤਾ ਕਰਦੀ ਹੈ?"

ਨਿਰੁੱਤਰ ਹੋ ਗਿਆ ਪਾਂਧਾ। ਗੁਰੂ ਨਾਨਕ ਦੇ ਚਿਹਰੇ ਵੱਲ ਦੇਖਦਾ ਹੈ ਕਿ ਇਹ ਛੋਟਾ ਜਿਹਾ ਬੱਚਾ, ਕਿਹੋ ਜਿਹਾ ਸਵਾਲ ਮੇਰੇ ਤੇ ਕਰ ਦਿੱਤਾ? ਉਸੇ ਵੇਲੇ ਗੁਰੂ ਨਾਨਕ ਪਾਤਸ਼ਾਹ ਨੂੰ ਪੁਛਦਾ ਹੈ, ਸ਼ਰਧਾ ਦੇ ਘਰ ਵਿਚ ਆ ਕੇ ਕਿ ਹੇ ਨਾਨਕ! ਮੈਨੂੰ ਦੱਸ ਉਹ ਕਿਹੜੀ ਪੜ੍ਹਾਈ ਹੈ? ਤੇ ਨਾਲ ਮੈਨੂੰ ਇਹ ਦੱਸ ਕਿ ਉਸ ਦਾ ਸਕੂਲ ਕਿਥੇ ਹੈ? ਉਸ ਦੀ ਯੂਨੀਵਰਸਿਟੀ ਕਿਹੜੀ ਹੈ ਤੇ ਉਸ ਦੀ Phd. ਕਿਥੇ ਹੁੰਦੀ ਹੈ ਤੇ ਉਸ ਦੇ ਵਾਸਤੇ ਕਿਹੜਾ ਕੋਰਸ ਹੈ, ਕੀ ਕਾਪੀਆਂ ਨੇ, ਕਿਹੜੀਆਂ ਕਿਤਾਬਾਂ ਨੇ।

ਮਹਾਰਾਜ ਕਹਿੰਦੇ, "ਪਿਆਰਿਆ! ਉਹ ਜੇ ਤੂੰ ਸੁਣਨਾ ਚਾਹੁੰਦਾ ਹੈਂ ਤਾਂ ਅਸੀਂ ਤੈਨੂੰ ਦੱਸ ਦਿੰਦੇ ਹਾਂ।

***ਜਾਲਿ ਮੋਹੁ ਘਸਿ ਮਸੁ ਕਰਿ***
***ਮਤਿ ਕਾਗਦੁ ਕਰਿ ਸਾਰੁ॥ ਅੰਗ - 16***

ਆਹ ਜਿਹੜੀ ਤੇਰੇ ਅੰਦਰ ਹੰਗਤਾ ਹੈ ਨਾ ਕਿ ਮੈਂ ਹਾਂ।"

ਹਰ ਬੰਦੇ ਨੂੰ ਪਤਾ ਹੈ ਕਿ ਮੈਂ ਹਾਂ, ਮੇਰਾ ਨਾਂ ਫਲਾਣਾ ਹੈ, ਮੇਰਾ ਘਰ

ਫਲਾਣਾ ਹੈ। ਕੋਈ ਨਹੀਂ ਹੈ ਦੁਨੀਆਂ ਦੇ ਅੰਦਰ ਜਿਹੜਾ ਨਹੀਂ ਇਹ ਸਮਝਦਾ। ਸੰਤਾਂ ਨੂੰ ਵੀ ਪਤਾ ਹੈ ਲੇਕਿਨ ਸੰਤਾਂ ਵਿਚ ਤੇ ਦੁਨੀਆਂ ਵਿਚ ਫਰਕ ਹੈ। ਸੰਤਾਂ ਦੇ ਅੰਦਰ 'ਮੈਂ' ਨਹੀਂ ਹੁੰਦੀ, 'ਮੈਂ' ਦੇ ਨਾਲ 'ਮੇਰਾ' ਨਹੀਂ ਹੁੰਦਾ। ਹੰਗਤਾ ਤੇ ਮਮਤਾ ਦੋ ਚੀਜ਼ਾਂ ਨੇ। ਉਨ੍ਹਾਂ ਦੇ ਅੰਦਰ ਹੁੰਦਾ ਕੀ ਹੈ? ਉਹ ਆਪ ਹੀ ਨਹੀਂ ਹੁੰਦੇ। ਜਦੋਂ ਆਪ ਹੀ ਨਹੀਂ ਹੁੰਦੇ ਤਾਂ ਪ੍ਰਮੇਸ਼ਰ ਹੁੰਦਾ ਹੈ ਉਨ੍ਹਾਂ ਦੇ ਅੰਦਰ। ਉਹ ਆਪੇ ਹੀ, ਹੈ ਹੀ ਪ੍ਰਮੇਸ਼ਰ ਲੇਕਿਨ ਇਹ ਵਾਧੂ ਇਕ ਜਿਹੜੀ ਸਾਡੀ lower level (ਨੀਵੇਂ ਪੱਧਰ) ਦੀ ਸੁਰਤ ਹੈ ਨਾ ਉਸ ਨੇ ਆਪਣੇ ਆਪ ਨੂੰ ਵਾਧੂ ਪੈਦਾ ਕਰ ਲਿਆ।

ਉਸ ਸੁਰਤ ਨੇ ਮੈਂ ਧਾਰ ਲਈ, ਹੰਗਤਾ ਧਾਰ ਲਈ, ਮਮਤਾ ਧਾਰ ਲਈ, ਮੇਰਾ ਫਲਾਣਾ, ਮੇਰਾ ਫਲਾਣਾ, ਨਿਕਲਦਾ ਹੀ ਨਹੀਂ ਹੈ ਇਹ। ਸੰਤਾਂ ਨੂੰ ਸਤਿ ਦਾ ਪਤਾ ਹੁੰਦਾ ਹੈ। ਉਹ ਨਾ ਮੈਂ ਕਹਿੰਦੇ ਨੇ, ਨਾ ਮੇਰਾ ਕਹਿੰਦੇ ਹਨ। ਉਹ ਸਦਾ ਹੀ ਸਤਿ ਦੇ ਵਿਚ ਵਰਤਦੇ ਨੇ। ਜਿਹੜਾ ਕੁਝ ਉਹ ਹੁੰਦੇ ਨੇ ਉਹ ਤੁਹਾਨੂੰ ਹੁਣੇ ਹੀ ਮਹਾਂਪੁਰਸ਼ਾਂ ਨੇ ਦੱਸਿਆ ਸੀ। ਉਹ ਇਕ ਜੋਤੀ ਹੁੰਦੇ ਨੇ-

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ,***
***ਨ ਘਾਟਿ ਬਾਢਿ ਹੋਤ ਹੋਤ ਹੈ॥ ਅਕਾਲ ਉਸਤਤਿ***

ਜੋਤੀ ਸਭ ਦੇ ਅੰਦਰ ਹੈ ਲੇਕਿਨ ਅਸੀਂ ਉਸ ਨੂੰ ਭੁਲਾ ਕੇ surpass (ਅੱਗੇ ਨਿਕਲ) ਕਰ ਕੇ, ਆਪਣਾ ਆਪ ਵੱਖਰਾ ਕਰ ਲਿਆ। ਜੇ ਜੋਤੀ ਸਮਝਦਾ ਹੈ ਫੇਰ ਵਖਰਾ ਨਹੀਂ ਫੇਰ ਤਾਂ ਸਮੁੱਚਾ ਹੈ। totallity ਹੈ ਫੇਰ unit (ਇਕਾਈ) ਨਹੀਂ ਹੈ।

ਮਹਾਰਾਜ ਕਹਿੰਦੇ, "ਇਹ ਜਿਹੜਾ ਭਾਵ ਹੈ ਨਾਹ ਤੇਰੇ ਅੰਦਰ -

***ਭੋਲਿਆ ਹਉਮੈ ਸੁਰਤਿ ਵਿਸਾਰਿ॥ ਅੰਗ - 1168***

ਤੇਰੇ ਅੰਦਰ 'ਮੈਂ' ਭਾਵ ਪੈਦਾ ਹੋ ਗਿਆ। ਇਹ ਮੇਰੀ ਜ਼ਮੀਨ, ਆਹ ਮੇਰੇ ਲੜਕੇ, ਆਹ ਮੇਰੀਆਂ ਲੜਕੀਆਂ, ਆਹ ਮੇਰਾ ਪਰਿਵਾਰ, ਆਹ ਮੇਰੇ ਭਰਾ, ਆਹ ਫਲਾਣਾ ਰਿਸ਼ਤੇਦਾਰ, ਆਹ ਢਿਮਕਾ ਰਿਸ਼ਤੇਦਾਰ, ਆਹ ਮੇਰਾ ਪਿੰਡ ਹੈ, ਆਹ ਮੇਰਾ ਦੇਸ਼ ਹੈ।

ਜਦੋਂ ਗੁਰੂ ਮਹਾਰਾਜ ਸੱਚੀਆਂ ਗੱਲਾਂ ਕਹਿੰਦੇ ਨੇ ਤਾਂ ਕਈਆਂ ਨੂੰ ਹੋ ਜਾਂਦਾ ਹੈ ਕਿ ਇਹ ਤਾਂ ਔਖੀਆਂ ਨੇ ਗੱਲਾਂ, ਬੜੀਆਂ ਔਖੀਆਂ ਨੇ। ਉਹ ਵਿਸ਼ਵ-ਮਈ ਸਾਂਝੀ ਸੋਚ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਾਰੇ ਵਿਸ਼ਵ ਸਾਰੀ universe ਵਾਸਤੇ ਹੈ, ਕਿਸੇ ਇਕ ਦੇ ਵਾਸਤੇ, ਕਿਸੇ ਸੰਪਰਦਾ ਵਾਸਤੇ ਨਹੀਂ ਹੈ। ਬੜੀ ਭਾਰੀ ਗਲਤੀ ਕਰ ਰਹੇ ਹਨ ਜਿਹੜੇ ਇਸ ਦੇ ਉਤੇ ਕਬਜ਼ਾ ਕਰਦੇ ਨੇ।

ਸੋ ਮਹਾਂਪੁਰਸ਼ਾਂ ਦੀ ਅਵਸਥਾ ਇਹ ਹੁੰਦੀ ਹੈ ਕਿ ਉਹ ਆਪ ਹੁੰਦੇ ਹੀ ਨਹੀਂ। ਜਿਹੜਾ ਹੁੰਦਾ ਹੀ ਨਹੀਂ ਉਸਦੀ ਗੱਲ ਕੀ ਕਰੀਏ? ਉਹ ਆਪਣੀ ਤਾਂ ਗੱਲ ਕਰਦੇ ਨਹੀਂ, ਸੰਤ ਵਾਹਿਗੁਰੂ ਰੂਪ ਹੀ ਹੁੰਦਾ ਹੈ।

ਹੰਗਤਾ ਤੇ ਮਮਤਾ ਜਿਹੜੇ ਦੋ ਚੱਕਰ ਮਨੁੱਖ ਨੇ ਪਾ ਲਏ ਆਪਣੇ ਦੁਆਲੇ ਚੇਤਨਤਾ) ਦੇ, ਉਹ ਇਸ ਨੂੰ ਕਰਦੇ ਕੀ ਨੇ? ਮਹਾਰਾਜ ਕਹਿੰਦੇ ਕਿ ਇਹ ਇਸ ਨੂੰ ਐਨੀ ਤਕਲੀਫ ਦੇ ਰਹੇ ਨੇ ਇਹ ਮੂਰਖ ਸਮਝਦਾ ਨਹੀਂ ਹੈ। ਸਮਝਾਈ ਜਾਓ, ਜਿੰਨਾ ਜੀਅ ਕਰਦਾ ਹੈ ਸਮਝਾਈ ਜਾਓ ਨਹੀਂ ਸਮਝਦਾ, ਚਾਹੇ ਪੜ੍ਹਿਆ ਹੋਇਆ ਹੈ, ਚਾਹੇ Ph.d. ਕਰੀ ਹੋਈ ਹੈ, ਚਾਹੇ D.lit ਕਰੀ ਹੋਈ ਹੈ ਨਹੀਂ ਸਮਝ 'ਚ ਆਉਂਦੀ ਉਸ ਦੇ ਗੱਲ। ਐਸਾ ਫੁਰਮਾਨ ਹੈ ਕਿ –

***ਪੜਿਆ ਮੂਰਖੁ ਆਖੀਐ***
***ਜਿਸੁ ਲਬੁ ਲੋਭੁ ਅਹੰਕਾਰਾ॥*** ***ਅੰਗ – 140***

ਲਭ, ਲੋਭ, ਹੰਕਾਰ ਜਿਹੜੇ ਨੇ ਇਹ ਮਮਤਾ ਦੇ ਪੁੱਤਰ ਪੋਤਰੇ ਨੇ। ਜਦੋਂ ਤੱਕ ਜੜ੍ਹ, ਆਧਾਰ ਨਹੀਂ ਕਟਿਆ ਜਾਂਦਾ ਉਨੀਂ ਦੇਰ ਤੱਕ ਇਹ ਵੀ ਨਹੀਂ ਕੱਟੇ ਜਾਂਦੇ।

ਸੋ ਇਸ ਵਾਸਤੇ ਮਹਾਰਾਜ ਕਹਿੰਦੇ, "ਪਾਧਾ ਜੀ! ਇਸ ਹੰਗਤਾ ਤੇ ਮਮਤਾ ਨੂੰ ਘਸਾ ਕੇ ਸਿਆਹੀ ਬਣਾ ਲਓ, ਗੁਰੂ ਗਿਆਨ ਦੇ ਅੰਦਰ –

***ਜਾਲਿ ਮੋਹੁ ਘਸਿ ਮਸੁ ਕਰਿ***
***ਮਤਿ ਕਾਗਦੁ ਕਰਿ ਸਾਰੁ॥*** ***ਅੰਗ – 16***

ਹੁਣ ਜਿਹੜੀ ਤੇਰੀ ਮਤ ਹੈ ਉਹ ਹਉਮੈ ਦੀ ਮਤ ਹੈ, 'ਸਾਰ ਮੱਤ' ਹੈ। ਸਾਰ ਮੱਤ ਨਾ ਤੂੰ ਸਮਝਣ ਦਾ ਯਤਨ ਕਰੇਂ ਨਾ ਤੈਨੂੰ ਆ ਸਕੇ ਕਿਉਂਕਿ ਤੂੰ ਐਨਾ ਡੁੱਬ ਗਿਆ ਹਉਮੈ ਦੇ ਚਿੱਕੜ ਵਿਚ ਤੈਨੂੰ ਨਿਕਲਣ ਦਾ ਰਸਤਾ ਨਹੀਂ ਲੱਭਦਾ। ਆਪਣੇ ਆਪ ਤੂੰ ਨਿਕਲ ਨਹੀਂ ਸਕਦਾ ਜਿੰਨਾ ਜੋਰ ਲਗਦਾ ਹੈ ਲਾ ਲੈ, ਜਿੰਨਾ ਚਿਰ ਕਿਤਾਬਾਂ ਪੜ੍ਹਨੀਆਂ ਹਨ ਪੜ੍ਹ ਲੈ –

***ਪੜਿ ਪੜਿ ਗਡੀ ਲਦੀਅਹਿ***
***ਪੜਿ ਪੜਿ ਭਰੀਅਹਿ ਸਾਥ॥***
***ਪੜਿ ਪੜਿ ਬੇੜੀ ਪਾਈਐ***
***ਪੜਿ ਪੜਿ ਗਡੀਅਹਿ ਖਾਤ॥***
***ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥***
***ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥***
***ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥*** ***ਅੰਗ – 467***

ਹਉਮੈ ਦੀ ਝਖਣਾ ਝਾਖ ਦੇ ਵਿਚ ਸੰਸਾਰ ਸਾਰਾ ਨਾਮ ਤੋਂ ਬੇ-ਮੁਖ ਹੋ ਕੇ ਪਾਗਲਾਂ ਵਾਲਾ ਜੀਵਨ ਜੀਉਂ ਰਿਹਾ ਹੈ –

***ਬਿਨੁ ਨਾਵੈ ਜਗੁ ਕਮਲਾ ਫਿਰੈ***
***ਗੁਰਮੁਖਿ ਨਦਰੀ ਆਇਆ॥*** ***ਅੰਗ – 643***

ਮਹਾਰਾਜ ਕਹਿੰਦੇ ਕਮਲੇ ਫਿਰਦੇ ਨੇ –

***ਬਿਨੁ ਸਬਦੈ ਸਭੁ ਜਗੁ ਬਉਰਾਨਾ..........॥***

***ਅੰਗ - 644***

ਗੁਰੂ ਦੇ ਸ਼ਬਦ ਤੋਂ ਬਗੈਰ ਸੰਸਾਰ ਬਉਰਾ ਹਲਕਿਆ ਹੋਇਆ ਕੁੱਤਾ ਹੈ।

................. ***ਬਿਰਥਾ ਜਨਮੁ ਗਵਾਇਆ॥***

***ਅੰਗ - 644***

ਸੋ ਇਹ ਜਿਥੇ ਅਸੀਂ ਫਿਰ ਰਹੇ ਹਾਂ ਗੁਰੂ ਨਾਨਕ ਸਾਨੂੰ ਇਥੋਂ ਕੱਢਣਾ ਚਾਹੁੰਦੇ ਨੇ। 200 ਸਾਲ ਗੁਰੂ 10 ਸਰੂਪਾਂ ਦੇ ਅੰਦਰ ਵਰਤ ਵਰਤ ਕੇ ਸਾਨੂੰ ਸਮਝਾਉਂਦੇ ਰਹੇ ਤੇ ਅਖੀਰ ਵਿਚ ਉਨ੍ਹਾਂ ਨੇ ਆਪਣੀ ਜੋਤ ਗੁਰਬਾਣੀ ਵਿਚ ਸਮਾਅ ਦਿੱਤੀ। ਗੁਰੂ ਗ੍ਰੰਥ ਸਾਹਿਬ ਦੇ ਵਿਚ ਕਲਾ ਵਰਤ ਗਈ। ਹੈ ਅੱਖਰ ਹੀ ੳ-ਅ ਹੀ ਨੇ ਸਾਰੇ ਲੇਕਿਨ ਕਲਾ ਵਰਤੀ ਹੋਈ ਹੈ ਇਸ ਦੇ ਵਿਚ, ਸ਼ਕਤੀ ਹੈ। ਉਸਦੇ ਨਾਲ ਸਾਨੂੰ ਰਾਹ ਦੱਸਿਆ ਹੈ।

ਮਹਾਰਾਜ ਕਹਿੰਦੇ, "ਸਾਰ ਮੱਤ ਕਰ।"

ਸਾਰ ਮੱਤ ਕੀ ਹੈ ਮੈਂ ਦੱਸ ਦਿੰਦਾ ਹਾਂ। ਇਕ ਵੀ ਬੰਦਾ ਜੇ ਆਪਣੀ ਸੰਗਤ ਵਿਚੋਂ ਸਮਝੇ ਉਹ ਭਾਗਾਂ ਵਾਲਾ ਹੈ। ਉਹ ਇਹ ਹੈ ਕਿ ਇਥੇ ਵਾਹਿਗੁਰੂ ਤੋਂ ਬਗੈਰ ਨਾ ਪਹਿਲਾਂ ਹੋਇਆ ਹੈ, ਨਾ ਹੁਣ ਹੈ ਤੇ ਨਾ ਅੱਗੇ ਨੂੰ ਹੋਣਾ ਹੈ, ਨਾ ਹੋਏਗਾ। ਇਥੇ ਆਦਿ ਵੀ ਸੱਚ ਹੈ -

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*** ***ਅੰਗ - 1***

ਇਸ ਦੇ ਅਰਥ ਗਲਤ ਲਾ ਲੈਂਦੇ ਨੇ ਕਿਉਂਕਿ ਅਨੁਭਵ ਦੀ ਉਡਾਰੀ ਹੈ ਨਹੀਂ। ਉਹ ਏਹੀ ਕਹਿਣਗੇ ਕਿ ਵਾਹਿਗੁਰੂ ਪਹਿਲਾਂ ਵੀ ਸੱਚ ਸੀ, ਹੁਣ ਵੀ ਸੱਚ ਹੈ, ਫੇਰ ਵੀ ਸੱਚ ਹੋਊ ਜਦੋਂ ਕੁਝ ਨਹੀਂ ਹੋਏਗਾ ਉਦੋਂ ਵੀ ਸੱਚ ਹੋਏਗਾ। ਇਹ ਨਹੀਂ ਹੈ ਇਸ ਦਾ ਮਤਲਬ। ਇਸ ਦਾ ਮਤਲਬ ਹੈ ਵਾਹਿਗੁਰੂ ਆਪ ਹੀ ਹੈ ਇਥੇ ਕੁਝ ਹੋਰ ਹੈ ਹੀ ਨਹੀਂ। ਜੋ ਕੁਝ ਤੁਹਾਨੂੰ ਦਿਸਦਾ ਹੈ, ਜੋ ਕੁਝ ਤੁਹਾਨੂੰ ਸੁਣਦਾ ਹੈ ਇਸ ਦੇ ਵਿਚ ਨੀਵੇ ਪੱਧਰ ਤੇ ਤਾਂ ਗੱਲਾਂ ਕਰਨ ਵਾਸਤੇ ਤਾਂ ਹੋਰ ਚੀਜ਼ ਹੈ ਲੇਕਿਨ ਜਦੋਂ ਤੱਤ ਦੇ ਵਿਚ ਸਾਰ ਤੱਤ ਆ ਜਾਂਦੀ ਹੈ ਉਥੇ ਇਹ ਆਉਂਦਾ ਹੈ ਕਿ ਇਥੇ ਪ੍ਰਮੇਸ਼ਰ ਬਿਨਾਂ ਹੋਰ ਕੁਝ ਨਹੀਂ ਹੈ।

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ***
***ਨਦਰੀ ਹਰਿ ਨਿਹਾਲਿਆ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ*** ..............॥

***ਅੰਗ - 922***

ਆਹ ਵਿਸ਼ਵ ਹੈ ਨਾ ਜਿਹੜਾ ਸਾਰਾ ਅੱਖਾਂ ਦੇ ਨਾਲ ਦੇਖਦੇ ਹਾਂ ਅਸੀਂ। ਸਭ ਚੀਜ਼ ਦੇਖਦੇ ਹਾਂ। ਮਹਾਰਾਜ ਕਹਿੰਦੇ ਇਹ ਰੂਪ ਨਹੀਂ ਹੈ ਇਨ੍ਹਾਂ ਦਾ -

.................... ***ਏਹੁ ਹਰਿ ਕਾ ਰੂਪੁ ਹੈ***
***ਹਰਿ ਰੂਪੁ ਨਦਰੀ ਆਇਆ॥*** ***ਅੰਗ - 922***

ਨਾਲ ਗਵਾਹੀ ਦਿੰਦੇ ਨੇ ਕਿ ਅਸੀਂ ਤਾਂ ਅੱਖਾਂ ਨਾਲ ਦੇਖ ਕੇ ਤੁਹਾਨੂੰ ਗੱਲ ਕਰ ਰਹੇ ਹਾਂ। ਇਹ ਹੈ 'ਸਾਰ ਮੱਤ'। ਮਹਾਰਾਜ ਕਹਿੰਦੇ ਸਾਰ ਮੱਤ ਲਓ। ਹੰਗਤਾ ਤੇ ਮਮਤਾ ਨੂੰ ਜਾਲ ਦਿਓ।

ਕਹਿੰਦੇ, "ਫੇਰ ਇਥੇ ਤੱਕ ਪਹੁੰਚਦਾ ਕਿਵੇਂ ਹੈ?"

***ਕਹਿੰਦੇ –"ਭਾਉ ਕਲਮ ਕਰਿ ..............॥***

***ਅੰਗ – 16***

"ਪਿਆਰ ਦੀ ਕਲਮ ਬਣਾ। ਪਿਆਰ ਤੋਂ ਬਿਨਾ ਨਹੀਂ।"

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭ ਪਾਇਓ॥***

***ਤ੍ਵਪ੍ਰਸਾਦਿ ਸ੍ਵਯੇ***

ਤੇ ਕਲਮ ਤਾਂ ਬਣ ਗਈ, ਕਹਿੰਦੇ, ਲਿਖਾਰੀ?

***ਕਹਿੰਦੇ,***
***ਭਾਉ ਕਲਮ ਕਰਿ ਚਿਤੁ ਲੇਖਾਰੀ ........॥ ਅੰਗ – 16***

ਫੇਰ ਕਹਿੰਦਾ, "ਮਹਾਰਾਜ ਅਧਿਆਪਕ ਕਿਹੜਾ ਹੈ?"

ਕਹਿੰਦੇ –

***.......... ਗੁਰ ਪੁਛਿ ਲਿਖੁ ਬੀਚਾਰੁ॥***

***ਅੰਗ – 16***

ਗੁਰੂ ਨੂੰ ਮਿਲ ਸਮਰੱਥ ਗੁਰੂ ਨੂੰ।

ਕੱਚੇ ਪੱਕੇ ਆਹ ਸੰਤਾਂ ਤੋਂ ਹੁਣੇ ਸੁਣਿਆ ਹੈ ਤੁਸੀਂ। 5-6 ਕਿਸਮਾਂ ਹੁੰਦੀਆਂ ਨੇ ਗੁਰੂਆਂ ਦੀਆਂ –

***ਕਾਚੇ ਗੁਰ ਤੇ ਮੁਕਤਿ ਨ ਹੂਆ॥ ਅੰਗ – 932***

ਕੱਚਾ ਗੁਰੂ ਤਾਂ ਮੁਕਤੀ ਕਰ ਹੀ ਨਹੀਂ ਸਕਦਾ। ਇਹ ਗੁਰਮਤਿ ਦਾ ਸਿਧਾਂਤ ਹੈ।

ਬੜੀ ਦੇਰ ਦੀ ਗੱਲ ਹੈ ਜਦੋਂ 1900 ਸੰਮਤ ਸ਼ੁਰੂ ਹੋਇਆ ਰੋਪੜ ਵਿਚ ਇਕ ਮਸਤ ਮਸਤ ਜਿਹਾ ਸੀ। ਉਸ ਦੇ ਪਿੰਡ ਦਾ ਤਾਂ ਪਤਾ ਨਹੀਂ ਕਿ ਕਿਹੜੇ ਪਿੰਡ ਦਾ ਸੀ ਪਰ ਇਹ ਪਤਾ ਹੈ ਕਿ ਰੋਪੜ ਦੇ ਪਿੰਡਾਂ ਵਿਚ ਘੁੰਮਦਾ ਹੁੰਦਾ। ਇਧਰ ਵੀ ਦੂਰ ਤੱਕ ਆ ਜਾਂਦਾ ਸੀ। ਕਛਹਿਰਾ ਹੀ ਹੁੰਦਾ ਉਸ ਦੇ ਤੇੜ ਤੇ ਉਹ ਗਲੀਆਂ ਵਿਚ ਘੁੰਮਦਾ ਰਹਿੰਦਾ ਤੇ ਆ ਗਈ, ਆ ਗਈ, ਆ ਗਈ, ਆ ਗਈ ਇਸ ਤਰ੍ਹਾਂ ਕਰੀ ਜਾਂਦਾ ਹੁੰਦਾ।

ਉਹ 10-12 ਸਾਲ ਕਰੀ ਗਿਆ, ਕਿਸੇ ਦੀ ਸਮਝ ਵਿਚ ਨਾ ਆਵੇ ਕਿ ਆ ਗਈ, ਆ ਗਈ ਕਰਦਾ ਹੈ ਕੀ ਆ ਗਈ? ਉਥੇ ਬਿਮਾਰੀ ਪੈ ਗਈ। ਪਹਿਲਾਂ ਪਲੇਗ ਪੈਂਦੀ ਸੀ ਨਾਲ ਤਪਕਾਲੀ ਪੈ ਜਾਂਦੀ ਸੀ, ਬੁਖਾਰ ਹੋ ਜਾਣਾ ਜਾਂ ਹੈਜ਼ਾ ਹੀ ਫੈਲ ਜਾਣਾ, ਇਲਾਜ ਹੈ ਨਹੀਂ ਸੀ। ਪਿੰਡਾਂ ਦੇ ਪਿੰਡ ਖਾਲੀ

ਹੋਣੇ ਸ਼ੁਰੂ ਹੋ ਗਏ। ਪਲੇਗ ਪੈ ਗਈ। ਲੋਕਾਂ ਨੇ ਅਰਥ ਕੱਢ ਲਿਆ ਕਿ ਇਹ ਆ ਗਈ-ਆ ਗਈ ਕਹਿੰਦਾ ਸੀ ਕਿ ਬਿਮਾਰੀ ਆ ਗਈ। 10-12 ਸਾਲ ਪਹਿਲਾਂ ਹੀ ਕਹਿਣ ਲੱਗ ਗਿਆ।

ਉਸ ਦੀ ਬੜੀ ਮਾਨਤਾ ਸ਼ੁਰੂ ਹੋ ਗਈ। ਉਹ ਐਨਾ ਮਸਤ ਨਹੀਂ ਸੀ। ਜਦੋਂ ਉਸਨੇ ਦੇਖਿਆ ਕਿ ਮੇਰੀ ਮਾਨਤਾ ਸ਼ੁਰੂ ਹੋ ਗਈ ਫੇਰ ਉਸ ਨੇ ਬਹੁਤ ਵਧੀਆ ਕੱਪੜੇ ਪਾ ਲਏ।

ਇਲਾਕਾ ਇਥੋਂ ਤੱਕ ਚਲਿਆ ਗਿਆ ਕਿ ਅਨੰਦਪੁਰ ਸਾਹਿਬ ਜਾ ਕੇ ਕਹਿਣ ਲੱਗਿਆ ਕਿ ਮੈਂ ਗੁਰੂ ਗੋਬਿੰਦ ਸਿੰਘ ਆ ਗਿਆ ਤੇ ਹੁਣ ਮੈਂ ਤਖਤ ਤੇ ਬੈਠਣਾ ਹੈ। ਕੇਸਗੜ੍ਹ ਤਖਤ ਤੇ ਬੈਠਣ ਨੂੰ ਤਿਆਰ ਹੋ ਗਿਆ। ਬੰਦੇ ਰਲਾ ਲਏ ਨਾਲ, ਬਰਛੇ ਵਗੈਰਾ ਦੇ ਦਿੱਤੇ, ਪੰਜ ਪਿਆਰੇ ਬਣਾ ਲਏ ਸਭ ਕੁਝ ਕਰ ਲਿਆ। ਇਕੱਲਾ-ਦੁਕੱਲਾ ਉਸ ਦੇ ਅੱਗੇ ਕੋਈ ਆਵੇ ਨਾ ਉਦੋਂ ਲਹਿਰਾਂ ਆਦਿ ਅਜੇ ਮਾੜੀਆਂ-ਮਾੜੀਆਂ ਸੀ, ਚੰਗੀ ਤਰ੍ਹਾਂ ਨਹੀਂ ਸੀ ਚੱਲੀਆਂ। ਆਮ ਲੋਕ ਇਸੇ ਖਿਆਲ ਵਿਚ ਰਹਿੰਦੇ ਸੀ ਕਿ ਸਿੱਖ ਹੋਰ ਨੇ, ਅਸੀਂ ਹੋਰ ਹਾਂ। ਆਪਣੇ ਪਿੰਡ ਵਿਚ ਵੀ ਇਸੇ ਤਰ੍ਹਾਂ ਸੀ ਮੈਂ ਜਦੋਂ ਛੋਟਾ ਸੀ।

ਸੋ ਉਹ ਜੋ ਪੂਰੀ ਤਾਕਤ ਵਿਚ ਆ ਗਿਆ। ਮਹਾਰਾਜਿਆਂ ਨੂੰ ਚਿੱਠੀਆਂ ਲਿਖੀਆਂ। ਮਹਾਰਾਜਾ ਪਟਿਆਲਾ ਨੂੰ ਮਹਾਰਾਜਾ ਨਾਭਾ ਨੂੰ, ਮਹਾਰਾਜਾ ਜੀਂਦ ਨੂੰ, ਸੰਗਰੂਰ ਨੂੰ ਸਾਰਿਆਂ ਨੂੰ ਲਿਖੀਆਂ। ਇਨ੍ਹਾਂ ਨੂੰ ਕਲਸੀਆਂ ਨੂੰ ਵੀ ਕਿ ਅਸੀਂ ਵਾਅਦਾ ਕਰਿਆ ਸੀ ਕਿ ਅਸੀਂ ਆਵਾਂਗੇ, ਮੈਂ ਆ ਗਿਆ ਹੁਣ। ਕਹਿੰਦਾ ਮੈਂ ਗੁਰੂ ਦਸਵੇਂ ਪਾਤਸ਼ਾਹ ਆ ਗਿਆ। ਹੁਣ ਦੇਖੋ ਜਿਹੜੇ ਸਾਡੇ ਸਾਹਿਬਜ਼ਾਦੇ ਸੀ ਜਦੋਂ ਸ਼ਹੀਦ ਹੋ ਗਏ, ਪਰਿਵਾਰ ਸਾਡਾ ਜਾ ਚੁਕਿਆ ਹੈ ਤੇ ਮੈਂ ਹੁਣ ਆ ਗਿਆ ਹਾਂ ਹੁਣ ਮੈਂ ਗ੍ਰਹਿਸਤ ਦਾ ਜੀਵਨ ਬਤੀਤ ਕਰਾਂਗਾ ਤੇ ਰਾਜਿਆਂ ਨੂੰ ਮੈਂ ਚਿੱਠੀ ਲਿਖਦਾ ਹਾਂ ਕਿ ਮੇਰਾ ਰਿਸ਼ਤਾ ਕਰੋ, ਆਪਣੀਆਂ ਲੜਕੀਆਂ ਵਿਆਹੋ ਮੇਰੇ ਨਾਲ। ਪਟਿਆਲੇ ਵਾਲਾ ਰਾਜਾ ਤਾਂ ਚੁਪ ਰਿਹਾ ਪਰ ਨਾਭੇ ਵਾਲਾ ਜਿਹੜਾ ਰਾਜਾ ਸੀ ਹੀਰਾ ਸਿੰਘ ਉਹ ਬਹੁਤ ਸਿਆਣਾ ਸੀ। ਉਹ ਹਰ ਸੰਤ ਦੀ ਪ੍ਰੀਖਿਆ ਲੈਂਦਾ ਸੀ ਤਾਂ ਮੰਨਦਾ ਸੀ, ਨਹੀਂ ਮੰਨਦਾ ਨਹੀਂ ਸੀ। ਉਸ ਦੀ ਪ੍ਰਖਿਆ ਵਿਚ ਸੰਤ ਮਹਾਰਾਜ ਮਸਤੂਆਣੇ ਵਾਲੇ ਹੀ ਪੂਰੇ ਉਤਰੇ ਸੀ। ਉਹ ਹਰ ਸੰਤ ਨੂੰ ਪੈਰੋਂ ਫੜ ਲੈਂਦਾ ਸੀ।

ਉਸ ਨੇ ਕਿਹਾ ਕਿ ਇਹ ਪਖੰਡੀ ਪੈਦਾ ਹੋ ਗਿਆ ਹੈ ਤੇ ਕੇਸਗੜ੍ਹ ਤਖਤ ਤੇ ਬੈਠ ਰਿਹਾ ਹੈ ਤੇ ਇਹ ਤਾਂ ਬੜੀ ਗਲਤ ਬਾਤ ਹੋ ਗਈ। ਆਪਣਾ ਵਜ਼ੀਰ ਭੇਜ ਦਿੱਤਾ ਸਰੋਪਾ ਦੇ ਕੇ ਕਿ ਮਹਾਰਾਜ ਰਿਸ਼ਤਾ ਹੋ ਜਾਏਗਾ ਤੁਸੀਂ ਨਾਭੇ ਦਰਸ਼ਨ ਦੇਵੋ। ਬੜੀ ਖੁਸ਼ੀ ਹੋਈ ਉਸ ਦੇ ਮਨ ਵਿਚ ਤੇ 500 ਤਿਆਰ ਬਰ ਤਿਆਰ ਸਿੰਘ ਬਰਛੇ, ਤਲਵਾਰਾਂ ਲਈਆਂ ਹੋਈਆਂ ਸਭ ਆਏ ਘੋੜਿਆਂ ਤੇ ਚੜ੍ਹੇ। ਕਹਿੰਦਾ ਇਕ ਵਾਰੀ ਦਰਸ਼ਨ ਦੇ ਜਾਓ ਮੈਂ ਰਾਜ ਭਾਗ ਵਿਚੋਂ ਨਿਕਲ ਨਹੀਂ ਸਕਦਾ, ਤੁਸੀਂ ਹੀ ਦਰਸ਼ਨ ਦੇ ਜਾਓ।

ਆਪਣੇ ਬਾਗ ਵਿਚ ਉਸ ਦਾ ਉਤਾਰਾ ਕਰ ਦਿੱਤਾ। ਖਾਣਾ ਪੀਣਾ ਸਭ

ਜਾ ਰਿਹਾ ਹੈ ਤੇ ਅਖੀਰ ਉਸ ਨੇ ਦੇਖ ਲਿਆ ਕਿ ਇਹ ਸਾਧ ਜਾਂ ਗੁਰੂ ਕੋਈ ਨਹੀਂ ਹੈ, ਇਹ ਤਾਂ ਬਿਲਕੁਲ ਹੀ ਕੱਚਾ ਬੰਦਾ ਹੈ ਤੇ ਗੁਰੂ ਬਣਦਾ ਹੈ, ਗੁਰੂਆਂ ਵਾਲੀ ਤਾਂ ਕੋਈ ਖੂਬੀ ਹੀ ਨਹੀਂ ਹੈ ਇਸ ਦੇ ਵਿਚ।

ਉਸ ਵੇਲੇ ਉਸ ਨੇ ਸੁਨੇਹਾ ਭੇਜਿਆ ਕਿ ਮਹਾਰਾਜ ਤੁਸੀਂ ਅੱਜ ਜਿਥੇ ਮੈਂ ਅਦਾਲਤ ਲਾਉਂਦਾ ਹਾਂ ਉਥੇ ਦਰਸ਼ਨ ਦਿਓ ਤਾਂਕਿ ਅਸੀਂ ਗੱਲ ਬਾਤ ਕਰ ਲਈਏ ਸਾਰੀ। ਇਹ ਚੁਪ ਕਰਕੇ ਪੰਜ ਸਿੰਘ ਲੈ ਕੇ ਮਹਾਰਾਜੇ ਦੀ ਕਚਹਿਰੀ ਦੇ ਸਾਹਮਣੇ, ਉਨ੍ਹਾਂ ਨੇ ਕੁਰਸੀਆਂ ਡਾਹ ਦਿੱਤੀਆਂ, ਬੈਠਾ ਰਿਹਾ, ਸਾਰਾ ਦਿਨ ਬੈਠਾ ਰਿਹਾ। ਇਕ ਵਾਰੀ ਉਸ ਨੇ ਪਾਣੀ ਵਗੈਰਾ ਪੁਛ ਕੇ ਮੁੜ ਕੇ ਪੁਛਿਆ ਹੀ ਨਾ। ਉਹ ਦੇਖਦੇ ਸੀ ਕਿ ਇਸ ਦੇ ਵਿਚ ਸਾਧਪੁਣਾ ਵੀ ਹੈ ਕਿ ਐਵੇਂ ਹੀ ਹੈ।

ਜਦੋਂ ਸ਼ਾਮ ਹੋ ਗਈ ਤਾਂ ਮਹਾਰਾਜਾ ਹੀਰਾ ਸਿੰਘ ਕਹਿੰਦਾ ਕਿ ਗੁਰੂ ਸਾਹਿਬ ਨੂੰ ਕਹਿ ਦੇਵੋ ਕਿ ਅੱਜ ਤਾਂ ਮੈਨੂੰ ਵਿਹਲ ਨਹੀਂ ਮਿਲਿਆ, ਕੱਲ੍ਹ ਨੂੰ ਦਰਸ਼ਨ ਦੇਣ। ਉਹ ਦੂਜੇ ਦਿਨ ਫੇਰ ਆ ਕੇ ਬੈਠਾ ਰਿਹਾ ਸਾਰਾ ਦਿਨ। ਫੇਰ ਸੁਨੇਹਾ ਭੇਜ ਦਿੱਤਾ ਕਿ ਕੱਲ੍ਹ ਨੂੰ ਅਸੀਂ ਸ਼ਗਨ ਪਾਵਾਂਗੇ ਉਥੇ ਹੀ ਰਹਿਣ ਬਾਗ ਵਿਚ ਹੀ।

ਉਸ ਵੇਲੇ ਫੌਜੀ ਜਰਨੈਲ ਨੂੰ ਬੁਲਾਇਆ ਤੇ ਕਿਹਾ ਕਿ ਇਸ ਨੂੰ ਨਿਕਲਣ ਨਹੀਂ ਦੇਣਾ, ਪਖੰਡੀ ਹੈ ਇਹ, ਭੁਚਾਲ ਪੁਆ ਦਿੱਤਾ ਇਸ ਨੇ ਸਿੱਖ ਪੰਥ ਦੇ ਵਿਚ, ਦੁਨੀਆਂ ਅੰਨ੍ਹੇ ਵਾਹ ਇਸ ਦੇ ਪਿਛੇ ਲੱਗੀ ਤੁਰੀ ਫਿਰਦੀ ਹੈ।

ਬਾਗ ਵਿਚ ਜਦੋਂ ਰਾਜਾ ਗਿਆ ਹੈ ਤਾਂ ਐਵੇਂ ਹੀ ਝੂਠੇ ਸਰੋਪੇ ਬਣਾ ਲਏ, ਕੋਈ ਗੱਲ ਨਾ, ਬਾਤ ਨਾ ਕੱਪੜਿਆਂ ਨਾਲ ਟੋਕਰੇ ਵਗੈਰਾ, ਥਾਲ ਆਦਿ ਢੱਕ ਦਿੱਤੇ। ਇਸ ਨੇ ਸੋਚਿਆ ਕਿ ਲੈ ਬਈ! ਆ ਗਿਆ ਸ਼ਗਨ।

ਇਹ ਤਖਤ ਲਾ ਕੇ ਬੈਠਾ ਹੈ, ਚਉਰ ਹੋ ਰਿਹਾ ਹੈ, ਪੰਜ ਪਿਆਰੇ ਖੜ੍ਹੇ ਨੇ। ਉਥੇ ਜਦੋਂ ਮਹਾਰਾਜ ਗਿਆ ਤਾਂ ਉਸ ਨੇ ਇਸ਼ਾਰਾ ਕਰ ਦਿੱਤਾ ਆਪਣੀ ਫੌਜ ਨੂੰ ਤਾਂ ਉਹ ਡੰਡੇ ਲੈ ਕੇ ਇਨ੍ਹਾਂ ਦੇ ਮਗਰ ਪੈ ਗਏ। ਜਦੋਂ ਕੁਟਾਈ ਸ਼ੁਰੂ ਹੋਈ ਤਾਂ ਜਿਹੜੇ ਨਾਲ ਸੀ 500 ਬੰਦੇ ਉਨ੍ਹਾਂ ਦਾ ਤਾਂ ਪਤਾ ਹੀ ਨਹੀਂ ਲੱਗਿਆ ਤੇ ਪੰਜ ਪਿਆਰੇ ਉਥੇ ਹੀ ਬਰਛੇ ਬੁਰਛੇ ਧਰ ਕੇ ਨੱਠ ਗਏ। ਇਹ ਇਕੱਲਾ ਕਾਬੂ ਆ ਗਿਆ।

ਜਦੋਂ ਉਸ ਦੀ ਖੜਕਾਈ ਹੋਈ। ਉਹ ਕਹਿੰਦੇ ਸਹੀ-ਸਹੀ ਗੱਲ ਕਰ। ਕਹਿੰਦਾ ਮੈਂ ਤਾਂ ਕੁਝ ਨਹੀਂ ਲੋਕ ਮੈਨੂੰ ਮੰਨਣ ਲੱਗ ਪਏ ਸੀ ਤੇ ਮੈਂ ਸੋਚਿਆ ਇਸ ਦਾ ਫਾਇਦਾ ਹੀ ਉਠਾ ਲਵਾਂ।

ਉਹ ਕੱਚਾ ਗੁਰੂ ਸੀ। ਗੁਰੂ ਦੀ ਨਿਸ਼ਾਨੀ ਇਹ ਨਹੀਂ ਹੋਇਆ ਕਰਦੀ। ਗੁਰੂ ਜਿਹੜਾ ਹੈ। ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਗੁਰੂ ਦਸ਼ਮੇਸ਼ ਪਿਤਾ ਤੱਕ ਤੇ ਗੁਰੂ ਗ੍ਰੰਥ ਸਾਹਿਬ ਮਹਾਰਾਜ। ਇਹ ਕੇਵਲ ਗੁਰੂ ਨਹੀਂ ਹਨ ਇਹ ਗੁਰੂ ਅਵਤਾਰ ਨੇ-

***ਆਪਿ ਨਰਾਇਣੁ ਕਲਾ ਧਾਰਿ***
***ਜਗ ਮਹਿ ਪਰਵਰਿਯਉ॥*** ***ਅੰਗ – 1396***

ਸਾਕਾਰ ਰੂਪ ਧਾਰ ਕੇ ਪ੍ਰਮੇਸ਼ਰ ਸੰਸਾਰ ਦੇ ਵਿਚ ਸਾਡੀ ਕਲਿਆਣ ਵਾਸਤੇ 10 ਜਾਮੇ ਉਸ ਨੇ ਲਏ ਤੇ ਫੇਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਸ਼ਬਦ' ਦੇ ਅੰਦਰ ਲੁਪਤ ਹੋ ਗਏ।

ਜੋ ਬਾਕੀ ਗੁਰੂ ਨੇ ਉਨ੍ਹਾਂ ਨਾਲ ਸਾਡਾ ਵਿਰੋਧ ਨਹੀਂ ਹੈ। ਅਸੀਂ ਐਵੇਂ ਹੀ ਲੜਦੇ ਹਾਂ ਖਾਹਮਖਾਹ ਹੀ। ਉਹ ਗੁਰੂ ਹਨ। ਗੁਰੂ ਤਾਂ ਆਹ ਉਤਰ ਪ੍ਰਦੇਸ਼ ਵਿਚ ਮਾਸਟਰ ਜੀ ਕਿਸੇ ਨੂੰ ਕਹਿੰਦੇ ਹੀ ਨਹੀਂ ਹਨ, ਉਥੇ ਗੁਰੂ ਜੀ ਕਹਿੰਦੇ ਨੇ। ਬੱਚੇ ਉਥੇ ਪੜ੍ਹਦੇ ਸੀ ਉਹ ਆਹੀ ਗੱਲ ਕਹੀ ਜਾਇਆ ਕਰਨ ਕਿ ਮੇਰੇ ਹਿਸਾਬ ਦੇ ਗੁਰੂ ਜੀ ਨੇ ਆਹ, ਮੇਰੇ ਅੰਗ੍ਰੇਜ਼ੀ ਦੇ ਗੁਰੂ ਜੀ ਨੇ। ਮੈਂ ਕਿਹਾ, "ਤੁਸੀਂ ਮਾਸਟਰ ਜੀ ਨਹੀਂ ਕਹਿੰਦੇ।"

ਕਹਿੰਦੇ, "ਅਸੀਂ ਗੁਰੂ ਜੀ ਹੀ ਕਹਿੰਦੇ ਹਾਂ ਸਾਰੇ।"

ਜਿਹੜਾ ਵਿਦਿਆ ਦਿੰਦਾ ਹੈ ਉਹ ਵੀ ਗੁਰੂ ਹੈ। ਜਦੋਂ ਕਾਰ ਸਿਖਾਉਣ ਲੱਗ ਗਿਆ ਤਾਂ ਕਹਿੰਦੇ ਤੇਰਾ ਕਿਹੜਾ ਗੁਰੂ ਹੈ। ਕਹਿੰਦਾ ਮੈਂ ਤਾਂ ਫਲਾਣਾ ਗੁਰੂ ਧਾਰਿਆ ਹੈ। ਨਾਲੇ ਦਸਤਾਰ ਦਿੰਦੇ ਨੇ ਤੇ ਨਾਲੇ ਉਤੇ ਸਵਾ ਰੁਪਈਆ ਧਰਦੇ ਨੇ, ਕੋਈ ਵੀ ਕੰਮ ਬਿਜਲੀ ਦਾ ਸਿੱਖਣ ਭੇਜਦੇ, ਵੈਲਡਿੰਗ ਸਿੱਖਣ ਭੇਜਦੇ ਕਹਿੰਦੇ ਗੁਰੂ ਧਾਰ, ਗੁਰੂ ਧਾਰ ਕੇ ਉਸ ਦੀ ਜ਼ਿੰਮੇਵਾਰੀ ਹੋ ਜਾਂਦੀ ਸੀ। ਇਸੇ ਤਰ੍ਹਾਂ ਦੇ ਨਾਲ ਰੂਹਾਨੀਅਤ ਦੇ ਅੰਦਰ ਗੁਰੂ ਦਾ ਰਿਵਾਜ਼ ਸੀ। ਉਹ ਗੁਰੂ, ਗੁਰੂ ਪ੍ਰਮੇਸ਼ਰ ਨਹੀਂ ਸੀ ਲੇਕਿਨ ਇਥੋਂ ਸਾਧਨਾ ਕਰਕੇ, ਕਿਸੇ ਮਹਾਂਪੁਰਸ਼ ਦੀ ਸੰਗਤ ਕਰਕੇ ਉਸ ਦੇ ਅੰਦਰੋਂ ਅਗਿਆਨ ਦਾ ਅਧੇਰਾ ਦੂਰ ਹੋਇਆ ਤੇ ਉਸਨੂੰ ਗੁਰੂ ਪਦਵੀ ਪ੍ਰਾਪਤ ਹੋ ਗਈ।

ਹੁਣ ਗੁਰੂ ਦੀ ਨਿਸ਼ਾਨੀ ਕੀ ਹੈ? ਜੇ ਤਾਂ ਗੁਰੂ ਉਹ ਨਿਸ਼ਾਨੀਆਂ ਪੂਰੀਆਂ ਕਰਦੇ ਨੇ, ਸਾਡਾ ਮਸਤਕ ਨਿਵਦਾ ਹੈ ਉਨ੍ਹਾਂ ਨੂੰ। ਜੇ ਉਹ ਨਹੀਂ ਪੂਰੀਆਂ ਕਰਦੇ ਤੇ ਧੋਖਾ ਹੀ ਹੈ ਸਾਰਾ, ਫੇਰ ਮਾੜੀ ਗੱਲ ਹੈ। ਫੇਰ ਤਾਂ ਆਪ ਵੀ ਨਰਕਾਂ ਨੂੰ ਜਾਣਗੇ ਤੇ ਚੇਲੇ ਵੀ ਨਰਕਾਂ ਨੂੰ ਜਾਣਗੇ। ਗੁਰੂ ਦੀ ਨਿਸ਼ਾਨੀ ਹੈ –

***ਘਰ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ॥*** ***ਅੰਗ – 1291***

ਇਸ ਸਰੀਰ ਦੇ ਅੰਦਰ ਵਾਹਿਗੁਰੂ ਦਾ ਘਰ ਹੈ, ਇਕ ਜੀਵ ਆਤਮਾ ਦਾ ਘਰ ਹੈ। ਨਕਲੀ ਘਰ ਹੈ, ਪਰਛਾਵਾ ਪੈਂਦਾ ਹੈ ਉਸ ਦਾ ਜਿਵੇਂ ਦਰਬਾਰ ਸਾਹਿਬ ਦਾ ਪਰਛਾਵਾ ਸਰੋਵਰ ਵਿਚ ਪੈਂਦਾ ਹੈ। ਉਹ ਪ੍ਰਤੱਖ ਲਗਦਾ ਹੈ ਜੇ ਟਿਕਿਆ ਹੋਇਆ ਹੋਵੇ ਕਿ ਇਕ ਦਰਬਾਰ ਸਾਹਿਬ ਉਤੇ ਹੈ, ਇਕ ਹੇਠਾਂ ਹੈ।

ਇਸੇ ਤਰ੍ਹਾਂ ਜਿਹੜਾ ਪ੍ਰਮੇਸ਼ਰ ਸਾਡੇ ਅੰਦਰ ਵਸ ਰਿਹਾ ਹੈ ਨਾ। ਉਸ ਦੀ ਸੱਤ੍ਹਾ ਪੈਂਦੀ ਹੈ ਸਰੀਰ ਦੇ ਅੰਦਰ ਉਥੇ ਇਕ ਭਾਵਨਾ ਜਾਗ ਪੈਂਦੀ ਹੈ, "ਮੈਂ ਹਾਂ" ਉਸ ਨੂੰ ਜੀਵ ਕਹਿੰਦੇ ਨੇ 'ਮੈਂ ਹਾਂ' ਦਰਅਸਲ ਕੁਝ ਵੀ ਨਹੀਂ, ਇਕ ਪਰਛਾਵਾਂ ਹੈ –

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ॥***
***ਅੰਗ - 550***

ਉਹ ਸੈਰਾਂ ਕਰਨ ਵਾਲਾ -

***ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ॥***
***ਜੇਤਾ ਊਡਹਿ ਦੁਖ ਘਣੇ***
***ਨਿਤ ਦਾਝਹਿ ਤੈ ਬਿਲਲਾਹਿ॥ ਅੰਗ - 66***

ਉਹ ਪਰਛਾਵਾਂ ਜਿਥੇ ਪੈਂਦਾ ਹੈ ਉਸ ਦਾ ਜਿੰਨਾ ਚਿਰ ਸਾਨੂੰ ਗਿਆਨ ਨਹੀਂ ਹੁੰਦਾ, ਅਸੀਂ ਉਸਨੂੰ ਆਪਣਾ ਘਰ ਕਹਾਂਗੇ ਲੇਕਿਨ ਅਸੀਂ ਜਿਹੜਾ abode of God (ਪ੍ਰਭੂ ਦਾ ਘਰ) ਇਸ ਸਰੀਰ ਵਿਚ ਹੈ ਵਾਹਿਗੁਰੂ ਦਾ ਆਸਣ ਲੱਗਿਆ ਹੋਇਆ, ਉਸਨੂੰ ਜਾਣਨਾ ਹੈ।

ਕੱਲ੍ਹ ਮੈਂ ਬੜੇ ਵਿਸਥਾਰ ਨਾਲ ਇਹ ਗੱਲ ਦੱਸੀ ਸੀ ਕਿ ਉਥੇ ਤੱਕ ਪਹੁੰਚ ਕਿਵੇਂ ਹੁੰਦਾ ਹੈ? ਉਹ ਦਰਵਾਜ਼ੇ ਜਿਹੜੇ ਗਿਆਨ ਦੇ, ਆਸਾ ਤੇ ਅੰਦੇਸ਼ਾ ਦੇ ਲੱਗੇ ਹੋਏ ਨੇ, ਬਜਰ ਕਪਾਟ ਉਹ ਖੁਲ੍ਹਦੇ ਕਿਵੇਂ ਨੇ? ਬਹੁਤ ਲੰਮੀ ਚੌੜੀ ਵਿਆਖਿਆ ਕਰੀ ਸੀ। ਜਿਹੜਾ ਵਾਹਿਗੁਰੂ ਦੇ ਘਰ ਨੂੰ ਦਿਖਾ ਦੇਵੇ -

***ਘਰ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ॥ ਅੰਗ - 1291***

ਜੇ ਐਵੇਂ ਹੀ ਝੂਠਾ ਹੀ ਕਹਿ ਦੇਵੇ। ਮਹਾਰਾਜ ਕਹਿੰਦੇ ਉਥੇ ਨਿਸ਼ਾਨੀਆਂ ਨੇ -

***ਪੰਚ ਸਬਦ ਧੁਨਿਕਾਰ ਧੁਨਿ***
***ਤਹ ਬਾਜੈ ਸਬਦੁ ਨੀਸਾਣੁ॥ ਅੰਗ - 1291***

ਉਹ ਹੈਰਾਨੀ ਦਾ ਮੰਡਲ ਹੈ। 7 ਮੰਡਲ ਹੋਇਆ ਕਰਦੇ ਨੇ ਸਾਧ ਸੰਗਤ ਜੀ! ਇਹ ਗੱਲਾਂ ਬੜੀਆਂ ਗਹਿਰੀਆਂ ਹੋਇਆ ਕਰਦੀਆਂ ਨੇ, ਜਗਿਆਸੂਆਂ ਨਾਲ ਹੋਣ ਵਾਲੀਆਂ ਹੋਇਆ ਕਰਦੀਆਂ ਨੇ, ਸੰਗਤ ਨੂੰ ਸਮਝਾ ਤਾਂ ਦੇਈਦੀਆਂ ਨੇ ਲੇਕਿਨ ਉਨ੍ਹਾਂ ਦੇ ਕੰਮ ਨਹੀਂ ਆਉਂਦੀਆਂ ਕਿਉਂਕਿ ਪਹਿਲੀ ਜਿਹੜੀ ਮੰਜ਼ਲ ਹੁੰਦੀ ਹੈ ਉਸ ਨੂੰ ਮੰਜ਼ਲ-ਏ-ਤਲਾਸ਼ ਕਹਿੰਦੇ ਨੇ।

ਬਾਬੇ ਫਰੀਦ ਨੇ 36 ਸਾਲ ਤਲਾਸ਼ ਕਰਿਆ। ਬੜੀ ਦੇਰ ਤੱਕ ਰਿਹਾ ਤਲਾਸ਼ ਦੀ ਮੰਡਲ ਤੋਂ ਉਪਰ ਲੰਘਿਆ ਹੀ ਨਾ ਕਿਉਂਕਿ ਅਜੇ ਗੁਰੂ ਨਹੀਂ ਸੀ ਧਾਰਿਆ।

ਜਿਹੜੀ ਦੂਸਰੀ ਮੰਜ਼ਲ ਹੈ ਉਹ ਪਿਆਰ ਦੀ ਮੰਜ਼ਲ ਹੈ। ਪਿਆਰ ਤਾਂ ਧਾਰ ਹੋਏਗਾ ਜੇ ਗੁਰੂ ਹੈ। ਜੇ ਗੁਰੂ ਹੀ ਨਹੀਂ ਹੈ ਤਾਂ ਪਿਆਰ ਕਿਸ ਦੇ ਨਾਲ

ਕਰੇਗਾ? ਜਦੋਂ ਉਸ ਨੇ ਮੁਰਸ਼ਦ ਧਾਰਨ ਕਰ ਲਿਆ ਬਖਤਿਆਰ ਕਾਕੀ ਨੂੰ ਫੇਰ ਉਸ ਦੇ ਪਿਆਰ ਵਿਚ ਉਚਾ ਉਠਿਆ। ਉਸ ਦੂਸਰੀ ਮੰਜ਼ਲ ਨੂੰ ਵਾਦੀ-ਏ-ਇਸ਼ਕ ਕਹਿੰਦੇ ਨੇ ਵਾਦੀ-ਏ-ਪਿਆਰ। ਇਹ ਪਿਆਰ ਜਿਹੜਾ ਹੈ ਫੇਰ ਇਹ ਉਠਾਉਂਦਾ ਹੈ ਉਤੇ।

ਤੀਸਰੀ ਮੰਜ਼ਲ ਹੁੰਦੀ ਹੈ ਵਾਦੀ-ਏ-ਮਾਰਫਤ। ਗਿਆਨ ਹੋ ਜਾਂਦਾ ਹੈ ਗੱਲਾਂ ਨਾਲ, ਬਹੁਤ ਸੁਹਣੀਆਂ ਗੱਲਾਂ ਲੇਕਿਨ ਅਜੇ ਪੂਰੀ ਤਰ੍ਹਾਂ ਨਹੀਂ ਹੋਇਆ ਕਰਦਾ।

ਚੌਥੀ ਜੋ ਮੰਜ਼ਲ ਹੁੰਦੀ ਹੈ ਉਸ ਨੂੰ ਵਾਦੀ-ਏ-ਵਹਿਦੀਅਤ ਕਹਿੰਦੇ ਨੇ। ਲੀਨ ਹੋਣਾ ਸ਼ੁਰੂ ਹੋ ਜਾਂਦਾ ਹੈ ਉਸ ਦੇ ਵਿਚ।

ਜਿਹੜੀ ਪੰਜਵੀਂ ਮੰਜ਼ਲ ਹੈ ਉਹ ਲਿਵ ਦੀ ਮੰਜ਼ਲ ਕਹਾਉਂਦੀ ਹੈ। ਲਿਵ ਲੱਗ ਜਾਂਦੀ ਹੈ ਉਸ ਦੇ ਬਾਰੇ ਕੋਈ ਦਸ ਨਹੀਂ ਸਕਦਾ –

***ਸਹਜ ਸਮਾਧਿ ਲਗੀ ਲਿਵ ਅੰਤਰਿ***
***ਸੋ ਰਸੁ ਸੋਈ ਜਾਣੈ ਜੀਉ॥ ਅੰਗ – 106***

ਜਿਹੜੀ ਛੇਵੀਂ ਮੰਜ਼ਲ ਹੈ ਉਹ ਵਾਦੀ-ਏ-ਹੈਰਾਨ ਜਾਂ ਵਾਦੀ-ਏ-ਨੀਰ ਹੋਇਆ ਕਰਦੀ ਹੈ। ਛੇਵੀਂ ਤੱਕ ਤਾਂ ਇਹ ਚੜ੍ਹ ਜਾਂਦਾ ਹੈ ਸੇਵਾ ਕਰਕੇ, ਬਾਣੀ ਪੜ੍ਹ ਕੇ, ਨਾਮ ਜਪ ਕੇ ਸਭ ਕੁਝ ਕਰ ਲੈਂਦਾ ਹੈ ਲੇਕਿਨ ਸਤਵੀਂ ਮੰਜ਼ਲ ਇਸ ਦੇ ਵਾਸਤੇ ਨਹੀਂ ਹੈ।

ਸੱਤਵੀਂ ਮੰਜ਼ਲ ਜਦੋਂ ਇਹ ਚੜ੍ਹਦਾ ਹੈ ਉਸ ਵੇਲੇ ਸਮਰੱਥ ਗੁਰੂ ਤੋਂ ਬਗੈਰ ਨਹੀਂ ਚੜ੍ਹ ਸਕਦਾ ਉਥੇ ਰੁਕ ਜਾਂਦਾ ਹੈ। ਉਸ ਨੂੰ ਵਾਦੀ-ਏ-ਫਨਾਹ ਕਹਿੰਦੇ ਨੇ, ਫਨਾਹ ਫਿੱਲਾ। ਆਪਣਾ ਸਭ ਕੁਝ ਖਤਮ ਕਰਕੇ, ਹਉਮੈ ਦਾ ਪੂਰੀ ਤਰ੍ਹਾਂ ਨਾਸ਼ ਹੋ ਜਾਣਾ ਤੇ ਰੱਬ ਦੇ ਵਿਚ ਅਭੇਦ ਹੋ ਜਾਣਾ, ਰੱਬ ਦਾ ਰੂਪ ਹੋ ਜਾਣਾ –

***ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥***
***ਅੰਗ – 397***

ਉਹ ਸਾਈਂ ਬਣ ਗਿਆ, ਪ੍ਰਮੇਸ਼ਰ ਆਪ ਬਣ ਗਿਆ। ਸੰਤ ਜਿਹੜੇ ਨੇ ਉਹ ਇਸ ਅਵਸਥਾ ਵਿਚ ਰਹਿੰਦੇ ਨੇ। ਕਹਿੰਦੇ ਇਹ ਜਿਹੜਾ ਦਿਖਾ ਲਏ। ਉਥੇ ਨਿਸ਼ਾਨੀਆਂ ਨੇ।

***ਪੰਚ ਸਬਦ ਧੁਨਿਕਾਰ ਧੁਨਿ***
***ਤਹ ਬਾਜੈ ਸਬਦੁ ਨੀਸਾਣੁ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥***
***ਅੰਗ – 1291***

ਹੈਰਾਨ ਦੀ, ਵਿਸਮਾਦ ਦੀ ਮੰਜ਼ਲ ਛੇਵੀਂ ਹੋਇਆ ਕਰਦੀ ਹੈ। ਹੁਣ ਛੇਵੀਂ ਵਿਚੋਂ ਜਦੋਂ ਗੁਰੂ ਲੰਘਾਉਂਦਾ ਹੈ ਫੇਰ ਜਾਂਦਾ ਕਿਥੇ ਹੈ? ਫਨਾਹ-ਏ-ਫਿੱਲਾ ਵਿਚ

ਪਹੁੰਚਦਾ ਹੈ। ਉਥੇ ਨਿਸ਼ਾਨੀ ਕਹਿੰਦੇ –

*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥*

*ਅੰਗ – 1291*

ਸੱਚਾ ਤਖਤ ਜਿਹੜਾ ਹੈ ਇਸੇ ਸਰੀਰ ਵਿਚ ਲੱਗਿਆ ਹੋਇਆ ਹੈ। ਉਥੇ ਤਾਰ ਘੋਰ ਦੇ ਵਾਜੇ ਆਪਣੇ ਆਪ ਹੀ ਵਜਦੇ ਨੇ ਬਿਨਾ ਹੀ ਵਜਾਏ। ਮਹਾਰਾਜ ਕਹਿੰਦੇ ਐਥੇ ਪਹੁੰਚਣਾ ਹੈ ਪਿਆਰਿਓ! ਸਮਰੱਥ ਗੁਰੂ ਨੇ ਐਥੇ ਪਹੁੰਚਾਉਣਾ ਹੈ। ਦੂਜੇ ਨੇ ਕਰਮਕਾਂਡੀ ਬਣਾ ਦੇਣਾ ਹੈ। ਸੋ ਸਮਰੱਥ ਗੁਰੂ ਦੀ ਜੋ ਨਿਸ਼ਾਨੀ ਹੈ। ਉਹ ਸਿੱਖ ਨੂੰ ਅਭੇਦ ਅਵਸਥਾ ਵਿਚ ਪਹੁੰਚਾ ਦਿੰਦਾ ਹੈ ਤੇ ਅਭੇਦ ਅਵਸਥਾ ਵਿਚ ਉਸ ਨੂੰ ਦਿਸਦਾ ਕੀ ਹੈ? ਹਰ ਥਾਂ ਦੇ ਉਤੇ ਇਕੋ ਪ੍ਰਮੇਸ਼ਰ ਦਿਸਦਾ ਹੈ। ਹੋਰ ਨਹੀਂ ਕੋਈ ਦਿਸਦਾ।

ਸੋ ਕੱਚੇ ਗੁਰੂ, ਪੰਡਤ ਗੁਰੂ, ਅੰਨ੍ਹੇ ਗੁਰੂ, ਅਵਧੂਤ ਗੁਰੂ ਇਹ ਰਸਤਾ ਨਹੀਂ ਦਿਖਾ ਸਕਿਆ ਕਰਦੇ। ਗੱਲਾਂ ਜ਼ਰੂਰ ਜਾਣਦੇ ਨੇ, ਗੱਲਾਂ ਕਰ ਦੇਣਗੇ ਲੇਕਿਨ ਲੰਘਾ ਨਹੀਂ ਸਕਦੇ। ਜਿਹੜਾ ਸਮਰੱਥ ਗੁਰੂ ਹੈ ਉਸ ਦੇ ਵਿਚ ਸ਼ਕਤੀ ਹੁੰਦੀ ਹੈ ਪ੍ਰਮੇਸ਼ਰ ਨੂੰ ਮਿਲਾਉਣ ਦੀ। ਉਸ ਦਾ ਤੇ ਪ੍ਰਮੇਸ਼ਰ ਦਾ ਕੋਈ ਫਰਕ ਨਹੀਂ ਹੁੰਦਾ –

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥* *ਅੰਗ – 442*

ਸੋ ਇਸ ਕਰਕੇ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਦੇ ਨਾਲ ਇਸ਼ਾਰਾ ਕਰਿਆ ਹੈ। ਪੜ੍ਹੋ ਪਿਆਰ ਨਾਲ–

*ਧਾਰਨਾ – ਨਿਰਵੈਰ ਨਿਰਾਲਾ ਜੀ –2, 2.*
*ਸਤਿਗੁਰ ਪੁਰਖ ਅਗੰਮ ਹੈ –2, 2.*

*ਸਤਿਗੁਰ ਪੁਰਖੁ ਅਗੰਮੁ ਹੈ, ਨਿਰਵੈਰ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮ੍ਹਾਲਾ।*
*ਜਿਉ ਕਰਿ ਨਿਰਮਲੁ ਆਰਸੀ, ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ, ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ, ਵੇਮੁਖੁ ਮੁਹ ਕਾਲਾ॥*

*ਭਾਈ ਗੁਰਦਾਸ ਜੀ ਦੀ ਵਾਰ 34/1*

ਸਮਰਥ ਗੁਰੂ ਦੀ ਕਿਰਿਆ ਨੂੰ ਕੋਈ ਜਾਣ ਨਹੀਂ ਸਕਦਾ। ਗੰਮਤਾ ਤੋਂ ਜਿਥੇ ਅਸੀਂ ਜਾਣ ਸਕਦੇ ਹਾਂ ਉਸ ਤੋਂ ਉਪਰ ਹੈ ਉਹ। ਅੱਠਵੀਂ ਭੂਮਿਕਾ 'ਤ੍ਰਿਗੁਣ ਅਤੀਤ' ਜਿਹੜੀ ਹੈ ਉਸ ਤੋਂ ਉਪਰ ਸਤਿਗੁਰੂ ਦੀ ਭੂਮਿਕਾ ਹੋਇਆ ਕਰਦੀ ਹੈ। ਸੋ ਉਸ ਨੂੰ ਕੋਈ ਨਹੀਂ ਜਾਣ ਸਕਦਾ ਤੇ ਫੇਰ ਨਿਰਵੈਰ ਹੈ ਨਿਰਾਲਾ ਹੈ। ਕਿਸੇ ਦੇ ਨਾਲ ਸਤਿਗੁਰੂ ਦਾ ਵੈਰ ਹੀ ਨਹੀਂ ਹੁੰਦਾ ਉਸ ਦੀ ਸਾਰੀ ਕਿਰਿਆ ਨਿਰਾਲੀ ਹੁੰਦੀ ਹੈ ਸਤਿਗੁਰੂ ਦੀ, ਸਾਡੀ ਸਮਝ ਤੋਂ ਉਪਰ।

ਗੁਰੂ ਦਸਮੇਸ਼ ਪਿਤਾ ਜੀ ਦੇ ਸਮੇਂ ਦੇ ਅੰਦਰ ਇਕ ਪੂਰਨ ਅਭੇਦ ਅਵਸਥਾ ਦਾ ਗੁਰਸਿਖ ਹੋਇਆ ਹੈ ਜਿਸ ਦਾ ਨਾਂ ਭਾਈ ਕਨ੍ਹਈਆ ਸੀ। ਉਸ ਨੂੰ ਇਹ ਦ੍ਰਿਸ਼ਟੀ ਪ੍ਰਾਪਤ ਹੋ ਚੁਕੀ ਸੀ। ਉਹ ਦ੍ਰਿਸ਼ਟੀ ਜਿਸ ਨੂੰ ਬ੍ਰਹਮਗਿਆਨੀ ਦੀ ਦ੍ਰਿਸ਼ਟੀ ਕਹਿੰਦੇ ਨੇ। ਉਹ ਦ੍ਰਿਸ਼ਟੀ ਕੀ ਹੁੰਦੀ ਹੈ ਕਿ ਪਰਮੇਸ਼ਰ ਤੋਂ ਬਗੈਰ ਜਿੰਨੀਆਂ ਅਨਾਤਮ ਵਸਤਾਂ ਨੇ ਉਹ ਸਾਰੀਆਂ ਆਤਮ ਵਿਚ ਲੀਨ ਹੋ ਜਾਂਦੀਆਂ ਨੇ ਕਿਉਂਕਿ ਐਥੇ ਕੋਈ ਚੀਜ਼ ਹੋਰ ਤਾਂ ਹੈ ਨਹੀਂ। ਸਭ ਕੁਝ ਵਾਹਿਗੁਰੂ ਤੋਂ ਪੈਦਾ ਹੋਇਆ ਹੈ ਵਾਹਿਗੁਰੂ ਵਿਚ ਲੀਨ ਹੋਣਾ ਹੈ। ਮਹਾਰਾਜ ਕਹਿੰਦੇ -

***ਸਚੇ ਤੇਰੇ ਖੰਡ ਸਚੇ ਬ੍ਰਹਮੰਡ॥***
***ਸਚੇ ਤੇਰੇ ਲੋਅ ਸਚੇ ਆਕਾਰ॥*** ***ਅੰਗ - 463***

***ਆਪਿ ਸਤਿ ਕੀਆ ਸਭੁ ਸਤਿ॥*** ***ਅੰਗ - 284***

ਇਹ ਨਹੀਂ ਕਿ 'ਕੀਆ' ਹੋਇਆ ਉਸ ਤੋਂ ਅੱਡ ਹੋ ਗਿਆ। ਨਹੀਂ, ਉਹ ਆਪ ਵੀ ਸਤਿ ਹੈ ਤੇ ਜਿਹੜਾ 'ਕੀਆ' ਹੋਇਆ ਲਗਦਾ ਹੈ ਉਹ ਆਪ ਹੀ ਹੈ ਇਥੇ ਹੋਰ ਨਹੀਂ ਕੁਝ ਵੀ ਹੈ। ਇਹ ਗੱਲ ਸਾਡੇ ਮਨ ਵਿਚ ਨਹੀਂ ਬੈਠ ਸਕਦੀ, ਚਾਹੇ 10 ਜਨਮ ਅਸੀਂ ਧਾਰ ਕੇ ਅਭਿਆਸ ਕਰੀ ਜਾਈਏ, ਨਹੀਂ ਬੈਠੇਗੀ ਕਿਉਂਕਿ ਅੰਦਰ ਅਜੇ ਹੰਗਤਾ ਤੇ ਮਮਤਾ ਦਾ ਨਾਸ਼ ਨਹੀਂ ਹੋਇਆ, ਅੰਦਰ ਮੈਂ ਭਾਵ ਅਜੇ ਮਰਿਆ ਨਹੀਂ ਹੈ, ਜੀਉਂਦਾ ਹੈ। ਜਦੋਂ ਤੱਕ ਉਹ ਜੀਉਂਦਾ ਹੈ ਉਨਾ ਚਿਰ ਦਿਮਾਗੀ ਤੌਰ ਤੇ, ਬੁਧੀ ਮੰਡਲ ਦੇ ਨਾਲ ਤਾਂ ਗੱਲ ਬਹੁਤ ਸੋਹਣੀ ਕਰਦਾ ਹੈ ਅਲੰਕਾਰ ਕਰਕੇ ਕਰ ਦਏਗਾ ਲੇਕਿਨ ਅਸਲੀ ਹਾਲਤ ਉਸ ਨੂੰ ਪ੍ਰਾਪਤ ਨਹੀਂ ਹੁੰਦੀ। ਜਿਸ ਨੂੰ ਹੁੰਦੀ ਹੈ ਉਸ ਦੇ ਬਾਰੇ ਮਹਾਰਾਜ ਐਸਾ ਫੁਰਮਾਨ ਕਰਦੇ ਨੇ -

***ਧਾਰਨਾ - ਦੂਜਾ ਨਾ ਵੇਖਦੇ***
***ਪ੍ਰਭ ਜੀ ਬਿਨ ਬ੍ਰਹਮਗਿਆਨੀ-2***
***ਮਨਿ ਸਾਚਾ ਮੁਖਿ ਸਾਚਾ ਸੋਇ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥***
***ਅੰਗ - 272***

ਦੂਜਾ ਦ੍ਰਿਸ਼ਟੀ ਤੋਂ ਚਲਿਆ ਜਾਂਦਾ ਹੈ। ਜਿਧਰ ਦੇਖਦੇ ਨੇ ਤੂੰ-ਹੀ-ਤੂੰ, ਤੂੰ-ਹੀ-ਤੂੰ ਦੂਸਰਾ ਨਜ਼ਰ ਨਹੀਂ ਆਇਆ ਕਰਦਾ। ਇਹ ਅਵਸਥਾ ਗੁਰਸਿਖ ਦੀ ਹੈ ਜਿਥੇ ਆਪਾਂ ਪਹੁੰਚਣਾ ਹੈ ਸਾਧ ਸੰਗਤ ਜੀ! ਉਸ ਦੀਆਂ ਟੋਹਾਂ (ਭੇਤ) ਗੁਰੂ ਮਹਾਰਾਜ ਦਸਦੇ ਨੇ ਸਾਨੂੰ, ਇਥੇ ਆਹ ਤੁਹਾਡੀ ਮੰਜ਼ਿਲ ਹੈ ਜਿਥੇ ਤੁਸੀਂ ਪਹੁੰਚਣਾ ਹੈ। ਉਹ ਵੀ ਤਾਂ ਪਹੁੰਚੋਗੇ, ਜੇ ਕਿਸੇ ਅਨੁਭਵੀ ਮਹਾਂਪੁਰਸ਼ ਦੇ ਨਾਲ ਜੁੜ ਕੇ ਜਿਹੜਾ ਹਰ ਵਕਤ ਭਰਮ ਤੋਂ ਬਚਾਵੇ, ਗਲਤ ਨਿਸ਼ਚਿਆਂ ਤੋਂ ਬਚਾਵੇ। ਉਸ ਦੀ ਸੰਗਤ ਕਰੇ ਤੋਂ ਬਿਨਾਂ ਨਹੀਂ ਤੁਸੀਂ ਪਹੁੰਚ ਸਕਦੇ ਤੇ ਇਹ ਭਾਈ ਦਇਆ ਸਿੰਘ ਜੀ, ਇਤਿਹਾਸ ਵਿਚ ਇਨ੍ਹਾਂ ਬਾਰੇ ਕਿੰਨੇ ਥਾਂ ਤੇ ਲਿਖਿਆ ਹੋਇਆ ਹੈ ਕਿ ਭਾਈ ਦਇਆ ਸਿੰਘ ਜੀ ਨੂੰ ਮੇਰਾ ਰੂਪ ਜਾਣੋ, ਮੇਰਾ ਹੀ ਰੂਪ

ਹੈ।

ਚਾਰ-ਪੰਜ ਵਾਰ ਤਾਂ ਬੜਾ ਹੀ ਸਪਸ਼ਟ ਲਿਖਿਆ ਹੈ ਮਹਾਰਾਜ ਜੀ ਨੇ।

ਜਦੋਂ ਬਾਬਾ ਸੋਭਾ ਸਿੰਘ ਜੀ ਅੰਮ੍ਰਿਤ ਛੱਕਣ ਗਏ। ਕਹਿੰਦੇ, "ਪਾਤਿਸ਼ਾਹ! ਮੈਂ ਸੋਢੀ ਹਾਂ, ਤੁਹਾਡਾ ਭਾਈਚਾਰਾ ਹਾਂ ਤੇ ਮੈਂ ਅੰਮ੍ਰਿਤ ਤੁਹਾਡੇ ਕੋਲੋਂ ਛਕਣਾ ਹੈ।"

ਮਹਾਰਾਜ ਕਹਿਣ ਲੱਗੇ, "ਸੋਢੀ ਸਾਹਿਬ! ਹੁਣ ਭੁਲੇਖਿਆਂ ਵਿਚ ਨਾ ਰਹੋ ਤੁਸੀਂ। ਜੋ ਕੁਝ ਮੈਂ ਦੇਣਾ ਸੀ, ਉਹ ਦੇ ਚੁਕਿਆਂ ਹਾਂ, ਤੁਸੀਂ ਭਾਈ ਦਇਆ ਸਿੰਘ ਜੀ ਕੋਲ ਜਾਓ ਤੇ ਉਨ੍ਹਾਂ ਨੂੰ ਮੇਰਾ ਰੂਪ ਕਰਕੇ ਮੰਨੋ। ਜਾਓ ਓਹੀ ਤੁਹਾਨੂੰ ਅੰਮ੍ਰਿਤ ਛਕਾਉਣਗੇ। ਤੁਹਾਡੇ ਲਈ ਜਿਹੜਾ ਗਿਆਨ ਦਾ ਭੰਡਾਰਾ ਹੈ ਉਹ ਉਨ੍ਹਾਂ ਕੋਲ ਸੁਰਖਿਅਤ ਪਿਆ ਹੈ।"

ਇਨ੍ਹਾਂ ਨੇ ਅੰਮ੍ਰਿਤ ਛਕਿਆ ਉਨ੍ਹਾਂ ਤੋਂ। ਇਹ ਬਚਨ ਹੁੰਦੇ ਨੇ ਸਾਧ ਸੰਗਤ ਜੀ! ਇਹ ਸਮਝ ਵਿਚ ਆਉਣ ਵਾਲੀਆਂ ਗੱਲਾਂ ਨਹੀਂ ਹਨ ਕਿ ਉਹ ਕਿਹੜਾ ਭੰਡਾਰਾ ਹੈ। ਉਹ ਇਸ ਤਰ੍ਹਾਂ ਦਾ ਭੰਡਾਰਾ ਨਹੀਂ ਹੈ, ਉਹ ਹੈ ਗਿਆਨ ਦਾ ਭੰਡਾਰ, ਪ੍ਰਤੱਖ ਗਿਆਨ ਦਾ। ਗੱਲਾਂ ਨਾਲ ਤਾਂ ਗਿਆਨੀ ਬਣਾ ਦਿੰਦੇ ਨੇ ਲੇਕਿਨ ਪ੍ਰਤੱਖ ਗਿਆਨ ਬਾਰੇ ਕਿਸੇ ਵਿਚ ਹੀ ਸ਼ਕਤੀ ਹੁੰਦੀ ਹੈ ਜਿਹੜਾ ਕਰਾਵੇ। ਉਹ ਸੀਨੇ-ਬ-ਸੀਨੇ ਚਲਿਆ ਆ ਰਿਹਾ ਹੈ। ਬਾਬਾ ਸੋਭਾ ਸਿੰਘ ਜੀ ਤੋਂ ਬਾਅਦ ਬੇਦੀ ਸਾਹਿਬਜ਼ਾਦੇ ਹੋਏ ਤੇ ਉਨ੍ਹਾਂ ਨੇ ਸਾਰੀ ਗੱਲ ਵਿਚਾਰੀ ਤੇ ਅੰਮ੍ਰਿਤ ਉਨ੍ਹਾਂ ਨੇ ਉਨ੍ਹਾਂ ਤੋਂ ਜਾ ਕੇ ਛਕਿਆ।

ਕਹਿਣ ਲੱਗੇ, "ਲਓ ਸਾਹਿਬ ਸਿੰਘ ਜੀ! ਤੁਹਾਨੂੰ ਅਸੀਂ ਬਹੁਤ ਦੇਰ ਤੋਂ ਉਡੀਕ ਰਹੇ ਸੀ, ਇੰਤਜ਼ਾਰ ਸੀ ਸਾਡੇ ਮਨ ਵਿਚ ਕਿਉਂਕਿ ਗੁਰੂ ਦਸ਼ਮੇਸ਼ ਪਿਤਾ ਨੇ ਜੋ ਸਾਨੂੰ ਕੁੰਜੀ ਦਿੱਤੀ ਹੈ, ਭੰਡਾਰਾ ਦਿੱਤਾ ਹੈ -

ਉਨ੍ਹਾਂ ਸਮਿਆਂ ਤੋਂ ਹੀ ਇਕ ਮਹਾਤਮਾ ਹੋਏ ਨੇ, ਜਿਹੜੇ ਬਾਬਾ ਸਾਹਿਬ ਸਿੰਘ ਜੀ ਤੋਂ ਅੱਗੇ ਸੀ, ਬਾਬਾ ਸੋਭਾ ਸਿੰਘ ਜੀ ਹੈ ਉਨ੍ਹਾਂ ਦਾ ਨਾਉ, ਵਿਰਕਤ ਸੀ ਉਹ ਪਸਾਰਾ ਨਹੀਂ ਸੀ ਕਰਦੇ। ਇਕ ਕੁਟੀਆ ਦੇ ਵਿਚ ਹੀ ਸਾਰੀ ਜ਼ਿੰਦਗੀ ਗੁਜ਼ਾਰ ਗਏ। ਜਦੋਂ ਇਸ ਗੱਲ ਦਾ ਪਤਾ ਲੱਗਿਆ ਲੋਕਾਂ ਨੂੰ ਕਿ ਇਹ ਤਾਂ ਬਹੁਤ ਕਰਨੀ ਕਮਾਈ ਵਾਲੇ ਨੇ, ਜਦੋਂ ਦੀ ਮੈਂ ਗੱਲ ਕਰਦਾ ਹਾਂ ਉਦੋਂ ਉਹ 22 ਸਾਲ ਦੇ ਸੀ। ਹਜ਼ੂਰ ਸਾਹਿਬ ਨੂੰ ਇਹ ਦਰਸ਼ਨ ਕਰਨ ਵਾਸਤੇ ਜਾਂਦੇ ਨੇ, ਪੈਦਲ ਜਾ ਰਹੇ ਨੇ ਇਹ। ਜਦੋਂ ਵਿੰਧਿਆਚਲ ਪਰਬਤ ਕੋਲ ਪਹੁੰਚੇ। ਉਥੇ ਜੰਗਲ ਬਹੁਤ ਵੱਡਾ ਸੀ ਉਥੇ ਸ਼ੇਰ ਬਹੁਤ ਵੱਡੇ ਵੱਡੇ ਸੀ, ਹੁਣ ਵੀ ਹਨ ਕਾਨ੍ਹਾਕਾਸ਼ਾ ਦੇ ਜੰਗਲ ਵਿਚ ਸੈਂਕੜੇ ਹੀ ਸ਼ੇਰ ਨੇ। ਜਦੋਂ ਉਥੇ ਪਹੁੰਚੇ ਤਾਂ ਲੋਕਾਂ ਨੇ ਸਿਰਾਂ ਤੇ ਲਕੜੀਆਂ ਚੁੱਕੀਆਂ ਹੋਈਆਂ ਹਨ, ਕਿਸੇ ਨੇ ਚਾਰਾ ਚੁਕਿਆ ਹੋਇਆ ਹੈ, ਕੋਈ ਪਸ਼ੂਆਂ ਨੂੰ ਹੱਕਦਾ ਹੈ, ਕਾਹਲੀ-ਕਾਹਲੀ ਨਠਾਈਂ ਲਈ ਜਾਂਦਾ ਹੈ। ਉਧਰੋਂ 2-4 ਜਾ ਰਹੇ ਸੀ ਉਹ ਕਹਿੰਦੇ ਆਹ ਬਾਲ-ਯੋਗੀ

ਜਿਹੜਾ ਹੈ। ਹੁਣ 22 ਕੁ ਸਾਲ ਦੀ ਉਮਰ ਹੈ ਛੋਟਾ ਹੀ ਲਗਦਾ ਹੈ।

ਉਹ ਕਹਿੰਦੇ ਇਹ ਬਾਲ ਯੋਗੀ ਇਥੇ ਬੈਠ ਗਿਆ ਪਾਣੀ ਕੋਲ, ਇਥੇ ਤਾਂ ਰਾਤ ਨੂੰ ਸ਼ੇਰਾਂ ਨੇ ਪਾਣੀ ਪੀਣ ਆਉਣਾ ਹੈ ਤੇ ਛੁਪ ਕੇ ਬਹਿਣਾ ਹੈ। ਫੇਰ ਹਿਰਨਾਂ ਨੇ ਆਉਣਾ ਹੈ ਪਾਣੀ ਪੀਣ। ਸ਼ੇਰਾਂ ਨੇ ਫੇਰ ਮਾਰਨਾ ਹੈ ਕਿਉਂਕਿ ਪਾਣੀ ਨੇੜੇ ਤੇੜੇ ਕਿਤੇ ਹੈ ਨਹੀਂ। ਉਨ੍ਹਾਂ ਦੇ ਦਿਲ ਵਿਚ ਤਰਸ ਆਇਆ, ਨੇੜੇ ਹੀ ਪਿੰਡ ਸੀ।

ਆ ਕੇ ਕਹਿਣ ਲੱਗੇ, "ਬਾਲ ਯੋਗੀ! ਇਥੇ ਨਾ ਤੁਸੀਂ ਬੈਠੋ, ਇਥੇ ਰਾਤ ਭਰ ਸ਼ੇਰ ਆਉਂਦੇ ਨੇ ਤੇ ਤੁਹਾਨੂੰ ਉਹ ਖਾ ਜਾਣਗੇ ਸਵੇਰ ਤੱਕ। ਤੁਸੀਂ ਸਾਡੇ ਨਾਲ ਚਲੋ ਤੇ ਰਾਤ ਨੂੰ ਅਸੀਂ ਅੱਗ ਜਾਲਦੇ ਹਾਂ ਸਾਰੇ ਪਿੰਡ ਦੇ ਦੁਆਲੇ, ਸ਼ੇਰ ਨਹੀਂ ਫੇਰ ਆਉਂਦਾ ਤੇ ਜਿਥੇ ਤੁਹਾਡਾ ਦਿਲ ਕਰੇ ਬਹਿ ਜਾਇਓ, ਕੋਈ ਤੁਹਾਨੂੰ ਪਰੇਸ਼ਾਨ ਨਹੀਂ ਕਰੇਗਾ, ਨਾਲੇ ਪ੍ਰਸ਼ਾਦ ਪਾਣੀ ਛਕਾਵਾਂਗੇ, ਨਾਲੇ ਤੁਸੀਂ ਉਥੇ ਭਜਨ ਕਰਿਓ।"

ਬਾਬਾ ਜੀ ਕਹਿਣ ਲੱਗੇ, "ਨਹੀਂ! ਇਥੇ ਹੀ ਠੀਕ ਹਾਂ ਅਸੀਂ।"

ਕਹਿੰਦੇ, "ਮਹਾਰਾਜ, ਸ਼ੇਰ ਖਾ ਜਾਣਗੇ।"

ਕਹਿੰਦੇ, "ਭਾਈ ਕੋਈ ਨਹੀਂ ਖਾਂਦਾ। ਨਾ ਸ਼ੇਰ ਖਾਵੇ ਤੇ ਨਾ ਕੁਝ ਹੋਰ ਹੋਵੇ।"

ਰਾਤ ਲੰਘ ਗਈ। ਸਵੇਰੇ ਸਾਂਝਰੇ ਹੀ ਇਕੱਠੇ ਹੋ ਕੇ ਪਿੰਡ ਗੱਲਾਂ ਕਰਦੇ ਨੇ ਕਿ ਉਸ ਨੂੰ ਤਾਂ ਖਾ ਗਏ ਹੋਣਗੇ ਸ਼ੇਰ ਤੇ ਜਦੋਂ ਇਕੱਠੇ ਹੋ ਕੇ ਆਏ ਕਿ ਦੇਖੀਏ ਦੂਰੋਂ ਹੀ ਦੇਖਣ ਕਿ ਉਹ ਤਾਂ ਬੈਠਾ ਹੈ ਉਵੇਂ ਜਿਵੇਂ ਸਮਾਧੀ ਲਾਈ।

ਨੇੜੇ ਆ ਗਏ, ਆ ਕੇ ਸਵਾਲ ਕਰਿਆ, ਕਹਿੰਦੇ, "ਬਾਲ ਯੋਗੀ ਜੀ! ਆਹ ਅਸੀਂ ਦੇਖ ਰਹੇ ਹਾਂ, ਸਾਨੂੰ ਪਛਾਣ ਹੈ ਸ਼ੇਰਾਂ ਦੀਆਂ ਪੈੜਾਂ ਦੀ। ਤੁਹਾਡੇ ਦੁਆਲੇ ਸ਼ੇਰ ਘੁੰਮੇ ਹੋਏ ਨੇ ਸੁੰਘਿਆ ਹੈ ਉਨ੍ਹਾਂ ਨੇ ਤੁਹਾਨੂੰ ਖਾਧਾ ਕਿਉਂ ਨਹੀਂ?"

ਬਾਬਾ ਜੀ ਕਹਿਣ ਲੱਗੇ, "ਜੇ ਤੁਹਾਨੂੰ ਭੁੱਖ ਲੱਗੀ ਹੋਵੇ, ਤੁਸੀਂ ਆਪਣੀ ਬਾਂਹ ਖਾ ਲੈਂਦੇ ਹੋ?"

ਕਹਿੰਦੇ, "ਨਹੀਂ।"

ਕਹਿੰਦੇ, "ਆਪਣਾ ਹੱਥ ਕੱਟ ਕੇ ਖਾ ਲਓਂਗੇ?"

ਕਹਿੰਦੇ, "ਨਹੀ।"

ਕਹਿੰਦੇ, "ਕਿਉਂ ਨਹੀਂ ਖਾਂਦੇ?"

ਕਹਿੰਦੇ, "ਇਹ ਸਾਡਾ ਹੈ, ਅਸੀਂ ਹਾਂ।"

ਕਹਿੰਦੇ, "ਬੱਸ ਭਾਈ ਆਹੀ ਫਰਕ ਹੈ, ਸਾਡੇ ਵਾਸਤੇ ਕੋਈ ਗੈਰ ਨਹੀਂ ਹੈ।

ਇਹ ਸਾਰਾ ਸੰਸਾਰ ਸਾਡੇ ਵਿਚ ਹੈ, ਅਸੀਂ ਸੰਸਾਰ ਵਿਚ ਹਾਂ।"

***ਮਨ ਮਹਿ ਆਪਿ ਮਨ ਅਪੁਨੇ ਮਾਹਿ॥***

***ਅੰਗ - 279***

"ਸ਼ੇਰ ਕਿਹੜਾ ਹੈ ਸਾਨੂੰ ਤਾਂ ਦ੍ਰਿਸ਼ਟੀ ਨਹੀਂ ਆਉਂਦਾ ਸ਼ੇਰ। ਜੇ ਦ੍ਰਿਸ਼ਟੀ ਆਉਂਦਾ ਹੈ ਤਾਂ ਇਕੋ ਪ੍ਰਮੇਸ਼ਰ, ਗੁਰੂ ਨਾਨਕ ਪਾਤਸ਼ਾਹ ਹੀ ਦ੍ਰਿਸ਼ਟੀ ਆਉਂਦੇ ਨੇ।"

ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਹਜ਼ੂਰ ਸਾਹਿਬ ਤੋਂ ਵਾਪਸ ਆ ਰਹੇ ਨੇ। ਜਿਸ ਵਕਤ ਇਹ ਪਹੁੰਚੇ ਸੰਘਣੇ ਜੰਗਲਾਂ ਦੇ ਅੰਦਰ, ਨਾਲ ਇਕ ਸੇਵਾਦਾਰ ਹੈ ਤੇ ਪੈਦਲ ਹੀ ਸੀ। ਸੇਵਾਦਾਰ ਨੇ ਸਾਹਮਣੇ ਦੇਖਿਆ ਸ਼ੇਰ ਹੈ, ਉਹ ਤਾਂ ਡਰ ਗਿਆ ਤੇ ਡਰਦਾ ਭੱਜ ਕੇ ਇਕ ਦਰਖਤ ਤੇ ਚੜ੍ਹ ਗਿਆ, ਹੱਥ ਪੈਰ ਝੂਠੇ ਪੈ ਗਏ, ਮਸਾਂ ਚੜ੍ਹਿਆ। ਬਾਬਾ ਜੀ ਚਲਦੇ ਗਏ। ਉਸਨੇ ਕਿਹਾ ਕਿ ਲੈ ਬਈ ਹੁਣ ਸ਼ੇਰ ਕੋਲ ਜਾ ਰਹੇ ਨੇ ਤੇ ਸ਼ੇਰ ਨੇ ਝਪਟਾ ਮਾਰਨੈ ਤੇ ਸੜਕ ਦੇ ਵਿਚਾਲੇ ਖੜ੍ਹਾ ਹੈ। ਇਹ ਉਵੇਂ ਜਿਵੇਂ ਅਰਾਮ ਨਾਲ ਤੁਰੇ ਜਾਂਦੇ ਨੇ।

ਜਦੋਂ ਕੋਲ ਗਏ ਤਾਂ ਸ਼ੇਰ ਨੇ ਸੁੰਘਿਆ। ਸੁੰਘਣ ਤੋਂ ਬਾਅਦ ਛਾਲ ਮਾਰੀ ਜੰਗਲ ਵਿਚ ਚਲਿਆ ਗਿਆ। ਇਨ੍ਹਾਂ ਨੇ ਜਦੋਂ ਦੇਖਿਆ ਕਿ ਦੂਰ ਚਲਿਆ ਗਿਆ, ਦੌੜ ਕੇ ਆ ਕੇ ਬਾਬਾ ਜੀ ਨੂੰ ਮਿਲੇ ਸੜਕ ਤੇ ਆ ਕੇ, ਸਾਹ ਚੜ੍ਹਿਆ ਹੋਇਆ ਸੀ -

ਬਾਬਾ ਜੀ ਕਹਿੰਦੇ, "ਕੀ ਗੱਲ ਭਾਈ ਤੈਨੂੰ ਸਾਹ ਚੜ੍ਹਿਆ ਹੋਇਆ ਹੈ?"

ਕਹਿੰਦਾ, "ਮਹਾਰਾਜ! ਮੈਂ ਤਾਂ ਦੌੜ ਕੇ ਆਇਆ ਹਾਂ।"

ਕਹਿੰਦੇ, "ਰੁਕ ਗਿਆ ਸੀ?"

ਕਹਿੰਦਾ, "ਹਾਂ ਜੀ! ਮੈਂ ਤਾਂ ਦਰਖਤ ਤੇ ਚੜ੍ਹ ਗਿਆ ਸੀ?"

ਕਹਿੰਦੇ, "ਕੀ ਗੱਲ?"

ਕਹਿੰਦਾ, "ਸੜਕ ਦੇ ਉਤੇ ਸ਼ੇਰ ਖੜਾ ਸੀ। ਤੁਸੀਂ ਨਹੀਂ ਦੇਖਿਆ?"

ਚੁਪ ਕਰ ਰਹੇ।

ਕਹਿੰਦਾ, "ਮਹਾਰਾਜ! ਤੁਸੀਂ ਸ਼ੇਰ ਨਹੀਂ ਦੇਖਿਆ?"

ਕਹਿਣ ਲੱਗੇ, "ਉਹ ਗੁਰਸਿਖਾ! ਇਹ ਜਿਹੜੀ ਸਾਡੀ ਦ੍ਰਿਸ਼ਟੀ ਸੀ ਇਹ ਖਤਮ ਹੋ ਗਈ, ਹੁਣ ਤਾਂ ਸਾਨੂੰ ਗੁਰੂ ਨਾਨਕ ਸਾਹਿਬ ਤੋਂ ਬਗੈਰ ਸੰਸਾਰ ਵਿਚ ਹੋਰ ਨਜ਼ਰ ਹੀ ਨਹੀਂ ਆ ਰਿਹਾ। ਇਕੋ ਹੀ ਆ ਰਿਹਾ ਹੈ।"

***ਮਨਿ ਸਾਚਾ ਮੁਖਿ ਸਾਚਾ ਸੋਇ॥***

*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥*

*ਪੰਨਾ - 272*

ਤੇ ਉਸ ਦੀ ਪਦਵੀ ਕਿੱਡੀ ਵੱਡੀ ਹੁੰਦੀ ਹੈ, ਪੜ੍ਹੋ ਪਿਆਰ ਨਾਲ -

*ਧਾਰਨਾ - ਸ਼ਿਵ ਜੀ ਖੋਜਦੇ ਫਿਰਦੇ*
*ਬ੍ਰਹਮ ਗਿਆਨੀ ਨੂੰ -2, 4.*

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*

*ਅੰਗ - 273*

ਫੈਸਲਾ ਕਰ ਦਿੱਤਾ ਮਹਾਰਾਜ ਜੀ ਨੇ। ਕਹਿੰਦੇ ਜਿਹੜੇ ਬ੍ਰਹਮਗਿਆਨੀ ਨੇ ਉਹ ਆਪ ਹੀ ਪਰਮੇਸ਼ਰ ਹੁੰਦੇ ਨੇ, ਹੈ ਤਾਂ ਤੁਸੀਂ ਵੀ, ਮੈਂ ਵੀ, ਸਾਰੇ ਆਪਾਂ ਪਰਮੇਸ਼ਰ ਲੇਕਿਨ ਸਾਨੂੰ ਪਤਾ ਨਹੀਂ ਹੈ, ਅਸੀਂ ਮੈਂ ਬਣੇ ਹੋਏ ਹਾਂ ਉਹ ਪਰੀਪੂਰਨ ਹੋਇਆ ਕਰਦੇ ਨੇ।

ਸੋ ਜਿਹੜਾ ਇਸ ਅਵਸਥਾ ਦਾ ਹੈ, ਉਹ ਮਨੁੱਖ ਹੁੰਦਾ ਹੋਇਆ, ਮਨੁੱਖ ਦੇ ਜਾਮੇ ਵਿਚ ਹੁੰਦਾ ਹੋਇਆ ਪ੍ਰਮੇਸ਼ਰ ਬਣ ਜਾਇਆ ਕਰਦਾ ਹੈ। ਸੋ ਐਸਾ ਗੁਰਸਿਖ ਸੀ ਭਾਈ ਕਨ੍ਹਈਆ ਜੀ, ਜਿਨ੍ਹਾਂ ਨੂੰ ਗੁਰੂ ਨੌਂਵੇਂ ਪਾਤਸ਼ਾਹ ਤੋਂ ਉਪਦੇਸ਼ ਹੋਇਆ ਸੀ। ਜਿਸ ਵਕਤ ਜੰਗ ਯੁੱਧ ਲੱਗੇ, ਆਪ ਨੂੰ ਹੁਕਮ ਸੀ ਸੇਵਾ ਕਰਨ ਦਾ। ਆਪ ਜਲ ਦੀ ਸੇਵਾ ਕਰਿਆ ਕਰਦੇ ਸੀ। ਮਸ਼ਕ ਲੈ ਕੇ ਦੂਰ ਦੂਰ ਤੋਂ ਪਾਣੀ ਲਿਆਉਣਾ ਤੇ ਲਿਆ ਕੇ ਭਰਨਾ, ਲੰਗਰ ਵਿਚ ਦੇਣਾ ਅਤੇ ਹੋਰ ਅਨੇਕਾਂ ਕਿਸਮ ਦੀ ਸੇਵਾ ਜਿਹੜੀ ਸਾਹਮਣੇ ਆ ਜਾਵੇ ਕਰਦੇ ਸੀ ਤੇ ਜਦੋਂ ਜੰਗ ਯੁਧ ਸ਼ੁਰੂ ਹੋਏ ਤਾਂ ਸਿੰਘਾਂ ਨੇ ਕਿਹਾ ਕਿ ਮਹਾਰਾਜ ਇਹ ਖੂਹਾਂ ਆਦਿ ਤੇ ਤੁਰਿਆ ਫਿਰਦਾ ਹੈ ਕੋਈ ਇਸ ਨੂੰ ਮਾਰ ਨਾ ਦੇਵੇ। ਇਸ ਨੂੰ ਸ਼ਸਤਰ ਧਾਰਨ ਕਰਵਾਉਣਾ ਚਾਹੀਦਾ ਹੈ। ਸ੍ਰੀ ਸਾਹਿਬ ਗਲ ਵਿਚ ਪਾ ਦਿੱਤੀ ਉਸ ਦੇ। ਇਸ ਨੇ ਕੀ ਕੀਤਾ ਜਿਹੜਾ ਮਿਆਨ ਸੀ ਉਹ ਅੱਗੇ ਨੂੰ ਕਰ ਲਿਆ ਤੇ ਲੱਕ ਨਾਲ ਬੰਨ੍ਹ ਲਈ ਜਿਥੇ ਕੁ ਮਸ਼ਕ ਨੂੰ ਅੜਿਕਾ ਨਾ ਲੱਗੇ ਤੇ ਜਿਹੜਾ ਦਸਤੇ ਵਾਲਾ ਪਾਸਾ ਸੀ ਉਹ ਪਿੱਛੇ ਕਰ ਦਿੱਤਾ। ਕਈਆਂ ਨੇ ਕਿਹਾ ਕਿ ਇਹ ਇਸ ਤਰ੍ਹਾਂ ਨਹੀਂ ਰੱਖੀਦੀ ਅੱਗੇ ਰੱਖੀਦੀ ਹੈ। ਜਦੋਂ ਉਨ੍ਹਾਂ ਨੇ ਕੋਈ ਉਤਰ ਨਾ ਦਿੱਤਾ ਤਾਂ ਉਨ੍ਹਾਂ ਨੇ ਗੁਰੂ ਦਸਵੇਂ ਪਾਤਸ਼ਾਹ ਨੂੰ ਦੱਸਿਆ।

ਕਹਿੰਦੇ, "ਮਹਾਰਾਜ! ਇਹ ਸ੍ਰੀ ਸਾਹਿਬ ਐਉਂ ਰੱਖਦਾ ਹੈ, ਪਿਛਲੇ ਪਾਸੇ ਰੱਖਦਾ ਹੈ ਮੁੱਠਾ, ਅੱਗੇ ਰਖਦਾ ਹੈ ਮਿਆਨ।"

ਕਹਿੰਦੇ, "ਕਨ੍ਹਈਆ! ਕੀ ਗੱਲ?"

ਕਹਿੰਦਾ, "ਮਹਾਰਾਜ! ਮੈਂ ਸੋਚਦਾ ਹਾਂ ਕਿ ਜਿਸ ਨੇ ਮੈਨੂੰ ਮਾਰਨਾ ਹੈ ਉਸ ਨੂੰ ਕੋਈ ਖੇਚਲ ਨਾ ਹੋਵੇ ਤੇ ਆਰਾਮ ਨਾਲ ਮੇਰੀ ਸ੍ਰੀ ਸਾਹਿਬ ਹੀ ਕੱਢ ਲਏ।"

ਉਹ ਅਮਲੀ ਤੌਰ ਤੇ ਇਸ ਅਵਸਥਾ ਵਿਚ ਸੀ ਕਿਉਂਕਿ ਉਸ ਨੂੰ ਦੂਸਰਾ ਨਜ਼ਰ ਨਹੀਂ ਸੀ ਆਉਂਦਾ ਤੇ ਅੱਜ ਅਨੰਦਪੁਰ ਸਾਹਿਬ ਦਾ ਵੱਡਾ ਯੁਧ ਲੱਗਿਆ ਹੋਇਆ ਹੈ। ਬਹੁਤ ਵੱਡਾ ਘੇਰਾ ਪਿਆ ਕੋਈ 6 ਮਹੀਨੇ, ਕੋਈ 8 ਮਹੀਨੇ ਕਹਿੰਦੇ ਨੇ। ਫੌਜ ਬਹੁਤ ਆ ਗਈ, ਫੈਸਲਾਕੁਨ ਲੜਾਈ ਕਰਨ ਵਾਸਤੇ ਕਿ ਹੁਣ ਇਕ ਪਾਸਾ ਕਰਕੇ ਹਿਲਣਾ ਹੈ। ਸਮਾਂ ਲੰਘਦਾ ਗਿਆ ਤੇ ਭਾਈ ਕਨ੍ਹਈਆ ਜੀ ਜਲ ਦੀ ਸੇਵਾ ਕਰਦੇ ਨੇ। ਜੇ ਤਾਂ ਉਹ ਅੱਗੇ ਲੰਘ ਆਉਂਦੇ ਨੇ ਤਾਂ ਉਨ੍ਹਾਂ ਨੂੰ ਪਾਣੀ ਪਿਲਾਈ ਜਾਂਦਾ ਹੈ ਤੇ ਜਾਂ ਇਧਰ ਆ ਜਾਂਦਾ ਹੈ ਇਨ੍ਹਾਂ ਨੂੰ ਪਿਲਾਉਂਦਾ ਹੈ ਤੇ ਇਧਰ ਮੋਰਚਿਆਂ ਵਿਚ ਬੈਠੇ ਨੇ ਸਿੰਘ। ਜਿਹੜਾ ਹਾਕ (ਆਵਾਜ਼) ਮਾਰਦਾ ਹੈ ਦੌੜ ਕੇ ਜਾ ਕੇ ਉਸ ਨੂੰ ਪਾਣੀ ਪਿਲਾ ਦਿੰਦੇ ਨੇ। ਦੋਵੇਂ ਪਾਸੇ ਮੋਰਚਿਆਂ ਵਿਚ ਬੈਠੇ ਨੇ ਨਾ ਇਸ ਦੇ ਕੋਈ ਗੋਲੀ ਮਾਰਦਾ ਹੈ ਨਾ ਕੋਈ ਤੀਰ ਮਾਰਦਾ ਹੈ, ਨਾ ਤਲਵਾਰ ਤੇ ਨਾ ਬਰਛਾ ਮਾਰਦਾ ਹੈ। ਕੋਈ ਨਹੀਂ ਮਾਰ ਰਿਹਾ ਇਸਨੂੰ। ਸਾਰੇ ਹੈਰਾਨ ਨੇ ਕਿ ਦੇਖੋ ਭਾਈ ਕਨ੍ਹਈਏ ਨੂੰ ਕੋਈ ਵੀ ਨਹੀਂ ਮਾਰਦਾ। ਜੇ ਤੀਰ ਵਗੈਰਾ ਵੀ ਚਲਦੇ ਨੇ ਇਹ ਵਿਚੇ ਹੀ ਤੁਰਿਆ ਫਿਰਦਾ ਹੈ ਰੁਕਦਾ ਵੀ ਨਹੀਂ ਹੈ। ਜਿਹੜਾ ਤੀਰ ਚਲਾਉਣ ਵਾਲਾ ਹੈ ਜਾਂ ਗੋਲੀ ਚਲਾਉਣ ਵਾਲਾ ਹੈ ਉਹ ਦੇਖਦਾ ਹੈ ਕਿ ਕਿਤੇ ਭਾਈ ਕਨ੍ਹਈਏ ਨੂੰ ਨਾ ਲੱਗ ਜਾਵੇ।

ਅੱਜ ਬਹੁਤ ਵੱਡਾ ਯੁੱਧ ਹੋਇਆ ਪਹਿਲਾਂ ਫੌਜਾਂ ਅਨੰਦਪੁਰ ਸਾਹਿਬ ਵੱਲ ਨੂੰ ਵਧੀਆਂ ਮੁਗਲਾਂ ਦੀਆਂ ਤੇ ਅੱਜ ਦੇ ਯੁੱਧ ਵਿਚ ਮੁਗਲ ਖਾਨ incharge ਹੈ ਰੋਪੜ ਦਾ ਪਠਾਣ ਸੀ ਉਹ। ਉਸ ਨੇ ਬੀੜਾ ਚੁਕਿਆ ਕਿ ਅੱਜ ਮੈਂ ਜਾਂ ਤਾਂ ਗੁਰੂ ਕਲਗੀਧਰ ਪਾਤਸ਼ਾਹ ਨੂੰ ਸ਼ਹੀਦ ਕਰ ਦੇਵਾਂਗਾ ਜਾਂ ਪਕੜ ਲਿਆਵਾਂਗਾ ਜਾਂ ਮੈਂ ਖੁਦ ਸ਼ਹੀਦ ਹੋ ਜਾਵਾਂਗਾ ਅੱਜ ਮੈਂ ਪਿਛੇ ਨਹੀਂ ਪੈਰ ਪਾਉਣਾ। ਬਹੁਤ ਭਿਆਨਕ ਯੁੱਧ ਹੋ ਰਿਹਾ ਹੈ।

ਉਸ ਵੇਲੇ ਭਾਈ ਕਨ੍ਹਈਆ ਉਥੇ ਨੱਠ ਕੇ ਜਾਂਦਾ ਹੈ ਜਿਥੇ ਵੀ ਕੋਈ ਗਿਰਦਾ ਹੈ ਤੇ ਪਾਣੀ-ਪਾਣੀ ਪੁਕਾਰਦਾ ਹੈ। ਚਾਹੇ ਏਧਰ ਸਿੰਘ ਵਲੋਂ ਆਵਾਜ਼ ਆਵੇ ਚਾਹੇ ਮੁਗਲਾਂ ਵਲੋਂ ਆਵੇ ਪਾਣੀ ਪਲਾਈ ਜਾਂਦਾ ਹੈ। ਸ਼ਾਮ ਹੋ ਗਈ।

ਉਸ ਵੇਲੇ ਗੁਰੂ ਦਸਮੇਸ਼ ਪਿਤਾ ਜੀ ਨੇ ਸਾਰਿਆਂ ਨੂੰ ਇਕੱਠੇ ਕਰਿਆ।

ਕਹਿਣ ਲੱਗੇ, "ਪ੍ਰੇਮੀਓ! ਕਿਵੇਂ ਰਿਹਾ ਅੱਜ ਦਾ ਯੁੱਧ?"

ਕਹਿੰਦੇ, "ਜੀ! ਬਹੁਤ ਖਾਲਸਾ ਡਟ ਕੇ ਲੜਿਆ ਹੈ। ਗਿਣਤੀ ਥੋੜ੍ਹੀ ਸੀ ਪਰ ਉਨ੍ਹਾਂ ਦੀ ਪੇਸ਼ ਨਹੀਂ ਚੱਲਣ ਦਿੱਤੀ।"

ਅਚਾਨਕ ਕਹਿਣ ਲੱਗੇ, "ਮਹਾਰਾਜ! ਇਕ ਆਪਣੇ ਵਿਚ ਜਸੂਸ ਰਹਿੰਦਾ ਹੈ।"

ਕਹਿੰਦੇ, "ਕੌਣ ਹੈ?"

ਕਹਿੰਦੇ, ਜੀ ਕਨ੍ਹਈਆ ਸਾਧ ਜਿਸ ਨੂੰ ਕਹਿੰਦੇ ਨੇ, ਭਾਈ ਕਨ੍ਹਈਆ ਕਹਿੰਦੇ ਨੇ।"

ਕਹਿੰਦੇ, "ਉਹ ਕੀ ਕਰਦਾ ਹੈ?"

ਕਹਿੰਦੇ, "ਮਹਾਰਾਜ! ਉਹ ਜਿਹੜਾ ਵੀ ਪਾਣੀ ਮੰਗਦਾ ਹੈ ਉਸ ਨੂੰ ਪਾਣੀ ਪਿਲਾਉਣ ਚਲਿਆ ਜਾਂਦਾ ਹੈ। ਚਾਹੇ ਮੁਗਲ ਹੋਣ, ਅਸੀਂ ਖੁਦ ਦੇਖਿਆ ਕਿ ਬੰਦਾ ਸਾਡਾ ਹੈ ਲੇਕਿਨ ਉਸਨੂੰ ਮਾਰਦੇ ਹੀ ਨਹੀਂ ਉਹ। ਇਸ ਦਾ ਮਤਲਬ ਹੈ ਕਿ ਉਹ ਉਨ੍ਹਾਂ ਨਾਲ ਮਿਲਿਆ ਹੋਇਆ ਹੈ ਅੰਦਰ ਖਾਤੇ। ਉਸਨੂੰ ਬੁਲਾ ਕੇ ਪੁਛਣਾ ਚਾਹੀਦਾ ਹੈ। ਹੋ ਸਕਦਾ ਹੈ ਉਹ ਸਾਰੇ ਯੁੱਧ ਦਾ ਭੇਤ ਉਨ੍ਹਾਂ ਨੂੰ ਦੇ ਦਿੰਦਾ ਹੋਵੇ।"

ਮਹਾਰਾਜ ਕਹਿੰਦੇ, "ਲਿਆਓ ਭਾਈ ਕਨ੍ਹਈਏ ਨੂੰ।"

ਦੋ ਸਿੰਘ ਭੇਜ ਦਿੱਤੇ। ਉਹ ਡੇਰੇ ਗਏ। ਡੇਰੇ ਵਾਲੇ ਕਹਿਣ ਲੱਗੇ ਕਿ ਉਹ ਤਾਂ ਅਜੇ ਮੈਦਾਨ-ਏ-ਜੰਗ ਵਿਚੋਂ ਹੀ ਨਹੀਂ ਆਏ।

ਉਹ ਕਹਿੰਦਾ, "ਮਹਾਰਾਜ! ਹੁਕਮ ਹੋਵੇ ਤਾਂ ਅਸੀਂ ਉਥੇ ਦੇਖ ਆਈਏ ਕਿਉਂਕਿ ਇਹ ਪਾਲਕੀਆਂ ਵਾਲੇ ਜ਼ਖਮੀਆਂ ਨੂੰ ਚੁੱਕ ਰਹੇ ਨੇ, ਮਿਸਾਲਾਂ ਲੈ ਕੇ, ਹੁਣ ਲੜਾਈ ਬੰਦ ਹੈ ਤੇ ਲੜਦਾ ਕੋਈ ਨਹੀਂ ਹੈ ਤੇ ਨਾ ਹੁਣ ਕੋਈ ਕਿਸੇ ਨੂੰ ਮਾਰਦਾ ਹੈ। ਜਿਹੜੇ ਗਿਰੇ ਪਏ ਨੇ ਉਨ੍ਹਾਂ ਨੂੰ ਆਪਣੇ-ਆਪਣੇ ਬੰਦਿਆਂ ਨੂੰ ਪਛਾਣ-ਪਛਾਣ ਚੁੱਕ ਰਹੇ ਨੇ।"

ਮਹਾਰਾਜ ਕਹਿੰਦੇ, "ਜਾਓ! ਵੱਡੀ ਰਾਤ ਬੀਤ ਚੁੱਕੀ ਹੈ ਤੇ ਉਸ ਵੇਲੇ ਹਨ੍ਹੇਰੇ ਦੇ ਵਿਚੋਂ ਇਕ ਆਵਾਜ਼ ਆ ਰਹੀ ਹੈ ਐਸੀ, ਪੜ੍ਹੋ ਪਿਆਰ ਨਾਲ -

***ਧਾਰਨਾ - ਤੂੰ ਹੀ ਤੂੰ ਹੀ ਮੋਹਿਨਾ,***
***ਤੂੰ ਹੀ ਮੋਹਿਨਾ-2***

ਹਨ੍ਹੇਰਾ ਬਹੁਤ ਹੋਇਆ ਹੋਇਆ ਹੈ, ਮਿਸਾਲਾਂ ਕਿਤੇ ਕਿਤੇ ਜਗ ਰਹੀਆਂ ਹਨ ਤੇ ਆਵਾਜ਼ ਦੀ ਸੇਧ ਵਿਚ ਜਾ ਰਹੇ ਨੇ। ਜਿਥੋਂ ਜ਼ਖਮੀਆਂ ਦੀ ਹਾਏ-ਹਾਏ ਦੀ ਆਵਾਜ਼ ਆਉਂਦੀ ਹੈ ਉਥੇ ਮਿਸਾਲਾਂ ਵਾਲੇ ਚਲੇ ਜਾਂਦੇ ਨੇ, ਜਾ ਕੇ ਪਾਲਕੀ ਵਿਚ ਪਾਉਂਦੇ ਨੇ ਤੇ ਚੁੱਕ ਚੁਕ ਕੇ ਪਾਲਕੀਆਂ ਤੋਰੀ ਜਾਂਦੇ ਨੇ। ਆਵਾਜ਼ ਦੀ ਸੇਧ ਵਿਚ ਸਿੰਘ ਚਲੇ ਜਾਂਦੇ ਨੇ ਤੇ ਫੇਰ ਆਵਾਜ਼ ਬੰਦ ਹੋ ਗਈ, ਸਮਝ ਲਿਆ ਕਿ ਭਾਈ ਕਨ੍ਹਈਆ ਅਜੇ ਵੀ ਕਿਸੇ ਨੂੰ ਪਾਣੀ ਪਿਲਾਉਂਦਾ ਹੋਵੇਗਾ।

ਭਾਈ ਕਨ੍ਹਈਆ ਦੇ ਕੰਨਾਂ ਵਿਚ ਆਵਾਜ਼ ਆਈ। ਹਾਏ! ਹਾਏ! ਦਰਦ ਭਰੀ ਆਵਾਜ਼ ਆਈ। ਆਵਾਜ਼ ਸੁਣਦੀ ਸਾਰ ਉਸ ਥਾਂ ਤੇ ਚਲੇ ਗਏ, ਜਾ ਕੇ ਉਥੇ ਜਿਹੜਾ ਜ਼ਖਮੀ ਪਿਆ ਸੀ, ਉਸਦਾ ਸਿਰ ਚੁਕਿਆ ਤੇ ਆਪਣੇ ਪੱਟ ਤੇ ਰੱਖ ਲਿਆ, ਸਿਰ ਨੂੰ ਸੰਭਾਲ ਕੇ ਠੀਕ ਤਰ੍ਹਾਂ ਟਿਕਾ ਕੇ ਮਸ਼ਕ ਵਿਚੋਂ ਪਾਣੀ ਥੋੜ੍ਹਾ-ਥੋੜ੍ਹਾ ਪਾਉਂਦੇ ਨੇ। ਪਾਣੀ ਪੈਣ ਦੀ ਦੇਰ ਸੀ ਉਸ ਨੂੰ ਸੁਰਤ ਆ ਗਈ। ਉਸ ਵੇਲੇ ਉਹ ਕਹਿਣ ਲੱਗਿਆ, "ਐ ਮਾਸ਼ਕੀ! ਤੂੰ ਕੌਣ ਹੈਂ? ਮੈਨੂੰ ਦੱਸ ਤਾਂ ਕਿ ਮੈਂ ਤੈਨੂੰ ਇਨਾਮ ਦੇਵਾਂਗਾ।"

ਉਹ ਕਹਿੰਦੇ, "ਖਾਨ ਸਾਹਿਬ! ਮੈਂ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਗਰੀਬੜਾ ਜਿਹਾ ਸਿੱਖ ਹਾਂ।"

ਕਹਿੰਦੇ, "ਹੈਂ! ਸਿੱਖ!! ਤੈਨੂੰ ਪਤਾ ਹੈ ਕਿ ਤੂੰ ਕਿਸ ਨੂੰ ਪਾਣੀ ਪਿਲਾ ਰਿਹਾ ਹੈਂ? ਕਿਸ ਨੂੰ ਹੋਸ਼ ਵਿਚ ਲਿਆਂਦਾ ਹੈ?"

ਕਹਿਣ ਲੱਗਿਆ, "ਮੈਨੂੰ ਤਾਂ ਇਕੋ ਗੱਲ ਦਾ ਪਤਾ ਹੈ ਕਿ ਇਥੇ ਖੁਦਾ ਤੋਂ ਬਗੈਰ ਹੋਰ ਹੈ ਕੋਈ ਨਹੀਂ, ਮੈਂ ਤਾਂ ਖੁਦਾ ਨੂੰ ਹੀ ਪਾਣੀ ਪਿਲਾਉਂਦਾ ਹਾਂ। ਮੈਂ ਆਪਣੇ ਗੁਰੂ ਨੂੰ ਹੀ ਪਾਣੀ ਪਿਲਾਉਂਦਾ ਹਾਂ। ਮੇਰੇ ਗੁਰੂ ਵਿਚ ਅਤੇ ਖੁਦਾ ਵਿਚ ਕੋਈ ਫਰਕ ਨਹੀਂ ਹੈ।"

ਕਹਿਣ ਲੱਗੇ, "ਕਨ੍ਹਈਆ! ਅਸੀਂ ਐਨੀ ਦੇਰ ਦੇ ਬੈਠੇ ਗੁਰੂ ਨੂੰ ਤੰਗ ਕਰ ਰਹੇ ਹਾਂ, ਕੀ ਗੁਰੂ ਦੀ ਸਾਡੇ ਨਾਲ ਦੁਸ਼ਮਣੀ ਨਹੀਂ ਹੈ?"

ਉਹ ਕਹਿੰਦਾ, "ਕਿਥੇ ਭੋਲਿਓ! ਤੁਸੀਂ ਭੁੱਲੇ ਫਿਰਦੇ ਹੋ, ਗੁਰੂ ਤਾਂ ਨਿਰਵੈਰ ਤੇ ਨਿਰਾਲਾ ਹੈ।

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਭਾਈ ਗੁਰਦਾਸ ਜੀ ਦੀ ਵਾਰ 34/1***

ਤੁਹਾਨੂੰ ਮੈਂ ਮਿਸਾਲ ਦਸਦਾ ਹਾਂ। ਥੋੜ੍ਹੇ ਦਿਨ ਹੋਏ ਤੁਹਾਡੀਆਂ ਫੌਜਾਂ ਪਿਛੇ ਹਟ ਗਈਆਂ ਤੇ ਤੁਹਾਡਾ ਜਿਹੜਾ ਜਰਨੈਲ ਸੀ ਦਿੱਲੀ ਤੋਂ ਆਇਆ ਹੋਇਆ ਉਸ ਦੇ ਘਰਵਾਲੀ ਇਕ ਰਹਿ ਗਈ ਉਥੇ। ਉਸ ਨੂੰ ਇਕੱਲੀ ਨੂੰ ਦੇਖ ਕੇ ਸਿੰਘ ਪਾਲਕੀ ਵਿਚ ਬਿਠਾ ਕੇ ਲੈ ਆਏ ਤੇ ਗੁਰੂ ਦਸ਼ਮੇਸ਼ ਪਿਤਾ ਨੇ ਕਿਹਾ ਕਿ ਇਹ ਕੀ ਹੈ? ਸਿੰਘ ਕਹਿੰਦੇ ਮਹਾਰਾਜ! ਬੀਬੀ ਹੈ, ਉਥੇ ਜੰਗ ਵਿਚ ਸੀ ਇਕੱਲੀ ਰਹਿ ਗਈ। ਫੌਜਾਂ ਪਿਛੇ ਹਟ ਗਈਆਂ ਤੇ ਅਸੀਂ ਪਾਲਕੀ ਵਿਚ ਬਿਠਾ ਕੇ ਲੈ ਆਏ ਹਾਂ।"

ਮਹਾਰਾਜ ਕਹਿੰਦੇ, "ਇਕ ਗੱਲ ਦੱਸੋ ਕਿਸੇ ਨੇ ਪਾਲਕੀ ਦਾ ਝੰਬੜ ਤਾਂ ਨਹੀਂ ਚੁੱਕਿਆ? ਜਿਹੜਾ ਪਾਲਕੀ ਦਾ ਪੜਦਾ ਹੈ ਉਹ ਤਾਂ ਨਹੀਂ ਚੁਕਿਆ?"

ਕਹਿੰਦੇ, "ਨਾ ਸੱਚੇ ਪਾਤਸ਼ਾਹ! ਅਸੀਂ ਕਿਸੇ ਨੇ ਨਹੀਂ ਚੁਕਿਆ।"

ਮਹਾਰਾਜ ਨੇ ਆਵਾਜ਼ ਦਿੱਤੀ, "ਬੇਟਾ ਬਾਹਰ ਆਓ।" ਉਹ ਬਾਹਰ ਆ ਗਈ।

ਤੇ ਕਹਿਣ ਲੱਗੇ, "ਬੇਟੀ, ਤੂੰ ਡਰ ਨਾ, ਠੀਕ ਹੈ ਇਹ ਯੁਧ ਹੋ ਰਿਹਾ ਹੈ, ਅਸੀਂ ਬਿਲਕੁਲ ਅਸੂਲ ਤੇ ਲੜ ਰਹੇ ਹਾਂ, ਤੇਰੇ ਨਾਲ ਸਾਡਾ ਕੋਈ ਵਿਰੋਧ ਨਹੀਂ, ਵਿਰੋਧ ਉਸ ਦੇ ਨਾਲ ਹੈ ਜਿਹੜਾ ਸ਼ਸਤਰ ਚੁੱਕ ਕੇ ਆਉਂਦਾ ਹੈ, ਦੂਜਿਆਂ ਨਾਲ ਨਹੀਂ। ਦੂਜੇ ਜ਼ਖਮੀਆਂ ਦੇ ਅਸੀਂ ਮਲ੍ਹਮ ਵੀ ਲਾਉਂਦੇ ਹਾਂ, ਸਭ ਕੁਝ ਕਰਦੇ ਹਾਂ। ਤੂੰ ਆਪਣੀਆਂ ਮਾਤਾਵਾਂ ਦੇ ਪਾਸ ਚਲੀ ਜਾਹ।"

ਅੰਦਰ ਭੇਜ ਦਿੱਤੀ। ਥੋੜ੍ਹੇ ਦਿਨਾਂ ਤੋਂ ਬਾਅਦ ਜਦੋਂ ਮੌਕਾ ਮਿਲਿਆ ਤਾਂ ਗੁਰੂ ਮਹਾਰਾਜ ਕਹਿਣ ਲੱਗੇ ਕਿ ਅੱਜ ਉਨ੍ਹਾਂ ਨੂੰ ਸੁਨੇਹਾ ਭੇਜ ਦਿੱਤਾ ਹੈ ਤੇ ਸਾਡੀ ਬੇਟੀ ਨੂੰ ਉਥੇ ਭੇਜਣਾ ਹੈ ਉਹ ਇਸ ਦਾ ਇੰਤਜ਼ਾਰ ਕਰ ਰਹੇ ਨੇ ਉਥੇ ਛੱਡ ਕੇ ਆਓ। ਤੇ ਉਸ ਵੇਲੇ ਗੁਰੂ ਮਹਾਰਾਜ ਨੇ ਤੇ ਮਾਤਾਵਾਂ ਨੇ ਬਹੁਤ

ਸਾਰੇ ਬਸਤਰਾਂ ਨਾਲ ਭਰ ਦਿੱਤੀ ਪਾਲਕੀ, ਗਹਿਣੇ ਦਿੱਤੇ ਲੱਖਾਂ ਰੁਪਏ ਦੇ। ਜਿਵੇਂ ਇਕ ਪਿਤਾ ਆਪਣੀ ਬੇਟੀ ਨੂੰ ਵਿਦਾ ਕਰਦਾ ਹੈ ਇਸ ਤਰ੍ਹਾਂ ਵਿਦਾ ਕੀਤੀ। ਉਸ ਦੇ ਨੇਤਰਾਂ ਤੋਂ ਜਲ ਜਾ ਰਿਹਾ ਹੈ, ਬਹੁਤ ਹੀ ਰੋਂਦੀ ਹੈ ਜਿਵੇਂ ਆਪਣੇ ਪਿਤਾ ਦੇ ਕੋਲੋਂ ਹੀ ਕੋਈ ਲੜਕੀ ਜਾਂਦੀ ਹੋਵੇ।

ਕਹਿੰਦੀ, "ਮਹਾਰਾਜ! ਤੁਸੀਂ ਐਨੇ ਚੰਗੇ, ਤੁਸੀਂ ਤਾਂ ਫਰਿਸ਼ਤੇ ਹੋ, ਆਪ ਖੁਦਾ ਹੋ। ਸਾਡੇ ਬੰਦੇ ਤੁਹਾਨੂੰ ਕਿੰਨਾ ਗਲਤ ਸਮਝਦੇ ਨੇ। ਮੇਰੀ ਇਜ਼ਤ ਕਿਸ ਤਰ੍ਹਾਂ ਤੁਸੀਂ ਰੱਖੀ ਤੇ ਮੈਨੂੰ ਕਿੰਨਾ ਪਿਆਰ ਦਿੱਤਾ ਹੈ।" ਜਾ ਕੇ ਸਾਡੇ ਸਿੰਘ ਛੱਡ ਆਏ। ਸਾਡੇ ਗੁਰੂ ਦੇ ਮਨ ਵਿਚ ਕੋਈ ਦ੍ਵੈਤ ਨਹੀਂ ਹੈ। ਉਹ ਪੂਰਨ ਰੂਪ ਵਿਚ ਨਿਰਵੈਰ ਹੈ ਤੇ ਉਸ ਦੀ ਕਿਰਿਆ ਨਿਰਾਲੀ ਹੈ।"

ਕਹਿੰਦਾ, "ਫੇਰ ਤੁਹਾਡੇ ਮਨ ਵਿਚ ਤਾਂ ਵੈਰ ਹੋਏਗਾ?" ਮੈਂ ਤਾਂ ਉਹ ਜਰਨੈਲ ਹਾਂ ਜਿਸ ਨੇ ਅੱਜ ਪਾਨ ਦਾ ਬੀੜਾ ਚੁਕਿਆ ਸੀ ਤੇ ਮੈਂ ਜ਼ਖਮੀ ਹੋ ਕੇ ਗਿਰ ਗਿਆ ਸੀ ਤੇ ਹੁਣ ਤੂੰ ਮੈਨੂੰ ਪਾਣੀ ਪਿਲਾਉਂਦਾ ਹੈਂ? ਤੇਰੇ ਮਨ ਵਿਚ ਵੈਰ ਨਹੀਂ ਜਾਗਦਾ?"

ਕਹਿੰਦੇ, "ਨਾ, ਖਾਨ ਸਾਹਿਬ!! ਸਾਡੇ ਗੁਰੂ ਨੇ ਤਾਂ ਸਾਨੂੰ ਪੱਕੀ ਤਰ੍ਹਾਂ ਸਮਝਾ ਦਿੱਤਾ।"

***ਧਾਰਨਾ - ਨਾ ਦਿਸੇ ਬੇਗਾਨਾ ਜੀ,***
***ਨਾ ਕੋਈ ਵੈਰੀ -2, 4.***

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥***

***ਅੰਗ - 1299***

ਕਹਿੰਦੇ, "ਖਾਨ ਸਾਹਿਬ! ਸਾਡੇ ਸਤਿਗੁਰੂ ਕਹਿੰਦੇ ਨੇ -

***ਵਵਾ ਵੈਰੁ ਨ ਕਰੀਐ ਕਾਹੂ॥***
***ਘਟ ਘਟ ਅੰਤਰਿ ਬ੍ਰਹਮ ਸਮਾਹੂ॥ ਅੰਗ - 259***

ਉਹ ਸਾਰਿਆਂ ਦੇ ਵਿਚ ਵਸ ਰਹੇ ਨੇ, ਜਿਨ੍ਹਾਂ ਨੇ ਲੜ ਸਾਨੂੰ ਲਾਇਆ ਹੈ ਤੇ ਵੈਰ ਅਸੀਂ ਕਿਸ ਦੇ ਨਾਲ ਕਰੀਏ? ਸਾਡੇ ਗੁਰੂ ਨੇ ਸ਼ਿਕਸ਼ਾ ਦਿੱਤੀ ਹੈ -

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥***

***ਅੰਗ - 1382***

ਖੁਸ਼ ਹੋ ਗਿਆ ਤੇ ਪਛਤਾਉਂਦਾ ਹੈ ਤੇ ਕਹਿਣ ਲੱਗਿਆ, "ਗੁਰੂ ਦੇ ਸਿੱਖ ਐਨੇ ਫਰਿਸ਼ਤੇ ਨੇ ਤਾਂ ਗੁਰੂ ਤਾਂ ਆਪ ਅੱਲ੍ਹਾ ਤਾਲਾ ਦੀ ਜ਼ਾਤ ਹੋਣਾ ਚਾਹੀਦਾ ਹੈ। ਬੜੇ ਮੂਰਖ ਹਾਂ ਅਸੀਂ ਉਨ੍ਹਾਂ ਨਾਲ ਅਕਾਰਨ ਯੁੱਧ ਛੇੜਿਆ ਹੋਇਆ ਹੈ।"

ਪਾਣੀ ਪਿਲਾ ਦਿੱਤਾ, ਹੋਸ਼ ਵਿਚ ਆ ਗਿਆ।

ਕਹਿਣ ਲੱਗਿਆ, "ਭਾਈ ਕਨ੍ਹਈਆ! ਤੇਰੇ ਹੱਥ ਵਿਚ ਜਾਦੂ ਹੈ ਕੋਈ। ਮੈਂ ਪਾਣੀ ਨਹੀਂ ਪੀਤਾ, ਇਹ ਕੋਈ ਜਾਦੂ ਤੂੰ ਮੇਰੇ ਅੰਦਰ ਕਰ ਦਿੱਤਾ, ਮੇਰੀ ਸਾਰੀ ਭਾਵਨਾ ਬਦਲ ਗਈ।"

ਕਿਉਂ? ਜਦੋਂ ਭਾਈ ਕਨ੍ਹਈਏ ਦੀ ਦ੍ਰਿਸ਼ਟੀ ਉਸ ਪਠਾਣ ਤੇ ਪੈ ਰਹੀ ਸੀ ਤਾਂ ਕਰੂਰਤਾ ਵਾਲੀ ਦ੍ਰਿਸ਼ਟੀ ਨਹੀਂ ਸੀ, ਉਸ ਦ੍ਰਿਸ਼ਟੀ ਦੇ ਵਿਚ ਹਿਕਾਰਤ ਨਹੀਂ ਸੀ, ਨਫਰਤ ਨਹੀਂ ਸੀ। ਉਸ ਦੇ ਵਿਚ ਕੀ ਵਰਸ ਰਿਹਾ ਸੀ? ਮਹਾਰਾਜ ਕਹਿੰਦੇ –

***ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥***

***ਅੰਗ – 273***

ਅੰਮ੍ਰਿਤ ਦੀ ਵਰਸ਼ਾ ਹੋ ਰਹੀ ਹੈ। ਹੁਣ ਅੰਮ੍ਰਿਤ ਨੇ ਵੈਰ ਕੱਢ ਦਿੱਤਾ, ਵਿਰੋਧ ਕੱਢ ਦਿੱਤਾ ਤੇ ਬਿਲਕੁਲ ਖਾਲੀ ਕਰ ਦਿੱਤਾ। ਪਛਤਾਅ ਰਿਹਾ ਹੈ ਕਿ ਮੈਂ ਕੀ ਕਰਨ ਲੱਗਿਆ ਸੀ, ਕਿੰਨਾ ਮਾੜਾ ਕੰਮ ਕਰਨ ਲੱਗਿਆ ਸੀ। ਬੰਦਾ ਬਣਾ ਦਿੱਤਾ। ਜਲ ਕੀ ਪਾਇਆ ਚਾਰ ਘੁੱਟਾਂ ਉਸ ਦਾ ਸਾਰਾ ਕੁਝ ਹੀ ਤਬਦੀਲ ਕਰ ਦਿੱਤਾ ਕਿਉਂਕਿ ਬ੍ਰਹਮਗਿਆਨੀ ਦਾ ਹੱਥ ਛੂਹ ਜਾਵੇ ਤਾਂ ਪਾਣੀ ਅੰਮ੍ਰਿਤ ਬਣ ਜਾਂਦਾ ਹੈ।

ਉਸ ਵੇਲੇ ਉਹ ਗੁਰਸਿਖ ਆ ਗਏ ਜਿਹੜੇ ਡਿਊਟੀ ਤੇ ਭੇਜੇ ਹੋਏ ਸੀ।

ਕਹਿਣ ਲੱਗੇ, "ਭਾਈ ਕਨ੍ਹਈਆ! ਇਸੇ ਵੇਲੇ ਤੈਨੂੰ ਗੁਰੂ ਮਹਾਰਾਜ ਨੇ ਹੁਕਮ ਕਰਿਆ ਹੈ ਕਿ ਸਾਡੇ ਕੋਲ ਆਓ।"

ਉਸੇ ਮਸਤੀ ਦੇ ਵਿਚ ਆਪ ਚੱਲ ਪੈਂਦੇ ਨੇ ਕਿ ਗੁਰੂ ਮਹਾਰਾਜ ਨੇ ਹੁਕਮ ਦਿੱਤਾ ਹੈ, ਚਲੋ ਠੀਕ ਹੈ, ਗੁਰੂ ਮਹਾਰਾਜ ਦਾ ਹੁਕਮ ਹੈ। ਉਥੇ ਜਦੋਂ ਗੁਰੂ ਮਹਾਰਾਜ ਕੋਲ ਆਉਂਦੇ ਹਨ ਤਾਂ ਬਹੁਤ ਸਾਰੇ ਅਹੁਦੇਦਾਰ ਜਿਹੜੇ ਸਿੰਘ ਸੀ ਉਹ ਬੈਠੇ ਨੇ।

ਕਹਿੰਦੇ, "ਮਹਾਰਾਜ! ਭਾਈ ਕਨ੍ਹਈਆ ਆ ਗਿਆ।"

ਕਹਿੰਦੇ, "ਪੇਸ਼ ਕਰੋ ਸਾਡੇ।" ਪੇਸ਼ ਕਰਿਆ। ਤਾਂ ਮਹਾਰਾਜ ਕਹਿਣ ਲੱਗੇ, "ਕਿਉਂ ਭਾਈ ਕਨ੍ਹਈਆ! ਖਾਲਸਾ ਤੇਰੀ ਸ਼ਿਕਾਇਤ ਕਰਦਾ ਹੈ।"

ਕਹਿੰਦਾ, "ਮਹਾਰਾਜ! ਸਦਾ ਹੀ ਔਗੁਣਾਂ ਨਾਲ ਭਰਿਆ ਹੋਇਆ ਜੀਵ ਹਾਂ, ਮੈਂ ਤੇ ਹਰ ਵਕਤ ਹੀ ਔਗੁਣ ਤੇ ਭੁੱਲਾਂ ਮੈਂ ਕਰਦਾ ਹਾਂ।"

ਕਹਿੰਦੇ, "ਤੂੰ ਮੁਗਲਾਂ ਨੂੰ ਪਾਣੀ ਪਿਲਾਇਆ ਸੀ?"

ਕਹਿੰਦੇ, "ਨਹੀਂ ਮਹਾਰਾਜ!"

ਜਿਹੜੇ ਸਿੰਘ ਨਾਲ ਸੀ ਉਹ ਕਹਿਣ ਲੱਗੇ, "ਸੱਚੇ ਪਾਤਸ਼ਾਹ! ਜਿਹੜਾ ਜਰਨੈਲ ਅੱਜ ਪਾਨ ਦਾ ਬੀੜਾ ਚੁੱਕ ਕੇ ਆਇਆ ਸੀ ਉਸ ਨੂੰ ਪਾਣੀ ਪਿਲਾ

ਰਿਹਾ ਸੀ। ਅਸੀਂ ਉਸ ਨੂੰ ਜ਼ਖਮੀ ਕਰਕੇ ਸੁੱਟ ਆਏ ਸੀ ਕਿ ਉਹ ਤੜਫ-ਤੜਫ ਕੇ ਜਾਨ ਦੇਵੇ ਤੇ ਰਾਤ ਭਰ ਵਿਚ ਮਰ ਜਾਏਗਾ।"

ਕਹਿੰਦੇ, "ਉਸ ਨੂੰ ਪਾਣੀ ਪਿਲਾ ਦਿੱਤਾ?"

ਕਹਿੰਦੇ, "ਹਾਂ, ਉਥੇ ਹੀ ਉਸ ਦੇ ਨਾਲ ਗੱਲਾਂ ਕਰਦਾ ਸੀ ਬੜੇ ਪਿਆਰ ਦੀਆਂ।"

ਮਹਾਰਾਜ ਕਹਿੰਦੇ, "ਤੁਸੀਂ ਨਾ ਬੋਲੋ ਵਿਚ, ਸਾਨੂੰ ਗੱਲ ਕਰ ਲੈਣ ਦਿਓ।"

ਉਸ ਵੇਲੇ ਮਹਾਰਾਜ ਕਹਿਣ ਲੱਗੇ, "ਫੇਰ ਤੂੰ ਪਹਾੜੀ ਫੌਜਾਂ ਨੂੰ ਪਾਣੀ ਪਿਲਾਉਂਦਾ ਸੀ?"

ਕਹਿੰਦਾ, "ਨਹੀਂ ਮਹਾਰਾਜ!"

ਕਹਿੰਦੇ, "ਫੇਰ ਤੂੰ ਖਾਲਸੇ ਨੂੰ ਪਾਣੀ ਪਿਲਾ ਰਿਹਾ ਸੀ?"

ਕਹਿੰਦਾ, "ਨਹੀਂ ਮਹਾਰਾਜ!"

ਸਿੰਘ ਕਹਿੰਦੇ, "ਮਹਾਰਾਜ! ਇਹ ਤਾਂ ਕੁਝ ਵੀ ਨਹੀਂ ਦੱਸ ਰਿਹਾ।"

ਮਹਾਰਾਜ ਕਹਿੰਦੇ, "ਤੁਸੀਂ ਖਾਮੋਸ਼ ਰਹੋ, ਤੁਹਾਨੂੰ ਨਹੀਂ ਪਤਾ।"

ਉਸ ਵੇਲੇ ਭਾਈ ਕਨ੍ਹਈਏ ਨੂੰ ਕਹਿਣ ਲੱਗੇ, "ਭਾਈ ਕਨ੍ਹਈਆ! ਤੂੰ ਪਾਣੀ ਕਿਸ ਨੂੰ ਪਿਲਾਉਂਦਾ ਸੀ?"

ਕਹਿੰਦਾ, "ਸੱਚੇ ਪਾਤਸ਼ਾਹ! ਜਦੋਂ ਮੈਂ ਆਇਆ ਸੀ, ਉਸ ਵੇਲੇ ਮੈਨੂੰ ਮੁਗਲ ਵੀ ਦਿਸਦੇ ਸੀ, ਪਹਾੜੀਏ ਵੀ ਦਿਸਦੇ ਸੀ, ਹਿੰਦੂ ਵੀ ਦਿਸਦੇ ਸੀ, ਮਾੜੇ ਵੀ ਦਿਸਦੇ ਸੀ, ਚੰਗੇ ਵੀ ਦਿਸਦੇ ਸੀ ਪਰ ਜਦੋਂ ਤੁਸੀਂ ਮੇਰੇ ਨੇਤਰਾਂ ਦੇ ਵਿਚ ਸੁਰਮਾ ਪਾ ਦਿੱਤਾ ਨਾਂਹ -

***ਗਿਆਨ ਅੰਜਨੁ ਗੁਰਿ ਦੀਆ***
***ਅਗਿਆਨ ਅੰਧੇਰ ਬਿਨਾਸੁ॥***
***ਹਰਿ ਕਿਰਪਾ ਤੇ ਸੰਤ ਭੇਟਿਆ***
***ਨਾਨਕ ਮਨਿ ਪਰਗਾਸੁ॥*** ***ਅੰਗ - 293***
***ਧਾਰਨਾ - ਮੇਰੇ ਸਾਹਿਬਾ! ਮੈਨੂੰ ਦਿਸਦਾ ਨਾ ਹੋਰ,***
***ਮੇਰੇ ਸਾਹਿਬਾ ਮੈਨੂੰ ਦਿਸਦਾ ਨਾ ਹੋਰ - 2.***

ਪਾਤਸ਼ਾਹ! ਅੰਨ੍ਹੇ ਸੀ ਨੇਤਰ ਪਰ ਜਦੋਂ ਤੁਸੀਂ ਸੁਰਮਾ ਪਾ ਦਿੱਤਾ ਮੇਰੀ ਨਿਗ੍ਹਾ ਬਦਲ ਗਈ ਮੈਨੂੰ ਹੁਣ ਦਿਸਣ ਤੋਂ ਹਟ ਗਿਆ। ਮੈਨੂੰ ਨਹੀਂ ਹੁਣ ਕੁਝ ਦਿਸਦਾ ਜੇ ਦਿਸਦਾ ਹੈ ਤਾਂ -

***ਸੋ ਅੰਤਰਿ ਸੋ ਬਾਹਰਿ ਅਨੰਤ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ॥***
***ਧਰਨਿ ਮਾਹਿ ਆਕਾਸ ਪਇਆਲ॥***
***ਸਰਬ ਲੋਕ ਪੂਰਨ ਪ੍ਰਤਿਪਾਲ॥***
***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥***

*ਜੈਸੀ ਆਗਿਆ ਤੈਸਾ ਕਰਮੁ॥*
*ਪਉਣ ਪਾਣੀ ਬੈਸੰਤਰਹ ਮਾਹਿ॥*
*ਚਾਰਿ ਕੁੰਟ ਦਹ ਦਿਸੇ ਸਮਾਹਿ॥*
*ਤਿਸ ਤੇ ਭਿੰਨ ਨਹੀ ਕੋ ਠਾਉ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥ ਅੰਗ - 293*

"ਪਾਤਸ਼ਾਹ ਜੇ ਮੈਨੂੰ ਦਿਸਦਾ ਹੈ ਤਾਂ" - ਉਸ ਵੇਲੇ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ -

*ਸੀਸ ਨਿਵਾਇਆ ਰੰਗ ਰਤੜੇ ਨੇ ਬਿਨਤੀ ਮੁਖੋਂ ਅਲਾਈ।*
*ਤੈਨੂੰ ਪਿਆ ਪਿਲਾਵਾਂ ਪਾਣੀ, ਸਿਰ ਮੇਰੇ ਦੇ ਸਾਈਂ।*
*ਤੁਰਕ ਅਤੁਰਕ ਨਾ ਦਿਸਦਾ ਮੈਨੂੰ, ਤੂੰ ਸਾਰੇ ਦਿਸਾਈ।*
*ਪਿਆਰੇ ਦੇ ਇਕ ਪਿਆਰ ਪ੍ਰੋਤਾ ਉਸ ਦੀ ਸੇਵ ਕਰਾਵਾਂ।*
*ਉਸ ਨੂੰ ਦੇਖਾਂ ਉਸ ਨੂੰ ਸੇਵਾਂ ਪਾਣੀ ਉਸਨੂੰ ਪਿਲਾਵਾਂ। ਭਾਈ ਵੀਰ ਸਿੰਘ ਜੀ*

ਕਹਿਣ ਲੱਗੇ, "ਮਹਾਰਾਜ! ਅੰਨ੍ਹੀਆਂ ਅੱਖਾਂ ਸੀ, ਸਭ ਕੁਝ ਦਿਸਦਾ ਸੀ ਪਰ ਜਿਸ ਦਿਨ ਦਾ ਤੁਸੀਂ ਸੁਰਮਾ ਪਾ ਦਿੱਤਾ ਮੇਰੀਆਂ ਅੱਖਾਂ ਖੁੱਲ੍ਹ ਗਈਆਂ।"

*ਧਾਰਨਾ - ਗੁਰਾਂ ਨੇ ਮੇਰੇ ਓ, ਨੈਣ ਖੋਲ੍ਹਤੇ - 2.*
*ਮੈਨੂੰ ਸਾਰੀਆਂ ਘਟਾਂ ਦੇ ਵਿਚ ਦਿਸਿਆ - 2.*

*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ॥ ਅੰਗ - 407*

ਕਹਿੰਦਾ, "ਪਾਤਸ਼ਾਹ! ਜਦੋਂ ਅੰਨ੍ਹੀਆਂ ਸੀ ਅੱਖਾਂ, ਆਪਣੇ ਵੀ ਦਿਸਦੇ ਸੀ ਬਿਗਾਨੇ ਵੀ ਦਿਸਦੇ ਸੀ, ਮਾੜੇ ਵੀ ਦਿਸਦੇ ਸੀ, ਚੰਗੇ ਵੀ ਦਿਸਦੇ ਸੀ ਪਰ ਜਦੋਂ ਤੋਂ ਤੂੰ ਭਰਮ ਦੀ ਨਵਿਰਤੀ ਕਰ ਦਿੱਤੀ।"

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ॥ ਅੰਗ - 610*

"ਪਛਾਣ ਲਿਆ ਪਾਤਸ਼ਾਹ! ਜਿਹੜਾ ਅਸਲੀ ਲੁਕਿਆ ਹੋਇਆ ਰਹਿੰਦਾ ਸੀ। ਹੁਣ ਮੈਂ ਤਾਂ ਤੁਹਾਨੂੰ ਪਾਣੀ ਪਿਲਾਉਂਦਾ ਸੀ -

*ਪਿਆਰੇ ਦੇ ਇਕ ਪਿਆਰ ਪ੍ਰੋਤਾ,*
*ਉਸ ਦੀ ਸੇਵ ਕਰਾਵਾ।*
*ਉਸ ਨੂੰ ਦੇਖਾਂ ਉਸ ਨੂੰ ਸੇਵਾਂ, ਪਾਣੀ ਉਸ ਪਿਲਾਵਾਂ।*
*(ਭਾਈ ਵੀਰ ਸਿੰਘ ਜੀ)*

ਸਾਰੇ ਦੇਖ ਰਹੇ ਸੀ ਕਿ ਪਤਾ ਨਹੀਂ ਹੁਣ ਕੀ ਝਿੜਕ ਪਏਗੀ। ਮਹਾਰਾਜ ਉਠ ਕੇ ਖੜ੍ਹੇ ਹੋ ਗਏ, ਹੱਸੇ ਬਹੁਤ।

*ਹੱਸੇ ਤੇ ਗਲ ਲਾ ਲਿਆ ਪਿਆਰਾ,*

***ਡੱਬੀ ਇਕ ਫੜਾਈ।*** ***ਭਾਈ ਵੀਰ ਸਿੰਘ ਜੀ***

ਡੱਬੀ ਮੰਗਾ ਲਈ ਇਕ ਮਲ੍ਹਮ ਦੀ ਤੇ ਨਾਲ ਪੱਟੀਆਂ ਮੰਗਾ ਲਈਆ।

ਕਹਿੰਦੇ, "ਲੈ ਕਨ੍ਹਈਆ! ਅੱਗੇ ਤਾਂ ਅਸੀਂ ਤੈਨੂੰ ਮਸ਼ਕ ਦਿੱਤੀ ਸੀ, ਹੁਣ ਆਹ ਡੱਬੀ ਵੀ ਨਾਲ ਰੱਖਿਆ ਕਰ ਤੇ ਪੱਟੀਆਂ ਵੀ ਨਾਲ ਰੱਖਿਆ ਕਰ।"

***ਪਾਣੀ ਨਾਲ ਮਲ੍ਹਮ ਵੀ ਰਖੀਂ,***
***ਲੋੜ ਪਈ ਤਾਂ ਲਾਈਂ।*** ***ਭਾਈ ਵੀਰ ਸਿੰਘ ਜੀ***

"ਜਦੋਂ ਤੈਨੂੰ ਜਿਥੇ ਵੀ ਲੋੜ ਪਏ ਜਖਮ ਬੰਨ੍ਹਣ ਦੀ ਉਸ ਜ਼ਖਮ ਨੂੰ ਸਾਫ ਕਰਕੇ ਤੂੰ ਮਲ੍ਹਮ ਭਰ ਕੇ ਪੱਟੀ ਬੰਨ੍ਹ ਦਿਆ ਕਰੀਂ।"

ਹੁਣ ਹੈ ਨਾ ਇਹ -

***ਸਤਿਗੁਰ ਪੁਰਖੁ ਅਗੰਮੁ ਹੈ, ਨਿਰਵੈਰ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।***
***ਭਾਈ ਗੁਰਦਾਸ ਜੀ ਦੀ ਵਾਰ 34/1***

ਉਸ ਦੇ ਸਾਰੇ ਕੌਤਕ ਨਿਰਾਲੇ ਹੋਇਆ ਕਰਦੇ ਹਨ, ਸਾਧ ਸੰਗਤ ਜੀ। ਸਤਿਗੁਰੂ ਪੂਰੇ ਦੇ।

ਸੋ ਸਤਿਗੁਰੂ ਦਸਮੇਸ਼ ਪਿਤਾ ਜੀ ਜਦੋਂ ਯੁੱਧ ਜੰਗ ਬਹੁਤ ਹੋ ਚੁਕੇ, ਉਸ ਵੇਲੇ ਗੁਰਸਿਖਾਂ ਦਾ ਪਿਆਰ ਨਾਪ ਰਹੇ ਨੇ ਕਿ ਬਹੁਤ ਪਿਆਰ ਕਰ ਰਹੇ ਨੇ ਗੁਰਸਿਖ, ਆਪਾ ਵਾਰ ਰਹੇ ਨੇ। ਪਰ ਦੂਸਰਾ ਪਾਸਾ ਵੀ ਦੇਖਿਆ ਕਿ ਜਿਹੜਾ ਗੁਰੂ ਅਵਤਾਰ ਹੈ ਉਹ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਗਟ ਹੋਣਾ ਹੈ ਤੇ ਜਿਹੜੀ ਖਾਲਸੇ ਦੀ, ਗੁਰੂ ਦੀ ਕਿਰਿਆ ਹੈ, ਜੁਗਤ ਹੈ ਉਹ ਮੈਂ ਸੌਂਪਣੀ ਹੈ, ਪਰ ਪਰਖ ਕੇ ਸੌਂਪਣੀ ਹੈ। ਉਸਨੇ ਸੀਨਾ-ਬ-ਸੀਨਾ ਚਲਣਾ ਹੈ ਪਰਖੇ ਹੋਏ ਬੰਦਿਆਂ ਨੇ, ਉਹ ਨਾਲ ਪਰਖੇ ਹੋਏ ਅਗੇ ਰਲਾਉਂਦੇ ਜਾਣਗੇ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਜੀ ਨੇ ਬੜਾ ਭਾਰਾ ਇਕੱਠ ਕੀਤਾ ਤੇ ਬਹੁਤ ਦੂਰ ਦਰਾਜ ਤੋਂ ਸੰਗਤਾਂ ਆਈਆਂ। ਇਤਿਹਾਸ ਤਾਂ ਲਿਖਦਾ ਹੈ ਕਿ 80,000 ਬੰਦੇ ਦਾ ਇਕੱਠ ਹੋ ਗਿਆ। ਇਸ ਦਾ ਮਤਲਬ ਇਹ ਹੈ ਕਿ 50,000,00 ਬੰਦਾ ਇਕੱਠਾ ਹੋ ਗਿਆ ਅੱਜ ਦਾ ਕਿਉਂਕਿ ਜਦੋਂ ਮੈਂ ਇਥੇ ਪੜ੍ਹਦਾ ਹੁੰਦਾ ਸੀ 1923 ਵਿਚ, ਉਸ ਸਮੇਂ 1921 ਦੀ ਜਿਹੜੀ ਮਰਦਸ਼ਮਾਰੀ ਸੀ ਉਸ ਵੇਲੇ 23,00,00000 (23 ਕਰੋੜ) ਹੁੰਦੀ ਹਿੰਦੋਸਤਾਨ ਦੀ ਆਬਾਦੀ, ਵਿਚੇ ਪਾਕਿਸਤਾਨ, ਵਿਚੇ ਬੰਗਲਾ ਦੇਸ਼, ਵਿਚੇ ਬਰ੍ਹਮਾ ਵੀ ਨਾਲ ਹੀ ਰਲਿਆ ਹੁੰਦਾ, ਲੰਕਾ ਦੀ ਆਬਾਦੀ ਵੀ ਵਿਚ ਗਿਣਦੇ ਸੀ। ਗੁਰੂ ਸਾਹਿਬ ਤਾਂ 300 ਸਾਲ ਪਹਿਲਾ ਹੋਏ ਹਨ। ਇਸ ਦਾ ਮਤਲਬ ਹੈ ਕਿ ਉਦੋਂ ਥੋੜ੍ਹੀ ਜਿਹੀ ਅਬਾਦੀ ਹੋਵੇਗੀ, ਜਿੰਨੀ ਕੁ ਇਨ੍ਹਾਂ ਦੇਸ਼ਾਂ ਦੀ ਹੈ ਕੈਨੇਡਾ ਵਗੈਰਾ ਦੀ। ਉਸ ਦੇ ਵਿਚੋਂ 80,000 ਬੰਦਾ ਇਕੱਠਾ ਹੋ ਜਾਣਾ ਕੋਈ ਮੈਅਨਾ ਰੱਖਦਾ ਸੀ। ਉਸ ਵੇਲੇ

ਜਿਹੜਾ ਸਿਖੀ ਦਾ ਪ੍ਰਚਾਰ ਸੀ ਉਹ ਸਾਰੇ ਭਾਰਤਵਰਸ਼ ਵਿਚ ਸੀ। ਦ੍ਵੈਤ ਨਹੀਂ ਸੀ ਕਿਸੇ ਥਾਂ ਵੀ ਤੇ ਉਸ ਵੇਲੇ ਐਸਾ ਇੰਤਜਾਮ ਕੀਤਾ ਹੋਇਆ ਸੀ ਕਿ ਥਾਂ-ਥਾਂ ਤੇ ਗੁਰੂ ਮਹਾਰਾਜ ਜੀ ਨੇ ਕਰਨੀ-ਕਮਾਈ ਵਾਲਿਆਂ ਬੰਦਿਆਂ ਦੀਆਂ ਡਿਊਟੀਆਂ ਲਗਾਈਆਂ ਹੋਈਆਂ ਸੀ। ਉਹ ਪ੍ਰਚਾਰ ਸਾਰੇ ਕਰਦੇ ਸੀ, ਨਾਲ ਸ਼ਕਤੀਆਂ ਸੀ ਉਨ੍ਹਾਂ ਵਿਚ, ਕਲਾਵਾਨ ਪੁਰਸ਼ ਸੀ, ਪੂਰੇ ਸੀ ਗੁਰਮਤਿ ਦੇ ਹਿਸਾਬ ਨਾਲ। ਗੁਰੂ ਗ੍ਰੰਥ ਸਾਹਿਬ ਦਾ ਪ੍ਰਚਾਰ, ਗੁਰੂਆਂ ਦਾ ਇਤਿਹਾਸ ਸਾਰੇ ਭਾਰਤਵਰਸ਼ ਵਿਚ ਹੋ ਰਿਹਾ ਸੀ ਤੇ ਉਸ ਤੋਂ ਵੀ ਅੱਗੇ ਜਿਥੋਂ ਤੱਕ ਗੁਰੂ ਨਾਨਕ ਪਾਤਸ਼ਾਹ ਗਏ, ਚੀਨ ਦੇ ਲਾਮੇ ਵੀ ਤੁਰੇ ਆਉਂਦੇ ਸੀ, ਇਧਰੋਂ ਬਰ੍ਹਮਾ ਵਲੋਂ ਵੀ ਤੇ ਅੱਜ ਇਸ ਇਕੱਠ ਵਿਚ ਭਾਰਤਵਰਸ਼ ਦੇ ਨੁਮਾਇੰਦੇ ਇਕਠੇ ਹੋਏ ਸਾਰੇ। ਉਸ ਵੇਲੇ ਜ਼ਿਕਰ ਪਿਆਰ ਦਾ ਚੱਲ ਰਿਹਾ ਸੀ।

ਮਹਾਰਾਜ ਕਹਿੰਦੇ, "ਪਿਆਰਿਓ! ਪਿਆਰ ਦੀ ਕੀਮਤ ਦੇਣੀ ਪੈਂਦੀ ਹੈ, ਪਿਆਰ ਗੱਲਾਂ ਨਾਲ ਨਹੀਂ ਹੁੰਦਾ ਤੇ ਜਿਸ ਦੇ ਅੰਦਰ ਪਿਆਰ ਨਹੀਂ ਹੈ ਉਹ ਬੰਦਾ ਜਿਹੜਾ ਹੈ ਉਹ ਜੀਉਂਦਾ ਨਹੀਂ ਹੋਇਆ ਕਰਦਾ, ਉਹ ਮਰਿਆ ਹੋਇਆ ਹੋਇਆ ਕਰਦਾ ਹੈ -

***ਅਤਿ ਸੁੰਦਰ ਕੁਲੀਨ ਚਤੁਰ***
***ਮੁਖਿ ਙਿਆਨੀ ਧਨਵੰਤ॥*** ***ਅੰਗ - 253***

ਪੰਜ ਸਿਫਤਾਂ ਨੇ ਅਤਿ ਦੀਆਂ, ਅਤੀ ਕਹਿੰਦੇ ਨੇ ਬਹੁਤ ਜ਼ਿਆਦਾ (ਆਖਿਰੀ) ਜਿਸ ਤੋਂ ਅੱਗੇ ਗੱਲ ਹੀ ਕੋਈ ਨਾ ਹੋਵੇ ਤੇ ਸਾਰੀ ਦੁਨੀਆਂ ਨਾਲੋਂ ਸੋਹਣਾ ਹੋਵੇ, ਸਭ ਦੀ ਕੁਲਾਂ ਵਿਚੋਂ ਉਚੀ ਕੁਲ ਹੋਵੇ, ਚਤੁਰ ਹੋਵੇ ਤੇ ਉਸ ਦੇ ਮੁਕਾਬਲੇ ਦਾ ਕੋਈ ਚਤੁਰ ਨਾ ਹੋਵੇ ਤੇ ਗੱਲਾਂ ਬਾਤਾਂ ਦਾ ਧਨੀ ਹੋਵੇ, ਗਿਆਨੀ ਹੋਵੇ ਬ੍ਰਹਮ ਗਿਆਨ ਦੀਆਂ ਵੀ ਗੱਲਾਂ ਕਰੇ, ਦੂਸਰੀਆਂ ਵੀ ਕਰੇ ਪਰ ਹੋਵੇ ਮੂੰਹ ਦਾ ਗਿਆਨੀ, ਅਨੁਭਵ ਦਾ ਗਿਆਨੀ ਨਹੀਂ ਤੇ ਧਨ ਉਸ ਦੇ ਕੋਲ ਸਾਰੀ ਦੁਨੀਆਂ ਤੋਂ ਜਿਆਦਾ ਹੋਵੇ। ਦੁਨੀਆਂ ਦੇ ਗਜਾਂ (ਪੈਮਾਨਿਆਂ) ਦੇ ਨਾਲ ਉਹ ਬਹੁਤ ਵੱਡਾ ਬੰਦਾ ਹੈ। ਉਹ ਨਾਪਿਆ ਨਹੀਂ ਜਾ ਸਕਦਾ ਪਰ ਜਦੋਂ ਅਸੀਂ ਰੂਹਾਨੀ ਗਜ ਪਾਉਂਦੇ ਹਾਂ ਤਾਂ ਮਹਾਰਾਜ ਕਹਿੰਦੇ -

***ਮਿਰਤਕ ਕਹੀਅਹਿ ਨਾਨਕਾ***
***ਜਿਹ ਪ੍ਰੀਤਿ ਨਹੀ ਭਗਵੰਤ॥*** ***ਅੰਗ - 253***

ਉਹ ਮਿਰਤਕ ਹੈ ਮਰਿਆ ਹੋਇਆ। ਹੋਰ ਥਾਂ ਮਹਾਰਾਜ ਜੀ ਦਸਦੇ ਨੇ ਕਿ -

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥*** ***ਅੰਗ - 142***

ਜੀਉਂਦਾ ਉਹੀ ਹੈ ਜਿਸ ਦੇ ਮਨ ਵਿਚ ਵਸ ਗਿਆ, ਬਾਕੀ ਸਭ ਮੁਰਦਾ ਸਰੀਰ ਨੇ। ਦੋ ਤਰ੍ਹਾਂ ਦੇ ਮੁਰਦੇ ਹੁੰਦੇ ਨੇ। ਇਕ ਮੁਰਦੇ ਤਾਂ ਉਹ ਨੇ ਜਿਨ੍ਹਾਂ ਵਿਚੋਂ ਚੇਤਨ ਕਲਾ ਨਿਕਲ ਗਈ, ਸਰੀਰ ਗਿਰ ਗਿਆ ਤੇ ਉਸ ਦਾ ਸਾਨੂੰ ਸਸਕਾਰ ਕਰਨਾ ਪੈਂਦਾ ਹੈ, ਦੱਬਣਾ ਪੈਂਦਾ ਹੈ, ਪਾਣੀ ਵਿਚ ਰੋੜ੍ਹਨਾ ਪੈਂਦਾ

ਹੈ, ਬੇਅੰਤ ਤਰੀਕੇ ਨੇ ਲੋਕਾਂ ਦੇ ਆਪਣੀ ਮਰਜ਼ੀ ਦੇ ਹਿਸਾਬ ਨਾਲ। ਉਹ ਚੇਤਨ ਤੋਂ ਬਿਨਾ ਮੁਰਦਾ ਹੋ ਜਾਂਦਾ ਹੈ।

ਦੂਸਰਾ ਮੁਰਦਾ ਉਹ ਹੈ ਜਿਸ ਦੇ ਵਿਚ ਪ੍ਰਾਣ ਤਾਂ ਚਲਦੇ ਨੇ, ਰੋਟੀ ਵੀ ਖਾਂਦਾ ਹੈ, ਗੱਲਾਂ ਵੀ ਕਰਦਾ ਹੈ, ਪੜ੍ਹਦਾ-ਲਿਖਦਾ ਵੀ ਹੈ, ਨੌਕਰੀ ਵੀ ਕਰਦਾ ਹੈ, ਪੈਸੇ ਵੀ ਜੋੜਦਾ ਹੈ ਪਰ ਉਸ ਦੇ ਵਿਚ ਨਾਮ ਦੀ ਧਾਰਾ ਨਹੀਂ ਹੈ। ਨਾਮ ਦੀ ਰੌ ਨਾ ਹੋਣ ਕਰਕੇ ਉਹ ਮੁਰਦਿਆਂ ਵਿਚ ਗਿਣਿਆ ਜਾਂਦਾ ਹੈ। ਇਹ ਦੂਸਰੀ ਕਿਸਮ ਦੇ ਮੁਰਦੇ ਨੇ ਜਿਨ੍ਹਾਂ ਦੇ ਅੰਦਰ ਹਰਕਤ ਤਾਂ ਹੈ ਲੇਕਿਨ ਜੀਉਂਦੇ ਨਹੀਂ ਹਨ ਕਿਉਂਕਿ ਨਾਮ ਦੀ ਰੌ ਨਹੀਂ, ਨਾਮ ਦੀ ਸ਼ਕਤੀ ਉਸ ਦੇ ਵਿਚ ਨਹੀਂ ਚੱਲ ਰਹੀ। ਕਹਿੰਦੇ-

***ਜੇ ਜੀਵੈ ਪਤਿ ਲਥੀ ਜਾਇ॥ ਅੰਗ - 142***

ਜੇ ਉਹ ਕਹਿੰਦਾ ਹੈ ਕਿ ਮੈਂ ਜੀਉਂਦਾ ਹਾਂ ਤਾਂ ਉਸਦੀ ਪੱਤ ਲਹਿ ਰਹੀ ਹੈ।

***ਸਭੁ ਹਰਾਮੁ ਜੇਤਾ ਕਿਛੁ ਖਾਇ॥ ਅੰਗ - 142***

ਇਥੇ ਧਿਆਨ ਦੇਵੋ ਸਾਧ ਸੰਗਤ ਜੀ! ਇਸ ਦੇ ਅਰਥ ਬੜੇ ਗਲਤ ਕਰੇ ਹੋਏ ਨੇ ਕਿਤਾਬਾਂ ਵਾਲਿਆਂ ਨੇ। ਇਕ ਵਿਦਵਾਨ ਜਿਨ੍ਹਾਂ ਜ਼ਿਆਦਾ ਅਰਥ ਕੀਤੇ ਸੀ ਪ੍ਰਿੰਸੀਪਲ ਸੀ ਬੜੇ ਮੰਨੇ ਹੋਏ, ਸ਼੍ਰੋਮਣੀ ਕਮੇਟੀ ਨੇ ਵੀ ਬੜੇ ਇਨਾਮ ਦਿੱਤੇ ਉਸ ਨੂੰ। ਉਹ ਲੁਧਿਆਣੇ ਮਿਲ ਗਿਆ ਇਕ ਦਿਨ ਮੈਨੂੰ, ਸੰਤ ਸੁਚਾ ਸਿੰਘ ਦੇ ਪ੍ਰੋਗਰਾਮ ਤੇ।

ਮੈਂ ਕਿਹਾ, "ਪ੍ਰਿੰਸੀਪਲ ਸਾਹਿਬ! ਠਹਿਰ ਜਾਓ! ਗੱਲ ਕਰਨੀ ਹੈ ਤੁਹਾਡੇ ਨਾਲ। ਤੁਹਾਡੇ ਅਰਥ ਦੇ ਜਿਹੜੇ ਅਨਰਥ ਕਰੇ ਹੋਏ ਨੇ, ਆਹ ਰੌਲਾ ਜਿਹੜਾ ਪਿਆ ਹੋਇਆ ਹੈ ਆਹ ਸੰਤਾਪ, ਆਹ ਤੁਸੀਂ ਪੁਆਇਆ ਹੈ। ਤੁਸੀਂ ਜੁੰਮੇਵਾਰ ਹੋ, ਤੁਹਾਨੂੰ ਦਰਗਾਹ ਵਿਚ ਲੇਖਾ ਦੇਣਾ ਪੈਣਾ ਹੈ। ਤੁਸੀਂ ਆਹ ਪੜ੍ਹਨ ਵਾਲੇ ਮੁੰਡਿਆਂ ਨੂੰ ਭੜਕਾ ਦਿੱਤਾ ਕਿ ਜਿਸ ਦੀ ਪਤ ਲਹਿੰਦੀ ਹੋਵੇ ਉਸ ਦੇ ਨਾਲੋਂ ਮਰ ਜਾਣਾ ਚੰਗਾ ਹੈ ਤੇ ਤੁਸੀਂ ਉਤੇ ਤੁਕ ਲਿਖ ਦਿੱਤੀ। ਤੁਹਾਨੂੰ ਪਤਾ ਨਹੀਂ ਹੈ ਕਿ ਪਤ ਤਾਂ ਜਿਹੜੀ ਲਹਿੰਦੀ ਹੈ -

***ਵਿਣੁ ਨਾਵੈ ਪਤਿ ਗਇਆ ਗਵਾਇ॥***

***ਅੰਗ - 142***

ਇਹ ਤਾਂ ਨਾਮ ਤੋਂ ਬਿਨਾ ਪਤ ਕਹਿੰਦੇ ਨੇ ਮਹਾਰਾਜ। ਬਾਕੀ ਚਾਹੇ ਸਭ ਕੁਝ ਹੈ ਉਸ ਦੇ ਕੋਲ, ਜੇ ਨਾਮ ਨਹੀਂ ਹੈ ਤਾਂ ਉਸ ਦੀ ਪਤ ਲੱਥੀ ਹੋਈ ਹੈ, ਨਾਮ ਤੋਂ ਬਗੈਰ ਪਤ ਨਹੀਂ ਹੈ। ਤੁਸੀਂ ਪਤਾਂ ਲੁਹਾ ਦਿੱਤੀਆਂ। ਦੇਖੋ ਹੁਣ ਹਉਮੈ ਦੀਆਂ ਪਤਾਂ ਮੈਂ ਤੁਹਾਨੂੰ ਦਸਦਾ ਹਾਂ। ਬਾਪ ਕਹਿੰਦਾ ਹੈ ਮੁੰਡੇ ਨੇ ਮੇਰੀ ਪਰ੍ਹੇ ਵਿਚ ਬੇਇਜ਼ਤੀ ਕਰ ਦਿੱਤੀ, ਮੇਰੀ ਪਤ ਲਹਿ ਗਈ। ਲੜਕੀ ਮੇਰੇ ਕਹੇ ਤੇ ਵਿਆਹ ਨਹੀਂ ਕਰਾਉਂਦੀ ਮੇਰੀ ਪਤ ਲਹਿ ਗਈ। ਭਾਈਚਾਰੇ ਨੇ, ਮੇਰੇ ਭਰਾਵਾਂ ਨੇ ਬਹੁਤ ਔਖੇ ਬਚਨ ਬੋਲ ਦਿੱਤੇ ਮੇਰੀ ਪਤ ਲਹਿ ਗਈ।

ਮੈਂ ਕਿਹਾ, "ਕਿਥੇ-ਕਿਥੇ ਪਤ ਸਾਂਭੇਗਾ? ਇਹ ਤਾਂ ਫੇਰ ਮਰਨਾ ਹੀ ਪੈਣਾ

ਹੈ ਹਰ ਥਾਂ ਤੇ ਜਾਂ ਆਪਣੇ ਮੁੰਡੇ ਨੂੰ ਮਾਰ ਦੇਵੇ ਜਾਂ ਆਪ ਮਰ ਜਾਵੇ ਕਿਉਂਕਿ ਪਤ ਲਾਹ ਦਿੱਤੀ ਉਸ ਨੇ। ਆਹ ਕਿੱਡਾ ਤੂੰ ਅਰਥ ਦਾ ਅਨਰਥ ਕਰਿਆ ਹੈ। ਜਿੰਨੀਆਂ ਤੇਰੀਆਂ ਕਿਤਾਬਾਂ ਲਿਖੀਆਂ ਨੇ ਉਨ੍ਹਾਂ ਸਾਰੀਆਂ ਵਿਚ ਤੁਸੀਂ ਅੰਨ੍ਹੇ ਵਾਹ ਲਿਖ ਦਿੱਤਾ।"

ਮੇਰੇ ਕੋਲ ਇਕ ਵੱਡੇ ਅਫਸਰ ਦੀ ਕਿਤਾਬ ਆਈ ਕਿ ਇਸ ਦੇ ਉਤੇ ਲਿਖ ਦਿਓ ਤੁਸੀਂ ਥੋੜ੍ਹਾ। ਜਦੋਂ ਮੈਂ ਪੜ੍ਹੀ ਤਾਂ ਮੈਂ ਉਸ ਦੇ ਉਤੇ ਲਿਖ ਦਿੱਤਾ ਕਿ ਇਹ ਪ੍ਰਸੰਗਕ ਅਰਥ ਨਹੀਂ ਕਰੇ ਹੋਏ। ਇਹ ਕਿਤਾਬ ਸੁਤੰਤਰ ਅਰਥ ਕਰਕੇ ਲਿਖੀ ਹੋਈ ਹੈ, ਇਸ ਤਰ੍ਹਾਂ ਅਰਥ ਨਹੀਂ ਹਨ। ਮੈਂ ਕਿਹਾ, "ਦੂਜੀ ਇਕ ਹੋਰ ਵੱਡੀ ਭਾਰੀ ਗਲਤੀ ਕੀਤੀ ਹੋਈ ਹੈ।"

ਕਹਿੰਦਾ, "ਉਹ ਕਿਹੜੀ?"

ਮੈਂ ਕਿਹਾ, "ਉਹ ਇਹ ਹੈ ਕਿ ਜਦੋਂ ਯੁੱਧ ਹੋਇਆ ਏਮਨਾਬਾਦ ਦਾ। ਤੁਸੀਂ ਇਹ ਲਿਖਦੇ ਹੋ ਕਿ ਗੁਰੂ ਨਾਨਕ ਪਾਤਸ਼ਾਹ ਨੇ ਰੱਬ ਨੂੰ ਵੀ ਉਲਾਂਭਾ ਦਿੱਤਾ, ਜਬਰਦਸਤ protest (ਵਿਰੋਧ) ਕੀਤਾ। ਤੁਸੀਂ protest ਕਰਵਾਉਣਾ ਹੈ ਗੁਰੂ ਤੋਂ? ਆਹੀ ਸਿਖਾਇਆ ਗਿਆ ਹੈ ਤੈਨੂੰ?"

ਕਹਿੰਦਾ, "ਕਿਹੜਾ protest?"

ਮੈਂ ਕਿਹਾ, "ਤੇਰੀ ਕਿਤਾਬ ਵਿਚ ਲਿਖਿਆ ਹੋਇਆ ਕਿ–

***ਏਤੀ ਮਾਰ ਪਈ ਕਰਲਾਣੇ***
***ਤੈਂ ਕੀ ਦਰਦੁ ਨ ਆਇਆ॥***
***ਕਰਤਾ ਤੂੰ ਸਭਨਾ ਕਾ ਸੋਈ॥***
***ਜੇ ਸਕਤਾ ਸਕਤੇ ਕਉ ਮਾਰੇ***
***ਤਾ ਮਨਿ ਰੋਸੁ ਨ ਹੋਈ॥***
***ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥ ਅੰਗ – 360***

ਕਹਿੰਦਾ, "ਫੇਰ ਇਸ ਦੇ ਅਰਥ ਤਾਂ ਏਹੀ ਨੇ।"

ਮੈਂ ਕਿਹਾ, "ਫੇਰ ਤੁਹਾਡਾ ਸਿਧਾਂਤ ਹੀ ਗਲਤ ਹੋ ਗਿਆ, ਬਿਲਕੁਲ ਗਲਤ ਹੋ ਗਿਆ। ਜਿਸ ਅਚਾਰੀਆ ਦਾ ਸਿਧਾਂਤ ਆਪਣੇ ਆਪ ਹੀ ਉਸ ਨੇ ਗਲਤ ਕਰ ਦਿੱਤਾ ਉਹ ਕਿਤੇ ਖੜ੍ਹਾ ਹੀ ਨਹੀਂ ਹੈ। ਮੈਂ ਇਹ ਮੰਨਦਾ ਹਾਂ ਕਿ ਉਹ ਸਿੱਖ ਹੀ ਨਹੀਂ ਹੈ। ਦੋ ਘੜੀਆਂ ਮੇਰੇ ਨਾਲ ਗੱਲ ਕਰ ਲੈ ਮੈਂ ਤੇਰੇ ਤੇ ਤਰਕ ਕਰਾਂਗਾ।"

ਮੈਂ ਕਿਹਾ, "ਗੁਰੂ ਨਾਨਕ ਦੀ ਸਿਧਾਂਤ ਹੈ ਜਿਹੜੀ ਸਭ ਤੋਂ ਪਹਿਲੀਆਂ ਲਾਈਨਾਂ ਉਨ੍ਹਾਂ ਨੇ ਦੱਸੀ ਹੈ –

***ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥***
***ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥***
***ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥***

***ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥ ਅੰਗ – 1***

ਗੁਰੂ ਜੀ ਤੇ ਸਵਾਲ ਹੋਇਆ ਕਿ ਹੇ ਨਾਨਕ ਫੇਰ ਤੂੰ ਰਾਹ ਦਸ ਕੋਈ –

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ਅੰਗ – 1***

ਗੁਰੂ ਨਾਨਕ ਨੇ ਰਾਹ ਦੱਸਿਆ –

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ਅੰਗ – 1***

ਹੁਕਮ ਤੇ ਰਜ਼ਾ ਵਿਚ ਚੱਲ ਕੇ ਇਸ ਹਉਮੈ ਦਾ ਨਾਸ਼ ਹੋਵੇਗਾ ਤੇ ਕੂੜ ਦੀ ਪਾਲ ਟੁਟੇਗੀ। ਹੁਣ ਗੁਰੂ ਨਾਨਕ ਦੇਵ ਨੇ ਇਸ ਥਾਂ ਦੇ ਉਤੇ ਹੁਕਮ ਦੀ ਕਰ ਦਿੱਤੀ ਵਿਰੋਧਤਾ ਤੇ ਰੱਬ ਨੂੰ ਦੇ ਦਿੱਤਾ ਉਲਾਂਭਾ ਤਾਂ ਇਸ ਦਾ ਮਤਲਬ ਸੀ ਉਨ੍ਹਾਂ ਦਾ ਸਿਧਾਂਤ ਗਲਤ ਹੈ।

ਹੁਣ ਮੈਨੂੰ ਇਸ ਦਾ ਜਵਾਬ ਦੇ ਕਿ ਤੂੰ ਇਸ ਦਾ ਅਨਰਥ ਕਰਕੇ ਦੁਨੀਆਂ ਨੂੰ ਕੁਰਾਹੇ ਪਾਇਆ।"

ਮੈਂ ਕਿਹਾ, "ਗੱਲ ਪ੍ਰਸੰਗ ਨਾਲ ਕਰੀਦੀ ਹੈ। ਬਾਬਰ ਆ ਗਿਆ ਗੁਰੂ ਨਾਨਕ ਪਾਤਸ਼ਾਹ ਕੋਲ ਖਿਮਾ ਲੈਣ ਵਾਸਤੇ। ਉਹ ਪੜ੍ਹ ਇਤਿਹਾਸ ਦੇ ਅੰਦਰ ਕੀ ਕਹਿੰਦੇ ਨੇ। ਗੁਰੂ ਨਾਨਕ ਦੇ ਸਿਰ ਤੇ ਗਠੜੀ ਬੰਨ੍ਹ ਕੇ ਰੱਖ ਦਿੱਤੀ। ਉਹ ਗਠੜੀ ਉਪਰ ਉਪਰ ਜਾ ਰਹੀ ਹੈ।"

ਬਾਬੇ ਫਰੀਦ ਜੀ ਦਾ ਵੀ ਇਸੇ ਤਰ੍ਹਾਂ ਹੋਇਆ। ਉਸ ਨੂੰ ਫੜ੍ਹ ਕੇ ਕਿਲ੍ਹਾ ਬਣਾਉਂਦੇ ਸੀ ਫਰੀਦਕੋਟ ਦਾ। ਉਹ ਜਿਹੜਾ ਤਸਲਾ ਚੁਕਦੇ ਸੀ ਜਾਂ ਇੱਟਾਂ ਚੁਕਦੇ ਸੀ ਉਹ ਉਤੇ-ਉਤੇ ਹੀ ਰਹਿੰਦੀਆਂ ਸੀ।

ਕਈ ਪ੍ਰੇਮੀ ਕਿੰਤੂ ਕਰ ਦਿੰਦੇ ਨੇ ਕਿ ਇਹ ਵੀ ਹੁੰਦਾ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪੁਸਤਕ ਵਿਚ ਲਿਖਿਆ ਹੋਇਆ ਹੈ। ਆਹ ਬੀਬੀ ਜੀ ਦੇ ਬਾਪੂ ਜੀ ਦਾਊਦਪੁਰ ਵਾਲੇ। ਜਦੋਂ ਉਹ ਚੱਕ ਵਿਚ ਰਹਿੰਦੇ ਸੀ ਆਪਣੇ ਬਾਰ ਵਿਚ। ਉਦੋਂ ਅੱਧਾ ਪਿੰਡ ਇਕ ਪਾਸੇ ਖੜ੍ਹਦਾ ਸੀ। ਇਸ ਗੱਲ ਦਾ ਨਿਰਣਾ ਨਹੀਂ ਸੀ ਹੋ ਰਿਹਾ ਕਿ ਜਦੋਂ ਉਹ ਪੱਠੇ ਲੈ ਕੇ ਆਉਂਦੇ ਸੀ ਸਿਰ ਦੇ ਉਤੇ ਭਰੀ ਚੁਕ ਕੇ ਤਾਂ ਪਿੰਡ ਵਾਲੇ ਦੇਖਦੇ ਸੀ ਕਿ ਭਰੀ ਸਿਰ ਨਾਲ ਨਹੀਂ ਲੱਗ ਰਹੀ ਇਕ ਗਿੱਠ ਉਚੀ ਹੈ।

ਭਾਈ ਸਾਹਿਬ ਨੇ ਦੇਖ ਕੇ ਅੱਖਾਂ ਨਾਲ ਲਿਖਿਆ ਹੈ ਕਿ ਉਨ੍ਹਾਂ ਦੇ ਸਿਰ ਤੇ ਕੋਈ ਵੀ ਚੀਜ਼ ਨਹੀਂ ਸੀ ਲਗਦੀ। ਕਿਉ ਨਹੀਂ ਲਗਦੀ ਨਾਮ ਦੀ ਧਾਰਾ ਐਨੀ ਜਬਰਦਸਤ ਸੀ ਕਿ ਕੋਈ ਚੀਜ਼ ਛੋਹ ਨਹੀਂ ਸੀ ਸਕਦੀ।

ਭਾਈ ਸਾਹਿਬ ਆਪਣੇ ਬਾਰੇ ਲਿਖਦੇ ਨੇ ਕਿ ਜਦੋਂ ਸਾਨੂੰ ਜ਼ਹਿਰ ਦੇਣ ਲੱਗੇ ਹਜ਼ਾਰੀ ਬਾਗ ਜੇਲ੍ਹ ਵਿਚ, ਮੈਨੂੰ ਆ ਕੇ ਫੜ ਲਿਆ ਡਾਕਟਰਾਂ ਨੇ। ਸਾਰੇ ਜਾ ਕੇ ਕੰਧਾਂ ਨਾਲ ਵੱਜੇ। ਉਹ ਕਿਉਂ ਵੱਜੇ ਕਿਉਂਕਿ ਅੰਦਰ ਨਾਮ ਦੀ

ਧਾਰਾ ਚੱਲ ਰਹੀ ਸੀ। ਨਾਮ ਵਿਚ ਕਿਤੇ ਥੋੜ੍ਹੀ ਸ਼ਕਤੀ ਹੈ। ਨਾਮ ਵਾਲਾ ਚਾਹੇ ਤਾਂ ਗਰਕ ਕਰ ਦਿੰਦਾ ਹੈ ਨਿਗ੍ਹਾ ਨਾਲ ਸ਼ਹਿਰ ਨੂੰ। ਤੁਸੀਂ ਇਸ ਤਰ੍ਹਾਂ ਦੀਆਂ ਕਿੰਤੂਆਂ ਕਰਦੇ ਹੋ ਮਹਾਂਪੁਰਸ਼ਾਂ ਤੇ।

ਗੁਰੂ ਨਾਨਕ ਪਾਤਸ਼ਾਹ ਦੇ ਉਤੇ ਰਹਿੰਦੀ ਹੈ ਗਠੜੀ। ਮਹਾਰਾਜ ਕਹਿੰਦੇ, "ਮਰਦਾਨਿਆ! ਰਬਾਬ ਸੁਰ ਕਰ।"

ਕਹਿੰਦਾ, "ਮਹਾਰਾਜ! ਚਾਰ ਘੋੜੇ ਫੜਾਏ ਹੋਏ ਨੇ, ਮੈਂ ਰਬਾਬ ਸੁਰ ਕਰਾਂ ਜਾਂ ਘੋੜੇ ਫੜਾਂ?

ਮਹਾਰਾਜ ਕਹਿੰਦੇ, "ਆਪਾਂ ਘੋੜੇ ਫੜਨ ਵਾਸਤੇ ਆਏ ਹੋਏ ਹਾਂ ਇਥੇ? ਛੱਡ ਦੇ ਘੋੜੇ।"

ਘੋੜੇ ਛੱਡ ਦਿੱਤੇ। ਘੋੜੇ ਮਗਰ-ਮਗਰ ਜਿਧਰ ਨੂੰ ਮਰਦਾਨਾ ਜਾਂਦਾ ਹੈ ਪਿਛੇ-ਪਿਛੇ ਤੁਰੀਂ ਜਾਂਦੇ ਨੇ। ਅੱਗੇ ਗਏ ਤਾਂ ਚੱਕੀਆਂ ਤੇ ਬਠਾ ਲਏ ਸਾਰੇ ਕਿ ਆਟਾ ਪੀਸੋ। ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਸ਼ਬਦ ਦੀ ਧੁਨ ਉਠਾਈ, ਜਿੰਨੀਆਂ ਚੱਕੀਆਂ ਸੀ ਸਾਰੀਆਂ ਹੀ ਘੁੰਮਣ ਲੱਗ ਪਈਆਂ।

ਮਹਾਰਾਜ ਕਹਿੰਦੇ, "ਹੱਥ ਛੱਡ ਦਿਓ, ਪ੍ਰਮੇਸ਼ਰ ਵੱਲ ਧਿਆਨ ਕਰੋ ਸਾਰੇ।"

ਬਾਬਰ ਕੋਲ ਦੌੜਿਆ ਗਿਆ ਜਿਹੜਾ ਪਹਿਰੇਦਾਰ ਸੀ ਬਾਕੀ ਪਹਿਰੇਦਾਰ ਮਸਤ ਹੋ ਗਏ ਸਾਰੇ। ਸੁਧ ਬੁਧ ਭੁੱਲ ਗਈ ਜਦੋਂ ਗੁਰੂ ਨਾਨਕ ਦਾ ਸ਼ਬਦ ਸੁਣਿਆ। ਉਸ ਵੇਲੇ ਬਾਬਰ ਕੋਲ ਗਏ। ਬਾਬਰ ਦੌੜਿਆ ਆਇਆ ਕਿ ਹੈਂ! ਇਹੋ ਜਿਹਾ ਕਾਮਲ ਫਕੀਰ ਮੈਂ ਬੰਦ ਕਰ ਦਿੱਤਾ। ਆ ਕੇ ਖਿਮਾ ਮੰਗਦਾ ਹੈ, ਖਿਮਾ ਮੰਗ ਕੇ ਨਾਲ ਲੈ ਗਿਆ। ਲਿਜਾ ਕੇ ਗੁਰੂ ਮਹਾਰਾਜ ਨੂੰ ਆਪਣੇ ਖੇਮੇ ਦੇ ਵਿਚ ਉਚੇ ਪਲੰਘ ਤੇ ਬਿਠਾਇਆ ਤੇ ਆਪ ਕੁਰਸੀ ਤੇ ਬੈਠਾ ਹੈ।

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ, "ਬਾਬਰ! ਤੈਨੂੰ ਦਰਗਾਹ ਵਿਚ ਜਾ ਕੇ ਲੇਖੇ ਦੇਣੇ ਪੈਣਗੇ, ਤੇਰੀ ਮਦਦ ਕਰੀ -

***ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥***

***ਅੰਗ - 360***

ਤੈਥੋਂ ਹਿੰਦੋਸਤਾਨ ਫਤਹਿ ਕਰਾ ਦਿੱਤਾ ਪਰ ਪਿਆਰਿਆ ਇਕ ਗੱਲ ਦਾ ਜਵਾਬ ਦੇਹ ਕਿ ਵਾਹਿਗੁਰੂ ਸਾਰਿਆਂ ਦਾ ਹੈ ਤੇਰੇ ਵੀ ਇਸਲਾਮ ਵਿਚ ਲਿਖਿਆ ਹੋਇਆ ਹੈ ਕਿ ਸਾਰੇ ਅੱਲ੍ਹਾ ਦੀ ਜੋਤ ਹੈ।"

ਜਿਵੇਂ ਕਬੀਰ ਜੀ ਨੇ ਕਿਹਾ ਹੈ -

***ਏਕ ਨੂਰ ਤੇ ਸਭੁ ਜਗੁ ਉਪਜਿਆ***
***ਕਉਨ ਭਲੇ ਕੋ ਮੰਦੇ॥*** ***ਅੰਗ - 1350***

ਤੇ ਇਹ ਸਾਰੇ ਇਕੋ ਨੂਰ ਤੋਂ ਪੈਦਾ ਹੋਏ ਹੋਏ ਹਨ, ਤੈਨੂੰ ਤਰਸ ਨਾ ਆਇਆ ਜਦੋਂ ਤੂੰ ਮਾਰ, ਮਾਰ ਰਿਹਾ ਸੀ। ਜਦੋਂ ਤੁਹਾਡੀਆਂ ਫੌਜਾਂ ਲੜਦੀਆਂ

ਸੀ ਉਦੋਂ ਸਾਨੂੰ ਕੋਈ ਰੰਜ ਨਹੀਂ ਸੀ, ਉਹ ਵੀ ਰਾਜੇ ਤੁਸੀਂ ਵੀ ਰਾਜੇ। ਜਿਹੜਾ ਤਕੜਾ ਉਹ ਜਿੱਤ ਜਾਏਗਾ, ਜਿਹੜਾ ਮਾੜਾ ਹੈ ਉਹ ਹਾਰ ਜਾਏਗਾ ਤੇ ਜਿਸ ਵਕਤ ਤੁਸੀਂ ਲੜ ਹਟੇ ਉਸ ਤੋਂ ਬਾਅਦ ਮੈਨੂੰ ਇਸ ਤਰ੍ਹਾਂ ਦੱਸ ਕਿ ਕਦੇ ਰਾਜਾਂ ਵਿਚ ਵੀ ਅੱਜ ਤੱਕ gap (ਵਿੱਥ) ਪਿਆ ਹੈ। "

ਇਕ ਰਾਜ ਖਤਮ ਹੁੰਦਾ ਹੈ ਦੂਜਾ ਸ਼ੁਰੂ ਹੋ ਜਾਂਦਾ ਹੈ। ਜਿਸ ਵਕਤ ਅੰਗਰੇਜ਼ ਗਏ ਉਦੋਂ ਜਿਹੜਾ ਅੰਗਰੇਜ਼ਾਂ ਦਾ ਝੰਡਾ ਸੀ ਉਹ ਥੱਲੇ ਨੂੰ ਉਤਰਨ ਲੱਗ ਗਿਆ ਤੇ ਭਾਰਤ ਵਰਸ਼ ਦਾ ਉਤੇ ਨੂੰ ਚੜ ਗਿਆ। ਇਕ ਸਕਿੰਟ ਦੀ ਵੀ ਵਿੱਥ ਨਹੀਂ ਪਈ। ਉਹ ਝੰਡਾ ਉਤਰ ਗਿਆ ਥੱਲ੍ਹੇ ਆ ਲੱਗਿਆ ਧਰਤੀ ਨਾਲ ਤੇ ਭਾਰਤ ਦਾ ਝੰਡਾ ਉਤੇ ਚਲਿਆ ਗਿਆ। ਇਸ ਦਾ ਮਤਲਬ ਹੈ ਕਿ power (ਸ਼ਕਤੀ) transfer (ਬਦਲੀ) ਹੋ ਗਈ। ਉਸ ਵੇਲੇ ਜੇ ਕੋਈ ਰੌਲਾ ਗੌਲਾ ਮਚਦਾ ਹੈ ਤਾਂ ਉਸ ਦੀ ਜਿੰਮੇਵਾਰ ਭਾਰਤ ਸਰਕਾਰ ਸੀ ਕਿਉਂਕਿ ਝੰਡਾ ਉਨ੍ਹਾਂ ਦਾ ਲਹਿ ਗਿਆ ਤੇ ਜਿਸ ਦਾ ਝੰਡਾ ਚੜ੍ਹਿਆ ਉਹ ਜਿੰਮੇਵਾਰ ਹੈ।

ਮਹਾਰਾਜ ਕਹਿੰਦੇ, "ਜਦੋਂ ਲੋਧੀ ਹਾਰ ਗਏ ਉਨ੍ਹਾਂ ਦੀਆਂ ਫੌਜਾਂ ਮੈਦਾਨ ਛੱਡ ਕੇ ਭੱਜ ਗਈਆਂ ਤਾਂ ਮੈਨੂੰ ਇਹ ਦੱਸ ਤੂੰ ਕਿ ਕਤਲੇਆਮ ਕਿਉਂ ਕਰਾਈ? ਤੇਰਾ ਰਾਜ ਹੋਇਆ ਕਿ ਨਹੀਂ?"

ਕਹਿੰਦਾ, "ਹਾਂ ਮੇਰਾ ਹੋਇਆ।"

ਕਹਿੰਦੇ, ਫੇਰ ਤੈਨੂੰ ਤਰਸ ਨਾ ਆਇਆ ਆਪਣੀ ਜਨਤਾ ਨੂੰ ਮਾਰਦੇ ਨੂੰ?"

***ਏਤੀ ਮਾਰ ਪਈ ਕਰਲਾਣੇ***
***ਤੈਂ ਕੀ ਦਰਦੁ ਨ ਆਇਆ॥*** ***ਅੰਗ - 360***

ਤੈਨੂੰ ਦਰਦ ਨਾ ਆਇਆ ਤੇ ਜਦੋਂ ਲੜਦੇ ਸੀ ਤਾਂ ਸਾਡੇ ਮਨ ਵਿਚ ਕੋਈ ਰੋਸ ਨਹੀਂ। ਜਦੋਂ ਤੂੰ ਸਕਤਾ ਹੋ ਕੇ, ਹਥਿਆਰਬੰਦ ਹੋਕੇ, ਬਾਦਸ਼ਾਹ ਹੋ ਕੇ ਇਹ ਸ਼ੇਰ ਰੂਪੀ ਫੌਜਾਂ ਨੂੰ, ਪਰਜਾ ਨੂੰ ਖਵਾਉਣ ਵਾਸਤੇ ਭੇਜਿਆ ਹੁਣ ਫੇਰ ਪਿਆਰਿਆ ਤੈਥੋਂ ਜਵਾਬ ਹੋਏਗਾ ਦਰਗਾਹ ਵਿਚ।"

ਢਲ ਗਿਆ, ਡਰ ਗਿਆ, ਚਰਨ ਫੜ ਲਏ।

ਮੈਂ ਕਿਹਾ, "ਇਨ੍ਹਾਂ ਤੁਕਾਂ ਦਾ ਤਾਂ ਆਹ ਅਰਥ ਹੈ ਤੂੰ ਹੋਰ ਹੀ ਕੱਢੀ ਜਾਂਦਾ ਹੈ।"

ਗੁਰੂ ਨਾਨਕ ਦਾ ਸਿਧਾਂਤ ਹੈ -

***ਕਹੁ ਨਾਨਕ ਕਰਤੇ ਕੀਆ ਬਾਤਾ***
***ਜੋ ਕਿਛੁ ਕਰਣਾ ਸੁ ਕਰਿ ਰਹਿਆ॥***
***ਅੰਗ - 469***

ਵਾਹਿਗੁਰੂ ਕਰ ਰਿਹਾ ਹੈ ਜੋ ਕੁਝ ਕਰਨਾ ਹੈ ਤੇ ਵਾਹਿਗੁਰੂ ਨੂੰ ਉਲਾਂਭਾ, ਓਲਾਂਭਾ ਤਾਂ ਕੋਈ ਦਿੰਦਾ ਨਹੀਂ। ਗੁਰਮਤਿ ਵਿਚ ਨਹੀਂ ਹੈ ਪਹਿਲਿਆਂ ਸਮਿਆਂ ਵਿਚ ਓਲਾਂਭੇ ਦਿੰਦੇ ਸੀ ਕਿ ਮੈਂ ਤੇਰਾ ਭਜਨ ਕਰਿਆ -

*ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ॥*
*ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ॥*

*ਅੰਗ - 858*

ਤਿੰਨ ਓਲਾਂਭੇ ਦਿੱਤੇ ਉਸ ਨੇ ਲੇਕਿਨ ਜਦੋਂ ਕਿਹਾ -

*ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ॥*
*ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ॥*

*ਪੰਨਾ - 858*

ਰਾਹ ਦੇ ਉਤੇ ਆ ਗਿਆ ਉਸੇ ਵੇਲੇ ਸੱਚੇ ਤੇ। ਸੋ ਗੁਰਮਤਿ ਦੇ ਵਿਚ ਤਾਂ ਓਲਾਂਭਾ ਹੈ ਹੀ ਨਹੀਂ ਇਥੇ ਤਾਂ ਏਹੀ ਹੈ ਕਿ -

*ਤੇਰੇ ਭਾਣੇ ਸਰਬਤ ਕਾ ਭਲਾ।*

ਦੂਸਰਾ ਹੈ ਕਿ ਹੇ ਵਾਹਿਗੁਰੂ! ਜੇ ਭਾਣਾ ਤੂੰ ਵਰਤਾਉਣਾ ਹੈ ਤਾਂ ਮਨਾ ਵੀ ਤੂੰ ਆਪ। ਉਬਲਦੀ ਦੇਗ ਵਿਚ ਓਲਾਂਭਾ ਨਹੀਂ ਦਿੱਤਾ ਕਿ ਮੈਂ ਤੇਰਾ ਭਜਨ ਕਰਿਆ, ਆਰੇ ਨਾਲ ਚੀਰਿਆ ਜਾਂਦਾ ਹੈ ਓਲਾਂਭਾ ਨਹੀਂ ਦਿੱਤਾ ਸਗੋਂ ਇਹ ਕਿਹਾ ਹੈ ਕਿ ਆਰਾ ਮੈਨੂੰ ਪਿਆਰਾ ਲਗਦਾ ਹੈ, ਜਿਉਂ-ਜਿਉਂ ਚੀਰਦਾ ਹੈ ਕਿਉਂਕਿ ਮੈਂ ਇਸ ਸਰੀਰ ਵਿਚੋਂ ਆਪਣੇ ਦੇਸ ਨੂੰ ਆ ਰਿਹਾ ਹਾਂ।

ਸੋ ਇਸ ਤਰ੍ਹਾਂ ਅਰਥਾਂ ਦੇ ਅਨਰਥ ਕਰਕੇ ਸਾਨੂੰ ਉਲਟਿਆਂ ਰਾਹਾਂ ਤੇ ਪਾ ਦਿੱਤਾ। ਸੋ ਗੁਰੂ ਮਹਾਰਾਜ ਸੱਚੇ ਪਾਤਸ਼ਾਹ ਗੁਰੂ ਦਸਮੇਸ਼ ਪਿਤਾ ਸਾਰਿਆਂ ਨੂੰ ਕਹਿੰਦੇ ਨੇ ਕਿ ਪਿਆਰਿਓ! ਜਿਸ ਦੇ ਅੰਦਰ ਪਿਆਰ ਨਹੀਂ ਹੈ ਉਹ ਮੁਰਦਾ ਹੈ -

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ॥* *ਅੰਗ - 253*
*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ*
*ਸੋ ਤਨੁ ਜਾਣੁ ਮਸਾਨੁ॥* *ਅੰਗ - 1380*

ਜਿਸ ਦੀਆਂ ਅੱਖਾਂ ਵਿਚੋਂ ਪ੍ਰਮੇਸ਼ਰ ਦੀ ਯਾਦ ਵਿਚ ਹੰਝੂ ਨਹੀਂ ਗਿਰਦੇ ਉਹ ਤਾਂ ਮਸਾਨ ਹੋਇਆ ਹੋਇਆ ਹੈ ਹਿਰਦਾ, ਜਾਲ ਦਿੱਤਾ ਆਸਾ ਤੇ ਤ੍ਰਿਸ਼ਨਾ ਨੇ। ਤ੍ਰਿਸ਼ਨਾ ਦੇ ਭਾਬੜ ਬਲਦੇ ਨੇ।

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥*
*ਪਰੈ ਪਰੈ ਹੀ ਕਉ ਲੁਝੀ ਹੇ॥* *ਅੰਗ - 213*

ਆਸਾ ਤੇ ਅੰਦੇਸਾ ਵਿਚ ਜਲ ਗਿਆ ਹਿਰਦਾ ਤੇ ਪਿਆਰ ਤੋਂ ਬਿਨਾਂ ਮਹਾਰਾਜ ਕਹਿੰਦੇ ਮਰਿਆ ਹੋਇਆ ਹੈ ਇਹ। ਇਸ ਦੇ ਪ੍ਰਾਣ ਚਲਦੇ ਨੇ, ਰੋਟੀ ਖਾਂਦਾ ਹੈ, ਕੰਮ ਕਰਦਾ ਹੈ ਪਰ ਇਹ ਮੁਰਦਾ ਕੰਮ ਕਰਦਾ ਹੈ ਸਾਰੇ। ਸੋ ਜੀਵਨ ਹੋਰ ਹੈ।

ਗੁਰੂ ਮਹਾਰਾਜ ਕਹਿੰਦੇ ਜੇ ਪਿਆਰ ਦਾ ਜੀਵਨ ਜੀਉਣਾ ਹੈ ਪਿਆਰਿਆ

ਫੇਰ ਇਸ ਦਾ ਕੋਈ ਮੁੱਲ ਦੇਣਾ ਪੈਂਦਾ ਹੈ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰੇ ਨੇ ਪੜ੍ਹੋ ਪਿਆਰ ਨਾਲ –

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ – 1413*

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ – 1102*

ਪਿਆਰਿਆ! ਜੇ ਪ੍ਰੇਮ ਕਰਨਾ ਹੈ ਤਾਂ ਪ੍ਰੇਮ ਵਿਚ ਹੰਗਤਾ ਤੇ ਮਮਤਾ, 'ਮੈ' ਭਾਵ, ਦੇਹ ਅਧਿਆਸ ਖਤਮ ਕਰਨਾ ਪੈਣਾ ਹੈ। ਜੇ ਤੂੰ ਵੀ ਹੈ ਤੇ ਰੱਬ ਵੀ ਹੈ ਤਾਂ ਪਿਆਰ ਦੇ ਵਿਚ ਦੋ ਨਹੀਂ ਹੋਇਆ ਕਰਦੇ, ਇਕ ਹੋਇਆ ਕਰਦਾ ਹੈ। ਜੇ ਮੇਰੀ ਤੇ ਤੇਰੀ ਤੇਰੇ ਅੰਦਰ ਹੈ ਤਾਂ ਅਜੇ ਪਿਆਰ ਤੋਂ ਬੜਾ ਦੂਰ ਹੈਂ ਤੂੰ ਤੇ ਇਸ ਦੀ ਕੁਰਬਾਨੀ ਦੇਣੀ ਪੈਂਦੀ ਹੈ। ਦੁਨੀਆਂ ਦੇ ਕੱਚੇ ਪਿਆਰ ਦੇਖ ਲਓ।

ਗੁਰੂ ਮਹਾਰਾਜ ਗੁਰੂ ਦਸਵੇਂ ਪਾਤਸ਼ਾਹ ਬਠਿੰਡੇ ਦੇ ਕਿਲ੍ਹੇ ਵਿਚ ਠਹਿਰੇ ਹੋਏ ਨੇ। ਹੇਠਾਂ ਇਕ ਬਲੋਚਾਂ ਦਾ ਕਾਫਲਾ ਆ ਗਿਆ। ਉਨ੍ਹਾਂ ਨੇ ਰਾਤ ਨੂੰ ਸੱਸੀ ਪੁੰਨੂ ਦਾ ਗਾਣਾ ਗਾਉਣਾ ਸ਼ੁਰੂ ਕਰ ਦਿੱਤਾ। ਸਿੰਘ ਘਬਰਾ ਗਏ। ਮਹਾਰਾਜ ਕੋਲ ਆਏ। ਮਹਾਰਾਜ ਬੈਠੇ ਜਾਗਦੇ ਨੇ।

ਕਹਿੰਦੇ, "ਸੱਚੇ ਪਾਤਸ਼ਾਹ! ਆਹ ਬਲੋਚਾਂ ਦਾ ਕਾਫਲਾ ਆਇਆ ਹੈ, ਇਹ ਗਾਉਣ ਲੱਗ ਗਏ, ਹੁਕਮ ਹੋਵੇ ਤਾਂ ਇਨ੍ਹਾਂ ਨੂੰ ਦਬੱਲ ਦੇਈਏ ਇਥੋਂ?"

ਮਹਾਰਾਜ ਕਹਿੰਦੇ, ਨਾ-ਨਾ ਕੁਝ ਨਹੀਂ ਕਹਿਣਾ ਉਨ੍ਹਾਂ ਨੂੰ। ਸਵੇਰੇ ਜਿਹੜਾ ਇਹ ਗਾਉਂਦਾ ਹੈ ਉਸ ਨੂੰ ਸਾਡੇ ਕੋਲ ਲੈ ਕੇ ਆਇਓ।"

ਗੱਲ ਆਈ ਗਈ ਹੋ ਗਈ। ਸਵੇਰਾ ਹੋ ਗਿਆ।

ਜਾ ਕੇ ਬੜਾ ਘੂਰ ਕੇ ਸਿੰਘ ਬੋਲੇ, ਕਿਹੜਾ ਗਾਉਂਦਾ ਸੀ ਓ, ਤੁਹਾਡੇ ਵਿਚੋਂ। ਗੁਰੂ ਮਹਾਰਾਜ ਨੇ ਕਿਹਾ ਹੈ ਕਿ ਸਾਡੇ ਕੋਲ ਆਓ।"

ਉਹ ਜਿਹੜਾ ਵਿਚਾਰਾ ਗਾਉਂਦਾ ਸੀ ਉਸ ਨੂੰ ਲੈ ਗਏ। ਪੰਜ ਚਾਰ ਜਿਹੜੇ ਮੁਖੀ ਸੀ ਉਹ ਵੀ ਨਾਲ ਚਲੇ ਗਏ। ਮਹਾਰਾਜ ਜੀ ਦੇ ਕੋਲ ਗਿਆ, ਜਾ ਕੇ ਨਮਸ਼ਕਾਰ ਕਰੀ।

ਮਹਾਰਾਜ ਕਹਿੰਦੇ, "ਪ੍ਰੇਮੀਆ! ਤੂੰ ਗਾਉਂਦਾ ਸੀ?"

ਕਹਿੰਦਾ, ਜੀ ਮੈਨੂੰ ਪਤਾ ਨਹੀਂ ਸੀ ਕਿ ਤੁਸੀਂ ਏਥੇ ਟਿਕੇ ਹੋਏ ਹੋ।"

ਕਹਿੰਦੇ, "ਨਹੀਂ ਨਹੀਂ, ਮੇਰੀ ਗੱਲ ਦਾ ਜਵਾਬ ਦੇਹ। ਇਹ ਨਾ ਕਹਿ।"

ਕਹਿੰਦਾ, "ਹਾਂ ਜੀ! ਮੈਂ ਗਾਉਂਦਾ ਸੀ।"

ਕਹਿੰਦੇ, ਹੁਣ ਅਸੀਂ ਸਾਰੇ ਖਾਲਸੇ ਨੂੰ ਇਥੇ ਬਲਾਉਂਦੇ ਹਾਂ ਇਥੇ ਬੈਠਦੇ ਹਾਂ ਅਸੀਂ। ਓਹੀ ਗਾਣਾ ਇਕ ਵਾਰੀ ਸੁਣਾ ਦੇ।"

ਕਹਿੰਦਾ, "ਸੱਚੇ ਪਾਤਸ਼ਾਹ! ਮੈਂ ਤੁਹਾਡੇ ਸਾਹਮਣੇ ਤਾਂ ਗਾ ਨਹੀਂ ਸਕਦਾ।"

ਕਹਿੰਦੇ, "ਫੇਰ।"

ਕਹਿੰਦਾ, "ਕਨਾਤ ਲਗਵਾ ਦਿਓ।"

ਕਨਾਤ ਲਗਵਾ ਦਿੱਤੀ ਮਹਾਰਾਜ ਨੇ। ਉਸ ਨੇ ਪੂਰਾ ਸੱਸੀ-ਪੁਨੂੰ ਜਦੋਂ ਗਾਇਆ ਤਾਂ ਕਈ ਸਿੰਘ ਕਹਿਣ ਲੱਗੇ, "ਮਹਾਰਾਜ! ਕੱਚੀ ਬਾਣੀ ਆਪ ਦੇ ਦਰਬਾਰ ਵਿਚ ਪੜ੍ਹੀ ਗਈ ਹੈ।"

ਮਹਾਰਾਜ ਕਹਿੰਦੇ, "ਪਿਆਰਿਓ! ਤੁਸੀਂ ਗੱਲ ਨਹੀਂ ਸਮਝੀ, ਮੈਂ ਤਾਂ ਗੱਲ ਸਮਝਾਉਣ ਵਾਸਤੇ ਕਰਿਆ ਹੈ। ਤੁਸੀਂ ਬਾਣੀ ਦੇ ਰੌਲੇ-ਗੌਲੇ ਵਿਚ ਪੈ ਗਏ। ਸਮਝ ਵਿਚ ਆਇਆ ਤੁਹਾਡੇ ਕੁਝ?"

ਕਹਿੰਦੇ, "ਨਾ ਮਹਾਰਾਜ! ਅਸੀਂ ਤਾਂ ਆਹੀ ਸਮਝੇ ਕਿ ਸੱਸੀ ਸੀ, ਪੁੰਨੂੰ ਚਲਿਆ ਗਿਆ ਉਸ ਨੂੰ ਲੈ ਗਏ ਤੇ ਉਹ ਥਲਾਂ ਦੇ ਵਿਚ ਤੜਫ-ਤੜਫ ਕੇ ਮਰ ਗਈ।"

ਮਹਾਰਾਜ ਕਹਿੰਦੇ, "ਤੁਹਾਡੇ ਸਮਝ ਵਿਚ ਨਹੀਂ ਆਇਆ ਕੁਝ? ਇਸ ਤੋਂ ਅੱਗੇ ਕੁਝ ਨਹੀਂ ਆਇਆ?"

ਮਹਾਰਾਜ ਕਹਿੰਦੇ, ਓ ਪਿਆਰਿਓ ਗੁਰਸਿਖੋ! ਉਹ ਕੱਚਾ ਪਿਆਰ ਦਰਗਾਹ ਵਿਚ ਉਸ ਨੇ ਨਿਭਣਾ ਨਹੀਂ, ਗੁਰੂ ਨੇ -

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥***
***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥***

***ਅੰਗ - 1281***

ਗੁਰੂ ਨੇ ਦਰਗਾਹ ਦੇ ਵਿਚ ਜਾਣਾ ਹੈ। ਉਥੇ ਤੁਹਾਡੀ ਸਹਾਇਤਾ ਕਰਨੀ ਹੈ, ਜਮਾਂ ਨੂੰ ਨੇੜੇ ਨਹੀਂ ਆਉਣ ਦੇਣਾ ਤੇ ਉਸ ਦੇ ਨਾਲ ਤਾਂ ਪਿਆਰ ਹੈ ਨਹੀਂ।

ਉਹ ਇਕ ਬੀਬੀ, ਸੱਸੀ ਤੁਸੀਂ ਸੁਣੀ, ਉਸ ਦਾ ਇਕ ਬੰਦੇ ਨਾਲ ਕਿੰਨਾ ਪਿਆਰ ਪਿਆ ਹੋਇਆ ਹੈ ਕਿ ਉਹ ਥਲਾਂ ਦੇ ਵਿਚ ਤੜਫ-ਤੜਫ ਕੇ ਮਰ ਗਈ, ਪਿਛੇ ਨਹੀਂ ਹਟੀ ਤੇ ਤੁਸੀਂ ਚੌਥੇ ਕੁ ਦਿਨ ਕਹਿ ਦਿੰਦੇ ਹੋ ਕਿ ਜੀ!

ਘਰੋਂ ਸੁਨੇਹਾ ਆਇਆ ਹੈ। ਗੁਰੂ ਦੇ ਪਿਆਰ ਦਾ ਪਤਾ ਨਾ ਕਦੇ ਵਾਸਤਾ ਹੈ ਕਹਿ ਦਿੰਦਾ ਹੈ ਜੀ! ਮੇਰੇ ਘਰੋਂ ਸੁਨੇਹਾ ਆਇਆ ਹੈ ਮੈਨੂੰ ਛੁਟੀ ਦੇ ਦਿਓ। ਤੁਹਾਡਾ ਪਿਆਰ ਹੈ ਕਿਸੇ ਦਾ?"

ਗਰਜ਼ ਦੇ ਵਿਚ ਨੇ, ਗੁਰੂ ਪਿਆਰ ਚਾਹੁੰਦਾ ਹੈ ਸੱਚਾ। ਪਿਆਰ ਦੇ ਨਾਲ ਕੀ ਹੁੰਦਾ ਹੈ ਆਪਾ ਕੁਰਬਾਨ ਹੁੰਦਾ ਹੈ ਤੇ ਅੱਜ ਦੀਵਾਨ ਲੱਗਿਆ ਹੋਇਆ ਹੈ ਗੁਰੂ ਮਹਾਰਾਜ ਨੇ ਸਿਖੀ ਦੀ ਪਰਖ ਕਰਨ ਵਾਸਤੇ ਕਸਵੱਟੀ ਲਾ ਦਿੱਤੀ ਬੜੀ ਸਖਤ। ਇਹ ਪਹਿਲਾਂ ਨਹੀਂ ਸੀ ਲੱਗੀ। ਗੁਰੂ ਨਾਨਕ ਪਾਤਸ਼ਾਹ ਵੇਲੇ ਜਦੋਂ ਕਸਵੱਟੀ ਲੱਗੀ ਆਪ ਨੇ ਧਾਣਕ ਰੂਪ ਧਾਰ ਲਿਆ। ਕਿਰਿਆ ਗੁਰੂ ਨਾਨਕ ਨੇ ਕਿਹੋ ਜਿਹੀ ਕਰ ਲਈ? ਉਸ ਵੇਲੇ ਬਸਤਰ ਦੋ ਹੀ ਰੱਖਣ ਲੱਗ ਗਏ ਇਕ ਤੇੜ ਸੀ ਪਰਨਾ ਤੇ ਦੂਸਰਾ ਸੀ ਸਿਰ ਦੇ ਉਤੇ ਤੇ ਰਹਿਣ ਵਾਸਤੇ ਸਾਢੇ ਤਿੰਨ ਫੁਟ ਉਚੀ ਝੌਂਪੜੀ ਬਣਾ ਲਈ ਤੇ ਤਿੰਨ ਫੁਟ ਚੌੜੀ ਉਸ ਦੇ ਵਿਚ ਥੱਲੇ ਰੋੜੇ ਵਿਛਾ ਦਿੱਤੇ। ਮਹਾਰਾਜ ਜੀ ਤੜਕੇ ਹੀ ਇਕ ਵਜੇ ਉਠ ਜਾਇਆ ਕਰਨ ਤੇ ਰਾਵੀ ਵਿਚ ਜਾ ਕੇ ਖੜ੍ਹ ਜਾਇਆ ਕਰਨ, ਗੁਰੂ ਅੰਗਦ ਸਾਹਿਬ ਨਾਲ ਹੁੰਦੇ।

ਇਕ ਦਿਨ ਗੁਰੂ ਅੰਗਦ ਪਾਤਸ਼ਾਹ ਨੇ ਕਿਹਾ ਕਿ ਦੇਖੋ ਕਿੰਨਾ ਠੰਢਾ ਪਾਣੀ ਹੈ ਬਰਫ ਵਰਗਾ, ਤੜਕੇ ਦੇ ਪਾਣੀ ਵਿਚ ਖੜ੍ਹੇ ਨੇ ਮੈਂ ਵੀ ਨਾਲ ਹੀ ਖੜ੍ਹਦਾ ਹਾਂ। ਜਦੋਂ ਆਪ ਥੋੜ੍ਹੀ ਦੇਰ ਖੜ੍ਹੇ ਤਾਂ ਬੇ-ਹੋਸ਼ ਹੋ ਗਏ। ਇਕ ਦਮ ਗੁਰੂ ਨਾਨਕ ਪਾਤਸ਼ਾਹ ਨੱਠ ਕੇ ਆਏ, ਆ ਕੇ ਬਾਹਰ ਕੱਢੇ, ਆਪਣੇ ਅਗੂੰਠੇ ਦੀ ਨਿੱਘ ਦੇ ਕੇ ਉਨ੍ਹਾਂ ਨੂੰ ਸੁਰਜੀਤ ਕਰ ਦਿੱਤਾ।

ਕਹਿੰਦੇ, "ਪੁਰਖਾ! ਤੂੰ ਕਿਉਂ ਇਹ ਗੱਲਾ ਕਰਦਾ ਹੈਂ? ਅਸੀਂ ਜੋ ਕੁਝ ਕਰ ਰਹੇ ਹਾਂ ਉਹ ਤੁਹਾਡੇ ਵਾਸਤੇ ਕਰ ਰਹੇ ਹਾਂ। ਜਿੰਨਿਆ ਨੇ ਆਉਣਾ ਹੈ ਉਨ੍ਹਾਂ ਵਾਸਤੇ ਕਰ ਰਹੇ ਹਾਂ।"

ਫੇਰ 4 ਮੀਲ ਰਾਤ ਨੂੰ ਘੁੰਮੀ ਜਾਣਾ। 4 ਮੀਲ ਚਲੇ ਜਾਣਾ ਉਥੋਂ ਮੁੜ ਆਉਣਾ। ਗੁਰੂ ਅੰਗਦ ਸਾਹਿਬ 2 ਮੀਲ ਤੇ ਖੜ੍ਹ ਜਾਂਦੇ ਸੀ। ਜਦੋਂ ਗੁਰੂ ਜੀ ਨੇ ਇਧਰ (ਸੱਜੇ) ਨੂੰ ਜਾਣਾ ਤਾਂ ਇਧਰ ਨੂੰ ਝਾਕੀਂ ਜਾਣਾ ਜਦੋਂ ਉਧਰ (ਖੱਬੇ) ਨੂੰ ਜਾਣਾ ਤਾਂ ਇਧਰ ਨੂੰ ਦੇਖੀ ਜਾਣਾ। ਫੇਰ ਆਪ ਨੇ ਉਸ ਝੌਂਪੜੀ ਵਿਚ ਜਾ ਵੜਨਾ, ਕਰਤਾਰਪੁਰ ਤੋਂ ਥੋੜ੍ਹਾ ਹਟ ਕੇ ਸੀ। ਉਨ੍ਹਾਂ ਦੀ ਐਸੀ ਕਿਰਿਆ ਦੇਖ ਕੇ ਸਿੱਖਾਂ ਦੇ ਮਨਾਂ ਵਿਚ ਸ਼ੱਕ ਹੋ ਗਿਆ ਕਿ ਇਹ ਗੁਰੂ ਮਹਾਰਾਜ ਕੀ ਕਰਨ ਲੱਗ ਗਏ। ਉਸ ਵੇਲੇ 20,000 ਦੀ ਗਿਣਤੀ ਉਥੇ ਸੀ, ਕਰਤਾਰਪੁਰ।

ਮਹਾਰਾਜ ਕਹਿੰਦੇ, "ਲੰਗਰ ਇਕ ਵਕਤ ਚੱਲਿਆ ਕਰੇਗਾ।"

ਇਕ ਵਕਤ ਚੱਲਣ ਲੱਗ ਗਿਆ।

ਫੇਰ ਕਹਿੰਦੇ, "ਇਕ ਦਿਨ ਬੰਦ, ਮਸਤਾਨਾ ਤੇ ਇਕ ਦਿਨ ਚਲਿਆ ਕਰੇਗਾ।"

ਫੇਰ ਦੋ ਦਿਨ ਕਰ ਦਿੱਤਾ ਮਸਤਾਨਾ ਕਿ ਤੀਜੇ ਦਿਨ ਚਲੇਗਾ। ਉਥੇ

1000 ਕੁ ਬੰਦਾ ਰਹਿ ਗਿਆ। 19,000 ਬੰਦਾ ਨੱਠ ਗਿਆ ਕਿ ਅਸੀਂ ਤਾਂ ਭੁੱਖੇ ਹੀ ਮਰ ਜਾਵਾਂਗੇ। ਫੇਰ ਮਹਾਰਾਜ ਜੀ ਨੇ ਕਿਹਾ ਕਿ ਕਣਕ ਬੀਜੋ 500 ਹਲ ਲੈ ਕੇ ਕਣਕ ਬੀਜ ਦਿੱਤੀ, ਸਾਰਾ ਹੀ ਚੱਕ ਖਾਲੀ ਪਿਆ ਸੀ। ਆਸ ਹੋ ਗਈ ਕਿ ਚਲੋ ਹੁਣ ਕਣਕ ਹੋ ਜਾਏਗੀ, ਲੰਗਰ ਫੇਰ ਚਲਣਗੇ।

ਜਦੋਂ ਕਣਕ ਵੱਢ ਲਈ, ਮਹਾਰਾਜ ਕਹਿੰਦੇ ਕਿ ਢੇਰ ਲਾ ਲਓ। ਢੇਰ ਲਾ ਲਏ, ਗਰੇ ਲਾ ਲਏ।

ਕਹਿੰਦੇ, "ਮਹਾਰਾਜ! ਹੁਣ ਹੁਕਮ ਕੀ ਹੈ? ਫਲ੍ਹੇ ਜੋੜੀਏ?"

ਕਹਿੰਦੇ, "ਨਹੀਂ! ਅੱਗ ਲਾ ਦਿਓ ਇਸ ਨੂੰ।"

ਉਸ ਵੇਲੇ ਸਾਰੇ ਝਿਜਕ ਗਏ। ਮਹਾਰਾਜ ਨੇ ਗੁਰੂ ਅੰਗਦ ਪਾਤਸ਼ਾਹ ਵੱਲ ਦੇਖਿਆ।

ਕਹਿੰਦੇ, "ਪੁਰਖਾ! ਤੂੰ ਲਾ ਦੇ।" ਉਨ੍ਹਾਂ ਨੇ ਆ ਕੇ ਮਿੰਟਾਂ ਦੇ ਅੰਦਰ ਹੀ ਸਾਰੇ ਸਾੜ ਦਿੱਤੇ।

ਉਨ੍ਹਾਂ ਨੇ ਸੋਚਿਆ ਕਿ ਅੱਗੇ ਹੀ ਭੁਖੇ ਮਰਦੇ ਹਾਂ ਤੇ ਕਣਕ ਵੀ ਗਈ। ਮਹਾਰਾਜ ਨੂੰ ਪਤਾ ਨਹੀਂ ਕੀ ਹੋ ਗਿਆ। ਮਹਾਰਾਜ ਨੇ ਧਾਣਕ ਰੂਪ ਧਾਰ ਲਿਆ, ਸ਼ਿਕਾਰੀਆਂ ਵਾਲਾ, ਕੁੱਤੇ ਵਗੈਰਾ ਨਾਲ ਲੈ ਲੈਣੇ ਤੇ ਇਧਰ ਉਧਰ ਫਿਰੀ ਜਾਣਾ। ਸਿੱਖ ਜਿਹੜਾ ਨੇੜੇ ਆਉਣਾ ਸਲੋਤਰ (ਡੰਡਾ) ਰੱਖ ਲਿਆ ਹੱਥ ਵਿਚ ਨੱਠ ਕੇ ਜਾ ਕੇ ਮਾਰਨਾ ਪਿੱਠ ਤੇ। ਉਹ ਖਿੰਡ ਗਏ ਸਾਰੇ 100 ਕੁ ਬੰਦਾ ਰਹਿ ਗਿਆ, ਬਾਕੀ ਸਾਰਾ ਹੀ ਨੱਠ ਗਿਆ। ਹੁਣ 100 ਨੂੰ ਮਹਾਰਾਜ ਕਹਿੰਦੇ ਕਿ ਇਨ੍ਹਾਂ ਨੂੰ ਵੀ ਕਿਵੇਂ ਕਰੀਏ। ਜਦੋਂ ਡੰਡਾ ਲੈ ਕੇ ਨਠਦੇ ਹਨ ਤਾਂ ਹੁਣ ਸਿਖ ਹੋ ਗਏ ਹੁਸ਼ਿਆਰ, ਦੂਰੋਂ ਹੀ ਮੱਥਾ ਟੇਕਣ ਤੇ ਨਾਲ ਖਿਆਲ ਰੱਖਣ ਕਿ ਡੰਡਾ ਨਾ ਆ ਜਾਵੇ ਕਿਤੇ, ਨੱਠ ਜਾਣ ਪਹਿਲਾਂ ਹੀ। ਇਕ ਵਾਰੀ ਮਹਾਰਾਜ ਜੀ ਨੇ ਨੱਠ ਨੱਠ ਕੇ ਕੁੱਟੇ। ਬਹੁਤ ਸਾਰੇ ਨੱਠ ਗਏ। ਆਪ ਪਿਛੇ ਪਿਛੇ ਜਾ ਰਹੇ ਨੇ 20-25 ਰਹਿ ਗਏ। ਮਹਾਰਾਜ ਨੇ ਆਪਣੀਆਂ ਜੇਬਾਂ ਵਿਚੋਂ ਰੁਪਈਆਂ ਦੀਆਂ ਮੁਠੀਆਂ ਭਰ-ਭਰ ਕੇ ਸੁਟਣੀਆਂ ਸ਼ੁਰੂ ਕਰ ਦਿਤੀਆਂ ਤੇ ਐਨੀ ਸੁਟੀਆਂ ਕਿ ਧਰਤੀ ਚਿੱਟੀ ਹੋ ਗਈ। ਲੋਕ ਰੁਪਈਏ ਚੁਕਣ ਲੱਗ ਗਏ, ਗਠੜੀਆਂ ਬੰਨ੍ਹ ਲਈਆਂ ਤੇ ਤੁਰਦੇ ਲੱਗੇ। ਅੱਗੇ ਮਹਾਰਾਜ ਨੇ ਮੋਹਰਾਂ ਸੁਟਣੀਆਂ ਸ਼ੁਰੂ ਕਰ ਦਿੱਤੀਆਂ। ਉਹ ਲੈ ਕੇ ਵੀ ਚਲੇ ਗਏ ਕਿਉਂਕਿ ਮਹਾਰਾਜ ਮਾਰਨ ਵੀ ਆਉਂਦੇ ਸੀ ਨਾਲ।

ਉਸ ਤੋਂ ਬਾਅਦ ਕੀ ਹੋਇਆ, ਕੋਈ ਵੀ ਨਾ ਰਿਹਾ। ਦੋ ਰਹਿ ਗਏ। ਬਾਬਾ ਬੁਢਾ ਜੀ ਰਹਿ ਗਏ ਤੇ ਭਾਈ ਲਹਿਣਾ ਜੀ (ਗੁਰੂ ਅੰਗਦ ਪਾਤਸ਼ਾਹ) ਰਹਿ ਗਏ। ਮਹਾਰਾਜ ਜੰਗਲ ਵਿਚ ਚਲੇ ਗਏ। ਕਹਿੰਦੇ ਤੁਸੀਂ ਹਟਦੇ ਹੋ ਕਿ ਨਹੀਂ? ਉਨ੍ਹਾਂ ਦੇ ਵੀ ਡੰਡੇ ਮਾਰੇ ਤੇ ਉਹ ਚੁਪ ਕਰਕੇ ਖੜ੍ਹੇ ਰਹੇ, ਹਿਲਣ ਹੀ ਨਾ ਕਿਸੇ ਪਾਸੇ। ਕਹਿੰਦੇ, "ਪਿਛੋਂ ਮੇਰੇ ਹਟਣਾ ਹੈ ਜਾਂ ਨਹੀਂ?"

ਭਾਈ ਲਹਿਣਾ ਜੀ (ਗੁਰੂ ਅੰਗਦ ਪਾਤਸ਼ਾਹ) ਹੱਥ ਬੰਨ੍ਹ ਕੇ ਕਹਿਣ ਲੱਗੇ, "ਪਾਤਸ਼ਾਹ! ਜਿਨ੍ਹਾਂ ਦੇ ਸੰਸਾਰ ਵਿਚ ਥਾਂ ਸੀ ਉਹ ਸਾਰੇ ਚਲੇ ਗਏ, ਸਾਡੇ ਵਾਸਤੇ ਤਾਂ ਤੇਰੇ ਚਰਨਾਂ ਤੋਂ ਬਿਨਾਂ ਹੋਰ ਕੋਈ ਥਾਂ ਹੀ ਨਹੀਂ ਹੈ। ਦੱਸੋ ਕਿਥੇ ਜਾਈਏ। ਜਿਸ ਨੇ ਸਾਰੇ ਥਾਂ ਮੁਕਾ ਲਏ ਹੋਣ ਉਹ ਕਿਥੇ ਜਾਵੇ ਮਹਾਰਾਜ। ਮਾਰੋ-ਰੱਖੋ ਅਸੀਂ ਤਾਂ ਤੁਹਾਡੇ ਨਾਲ ਹੀ ਰਹਿਣਾ ਹੈ।"

ਕਹਿੰਦੇ, "ਚੰਗਾ! ਔਹ ਸਾਹਮਣੇ ਦੇਖੋ ਕੀ ਹੈ?" ਕੀ ਦ੍ਰਿਸ਼ਟੀ ਆਇਆ ਕਿ ਇਕ ਮੁਰਦਾ ਪਿਆ ਹੈ, ਨੰਗਾ ਹੀ ਤੇ ਸੜਿਆ ਹੋਇਆ ਹੈ।

ਮਹਾਰਾਜ ਗੁਰੂ ਅੰਗਦ ਸਾਹਿਬ ਜੀ ਕਹਿੰਦੇ, "ਸੱਚੇ ਪਾਤਸ਼ਾਹ! ਮੁਰਦਾ ਹੈ।"

ਕਹਿੰਦੇ, "ਜਾਓ ਖਾਓ।"

ਦੋਏ ਚੱਲ ਪਏ। ਚਲ ਕੇ ਹੁਣ ਖੜ੍ਹ ਗਏ ਤੇ ਹੁਣ ਖਾਂਦੇ ਨਹੀਂ ਹਨ।

ਮਹਾਰਾਜ ਕਹਿੰਦੇ, "ਖਾਂਦੇ ਕਿਉਂ ਨਹੀਂ ਹੋ?"

ਗੁਰੂ ਅੰਗਦ ਸਾਹਿਬ ਕਹਿਣ ਲੱਗੇ, "ਮਹਾਰਾਜ! ਹੁਕਮ ਕਰੋ ਕਿਧਰੋਂ ਖਾਈਏ?"

ਕਹਿੰਦੇ, "ਸਿਰ ਵਲੋਂ ਖਾਓ।"

ਹੁਣ ਸਿਰ ਵੱਲ ਤਾਂ ਵਾਲ ਹੁੰਦੇ ਨੇ ਕਿਵੇਂ ਖਾਣ, ਫੇਰ ਖੋਪਰੀ ਹੈ। ਕੋਈ ਤਰੀਕਾ ਹੀ ਨਹੀਂ ਹੈ ਕਿ ਖਾਣ ਪੈਰਾਂ ਵਲੋਂ ਤਾਂ ਦੰਦੀਆਂ ਵਗੈਰਾ ਵੱਢਣ ਲੱਗ ਜਾਂਦੇ ਤਾਂ ਗੁਰੂ ਅੰਗਦ ਪਾਤਸ਼ਾਹ ਤਾਂ ਸਕਿੰਟ ਦੇ ਅੰਦਰ ਸਿਰ ਵੱਲ ਖੜ੍ਹ ਗਏ। ਬਾਬਾ ਬੁੱਢਾ ਜੀ ਉਥੇ ਹੀ ਪੈਰ ਮਲ ਲਿਆ ਉਨ੍ਹਾਂ ਨੇ ਕਿ ਪਹਿਲਾਂ ਇਹ ਬੁਰਕੀ ਮਾਰੂ ਫੇਰ ਦੇਖਾਂਗੇ।

ਜਿਸ ਵਕਤ ਗੁਰੂ ਅੰਗਦ ਪਾਤਸ਼ਾਹ ਉਥੇ ਗਏ ਤਾਂ ਗੁਰੂ ਨਾਨਕ ਪਾਤਸ਼ਾਹ ਨੇ ਆ ਕੇ ਬੁਕਲ ਵਿਚ ਲੈ ਲਿਆ ਤੇ ਕਹਿੰਦੇ, "ਦੇਖੋ ਪੁਰਖਾ!"

ਕੀ ਦੇਖਦੇ ਨੇ ਤਿਹੋਲੇ ਦਾ ਗਰਮ ਗਰਮ ਪ੍ਰਸ਼ਾਦ ਹੈ। ਕਈ ਪ੍ਰੇਮੀਆਂ ਦੇ ਮਨਾਂ ਵਿਚ ਸ਼ੰਕੇ ਆਉਂਦੇ ਨੇ ਬੜੇ ਜਬਰਦਸਤ, ਜਿਹੜੇ ਅੱਜ ਕੱਲ੍ਹ ਦੇ ਵਿਦਵਾਨ ਨੇ ਕਿ ਇਹ ਕਿਵੇਂ ਹੋ ਸਕਦਾ ਹੈ? ਜਾਂ ਤਾਂ ਉਹ ਗੱਲ ਝੂਠੀ ਹੈ ਜਾਂ ਉਹ ਝੂਠੀ ਹੈ।

ਗੁਰੂ ਨਾਨਕ ਪਾਤਸ਼ਾਹ ਦੀ ਇਕ ਸਾਖੀ ਆਉਂਦੀ ਹੈ ਕਿ ਉਨ੍ਹਾਂ ਕੋਲ ਕੁਰੂਕਸ਼ੇਤਰ ਇਕ ਰਾਜ ਕੁਮਾਰ ਹਾਰਿਆ ਹੋਇਆ ਆ ਗਿਆ। ਉਸ ਦੇ ਕੋਲ ਹਿਰਨ ਸੀ ਕਹਿੰਦੇ ਇਹ ਧਰ ਦੇ। ਬਰਤਨ ਮੰਗਾ ਲਏ ਤੇ ਉਸ ਦੇ ਵਿਚ ਹਿਰਨ ਨੂੰ ਕੱਟ ਕੇ ਉਸ ਦਾ ਮਾਸ ਪਾ ਦਿੱਤਾ। ਜਦੋਂ ਗ੍ਰਹਿਣ ਲੱਗਿਆ ਤਾਂ ਜਿਹੜਾ ਮਾਸ ਅੱਗ ਤੇ ਧਰਿਆ ਹੋਇਆ ਸੀ ਉਸ ਅੱਗ ਦਾ ਧੂੰਆਂ ਉਠਣ ਲੱਗਿਆ

ਤੇ ਸਾਰੇ ਚਿੜ੍ਹ ਗਏ ਤੇ ਨਾਲ ਇਸ ਗੱਲ ਦੇ ਉਤੇ ਕਿ ਉਹ ਮਾਸ ਬਣਾ ਰਹੇ ਨੇ।

ਉਥੇ ਫੇਰ ਆ ਕੇ ਨਾਨੂ ਨੇ ਗੁਰੂ ਨਾਨਕ ਪਾਤਸ਼ਾਹ ਨਾਲ ਚਰਚਾ ਕੀਤੀ, ਉਹ ਹਾਰ ਗਿਆ।

ਮਹਾਰਾਜ ਕਹਿੰਦੇ, "ਤੁਸੀਂ ਤਾਂ ਸਾਰੇ ਹੀ ਮਾਸ ਖਾਂਦੇ ਹੋ ਤੁਹਾਨੂੰ ਤਾਂ ਪਤਾ ਹੀ ਨਹੀਂ ਮਾਸ ਦਾ। ਸਭ ਮਾਸ ਖਾ ਰਹੇ ਹੋ ਤੁਸੀਂ। ਜਗ ਕਰਦੇ ਹੋ, ਜਗ ਦਾ ਮਾਸ ਖਾਂਦੇ ਹੋ ਤੁਸੀਂ। ਔਰਤਾਂ ਉਤੇ ਮਾੜੀਆਂ ਨਿਗ੍ਹਾ ਰਖਦੇ ਹੋ, ਮਾਸ ਖਾਂਦੇ ਹੋ ਜੀਉਂਦਾ।"

ਸਾਰੇ ਮਹਾਰਾਜ ਨੇ ਗਿਣ ਦਿੱਤੇ। ਉਸ ਤੋਂ ਬਾਅਦ ਨਿਰਉਤਰ ਹੋ ਗਏ ਕਿ ਹਾਂ ਇਨ੍ਹਾਂ ਨਾਲ ਨਹੀਂ ਹੋ ਸਕਦਾ, ਨਮਸ਼ਕਾਰ ਕਰ ਦਿੱਤੀ।"

ਮਹਾਰਾਜ ਕਹਿੰਦੇ, "ਹੁਣ ਲੰਗਰ ਛੱਕ ਕੇ ਜਾਇਓ।"

ਹੁਣ ਬ੍ਰਾਹਮਣ ਬੈਠੇ ਨੇ ਉਹ ਇਕ ਦੂਜੇ ਨੂੰ ਕਹਿਣ, "ਓਹ ਮਾਸ ਬਣਿਆ ਹੈ, ਖੱਲ ਆਹ ਪਈ ਹੈ ਤੇ ਹੁਣ ਸਾਡਾ ਤਾਂ ਧਰਮ ਹੀ ਨਹੀਂ ਰਹਿਣਾ ਕਿ ਹੁਣ ਕੀ ਹੋਏਗਾ?"

ਇਕ ਮੈਂ ਤੁਹਾਨੂੰ ਹੁਣ ਦੀ ਗੱਲ ਦਸਦਾ ਹਾਂ, ਡਾਕਟਰ ਸਵਾਮੀ ਰਾਮ ਜੀ ਨਾਲ ਵਰਤੀ। ਆਪ ਨੂੰ ਸ੍ਰੀ ਨਗਰ ਗੜ੍ਹਵਾਲ ਤੋਂ ਇਹ ਪਤਾ ਲੱਗਿਆ ਕਿ ਇਥੇ ਇਕ ਸਾਧੂ ਰਹਿੰਦਾ ਹੈ ਬਹੁਤ ਪੜ੍ਹਿਆ ਲਿਖਿਆ। ਉਹ ਰਸਤਾ ਜਾਣਦੇ ਨਹੀਂ ਸੀ ਉਹ ਇਕ ਬ੍ਰਾਹਮਣ ਨੂੰ ਨਾਲ ਲੈ ਕੇ ਚਲੇ ਗਏ। ਸਾਧੂ ਇਕ ਗੁਫਾ ਦੇ ਵਿਚ ਰਹਿੰਦਾ ਸੀ, ਗੰਗਾ ਤੋਂ ਪਾਰ। ਜਦੋਂ ਉਥੇ ਗੁਫਾ ਦੇ ਨੇੜੇ ਪਹੁੰਚੇ ਤਾਂ ਬ੍ਰਾਹਮਣ ਕਹਿਣ ਲੱਗਿਆ, "ਮਹਾਰਾਜ ਸੁਆਮੀ ਜੀ! ਮੈਂ ਤਾਂ ਨਹੀਂ ਜਾਣਾ, ਉਹ ਤਾਂ ਕੁਟਦੇ ਹੁੰਦੇ ਨੇ। ਡੰਡਾ ਹੈ ਉਨ੍ਹਾਂ ਕੋਲ ਬਹੁਤ ਮਜਬੂਤ ਤੇ ਹੈ ਵੀ ਉਨ੍ਹਾਂ ਦਾ ਕਦ ਬਹੁਤ ਵੱਡਾ ਤੇ ਜਿਹੜਾ ਨੇੜੇ ਜਾਂਦਾ ਹੈ ਉਸ ਦੀ ਕੁਟਾਈ ਹੁੰਦੀ ਹੈ। ਉਹ ਕਪੜਾ ਵੀ ਨਹੀਂ ਪਹਿਨਦੇ, ਇਕ ਬੋਰੀ ਦਾ ਟੁਕੜਾ ਵਲੇਟਿਆ ਹੋਇਆ ਹੈ, ਲੱਕ ਦੇ ਨਾਲ ਹੋਰ ਕੋਈ ਕਪੜਾ ਨਹੀਂ ਪਹਿਨਦੇ। ਮਹਾਰਾਜ ਉਹ ਤਾਂ ਭੂਤ ਹੈ, ਮੈਂ ਤਾਂ ਨਹੀਂ ਜਾਣਾ ਉਥੇ।"

ਸੁਆਮੀ ਜੀ ਕਹਿੰਦੇ, "ਕੋਈ ਨਹੀਂ ਤੂੰ ਮੇਰੇ ਨਾਲ ਹੈਂ ਚਲ।"

ਉਹ ਚਲੇ ਗਏ। ਜਦੋਂ ਜਾ ਕੇ ਨਮਸ਼ਕਾਰ ਕਰੀ ਉਸ ਬ੍ਰਾਹਮਣ ਨੇ ਤਾਂ ਸੰਤ ਜੀ ਕਹਿੰਦੇ, "ਓ ਤੂੰ ਸਾਰੇ ਰਾਹ ਤਾਂ ਮੈਨੂੰ ਗਾਲਾਂ ਕੱਢਦਾ ਆਇਆ ਹੈ ਤੇ ਹੁਣ ਆ ਕੇ ਮੱਥੇ ਟੇਕਦਾ ਹੈਂ। ਹੈਂ – ਗਾਲ੍ਹਾਂ ਨਹੀਂ ਕਢਦਾ ਆਇਆ?"

ਚੁਪ ਕਰ ਗਿਆ। ਸੁਆਮੀ ਜੀ ਕਹਿੰਦੇ, "ਕਹਿ ਦੇਹ।"

ਕਹਿੰਦਾ, "ਹਾਂ ਜੀ।"

ਕਹਿੰਦੇ, "ਅੱਛਾ ਤਾਂ ਮਾਫ ਹੋਏਗੀ ਇਥੇ ਇਕ ਮੁਰਦਾ ਰੁੜ੍ਹਿਆ ਆਉਂਦਾ ਹੈ

ਉਤੇ ਜਾਹ, ਉਸਦਾ 2 ਸੇਰ ਮਾਸ ਕੱਟ ਕੇ ਲਿਆ।"

ਛੁਰੀ ਫੜਾ ਦਿੱਤੀ, ਉਹ ਤੁਰਦਾ ਨਹੀਂ।

ਉਹ ਕਹਿੰਦੇ, "ਤੁਰਦਾ ਕਿਉਂ ਨਹੀਂ?"

ਕਹਿੰਦਾ, "ਮੈਂ ਕਦੇ ਮਾਸ ਨੂੰ ਹੱਥ ਹੀ ਨਹੀਂ ਲਾਇਆ।"

ਕਹਿੰਦੇ, "ਫੇਰ ਮੈਂ ਤੇਰਾ ਪੱਟ ਕੱਟ ਲੈਣਾ ਹੈ 2 ਕਿਲੋ ਦਾ। ਦੇਖ ਲੈ।"

ਉਹ ਸੁਆਮੀ ਜੀ ਵਲ ਦੇਖਣ ਲੱਗ ਗਿਆ।

ਸੁਆਮੀ ਜੀ ਕਹਿੰਦੇ, "ਦੇਖ ਲੈ ਹੁਣ ਤਾਂ ਪਿਆਰਿਆ ਫਸ ਗਏ। ਇਨ੍ਹਾਂ ਨੇ ਸਚਮੁਚ ਮਾਸ ਕਟ ਲੈਣਾ ਹੈ ਫੇਰ ਕੀ ਕਰਾਂਗੇ, ਫਸੇ ਹੋਏ ਹਾਂ ਆਪਾਂ, ਸਾਨੂੰ ਦੋਹਾਂ ਨੂੰ ਕਿਹਾ ਹੈ।"

ਉਹ ਜਾ ਕੇ ਗੰਗਾ ਦੇ ਕਿਨਾਰੇ ਬੈਠ ਗਿਆ। ਥੋੜ੍ਹੀ ਦੇਰ ਤੋਂ ਬਾਅਦ ਕੀ ਦੇਖਦਾ ਹੈ ਕਿ ਮੁਰਦਾ ਰੁੜ੍ਹਿਆ ਆਉਂਦਾ ਹੈ ਤੇ ਕਿਨਾਰੇ ਲੱਗ ਗਿਆ। ਇਸ ਨੇ ਕਦੇ ਕੱਟਿਆ ਨਹੀਂ ਸੀ, ਕੱਟਣ ਲੱਗਿਆ ਤਾਂ ਆਪਣੀਆਂ ਦੋ ਉਗਲੀਆਂ ਵੱਢ ਲਈਆਂ, ਉਹ ਲਟਕਣ ਲੱਗ ਗਈਆਂ ਤੇ ਖ਼ੂਨ ਚੱਲਣ ਲੱਗ ਗਿਆ। ਇਹ ਲੈ ਕੇ ਆ ਗਿਆ ਨਾਲੇ ਰੋਂਦਾ ਹੈ।

ਕਹਿੰਦੇ, "ਤੈਨੂੰ ਕੀ ਹੋ ਗਿਆ?"

ਕਹਿੰਦਾ, "ਮੇਰੀਆਂ ਉਂਗਲੀਆਂ ਦੋ ਵੱਢ ਹੋ ਗਈਆਂ, ਲਟਕ ਰਹੀਆਂ ਹਨ।"

ਕਹਿੰਦੇ, "ਐਥੇ ਲਿਆ।" ਉਨ੍ਹਾਂ ਨੇ ਹੱਥ ਫੇਰ ਦਿੱਤਾ।

ਕਹਿੰਦੇ, "ਕਿਹੜੀਆਂ ਵੱਢ ਹੋਈਆਂ ਨੇ?"

ਕਹਿੰਦਾ, "ਹੁਣ ਤਾਂ ਕੋਈ ਨਹੀਂ, ਜੁੜ ਗਈਆਂ।"

ਕਹਿੰਦੇ, "ਕੱਟ ਇਸ ਨੂੰ ਛੋਟਾ-ਛੋਟਾ।"

ਕਹਿੰਦਾ, "ਮਹਾਰਾਜ ਕੀ ਕਰਨਾ ਹੈ?"

ਕਹਿੰਦੇ, "ਤੁਸੀਂ ਆਏ ਹੋ ਮੇਰੇ ਕੋਲ ਭੁੱਖੇ, ਤੁਹਾਨੂੰ ਖੁਆਉਣਾ ਹੈ। ਤੁਹਾਡੀ ਆਓ ਭਗਤ ਤਾਂ ਕਰਨੀ ਹੈ।"

ਸੁਆਮੀ ਜੀ ਕਹਿੰਦੇ, "ਅਸੀਂ ਤਾਂ ਸ਼ਾਕਾਹਾਰੀ ਹਾਂ ਮਹਾਰਾਜ।"

ਕਹਿੰਦੇ, "ਤੁਹਾਨੂੰ ਮਾਸ ਕੌਣ ਖੁਆਉਂਦਾ ਹੈ?"

ਕਹਿੰਦੇ, "ਉਧਰ ਰਿੱਝੀ ਜਾਂਦਾ ਹੈ ਮਾਸ ਪਰ ਸਾਡੀ ਸਮਝ ਵਿਚ ਨਹੀਂ ਆਉਂਦਾ।"

ਪੰਡਤ ਕਹਿਣ ਲੱਗਿਆ, "ਜੇ ਇਸ ਨੇ ਜਬਰਦਸਤੀ ਮਾਸ ਖੁਆ ਦਿੱਤਾ ਤਾਂ

ਮੈਂ ਤਾਂ ਗੰਗਾ ਵਿਚ ਡੁਬ ਕੇ ਮਰ ਜਾਣਾ ਹੈ ਪਿੰਡ ਨਹੀਂ ਜਾਣਾ।"

ਉਸ ਦੇ ਕੋਲ ਗੱਲ ਪਹੁੰਚੀ ਜਾਂਦੀ ਹੈ ਸਾਰੀ ਅੰਦਰ ਹੀ ਅੰਦਰ।

ਏਨੇ ਨੂੰ ਕਹਿਣ ਲੱਗੇ, "ਪੱਤੇ ਲਿਆ ਤੋੜ ਕੇ।"

ਪੱਤੇ ਲਿਆਂਦੇ ਤੇ ਕਹਿੰਦੇ, "ਹੁਣ ਇਸ ਦੇ ਵਿਚੋਂ ਕੱਢ ਕੜਛੀ ਨਾਲ, ਇਕ ਤੇਰਾ ਹਿੱਸਾ, ਇਕ ਸੁਆਮੀ ਦਾ, ਇਕ ਮੇਰਾ।"

ਸੁਆਮੀ ਜੀ ਫੇਰ ਕਹਿਣ ਲੱਗੇ, "sir we are vegetarian." (ਜੀ, ਅਸੀਂ ਸ਼ਾਕਾਹਾਰੀ ਹਾਂ)

ਕਹਿੰਦੇ, "vegetarian! (ਸ਼ਾਕਾਹਾਰੀ) ਮੈਂ ਤੈਨੂੰ ਕੀ ਖੁਆਉਂਦਾ ਹਾਂ?"

ਜਦੋਂ ਉਸ ਦੇ ਵਿਚੋਂ ਕੱਢੇ ਤਾਂ ਰਸਗੁੱਲੇ। ਸੁਆਮੀ ਜੀ ਗਿਣਤੀ ਵਿਚ ਪੈ ਗਏ ਤੇ ਪੰਡਤ ਨੂੰ ਕਹਿਣ ਲੱਗੇ ਕਿ ਸਾਨੂੰ hypnotize (ਜਾਦੂ) ਤਾਂ ਨਹੀਂ ਕੀਤਾ। ਤੂੰ ਰਸਤੇ ਵਿਚ ਆਉਂਦਾ ਕਹਿੰਦਾ ਸੀ ਕਿ ਮੈਂ ਰਸਗੁੱਲੇ ਖਾਣੇ ਨੇ ਉਨ੍ਹਾਂ ਕੋਲ ਜਾ ਕੇ।"

ਉਨ੍ਹਾਂ ਨੇ ਰਸਗੁੱਲੇ ਖਾ ਲਏ ਤੇ ਕਾਫੀ ਸਾਰੇ ਬ੍ਰਾਹਮਣ ਨੂੰ ਦੇ ਦਿੱਤੇ।

ਕਹਿੰਦੇ, "ਜਾਹ! ਪਿੰਡ ਵਿਚ ਵੰਡ ਦੇਈਂ ਜਾ ਕੇ।"

ਸੁਆਮੀ ਜੀ ਰਾਤ ਨੂੰ ਉਥੇ ਠਹਿਰ ਗਏ।

ਸੁਆਮੀ ਜੀ ਕਹਿਣ ਲੱਗੇ, "ਮਹਾਤਮਾ ਜੀ! ਮੈਨੂੰ ਇਕ ਗੱਲ ਦੀ ਹੈਰਾਨੀ ਹੈ ਕਿ ਸਾਡੇ ਸਾਹਮਣੇ ਮਾਸ ਵੱਢਿਆ ਹੈ, ਉਹ ਰਿੰਨਿਆ ਹੈ ਤੇ ਤੁਸੀਂ ਕੱਢ ਰਹੇ ਹੋ ਰਸਗੁੱਲੇ।"

ਉਹ ਕਹਿੰਦੇ, "ਸੁਆਮੀ! ਮੈਨੂੰ 20 ਸਾਲ ਲੱਗੇ ਨੇ ਇਸ ਗੱਲ ਨੂੰ ਕਰਨ ਵਾਸਤੇ। ਮੈਂ D.lit ਹਾਂ Doctor of literature ਤੇ ਮੈਂ 'ਅਥਰਬਣ ਵੇਦ' ਵਿਚ ਪੜ੍ਹਿਆ ਸੀ ਕਿ ਜਿਹੜੇ elements (ਤੱਤ) ਨੇ, basic elements (ਬੁਨਿਆਦੀ ਤੱਤ) matter (ਪਦਾਰਥ) ਦੇ, ਜੇ ਆਹ ਸਾਧਨ ਕਰ ਲਏ ਜਾਣ ਤਾਂ ਜਦੋਂ ਚਾਹੋ ਤਾਂ ਜਿਹੜਾ ਕੁਝ ਬਣਾਉਣਾ ਹੈ ਤਾਂ ਬਣਾ ਲਵੋ।

ਹੁਣ ਤਾਂ ਮੈਂ ਮਾਸ ਜਾਣ ਬੁਝ ਕੇ ਵਢਾਇਆ ਸੀ ਪਰ ਜੇ ਮੈਂ ਤੈਨੂੰ ਕਹਿ ਦਿੰਦਾ ਕਿ ਇਥੋਂ ਰੋੜੇ ਰਿੰਨ੍ਹ ਦੇ ਤਾਂ ਜਿਹੜਾ ਕੁਝ ਕਹਿਣਾ ਸੀ ਉਹ ਬਣ ਜਾਣਾ ਸੀ।

ਸੁਆਮੀ ਜੀ ਉਥੇ ਰਾਤ ਰਹੇ ਤੇ ਉਹ ਸਾਧੂ ਸੁਆਮੀ ਜੀ ਨੂੰ ਕਹਿਣ ਲੱਗਿਆ ਕਿ "ਦੇਖ! ਇਸ ਵੇਲੇ ਭਾਰਤਵਰਸ਼ ਵਿਚ ਅਸੀਂ ਤਿੰਨ ਹਾਂ। ਇਕ ਤਾਂ ਮੈਂ ਇਥੇ ਬੈਠਾ ਹਾਂ, ਇਕ ਆਸਾਮ ਵਿਚ ਹੈ ਤੇ ਇਕ ਤਿੱਬਤ ਦੀ ਸੀਮਾ, ਹਦ ਤੇ ਰਹਿੰਦਾ ਹੈ। ਸਾਡੇ ਤਿੰਨਾਂ ਕੋਲ ਇਹ ਵਿਦਿਆ ਹੈ ਕਿ ਤੁਸੀਂ ਕੁਝ

ਵੀ ਅੱਗ ਤੇ ਧਰ ਦਿਓ, ਜਿਹੜੀ ਸਾਡੀ ਮਰਜ਼ੀ ਹੋਏਗੀ ਓਹੀ ਭਾਂਡੇ ਵਿਚੋਂ ਨਿਕਲੇਗਾ, ਹੋਰ ਕੋਈ ਚੀਜ਼ ਨਿਕਲ ਹੀ ਨਹੀਂ ਸਕਦੀ।

ਸੋ ਇਹ ਵਿਦਿਆ ਤੂੰ ਲੈ ਲੈ।"

ਸੁਆਮੀ ਜੀ ਕਹਿਣ ਲੱਗੇ, "ਤੁਸੀਂ ਵੀਹ ਸਾਲ ਲਾਏ ਨੇ, ਮੇਰੇ ਕੋਲ ਤਾਂ ਇੰਨਾ ਸਮਾਂ ਹੀ ਨਹੀਂ ਹੈ 20 ਸਾਲ ਦਾ। ਮੈਂ ਤਾਂ ਇਹ ਵਿਦਿਆ ਨਹੀਂ ਲੈਣੀ।"

ਅਜੇ ਕੱਲ੍ਹ ਦੀਆਂ ਗੱਲਾਂ ਨੇ। ਹੁਣੇ ਸੁਆਮੀ ਜੀ ਨੇ ਸਰੀਰ ਛੱਡਿਆ ਹੈ (ਬ੍ਰਹਮਲੀਨ ਹੋਏ ਨੇ) ਮੈਂ ਕਿਹਾ ਕਿ ਆਹ ਤਾਂ ਸੁਆਮੀ ਜੀ ਨੇ ਸਾਨੂੰ ਬਹੁਤ ਹੀ ਵਧੀਆ ਗੱਲ ਦੱਸ ਦਿੱਤੀ ਕਿ ਓਧਰਲੇ ਪਾਸੇ ਤਾਂ ਹਿਰਨ ਰਿੰਨ੍ਹਿਆ ਹੈ ਤੇ ਇਧਰਲੇ ਪਾਸੇ ਪੰਗਤਾਂ ਲਗਾ ਦਿੱਤੀਆਂ ਤੇ ਬ੍ਰਾਹਮਣ ਡਰਦੇ ਨੇ ਕਿ ਅਸੀਂ ਸੁੱਟ ਦਿਆਂਗੇ ਜੇ ਮਾਸ ਸਾਡੇ ਅੱਗੇ ਆਇਆ। ਆ ਕੀ ਰਿਹਾ ਹੈ? ਖੀਰ ਆ ਰਹੀ ਹੈ ਸਾਰਿਆਂ ਦੇ ਸਾਹਮਣੇ।

ਇਹ ਵਿਦਵਾਨ ਲੋਕ ਕਿੰਤੂ ਕਰਦੇ ਨੇ ਇਨ੍ਹਾਂ ਨੂੰ ਪਤਾ ਨਹੀਂ ਹੈ ਕਿ ਇਹ ਗੱਲਾਂ ਵੀ ਇਸ ਤਰ੍ਹਾਂ ਹੋ ਜਾਇਆ ਕਰਦੀਆਂ ਨੇ।

ਸੋ ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਖਾਓ ਮੁਰਦਾ। ਮੁਰਦਾ ਤਾਂ ਹੈ ਹੀ ਨਹੀਂ, ਉਥੇ ਪ੍ਰਸ਼ਾਦ ਪਿਆ ਹੈ। ਉਹ ਚਾਹੇ ਕੁਝ ਬਣਾ ਦਿੰਦੇ। ਐਸੀ ਬਾਤ ਨਹੀਂ ਹੈ। ਇਹ ਸਭ ਵਿਗਿਆਨਕ ਬਾਤਾਂ ਨੇ, ਕੋਈ ਐਸੀਆਂ ਬਾਤਾਂ ਨਹੀਂ ਹਨ।

ਸੋ ਇਸ ਤਰ੍ਹਾਂ ਨਾਲ ਪਰਖ ਦੇ ਵਿਚ ਨੰਬਰ ਕਿੰਨੇ ਲਏ? ਗੁਰੂ ਅੰਗਦ ਸਾਹਿਬ ਨੇ ਤਾਂ ਲੈ ਲਏ 100 ਨੰਬਰ। ਬਾਬਾ ਬੁਢਾ ਜੀ ਨੇ 99.9 ਨੰਬਰ ਲਏ। ਸਿਰਫ 1 ਇਸ਼ਾਰੀਆ ਦਾ ਫਰਕ ਰਹਿ ਗਿਆ। ਕਹਿੰਦੇ, "ਗੁਰੂ ਅੰਗਦ ਸਾਹਿਬ ਨੂੰ ਤਾਂ ਆਪਣਾ ਅੰਗ ਬਣਾ ਲਿਆ। ਬਾਬਾ ਬੁਢਾ ਜੀ ਤੁਸੀਂ ਵੀ ਪਾਸ ਹੀ ਸਮਝੋ ਪਰ ਰੂਹਾਨੀਅਤ ਵਿਚ 100 ਨੰਬਰ ਲੈਣ ਵਾਲਾ ਪਾਸ ਹੋਇਆ ਕਰਦਾ ਹੈ, 99.99 ਵਾਲਾ ਪਾਸਾਂ ਵਿਚ ਨਹੀਂ ਗਿਣਿਆ ਜਾਂਦਾ, ਰਿਆਇਤੀ ਪਾਸ ਹੁੰਦਾ ਹੈ। ਜਾਓ ਟਿੱਕਾ ਤੁਸੀਂ ਲਾਇਆ ਕਰੋਗੇ ਤਾਂ ਗੁਰੂ ਗੱਦੀ ਬੈਠੇਗਾ, ਪ੍ਰਵਾਣ ਹੋਇਆ ਕਰੇਗਾ।"

ਇਸ ਤਰ੍ਹਾਂ ਗੁਰੂ ਪ੍ਰੀਖਿਆ ਲੈਂਦੇ ਨੇ। ਸਾਰੇ ਮਹਾਤਮਾ ਲੈਂਦੇ ਨੇ, ਕਸਵੱਟੀ ਲਾਉਂਦੇ ਨੇ। ਜਦੋਂ ਕਸਵੱਟੀ ਲਗਦੀ ਹੈ, ਪਾਸ ਕੋਈ ਕੋਈ ਹੀ ਹੁੰਦੇ ਨੇ ਜਿਨ੍ਹਾਂ ਨੇ ਆਪਣਾ ਆਪ ਸਾਰਾ ਹੀ ਗੁਰੂ ਨੂੰ ਅਰਪਨ ਕੀਤਾ ਹੋਵੇ।

***ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥***
***ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ॥***

***ਅੰਗ - 948***

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***

*ਸਿਰੁ ਧਰਿ ਤਲੀ ਗਲੀ ਮੇਰੀ ਆਉ॥*

***ਅੰਗ - 1413***

ਉਹ ਤਾਂ ਪਾਸ ਹੋ ਜਾਂਦੇ ਨੇ ਬਾਕੀ ਸਭ ਫੇਲ ਹੋ ਜਾਂਦੇ ਨੇ। ਸਾਰੇ ਮਹਾਤਮਾ ਇਮਤਿਹਾਨ ਲੈਂਦੇ ਨੇ। ਜਦੋਂ ਪੂਰਨ ਪਦ ਵਿਚ ਪਹੁੰਚਾਉਣਾ ਹੈ ਤਾਂ ਪਹਿਲਾਂ ਪ੍ਰੀਖਿਆ ਹੁੰਦੀ ਹੈ। ਰੂਹਾਨੀ ਇਮਤਿਹਾਨ ਬਹੁਤ ਸਖਤ ਹੁੰਦਾ ਹੈ।

ਨਿਜ਼ਾਮੁਦੀਨ ਔਲੀਆ ਦਿੱਲੀ ਵਿਚ ਬਹੁਤ ਵੱਡੇ ਮਹਾਤਮਾ ਹੋਏ ਨੇ। ਬਾਬਾ ਫਰੀਦ ਜੀ ਤੋਂ ਉਨ੍ਹਾਂ ਨੇ ਸ਼ਿਕਸ਼ਾ ਲਈ ਸੀ, ਬਾਬਾ ਫਰੀਦ ਜੀ ਨੇ ਬਖਤਿਆਰ ਕਾਕੀ ਤੋਂ, ਬਖਤਿਆਰ ਕਾਕੀ ਨੇ ਮੋਇਓਨਦੀਨ ਤੋਂ। ਉਹ ਪਹਿਲਾਂ ਈਰਾਨ ਵਿਚ ਰਹਿੰਦੇ ਹੁੰਦੇ ਸੀ। ਇਨ੍ਹਾਂ ਕੋਲ ਇਕ ਬਹੁਤ ਹੀ ਪਿਆਰਾ ਇਨ੍ਹਾਂ ਦਾ ਮੁਰੀਦ ਸੀ ਜਿਸ ਦਾ ਨਾਂ ਅਮੀਰ ਖੁਸਰੋ ਸੀ। ਅਮੀਰ ਖੁਸਰੋ ਦੀਆਂ ਕਵਿਤਾਵਾਂ ਅੱਜ ਤੱਕ ਮਿਲਦੀਆਂ ਨੇ, ਬਹੁਤ ਹੀ ਕਮਾਲ ਦੀਆਂ, ਮਾਰਫਤ ਦੀਆਂ ਨੇ। ਉਹ ਇਨ੍ਹਾਂ ਦੀ ਸੰਗਤ ਕਰਿਆ ਕਰਦਾ ਸੀ। ਰਾਜ ਕਵੀ ਸੀ, ਸੱਤ ਰਾਜਿਆਂ ਦਾ ਉਹ ਰਾਜ ਕਵੀ ਰਿਹਾ। ਬੜੇ ਇਨਾਮ ਉਸ ਨੂੰ ਦਿੱਤੇ, ਜਦੋਂ ਇਹ ਸੇਵਾ ਮੁਕਤ ਹੋਇਆ ਤਾਂ ਆ ਕੇ ਮਹਾਂਪੁਰਸ਼ਾਂ ਨੂੰ ਕਿਹਾ।

ਕਹਿੰਦਾ, "ਔਲੀਆ! ਮੇਰੀ ਸੇਵਾ ਮੁਕਤੀ ਹੋ ਗਈ। ਜੇ ਆਗਿਆ ਦੇਵੋ ਤਾਂ ਮੈਂ ਘਰ ਜਾ ਆਵਾਂ। ਜਿਹੜਾ ਇਨਾਮ ਲੈ ਕੇ ਘਰ ਜਾ ਰਿਹਾ ਹਾਂ, ਉਹ 200 ਊਠਾਂ ਤੇ ਲੱਦਿਆ ਹੈ।

ਕਹਿੰਦੇ, "ਜਾਓ! ਖੁਸ਼ੀਆਂ ਨੇ ਸਾਡੀਆਂ।"

ਉਹ ਬਦਾਯੂੰ ਦੇ ਰਹਿਣ ਵਾਲਾ ਸੀ। ਬਦਾਯੂੰ ਤੋਂ ਇਕ ਗਰੀਬ ਆਦਮੀ ਆ ਗਿਆ। ਆ ਕੇ ਬੇਨਤੀ ਕੀਤੀ ਕਹਿੰਦਾ, ਔਲੀਆ! ਮੇਰੀ ਲੜਕੀ ਦੀ ਸ਼ਾਦੀ ਹੈ, ਜੇ ਤੂੰ ਮੈਨੂੰ ਇਕ ਦਿਨ ਦੀ ਚੜ੍ਹਤ ਦੇ ਦੇਵੇਂ, ਤੇਰੇ ਕੋਲ ਐਨੀ ਚੜ੍ਹਤ ਆਉਂਦੀ ਹੈ ਕਿ ਮੇਰੀ ਲੜਕੀ ਦਾ ਕਾਰਜ ਹੋ ਸਕਦਾ ਹੈ।"

ਕਹਿੰਦੇ, "ਲੈ ਲੈ, ਕੱਲ੍ਹ ਦੀ ਜਿੰਨੀ ਚੜ੍ਹਤ ਆਏਗੀ ਲੈ ਜਾਈਂ। ਨਾਲੇ ਛੁੱਟੀ ਹੈ ਤੇ ਨਾਲੇ ਆਉਣਾ ਬਹੁਤ ਸੰਗਤ ਨੇ ਹੈ।"

ਕੁਦਰਤ ਐਸੀ ਹੋਈ ਕਿ ਕਿਸੇ ਨੇ ਵੀ ਇਕ ਪੈਸਾ ਮੱਥਾ ਨਾ ਟੇਕਿਆ, ਜਿਵੇਂ ਗੁਰੂ ਸਾਹਿਬ ਨੇ ਖੇਡ ਵਰਤਾਇਆ ਸੀ। ਆਹ ਹੁਣ ਦੱਸ ਕੇ ਹਟੇ ਨੇ ਸੰਤ ਕਲਿਆਣ ਦਾਸ ਜੀ ਤੁਹਾਨੂੰ। ਉਹ ਹੈਰਾਨ ਹੋ ਗਿਆ। ਦੂਜੇ ਦਿਨ ਜਾਣਾ ਸੀ।

ਕਹਿਣ ਲੱਗਿਆ, "ਔਲੀਆ! ਤੁਸੀਂ ਜਾਣ ਕੇ ਨਹੀਂ ਆਉਣ ਦਿੱਤੀ ਚੜ੍ਹਤ।"

ਕਹਿੰਦੇ, "ਨਾ ਭਾਈ! ਅਸੀਂ ਤਾਂ ਕੁਝ ਨਹੀਂ ਕਰਿਆ।"

ਕਹਿੰਦਾ, "ਹੁਣ ਮੈਂ ਮੁੜਾਂ ਕਿਵੇਂ?"

ਕਹਿੰਦੇ, "ਮੇਰੇ ਕੋਲ ਜੁੱਤੀ ਹੈ ਆਹ ਵਧੀਆ ਇਹ 8 ਆਨੇ ਜਾਂ 10 ਆਨੇ ਦੀ ਆਈ ਹੈ।"

ਸਿੱਕਾ ਬੜਾ ਮਹਿੰਗਾ ਹੁੰਦਾ ਸੀ ਉਨ੍ਹਾਂ ਦਿਨਾਂ ਦਾ। ਉਸ ਨੇ ਕਿਹਾ ਕਿ ਚਲੋ ਚਲਦੇ ਹਾਂ ਤਾਂ ਜੁੱਤੀ ਹੀ ਲੈ ਚਲਦੇ ਹਾਂ। ਉਹ ਜੁੱਤੀ ਲੈ ਕੇ ਚਲਿਆ ਗਿਆ ਤੇ ਜਾ ਕੇ ਬਰੇਲੀ ਦੇ ਕੋਲ, ਉਹ ਅਮੀਰ ਖੁਸਰੋ ਨਾਲ ਰਲ ਗਿਆ ਤੇ ਕਾਫਲੇ ਵਿਚ ਜਾ ਰਲਿਆ, ਕਾਫਲਾ ਬੜਾ ਵੱਡਾ ਜਾਂਦਾ ਸੀ।

ਜਦੋਂ ਅਮੀਰ ਖੁਸਰੋ ਨੇੜੇ ਆਇਆ ਤਾਂ ਗੱਲਾਂ ਕਰਨ ਲੱਗ ਪਿਆ।

ਕਹਿੰਦਾ, "ਔਲੀਆ ਬੜਾ ਸ਼ੈਤਾਨ ਹੈ, ਦਿੱਲੀ ਵਾਲਾ।"

ਐਨੀ ਗੱਲ ਜਦੋਂ ਕਹੀ ਉਸ ਦੇ ਤਾਂ ਤਨ ਮਨ ਨੂੰ ਲੱਗ ਗਈ।

ਉਹ ਕਹਿੰਦਾ, "ਹੈਂ! ਇਹ ਤੂੰ ਗੱਲ ਕਿਵੇਂ ਕਹਿ ਦਿੱਤੀ?"

ਉਹ ਕਹਿੰਦਾ, "ਮੇਰੀ ਗੱਲ ਸੁਣ ਲੈ ਪਹਿਲਾਂ, ਮੈਂ ਇਸ ਤਰ੍ਹਾਂ ਭਾਵਨਾ ਧਾਰ ਕੇ ਗਿਆ ਸੀ ਤੇ ਮੈਨੂੰ ਆਹ ਜੁਤੀ ਦੇ ਦਿੱਤੀ, ਟਾਲ ਦਿੱਤਾ। ਚੜ੍ਹਤ ਹੀ ਨਹੀਂ ਚੜ੍ਹਨ ਦਿੱਤੀ।"

ਕਹਿੰਦਾ, "ਦੇਹ ਤਾਂ ਜੁਤੀ।"

ਜੋੜਾ ਲੈ ਲਿਆ ਸਿਰ ਤੇ ਰੱਖ ਲਿਆ, ਅੱਖਾਂ ਨਾਲ ਲਾ ਰਿਹਾ ਹੈ, ਚੁੰਮ ਰਿਹਾ ਹੈ, ਛਾਤੀ ਨਾਲ ਲਾ ਰਿਹਾ ਹੈ।

ਕਹਿੰਦਾ, "ਇਹ ਨੂੰ ਮੁੱਲ ਵੇਚਣਾ ਹੈ?"

ਕਹਿੰਦਾ, "ਇਸ ਦਾ ਕੀ ਮਿਲੇਗਾ?"

ਕਹਿੰਦਾ, "ਕਹੇ ਤਾਂ ਮੈਂ ਮੁੱਲ ਪਾ ਦਿਆਂ?"

ਕਹਿੰਦਾ, "ਚੰਗਾ ਤੂੰ ਹੀ ਪਾ ਦੇਹ।"

ਖੁਸਰੋ ਕਹਿੰਦਾ, "ਨੌ ਬਾਦਸ਼ਾਹਾਂ ਦੇ ਇਨਾਮ, ਸੋਨੇ ਦੇ ਬਰਤਨ, ਚਾਂਦੀ ਦੇ ਬਰਤਨ, 200 ਊਠ ਭਰਿਆ ਹੋਇਆ ਜਾ ਰਿਹਾ ਹੈ। ਇਹ ਇਸ ਜੋੜੇ ਦਾ ਪੂਰਾ ਮੁੱਲ ਨਹੀਂ ਹੈ। ਮੇਰੇ ਤੇ ਤਰਸ ਕਰਕੇ ਇਹ ਜੋੜਾ ਮੈਨੂੰ ਦੇ ਦੇਹ ਤੇ ਆਹ ਸਾਰਾ ਸਮਾਨ ਸਾਂਭ ਲੈ।"

ਗੁਰੂ ਦੇ ਜੋੜੇ ਦਾ ਕੋਈ ਮੁੱਲ ਹੁੰਦਾ ਹੈ? ਸਾਧ ਸੰਗਤ ਜੀ! ਗੁਰੂ ਦਾ ਤਾਂ ਕੁਝ ਵੀ ਹੋਵੇ, ਇਕ ਰੋਮ ਵੀ ਹੋਵੇ ਦੋ ਜਹਾਨ ਵੀ ਉਸ ਦਾ ਮੁੱਲ ਨਹੀਂ ਪਾ ਸਕਿਆ ਕਰਦੇ। ਕਿੱਡੀ ਵੱਡੀ ਕੀਮਤ ਹੁੰਦੀ ਹੈ। ਪੀਰ ਬੁੱਧੂ ਸ਼ਾਹ ਦੇ ਦੋ ਪੁੱਤਰ, ਦੋ ਸਾਲੇ ਜੰਗ ਵਿਚ, 300 ਮੁਰੀਦ ਸ਼ਹੀਦ ਹੋ ਗਿਆ। ਗੁਰੂ ਦਸਵੇਂ ਪਾਤਸ਼ਾਹ ਨੇ ਕਿਹਾ, "ਬੁੱਧੂ ਸ਼ਾਹ! ਤੇਰੇ ਮੁਰੀਦ ਵੀ ਮਾਰੇ ਗਏ, ਪੁੱਤਰ ਵੀ ਤੇ ਸਾਲੇ ਵੀ। ਤੂੰ ਦੱਸ ਅਸੀਂ ਤੈਨੂੰ ਕੀ ਦੇਈਏ? ਮਹਾਰਾਜ ਜੀ ਉਸ ਵੇਲੇ ਕੰਘਾ ਕਰ ਰਹੇ ਸੀ।

ਕਹਿੰਦੇ, "ਪਾਤਸ਼ਾਹ! ਜੇ ਤੂੰ ਮੇਰੇ ਤੇ ਅਤੀ ਪ੍ਰਸੰਨ ਹੈਂ ਤਾਂ ਮੇਰੀ ਬੇਨਤੀ ਨਾ ਮੋੜੀਂ, ਮੈਨੂੰ ਇਹ ਕੰਘਾ ਸਮੇਤ ਕੇਸਾਂ ਦੇ ਦਿਓ।"

ਮਹਾਰਾਜ ਬੜੇ ਹੀ ਪ੍ਰਸੰਨ ਹੋਏ ਉਸ ਦੀ ਭਾਵਨਾ ਦੇਖ ਕੇ। ਉਹ ਕੇਸ ਕਿਤੇ ਐਵੇਂ ਮੁਰਦਾ ਕੇਸ ਤਾਂ ਨਹੀਂ ਸੀ। ਉਨ੍ਹਾਂ ਕੇਸਾਂ ਦਾ ਕਿੰਨਾ ਮੁੱਲ ਸੀ ਕੋਈ ਦੁਨੀਆਂ ਦਾ ਦੱਸ ਨਹੀਂ ਸਕਦਾ ਤੇ ਇਸੇ ਤਰ੍ਹਾਂ ਦੇ ਨਾਲ ਉਸ ਜੋੜੇ ਦਾ ਕੀ ਮੁੱਲ ਸੀ?

ਉਹ ਜੋੜਾ ਦੇ ਦਿੱਤਾ, ਵਾਪਸ ਔਲੀਆ ਵੱਲ ਨੂੰ ਆ ਗਿਆ।

ਔਲੀਆ ਕਹਿਣ ਲੱਗੇ, "ਕੀ ਗੱਲ ਖੁਸਰੋ ਜਲਦੀ ਆ ਗਿਆ?"

ਕਹਿੰਦਾ, "ਮਹਾਰਾਜ! ਤੁਸੀਂ ਆਹ ਜੋੜਾ ਭੇਜ ਕੇ ਮੰਗਾ ਲਿਆ ਮੈਨੂੰ। ਮੈਂ ਭੁੱਲ ਗਿਆ ਸੀ, ਮੈਂ ਮਾਇਆ ਦੇ ਅਸਰ ਵਿਚ ਆ ਗਿਆ ਸੀ। ਮਾਇਆ ਦੇ ਅਸਰ ਹੇਠ ਆ ਕੇ ਮੈਂ ਤੈਨੂੰ ਪਿੱਠ ਦੇ ਕੇ ਚਲਿਆ ਗਿਆ। ਤੂੰ ਮੇਰੇ ਤੇ ਬਹੁਤ ਕਿਰਪਾ ਕਰੀ। ਜੋੜਾ ਨਿਸ਼ਾਨੀ ਵਜੋਂ ਦੇ ਕੇ ਤੂੰ ਮੈਨੂੰ ਵਾਪਸ ਬੁਲਾ ਲਿਆ।"

ਉਸ ਵੇਲੇ ਕੋਲ ਰਹਿਣ ਲੱਗ ਪਿਆ। ਔਲੀਆ ਨੇ ਸਰੀਰ ਛੱਡਣਾ ਸੀ। ਉਨ੍ਹਾਂ ਨੇ ਇਨ੍ਹਾਂ ਵਿਚੋਂ ਦੇਖਣਾ ਸੀ, 32 ਮੁਰੀਦ ਸੀ ਜਿਹੜੇ ਇਕ ਤੋਂ ਇਕ ਵੱਧ ਕਹਿੰਦੇ ਸੀ ਮੈਂ ਹਾਂ ਵਾਰਸ, ਉਹ ਕਹਿੰਦਾ ਮੈਂ ਹਾਂ। ਬਾਕੀ ਲੋਕਾਂ ਨੂੰ ਕੋਈ ਪਤਾ ਨਹੀਂ ਸੀ ਲਗਦਾ। ਉਸ ਵੇਲੇ ਕਹਿਣ ਲੱਗੇ, 'ਅੱਜ ਸ਼ਹਿਰ ਚੱਲਣਾ ਹੈ।"

ਸਾਰੀ ਜ਼ਿੰਦਗੀ ਸ਼ਹਿਰ ਨਹੀਂ ਸੀ ਆਏ ਨਿਜ਼ਾਮੁਦੀਨ ਔਲੀਆ, ਨਾ ਬਾਦਸ਼ਾਹ ਨੂੰ ਮਿਲਿਆ ਸੀ। ਬੜਾ ਜੋਰ ਲਾਇਆ ਬਾਦਸ਼ਾਹਾਂ ਨੇ। ਸੱਤ ਬਾਦਸ਼ਾਹੀਆਂ ਲੰਘੀਆਂ, ਆਉਣ ਹੀ ਨਹੀਂ ਦਿੱਤੇ। ਕਹਿੰਦਾ, "ਬਾਦਸ਼ਾਹ ਨਾ ਮੇਰੇ ਕੋਲ ਆਵੇ ਕੋਈ ਵੀ, ਮੈਂ ਬਾਦਸ਼ਾਹ ਨੂੰ ਨਹੀਂ ਮਿਲਣਾ।"

ਉਸ ਦਿਨ ਆਪੇ ਹੀ ਕਹਿ ਦਿੱਤਾ ਕਿ ਸ਼ਹਿਰ ਜਾਣਾ ਹੈ। ਅੱਗੇ ਗਿਆ ਤਾਂ ਜਿਥੇ ਅਧਰਮ ਦਾ ਬਾਜ਼ਾਰ ਆ ਗਿਆ, ਅਧਰਮਪੁਰਾ ਕਹਿੰਦੇ ਨੇ। ਪਾਪ ਦਾ ਬਾਜ਼ਾਰ। ਜਿਥੇ ਵੇਸਵਾਵਾਂ ਬੈਠੀਆਂ ਸੀ, ਉਧਰ ਨੂੰ ਵੜ ਗਏ।

ਕਹਿਣ ਲੱਗੇ, "ਔਲੀਆ! ਆਹ ਤਾਂ ਵੇਸਵਾਵਾਂ ਦਾ ਬਾਜ਼ਾਰ ਹੈ।"

ਕਹਿੰਦੇ, "ਆਪਾਂ ਏਹੀ ਦੇਖਣਾ ਹੈ ਅੱਜ।"

ਕਈਆਂ ਦੇ ਮਨਾਂ ਵਿਚ ਸ਼ੰਕਾ ਹੋ ਗਿਆ ਕਿ ਇਹ ਉਥੇ ਹੀ ਔਲੀਆ ਸੀ ਇਥੇ ਆ ਕੇ ਐਵੇਂ ਹੀ ਡੋਲ ਗਿਆ। ਇਕ ਬਹੁਤ ਹੀ ਸੁੰਦਰ ਵੇਸਵਾ ਮਕਾਨ ਦੀਆਂ ਪੌੜੀਆਂ ਤੇ ਚੜ੍ਹ ਗਿਆ ਤੇ ਉਪਰ ਚਲਿਆ ਗਿਆ, ਹੇਠਾਂ ਖੜ੍ਹੇ ਨੇ ਸਾਰੇ ਮੁਰੀਦ। ਉਹ ਵੀ ਹੈਰਾਨ ਹੋ ਗਈ ਕਿ ਔਲੀਆ ਮੇਰੇ ਕੋਲ? ਮੇਰੇ ਦਰ ਤੇ?

ਔਲੀਆ ਨੇ ਐਸੀ ਦ੍ਰਿਸ਼ਟੀ ਕਰੀ ਕਿ ਉਸ ਦੀਆਂ ਸਾਰੀਆਂ ਮੰਦ ਵਾਸਨਾਵਾਂ ਖਤਮ ਕਰ ਦਿੱਤੀਆਂ ਤੇ ਉਸ ਨੇ ਚਰਨ ਫੜ੍ਹ ਲਏ, ਪਵਿੱਤਰ, ਸ਼ੁਧ ਕਰ ਦਿੱਤੀ।

ਕਹਿੰਦੀ, "ਮਹਾਰਾਜ! ਅੰਦਰ ਆਓ।"

ਕਹਿੰਦੇ, "ਬੀਬਾ! ਤੇਰੇ ਤੱਕ ਅੱਜ ਮੈਨੂੰ ਇਕ ਕੰਮ ਹੈ, ਇਹ ਤੂੰ ਤਕੜੀ ਹੋ ਕੇ ਕਰਨਾ ਹੈ।"

ਕਹਿਣ ਲੱਗੀ, " ਦੱਸੋ?"

ਕਹਿੰਦੇ, "ਮੈਂ ਆਪਣੇ ਮੁਰੀਦਾਂ ਦਾ ਇਮਤਿਹਾਨ ਲੈ ਰਿਹਾ ਹਾਂ। ਤੂੰ ਕੋਈ ਐਸੇ ਹਾਵ ਭਾਵ ਕਰ ਜਿਸ ਦੇ ਨਾਲ ਇਹ ਸਾਰੇ ਭੱਜ ਜਾਣ ਤੇ ਇਕ ਨਾ ਰਹੇ ਇਥੇ।"

ਅੰਦਰ ਲੈ ਗਏ ਔਲੀਆ ਨੂੰ ਤੇ ਨੌਕਰ ਉਸ ਦੇ ਬਹੁਤ ਸੀ।

ਉਹ ਹਰ ਵਾਰੀ ਕਹਿੰਦੇ ਨੇ, "ਮਾਲਕ! ਕਿਹੜੀ ਸ਼ਰਾਬ ਲਿਆਈਏ।"

ਉਹ ਨਵੇਂ ਤੋਂ ਨਵਾਂ ਨਾ ਲੈਂਦੀ ਹੈ, "ਫਲਾਣੀ ਲਿਆਓ, ਉਨ੍ਹਾਂ ਨੇ ਇਹ ਨਹੀਂ ਪੀਣੀ ਆਹ ਪੀਣੀ ਹੈ। ਕਬਾਬ ਲੈ ਕੇ ਆਓ, ਅੱਜ ਇਥੇ ਰਹਿਣਗੇ ਸਾਡੇ ਕੋਲ।"

ਮੁਰੀਦ ਡੋਲਣ ਲੱਗ ਗਏ, ਰਾਤ ਪੈ ਗਈ। ਅੱਧੀ ਰਾਤ ਨੂੰ 16 ਨੱਠ ਗਏ ਕਿ ਇਹ ਕਾਹਦਾ ਔਲੀਆ ਹੈ, ਫੇਰ ਜੇ ਵੇਸਵਾ ਦੇ ਹੀ ਆ ਕੇ ਬੈਠ ਗਿਆ। 4 ਵਜੇ 2 ਰਹਿ ਗਏ ਬਾਕੀ ਸਾਰੇ ਨੱਠ ਗਏ। ਖਬਰ ਮਿਲ ਗਈ।

ਕਹਿੰਦੀ, "ਮਹਾਰਾਜ! 30 ਤਾਂ ਨੱਠ ਗਏ 2 ਰਹਿ ਗਏ।"

ਕਹਿੰਦੇ, "ਇਨ੍ਹਾਂ ਨੂੰ ਵੀ ਨਠਾਓ। ਜੇ ਨਹੀਂ ਨਠਦੇ ਤਾਂ ਡੰਡੇ ਮਾਰ-ਮਾਰ ਨਠਾਓ।"

ਜਦੋਂ ਡੰਡੇ ਮਾਰਨ ਲੱਗੇ ਤਾਂ ਇਕ ਨੱਠ ਗਿਆ ਕਹਿੰਦਾ, "ਚੱਲ ਓ ਖੁਸਰੋ! ਇਥੇ ਕੀ ਬਣਨਾ ਹੈ?"

ਉਸ ਵੇਲੇ ਖੁਸਰੋ ਨਹੀਂ ਜਾਂਦਾ।

ਕਹਿੰਦੇ, "ਘੜੀਸ ਕੇ ਸੁੱਟ ਆਓ ਬਜ਼ਾਰ ਤੋਂ ਬਾਹਰ ।"

ਘੜੀਸ ਕੇ ਸੁੱਟ ਆਉਂਦੇ ਨੇ ਬਾਹਰ ਜਿਵੇਂ ਕੁੱਤਾ ਘੜੀਸਦਾ ਹੁੰਦਾ ਹੈ। ਜ਼ਖਮ ਹੋ ਗਏ, ਕੱਪੜੇ ਪਾਟ ਗਏ। ਉਹ ਸੁੱਟ ਆਉਂਦੇ ਨੇ, ਉਹ ਫੇਰ ਆ ਜਾਂਦਾ ਹੈ। ਉਨ੍ਹਾਂ ਨੇ 4-5 ਵਾਰੀ ਇਸੇ ਤਰ੍ਹਾਂ ਕਰਿਆ।

ਅਖੀਰ ਉਹ ਜਾ ਕੇ ਕਹਿਣ ਲੱਗੇ, "ਔਲੀਆ! ਬਾਕੀ ਤਾਂ ਸਾਰੇ ਨੱਠ ਗਏ, ਇਕ ਨਹੀਂ ਜਾਂਦਾ।"

ਉਸ ਵੇਲੇ ਔਲੀਆ ਬਾਹਰ ਆ ਗਏ।

ਕੜਕ ਕੇ ਬੋਲੇ ਕਹਿੰਦੇ, "ਓਹ ਖੁਸਰੋ! ਜਿਥੇ 31 ਦੌੜ ਗਏ ਤੂੰ ਕਿਉਂ ਨਹੀਂ ਜਾਂਦਾ?"

ਉਸ ਵੇਲੇ ਉਸ ਨੇ ਅਧੀਨਗੀ ਨਾਲ ਬੇਨਤੀ ਕੀਤੀ, ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਕੋਈ ਕਿਸੇ ਦਾ ਕਿਸੇ ਦਾ ਹੈ ਕੋਈ,***
***ਮੇਰਾ ਤੂੰ ਹੈਂ ਇਕੋ ਮਾਲਕਾ –2, 2.***

***ਸਗਲ ਦੁਆਰ ਕਉ ਛਾਡਿ ਕੈ***
***ਗਹਿਓ ਦੁਹਾਰੋ ਦੁਆਰ॥***
***ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥ (ਚੌਪਈ ਸਾਹਿਬ)***

***ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥***
***ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥ ਅੰਗ – 791***

ਕਹਿਣ ਲੱਗਿਆ, "ਔਲੀਆ! ਜਿਨ੍ਹਾਂ ਦੇ ਸੰਸਾਰ ਵਿਚ ਥਾਂ ਸੀ ਉਹ ਸਭ ਚਲੇ ਗਏ। ਮੇਰਾ ਤਾਂ ਤੇਰੇ ਚਰਨਾਂ ਤੋਂ ਅੱਗੇ ਹੋਰ ਥਾਂ ਹੀ ਕੋਈ ਨਹੀਂ ਹੈ। ਜੇ ਤੂੰ ਇਥੇ ਰਹਿਣਾ ਹੈ ਤਾਂ ਇਥੇ ਵੀ ਮੈਂ ਖੁਸ਼ ਹਾਂ। ਜੇ ਅੰਦਰ ਨਹੀਂ ਵੜਨ ਦੇਣਾ ਤਾਂ ਮੈਂ ਕੁੱਤੇ ਵਾਂਗ ਇਸ ਦਰਵਾਜੇ ਦੇ ਬਾਹਰ ਬੈਠਿਆ ਰਹਾਂਗਾ, ਮਾਰਨ, ਕੁੱਟਣ ਜੋ ਕਰਨਾ ਹੈ ਕਰਨ। ਮੈਂ ਤੇਰੇ ਬਗੈਰ ਨਹੀਂ ਜੀਉਂਦਾ ਰਹਿ ਸਕਦਾ।"

ਉਸ ਵੇਲੇ ਉਤਰ ਕੇ ਬੁਕਲ ਵਿਚ ਲੈ ਲਿਆ। ਬ੍ਰਹਮ ਗਿਆਨ ਦੀ ਦਾਤ ਦੇ ਦਿੱਤੀ, ਸ਼ਕਤੀਆਂ ਦਾ ਭੰਡਾਰਾ ਬਖਸ਼ ਦਿੱਤਾ।

ਕਹਿੰਦੇ,"ਖੁਸਰੋ! ਇਕ ਪਾਸ ਹੋਇਆ ਹੈ ਕਸਵੱਟੀ ਵਿਚੋਂ।"

ਕਸਵੱਟੀ ਕੋਈ ਸੁਖਾਲੀ ਚੀਜ਼ ਨਹੀਂ ਹੁੰਦੀ ਸਾਧ ਸੰਗਤ ਜੀ!

***ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥***
***ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ॥***
***ਅੰਗ – 948***

ਸਿਰ ਦੇ ਉਤੇ ਜਿਸ ਨੇ ਬਾਜ਼ੀ ਲਾਈ ਹੋਈ ਹੈ ਉਹ ਕਸਵੱਟੀ ਸਹਿੰਦਾ ਹੈ, ਦੂਜਾ ਨਹੀਂ।

ਭਾਈ ਮੰਝ ਨੇ ਸਹੀ, ਹੋਰ ਬਹੁਤ ਗੁਰਸਿਖਾਂ ਨੇ ਸਹੀ। ਉਹ ਪੂਰੇ ਹੋ ਗਏ ਤੇ ਅੱਜ ਗੁਰੂ ਦਸਮੇਸ਼ ਪਿਤਾ ਨੇ ਕਸਵੱਟੀ ਲਾ ਦਿੱਤੀ ਦੀਵਾਨ ਲੱਗਿਆ ਹੋਇਆ ਹੈ ਤੇ ਇਕ ਦਮ ਉਠ ਕੇ ਖੜ੍ਹੇ ਹੋ ਗਏ, ਥੋੜ੍ਹੇ ਬਚਨ ਕੀਤੇ।

ਤੇ ਉਸ ਤੋਂ ਬਾਅਦ ਕਹਿਣ ਲੱਗੇ, "ਖਾਲਸਾ ਜੀ! ਅੱਜ ਸਾਨੂੰ ਬੜੀ ਜਰੂਰਤ ਪੈ ਗਈ ਇਕ ਸੀਸ ਦੀ, ਸਾਨੂੰ ਕੁਝ ਸੀਸਾਂ ਦੀ ਲੋੜ ਹੈ ਤੇ ਸਾਨੂੰ ਕੋਈ ਗੁਰਸਿਖ ਸੀਸ ਦੇਵੇ।"

ਉਸੇ ਵੇਲੇ ਸੁਣਦੀਸਾਰ ਭਾਈ ਦਇਆ ਸਿੰਘ ਜੀ ਇਕ ਸਕਿੰਟ ਵੀ ਜਾਇਆ ਨਾ ਕੀਤਾ ਕਿ ਮੈਥੋਂ ਪਹਿਲਾਂ ਕਿਤੇ ਕੋਈ ਹੋਰ ਨਾ ਚਲਿਆ ਜਾਵੇ ਗੁਰੂ ਮਹਾਰਾਜ ਦੇ ਕੋਲ ਚਲੇ ਗਏ।

ਇਥੇ ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਇਤਿਹਾਸਕਾਰਾਂ ਦਾ ਗੁਰੂ ਤੇ ਨਿਸ਼ਚਾ ਹੀ ਨਹੀਂ ਹੈ। ਸਾਡੇ ਪ੍ਰਚਾਰਕ ਵੀ ਬੜੀਆਂ ਅਜੀਬ ਬਾਤਾਂ ਸੁਣਾਉਂਦੇ ਨੇ ਤੇ ਅਸਲੀਅਤ ਇਹ ਹੈ ਕਿ ਗੁਰੂ ਮਹਾਰਾਜ ਨੇ ਸਾਰਿਆਂ ਦੇ ਸਾਹਮਣੇ ਭਾਈ ਦਇਆ ਸਿੰਘ ਜੀ ਦਾ ਸੀਸ ਲਾਹ ਦਿੱਤਾ। ਸੀਸ ਲਾਹੁਣ ਦੀ ਦੇਰ ਸੀ ਕੰਬਣੀ ਛਿੜ ਗਈ ਜਿਹੜੇ ਕਮਜ਼ੋਰ ਬੰਦੇ ਸੀ ਉਨ੍ਹਾਂ ਦੇ ਅੰਦਰ। ਜਿਨ੍ਹਾਂ ਦੇ ਮਨ ਵਿਚ ਭਰੋਸਾ ਸੀ, ਚਾਓ ਸੀ ਉਹ ਇਕ ਤੋਂ ਇਕ ਅੱਗੇ ਹੋਣਾ ਚਾਹੁੰਦੇ ਸੀ ਕਿ ਗੁਰੂ ਸਾਹਿਬ ਫੇਰ ਸੀਸ ਮੰਗਣ। ਦੁਬਾਰਾ ਮੰਗਿਆ ਤਾਂ ਧਰਮ ਸਿੰਘ ਚਲੇ ਗਏ। ਇਸੇ ਤਰ੍ਹਾਂ ਪੰਜ ਮੰਗੇ, ਇੰਤਜ਼ਾਰ ਵਿਚ ਹੀ ਸੀ। ਭਾਈ ਹਿੰਮਤ ਸਿੰਘ ਜੀ ਬੜੀ ਛੋਟੀ ਉਮਰ ਦੇ ਸੀ 22 ਕੁ ਸਾਲ ਸੀ। ਸਮਾਨ ਉਨ੍ਹਾਂ ਕੋਲ ਸੀ ਘਰਵਾਲੀ ਨੇੜੇ ਹੀ ਬੈਠੀ ਸੀ। ਜਦੋਂ ਦੋ ਸੀਸ ਮੰਗ ਲਏ ਤਾਂ ਸਮਾਨ ਦੇਣ ਚਲੇ ਗਏ। ਕਹਿੰਦੇ ਆਹ ਸਮਾਨ ਸਾਂਭੀ ਮੈਂ ਤਾਂ ਗੁਰੂ ਨੂੰ ਸੀਸ ਦੇਣ ਚਲਿਆ ਹਾਂ। ਆਵਾਜ਼ ਆਉਣੀ ਚਾਹੀਦੀ ਹੈ ਕਿਉਂਕਿ ਇਨ੍ਹਾਂ ਨੇ ਇਹ ਨਹੀਂ ਕਿਹਾ ਕਿ ਮੈਨੂੰ ਇਕ ਸੀਸ ਦੀ ਲੋੜ ਹੈ, ਕਹਿੰਦੇ ਮੈਨੂੰ ਸੀਸਾਂ ਦੀ ਲੋੜ ਹੈ। ਗੁਰੂ ਦੇ ਲੇਖੇ ਜੇ ਸਾਡਾ ਜੀਵਨ ਲੱਗ ਜਾਵੇ ਤਾਂ ਕਿੰਨਾ ਸਫਲਾ ਹੈ-

***ਤਨ ਗੰਦਗੀ ਦੀ ਕੋਠੜੀ ਹਰਿ ਹੀਰਿਆਂ ਦੀ ਖਾਣ॥***
***ਸਿਰ ਦੀਤਿਆਂ ਜੇ ਹਰਿ ਮਿਲੇ ਤਾ ਵੀ ਸਸਤਾ ਜਾਣ॥***

ਸੀਸ ਕੀ ਮਾਇਨੇ ਰਖਦਾ ਹੈ? ਵਾਰੀ-ਵਾਰੀ ਪੰਜ ਸੀਸ ਲੈ ਲਏ। ਸੀਸ ਵੀ ਪਏ ਨੇ ਧੜ ਵੀ ਪਏ ਨੇ। ਇਕ ਉਸ ਵੇਲੇ ਜਸੂਸ ਔਰੰਗਜੇਬ ਦਾ ਅਬੁਲ ਤਰਾਨੀ ਜਿਸ ਦਾ ਨਾਂ ਸੀ। ਉਹ ਇਕ ਖਾਸ ਰਾਤਨੀਤਿਕ ਆਦੇਸ਼ ਦੇ ਕੇ ਭੇਜਿਆ ਸੀ ਕਿ ਗੁਰੂ ਨੇ ਕੋਈ ਕੌਤਕ ਕਰਨਾ ਹੈ ਸਾਰੀ ਖਬਰ ਸਾਨੂੰ ਦੇਵੀਂ। ਉਹ ਉਠਿਆ ਨਾ, ਬਾਕੀ ਕਮਜ਼ੋਰ ਜਿਹੜੇ ਨਵੇਂ-ਨਵੇਂ ਆਏ ਸੀ ਉਹ ਇਧਰ ਉਧਰ ਹੋ ਗਏ। ਉਹ ਕਹਿੰਦਾ ਹੈ ਕਿ ਮੈਨੂੰ ਡਰ ਲਗਦਾ ਸੀ ਜੇ ਗੁਰੂ ਸਾਹਿਬ ਥੱਲ੍ਹੇ ਆ ਗਏ, ਏਵੇਂ ਜਿਵੇਂ ਕਿਤੇ ਮੈਂ ਵੀ ਨਾ ਵੱਢਿਆ ਜਾਵਾਂ, ਪਰ ਮੈਂ ਕਾਫੀ ਪਿਛੇ ਬੈਠਾ ਸੀ। ਉਸ ਵੇਲੇ ਉਸ ਨੇ ਲਿਖਿਆ ਇਹ ਰਾਮਗੜ੍ਹੀਆ ਇਤਿਹਾਸ ਵਿਚ ਆਉਂਦੀ ਹੈ ਕਿ ਮੈਂ ਦੇਖਦਾ ਸੀ ਕਿ ਗੁਰੂ ਨੇ ਸੀਸ ਚੁੱਕ ਕੇ ਜੋੜ ਦਿੱਤੇ। ਮੈਨੂੰ ਇਹ ਨਹੀਂ ਪਤਾ ਇਕ ਦੇ ਧੜ ਨਾਲ ਉਸ ਦਾ ਹੀ ਸੀਸ ਲੱਗਿਆ ਜਾਂ ਦੂਜਿਆਂ ਦਾ। ਕਹਿੰਦਾ ਜਿਸ ਦੇ ਉਤੇ ਛਿੱਟਾ ਮਾਰਨ ਉਠ ਕੇ ਖੜ੍ਹਾ ਹੋ ਜਾਵੇ। ਕਹਿੰਦਾ, ਪਹਿਲਾਂ ਤਾਂ ਸਾਰੇ ਡਰਦੇ ਸੀ ਕਿ ਇਹ ਨਵੀਂ ਰੀਤ ਚਲਾ ਰਿਹਾ ਹੈ, ਕੋਈ ਗੁਰੂ ਬੱਚਾ ਹੈ। ਜਿਹੜੇ ਵੱਡੇ ਵੱਡੇ ਮਸੰਦ ਸੀ ਉਹ ਮਾਤਾ ਜੀ ਕੋਲ ਨੂੰ ਜਾਂਦੇ ਸੀ ਭੱਜੇ ਕਿ ਗੁਰੂ ਸਾਹਿਬ ਨੂੰ ਫੜ ਲਈਏ, ਇਹ ਤਾਂ ਕੋਈ ਦੇਵੀ ਚੜ੍ਹ ਗਈ। ਬੜਾ ਕੁਝ ਲਿਖਿਆ ਹੈ ਇਹੋ ਜਿਹੀਆਂ ਊਟ ਪਟਾਂਗ

ਗੱਲਾਂ ਲਿਖੀਆਂ ਨੇ।

ਹੁਣ ਇਸ ਦੇ ਵਿਚ ਜਿਹੜੀ ਮੈਂ ਗੱਲ ਕਹਿਣੀ ਹੈ ਉਹ ਇਹ ਹੈ ਕਿ ਜੋ ਵਿਦਵਾਨ ਲਿਖਦੇ ਨੇ ਕਿ ਗੁਰੂ ਸਾਹਿਬ ਨੇ ਬੱਕਰੇ ਬੰਨੇ ਹੋਏ ਸੀ ਤੰਬੂ ਦੇ ਅੰਦਰ। ਉਹ ਨਾ ਉਨ੍ਹਾਂ ਨੇ ਦੇਖੇ ਨੇ ਨਾਂ ਅਸੀਂ ਦੇਖੇ ਨੇ ਪਰ ਸਾਡੇ ਮਨ ਵਿਚ ਜਿਹੜੀ ਗੁਰੂ ਮਹਾਰਾਜ ਦੀ ਸ਼ਰਧਾ ਹੈ ਨਾਂ। ਜੋ ਕੁਝ ਉਨ੍ਹਾਂ ਦਾ ਜੀਵਨ ਸੀ ਉਸ ਦੇ ਚਾਨਣ ਵਿਚ ਬਾਤ ਕਰਦੇ ਹਾਂ।

***ਸਤਿਗੁਰ ਮੇਰਾ ਮਾਰਿ ਜੀਵਾਲੇ॥ ਅੰਗ - 1142***

ਗੁਰੂ ਵਾਸਤੇ ਮਾਰ ਕੇ ਜੀਉਂਦਾ ਕਰ ਦੇਣਾ ਮਾਮੂਲੀ ਗੱਲਾਂ ਹੁੰਦੀਆਂ ਨੇ। ਗੁਰੂ ਦੇ ਸਿੱਖਾਂ ਦੀਆਂ ਮੈਂ ਦਸਦਾ ਹਾਂ।

ਨਾਮਦੇਵ ਜੀ ਜਮਨਾ ਦੇ ਕੰਢੇ ਤੇ ਬੈਠੇ ਨੇ। ਬ੍ਰਾਹਮਣ ਦਾ ਬੱਚਾ ਮਰਿਆ ਹੋਇਆ ਅਰਥੀ ਤੇ ਜਾ ਰਿਹਾ ਹੈ ਘਰਵਾਲੀ ਸਤੀ ਹੋਣ ਜਾ ਰਹੀ ਹੈ ਤੇ ਉਸ ਨੇ ਆ ਕੇ ਨਾਮਦੇਵ ਜੀ ਨੂੰ ਸੀਸ ਨਿਵਾਇਆ। ਉਨ੍ਹਾਂ ਨੇ ਕਹਿ ਦਿੱਤਾ, "ਸੁਹਾਗ ਮਾਣ।"

ਬੜੀ ਹੁਸ਼ਿਆਰ ਸੀ, ਇਕ ਦਮ ਆਵਾਜ਼ ਦੇ ਕੇ ਅਰਥੀ ਮੰਗਾ ਲਈ।

ਕਹਿਣ ਲੱਗੀ, "ਮਹਾਰਜ! ਮੇਰਾ ਸੁਹਾਗ ਤਾਂ ਆਹ ਹੈ। ਹੁਣ ਤੁਹਾਡਾ ਸੰਤਾਂ ਦਾ ਬਚਨ ਹੋ ਗਿਆ ਤੇ ਹੁਣ ਤਾਂ ਮੈਂ ਸੁਹਾਗ ਮਾਨਣਾ ਹੀ ਹੈ। ਸੰਤਾਂ ਦਾ ਬਚਨ ਕਦੇ ਵੀ ਬਿਰਥਾ ਨਹੀਂ ਜਾਂਦਾ।"

ਆਪ ਘਬਰਾ ਗਏ। ਉਸ ਵੇਲੇ ਨਾਮਦੇਵ ਜੀ ਦੇ ਅੰਦਰੋਂ ਆਵਾਜ਼ ਆਈ ਕਹਿੰਦੇ, "ਨਾਮਦੇਵ! ਇਸ ਦੇ ਵਿਚ ਕੀ ਹੈ ਮੋਢੇ ਤੋਂ ਫੜ ਕੇ ਉਠਾ ਦੇ। ਆਪ ਉਠੇ ਤੇ ਮੋਢੇ ਤੋਂ ਫੜ ਉਸ ਨੂੰ ਉਠਾ ਦਿੱਤਾ। ਕਿੰਨਾ ਝਗੜਾ ਪਿਆ ਗਊ ਮਾਰ ਕੇ ਬਾਦਸ਼ਾਹ ਨੇ ਸਾਹਮਣੇ ਰੱਖ ਦਿੱਤੀ। ਉਹ ਬਿਸਮਲ ਕਰ ਦਿੱਤੀ ਸ਼ਾਹ ਰਗ ਵੱਢ ਦਿੱਤੀ। ਇਨ੍ਹਾਂ ਨੂੰ ਕਹਿੰਦੇ ਜੀਉਂਦਾ ਕਰ।

ਅਖੀਰ ਹੋਇਆ ਕੀ? ਗੁਰੂ ਗ੍ਰੰਥ ਸਾਹਿਬ ਵਿਚ ਹੈ ਕਿ ਮਰੀ ਹੋਈ ਗਊ ਉਨ੍ਹਾਂ ਨੇ ਜੀਉਂਦੀ ਕਰ ਦਿੱਤੀ।

ਭਾਈ ਜੀਵਨ ਜੀ ਗੁਰੂ ਸੱਤਵੇਂ ਪਾਤਸ਼ਾਹ ਦੇ ਗੁਰਸਿਖ ਸੀ, ਭਾਈ ਗਉਰੇ ਦੇ ਭਰਾ ਤੇ ਭਾਈ ਭਗਤੂ ਦੇ ਪੁੱਤਰ ਸੀ। ਇਧਰ ਧੀਰ ਮੱਲ ਨੇ ਐਸੀ ਸਾਜਸ਼ ਰਚੀ ਕਿ ਇਕ ਬ੍ਰਾਹਮਣ ਦਾ ਲੜਕਾ ਚੜ੍ਹਾਈ ਕਰ ਗਿਆ ਤੇ ਉਸ ਬ੍ਰਾਹਮਣ ਨੂੰ ਕਿਹਾ ਕਿ ਗੁਰੂ ਹਰਿ ਰਾਏ ਸਾਹਿਬ ਕੋਲ ਲੈ ਜਾਹ ਤੇ ਨਾਲ ਇਹ ਸੀ ਕਿ ਜੇ ਜੀਉਂਦਾ ਕਰਨਗੇ ਤਾਂ ਗੁਰੂ ਛੇਵੇਂ ਪਾਤਸ਼ਾਹ ਵੇਲੇ ਜਿਨ੍ਹਾਂ ਨੇ ਮਰਿਆ ਬਾਲ ਜੀਉਂਦਾ ਕਰਿਆ ਉਨ੍ਹਾਂ ਨੂੰ ਜਾਣਾ ਪਿਆ। ਜਾਂ ਤਾਂ ਇਹ ਹੁਕਮ ਅਦੂਲੀ ਕਰਨਗੇ ਤੇ ਉਹ ਬ੍ਰਾਹਮਣ ਕਹਿੰਦਾ ਕਿ ਮੈਂ ਤਾਂ ਜੀਉਂਦਾ ਜਲ ਜਾਣਾ ਹੈ ਜਾਂ ਇਕ ਹੱਤਿਆ ਉਨ੍ਹਾਂ ਨੂੰ ਲਗੇਗੀ। ਉਸ ਵੇਲੇ ਮਸੰਦ ਸਾਰੇ ਕਹੀ ਜਾਂਦੇ ਕਿ, "ਮਹਾਰਾਜ! ਜੀਉਂਦਾ ਕਰ ਦਿਓ, ਜੀਉਂਦਾ ਕਰ ਦਿਓ।"

ਮਹਾਰਾਜ ਕਹਿੰਦੇ, "ਜੀਉਂਦਾ ਕਰ ਦਿਓ? ਆਹ ਬਾਦਸ਼ਾਹ ਨੇ, ਇਨ੍ਹਾਂ ਦੇ ਜੀਅ ਮਰਨੇ ਨੇ। ਲਿਆ-ਲਿਆ ਧਰੀ ਜਾਣਗੇ, ਕਿੰਨੇ ਕੁ ਜੀਉਂਦੇ ਕਰੀ ਜਾਓਂਗੇ?"

ਜਦੋਂ ਹਟੇ ਹੀ ਨਾ ਤਾਂ ਕਹਿੰਦੇ, "ਚੰਗਾ! ਜਿਹੜਾ ਕਹਿੰਦਾ ਹੈ ਜੀਉਂਦਾ ਕਰ ਦਿਓ ਉਹ ਆਪਣੇ ਪ੍ਰਾਣ ਇਸ ਦੇ ਵਿਚ ਦੇ ਦਿਓ। ਆਪ ਜਾਵੇ, ਆਪ ਚਲਿਆ ਜਾਵੇ ਤੇ ਉਸ ਵੇਲੇ ਭਾਈ ਜੀਵਨ ਜੀ ਬਾਹਰ ਗਏ ਸਰੀਰ ਛੱਡ ਦਿੱਤਾ, ਲੜਕਾ ਜੀਉਂਦਾ ਹੋ ਗਿਆ।

ਮਹਾਰਾਜ ਕਹਿੰਦੇ, "ਮੇਰਾ ਕਿਹੜਾ ਸਿੱਖ ਪੁੱਤਰ ਗਿਆ? ਦੇਖੋ।"

ਜਾ ਕੇ ਪਤਾ, ਤਾਂ ਪਤਾ ਲੱਗਿਆ ਕਿ ਭਾਈ ਜੀਵਨ ਜੀ ਚਲੇ ਗਏ।

ਉਸ ਵੇਲੇ ਮਹਾਰਾਜ ਕਹਿੰਦੇ, "ਤੁਸੀਂ ਮੇਰਾ ਪਿਆਰਾ ਪੁੱਤਰ ਮਾਰ ਕੇ ਬ੍ਰਾਹਮਣ ਦਾ ਪੁੱਤਰ ਜੀਉਂਦਾ ਕਰਿਆ ਹੈ ਨਾਂਹ।"

ਇਸੇ ਤਰ੍ਹਾਂ ਮੋਹਨ ਨਾਲ ਬਾਬਾ ਅਟੱਲ ਰਾਏ ਜੀ ਖੇਡ ਰਹੇ ਸੀ। ਰਾਤ ਨੂੰ ਪਿੱਤ (ਵਾਰੀ) ਉਸ ਦੇ ਸਿਰ ਰਹਿ ਗਈ ਤੇ ਰਾਤ ਨੂੰ ਸੱਪ ਲੜ ਗਿਆ।

ਸਵੇਰੇ ਬਾਬਾ ਅਟੱਲ ਕਹਿਣ ਲੱਗੇ, "ਪਿੱਤ ਉਸ ਦੇ ਸਿਰ ਹੈ।"

ਜਦੋਂ ਕਿਹਾ ਕਿ ਮਹਾਰਾਜ! ਉਹ ਤਾਂ ਤੁਹਾਡਾ ਜਗਾਇਆ ਹੀ ਜਾਗੇਗਾ। ਘਰ ਵਾਲੇ ਕਹਿੰਦੇ ਕਿ ਉਹ ਤਾਂ ਸੁੱਤਾ ਪਿਆ ਹੈ, ਜੇ ਉਹ ਜਗਾਉਣਗੇ ਤਾਂ ਜਾਗੇਗਾ। ਇਹ ਗਏ ਤੇ ਜਾ ਕੇ ਜਿਥੇ ਉਹ ਰੱਖਿਆ ਹੋਇਆ ਸੀ, ਆਪਣੀ ਖੂੰਡੀ ਪਾਈ ਉਸ ਦੇ ਗੱਲ ਵਿਚ ਤੇ ਕਹਿੰਦੇ, "ਹੁਣ ਪਿੱਤ ਦੇਣ ਦਾ ਮਾਰਿਆ ਇਵੇਂ ਕਰਦਾ ਹੈ।" ਤੇ ਉਹ ਜੀਉਂਦਾ ਹੋ ਗਿਆ।

ਬਾਬਾ ਗੁਰਦਿੱਤਾ ਜੀ ਤੋਂ ਗਊ ਮਰ ਗਈ ਸ਼ੇਰ ਦੇ ਭੁਲੇਖੇ। ਪਹਾੜੀਏ ਗੱਲ ਪੈ ਗਏ, ਤੀਰ ਸਾਰ ਪਾਰ ਲੰਘ ਗਿਆ ਤੇ ਆਂਦਰਾਂ ਕੱਟ ਕੇ ਨਾਲ ਲੈ ਗਿਆ ਤੇ ਜਦੋਂ ਬਹੁਤ ਗੱਲ ਪੈ ਗਏ। ਉਸ ਵੇਲੇ ਵਾਹਿਗੁਰੂ ਕਹਿ ਕੇ ਛਿੱਟਾ ਮਾਰ ਦਿੱਤਾ, ਗਊ ਉਠ ਕੇ ਖੜੀ ਹੋ ਗਈ।

ਇਹ ਤਾਂ ਗੱਲਾਂ ਹਨ ਇਤਿਹਾਸ ਦੀਆਂ ਇਕ ਨਹੀਂ ਬੇਅੰਤ ਜੇ ਮੈਂ ਦੱਸਣ ਲੱਗਾਂ।

ਸੁਆਮੀ ਜੀ ਲਿਖਦੇ ਨੇ ਕਿ ਮੈਂ ਪੜ੍ਹਾ ਰਿਹਾ ਸੀ ਕਲਾਸ ਨੂੰ, ਮੈਂ ਮੌਤ ਦੀ ਗੱਲ ਕਰ ਰਿਹਾ ਸੀ। ਇਕ ਸਾਧੂ ਆ ਗਿਆ ਤੇ ਹੱਸੀ ਜਾਵੇ, ਹੱਸੀ ਜਾਵੇ।

ਸੁਆਮੀ ਜੀ ਕਹਿੰਦੇ, "ਮੈਂ ਬੇਨਤੀ ਕਰੀ ਕਿ ਮਹਾਰਾਜ ਹੱਸੋ ਨਾ, ਮੈਂ ਪੜ੍ਹਾ ਰਿਹਾ ਹਾਂ।

ਜਦੋਂ ਕਲਾਸ ਨੂੰ ਮੈਂ ਪੜ੍ਹਾ ਹਟਿਆ ਤਾਂ ਮੈਂ ਕਿਹਾ ਕਿ ਤੁਸੀਂ ਹੱਸਦੇ ਕਿਉਂ ਸੀ?

ਉਹ ਕਹਿੰਦੇ, "ਮੈਂ ਤਾਂ ਹੱਸਦਾ ਸੀ ਕਿ ਤੇਰੇ ਵਰਗਾ ਅਣਜਾਣ ਬੰਦਾ ਪੜ੍ਹਾ ਰਿਹਾ ਹੈ। ਤੈਨੂੰ ਕੀ ਪਤਾ ਹੈ ਕਿ ਮੌਤ ਕੀ ਹੁੰਦੀ ਹੈ?"

ਕਹਿੰਦੇ, " ਮੈਂ ਡਰ ਗਿਆ ਕਿ ਇਹ ਤਾਂ ਕੋਈ ਤਕੜਾ ਹੀ ਆ ਗਿਆ।

ਕਹਿੰਦੇ, "ਮੈਨੂੰ ਤਾਂ ਪਤਾ ਨਹੀਂ, ਮੈਂ ਜੋ ਪੜ੍ਹਿਆ ਉਹ ਦੱਸ ਦਿੱਤਾ।"

ਸਾਧੂ ਕਹਿੰਦਾ, ਤੈਨੂੰ ਨਹੀਂ ਪਤਾ ਮੌਤ ਕੀ ਹੁੰਦੀ ਹੈ, ਜਾਹ! ਕੋਈ ਤੁਰਦਾ ਫਿਰਦਾ ਜੀਵ ਫੜ ਕੇ ਲਿਆ।"

ਇਕ ਮੋਟਾ ਕੀੜਾ ਉਥੇ ਤੁਰਿਆ ਫਿਰਦਾ ਸੀ ਮੈਂ ਰੁਮਾਲ ਨਾਲ ਚੁੱਕ ਲਿਆ, ਜਾ ਕੇ ਦੇ ਦਿੱਤਾ। ਉਸ ਨੇ ਚਾਕੂ ਕੱਢਿਆ ਤੇ ਦੋ ਹਿੱਸੇ ਕਰਕੇ ਅੱਧਾ ਇਧਰ ਸੁੱਟ ਦਿੱਤਾ ਤੇ ਅੱਧਾ ਉਧਰ ਸੁੱਟ ਦਿੱਤਾ। ਆਪ ਸਮਾਧੀ ਵਿਚ ਬਹਿ ਗਿਆ। ਜਦੋਂ ਉਹ ਬੈਠਾ ਤਾਂ ਮੈਂ ਹੈਰਾਨ ਹੋ ਗਿਆ ਕਿ ਕੀੜੇ ਦੇ ਦੋਵੇਂ ਹਿੱਸੇ ਇਕ ਦੂਜੇ ਵੱਲ ਨੂੰ ਵਧਦੇ ਆਉਂਦੇ ਨੇ ਤੇ ਉਹ ਜੁੜ ਗਿਆ ਜੁੜ ਕੇ ਅਰਾਮ ਨਾਲ ਤੁਰ ਗਿਆ।

ਕਹਿੰਦਾ, "ਆਹ ਹੁੰਦੀ ਹੈ ਮੌਤ। ਮੌਤ ਕੁਝ ਨਹੀਂ ਹੁੰਦੀ।"

ਜੇ ਇਕ ਸਾਧੂ ਇਸ ਤਰ੍ਹਾਂ ਕਰ ਸਕਦਾ ਹੈ ਤਾਂ ਫੇਰ ਗੁਰੂ ਦਸਵੇਂ ਪਾਤਸ਼ਾਹ ਦੇ ਉਤੇ ਸ਼ੱਕ ਕਰੀ ਜਾਂਦੇ ਨੇ ਕਿ ਜੀ! ਬੱਕਰੇ ਵੱਢੇ। ਉਹ ਬੱਕਰੇ ਗੁਰੂ ਸਾਹਿਬ ਕਿਵੇਂ ਫੜ ਲਿਆਏ। ਹੁਣ ਦੇਖੋ ਕਿ ਜਿਹੜਾ ਜ਼ਰਾ ਕੁ ਵੀ ਵੱਡਾ ਹੁੰਦਾ ਹੈ ਬੰਦਾ ਕੋਈ ਵੀ ਹੋਵੇ। ਉਸ ਦੇ ਉਤੇ ਹਰ ਵਕਤ ਚੌਕਸੀ ਤੇ ਪਹਿਰਾ ਰਹਿੰਦਾ ਹੈ ਤੇ ਗੁਰੂ ਦਸਵੇਂ ਪਾਤਸ਼ਾਹ ਦੇ ਕਿੰਨੇ ਪਹਿਰੇਦਾਰ, ਕਿੰਨੇ ਆਲੇ ਦੁਆਲੇ ਰਹਿਣ ਵਾਲੇ ਤੇ ਗੁਰੂ ਸਾਹਿਬ ਕਿਹੜੇ ਵਾੜੇ ਵਿਚੋਂ ਚੁਕ ਕੇ ਲਿਆਏ ਬੱਕਰੇ। ਕੀ ਉਹ ਆਪੇ ਹੀ ਚੁਕ ਕੇ ਲਿਆਏ? ਜੇ ਕਿਸੇ ਨੂੰ ਭੇਤ ਦਾ ਪਤਾ ਲੱਗ ਜਾਂਦਾ? ਬਾਅਦ ਵਿਚ ਵੀ ਪਤਾ ਲਗ ਜਾਣਾ ਸੀ ਕਿ ਉਹ ਬੱਕਰੇ ਚੁੱਕ ਚੁੱਕ ਲਿਆਈ ਜਾਂਦੇ ਨੇ ਤੇ ਮੂੰਹ ਬੰਨ੍ਹ ਕੇ ਤੰਬੂ ਵਿਚ ਬਿਠਾਈ ਜਾਂਦੇ ਨੇ।

ਜਦੋਂ ਬਾਅਦ ਵਿਚ ਸੀਸ ਭੇਟ ਹੋ ਚੁੱਕੇ ਤਾਂ ਕਿਸੇ ਇਤਿਹਾਸਕਾਰ ਨੇ ਨਹੀਂ ਲਿਖਿਆ ਕਿ ਉਹ ਬੱਕਰੇ ਕਿਧਰ ਗਏ ਨੇ ਜਿਹੜੇ ਵੱਢੇ ਸੀ। ਉਹ ਫੇਰ ਸਾਰਿਆਂ ਨੇ ਹੀ ਦੇਖਣੇ ਸੀ ਆ ਕੇ ਕਿ ਆਹ ਦੇਖ, ਆਹੀ ਗੱਲ ਸੀ।

ਇਹ ਨਹੀਂ ਹੈ ਗੱਲ। ਇਹ ਤਲਵਾਰ ਦੀ ਧਾਰ ਵਿਚੋਂ ਤੁਸੀਂ ਪੈਦਾ ਹੋਏ ਹੋ, ਬਕਰਿਆ ਦੀਆਂ ਗਰਦਨਾਂ ਵੱਢ ਕੇ ਨਹੀਂ ਪੈਦਾ ਹੋਏ। ਐਵੇਂ ਨਾ ਆਪਣੇ ਆਪ ਨੂੰ ਛੋਟਾ ਬਣਾ ਲਿਆ ਕਰੋ ਗੱਲਾਂ ਸੁਣ ਕੇ। ਇਹ ਗੁਰੂ ਦਸਮੇਸ਼ ਪਿਤਾ ਨੇ ਸਾਨੂੰ ਜੋ ਖਾਲਸਾ ਸ਼ਕਤੀ ਦਿੱਤੀ ਹੈ ਨਾਹ, ਉਹ ਤਲਵਾਰ ਦੀ ਧਾਰ ਵਿਚੋਂ

ਦਿਤੀ ਹੈ, ਉਹ ਇਸ ਤਰ੍ਹਾਂ ਨਹੀਂ ਦਿੱਤੀ।

ਸੋ ਇਸ ਤਰ੍ਹਾਂ ਦੇ ਨਾਲ ਕਸਵੱਟੀ ਦੇ ਵਿਚ ਪੰਜ ਪਾਸ ਹੁੰਦੇ ਨੇ।

ਦੂਜੀ ਬਾਤ ਮੈਂ ਕਰਦਾ ਹਾਂ, ਉਹ ਸੰਤਾਂ ਨੇ ਵੀ ਕਿਹਾ ਹੈ। ਉਹ ਇਹ ਹੈ ਕਿ ਜਿਹੜਾ ਗੁਰੂ ਨਾਨਕ ਪਾਤਸ਼ਾਹ ਨੇ ਦਰਗਾਹ ਵਿਚੋਂ ਨਾਮ ਲਿਆਂਦਾ ਸੀ ਨਾਂਹ। ਅਕਾਲ ਪੁਰਖ ਨੇ ਕਿਹਾ, "ਹੇ ਨਾਨਕ ਤੂੰ ਨਾਮ ਦਾ ਪਿਆਲਾ ਪੀ, ਇਸ ਨੂੰ ਵੰਡ ਸੰਸਾਰ ਤੇ ਜਾ ਕੇ।"

ਉਥੇ ਤੱਕ ਪਹੁੰਚਣ ਦਾ ਜਿਹੜਾ ਮੰਤਰ ਹੈ ਉਹ ਪੰਜ ਪਿਆਰੇ ਦਿੰਦੇ ਨੇ। ਜਿੰਨਾ ਚਿਰ ਉਹ ਮੰਤਰ ਨਹੀਂ ਮਿਲਦਾ ਉਨਾ ਚਿਰ ਨਿਗੁਰਾ ਰਹਿ ਜਾਂਦਾ ਹੈ, ਗੁਰੂ ਨਾਲ ਨਹੀਂ ਜੁੜਦਾ, ਗੁਰੂ ਨਾਲ ਸੰਧੀ ਨਹੀਂ ਹੁੰਦੀ ਉਸ ਦੀ। ਸਹਿਜਧਾਰੀਆਂ ਵਾਸਤੇ ਉਨ੍ਹਾਂ ਨੇ ਕਿਹਾ ਹੈ ਕਿ ਹੌਲੀ-ਹੌਲੀ ਸਹਿਜ ਦੇ ਵਿਚ ਆਈ ਜਾਣਗੇ, ਕੋਈ ਨਾ, ਇਹ ਪਨੀਰੀ ਹੈ ਇਸ ਨੂੰ ਨਫਰਤ ਨਾ ਕਰਿਓ। ਗੁੰਜ਼ਾਇਸ਼ ਰੱਖ ਦਿੱਤੀ ਲੇਕਿਨ Order of Khalsa (ਖਾਲਸਾ ਪੰਥ) ਜਿਹੜਾ ਸੀ ਉਸ ਦੇ ਵਿਚ ਕੋਈ ਦਾਖਲ ਨਹੀਂ ਹੋ ਸਕਦਾ ਜਦੋਂ ਤੱਕ ਉਹ ਅੰਮ੍ਰਿਤ ਨਹੀਂ ਛਕਦਾ। ਜਦੋਂ ਤੱਕ ਅੰਮ੍ਰਿਤ ਨਹੀਂ ਛਕਦਾ ਉਦੋਂ ਤੱਕ ਉਸ ਦਾ ਵਾਲੀ ਵਾਰਸ ਕੋਈ ਨਹੀਂ ਕਿਉਂਕਿ ਉਸ ਨੇ ਗੁਰੂ ਨਹੀਂ ਧਾਰਿਆ। ਜਿਸ ਨੇ ਗੁਰੂ ਤੋਂ ਮੰਤਰ ਨਹੀਂ ਲਿਆ ਉਸ ਦੇ ਬਾਰੇ ਐਸਾ ਹੁਕਮ ਹੈ -

***ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ***
***ਧ੍ਰਿਗੰਤ ਜਨਮ ਭ੍ਰਸਟਣਹ॥***
***ਕੂਕਰਹ ਸੂਕਰਹ ਗਰਧਭਹ***
***ਕਾਕਹ ਸਰਪਨਹ ਤੁਲਿ ਖਲਹ॥ ਅੰਗ - 1357***

ਕੁਤਿਆ, ਬਿੱਲਿਆ, ਸੂਰਾਂ, ਸੱਪਾਂ ਵਰਗਾ ਉਸ ਦਾ ਜੀਵਨ ਹੈ। ਜਦੋਂ ਜੀਉਂਦੇ ਦਾ ਇਹ ਜੀਵਨ ਹੈ ਤਾਂ ਮਰ ਕੇ ਵੀ ਇਨ੍ਹਾਂ ਜੂਨਾਂ ਵਿਚ ਜਾਏਗਾ। ਸੋ ਇਸ ਕਰਕੇ ਮੰਤਰ ਲੈਣਾ ਜਰੂਰੀ ਹੁੰਦਾ ਹੈ। ਗੁਰੂ ਨਾਨਕ ਦੇ ਘਰ ਦਾ ਬਾਬਾ ਜੀ ਨੇ ਦੱਸਿਆ ਸੀ ਕਿ ਸਰੋਵਰ ਨੂੰ ਛੱਡ ਕੇ ਛੱਪੜੀਆਂ ਵਿਚ ਨਾ ਜਾਓ। ਗੁਰੂ ਨਾਨਕ ਦੇ ਲੜ ਨਾਲ ਜੁੜੋ। ਬੜਾ ਵੱਡਾ ਇਤਿਹਾਸ ਹੈ। ਬਹੁਤ ਵੱਡਾ ਸਿਧਾਂਤ ਹੈ ਗੁਰੂ ਗ੍ਰੰਥ ਸਾਹਿਬ ਦਾ। ਸਾਰੀ ਦੁਨੀਆਂ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਨੂੰ ਮੰਨੇਗੀ ਇਕ ਦਿਨ ਕਿਉਂਕਿ ਵੱਡੇ-ਵੱਡੇ ਮਹਾਂਪੁਰਸ਼ਾਂ ਦਾ ਇਹ ਮੱਤ ਹੈ।

ਸੁਆਮੀ ਜੀ ਕਹਿਣ ਲੱਗੇ ਕਿ ਗੁਰੂ ਗ੍ਰੰਥ ਸਾਹਿਬ ਤੋਂ ਵੱਡਾ ਕੋਈ ਹੈ ਹੀ ਨਹੀਂ। ਮੈਂ ਸਭ ਪੜ੍ਹ ਕੇ ਦੇਖੇ ਨੇ, ਸ੍ਰੇਸ਼ਠ ਏਹੀ ਹੈ।

ਇਨ੍ਹਾਂ ਨੂੰ ਛੱਡ ਕੇ, ਪਿੱਠ ਦੇ ਕੇ ਅਸੀਂ ਨੱਠੀਏ ਨਾਹ, ਪਿਆਰਿਓ! ਗੁਰੂ ਗ੍ਰੰਥ ਸਾਹਿਬ ਨੂੰ ਮੱਥੇ ਟੇਕਣ ਨਾਲ ਨਹੀਂ ਗੱਲ ਬਣਦੀ। ਮੈਂ ਇਕ ਹੋਰ ਦਸਦਾ ਹਾਂ।

ਚੰਡੀਗੜ੍ਹ 19 ਸੈਕਟਰ ਦੀਵਾਨ ਲੱਗੇ ਹੋਏ ਸੀ ਸਾਡੇ। ਉਥੋਂ ਦੀ ਕਮੇਟੀ ਦੀਵਾਨ ਵਿਚ ਆਵੇ ਹੀ ਨਾ, ਆਪਣੇ ਦਫਤਰ ਵਿਚ ਹੀ ਬੈਠੇ ਰਹਿਣ, ਉਥੇ ਹੀ ਗਿਟਮਿਟ ਕਰੀ ਜਾਣ। ਮੈਂ ਦੀਵਾਨ ਬੰਦ ਕਰ ਦਿੱਤਾ। ਮੈਂ ਕਿਹਾ ਕਮੇਟੀ ਵਲਿਆਂ ਨੂੰ ਲਿਆਓ ਪਹਿਲਾਂ। ਉਹ ਲੈ ਆਂਦੇ ਸਿੰਘਾਂ ਨੇ ਜਾ ਕੇ, ਸਿੰਘ ਬਹੁਤ ਨਾਲ ਰਹਿੰਦੇ ਸੀ ਮੇਰੇ। ਮੈਂ ਕਿਹਾ, "ਭਾਈ! ਤੁਸੀਂ ਅੰਮ੍ਰਿਤ ਛਕਿਆ ਹੋਇਆ ਹੈ?" ਇਕ ਨਾ ਨਿਕਲਿਆ। ਮੈਂ ਕਿਹਾ, ਤੁਹਾਡਾ ਕੀ ਸੰਬੰਧ ਹੈ ਗੁਰੂ ਨਾਲ? ਗੁਰਦਵਾਰਾ ਖਾਲੀ ਕਰੋ।

ਗੁਰੂ ਗ੍ਰੰਥ ਸਾਹਿਬ ਤੁਹਾਡੇ ਗੁਰੂ ਬਣ ਕਿਵੇਂ ਗਏ? ਜਦੋਂ ਤੱਕ ਤੁਸੀਂ ਮੰਤਰ ਨਹੀਂ ਲਿਆ। ਤੁਸੀਂ ਕਹਿੰਦੇ ਹੋ ਅਸੀਂ ਮੰਨਦੇ ਹਾਂ, ਤੁਹਾਡੇ ਮੰਨਣ ਨਾਲ ਕੀ ਹੁੰਦਾ ਹੈ। ਮੈਂ ਸਾਰੇ ਮਹਾਤਮਾਵਾਂ ਨੂੰ ਮੰਨਦਾ ਹਾਂ, ਦੱਸੋ ਕਿਸ ਦਾ ਨਾਉ ਲਓਗੇ? ਇਸਲਾਮ ਦੇ ਮਹਾਤਮਾ ਨੂੰ ਮੈਂ ਮੰਨਦਾ ਹਾਂ, ਹਿੰਦੂ ਮਹਾਤਮਾ ਦੀ ਮੇਰੇ ਦਿਲ ਵਿਚ ਬੜੀ ਭਾਰੀ ਕਦਰ ਹੈ, ਜਿਹੜੀਆਂ ਸੰਪਰਦਾਵਾਂ ਨੇ ਇਨ੍ਹਾਂ ਮਹਾਤਮਾਵਾਂ ਨੂੰ ਮੈਂ ਮੰਨਦਾ ਹਾਂ ਕਿਉਂਕਿ ਇਹ ਬਹੁਤ ਆਪਣੇ-ਆਪਣੇ ਥਾਵਾਂ ਤੇ ਕੰਮ ਕਰ ਰਹੇ ਨੇ, ਉਨ੍ਹਾਂ ਨਾਲ ਮੇਰਾ ਪਿਆਰ ਹੈ। ਉਹ ਪਿਆਰ ਦਾ ਮਤਲਬ ਇਹ ਤਾਂ ਨਹੀਂ ਹੈ ਕਿ ਮੈਂ ਉਨ੍ਹਾਂ ਦਾ ਚੇਲਾ ਬਣ ਗਿਆ। ਮੰਨਦੇ ਹਾਂ, ਸਤਿਕਾਰ ਕਰਦੇ ਹਾਂ, ਮੁਰੀਦ ਤਾਂ ਬਣਦਾ ਹੈ ਜੇ ਸੰਧੀ ਹੋ ਜਾਵੇ ਜੁੜ ਜਾਵੇ ਤੇ ਪੰਜ ਪਿਆਰੇ ਨਾਮ ਦਿੰਦੇ ਨੇ ਮੰਤਰ, ਤੁਸੀਂ ਮੰਤਰ ਲਿਆ ਹੈ ਕਿਸੇ ਨੇ?"

ਕਹਿੰਦੇ, "ਅਸੀਂ ਆਪੇ ਹੀ ਵਾਹਿਗੁਰੂ ਵਾਹਿਗੁਰੂ ਕਰਦੇ ਹਾਂ।"

ਮੈਂ ਕਿਹਾ, "ਤੁਸੀਂ ਤਾਂ ਨਿਗੁਰੇ ਹੋ।"

ਜਦੋਂ 5-4 ਵਾਰੀ ਕਿਹਾ ਤਾਂ ਉਹ ਕਹਿੰਦੇ, "ਜੀ ਸਾਨੂੰ ਹੁਣ ਸਾਰੀ ਸੰਗਤ ਵਿਚ ਨਾ ਛਿੱਥੇ ਕਰੋ, ਅਸੀਂ ਅੰਮ੍ਰਿਤ ਛਕਾਂਗੇ।"

ਉਸ ਸਾਰੀ ਕਮੇਟੀ ਨੂੰ ਅੰਮ੍ਰਿਤ ਛਕਾਇਆ। ਮੈਂ ਕਿਹਾ,"ਤੁਹਾਡਾ ਹੱਕ ਕੀ ਹੈ ਉਥੇ ਜਾ ਕੇ ਕੰਮ ਕਰਨ ਦਾ, ਜਦੋਂ ਤੁਸੀਂ ਗੁਰੂ ਜੀ ਦੇ ਚੇਲੇ ਹੀ ਨਹੀਂ ਹੋ। ਉਨ੍ਹਾਂ ਨੂੰ ਗੁਰੂ ਧਾਰਿਆ ਹੀ ਨਹੀਂ (ਉਚਿਤ, ਯੋਗ) ਵਿਧੀ ਦੇ ਨਾਲ ਤੇ ਤੁਸੀ ਕਿਵੇਂ ਕਹਿ ਦਿੰਦੇ ਹੋ ਕਿ ਸਾਡੇ ਗੁਰੂ, ਗੁਰੂ ਗ੍ਰੰਥ ਸਾਹਿਬ ਹਨ। ਆਪੇ ਹੀ ਮੰਨੀਂ ਜਾਂਦੇ ਹੋ। ਤੁਹਾਨੂੰ ਮੰਤਰ ਤਾਂ ਕਿਸੇ ਨੇ ਦਿੱਤਾ ਨਹੀਂ ਕਿਸੇ ਗੁਰੂ ਪੀਰ ਨੇ ਤੁਹਾਡੀ ਬਾਂਹ ਨਹੀਂ ਫੜੀ।"

ਜਦੋਂ 22 ਸੈਕਟਰ ਦੀਵਾਨ ਲੱਗਿਆ ਉਥੇ ਬੜੇ ਪੜ੍ਹੇ ਲਿਖਿਆਂ ਦੀ ਕਮੇਟੀ ਸੀ। ਮੇਰੇ ਘਰ ਆ ਗਏ। ਕਹਿੰਦੇ, "ਜੀ ਸਾਨੂੰ ਸੰਗਤ ਵਿਚ ਛਿੱਥੇ ਨਾ ਕਰਿਓ, ਅਸੀਂ ਅੰਮ੍ਰਿਤ ਛਕਲਾਂਗੇ ਸਾਰੇ। ਦੀਵਾਨ ਵਿਚ ਨਾ ਸਾਨੂੰ ਕਹਿਓ। 432 ਪ੍ਰੇਮੀਆਂ ਨੇ ਅੰਮ੍ਰਿਤ ਛਕਿਆ ਉਥੇ। ਕਹਿੰਦੇ, "ਇਕ ਦੀਵਾਨ ਸਾਨੂੰ ਹੋਰ ਦੇ ਦਿਓ। ਯੂਨੀਵਰਸਿਟੀ ਦੇ ਕਾਫੀ ਪ੍ਰੋਫੈਸਰਾਂ ਨੇ ਫੈਸਲਾ ਕਰ ਲਿਆ ਕਿ ਅਸੀਂ ਵੀ ਅੰਮ੍ਰਿਤ ਛਕਾਂਗੇ, ਪੁਲਿਸ ਦੇ ਅਫਸਰਾਂ ਨੇ ਵੀ ਸਾਰਿਆਂ ਨੇ ਵੀ ਫੈਸਲਾ ਕਰ ਲਿਆ।"

ਨਿਗੁਰੀ ਦੁਨੀਆਂ ਤੁਰੀ ਫਿਰਦੀ ਹੈ।

ਪਹਿਲਾਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਬਣਾਓ, ਫੇਰ ਅੰਮ੍ਰਿਤ ਛਕੋ, ਮੰਤਰ ਦੇਣਗੇ ਪੰਜ ਪਿਆਰੇ। ਪੰਜ ਪਿਆਰੇ ਉਹ 'ਪਾਹੁਲ' ਮੰਤਰਿਆ ਹੋਇਆ ਜਲ ਛਕਾਉਂਦੇ ਨੇ। ਜਲ ਦੇ ਵਿਚ ਕਿੰਨੀ ਸ਼ਕਤੀ ਹੈ? ਮੈਂ ਕੱਲ੍ਹ ਹੀ ਦੱਸਿਆ ਸੀ ਕਿ ਆਹ ਸਾਡੇ ਕੋਲ ਕੁਝ ਵੀ ਨਹੀਂ ਹੈ ਅਸੀਂ ਕਹਿੰਦੇ ਹਾਂ ਕਿ ਇਸ ਸ਼ਬਦ ਦਾ ਪਾਠ ਕਰ ਲੈ, ਜਲ ਸਾਹਮਣੇ ਰੱਖ ਲੈ ਇਹ ਸ਼ਕਤੀ ਇਸ ਦੇ ਵਿਚ ਪ੍ਰਵੇਸ਼ ਹੋ ਜਾਵੇਗੀ, ਤੂੰ ਰਾਜ਼ੀ ਹੋ ਜਾਏਂਗਾ। ਇਕ ਤਾਂ ਨਹੀਂ ਰਾਜ਼ੀ ਹੋਇਆ, ਸੈਂਕੜਿਆਂ ਦੀ ਤਾਦਾਦ ਵਿਚ ਰਾਜ਼ੀ ਹੋਏ ਨੇ।

ਮੈਂ ਕਿਹਾ ਦੇਖੋ ਕਿੰਨੀ ਇਸ ਦੇ ਵਿਚ ਸੱਤਿਆ ਹੈ। ਬਾਣੀ ਇਕ ਦਮ ਪਾਣੀ ਦੇ ਵਿਚ ਅਸਰ ਕਰ ਦਿੰਦੀ ਹੈ। ਦੋ ਚੀਜ਼ਾਂ ਵਿਚ ਅਸਰ ਛੇਤੀ ਕਰ ਦਿੰਦੀ ਹੈ। ਇਕ ਤਾਂ ਕਰਦੀ ਹੈ ਧਰਤੀ ਦੇ ਉਤੇ। ਜਿਹੜਾ ਬਾਣੀ ਪੜ੍ਹਦਾ ਹੈ ਉਸਦਾ ਜੋ ਸ਼ਕਤੀ ਦਾ ਵਹਾ ਹੈ ਸਭ ਤੋਂ ਵੱਡਾ ਪ੍ਰਵਾਹ ਪੈਰਾਂ ਵਿਚੋਂ ਦੀ ਨਿਕਲਦਾ ਹੁੰਦਾ ਹੈ। ਉਸ ਤੋਂ ਘਟ ਹੱਥ ਦੀ ਹਥੇਲੀ ਵਿਚੋਂ ਨਿਕਲਦਾ ਹੈ। ਮਹਾਤਮਾ ਹਥੇਲੀ ਕਰਦੇ ਨੇ ਇਸ ਤਰ੍ਹਾਂ (ਜਿਵੇਂ ਅਸ਼ੀਰਵਾਦ ਦਿੰਦੇ ਨੇ) ਉਸ ਦਾ ਮਤਲਬ ਕੀ ਹੁੰਦਾ ਹੈ ਉਹ ਲਹਿਰ ਹੁੰਦੀ ਹੈ ਉਹ ਉਸ ਦੇ ਅੰਦਰ ਆਰ-ਪਾਰ ਧੱਸ ਜਾਂਦੀ ਹੈ। ਗੁਰੂਆਂ ਨੂੰ ਦੇਖ ਲਓ, ਸੰਤਾਂ ਨੂੰ ਦੇਖ ਲਓ ਜਿਸ ਦੇ ਅੰਦਰ ਸ਼ਕਤੀ ਦੀ ਰੌ ਚਲਦੀ ਹੈ ਉਹ ਇਸ ਤਰ੍ਹਾਂ ਕਰੇਗਾ।

ਤੀਸਰਾ ਉਹ ਨੇਤਰਾਂ ਵਿਚੋਂ ਦੀ ਜਾਂਦੀ ਹੈ, ਨੇਤਰਾਂ ਦੇ ਵਿਚ ਕਸ਼ਿਸ਼ ਪੈਂਦੀ ਹੈ ਇਨ੍ਹਾਂ ਦੇ ਵਿਚ magnetic power (ਚੁੰਬਕੀ ਸ਼ਕਤੀ) ਹੈ ਸਾਰਿਆਂ ਦੇ ਅੰਦਰ, ਨਾਮ ਜੱਪਣ ਵਾਲਿਆਂ ਵਿਚ ਆ ਜਾਂਦੀ ਹੈ। ਪਿਛੇ ਲੱਗ ਜਾਂਦੇ ਨੇ, ਜਾਨਵਰ ਵੀ ਪਿਛੇ ਲੱਗ ਜਾਂਦੇ ਨੇ। ਉਹ ਜਦੋਂ ਬੈਠ ਕੇ ਮੰਤਰ ਪੜ੍ਹਦੇ ਨੇ, ਬਾਣੀ ਮੰਤਰ ਰੂਪ ਵਿਚ ਹੈ ਪੂਰੇ ਜਲਾਲ ਵਿਚ ਆ ਕੇ ਨੇਤਰਾਂ ਨਾਲ ਉਸ ਦੇ ਧੁਰ ਅੰਦਰ ਪ੍ਰਵੇਸ਼ ਕਰਦੇ ਨੇ ਉਸ energy (ਸ਼ਕਤੀ) ਨੂੰ। ਫੇਰ ਉਹ ਆਮ ਪਾਣੀ ਨਹੀਂ ਰਹਿੰਦਾ ਉਹ ਮੰਤਰਿਆ ਹੋਇਆ ਜਲ ਹੋ ਜਾਂਦਾ ਹੈ। ਜਿਹੜਾ ਅਸੀਂ ਕਹਿੰਦੇ ਹਾਂ ਇਕੱਲੇ ਨੂੰ ਕਿ ਤੂੰ ਆਹ ਸ਼ਬਦ ਦਾ ਪਾਠ ਕਰ ਲੈ ਕਿਰਪਾਨ ਫੇਰ ਲਈਂ ਬਾਅਦ ਵਿਚ ਪਾਣੀ ਵਿਚ, ਲੈ ਓਹੀ ਰਾਜ਼ੀ ਕਰੀ ਜਾਂਦਾ ਹੈ। ਇਸ ਅੰਮ੍ਰਿਤ ਵਿਚ ਤਾਂ ਪਤਾ ਨਹੀਂ ਕਿੰਨੀ ਕੁ ਤਾਕਤ ਹੈ।

ਮਹਾਰਾਜ ਨੇ ਜਦੋਂ ਅੰਮ੍ਰਿਤ ਤਿਆਰ ਕਰ ਲਿਆ ਤਾਂ ਥੱਲੇ ਕੁਝ ਕਤਰੇ ਡੁੱਲ੍ਹ ਗਏ, ਆ ਕੇ ਦੋ ਚਿੜੇ ਪੀ ਗਏ ਪੀਂਦੀ ਸਾਰ ਲੜਨ ਲੱਗ ਪਏ। ਜਲ ਵਿਚ ਕੋਈ ਸ਼ਕਤੀ ਆ ਗਈ ਤਾਂ ਉਨ੍ਹਾਂ ਦੀ ਇਹ ਹਾਲਤ ਹੋ ਗਈ, ਜੇ ਨਾ ਆਉਂਦੀ ਫੇਰ ਕੀ ਹੁੰਦਾ? ਆਮ ਜਲ ਉਹ ਪੀਂਦੇ ਹੀ ਨੇ, ਉਸ ਨੇ ਤਾਂ ਕਦੇ ਅਸਰ ਨਹੀਂ ਕਰਿਆ।

ਸੋ ਇਸ ਕਰਕੇ ਜਿਹੜੀ ਗੁਰੂ ਦਸਮੇਸ਼ ਪਿਤਾ ਨੇ ਇਹ ਮਰਿਆਦਾ ਚਲਾਈ ਹੈ, ਸਾਧ ਸੰਗਤ ਜੀ! ਮੰਨ ਲਓ ਉਸ ਨੂੰ, ਨਾ ਆਪਣਾ ਜੀਵਨ ਬਰਬਾਦ ਕਰੋ। ਇਥੋਂ ਦੀ ਲੰਘਣਾ ਹੀ ਪੈਣਾ ਹੈ ਹਰੇਕ ਨੂੰ। ਗੁਰੂ ਗ੍ਰੰਥ ਸਾਹਿਬ ਦਾ

ਮੁਕਾਬਲਾ ਨਹੀਂ ਕਿਸੇ ਨੇ ਕਰਨਾ। ਇਸ ਵੇਲੇ ਗੁਰੂ ਨਾਨਕ ਦਰਗਾਹਾਂ ਦੇ ਮਾਲਕ ਨੇ।

ਆਹ ਜਿਹੜਾ ਸੁਲੇਮਾਨ ਪ੍ਰੇਤ ਹੈ ਨਾਂਹ ਉਸ ਦੀ ਮੇਰੇ ਨਾਲ ਗੱਲ ਬਾਤ ਹੋਈ ਸੀ। ਜਦੋਂ ਮਹਾਂਪੁਰਸ਼ਾਂ ਨੇ ਬਚਨ ਕਰ ਦਿੱਤਾ ਕਿ ਤੈਨੂੰ ਜਨਮ ਦਿਵਾ ਦਿੰਦੇ ਹਾਂ, ਦਸ ਕਿਹੜੇ ਘਰ ਜਾਣਾ ਹੈ ਤੂੰ? ਤਾਂ ਜਵਾਬ ਦੇ ਦਿੱਤਾ ਜੀ ਮੈਂ ਇਸਲਾਮ ਵਾਲਿਆਂ ਦੇ ਤਾਂ ਜਾਣਾ ਨਹੀਂ ਹੈ ਤੇ ਪੁਛਿਆ ਕਿ ਸਿੱਖਾਂ ਦੇ ਘਰ ਜਨਮ ਲੈਣ ਨੂੰ ਤੂੰ ਕਿਉਂ ਕਹਿੰਦਾ ਹੈ?

ਮੇਰਾ ਨਾਂ ਲੈ ਕੇ ਕਹਿੰਦਾ, "ਤੁਹਾਨੂੰ ਪਤਾ ਨਹੀਂ ਇਸ ਵੇਲੇ ਅਕਾਸ਼ਾਂ ਤੇ ਸਾਰੇ ਬ੍ਰਹਿਮੰਡਾਂ ਤੇ ਗੁਰੂ ਨਾਨਕ ਦਾ ਰਾਜ ਚਲ ਰਿਹਾ ਹੈ ਤੇ ਮੈਂ ਗੁਰੂ ਨਾਨਕ ਦੇ ਘਰ ਆਉਣਾ ਚਾਹੁੰਦਾ ਹਾਂ। ਉਸ ਨੂੰ ਤਾਂ ਹੁਣ ਦਿਸਦਾ ਸੀ ਭੂਤ ਨੂੰ। ਅਸੀਂ ਕਹੀ ਹੋਈ ਗੱਲ ਨਹੀਂ ਮੰਨਦੇ। ਘਰ ਛਡ-ਛਡ ਕੇ ਅਸੀਂ ਦੌੜੇ ਹੀ ਜਾਂਦੇ ਹਾਂ ਕਿ ਫਲਾਣੇ ਥਾਂ ਚਲੋ, ਫਲਾਣੇ ਥਾਂ। ਏਦਾਂ ਪਾਰ ਉਤਾਰਾ ਨਹੀਂ ਹੁੰਦਾ। ਜਿਹੜੇ ਗੁਰੂ ਘਰ ਦੇ ਸੱਚੇ ਸੰਤ ਨੇ ਉਹ ਆਪਣੇ ਪਿਛੇ ਨਹੀਂ ਲਾਉਂਦੇ, ਉਹ ਗੁਰੂ ਦੇ ਲੜ ਲਾਉਂਦੇ ਨੇ, ਗੁਰੂ ਗ੍ਰੰਥ ਸਾਹਿਬ ਦੇ।

ਜਦੋਂ ਤੋਂ ਇਕ ਸਾਲ ਤੋਂ ਮੈਂ ਗਿਆ ਕਿੰਨੇ ਬੰਦੇ ਵਿਛੜ ਗਏ ਧਮੋਟ ਦੇ ਹੀ। ਸਾਰੇ ਵਿਛੜਦੇ ਹੀ ਜਾਂਦੇ ਨੇ। ਪਿਛਲੇ ਸਾਲ ਜਦੋਂ ਮੈਂ ਆਇਆ ਸੀ ਤਾਂ ਸਵਰਨ ਸਿੰਘ ਦਾ ਲੜਕਾ ਕਿਵੇਂ ਸੇਵਾ ਕਰਦਾ ਸੀ ਤੇ ਹੁਣ ਕੀ ਹੋਇਆ? ਹੁਣ ਉਹ ਨਜ਼ਰ ਨਹੀਂ ਆਉਂਦਾ।

ਸੋ ਇਸ ਤਰ੍ਹਾਂ ਦੇ ਨਾਲ ਸਮਾਂ ਨਾ ਅੱਗੇ ਕਰੋ। ਗੁਰੂ ਦੇ ਲੜ ਜਿੰਨੀ ਛੇਤੀ ਲਗ ਸਕਦੇ ਹੋ ਲੱਗੋ। ਕੋਈ ਬੋਝ ਨਹੀਂ ਹੈ, ਕੋਈ ਮਜਬੂਰੀ ਨਹੀਂ ਹੈ ਇਸ ਦੇ ਵਿਚ। ਜੇ ਸਿੰਘ ਕਹਿੰਦੇ ਨੇ ਕਿ ਸਾਦੀ ਖੁਰਾਕ ਖਾਓ ਤਾਂ ਇਸ ਦੇ ਨਾਲ ਰਾਜ਼ੀ ਰਹਾਂਗੇ, ਬਿਮਾਰੀਆਂ ਨਹੀਂ ਲਗਣਗੀਆਂ, ਸ਼ਰਾਬ ਤੋਂ ਹਟਾਉਂਦੇ ਨੇ, ਨਾ ਪੀਓ। ਸ਼ਰਾਬ ਕੈਂਸਰ ਕਰਦੀ ਹੈ, ਤੰਬਾਕੂ ਤੋਂ ਹਟਾਉਂਦੇ ਨੇ। 72% ਤੰਬਾਕੂ ਵਾਲੇ ਕੈਂਸਰ ਦੇ ਮਰੀਜ ਹੁੰਦੇ ਨੇ, 20% ਸ਼ਰਾਬ ਵਾਲੇ ਹੁੰਦੇ ਨੇ, ਉਹ ਭਲਾ ਹੀ ਕਰਦੇ ਨੇ ਮਾੜੀ ਗੱਲ ਤਾਂ ਨਹੀਂ ਨਾ ਕਹਿੰਦੇ।

ਆਹ ਇਕ ਸੰਤ ਦਸਦੇ ਹੁੰਦੇ ਸੀ ਕਲੇਰਾਂ ਵਾਲੇ ਉਹ ਕਹਿੰਦੇ ਪਿਆਰਿਓ! ਦੋ ਤਰ੍ਹਾਂ ਦੇ ਕੁੱਤੇ ਹੁੰਦੇ ਨੇ। ਇਕਨਾਂ ਦੇ ਗੱਲ ਵਿਚ ਪਟਾ ਹੁੰਦਾ ਹੈ, ਇਕ ਆਹ ਲੰਡਰ ਫਿਰਦੇ ਨੇ। ਸ਼ਹਿਰਾਂ ਵਿਚ ਅਵਾਰਾ ਕੁੱਤੇ ਜਦੋਂ ਵਧ ਜਾਂਦੇ ਨੇ ਉਨ੍ਹਾਂ ਨੂੰ ਗੋਲੀਆਂ ਪਾ ਪਾ ਕੇ ਮਾਰ ਦਿੰਦੇ ਨੇ। ਜੇ ਕਿਸੇ ਪਟੇ ਵਾਲੇ ਕੁੱਤੇ ਦੇ ਕੋਈ ਡੰਡਾ ਮਾਰੇ ਤਾਂ ਮੁਕਦਮਾ ਹੋ ਜਾਂਦਾ ਹੈ, ਸਜ਼ਾ ਹੋ ਜਾਂਦੀ ਹੈ ਡੰਡਾ ਮਾਰਨ ਤੇ ਹੀ। ਮਾਲਕ ਕਹਿੰਦਾ ਹੈ ਕਿ ਮੇਰੇ ਕੁੱਤੇ ਦੇ ਮਾਰਿਆ ਹੈ। ਜਦੋਂ ਅਸੀਂ ਗੁਰੂ ਦੀ ਮਾਲਕੀ ਵਿਚ ਆ ਗਏ ਫੇਰ ਜਮਦੂਤਾਂ ਦੀ ਕੀ ਤਾਕਤ ਹੈ ਕਿ ਸਾਨੂੰ ਛੇੜ ਜਾਣ। ਜਮਦੂਤ ਉਨ੍ਹਾਂ ਤੇ ਅਫਸਰੀ ਕਰਦੇ ਨੇ -

***ਧਰਮ ਰਾਇ ਨੋ ਹੁਕਮੁ ਹੈ***

*ਬਹਿ ਸਚਾ ਧਰਮੁ ਬੀਚਾਰਿ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥ ਅੰਗ - 38*

ਨਗੁਰਿਆਂ ਦੇ ਉਤੇ ਧਰਮਰਾਇ ਦੀ ਹਕੂਮਤ ਹੈ, ਮਨਮੁਖਾਂ ਤੇ, ਗੁਰੂ ਦੇ ਸਿਖਾਂ ਨੂੰ ਨਹੀਂ ਤੂੰ ਛੁਹਣਾ। ਗੁਰੂ ਦੇ ਸਿਖ ਗੁਰੂ ਨਾਨਕ ਦੀ ਦਰਗਾਹ ਵਿਚ ਜਾਂਦੇ ਨੇ ਤੇ ਧਰਮਰਾਇ ਦੇ ਤਾਂ ਭੁੱਲ ਕੇ ਵੀ ਨਹੀਂ ਜਾਂਦੇ, ਜੇ ਧਰਮਰਾਇ ਦੇ ਚਲੇ ਵੀ ਜਾਣ ਤਾਂ ਧਰਮਰਾਜਾ ਸੇਵਾ ਕਰਦਾ ਫਿਰਦਾ ਹੈ -

*ਸਾਧਸੰਗਿ ਧਰਮ ਰਾਇ ਕਰੇ ਸੇਵਾ॥*

*ਅੰਗ - 271*

ਸੋ ਇਸ ਤਰ੍ਹਾਂ ਦੇ ਨਾਲ ਬੇਨਤੀ ਕੀਤੀ ਹੈ ਹੁਣ ਸਾਰੇ ਪ੍ਰੇਮੀ ਸਤੋਤਰ ਵਿਚ ਬੋਲੋ।

ਗੁਰ ਸਤੋਤਰ

ਅਨੰਦ ਸਾਹਿਬ

ਅਰਦਾਸਿ

# ਘਰ ਹੀ ਮਹਿ ਅੰਮ੍ਰਿਤੁ ਭਰਪੂਰ ਹੈ

ਸ਼ਾਨ .....................................।

ਸਤਿਨਾਮ ਸ੍ਰੀ ਵਾਹਿਗੁਰੂ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਅੰਗ - 256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289***

***ਹਉ ਵਾਰੀ ਵੰਞਾ ਘੋਲੀ ਵੰਞਾ***
***ਤੂ ਪਰਬਤੁ ਮੇਰਾ ਓਲ੍ਹਾ ਰਾਮ॥***
***ਹਉ ਬਲਿ ਜਾਈ ਲਖ ਲਖ ਲਖ ਬਰੀਆ***
***ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ॥***
***ਮਿਟੇ ਅੰਧਾਰੇ ਤਜੇ ਬਿਕਾਰੇ***
***ਠਾਕੁਰ ਸਿਉ ਮਨੁ ਮਾਨਾ॥***
***ਪ੍ਰਭ ਜੀ ਭਾਣੀ ਭਈ ਨਿਕਾਣੀ***
***ਸਫਲ ਜਨਮੁ ਪਰਵਾਨਾ॥***
***ਭਈ ਅਮੋਲੀ ਭਾਰਾ ਤੋਲੀ***
***ਮੁਕਤਿ ਜੁਗਤਿ ਦਰੁ ਖੋਲ੍ਹਾ॥***
***ਕਹੁ ਨਾਨਕ ਹਉ ਨਿਰਭਉ ਹੋਈ***
***ਸੋ ਪ੍ਰਭੁ ਮੇਰਾ ਓਲ੍ਹਾ॥ ਅੰਗ - 779***

ਸਾਧ ਸੰਗਤ ਜੀ! ਚਿਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਰੱਖੋ। ਕੰਮ ਛੱਡ ਕੇ ਗੁਰੂ ਮਹਾਰਾਜ ਦੇ ਹਜ਼ੂਰ ਆਇਆ ਹੈ।

ਸਾਡੇ ਮਨ ਵਿਚ ਇਹ ਹੁੰਦਾ ਹੈ ਕਿ ਇਹ ਐਨੀ ਮਿਹਨਤ ਕਰਕੇ ਆ ਕੇ ਅਸੀਂ ਸੰਗਤ ਵਿਚ ਆਏ ਹਾਂ, ਜੇ ਦੋ ਚਾਰ ਬਚਨ ਨਾ ਫੜੇ ਫੇਰ ਤਾਂ ਕੁਝ ਨਹੀਂ ਬਣਿਆ। ਦਿਲੋਂ ਅਸੀਂ ਚਾਹੁੰਦੇ ਹਾਂ ਕਿ ਕੁਝ ਨਾ ਕੁਝ ਬਣ ਜਾਵੇ, ਸਾਡੀ ਮਿਹਨਤ ਜਿਵੇਂ ਗੁਰੂ ਸਾਹਿਬ ਕਰਵਾਉਂਦੇ ਨੇ ਉਹ ਵੀ ਸਫਲ ਹੋ ਜਾਵੇ, ਤੁਹਾਡਾ ਆਉਣਾ ਵੀ ਸਫਲ ਹੋ ਜਾਵੇ ਤੇ ਫਲ ਮਿਲ ਜਾਵੇ ਸੰਗਤ ਦਾ ਪੂਰਾ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥ ਅੰਗ - 546***

ਕਈ ਕਰੋੜ ਜੱਗਾਂ ਦਾ ਫਲ ਮਿਲਦਾ ਹੈ। ਇਹ ਮਿਲਦਾ ਤਾਂ ਹੈ, ਦੋ ਚਾਰ ਰਹਿਤਾਂ ਨੇ ਨਿਮਰਤਾ ਦੇ ਨਾਲ ਆਵੋ, ਸ਼ਰਧਾ ਦੀ ਝੋਲੀ ਘਰੋਂ ਲੈ ਕੇ ਆਵੋ। ਜਦੋਂ ਇਕ ਇਕ ਕਦਮ ਪੁਟੋਂਗੇ ਸ਼ਰਧਾ ਦੀ ਝੋਲੀ ਨਾਲ ਲੈ ਕੇ ਉਸੇ ਵੇਲੇ ਤੋਂ ਦਾਤ ਮਿਲਣੀ ਸ਼ੁਰੂ ਹੋ ਜਾਣੀ ਹੈ। ਇਕ ਕਦਮ ਦਾ ਫਲ ਇਕ ਜੱਗ ਦੇ ਬਰਾਬਰ ਮਿਲ ਜਾਣਾ ਹੈ। ਪਤਾ ਕਿਥੇ ਲਗੇਗਾ? ਪਤਾ ਲਗੇਗਾ ਦਰਗਾਹ ਵਿਚ ਜਾ ਕੇ, ਇਥੇ ਵੀ ਪਤਾ ਲਗੇਗਾ ਅਨੇਕਾਂ ਵਿਘਨ ਟਲ ਜਾਣਗੇ, ਜਿਨ੍ਹਾਂ ਨੂੰ ਅਸੀਂ ਜਾਣਦੇ ਨਹੀਂ ਕਿ ਕਿਹੜਾ ਆਉਣ ਵਾਲਾ ਹੈ ਉਨ੍ਹਾਂ ਤੇ ਰੋਕ ਲੱਗ ਜਾਏਗੀ। ਛੋਟਾ ਜਿਹਾ ਫਲ ਨਹੀਂ ਹੁੰਦਾ ਸੰਗਤ ਦਾ, ਤਾਂ ਹੀ ਮਹਾਰਾਜ ਨੇ ਕਿਹਾ ਹੈ ਕਿ ਬਗੈਰ ਪੂਰੇ ਭਾਗ ਤੋਂ ਸਤਿਸੰਗ ਨਹੀਂ ਮਿਲਿਆ ਕਰਦਾ।

ਸਤਿਸੰਗ ਜੋ ਹੈ ਉਹ ਤੱਤ ਬੇਤੇ ਮਹਾਂਪੁਰਸ਼ਾਂ ਦੇ ਬਚਨ ਜਿਥੇ ਹੁੰਦੇ ਹੋਣ ਉਹ ਤਾਂ ਹੁੰਦਾ ਹੈ, ਜਿਥੇ ਰਾਜਨੀਤਿਕ ਗੱਲਾਂ ਇਕ ਦੂਜੇ ਨੂੰ ਮਾੜਾ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਕਹਿਣਾ ਉਹ ਨਹੀਂ ਸਤਿਸੰਗ ਹੁੰਦਾ। ਉਹ ਐਵੇਂ ਲੋਕਾਂ ਦਾ ਇਕੱਠ ਹੁੰਦਾ ਹੈ ਤੇ ਬੇ-ਅਦਬੀ ਹੁੰਦੀ ਹੈ ਗੁਰੂ ਮਹਾਰਾਜ ਦੀ ਕਿਉਂਕਿ ਗੁਰੂ ਨਾਨਕ ਮਹਾਰਾਜ ਕਹਿੰਦੇ ਨੇ ਕਿ –

***ਨਾਨਕ ਕੈ ਘਰਿ ਕੇਵਲ ਨਾਮੁ॥ ਅੰਗ – 1136***

ਸਾਡੇ ਕੋਲ ਨਾਮ ਹੈ ਨਾਮ ਲੈ ਕੇ ਆਏ ਹਾਂ ਅਸੀਂ, ਇਸ ਨਾਮ ਦਾ ਕੋਈ ਮੁੱਲ ਨਹੀਂ।

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥ ਅੰਗ – 81***

ਪਹਿਲੇ ਦਿਨ ਮੈਂ ਦੱਸਿਆ ਸੀ ਕਿ ਸਾਲਸਰਾਇ ਉਸ ਲਾਲ ਨੂੰ ਕਹੀ ਜਾਵੇ ਕਿ ਉਹ ਬਹੁਤ ਕੀਮਤੀ ਹੈ। ਮਹਾਰਾਜ ਕਹਿੰਦੇ ਤੇਰੇ ਕੋਲ ਤਾਂ ਹਜ਼ਾਰਾਂ ਚੀਜ਼ਾਂ ਕੀਮਤੀ ਨੇ। ਇਕ ਸਵਾਸ ਦਾ ਮੁੱਲ ਤਿੰਨ ਲੋਕਾਂ ਦਾ ਰਾਜ ਨਹੀਂ ਹੁੰਦਾ, 24,000 ਸਵਾਸ ਤੇਰਾ ਬਿਰਥਾ ਚਲਿਆ ਜਾਂਦਾ ਹੈ ਰੋਜ਼, ਬਹੁਤ ਵੱਡਾ, ਤੂੰ ਪ੍ਰਮੇਸ਼ਰ ਬਣ ਸਕਦਾ ਹੈ ਜੀਵ ਵਿਚੋਂ।

ਸੋ ਇਹ ਜੁਗਤ ਹੁੰਦੀ ਹੈ, ਜੁਗਤ ਦੇ ਨਾਲ ਚਲੋ, ਕੋਈ ਨਾ ਜਿਹੜਾ ਸਮਾਂ ਲੰਘ ਗਿਆ, ਲੰਘ ਗਿਆ ਉਸ ਦੀ ਨਾ ਮੁੜ ਕੇ ਫਿਕਰ ਕਰੋ। ਵਾਹਿਗੁਰੂ ਦਾ ਸੁਭਾਅ ਦਇਆਲ ਹੈ, ਉਹ ਕਦੇ ਵੀ ਕਰੂਰ ਨਹੀਂ ਹੁੰਦਾ, ਕਰੂਰ ਉਦੋਂ ਹੁੰਦਾ ਹੈ ਜਦੋਂ ਉਸ ਦੇ ਪਿਆਰਿਆਂ ਨੂੰ ਕੋਈ ਦੁਖ ਪਹੁੰਚਾਇਆ ਜਾਵੇ ਤੇ ਉਸ ਦੇ ਪਿਆਰੇ ਦਾ ਦਿਲ ਦੁਖ ਜਾਵੇ, ਫੇਰ ਨਹੀਂ ਵਾਹਿਗੁਰੂ ਤੋਂ ਰਹਿ ਹੁੰਦਾ। ਫੇਰ ਮਹਾਰਾਜ ਕਹਿੰਦੇ –

***ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥ ਅੰਗ – 306***

ਫੇਰ ਨਹੀਂ ਸੁਖ ਉਨ੍ਹਾਂ ਨੂੰ ਮਿਲਿਆ ਕਰਦਾ। ਨਾ ਨਿੰਦਿਆ ਕਰਨ ਵਾਲੇ ਨੂੰ, ਨਾ ਖਹਿਬੜਨ ਵਾਲਿਆਂ ਨੂੰ। ਉਂਝ ਵਾਹਿਗੁਰੂ ਦਇਆਲ ਹੈ। ਜਦੋਂ ਵੀ

ਤੁਸੀਂ ਆਓ, ਚਾਹੇ ਕਿਹੋ ਜਿਹਾ ਵੀ ਜੀਵਨ ਗੁਜ਼ਰਿਆ ਹੈ। ਜਦੋਂ ਸੱਚੇ ਦਿਲ ਨਾਲ ਇਸ ਦੇ ਦਰ ਤੇ ਆ ਜਾਓ ਫੇਰ ਇਹ ਬਖਸ਼ ਦਿੰਦਾ ਹੈ। ਇਸ ਕਰਕੇ ਜੋ ਲੰਘ ਗਿਆ, ਲੰਘ ਗਿਆ ਉਸ ਦੀ ਨਾ ਗੱਲ ਕਰੋ। ਗਿਆ ਉਹ ਤਾਂ ਹੁਣ ਸਾਡੇ ਹੱਥ ਵਿਚ ਨਹੀਂ ਆ ਸਕਦਾ। ਅੱਜ ਤੱਕ ਕਦੇ ਵੀ ਭੂਤ ਕਾਲ, ਵਰਤਮਾਨ ਕਾਲ ਨਹੀਂ ਬਣਿਆ। ਇਹ ਜਿਹੜੀ ਵਰਤਮਾਨ ਦੀ ਛਿਨ ਹੈ ਇਸੇ ਨੂੰ ਸੰਭਾਲੋ। ਜਦੋਂ ਤੋਂ ਇਰਾਦਾ ਕਰ ਲਓ। ਮਹਾਰਾਜ ਕਹਿੰਦੇ –

***ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥***
***ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦ ਪਾਵੈ॥ ਅੰਗ – 726***

ਕੱਲ੍ਹ ਮੈਂ ਬੇਨਤੀ ਕਰਕੇ ਬੜੇ ਵਿਸਥਾਰ ਨਾਲ ਦੱਸਿਆ ਸੀ ਕਿ ਗੁਰੂ ਮਹਾਰਾਜ ਜੀ ਨੇ ਸਾਨੂੰ ਇਕ ਬਹੁਤ ਵੱਡੀ ਦੇਣ ਦਿੱਤੀ ਹੈ ਗੁਰੂ ਦਸ਼ਮੇਸ਼ ਪਿਤਾ ਜੀ ਨੇ। ਗੁਰੂ ਨਾਨਕ ਸਾਹਿਬ ਤੋਂ ਹੀ ਤਿਆਰੀ ਸ਼ੁਰੂ ਹੋ ਗਈ ਸੀ। 200 ਸਾਲ ਤਿਆਰੀ ਹੁੰਦੀ ਰਹੀ। ਅਖੀਰ ਦੇਹ ਅਧਿਆਸ ਤੋਂ ਅਸੀਂ ਉਚੇ ਕਰ ਦਿੱਤੇ ਗੁਰਬਾਣੀ ਨੇ, ਗੁਰੂਆਂ ਦੇ ਉਪਦੇਸ਼ ਨੇ। ਆਪਣੇ ਨਿਜ ਲਾਭ ਤੋਂ ਉਚੇ ਕਰ ਦਿੱਤੇ, ਨਿਜ ਹਿਤ ਤੋਂ ਉਚੇ ਕਰ ਦਿਤੇ। ਸਾਂਝਾ ਲਾਭ, ਸਾਂਝਾ ਹਿਤ ਇਥੇ ਸਾਨੂੰ ਪਰਉਪਕਾਰ ਕਰਨ ਦਾ ਬਲ ਬਖਸ਼ ਦਿੱਤਾ ਲੇਕਿਨ ਕਲਜੁਗ ਜਿਹੜਾ ਹੈ, ਸਾਧ ਸੰਗਤ ਜੀ! ਇਸ ਨੇ ਕੋਈ ਕਰਮ ਧਰਮ ਸਿਰੇ ਨਹੀਂ ਲੱਗਣ ਦੇਣਾ।

***ਜੇ ਕੋ ਸਤੁ ਕਰੇ ਸੋ ਛੀਜੈ***
***ਤਪ ਘਰਿ ਤਪੁ ਨ ਹੋਈ॥***
***ਜੇ ਕੋ ਨਾਉ ਲਏ ਬਦਨਾਵੀ***
***ਕਲਿ ਕੇ ਲਖਣ ਏਈ॥ ਅੰਗ – 902***

ਜੇ ਕੋਈ ਤਪ ਕਰਦਾ ਹੈ ਉਸਦਾ ਤਪ ਨਹੀਂ ਹੋਣ ਦਿੰਦਾ ਕਿਉਂ ਲੋਕ ਆਲੇ ਦੁਆਲੇ ਇਕੱਠੇ ਹੋ ਜਾਂਦੇ ਨੇ, ਵਾਹਵਾ ਵਾਹਵਾ ਹੋ ਜਾਣੀ ਹੈ। ਉਸ ਦੇ ਅੰਦਰ ਨਾਮ ਤਾਂ ਹੈ ਨਹੀਂ, ਉਹ ਵਾਹਵਾ ਵਾਹਵਾ ਵਿਚ ਫਸ ਜਾਣਾ ਹੈ।

ਜੇ ਜਾਪ ਕਰਦਾ ਹੈ ਉਸ ਦੇ ਵਿਚ ਰਿਧੀ ਸਿਧੀ ਆ ਜਾਣੀ ਹੈ। ਉਸ ਦੇ ਵਿਚ ਫੇਰ ਉਸ ਨੇ ਫਸ ਜਾਣਾ ਹੈ, ਨਹੀਂ ਲੰਘ ਸਕਦਾ। ਕਲਜੁਗ ਵਿਚ ਆ ਜਾਂਦਾ ਹੈ। ਨਾਮ ਦੇ ਇਹ ਨੇੜੇ ਨਹੀਂ ਆਉਂਦਾ, ਨਾਮ ਦੇ ਵਾਸਤੇ ਫੇਰ ਇਹ ਬਦਨਾਮੀਆਂ ਕਰਾਉਂਦਾ ਹੈ, ਝੂਠੀਆਂ ਗੱਲਾਂ ਕਰਾਉਂਦਾ ਹੈ।

ਸੋ ਇਸ ਕਲਜੁਗ ਵਿਚ ਲੰਘਿਆ ਕਿਵੇਂ ਜਾਵੇ? ਕੋਈ ਤਰੀਕਾ ਨਹੀਂ ਪੁਰਾਣੇ ਸਾਰੇ ਤਰੀਕੇ ਨੇ ਉਹ ਬੇਅਸਰ ਹੋ ਚੁੱਕੇ ਨੇ। ਉਹ ਨਹੀਂ ਹੁਣ ਕੰਮ ਕਰਦੇ। ਹੁਣ ਕਰਿਆ ਕੀ ਜਾਵੇ? ਸਮਾਂ ਸਾਡੇ ਕੋਲ ਥੋੜ੍ਹਾ ਹੈ। ਰਫਤਾਰ ਸਾਡੀ 20 ਗੁਣਾ, 20 ਗੁਣਾ ਕੀ ਸੈਂਕੜੇ ਗੁਣਾਂ ਤੇਜ ਹੋ ਗਈ, ਹੁਣ ਤਾਂ ਸਾਡਾ ਦਿਮਾਗ ਹਜ਼ਾਰਾਂ ਗੁਣਾ ਤੇਜ ਚਲਦਾ ਹੈ। ਪਹਿਲਾਂ ਨਹੀਂ ਸੀ, ਪਹਿਲਾਂ ਮੈਨੂੰ ਪਤਾ ਹੈ, ਬਜ਼ੁਰਗਾਂ ਦਾ ਪਤਾ ਹੈ ਉਨ੍ਹਾਂ ਦੇ ਬਜ਼ੁਰਗਾਂ ਦਾ ਵੀ ਪਤਾ ਹੈ।

ਉਹ ਇਥੇ ਆ ਕੇ, .....ਨਲਕੇ ਵਗੈਰਾ ਤਾਂ ਹੁੰਦੇ ਨਹੀਂ ਸੀ, ਖੂਹ ਵੀ

ਟਾਵੇਂ-ਟਾਵੇਂ ਹੁੰਦੇ ਸੀ, ਚਰਸਾਂ ਨਾਲ ਪਾਣੀ ਕਢਦੇ ਸੀ। ਇਨ੍ਹਾਂ ਟੋਭਿਆਂ ਨੂੰ ਬਹੁਤ ਪਵਿੱਤਰ ਰਖਦੇ ਸੀ ਹੁਣ ਵਾਂਗ ਨਹੀਂ ਕਿ ਪਿੰਡਾਂ ਦੀਆਂ ਨਾਲੀਆਂ ਟੋਭਿਆਂ ਵਿਚ ਸੁੱਟ ਦਿਓ। ਇਥੇ ਬ੍ਰਾਹਮਣ ਲੋਕ ਮੈਂ ਦੇਖੇ ਨੇ, ਇਸ਼ਨਾਨ ਕਰਕੇ ਉਸ ਦੇ ਕੰਢੇ ਤੇ ਬੈਠ ਕੇ ਭਜਨ ਕਰਦੇ, ਕੁਰਲੀਆਂ ਵੀ ਕਰਦੇ, ਦਾਤਣ ਵੀ ਕਰ ਲੈਂਦੇ ਸੀ। ਉਹ ਇਥੇ ਇਸ਼ਨਾਨ ਕਰਨ ਲੱਗੇ, ਸਮਾਂ ਕਾਫੀ ਹੋ ਗਿਆ। ਜਦੋਂ ਇਸ਼ਨਾਨ ਕਰ ਹਟੇ ਤਾਂ ਦੋਵੇਂ ਗੱਲਾਂ ਕਰਦੇ ਨੇ ਕਿ ਭਾਈ! ਹੁਣ ਤਾਂ ਤਿੰਗੜ (orion's belt) (ਸੱਤਾਂ ਤਾਰਿਆਂ ਦਾ ਸਮੂਹ, ਸਪਤਰਿਸ਼ੀ) ਚੜ੍ਹ ਆਇਆ, ਹਲ ਜੋੜਨ ਦਾ ਮੌਕਾ ਹੋ ਗਿਆ, ਚਲੋ ਘਰ ਨੂੰ ਕੀ ਜਾਣਾ ਹੈ, ਆਪਾਂ ਹਲ ਹੀ ਜੋੜ ਲੈਂਦੇ ਹਾਂ ਬਾਹਰ ਜਾ ਕੇ। ਐਨੀ ਠੰਢੀ ਚਾਲ ਸੀ, ਐਨਾ ਅਮਨ ਤੇ ਅਮਾਨ, ਅੰਦਰ ਸ਼ਾਂਤੀ। ਇਹ ਜਦੋਂ ਦਾ ਕਲਾ ਦਾ ਯੁਗ ਆ ਗਿਆ, ਉਦਯੋਗ ਦਾ ਯੁਗ ਆ ਗਿਆ, ਵਿਦਿਆ ਆ ਗਈ। ਆਦਮੀ ਦੇ ਅੰਦਰ ਇਕ ਭਾਂਬੜ ਮਚ ਪਿਆ ਕਿ ਮੈਂ ਮਾਇਆ ਬਹੁਤੀ ਕਮਾਵਾਂ, ਅੱਗ ਮਚ ਗਈ ਤ੍ਰਿਸ਼ਨਾ ਦੀ। ਰੋਗ ਲੱਗ ਗਿਆ। ਮਹਾਰਾਜ ਕਹਿੰਦੇ -

***ਏਹ ਤਿਸਨਾ ਵਡਾ ਰੋਗੁ ਲਗਾ***
***ਮਰਣੁ ਮਨਹੁ ਵਿਸਾਰਿਆ॥*** ***ਅੰਗ - 919***

ਉਮਰ ਛੋਟੀ ਹੈ ਤ੍ਰਿਸ਼ਨਾ ਵਧ ਗਈ। ਖਰਚ ਐਨੇ ਵਧ ਗਏ ਕਿ ਪੂਰੇ ਨਹੀਂ ਹੁੰਦੇ। ਉਨ੍ਹਾਂ ਨੂੰ ਪੂਰਾ ਕਰਨ ਵਾਸਤੇ ਸਾਨੂੰ ਦੌੜਨਾ ਭੱਜਣਾ ਪੈਂਦਾ ਹੈ, ਗਲਤ ਕੰਮ ਕਰਨੇ ਪੈਂਦੇ ਨੇ। ਹੁਣ ਆਦਮੀ ਦਾ ਉਧਾਰ ਕਿਵੇਂ ਹੋਵੇ ਇਹੋ ਜਿਹੇ ਸਮੇਂ ਵਿਚ।

ਕਲਜੁਗ ਕਹਿੰਦਾ, "ਹੇ ਨਾਨਕ! ਤੂੰ ਮੇਰੇ ਯੁਗ ਦੇ ਅੰਦਰ ਕਿਵੇਂ ਤਾਰ ਦਏਂਗਾ? ਕੋਈ ਤਰੀਕਾ ਹੈ ਤੇਰੇ ਕੋਲ?"

ਗੁਰੂ ਨਾਨਕ ਕਹਿਣ ਲੱਗੇ, "ਕਲਜੁਗ! ਮੇਰੇ ਕੋਲ ਪ੍ਰਮੇਸ਼ਰ ਦਾ ਨਾਮ ਹੈ। ਤੂੰ ਆਪਣੀ ਸੌਂਪਣੀ ਦੇ ਵਿਚ ਜਿਥੇ ਤੈਨੂੰ ਕਰਮ ਧਰਮ ਭਰਿਸ਼ਟ ਕਰਨ ਨੂੰ ਕਿਹਾ ਹੈ, ਉਥੇ ਨਾਮ ਦੀ ਗੱਲ ਵੀ ਹੋਈ ਹੈ ਤੇਰੇ ਨਾਲ?"

ਕਹਿੰਦਾ, "ਹਾਂ! ਮੇਰੇ ਯੁਗ ਦੇ ਅੰਦਰ ਜੇ ਕੋਈ ਨਾਮ ਜਪੇ ਤਾਂ ਉਹ ਐਨਾ ਫਲੀਭੂਤ ਹੁੰਦਾ ਹੈ ਕਿ ਇਕ ਘੜੀ ਦਾ ਕੀਤਾ ਹੋਇਆ ਸਤਿਸੰਗ ਸਤਯੁਗ ਦੇ 10,000 ਸਾਲ ਦੀ ਤਪੱਸਿਆ ਦੇ ਬਰਾਬਰ ਹੁੰਦਾ ਹੈ।"

24 ਮਿੰਟ ਤੁਸੀਂ ਟਿਕ ਕੇ ਕਰ ਲਓ ਸਤਿਸੰਗ 10,000 ਸਾਲ ਦੀ ਤਪੱਸਿਆ ਦੇ ਬਰਾਬਰ ਹੋ ਜਾਏਗਾ, ਤ੍ਰੇਤੇ ਯੁਗ ਦੀ 1000 ਸਾਲ ਦੀ ਤਪੱਸਿਆ ਦੇ ਬਰਾਬਰ, ਦੁਆਪਰ ਯੁਗ ਦੀ 100 ਸਾਲ ਦੀ ਤਪਸਿਆ ਦੇ ਬਰਾਬਰ, ਇਥੇ ਤੁਸੀਂ ਇਕ ਘੜੀ ਬੈਠ ਕੇ ਮਨ ਚਿਤ ਇਕਾਗਰ ਕਰਕੇ ਸ਼ਬਦ ਦੇ ਨਾਲ ਜੁੜ ਜਾਓ। ਜੇ ਥੋੜ੍ਹੇ ਜਿਹੇ ਛਿਨ ਵੀ ਮਨ ਸ਼ਾਂਤ ਹੋ ਜਾਵੇ ਤਾਂ ਐਡਾ ਵੱਡਾ ਫਲ ਹੈ ਕਿ ਉਹ ਗਿਣਿਆ ਹੀ ਨਹੀਂ ਜਾ ਸਕਦਾ। ਉਸ ਦੇ

ਨਾਲ ਹੀ ਛੁਟਕਾਰਾ ਸਾਡਾ ਹੋ ਜਾਂਦਾ ਹੈ।

ਕਲਯੁਗ ਕਹਿੰਦਾ, "ਦੂਜਾ ਮਹਾਰਾਜ! ਮੇਰੇ ਯੁਗ ਦੇ ਅੰਦਰ ਨਾ ਕਰਮ ਨੇ ਫਲਣਾ ਹੈ, ਨਾ ਕਿਸੇ ਹੋਰ ਕਰਮ ਕਾਂਡਾਂ ਨੇ ਫਲਣਾ ਹੈ, ਨਾ ਦਾਨ ਨੇ ਫਲਣਾ ਹੈ, ਨਾ ਤੀਰਥ ਯਾਤਰਾ ਨੇ।" ਬੜੀਆਂ ਸੋਹਣੀਆਂ ਚੀਜ਼ਾਂ ਨੇ ਤੀਰਥ ਯਾਤਰਾ ਕਰਨੀਆਂ, ਦਾਨ ਕਰਨੇ, ਵਰਤ ਰੱਖਣੇ।

ਉਹ ਕਹਿੰਦਾ, "ਇਹ ਨਿਹਫਲ ਹੋ ਜਾਇਆ ਕਰਨੇ ਨੇ" ਕਿਉਂ ਹੋਣੇ ਨੇ? ਕਲਜੁਗ ਦੇ ਬੰਦੇ ਦਾ ਦਿਮਾਗ ਇਹੋ ਜਿਹਾ ਹੋ ਗਿਆ ਹੈ ਕਿ ਇਹ ਥੋੜ੍ਹਾ ਜਿਹਾ ਉਪਕਾਰ ਕਰਕੇ ਪੱਥਰ ਲਵਾਉਂਦਾ ਹੈ, ਅਖਬਾਰਾਂ ਵਿਚ ਇਸ਼ਤਿਹਾਰ ਕਢਾਉਂਦਾ ਹੈ, ਇਸ ਦਾ ਫਲ ਕੀ ਹੁੰਦਾ ਹੈ –

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ॥ ਅੰਗ – 1429***

ਹੁਣ ਫੇਰ ਕਰਿਆ ਕੀ ਜਾਵੇ? ਇਹ ਤਾਂ ਨਿਹਫਲ ਹੋ ਗਏ ਸਾਰੇ। ਕਿਹੜਾ ਬੰਦਾ ਹੈ ਜਿਹੜਾ ਅਭਿਮਾਨ ਨਹੀਂ ਕਰਦਾ? ਪੱਥਰ ਲਵਾਉਂਦੇ ਨੇ, ਅਖਬਾਰਾਂ ਵਿਚ ਕਢਵਾਉਂਦੇ ਨੇ। ਕਹਿੰਦੇ ਮੇਰਾ ਨਾਂ ਲਿਖ ਦਿਓ ਤਾਂ ਕਿ ਲੋਕ ਸਮਝਣ ਕਿ ਇਹ ਬੜਾ ਦਾਨੀ ਹੈ।

ਕਲਯੁਗ ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਨਾਮ ਜਿਹੜਾ ਤੁਸੀਂ ਲੈ ਕੇ ਆਏ ਹੋ, ਇਹੀ ਮੇਰੇ ਯੁਗ ਦੇ ਅੰਦਰ ਫਲੀਭੂਤ ਹੋਏਗਾ। ਮੈਂ ਰਾਜੇ ਪ੍ਰੀਸ਼ਦ ਨੂੰ ਦੱਸਿਆ ਸੀ ਕਿ ਇਕ ਵਾਰੀ ਵੀ ਜੇ ਕੋਈ ਨਾਮ ਜਪ ਲਵੇ, ਉਸ ਦੀ ਸੁਰਤ ਪ੍ਰਭੂ ਦੇ ਨਾਲ ਜੁੜ ਜਾਵੇਗੀ। ਉਸ ਦੇ ਨਾਲ ਕੀ ਹੁੰਦਾ ਹੈ?

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸਿ ਕੇ ਬੀਚ ਨ ਆਇਓ॥***

ਹੁਣ ਉਹ ਪ੍ਰਮੇਸ਼ਰ ਦਾ ਨਾਮ ਸਾਡੇ ਅੰਦਰ ਹੈ ਇਹ ਪ੍ਰਗਟ ਕਿਵੇਂ ਹੋਵੇ? ਸੌਖਾ ਤਰੀਕਾ ਕੀ ਹੈ ਇਸ ਦੇ ਪ੍ਰਗਟ ਕਰਨ ਦਾ? ਪਹਿਲਾਂ ਬੜੀਆਂ ਜੁਗਤਾਂ ਚਲਦੀਆਂ ਸੀ, ਬਹੁਤ ਤਰੀਕਿਆਂ ਦੇ ਨਾਲ ਆਪਣੇ ਧਰਮ ਚਲਾਉਂਦੇ ਸੀ ਲੇਕਿਨ ਗੁਰੂ ਦਸਵੇਂ ਪਾਤਸ਼ਾਹ ਨੇ ਜਿਹੜਾ ਢੰਗ ਲਿਆਂਦਾ, ਉਹ ਇਹ ਹੈ ਕਿ ਜਿਹੜੇ ਪ੍ਰਮੇਸ਼ਰ ਦੇ ਪਿਆਰੇ ਨੇ, ਜੇ ਉਨ੍ਹਾਂ ਦੇ ਮੁਖਾਰਬਿੰਦ ਤੋਂ ਨਾਮ ਉਚਾਰਨ ਹੋ ਜਾਵੇ ਤਾਂ ਉਹ ਹਿਰਦੇ ਵਿਚ ਉਸੇ ਵੇਲੇ ਜੜ੍ਹਾਂ ਫੜ ਜਾਇਆ ਕਰਦਾ ਹੈ ਤੇ ਉਸ ਅੰਦਰਲੇ ਨਾਮ ਤੱਕ ਪਹੁੰਚਣ ਲਈ ਇਕ ਬਾਹਰੀ ਕਿਰਿਆ ਕਰਨੀ ਪੈਂਦੀ ਹੈ। ਤੁਸੀਂ ਸਾਰੇ ਜ਼ਿਆਦਾਤਰ ਕਿਸਾਨ ਬੈਠੇ ਹੋ।

ਧਰਤੀ ਵਿਚ ਪਾਣੀ ਹੈ, ਸਭ ਨੂੰ ਪਤਾ ਹੈ। ਆਦਮੀ ਪਿਆਸਾ ਮਰਦਾ ਹੈ ਉਸ ਨੂੰ ਪਤਾ ਹੈ ਕਿ ਥੋੜ੍ਹਾ ਜਿਹਾ ਦੂਰ ਹੀ ਧਰਤੀ ਵਿਚ ਪਾਣੀ ਹੈ, ਚਾਹੇ 5 ਫੁਟ ਤੇ ਹੋਵੇ, ਚਾਹੇ 10 ਫੁਟ ਤੇ ਹੋਵੇ ਲੇਕਿਨ ਪਾਣੀ ਉਸ ਦੇ ਹੱਥ ਵਿਚ ਨਹੀਂ ਆਉਂਦਾ ਕਿਸੇ ਵੀ ਤਰੀਕੇ ਨਾਲ ਜਦੋਂ ਤੱਕ ਉਹ ਜੁਗਤ ਨਹੀਂ ਵਰਤਦਾ।

ਜਦੋਂ ਇਹ ਬੋਰ ਲਾਉਂਦਾ ਹੈ ਧਰਤੀ ਦੇ ਵਿਚ, ਪਤਾ ਲੱਗ ਜਾਂਦਾ ਹੈ ਕਿ ਐਨਾ ਤਹਿ, ਪੁੜ ਹੈ ਇਸ ਦਾ, ਉਨਾ ਉਸ ਦੇ ਵਿਚ ਇਸ ਨੇ ਫਿਲਟਰ (filter) (ਪੁਣਨ ਵਾਲਾ ਯੰਤਰ) ਨਾਲਾਂ ਫਿੱਟ ਕਰ ਦਿੱਤੀਆਂ ਤੇ ਉਤੇ reflex ball ਲਗਾ ਦਿੱਤਾ ਤੇ ਉਸ ਦੇ ਉਤੇ ਮੋਟਰ ਵਗੈਰਾ ਲਗਾ ਦਿੱਤੀ, ਕੁਝ portion (ਹਿੱਸਾ) reflex ball ਰਾਹੀਂ ਹੇਠਾਂ ਚਲਿਆ ਗਿਆ। ਹੁਣ current (ਬਿਜਲੀ ਦੀ ਧਾਰਾ) ਵੀ ਆ ਰਹੀ ਹੈ, ਮੋਟਰ ਦਾ ਬਟਨ ਵੀ ਦੱਬ ਦਿੱਤਾ, ਨਹੀਂ ਪਾਣੀ ਆਉਂਦਾ ਚਾਹੇ ਸਾਰੀ ਜਿੰਦਗੀ ਜੋਰ ਲਾ ਲੈ।

ਉਸ ਦੀ ਜੁਗਤ ਹੈ, ਉਹ ਜੁਗਤ ਇਹ ਹੈ ਕਿ ਬਾਹਰੋਂ ਪਾਣੀ ਪਾਉਣਾ ਪੈਂਦਾ ਹੈ। ਉਹ ਹੇਠੋਂ ਹਵਾ ਦਾ ਸੂਟਾ (pull, puff) ਮਾਰਦਾ ਹੈ ਜਿੰਨਾ ਪਾਣੀ ਹੈ ਉਨਾ ਉਸ ਨਾਲੀ ਵਿਚ ਚੜ੍ਹ ਜਾਏਗਾ। ਫੇਰ ਪਾਣੀ ਦਾ ਇਹ ਹਿਸਾਬ ਹੈ ਕਿ ਜੇ ਹਵਾ ਨਾ ਪਏ ਤਾਂ ਥੱਲੇ ਕਦੇ ਵੀ ਨਹੀਂ ਜਾਂਦਾ, ਉਥੇ ਹੀ ਟਿਕ ਜਾਂਦਾ ਹੈ। ਅਖੀਰ reflex ball ਤੋਂ ਉਤੇ ਆ ਜਾਂਦਾ ਹੈ, ਜਦੋਂ ਉਸ ਨੂੰ ਛੂੰਹਦਾ ਹੈ ਤਾਂ ਫੇਰ ਜਦੋਂ ਹੁਣ ਸੂਟਾ ਮਾਰਦਾ ਹੈ ਤਾਂ ਫੇਰ ਹਵਾ ਨਹੀਂ ਆਉਂਦੀ ਅੰਦਰੋਂ ਪਾਣੀ ਆਉਂਦਾ ਹੈ। ਫੇਰ ਉਹ ਪਾਣੀ ਮੁਕਦਾ ਹੀ ਨਹੀਂ, ਬਟਨ ਦਬੋ ਪਾਣੀ ਆ ਗਿਆ, ਬਾਹਰੋਂ ਪਾਇਆ ਹੋਇਆ, ਪਾਣੀ ਅੰਦਰਲੇ ਪਾਣੀ ਨਾਲ ਜਾ ਰਲਿਆ।

ਹੁਣ ਇਹ ਤਰੀਕਾ ਗੁਰੂ ਦਸਮੇਸ਼ ਪਿਤਾ ਨੇ ਸਾਡੀ ਕਲਿਆਣ ਵਾਸਤੇ ਅਪਣਾਇਆ। ਉਹ ਇਹ ਹੈ ਕਿ ਆਦਮੀ ਦੇ ਅੰਦਰ ਬੜੇ ਵਿਕਾਰ ਪਏ ਨੇ। ਉਸ ਨੂੰ ਇਕ ਨੁਕਤੇ ਤੇ ਸੈਟ ਕਰਨਾ ਪੈਂਦਾ ਹੈ। ਉਹ ਸ਼ਰਧਾ ਭਾਵਨਾ ਨਾਲ ਗੁਰੂ ਦੇ ਦਰਬਾਰ ਵਿਚ ਆਉਂਦਾ ਹੈ ਕਿ ਮਹਾਰਾਜ! ਮੈਨੂੰ ਨਾਮ ਮੰਡਲ ਵਿਚ ਪਹੁੰਚਾ ਦਿਓ। ਕਲਜੁਗ ਦਾ, ਉਦਯੋਗਾਂ ਦਾ ਤੇ ਅੱਜ ਕੱਲ੍ਹ ਦੇ ਹਾਲਾਤ ਦਾ ਐਨਾ ਅਸਰ ਪੈਂਦਾ ਹੈ ਕਿ ਆਦਮੀ ਦੀ ਬਿਰਤੀ ਇਕਾਗਰ ਨਹੀਂ ਰਹਿੰਦੀ, ਘੜੀ ਦੀ ਘੜੀ ਯਾਦ ਰਹਿੰਦਾ ਹੈ ਫੇਰ ਭੁੱਲ ਜਾਂਦਾ ਹੈ। ਉਸਦਾ ਕੋਈ ਤਰੀਕਾ ਚਾਹੀਦਾ ਹੈ ਪੱਕਾ।

ਗੁਰੂ ਮਹਾਰਾਜ ਕਹਿੰਦੇ ਹਨ ਕਿ ਆਦਮੀ ਦੇ ਅੰਦਰ ਜੋ ਨਾਮ ਹੈ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥***
***ਤਿਨਿ ਦੇਖਿਆ ਜਿਸੁ ਆਪਿ ਦਿਖਾਏ॥***
***ਨਾਨਕ ਤਿਸੁ ਜਨ ਸੋਝੀ ਪਾਏ॥*** ***ਅੰਗ – 293***

ਇਸ ਦੇ ਵਿਚ ਸ਼ਰਤ ਆ ਗਈ ਕਿ ਜਿਸ ਨੂੰ ਗੁਰੂ ਦਿਖਾ ਦੇਵੇ ਉਹ ਪਹੁੰਚ ਜਾਂਦਾ ਹੈ ਉਥੇ। ਗੱਲ ਬੜੀ ਸੌਖੀ ਹੈ। ਇਸ ਦੇ ਵਿਚ ਵਾਹਿਗੁਰੂ ਦੀ ਮਿਹਰ ਦੀ ਲੋੜ ਹੈ। ਨਾਮ ਸਾਡੇ ਅੰਦਰ ਪਿਆ ਹੈ ਅਸੀਂ ਨਾਮ-ਨਾਮ ਕਰਦੇ

ਹਾਂ, ਅੰਦਰ ਪਿਆ ਹੈ, ਕੋਲ ਹੀ ਪਿਆ ਹੈ, ਅੰਦਰ ਭਰਿਆ ਪਿਆ ਹੈ-

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ..............॥ ਅੰਗ - 644***

ਲੇਕਿਨ ਜਿਹੜੇ ਮਨ ਦੇ ਪਿਛੇ ਚਲਣ ਵਾਲੇ ਨੇ ਗੁਰੂ ਕੋਲ ਆਪਾ ਸਮਰਪਣ ਨਹੀਂ ਕਰਦੇ ਉਨ੍ਹਾਂ ਨੂੰ ਨਹੀਂ ਇਸ ਦਾ ਪਤਾ ਲਗਦਾ -

***............... ਮਨਮੁਖਾ ਸਾਦੁ ਨ ਪਾਇਆ॥***
***ਜਿਉ ਕਸਤੂਰੀ ਮਿਰਗੁ ਨ ਜਾਣੈ***
***ਭ੍ਰਮਦਾ ਭਰਮਿ ਭੁਲਾਇਆ॥ ਅੰਗ - 644***

ਮਿਰਗ (ਹਿਰਨ) ਦੀ ਨਾਭੀ ਵਿਚ ਕਸਤੂਰੀ ਹੁੰਦੀ ਹੈ, ਉਸ ਨੂੰ ਮੁਸ਼ਕ ਆਉਂਦਾ ਹੈ। ਉਹ ਧਰਤੀ ਤੇ ਲਿਟਦਾ ਹੈ ਜਾਂ ਝਾੜੀਆਂ ਸੁੰਘਦਾ ਹੈ, ਸ਼ਿਕਾਰੀ ਨੂੰ ਪਤਾ ਲਗ ਜਾਂਦਾ ਹੈ। ਪੁਰਾਣੇ ਸ਼ਿਕਾਰੀ ਘੰਡੇਹੇੜੇ ਦਾ ਸ਼ਬਦ ਵਜਾਉਂਦੇ ਹੁੰਦੇ ਸੀ, ਹਿਰਨ ਸ਼ਬਦ ਦੇ ਉਤੇ ਮਸਤ ਹੋ ਜਾਂਦਾ ਹੈ, ਜਿਹੜਾ ਹਿਰਨ ਹੈ, ਚਾਹੇ ਜਾਨ ਜਾਂਦੀ ਰਹੇ ਪਰ ਇਹ ਪ੍ਰਵਾਹ ਹੀ ਨਹੀਂ ਕਰਦਾ ਐਨਾ ਮਸਤ ਹੋ ਜਾਂਦਾ ਹੈ। ਉਹ ਸ਼ਿਕਾਰੀ ਦੇ ਕੋਲ ਆਪ ਹੀ ਚਲਿਆ ਜਾਂਦਾ ਹੈ, ਉਹ ਫੜ ਲੈਂਦਾ ਹੈ। ਹੈ ਚੀਜ਼ ਅੰਦਰ ਲੇਕਿਨ ਭੁਲੇਖਾ ਪਿਆ ਹੋਇਆ ਹੈ। ਮਹਾਰਾਜ ਕਹਿੰਦੇ ਇਵੇਂ ਹੀ ਅੰਮ੍ਰਿਤ ਅੰਦਰ ਹੈ ਇਸ ਦੇ।

***................. ਭ੍ਰਮਦਾ ਭਰਮਿ ਭੁਲਾਇਆ॥***
***ਅੰਗ - 644***

ਭਰਮਦਾ ਫਿਰਦਾ ਹੈ ਇਹ -

***ਅੰਮ੍ਰਿਤ ਤਜਿ ਬਿਖੁ ਸੰਗ੍ਰਹੈ................॥***
***ਅੰਗ - 644***

ਅੰਮ੍ਰਿਤ ਇਸ ਦੇ ਅੰਦਰ ਹੈ ਲੇਕਿਨ ਜ਼ਹਿਰ ਇਕੱਠੀ ਕਰਨੀ ਸ਼ੁਰੂ ਕਰ ਦਿੰਦਾ ਹੈ, ਜਿਹੜੀ ਇਥੇ ਵੀ ਦੁਖ ਦਿੰਦੀ ਹੈ ਤੇ ਦਰਗਾਹ ਵਿਚ ਜਾ ਕੇ ਵੀ ਦੁਖ ਦਿੰਦੀ ਹੈ।

***.................. ਕਰਤੈ ਆਪਿ ਖੁਆਇਆ॥***
***ਅੰਗ - 644***

ਉਸਦੇ ਹੁਕਮ ਵਿਚ, ਉਸ ਦਾ ਹੁਕਮ ਹੈ ਹੀ ਐਸਾ ਕਿ ਜਿਹੜਾ ਵਿਹੁ (ਜ਼ਹਿਰ) ਦਾ ਵਪਾਰ ਕਰੇਗਾ ਉਸਨੂੰ ਜ਼ਹਿਰ ਹੀ ਮਿਲੇਗੀ, ਜਿਹੜੇ ਅੰਮ੍ਰਿਤ ਦੇ ਵਪਾਰੀ ਹੋਣਗੇ ਉਨ੍ਹਾਂ ਨੂੰ ਅੰਮ੍ਰਿਤ ਮਿਲੇਗਾ। ਮਹਾਰਾਜ ਕਹਿੰਦੇ ਪਰ ਇਹ ਅੰਮ੍ਰਿਤ ਦਾ ਤਾਂ ਸੁਆਦ ਨਹੀਂ ਲੈਂਦਾ, ਨਾ ਇਸ ਨੂੰ ਪਤਾ ਹੈ ਪਰ ਵਿਹੁ ਵਿਚ ਜਾ ਕੇ ਬਾਰ ਬਾਰ ਫਸਦਾ ਹੈ। ਕਹਿੰਦੇ ਅਸੀਂ ਅੱਖਾਂ ਨਾਲ ਦੇਖ ਕੇ ਦਸਦੇ ਹਾਂ -

*ਅੰਮ੍ਰਿਤੁ ਕਉਰਾ ਬਿਖਿਆ ਮੀਠੀ॥*
*ਸਾਕਤ ਕੀ ਬਿਧਿ ਨੈਨਹੁ ਡੀਠੀ॥ ਅੰਗ - 892*

ਸੋ ਗੁਰੂ ਦਸਮੇਸ਼ ਪਿਤਾ ਜੀ ਨੇ ਸਿੱਖੀ ਦੀ ਪਰਖ ਕੀਤੀ ਕਿ ਇਸ ਦੇ ਵਿਚ ਕਰਨੀ ਕਮਾਈ ਵਾਲੇ ਕਿੰਨੇ ਕੁ ਨੇ। ਪੰਜ ਸੀ ਮੰਗੇ, ਜਿਹੜੇ ਇਹ ਗੱਲਾਂ ਕਰਦੇ ਨੇ ਨਾਂਹ, ਉਹ ਕਮਜ਼ੋਰ ਬੰਦੇ ਨੇ ਜਿਹੜੇ ਕਹਿੰਦੇ ਹਨ ਕਿ ਗੁਰੂ ਸਾਹਿਬ ਨੇ ਪਹਿਲੀ ਆਵਾਜ਼ ਦਿੱਤੀ, ਦੂਜੀ ਦਿੱਤੀ, ਤੀਜੀ ਦਿੱਤੀ ਉਹ ਤਾਂ ਸਾਰੇ ਦੇਹ ਅਧਿਆਸ ਟੁੱਟੀ ਵਾਲੇ ਬੈਠੇ ਸੀ। ਭਾਈ ਦਇਆ ਸਿੰਘ ਜੀ ਨੂੰ ਗੁਰੂ ਮਹਾਰਾਜ ਨੇ ਕਿਹਾ ਕਿ ਇਹ ਤਾਂ ਮੇਰਾ ਰੂਪ ਹੈ। ਇਨ੍ਹਾਂ ਨੂੰ ਮੈਥੋਂ ਵਖਰਾ ਨਾ ਜਾਣਿਓ -

*ਦਾਸ ਅਨਿੰਨ ਮੇਰੋ ਨਿਜ ਰੂਪ॥*

ਜਿਹੜੇ ਮੈਨੂੰ ਪਿਆਰ ਕਰਕੇ ਜੁੜਦੇ ਨੇ ਮੇਰੇ ਨਾਲ ਉਹ ਮੇਰਾ ਹੀ ਰੂਪ ਹਨ। ਹੁਣ ਜੇ ਗੁਰੂ ਦਾ ਰੂਪ ਹੋ ਕੇ ਦੇਹ ਅਧਿਆਸ ਨਹੀਂ ਟੁੱਟਿਆ ਤਾਂ ਫੇਰ ਉਹ ਤਾਂ ਕਮਜ਼ੋਰ ਸਿਖ ਹੋਏ। 200 ਸਾਲ ਦੀ ਸਿੱਖੀ ਚਲਦੀ ਆ ਰਹੀ ਸੀ ਤੇ ਸਿੱਖੀ ਵਿਚ ਐਨੀ ਵੀ ਤਾਕਤ ਨਾ ਆਈ ਕਿ ਦੇਹ ਅਧਿਆਸ ਟੁੱਟ ਜਾਏ। ਮੌਤ ਤੋਂ ਓਹੀ ਡਰਦਾ ਹੈ ਜਿਸ ਨੇ ਅਗੇ ਤਿਆਰੀ ਨਹੀਂ ਕੀਤੀ, ਗੁਰਸਿਖ ਤਾਂ ਕਹਿੰਦਾ ਹੈ ਕਿ ਮੌਤ ਕੋਈ ਚੀਜ਼ ਹੀ ਨਹੀਂ ਕਿਉਂਕਿ ਉਸ ਨੇ ਦੂਜਾ ਪਾਸਾ ਦੇਖ ਲਿਆ। ਉਹ ਕਹਿੰਦਾ ਮੌਤ ਤਾਂ ਇਕ ਤਬਦੀਲੀ ਹੈ, ਅਮਰ ਜੀਵਨ ਹਾਸਲ ਕਰਨ ਵਾਸਤੇ, ਇਸ ਕਰਕੇ ਡਰ ਨਹੀਂ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥*
*ਅੰਗ - 1366*

*ਕਬੀਰ ਮੁਹਿ ਮਰਨੇ ਕਾ ਚਾਉ ਹੈ*
*ਮਰਉ ਤ ਹਰਿ ਕੈ ਦੁਆਰ॥*
*ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥*
*ਅੰਗ - 1368*

*ਕਬੀਰਾ ਮਰਤਾ ਮਰਤਾ ਜਗੁ ਮੁਆ*
*ਮਰਿ ਭਿ ਨ ਜਾਨੈ ਕੋਇ॥*
*ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ॥*
*ਅੰਗ - 555*

ਗੁਰਸਿਖਾਂ ਨੂੰ ਤਾਂ ਪੂਰੀ ਤਰ੍ਹਾਂ ਗਿਆਨ ਸੀ।

ਜਿਵੇਂ ਭਾਈ ਜੀਵਨ ਆਪਣੇ ਪ੍ਰਾਣ ਛੱਡ ਦਿੰਦਾ ਹੈ ਤੇ ਆ ਕੇ ਬ੍ਰਾਹਮਣ ਦੇ ਬੱਚੇ ਵਿਚ ਪ੍ਰਾਣ ਪਾ ਦਿੰਦਾ ਹੈ। ਜੀਉਂਦਾ ਕਰ ਦਿੰਦਾ ਹੈ। ਕੋਈ ਗੱਲ ਸੀ ਇਸ ਗੱਲ ਦੇ ਅੰਦਰ। ਉਹ ਮੌਤ ਤੋਂ ਉਤੇ ਹੋ ਚੁੱਕੇ ਸੀ ਤਾਂ ਹੀ ਐਸੀ

ਗੱਲ ਕਰੀ।

ਗੁਰਸਿਖ ਹੋਵੇ ਤੇ ਗੁਰੂ ਦਸਵੇਂ ਪਾਤਸ਼ਾਹ ਵਰਗਾ ਗੁਰੂ ਹੋਵੇ। ਗੁਰੂ ਕਹਿ ਦੇਵੇ ਮੈਨੂੰ ਇਕ ਸਿਰ ਦੀ ਲੋੜ ਹੈ ਸਾਰਾ ਹੀ ਦੀਵਾਨ ਉਠ ਕੇ ਖੜ੍ਹਾ ਹੋ ਜਾਂਦਾ ਹੈ।

ਸੋ ਭਾਈ ਦਇਆ ਸਿੰਘ ਜੀ ਸਭ ਤੋਂ ਪਹਿਲਾਂ ਸੁਣਦੀਸਾਰ ਚਲੇ ਜਾਂਦੇ ਨੇ, ਦੋ ਨੰਬਰ ਫੇਰ ਚਲੇ ਗਏ, ਫੇਰ ਤਿੰਨ ਵਾਲੇ ਚਲੇ ਗਏ। ਜਦੋਂ 5 ਚਲੇ ਗਏ, ਮਹਾਰਾਜ ਨੇ ਆਵਾਜ਼ ਨਾ ਦਿੱਤੀ, ਕਿੰਨੇ ਹੀ ਖੜ੍ਹੇ ਹੋ ਗਏ। ਕਹਿੰਦੇ, ਮਹਾਰਾਜ ਅਸੀਂ ਤਾਂ ਇੰਤਜ਼ਾਰ ਕਰ ਰਹੇ ਸੀ ਕਿ ਹੋਰ ਆਵਾਜ਼ ਦੇਵੋਗੇ।

ਕਹਿੰਦੇ, "ਕੋਈ ਨਾ ਬੜੇ ਸੀਸ ਲਗਣੇ ਨੇ ਪਰ ਅਸੀਂ ਐਨਾ ਕੁ ਕੰਮ ਹੀ ਕਰਨਾ ਸੀ। ਸਿੱਖੀ ਪਰਖੀ ਹੈ। ਜਿਸ ਤਰ੍ਹਾਂ ਗੁਰੂ ਅੰਗਦ ਪਾਤਸ਼ਾਹ ਜੀ ਨੇ ਸਿੱਖੀ ਦਾ ਬੀਜ ਰੱਖਿਆ ਸੀ, ਉਵੇਂ ਹੀ ਇਨ੍ਹਾਂ ਪੰਜਾਂ ਨੇ ਸਿੱਖੀ ਦਾ ਬੀਜ ਹੀ ਨਹੀਂ ਰੱਖਿਆ, ਇਹ ਮੇਰਾ ਰੂਪ ਹੋ ਗਏ ਨੇ।"

ਸੋ ਉਸ ਵੇਲੇ ਸੱਚਮੁਚ ਸ਼ਹੀਦ ਕਰ ਦਿੱਤੇ ਗਏ ਸੀ। ਇਹ ਕਹਿਣਾ ਬਹੁਤ ਵੱਡੀ ਕਮਜ਼ੋਰੀ ਹੈ ਕਿ ਅੰਦਰ ਬੱਕਰੇ ਬੰਨ੍ਹੇ ਹੋਏ ਸੀ। ਜੇ ਇਹ ਗੱਲਾਂ ਚਾਹੁੰਦਾ ਹੈ ਤਾਂ ਗੁਰੂ ਮਹਾਰਾਜ ਦੇ ਵਿਚ ਤਾਂ ਪੂਰਨ ਸ਼ਕਤੀ ਹੈ ਉਹ ਸਾਰਾ ਹੀ ਵਾਤਾਵਰਣ ਬਦਲ ਸਕਦੇ ਹਨ।

ਗੁਰੂ ਪੰਜਵੇਂ ਪਾਤਸ਼ਾਹ ਨੇ ਬਦਲਿਆ ਨਹੀਂ ਜਦੋਂ ਸੁਕੇਤ ਮੰਡੀ ਦਾ ਰਾਜਾ ਆਇਆ। ਕਿੰਨੇ ਸਾਲ ਅੱਗੇ ਦਾ ਵਾਤਾਵਰਣ ਪੈਦਾ ਕਰਕੇ ਉਸ ਨੂੰ ਦਿਖਾ ਦਿੱਤਾ।

ਕ੍ਰਿਸ਼ਨ ਮਹਾਰਾਜ ਜੀ ਨੂੰ ਜਦੋਂ ਅਰਜੁਨ ਨੇ ਕਿਹਾ ਕਿ ਮੈਨੂੰ ਮਾਇਆ ਦਿਖਾਓ ਤਾਂ 300 ਸਾਲ ਅਗਲਾ ਸਮਾਂ ਲਿਆ ਕੇ ਵਰਤਮਾਨ ਕਾਲ ਬਣਾ ਦਿੱਤਾ ਜਿਸ ਕਰਕੇ ਉਹ ਮਾਇਆ ਵਿਚ ਫਸਿਆ। ਗੁਰੂ ਕੋਲ ਕਿਸੇ ਚੀਜ਼ ਦਾ ਘਾਟਾ ਨਹੀਂ ਹੁੰਦਾ। ਉਹ ਜੇ ਇਕ ਨਿਗ੍ਹਾ ਕਰ ਦੇਣ ਤਾਂ ਤੰਬੂ ਵੀ ਲੱਗ ਜਾਣਗੇ, ਸਭ ਕੁਝ ਆ ਜਾਏਗਾ ਲੇਕਿਨ ਗੁਰੂ ਸਾਹਿਬ ਬਾਰੇ ਐਸਾ ਕਹਿਣਾ ਆਪਣੀ ਸ਼ਰਧਾ ਕਮਜ਼ੋਰ ਹੋਣ ਦਾ ਸਬੂਤ ਹੈ। ਜਦੋਂ ਗੁਰੂ ਦੇ ਸਿੱਖ ਐਸਾ ਕਰ ਦਿੰਦੇ ਨੇ ਕਿ ਉਹ ਮਰਜ਼ੀ ਨਾਲ ਜਾਂਦੇ ਨੇ ਤੇ ਮਰਜ਼ੀ ਨਾਲ ਆਉਂਦੇ ਨੇ। ਗੁਰੂ ਮਹਾਰਾਜ ਤੋਂ ਬਾਅਦ ਵੀ। ਉਸ ਵੇਲੇ ਤਾਂ ਇਹ ਕਮਜੋਰੀਆਂ ਹੈ ਹੀ ਨਹੀਂ ਸਨ ਜਿਹੜੀਆਂ ਸਾਨੂੰ ਸੁਣਾਈਆਂ ਜਾਂਦੀਆਂ ਨੇ, ਇਤਿਹਾਸ ਵਾਲਿਆਂ ਨੇ, ਸਾਡੇ ਜਿਹੜੇ ਪ੍ਰਚਾਰਕ ਅਨੁਭਵ ਤੋਂ ਹੀਣੇ ਨੇ ਇਹ ਗੱਲਾਂ ਕਰਦੇ ਨੇ, ਸਾਡਾ ਵੀ ਨਿਸ਼ਚਾ ਹਿਲਾ ਦਿੰਦੇ ਨੇ। ਐਸੀਆਂ ਬਾਤਾਂ ਨਹੀਂ ਸੀ। ਗੁਰੂ ਚਾਹੇ ਇਕ ਫੁਰਨੇ ਨਾਲ ਸਾਰੇ ਸੰਸਾਰ ਨੂੰ ਖਤਮ ਕਰ ਦੇਵੇ, ਚਾਹੇ ਸਾਰੇ ਸੰਸਾਰ ਨੂੰ ਮੁੜ ਕੇ ਬਣਾ ਦੇਵੇ। ਸ਼ਕਤੀ ਹੁੰਦੀ ਹੈ ਗੁਰੂ ਵਿਚ, ਗੁਰੂ ਤੇ ਪ੍ਰਮੇਸ਼ਰ ਵਿਚ ਕੋਈ ਭੇਤ ਨਹੀਂ ਹੁੰਦਾ –

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***

*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥* *ਅੰਗ - 442*

ਕਾਲ ਨਾਮ ਦੀ ਕੋਈ ਚੀਜ਼ ਗੁਰਸਿਖ ਦੇ ਸਾਹਮਣੇ ਕੋਈ ਮਹਿਨਾ ਨਹੀਂ ਰਖਦੀ। ਬਾਬਾ ਸਾਹਿਬ ਸਿੰਘ ਜੀ, ਸੰਤ ਮਹਾਰਾਜ ਜੀ ਤੋਂ ਉਪਰ ਬਾਬਾ ਅਤਰ ਸਿੰਘ ਜੀ ਹੋਏ ਨੇ, ਉਨ੍ਹਾਂ ਤੋਂ ਪਹਿਲਾਂ ਬਾਬਾ ਕਰਮ ਸਿੰਘ ਜੀ ਹੋਏ ਨੇ। ਆਪ ਨੇ ਸੰਗਤ ਬੁਲਾ ਲਈ ਤੇ ਨਾਲ ਲਿਖ ਦਿੱਤਾ ਕਿ ਭਾਈ! ਅਸੀਂ ਹੁਣ ਸਰੀਰਕ ਰੂਪ ਵਿਚ ਸੰਸਾਰ ਤੋਂ ਜਾ ਰਹੇ ਹਾਂ। ਬਹੁਤ ਸਾਰੇ ਪ੍ਰੇਮੀਆਂ ਦੇ ਮਨਾਂ ਵਿਚ ਵਾਸ਼ਨਾਵਾਂ ਹੁੰਦੀਆਂ ਨੇ, ਕਿਸੇ ਨੇ ਗਿਆਨ ਦੀ ਬਾਤ ਕਰਨੀ ਹੈ, ਨਾਮ ਦੀ ਬਾਤ ਕਰਨੀ ਉਹ ਹੁਣ ਕਰ ਲਓ, ਸੱਤ ਦਿਨ ਰਹਿੰਦੇ ਨੇ ਸਾਡੇ ਕੋਲ। ਕਿਸੇ ਨੂੰ ਲੋੜ ਹੈ, ਪੁੱਤਰ ਦੀ, ਜਾਇਦਾਦ ਦੀ, ਜ਼ਮੀਨ ਦੀ ਜਾਂ ਕੋਈ ਬਿਮਾਰੀ ਹੈ, ਆ ਜਾਓ! ਜੋ ਕੁਝ ਮੰਗੋਗੇ, ਮਿਲੇਗਾ।

ਬੇਅੰਤ ਸੰਗਤ ਇਕੱਠੀ ਹੋ ਗਈ ਹੋਤੀ ਮਰਦਾਨ ਵਿਚ। ਉਸੇ ਵੇਲੇ ਬਾਬਾ ਜੀ ਨੇ ਕਿਹਾ ਕਿ ਅਸੀਂ ਹੁਣ ਤੋਂ ਸੱਤਵੇਂ ਨੂੰ ਚਲੇ ਜਾਣਾ ਹੈ। ਸਾਰੀ ਸੰਗਤ ਦੇ ਮਨ ਵਿਚ ਉਦਾਸੀ ਆ ਗਈ। ਉਸ ਵੇਲੇ ਸੱਤਵੇਂ ਦਿਨ ਬਾਬਾ ਜੀ ਨੇ ਖਾਸ ਸਟੇਜ ਲਗਵਾਈ, ਇਕ ਖਾਲੀ ਸਟੇਜ ਉਤੇ ਬਕਸਾ ਰਖਾ ਦਿੱਤਾ। ਕਹਿਣ ਲੱਗੇ, "ਭਾਈ! ਸਾਢੇ ਚਾਰ ਵਜੇ ਅੱਜ ਅਸੀਂ ਚਲੇ ਜਾਣਾ ਹੈ।" ਸੰਗਤਾਂ ਬੈਠੀਆਂ ਨੇ ਸਾਰੀਆਂ। ਉਸ ਵੇਲੇ ਆਪ ਨੇ ਕਿਹਾ ਕਿ ਭਾਈ! ਆਹ ਸ਼ਬਦ ਪੜ੍ਹੋ। ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਜਦੋਂ ਜਾਣ ਦੀ ਤਿਆਰੀ ਕਰ ਰਹੇ ਸੀ ਤਾਂ ਮਹਾਰਾਜ ਜੀ ਦਸਦੇ ਨੇ ਕਿ ਮੈਨੂੰ ਕਿਹਾ ਤੁਸੀਂ ਆਹ ਆਹ ਸ਼ਬਦ ਪੜ੍ਹੋ। ਮੈਂ ਇਕ ਪੜ੍ਹ ਦਿਆਂ। ਕਹਿੰਦੇ, ਹੁਣ ਆਹ ਪੜ੍ਹੋ, ਹੁਣ ਆਹ ਪੜ੍ਹੋ। ਸਾਰੇ ਹੀ ਵੈਰਾਗ ਦੇ ਸ਼ਬਦ ਸੀ। ਬਾਬਾ ਜੀ ਨੇ ਕਿਹਾ ਭਾਈ ਆਹ ਸ਼ਬਦ ਪੜ੍ਹੋ -

*ਧਾਰਨਾ - ਭਇਆ ਪੁਰਾਣਾ ਚੋਲਾ,*
*ਦਿਨ ਥੋੜੇ ਰਹਿ ਗਏ -2, 4.*
*ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥*
*ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ॥*
*ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ॥*
*ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ॥*
*ਪੰਨਾ - 23*

ਸੰਗਤਾਂ ਸ਼ਬਦ ਪੜ੍ਹੀ ਜਾਂਦੀਆਂ ਨੇ ਲੇਕਿਨ ਬੋਲ ਕਿਸੇ ਦਾ ਵੀ ਥਿਰ ਨਹੀਂ ਹੈ, ਹੱਥਾਂ ਵਿਚ ਰੁਮਾਲ ਚੁੱਕੇ ਹੋਏ ਨੇ, ਨੇਤਰਾਂ ਵਿਚੋਂ ਹੰਝੂ ਆ ਰਹੇ ਨੇ ਕਿ ਬਾਬਾ ਜੀ ਨੇ ਤਾਂ ਸਚਮੁਚ ਹੀ ਜਾਣ ਦੀਆਂ ਤਿਆਰੀਆਂ ਕਰ ਲਈਆਂ। ਉਸੇ ਵੇਲੇ ਕੀਰਤਨ ਕਰਨ ਵਾਲਿਆਂ ਨੂੰ ਆਪ ਨੇ ਹੁਕਮ ਦਿੱਤਾ ਕਿ ਪਿਆਰਿਓ! ਆਹ ਪੜ੍ਹਾਓ ਸੰਗਤ ਤੋਂ -

*ਧਾਰਨਾ - ਧੰਨ ਜੋਬਨ ਫੁੱਲਾਂ ਦੀਆਂ ਵਾੜੀਆਂ*
*ਖਿੜੀਆਂ ਨਾ ਸਦਾ ਰਹਿੰਦੀਆਂ - 2.*

ਕੀਰਤਨ ਸੁਣਦੇ ਮੁੱਖੀ ਮੁੱਖੀ ਜਿਹੜੇ ਸਿੱਖ ਸੀ ਉਹ ਦੀਵਾਨ ਵਿਚੋਂ ਉਠ ਕੇ ਚਲੇ ਗਏ। ਬਾਬਾ ਲਾਲ ਸਿੰਘ ਜੀ ਜਿਹੜੇ ਸ੍ਰੀ ਮਾਨ ਸੀ ਲੰਗਰ ਦੇ ਤੇ ਉਨ੍ਹਾਂ ਦਾ ਹਰ ਬਚਨ ਬਾਬਾ ਕਰਮ ਸਿੰਘ ਜੀ ਮੰਨ ਲੈਂਦੇ ਸੀ। ਉਥੇ ਜਾ ਕੇ ਸਿੰਘ ਕਹਿਣ ਲੱਗੇ, "ਬਾਬਾ ਜੀ! ਉਨ੍ਹਾਂ ਨੇ ਤਾਂ ਸੱਚੀ ਮੁੱਚੀ ਤਿਆਰੀ ਕਰ ਲਈ। ਸੰਗਤ ਕੀ ਕਰੇਗੀ ਉਨ੍ਹਾਂ ਤੋਂ ਪਿਛੋਂ?"

ਉਸ ਵੇਲੇ ਬਾਬਾ ਜੀ ਮੁਖੀ ਹੋ ਕੇ ਸਾਰੀ ਸੰਗਤ ਦੇ, ਬੇਨਤੀ ਕਰਨ ਵਾਸਤੇ, ਗੱਲ ਵਿਚ ਪੱਲਾ ਪਾਇਆ ਸਾਹਮਣੇ ਆ ਗਏ ਨਮਸ਼ਕਾਰ ਕਰੀ। ਕਹਿਣ ਲੱਗੇ, "ਕੀ ਗੱਲ ਹੈ? ਲਾਲ ਸਿੰਘ!"

ਕਹਿਣ ਲੱਗੇ, "ਪਾਤਸ਼ਾਹ! ਆਹ ਸੰਗਤ ਦਾ ਬਿਰਹਾ ਦੇਖਿਆ ਨਹੀਂ ਜਾਂਦਾ, ਮੈਥੋਂ ਵੀ ਝੱਲਿਆ ਨਹੀਂ ਜਾਂਦਾ, ਵਿਛੋੜਾ ਝਲਣਾ ਬਹੁਤ ਔਖਾ ਹੈ।"

ਉਸ ਵੇਲੇ ਬਾਬਾ ਜੀ ਖਾਮੋਸ਼ ਹੋ ਗਏ। ਕਾਫੀ ਦੇਰ ਤੋਂ ਬਾਅਦ ਕਹਿਣ ਲੱਗੇ, "ਲਾਲ ਸਿੰਘ ਜੀ! 2 ਸਾਲ 2 ਮਹੀਨੇ, 2 ਦਿਨ ਤੁਹਾਡੇ ਬਚਦੇ ਨੇ ਅਜੇ ਆਯੂ ਦੇ, ਚਲੋ! ਆਏਂ ਕਰ ਲੈਂਦੇ ਹਾਂ ਤੁਸੀਂ ਸਾਡੀ ਥਾਂ ਤੇ ਅੱਜ ਸਾਢੇ ਚਾਰ ਵਜੇ ਚਲੇ ਜਾਓ ਤੇ ਅਸੀਂ ਤੁਹਾਡੇ ਥਾਂ 2 ਸਾਲ, 2 ਮਹੀਨੇ, 2 ਦਿਨ ਨੂੰ ਆ ਜਾਵਾਂਗੇ।"

ਉਸ ਵੇਲੇ ਕਹਿੰਦੇ, "ਜਾਓ! ਇਸ਼ਨਾਨ ਕਰ ਲਓ, ਕੇਸੀ ਇਸ਼ਨਾਨ ਕਰਕੇ ਬਸਤ੍ਰ ਪਹਿਨ ਕੇ ਆ ਜਾਓ।"

2 ਵਜ ਗਏ ਅਜੇ ਲੰਗਰ ਵਰਤਾਈ ਜਾਂਦੇ ਨੇ। ਬਾਬਾ ਜੀ ਕਹਿੰਦੇ ਕਿ ਦੋ ਢਾਈ ਘੰਟੇ ਹੀ ਰਹਿ ਗਏ। ਫੇਰ ਹੁਕਮ ਆਇਆ ਤੇ ਆਪ ਗਏ ਇਸ਼ਨਾਨ ਕਰਿਆ, ਬਹੁਤ ਸੋਹਣੇ ਬਸਤ੍ਰ ਪਹਿਨੇ, ਕੇਸੀ ਇਸ਼ਨਾਨ ਕਰਿਆ। ਚਾਰ ਵਜੇ ਬਾਬਾ ਜੀ ਦੇ ਚਰਨਾਂ ਵਿਚ ਆ ਗਏ। ਉਸ ਵੇਲੇ ਚੁਪ ਹੋ ਗਈ ਸਾਰੇ। ਪਾਠ ਕਰਿਆ ਜਪੁਜੀ ਸਾਹਿਬ ਦਾ ਮਨ ਚਿਤ ਲਾ ਕੇ ਇਨ੍ਹਾਂ ਨੇ। ਅੰਗਰੇਜ਼ ਲੋਕ ਉਥੇ ਆਏ ਹੋਏ ਸੀ ਕਿਉਂਕਿ ਉਥੇ ਛਉਣੀ ਸੀ। ਗੋਰੇ ਸਾਰੇ ਬੈਠੇ ਸੀ ਤੇ ਇਹ ਗੱਲ ਦੇਖਦੇ ਸੀ ਕਿ ਇਹ ਕਿਵੇਂ ਚਲੇ ਜਾਂਦੇ ਨੇ।

ਜਦੋਂ 5 ਮਿੰਟ ਰਹਿ ਗਏ 4:25 ਹੋ ਗਏ ਤਾਂ ਉਨ੍ਹਾਂ ਨੇ ਖੜ੍ਹੇ ਹੋ ਕੇ ਬਾਬਾ ਜੀ ਕੋਲ ਬੇਨਤੀਆਂ ਕੀਤੀਆਂ, ਚਰਨਾਂ ਤੇ ਢਹਿ ਪਏ।

ਕਹਿੰਦੇ, "ਪਾਤਸ਼ਾਹ! ਜ਼ਿੰਦਗੀ ਲੰਘਾਈ ਹੈ, ਪਤਾ ਨਹੀਂ ਕਿੰਨੀਆਂ ਹੁਕਮ-ਅਦੂਲੀਆਂ ਆਪ ਦੀਆਂ ਕੀਤੀਆਂ ਨੇ, ਆਪ ਕਿਰਪਾ ਕਰੋ ਮੇਰੇ ਤੇ।"

ਬਾਬਾ ਜੀ ਨੇ ਅਸੀਸ ਦਿੱਤੀ, ਬਕਸੇ ਵਿਚ ਆ ਕੇ ਆਪ ਲੇਟ ਗਏ।

ਜਦੋਂ 5 ਮਿੰਟ ਹੋ ਗਏ ਤਾਂ ਬਾਬਾ ਜੀ ਕਹਿੰਦੇ , "ਦੇਖੋ ਭਾਈ!"

ਜਦੋਂ ਸੇਵਾਦਾਰਾਂ ਨੇ ਦੇਖਿਆ ਤਾਂ ਕਹਿੰਦੇ, "ਮਹਾਰਾਜ! ਉਹ ਤਾਂ ਪਿਆਨੇ ਕਰ ਗਏ।"

ਉਨ੍ਹਾਂ ਦਾ ਆਤਮਾ ਜਿਹੜਾ ਹੈ ਉਹ ਸਰੀਰ ਛੱਡ ਗਿਆ।"

ਇਹ ਔਖੀਆਂ ਬਾਤਾਂ ਨਹੀਂ ਹਨ। ਮੈਂ ਤੁਹਾਨੂੰ ਇਕ ਛੋਟੀ ਜਿਹੀ ਘਟਨਾ ਦਸਦਾ ਹਾਂ। ਉੱਤਰ ਪ੍ਰਦੇਸ਼ ਵਿਚ ਜਦੋਂ ਮੈਂ ਕੀਰਤਨ ਕਰਦਾ ਹੁੰਦਾ ਤਾਂ ਉਥੇ ਇਕ ਬੀਬੀ ਆਉਂਦੀ ਹੁੰਦੀ। ਉਸ ਦਾ ਨਾਂ ਮੀਤੋ ਸੀ, ਉਂਝ ਨਾਂ ਗੁਰਮੀਤ ਕੌਰ ਸੀ। ਪਿਆਰ ਨਾਲ ਮੀਤੋ ਕਹਿ ਦਿੰਦੇ ਸੀ। ਉਹ ਕਹਿੰਦੀ ਮੇਰਾ ਮੰਗਣਾ ਨਾ ਕਰਿਓ, ਮੇਰਾ ਵਿਆਹ ਨਾ ਕਰਿਓ, ਮੈਂ 24 ਸਾਲ ਦੀ ਉਮਰ ਵਿਚ ਚਲੀ ਜਾਣਾ ਹੈ। ਭਜਨ ਬਹੁਤ ਕਰਦੀ ਸੀ, ਪਾਠ ਬੜਾ ਸੋਹਣਾ ਗੁਰੂ ਗ੍ਰੰਥ ਸਾਹਿਬ ਦਾ ਕਰਦੀ, ਉਸ ਦੀ ਗੱਲ ਕੋਈ ਸੁਣੇ ਨਾ। ਜਦੋਂ ਪਿਤਾ ਜਾਵੇ ਮੰਗਣਾ ਕਰਨ, ਕਹਿੰਦੀ, ਹੋਣਾ ਹੀ ਨਹੀਂ, ਮੇਰਾ ਸੰਜੋਗ ਹੀ ਨਹੀਂ ਹੈ, ਮੈਂ ਤਾਂ ਚਲੀ ਜਾਣਾ ਹੈ 24 ਸਾਲ ਦੀ ਨੇ। 15 ਹਾੜ ਨੂੰ, ਤਰੀਕ ਦੱਸਣ ਲੱਗ ਗਈ। ਉਦੋਂ ਤੋਂ ਉਸ ਨੂੰ ਝੱਲੀਓ-ਝੱਲੀ ਕਹਿਣ ਲਗ ਗਏ। ਨਾਲੇ ਇਹ ਕਹਿਣ ਲੱਗ ਪਈ ਪਿੰਡ ਬੈਠੀ ਹੀ, ਕਹਿੰਦੀ ਦੱਸਾਂ, ਬਾਬਾ ਜੀ ਉਥੇ ਫਲਾਣੇ ਥਾਂ ਕੀਰਤਨ ਕਰ ਰਹੇ ਨੇ।"

ਉਹ ਐਵੇਂ ਕਹਿਣ ਲੱਗ ਪਏ ਕਿ ਇਹ ਝੱਲੀ ਹੋਈ ਹੋਈ ਹੈ। ਕਹਿੰਦੀ ਕਿ ਮੈਂ ਕੀਰਤਨ ਵੀ ਕਰ ਸਕਦੀ ਹਾਂ ਜੇ ਮੈਨੂੰ ਵਾਜਾ ਦੇ ਦੇਣ। ਉਹ ਸਤਿਸੰਗ ਵਿਚ ਆਉਂਦੀ ਸੀ। ਤੇ ਉਥੇ ਉਸ ਦੇ ਰਿਸ਼ਤੇਦਾਰ ਗਏ ਉਸ ਦੇ ਘਰ, ਉਹ ਸਾਡੇ ਨੇੜੇ ਹੀ ਰਹਿੰਦੇ ਸੀ।

ਉਹ ਕਹਿਣ ਲੱਗੀ, "ਭਾਈਆ ਜੀ! ਹੁਣ ਜਾਇਓ ਨਾ ਤੁਸੀਂ, 15 ਦਿਨ ਹੀ ਰਹਿੰਦੇ ਨੇ, ਰੇਲਾਂ ਵਿਚ ਥਾਂ ਨਹੀਂ ਮਿਲਦਾ, ਗਰਮੀ ਦਾ ਮਹੀਨਾ ਹੈ, ਤੁਸੀਂ ਔਖੇ ਹੋਏ ਆਵੋਗੇ। ਮੈਂ ਅੱਜ ਤੋਂ 15 ਦਿਨਾਂ ਨੂੰ ਸਰੀਰ ਛੱਡ ਦੇਣਾ ਹੈ।"

ਉਹ ਕਹਿੰਦੇ, "ਤੂੰ ਤਾਂ ਆਹੀ ਗੱਲ ਕਰੀ ਜਾਂਦੀ ਹੈ ਹਮੇਸ਼ਾ।"

ਇਕ ਦਿਨ ਪਹਿਲਾਂ ਸਾਰਿਆਂ ਨੂੰ ਮਿਲ ਆਈ ਤੇ ਸ਼ਾਮ ਨੂੰ ਉਸ ਨੇ ਰਹਿਰਾਸ ਪੜ੍ਹੀ ਕੰਧਾਂ ਨਾਲ ਲਗ ਲਗ ਕੇ।

ਮਾਂ ਕਹਿੰਦੀ, "ਮੀਤੋ! ਅੱਜ ਤੂੰ ਹੋਰ ਹੀ ਕੰਮ ਕਰਦੀ ਹੈਂ।"

ਕਹਿੰਦੀ, "ਮਾਂ! ਮੈਂ ਘਰ ਪਵਿੱਤਰ ਕਰ ਰਹੀ ਹਾਂ, ਮੇਰੇ ਮਗਰੋਂ ਰਹਿਰਾਸ ਨਹੀਂ ਕਿਸੇ ਨੇ ਪੜ੍ਹਨੀ। ਮੈਂ ਘਰ ਨੂੰ ਪਵਿੱਤਰ ਕਰ ਰਹੀ ਹਾਂ।"

ਉਸ ਤੋਂ ਬਾਅਦ ਕਹਿੰਦੀ, "ਬੇਬੇ! ਉਰੇ ਆ! ਤੈਨੂੰ ਤਾਲਿਆਂ ਦਾ ਪਤਾ ਨਹੀਂ ਹੈ ਕਿ ਕਿਹੜੇ ਤਾਲੇ ਨੂੰ ਕਿਹੜੀ ਚਾਬੀ ਲਗਦੀ ਹੈ, ਆ ਮੈਂ ਤੈਨੂੰ ਸਮਝਾ

ਦੇਵਾਂ।”

ਸਾਰਾ ਸੌਂਪਣਾ ਦੇ ਦਿੱਤਾ, ਕੁੰਜੀਆਂ ਸਮਝਾ ਦਿੱਤੀਆਂ। ਸਵੇਰ ਵੇਲੇ ਉਥੇ ਇਕ ਸੰਤ ਆਏ ਹੋਏ ਸੀ ਸਾਧੂ ਗੜ੍ਹ ਦੇ।

ਕਹਿਣ ਲੱਗੀ, “ਬਾਬਾ ਜੀ! ਮੈਂ ਚੜ੍ਹਾਈ ਕਰ ਜਾਣਾ ਹੈ ਕੱਲ ਨੂੰ, ਕੀਰਤਨ ਸੋਹਿਲੇ ਦਾ ਪਾਠ ਤੁਸੀਂ ਕਰਨਾ ਹੈ, ਤੁਸੀਂ ਗਲਤ ਕਰ ਦੇਣਾ ਹੈ ਦੋ ਵਾਰੀ, ਤੀਸਰੀ ਵਾਰੀ ਸ਼ੁਧ ਹੋਏਗਾ, ਪਹਿਲਾਂ ਹੀ ਸ਼ੁਧ ਕਰਿਓ।”

ਕਹਿੰਦੇ, “ਸੱਚੀਓਂ ਹੀ?”

ਕਹਿੰਦੀ, “ਹਾਂ ਜੀ! ਮੈਂ ਅੰਮ੍ਰਿਤ ਛੱਕ ਆਈ ਹਾਂ ਫੇਰ ਦੁਬਾਰਾ ਕਿ ਕਿਤੇ ਕੋਈ ਗਲਤੀ ਵਗੈਰਾ ਹੋ ਗਈ ਹੋਵੇ ਤਾਂ ਮਾਫ਼ ਹੋ ਜਾਵੇ।”

ਉਸ ਵੇਲੇ ਉਸ ਨੇ ਮਾਂ ਨੂੰ ਕਿਹਾ ਕਿ ਮੈਨੂੰ ਰਸਦ ਦੇ ਦੇ। ਪ੍ਰਸਾਦ ਦੀ ਰਸਦ ਲੈ ਲਈ, ਕੜਾਹੀ ਮਾਂਜ ਦਿੱਤੀ, ਚੁੱਲ੍ਹਾ ਲਿਪ ਦਿੱਤਾ ਕਹਿੰਦੀ, “ਮੈਂ ਦੁਪਹਿਰੇ ਜਾਣਾ ਹੈ ਤੇ ਤੇਰੇ ਕੋਲੋਂ ਪ੍ਰਸ਼ਾਦ ਨਹੀਂ ਹੋਣਾ, ਆਪੇ ਪ੍ਰਸ਼ਾਦ ਬਣਾ ਲਿਓ ਮੇਰੇ ਜਾਣ ਤੋਂ ਬਾਅਦ।”

ਕਹਿੰਦੀ, “ਤੁਸੀਂ ਡਰਿਓ ਨਾ, ਮੈਨੂੰ ਸਿਰਫ ਇਕ ਉਲਟੀ ਆਉਣੀ ਹੈ ਹੋਰ ਕੁਝ ਨਹੀਂ ਹੋਣਾ ਮੈਨੂੰ।”

ਉਸ ਦਾ ਪਿਤਾ ਸਵੇਰੇ ਹੀ ਕਣਕ ਦਾ ਗੱਡਾ ਭਰ ਕੇ ਰਾਜਪੁਰੇ ਨੂੰ ਤੁਰ ਪਿਆ। ਉਹ ਕਹਿੰਦੀ, “ਬਾਪੂ! ਤੂੰ ਜਾਹ ਨਾ, ਮੈਂ ਅੱਜ ਜਾਣਾ ਹੈ।”

ਕਹਿੰਦਾ, “ਤੂੰ ਤਾਂ ਝੱਲੀਆਂ ਮਾਰੀ ਜਾਂਦੀ ਹੈ, ਤੇਰੇ ਪਿਛੇ ਲੱਗ ਕੇ ਖੇਤੀ ਖਰਾਬ ਕਰਨੀ ਹੈ ਮੈਂ? ਖਾਦ ਲਿਆਉਣੀ ਹੈ।”

ਕਹਿੰਦੀ, “ਫੇਰ ਛੇਤੀ ਆ ਜਾਵੀਂ।”

ਦੁਪਹਿਰੇ ਉਸ ਨੇ ਪਲੰਘ ਵਿਛਾ ਦਿੱਤਾ।

ਮਾਂ ਕਹਿੰਦੀ, “ਮੀਤੋ! ਪਲੰਘ ਵਿਛਾਉਂਦੀ ਹੈਂ?”

ਕਹਿੰਦੀ, “ਮੈਨੂੰ ਅੱਜ ਲੈਣ ਆਉਣਾ ਹੈ ਨਾ ਸਿੰਘਾਂ ਨੇ, ਬਾਬਾ ਜੀ ਆਉਣਗੇ, ਉਹ ਫੇਰ ਇਥੇ ਬੈਠਣਗੇ। ਬੈਠਣ ਨੂੰ ਤਾਂ ਥਾਂ ਚਾਹੀਦੀ ਹੈ।”

ਜਦੋਂ ਸਮਾਂ ਹੋ ਗਿਆ, ਪਿਤਾ ਆਇਆ ਨਾ। ਜੈਕਾਰੇ ਬਲਾਉਣ ਲੱਗ ਪਈ।

ਮਾਂ ਕਹਿੰਦੀ, “ਤੂੰ ਜੈਕਾਰੇ ਬੁਲਾਉਂਦੀ ਹੈਂ?”

ਕਹਿੰਦੀ, “ਜਿਹੜੇ ਲੈਣ ਆਏ ਨੇ ਉਨ੍ਹਾਂ ਨੇ ਵੀ ਜੈਕਾਰਾ ਬੁਲਾਇਆ ਹੈ, ਮੈਂ ਤਾਂ ਉਨ੍ਹਾਂ ਦੇ ਨਾਲ ਬੋਲੀ ਹਾਂ।”

ਸਮਝ ਵਿਚ ਨਾ ਆਵੇ ਕਿਸੇ ਦੇ ਵੀ ਗੱਲ। ਹੁਣ ਕਿਹੜਾ ਅੱਖਾਂ ਨਾਲ

ਦਿਸਦਾ ਹੈ ਕਿ ਕੌਣ ਆਇਆ ਤੇ ਕੌਣ ਨਹੀਂ ਆਇਆ।

ਕਹਿੰਦੀ, "ਬਾਬਾ ਜੀ! ਇਥੇ ਪਲੰਘ ਤੇ ਬਹਿ ਜਾਓ ਤੇ ਹਾਲੇ ਤਾਂ ਮੈਂ ਜਾਣਾ ਨਹੀਂ। ਬਾਪੂ ਗਿਆ ਹੋਇਆ ਹੈ ਰਾਜਪੁਰੇ ਤੇ ਪਤਾ ਨਹੀਂ ਕਦੋਂ ਆਵੇ ਤੇ ਤੁਸੀਂ ਰਾਤ ਦੇ 10 ਵਜੇ ਆ ਜਾਇਓ।"

ਉਹ ਕਹਿਣ ਲੱਗੇ, "ਚੰਗਾ! ਅਸੀਂ ਰਾਤ ਦੇ 10 ਵਜੇ ਆਵਾਂਗੇ ਤੇ ਤੂੰ ਤਿਆਰ ਰਹੀਂ।"

ਕਹਿੰਦੀ, "ਮੈਂ ਤਿਆਰ-ਬਰ-ਤਿਆਰ ਹਾਂ। ਤੁਸੀਂ 10 ਵਜੇ ਆ ਜਾਇਓ ਪਿਤਾ ਜੀ ਆ ਜਾਣ। ਫੇਰ ਉਨ੍ਹਾਂ ਨੇ ਸਾਰੀ ਜ਼ਿੰਦਗੀ ਕਹੀ ਜਾਣਾ ਹੈ ਕਿ ਮੈਂ ਮਿਲਿਆ ਨਾ, ਪਛਤਾਈ ਜਾਏਗਾ।"

ਸੋ ਇਸ ਤਰ੍ਹਾਂ ਦੇ ਨਾਲ ਉਹ ਸ਼ਾਮ ਨੂੰ ਵਾਪਸ ਆ ਗਿਆ, ਖਾਦ ਲੈ ਕੇ।

ਕਹਿਣ ਲੱਗੀ, "ਬਾਪੂ! ਤੂੰ ਤਾਂ ਬਹੁਤ ਦੇਰ ਕਰ ਦਿੱਤੀ, ਬਾਬਾ ਜੀ ਆਏ ਸੀ ਮੈਨੂੰ ਮੋੜਨੇ ਪਏ, ਹੁਣ 10 ਵਜੇ ਆਉਣਗੇ।"

ਉਸ ਤੋਂ ਬਾਅਦ ਕਹਿਣ ਲੱਗੀ, "ਇਥੇ ਬੈਠਣਗੇ ਤੇ ਮੈਨੂੰ ਛੇਤੀ ਹੀ ਲੈ ਜਾਣਗੇ, ਤੁਸੀਂ ਰੋਇਓ ਨਾ। ਪ੍ਰਸ਼ਾਦ ਬਣਾ ਲਿਓ ਮੈਂ ਰਸਦ ਰੱਖ ਦਿੱਤੀ ਸੀ ਸਵੇਰੇ।"

ਜਦੋਂ ਬਜ਼ੁਰਗ ਆਏ, ਬਾਬਾ ਜੀ ਆਏ, ਲੈਣ ਵਾਸਤੇ।

ਉਸ ਵੇਲੇ ਕਹਿੰਦੀ, "ਬਾਬਾ ਜੀ! ਇਕੱਲੇ ਹੀ ਆਏ ਹੋ?"

ਕਹਿੰਦੇ, "ਬਾਹਰ ਖੜ੍ਹੇ ਨੇ ਸਿੰਘ।"

ਕਹਿੰਦੀ, "ਬੈਠ ਜਾਓ।"

ਕਹਿੰਦੇ, "ਸਮਾਂ ਨਹੀਂ ਬੇਟਾ।"

ਕਹਿੰਦੀ, "ਮੈਂ ਉਹ ਕਿਰਿਆ ਕਰ ਲਵਾਂ ਜਿਸ ਦੇ ਨਾਲ ਮੈਂ ਜਾਣਾ ਹੈ।"

ਉਥੋਂ ਸੁਆਹ ਦੀ ਤਵੀ ਭਰ ਲਿਆਈ, ਲਿਆ ਕੇ ਰੱਖ ਲਈ, ਰਖਦੀਸਾਰ ਉਲਟੀ ਆ ਗਈ, ਆਪੇ ਹੀ ਚੁਕ ਕੇ ਬਾਹਰ ਸੁੱਟ ਆਈ, ਕੁਰਲੀ ਕਰੀ ਮੂੰਹ ਵਗੈਰਾ ਧੋਤਾ। ਪਿੰਡ ਦਾ ਇਕੱਠ ਹੋ ਗਿਆ ਕਿ ਉਹ ਤਾਂ ਸੱਚ ਨੂੰ ਹੀ ਜਾ ਰਹੀ ਹੈ। ਸਾਰੇ ਪਿੰਡ ਨੂੰ ਫਤਹਿ ਬੁਲਾਈ, ਬੀਪੁਰ ਦੀ ਹੈ, ਜਾ ਕੇ ਪੁਛ ਲਿਓ ਕਦੇ।

ਇਸ ਦੇ ਬਾਰੇ ਮਹਾਰਾਜ ਕਹਿੰਦੇ ਨੇ -

***ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥ ਅੰਗ - 262***

ਕਾਲ ਨੂੰ ਰੋਕਣ ਵਾਲਾ ਦੁਨੀਆਂ ਵਿਚ ਕੋਈ ਨਹੀਂ ਹੈ ਪਰ ਪ੍ਰਮੇਸ਼ਰ ਦੀ ਬੰਦਗੀ ਕਰਨ ਵਾਲਾ ਰੋਕ ਸਕਦਾ ਹੈ। ਉਹ ਕਹਿ ਦਿੰਦਾ ਹੈ ਕਿ ਅਜੇ ਨਾ ਆਵੀਂ ਦੋ ਸਾਲ ਨੂੰ ਠਹਿਰ ਕੇ ਆਈਂ।"

ਬਾਬਾ ਜੀ ਕਹਿੰਦੇ, 2 ਸਾਲ, 2 ਮਹੀਨੇ ਨੂੰ ਤੇਰੇ ਥਾਂ ਤੇ ਜਾਵਾਂਗੇ।

ਗੁਰੂ ਦਸਮੇਸ਼ ਪਿਤਾ ਜੀ ਅੱਜ ਨਦੇੜ ਸਾਹਿਬ ਗਏ ਹੋਏ ਨੇ। ਦੁਪਹਿਰ ਵੇਲੇ ਸੰਗਤ ਨੇ ਪ੍ਰਸ਼ਾਦਾ ਛਕਿਆ ਤੇ ਗੁਰੂ ਮਹਾਰਾਜ ਜੀ ਆਪਣੇ ਸ਼ਾਮਿਆਨੇ ਵਿਚ ਬਿਰਾਜਮਾਨ ਹੋ ਗਏ ਤੇ ਉਸੇ ਵੇਲੇ ਸ਼ਬਦ ਦੀ ਆਵਾਜ਼ ਆਉਣੀ ਸ਼ੁਰੂ ਹੋ ਗਈ, ਧਿਆਨ ਨਾਲ ਸੁਣਿਆ, ਇਸ ਤਰ੍ਹਾਂ ਨਾਲ ਆ ਰਹੀ ਸੀ ਆਵਾਜ਼ –

***ਧਾਰਨਾ – ਜਿਹਦੇ ਦਰ ਤੇ ਝੂਲਦੇ ਹਾਥੀ,***
***ਲਦ ਗਏ ਨੇ ਰਾਉਣ ਵਰਗੇ ਪਿਆਰਿਓ –2.***
***ਸਰਬ ਸੁੋਇਨ ਕੀ ਲੰਕਾ ਹੋਤੀ***
***ਰਾਵਨ ਸੇ ਅਧਿਕਾਈ॥***
***ਕਹਾ ਭਇਓ ਦਰਿ ਬਾਂਧੇ ਖਿਨ ਮਹਿ ਭਈ ਪਰਾਈ॥ ਅੰਗ – 693***

ਮਹਾਰਾਜ ਕਹਿੰਦੇ, "ਇਸ ਤਰ੍ਹਾਂ ਦੇ ਸ਼ਬਦ ਕਿਉਂ ਪੜ੍ਹੇ ਜਾ ਰਹੇ ਨੇ?"

ਸੇਵਾਦਾਰ ਨੇ ਦੋਏ ਹੱਥ ਬੰਨ ਕੇ ਮਸਤਕ ਨਿਵਾ ਕੇ ਕਿਹਾ, "ਪਾਤਸ਼ਾਹ! ਭਾਈ ਦਇਆ ਸਿੰਘ ਜੀ ਪਿਆਨੇ ਕਰ ਗਏ, ਚੜ੍ਹਾਈ ਕਰ ਗਏ।"

ਮਹਾਰਾਜ ਕਹਿੰਦੇ, "ਬਿਨਾਂ ਮਿਲਿਆਂ ਹੀ ਚਲੇ ਗਏ, ਜਾਓ ਆਵਾਜ਼ ਦੇਵੋ ਕਿ ਸਾਨੂੰ ਮਿਲ ਕੇ ਜਾਣ। ਅਸੀਂ ਕੋਈ ਸੁਨੇਹਾ ਦੇਣਾ ਹੈ ਉਨ੍ਹਾਂ ਨੂੰ।"

ਉਸ ਵੇਲੇ ਗੁਰਸਿਖ ਗਿਆ ਜਾ ਕੇ ਚਰਨਾਂ ਵੱਲ ਖੜ੍ਹਾ ਹੋ ਕੇ ਜਿਥੇ ਭਾਈ ਸਾਹਿਬ ਪਏ ਸੀ। ਕਹਿਣ ਲੱਗਿਆ, "ਭਾਈ ਸਾਹਿਬ! ਗੁਰੂ ਦਸਮੇਸ਼ ਪਿਤਾ ਦਾ ਹੁਕਮ ਹੈ ਕਿ ਆਪ ਉਨ੍ਹਾਂ ਨੂੰ ਮਿਲ ਕੇ ਜਾਓ।"

ਉਸ ਵੇਲੇ ਆਪ ਨੇ ਵਾਹਿਗੁਰੂ ਵਾਹਿਗੁਰੂ ਦੋ ਵਾਰ ਕਿਹਾ ਤੇ ਉਠ ਕੇ ਬੈਠ ਗਏ। ਗੁਰੂ ਦਸਮੇਸ਼ ਪਿਤਾ ਦੇ ਚਰਨਾਂ ਵਿਚ ਆ ਕੇ ਬਹੁਤ ਹੀ ਵੈਰਾਗ ਕਰਿਆ।

ਗੁਰੂ ਮਹਾਰਾਜ ਕਹਿਣ ਲੱਗੇ, "ਭਾਈ ਸਾਹਿਬ! ਬਿਨਾ ਮਿਲੇ ਹੀ ਚਲੇ ਗਏ?"

ਕਹਿੰਦਾ, "ਪਾਤਸ਼ਾਹ! ਇਧਰ ਵੀ ਤੁਹਾਡਾ ਹੁਕਮ, ਉਧਰ ਵੀ ਤੁਹਾਡਾ ਹੀ ਹੁਕਮ ਹੈ। ਉਹ ਹੁਕਮ ਹੀ ਇਹੋ ਜਿਹਾ ਕਰਾਰਾ ਆ ਗਿਆ ਸੀ ਕਿ ਹੁਣੇ ਚਲੋ। ਸੋ ਮਹਾਰਾਜ! ਮੈਂ ਚਲਿਆ ਗਿਆ।"

ਕਹਿੰਦੇ, "ਕਿਥੇ ਕੁ ਪਹੁੰਚ ਗਏ ਸੀ?"

ਕਹਿੰਦੇ, "ਮਹਾਰਾਜ! ਮੈਂ ਚਾਰੇ ਮੰਡਲ ਪਾਰ ਕਰ ਕੇ ਸਚਖੰਡ ਦੇ ਵਿਚ ਦਾਖਲ ਹੋਣ ਲੱਗਿਆ ਸੀ, ਜਦੋਂ ਤੁਹਾਡੀ ਆਵਾਜ਼ ਆ ਗਈ ਸੀ। ਸੋ ਇਸ ਕਰਕੇ ਪਾਤਸ਼ਾਹ! ਮੈਂ ਵਾਪਸ ਆ ਗਿਆ, ਹੁਣ ਮੇਰੇ ਤੇ ਖੁਸ਼ੀਆਂ ਕਰੋ।"

ਮਹਾਰਾਜ ਕਹਿਣ ਲੱਗੇ, "ਭਾਈ ਦਇਆ ਸਿੰਘ ਜੀ! ਆਪਾਂ ਇਕੱਠੇ ਸਾਰੇ ਜੰਗਾਂ ਦੇ ਵਿਚ ਰਹੇ ਹਾਂ, ਸਾਰੇ ਯੁੱਧ ਅਸੀਂ ਮਿਲ ਕੇ ਕੀਤੇ, ਵੱਡੇ ਵੱਡੇ ਜਿਹੜੇ ਕੰਮ ਸੀ ਉਹ ਤੁਸੀਂ ਸਾਡੇ ਲਈ ਕੀਤੇ ਤੇ ਹੁਣ ਜਾਣ ਵੇਲੇ ਇਕੱਲੇ ਹੀ ਚਲੇ ਗਏ, ਸਲਾਹ ਵੀ ਨਹੀਂ ਕੀਤੀ।"

ਕਹਿੰਦੇ, "ਪਾਤਸ਼ਾਹ! ਤੁਹਾਡਾ ਹੁਕਮ ਇਹੋ ਜਿਹਾ ਸੀ।"

ਉਸ ਵੇਲੇ ਕਹਿਣ ਲੱਗੇ, "ਚੰਗਾ! ਤੁਸੀਂ ਜਾਓ, ਅਸੀਂ ਹੁਣ ਤੁਹਾਡੇ ਤੋਂ 20 ਦਿਨ ਪਿਛੋਂ ਜਾਣਾ ਹੈ। ਅਸੀਂ ਨਿਰੰਕਾਰ ਨੂੰ ਸੁਨੇਹਾ ਦਿੱਤਾ ਸੀ, ਮਾਛੀਵਾੜੇ ਦੇ ਜੰਗਲ ਵਿਚ ਜਦੋਂ ਅਸ਼ੀਂ ਇਕੱਲੇ ਪਏ ਸੀ ਤੇ ਤੁਸੀਂ ਜਾ ਕੇ ਸੁਨੇਹਾ ਅਕਾਲ ਪੁਰਖ ਦੇ ਦਰ ਤੇ ਸਾਡੇ ਵਲੋਂ ਦੇ ਦੇਣਾ। ਪੜ੍ਹੋ ਪਿਆਰ ਨਾਲ –

***ਧਾਰਨਾ – ਹਾਲ ਮੁਰੀਦਾਂ ਦਾ ਕਹਣਾ –2, 2.***
***ਮਿਤ੍ਰ ਪਿਆਰੇ ਨੂੰ ਕਹਿਣਾ –2, 2.***

***ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,***
***ਨਾਗ ਨਿਵਾਸਾਂ ਦੇ ਰਹਣਾ॥***
***ਸੂਲ ਸੁਰਾਹੀ ਖੰਜਰ ਪਿਆਲਾ,***
***ਬਿੰਗ ਕਸਾਈਆਂ ਦਾ ਸਹਣਾ॥***
***ਯਾਰੜੇ ਦਾ ਸਾਨੂੰ ਸਥਰ ਚੰਗਾ***
***ਭਠ ਖੇੜਿਆਂ ਦਾ ਰਹਣਾ॥***

ਕਹਿਣ ਲੱਗੇ, "ਭਾਈ ਦਇਆ ਸਿੰਘ ਜੀ! ਅਸਾਡੀਆਂ ਖੁਸ਼ੀਆਂ, ਤੁਸੀਂ ਜਾ ਸਕਦੇ ਹੋ।"

ਉਸ ਵੇਲੇ ਭਾਈ ਦਇਆ ਸਿੰਘ ਜੀ ਨੇ ਨਮਸ਼ਕਾਰ ਕਰੀ, ਆਗਿਆ ਪ੍ਰਾਪਤ ਕਰੀ ਤੇ ਕੁਸ਼ਾ ਦਾ ਆਸਣ ਬਣਾਇਆ, ਲੰਮੇ ਪੈ ਗਏ। ਥੋੜ੍ਹੀ ਦੇਰ ਤੋਂ ਬਾਅਦ ਚੇਤਨ ਕਲਾ ਸਰੀਰ ਦੇ ਵਿਚੋਂ ਨਿਕਲ ਗਈ ਤੇ ਸਰੀਰ ਛੱਡ ਗਏ।"

ਗੁਰੂ ਮਹਾਰਾਜ ਇਹ ਕਹਿੰਦੇ ਨੇ ਕਿ ਜਿਹੜੀ ਮੌਤ ਹੈ ਉਹ ਮਨਮੁਖਾਂ ਵਾਸਤੇ ਹੀ ਹੋਇਆ ਕਰਦੀ ਹੈ, ਗੁਰਮੁਖ ਆਪਣੇ ਘਰ ਨੂੰ ਜਾਂਦੇ ਨੇ ਉਹ ਇੰਤਜਾਰ ਕਰਦੇ ਨੇ –

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥***

***ਅੰਗ - 1366***

ਸੋ ਉਨ੍ਹਾਂ ਨੂੰ ਜਾਣ ਆਉਣ ਵਿਚ ਕੋਈ ਖੇਚਲ ਨਹੀਂ ਹੁੰਦੀ -

***ਗੁਰਮੁਖਿ ਆਵੈ ਜਾਇ ਨਿਸੰਗੁ॥ ਅੰਗ - 932***

ਜਾਣਾ ਚਾਹੇ ਤਾਂ ਕਿਸੇ ਵੀ ਵਕਤ ਜਾ ਸਕਦਾ ਹੈ, ਆਉਣਾ ਚਾਹੇ ਜਦੋਂ ਵੀ ਸਰੀਰ ਵਿਚ ਆ ਸਕਦਾ ਹੈ। ਇਹ ਬਾਤ ਦੁਨੀਆਂ ਵਾਸਤੇ ਹੈ, ਜਿਨ੍ਹਾਂ ਨੇ ਜੀਉਂਦੇ-ਜੀਉਂਦੇ ਨਾਮ ਦੀ ਕਮਾਈ ਕਰਕੇ ਅੰਮ੍ਰਿਤ ਦੇ ਕੁੰਡ ਤੱਕ ਪਹੁੰਚ ਗਏ ਉਨ੍ਹਾਂ ਨੂੰ ਮੌਤ ਨਹੀਂ ਹੋਇਆ ਕਰਦੀ ਕੋਈ ਚੀਜ਼। ਉਹ ਆਪਣੇ ਘਰ ਨੂੰ ਜਾਂਦੇ ਨੇ।

ਸੋ ਇਸ ਤਰ੍ਹਾਂ ਦੇ ਨਾਲ ਜਿਹੜੀਆਂ ਇਹ ਗੱਲਾਂ ਸਾਡੇ ਇਤਿਹਾਸਾਂ ਵਿਚ ਪਾ ਦਿੱਤੀਆਂ, ਕਮਜ਼ੋਰ ਬੰਦੇ ਇਹ ਕਹਿੰਦੇ ਨੇ ਕਿ ਗੁਰੂ ਸਾਹਿਬ ਸ਼ਾਮਿਆਨੇ ਵਿਚ ਲੈ ਗਏ, ਉਥੇ ਬੱਕਰਾ ਵੱਢ ਦਿੱਤਾ। ਇਹ ਸਭ ਮਨੋਕਲਪਿਤ ਗੱਲਾਂ ਹਨ ਤੇ ਗੁਰੂ ਦੀ ਸ਼ਾਨ ਦੇ ਵਿਰੁੱਧ ਨੇ।

ਖਾਲਸਾ ਤਲਵਾਰ ਦੀ ਧਾਰ ਵਿਚੋਂ ਪੈਦਾ ਹੋਇਆ ਹੈ। ਪਹਿਲਾਂ ਸੀਸ ਦਿੱਤੇ ਨੇ ਤੇ ਮੁਰਦਿਆਂ ਨੂੰ ਫੇਰ ਜੀਉਂਦਾ ਕਰਿਆ ਹੈ। ਗੁਰੂ ਦੀ ਤਾਂ ਨਿਗ੍ਹਾ ਹੀ ਹੁੰਦੀ ਹੈ। ਬੜਾ ਭਾਰੀ ਇਨ੍ਹਾਂ ਨੇ ਇਨਕਲਾਬ ਲਿਆਉਂਦਾ ਸੀ, ਖਾਲਸਾ ਪੰਥ ਸਜਾਉਣਾ ਸੀ ਸੰਸਾਰ ਤੇ, ਉਹ ਬੰਦੇ ਪੈਦਾ ਕਰਨੇ ਸੀ ਜਿਹੜੇ ਜੀਉਂਦੇ-ਜੀਉਂਦੇ ਵਾਹਿਗੁਰੂ ਵਰਗੇ ਹੋਣ, ਜਿਹੜੇ ਆਤਮਾ ਦੇ ਮੰਡਲ ਵਿਚ ਪ੍ਰਵੇਸ਼ ਕਰ ਜਾਣ ਤੇ ਉਨ੍ਹਾਂ ਦਾ ਦਰਜਾ ਇਹ ਹੋਵੇ -

***ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ 'ਚੋਂ)***

ਭੋਰਾ ਜਿੰਨਾ ਵੀ ਫਰਕ ਨਹੀਂ ਇਨ੍ਹਾਂ ਦੇ ਵਿਚ। ਉਹ ਐਸੇ ਪੂਰਨ ਬੰਦੇ, ਪੂਰਨ ਹਸਤੀਆਂ ਗੁਰੂ ਮਹਾਰਾਜ ਜੀ ਨੇ ਇਸ ਅੰਮ੍ਰਿਤ ਦੇ ਨਾਲ ਬਣਾਉਣੀਆਂ ਸਨ, ਹੁਣ ਵੀ ਬਣਾਉਂਦੇ ਨੇ, ਐਸਾ ਤਾਂ ਨਹੀਂ ਹੈ ਕਿ ਕਾਲ ਪੈ ਗਿਆ ਪਰ ਅੰਮ੍ਰਿਤ ਦੇ ਵਪਾਰੀ ਬੜੇ ਘੱਟ ਨੇ। ਲਗਨ ਨਹੀਂ ਲਗਦੀ ਕਿ ਅਸੀਂ ਅੰਮ੍ਰਿਤ ਕਿਉਂ ਛਕਦੇ ਹਾਂ? ਐਵੇਂ ਹੀ ਕਹੇ ਕਹਾਏ ਤੇ ਛਕ ਲੈਂਦੇ ਹਾਂ। ਤੂੰ ਵੀ ਛਕ ਲੈ, ਤੂੰ ਵੀ ਛਕ ਲੈ, ਮੈਂ ਐਨਿਆਂ ਨੂੰ ਛਕਾ ਦਿੱਤਾ। ਇਸ ਦੇ ਨਾਲ ਕੀ ਫਰਕ ਪੈਂਦਾ ਹੈ। ਜਦੋਂ ਜੀਵਨ ਨਹੀਂ ਰੁਮਕਿਆ ਤਾਂ ਫਾਇਦਾ ਕੀ ਹੋਇਆ ਇਸ ਗੱਲ ਦਾ।

ਮੈਂ ਪਹਿਲੇ ਵੀ ਦਸਿਆ ਸੀ ਕਿ ਬਾਪੂ ਜੀ ਭਾਈ ਰਣਧੀਰ ਸਿੰਘ ਜੀ ਦੇ ਜਥੇ ਨਾਲ ਅੰਮ੍ਰਿਤ ਛਕਾ ਰਹੇ ਸੀ ਲੁਧਿਆਣੇ ਖਾਲਸਾ ਸਕੂਲ ਵਿਚ। ਉਥੇ ਬਾਪੂ ਜੀ ਨੇ ਜਦੋਂ ਸਾਰਾ ਕਾਰਜ ਕਰ ਦਿੱਤਾ ਤੇ ਜਦੋਂ ਨੇਤਰਾਂ ਦੇ ਵਿਚ ਛਿੱਟੇ ਮਾਰਨੇ ਸੀ। ਜਦੋਂ ਨੇਤਰ ਵਿਚ ਛਿੱਟਾ ਮਾਰਿਆ ਉਸ ਸਮੇਂ ਅੰਮ੍ਰਿਤ ਛਕ ਰਹੇ ਇਕ ਬੱਚੇ ਦੀ ਅੱਖ ਬਾਪੂ ਜੀ ਦੀ ਅੱਖ ਨਾਲ ਮਿਲ ਗਈ। ਐਨੇ ਬਲਵਾਨ ਨੇਤਰ ਸੀ ਬਾਪੂ ਜੀ ਦੇ ਕਿ ਉਸੇ ਵੇਲੇ ਉਸ ਦੀ ਸਮਾਧੀ ਲੱਗ

ਗਈ।

ਭਾਈ ਸਾਹਿਬ ਨੇ ਦੇਖ ਲਿਆ ਤੇ ਬਾਪੂ ਜੀ ਨੂੰ ਕਹਿਣ ਲੱਗੇ। ਕਹਿੰਦੇ, "ਹੀਰਾ ਸਿੰਘ ਜੀ ਹੁਣ ਕੀ ਹੋਏਗਾ?"

ਕਹਿੰਦੇ, "ਹੁਣ ਹੋਣਾ ਕੀ ਹੈ। ਜਲਾਲ ਵਿਚ ਆ ਕੇ ਸਾਡੇ ਕੋਲੋਂ ਦੇਖਿਆ ਗਿਆ ਓਧਰ ਨੂੰ।"

ਕਿਉਂਕਿ –

***ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥***

***ਅੰਗ – 273***

ਅੰਮ੍ਰਿਤ ਦੀ ਬਰਖਾ ਹੁੰਦੀ ਹੈ। ਨਾਮ ਜੱਪਣ ਵਾਲੇ ਦੇ ਨੇਤਰਾਂ ਦੇ ਵਿਚ magnetic power (ਚੁੰਬਕੀ ਸ਼ਕਤੀ) ਐਨੀ ਆ ਜਾਂਦੀ ਹੈ ਕਿ ਉਹ ਇਕ ਵਾਰੀ ਨਿਗ੍ਹਾ ਭਰ ਕੇ ਦੇਖ ਲਏ, ਖਿੱਚ ਲੈਂਦਾ ਹੈ। ਇਸੇ ਨੂੰ ਦ੍ਰਿਸ਼ਟੀ ਕਹਿੰਦੇ ਨੇ। ਦ੍ਰਿਸ਼ਟੀ ਪਾ ਦਿਓ, ਦ੍ਰਿਸ਼ਟੀ ਕਰ ਦਿਓ। ਮਰਿਆ ਹੋਇਆਂ ਦੀ ਦ੍ਰਿਸ਼ਟੀ ਕੀ ਕਰੇਗੀ? ਜਿਸ ਦੇ ਨੇਤਰਾਂ ਦੇ ਵਿਚ ਹੈ ਉਹੀ ਕਰ ਸਕਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਉਹ ਬੱਚਾ 56 ਘੰਟੇ ਵਾਸਤੇ ਸਮਾਧੀ ਵਿਚ ਚਲਿਆ ਗਿਆ। ਪੜ੍ਹਨ ਵਾਲਾ ਦਸਵੀਂ ਜਮਾਤ ਦਾ ਬੱਚਾ ਸੀ। ਉਸੇ ਵੇਲੇ ਫੈਸਲਾ ਕਰਿਆ ਕਿ ਜਲਾਲ ਆਪਾਂ ਸਾਰਿਆਂ ਵਿਚ ਹੀ ਹੈ ਪਰ ਬਹੁਤ ਘੱਟ ਵਰਤੋ, ਪੂਰੇ ਜਲਾਲ ਦੇ ਨਾਲ ਅੰਮ੍ਰਿਤ ਨਾ ਛਕਾਓ, ਓਨਾ ਕੁ ਵਰਤੋ ਜਿੰਨਾ ਕੁ ਇਹ ਬੱਚੇ ਸਹਿ ਲੈਣ।

ਨਾਮਧਾਰੀ ਸੰਪਰਦਾ ਦੇ ਮਹਾਂਪੁਰਸ਼ਾਂ ਦੀ ਵਾਰਤਾ ਹੈ। ਅੰਗਰੇਜ਼ ਨੇ ਕਿਹਾ ਕਿ ਸਿੰਘ ਨਾ ਬਣਨ ਦਿਓ। ਮਰਦਮ ਸੁਮਾਰੀ (census) ਹੋਈ 1861 ਦੀ ਉਸ ਦੇ ਵਿਚ 78 ਲੱਖ ਦੇ ਵਿਚੋਂ ਸਿੰਘ ਗਿਰ ਕੇ 13,45,000 ਰਹਿ ਗਿਆ। ਜਦੋਂ ਪੰਜਾਬ ਅੰਗਰੇਜ਼ਾਂ ਨੇ ਫਤਹਿ ਕਰਿਆ 13 ਕੁ ਸਾਲਾਂ ਵਿਚ ਐਨੇ ਸਿੰਘ ਗਿਰ ਗਏ, ਸਿਰਫ 13,45,000 ਰਹਿ ਗਿਆ। ਉਸ ਮਰਦਮ ਸੁਮਾਰੀ ਦੇ ਹੇਠਾਂ ਨੋਟ ਦਿੱਤਾ ਹੋਇਆ ਹੈ ਕਿ ਇਸ ਦੇ ਵਿਚੋਂ ਜਿਹੜੇ 9 ਲੱਖ ਨੇ ਉਹ ਸਿੰਘ ਲਿਖ ਦਿੱਤੇ ਨੇ ਅਸੀਂ ਪਰ ਉਹ ਸਿੰਘ ਹੈ ਨਹੀਂ, ਸ਼ਰਾਬ ਪੀਂਦੇ ਨੇ ਮਾਸ ਖਾਂਦੇ ਨੇ। ਜੇ ਇਨ੍ਹਾਂ ਵਿਚੋਂ ਸਹੀ ਸਿੰਘ ਲੱਭਣੇ ਹਨ ਤਾਂ 4,45,000 ਹੈ ਸਿਰਫ। ਇਨ੍ਹਾਂ ਤੋਂ ਖਤਰਾ ਹੈ, ਇਨ੍ਹਾਂ ਦੇ ਪਿਛੇ ਦੁਨੀਆ ਲੱਗ ਜਾਂਦੀ ਹੈ। ਇਕ ਵਾਰੀ ਸ਼ਬਦ ਪੜ੍ਹ ਦੇਣ ਪਿਛੇ ਤੁਰ ਪੈਂਦੀ ਹੈ ਦੁਨੀਆਂ, ਕੂਕਾਂ ਮਾਰਨ ਲੱਗ ਜਾਂਦੀ ਹੈ ਐਨਾ ਜੋਸ਼ ਅੰਦਰ ਚਲਿਆ ਜਾਂਦਾ ਹੈ, ਬੈਠ ਨਹੀਂ ਹੁੰਦਾ ਉਠ ਕੇ ਨੱਚਣ ਲੱਗ ਜਾਂਦੇ ਨੇ, ਵਜਦ ਵਿਚ ਆ ਜਾਂਦੇ ਨੇ।

ਵਜਦ ਹੁੰਦਾ ਹੈ ਸਾਧ ਸੰਗਤ ਜੀ! ਔਰੰਗਜੇਬ ਵਜਦ ਦੇ ਬੜਾ ਖਿਲਾਫ ਸੀ। ਸੂਫੀਆ ਦਾ ਕੋਈ ਪ੍ਰੋਗਰਾਮ ਹੋ ਰਿਹਾ ਸੀ। ਉਹ ਕਹਿੰਦਾ ਵਜਦ ਵਿਚ ਨਹੀਂ ਕਿਸੇ ਨੂੰ ਆਉਣ ਦੇਣਾ। ਸਾਡੇ ਵੀ ਕਹਿੰਦੇ ਨੇ ਕਿ ਵਜਦ ਵਿਚ ਕੋਈ ਨਾ ਆਓ। ਇਹ ਆਦਮੀ ਦੇ ਵਸ ਤੋਂ ਬਾਹਰਲੀ ਗੱਲ ਹੋ ਜਾਂਦੀ ਹੈ, ਜਦੋਂ

ਵਜਦ ਵਿਚ ਆਉਂਦਾ ਹੈ ਸਾਂਭਿਆ ਨਹੀਂ ਜਾਂਦਾ ਉਸਦੇ ਅੰਦਰ ਜ਼ੋਰ ਐਨਾ ਜ਼ਿਆਦਾ ਹੋ ਜਾਂਦਾ ਹੈ।

ਕਬੀਰ ਸਾਹਿਬ ਨੂੰ ਜਦੋਂ ਰਾਮਾਨੰਦ ਜੀ ਨੇ ਕਿਹਾ, "ਉਠ ਰਾਮ ਕੇ ਕਹੁ ਰਾਮ।"

ਹੋਇਆ ਕੀ? ਸੁਧ ਵੀ ਭੁਲ ਗਈ, ਬੁਧ ਵੀ ਭੁਲ ਗੀ, ਝਰਨੇ ਚੱਲ ਪਏ ਉਸੇ ਵੇਲੇ ਅੰਮ੍ਰਿਤ ਦੇ, ਸਹਿ ਨਾ ਹੋਇਆ ਤੇ ਮਹਾਰਾਜ ਕਹਿੰਦੇ ਪਹਿਲੀ ਵਾਰੀ ਹੀ ਮਿਲਾ ਦਿੱਤਾ ਪ੍ਰਮੇਸ਼ਰ ਤੱਕ, ਇਕੋ ਵਾਰੀ ਰਾਮ ਕਹਿ ਕੇ ਕਮਾਇਆ ਹੋਇਆ ਰਾਮ ਸੀ –

***ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ॥***

***ਅੰਗ – 1375***

ਸੋ ਏਸ ਤਰ੍ਹਾਂ ਦੇ ਨਾਲ ਅੰਗਰੇਜ਼ ਨੇ ਬੰਦ ਕਰ ਦਿੱਤਾ ਕਿ ਪੰਜ ਬੰਦੇ ਨਹੀਂ ਇਹ ਇਕੱਠੇ ਹੋ ਸਕਦੇ। ਇਹ ਨਾਮਧਾਰੀ ਜਦੋਂ ਪੰਜ ਇਕੱਠੇ ਹੁੰਦੇ ਤਾਂ ਫੜ੍ਹ ਲੈਂਦੇ ਸੀ। ਲੋਕ ਬਹੁਤ ਜ਼ਿਆਦਾ ਅੰਗਰੇਜ਼ ਨੇ ਗੱਠ ਲਏ, ਗੁਲਾਮੀ ਤਾਂ ਅਸੀਂ ਚਾਹੁੰਦੇ ਹੀ ਰਹਿੰਦੇ ਹਾਂ, ਕਦੇ ਅਜ਼ਾਦੀ ਦੀ ਤਾਂ ਬਾਤ ਹੀ ਨਹੀਂ ਸੋਚਦੇ। ਕਿੱਡਾ ਵੱਡਾ ਸਿੱਖ ਰਾਜ ਦਾ ਮਹੱਲ ਸੀ ਅਸੀਂ ਗੁਆ ਲਿਆ।

ਸੋ ਇਹ ਨਹੀਂ ਸੀ ਮੰਨਦੇ। ਅੰਗਰੇਜ਼ ਕਹਿੰਦੇ ਜੇ ਨਾਮਧਾਰੀ ਖਤਮ ਕਰ ਦੇਈਏ, ਇਹ ਐਨੇ ਪੱਕੇ ਨੇ। ਖਬਰ ਦਿੱਤੀ ਮਿ. ਕੋਵਨ ਨੇ ਗੁਪਤ ਖਬਰ ਕਿ ਇਹ ਤੋਪਾਂ ਦੇ ਗੋਲਿਆਂ ਦੇ ਅੱਗੇ ਨੱਠ ਨੱਠ ਆਉਂਦੇ ਸੀ। ਇਕ ਦੂਜੇ ਨੂੰ ਕਹਿੰਦੇ ਸੀ ਤੂੰ ਬੈਠ, ਮੈਂ ਜਾਣਾ ਹੈ। ਜਿਨ੍ਹਾਂ ਦੇ ਅੰਦਰ ਐਡਾ ਕੁਰਬਾਨੀ ਦਾ ਜਜ਼ਬਾ ਹੈ ਇਹ ਕਦੇ ਵੀ ਸਾਨੂੰ ਲੈ ਸਕਦੇ ਨੇ, ਇਨ੍ਹਾਂ ਤੋਂ ਸਾਵਧਾਨ ਰਹੋ। ਪਾਬੰਧੀਆਂ ਲਗਾ ਦਿਓ ਇਨ੍ਹਾਂ ਕੋਲ ਕੋਈ ਜਾ ਨਾ ਸਕੇ। ਉਥੇ ਪੁਲਿਸ ਬਿਠਾ ਦਿੱਤੀ ਭੈਣੀ ਸਾਹਿਬ। ਕੋਈ ਜਾਂਦਾ ਨਹੀਂ ਸੀ, ਡਰਾ ਦਿੰਦੇ ਸੀ। ਪਿੰਡਾਂ ਦੇ ਵਿਚ ਘੁੰਮਦੇ ਰਹਿੰਦੇ ਸੀ ਕਿ ਨਾਮਧਾਰੀ ਕੋਈ ਹੋਇਆ ਤਾਂ ਉਸ ਨੂੰ ਤੰਗ ਕਰੋ।

ਦੂਜੇ ਪਾਸੇ ਇਨ੍ਹਾਂ ਨੇ ਜਿਹੜੇ ਕਮਜ਼ੋਰ ਸਿੱਖ ਸੀ, ਸੰਪਰਦਾਵਾਂ ਸੀ ਉਨ੍ਹਾਂ ਨੂੰ ਬੇਅੰਤ ਧਨ ਦਿੱਤਾ ਕਿ ਤੁਸੀਂ ਇਹ ਕਹੋ ਕਿ ਨਾਮਧਾਰੀ ਸਿੱਖ ਨਹੀਂ ਹਨ। ਉਨ੍ਹਾਂ ਦਿਨਾਂ ਵਿਚ ਪੁਜਾਰੀ ਹੁੰਦੇ ਸੀ। ਬਾਬਾ ਜੀ ਨੂੰ ਆਉਣ ਨਾ ਦਿੱਤਾ ਤਖਤ ਦੇ ਉਤੇ। ਕਹਿੰਦੇ 2 ਲੱਖ ਜੁਰਮਾਨਾ ਦਿਓ ਤਾਂ ਆਇਓ। ਉਹ ਕਹਿੰਦੇ ਮੈਂ ਤਾਂ ਗਰੀਬ ਲੁਹਾਰ ਹਾਂ, ਦਾਤੀਆਂ-ਸੰਗਲ ਵੇਚ ਕੇ ਗੁਜਾਰਾ ਕਰਦਾ ਹਾਂ, ਇਹ ਧਨ ਜਿਹੜਾ ਹੈ ਇਹ ਤਾਂ ਸੰਗਤ ਦਾ ਹੈ ਮੇਰਾ ਨਹੀਂ ਹੈ, ਮੈਂ ਤਾਂ ਖੱਦਰ ਪਾ ਕੇ ਗੁਜਾਰਾ ਕਰਦਾ ਹਾਂ। ਇਹ ਚਾਲ ਸੀ ਅੰਗਰੇਜ਼ਾਂ ਦੀ।

ਜਦੋਂ ਕੇਸਗੜ੍ਹ ਨੂੰ ਚੱਲੇ 50,000 ਸਿੰਘ ਨਾਲ ਤੁਰ ਪਿਆ। ਉਧਰ ਨਿਹੰਗ ਸਿੰਘਾਂ ਨੂੰ ਚੁੱਕ ਦਿੱਤਾ ਕਿ ਇਨ੍ਹਾਂ ਨੂੰ ਅੰਦਰ ਨਾ ਵੜਨ ਦਿਓ, ਕਹੋ ਇਹ ਪਤਿਤ ਹੈ ਜੀ, ਇਹ ਕੁਰਾਹੀਆ ਹੈ ਜੀ, ਇਹ ਸਿੱਖ ਨਹੀਂ ਹੈ। ਮਰਜੀ ਹੁੰਦੀ ਹੈ ਰਾਜੇ ਦੀ ਕਿਸੇ ਨੂੰ ਕੁਹਾ ਦੇਵੇ, ਜਿਸਨੂੰ ਜੀਅ ਕਰਦਾ ਹੈ ਕਹਾ

ਦੇਵੇ। ਉਨ੍ਹਾਂ ਨੇ ਸਾਰਾ ਹੀ ਜ਼ੋਰ ਲਾ ਦਿੱਤਾ, ਨਾਲ ਇਹ ਕਰ ਦਿੱਤਾ ਕਿ ਇਹ ਪੰਜ ਨਹੀਂ ਇਕੱਠੇ ਹੋ ਸਕਦੇ। ਹੁਣ ਪੰਜ ਇਕੱਠੇ ਨਾ ਹੋਣ ਤਾਂ ਅੰਮ੍ਰਿਤ ਕੌਣ ਛਕਾਵੇ, ਬਾਕੀ ਤਾਂ ਅੰਮ੍ਰਿਤ ਛਕਾਉਣ ਵਾਲਾ ਇਥੇ ਹੈ ਹੀ ਕੋਈ ਨਹੀਂ ਸੀ।

ਇਨ੍ਹਾਂ ਨੇ ਭੋਰੇ ਪੱਟ ਲਏ ਖੇਤਾਂ ਵਿਚ, ਉਥੇ ਗੁਪਤ ਰੂਪ ਵਿਚ ਜਾ ਕੇ ਅੰਮ੍ਰਿਤ ਤਿਆਰ ਕਰਨਾ, ਫੇਰ ਕਹਿਣਾ ਹੁਣ ਛਕਾਈਏ ਕਿਵੇਂ। ਕਹਿੰਦੇ, ਤੂੰ ਬਾਲਟੀ ਇਧਰ ਨੂੰ ਲੈ ਜਾਹ ਤੂੰ ਏਧਰ ਨੂੰ ਲੈ ਜਾਹ ਤੇ ਤੂੰ ਓਧਰ ਨੂੰ ਲੈ ਜਾਹ। ਸਿੰਘ ਬਠਾਏ ਹੁੰਦੇ ਬਾਹਰ ਕਿ ਸਾਡਾ ਸਿੰਘ ਆਏਗਾ 2 ਮੀਲ ਤੇ ਬਾਲਟੀ ਹੋਏਗੀ। ਉਸ ਦੇ ਹੱਥ ਵਿਚ ਤੁਸੀਂ ਉਥੇ ਇਕੱਠੇ ਹੋ ਜਾਇਓ ਜਦੇ ਹੀ ਖਿੰਡ ਜਾਇਓ। ਕਿੰਨੀ ਔਖੀ ਸੀ ਸਿੱਖੀ ਉਸ ਵੇਲੇ? ਪੜ੍ਹਿਆ ਕਰੋ ਕਦੇ, ਦੇਖਿਆ ਕਰੋ।

ਸੋ ਇਹ ਕੁਰਬਾਨੀਆਂ ਹੋਇਆ ਕਰਦੀਆਂ ਨੇ ਜਬਰਦਸਤ। ਇਨ੍ਹਾਂ ਨੇ ਜਿੱਤਿਆ ਹੁੰਦਾ ਹੈ ਨਾਮ ਦੇ ਬਲ ਦੇ ਨਾਲ, ਮੌਤ ਵਗੈਰਾ ਇਨ੍ਹਾਂ ਦੇ ਸਾਹਮਣੇ ਕੋਈ ਚੀਜ਼ ਨਹੀਂ ਹੁੰਦੀ।

ਕਹਿਣ ਲੱਗਿਆ ਕਿ ਇਹ ਤਾਂ ਨੱਠ ਨੱਠ ਕੇ ਤੋਪਾਂ ਦੇ ਸਾਹਮਣੇ ਸ਼ਹੀਦ ਹੋਏ ਨੇ। ਭਾਈ ਦਇਆ ਸਿੰਘ ਜੀ ਨੂੰ ਇਹ ਕਹਿਣਾ ਕਿ ਮਹਾਰਾਜ ਨੇ ਇਕ ਆਵਾਜ਼ ਦਿੱਤੀ ਫੇਰ ਦੂਜੀ ਦਿੱਤੀ, ਸਹਿਮ ਪੈ ਗਿਆ ਕੋਈ ਨਾ ਉਠਿਆ, ਪਤਾ ਨਹੀਂ ਐਸਾ ਕਹਿਣ ਵਾਲੇ ਉਹ ਲੋਕ ਕੌਣ ਨੇ? ਸਿੱਖੀ ਨੂੰ ਜਾਣਦੇ ਹੀ ਨਹੀਂ ਕਿ ਇਹ ਤਾਂ ਪਤੰਗੇ ਨੇ, ਮਾੜੀ ਜਿਹੀ ਰੋਸ਼ਨੀ ਹੋਵੇ ਨੱਠੇ ਹੀ ਜਾਂਦੇ ਨੇ ਉਥੇ ਨੂੰ, ਹੁਣ ਵੀ ਜਾਂਦੇ ਨੇ।

ਸੋ ਇਹੋ ਜਿਹੀਆਂ ਗੱਲਾਂ ਸਾਡੇ ਖਿਲਾਫ ਲਿਖ ਕੇ, ਵਿਚ ਐਸੀਆਂ ਗੱਲਾਂ ਲਿਆ ਦਿੱਤੀਆਂ, ਸਾਡੇ ਲੋਕ ਹੀ ਕਹੀ ਜਾਂਦੇ ਨੇ। ਉਹ ਤਾਂ ਕਹਿੰਦੇ ਨੇ ਕਿਉਂਕਿ ਆਪ ਬੱਕਰੇ ਮਾਰਦੇ ਨੇ, ਆਪ ਸ਼ਰਾਬਾਂ ਪੀਂਦੇ ਨੇ। ਉਹੋ ਕੁਝ ਇਤਿਹਾਸ ਵਿਚ ਪਾ ਦਿੱਤਾ। ਜੇ ਮੈਂ ਦੱਸਣ ਲੱਗਾਂ ਤਾਂ ਸਾਰਾ ਸਮਾਂ ਇਸੇ ਗੱਲ ਵਿਚ ਲੱਗ ਜਾਏਗਾ।

ਜਦੋਂ ਬਚਿੱਤਰ ਸਿੰਘ ਨੂੰ ਮਹਾਰਾਜ ਨੇ ਕਿਹਾ ਕਿ ਆਹ ਸਾਡਾ ਸ਼ੇਰ ਲੜੇਗਾ ਹਾਥੀ ਨਾਲ। ਇਤਿਹਾਸ ਵਿਚ ਲਿਖਿਆ ਹੋਇਆ ਹੈ ਕਿ ਮਹਾਰਾਜ ਕਹਿੰਦੇ ਕਿ ਜਿਹੜੀ ਸਾਡੀ ਚੀਨ ਵਾਲੀ ਡੱਬੀ ਹੈ ਨਾਂਹ ਅਫੀਮ ਦੀ ਖਾਸ ਉਹ ਦਿਓ ਇਸ ਨੂੰ, ਗੋਲਾ ਵੱਡਾ ਸਾਰਾ ਦਿਓ। ਉਹ ਨਸ਼ਾ ਰਾਤ ਭਰ ਵਿਚ ਉਤਰ ਗਿਆ।

ਕਹਿੰਦੇ, "ਕਿਉਂ?"

ਕਹਿੰਦਾ, "ਹੁਣ ਤਾਂ ਜੀ ਉਤਰ ਗਿਆ।"

ਕਹਿੰਦੇ, "ਲਿਆਓ ਸਾਡੇ ਵਾਲੀ ਡੱਬੀ।" ਆਪ ਮਹਾਰਾਜ ਨੇ ਡੱਬੀ ਕੱਢ ਕੇ ਉਸ ਨੂੰ ਗੋਲਾ ਦਿੱਤਾ।

ਕਹਿੰਦੇ, "ਖਾ, ਬਚਿੱਤਰ ਸਿੰਘ।"

ਉਸ ਨੇ ਉਹ ਖਾਧਾ। ਉਧਰੋਂ ਖਬਰ ਆ ਗਈ ਕਿ ਹਾਥੀ ਛੱਡ ਦਿੱਤਾ। ਜਦੋਂ ਸਾਹਮਣੇ ਆਇਆ।

ਤਾਂ ਮਹਾਰਾਜ ਪੁਛਦੇ ਨੇ ਕਹਿੰਦੇ, "ਕੀ ਆਉਂਦਾ ਹੈ?"

ਕਹਿੰਦਾ, "ਕੱਟਾ ਜਿਹਾ ਦਿਸਦਾ ਹੈ ਜੀ ਮੈਨੂੰ ਤਾਂ।"

ਕਹਿੰਦੇ, "ਆਹ ਕੱਟੇ ਦੇ ਸਿਰ ਵਿਚ ਹੀ ਮਾਰਨਾ ਹੈ ਬਰਛਾ।"

ਆਹ ਤਾਂ ਮਾਮੂਲੀ ਗੱਲ ਹੈ। ਇਸਦਾ ਮਤਲਬ ਕੀ ਹੈ? ਗੱਲ ਇਹ ਬਹੁਤ ਗਹਿਰੀ ਹੈ। ਇਸ ਦਾ ਮਤਲਬ ਹੈ ਗੁਰੂ ਸਾਹਿਬ ਕੋਲ ਬਹਾਦਰ ਨਹੀਂ ਸੀ, drug (ਨਸ਼ਾ) ਖਿਲਾ ਕੇ ਲੜਾਉਂਦੇ ਸੀ।

ਉਸ ਤੋਂ ਬਾਅਦ ਭਾਈ ਤਾਰਾ ਸਿੰਘ ਦਾ ਜ਼ਿਕਰ ਆਉਂਦਾ ਹੈ ਉਸ ਨੂੰ ਸ਼ਰਾਬ ਪਿਲਾਈ, ਫੇਰ ਪਹਿਲੇ ਤੋੜ ਦੀ ਪਿਲਾਈ। ਇਸ ਦਾ ਮਤਲਬ ਸਿੰਘ ਨਸ਼ੇ ਖਾ ਕੇ ਲੜਦੇ ਸੀ।

ਆਹ ਗਲਤੀਆਂ ਕੀਤੀਆਂ ਹੋਈਆਂ ਨੇ ਇਤਿਹਾਸ ਨੇ, ਮੰਨਿਆ ਨਾ ਕਰੋ ਐਸੀਆਂ ਬਾਤਾਂ। ਸਿੰਘ ਦਾ ਦਰਜਾ ਬਹੁਤ ਉੱਚਾ ਹੈ। ਆਪਣੀ ਮਰਜ਼ੀ ਨਾਲ ਸਰੀਰ ਛੱਡ ਸਕਦਾ ਹੈ, ਮਰਜੀ ਨਾਲ ਫੇਰ ਮੁੜ ਕੇ ਆ ਸਕਦਾ ਹੈ।

ਸੋ ਮੈਂ ਕੱਲ੍ਹ ਬੇਨਤੀ ਕਰੀ ਸੀ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਬਾਰੇ ਕਹਿੰਦੇ ਕਿ ਉਹ ਕੋਈ ਕਲਾਮ ਪੜ੍ਹਦੇ ਸੀ। ਜਿਹੜਾ ਔਰੰਗਜੇਬ ਦਾ ਜਸੂਸ ਸੀ ਉਸ ਨੇ ਕਿਹਾ ਕਿ ਜਿਸ ਦੇ ਉਤੇ ਛਿੱਟਾ ਮਾਰਦੇ ਉਹ ਉਠ ਕੇ ਖੜ੍ਹਾ ਹੋ ਜਾਂਦਾ ਸੀ, ਪਤਾ ਨਹੀਂ ਉਸ ਦਾ ਸਿਰ ਕਿਹੜੇ ਵੇਲੇ ਜੁੜ ਗਿਆ। ਉਸੇ ਵੇਲੇ ਉਠ ਕੇ ਖੜ੍ਹੇ ਹੋ ਜਾਂਦੇ। ਦੂਜੇ ਦਿਨ ਕਹਿੰਦਾ ਗੁਰੂ ਜੀ ਨੇ ਪਾਣੀ ਮੰਗਾਇਆ, ਬਾਟਾ ਰੱਖਿਆ ਤੇ ਗੁਰੂ ਮਹਾਰਾਜ ਨੇ ਕੋਈ ਕਲਾਮਾਂ ਪੜ੍ਹੀਆਂ। ਖਬਰ ਦਿੰਦਾ ਸੀ ਉਹ ਸਾਰੀ। ਗੁਰੂ ਮਹਾਰਾਜ ਨੇ ਪੰਜ ਬਾਣੀਆਂ ਪੜ੍ਹੀਆਂ। ਨੇਤਰ ਜਿਹੜੇ ਸੀ ਉਹ ਜਲ ਦੇ ਉੱਤੇ ਰੱਖੇ। ਨੇਤਰਾਂ ਵਿਚ ਸ਼ਕਤੀ ਹੁੰਦੀ ਹੈ ਬਹੁਤ ਜ਼ਬਰਦਸਤ।

ਇਸ ਤਰ੍ਹਾਂ ਕਹਿੰਦੇ ਨੇ ਕਿ ਤੌੜੀ ਲਾ ਦਿਓ। ਨਵਾਂ ਮਕਾਨ ਬਣਾ ਲਿਆ, ਤੌੜੀ ਲਾ ਦਿੱਤੀ।

ਪੁੱਛਿਆ, "ਤੌੜੀ ਕਾਸਨੂੰ ਲਾਈ ਹੈ?"

ਕਹਿੰਦੇ, "ਜੀ ਨਿਗ੍ਹਾ ਨਾ ਲਾ ਦਏ ਕੋਈ।"

ਜੇ ਨਿਗ੍ਹਾ ਵਿਚ ਸ਼ਕਤੀ ਹੈ ਤਾਂ ਹੀ ਤੌੜੀਆਂ ਲਾਉਂਦੇ ਨੇ। ਬੱਚੇ ਨੂੰ ਜੀ ਫਲਾਣਾ ਨਜ਼ਰ ਲਾ ਗਿਆ, ਨਜ਼ਰ ਲਗਦੀ ਹੈ ਬਿਲਕੁਲ। ਇਹ ਸ਼ਕਤੀ ਹੈ ਅੱਖਾਂ ਵਿਚ ਬਦ-ਅੱਖ ਕਹਿੰਦੇ ਨੇ ਇਸ ਨੂੰ 'ਬਦ-ਅੱਖ'। ਜਿਹੜੀ ਨੇਕ ਅੱਖ ਹੈ ਉਹ ਸ਼ਾਂਤੀ ਦਿੰਦੀ ਹੈ। 'ਬਦ-ਅੱਖ' ਜਿਹੜੀ ਹੈ ਉਹ ਵਿਘਨ ਪਾਉਂਦੀ

ਹੈ।

ਸੋ ਮਹਾਰਾਜ ਜੀ ਨੇ ਨੇਤਰਾਂ ਦਾ ਜੋ ਸਾਰਾ ਕੇਂਦਰ ਸੀ, ਉਹ ਸਾਰੀ ਸ਼ਕਤੀ ਕੇਂਦਰਿਤ ਕਰ ਦਿੱਤੀ ਜਲ ਦੇ ਉਤੇ ਤੇ ਨਾਲ ਬਾਣੀ ਪੜ੍ਹਦੇ ਨੇ, ਨਾਲ ਖੰਡਾ ਫੇਰਦੇ ਨੇ ਉਸ ਦੇ ਵਿੱਚ। ਉਹ ਥੋੜ੍ਹਾ ਜਿਹਾ ਪਾਣੀ ਬਾਹਰ ਗਿਰ ਗਿਆ। ਦੋ ਚਿੜੇ ਆਏ ਉਨ੍ਹਾਂ ਨੇ ਪੀ ਲਿਆ। ਸੁਭਾਅ ਹੁੰਦਾ ਹੈ ਇਨ੍ਹਾਂ ਦਾ। ਦੋਵੇਂ ਲੜਨੇ ਸ਼ੁਰੂ ਹੋ ਗਏ। ਉਸ ਵੇਲੇ ਬਾਬਾ ਬੁਢਾ ਜੀ ਦੀ ਔਲਾਦ ਵਿਚੋਂ ਰਾਮ ਕੌਰ ਜੀ ਉਠ ਕੇ ਮਾਤਾ ਜੀਤੋ ਜੀ ਕੋਲ ਗਏ।

ਕਹਿਣ ਲੱਗੇ, "ਮਾਤਾ ਜੀ! ਗੁਰੂ ਮਹਾਰਾਜ ਜੀ ਨੇ ਜਲ ਬਹੁਤ ਸ਼ਕਤੀ ਵਾਲਾ ਬਣਾ ਦਿੱਤਾ। ਸਿੰਘਾਂ ਤੋਂ ਸਹਿਆ ਨਹੀਂ ਜਾਣਾ ਇਹ। ਐਨੀ ਤਾਕਤ ਪ੍ਰਵੇਸ਼ ਕਰ ਜਾਣੀ ਹੈ ਕਿ ਇਨ੍ਹਾਂ ਤੋਂ ਸਹਿ ਨਹੀਂ ਹੋਣਾ। ਤੁਸੀਂ ਕਿਰਪਾ ਕਰੋ ਇਸ ਦੇ ਵਿਚ ਮਿਠਾਸ ਪਾਓ।"

ਉਸ ਵੇਲੇ ਮਾਤਾ ਜੀ ਪਤਾਸ਼ੇ ਲੈ ਕੇ ਆਉਂਦੇ ਨੇ।

ਮਹਾਰਾਜ ਕਹਿੰਦੇ, "ਅੱਛਾ ਹੋ ਗਿਆ –

***ਭਲੋ ਭਯੋ ਤੂੰ ਚਲਿ ਕਰਿ ਆਈ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5056***

ਬਹੁਤ ਚੰਗਾ ਹੋਇਆ –

***ਨੀਰ ਬਿਖੈ ਪਾਈ ਮਧੁਰਾਈ।***
***ਨਾਤੁਰ ਪੰਥ ਹੋਤਿ ਬਡ ਕੂ੍ਰਾ।***
***ਤੇਜ ਕ੍ਰੋਧ ਕਲਹਾ ਕਰਿ ਪੂਰਾ॥***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5056***

ਨਹੀਂ ਤਾਂ ਇਨ੍ਹਾਂ ਨੇ ਕਿਸੇ ਦੀ ਗੱਲ ਹੀ ਨਹੀਂ ਸੀ ਸਹਿਆ ਕਰਨੀ। ਚੰਗਾ ਹੋ ਗਿਆ ਹੁਣ ਤੂੰ ਮਿੱਠਾ ਲੈ ਆਈ। ਇਹ ਜਦੋਂ ਆਪਸ ਵਿਚ ਝਗੜਿਆ ਕਰਨਗੇ, ਸੁਨਹਿਰੇ ਦੀ ਸਾਂਝ ਇਨ੍ਹਾਂ ਨੂੰ ਮੁੜ ਕੇ ਜੋੜ ਦਿਆ ਕਰੇਗੀ।"

ਸੋ ਉਸ ਵੇਲੇ ਜਦੋਂ ਅੰਮ੍ਰਿਤ ਤਿਆਰ ਹੋ ਗਿਆ। ਇਸ ਨੂੰ ਕਈ ਕਹਿੰਦੇ ਨੇ ਮਿੱਠਾ ਪਾਣੀ ਹੈ, ਮਿੱਠਾ ਪਾਣੀ ਪੀ ਲਓ। ਅਸੀਂ ਅੰਮ੍ਰਿਤ ਛਕਾ ਰਹੇ ਸੀ ਮੁੰਡੀ ਖਰੜ ਪਿੰਡ ਹੈ। ਉਥੇ ਨਿਰੰਕਾਰੀ ਬਹੁਤੇ ਸੀ। ਉਨ੍ਹਾਂ ਵਿਚੋਂ ਬੀਬੀ ਕੋਈ ਕੀਰਤਨ ਸੁਣਦੀ ਰਹੀ।

ਕਹਿੰਦੀ, "ਮੈਂ ਤਾਂ ਅੰਮ੍ਰਿਤ ਛਕਣਾ ਹੈ।" ਉਹ ਜਦੋਂ ਨਾ ਹਟੀ ਫੇਰ ਉਸ ਦੇ ਘਰ ਦੇ ਕਹਿੰਦੇ, ਚੰਗਾ ਜਾਹ ਫੇਰ ਮਿੱਠਾ ਪਾਣੀ ਪੀ ਆ, ਬਗਾੜ ਨਾ ਹੋ ਜਾਵੇ, ਥੋੜ੍ਹਾ ਪੀਈਂ, ਬੱਖੀਆਂ ਨਾ ਚੜ੍ਹ ਜਾਣ ਤੇਰੀਆ।" ਉਸ ਦੇ ਵਿਚ ਬਦ–ਰੂਹ ਆਉਂਦੀ ਸੀ। ਜਿਸ ਵਕਤ ਅੰਮ੍ਰਿਤ ਤਿਆਰ ਕਰਕੇ ਛਿੱਟਾ ਮਾਰਿਆ ਨਾਂਹ ਕੇਸਾਂ ਵਿਚ। ਚੀਕ ਮਾਰੀ ਉਸ ਨੇ ਜ਼ੋਰ ਦੀ ਕਹਿੰਦੀ, "ਮੈਂ ਜਾਂਦੀ ਹਾਂ,

ਮੈਂ ਜਾਂਦੀ ਹਾਂ।” ਚੀਕਾਂ ਮਾਰਦੀ ਨੱਠ ਗਈ। ਉਸ ਕੁੜੀ ਨੂੰ ਹੋਸ਼ ਆ ਗਈ।

ਇਹ ਮਿੱਠਾ ਪਾਣੀ ਨਹੀਂ ਹੈ ਸਾਧ ਸੰਗਤ ਜੀ! ਇਹ ਤਾਂ ਅੰਦਰਲੇ ਅੰਮ੍ਰਿਤ ਨੂੰ ਪ੍ਰਗਟ ਕਰਨ ਵਾਲੀ ਇਕ ਬਹੁਤ ਵੱਡੀ ਚੀਜ਼ ਹੈ, ਜਿਹੜੀ ਅਸੀਂ ਇਸ ਦੇ ਬਾਰੇ ਦੱਸ ਨਹੀਂ ਸਕਦੇ। ਹਰ ਥਾਂ ਦੇ ਉਤੇ ਹੈ। ਇਕ ਦਮ ਬੰਦਾ ਬਦਲ ਜਾਂਦਾ ਹੈ। ਬਾਅਦ ਵਿਚ ਕੁਸੰਗ ਹੋਣ ਕਰਕੇ, ਪੂਰਾ ਤਿਆਰ ਨਾ ਹੋਣ ਕਰਕੇ ਨਹੀਂ ਉਸ ਦਾ ਅਸਰ ਅੰਦਰ ਰਹਿੰਦਾ। bad-conductor ਅੰਦਰ ਲਗਿਆ ਹੁੰਦਾ ਹੈ। ਉਹ ਇਹ ਦੇਖਾ-ਦੇਖੀ ਕਰਨ ਵਾਸਤੇ ਆਉਂਦਾ ਹੈ।

ਮਹਾਰਾਜ ਕਹਿੰਦੇ, ਪੰਜ ਕਿਸਮ ਦੀ ਸਿੱਖੀ ਹੁੰਦੀ ਹੈ।

ਦੇਖਾ ਦੇਖੀ ਦੀ, ਭੇਖ ਦੀ, ਹਿਰਸ ਦੀ, ਸਿਦਕ ਦੀ, ਭਾਵਨੀ ਦੀ।

ਸਿਦਕ ਤੇ ਭਾਵਨੀ ਦੀ ਦੋ ਤਰ੍ਹਾਂ ਦੀ ਸਿੱਖੀ ਤਾਂ ਗਿਣੀ ਗਈ ਹੈ। ਬਾਕੀ ਜਿਹੜੀ ਸਿੱਖੀ ਹੈ ਉਹ ਗਿਣਤੀ ਵਿਚ ਨਹੀਂ ਆਉਂਦੀ। ਉਹ ਆਪਣੇ ਮਤਲਬ ਵਾਸਤੇ ਹੈ, ਦੇਖਾ ਦੇਖੀ ਵਾਸਤੇ ਹੈ, ਭੇਖ ਚੰਗਾ ਲੱਗਿਆ, ਭੇਖ ਧਾਰ ਲਿਆ। ਨਿਗੁਰਾ ਨਿਗੁਰਾ ਦੀ ਲਾਹਨਤ ਤੋਂ ਬੱਚਣ ਵਾਸਤੇ ਗੁਰੂ ਧਾਰਨ ਕਰ ਲਿਆ ਲੇਕਿਨ ਤਿਆਰ ਨਹੀਂ ਹੁੰਦੇ ਕਿਉਂ? ਇਥੇ ਮੰਤਰ ਦੇਣਾ ਹੈ ਪੰਜ ਪਿਆਰਿਆਂ ਨੇ, ਜਿਸ ਨੇ ਰੱਬ ਦੇ ਨਾਲ ਮਿਲਾ ਦੇਣਾ ਹੈ, ਰੱਬ ਬਣਾ ਦੇਣਾ ਹੈ। ਮਿਲਾਉਣਾ ਕੀ ਹੈ ਉਸੇ ਨੂੰ ਰੱਬ ਬਣਾ ਦੇਣਾ ਹੈ -

***ਸੋਈ ਫਿਰਿ ਕੈ ਤੂ ਭਇਆ***
***ਜਾ ਕਉ ਕਹਤਾ ਅਉਰੁ॥ ਅੰਗ - 1370***

ਮਹਾਤਮਾ ਦੇਖਦੇ ਸੀ 6-6 ਮਹੀਨੇ ਨਹੀਂ ਸੀ ਅੰਮ੍ਰਿਤ ਛਕਾਉਂਦੇ। ਮਹਾਰਾਜ ਜੀ ਦਾ ਇਹ ਅਸੂਲ ਸੀ ਪਹਿਲਾਂ ਜੇ ਕਿਸੇ ਨੇ ਕਿਹਾ ਕਿ ਅੰਮ੍ਰਿਤ ਛਕਣਾ ਹੈ ਤਾਂ ਮਹਾਰਾਜ ਕਹਿੰਦੇ, ਸਵਾ ਲੱਖ ਪਾਠ ਮੂਲ ਮੰਤਰ ਦਾ ਕਰਕੇ ਆ, ਜਪੁਜੀ ਸਾਹਿਬ ਯਾਦ ਕਰ, ਜਾਪੁ ਸਾਹਿਬ ਯਾਦ ਕਰ, ਨਹੀਂ ਹੁੰਦਾ ਤਾਂ ਗੁਟਕੇ ਤੋਂ ਦੇਖ ਲੈ, ਬਾਣੀ ਪੰਜ ਯਾਦ ਕਰਕੇ ਆਵੀਂ ਫੇਰ ਅਸੀਂ ਛਕਾਵਾਂਗੇ, ਫੇਰ ਆਪਣੇ ਹੱਥ ਨਾਲ ਮਹਾਰਾਜ ਜੀ ਨੇ ਅੰਮ੍ਰਿਤ ਛਕਾਉਣਾ, ਮੈਂ ਵੀ ਨਾਲ ਹੀ ਛਕਾਉਂਦਾ ਰਿਹਾ ਸੀ।

ਇਹ ਬਹੁਤ ਅਮੁਲੀ ਚੀਜ਼ ਹੈ, ਜੇ ਅਸੀਂ ਕਹਿੰਦੇ ਹਾਂ ਕਿ ਅੰਮ੍ਰਿਤ ਛਕ ਲਓ ਤਾਂ ਸਾਡੇ ਮਨ ਵਿਚ ਹੁੰਦਾ ਹੈ ਕਿ ਪ੍ਰਮੇਸ਼ਰ ਦੇ ਲੜ ਲੱਗ ਜਾਣ, ਜਮਾਂ ਤੋਂ ਇਨ੍ਹਾਂ ਦਾ ਛੁਟਕਾਰਾ ਹੋ ਜਾਵੇ ਤੇ ਉੱਚੀ ਅਵਸਥਾ ਵਿਚ ਚਲੇ ਜਾਣ, ਮਨੁੱਖ ਜਨਮ ਐਤਕੀ ਤਾਂ ਮਿਲ ਗਿਆ ਫੇਰ ਪਤਾ ਨਹੀਂ ਕਦੋਂ ਮਿਲੇ ਕਿਉਂਕਿ ਅਸੀਂ ਪਹਿਲਾਂ ਹੀ ਬਹੁਤ ਜ਼ਿਆਦਾ ਗੇੜੇ ਖਾਧੇ ਹੋਏ ਨੇ। ਇਸ ਤਰ੍ਹਾਂ ਫੁਰਮਾਨ ਕਰਦੇ ਹਨ -

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***

*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥ ਅੰਗ - 176*

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥*
*ਅੰਗ - 156*

83,99,999 ਜੂਨਾਂ ਜਿਹੜੀਆਂ ਅਸੀਂ ਦੇਖਦੇ ਹਾਂ ਨਾਂਹ, ਇਨ੍ਹਾਂ ਦੇ ਵਿਚੋਂ ਹੋ ਕੇ ਆਏ ਹਾਂ ਤੇ ਹੁਣ ਮਿਲ ਗਿਆ ਮਨੁੱਖਾ ਜਨਮ। ਚਾਹੇ ਤਾਂ ਸੰਭਾਲ ਲੈ ਚਾਹੇ ਮੁੜ ਕੇ ਫੇਰ ਇਸ ਦੇ ਵਿਚ ਦਾਖਲ ਹੋ ਜਾਹ। ਜੇ ਤੇਰਾ ਮਨ ਸੁਖੀ ਹੋਣ ਨੂੰ ਨਹੀਂ ਕਰਦਾ ਤਾਂ ਫੇਰ ਮੌਜ ਕਰ, ਸ਼ਰਾਬਾਂ ਪੀਵੇਂਗਾ, ਦਰਗਾਹ ਦੇ ਵਿਚ ਜਾ ਕੇ ਹਿਸਾਬ ਦੇਣਾ ਪਵੇਗਾ।

ਗੁਰੂ ਨਾਨਕ ਨੂੰ ਪੁਛਿਆ ਰੁਕਨਦੀਨ ਨੇ, "ਹੇ ਨਾਨਕ! ਸਾਨੂੰ ਵਿਸ਼ਵਾਸ ਆ ਗਿਆ ਕਿ ਜੋ ਬਚਨ ਤੂੰ ਕਹਿੰਦਾ ਹੈ, ਉਹ ਅੱਖਾਂ ਨਾਲ ਦੇਖਿਆ ਹੋਇਆ ਕਹਿੰਦਾ ਹਾਂ।"

*ਸੰਤਨ ਕੀ ਸੁਣਿ ਸਾਚੀ ਸਾਖੀ॥*
*ਸੋ ਬੋਲਹਿ ਜੋ ਪੇਖਹਿ ਆਖੀ॥ ਅੰਗ - 894*

ਕਹਿੰਦਾ, "ਕਿਰਪਾ ਕਰਕੇ ਇਹ ਤਾਂ ਦੱਸੋ ਜਿਹੜੇ ਨਸ਼ੇ ਪੀਂਦੇ ਨੇ ਇਨ੍ਹਾਂ ਦਾ ਕੀ ਹਾਲ ਹੋਏਗਾ?"

ਮਹਾਰਾਜ ਕਹਿੰਦੇ, "ਪਿਆਰਿਆ!.......।

ਪਹਿਲਾਂ ਕਹਿੰਦੇ, "ਆਏਂ ਦੱਸੋ ਪਾਪ ਇਕੋ ਜਿਹੇ ਹੁੰਦੇ ਨੇ ਸਾਰੇ?"

ਮਹਾਰਾਜ ਕਹਿੰਦੇ, "ਨਹੀਂ, 96 ਕਰੋੜ ਆਮ ਪਾਪ ਕੋਈ ਬੰਦਾ ਕਰੇ, ਇਕ ਹੱਤਿਆ ਦੇ ਬਰਾਬਰ ਹੁੰਦਾ ਹੈ। ਹੱਤਿਆ ਛੇ ਗਿਣੀਆਂ ਗਈਆਂ ਹਨ -

1. ਆਪਣੀ ਲੜਕੀ ਨੂੰ ਮਾਰ ਦੇਣਾ।

2. ਕਿਸੇ ਦਾ ਪੈਸਾ ਲੈ ਕੇ ਦੱਬ ਲੈਣਾ।

3. ਕਿਸੇ ਦਾ ਵਿਸ਼ਵਾਸ ਲੈ ਕੇ ਘਾਤ ਕਰ ਦੇਣਾ।

4. ਮਾਂ-ਬਾਪ ਨੂੰ ਤੰਗ ਕਰਨਾ।

5. ਗਊ-ਗਰੀਬ ਨੂੰ ਮਾਰ ਦੇਣਾ।

ਇਨ੍ਹਾਂ ਛੇਆਂ ਦਾ ਹੀ 5 ਅਰਬ 76 ਕਰੋੜ ਪਾਪ ਬਰਾਬਰ ਇਕ ਹੱਤਿਆ ਹੋਇਆ ਕਰਦੀ ਹੈ। ਇਸ ਤੋਂ ਅੱਗੇ ਮਹਾਂ-ਹੱਤਿਆ ਹੋਇਆ ਕਰਦੀ ਹੈ। ਪਿਓ ਨੂੰ ਮਾਰ ਦੇਣਾ 100 ਹੱਤਿਆ ਦੇ ਬਰਾਬਰ ਹੁੰਦਾ ਹੈ, ਮਾਂ ਨੂੰ ਮਾਰ ਦੇਣਾ 1000 ਹੱਤਿਆ ਦੇ ਬਰਾਬਰ ਹੁੰਦਾ ਹੈ। ਇਸ ਨੂੰ ਮਹਾਂ-ਮਹਾਂ ਹੱਤਿਆਰਾ ਕਹਿੰਦੇ ਨੇ।

ਜਿਹੜਾ ਗੁਰੂ ਧਾਰ ਕੇ ਗੁਰੂ ਤੋਂ ਬੇਮੁਖ ਹੋ ਜਾਵੇ ਉਸ ਦੇ ਇਕ ਵਾਲ ਦੇ ਬਰਾਬਰ ਵੀ ਇਹ ਹੱਤਿਆਵਾਂ ਨਹੀਂ ਆਉਂਦੀਆਂ, ਉਹ ਐਨਾ ਹੱਤਿਆਰਾ ਹੋ ਜਾਂਦਾ ਹੈ। ਉਸ ਦੀ ਮੁਕਤੀ ਨਹੀਂ ਕਦੇ ਵੀ ਹੁੰਦੀ, ਜਦੋਂ ਤੱਕ ਸੂਰਜ-ਚੰਦ-ਤਾਰੇ ਰਹਿੰਦੇ ਨੇ ਕਿਉਂਕਿ ਗੁਰੂ ਧਾਰ ਕੇ ਬੇਮੁਖ ਹੋਇਆ ਹੋਇਆ ਹੈ -

*ਅਨੇਕ ਜੂਨੀ ਭਰਮਿ ਆਵੈ*
*ਵਿਣੁ ਸਤਿਗੁਰ ਮੁਕਤਿ ਨ ਪਾਏ॥*
*ਫਿਰਿ ਮੁਕਤਿ ਪਾਏ ਲਾਗਿ ਚਰਣੀ*
*ਸਤਿਗੁਰੂ ਸਬਦੁ ਸੁਣਾਏ॥* *ਅੰਗ - 920*

ਉਹ ਗੁਰੂ ਦੀ ਮਿਹਰ ਹੈ। ਗੁਰੂ ਕੱਢ ਦਿੰਦਾ ਹੈ ਕਿ ਚੱਲ ਇਹ ਤਾਂ ਭੁੱਲ ਗਿਆ ਸੀ ਕਿ ਇਸ ਨੂੰ ਤਾਰ ਹੀ ਦੇਈਏ। ਬਾਰ-ਬਾਰ ਗੁਰੂ ਆਉਂਦਾ ਹੈ ਗੁਰੂ ਨੇ ਰਹਿਣਾ ਹੈ ਸੰਸਾਰ ਤੇ ਜਦੋਂ ਤੱਕ ਸੰਸਾਰ ਨੇ ਰਹਿਣਾ ਹੈ। ਉਸ ਦੀ ਕੋਈ ਸ਼ਕਲ ਹੋਵੇ, ਗੁਰੂ ਤਾਂ ਜੋਤੀ ਹੁੰਦੀ ਹੈ, ਕੋਈ ਸ਼ਕਲ ਹੋਵੇ। ਅਸੀਂ ਇਹ ਨਹੀਂ ਕਰ ਸਕਦੇ ਕਿ ਅਸੀਂ ਦੂਜੇ ਲੋਕਾਂ ਨੂੰ ਹਟਾ ਦੇਈਏ। ਸਾਡਾ ਜਿਹੜਾ ਗੁਰੂ ਹੈ ਇਹ ਗੁਰੂ ਨਹੀਂ, ਇਹ ਗੁਰੂ ਪ੍ਰਮੇਸ਼ਰ ਹੈ। ਜਿਹੜੇ ਬਾਕੀ ਲੋਕ ਗੁਰੂ ਧਾਰਦੇ ਨੇ, ਉਸ ਦੇ ਬਰਾਬਰ ਗੁਰੂ ਘਰ ਦੇ ਸੰਤ ਹੋਇਆ ਕਰਦੇ ਨੇ, ਉਹ ਗੁਰੂ ਨਹੀਂ ਕਹਾਉਂਦੇ। ਗੁਰਸਿਖ ਹੀ ਕਹਾਉਂਦੇ ਨੇ।

ਮਹਾਰਾਜ ਨੇ ਉਨ੍ਹਾਂ ਨੂੰ ਗੁਰਮੁਖ ਆਖਿਆ ਹੈ ਕਿ ਮੇਰੇ ਗੁਰਮੁਖ ਜਿਹੜੇ ਨੇ ਉਹ ਇਹ ਕੰਮ ਕਰਨਗੇ ਸਾਰਾ ਗੁਰੂ ਵਾਲਾ। ਇਹ ਗੱਲ ਸਮਝੋ ਅਸੀਂ ਐਵੇਂ ਲੜ ਪੈਂਦੇ ਹਾਂ ਕਿ ਸਾਡੇ ਤਾਂ ਗੁਰੂ ਪ੍ਰਮੇਸ਼ਰ ਨੇ ਤੇ ਗੁਰੂ ਕਹੇ ਤੇ ਅਸੀਂ ਝਗੜੇ ਪਾ ਲੈਂਦੇ ਹਾਂ ਕਿ ਇਹ ਗੁਰੂ ਕਹਿੰਦਾ ਹੈ ਜੀ, ਗੁਰੂ ਕਹਿੰਦਾ ਹੈ ਜੀ। ਅਣਜਾਣਪੁਣਾ ਸਾਡੇ ਵਿਚ ਹੈ। ਐਵੇਂ ਲੜਾਈ ਕਰੀ ਜਾਂਦੇ ਹਾਂ ਲੋਕਾਂ ਨਾਲ। ਮਹਾਰਾਜ ਕਹਿੰਦੇ -

*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥*
*ਅੰਗ - 853*

ਹੇ ਵਾਹਿਗੁਰੂ! ਜਗਤ ਜਲ ਰਿਹਾ ਹੈ ਰੱਖ ਲੈ, ਜਿਥੋਂ ਦੀ ਲੰਘ ਸਕਦਾ ਹੈ ਲੰਘ ਜਾਣ ਦੇ। ਸਾਡਾ ਕਿਸੇ ਨਾਲ ਦ੍ਵੈਸ਼ ਨਹੀਂ ਹੈ। ਅਸੀਂ ਅਰਦਾਸ ਕਰਦੇ ਹਾਂ -

*ਨਾਨਕ ਨਾਮ ਚੜ੍ਹਦੀ ਕਲਾ॥*
*ਤੇਰੇ ਭਾਣੇ ਸਰਬਤ ਦਾ ਭਲਾ॥*

ਸਭ ਦਾ ਭਲਾ ਮੰਗਦੇ ਹਾਂ -

*ਸਤਿਗੁਰੁ ਸਭਨਾ ਦਾ ਭਲਾ ਮਨਾਇਦਾ*
*ਤਿਸ ਦਾ ਬੁਰਾ ਕਿਉ ਹੋਇ॥* *ਅੰਗ - 302*

ਸਾਨੂੰ ਦੱਸਿਆ ਹੀ ਏਹੀ ਹੈ। ਅਸੀਂ ਕਿਸੇ ਦਾ ਵਿਸ਼ਵਾਸ਼ ਨਹੀਂ ਤੋੜਦੇ, ਕਿਸ਼ਤੀ ਵਿਚ ਬੈਠੇ ਨੂੰ ਕਹੀਏ, ਬੇੜੀ ਵਿਚ ਬਹਿ ਜਾ।

ਆਹ ਗਲਤੀ ਕੀ ਹੋਈ ਸੀ ਜਿਹੜੇ ਢਾਈ ਤਿੰਨ ਸੌ ਬੰਦਾ ਡੁੱਬਿਆ ਹੈ। ਉਹ ਵੱਡੇ ਜਹਾਜ ਕੋਲ ਨੂੰ ਚਲਿਆ ਗਿਆ ਕਿ ਇਸ ਦੇ ਵਿਚ ਚਾੜ੍ਹ ਦੇਵਾਂ ਤੇ ਨਤੀਜਾ ਕੀ ਹੋਇਆ? ਬੰਦੇ ਹੀ ਡੁੱਬ ਗਏ।

ਮੈਂ ਵਿਚਕਾਰਲੀ ਗੱਲ ਨਹੀਂ ਕਹਿੰਦਾ। ਮੈਂ ਕਹਿੰਦਾ ਹਾਂ ਜੇ ਤੁਹਾਡਾ ਭਰੋਸਾ ਪੂਰਾ ਹੈ ਤਾਂ ਤੁਹਾਡੀ ਸ਼ਰਧਾ ਲੰਘਾ ਦੇਵੇਗੀ। ਤੁਸੀਂ ਆਪਣੇ ਗੁਰੂ ਤੇ ਪੂਰਾ ਭਰੋਸਾ ਕਰੋ। ਮੈਨੂੰ ਇਥੇ ਬੁਲਾ ਲਿਆ ਭੈਣੀ ਸਾਹਿਬ। ਮੈਂ ਕਿਹਾ ਦੇਖੋ ਤੁਸੀਂ ਗੁਰੂ ਮੰਨਦੇ ਹੋ ਇਨ੍ਹਾਂ ਨੂੰ ਸਾਨੂੰ ਦ੍ਵੈਸ਼ ਨਹੀਂ ਕੋਈ ਵੀ, ਪਰ ਜਿਹੜੀ ਮੈਂ ਗੱਲ ਕਹਿਣੀ ਹੈ। ਉਹ ਧਿਆਨ ਨਾਲ ਸੁਣੋ, ਫੇਰ ਤੁਸੀਂ ਪਾਰ ਲੰਘ ਜਾਓਗੇ। ਜੇ ਇਨ੍ਹਾਂ ਨੂੰ ਬੰਦਾ ਹੀ ਸਮਝਦੇ ਹੋ ਫੇਰ ਤਾਂ ਗੱਲ ਨਹੀਂ ਬਣਨੀ ਤੁਹਾਡੀ, ਗੁਰੂ ਜਿਹੜਾ ਹੈ ਇਹ -

***ਗੁਰੁ ਪਰਮੇਸਰੁ ਏਕੋ ਜਾਣੁ॥ ਅੰਗ - 864***

ਇਕੋ ਹੋਇਆ ਕਰਦਾ ਹੈ। ਜੇ ਤਾਂ ਤੁਹਾਡੀ ਭਾਵਨਾ ਐਸੀ ਬਣਦੀ ਹੈ, ਮੁਬਾਰਕ ਹੈ ਜੇ ਐਨੀ ਭਾਵਨਾ ਤੁਹਾਡੀ ਨਹੀਂ ਬਣਦੀ ਤਾਂ ਭਾਈ ਸਾਵਧਾਨ ਹੋ ਕੇ ਭਗਤੀ ਕਰੋ ਕਿਉਂਕਿ ਮੈਂ ਤਾਂ ਤੁਹਾਨੂੰ ਸਲਾਹ ਹੀ ਦੇਣੀ ਹੈ। ਤੁਹਾਡਾ ਵਿਸ਼ਵਾਸ਼ ਮੈਂ ਤੋੜਨ ਨਹੀਂ ਆਇਆ, ਬਣਾਉਣ ਆਇਆ ਹਾਂ।

ਵਾਹਿਗੁਰੂ ਨੇ ਅਨੇਕਾਂ ਇੰਤਜਾਮ ਕੀਤੇ ਹੋਏ ਨੇ, ਸੰਸਾਰ ਨੂੰ ਲੰਘਾਉਣ ਲਈ। ਅਸੀਂ ਵਿਸ਼ੇਸ਼ ਕਿਉਂ ਕਹਿੰਦੇ ਹਾਂ ਕਿਉਂਕਿ ਸਾਡੀ ਕਿਰਿਆ ਵਿਸ਼ੇਸ਼ ਹੈ, ਗੁਰੂ ਪ੍ਰਮੇਸ਼ਰ, ਗੁਰੂ ਅਵਤਾਰ ਨੇ ਸਾਨੂੰ ਇਹ ਰਸਤੇ ਦੱਸੇ ਨੇ ਉਸ ਦੇ ਵਾਸਤੇ ਅਸੀਂ ਹੋਕਾ ਦਿੰਦੇ ਫਿਰਦੇ ਹਾਂ ਕਿ ਤੁਸੀਂ ਸਾਵਧਾਨ ਹੋਵੋ। 83,99,999 ਜੂਨਾਂ ਵਿਚੋਂ ਨਿਕਲ ਕੇ ਹੁਣ ਤੁਹਾਡੀ ਵਾਰੀ ਆਈ ਹੋਈ ਹੈ।

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***

***ਅੰਗ - 12***

ਅਸੀਂ ਤੁਹਾਨੂੰ ਮਨੋਰੰਜਕ ਗੱਲਾਂ ਕਹਿਣ ਨਹੀਂ ਆਏ, ਅਸੀਂ ਰਾਹ ਦੱਸਣਾ ਹੈ ਕਿ ਇਸ ਰਸਤੇ ਪੈ ਜਾਓ, ਤੁਹਾਡਾ ਮਾਨਸ ਜਨਮ ਸਫਲ ਹੋ ਜਾਏਗਾ।

ਸੋ ਗੁਰੂ ਮਹਾਰਾਜ ਜੀ ਨੇ 'ਪਾਹੁਲ' ਤਿਆਰ ਕਰੀ ਇਸ ਨੂੰ 'ਪਾਹੁਲ' ਕਹਿੰਦੇ ਸੀ, ਅੰਮ੍ਰਿਤ ਤਾਂ ਅਸੀਂ ਬਾਅਦ ਵਿਚ ਕਹਿਣ ਲੱਗੇ ਹਾਂ ਤੇ ਜਦੋਂ ਤਿਆਰ ਹੋ ਗਈ ਉਸ ਵੇਲੇ ਇਸ ਦੀ ਸਿਫਤ ਕਰਦੇ ਹੋਏ ਭਾਈ ਗੁਰਦਾਸ ਦੂਜੇ ਸਾਨੂੰ ਪ੍ਰੇਰਨਾ ਕਰਦੇ ਨੇ, ਇਉਂ ਪੜ੍ਹ ਲਓ ਸਾਰੇ -

***ਧਾਰਨਾ - ਪੀਵਹੁ ਪਾਹੁਣ ਖੰਡੇਧਾਰ***
***ਹੋਵੇ ਜਨਮ ਸੁਹੇਲਾ -2, 2.***
***ਹੋਵੇ ਜਨਮ ਸੁਹੇਲਾ, ਹੋਵੇ ਜਨਮ ਸੁਹੇਲਾ -2, 2.***

*ਪੀਵਹੁ ਪਾਹੁਣ ਖੰਡੇਧਾਰ ਹੋਵੇ ਜਨਮ ਸੁਹੇਲਾ -2.*

*ਹਰਿ ਸਚੇ ਤਖਤ ਰਚਾਇਆ, ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ, ਵਿਚਿ ਸਿਧਾਂ ਖੇਲਾ।*
*ਗੁਰੁ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡਧਾਰ, ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ, ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥*

*ਭਾਈ ਗੁਰਦਾਸ ਜੀ ਦੀ ਵਾਰ 41/1*

ਸੋ ਆਪ ਨੇ ਇਕ ਵਾਰ ਲਿਖੀ ਹੈ ਭਾਈ ਗੁਰਦਾਸ ਦੂਜੇ ਨੇ, ਉਸ ਦੇ ਵਿਚ ਇਹ ਫੁਰਮਾਨ ਕਰਦੇ ਨੇ ਕਿ ਹੁਣ ਵੇਲਾ ਆ ਗਿਆ ਪਾਹੁਲ ਪੀਣ ਦਾ ਤੇ ਆਪ ਨੇ ਸਾਨੂੰ ਹੀ ਨਹੀਂ ਪਿਲਾਈ ਆਪ ਵੀ ਪੀਤੀ -

*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥*

*ਭਾਈ ਗੁਰਦਾਸ ਜੀ ਦੀ ਵਾਰ 41/1*

ਉਸ ਤੋਂ ਬਾਅਦ ਗੁਰੂ ਮਹਾਰਾਜ ਤੋਂ ਬਹੁਤ ਸਾਰਿਆਂ ਨੇ ਅੰਮ੍ਰਿਤ ਛਕਿਆ। ਉਸ ਵੇਲੇ ਸੰਗਤ ਵਿਚ ਆਪ ਜੀ ਨੇ ਪੰਜਾਂ ਪਿਆਰਿਆਂ ਨੂੰ ਸਾਹਮਣੇ ਖੜ੍ਹੇ ਕਰਕੇ, ਆਪ ਇਕ ਪਾਸੇ ਖੜ੍ਹੇ ਨੇ ਤੇ ਸਾਰੀ ਸੰਗਤ ਨੂੰ ਹੁਕਮ ਕੀਤਾ, ਇਉਂ ਪੜ੍ਹੋ -

*ਧਾਰਨਾ - ਮੇਰਾ ਹੀ ਰੂਪ ਹੈ,*
*ਪੰਜੇ ਇਹ ਗੁਰਮੁਖ ਪਿਆਰੇ -2, 2.*

ਸਾਰੀ ਸੰਗਤ ਵੱਲ ਉਚਾ ਹੱਥ ਕਰਕੇ, ਸਿੰਘਾਂ ਵੱਲ ਇਸ਼ਾਰਾ ਕਰਕੇ, ਕੋਲ ਖੜ੍ਹੇ ਸਿੰਘ ਕਹਿਣ ਲੱਗੇ, "ਪਿਆਰਿਓ! ਇਹ ਮੇਰਾ ਰੂਪ ਬਣ ਗਏ ਨੇ।"

*ਮਮ ਸਰੂਪ ਤੁਮ ਅਬਿ ਭਏ, ਹੌਂ ਭਾ ਤੁਮਹਿੰ ਸਰੂਪ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5053*

ਮੈਂ ਤੁਹਾਡਾ ਸਰੂਪ ਬਣ ਗਿਆ ਹਾਂ, ਤੁਸੀਂ ਮੇਰਾ ਸਰੂਪ ਬਣ ਗਏ। ਤੁਹਾਡੇ ਵਿਚ ਤੇ ਮੇਰੇ ਵਿਚ ਹੁਣ ਕੋਈ ਫਰਕ ਨਹੀਂ ਰਿਹਾ, ਤੁਸੀਂ ਪੂਰਨ ਬ੍ਰਹਮਗਿਆਨ ਪ੍ਰਾਪਤ ਕਰ ਲਿਆ।

*ਬ੍ਰਹਮ ਗਯਾਨ ਦਿਢ ਰਿਦੇ ਹ੍ਵੈ*
*ਪਦ ਅਤਿ ਲੀਨਿ ਅਨੂਪ॥*

*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5053*

ਉਪਮਾ ਰਹਿਤ ਜਿਹੜਾ ਪਦ ਹੈ, ਉਹ ਤੁਸੀਂ ਲੈ ਲਿਆ ਹੈ।

*ਸਭਿਨਿ ਸੁਨਾਵਨਿ ਕਾਰਨੇ ਊਚੇ ਕੀਨਿ ਬਖਾਨ।*

*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5053*

ਐਨਾ ਉਚੇ ਬੋਲੇ ਤਾਂ ਕਿ ਜੋ ਦੂਰ ਤੱਕ ਸੰਗਤ ਬੈਠੀ ਸੀ ਉਹ ਸਾਰੀ

ਸੁਣ ਲਵੇ।

***ਰਾਖਯੋ ਸਿੱਖੀ ਬੀਜ ਜਗ ਅੰਗਦ ਗੁਰੂ ਸਮਾਨ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5053***

ਜਿਵੇਂ ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਦੀ ਕਸਵੱਟੀ ਤੇ ਪੂਰੇ ਉਤਰ ਕੇ ਸਿੱਖੀ ਦਾ ਬੀਜ ਰੱਖ ਲਿਆ ਸੀ, ਅੱਜ ਸਾਡੀ ਲੱਗੀ ਹੋਈ ਕਸਵੱਟੀ ਦੇ ਵਿਚ ਇਹ ਪੂਰੇ ਉਤਰੇ ਨੇ।

***ਸਭਿ ਸੰਗਤਿ ਕੇ ਤਾਰਿਬੇ ਸਮਰਥ ਭੇ ਇਹ ਪੰਚ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5053***

ਹੁਣ ਸੰਗਤ ਨੂੰ ਤਾਰਨ ਵਾਸਤੇ ਇਹ ਪੰਜੇ ਜਿਹੜੇ ਨੇ ਇਹ ਸਮਰੱਥ ਹੋ ਗਏ।

ਪੰਜ ਪਿਆਰਿਆਂ ਦੀ ਜਿਹੜੀ ਪਰਣਾਲੀ ਚੱਲੀ ਹੈ ਇਹ ਕਹਿੰਦੇ ਸਮਰੱਥ ਹੈ ਤਾਰਨ ਵਾਸਤੇ, ਦੁਨੀਆਂ ਨੂੰ ਤਾਰਨ ਵਾਸਤੇ।

***ਜਾਨਹੁੰ ਮੋਹਿ ਸਮਾਨ ਤਿਨ ਭੇਦ ਰਹਯੋ ਨਹਿੰ ਰੰਚ॥***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5053***

ਭੋਰਾ ਜਿੰਨਾ ਵੀ ਭੇਦ ਨਾ ਰਿਹਾ -

***ਯਾ ਮੈ ਰੰਚ ਨ ਮਿਥਿਆ ਭਾਖੀ॥***
***ਪਾਰਬ੍ਰਹਮ ਗੁਰ ਨਾਨਕ ਸਾਖੀ॥***

***ਸਰਬ ਲੋਹ ਗ੍ਰੰਥ 'ਚੋਂ***

***ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ 'ਚੋਂ)***

ਹੁਣ ਮੇਰੇ ਵਿਚ, ਵਾਹਿਗੁਰੂ ਵਿਚ ਤੇ ਇਨ੍ਹਾਂ ਵਿਚ ਫਰਕ ਨਾ ਸਮਝਿਓ, ਇਹ ਵਾਹਿਗੁਰੂ ਦਾ ਰੂਪ ਹੋ ਚੁੱਕੇ ਨੇ। ਸੰਗਤ ਨੂੰ ਤਾਰਨ ਵਾਸਤੇ ਗੁਰੂ ਜਿੰਨੀ ਸਮਰੱਥਾ ਇਨ੍ਹਾਂ ਵਿੱਚ ਆ ਚੁੱਕੀ ਹੈ।

ਓਹੀ ਸੰਪਰਦਾਵਾਂ ਚੱਲ ਰਹੀਆਂ ਨੇ ਇਹ, ਰਾੜੇ ਵਾਲੀ ਸੰਪਰਦਾ ਇਨ੍ਹਾਂ ਵਿਚੋਂ ਹੀ ਚੱਲ ਰਹੀ ਹੈ, ਹਰਖੋਵਾਲ ਵਾਲੀ ਸੰਪਰਦਾ ਉਨ੍ਹਾਂ ਵਿਚੋਂ ਹੀ ਹੈ, ਹਰੀ ਪੁਰ ਵਾਲੇ ਨੇ ਕਿਉਂ ਵਧੀ ਜਾਂਦੇ ਨੇ, ਵੇਲ ਵਧਦੀ ਹੈ ਅੱਗੇ। ਜਿਵੇਂ ਗ੍ਰਹਿਸਥੀਆਂ ਦੀ ਵੇਲ ਵਧਦੀ ਹੈ ਨਾਂਹ, ਪੱਤਾ ਵਧਦਾ ਹੈ-

***ਵਧੀ ਵੇਲਿ ਬਹੁ ਪੀੜੀ ਚਾਲੀ॥ ਅੰਗ - 396***

ਪੁੱਤਰ ਹੋ ਗਿਆ ਪੱਤਾ ਨਿਕਲ ਆਇਆ, ਦੂਜਾ ਹੋ ਗਿਆ ਦੋ ਪੱਤੇ ਵੇਲ ਨੇ ਕੱਢ ਲਏ। ਵੇਲ ਤੁਰੀ ਆਉਂਦੀ ਹੈ ਜੜ੍ਹ ਇਸ ਦੀ ਪਤਾ ਨਹੀਂ ਕਿਥੇ ਲੱਗੀ ਹੋਈ ਹੈ। ਇਸ ਤਰ੍ਹਾਂ ਵੇਲ ਚਲਦੀ ਹੈ ਕਿੰਨੀ ਫੈਲ ਗਈ, ਉਹ ਇੱਕ

ਵੇਲ ਨਹੀਂ ਰਹਿੰਦੀ, ਵੇਲਾਂ ਹੀ ਵੇਲਾਂ ਹੋ ਗਈਆਂ।

ਕੱਲ੍ਹ ਸੰਤਾਂ ਨੇ ਦੱਸਿਆ ਸੀ ਕਿ ਕਿਸ ਤਰ੍ਹਾਂ ਗੁਰੂ ਮਹਾਰਾਜ ਜੀ ਨੇ ਵੇਲ ਨੂੰ ਵਧਾਇਆ ਗੁਰੂ ਨਾਨਕ ਪਾਤਸ਼ਾਹ ਨੇ। ਗੁਰੂ ਅਮਰਦਾਸ ਜੀ ਨੇ 52 ਮੰਜੀਆਂ, ਪੀੜ੍ਹੇ ਦਿੱਤੇ। ਬੀਬੀਆਂ ਨੂੰ ਵੀ ਲਾਇਆ ਇਸ ਕੰਮ ਤੇ ਭਾਈਆਂ ਨੂੰ ਵੀ ਸ਼ਕਤੀਆਂ ਦੇ ਦੇ ਕੇ ਲਾਇਆ।

ਸੋ ਗੁਰੂ ਮਹਾਰਾਜ ਕਹਿੰਦੇ ਭਾਈ ਇਹ ਹੁਣ ਅੱਗੇ ਵੇਲ ਚੱਲ ਪਈ, ਜਿਹੜਾ ਕੰਮ ਅਸੀਂ ਕਰਦੇ ਹਾਂ ਹੁਣ ਏਹੀ ਉਹ ਕੰਮ ਕਰਨਗੇ। ਉਸ ਵੇਲੇ ਬਹੁਤ ਪ੍ਰੇਮੀਆਂ ਨੇ ਅੰਮ੍ਰਿਤ ਛਕਿਆ। ਛਕਾਇਆ ਕਿਸਨੇ? ਇਨ੍ਹਾਂ ਨੇ ਹੀ ਛਕਾਇਆ ਭਾਈ ਦਇਆ ਸਿੰਘ ਤੇ ਹੋਰਨਾਂ ਨੇ। ਐਸਾ ਲਿਖਿਆ ਹੋਇਆ ਹੈ ਕਿ 20,000 ਨੇ ਅੰਮ੍ਰਿਤ ਛਕਿਆ।

ਹੁਣ ਗੁਰੂ ਮਹਾਰਾਜ ਜੀ ਸਾਰਿਆਂ ਨੂੰ ਸੰਬੋਧਨ ਕਰਕੇ ਫੁਰਮਾਨ ਕਰਦੇ ਹਨ ਕਿ ਅੱਜ ਤੋਂ ਬਾਅਦ ਨਾ ਤੁਸੀਂ ਚੰਦ ਦੀ ਪੂਜਾ ਕਰਨੀ ਹੈ, ਨਾ ਸੂਰਜ ਦੀ ਹੈ, ਨਾ ਕਿਸੇ ਮੜ੍ਹੀ ਮਸਾਣੀ ਦੀ ਕਰਨੀ ਹੈ, ਨਾ ਤੁਸੀਂ ਕਿਤੇ ਤੀਰਥਾਂ ਤੇ ਭਟਕਣਾ ਹੈ। ਤੁਹਾਡੇ ਅੰਦਰ ਨਾਮ ਦਾ ਤੀਰਥ ਹੈ ਉਸ ਤੀਰਥ ਦਾ ਇਸ਼ਨਾਨ ਕਰੋ –

***ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਅੰਗ – 687***

ਉਹ ਤੁਹਾਨੂੰ ਦੇ ਦਿੱਤਾ ਹੈ, ਮੰਤਰ ਦੇ ਦਿੱਤਾ ਹੈ, ਵਾਹਿਗੁਰੂ ਮੰਤਰ, ਮੂਲ ਮੰਤਰ ਦੇ ਦਿੱਤਾ, ਇਨ੍ਹਾਂ ਦਾ ਅਭਿਆਸ ਕਰੋ ਪਿਆਰਿਓ! ਹੁਣ ਜਿਸ ਨੂੰ ਜਪਣਾ ਹੈ ਉਹ ਜਾਗਰਤ ਜੋਤ ਹੈ। ਉਹ ਕੋਈ ਐਵੇਂ ਨਹੀਂ ਹੈ ਸੁੰਨਾ-ਮੁੰਨਾ, ਪੱਥਰ ਨਹੀਂ ਹੈ। ਤੁਸੀਂ ਉਸ ਨੂੰ ਜਪਣਾ ਹੈ ਇਸ ਤਰ੍ਹਾਂ ਨਾਲ ਪੜ੍ਹੋ ਪਿਆਰ ਨਾਲ –

***ਧਾਰਨਾ – ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ।***

***ਜਾਗਤ ਜੋਤਿ ਜਪੈ ਨਿਸ ਬਾਸੁਰ,***
***ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ,***
***ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥***
***ਤੀਰਥ ਦਾਨ ਦਇਆ ਤਪ ਸੰਜਮ,***
***ਏਕ ਬਿਨਾ ਨਹਿ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ,***
***ਤਬ ਖਾਲਸ ਤਾਹਿ ਨਖਾਲਸ ਜਾਨੈ॥***

***(ਸਰਬ ਲੋਹ ਗ੍ਰੰਥ 'ਚੋਂ)***

***ਧਾਰਨਾ – ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ***
***ਵਾਹਿਗੁਰੂ-ਵਾਹਿਗੁਰੂ, ਵਾਹਿਗੁਰੂ-ਵਾਹਿਗੁਰੂ -2, 2.***
***ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ,.... -2.***

ਕਹਿਣ ਲੱਗੇ ਤੁਸੀਂ ਜਾਗਦੀ ਜੋਤ ਜੋ ਵਾਹਿਗੁਰੂ ਜੀ ਸਾਰੇ ਘਟ-ਘਟ

ਵਿਚ ਵਿਆਪਕ ਹੈ। ਉਸ ਦਾ ਜਾਪ ਕਰਨਾ ਹੈ ਵਾਹਿਗੁਰੂ ਮੰਤਰ ਨਾਲ ਮੂਲ ਮੰਤਰ ਨਾਲ। ਉਸ ਵੇਲੇ ਤੁਹਾਡੇ ਵਿਚ ਤੇਜ ਆਏਗਾ ਤੇ ਨਾਲ ਦੀ ਨਾਲ ਐਲਾਨ ਕਰ ਦਿੱਤਾ ਕਿ ਪਿਆਰਿਓ! ਮੇਰੇ ਵਿਚ ਤੇ ਖਾਲਸੇ ਵਿਚ ਤੇ ਪ੍ਰਮੇਸ਼ਰ ਵਿਚ ਭੇਤ ਨਹੀਂ ਕੋਈ। ਹੁਣ ਜਿਹੜਾ ਤੁਸੀਂ ਦਾਨ ਦਿੰਦੇ ਹੋ ਤੰਬਾਕੂ ਪੀਣ ਵਾਲੇ ਨੂੰ ਦੇ ਦਿਓ ਤਾਂ ਤੁਹਾਡਾ ਦਾਨ ਬਿਰਥਾ ਚਲਿਆ ਜਾਏਗਾ। ਗਲਤ ਬੰਦੇ ਨੂੰ ਦਾਨ ਦੇ ਦਿਓ, ਕਈ ਐਵੇਂ ਹੀ ਪੈਸੇ ਫੜਾਈ ਜਾਂਦੇ ਨੇ ਸਟੇਜਾਂ ਤੇ, ਪਤਾ ਹੀ ਨਹੀਂ ਕਿ ਇਸ ਨੇ ਜਾ ਕੇ ਸ਼ਰਾਬ ਪੀ ਲੈਣੀ ਹੈ, ਨਾਲ ਦੋਸ਼ੀ ਬਣ ਜਾਈਦਾ ਹੈ ਆਪ –

***ਖੇਤੁ ਪਛਾਣੈ ਬੀਜੈ ਦਾਨੁ॥ ਅੰਗ – 1412***

ਮਹਾਰਾਜ ਕਹਿੰਦੇ ਦਾਨ ਦਿਓ ਬੰਦਗੀ ਕਰਨ ਵਾਲੇ ਨੂੰ –

***ਸੇਵ ਕਰੀ ਇਨਹੀ ਕੀ ਭਾਵਤ,***
***ਅਉਰ ਕੀ ਸੇਵ ਸੁਹਾਤ ਨ ਜੀ ਕੋ॥***
***ਦਾਨ ਦਯੋ ਇਨਹੀ ਕੋ ਭਲੋ,***
***ਅਰੁ ਆਨ ਕੋ ਦਾਨ ਨ ਲਾਗਤ ਨੀਕੋ॥***

***ਗਿਆਨ ਪ੍ਰਬੋਧ ਪਾ:੧੦***

ਸੰਤਾਂ ਨੇ ਕੀ ਕਰਨਾ ਹੈ ਦਾਨ ਲੈ ਕੇ ਲੰਗਰ ਚਲਾਉਣੇ ਨੇ, ਹਸਪਤਾਲ ਚਲਾਉਣੇ ਨੇ। ਆਪ ਦਾ ਕੋਈ ਉਨ੍ਹਾਂ ਨਾਲ ਲਗਾਓ ਨਹੀਂ ਹੁੰਦਾ, ਗ੍ਰਹਿਸਤੀਆਂ ਵਰਗਾ ਨਹੀਂ ਹੁੰਦਾ। ਜਦੋਂ ਜੀਅ ਕਰਦਾ ਹੈ ਛੱਡ ਕੇ ਪਾਸੇ ਹੋ ਜਾਂਦੇ ਨੇ, ਕੋਈ ਜਾਇਦਾਦ ਤਾਂ ਨਹੀਂ ਹੈ ਕਿ ਆਪਣੇ ਨਾਉ ਲਗਵਾਈ ਹੋਈ ਹੈ। ਉਹ ਤਾਂ ਪਰਉਪਕਾਰ, ਭਲੇ ਵਾਸਤੇ ਤੁਹਾਡਾ ਹੀ ਪੈਸਾ ਸਫਲਾ ਕਰਨ ਵਾਸਤੇ, ਇਕ ਦਾ ਲੱਖ ਬਣਾਉਣ ਵਾਸਤੇ, ਮਿਹਨਤਾਂ ਆਪ ਕਰਦੇ ਹੋ, ਪਰਉਪਕਾਰ ਕਰਦੇ ਨੇ ਸੰਤ। ਸੰਤਾਂ ਨੂੰ ਤਾਂ ਲੋੜ ਹੀ ਨਹੀਂ ਹੈ, ਪ੍ਰਸ਼ਾਦਾ...., ਕਿਤੇ ਬਹਿ ਜਾਓ ਉਥੇ ਆ ਹੀ ਜਾਣਾ ਹੈ, ਨਾਲੇ ਪੱਕਿਆ-ਪਕਾਇਆ ਆਏਗਾ। ਕੱਪੜੇ-ਲੀੜੇ ਐਨੇ ਆ ਜਾਣੇ ਨੇ ਢੇਰ ਲੱਗ ਜਾਣੇ ਨੇ, ਪਾਏ ਹੀ ਨਹੀਂ ਜਾਣੇ, ਰਹਿਣ ਵਾਸਤੇ ਉਸ ਨੇ ਕਹਿਣਾ ਛੱਪਰੀ ਪਾ ਦਿਓ। ਕਹਿੰਦੇ ਨਹੀਂ ਜੀ, ਅਸੀਂ ਤਾਂ ਲੈਂਟਰ ਵਾਲਾ ਘਰ ਪਾਉਣਾ ਹੈ। ਰੱਬ ਦੇ ਪਿਆਰਿਆਂ ਨੂੰ ਕੋਈ ਘਾਟਾ ਨਹੀਂ –

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਅੰਗ – 649***

ਇਕ ਮੇਰੇ ਮਿਲਣ ਵਾਲੇ ਮਹਾਤਮਾ ਸੀ। ਉਨ੍ਹਾਂ ਨਾਲ ਅੰਦਰਲੀਆਂ ਗੱਲਾਂ ਚੱਲ ਪਈਆਂ।

ਉਹ ਕਹਿੰਦੇ,"ਜਿੰਨਾ ਮੈਨੂੰ ਖਰਚ ਚਾਹੀਦਾ ਹੁੰਦੈ ਮੈਂ ਇਸ ਤਰ੍ਹਾਂ (ਫੈਲਾ ਦੇਣਾ) ਕਰ ਦੇਣਾ ਹੱਥ, ਉਨੇ ਪੈਸੇ ਮੇਰੇ ਹੱਥ ਵਿਚ ਆ ਜਾਂਦੇ ਹਨ।"

ਇਕ ਮਹਾਤਮਾ ਨਹੀਂ ਮੈਨੂੰ ਬਹੁਤ ਸੰਤਾਂ ਦਾ ਪਤਾ ਹੈ ਪਹਿਲਿਆਂ ਦਾ।

ਉਹ ਕਹਿੰਦੇ, "ਖਰਚ ਕੇ ਜਿੰਨੇ ਬਾਕੀ ਬਚਣੇ ਉਸੇ ਤਰ੍ਹਾਂ ਹੱਥ ਅੱਗੇ

ਕਰ ਦੇਣਾ ਤੇ ਉਹ ਧਰਤੀ ਤੇ ਨਹੀਂ ਸੀ ਗਿਰਦੇ। ਉਥੇ ਹੀ ਖਤਮ ਹੋ ਜਾਂਦੇ ਸੀ। ਕੋਈ ਵੀ ਕੰਮ ਕਰਨਾ ਹੋਵੇ। ਮੈਂ ਇਕ ਵਾਰ ਧਾਰ ਲਿਆ ਕਿ 100 ਰੁਪਿਆ ਆ ਜਾਵੇ ਤੇ ਇਉਂ ਹੱਥ ਕਰਿਆ ਤਾਂ 100 ਹੀ ਹੁੰਦਾ ਹੱਥ ਵਿਚ।"

ਕਹਿੰਦਾ, "ਫੇਰ ਮੈਂ ਖਾਣ-ਪੀਣ ਦਾ ਵੀ ਕਰ ਲਿਆ। ਮੈਂ ਸੋਚਿਆ ਐਵੇਂ ਜਾ ਕੇ ਖਾਂਦੇ ਹਾਂ, ਜੰਗਲ ਵਿਚ ਚਲਿਆ ਗਿਆ ਮੈਂ। ਉਥੇ ਜਿਹੜੀ ਚੀਜ਼ ਦਾ ਫੁਰਨਾ ਆਇਆ ਅੱਗੇ ਪਲੇਟ ਵਿਚ ਪਈ ਹੁੰਦੀ, ਮੇਰੇ ਨੇੜੇ ਹੀ ਪਲੇਟ ਆ ਜਾਣੀ ਉਹ ਮੈਂ ਛਕ ਲੈਣੀ।"

ਆਹ ਗੱਲਾਂ ਪ੍ਰਤਿਆ-ਪ੍ਰਤਿਆ ਦੇਖੀਆਂ ਹੋਈਆਂ ਨੇ ਜਿਹੜੀਆਂ ਮੈਂ ਤੁਹਾਨੂੰ ਕਹਿੰਦਾ ਹਾਂ, ਐਵੇਂ ਕਹਾਣੀਆਂ ਨਹੀਂ ਹਨ, ਸਚਮੁਚ ਇਹ ਬਾਤਾਂ ਨੇ।

ਫੇਰ ਆਵਾਜ਼ ਆਈ, "ਪਿਆਰਿਆ! ਸੰਤ ਜੀ! ਤੈਨੂੰ ਤਾਂ ਲੋੜ ਨਹੀਂ ਆਹ ਗ੍ਰਹਿਸਤੀਆਂ ਦੀ ਕਮਾਈ ਵਿਚ ਐਨੀ ਖੋਟ ਰਲ ਗਈ, ਇਹ ਦੁੱਖਾਂ ਵਿਚ ਜਾ ਰਹੇ ਨੇ ਦਾਨ ਨਾ ਕੱਢ ਕੇ, ਇਨ੍ਹਾਂ ਦਾ ਦਾਨ ਗਲਤ ਥਾਂ ਜਾ ਰਿਹਾ ਹੈ। ਉਹ ਫਲ ਨਹੀਂ ਰਿਹਾ।" ਜਿਵੇਂ ਕਬੀਰ ਸਾਹਿਬ ਤੋਂ ਸੂਤ ਲੈ ਗਿਆ ਤੇ ਜਾ ਕੇ ਜਾਲ ਬਣਾ ਕੇ ਮੱਛੀਆਂ ਫੜਨ ਲੱਗ ਗਿਆ। ਇਹ ਸਾਖੀ ਵੀ ਮਹਾਂਪੁਰਸ਼ਾਂ ਨੇ ਤੁਹਾਨੂੰ ਦੱਸੀ ਸੀ।

ਮਹਾਰਾਜ ਕਹਿੰਦੇ, ਦਾਨ ਜਿਥੇ ਫਲਦਾ ਹੈ ਨਾਂਹ, ਲੰਗਰ ਚਲਦਾ ਹੈ, ਜਿਥੇ ਸੰਗਤ ਨੂੰ ਅਰਾਮ ਪਹੁੰਚਦਾ ਹੈ। ਹੁਣ ਗੁਰਦਵਾਰੇ ਪੈਸਾ ਜਿਆਦਾ ਹੋ ਗਿਆ, ਤੁਸੀਂ ਭਾਈ! ਇਥੇ ਹਸਪਤਾਲ ਬਣਾ ਦਿਓ, ਕੋਈ ਸਕੂਲ ਬਣਾ ਦਿਓ ਬੱਚਿਆਂ ਦਾ। ਜਿਹੜੇ ਦਾਨ ਦਿੰਦੇ ਉਨ੍ਹਾਂ ਦਾ ਭਲਾ ਕਰਨਾ ਵੀ ਤੁਹਾਡਾ ਫਰਜ਼ ਹੈ। ਸਹੀ ਥਾਂ ਲਾ ਕੇ। ਤੁਹਾਨੂੰ ਵਾਹਿਗੁਰੂ ਨੇ ਲਾਇਆ ਹੈ ਡਿਊਟੀ ਦੇ ਉਤੇ। ਆਪਣਾ ਨਾਉਂ ਨਾ ਹੋਣ ਦਿਓ ਬਿਲਕੁਲ ਹੀ, ਕਹੋ ਹੀ ਨਾ ਕੁਝ ਵੀ ਕਿਸੇ ਨੂੰ, ਡਿਊਟੀ ਕਰੋ ਹੀ ਨਾ।

ਹੁਣ ਸਾਡੇ ਰਤਵਾੜੇ ਸਾਹਿਬ 3 ਡਿਸਪੈਂਸਰੀਆਂ ਚਲਦੀਆਂ ਨੇ, ਦੋਹਾਂ ਦਾ ਖਰਚਾ ਅਸੀਂ ਦਿੰਦੇ ਹਾਂ, ਇਕ ਸਰਕਾਰ ਨੇ ਲਾ ਦਿੱਤੀ ਸਾਡੇ ਨਾਲ ਹੀ ਕਿ ਚਲੋ! ਤੁਸੀਂ ਐਨਾ ਕਰਦੇ ਹੋ ਅਸੀਂ ਹਸਪਤਾਲ ਹੀ ਇਥੇ ਬਣਾ ਦਿੰਦੇ ਹਾਂ, ਉਹ ਡੰਗਰਾਂ ਵਾਲਾ ਡਾਕਟਰ ਵੀ ਉਥੇ ਲਿਆ ਕੇ ਬਿਠਾ ਦਿੱਤਾ, ਕਮਰੇ ਅਸੀਂ ਦੇ ਦਿੱਤੇ। ਦੂਜੇ ਡਾਕਟਰ ਨੇ ਸਾਡੇ ਉਹ ਸਭ ਇਲਾਜ ਕਰਦੇ ਨੇ, ਹੱਡੀਆਂ ਵਾਲੇ ਆਉਂਦੇ ਨੇ, ਦੂਜੇ ਆਉਂਦੇ ਨੇ। ਉਹ ਜਿਨ੍ਹਾਂ ਕੋਲ ਪੈਸਾ ਨਹੀਂ ਉਹ ਉਥੇ ਸਾਡੇ ਕੋਲ ਮੁਫਤ ਇਲਾਜ ਕਰਦੇ ਨੇ, ਜੇ ਤੁਸੀਂ ਜਾਓ ਤਾਂ 100/- ਰੁ: ਗੱਲ ਕਰਨ ਦਾ ਲੈਣਗੇ। ਸਮਾਗਮ ਦੇ ਵਿਚ 12,000 ਤੋਂ ਵੱਧ ਮਰੀਜ਼ਾਂ ਨੂੰ ਮੁਫਤ ਦੇਖਿਆ ਜਾਂਦਾ ਹੈ। ਲੰਗਰ ਚਲਦਾ ਹੈ ਬਿਨਾ ਰੁਕੇ ਹੈ, ਕੋਈ ਮੌਕਾ ਐਸਾ ਨਹੀਂ ਹੈ ਕਿ ਜੇ ਕੋਈ ਬੰਦਾ ਆਵੇ ਕਹੇ ਜੀ ਪ੍ਰਸ਼ਾਦੇ, ਤਾਂ ਪ੍ਰਸ਼ਾਦਾ ਤਿਆਰ-ਬਰ-ਤਿਆਰ ਪਿਆ ਹੈ। ਫਕੇ ਪਏ ਨੇ ਗਰਮ ਨਿਕਲਦੇ ਨੇ, ਜਦੋਂ ਜੀਅ ਕਰਦਾ ਹੈ ਛਕ ਲਓ ਆ ਕੇ।

ਇਕ ਨਹੀਂ ਅਨੇਕਾਂ ਗੱਲਾਂ ਚਲ ਰਹੀਆਂ ਨੇ। ਮੇਰੇ ਤਾਂ ਯਾਦ ਹੀ ਨਹੀਂ ਹਨ। ਸਿੰਘਾਂ ਦੇ ਯਾਦ ਨੇ ਕਿ ਆਹ ਵੀ ਚਲਾ ਰਹੇ ਹਾਂ ਆਪਾਂ, ਆਹ ਵੀ ਚਲਾ ਰਹੇ ਹਾਂ। ਆਹ ਮੈਗਜ਼ੀਨ ਹੀ ਹੈ। ਇਸ ਦੇ ਵਿਚ ਕੋਈ ਮਾਲਕ ਨਹੀਂ ਹੈ ਜੇ ਕਹੋ ਜੀ, ਬਾਬਾ ਜੀ ਮਾਲਕ ਹੈ, ਮੈਂ ਤਾਂ ਹਾਂ ਨਹੀਂ। ਮੈਂ ਤਾਂ ਪਿਛੇ ਨੂੰ ਹਟਦਾ ਜਾਂਦਾ ਹਾਂ ਕਿ ਲੇਖ ਲੈ ਲਿਆ ਕਰੋ ਮੇਰੇ ਤੋਂ, ਚਲਾਓ ਆਪ। ਜੇ ਤੁਹਾਨੂੰ ਘਾਟਾ ਪੈਂਦਾ ਹੈ ਤਾਂ ਮੈਂ ਪੈਸੇ ਭਰ ਦਿਆ ਕਰਾਂਗਾ, ਮੈਨੂੰ ਦਸ ਦਿਓ ਕਿ ਐਨਾ ਘਟ ਗਿਆ, ਮੈਥੋਂ ਪੈਸੇ ਲਿਆ ਕਰੋ। ਉਹ ਤੁਹਾਡੇ ਜਿਹੜੇ ਦਾਨ ਆਉਂਦੇ ਨੇ ਉਹ ਐਨੇ ਸੋਧ ਕੇ ਅਸੀਂ ਲਾਉਂਦੇ ਹਾਂ ਕਿ ਇਕ ਦਾ ਲੱਖ ਬਣੇ। ਥੋੜ੍ਹਾ ਜਿਹਾ ਵੀ ਜਿਸ ਨੇ ਦਿੱਤਾ ਉਨ੍ਹਾਂ ਦੀਆਂ ਕਮਾਈਆਂ ਵਿਚ ਬਰਕਤਾਂ ਪੈ ਗਈਆਂ।

ਆਹ ਜਿਹੜੀ ਟਰੱਕ ਯੂਨੀਅਨ ਹੈ ਮੋਹਾਲੀ ਦੀ। ਮੈਂ ਕਿਹਾ ਤੁਸੀਂ ਸ਼ਰਾਬ ਛੱਡ ਦਿਓ, ਸੇਵਾ ਕਰੋ, ਆਹ ਟਰੱਕ ਆਏ ਹੋਏ ਨੇ ਉਨ੍ਹਾਂ ਦੇ। ਥੋੜ੍ਹੇ ਸਾਲਾਂ ਵਿਚ ਦੇਖ ਲਿਓ ਤੁਹਾਡੇ ਸਾਰਿਆਂ ਕੋਲ ਕਾਰਾਂ ਹੋਣਗੀਆਂ। ਹੁਣ ਜਾ ਕੇ ਦੇਖ ਲਓ ਕਾਰਾਂ ਹੀ ਕਾਰਾਂ, ਕਾਰਾਂ ਵਾਲੀ ਯੂਨੀਅਨ ਕਹਿੰਦੇ ਨੇ ਇਸ ਨੂੰ। ਆਹ ਸਿੰਘ ਬੈਠੇ ਨੇ ਵਿਚ, ਸਭ ਕੋਲ ਕਾਰਾਂ ਹੋ ਗਈਆਂ ਉਹ ਇਕ-ਇਕ ਦੇ 7-7, 10-10, 20-20 ਟਰੱਕ ਕਿਉਂ ਹੋ ਗਏ? ਸੇਵਾ ਕਰ ਰਹੇ ਨੇ, ਦਾਨ ਕਰ ਰਹੇ ਨੇ। ਦਾਨ ਦਿੱਤਾ ਹੋਇਆ ਕਦੇ ਨਿਹਫਲ ਨਹੀਂ ਜਾਂਦਾ ਹੈ। ਮਾੜੇ ਥਾਂ ਦਿੱਤਾ ਹੋਇਆ ਲੈਣ ਵਾਲੇ ਨੂੰ ਤਾਂ ਪਾਪ ਹੁੰਦਾ ਹੀ ਹੈ, ਦੇਣ ਵਾਲੇ ਨੂੰ ਵੀ ਪਾਪ ਹੁੰਦਾ ਹੈ।

ਸੋ ਮਹਾਰਾਜ ਕਹਿੰਦੇ -

***ਦਾਨ ਦਯੋ ਇਨਹੀ ਕੋ ਭਲੋ,***
***ਅਰੁ ਆਨ ਕੋ ਦਾਨ ਨ ਲਾਗਤ ਨੀਕੋ॥***
***ਆਗੈ ਫਲੈ ਇਨ ਹੀ ਕੋ ਦਯੋ,***
***ਜਗ ਮੈ ਜਸੁ, ਅਉਰ ਦਯੋ ਸਭ ਫੀਕੋ॥***
***ਮੋ ਗ੍ਰਿਹਿ ਮੈ ਤਨ ਤੇ ਮਨ ਤੇ,***
***ਸਿਰ ਲਉ ਧਨ ਹੈ ਸਭਹੀ ਇਨਹੀ ਕੋ॥***
***ਗਿਆਨ ਪ੍ਰਬੋਧ ਪਾ: ੧੦***

ਮਹਾਰਾਜ ਕਹਿੰਦੇ, "ਅਸੀਂ ਵੀ ਦਾਨ ਕਰਦੇ ਹਾਂ, ਅਸੀਂ ਆਪਣਾ ਸੀਸ ਵੀ ਦਾਨ ਕੀਤਾ, ਆਪਣੇ ਬੱਚੇ ਵੀ ਦਾਨ ਕਰੇ, ਪਿਤਾ ਵੀ ਦਾਨ ਕਰਿਆ, ਮਾਤਾ ਨੂੰ ਵੀ ਦਾਨ ਕਰਿਆ। ਤੁਸੀਂ ਤਾਂ ਪੈਸੇ ਦਿੰਦੇ ਹੋ ਅਸੀਂ ਤਾਂ ਸਰੀਰ ਵੀ ਨਾਲ ਹੀ ਦਾਨ ਕਰ ਦਿੱਤੇ। ਮਨ ਵੀ ਦੇ ਦਿੱਤਾ, ਤਨ ਵੀ ਦੇ ਦਿੱਤਾ ਤੇ ਧਨ ਵੀ ਦੇ ਦਿੱਤਾ, ਸਾਰਾ ਕੁਝ ਕਿਉਂ ਇਹ ਬ੍ਰਹਮਗਿਆਨੀ ਆਪਣਾ ਆਪਾ ਵਾਰ ਰਹੇ ਨੇ -

***ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ,***
***ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥***

*ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ,*
*ਇਨਹੀ ਕ੍ਰਿਪਾ ਫੁਨ ਧਾਮ ਭਰੇ॥*
*ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ*
*ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥*
*ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,*
*ਨਹੀ ਮੋ ਸੇ ਗਰੀਬ ਕਰੋਰ ਪਰੇ॥*

*ਗਿਆਨ ਪ੍ਰਬੋਧ ਪਾ:੧੦*

ਕਿੱਡੀ ਵੱਡੀ ਬਾਤ ਮਹਾਰਾਜ ਜੀ ਨੇ ਫੁਰਮਾਨ ਕਰ ਦਿੱਤੀ। ਪਿਆਰਿਓ! ਜਿਸ ਗੁਰੂ ਦੇ ਅਸੀਂ ਲੜ ਲੱਗੇ ਹਾਂ, ਸਮਝੋ ਕਿ ਗੁਰੂ ਕਿਹੋ ਜਿਹਾ ਸੀ। ਉਨ੍ਹਾਂ ਨੇ ਫੁਰਮਾਨ ਕੀਤਾ ਕਿ ਖਾਲਸਾ ਜੇ ਤੁਸੀਂ ਉਵੇਂ ਹੀ ਰਹੇ ਜਿਵੇਂ ਅਸੀਂ ਹੁਣ ਤੁਹਾਨੂੰ ਉਤਪਨ ਕਰਿਆ ਹੈ ਫੇਰ ਕੀ ਹੋਏਗਾ? ਗੁਰੂਆਂ ਦਾ ਸਾਰਾ ਤੇਜ, ਸਾਰੀਆਂ ਸ਼ਕਤੀਆਂ ਤੁਹਾਡੇ ਵਿਚ ਰਹਿਣਗੀਆਂ। ਇਉਂ ਪੜ੍ਹ ਲਓ –

*ਧਾਰਨਾ – ਦਿੱਤਾ ਖਾਲਸਾ ਤੈਨੂੰ*
*ਤੇਜ ਆਪਣਾ ਮੈਂ –2, 2.*
*ਤੇਜ ਆਪਣਾ ਮੈਂ ਤੈਨੂੰ ਤੇਜ ਆਪਣਾ ਮੈਂ –2, 2.*
*ਦਿੱਤਾ ਖਾਲਸਾ ਤੈਨੂੰ ਤੇਜ ਆਪਣਾ ਮੈਂ......... –2.*

*ਜਬ ਲਗ ਖਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈਂ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨ ਕਰੋਂ ਇਨ ਕੀ ਪ੍ਰਤੀਤ॥*

*(ਸਰਬ ਲੋਹ ਗ੍ਰੰਥ 'ਚੋਂ)*

ਦੋਏ ਗੱਲਾਂ ਦੱਸ ਦਿੱਤੀਆਂ ਮਹਾਰਾਜ ਨੇ। ਜਦੋਂ ਤੱਕ ਤੂੰ ਬੰਦਗੀ ਕਰੇਂਗਾ, ਸਾਰੀ ਸ੍ਰਿਸ਼ਟੀ ਨੂੰ ਪ੍ਰਮੇਸ਼ਰ ਦਾ ਰੂਪ ਸਮਝੇਂਗਾ, ਸਾਰੀ ਸ੍ਰਿਸ਼ਟੀ ਦੇ ਵਾਸਤੇ ਕਹੇਂਗਾ ਕਿ–

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥*

*ਅੰਗ – 853*

ਤੇਰਾ ਚਰਿੱਤਰ ਨਿਆਰਾ ਰਹੇਗਾ, ਗਰੀਬਾਂ ਦਾ ਮਿੱਤਰ ਰਹੇਂਗਾ, ਦੀਨਾਂ ਦਾ ਸਹਾਈ ਰਹੇਂਗਾ, ਉਸ ਵੇਲੇ ਤੈਨੂੰ, ਮੈਂ ਉਚਾ ਚਰਿੱਤਰ ਦਿੱਤਾ ਹੈ। ਜੇ ਇਸ ਚਰਿੱਤਰ ਨੂੰ ਕਾਇਮ ਰੱਖੇਂ ਤਾਂ ਮੇਰਾ ਤੇਜ, ਗੁਰੂਆਂ ਦਾ ਤੇਜ ਤੇਰੇ ਵਿਚ ਵਰਤੇਗਾ।

ਮਹਾਤਮਾ ਦਾ ਕੀ ਫਰਕ ਹੁੰਦਾ ਹੈ? ਜਿਹੜੇ ਬੰਦਗੀ ਕਰਦੇ ਨੇ ਕਿੰਨਾ ਜਲਾਲ ਤੇ ਤੇਜ ਹੁੰਦਾ ਹੈ। ਹੁਣੇ ਸੰਤਾਂ ਨੇ ਦੱਸੇ ਸੀ ਬਹੁਤ ਸਾਰੇ ਬਚਨ। ਉਹ ਦਿਖਾਉਂਦੇ ਨਹੀਂ ਹੁੰਦੇ ਸੰਤ ਕਦੇ ਵੀ, ਸਮਾਅ ਕੇ ਰੱਖਦੇ ਨੇ, ਜਰ ਕੇ ਰਖਦੇ ਨੇ, ਭਲਾ ਕਰਦੇ ਨੇ ਸੰਸਾਰ ਦਾ, ਅੰਦਰ ਤੇਜ ਹੁੰਦਾ ਹੈ ਪੂਰਾ, ਜਮਦੂਤ ਦੀ ਤਾਕਤ ਨਹੀਂ ਕਿ ਆ ਜਾਵੇ। ਜਿਹੜੇ ਸੇਵਾ ਕਰਦੇ ਨੇ –

***ਸਾਧਸੰਗਿ ਧਰਮ ਰਾਇ ਕਰੇ ਸੇਵਾ॥ ਅੰਗ - 271***

ਧਰਮਰਾਜ ਡਰਦਾ ਸੇਵਾ ਕਰਦਾ ਹੈ ਕਿ ਇਹ ਸਾਧੂਆਂ ਦੀ ਸੰਗਤ ਵਿਚ ਰਹਿੰਦਾ ਸੀ।

***ਸਾਧ ਕੈ ਸੰਗਿ ਸੋਭਾ ਸੁਰਦੇਵਾ॥ ਅੰਗ - 271***

ਦੇਵਤਿਆਂ ਦੇ ਦੇਸ਼ ਵਿਚ ਸੋਭਾ ਹੋਣ ਲੱਗ ਜਾਂਦੀ ਹੈ, ਜਿਹੜੇ ਜੁੜੇ ਹੋਏ ਨੇ। ਜਿਹੜੇ ਟੁੱਟੇ ਹੋਏ ਨੇ ਮਹਾਰਾਜ ਕਹਿੰਦੇ ਇਹ ਤਾਂ ਖਿਲਰੇ ਫਿਰਦੇ ਨੇ। ਵਿਸ਼ਟਾ ਦੇ ਜੀਵ ਵਿਸ਼ਟਾ ਵਿਚ ਹੀ ਫੇਰ ਸਮਾਅ ਜਾਣਾ ਹੈ ਇਨ੍ਹਾਂ ਨੇ ਕਿਉਂਕਿ ਇਨ੍ਹਾਂ ਦੇ ਭਾਗ ਵਿਚ ਹੈ ਨਹੀਂ ਇਹ ਚੀਜ਼ਾਂ।

ਸੋ ਮਹਾਰਾਜ ਜੀ ਨੇ ਇਕ ਦਿਨ ਕਰ ਕੇ ਦਿਖਾਇਆ ਕੌਤਕ ਕਿ ਭਾਈ ਬਚਿੱਤਰ ਸਿੰਘ ਇਕ ਬਹੁਤ ਵੱਡਾ ਸ਼ੇਰ ਮਾਰ ਕੇ ਲਿਆਇਆ।

ਮਹਾਰਾਜ ਕਹਿੰਦੇ, "ਇਸ ਦੀ ਖੱਲ ਬੜੇ ਧਿਆਨ ਨਾਲ ਲਾਹਿਓ।"

ਉਹ ਲਾਹ ਲਈ ਤੇ ਇਕ ਖੋਤਾ ਫੜ ਲਿਆ ਤੇ ਉਸ ਦੇ ਉਤੇ ਚਾੜ੍ਹ ਦਿੱਤੀ। ਉਸ ਖੋਤੇ ਨੂੰ ਖੇਤਾਂ ਵਿਚ ਛੱਡ ਦਿੱਤਾ ਕਣਕਾਂ ਖੜ੍ਹੀਆਂ ਸੀ, ਫਸਲਾਂ ਖੜ੍ਹੀਆਂ ਸੀ। ਉਸ ਨੇ ਕਿਹਾ ਮੌਜਾਂ ਬਣੀਆਂ, ਖੋਤਾ ਕਦੇ ਵੀ ਮੁੜ ਕੇ ਘਰ ਨੂੰ ਨਹੀਂ ਜਾਂਦਾ ਪ੍ਰਤਿਆ ਕੇ ਦੇਖ ਲਓ, ਉਸਨੂੰ ਕੰਨ ਤੋਂ ਫੜ ਕੇ ਲੈ ਜਾਣਾ ਪੈਂਦਾ ਹੈ। ਘੋੜਾ ਆ ਜਾਂਦਾ ਹੁੰਦਾ ਹੈ ਥੋੜ੍ਹਾ ਬਹੁਤਾ ਘੁੰਮ-ਘੁੰਮਾ ਕੇ, ਖੋਤਾ ਨਹੀਂ ਕਦੇ ਵੀ ਆਉਂਦਾ। ਉਸ ਨੂੰ ਤਾਂ ਮੌਜਾਂ ਹੀ ਬਣ ਗਈਆਂ ਨੇੜੇ ਕੋਈ ਜਾਵੇ ਨਾ। ਮੌਜ ਨਾਲ ਖਾਵੇ, ਮੌਜ ਨਾਲ ਬੈਠੇ, ਨਾ ਉਥੇ ਕੋਈ ਸੱਟ ਨਾ ਡੰਡੇ। ਉਹ ਵਿਚਾਰਾ ਲਭਦਾ ਫਿਰੇ ਜਿਹੜਾ ਇਸ ਦਾ ਮਾਲਕ ਸੀ।

ਅਖੀਰ ਸ਼ੇਰ ਦੀ ਦੁਹਾਈ ਮਚ ਗਈ ਕਿ ਮਹਾਰਾਜ ਖੇਤਾਂ ਵਿਚ ਸ਼ੇਰ ਆ ਗਿਆ, ਪਾਣੀ ਅਸੀਂ ਕਿਵੇਂ ਲਾਈਏ, ਗੁਡਾਈ ਅਸੀਂ ਕਿਵੇਂ ਕਰੀਏ, ਸਾਡਾ ਤਾਂ ਕੰਮ ਖੜ੍ਹ ਗਿਆ।

ਮਹਾਰਾਜ ਕਹਿੰਦੇ, "ਐਨੇ ਬੰਦੇ ਹੋ, ਤੁਸੀਂ ਇਕੱਠੇ ਹੋ ਕੇ ਘੇਰ ਲਓ।"

ਕਹਿੰਦੇ, "ਜਿਹਦੇ ਵੱਲ ਪੈ ਗਿਆ, ਮਹਾਰਾਜ! ਉਹ ਤਾਂ ਬਚਦਾ ਨਹੀਂ। ਤੁਸੀਂ ਕੋਈ ਸਿੰਘ ਭੇਜ ਦਿਓ।"

ਮਹਾਰਾਜ ਕਹਿੰਦੇ, "ਸਾਡੇ ਸਿੰਘ ਵਾਧੂ ਆਏ ਹੋਏ ਨੇ? ਤੁਸੀਂ ਕਰੋ ਹਿੰਮਤ।"

ਕਿਸੇ ਦੀ ਹਿੰਮਤ ਨਾ ਪਈ, ਜਦੋਂ ਬਾਰ-ਬਾਰ ਬੇਨਤੀਆਂ ਕਰੀਆਂ ਤਾਂ ਮਹਾਰਾਜ ਨੇ ਇਸ਼ਾਰਾ ਕਰਿਆ।

ਕਹਿੰਦੇ, "ਗੋਲੀ ਵਗੈਰਾ ਨਾ ਮਾਰਿਓ, ਉਸ ਦੇ ਕੰਨ ਤੋਂ ਫੜ ਕੇ ਲੈ ਆਓ। ਡੰਡੇ ਮਾਰਿਓ, ਦੋ ਤਿੰਨ ਡੰਡੇ ਚੰਗੇ ਲਾ ਦਿਓ ਪਿੱਠ ਤੇ।"

ਉਨ੍ਹਾਂ ਨੇ ਜਾ ਕੇ ਡੰਡੇ ਲਾ ਦਿੱਤੇ, ਅੱਗੇ ਆਉਂਦੇ ਸੀ ਗਧੇ, ਉਹ ਬੋਲਣ ਲੱਗ ਗਏ, ਇਹ ਵੀ ਬੋਲਣ ਲੱਗ ਗਿਆ, ਪਤਾ ਲੱਗ ਗਿਆ ਕਿ ਇਹ ਤਾਂ ਗਧਾ ਸੀ। ਜਿਹੜਾ ਮਾਲਕ ਸੀ ਉਸ ਨੇ ਬੋਲ ਪਛਾਣ ਲਿਆ ਕਿ ਇਹ ਤਾਂ ਮੇਰਾ ਗਧਾ ਹੈ।

ਕਹਿੰਦਾ, "ਇਹ ਤਾਂ ਮੇਰਾ ਗਧਾ ਹੈ। ਆਹ ਸ਼ੇਰ ਦੀ ਖੱਲ ਤੁਸੀਂ ਲੈ ਜਾਓ, ਗਧਾ ਮੇਰਾ ਮੋੜ ਜਾਓ।"

ਸੰਗਤ ਵਿਚ ਸਾਰੇ ਹੀ ਦੇਖ ਰਹੇ ਸੀ ਕਿ ਅੱਜ ਸਿੰਘ ਕਿਵੇਂ ਸ਼ੇਰ ਨੂੰ ਫੜਦੇ ਨੇ।

ਜਦੋਂ ਲੈ ਆਏ ਤਾਂ ਬੜਾ ਹਾਸਾ ਪਿਆ।

ਪੁੱਛਣ ਲੱਗੇ, "ਸੱਚੇ ਪਾਤਸ਼ਾਹ! ਇਹ ਕੀ ਕੌਤਕ ਹੈ?"

ਕਹਿੰਦੇ, "ਤੁਸੀਂ ਯਾਦ ਰੱਖ ਲਓਗੇ? ਜਿਹੜੇ ਤੁਹਾਡੇ ਤੋਂ ਮਗਰੋਂ ਆਉਣਗੇ ਉਨ੍ਹਾਂ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ। ਅਸੀਂ ਤੁਹਾਨੂੰ ਅਕਾਲ ਪੁਰਖ ਦੀ ਗੋਦੀ ਵਿਚ ਬਿਠਾਇਆ ਹੈ – 'ਖੜਗ ਕੇਤ' ਦੀ ਗੋਦ ਵਿਚ ਤੇਜ਼ ਦਿੱਤਾ ਹੈ ਤੁਹਾਨੂੰ ਪੂਰਾ, ਦੁਨੀਆਂ ਦਾ ਸਰਦਾਰ ਬਣਾਇਆ ਹੈ। ਜੇ ਤਾਂ ਤੁਸੀਂ ਬੰਦਗੀ ਕਰਦੇ ਰਹੇ, ਨਾਮ ਜਪਦੇ ਰਹੇ, ਪਰਉਪਕਾਰ ਕਰਦੇ ਰਹੇ, ਸੇਵਾ ਕਰਦੇ ਰਹੇ, ਨਿਰਮਾਣ ਹੋ ਕੇ ਸੰਸਾਰ ਨਾਲ ਵਰਤੇ, ਪਿਆਰਿਓ। ਫੇਰ ਤੁਹਾਡਾ ਇਹ ਤੇਜ ਕਾਇਮ ਰਹੇਗਾ।

ਜੇ ਤੁਸੀਂ ਖੋਤਿਆਂ ਵਾਲੀਆਂ ਗੱਲਾਂ ਕਰਨ ਲੱਗ ਗਏ, ਫੇਰ ਤੁਹਾਡਾ ਉਤੋਂ-ਉਤੋਂ ਦਿਖਾਵਾ ਰਹਿ ਜਾਏਗਾ, ਵਿਚੋਂ ਖਤਮ ਹੋ ਜਾਏਗਾ, ਜਦੋਂ ਪਤਾ ਲੱਗ ਗਿਆ ਕਿ ਇਹ ਤਾਂ ਖੋਤੇ ਨੇ, ਫੇਰ ਤੁਹਾਡੇ ਤੇ ਛੱਟ ਵੀ ਪੈ ਜਾਊ।

ਸਭ ਨੇ ਨੀਵੀਆਂ ਪਾ ਲਈਆਂ ਕਿ ਸੱਚੇ ਪਾਤਸ਼ਾਹ! ਤੁਹਾਡੀ ਕਿਰਪਾ ਹੋਵੇ ਤਾਂ ਰਹਿ ਸਕਦੇ ਹਾਂ।

ਇਕ ਦਿਨ ਮਹਾਰਾਜ ਕਹਿੰਦੇ ਅੱਜ ਸ਼ਿਕਾਰ ਜਾਣਾ ਹੈ ਭਾਈ ਕੁੱਤੇ ਲੈ ਕੇ। ਕੁੱਤੇ ਲੈ ਕੇ ਚਲੇ ਗਏ। ਚੌਲ ਬਣਾ ਲਏ ਤੇ ਉਥੇ ਸ਼ਿਕਾਰ ਲਈ ਨਠਾਈ ਗਏ ਕੁੱਤਿਆਂ ਨੂੰ, ਫੇਰ ਫੜ ਲਏ, ਦੁਪਹਿਰ ਹੋ ਗਿਆ, ਪ੍ਰਸ਼ਾਦੇ ਦਾ ਸਮਾਂ ਹੋ ਗਿਆ।

ਕਹਿੰਦੇ, "ਲੈ ਭਾਈ! ਪਹਿਲਾਂ ਕੂਕਰਾਂ ਨੂੰ ਰਜਾ ਦਿਓ। ਦੇਗਾ ਜਿਹੜਾ ਲਿਆਏ ਹੋ ਵੱਡਾ, ਉਹ ਢੇਰੀ ਕਰ ਦਿਓ ਇਥੇ।"

ਢੇਰੀ ਕਰ ਦਿੱਤਾ।

ਕਹਿੰਦੇ, "ਛੱਡ ਦਿਓ ਕੂਕਰ।"

ਕੂਕਰ ਛੱਡੇ। ਉਨ੍ਹਾਂ ਵਿਚੋਂ ਚੌਲਾਂ ਤੱਕ ਤਾਂ ਕੋਈ ਜਾਂਦਾ ਹੀ ਨਹੀਂ, ਆਪਸ ਵਿਚ ਹੀ ਲੜੀ ਜਾਂਦੇ ਨੇ, ਜਖਮੀ ਹੋ ਗਏ ਖੂਨ ਚੱਲਣ ਲੱਗ ਗਿਆ। ਜਿਹੜੇ ਚੌਲਾਂ ਦੇ ਨੇੜੇ ਗਏ, ਉਹ ਚੌਲਾਂ ਤੇ ਸੁੱਟ ਦਿੱਤੇ, ਮਿੱਟੀ ਪੈ ਗਈ, ਚੌਲ ਖਾਣ

ਵਾਲੇ ਹੀ ਨਾ ਰਹੇ।

ਅਖੀਰ ਮਹਾਰਾਜ ਕਹਿੰਦੇ, "ਫੜ ਲਓ ਹੁਣ, ਬਹੁਤ ਲਹੂ-ਲੁਹਾਨ ਹੋ ਗਏ।"

ਕਹਿੰਦੇ, "ਦੇਖੋ ਪਿਆਰਿਓ! ਜਦੋਂ ਤੁਸੀਂ ਬੰਦਗੀ ਕਰੋਗੇ, ਨਾਮ ਜਪੋਗੇ ਤੁਹਾਡਾ ਚਰਿੱਤਰ ਨਿਆਰਾ ਰਹੇਗਾ, ਤੁਹਾਨੂੰ ਸਰਦਾਰੀ ਮਿਲੀ ਰਹੇਗੀ, ਰਾਜ ਵੀ ਮਿਲਿਆ ਰਹੇਗਾ, ਤੁਸੀਂ ਸਰਦਾਰ ਹੋਵੋਗੇ ਸੰਸਾਰ ਦੇ, ਪਰ ਜਦੋਂ ਤੁਸੀਂ ਇਸ ਤਰ੍ਹਾਂ ਦੇ ਨਾਲ ਆਹ ਕੂਕਰ ਬਿਰਤੀ ਧਾਰਨ ਕਰ ਲਈ ਕਿ ਨਾ ਆਪ ਖਾਣਾ ਹੈ ਨਾ ਕਿਸੇ ਨੂੰ ਖਾਣ ਦੇਣਾ ਹੈ, ਫੇਰ ਤੁਹਾਡਾ ਹਾਲ ਆਹੀ ਹੋਏਗਾ। ਜੇ ਵਰਤ ਲਓਗੇ ਤਾਂ ਰਾਜ-ਭਾਗ ਤੁਹਾਡੇ ਕੋਲ ਰਹੇਗਾ, ਜੇ ਕੁਤਿਆਂ ਵਾਂਗ ਲੜੇ, ਫੇਰ ਤੁਸੀਂ ਲਹੂ-ਲੁਹਾਨ ਹੋ ਜਾਓਗੇ। ਤੁਹਾਨੂੰ ਕਿਤੇ ਵੀ ਕਾਮਯਾਬੀ ਨਹੀਂ ਮਿਲੇਗੀ।"

ਸੋ ਇਸੇ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਨੇ ਦੁਨਿਆਵੀ ਸਿਖਿਆਵਾਂ ਵੀ ਦਿੱਤੀਆਂ ਤੇ ਨਾਲ ਰੂਹਾਨੀ ਦੇ ਕੇ ਕਿਹਾ ਕਿ ਇਹ ਜਿਹੜਾ ਅੰਮ੍ਰਿਤ ਤੁਹਾਨੂੰ ਛਕਾਇਆ ਹੈ ਨਾਂਹ। ਹੁਣ ਤੁਸੀਂ ਸਾਧਨਾ ਕਰਿਓ। ਆਹ ਬਾਬਾ ਜੀ ਨੇ ਮੇਰੇ ਆਉਣ ਤੋਂ ਪਹਿਲਾਂ ਬਹੁਤ ਕੁਝ ਦਸ ਦਿੱਤਾ। ਜੇ ਸਮਾਂ ਹੁੰਦਾ ਤਾਂ ਇਨ੍ਹਾਂ ਨੇ ਹੋਰ ਵੀ ਦਸਣਾ ਸੀ। ਉਥੇ ਆ ਜਾਇਓ ਰਤਵਾੜਾ ਸਾਹਿਬ, ਇਹ ਬਚਨ ਕਰਦੇ ਹੀ ਰਹਿੰਦੇ ਨੇ, ਸਮਾਗਮ ਵਿਚ ਤਾਂ ਪੰਜੇ ਹੀ ਦਿਨ ਰਹਿੰਦੇ ਨੇ। ਸੰਤਾਂ ਦੀ ਸੰਗਤ ਤਾਂ ਭਲੀ-ਹੀ-ਭਲੀ ਹੈ, ਲਭਦਾ ਹੀ ਹੈ ਕੁਝ, ਗੁਆ ਨਹੀਂ ਹੁੰਦਾ। ਇਨ੍ਹਾਂ ਦੀ ਸੰਗਤ ਵਿਚ 'ਜੋ ਕੀਨੇ ਸੋ ਲਾਭ'

***ਕਬੀਰ ਏਕ ਘੜੀ ਆਧੀ ਘਰੀ***
***ਆਧੀ ਹੂੰ ਤੇ ਆਧ॥***
***ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥***

***ਅੰਗ - 1378***

ਸਾਰਾ ਦੱਸ ਦਿੱਤਾ। ਮਹਾਰਾਜ ਕਹਿੰਦੇ ਤੁਸੀਂ ਰਸਨਾ ਨਾਲ ਵੀ ਨਾਮ ਜਪਣਾ ਹੈ, ਸਵਾਸ ਨਾਲ ਵੀ ਜਪਣਾ ਹੈ, ਧੁਨ ਨਾਲ ਵੀ ਜਪਣਾ ਹੈ, ਅੰਦਰਲੇ ਅਨਹਦ ਸ਼ਬਦ ਦੀ ਮਦਦ ਨਾਲ ਵੀ ਜਪਣਾ ਹੈ ਤੇ ਹੌਲੀ-ਹੌਲੀ, ਤਰੱਕੀ ਕਰਦੇ-ਕਰਦੇ ਐਸੀ ਅਵਸਥਾ ਤੁਹਾਡੇ ਵਿਚ ਆ ਜਾਣੀ ਹੈ ਕਿ ਹਰ ਥਾਂ ਦੇ ਉਤੇ ਨਾਮ ਹੀ ਨਾਮ ਸੁਣਾਈ ਦੇਣਾ ਹੈ ਕਿਉਂਕਿ ਨਾਮ ਪਰੀਪੂਰਨ ਹੈ। ਉਹ ਇਕ ਸ਼ਬਦ ਹੈ ਜਿਹੜਾ ਸਾਰੇ ਸੰਸਾਰ ਦੇ ਵਿਚ ਫੈਲਿਆ ਹੋਇਆ ਹੈ -

***ਪ੍ਰਥਮ ਓਅੰਕਾਰ ਤਿਨ ਕਹਾ॥***
***ਸੋ ਧੁਨ ਪੂਰ ਜਗਤ ਮੋ ਰਹਾ॥***

ਖਤਮ ਤਾਂ ਨਹੀਂ ਹੋਈ ਨਾਮ ਦੀ ਧੁਨ, ਸਮਾ ਗਈ, ਦਰਖਤਾਂ ਵਿਚ ਵੀ ਸਮਾਂ ਗਈ, ਬੰਦਿਆਂ ਵਿਚ ਵੀ ਸਮਾ ਗਈ। ਮਹਾਰਾਜ ਕਹਿੰਦੇ, ਜਿਨ੍ਹਾਂ ਦੇ ਅੰਦਰ ਸੁਰਜੀਤੀ ਆ ਗਈ ਉਹ ਦਰਖਤ ਵਿਚੋਂ ਵੀ ਨਾਮ ਸੁਣ ਲੈਂਦੇ ਨੇ -

*ਧਰਤਿ ਪਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ*
*ਸਭ ਹਰਿ ਹਰਿ ਨਾਮੁ ਧਿਆਵੈ ਰਾਮ॥*

***ਅੰਗ - 540***

ਸੁਆਮੀ ਜੀ ਆਪਣੇ ਅਨੁਭਵਾਂ ਵਿਚ ਲਿਖਦੇ ਨੇ ਕਿ ਇਕ ਦਿਨ ਮੈਂ ਪਿਆ ਸੀ, ਮੈਨੂੰ ਸੰਗੀਤ ਸੁਣਨ ਲੱਗ ਗਿਆ ਘਾਹ ਵਿਚੋਂ। ਮੈਂ ਕਿਹਾ ਇਹ ਕੀ ਗੱਲ ਹੋਈ। ਅੱਗੇ ਜਾ ਕੇ ਮੈਂ ਕੰਨ ਦਰਖਤ ਨਾਲ ਲਾ ਲਿਆ, ਕਹਿੰਦੇ ਉਸਦੇ ਵਿਚੋਂ ਵੀ ਸੰਗੀਤ, ਪੱਥਰ ਨਾਲ ਲਾ ਲਿਆ, ਉਸ ਦੇ ਵਿਚੋਂ ਵੀ ਸੰਗੀਤ, ਮੈਂ ਕਿਹਾ ਇਹ ਤਾਂ ਸੰਗੀਤ ਹੀ ਵੱਜ ਰਿਹਾ ਹੈ ਸਾਰੇ।

ਉਹ ਧੁਨ ਹੈ ਨਾਮ ਦੀ ਘਟ-ਘਟ ਵਿਚ ਵਿਆਪਕ -

*ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ*
*ਜਿਤੁ ਸਬਦਿ ਜਗਤੁ ਥੰਮਿ੍ ਰਹਾਇਆ॥*

***ਅੰਗ - 441***

ਜਦੋਂ ਆਦਮੀ ਦੀ ਬਿਰਤੀ ਉਥੇ ਪਹੁੰਚਦੀ ਹੈ ਉਸ ਵੇਲੇ ਮਹਿਸੂਸ ਕੀ ਹੁੰਦਾ ਹੈ? ਕਿ ਇਹ ਤਾਂ ਸਾਰਾ ਸੰਸਾਰ ਨਾਮ ਜਪਦਾ ਹੈ, ਇਉਂ ਪੜ੍ਹ ਲਓ -

*ਧਾਰਨਾ - ਨਾਮ ਹਰੀ ਦਾ ਜਪਦੇ*
*ਸਾਰੇ ਵਣਾਂ ਦੇ ਪੰਖੇਰੂ -2, 2.*

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥*

***ਅੰਗ - 1265***

ਪ੍ਰਤੱਖ ਰੂਪ ਦੇ ਵਿਚ ਧੁਨ ਸੁਣਦੀ ਹੈ ਹਰ ਥਾਂ ਤੋਂ, ਧਰਤੀ ਵਿਚੋਂ, ਆਕਾਸ਼ ਵਿਚੋਂ, ਪਤਾਲ ਵਿਚੋਂ, ਤਾਰਿਆਂ-ਸਿਤਾਰਿਆਂ ਵਿਚੋਂ ਇਕੋ ਹੀ ਧੁਨ ਨਾਮ ਦੀ। ਸੋ ਮਹਾਰਾਜ ਜੀ ਕਹਿਣ ਲੱਗੇ ਕਿ ਇਹ ਜੋ ਕਿਸੇ ਦੇ ਹਿਰਦੇ ਵਿਚ ਵਸ ਜਾਵੇ -

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*

***ਅੰਗ - 397***

ਉਹ ਪ੍ਰਮੇਸ਼ਰ ਹੀ ਹੋਇਆ ਕਰਦਾ ਹੈ। ਸੋ ਮਹਾਰਾਜ ਕਹਿੰਦੇ ਇਹ ਨਾਮ ਜਪ ਕੇ ਪਾਹੁਲ ਦੇ ਨਾਲ ਜਿਹੜਾ ਪੰਜ ਪਿਆਰਿਆਂ ਨੇ ਮੰਤਰ ਦਿੱਤਾ ਹੈ, ਤੁਸੀਂ ਨਾਮ ਦੇ ਮੰਡਲ ਵਿਚ ਪਹੁੰਚ ਜਾਓਗੇ ਤੇ ਜਿਹੜਾ ਨਾਮ ਹੈ, ਅੰਮ੍ਰਿਤ ਹੈ। ਇਸ ਨੂੰ ਤਾਂ ਖੋਜਦੇ ਨੇ -

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ॥* ***ਅੰਗ - 918***

ਉਹ ਅੰਮ੍ਰਿਤ ਹੈ ਕਿਥੇ? ਅਸੀਂ ਕਹਿੰਦੇ ਹਾਂ ਕਿ ਅਸੀਂ ਤਾਂ ਅੰਮ੍ਰਿਤ ਛਕ

ਲਿਆ। ਅੰਮ੍ਰਿਤ ਦਾ ਰਸਤਾ ਖੋਲ੍ਹਦੇ ਹਾਂ, ਅੰਮ੍ਰਿਤ ਦੇ ਰਾਹ ਤੇ ਤੁਰਦੇ ਹਾਂ। ਦੋਏ ਅੰਮ੍ਰਿਤ ਨੇ ਇਹ।

ਇਹ ਬੇਅੰਤ ਕੰਮ ਕਰਦਾ ਹੈ, ਰੋਗਾਂ ਦਾ ਖਾਤਮਾ ਕਰਦਾ ਹੈ। ਹਉਮੈ ਦਾ ਖਾਤਮਾ ਕਰਕੇ ਜੰਮਣ ਮਰਣ ਵਿਚੋਂ ਮੁਕਤ ਕਰਾ ਦਿੰਦਾ ਹੈ ਤੇ ਇਸ ਦੇ ਵਾਸਤੇ ਘਾਲ ਕਮਾਈ ਕਰਨੀ ਪੈਂਦੀ ਹੈ। ਬਿਨਾਂ ਭਾਗਾਂ ਤੋਂ ਅੰਮ੍ਰਿਤ ਨਹੀਂ ਮਿਲਦਾ ਤੇ ਅੰਦਰਲੇ ਅੰਮ੍ਰਿਤ ਕੁੰਡ ਤੱਕ ਪਹੁੰਚ ਨਹੀਂ ਸਕਦਾ।

ਜਦੋਂ ਗੁਰੂ ਨੇ ਤੁਹਾਨੂੰ ਕੁੰਜੀ ਦੇ ਦਿੱਤੀ, ਪੰਜ ਪਿਆਰਿਆਂ ਨੇ ਤੁਹਾਡੇ ਹਵਾਲੇ ਦੇਣੀ ਹੈ, ਹੈ ਗੁਰੂ ਦੀ ਕੁੰਜੀ ਗੁਰੂ ਗ੍ਰੰਥ ਸਾਹਿਬ ਦੀ ਉਹ ਟਰੱਸਟੀ ਨੇ ਪੰਜ ਪਿਆਰੇ। ਜਦੋਂ ਉਨ੍ਹਾਂ ਨੇ ਅਰਦਾਸ ਕਰਨੀ ਹੈ ਉਦੋਂ ਗੁਰੂ ਨੇ ਉਨ੍ਹਾਂ ਨੂੰ ਕੁੰਜੀ ਦੇਣੀ ਹੈ, ਇਕੱਲੇ-ਇਕੱਲੇ ਕੋਲ ਕੁੰਜੀ ਨਹੀਂ ਹੁੰਦੀ, ਸਾਂਝੀ ਹੁੰਦੀ ਹੈ ਇਕਠਿਆਂ ਪਾਸ। ਕੁੰਜੀ ਹਵਾਲੇ ਹੋ ਜਾਂਦੀ ਹੈ। ਜੇ ਤਾਂ ਹੋਣ ਮਾਇਆ ਦੇ ਪੁਜਾਰੀ, ਫੇਰ ਤਾਂ ਨਹੀਂ ਇਹ ਕਲਾ ਵਰਤਦੀ, ਜੇ ਬੰਦਗੀ ਕਰਨ ਵਾਲੇ ਨੇ ਕਲਾ ਵਰਤ ਜਾਂਦੀ ਹੈ। ਉਹ ਕਲਾ ਵਰਤ ਕੇ ਕੁੰਜੀ ਦੇ ਦਿੰਦਾ ਹੈ। ਜੇ ਤਾਂ ਕੂੰਜੀ ਦਾ ਪ੍ਰਯੋਗ ਕਰ ਲਿਆ ਤਾਂ ਤਾਂ ਪਿਆਰਿਓ! ਬੱਜਰ ਕਪਾਟ ਖੁੱਲ੍ਹ ਜਾਂਦੇ ਨੇ, ਜੇ ਨਾ ਕਰਿਆ ਘਰ ਲਿਜਾ ਕੇ ਰੱਖ ਦਿੱਤੀ, ਮੁੜ ਕੇ ਸ਼ਰਾਬਾਂ-ਕਬਾਬਾਂ, ਨਿੰਦਿਆ-ਚੁਗਲੀ, ਈਰਖਾ-ਬਖੀਲੀ ਉਹੀ ਗੱਲਾਂ ਵਿਚ ਪੈ ਗਿਆ, ਫੇਰ ਮੱਧਮ ਹੁੰਦੀ-ਹੁੰਦੀ ਮੱਧਮ ਹੋ ਜਾਂਦੀ ਹੈ। ਉਹ ਰਸ ਜਾਂਦਾ ਰਹਿੰਦਾ ਹੈ। ਦੋਸ ਇਹ ਲਗਦਾ ਹੈ ਕਿ ਉਹ ਬੇਮੁਖ ਹੋ ਜਾਂਦਾ ਹੈ ਤੇ ਉਸਦਾ ਤਰਨਾ ਹੀ ਮੁਸ਼ਕਲ ਹੋ ਜਾਂਦਾ ਹੈ। ਸੋ ਇਹ ਚਾਬੀ ਮਿਲਦੀ ਹੈ ਇਉਂ ਪੜ੍ਹ ਲਓ-

***ਧਾਰਨਾ - ਵਾਹਵਾ-ਵਾਹਵਾ***
***ਬਈ ਬਜਰ ਕਪਾਟਾਂ ਦੀ -2, 2.***
***ਕੂੰਜੀ ਅੰਮ੍ਰਿਤ ਛਕ ਕੇ ਮਿਲਦੀ,***
***ਬਜਰ ਕਪਾਟਾਂ ਦੀ -2, 2.***

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ***
***ਕੁੰਜੀ ਗੁਰ ਸਉਪਾਈ॥***
***ਅਨਿਕ ਉਪਾਵ ਕਰੇ ਨਹੀ ਪਾਵੈ***
***ਬਿਨੁ ਸਤਿਗੁਰ ਸਰਣਾਈ॥ ਅੰਗ - 205***

ਉਹ ਮੰਤਰ ਦੀ ਕੁੰਜੀ ਫੜਾ ਦਿੰਦੇ ਨੇ -

***ਜਿਨ ਵਡਿਆਈ ਤੇਰੇ ਨਾਮ ਕੀ***
***ਤੇ ਰਤੇ ਮਨ ਮਾਹਿ॥***
***ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥***
***ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ***
***ਗੁਰ ਪਰਸਾਦਿ॥***
***ਤਿਨੀ ਪੀਤਾ ਰੰਗ ਸਿਉ***
***ਜਿਨ੍ ਕਉ ਲਿਖਿਆ ਆਦਿ॥ ਅੰਗ - 1239***

ਸੋ ਇਹ ਜੋ ਅੰਮ੍ਰਿਤ ਹੈ ਮਹਾਰਾਜ ਕਹਿੰਦੇ ਪਿਆਰਿਓ! ਇਹ ਪ੍ਰਮੇਸ਼ਰ ਦਾ

ਨਾਮ ਹੈ –

***ਧਾਰਨਾ – ਸੁਣ ਮੇਰੇ ਮਨਾ***
***ਅੰਮ੍ਰਿਤ ਹਰਿ ਹਰਿ ਨਾਮ ਹੈ –2, 4.***

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੂੜੀਏ ..॥***
***ਅੰਗ – 538***

ਮਿਲਦਾ ਕਿਵੇਂ ਹੈ? ਕਹਿੰਦੇ ਗੁਰੂ ਦੀ ਮੱਤ ਧਾਰਨ ਕਰਕੇ –

............. ***ਅੰਮ੍ਰਿਤੁ ਗੁਰਮਤਿ ਪਾਏ ਰਾਮ॥***
***ਅੰਗ – 538***

ਕੰਮ ਕੀ ਕਰਦਾ ਹੈ?

***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੂੜੀਏ ਅੰਗ..॥***
***ਅੰਗ – 538***

ਮਾਇਆ ਤੇ ਹਉਮੈ ਦੀ poison (ਜ਼ਹਿਰ) ਚੜ੍ਹੀ ਹੋਈ ਹੈ ਮਨੁੱਖ ਨੂੰ –

............ ***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥***
***ਅੰਗ – 538***

ਜਦੋਂ ਅੰਮ੍ਰਿਤ ਮਿਲ ਗਿਆ ਫੇਰ ਇਹ ਵਿਹੁ ਲਹਿ ਜਾਂਦੀ ਹੈ।

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ***
***ਮਨਮੁਖਾ ਸਾਦੁ ਨ ਪਾਇਆ॥***
***ਜਿਉ ਕਸਤੂਰੀ ਮਿਰਗੁ ਨ ਜਾਣੈ***
***ਭ੍ਰਮਦਾ ਭਰਮਿ ਭੁਲਾਇਆ॥***
***ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ***
***ਕਰਤੈ ਆਪਿ ਖੁਆਇਆ॥ ਅੰਗ – 644***

ਸੋ ਇਸ ਤਰ੍ਹਾਂ ਦੇ ਨਾਲ ਸਾਧ ਸੰਗਤ ਜੀ ਜੋ ਬੇਨਤੀਆਂ ਕੀਤੀਆਂ ਨੇ। ਇਸ ਪਿੰਡ ਦੇ ਅੰਦਰ ਮੇਰਾ ਖਿਆਲ ਹੈ ਪਹਿਲਾਂ ਵੀ 1000 ਦੇ ਕਰੀਬ ਅੰਮ੍ਰਿਤਧਾਰੀ ਸਿੰਘ ਹੋ ਚੁੱਕੇ ਨੇ। ਆਹ ਜਿੰਨੇ ਆਉਂਦੇ ਨੇ, ਆਹ ਬੜੀ ਦੂਰ ਪਹੁੰਚਦੇ ਨੇ, ਦੀਵਾਨ ਤਾਂ ਇਹ ਉਥੇ ਵੀ ਸੁਣਦੇ ਨੇ ਜਿਥੋਂ ਇਹ ਆਏ ਨੇ। ਦੂਰ-ਦੂਰ ਤੋਂ ਆਏ ਨੇ, ਪਾਉਂਟਾ ਸਾਹਿਬ ਕਿੱਡੀ ਦੂਰ ਹੈ, ਦੇਹਰਾਦੂਨ ਤੋਂ ਤੇ ਏਧਰੋਂ ਖਟੜਿਆਂ ਦੇ ਵਾਲੇ, ਘਨੌਰ ਦੀ ਸੰਗਤ ਆਈ ਹੋਈ ਹੈ ਟਰੱਕ ਭਰ ਕੇ, ਕਿੱਡੀ ਦੂਰ ਹੈ। ਸਾਡੇ ਤੋਂ 75 ਕਿਲੋ ਮੀਟਰ ਤੋਂ ਉਤੇ ਹੈ ਜਾਂ ਫਰੀਦਕੋਟ ਦੀ ਸੰਗਤ ਐਥੇ ਪਹੁੰਚੀ ਹੋਈ ਹੈ, ਦੁਆਬੇ ਤੋਂ ਸੰਗਤ ਆਈ ਹੋਈ ਹੈ। ਇਹ ਆਉਂਦੇ ਕਿਉਂ ਨੇ? ਮੈਂ ਇਸ ਗੱਲ ਨੂੰ ਸੋਚਦਾ ਹਾਂ। ਇਹ ਇਸ ਤਰ੍ਹਾਂ ਆਉਂਦੇ ਨੇ ਕਿ ਇਸ ਪਿੰਡ ਨੂੰ ਇਹ ਤੀਰਥ ਵਰਗਾ ਸਮਝਦੇ ਨੇ ਧਮੋਟ ਨੂੰ, ਇਨ੍ਹਾਂ ਦੇ ਮਨ ਵਿਚ ਸਤਿਕਾਰ ਹੈ ਇਥੇ ਦਾ। ਕੋਈ ਕਹਿ ਦੇਵੇ ਧਮੋਟ ਦਾ ਆਇਆ ਹੈ, ਉਸੇ ਵੇਲੇ ਪਾਸੇ ਹੋ ਜਾਂਦੇ ਨੇ। ਮੈਨੂੰ ਦੱਸਣ ਆਉਂਦੇ ਨੇ ਜੀ ਧਮੋਟ ਤੋਂ ਆਏ ਨੇ, ਚਾਹੇ ਮੈਂ ਜਾਣਦਾ ਹਾਂ ਚਾਹੇ ਨਹੀਂ ਜਾਣਦਾ। ਪਰ ਇਨ੍ਹਾਂ ਦੇ ਮਨ

ਵਿਚ ਬੜੀ ਸ਼ਰਧਾ ਹੈ ਇਸ ਪਿੰਡ ਦੀ। ਚਰਨਧੂੜ ਲੈ ਜਾਂਦੇ ਨੇ ਇਕੱਠੀ ਕਰਕੇ, ਇਸ ਤੋਂ ਜਿਆਦਾ ਕੀ ਸ਼ਰਧਾ ਹੋ ਸਕਦੀ ਹੈ। ਸੋ ਤੁਸੀਂ ਇਸ ਪਿੰਡ ਦੇ ਵਾਸੀ ਹੋ, ਮੈਨੂੰ ਬੜੀ ਖੁਸ਼ੀ ਹੈ ਕਿ ਤੁਹਾਡੇ ਮਨ ਦੇ ਅੰਦਰ ਬੜਾ ਚਾਓ ਹੈ ਦੀਵਾਨਾਂ ਦਾ, ਲਵਾਉਂਦੇ ਹੋ ਹਰ ਸਾਲ। ਵਾਹਿਗੁਰੂ ਤੁਹਾਡੀ ਸ਼ਰਧਾ ਨੂੰ ਫਲ ਲਾਵੇ ਪਰ ਨਾਲ ਦੀ ਨਾਲ ਇਹ ਹੈ ਕਿ ਗੁਰੂ ਵਾਲੇ ਬਣ ਜਾਓ ਸਾਰੇ, ਨਿਗੁਰਾ ਨਾ ਕੋਈ ਰਹੇ ਕਿਉਂਕਿ –

............ ***ਨਿਗੁਰੇ ਕਾ ਹੈ ਨਾਉ ਬੁਰਾ॥***

***ਅੰਗ – 435***

ਨਰਕਾਂ ਵਿਚ ਜਾਂਦੇ, ਭੂਤ-ਪ੍ਰੇਤ ਬਣਦੇ ਚੰਗੇ ਨਹੀਂ ਲਗਦੇ ਕਿ ਸਾਡੇ ਪਿੰਡ ਦੇ ਲੋਕ ਭੂਤ-ਪ੍ਰੇਤ ਬਣਨ। ਉਨਸ ਤਾਂ ਹੁੰਦੀ ਹੈ ਇਥੇ ਹੀ ਜੰਮਿਆਂ ਤੇ ਇਥੇ ਹੀ ਪਲਿਆਂ ਹਾਂ। ਜਿਥੇ ਅਸੀਂ ਬੈਠੇ ਹਾਂ, ਆਹੀ ਮਿੱਟੀ ਸਾਨੂੰ ਲੱਗੀ ਹੋਈ ਹੈ, ਉਡ-ਉਡ ਕੇ ਆਹੀ ਮਿੱਟੀ ਪੈਂਦੀ ਸੀ ਸਾਡੇ ਤੇ ਜਿਥੇ ਆਪਾਂ ਬੈਠੇ ਹਾਂ। ਸੋ ਇਸ ਦਾ ਭਲਾ ਲੋਚੀਦਾ ਹੈ ਕਿ ਭਲਾ ਹੋ ਜਾਵੇ, ਗੁਰੂ ਵਾਲੇ ਬਣ ਜਾਣ ਸਾਰੇ। ਬਾਕੀ ਸ਼ਰਾਫਤ ਬਹੁਤ ਹੈ ਪਿੰਡ ਦੇ ਅੰਦਰ, ਮਰਿਆਦਾ ਵਿਚ ਰਹਿੰਦਾ ਹੈ। ਕਲਜੁਗ ਵੀ ਆ ਗਿਆ ਤਾਂ ਵੀ ਮਰਿਆਦਾ ਦੇ ਵਿਚ ਰਹਿੰਦੇ ਨੇ। ਐਡਾ ਭੁਚਾਲ ਪਿਆ ਹੋਇਆ ਹੈ ਰਾਜਨੀਤੀ ਦਾ, ਫੇਰ ਵੀ ਸ਼ਾਂਤੀ ਹੈ ਇਨ੍ਹਾਂ ਦੇ ਮਨਾਂ ਵਿਚ ਪਰ ਜਦੋਂ ਤੁਸੀਂ ਗੁਰੂ ਵਾਲੇ ਬਣ ਜਾਓਗੇ, ਗੁਰੂ ਤੁਹਾਡੀ ਪਿੱਠ ਦੇ ਉਤੇ ਹੱਥ ਰਖੇਗਾ।

ਰਾਜਨੀਤਕ ਪਾਰਟੀਆਂ ਵਿਚ ਨਾ ਸਾਨੂੰ ਕਿਸੇ ਨਾਲ ਹਿਤ ਹੈ, ਨਾ ਵੈਰ ਹੈ, ਕੋਈ ਆ ਜਾਵੇ ਦੀਵਾਨ ਦੇ ਅੰਦਰ ਚਾਹੇ ਮੁੱਖ ਮੰਤਰੀ ਆ ਜਾਵੇ ਚਾਹੇ ਦੂਜੀ ਪਾਰਟੀ ਵਾਲਾ ਆ ਜਾਵੇ, ਠੀਕ ਹੈ ਜਿਵੇਂ ਸ੍ਰੋਤੇ ਸੁਣਦੇ ਨੇ, ਉਵੇਂ ਜਿਵੇਂ ਉਹ ਸੁਣ ਲੈਣਗੇ, ਸਾਡੇ ਮਨ ਵਿਚ ਨਹੀਂ ਕੋਈ ਵੀ ਗੱਲ। ਸਾਨੂੰ ਤਾਂ ਸਾਰੇ ਆਤਮਾ ਨਜਰ ਆਉਂਦੀ ਹੈ।

ਸੋ ਇਸ ਕਰਕੇ ਪਿਆਰਿਓ! ਬੇਨਤੀ ਹੈ 'ਨਦੀ ਨਾਵ ਸੰਜੋਗੀ ਮੇਲੇ' ਹੁੰਦੇ ਨੇ। ਪਿਛਲੇ ਸਾਲ ਤੋਂ ਕਿੰਨੇ ਪ੍ਰੇਮੀ ਇਸ ਪਿੰਡ ਵਿਚੋਂ ਵਿਛੜ ਚੁੱਕੇ ਨੇ, ਮੈਂ ਕੱਲ ਵੀ ਕਿਹਾ ਸੀ। ਉਹ ਲਿਹਾਜ ਨਹੀਂ ਕਰਦੀ –

***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥***
***ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥***
***ਅੰਗ – 254***

ਜਮਾਂ ਦਾ ਫੰਧਾ ਕਿਸ ਦੇ ਗੱਲ ਵਿਚ ਪੈ ਜਾਵੇ। ਸੋ ਇਸ ਕਰਕੇ ਉਸ ਤੋਂ ਪਹਿਲਾਂ ਪਹਿਲਾਂ ਗੁਰੂ ਵਾਲੇ ਬਣੋਂ। ਗੁਰਦਵਾਰਿਆਂ ਵਿਚ ਆਇਆ ਕਰੋ, ਨਾਮ ਸਿਮਰਨ ਕਰਿਆ ਕਰੋ। ਆਹ ਪਾਉਂਟੇ ਸਾਹਿਬ ਵਾਲੇ ਪ੍ਰੇਮੀ ਬੈਠੇ ਨੇ, ਹੋਰ ਪ੍ਰੇਮੀ ਬੈਠੇ ਨੇ, ਅਮਰੀਕਾ ਤੋਂ ਆਏ ਬੈਠੇ ਨੇ। ਆਹ ਜਿਹੜਾ ਅਸੀਂ ਟੇਪ ਦੇ ਵਿਚ ਨਾਮ ਜਪਿਆ ਹੈ ਨਾਂਹ, ਉਹ ਪੂਰੀ ਟੇਪ ਕਰ ਲਈ ਇਨ੍ਹਾਂ ਨੇ। ਮੈਂ ਉਥੇ ਬੋਲਿਆ ਸੀ ਸਮਾਗਮ ਵਿਚ। ਇਹ ਸਾਰੀ ਦੁਨੀਆਂ ਵਿਚ ਫੈਲ ਗਈਆਂ,

ਮੈਨੂੰ ਦਸਦੇ ਨੇ ਕਿ ਜੀ! ਅਸੀਂ ਗੁਰਦਵਾਰੇ ਚਲੇ ਜਾਂਦੇ ਹਾਂ ਟੇਪ ਲਾ ਲੈਂਦੇ ਹਾਂ। ਉਹ ਪਹਿਲਾਂ 10 ਵਾਰੀ ਵਾਹਿਗੁਰੂ ਕਹਾਉਂਦੀ ਹੈ ਫੇਰ ਅਸੀਂ ਨਾਲ ਬੋਲਦੇ ਹਾਂ। ਫੇਰ 10 ਮਿੰਟ ਚੁੱਪ ਹੋ ਜਾਂਦੀ ਹੈ ਅਸੀਂ ਵੀ ਚੁਪ ਹੋ ਜਾਂਦੇ ਹਾਂ। ਅਸੀਂ ਨਾਮ ਜਪਦੇ ਹਾਂ ਅੰਦਰ। ਫੇਰ ਦਸੀਂ ਮਿੰਟੀ (10 ਮਿੰਟ ਪਿਛੋਂ) 8 ਵਾਰੀ ਬੋਲ ਪੈਂਦੀ ਹੈ, ਫੇਰ ਅਸੀਂ ਨਾਲ ਬੋਲਦੇ ਹਾਂ, ਫੇਰ ਉਹੀ ਧੁਨ ਸਾਡੇ ਅੰਦਰ ਫੇਰ ਜਾਗ ਪੈਂਦੀ ਹੈ, 20 ਮਿੰਟ ਤੋਂ ਬਾਅਦ 6 ਵਾਰੀ ਬੋਲਦੀ ਹੈ। ਅਸੀਂ ਫੇਰ ਉਸੇ ਧੁਨ ਨੂੰ ਸੁਣਦੇ ਹਾਂ। ਅੱਧੇ ਘੰਟੇ ਤੱਕ ਅੰਦਰ ਧਿਆਨ ਟਿਕ ਜਾਂਦਾ ਹੈ। ਫੇਰ 4 ਵਾਰੀ ਬੋਲਦੀ ਹੈ, 40 ਵੇਂ ਮਿੰਟ ਤੇ 2 ਵਾਰੀ ਬੋਲਦੀ ਹੈ ਤੇ 45ਵੇਂ ਤੇ ਇਕ ਵਾਰੀ। ਕਹਿੰਦੇ ਫੇਰ ਅਸੀਂ ਨਾਮ ਜਪੀਂ ਜਾਂਦੇ ਹਾਂ। ਐਨੀ ਸਹਾਇਤਾ ਹੋ ਗਈ ਸਾਨੂੰ। ਪਤਾ ਹੀ ਨਹੀਂ ਅਸੀਂ ਦੱਸ ਨਹੀਂ ਸਕਦੇ ਐਨੀਆਂ ਚਿੱਠੀਆਂ ਆਉਂਦੀਆਂ ਹਨ ਕਿ ਕਿਹੜੇ ਮੂੰਹ ਨਾਲ ਅਸੀਂ ਕਹੀਏ ਕਿ ਤੁਹਾਨੂੰ ਕੀ ਮਿਲੇ।

ਹੁਣ ਮੀਡੀਆ ਵਿਗਿਆਨ ਦਾ ਯੁੱਗ ਆ ਗਿਆ, ਵਰਤੋ ਇਸ ਮੀਡੀਆ ਨੂੰ ਵਰਤੋ, ਵਰਤ ਕੇ ਬੰਦਗੀ ਕਰੋ। ਅੱਜ ਖ਼੍ਵਾਰ ਅਸੀਂ ਹੋ ਰਹੇ ਹਾਂ, ਸਿੱਖ ਤਾਂ ਅਸੀਂ ਬਣ ਗਏ, ਅੰਮ੍ਰਿਤ ਵੀ ਛਕ ਲਿਆ, ਬਹੁਤਿਆਂ ਨੇ ਤਾਂ ਛਕਿਆ ਹੀ ਨਹੀਂ।

ਇਥੇ ਨੇੜੇ ਹੀ ਇਕ ਜਥੇਦਾਰ ਸੀ, ਇਲਾਕੇ ਦਾ ਬਹੁਤ ਵੱਡਾ। ਅਸੀਂ ਅੰਮ੍ਰਿਤ ਛਕਾਉਣਾ ਸੀ। ਇਹ ਬੀਬੀ ਤੁਹਾਡੇ ਉਠ ਕੇ ਬਾਹਰ ਨੂੰ ਚਲੇ ਗਏ, ਉਥੇ ਉਹ ਜਥੇਦਾਰ ਮਿਲ ਗਿਆ।

ਉਹ ਕਹਿੰਦਾ, "ਜੀ! ਕੱਲ੍ਹ ਨੂੰ ਅੰਮ੍ਰਿਤ ਛਕਾਉਣਾ ਹੈ?"

ਇਹ (ਬੀਬੀ ਜੀ) ਕਹਿੰਦੇ, "ਗੱਲ ਸੁਣ! ਆਹ ਤੇਰੀ ਕਿਰਪਾਨ ਬਨਾਉਟੀ ਹੈ ਜਾਂ ਅਸਲੀ ਹੈ?"

ਚੁਪ ਕਰ ਗਿਆ, ਕਹਿੰਦਾ, "ਬੀਬੀ! ਜੇ ਝੂਠ ਬੋਲਾਂ ਉਹ ਵੀ ਮਾੜੀ ਗੱਲ ਹੈ, ਮੇਰੀ ਤਾਂ ਬਨਾਉਟੀ ਹੀ ਪਾਈ ਹੋਈ ਹੈ, ਅੰਮ੍ਰਿਤ ਨਹੀਂ ਮੈਂ ਛਕਿਆ ਤੇ ਹੁਣ ਮੈਂ ਜਥੇਦਾਰ ਹਾਂ। ਮੈਨੂੰ ਅੰਮ੍ਰਿਤ ਇਕੱਲੇ ਨੂੰ ਛਕਾ ਦਿਓ, ਮੇਰੀ ਬਦਨਾਮੀ ਨਾ ਹੋਵੇ।"

ਇਹ ਕਹਿੰਦੇ, "ਤੇਰੀ ਬਦਨਾਮੀ ਨਹੀਂ, ਮੇਰੇ ਕੋਲ ਤੂੰ ਗੱਲ ਕਰੀ ਹੈ, ਮੈਂ ਕਿਸੇ ਕੋਲ ਗੱਲ ਕਰਨੀ ਨਹੀਂ। ਬਦਨਾਮੀ ਤੇਰੀ ਕੋਈ ਨਹੀਂ ਹੁੰਦੀ, ਤੂੰ ਸਿੱਧਾ ਹੋ ਕੇ ਗੁਰੂ ਦੀ ਸ਼ਰਨ ਲੈ। ਤੂੰ ਉਤੇ ਤਾਂ ਕਕਾਰ ਧਾਰੀ ਬੈਠਾ ਹੈ ਤੇ ਅੰਦਰੋਂ ਅੰਮ੍ਰਿਤ ਛਕਿਆ ਹੀ ਨਹੀਂ ਤੇ ਜਥੇਦਾਰ ਤੂੰ ਇਲਾਕੇ ਦਾ ਬਣਿਆ ਹੋਇਆ ਹੈਂ।"

ਸੋ ਇਹ ਚੀਜ਼ਾਂ ਸਾਡੇ ਵਿਚ ਆ ਗਈਆਂ ਤੇ ਅਸੀਂ ਨਾਮ ਨਾਲੋਂ ਟੁੱਟ ਗਏ। ਦਿਖਾਵਾ ਰਹਿ ਗਿਆ ਪਿਆਰਿਓ! ਜੇ ਇਜ਼ਤ ਲੈਣੀ ਹੈ, ਸ਼ਾਂਤੀ ਲੈਣੀ ਹੈ ਤਾਂ ਗੁਰੂ ਵਾਲੇ ਬਣ ਜਾਓ ਤੇ ਪੰਜ ਪਿਆਰਿਆਂ ਤੋਂ ਨਾਮ ਲੈ ਕੇ ਨਾਮ ਦੀ ਕਮਾਈ ਕਰੋ। ਸੋ ਇਸ ਤਰ੍ਹਾਂ ਸਾਡਾ ਜੀਵਨ ਸਫਲ ਹੋ ਜਾਵੇਗਾ।

ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ ਵਿਚ ਬੋਲੋ ਭਾਈ! ਜਿਹੜੇ ਅਜੇ ਤੱਕ ਨਹੀਂ ਬੋਲੇ ਉਹ ਵੀ ਸਾਰੇ ਆਪਣੀ ਰਸਨਾ ਪਵਿੱਤਰ ਕਰੋ।

# ਬ੍ਰਹਮਗਿਆਨੀ ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜੇ ਵਾਲੇ

*ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ॥*
*ਤੁਧਹੁ ਭੁਲੇ ਸਿ ਜਮਿ ਜਮਿ ਮਰਦੇ*
*ਤਿਨ ਕਦੇ ਨ ਚੁਕਨਿ ਹਾਵੇ॥ ਅੰਗ - 961*

ਮੰਗ ਹੈ ਇਹ ਗੁਰਮੁਖ ਦੀ, ਮਨਮੁਖਾਂ ਤੇ ਗੁਰਮੁਖਾਂ ਦੀ ਮੰਗ ਵਿਚ ਫਰਕ ਹੋਇਆ ਕਰਦਾ ਹੈ। ਮਨਮੁਖ ਦੀ ਮੰਗ ਸੰਸਾਰ ਮੰਗਦਾ ਹੈ, ਮੇਰੇ ਪੁੱਤਰ ਹੋ ਜਾਏ, ਮੈਨੂੰ ਨੌਕਰੀ ਮਿਲ ਜਾਏ, ਮੇਰਾ ਫਲਾਣਾ ਕੰਮ ਠੀਕ ਹੋ ਜਾਏ। ਪਰ ਜੇ ਮੰਗ ਦੇ ਵਿਚ ਰੁਝ ਜਾਵੇ ਫੇਰ ਤਾਂ ਮਨਮੁਖ ਹੈ, ਜੇ ਗੁਰੂ ਦੇ ਸ਼ੁਕਰ ਵਿਚ ਆ ਜਾਵੇ ਤਾਂ ਉਸ ਨੂੰ ਰਸਤਾ ਲੱਭ ਜਾਇਆ ਕਰਦਾ ਹੈ। ਜੋ ਪ੍ਰਮੇਸ਼ਰ ਦਾ ਪਿਆਰੇ ਨੇ ਜਿਨ੍ਹਾਂ ਨੂੰ ਨਾਮ ਦਾ ਰਸ ਆਇਆ ਹੈ। ਉਨ੍ਹਾਂ ਦੀ ਮੰਗ ਹੈ ਕਿ ਹੇ ਵਾਹਿਗੁਰੂ ਜੇ ਤੂੰ ਦਇਆਲ ਹੋਇਆ ਹੈਂ, ਮੇਰੀ ਸੰਤਾਂ ਦੇ ਨਾਲ, ਸਤਿਸੰਗ ਦੇ ਨਾਲ ਵਿਹਾਵ ਹੋ ਜਾਏ। ਬੰਦਗੀ ਕਰਨ ਵਾਲੇ, ਨਾਮ ਜਪਣ ਵਾਲਿਆਂ ਦੀ ਸੰਗਤ ਵਿਚ ਮੈਂ ਆਪਣੀ ਉਮਰ ਕੱਟ ਲਵਾਂ। ਕਿਉਂ?

*ਤੁਧਹੁ ਭੁਲੇ ਸਿ ਜਮਿ ਜਮਿ ਮਰਦੇ*
*ਤਿਨ ਕਦੇ ਨ ਚੁਕਨਿ ਹਾਵੇ॥ ਅੰਗ - 961*

ਹਾਵੇ ਨਹੀਂ ਖਤਮ ਹੁੰਦੇ ਕਦੇ ਵੀ ਤੇ ਭੁੱਲ ਭੁੱਲ ਕੇ ਮਰਦੇ ਨੇ, ਜੂਨਾਂ 'ਚ ਘੁੰਮਦੇ ਫਿਰਦੇ ਨੇ। ਸੋ ਸਾਧੂਆਂ ਦੀ ਸੰਗਤ ਮੰਗੀ ਹੈ। ਕਿਉਂਕਿ ਉਨ੍ਹਾਂ ਦੀ ਸੰਗਤ ਕਰਨ ਤੋਂ ਬਾਅਦ ਖੋਟੀ ਮਤ ਦੂਰ ਹੋ ਜਾਂਦੀ ਹੈ। ਖੋਟੀ ਮਤ ਦੀ ਸਾਰੇ ਦੁਖਾਂ ਦਾ ਕਾਰਨ ਹੈ। ਪਰ ਉਹ ਹਰ ਤਾਂ ਨਹੀਂ ਮਿਲਦੇ ਕਿਤੇ ਕਿਤੇ ਹੁੰਦੇ ਨੇ -

*ਜਿਨ੍ਾ ਦਿਸੰਦੜਿਆ ਦੁਰਮਤਿ ਵੰਞੈ*
*ਮਿਤ੍ਰ ਅਸਾਡੜੇ ਸੇਈ॥*
*ਹਉ ਢੂਢੇਦੀ ਜਗੁ ਸਬਾਇਆ*
*ਜਨ ਨਾਨਕ ਵਿਰਲੇ ਕੇਈ॥ ਅੰਗ - 520*

ਇਸ ਕਰਕੇ ਅਰਦਾਸ ਹੈ ਕਿ ਹੇ ਪ੍ਰਭੂ! ਮੇਰਾ ਜਿਹੜਾ ਜ਼ਿੰਦਗੀ ਦਾ ਇਕ-ਇਕ ਸੁਆਸ ਹੈ ਇਹ ਸੰਤਾਂ ਦੇ ਨਾਲ ਵਿਹਾਅ ਜਾਵੇ। ਮਨਮੁਖਾਂ ਨਾਲ, ਬੇਮੁਖਾਂ ਨਾਲ, ਗਲਤ ਬੰਦਿਆਂ ਦੇ ਨਾਲ ਨਾ ਮੇਰੀ ਪ੍ਰੀਤ ਪੈ ਜਾਵੇ। ਹੋਰ ਮੈਂ ਤੇਰੇ ਤੋਂ ਕੁਛ ਨਹੀਂ ਮੰਗਦਾ ਕਿਉਂਕਿ ਜਦੋਂ ਉਨ੍ਹਾਂ ਸੰਤਾਂ ਦੇ ਨਾਲ ਮਿਲ ਗਏ ਤਾਂ ਖੋਟੀ ਮਤ ਨੇ ਦੂਰ ਹੋ ਜਾਣਾ ਹੈ। ਖੋਟੀ ਮਤ ਹੀ ਸਾਰੇ ਦੁਖਾਂ ਦਾ ਕਾਰਨ ਹੈ। ਇਕ ਦੁਰਮਤਿ ਹੈ ਇਕ ਗੁਰਮਤਿ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਜੋ ਮਤ ਦਿਤੀ ਹੋਈ ਹੈ ਇਹਨੂੰ ਗੁਰਮਤਿ ਕਹਿੰਦੇ ਨੇ। ਗੁਰੂ ਗ੍ਰੰਥ ਸਾਹਿਬ ਤੋਂ ਵਿਪਰੀਤ ਜੋ ਇਹਦੇ ਮੁਤਾਬਿਕ ਨਹੀਂ ਉਹ ਸਾਰ ਦੁਰਮਤਿ ਹੈ। ਕੁਫਰ ਹੈ। ਕਾਫਰਾਂ ਦਾ ਸੰਗ ਨਾ ਕਰਾਈਂ, ਮੋਮਨਾਂ ਦਾ ਕਰਾਈਂ ਜਿਨ੍ਹਾਂ ਦੇ ਦਿਲ ਵਿਚ ਤੇਰੀ ਪ੍ਰਤੀਤ

ਹੋਵੇ, ਤੇਰਾ ਪਿਆਰ ਹੋਵੇ। ਸੋ ਮਹਾਂਪੁਰਸ਼ਾਂ ਦੇ ਨਾਲ ਮਿਲ ਕੇ ਇਕ ਦੀ ਨਹੀਂ ਲੱਖਾਂ ਦੀ, ਕਰੋੜਾਂ ਦੀ ਖੋਟੀ ਮਤ ਦੂਰ ਹੋ ਜਾਂਦੀ ਹੈ ਕਿਉਂਕਿ ਉਹ ਆਏ ਹੀ ਸੰਸਾਰ ਤੇ ਏਸ ਵਾਸਤੇ ਨੇ।

ਜਦੋਂ ਮੈਂ ਅੱਜ ਸੰਤ ਮਹਾਰਾਜ ਰਾੜੇ ਸਾਹਿਬ ਸੰਤ ਈਸ਼ਰ ਸਿੰਘ ਜੀ ਮਹਾਰਾਜ ਨੂੰ ਯਾਦ ਕਰਦਾ ਹਾਂ। ਅੱਜ ਦੇ ਦਿਨ ਹੀ ਇੰਗਲੈਂਡ ਦੇ ਅੰਦਰ ਵੁਲਵਰਹੈਂਪਟਨ ਦੇ ਅੰਦਰ ਆਪ ਦਾ ਦੀਵਾਨ ਲਗ ਹਟਿਆ। ਅੰਮ੍ਰਿਤ ਵੇਲੇ ਹੋ ਆਇਆ ਤੇ ਐਸ ਵੇਲੇ ਜਦੋਂ ਸਾਡੇ ਸਾਢੇ 12 ਵਜੇ ਨੇ, ਉਸ ਵੇਲੇ ਓਥੇ ਸਵੇਰ ਦੇ ਛੇ ਵਜਦੇ ਨੇ। ਏਸ ਤੋਂ ਚਾਰ ਘੰਟੇ ਪਹਿਲਾਂ ਉਠ ਕੇ ਆਪ ਇਸ਼ਨਾਨ ਕਰਕੇ ਨਿਤ ਦੇ ਨੇਮ ਅਨੁਸਾਰ ਥੋੜ੍ਹਾ ਜਲ ਪਾਣੀ ਛਕ ਆਪ ਸਮਾਧੀ ਸਥਿਤ ਬੈਠੇ ਨੇ ਤੇ ਛੇ ਵੱਜੇ ਹੋਏ ਨੇ। ਅੱਜ ਆਪ ਨੇ ਆਪਣੇ ਸੇਵਕਾਂ ਨੂੰ, ਪ੍ਰੇਮੀਆਂ ਨੂੰ ਕਿਹਾ ਹੋਇਆ ਹੈ ਕਿ ਜਾ ਕੇ ਬਰਮਿੰਘਮ ਦੇਖ ਕੇ ਆਓ ਜਗ੍ਹਾ, ਦੀਵਾਨ ਲਾਉਣ ਵਾਲੀ ਕਿ ਕਿਥੇ ਠੀਕ ਹੈ ਤੇ ਅੱਠ ਵਜੇ ਤੁਸੀਂ ਆ ਜਾਣਾ। ਸੋ ਆਪ ਜੀ ਨੇ ਥੋੜ੍ਹਾ ਜਿਹਾ ਚਿਰ ਬਾਅਦ ਪੰਜ ਭੂਤਕ ਚੋਲਾ ਛੱਡ ਕੇ ਜੋਤ ਵਿਚ ਰਲਣ ਦੀ ਤਿਆਰੀ ਕੀਤੀ ਹੋਈ ਹੈ। ਭੇਤ ਦਿਤਾ ਹੋਇਆ ਹੈ ਪਰ ਕਿਸੇ ਨੂੰ ਸਮਝ ਵਿਚ ਨਹੀਂ ਆਈ ਗੱਲ। ਕਿਉਂਕਿ ਸਾਰੀਆਂ ਹੀ ਗੱਲਾਂ ਮਹਾਰਾਜ ਜੀ ਰਮਜ਼ ਵਿਚ ਕਰਿਆ ਕਰਦੇ ਸੀ। ਸੰਤ ਜੋ ਹੁੰਦੇ ਨੇ ਰਮਜ਼ ਦੀਆਂ ਗੱਲਾਂ ਕਰਦੇ ਨੇ। ਲੇਕਿਨ ਕੋਈ ਕੋਈ ਸਮਝ ਜਾਂਦਾ ਹੈ ਹਰੇਕ ਦੀ ਸਮਝ ਵਿਚ ਆਉਣ ਵਾਲੀ ਚੀਜ਼ ਨਹੀਂ ਹੋਇਆ ਕਰਦੀ।

ਜਦੋਂ ਮੈਂ ਪਹਿਲੀ ਵਾਰੀ 1935 ਦੇ ਕਰੀਬ ਜਾਂ 1936 ਸੀ ਜਨਵਰੀ ਦਾ ਮਹੀਨਾ ਸੀ ਤੇ ਅੱਠ ਮਾਘ ਦਾ ਦੀਵਾਨ ਲੱਗਣਾ ਸੀ ਤੇ ਪਹਿਲਾਂ ਵੀ ਮੈਂ ਰਾੜਾ ਸਾਹਿਬ ਜਾਂਦਾ ਸੀ ਲੇਕਿਨ ਦੀਵਾਨ ਸੁਣ ਕੇ ਵਾਪਸ ਆ ਜਾਂਦਾ ਸੀ। ਉਸ ਦਿਨ ਸੱਤ ਨੂੰ ਚਲੇ ਗਏ, ਅੱਠ ਨੂੰ ਦੀਵਾਨ ਲੱਗਣਾ ਸੀ। ਇਕ ਦਿਨ ਪਹਿਲਾਂ ਚਲੇ ਗਏ। ਤਿੰਨ ਦਿਨ ਦਾ ਦੀਵਾਨ ਲੱਗਿਆ ਕਰਦਾ ਸੀ। ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਦੀ ਬਰਸੀ ਮਨਾਈ ਜਾਂਦੀ ਸੀ ਉਸ ਦਿਨ ਤੇ ਜਦੋਂ ਮੈਂ ਆਪ ਜੀ ਦੇ ਹਜ਼ੂਰ ਪੇਸ਼ ਹੋਇਆ, ਉਸ ਵੇਲੇ 17 ਸਾਲ ਦੀ ਉਮਰ ਸੀ। ਇਕਹਿਰਾ ਜਿਹਾ ਕੱਦ ਸੀ ਤੇ ਨਮਸ਼ਕਾਰ ਕੀਤੀ, ਆਪ ਜੀ ਨੇ ਸਵਾਲ ਕਰਿਆ ਸੀ ਕਿ ਤੂੰ ਕੌਣ ਹੈਂ? ਮੈਂ ਚੁੱਪ ਹੋ ਕੇ ਖੜ੍ਹਾ ਹੋ ਗਿਆ ਕਿ ਕੀ ਦੱਸਾਂ ਕਿ ਮੈਂ ਕੌਣ ਹਾਂ। ਸੰਗਤ ਜੋ ਬੈਠੀ ਸੀ ਉਸ ਨੇ ਸਵਾਲ ਦੁਬਾਰਾ ਕਰਿਆ ਕਿ ਤੁਹਾਨੂੰ ਪੁਛਦੇ ਨੇ ਕਿ ਤੁਸੀਂ ਕੌਣ ਹੋ। ਮੈਂ ਕਿਹਾ ਮੈਂ ਦੱਸਦਾਂ। ਉਹ ਸਾਰੇ ਹੱਸ ਪਏ। ਮੈਂ ਦੇਖਦਾ ਹੁੰਦਾ, ਪੁੱਛਦਾ ਹੁੰਦਾਂ, ਛੋਟੇ-ਛੋਟੇ ਮੁੰਡਿਆਂ ਨੂੰ ਕਿ ਤੇਰੀ ਕਿੰਨੀ ਕੁ ਉਮਰ ਹੈ, ਛੋਟੇ-ਛੋਟੇ ਮੁੰਡਿਆਂ ਨੂੰ ਦੇਖਦਾ ਹੁੰਦਾਂ 17 ਸਾਲ ਦੇ ਕਿ ਐਸ ਉਮਰ ਦੇ ਵਿਚ ਮੈਂ ਮਹਾਰਾਜ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ ਸੀ। ਉਸ ਸਮੇਂ ਆਪ ਨੇ ਕਿਹਾ ਕਿ ਬੇਟਾ, ਤੂੰ ਦੱਸਿਆ ਨਹੀਂ। ਸਾਰੀ ਸੰਗਤ ਫੇਰ ਹੱਸ ਪਈ ਕਿ ਐਨੀ ਕੁ ਗੱਲ ਨਹੀਂ ਇਹਨੂੰ ਦੱਸਣੀ ਆਉਂਦੀ ਕਿ ਮੈਂ ਕੌਣ ਹਾਂ। ਮਹਾਰਾਜ ਸੰਗਤ ਵਲ ਦੇਖ ਕੇ ਕਹਿੰਦੇ ਖਾਮੋਸ਼। ਤੁਹਾਨੂੰ ਨਹੀਂ ਪਤਾ ਗੱਲ ਦਾ। ਇਕ ਮਿੰਟ ਫੇਰ ਲੰਘ ਗਿਆ ਕਹਿੰਦੇ ਦੱਸਿਆ ਨਹੀਂ। ਮੈਂ ਕਿਹਾ ਦੱਸਦਾਂ। ਫੇਰ ਉਨ੍ਹਾਂ ਤੋਂ ਕਾਬੂ ਨਾ ਰਹਿ ਹੋਇਆ ਕਹਿਣ

ਲੱਗੇ, ਕਾਕਾ ਤੂੰ ਦੱਸ ਦੇ। ਉਸ ਵੇਲੇ ਤਿੰਨ ਮਿੰਟ ਲੰਘ ਗਏ, ਹੱਥ ਜੋੜ ਕੇ ਖੜ੍ਹਾ ਸੀ ਸਾਮ੍ਹਣੇ। ਕਹਿੰਦੇ ਦੱਸਿਆ ਨਹੀਂ। ਮੈਂ ਕਿਹਾ ਜੀ ਮੈਨੂੰ ਦੱਸਣਾ ਨਹੀਂ ਆਉਂਦਾ। ਕਹਿੰਦੇ ਕਿਵੇਂ ਨਹੀਂ ਦੱਸਣਾ ਆਉਂਦਾ। ਮੈਂ ਕਿਹਾ ਮੈਨੂੰ ਐਉਂ ਨਹੀਂ ਪਤਾ ਲਗਦਾ ਕਿ ਮੈਂ ਕੌਣ ਹਾਂ। ਪਹਿਲਾਂ ਤਾਂ ਮੈਂ ਇਹ ਸੋਚਿਆ ਕਿ ਮੈਂ ਸਾਮ੍ਹਣੇ ਖੜ੍ਹਾ ਹਾਂ। ਮੈਂ ਦੱਸ ਦੇਵਾਂ। ਜੇ ਤਾਂ ਮਹਾਰਾਜ ਕੁੰਡਾ ਲੱਗਿਆ ਹੋਵੇ ਤੇ ਬਾਹਰੋਂ ਕੋਈ ਆਵਾਜ਼ ਦੇਵੇ ਤਾਂ ਬੰਦਾ ਦੱਸ ਦਿੰਦਾ ਹੈ ਕਿ ਮੈਂ ਫਲਾਣਾ ਸਿੰਘ ਜੀ ਜਾਂ ਫਲਾਣਾ ਰਾਮ ਹਾਂ ਜੀ। ਉਨ੍ਹਾਂ ਦਿਨਾਂ ਵਿਚ ਜਾਤ ਪਾਤ ਦਾ ਜ਼ੋਰ ਹੋਇਆ ਕਰਦਾ ਸੀ। ਪੰਗਤ ਵਿਚ ਬੈਠਾ ਹੋਵੇ ਕੋਈ ਤੇ ਉਥੇ ਕੋਈ ਸਵਾਲ ਕਰੇ ਕਿ ਤੂੰ ਕੌਣ ਹੈਂ। ਉਥੇ ਆਪਣੀ ਜ਼ਾਤ ਦੱਸਣੀ ਪੈਂਦੀ ਸੀ। ਹਨ੍ਹੇਰਾ ਹੋਵੇ, ਪੁੱਛਣਾ ਹੋਵੇ ਕਿ ਤੂੰ ਕੌਣ ਹੈ ਭਾਈ। ਕਹਿਣਾ ਪੈਂਦਾ ਹੈ ਕਿ ਜੀ ਮੈਂ ਮਨੁੱਖ ਹਾਂ ਜੀ ਜਾਂ ਮੈਂ ਬੀਬੀ ਹਾਂ। ਸੋ ਮੈਂ ਕਿਹਾ ਕਿ ਮਹਾਰਾਜ ਮੈਂ ਕਿਹਾ ਇਹ ਤਾਂ ਗੱਲ ਨਹੀਂ ਹੈ। ਮੈਂ ਤੁਹਾਡੇ ਸਾਮ੍ਹਣੇ ਖੜ੍ਹਾ ਹਾਂ। ਪਹਿਲਾਂ ਤਾਂ ਮੈਂ ਦੱਸਣ ਲੱਗਿਆ ਸੀ ਕਿ 11 ਸਾਲ ਤੋਂ ਮੇਰਾ ਨਾਮ ਵਰਿਆਮ ਸਿੰਘ ਹੈ, ਪੰਜ ਸਾਲ ਪਹਿਲਾਂ ਮੇਰਾ ਨਾਮ ਹੋਰ ਸੀ। ਮੈਂ ਆਪਣੇ ਪਿਛਲੇ ਜਨਮ ਵੀ ਜਾਣਦਾ ਸੀ, ਉਸ ਤੋਂ ਬਾਅਦ ਮਹਾਰਾਜ ਚਰਖੀ ਘੁੰਮਾ ਲਓ ਪੁੱਠੀ, ਕਰੋੜਾਂ-ਕਰੋੜਾਂ-ਕਰੋੜਾਂ ਸਾਲ ਪਿਛੇ ਲੈ ਜਾਓ। ਜਿਸ ਦਿਨ ਸ੍ਰਿਸ਼ਟੀ ਰਚੀ ਜਿਹੜਾ ਕੁਛ ਮੇਰਾ ਵਜੂਦ ਕਾਇਮ ਹੋਇਆ ਹੈ ਮੈਂ ਉਹ ਹਾਂ। ਮੈਂ ਉਸ ਵੇਲੇ ਤੋਂ ਹੀ ਬੇਅੰਤ ਸਰੀਰ ਧਾਰਨ ਕਰਦਾ ਆਉਂਦਾ ਹਾਂ, ਜਿਵੇਂ ਇਕ ਆਦਮੀ ਕੱਪੜੇ ਬਦਲਦਾ ਜਾਂਦਾ ਹੈ ਸਾਰੀ ਜ਼ਿੰਦਗੀ 'ਚ ਕਿੰਨੇ ਕੱਪੜੇ ਬਦਲ ਦਿੰਦਾ ਹੈ। ਐਸੇ ਤਰ੍ਹਾਂ ਮੈਂ ਹੁਣ ਤੱਕ ਬੇਅੰਤ ਕਪੜੇ ਬਦਲ ਚੁੱਕਿਆ ਹਾਂ -

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥ ਅੰਗ - 176***

ਇਹ ਤੁਕਾਂ ਮੈਨੂੰ ਉਸ ਵੇਲੇ ਨਹੀਂ ਸੀ ਆਉਂਦੀਆਂ। ਉਂਝ ਮੇਰੇ ਦਿਮਾਗ ਵਿਚ ਸੀ ਕਿ ਇਹ ਚੌਰਾਸੀ ਲੱਖ ਜੂਨੀਆਂ ਵਿਚੋਂ ਘੁੰਮਦਾ ਘੁੰਮਦਾ ਮੈਂ ਇਥੇ ਮਨੁੱਖ ਜੂਨ ਵਿਚ ਪਹੁੰਚਿਆ ਹਾਂ। ਹੁਣ ਮੈਂ ਉਹ ਹਾਂ ਜਿਹੜਾ ਘੁੰਮਦਾ ਹਾਂ, ਮਰਨ ਤੋਂ ਬਾਅਦ ਜਿਹਨੇ ਮਰਨਾ ਨਹੀਂ, ਜੰਮਣ ਤੋਂ ਪਹਿਲਾਂ ਜਿਹੜਾ ਜਿਉਂਦਾ ਸੀ। ਐਨੀ ਗੱਲ ਸੁਣਦੇ ਸਾਰ ਮਹਾਂਪੁਰਸ਼ ਕਹਿਣ ਲੱਗੇ ਬਹਿ ਜਾ। ਨੇਤਰ ਬੰਦ ਕਰ ਲਏ, ਸਾਰੀ ਸੰਗਤ ਚੁੱਪ ਹੋ ਗਈ। 45 ਮਿੰਟ ਆਪ ਨੇਤਰ ਬੰਦ ਕਰਕੇ ਬੈਠੇ ਰਹੇ। ਉਸ ਤੋਂ ਬਾਅਦ ਆਪਣੇ ਨੇਤਰ ਖੋਲ੍ਹੇ, ਕਹਿਣ ਲੱਗੇ ਪਤਾ ਲੱਗਿਆ ਕੁਛ। ਮੈਂ ਕਿਹਾ ਮਹਾਰਾਜ! ਪਤਾ ਲੱਗਿਆ। ਕਹਿੰਦੇ ਕੀ? ਮੈਂ ਕਿਹਾ ਮੈਨੂੰ ਐਉਂ ਲਗਦਾ ਹੈ ਜਿਵੇਂ ਇਕ ਮਹਾਨ ਲਾਈਟ 'ਚੋਂ ਇਕ ਕਿਰਨ ਵੱਖਰੀ ਹੋ ਰਹੀ ਹੈ। ਵੱਖਰੀ ਹੋਈ ਨਹੀਂ ਹੈ, ਜੁੜੀ ਹੋਈ ਨਾਲ ਹੈ, ਕਿਰਨ ਕਿਰਨ ਦਿਸ ਰਹੀ ਹੈ। ਕਹਿੰਦੇ ਬੱਸ ਆਹੀ ਹੈ। ਇਹਨੂੰ ਜੀਵ ਆਤਮਾ ਕਹਿੰਦੇ ਨੇ। ਜੀਵ ਦੀ ਬਿਆਧੀ ਲਾਹ ਦੇ ਪਿਛੇ ਆਤਮਾ ਰਹਿ ਜਾਏਗੀ। ਬੱਸ, ਇਕ ਕਦਮ ਹੋਰ ਪੁੱਟ ਲੈ। ਇਕੋ ਹੀ ਬਚਨ ਦੇ ਨਾਲ ਉਹ ਉਪਦੇਸ਼ ਦੇ ਦਿਤਾ ਜਿਹੜਾ ਬੇਅੰਤ ਤਪਸਿਆ ਕਰਨ ਤੋਂ ਬਾਅਦ ਪ੍ਰਾਪਤ ਹੋਇਆ ਕਰਦਾ ਹੈ। ਹੁੰਦਾ ਹੀ

ਨਹੀਂ, ਭਾਗਾਂ ਵਾਲੇ ਨੂੰ ਕਿਸੇ ਨੂੰ ਹੋ ਜਾਏ, ਹੋ ਜਾਏ, ਬਾਕੀ ਸੰਸਾਰ ਸਾਰਾ ਬਗੈਰ ਉਪਦੇਸ਼ ਤੋਂ ਰਹਿ ਕੇ ਉਸੇ ਤਰ੍ਹਾਂ ਚਲਿਆ ਜਾਇਆ ਕਰਦਾ ਹੈ। ਕੋਈ ਵਿਰਲਾ ਹੈ ਪੁਰਸ਼ ਜਿਸਨੂੰ ਇਹ ਸੋਝੀ ਪੈ ਜਾਵੇ ਕਿ ਮੈਂ ਕੌਣ ਹਾਂ। 'ਜਿੰਨਾ ਦਿਸੰਦੜਿਆ ਦੁਰਮਤਿ ਵੰਞੇ' ਸੋ ਜਿਨ੍ਹਾਂ ਦੇ ਦਰਸ਼ਨ ਕਰਕੇ ਪਹਿਲੀ ਵਾਰੀ ਹੀ ਖੋਟੀ ਮਤ ਦੂਰ ਹੋ ਜਾਏ। ਉਹ ਕੌਣ ਨੇ? ***'...ਮਿਤ੍ਰ ਅਸਾਡੜੇ ਸੇਈ॥ ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥ ਅੰਗ-520'***

ਸਾਰਾ ਸੰਸਾਰ ਟੋਲ੍ਹਦਾ ਫਿਰ ਰਿਹਾ ਹੈ ਕਿ ਐਸਾ ਕਿਤੇ ਮਿਲ ਜਾਵੇ। ਕਿਉਂਕਿ ਉਨ੍ਹਾਂ ਦੇ ਨਾਲ ਮਿਲ ਕੇ-

***ਸਚੀ ਬੈਸਕ ਤਿਨ੍ਾ ਸੰਗਿ***
***ਜਿਨ ਸੰਗਿ ਜਪੀਐ ਨਾਉ॥ ਅੰਗ - 520***

ਸੱਚੀ ਬੈਠਕ, ਸੱਚੀ ਸਚਾਈ ਉਨ੍ਹਾਂ ਨਾਲ ਹੈ ਜਿਨ੍ਹਾਂ ਦੇ ਨਾਲ ਮਿਲ ਕੇ ਨਾਮ ਦਾ ਜਾਪ ਕੀਤਾ ਜਾਵੇ।

***ਤਿਨ੍ ਸੰਗਿ ਸੰਗੁ ਨ ਕੀਚਈ***
***ਨਾਨਕ ਜਿਨਾ ਆਪਣਾ ਸੁਆਉ॥ ਅੰਗ - 520***

ਜਿਨ੍ਹਾਂ ਨੂੰ ਆਪਣੀ ਗਰਜ਼ ਪਈ ਹੋਈ ਹੈ ਮੈਂ ਫਲਾਣੇ ਤੋਂ ਆਹ ਲੈ ਲਵਾਂ-ਆਹ ਲੈ ਲਵਾਂ। ਕਹਿੰਦੇ ਇਨ੍ਹਾਂ ਦੀ ਸੰਗਤ ਵਿਚ ਨਾ ਬੈਠੀਂ। ਸੋ ਐਸੇ ਜੋ ਮਹਾਂਪੁਰਸ਼ ਕਦੇ-ਕਦੇ ਸੰਸਾਰ ਤੇ ਆਉਂਦੇ ਨੇ, ਉਨ੍ਹਾਂ ਦਾ ਪ੍ਰਤਾਪ ਬੜੀ ਦੇਰ ਤੱਕ ਰਹਿੰਦਾ ਹੈ। ਉਨ੍ਹਾਂ ਦੇ ਕੀਤੇ ਹੋਏ ਭਜਨ, ਦਿਤੇ ਹੋਏ ਉਪਦੇਸ਼ਾਂ ਨੂੰ ਦੋਹਰਾ ਕੇ ਸਾਡੇ ਵਰਗੇ ਬੰਦੇ ਵੀ ਮਾਣ ਪ੍ਰਾਪਤ ਕਰੀ ਜਾਂਦੇ ਨੇ। ਬੜੀ ਦੇਰ ਤਕ ਰਹਿੰਦਾ ਹੈ ਕਿ ਫਲਾਣੇ ਮਹਾਂਪੁਰਸ਼ਾਂ ਦੇ ਨਾਲ ਇਨ੍ਹਾਂ ਦਾ ਸੰਗ ਹੈ। ਉਸ ਤੋਂ ਸੰਸਾਰ ਅੰਦਾਜ਼ਾ ਲਾਉਂਦਾ ਹੈ ਕਿ ਕੀ ਹੋ ਸਕਦਾ ਹੈ ਕਿ ਕਿਹੋ ਜਿਹਾ ਹੋਏਗਾ। ਸੋ ਮਾੜੇ ਮੋਟਿਆਂ ਦਾ ਵੀ ਗੁਜ਼ਾਰਾ ਚੱਲੀ ਜਾਂਦਾ ਹੈ ਉਨ੍ਹਾਂ ਦੇ ਨਾਲ। ਪ੍ਰਮੇਸ਼ਰ ਵਲੋਂ ਖਾਸ ਸਮੇਂ-ਸਮੇਂ ਸਿਰ ਭੇਜੇ ਹੋਏ ਆਉਂਦੇ ਨੇ।

***ਜਨਮ ਮਰਣ ਦੁਹਹੂ ਮਹਿ ਨਾਹੀ***
***ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ***
***ਹਰਿ ਸਿਉ ਲੈਨਿ ਮਿਲਾਏ॥ ਅੰਗ - 749***
***ਕਬੀਰ ਸੇਵਾ ਕਉ ਦੁਇ ਭਲੇ***
***ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥ ਅੰਗ - 1373***

ਬਾਕੀ ਸੰਸਾਰ ਕਰਮਾਂ ਦਾ ਬੰਨ੍ਹਿਆ ਹੋਇਆ ਆਉਂਦਾ ਹੈ। ਸਾਧੂ ਸੰਸਾਰ

ਦੇ ਉਤੇ ਕਰਮਾਂ ਦੇ ਬੰਨ੍ਹੇ ਨਹੀਂ ਹੁਕਮ ਦੇ ਬੰਨ੍ਹੇ ਆਇਆ ਕਰਦੇ ਨੇ। ਮਾਂ ਦੇ ਪੇਟ ਵਿਚ ਸਰੀਰ ਤਾਂ ਉਨ੍ਹਾਂ ਦਾ ਪਲਦਾ ਰਹਿੰਦਾ ਹੈ, ਪਰ ਜੋ ਰੂਹ ਹੈ ਉਹ ਕੈਦ ਨਹੀਂ ਹੁੰਦੀ, ਦੁੱਖ ਨਹੀਂ ਪਾਉਂਦੀ। ਪ੍ਰਕਾਸ਼ ਹੋਇਆ ਕਰਦਾ ਹੈ ਉਨ੍ਹਾਂ ਦਾ ਸਰੀਰ ਦੇ ਵਿਚ। ਜੰਮਣ ਵਿਚ ਨਹੀਂ ਆਉਂਦੇ, ਮੌਤ ਵੇਲੇ ਸਰੀਰ ਨੂੰ ਛੱਡ ਕੇ ਪਾਸੇ ਹੋ ਜਾਂਦੇ ਨੇ, ਕੋਈ ਜਮਦੂਤ ਲੈਣ ਨਹੀਂ ਆਉਂਦੇ, ਆਪਣੇ ਆਪ ਲਾਂਭੇ ਹੋ ਜਾਇਆ ਕਰਦੇ ਨੇ। ਸੋ ਏਸ ਕਰਕੇ '***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ ਅੰਗ - 749***' ਸੇਵਾ ਕਰਨ ਵਾਸਤੇ ਦੋ ਭਲੇ ਨੇ ਇਕ ਮਹਾਂਪੁਰਸ਼, ਤੇ ਇਕ ਰਾਮ ਵਾਹਿਗੁਰੂ। ਸੰਤਾਂ ਦਾ ਕੰਮ ਹੁੰਦਾ ਹੈ ਆਪ ਨਾਮ ਜਪਣਾ ਤੇ ਸੰਸਾਰ ਨੂੰ ਜਪਾਉਣਾ। ਮਹਿਮਾ ਕਿੰਨੀ ਹੁੰਦੀ ਹੈ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥***

***ਅੰਗ - 306***

ਭਾਈ ਨੰਦ ਲਾਲ ਜੀ ਆਪਣੀ ਗਜ਼ਲ ਦੇ ਅੰਦਰ ਇਸ ਤਰ੍ਹਾਂ ਫੁਰਮਾਨ ਕਰਦੇ ਨੇ ਕਿ -

***ਦਰ ਦਹਰ ਕਿ ਮਰਦਾਨਿ ਖ਼ੁਦਾ ਆਮਦਹ ਅੰਦ॥***
***ਬਰ ਗੁਮ ਸ਼ੁਦਗਾਂ ਰਾਹਨੁਮਾ ਆਮਦਹ ਅੰਦ॥***
***(ਦੀਵਾਨਿ ਗੋਯਾ ਭਾਈ ਨੰਦ ਲਾਲ ਜੀ)***

ਜੋ ਰੱਬ ਦੇ ਪਿਆਰੇ ਨੇ, ਸੰਸਾਰ ਵਿਚ ਹਰੀ ਦੇ ਭਗਤ ਆਉਂਦੇ ਨੇ ਉਹ ਭੁੱਲੜਾਂ ਨੂੰ ਸਿੱਧੇ ਰਾਹ ਪਾਉਣ ਆਉਂਦੇ ਨੇ। ਹੋਰ ਉਨ੍ਹਾਂ ਦਾ ਕੋਈ ਕੰਮ ਨਹੀਂ ਹੁੰਦਾ।

***'ਗੋਯਾ' ਅਗਰ ਈਂ ਚਸ਼ਮਿ ਤੌ ਮੁਸ਼ਤਾਕਿ ਖ਼ੁਦਾ ਅਸਤ॥***
***ਮਰਦਾਨਿ ਖ਼ੁਦਾ ਖ਼ੁਦਾਨੁਮਾ ਆਮਦਹ ਅੰਦ॥***
***(ਦੀਵਾਨਿ ਗੋਯਾ ਭਾਈ ਨੰਦ ਲਾਲ ਜੀ)***

ਜੇ ਤੇਰੀਆਂ ਅੱਖਾਂ ਅਕਾਲ ਪੁਰਖ ਦੇ ਦਰਸ਼ਨ ਨੂੰ ਲੋਚਦੀਆਂ ਨੇ, ਚਾਹੁੰਦੀਆਂ ਨੇ ਤਾਂ ਤੂੰ ਸਮਝ ਲੈ ਹਰੀ ਦੇ ਭਗਤ ਹਰੀ ਨੂੰ ਦਿਖਾਲਣ ਲਈ ਆਉਂਦੇ ਨੇ। ਤੂੰ ਉਨ੍ਹਾਂ ਦੀ ਤਲਾਸ਼ ਕਰ ਲੈ, ਉਨ੍ਹਾਂ ਦੀ ਸੰਗਤ ਵਿਚ ਚਲਿਆ ਜਾਹ। ਜੇ ਤੈਨੂੰ ਸ਼ੌਂਕ ਹੈ ਪ੍ਰਮੇਸ਼ਰ ਨੂੰ ਮਿਲਣ ਦਾ। ਸੋ ਸੰਸਾਰ ਦੇ ਉਤੇ ਉਹ ਤਾਂ ਪ੍ਰਵਾਨ ਨੇ ਕਿਉਂਕਿ ਉਹ ਆਤਮ ਰਸ ਦੇ ਵਿਚ ਮਖਮੂਰ ਰਹਿੰਦੇ ਨੇ। ਬਾਕੀ ਜੋ ਸੰਸਾਰ ਹੈ ਉਹ ਪ੍ਰਵਾਨ ਨਹੀਂ ਹੈ। ਦੂਸਰਿਆਂ ਨੂੰ ਤਾਂ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ -

***ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥***

*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ॥*
*ਯਾ ਜੁਗ ਮਹਿ ਏਕਹਿ ਕਉ ਆਇਆ॥*
*ਜਨਮਤ ਮੋਹਿਓ ਮੋਹਨੀ ਮਾਇਆ॥*
*ਗਰਭ ਕੁੰਟ ਮਹਿ ਉਰਧ ਤਪ ਕਰਤੇ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥*
*ਉਰਝਿ ਪਰੇ ਜੋ ਛੋਡਿ ਛਡਾਨਾ॥*
*ਦੇਵਨਹਾਰੁ ਮਨਹਿ ਬਿਸਰਾਨਾ॥* *ਅੰਗ - 251*

ਇਨ੍ਹਾਂ ਦਾ ਤਾਂ ਸੰਸਾਰ ਦੇ ਉਤੇ ਆਉਣਾ ਕੋਈ ਮਾਇਨੇ ਨਹੀਂ ਰਖਦਾ। ਆਉਣਾ ਤਾਂ ਉਨ੍ਹਾਂ ਦਾ ਹੀ ਮਾਅਨੇ ਰਖਦਾ ਹੈ ਜਿਹੜੇ ਨਾਮ ਰਸ ਦੇ ਵਿਚ ਮਖਮੂਰ ਰਹਿੰਦੇ ਨੇ, ਮਸਤ ਰਹਿੰਦੇ ਨੇ।

*ਆਤਮ ਰਸੁ ਜਿਹ ਜਾਨਿਆ*
*ਹਰਿ ਰੰਗ ਸਹਜੇ ਮਾਣੁ॥*
*ਨਾਨਕ ਧਨਿ ਧਨਿ ਧੰਨਿ ਜਨ ਆਏ*
*ਤੇ ਪਰਵਾਣੁ॥* *ਅੰਗ - 252*
*ਨਾਨਕ ਭਗਤਾ ਸਦਾ ਵਿਗਾਸੁ॥* *ਅੰਗ - 3*

ਪ੍ਰਵਾਨ ਨੇ ਸੰਸਾਰ ਦੇ ਅੰਦਰ ਜਿਹੜੇ ਆ ਕੇ ਸਰੀਰਧਾਰੀ ਹੋ ਕੇ ਮਹਾਂਪੁਰਸ਼ਾਂ ਦੀ ਸੰਗਤ ਕਰਦੇ ਨੇ ਤੇ ਫੇਰ ਬੰਦਗੀ ਕਰਦੇ ਨੇ। ਆਤਮ ਰਸ ਨੂੰ ਮਾਣਦੇ ਨੇ।

*ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*
*ਸਰਬ ਲੋਹ ਗ੍ਰੰਥ 'ਚੋਂ*

ਵਾਹਿਗੁਰ ਦੇ ਵਿਚ ਤੇ ਉਨ੍ਹਾਂ ਦੇ ਵਿਚ ਕੋਈ ਭੇਦ ਨਹੀਂ ਹੋਇਆ ਕਰਦਾ, ਇਕੋ ਹੋਇਆ ਕਰਦੇ ਨੇ। ਸੋ ਉਨ੍ਹਾਂ ਦਾ ਆਉਣਾ ਪ੍ਰਵਾਨ ਹੈ। ਸੋ ਜਿਹੜੇ ਦੂਸਰੇ ਨੇ ਉਨ੍ਹਾਂ ਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ-

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥*
*ਅੰਗ - 450*

ਇਕ ਪਾਸੇ ਉਹ ਜਿਹੜੇ ਇਥੇ ਆ ਕੇ ਬੰਦਗੀ ਕਰਦੇ ਨੇ, ਨਾਮ ਰਸ 'ਚ ਸਵਾਦ ਮਾਣਦੇ ਨੇ, ਆਤਮ ਰਸ ਨੂੰ ਜਾਣਦੇ ਨੇ। ਇਕ ਪਾਸੇ ਉਹ ਨੇ

ਜਿਹੜੇ ਸੰਸਾਰ ਤੇ ਆ ਕੇ ਸ਼ਰਾਬਾਂ ਕਬਾਬਾਂ, ਗਲਤ ਚੀਜ਼ਾਂ ਖਾਂਦੇ ਨੇ ਮਾਸ, ਮਦਰਾ ਆਦਿਕ ਤੇ ਇਸੇ ਦੇ ਵਿਚ ਜੀਵਨ ਦੀ ਕਾਮਯਾਬੀ ਸਮਝਦੇ ਨੇ।

Eat drink and be marry for we shall have to die. ਮਹਾਰਾਜ ਕਹਿੰਦੇ ਨਹੀਂ ਪ੍ਰੇਮੀਓਂ! ***'ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ॥ ਅੰਗ - 450'*** ਉਹ ਸੰਸਾਰ ਤੇ ਆਉਣ ਦਾ ਕਾਰਨ ਤਾਂ ਦੱਸੇ ਕਿ ਕੀ ਕਾਰਨ ਹੈ। ਆਪਣੇ ਆਪ ਤਾਂ ਨਹੀਂ ਨਾ ਆਇਆ ਸੰਸਾਰ ਦੇ ਉਤੇ। ਉਹ ਤਾਂ ਭੇਜਿਆ ਹੋਇਆ ਕਰਮਾਂ ਦਾ ਬੰਨ੍ਹਿਆ ਹੋਇਆ ਆਇਆ ਹੈ। ਲੇਖੇ ਦੇਣ ਵਾਸਤੇ ਆਇਆ ਹੈ ਮਨਮੁਖ ਬੰਦਾ।

***ਇਹੁ ਮਾਣਸ ਜਨਮੁ ਦੁਲੰਭੁ ਹੈ***
***ਨਾਮ ਬਿਨਾ ਬਿਰਥਾ ਸਭੁ ਜਾਏ॥***
***ਹੁਣਿ ਵਤੈ ਹਰਿ ਨਾਮੁ ਨ ਬੀਜਿਓ***
***ਅਗੈ ਭੁਖਾ ਕਿਆ ਖਾਏ॥ ਅੰਗ - 450***

ਫੇਰ ਭੁੱਖਾ ਕੀ ਖਾਏਂਗਾ ਪ੍ਰੇਮੀਆਂ! ਫੇਰ ਤਾਂ ਖਾਣ ਨੂੰ ਮਿਲਣਾ ਨਹੀਂ।

***ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥***
***ਅੰਗ - 450***

***ਮਨਮੁਖਿ ਆਵੈ ਮਨਮੁਖਿ ਜਾਵੈ॥***
***ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥***
***ਜਿਤਨੇ ਨਰਕ ਸੇ ਮਨਮੁਖਿ ਭੋਗੈ***
***ਗੁਰਮੁਖਿ ਲੇਪੁ ਨ ਮਾਸਾ ਹੇ॥ ਅੰਗ - 1073***
***ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ॥***
***ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ॥***
***ਅੰਗ - 252***

ਪਹਿਲਾਂ ਵੀ ਧੰਨ ਸੀਗੇ, ਜ਼ਿੰਦਗੀ ਦੇ ਅੰਦਰ ਵੀ ਧੰਨ ਰਹੇ, ਜਾਣ ਤੋਂ ਬਾਅਦ ਵੀ ਧੰਨ ਹੋਣਗੇ। ਉਨ੍ਹਾਂ ਦੀਆਂ ਯਾਦਾਂ ਮਨਾਈਆਂ ਜਾਣਗੀਆਂ, ਉਨ੍ਹਾਂ ਦੇ ਕਾਰਨਾਮਿਆਂ ਤੋਂ ਸੰਸਾਰ ਰੋਸ਼ਨੀ ਹਾਸਲ ਕਰੇਗਾ, ਆਪਣਾ ਉਧਾਰ ਕਰੇਗਾ। ਉਨ੍ਹਾਂ ਦੀ ਕਥਾ ਕਹਾਣੀਆਂ–

***ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥***
***ਅੰਗ - 951***

ਪੁੱਤਰਾਂ ਨੂੰ ਹੋਰ ਚੰਗੇ ਪੁੱਤਰ ਬਣਾ ਦਿੰਦੀਆਂ ਨੇ। ਸੋ ਜਿਨ੍ਹਾਂ ਮਹਾਂਪੁਰਸ਼ਾਂ ਦੀ ਯਾਦ ਵਿਚ ਆਪਾਂ ਬੈਠੇ ਹਾਂ, ਉਹ ਮਹਾਂਪੁਰਸ਼ ਉਨ੍ਹਾਂ ਵਿਚੋਂ ਨੇ ਜਿਨ੍ਹਾਂ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਅੰਦਰ ਇਸ ਤਰ੍ਹਾਂ ਦੇ ਨਾਲ ਆਉਂਦਾ ਹੈ।

***ਸਾਧ ਕੀ ਮਹਿਮਾ ਬੇਦ ਨ ਜਾਨਹਿ॥***

***ਜੇਤਾ ਸੁਨਹਿ ਤੇਤਾ ਬਖਿਆਨਹਿ॥ ਅੰਗ - 272***

ਸੰਤ ਮਹਾਰਾਜ ਜੀ ਦਾ ਜਨਮ 4 ਅਗਸਤ 1905 ਦਾ ਸੀ। ਆਪ 18ਵੇਂ ਸਾਲ ਦੇ ਵਿਚ ਜਦੋਂ ਦਸਵੀਂ ਜਮਾਤ ਦੇ ਵਿਚ ਪੜ੍ਹਦੇ ਸੀ, ਰੇਰੂ ਸਾਹਿਬ ਵੱਡੇ ਮਹਾਂਪੁਰਸ਼ਾਂ ਪਾਸ ਪਹੁੰਚਦੇ ਨੇ। ਦਰਸ਼ਨ ਕੀਤੇ, ਦਰਸ਼ਨ ਕਰਦੇ ਸਾਰ ਉਥੇ ਹੀ ਸੌਦਾ ਹੋ ਗਿਆ। ਸਭ ਕੁਛ ਆਪਣਾ ਉਨ੍ਹਾਂ ਦੇ ਹਵਾਲੇ ਕਰ ਦਿਤਾ। ਉਨ੍ਹਾਂ ਨੇ ਇਕੋ ਬਚਨ ਕਿਹਾ ਸੀ ਕਿ ਆ ਗਿਆ ਭਾਈ ਤੂੰ। ਉਸ ਵੇਲੇ ਆਪ ਦੇ ਰੇਸ਼ਮ ਦੇ ਕੱਪੜੇ ਪਾਏ ਹੋਏ ਸੀ। ਆਪ ਉਸ ਖਾਨਦਾਨ ਨਾਲ ਸਬੰਧ ਰਖਦੇ ਸੀ ਜਿਨ੍ਹਾਂ ਦਾ ਸਬੰਧ ਮਹਾਰਾਜਾ ਪਟਿਆਲਾ ਦੇ ਮਹਿਲਾਂ ਤੱਕ ਸੀ। ਆਪ ਦੀ ਭੂਆ ਦੇ ਲੜਕੇ ਸਰਦਾਰ ਦਲੀਪ ਸਿੰਘ ਜੀ ਉਥੇ ਗਾਈਡ ਹੋਇਆ ਕਰਦੇ ਸੀ। ਪਹਿਲਾਂ ਨਫਰ ਸੀ ਫੇਰ ਗਾਈਡ ਬਣ ਗਏ ਸੀ। ਸੋ ਆਪ ਵੀ ਜਾਂਦੇ ਆਉਂਦੇ ਰਹਿੰਦੇ ਸੀ। ਵੱਡੇ-ਵੱਡੇ ਜਿਹੜੇ ਆਫੀਸਰ ਸੀ, ਸਾਰਿਆਂ ਨਾਲ ਮੇਲ ਮਿਲਾਪ, ਵੱਡੇ ਘਰਾਂ ਦੇ ਜਿਹੜੇ ਵਿਦਿਆਰਥੀ ਸੀ ਉਨ੍ਹਾਂ ਦੇ ਨਾਲ ਆਪ ਪੜ੍ਹਦੇ ਹੁੰਦੇ ਮਾਡਲ ਸਕੂਲ ਦੇ ਵਿਚ। ਬਾਬਾ ਹੀਰਾ ਸਿੰਘ 16 ਸੈਕਟਰ ਵਾਲੇ, ਉਨ੍ਹਾਂ ਨਾਲ ਕੁਛ ਪਿਆਰ ਸੀ ਇਨ੍ਹਾਂ ਦਾ। ਤੋਪਖਾਨੇ ਦੇ ਅੰਦਰ ਜਿੰਨੇ ਵੀ ਸਿਪਾਹੀ ਸੀ, ਜਿੰਨੇ ਵੀ ਰੈਂਕ ਸੀ ਸਾਰੇ ਹੀ ਨਾਮ ਜਪਦੇ ਸੀ। ਫੌਜ ਦੇ ਅੰਦਰ ਤੋਪਖਾਨੇ 'ਚ ਐਹੋ ਜਿਹੀ ਫੌਜ ਸੀ ਜਿਸ ਵਿਚ ਸਾਰੇ ਬੰਦੇ ਅੰਮ੍ਰਿਤ ਵੇਲੇ ਉਠ ਕੇ, ਇਸ਼ਨਾਨ ਕਰਕੇ ਦੋ ਵਜੇ ਬੈਠ ਕੇ ਸਮਾਧੀਆਂ ਲਾ ਕੇ, ਦਿਨ ਚੜ੍ਹੇ ਤੱਕ ਭਜਨ ਬੰਦਗੀ ਤੇ ਆਸਾ ਜੀ ਦੀ ਵਾਰ ਦਾ ਕੀਰਤਨ ਕਰਿਆ ਕਰਦੇ ਸਨ। ਆਪ ਕਿਉਂਕਿ ਉਥੋਂ ਨੇੜੇ ਸੀ, ਚਲੇ ਜਾਇਆ ਕਰਦੇ ਸੀ। ਉਥੋਂ ਆਪ ਦੇ ਮਨ ਵਿਚ ਬੜਾ ਸ਼ੌਕ ਲੱਗਿਆ, ਉਸ ਤੋਂ ਵੀ ਪਹਿਲਾਂ ਆਪ ਮੈਨੂੰ ਇਕ ਵਾਰੀ ਦਸਦੇ ਸੀ ਕਿ ਜਦ ਅਸੀਂ ਪੰਜਵੀਂ ਪੜ੍ਹਦੇ ਸੀ। ਤਾਂ ਟੀ. ਐਲ ਵਿਸਵਾਨੀ ਮਹਾਤਮਾ ਮਹਾਰਾਜਾ ਪਟਿਆਲੇ ਨੇ ਪ੍ਰੋਫੈਸਰ ਲਾਏ ਹੋਏ ਸੀ ਮਾਡਲ ਸਕੂਲ 'ਚ। ਜੋ ਰਾਜਕੁਮਾਰਾਂ ਨੂੰ ਪੜ੍ਹਾਇਆ ਕਰਦੇ ਸੀ। ਇਕ ਦਿਨ ਆਪ ਨੇ ਜ਼ਿਕਰ ਕੀਤਾ ਕਿ ਜਿਹੜਾ ਬੱਚਾ ਪੰਜ ਪਾਠ ਜਪੁਜੀ ਸਾਹਿਬ ਦੇ ਕਰਦਾ ਹੈ, ਉਹਦੀ ਸਮਾਧੀ ਲੱਗਣ ਲਗ ਜਾਂਦੀ ਹੈ। ਮਹਾਰਾਜ ਕਹਿੰਦੇ ਅਸੀਂ ਦੋ ਕੁ ਹਫਤੇ ਦੇ ਅੰਦਰ ਜਪੁਜੀ ਸਾਹਿਬ ਯਾਦ ਕਰ ਲਿਆ। ਛੋਟੇ ਜਿਹੇ ਬੱਚੇ ਸੀ ਤੇ ਅੱਠਵੀਂ ਜਮਾਤ ਦੇ ਅੰਦਰ ਪੰਜ ਪਾਠ ਸੁਖਮਨੀ ਸਾਹਿਬ ਦੇ ਰੋਜ਼ ਕਰਿਆ ਕਰਦੇ ਸੀ। ਉਸ ਤੋਂ ਇਲਾਵਾ 2 ਵਜੇ ਉਠਿਆ ਕਰਦੇ ਸੀ। ਇਕ ਵਜੇ ਉਠਣਾ, ਦੋ ਵਜੇ ਸੁਧਾਸਰ ਪਹੁੰਚਦੇ ਸੀ ਕਿਰਿਆ ਤੋਂ ਵਿਹਲੇ ਹੋ ਕੇ। ਸੁਧਾਸਰ ਮੋਤੀ ਬਾਗ ਦੇ ਵਿਚ ਤਲਾਬ ਹੈ। ਉਥੇ ਜਾ ਕੇ ਆਪ ਨੇ ਇਸ਼ਨਾਨ ਕਰਨਾ, ਇਸ਼ਨਾਨ ਕਰਕੇ ਉਹਦੇ ਕੰਢੇ ਤੇ ਬੈਠਾ ਜਾਣਾ। ਆਪ ਦੇਖ ਲਓ ਕਿ ਮਹਾਰਾਜ ਜੀ ਦੀ ਕਿੰਨੀ ਕੁ ਉਮਰ ਉਸ ਵਕਤ 15 ਕੁ ਸਾਲ ਦੀ ਸੀ। 14 ਸਾਲ ਦੀ ਹੋਣੀ ਹੈ। ਬਹੁਤੀ ਨਹੀਂ ਸੀ, ਐਨੀ ਕੁ ਹੀ ਸੀ। ਜੇ 14 ਸਾਲ ਦਾ ਬੱਚਾ ਇਕ ਵਜੇ ਉਠ ਕੇ ਇਸ਼ਨਾਨ ਕਰਕੇ ਬੈਠ ਜਾਵੇ ਤੇ ਫੇਰ ਮਹਾਰਾਜ ਕਹਿੰਦੇ ਅਸੀਂ ਪੰਜ ਘੰਟੇ

ਬੈਠਣਾ। ਕੋਈ ਫੁਰਨਾ ਨਾ ਆਉਣ ਦੇਣਾ। ਕਿਉਂਕਿ ਸਾਡੇ ਜਿਹੜੇ ਮਹਾਤਮਾ ਪੜ੍ਹਾਉਂਦੇ ਸੀ ਟੀ. ਐਲ ਵਿਸਵਾਨੀ ਉਨ੍ਹਾਂ ਨੇ ਇਹ ਗੱਲ ਕਹੀ ਕਿ ਜਿਹਦੀ ਸਮਾਧੀ ਪੰਜ ਘੰਟੇ ਲਗ ਜਾਵੇ, ਉਹ ਲਾਈਟ ਦੇ ਉਤੇ ਸਵਾਰ ਹੋ ਜਾਂਦਾ ਹੈ। ਕਹਿੰਦੇ ਐਸ ਤਰ੍ਹਾਂ ਲੱਗਿਆ ਕਰੇ ਕਿ ਪਹਿਲਾਂ ਤਾਂ ਅਸੀਂ ਸਰੋਵਰ ਦੇ ਕੰਢੇ ਬੈਠਿਆ ਕਰਦੇ ਸੀ, ਉਥੇ ਬੈਠਦੇ ਬੈਠਦੇ ਫੁੱਲ ਵਰਗੇ ਹੌਲੇ ਹੋ ਜਾਣਾ ਤੇ ਐਉਂ ਮਹਿਸੂਸ ਹੋਣਾ ਕਿ ਅਸੀਂ ਪਾਣੀ ਦੇ ਉਤੇ ਬੈਠੇ ਹਾਂ ਅਤੇ ਹੇਠਾਂ ਸਾਡੇ ਫੁੱਲ ਨੇ। ਕਮਲ ਫੁੱਲਾਂ ਦੇ ਉਤੇ ਬੈਠ ਕੇ ਅਸੀਂ ਭਜਨ ਕਰ ਰਹੇ ਹਾਂ ਤੇ ਨਾਲੀ ਬੜੀ ਉਚੀ ਨਿਕਲੀ ਹੋਈ ਹੈ ਪਾਣੀ ਦੇ ਅੰਦਰ। ਕੋਈ ਫੁਰਨਾ ਨਹੀਂ ਸੀ ਆਉਂਦਾ। ਪੰਜ ਘੰਟੇ ਜਦੋਂ ਹੋ ਜਾਣੇ ਫੇਰ ਇਕ ਘੰਟੇ ਦੇ ਵਿਚ ਸੁਰਤ ਨਾਲ ਪੰਜ ਪਾਠ ਸੁਖਮਨੀ ਸਾਹਿਬ ਦੇ ਕਰਨੇ। ਉਸ ਤੋਂ ਬਾਅਦ ਅਸੀਂ ਵਾਪਸ ਆਉਣਾ, ਨਿਤਨੇਮ ਕਰਨਾ। ਫੇਰ ਸਕੂਲ ਨੂੰ ਜਾਂਦੇ ਸੀ।

ਏਸ ਗੱਲ ਦੀ ਸ਼ਿਕਾਇਤ ਸਰਦਾਰ ਦਲੀਪ ਸਿੰਘ ਕੋਲ ਕਰ ਦਿਤੀ। ਉਨ੍ਹਾਂ ਘਰੋਂ ਬੀਬੀ ਨੇ ਕਿ ਇਹ ਪੜ੍ਹਦੇ ਤਾਂ ਨਹੀਂ ਇਹ ਤਾਂ ਰਾਤ ਦੇ ਇਕ ਵਜੇ ਇਥੋਂ ਤੁਰ ਜਾਂਦੇ ਨੇ ਤੇ 8 ਵਜੇ ਆਉਂਦੇ ਨੇ ਉਥੋਂ। ਤੁਹਾਡੇ ਆਉਂਦਿਆਂ ਨੂੰ ਨਿਕਲ ਜਾਂਦੇ ਨੇ ਇਹ। ਇਹ ਮਹਾਰਾਜਿਆਂ ਦਾ ਕੰਮ ਹੁੰਦਾ ਹੈ, ਰਾਜਿਆਂ ਦਾ ਲੇਟ ਸੌਣਾ। ਇਹ ਸਾਰੇ ਕੰਮ ਠੀਕ ਕਰਨ ਤੋਂ ਬਾਅਦ ਵਾਪਸ ਆਇਆ ਕਰਦੇ ਸੀ। ਕਹਿੰਦੇ ਏਸ ਤਰ੍ਹਾਂ ਕਰੋ ਸਾਰੇ ਘਰ ਨੂੰ ਤਾਲੇ ਲਾ ਦਿਓ, ਬਾਹਰਲੇ ਪਾਸੇ ਤਾਲਾ ਮੈਂ ਲਾ ਜਾਊਂਗਾ, ਉਹਦੀ ਚਾਬੀ ਮੇਰੇ ਕੋਲ ਹੋਏਗੀ। ਬਾਕੀ ਸਾਰੇ ਤਾਲੇ ਲਾ ਦਿਓ। ਕੋਠੀ ਸੀ ਬਹੁਤ ਵੱਡੀ, ਸਾਰੇ ਘਰ ਨੂੰ ਤਾਲੇ ਲਾ ਦਿਤੇ। ਮਹਾਰਾਜ ਜੀ ਉਠੇ ਤਾਂ ਦੇਖਿਆ ਸਾਰੇ ਦਰਵਾਜ਼ੇ ਬੰਦ ਨੇ ਕੋਈ ਨਾ ਖੁਲ੍ਹਾ। ਸਮਝ ਗਏ ਕਿ ਇਨ੍ਹਾਂ ਨੂੰ ਪਤਾ ਲਗ ਗਿਆ ਮੇਰਾ ਕਿ ਇਹ ਤੜਕੇ ਚਲਾ ਜਾਂਦਾ ਹੈ। ਇਹ ਸਭ ਪ੍ਰਬੰਧ ਮੇਰੇ ਵਾਸਤੇ ਹੋਇਆ ਹੈ। ਆਪ ਜੀ ਇਸ਼ਨਾਨ ਤੋਂ ਬਗੈਰ, ਉਥੇ ਹੀ ਬੈਠ ਗਏ। ਉਥੇ ਕਿਉਂ ਨਹੀਂ ਸੀ ਕਰਦੇ ਕਿਉਂਕਿ ਘਰਦਿਆਂ ਨੂੰ ਖੇਚਲ ਹੁੰਦੀ ਸੀ। ਸੋ ਇਹ ਵੀ ਧਿਆਨ ਰਖਦੇ ਸੀ ਕਿ ਇਨ੍ਹਾਂ ਦੀ ਨੀਂਦ 'ਚ ਨਾ ਵਿਘਨ ਪਵੇ। ਚੁੱਪ ਕਰਕੇ ਨਿਕਲ ਜਾਂਦੇ ਸੀ, ਜਾ ਕੇ ਬਾਹਰ ਭਜਨ ਕਰਿਆ ਕਰਦੇ ਸੀ। ਸੋ ਆਪ ਜੀ ਪੌੜੀਆਂ ਦੇ ਵਿਚ ਬੈਠ ਗਏ। ਪੌੜੀਆਂ ਉਪਰ ਨੂੰ ਚੜ੍ਹਦੀਆਂ ਸੀ, ਫੇਰ ਮੋੜ ਖਾਂਦੀਆਂ ਸੀ ਜਿਥੇ ਮੋੜ ਖਾਂਦੀਆਂ ਸੀ ਉਥੇ ਕੋ 4-5 ਫੁੱਟ ਕੁ ਥਾਉਂ ਸੀਗਾ, ਉਥੇ ਚੌਂਕੜਾ ਮਾਰਿਆ। ਜਦੋਂ ਸਰਦਾਰ ਦਲੀਪ ਸਿੰਘ ਆਏ ਤੇ ਉਨ੍ਹਾਂ ਦਾ ਪੈਰ ਇਨ੍ਹਾਂ 'ਚ ਲੱਗਿਆ। ਉਹ ਕਹਿਣ ਲੱਗੇ, ਕੌਣ ਹੈ? ਨਾਉਂ ਲਿਆ। ਕਹਿੰਦੇ ਹਾਂ ਬਾਈ ਮੈਂ ਹਾਂ। ਕਹਿੰਦੇ ਤੂੰ ਪੈਣਾ ਨਹੀਂ? ਕਹਿੰਦੇ ਨਾ ਮੈਨੂੰ ਇਕ ਵਜੇ ਤੋਂ ਬਾਅਦ ਨਹੀਂ ਨੀਂਦ ਆਉਂਦੀ। ਪਤਾ ਨਹੀਂ ਕਿੰਨੇ ਕੁ ਜਨਮ ਸੌਂ ਕੇ ਖਰਾਬ ਕਰ ਲਏ। ਹੁਣ ਕ੍ਰਿਪਾ ਕਰੋ ਹੁਣ ਮੇਰੇ ਤੇ ਪਾਬੰਦੀ ਨਾ ਲਾਓ। ਉਸ ਤੋਂ ਉਨ੍ਹਾਂ ਨੇ ਕਹਿ ਦਿਤਾ ਕਿ ਇਹ ਤਾਂ ਆਪਣਾ ਕੋਈ ਹੋਰ ਕੰਮ ਕਰਨ ਵਾਸਤੇ ਆਇਆ ਹੈ, ਪੜ੍ਹਾਈਆਂ ਪੜ੍ਹਾਈਆਂ ਕਰਨ ਨਹੀਂ ਆਇਆ। ਇਹਨੇ ਤਾਂ ਵੱਡੇ ਕੰਮ ਕਰਨੇ ਨੇ। ਸੋ ਇਹਨੂੰ ਨਾ ਰੋਕੋ। ਸੋ ਆਪ ਦੋ ਵਜੇ ਇਸ਼ਨਾਨ ਕਰਕੇ ਸੁਧਾਸਰ ਸਰੋਵਰ, ਮੋਤੀਬਾਗ

ਦੇ ਅੰਦਰ ਹੈ ਉਰਲੇ ਪਾਸੇ, ਉਥੇ ਜਾ ਕੇ ਆਪ ਬੈਠ ਜਾਂਦੇ ਸੀ ਜਿਥੇ ਪੰਜ ਘੰਟੇ ਆਪ ਅਫੁਰ ਸਮਾਧੀ ਲਾਉਂਦੇ ਸੀ। ਅਜੇ ਮਹਾਂਪੁਰਸ਼ਾਂ ਦਾ ਮਿਲਾਪ ਨਹੀਂ ਸੀ ਹੋਇਆ। ਪਿਛਲੇ ਜਨਮ ਦਾ ਹੀ ਐਨਾ ਬਲ ਸੀ ਭਜਨ ਦਾ ਕਿ ਸਾਰੀਆਂ ਹੀ ਅਵਸਥਾਂ ਖੁਲ੍ਹ ਗਈਆਂ ਪਹਿਲਾਂ ਹੀ। ਉਸ ਤੋਂ ਬਾਅਦ ਆਪ ਨੂੰ ਖਿਆਲ ਹੋਇਆ ਕਿ ਕਿਸੇ ਮਹਾਂਪੁਰਸ਼ ਦੀ ਤਲਾਸ਼ ਕਰੀਏ ਜਿਹੜਾ ਪੂਰਾ ਹੋਵੇ। ਉਹ ਖਿੱਚ ਹਰ ਵਕਤ ਅੰਦਰ ਰਿਹਾ ਕਰੇ। ਜਦੋਂ ਦੱਸਵੀਂ ਜਮਾਤ ਵਿਚ ਪੜ੍ਹਦੇ ਸੀ, ਉਸ ਵੇਲੇ ਹੀਰਾ ਸਿੰਘ ਨੇ ਉਨ੍ਹਾਂ ਨੂੰ ਕਿਹਾ। ਉਸ ਤੋਪਖਾਨੇ ਦੇ ਬਹੁਤ ਸਾਰੇ ਪ੍ਰੇਮੀ ਰੇਰੂ ਸਾਹਿਬ ਆਇਆ ਕਰਦੇ ਸੀ। ਉਨ੍ਹਾਂ ਤੋਂ ਬਚਨ ਸੁਣਨੇ ਤਾਂ ਆਪ ਦੇ ਮਨ ਵਿਚ ਖਿਆਲ ਜਾਗਿਆ ਕਿ ਸੰਤਾਂ ਦੇ ਦਰਸ਼ਨ ਕਰੀਏ, ਮਹਾਂਪੁਰਸ਼ਾਂ ਦੇ ਚੱਲ ਕੇ। ਉਨ੍ਹਾਂ ਦਿਨਾਂ 'ਚ ਸਵਾਰੀਆਂ ਨਹੀਂ ਸੀ ਹੁੰਦੀਆਂ। ਪਟਿਆਲੇ ਤੋਂ ਦੋ ਦਿਨ 'ਚ ਗੱਡੀ ਰੇਰੂ ਸਾਹਿਬ ਪਹੁੰਚਦੀ ਸੀ। ਪਹਿਲਾਂ ਧੂਰੀ ਨੂੰ ਜਾਣ, ਫੇਰ ਧੂਰੀ ਤੋਂ ਬੈਠੇ ਰਹਿਣਾ ਲੁਧਿਆਣੇ ਨੂੰ ਜਾਣੀ। ਫੇਰ ਲੁਧਿਆਣੇ ਬੈਠੇ ਰਹਿਣਾ ਫੇਰ ਦੁਰਾਹੇ ਨੂੰ ਆਉਣੀ। ਫੇਰ ਦੁਰਾਹੇ ਤੋਂ ਤੁਰ ਕੇ ਰਾਮਪੁਰ ਨੂੰ ਜਾਣਾ, ਰੇਰੂ ਸਾਹਿਬ। ਸਬੱਬ ਨਾਲ ਇਸੇ ਤਰ੍ਹਾਂ ਹੀਰਾ ਸਿੰਘ ਨੂੰ ਛੁੱਟੀ ਹੋਈ ਤੇ ਆਪ ਨਾਲ ਆ ਗਏ, ਆਏ ਹੋਏ ਜਦੋਂ ਰੇਰੂ ਸਾਹਿਬ ਗਏ। ਮਹਾਂਪੁਰਸ਼ਾਂ ਦੇ ਦਰਸ਼ਨ ਕੀਤੇ, ਪਹਿਲਾ ਹੀ ਬਚਨ ਉਨ੍ਹਾਂ ਨੇ ਇਹ ਕੀਤਾ ਦੇਖਦੇ ਸਾਰ। ਕਹਿੰਦੇ ਆ ਗਿਆ, ਬੜੀ ਦੇਰ ਛੁਪਿਆ ਰਿਹਾ। ਐਨੀਓ ਗੱਲ। ਕਹਿੰਦੇ ਹਾਂ ਮਹਾਰਾਜ ਆ ਗਿਆ। ਚਾਰ ਦਿਨ ਛੁੱਟੀਆਂ ਤੋਂ ਬਾਅਦ ਹੀਰਾ ਸਿੰਘ ਤਾਂ ਤੁਰਨ ਦੀ ਕਾਹਲ ਕਰੇ। ਮਹਾਂਪੁਰਸ਼ਾਂ ਨੂੰ ਕਿਹਾ ਕਿ ਮਹਾਂਪੁਰਸ਼ੋ! ਇਹ ਤਾਂ ਵਿਦਿਆਰਥੀ ਹੈ, ਘਰ ਦੇ ਉਲਾਂਭੇ ਦੇਣਗੇ ਕਿ ਉਥੇ ਹੀ ਛੱਡ ਆਇਆ। ਮਹਾਂਪੁਰਸ਼ਾਂ ਨੇ ਕਿਹਾ ਨਾਹ ਭਾਈ ਪੜ੍ਹ ਕੇ ਆਈਂ। ਆਪ ਫੇਰ ਚਲੇ ਗਏ, ਫੇਰ ਆ ਜਾਇਆ ਕਰਨ, ਫੇਰ ਚਲੇ ਜਾਇਆ ਕਰਨ। ਇਸੇ ਤਰ੍ਹਾਂ ਕਰਦੇ-ਕਰਦੇ ਦਸਵੀਂ ਦਾ ਜਦ ਇਮਤਿਹਾਨ ਆਇਆ ਮਹਾਰਾਜ ਜੀ ਮੈਨੂੰ ਦੱਸਦੇ ਸੀ ਕਹਿੰਦੇ, ਅਸੀਂ ਸਾਰਾ ਦਿਨ ਪਾਠ ਕਰੀ ਜਾਣਾ। ਕਿਤਾਬ ਨਾ ਪੜ੍ਹਨੀਂ ਕੋਈ ਵੀ, ਕਿਤਾਬਾਂ ਤਾਂ ਕਹਿੰਦੇ ਐਵੇਂ ਹੀ ਯਾਦ ਸੀਗੀਆਂ ਸਾਰੀਆਂ। ਜਦ ਮਨ ਟਿਕ ਜਾਵੇ ਤਾਂ ਕਿਤਾਬਾਂ ਆਪਣੇ ਆਪ ਯਾਦ ਹੋ ਜਾਂਦੀਆਂ ਨੇ। ਮਹਾਰਾਜ ਜੀ ਕਹਿੰਦੇ ਅਸੀਂ ਪਿਛਲੀ ਲਾਈਨ 'ਚ ਬੈਠਣ ਲਗ ਗਏ। ਬਥੇਰਾ ਕਿਹਾ ਮਾਸਟਰਾਂ ਨੇ ਕਿ ਤੁਸੀਂ ਪਹਿਲੀ ਲਾਈਨ 'ਚ ਕਿਉਂ ਨਹੀਂ ਬਹਿੰਦੇ। ਤੂੰ ਤਾਂ ਫਸਟ ਆਉਣ ਵਾਲਾ ਵਿਦਿਆਰਥੀ ਹੈਂ। ਅਸੀਂ ਕਿਤਾਬਾਂ 'ਚ ਗੁਟਕੇ ਰੱਖਣੇ-ਵੱਡੇ ਗੁਟਕੇ ਤੇ ਪਾਠ ਕਰੀ ਜਾਣਾ। ਉਸ ਤੋਂ ਬਾਅਦ ਜਦੋਂ ਇਮਤਿਹਾਨ ਹੋਇਆ, ਸਾਨੂੰ ਇਹ ਹੋਇਆ -

*ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ॥*
*ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ॥*

***ਅੰਗ - 761***

ਅਸੀਂ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਲਿਖਣਾ ਸ਼ੁਰੂ ਕਰ ਦਿਤਾ। ਸਾਰੇ ਪੇਪਰ ਜਿੰਨੇ ਦਿਤੇ ਸਾਰੇ ਵਾਹਿਗੁਰੂ-ਵਾਹਿਗੁਰੂ ਕਰਕੇ ਹੀ ਦੇ ਦਿਤੇ। ਨਾ ਕੋਈ ਪਾਸ ਹੋਣ ਦੀ ਇਛਿਆ ਨਾ ਫੇਲ੍ਹ ਹੋਣ ਦਾ ਡਰ। ਹੁਣ ਤਾਂ ਵਾਹਿਗੁਰੂ ਮਿਲ ਗਿਆ, ਵਾਹਿਗੁਰੂ ਨੂੰ ਨਹੀਂ ਛੱਡਣਾ। ਇਕ ਸ੍ਵਾਸ ਨਹੀਂ ਵਾਹਿਗੁਰੂ ਤੋਂ ਦੂਰ

ਕਰਨਾ ਕਿਉਂਕਿ ਆਪ ਨੂੰ ਅੰਮ੍ਰਿਤ ਛਕਾ ਦਿਤਾ ਗਿਆ ਸੀ ਤੇ ਨਾਮ ਦੀ ਦਾਤ ਪ੍ਰਾਪਤ ਹੋ ਗਈ ਸੀ। 1924 ਵਿਚ ਫੇਰ ਆਪ ਆ ਗਏ, ਫੇਰ ਨਹੀਂ ਵਾਪਸ ਗਏ, ਜ਼ੋਰ ਲਾ ਲਿਆ, ਘਰ ਦੇ ਵੀ ਗਏ ਕਿਉਂਕਿ ਮਹਾਂਪੁਰਸ਼ਾਂ ਦਾ ਸਰੀਰ ਤਿੰਨ ਸਾਲ ਹੋਰ ਰਹਿੰਦਾ ਸੀ। ਤਿੰਨ ਸਾਲ ਉਹ ਸੇਵਾ ਕਰੀ ਜਿਹੜੀ ਹੈਰਾਨੀ ਹੋ ਜਾਂਦੀ ਹੈ ਕਿ ਐਨੀ ਸੇਵਾ। ਦਿਨ ਰਾਤ ਆਪ ਨਾਲ ਰਹਿੰਦੇ ਸੀ। ਗੜ੍ਹਵੇ ਦੀ ਸੇਵਾ ਕਰਦੇ ਸੀ, ਡਿਊਟੀ ਦਿੰਦੇ ਸੀ, ਪਹਿਰਾ ਦਿੰਦੇ ਸੀ। ਆਪ ਜੀ ਦੇ ਬਾਰੇ ਇਕ ਪ੍ਰੇਮੀ ਇਥੇ 7 ਸੈਕਟਰ (ਚੰਡੀਗੜ੍ਹ) 'ਚ ਰਹਿੰਦਾ ਹੁੰਦਾ ਉਹ ਕਹਿਣ ਲੱਗਿਆ ਕਿ ਸੰਤ ਮਹਾਰਾਜ ਅਤਰ ਸਿੰਘ ਜੀ ਦੇ ਅਸੀਂ ਦਰਸ਼ਨ ਕਰਨ ਗਏ। ਅੱਗੇ ਜਾ ਕੇ ਕੀ ਦੇਖਦੇ ਹਾਂ ਕਿ ਇਕ ਡਿਊਟੀ ਤੇ ਬੈਠੇ ਨੇ, ਉਹ ਭੋਰੇ ਵਿਚ ਨੇ। ਇਨ੍ਹਾਂ ਦੇ ਮੱਥੇ ਨੂੰ ਮਿੱਟੀ ਲੱਗੀ ਹੋਈ ਹੈ। ਇਸ ਰਮਜ਼ ਦਾ ਪਤਾ ਨਾ ਲੱਗੇ ਕਿ ਮੱਥੇ ਨੂੰ ਕਿਉਂ ਮਿੱਟੀ ਦੀ ਚੁਟਕੀ ਲੱਗੀ ਹੋਈ ਹੈ। ਅਸੀਂ ਬਥੇਰਾ ਪੁੱਛਿਆ ਪਰ ਆਪ ਨੇ ਕੁਛ ਦੱਸਿਆ ਨਾ।

ਇਸ ਬਾਰੇ ਮਹਾਰਾਜ ਜੀ ਨੇ ਮੇਰੇ ਨਾਲ ਇਕ ਵਾਰੀ ਗੱਲ ਕਰੀ। ਮੈਂ ਕਿਹਾ ਮਹਾਰਾਜ ਜੀ ਆਪ ਦਾ ਜੀਵਨ ਲਿਖਣਾ ਚਾਹੁੰਦੇ ਨੇ। ਮੈਨੂੰ ਚਿੱਠੀ ਆਈ ਹੈ। ਕਹਿੰਦੇ ਸੰਤਾਂ ਦੇ ਜੀਵਨ ਦਾ ਕੀ ਪਤਾ ਹੁੰਦਾ ਹੈ ਸੰਸਾਰ ਨੂੰ, ਕੀ ਜੀਵਨ ਹੈ। ਕਿਉਂਕਿ ਉਹ ਤਾਂ ਦੱਸਦੇ ਹੀ ਨਹੀਂ ਹੁੰਦੇ ਸਾਰਾ ਗੁਪਤ ਰਖਦੇ ਨੇ।

***ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥***

***ਅੰਗ - 1384***

ਉਹ ਤਾਂ ਨਸ਼ਰ ਨਹੀਂ ਕਰਦੇ ਉਹ ਆਪਣੀ ਆਟੋਬਾਏਗ੍ਰਾਫੀ ਲਿਖਦੇ ਨੇ ਤਾਂ ਵੀ ਨਹੀਂ ਪੂਰੀਆਂ ਗੱਲਾਂ ਲਿਖਦੇ। ਉਪਰਲੀ-ਉਪਰਲੀ ਲਿਖਣਗੇ। ਅੰਦਰਲੇ ਭੇਤ ਨਹੀਂ ਦਿੰਦੇ ਕਿਸੇ ਨੂੰ ਵੀ। ਮੈਂ ਕਿਹਾ ਮਹਾਰਾਜ ਪਤਾ ਹੈ ਕਿ ਉਥੇ ਦੀਵਾਨ ਲਾਇਆ, ਉਥੇ ਲਾਇਆ, ਉਥੇ ਤੁਸੀਂ ਗਏ ਉਹਨੂੰ ਬਚਨ ਕੀਤਾ। ਦੁਨੀਆਂ ਨੂੰ ਬੇਅੰਤ ਗੱਲਾਂ ਦਾ ਪਤਾ ਹੈ। ਕਹਿੰਦੇ ਨਹੀਂ ਐਉਂ ਨਹੀਂ, ਬਹੁਤ ਸਾਰੀਆਂ ਗੱਲਾਂ ਹੁੰਦੀਆਂ ਨੇ। ਮੈਂ ਕਿਹਾ ਮਹਾਰਾਜ ਕਿਸ ਤਰ੍ਹਾਂ? ਕ੍ਰਿਪਾ ਕਰੋ। ਕਹਿੰਦੇ ਅਸੀਂ 9 ਸਾਲ ਪਿੱਠ ਨਹੀਂ ਲਾਈ ਧਰਤੀ ਨਾਲ। ਇਕ-ਦੋ-ਚਾਰ-ਦੱਸ ਦਿਨ ਨਹੀਂ ਹੈ, ਨੌਂ ਸਾਲ। ਮੈਂ ਕਿਹਾ ਮਹਾਰਾਜ ਨੀਂਦ ਵੀ ਕਿਤੇ ਆਉਂਦੀ ਹੀ ਹੋਣੀ ਹੈ ਆਖਿਰ ਸਰੀਰ ਹੀ ਹੈ। ਕਹਿੰਦੇ ਜੇ ਕਿਤੇ ਸਰੀਰ ਨੂੰ ਆ ਵੀ ਜਾਵੇ ਤਾਂ ਮੱਥਾ ਤਾਂ ਲਗ ਜਾਂਦਾ ਸੀ, ਪਿੱਠ ਨਹੀਂ ਸੀ ਲਗਦੀ। ਤੁਸੀਂ ਹੈਰਾਨ ਹੋ ਜਾਓਂ ਕਿ ਕਿੱਡੀ ਤਪੱਸਿਆ ਹੈ। ਸੋ ਇਸੇ ਕਰਕੇ ਇਸ ਗੱਲ ਨੂੰ ਸੰਸਾਰ ਨਹੀਂ ਸਮਝ ਸਕਦਾ। ਵੱਡੇ ਤੋਂ ਵੱਡੇ ਵੇਦ ਵੀ ਗਿਣੇ ਗਏ ਨੇ ਸਾਡੇ ਉਹ ਵੀ ਮਹਿਮਾ ਨਹੀਂ ਜਾਣਦੇ।

***ਸਾਧ ਕੀ ਮਹਿਮਾ ਬੇਦ ਨ ਜਾਨਹਿ॥ ਅੰਗ - 272***

ਰੀਸ ਤਾਂ ਕੋਈ ਉਨ੍ਹਾਂ ਦੀ ਕਰ ਨਹੀਂ ਸਕਦਾ ਬਹੁਤ ਔਖੀ ਹੈ। ਕਿਉਂਕਿ ਇਕ ਧੁਰ ਤੋਂ ਆਏ ਹੁੰਦੇ ਨੇ, ਇਕ ਨੇ ਇਥੋਂ ਬਣਨਾ ਹੁੰਦਾ ਹੈ। ਜੇ ਕਹੋ

ਕਿ ਇਥੋਂ ਬਣੇ ਨੇ ਗੁਰੂ ਅੰਗਦ ਸਾਹਿਬ, ਬਿਲਕੁਲ ਨਹੀਂ। ਉਨ੍ਹਾਂ ਨੇ ਸਿੱਖੀ ਦਾ ਨਮੂਨਾ ਦਿਖਾਉਣਾ ਸੀ, ਸਿੱਖ ਦਾ ਨਮੂਨਾ ਦਿਖਾਉਣ ਵਾਸਤੇ, ਸਿੱਖ ਬਣ ਕੇ ਤਿੰਨ ਚਾਰ ਸਾਲ ਸੇਵਾ ਕਰੀ। ਸੀਗੇ ਪੂਰੇ ਪਹਿਲਾਂ ਹੀ। ਪਹਿਲੇ ਦਿਨ ਹੀ ਗੁਰੂ ਨਾਨਕ ਨੇ ਕਿਹਾ ਕਿ ਤੇਰਾ ਨਾਉਂ ਕੀ ਹੈ। ਕਹਿੰਦੇ ਲਹਿਣਿਆ ਫੇਰ ਤੂੰ ਲੈਣਾ ਅਸੀਂ ਤੇਰਾ ਦੇਣਾ। ਬੇਅੰਤ ਗੁਰਸਿੱਖ ਮਿਲੇ ਸੀ ਕਿਸੇ ਨੂੰ ਪਹਿਲਾਂ ਕਿਹਾ ਹੀ ਨਹੀਂ ਆਪ ਨੇ। ਕਿਉਂਕਿ ਅਜੇ ਦੀਵੇ ਦੇ ਵਿਚ ਤੇਲ ਸੀਗਾ, ਬੱਤੀ ਸੀਗੀ। ਦੀਵਾ ਸੀਗਾ, ਜਗਦਾ ਦੀਵਾ ਅਜੇ ਸਾਮ੍ਹਣੇ ਨਹੀਂ ਸੀ ਆਇਆ ਕਿ ਜਗ ਜਾਵੇ। ਸੋ ਹੁਣ ਆਪ ਦੇ ਸਾਮ੍ਹਣੇ ਜਗਦਾ ਦੀਵਾ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ ਆਏ ਅਤੇ ਜੋਤ ਦੇ ਨਾਲ ਜੋਤ ਲਗ ਗਈ। ਇਕ ਰੂਪ ਹੋ ਗਏ। ਹਰ ਵਕਤ ਆਪ ਸੇਵਾ 'ਚ ਰਿਹਾ ਕਰਦੇ ਸੀ। ਸੌਣਾ ਭੁੱਲ ਗਏ, ਸਰੀਰ ਕ੍ਰਿਸ਼ ਹੋ ਗਿਆ, ਗੜਵਾ ਚੁੱਕਣਾ ਔਖਾ ਹੋ ਗਿਆ। ਐਸੀ ਸੇਵਾ ਆਪ ਨੇ, ਘੋਰ ਤਪ ਤਿੰਨ ਸਾਲ ਸੰਤ ਸੇਵਾ ਦਾ ਕੀਤਾ। ਉਸ ਵੇਲੇ ਆਪ ਦੀ ਉਮਰ ਅਜੇ 25 ਸਾਲ ਦੀ ਸੀ। ਮਹਾਂਪੁਰਸ਼ਾਂ ਨੇ ਸਰੀਰ ਛੱਡ ਦਿਤਾ ਤੇ ਆਪ ਢੱਕੀ ਦੇ ਵਿਚ ਆ ਗਏ ਜਿਥੇ ਹੁਣ ਅੱਜਕਲ੍ਹ ਡੰਗਰ ਬੰਨ੍ਹਦੇ ਹੁੰਦੇ ਨੇ, ਇਥੇ ਇਕ ਵੱਡੀ ਢੱਕੀ ਹੁੰਦੀ ਸੀ। ਪਰਲੇ ਪਾਸੇ ਜਿਥੇ ਖੂਹ ਹੈ। ਇਥੋਂ ਦੀ ਕੋਈ ਨਹੀਂ ਸੀ ਲੰਘਦਾ ਹੁੰਦਾ, ਨਾਨਕੇ ਸੀ ਮੇਰੇ ਮਸੂਰੀ ਅਸੀਂ ਵਿਚੀਂ ਲੰਘ ਕੇ ਜਾਂਦੇ ਹੁੰਦੇ। ਉਥੇ ਤਾਈਂ ਦੋ ਬੰਦੇ ਨਾਲ ਲਿਆਉਣੇ, ਭਾਈ ਦੋ ਬੰਦੇ ਲੰਘਾ ਜਾਓ, ਕਿਤੇ ਉਥੇ ਕੋਈ ਚੋਰ ਡਾਕੂ ਨਾ ਪੈ ਜਾਵੇ। ਸੋ ਦੋ ਚਾਰ ਬੰਦਿਆਂ ਨੇ ਗੰਡਾਸੀਆਂ ਲੈ ਕੇ ਨਾਲ ਤੁਰਨਾ ਤੇ ਜਦੋਂ ਢੱਕੀ ਲੰਘ ਜਾਣੀ, ਪੁੱਲ ਨਹਿਰ ਲੰਘਾ ਦਿਤੀ ਫੇਰ ਵਾਪਸ ਮੁੜਿਆ ਕਰਦੇ ਸੀ। ਉਸ ਢੱਕੀ ਦੇ ਵਿਚ ਆ ਕੇ ਆਪ ਨੇ ਆਸਣ ਲਾ ਲਿਆ। ਕੋਈ ਛੰਨ ਨਹੀਂ ਹੈ, ਰੜੇ ਮੈਦਾਨ ਵਿਚ ਦਰਖਤਾਂ ਦੇ ਥੱਲੇ ਬੈਠ ਜਾਂਦੇ ਨੇ। ਨਹਿਰ ਵਿਚ ਇਸ਼ਨਾਨ ਕਰ ਲੈਂਦੇ ਨੇ, ਕਛਹਿਰਾ ਇਕੋ ਹੀ ਹੈ ਉਹ ਤੇੜ ਪਿਆ ਪੁਆਇਆ ਹੀ ਸੁੱਕ ਜਾਂਦਾ। ਚੋਲਾ ਇਕੋ ਸੀ ਉਸੇ ਨੂੰ ਧੋ ਕੇ ਸੁੱਕਣਾ ਪਾ ਦਿੰਦੇ ਸੀ, ਉਹ ਪੈ ਜਾਂਦਾ। ਕਈ ਦਿਨ ਲੰਘ ਗਏ। ਪ੍ਰਸ਼ਾਦ ਪਾਣੀ ਦਾ ਬੰਦੋਬਸਤ ਕੋਈ ਨਹੀਂ। ਕੋਈ ਪ੍ਰੇਮੀ ਆਇਆ ਉਹਨੇ ਕਿਹਾ ਸੰਤ ਸੇਵਾ ਕਰਦੇ ਨੇ, ਦੋਵੇਂ ਮਹਾਂਪੁਰਸ਼ ਸੀ, ਉਹਨੇ ਲਿਆ ਕੇ ਘੜਾ ਰੱਖ ਦਿਤਾ। ਕੋਈ ਹੋਰ ਪ੍ਰੇਮੀਆਂ ਆਇਆ ਚੰਗਾ ਸੀ ਉਹਨੇ ਕਿਹਾ ਨਲਕਾ ਲਵਾ ਦੇਈਏ ਸੰਤ ਇਸ਼ਨਾਨ ਕਿਥੇ ਕਰਦੇ ਹੋਣੇ ਨੇ। ਉਹਨੇ ਨਲਕਾ ਲਾ ਦਿਤਾ। ਪ੍ਰਵਿਰਤੀ ਵਧਣੀ ਸ਼ੁਰੂ ਹੋ ਗਈ। ਸੋ ਹੁੰਦੇ ਹੁੰਦੇ ਸੰਗਤ ਆਉਣੀ ਸ਼ੁਰੂ ਹੋ ਗਈ।

ਇਕ ਦਿਨ ਦੀ ਗੱਲ ਹੈ, ਸੰਗਤ ਆ ਗਈ। ਲਾਂਗਰੀ ਸਿੰਘ ਨੇ ਪ੍ਰਸ਼ਾਦ ਤਿਆਰ ਕਰਿਆ। ਮਹਾਂਪੁਰਸ਼ ਕਹਿੰਦੇ ਪ੍ਰਸ਼ਾਦਾ ਕੀ ਕਰਨਾ ਹੈ ਪ੍ਰਸ਼ਾਦ ਹੀ ਵਰਤਾਅ ਦਿਓ। ਦੋ ਕਿਲੋ ਦਾ ਪ੍ਰਸ਼ਾਦ ਤਿਆਰ ਕਰ ਲਿਆ ਤੇ ਓਧਰ ਕਿੰਨੀ ਸੰਗਤ ਆ ਗਈ। ਜਦੋਂ ਸੰਗਤ ਦੇਖੀ ਲਾਂਗਰੀ ਸਿੰਘ ਨੇ ਤੇ ਛੋਟੇ ਮਹਾਰਾਜ ਜੀ ਦੇ ਕੋਲ ਆਇਆ, ਕਹਿਣ ਲੱਗਿਆ ਸੰਗਤ ਬਹੁਤ ਆ ਗਈ ਮਹਾਰਾਜ, ਹੁਣ ਕੀ ਕਰਾਂ ਮੈਂ। ਇਹ ਤਾਂ ਪੂਰਾ ਨਹੀਂ ਪੈਣਾ ਹੈ। ਰਾਸ਼ਨ ਵੀ ਕੋਈ ਨਹੀਂ ਹੈ ਜਿਹੜਾ ਸੀਗਾ ਉਹ ਪੱਕਾ ਦਿਤਾ ਸਾਰਾ ਹੀ। ਬਾਬਾ ਜੀ ਕਹਿਣ ਲੱਗੇ

ਪ੍ਰੇਮੀਆ ਇਹ ਤਾਂ ਗੁਰੂ ਕਾ ਲੰਗਰ ਹੈ, ਗੁਰੂ ਨਾਨਕ ਦਾ ਲੰਗਰ ਵੀ ਕਦੇ ਤੋੜ 'ਚ ਆਉਂਦਾ ਹੁੰਦਾ ਹੈ? ਇਹ ਤਾਂ ਆਦਮੀ ਦਾ ਮਨ ਥੋੜ੍ਹ ਵਿਚ ਹੁੰਦੈ, ਨਹੀਂ ਤਾਂ ਥੋੜ੍ਹ ਨਹੀਂ ਆਉਂਦਾ ਹੁੰਦਾ। ਨਹੀਂ ਤਾਂ ਵਧਦਾ ਹੀ ਹੁੰਦੈ।

***ਤੋਟਿ ਨ ਆਵੈ ਵਧਦੋ ਜਾਈ॥ ਅੰਗ - 186***

ਇਥੇ ਤਾਂ ਮੁਕਾ-ਮੁਕਾ ਕੇ ਦੇਖਣ ਵਾਲੇ ਵੀ ਆ ਗਏ ਨੇ, ਲੰਗਰ ਨਹੀਂ ਕਦੇ ਵੀ ਥੁੜ੍ਹਿਆ। ਜਾਹ ਵਰਤਾਅ, ਅੰਦਰ ਜਾ ਕੇ ਪੈ ਗਿਆ। ਕਾਫੀ ਸਮੇਂ ਬਾਅਦ ਮਹਾਂਪੁਰਸ਼ਾਂ ਨੇ ਕਿਹਾ ਕਿ ਪੰਗਤਾਂ ਨਹੀਂ ਲਵਾਈਆਂ। ਫੇਰ ਆਵਾਜ਼ ਦਿਤੀ, ਕਹਿੰਦਾ, ਮੈਂ ਕੀ ਕਰਾਂ ਮਹਾਰਾਜ ਮੈਨੂੰ ਪਤਾ ਹੈ ਇਹ ਤਾਂ ਥੋੜ੍ਹਾ ਜਿਹਾ ਹੀ ਹੈ, ਇਹ ਸੰਗਤ ਬਹੁਤ ਆ ਗਈ। ਇੰਨੇ ਨੂੰ ਪਰਲੇ ਪਿੰਡਾਂ ਦੇ ਇਧਰ ਰਾਏਪੁਰ ਵਾਲੇ ਮਕਾਨ ਦੇਣ ਗਏ ਸੀ ਉਹ ਵੀ ਆ ਗਏ, ਹੋਰ ਸੰਗਤ ਵਧ ਗਈ। ਕਹਿੰਦਾ ਉਹ ਤਾਂ ਪਹਿਲਿਆਂ ਜੋਗਾ ਨਹੀਂ ਸੀ ਆਹ ਤਾਂ ਹੋਰ 30-40 ਆ ਗਏ। ਕਹਿੰਦੇ ਤੂੰ ਨਾ ਕਰ, ਜਾਹ ਸੰਤਾਂ ਕੋਲ ਚਲਿਆ ਜਾਹ। ਵੱਡੇ ਮਹਾਰਾਜ ਕੋਲ ਆ ਗਿਆ। ਉਮਰ ਵਿਚ ਤਾਂ ਉਹ ਵੱਡੇ ਸੀ ਤੇ ਕਰਨੀ ਕਮਾਈ ਵਿਚ ਇਨ੍ਹਾਂ ਨੂੰ ਵੱਡੇ ਮੰਨਿਆ ਗਿਆ ਸੀ। ਕਰਨੀ ਉਨ੍ਹਾਂ ਦੀ ਵੀ ਘੱਟ ਨਹੀਂ ਸੀ, ਬਾਬਾ ਕਿਸ਼ਨ ਸਿੰਘ ਜੀ ਮਹਾਰਾਜ ਦੀ, ਪੂਰੇ ਸੀ ਉਹ ਵੀ। ਸੋ ਆਪ ਦੇ ਪਾਸ ਜਦੋਂ ਆਏ, ਮਹਾਰਾਜ ਕਹਿੰਦੇ ਸੰਤਾਂ ਨੂੰ ਕਹੋ ਕਿ ਉਹ ਵਰਤਾਉਣ, ਉਨ੍ਹਾਂ ਦੀ ਡਿਊਟੀ ਹੈ, ਲੰਗਰ ਵਗੈਰਾ ਵਰਤਾਉਣ ਦੀ। ਫੇਰ ਆ ਗਏ ਤਾਂ ਆਪ ਕਹਿਣ ਲੱਗੇ ਆਹ ਸਾਡਾ ਕੱਪੜਾ ਲੈ ਜਾ, ਉਤੇ ਪਾ ਕੇ ਵਰਤਾਈ ਜਾਹ। ਹੌਂਸਲਾ ਨਾ ਪਵੇ ਉਹਦਾ। ਉਹਨੂੰ ਪਤਾ ਸੀ ਕਿ ਦੋ ਚਾਰ ਉਂਜਲ ਦੇ ਕੇ ਹੀ ਇਹ ਤਾਂ ਮੁੱਕ ਜਾਣਾ ਹੈ। ਬਾਬਾ ਜੀ ਕੋਲ ਆ ਕੇ ਬਹਿ ਗਏ, ਕਹਿੰਦੇ ਲੈ ਵਰਤਾਅ। ਕੱਪੜਾ ਚੁੱਕ ਕੇ ਝਾਕੀਂ ਨਾ, ਹੱਥ ਪਾਈ ਜਾਈਂ ਕੱਢੀ ਜਾਈਂ। ਸਾਰੀਆਂ ਸੰਗਤਾਂ ਨੂੰ ਕਹਿਣ ਲੱਗੇ ਕਿ ਪ੍ਰਸ਼ਾਦਾ ਨਹੀਂ ਹੈ, ਪ੍ਰਸ਼ਾਦ ਹੀ ਛੱਕਣਾ ਹੈ। ਤ੍ਰਿਪਤ ਕਰ ਦਿਤੇ। ਜਿਉਂ ਵਰਤਾਉਣ ਲੱਗੇ, ਆਥਣ ਹੋ ਗਈ। ਸ਼ਾਮ ਪੈ ਗਈ, ਕਿਉਂਕਿ ਰਸਤਾ ਜਾਂਦਾ ਸੀ ਉਥੋਂ ਦੀ, ਹਰੇਕ ਹੀ ਲੰਗਰ ਛਕਣ ਚਲਿਆ ਜਾਂਦਾ ਸੀ। ਸ਼ਾਮ ਤੱਕ ਪ੍ਰਸ਼ਾਦ ਵਰਤਦਾ ਚਲਿਆ ਗਿਆ। ਸੋ ਇਹ ਬਰਕਤਾਂ ਹੁੰਦੀਆਂ ਨੇ ਮਹਾਂਪੁਰਸ਼ਾਂ ਦੇ ਅੰਦਰ। ਮਹਾਂਪੁਰਸ਼ਾਂ ਦੀ ਜਿਹੜੀ ਰਹਿਤ ਹੈ ਸਾਧਸੰਗਤ ਜੀ ਉਹਨੂੰ ਕੋਈ ਵਿਰਲਾ ਹੀ ਜਾਣਦਾ ਹੈ। ਸਮਝ ਨਹੀਂ ਸਕਦਾ ਕੋਈ। ਗੁਰੂ ਮਹਾਰਾਜ ਦਸਦੇ ਨੇ ਕਿ ਸੰਤਾਂ ਦੀ ਰਹਿਤ ਕੀ ਹੁੰਦੀ ਹੈ।

***ਆਠ ਪਹਰ ਨਿਕਟਿ ਕਰਿ ਜਾਨੈ॥***
***ਪ੍ਰਭ ਕਾ ਕੀਆ ਮੀਠਾ ਮਾਨੈ॥***
***ਏਕੁ ਨਾਮੁ ਸੰਤਨ ਆਧਾਰੁ॥***
***ਹੋਇ ਰਹੇ ਸਭ ਕੀ ਪਗ ਛਾਰੁ॥ ਅੰਗ - 392***

ਸੰਤਾਂ ਦੀ ਪਹਿਲ ਰਹਿਤ ਇਹ ਹੁੰਦੀ ਹੈ ਕਿ ਕਦੇ ਵੀ ਇਹ ਨਹੀਂ ਜਾਣਦੇ ਵਾਹਿਗੁਰੂ ਦੂਰ ਹੈ। ਅੱਠੇ ਪਹਿਰ ਨੇੜੇ ਕਰਕੇ ਜਾਣਦੇ ਨੇ। ਚੰਗਾ ਆ ਜਾਏ, ਮੰਦਾ ਆ ਜਾਏ, ਉਸਤਤਿ ਹੋ ਜਾਵੇ, ਨਿੰਦਿਆ ਹੋ ਜਾਵੇ, ਸਾਰਿਆਂ ਨੂੰ ਠੀਕ ਕਰਕੇ, ਮਿੱਠਾ ਕਰਕੇ ਹੀ ਮੰਨਣਾ ਹੈ। ਕੋਈ ਲਿਆ ਕੇ ਮੰਦਰ ਉਸਾਰ

ਦੇਵੇ, ਕੋਈ ਜਾ ਕੇ ਮੰਦਰਾਂ 'ਚੋਂ ਕੱਢ ਦੇਵੇ। ਦੋਹਾਂ ਨੂੰ ਇਕੋ ਸਮਾਨ ਦੇਖਣਾ।

ਜਦੋਂ ਮਹਾਰਾਜ ਜੀ ਢੱਕੀ ਵਿਚ ਰਹਿੰਦੇ ਸੀ, ਬੜੀ ਰੌਣਕ ਹੋ ਗਈ ਦਿਨਾਂ 'ਚ। ਗੁਰਦੁਆਰਾ ਵੀ ਬਣ ਗਿਆ, ਲੰਗਰ ਵੀ ਬਣ ਗਏ। ਖੂਹ ਵੀ ਲਗ ਗਿਆ, ਬਾਗ ਵੀ ਲੱਗਣੇ ਸ਼ੁਰੂ ਹੋ ਗਏ। ਪੰਚਵਟੀ ਭਜਨ ਕਰਨ ਵਾਲਿਆਂ ਦੀ ਬਣ ਗਈ। ਉਹ ਜ਼ਮੀਨ ਸ. ਗਿਆਨ ਸਿੰਘ ਰਾੜੇ ਵਾਲਿਆਂ ਦੀ ਸੀ। ਕਿਸੇ ਨੇ ਜਾ ਕੇ ਕਿਹਾ ਸਰਦਾਰ ਜੀ ਤੇਰੀ ਜ਼ਮੀਨ ਤੇ ਤਾਂ ਕਬਜ਼ਾ ਹੋ ਰਿਹਾ ਹੈ, ਅੱਗੇ ਹੀ ਅੱਗੇ ਵਧਦੇ ਤੁਰੇ ਆਉਂਦੇ ਨੇ। ਜਾ ਕੇ ਦੇਖ ਤਾਂ ਸਹੀ ਕਦੇ। ਕਿੰਨੀ ਕੀਮਤੀ ਜ਼ਮੀਨ ਹੈ ਇਹ ਤਾਂ ਕਬਜ਼ਾ ਕਰ ਲੈਣਗੇ। ਜ਼ਮੀਨ ਦੀ ਬਿਲਕੁਲ ਹੀ ਕੋਈ ਕੀਮਤ ਨਹੀਂ ਸੀ, ਕੋਈ ਮੁਫਤ ਨਹੀਂ ਸੀ ਲੈਂਦਾ ਹੁੰਦਾ। ਉਸ ਨੇ ਗੱਲ ਕਰੀ ਕਿ ਮੈਂ ਗੱਲ ਕਰਾਂ। ਇਥੇ ਆ ਕੇ ਗੱਲ ਚੱਲ ਪਈ। ਮਹਾਰਾਜ ਕਹਿੰਦੇ ਭਾਈ ਅਸੀਂ ਤਾਂ ਕੋਈ ਕਬਜ਼ਾ ਨਹੀਂ ਕਰਦੇ, ਅਸੀਂ ਜਿੱਦਣ ਜੀਅ ਕਰੇ, ਹੁਣ ਕਹੇਂ ਹੁਣ ਤੁਰ ਪੈਨੇ ਆਂ। ਆਪ ਨੇ ਅੰਮ੍ਰਿਤ ਵੇਲੇ ਹੀ ਤਿਆਰੀ ਕਰ ਲਈ ਤੁਰਨ ਦੀ। ਪਤਾ ਲੱਗ ਗਿਆ ਪਿੰਡ ਦੇ ਲੋਕਾਂ ਨੂੰ ਕਿ ਮਹਾਂਪੁਰਸ਼ ਤਾਂ ਜਾ ਰਹੇ ਨੇ। ਉਸੇ ਵੇਲੇ ਇਕ ਪਰਿਵਾਰ ਆਇਆ ਕਿ ਮਹਾਰਾਜ ਜਾਣਾ ਨਹੀਂ ਹੈ, ਕਿਤੇ ਨਹੀਂ ਜਾਣਾ। ਆਹ ਜ਼ਮੀਨਾਂ ਦੇਖੋ ਸਾਡੀਆਂ ਕਿੰਨੀਆਂ ਪਈਆਂ ਨੇ ਨਹਿਰ ਤੋਂ ਪਾਰ, ਜਿਥੇ ਹੁਣ ਡੇਰਾ ਬਣਿਆ ਹੋਇਆ ਹੈ, ਰਾਤੋ ਰਾਤ ਜ਼ਮੀਨ ਦੇ ਦਿਤੀ। ਉਹਦੀ ਛੱਡੀ ਦੀ ਕੋਈ ਗਮੀ ਨਹੀਂ ਹੈ ਤੇ ਨਵੀਂ ਦੀ ਕੋਈ ਖੁਸ਼ੀ ਨਹੀਂ ਹੈ। ਕਹਿੰਦੇ ਚੰਗਾ ਭਾਈ, ਜੇ ਤੁਸੀਂ ਇਸ ਤਰ੍ਹਾਂ ਹੀ ਚਾਹੁੰਦੇ ਹੋ ਤਾਂ ਅਸੀਂ ਇਸ ਤਰ੍ਹਾਂ ਹੀ ਬਹਿ ਜਾਂਦੇ ਹਾਂ। ਛੱਪਰ ਪਾ ਲਏ ਸੀ। ਸੋ ਪਕੜ ਨਹੀਂ ਕੋਈ ਵੀ ਹੋਇਆ ਕਰਦੀ। ਕੋਈ ਲੱਖਾਂ ਰੁਪਿਆ ਦੇ ਜਾਓ, ਕੋਈ ਲੱਖਾਂ ਰੁਪਿਆ ਲੈ ਜਾਓ, ਕੋਈ ਨਿੰਦਿਆ ਕਰ ਜਾਓ, ਕੋਈ ਉਸਤਤਾਂ ਕਰ ਜਾਓ, ਇਕੋ ਜਿਹਾ ਮੰਨਣੈ।

***ਪ੍ਰਭ ਕਾ ਕੀਆ ਮੀਠਾ ਮਾਨੈ॥ ਅੰਗ - 392***

ਨਾਮ ਦੇ ਆਧਾਰ ਤੇ ਜੀਉਣਾ ਹੈ। ਆਪ ਨੇ ਛੇ ਸਾਲ ਦਾ ਮੋਨ ਕਰ ਦਿਤਾ ਕਿ ਬੋਲਣਾ ਹੀ ਨਹੀਂ ਛੇ ਸਾਲ। ਐਨਾ ਸਖਤ ਮੋਨ, ਇਕ ਵਜੇ ਉਠਾ ਲੈਂਦੇ ਸੀ ਸਾਰਿਆਂ ਨੂੰ। ਬਹੁਤ ਸਾਰੇ ਮੋਨੀ ਨਾਲ ਸ਼ਾਮਲ ਹੋ ਗਏ। ਨਹਿਰ 'ਚ ਇਸ਼ਨਾਨ ਕਰਨਾ, ਪੋਹ ਦਾ ਮਹੀਨਾ। ਉਸ ਵੇਲੇ ਇਕੋ ਇਕ ਕੱਪੜਾ ਉਪਰ ਮਿਲਿਆ ਕਰਦਾ ਸੀ। ਦੁਪੱਟੀ ਹੁੰਦੀ ਖੱਦਰ ਦੀ। ਇਕ ਹੇਠਾਂ ਆਸਣ ਰਾੜੇ ਆਸਣ ਬਣਾਉਂਦੇ ਸੀ ਗਰਮ, ਉਹ ਆਸਣ ਜ਼ਰੂਰ ਮਿਲ ਜਾਂਦਾ ਸੀ। ਉਹ ਹੇਠਾਂ ਤਹਿ ਮਾਰ ਕੇ ਵਿਛਾ ਲੈਣਾ ਤੇ ਉਪਰ ਦੁਪੱਟੀ ਲੈ ਲੈਣੀ। ਕਈ ਵਾਰੀ ਐਸਾ ਹੋਣਾ ਕਿ ਖੱਦਰ ਦੀ ਚਾਦਰ ਲੈ ਲੈਣੀ ਤੇ ਉਹਦੇ ਉਤੇ ਕੋਰਾ ਜਮ ਜਾਣਾ। ਜਦੋਂ ਉਠਣਾ, ਕੋਰਾ ਝੜਨਾ, ਕਰੜ-ਕਰੜ ਕਰਕੇ ਗਿਰਨਾ ਤੇ ਫੇਰ ਜੇ ਇਥੇ ਵੀ ਨਹੀਂ ਤਾਂ ਠੰਡੇ ਪਾਣੀ 'ਚ ਖੜ੍ਹੇ ਕਰਾ ਦੇਣੇ ਸਾਰੇ ਕਿ ਇਥੇ ਭਜਨ ਕਰੋ। ਸੁਸਤੀ ਨਹੀਂ ਸੀ ਪੈਂਦੀ। ਆਪ ਖੜ੍ਹਦੇ ਸੀ ਪਹਿਲਾਂ, ਫੇਰ ਗਾਰਡਰ ਜਿਹੜੇ ਪੁਲ ਦੇ ਸੀ, ਹੁਣ ਤਾਂ ਹੋਰ ਤਰ੍ਹਾਂ ਦਾ ਬਣ ਗਿਆ, ਪਹਿਲਾਂ ਉਹ ਗਿੱਠ ਚੌੜੀ ਹੁੰਦੀ, 9 ਇੰਚ ਦੀ ਉਹਦੇ ਉਤੇ ਬਿਠਾਉਣਾ। ਜੇ ਊਂਘ ਆਉਣੀ ਤਾਂ ਸਿੱਧਾ ਹੀ ਨਹਿਰ 'ਚ ਗਿਰਦਾ ਸੀ।

ਇਕ ਵਾਰੀ ਇਕ ਸਿੰਘ ਤਿੰਨ ਵਾਰ ਗਿਰਿਆ। ਕੱਪੜੇ ਵੀ ਨਹੀਂ ਸੀ ਕਿ ਸੁਕਾ ਲਵੇ। ਉਵੇਂ ਜਿਵੇਂ ਹੀ ਫੇਰ ਬਹਿ ਜਾਇਆ ਕਰੇ। ਸੋ ਸਾਧਨ ਹੁੰਦੇ ਨੇ ਤਾਂ ਜਾ ਕੇ ਕਿਤੇ ਗੱਲ ਬਣਦੀ ਹੈ, ਐਵੇਂ ਨਹੀਂ ਸੁਖਾਲੀ-ਸੁਖਾਲੀ ਸਿੱਖੀ। ਜੇ ਕਹੇ ਜੀ ਇਹ ਤਾਂ ਫੇਰ ਹੱਠ ਯੋਗ ਹੋ ਗਿਆ, ਹੱਠ ਯੋਗ ਦਾ ਮਤਲਬ ਹੋਰ ਹੈ। ਨਿਰਾਰਥਕ ਕਿਰਿਆ ਨੂੰ ਹੱਠ ਕਹਿੰਦੇ ਨੇ, ਜਿਹਦੇ ਵਿਚ ਕੋਈ ਰਸ ਨਾ ਹੋਵੇ, ਕੋਈ ਮਤਲਬ ਨਾ ਹੋਵੇ।

ਗੁਰੂ ਨਾਨਕ ਪਾਤਸ਼ਾਹ ਦਾ ਜੇ ਜੀਵਨ ਪੜ੍ਹੀਏ। ਆਪ ਪਿਛਲੇ ਦਿਨਾਂ 'ਚ ਗੁਰੂ ਅੰਗਦ ਸਾਹਿਬ ਮਹਾਰਾਜ ਨਾਲ ਜਾਇਆ ਕਰਦੇ ਸੀ। ਅੰਮ੍ਰਿਤ ਵੇਲੇ ਦੋ ਵਜੇ ਆਪ ਨੇ ਰਾਵੀ 'ਚ ਵੜ ਜਾਣਾ, ਸਰਦੀਆਂ ਦਾ ਮਹੀਨਾ, ਤੜਕੇ ਦਿਨ ਚੜ੍ਹੇ ਤੱਕ ਰਾਵੀ 'ਚ ਖੜ੍ਹੇ ਰਹਿਣਾ। ਠੰਢਾ ਪਾਣੀ ਹੱਥ ਨਾ ਲੱਗਣਾ। ਇਕ ਵਾਰੀ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਨਾਲ ਹੀ ਜਾ ਖੜ੍ਹੇ, ਬੇਹੋਸ਼ ਹੋ ਗਏ, ਮਹਾਰਾਜ ਨੇ ਇਕ ਦਮ ਬਾਹਰ ਕੱਢ ਕੇ ਆਪਣੇ ਚਰਨ ਦਾ ਅੰਗੂਠਾ ਲਾਇਆ। ਕਹਿੰਦੇ ਪੁਰਖਾ! ਮੈਂ ਜੋ ਕਰਦਾਂ ਤੈਨੂੰ ਕਰਨ ਦੀ ਕੀ ਲੋੜ ਹੈ। ਉਹ ਦਿਖਾਉਂਦੇ ਸੀ, ਸਿਖਾਉਂਦੇ ਸੀ, ਸਬਕ ਦਿੰਦੇ ਸੀ ਸਾਨੂੰ ਕਿ ਭਜਨ ਬੰਦਗੀ ਰਜਾਈਆਂ 'ਚ ਬੈਠੇ, ਸਿਰਾਣੇ ਲਾਏ ਹੋਏ ਨੇ ਜੀ ਭਜਨ ਹੋ ਜਾਏਗਾ। ਉਹ ਤਾਂ ਹੋਣਾ ਨਹੀਂ ਹੈ, ਇਹ ਤਾਂ ਮਿਹਨਤ ਕਰਨੀ ਪੈਂਦੀ ਹੈ।

ਸੋ ਆਪ ਨੇ ਛੇ ਸਾਲ ਦਾ ਮੋਨ ਰੱਖਿਆ। ਇਕ ਵਜੇ ਉਠਾ ਦਿੰਦੇ ਸੀ, ਉਸ ਤੋਂ ਬਾਅਦ ਬੋਲਣਾ ਕਿਸੇ ਨਾਲ ਨਹੀਂ। ਸਾਰਾ ਦਿਨ ਭਜਨ ਕਰਨਾ, ਰਾਤ ਨੂੰ ਗਿਆਰ੍ਹਾਂ ਵਜੇ ਸੌਣ ਦਿੰਦੇ ਸੀ, ਸਿਰਫ ਦੋ ਘੰਟੇ ਦੀ ਨੀਂਦ ਲੈਣ ਦਿੰਦੇ ਸੀ। ਦਿਨ ਵਿਚ ਕੋਈ ਦੋ ਘੰਟੇ ਘਾਟਾ ਪੈ ਜਾਵੇ ਉਹ ਅਲਾਹਿਦਾ ਗੱਲ ਹੈ। ਲੇਕਿਨ ਆਪ ਦੀ ਕ੍ਰਿਆ ਬਹੁਤ ਸਖਤ ਸੀ।

***ਸੰਤ ਰਹਤ ਸੁਨਹੁ ਮੇਰੇ ਭਾਈ॥***
***ਉਆ ਕੀ ਮਹਿਮਾ ਕਥਨੁ ਨ ਜਾਈ॥***

***ਅੰਗ - 392***

ਮਹਿਮਾ ਨੂੰ ਕਹਿ ਨਹੀਂ ਸਕਦੇ। ਆਪ ਦੀ ਉਮਰ 29 ਸਾਲ ਦੀ ਸੀ ਜਿਸ ਵਕਤ ਮੈਂ ਦਰਸ਼ਨਾਂ ਨੂੰ ਗਿਆ। ਸੁਭਾਗ ਨੂੰ ਕੋਈ ਚੰਗਾ ਹੀ ਦਿਨ ਸੀ ਜਿਸ ਦਿਨ ਜਾ ਕੇ ਦਰਸ਼ਨ ਕਰ ਲਏ। ਸਾਧੂ ਸੰਤਾਂ ਕੋਲ ਤਾਂ ਮੈਂ ਬਹੁਤ ਜਾਂਦਾ ਸੀ। ਜਿਥੇ ਸੁਣਦਾ ਸੀ ਉਥੇ ਹੀ ਜਾਂਦਾ ਸੀ। ਪਰ ਅਜੇ ਤੱਕ ਕੋਈ ਮਿਲਿਆ ਨਹੀਂ ਸੀ ਐਸਾ ਜਿਹਦੇ ਨਾਲ ਦਿਲ ਦਾ ਸੌਦਾ ਕਰ ਲਿਆ ਜਾਵੇ। ਇਨ੍ਹਾਂ ਨੂੰ ਜਦ ਮਿਲਿਆ, ਮਿਲਦੇ ਸਾਰ ਬਗੈਰ ਬੋਲਣ ਤੋਂ, ਬਗੈਰ ਦੱਸਣ ਤੋਂ ਐਸੀ ਅਵਸਥਾ ਤੇ ਦਰਸ਼ਨ ਝਲਕਾ ਵਜਵਾ ਦਿਤਾ, ਜਿਹਨੂੰ ਹੁਣ ਤੱਕ ਨਹੀਂ ਮੈਂ ਭੁੱਲਦਾ। ਘਰ ਨਾ ਰਿਹਾ ਮੈਂ, ਘਰੋਂ ਚਲਿਆ ਗਿਆ ਮਸਤੂਆਣੇ। ਮਸਤੂਆਣੇ ਸੰਤ ਸ਼ਮਸ਼ੇਰ ਸਿੰਘ ਓਹਨੀਂ ਲੈ ਗਏ। ਉਥੇ ਦੋ ਢਾਈ ਮਹੀਨੇ ਉਨ੍ਹਾਂ ਦੇ ਨਾਲ ਭੋਰੇ 'ਚ ਬੈਠਦਾ ਰਿਹਾ ਤੇ ਸੌਲਵੇਂ ਸਾਲ ਦੀ ਉਮਰ ਸੀ। ਉਥੋਂ ਮੈਂ ਚੀਮਾ ਸਾਹਿਬ ਕੋਲ ਚਲਿਆ ਗਿਆ ਡਬਲ ਐਮ.ਏ. ਸੰਤ ਤੇਜਾ ਸਿੰਘ ਕੋਲ। ਉਥੋਂ

ਹੁੰਦਾ-ਹੁੰਦਾ ਮਾਣਸਾ ਦੇ ਨੇੜੇ ਜਿਹੜੀ ਝੀੜੀ ਸੀ ਉਥੇ ਜਾ ਕੇ ਬਹਿ ਗਿਆ। ਉਥੇ ਛੇ ਮਹੀਨੇ ਲੰਘ ਗਏ।

ਇਧਰ ਮਹਾਂਪੁਰਸ਼ਾਂ ਦੇ ਦੀਵਾਨ ਸਾਡੇ ਪਿੰਡ ਦਾ ਨੰਬਰਦਾਰ ਸੀ, ਉਹ ਜਾ ਕੇ ਲੈ ਆਇਆ। ਦੀਵਾਨ ਲੱਗੇ ਹੋਏ ਨੇ ਤੇ ਚਰਨ ਪਾਏ ਘਰ। ਉਸ ਵੇਲੇ ਮਹਾਰਾਜ ਜੀ ਨੇ ਸਵਾਲ ਕਰਿਆ ਕਿ ਵਰਿਆਮ ਸਿਉਂ ਕਿਥੇ ਹੈ? ਉਹ ਕਹਿੰਦੇ ਜੀ ਜਿੱਦਣ ਤੁਹਾਡੇ ਦਰਸ਼ਨ ਕਰੇ ਨੇ ਮੁੜ ਕੇ ਪਤਾ ਹੀ ਨਹੀਂ ਕਿਥੇ ਹੈ। ਉਨ੍ਹਾਂ ਦਿਨਾਂ 'ਚ ਟੋਲ੍ਹਦੇ ਨਹੀਂ ਸੀ, ਅਖਬਾਰਾਂ 'ਚ ਨਹੀਂ ਸੀ ਕਢਾਉਂਦੇ ਹੁੰਦੇ। ਨਾ ਕੋਈ ਚੁੱਕਦਾ ਸੀ ਕਿਸੇ ਨੂੰ, ਨਾ ਕੋਈ ਐਕਸੀਡੈਂਟ ਹੁੰਦਾ ਸੀ। ਗੱਡੀਆਂ ਹੀ ਨਹੀਂ ਸੀ ਹੁੰਦੀਆਂ, ਐਕਸੀਡੈਂਟ ਕਾਹਦੇ ਨਾਲ ਹੋਣਾ ਹੈ। ਬਿਮਾਰ ਵੈਸੇ ਹੀ ਨਹੀਂ ਸੀ ਹੁੰਦੇ-ਹੁੰਦੇ। ਸਰੀਰ ਤਕੜੇ ਹੁੰਦੇ। ਕੁਛ ਖਾ ਲਓ, ਬਿਮਾਰ ਹੁੰਦੇ ਹੀ ਨਹੀਂ ਸੀ। ਵੱਧ ਤੋਂ ਵੱਧ ਜੁਕਾਮ ਹੁੰਦਾ ਹੁੰਦਾ, ਹੋਰ ਕੋਈ ਬਿਮਾਰੀ ਨਹੀਂ ਸੀ ਹੁੰਦੀ। ਸੋ ਛੇ ਮਹੀਨੇ ਮੈਂ ਉਥੇ ਬੈਠਾ ਮਾਣਸਾ। ਅੰਮ੍ਰਿਤ ਵੇਲੇ ਹੀ ਉਠ ਕੇ ਬੈਠ ਜਾਣਾ, ਨਹਿਰ ਸੀਗੀ, ਇਸ਼ਨਾਨ ਕਰਨਾ, ਇਸ਼ਨਾਨ ਕਰਕੇ, ਝੀੜੀ 'ਚ ਜਾ ਬੈਠਣਾ। ਸੁਰਤੀ ਲੱਗੀ ਹੋਈ ਸੀ। ਅਕਾਲ ਉਸਤਤਿ ਸੁਰਤ ਨਾਲ ਪੜ੍ਹ ਰਿਹਾ ਸੀ। ਬਹੁਤ ਉਚੀ ਅਵਾਜ਼ 'ਚ ਚੁੱਪ ਕਰਕੇ ਸੁਣ ਰਿਹਾ ਸੀ। ਇਕ ਦਮ ਕੱਟ ਦਿਤਾ। ਮੈਂ ਹੈਰਾਨ ਹੋ ਗਿਆ ਕਿ ਆਹ ਕਿਹਨੇ ਕੱਟ ਦਿਤੀ ਸੁਰਤ। ਥੱਲੇ ਆ ਗਈ। ਦੂਜੀ ਵਾਰੀ ਫੇਰ ਮੈਂ ਇਕਾਗਰ ਕਰਕੇ ਸੁਰਤੀ ਜੋੜ ਕੇ ਉਥੇ ਲੈ ਕੇ ਗਿਆ। ਦੂਜੀ ਵਾਰ ਫੇਰ ਕੱਟ ਦਿਤੀ। ਖਿਆਲ ਆਇਆ ਕਿ ਕੋਈ ਗੱਲ ਹੋ ਗਈ, ਕੋਈ ਸੰਕਟ ਹੈ। ਤੀਸਰੀ ਵਾਰੀ ਜਦੋਂ ਮੈਂ ਫੇਰ ਕਰਿਆ ਫੇਰ ਉਨ੍ਹਾਂ ਨੇ ਕੱਟ ਦਿਤੀ। ਨਬਜ਼ ਤੇਜ਼-ਤੇਜ਼ ਚੱਲਣ ਲਗ ਗਈ। ਮੈਨੂੰ ਐਉਂ ਲੱਗਿਆ ਜਿਵੇਂ ਕੋਈ ਖਿੱਚਦਾ ਹੁੰਦਾ ਹੈ। ਮੈਂ ਉਸੇ ਵੇਲੇ ਗਿਆ ਉਥੇ ਜ਼ਿਲੇਦਾਰ ਹਰਚਰਨ ਸਿੰਘ ਸੀਗਾ। ਜਿਹਦੇ ਘਰ ਮੈਂ ਪ੍ਰਸ਼ਾਦ ਛੱਕ ਲੈਂਦਾ ਸੀ। ਮੈਂ ਕਿਹਾ ਕਿ ਸਰਦਾਰ ਸਾਹਿਬ ਮੈਂ ਤਾਂ ਚੱਲਿਆ। ਕਹਿੰਦਾ ਕਿਉਂ? ਮੈਂ ਕਿਹਾ ਬੱਸ, ਮੈਨੂੰ ਕੋਈ ਖਿੱਚ ਰਿਹਾ ਹੈ। ਜਦੋਂ ਬਾਹਰ ਗਿਆ, ਪੂਰੇ ਜ਼ੋਰ ਨਾਲ ਦੌੜ ਕੇ, ਕੋਈ ਡੇਢ-ਦੋ ਮੀਲ ਤੇ ਸਟੇਸ਼ਨ ਸੀ, ਜਦ ਮੈਂ ਆਇਆ, ਗੱਡੀ ਪਲੇਟਫਾਰਮ ਤੇ ਆ ਗਈ। ਮੈਂ ਨੱਠ ਕੇ ਜਾ ਕੇ ਚੜ੍ਹ ਗਿਆ, ਉਹਦੇ ਵਿਚ। ਪਿੰਡ ਕੋਲ ਆ ਕੇ ਪਤਾ ਲੱਗਿਆ ਕਿ ਇਥੇ ਮਹਾਰਾਜ ਜੀ ਦੇ ਦੀਵਾਨ ਨੇ ਤੇ ਮੈਂ ਸਿੱਧਾ ਹੀ ਦੀਵਾਨ ਨੂੰ ਚਲਿਆ ਗਿਆ ਘਰ ਨਾ ਗਿਆ। ਉਥੇ ਜਾ ਕੇ ਮਹਾਰਾਜ ਜੀ ਨੇ ਦੇਖ ਲਿਆ ਕਿ ਇਕੋ ਵਾਰ ਮਿਲਿਆ ਸੀ, ਉਦੋਂ ਪਛਾਣ ਲਿਆ, ਇਸ਼ਾਰਾ ਕਰ ਦਿਤਾ ਕਿ ਮੂਹਰੇ ਬਹਿ ਜਾ। ਮੂਹਰੇ ਬਹਿ ਗਿਆ, ਮੈਨੂੰ ਕਹਿੰਦੇ ਗੜਵਾ ਅੱਜ ਤੂੰ ਫੜ ਲੈ। ਗੜਵਾ ਫੜ ਲਿਆ, ਕਹਿੰਦੇ ਬਾਕੀ ਸਿੰਘ ਕੋਈ ਨਾ ਸਾਡੇ ਨਾਲ ਆਇਓ। ਇਕੱਲੇ ਨਹਿਰ ਤੇ ਲੈ ਗਏ। ਉਥੇ ਬੈਠ ਕੇ ਕਹਿੰਦੇ ਕਿਥੇ ਸੀਗਾ ਤੂੰ। ਮੈਂ ਕਿਹਾ ਮਹਾਰਾਜ ਮੈਂ ਤਾਂ ਮਾਣਸਾ ਤੋਂ ਪਰ੍ਹੇ ਜਵਾਹਰਕੇ ਨੇ ਉਥੇ ਇਕ ਝੀੜੀ ਸੀ, ਟਿਬਿਆਂ ਦੇ ਵਿਚ, ਉਹਦੇ 'ਚ ਬੈਠਾ ਸੀ। ਕਹਿੰਦੇ ਅੱਜ ਘਰ ਤੁਹਾਡੇ ਚਰਨ ਪਾਏ ਸੀ। ਉਦਾਸ ਦੇਖੇ ਮੈਂ ਇਸ ਕਰਕੇ

ਉਨ੍ਹਾਂ ਨੂੰ ਕਹਿ ਦਿਤਾ ਕਿ ਅੱਜ ਆ ਜਾਓਂਗੇ ਤੁਸੀਂ। ਮੈਂ ਕਿਹਾ ਮਹਾਰਾਜ! ਬੜੇ ਜ਼ੋਰ ਨਾਲ ਮੈਨੂੰ ਖਿਚਿਆ। ਰੋਟੀ ਖਾਣ ਦਾ ਵੀ ਟਾਈਮ ਨਹੀਂ ਦਿਤਾ, ਐਨੇ ਜ਼ੋਰ ਨਾਲ ਖਿੱਚਿਆ।

ਮੇਰਾ ਬੇਨਤੀ ਕਰਨ ਤੋਂ ਇਹ ਮਤਲਬ ਹੈ ਕਿ ਉਹ ਤਪੱਸਿਆ ਦੇ ਨਾਲ ਨਹੀਂ ਸੀ ਵੱਡੇ ਹੋਏ। ਉਹ ਆਪਣੇ ਆਪ ਹੀ ਸੀ। 25 ਸਾਲ ਦੀ ਉਮਰ ਸੀ ਜਦੋਂ ਪ੍ਰਸ਼ਾਦ ਨਾ ਖਤਮ ਹੋਇਆ। 29 ਸਾਲ ਦੀ ਉਮਰ ਉਦੋਂ ਸੀ ਉਨ੍ਹਾਂ ਦੀ ਜਦੋਂ ਮੇਰੇ ਨਾਲ ਵਰਤੀ, ਮੈਨੂੰ 100-150 ਮੀਲ ਤੇ ਬੈਠੇ ਨੂੰ ਖਿੱਚ ਲਿਆ। ਸੋ ਇਹ ਕਥਾਵਾਂ ਜਿਹੜੀਆਂ ਨੇ -

***ਸੰਤ ਰਹਤ ਸੁਨਹੁ ਮੇਰੇ ਭਾਈ॥***
***ਉਆ ਕੀ ਮਹਿਮਾ ਕਥਨੁ ਨ ਜਾਈ॥***
***ਵਰਤਨਿ ਜਾ ਕੈ ਕੇਵਲ ਨਾਮ॥ ਅੰਗ - 392***

ਜਿਥੇ ਜਾ ਕੇ ਕੇਵਲ ਨਾਮ ਦੀ ਵਰਤਣ ਹੁੰਦੀ ਹੈ। ਨਾਮ ਹੀ ਖਰਚਿਆ ਜਾਂਦਾ ਹੈ, ਨਾਮ ਹੀ ਜੋੜਿਆ ਜਾਂਦਾ ਹੈ।

***ਅਨਦ ਰੂਪ ਕੀਰਤਨੁ ਬਿਸ੍ਰਾਮ॥ ਅੰਗ - 392***

ਹਰ ਵਕਤ ਕੀਰਤਨ ਦੇ ਵਿਚ ਵਿਸ਼ਰਾਮ ਸੁਰਤੀ ਦਾ ਰਖਦੇ ਨੇ ਤੇ ਦਿਨ ਰਾਤ ਨਾਮ ਜਪਦੇ ਨੇ।

***ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ॥***
***ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ॥ ਅੰਗ - 392***

ਮਿਤ੍ਰ ਨੂੰ ਵੀ ਓਹੀ ਉਪਦੇਸ਼ ਤੇ ਸ਼ਤਰੂ ਨੂੰ ਵੀ ਓਹੀ ਉਪਦੇਸ਼। ਇਕੋ ਜਿਹਾ ਉਪਦੇਸ਼ ਦੋਹਾਂ ਨੂੰ ਹੋਇਆ ਕਰਦਾ ਸੀ। ਸਾਰਿਆਂ ਦੇ ਉਤੇ ਦਇਆਲ ਰਹਿਣਾ, ਦਾਤੇ ਰਹਿਣਾ। ਜੋ ਕੋਈ ਮੰਗਦੈ, ਉਹ ਦੇ ਦੇਣੈ, ਰੋਕਣਾ ਨਹੀਂ।

ਇਕ ਰਤਨ ਸਿੰਘ ਕਲਕੱਤੇ ਹੋਇਆ ਕਰਦਾ ਸੀ। ਉਹ ਟਰਾਂਸਪੋਰਟ ਦੇ ਵਿਚ ਕੰਮ ਕਰਦਾ ਸੀ, ਡਰਾਈਵਰ ਸੀ। ਡਰਾਈਵਰਾਂ ਨੂੰ ਆਦਤ ਪੈ ਜਾਂਦੀ ਹੈ ਨਸ਼ੇ ਪੀਣ ਦੀ। ਉਹਦੇ ਨਾਲ ਕੀ ਹੁੰਦਾ ਹੈ, ਫੇਫੜੇ ਖਰਾਬ ਹੋਣ ਲਗ ਜਾਂਦੇ ਨੇ। ਉਹਨੂੰ ਟੀ.ਬੀ. ਹੋ ਗਈ। ਇਲਾਜ ਕਰਾਉਂਦਾ ਰਿਹਾ, ਜਦੋਂ ਤੀਸਰੀ ਸਟੇਜ ਦੀ ਟੀ.ਬੀ. ਹੋ ਗਈ ਤਾਂ ਲੁਧਿਆਣੇ ਜ਼ਿਲੇ ਦੇ ਡਰਾਈਵਰਾਂ ਤੋਂ ਉਹਨੇ ਜੱਸ ਸੁਣਿਆ। ਉਹ ਆਪ ਐਧਰਲਾ ਸੀ ਬਠਿੰਡੇ ਵਲ ਦਾ। ਭੁਚੋ ਮੰਡੀ ਦਾ ਸੀ। ਡਾਕਟਰਾਂ ਨੇ ਕਿਹਾ ਕਿ ਰਤਨ ਸਿੰਘਾ! ਹੁਣ ਤਾਂ ਤੂੰ ਥੋੜ੍ਹੇ ਦਿਨਾਂ ਦਾ ਹੀ ਮਹਿਮਾਨ ਹੈਂ। ਚੰਗਾ ਇਹ ਹੈ ਕਿ ਘਰ ਚਲਿਆ ਜਾਹ, ਜਿਉਂਦੇ-ਜਿਉਂਦੇ, ਫੇਰ ਤੇਰਾ ਮ੍ਰਿਤਕ ਸਰੀਰ ਲੈ ਕੇ ਜਾਣਗੇ, ਕਿੰਨੀ ਖੇਚਲ ਹੋਏਗੀ। ਉਹ ਉਥੋਂ ਤੁਰ ਪਿਆ ਜਦੋਂ ਅੰਬਾਲੇ ਆਇਆ, ਉਥੇ ਸੋਚਦਾ ਹੈ ਕਿ ਮਰਨਾ ਤਾਂ ਮੈਂ ਘਰ ਜਾ ਕੇ ਵੀ ਹੈ, ਕਿਉਂ ਨਾ ਮਹਾਂਪੁਰਸ਼ਾਂ ਦੇ ਦਰ ਤੇ ਜਾ ਕੇ ਮਰਾਂ। ਉਹ ਸਿੱਧਾ ਰਾੜੇ ਸਾਹਿਬ ਨੂੰ ਹੋ ਗਿਆ, ਕਿਵੇਂ ਨਾ ਕਿਵੇਂ ਕਰਕੇ ਰਾੜੇ ਸਾਹਿਬ ਪਹੁੰਚ ਗਿਆ। ਮਹਾਰਾਜ ਜੀ ਕੁਰਸੀ ਲਾਈ ਬੈਠੇ ਸੀ। ਦੇਖਿਆ ਕੋਈ ਬਹੁਤ

ਬਿਮਾਰ ਜਿਹਾ ਪ੍ਰੇਮੀ ਆਇਐ, ਨਵਾਂ-ਨਵਾਂ। ਕਹਿਣ ਲੱਗੇ, ਪ੍ਰੇਮੀਆਂ! ਤੂੰ ਕਿਵੇਂ ਆਇਐਂ? ਕਹਿਣ ਲੱਗਿਆ ਕਿ ਮਹਾਰਾਜ! ਮੈਂ ਭੁੱਚੋ ਮੰਡੀ ਦੇ ਰਹਿਣ ਵਾਲਾ ਹਾਂ, ਰਤਨ ਸਿੰਘ ਮੇਰਾ ਨਾਮ ਹੈ। ਮੈਨੂੰ ਤੀਸਰੀ ਸਟੇਜ ਦੀ ਟੀ.ਬੀ ਹੋ ਗਈ। ਡਾਕਟਰਾਂ ਨੇ ਕਿਹਾ ਹੈ ਕਿ ਤੂੰ ਹੁਣ ਨਹੀਂ ਬਚ ਸਕਦਾ। ਦੱਸ ਦਿਨ ਤੋਂ ਵੱਧ ਨਹੀਂ ਕੱਟ ਸਕਦਾ। ਜਾਹ, ਤੂੰ ਆਪਣੇ ਘਰ ਚਲਿਆ ਜਾਹ। ਸੱਚੇ ਪਾਤਸ਼ਾਹ! ਮੈਂ ਘਰ ਨਹੀਂ ਗਿਆ, ਮੈਂ ਕਿਹਾ ਜੇ ਮਰਨਾ ਹੈ ਤਾਂ ਕਿਸੇ ਮਹਾਂਪੁਰਸ਼ ਦੇ ਦਰ ਤੇ ਮਰੀਏ। ਮਹਾਰਾਜ ਜੀ ਦੇ ਮੁੱਖ ਤੋਂ ਸਹਿਜ ਸੁਭਾਅ ਨਿਕਲ ਗਿਆ ਕਹਿੰਦੇ ਰਤਨ ਸਿੰਘਾ! ਗੁਰੂ ਘਰ 'ਚ ਮਰਨ ਨਹੀਂ ਆਈਦਾ ਹੁੰਦਾ, ਜ਼ਿੰਦਗੀ ਲੈਣ ਆਈਦਾ ਹੁੰਦਾ ਹੈ। ਦਵਾਈਆਂ ਕਰਦੈਂ? ਕਹਿੰਦਾ ਹਾਂ। ਪਾਤਸ਼ਾਹ! ਮੈਨੂੰ ਹੁਣ ਤੁਸੀਂ ਦਵਾਈ ਦਿਓ। ਮਹਾਰਾਜ ਜੀ ਨੇ ਕਿਹਾ ਕਿ ਸਾਡੇ ਕੋਲ ਤਾਂ ਇਕੋ ਹੀ ਦਵਾਈ ਹੈ ਸਾਰੇ ਰੋਗਾਂ ਦੀ।

***ਸਰਬ ਰੋਗ ਕਾ ਅਉਖਦੁ ਨਾਮੁ॥***
***ਕਲਿਆਣ ਰੂਪ ਮੰਗਲ ਗੁਣ ਗਾਮ॥***
***ਅੰਗ - 274***

ਪ੍ਰੇਮੀਆ! ਸੰਤਾਂ ਕੋਲ ਤਾਂ ਇਕੋ ਹੀ ਦਵਾਈ ਹੁੰਦੀ ਹੈ, ਨਾਮ ਦੀ ਦਵਾਈ। ਨਾਮ ਦੇ ਨਾਲ ਸਾਰੇ ਦੁੱਖਾਂ ਦਾ, ਸਾਰੇ ਰੋਗਾਂ ਦਾ ਇਲਾਜ ਹੋ ਜਾਂਦਾ ਹੈ। ਕਿੰਨੇ ਹੀ ਵਿਘਨ ਹੋਣ -

***ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥***

***ਅੰਗ - 262***

ਬੰਦਗੀ ਕਰਿਆ ਕਰ। ਮੂਲਮੰਤਰ ਦਾ ਪਾਠ ਦੱਸ ਦਿਤਾ। ਜੁਗਤ ਦਸ ਦਿਤੀ ਤੇ ਕਿਹਾ ਕਿ ਮੂੰਹ ਦੇ ਉਤੇ ਕੱਪੜਾ ਬੰਨ੍ਹ ਕੇ ਬਰਤਨ ਮਾਂਜਿਆ ਕਰ। ਬਰਤਨ ਮਾਂਜਣ ਲਾ ਦਿਤਾ। ਛੋਟੇ ਸੰਤਾਂ ਨੇ ਕਿਹਾ ਕਿ ਉਹ ਬੰਦਾ ਤੁਸੀਂ ਲਾ ਦਿਤਾ ਉਥੇ ਉਹਨੂੰ ਟੀ.ਬੀ. ਦੀ ਬਿਮਾਰੀ ਹੋਈ ਹੈ। ਕਹਿੰਦੇ ਨਹੀਂ ਉਹਨੇ ਤਾਂ ਰਾਜ਼ੀ ਹੋ ਜਾਣੈ। ਥੋੜ੍ਹੇ ਦਿਨਾਂ 'ਚ, ਉਥੇ ਸੇਵਾ ਚਲ ਰਹੀ ਸੀ, ਦੋ ਸ਼ਤੀਰ ਦੋਵੇਂ ਮੋਢਿਆਂ ਤੇ ਚੁੱਕੀਂ ਜਾਵੇ। ਕੋਈ ਪ੍ਰੇਮੀ ਉਥੇ ਬੈਠੇ ਸੀ ਕਹਿੰਦੇ ਬਈ ਆਹ ਬੰਦੇ ਨੂੰ ਤਾਂ ਘਿਉ ਦੇਣਾ ਚਾਹੀਦੈ ਹੁਣ। ਛੋਟੇ ਸੰਤਾਂ ਕੋਲ ਬੈਠੇ ਸੀ ਬਾਬਾ ਕਿਸ਼ਨ ਸਿੰਘ ਉਨ੍ਹਾਂ ਕੋਲ। ਉਹਨੇ ਮੈਨੂੰ ਆਪ ਦੱਸੀ ਸੀ ਇਹ ਗੱਲ। ਕਹਿੰਦੇ ਬਾਬਾ ਜੀ ਆਹ ਤਾਂ ਬਹੁਤ ਤਕੜਾ ਹੈ ਇਹਨੂੰ ਹੋਰ ਘਿਉ ਦੇਈਏ। ਅਵਾਜ਼ ਦੇ ਦਿਤੀ ਕਿ ਰਤਨ ਸਿੰਘਾ! ਆਹ ਸੁੱਟ ਕੇ ਆਈਂ ਉਰ੍ਹੇ। ਵਾਪਸ ਆਇਆ ਕਹਿੰਦੇ ਤੈਨੂੰ ਘਿਉ ਦਿੰਦੇ ਨੇ। ਹੱਥ ਬੰਨ੍ਹ ਦਿਤੇ ਉਹਨੇ ਘਿਉ ਲੈਣਾ ਤਾਂ ਹੈ ਨਹੀਂ ਸੀ। ਕਹਿੰਦੇ ਟੀ.ਬੀ. ਦਾ ਖਾਧਾ ਹੋਇਆ ਸੀ, ਤੀਸਰੀ ਸਟੇਜ ਦੀ ਬਿਮਾਰੀ ਸੀ, ਹੁਣ ਦੇਖ ਲਓ ਕਿਹੋ ਜਿਹਾ ਤਕੜਾ ਹੋ ਗਿਆ। ਤੁਸੀਂ ਵੀ ਦੋ ਚਾਰ ਕਿਲੋ ਘਿਉ ਦੇਣ ਨੂੰ ਤਿਆਰ ਓਂ। ਕਹਿਣ ਲੱਗੇ ਘਿਉ ਲੈ ਲੈ। ਪੂਰਨਮਾਸ਼ੀ ਨੂੰ ਆਇਆ ਸੀ, ਹੌਲੇ ਮਹੱਲੇ ਦੀ ਪੂਰਨਮਾਸ਼ੀ ਸੀ। ਸੰਗਤ ਦੇ ਚਰਨਾਂ 'ਚ

ਖੜ੍ਹਾ ਹੋ ਗਿਆ, ਭੋਗ ਵੇਲੇ, ਜੋੜਿਆਂ 'ਚ। ਉਥੋਂ ਆਵਾਜ਼ ਦਿਤੀ ਕਿ ਮੈਂ ਇਕ ਬੇਨਤੀ ਕਰਨੀ ਹੈ। ਆਗਿਆ ਮਿਲ ਗਈ ਸਟੇਜ ਤੇ ਆ ਗਿਆ। ਕਹਿਣ ਲੱਗਿਆ ਸਾਧ ਸੰਗਤ ਜੀ ਮੈਨੂੰ ਜਦੋਂ ਗੁਰੂ ਨਾਨਕ ਸਾਹਿਬ ਦੀ ਪੂਰਨਮਾਸ਼ੀ ਵੇਲੇ ਆਇਆ ਸੀ। ਉਸ ਵੇਲੇ ਮੈਂ ਕਲਕੱਤੇ ਤੋਂ ਇਕ ਬਿਮਾਰ ਆਇਆ ਸੀ, ਤੀਸਰੀ ਸਟੇਜ ਦੀ ਟੀ.ਬੀ. ਮੈਨੂੰ ਹੋਈ ਹੋਈ ਸੀ। ਪਰ ਮਹਾਂਪੁਰਸ਼ਾਂ ਨੇ ਮੈਨੂੰ ਨਾਮ ਦੀ ਦਾਰੂ ਦਿਤੀ। ਨਾਮ ਦੀ ਦਾਰੂ ਮੈਂ ਸੰਜਮ ਦੇ ਨਾਲ ਖਾਧੀ ਤੇ ਹੁਣ ਮੇਰਾ ਸਰੀਰ ਦੇਖੋ ਕਿੰਨਾ ਤਕੜਾ ਹੋ ਗਿਆ। ਹੁਣ ਮੈਂ ਸਾਰੀ ਜ਼ਿੰਦਗੀ ਪ੍ਰਮੇਸ਼ਰ ਦਾ ਭਜਨ ਕਰਾਂਗਾ। ਹੁਣ ਮੈਂ ਘਰ ਨਹੀਂ ਜਾਣਾ ਕਿਉਂਕਿ ਉਹਨੇ ਮੈਨੂੰ ਜ਼ਿੰਦਗੀ ਦਿਤੀ ਹੈ। ਉਹ ਨਾਮ ਦੀ ਦਾਰੂ ਵਰਤੀ ਜਾ ਰਹੀ ਹੈ ਸਾਧਸੰਗਤ ਜੀ। ਮੁੱਕਦੀ ਨਹੀਂ ਮਹਾਂਪੁਰਸ਼ਾਂ ਦੀ ਨਾਮ ਦੀ ਦਾਰੂ ਬਣਾਈ ਹੋਈ। ਲੇਕਿਨ ਅਫਸੋਸ ਇਹ ਹੁੰਦਾ ਹੈ ਕਿ ਆਦਮੀ ਰਾਜ਼ੀ ਹੋ ਜਾਂਦੇ ਨੇ। ਹਜ਼ਾਰਾਂ ਦੀ ਤਾਦਾਦ 'ਚ ਇਥੇ ਰਾਜ਼ੀ ਹੋਏ ਨੇ ਰਤਵਾੜਾ ਸਾਹਿਬ। ਲੇਕਿਨ ਬਾਅਦ 'ਚ ਕੀ ਹੁੰਦੈ, ਕਹਿੰਦੇ ਨਿਤਨੇਮ ਕਰਨੈ ਕਹਿੰਦੇ ਨਾ ਜੀ। ਜਦ ਤੋਂ ਬਾਅਦ ਤਾਂ ਮੈਂ ਕਰਿਆ ਨਹੀਂ। ਕਿਉਂ? ਰਾਜ਼ੀ ਹੋ ਗਿਆ ਫੇਰ ਕਰਨ ਦੀ ਲੋੜ ਹੀ ਨਹੀਂ ਰਹੀ ਤੈਨੂੰ? ਇਹਦਾ ਮਤਲਬ ਹੈ ਉਨ੍ਹਾਂ ਨੂੰ ਕਦਰ ਨਹੀਂ ਹੈ ਇਸ ਚੀਜ਼ ਦੀ। ਸੰਤਾਂ ਦਾ ਇਹ ਹੁੰਦਾ ਹੈ ਕਿ ਇਹ ਰਾਜ਼ੀ ਹੋ ਜਾਵੇ ਤੇ ਇਹਨੂੰ ਵਿਸ਼ਵਾਸ਼ ਆ ਜਾਵੇ ਕਿ ਨਾਮ ਤਾਂ ਐਨੀ ਵੱਡੀ ਚੀਜ਼ ਹੈ। ਇਹ ਨਾਮ ਵਲ ਲਗ ਜਾਵੇ।

ਇਕ ਇਨਕਮਟੈਕਸ ਆਫੀਸਰ ਸੀ, ਆਸਾਮ ਵਿਚ। ਉਹ ਬਹੁਤ ਵੱਢੀ ਖੋਰ ਸੀ, ਰਿਸ਼ਵਤਾਂ ਲੈਣੀਆਂ। ਕਿਸੇ ਦਾ ਸਰਾਪ ਲਗ ਗਿਆ। ਉਹਨੂੰ ਗੱਠੀਆ ਹੋ ਗਿਆ, ਕੂਹਨੀਆਂ ਤੇ ਗੋਡਿਆਂ ਦੇ ਭਾਰ ਤੁਰਨਾ ਸ਼ੁਰੂ ਕਰ ਦਿਤਾ। ਜੋਧਪੁਰ ਇਲਾਜ ਕਰਾਉਂਦਾ ਸੀ। ਉਥੇ ਉਹਨੇ ਪੜ੍ਹ ਲਈ ਅਖਬਾਰ ਵਿਚ ਕਿਸੇ ਨੇ ਛਾਪ ਦਿਤੀ, ਆਹੀ ਕਹਾਣੀ ਕਿ ਐਸ ਤਰ੍ਹਾਂ ਟੀ.ਬੀ. ਵਾਲਾ ਰਾਜ਼ੀ ਹੋ ਗਿਆ। ਉਹ ਸੁਣ ਕੇ ਰਾੜਾ ਸਾਹਿਬ ਪਹੁੰਚ ਗਿਆ। ਜਾ ਕੇ ਮਹਾਰਾਜ ਜੀ ਦੇ ਕੋਲ ਓਹਨੇ ਪੰਜ ਛੇ ਹਜ਼ਾਰ ਰੁਪਿਆ ਮੱਥਾ ਟੇਕ ਦਿਤਾ ਤੇ ਕੂਹਨੀਆਂ ਦੇ ਭਾਰ ਤੁਰ ਕੇ ਆਇਆ। ਮਹਾਰਾਜ ਕਹਿੰਦੇ ਆਹ ਕਾਹਦਾ ਪੈਸਾ ਹੈ ਭਾਈ ਪ੍ਰੇਮੀਆਂ। ਟੋਪ ਲਿਆ ਹੋਇਆ ਸੀ ਉਹਨੇ। ਕਹਿੰਦਾ ਮਹਾਰਾਜ ਮੈਂ ਆਹ ਪੜ੍ਹਿਆ ਸੀ ਆਪ ਦੇ ਬਾਰੇ। ਮੈਂ ਬਹੁਤ ਦੁਖੀ ਹਾਂ, ਮੈਂ ਇਨਕਮਟੈਕਸ ਆਫੀਸਰ ਸੀਗਾ। ਇਥੇ ਜਿਹੜਾ ਅਛਰੂ ਰਾਮ ਸੀ ਜਸਟਿਸ, ਮੈਂ ਉਹਦਾ ਭਤੀਜਾ ਵਗੈਰਾ ਲਗਦਾ ਹਾਂ, ਕੋਈ ਰਿਸ਼ਤੇਦਾਰੀ ਦੱਸੀ। ਉਸ ਤੋਂ ਬਾਅਦ ਮਹਾਂਪੁਰਸ਼ ਕਹਿੰਦੇ ਜਾਹ, ਛੋਟੇ ਸੰਤਾਂ ਦੇ ਕੋਲ। ਆਪਣੀ ਰਕਮ ਜਮ੍ਹਾਂ ਕਰਾ ਦੇ, ਜਾਂਦਾ ਹੋਇਆ ਲੈ ਜਾਈਂ। ਉਥੇ ਚਲਿਆ ਗਿਆ, ਉਹ ਮਖੌਲ ਕਰਨ ਲਗ ਗਏ ਕਿਉਂਕਿ ਖਾਦ ਭਰ ਰਹੇ ਸੀ ਟਰਾਲੀਆਂ 'ਚ। ਕਹਿੰਦੇ ਲੈ ਬਈ ਆਹ ਬਾਬੂ ਆ ਰਿਹਾ ਹੈ, ਇਸ ਤੋਂ ਟੋਕਰੇ ਚੁਕਾਓ। ਕਹਿੰਦੇ ਲੈ ਬਾਬੂ ਟੋਕਰਾ ਚੁਕਾ। ਉਹ ਵਿਚਾਰਾ ਕੂਹਨੀਆਂ ਤੇ ਗੋਡਿਆਂ ਭਾਰ ਤੁਰਦੈ। ਕਹਿੰਦੇ ਉਠ, ਉਠ। ਉਠ ਕੇ ਜਦੋਂ ਚੁਕਾਉਣ ਲੱਗਿਆ, ਹੈਰਾਨੀ ਹੋ ਗਈ, ਉਠ ਕੇ ਖੜ੍ਹਾ ਹੋ ਗਿਆ ਟੋਕਰਾ ਚੁਕਾ ਦਿਤਾ। ਕਹਿੰਦੇ ਲੈ ਦਵਾਈ ਤੈਨੂੰ ਪਹਿਲਾਂ ਦੇ ਦਿਤੀ। ਹੁਣ ਕਮਾ ਪਿਛੋਂ। ਕਹਿੰਦੇ ਦੱਸੀ

ਮਹਾਂਪੁਰਸ਼ਾਂ ਨੇ। ਕਹਿੰਦਾ ਹਾਂ ਜੀ ਦੱਸੀ ਹੈ। ਕਹਿੰਦੇ ਜਾਹ, ਤੈਨੂੰ ਦਵਾਈ ਤਾਂ ਲਗ ਗਈ।

ਜਦ ਮੈਂ ਗਿਆ ਉਥੇ ਮੇਰੇ ਨਾਲ ਹਰਬੰਸ ਸਿੰਘ ਦੁਆਬੀਆ ਸੀ। ਇਕੱਠੇ ਸੀ ਅਸੀਂ, ਬੜੇ ਸਾਲਾਂ ਦੀ ਗੱਲ ਹੈ। ਉਹ ਇੰਗਲਿਸ਼ ਬੋਲੇ ਸਾਨੂੰ ਦੇਖ ਕੇ। ਮੈਂ ਕਿਹਾ ਇਹ ਅੰਗਰੇਜ਼ੀ ਵਾਲਾ ਕੌਣ ਆ ਗਿਆ ਸੰਤਾਂ ਦੇ। ਜਦੋਂ ਮੈਂ ਉਹਦੇ ਨਾਲ ਗੱਲ ਕਰੀ, ਪੁੱਛੀ ਸਾਰੀ ਗੱਲ। ਕਹਿੰਦਾ ਮੈਂ ਤਾਂ ਆਸਾਮ ਤੋਂ ਆਇਆ ਸੀ ਤੇ ਮੈਂ ਤਿੰਨ ਚਾਰ ਸਾਲ ਦਾ ਇਥੇ ਹਾਂ। ਮੈਂ ਬਿਲਕੁਲ ਰਾਜ਼ੀ ਹਾਂ। ਮੈਂ ਕਿਹਾ ਸੇਵਾ ਤੂੰ ਕੀ ਕਰਦਾ ਹੁੰਦੈਂ? ਕਹਿੰਦਾ ਮੈਂ ਡੰਗਰ ਚਾਰਦਾ ਹੁੰਦਾਂ। ਮੇਰਾ ਬੜਾ ਜੀਅ ਲਗਦੈ ਹੈ ਇਥੇ, ਨਾਲ ਮੈਂ ਭਜਨ ਕਰਦਾਂ। ਮੈਂ ਕਿਹਾ ਘਰਦਿਆਂ ਨੂੰ ਕੋਈ ਅਤਾ ਪਤਾ ਹੈ ਤੇਰਾ। ਕਹਿੰਦਾ ਨਾਹ ਘਰਦਿਆਂ ਨੂੰ ਕੋਈ ਪਤਾ ਨਹੀਂ ਕਿ ਮੈਂ ਕਿਥੇ ਹਾਂ ਕਿਥੇ ਨਹੀਂ। ਉਹ ਤਾਂ ਇਹੀ ਸਮਝਦੇ ਨੇ ਕਿ ਮਰ ਗਿਆ। ਮੇਰਾ ਜਿਹੜਾ ਸਹੁਰਾ ਸੀ ਉਸ ਨੇ ਦੋ ਤਿੰਨ ਲੱਖ ਰੁਪਿਆ ਮੇਰੀ ਪਤਨੀ ਦੇ ਨਾਮ ਲੁਆ ਦਿਤਾ ਅਤੇ ਉਹਦਾ ਵਿਆਜ ਉਹ ਖਾਂਦੇ ਨੇ। ਇਸ ਕਰਕੇ ਉਹ ਵੀ ਤੰਗ ਨਹੀਂ। ਇਕ ਵਾਰੀ ਮੈਨੂੰ ਇਥੋਂ ਭੇਜਿਆ ਵੀ ਕਿ ਜਾਹ ਬੱਚਿਆਂ ਨੂੰ ਮਿਲ ਤਾਂ ਆ। ਕਹਿੰਦਾ ਮੇਰੇ ਹੁਣ ਦਾੜ੍ਹਾ ਐਡਾ-ਐਡਾ ਆਇਆ ਹੋਇਆ, ਚੋਲਾ ਪਾ ਕੇ ਘਰ ਚਲਿਆ ਗਿਆ। ਉਥੇ ਜਾ ਕੇ ਪੁਛਿਆ ਕਿ ਕੀ ਹਾਲ ਹੈ ਰਜਿੰਦਰ ਕੁਮਾਰ ਦਾ। ਕਹਿੰਦੇ ਉਹ ਤਾਂ ਚੜ੍ਹਾਈ ਕਰ ਗਿਆ। ਬੱਚਿਆਂ ਨੂੰ ਸੌ-ਸੌ ਰੁਪਿਆ ਦਿਤਾ। ਕਹਿੰਦਾ ਮੈਨੂੰ ਪਛਾਣਿਆ ਹੀ ਨਹੀਂ ਕਿਸੇ ਨੇ। ਫੇਰ ਮੈਂ ਕਿਹਾ ਤੈਨੂੰ ਉਨ੍ਹਾਂ ਦਾ ਖਿਆਲ ਨਹੀਂ ਆਉਂਦਾ। ਕਹਿੰਦਾ ਨਾ ਮੈਨੂੰ ਖਿਆਲ ਨਹੀਂ ਆਉਂਦਾ।

ਹੁਣ ਨਹੀਂ ਪਤਾ ਕਿਥੇ ਹੈ ਉਹ। ਕਹਿੰਦਾ ਸੀ ਇੰਗਲਿਸ਼ ਵਿਚ ਮੈਂ ਮਹਾਰਾਜ ਜੀ ਦਾ ਜੀਵਨ ਲਿਖਾਂਗਾ। ਸੋ ਇਸ ਤਰ੍ਹਾਂ ਦੇ ਨਾਲ ਇਹ ਸਾਰੀਆਂ ਗੱਲਾਂ ਵਰਤਣ 'ਚ ਆ ਕੇ ਕੇਵਲ ਨਾਮ ਦੀ ਵਰਤੋਂ ਹੁੰਦੀ ਹੈ। ਬਿਮਾਰ ਹੋਵੇ ਤਾਂ ਵੀ, ਕੰਮ ਕਰਨੈ ਤਾਂ ਵੀ, ਨਾਮ ਦੇ ਵਿਚ ਸਾਰੀਆਂ ਸ਼ਕਤੀਆਂ ਨੇ।

***ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ॥ ਅੰਗ - 392***

ਦੋਸਤ ਵੀ ਤੇ ਦੁਸ਼ਮਣ ਵੀ ਇਕੋ ਸਮਾਨ ਹੁੰਦੇ ਨੇ। ਵੱਖ-ਵੱਖ ਨਹੀਂ ਹੋਇਆ ਕਰਦੇ, ਕਿਉਂਕਿ ਜਿਹੜੇ ਸੰਤਾਂ ਨੂੰ ਮਿਲ ਜਾਂਦੇ ਨੇ। ਉਨ੍ਹਾਂ ਦੀ ਨਿਗ੍ਹਾ 'ਚ ਇਹ ਨਹੀਂ ਰਹਿੰਦਾ। ਕਹਿੰਦੇ ਇਨ੍ਹਾਂ ਨੂੰ ਬੇਨਤੀ ਕਰੋ। ਇਨ੍ਹਾਂ ਨੂੰ ਮੁਸ਼ਕ ਆ ਗਿਆ। ਕਹਿੰਦੇ ਇਹ ਤਾਂ ਸ਼ਰਾਬੀ ਨੇ। ਮਹਾਰਾਜ ਸੰਤ ਵੀ ਆ ਗਏ। ਕਹਿੰਦੇ ਜੇ ਹੁਕਮ ਹੋਵੇ ਤਾਂ ਇਨ੍ਹਾਂ ਦੀ ਮੁਰੰਮਤ ਕਰ ਦੇਈਏ। ਕਹਿੰਦੇ ਨਾਹ ਇਹ ਤਾਂ ਸ਼ਰਾਬ ਦੇ ਘੇਰੇ ਹੋਏ ਆਏ ਨੇ। ਉਹ ਗਾਲ੍ਹਾਂ ਕੱਢਣ ਲਗ ਗਏ, ਕੋਈ ਗੱਲ ਨਹੀਂ ਕਰੀ ਚੁੱਪ ਕਰਕੇ ਸੁੱਤੇ ਰਹੇ। ਜਿਹੜਾ ਸੰਤਾਂ ਨੂੰ ਦੁਖੀ ਕਰਦੈ, ਨਿੰਦਿਆ ਅੱਧ ਵਿਚੋਂ ਟੁੱਟਿਆ ਕਰਦੈ। ਉਸ ਦਿਨ ਤਾਂ ਮੁੜ ਗਏ। ਦੂਸਰੇ

ਦਿਨ ਪੰਚਾਇਤ ਆਈ, ਪਿੰਡ ਦੀ ਸਾਰੀ। ਪਤਾ ਲੱਗਿਆ ਕਿ ਰਾਤ ਗਾਲ੍ਹਾਂ ਕੱਢਦੇ ਰਹੇ ਮਹਾਤਮਾ ਨੂੰ। ਨਾਲ ਲੈ ਕੇ ਆਏ। ਕਹਿੰਦੇ ਮਹਾਰਾਜ ਆਹ ਤੁਹਾਡੇ ਦੋਸ਼ੀ ਨੇ, ਰਾਤ ਆ ਕੇ ਤੁਹਾਨੂੰ ਗਾਲ੍ਹਾਂ ਕੱਢਦੇ ਰਹੇ। ਇਨ੍ਹਾਂ ਤੋਂ ਮਾਫੀ ਮੰਗਾਉਣ ਆਏ ਹਾਂ। ਜਦੋਂ ਕਿਹਾ ਕਿ ਮਾਫੀ ਮੰਗੋ। ਕਹਿੰਦੇ ਅਸੀਂ ਕਿਉਂ ਮੰਗੀਏ, ਅਸੀਂ ਕੀ ਕਰਿਐ? ਬਥੇਰਾ ਪੰਚਾਇਤ ਨੇ ਕਿਹਾ।

ਚਾਰ ਕਿਸਮ ਦੇ ਬੰਦੇ ਹੁੰਦੇ ਨੇ ਸਾਧਸੰਗਤ ਜੀ। ਚਾਰ ਸੁਭਾਅ ਹੁੰਦੇ ਨੇ ਬੰਦਿਆ ਦੇ। ਇਕ ਤਾਂ ਹੁੰਦਾ ਹੈ ਦਾਖਾਂ ਵਰਗਾ ਸੁਭਾਅ। ਦਾਖ ਜਿਹੜੀ ਹੁੰਦੀ ਹੈ ਇਹ ਬਾਹਰੋਂ ਵੀ ਨਰਮ ਹੁੰਦੀ ਹੈ ਅੰਦਰ ਤਕ ਨਰਮ ਹੁੰਦੀ ਹੈ, ਕਿਤੇ ਹਿੜਕ ਆਉਂਦੀ ਹੀ ਨਹੀਂ ਇਹਦੇ 'ਚ। ਦੂਸਰਾ ਸੁਭਾਅ ਹੁੰਦਾ ਹੈ ਬਦਾਮ ਵਰਗਾ। ਜਿਹੜਾ ਬਦਾਮ ਵਰਗਾ ਹੁੰਦਾ ਹੈ ਉਹਦਾ ਬੋਲ ਕਰੜਾ ਹੁੰਦਾ ਹੈ, ਬਾਹਰੋਂ ਵੱਢ ਖਾਣਿਆਂ ਵਾਂਗਣ ਪੈਂਦਾ ਹੈ ਤੇ ਅੰਦਰਲੇ ਪਾਸੇ ਉਹਦੇ ਨਰਮਾਈ ਹੁੰਦੀ ਹੈ। ਜਿਉਂ-ਜਿਉਂ ਅੰਦਰ ਚਲੇ ਜਾਓ, ਬਦਾਮ ਰੋਗਨ ਅਖੀਰ ਦੀ ਹੱਦ ਤੇ ਹੁੰਦਾ ਹੈ। ਬਾਹਰੋਂ ਦੇਖਣ ਨੂੰ ਤਾਂ ਬਹੁਤ ਲਗਦੇ ਨੇ ਕਿ ਸਖਤ ਨੇ ਜੀ, ਇਹ ਫਿਕਾ ਬੋਲਦਾ ਹੈ, ਅੰਦਰ ਬੜੀ ਹਮਦਰਦੀ ਹੁੰਦੀ ਹੈ ਉਹਦੇ ਭਰੀ ਹੋਈ। ਕਿਸੇ ਦਾ ਬੁਰਾ ਦੇਖ ਹੀ ਨਹੀਂ ਸਕਦੇ, ਕਿਸੇ ਦਾ ਨੁਕਸਾਨ ਹੁੰਦਾ ਦੇਖ ਹੀ ਨਹੀਂ ਸਕਦੇ। ਤੀਸਰਾ ਹੁੰਦਾ ਹੈ ਬੇਰ ਵਰਗਾ। ਬੇਰ ਉਤੋਂ ਤਾਂ ਬਹੁਤ ਸੋਹਣਾ ਹੁੰਦਾ ਹੈ। ਜੇ ਜ਼ੋਰ ਨਾਲ ਦੰਦ ਮਾਰੋ ਦੰਦ ਹੀ ਟੁੱਟ ਜਾਏਗਾ। ਵਿਚੋਂ ਕਰੜਾ ਹੁੰਦੈ। ਉਹ ਉਤੋਂ ਤਾਂ ਹੱਥ ਬੰਨ੍ਹੀਂ ਜਾਂਦੇ ਨੇ, ਹਾਂ ਜੀ ਮਹਾਰਾਜ ਜੀ, ਸਭ ਕੁਛ ਕਰੀ ਜਾਣਗੇ, ਅੰਦਰੋਂ ਬਹੁਤ ਕਰੜੇ ਹੁੰਦੇ ਨੇ। ਚੌਥਾ ਹੋਇਆ ਕਰਦਾ ਹੈ ਸੁਪਾਰੀ ਵਰਗਾ। ਸੁਪਾਰੀ ਵਰਗਾ ਬਾਹਰੋਂ ਵੀ ਕਰੜਾ ਤੇ ਅੰਦਰੋਂ ਵੀ ਕਰੜਾ। ਸੋ ਚਾਰ ਸੁਭਾਅ ਹੁੰਦੇ ਨੇ।

ਇਨ੍ਹਾਂ ਦਾ ਸੁਪਾਰੀ ਵਰਗਾ ਸੁਭਾਅ ਸੀ। ਬਾਹਰੋਂ ਵੀ ਕਰੜੇ ਤੇ ਅੰਦਰੋਂ ਵੀ ਕਰੜੇ। ਨਾ ਅੰਦਰ ਕੋਈ ਅਫਸੋਸ, ਕਹਿੰਦੇ ਫੇਰ ਕੀ ਹੋ ਗਿਆ ਜੇ ਗਾਲ੍ਹਾਂ ਕੱਢੀਆਂ। ਇਹ ਕਰ ਲੈਂਦੇ ਉਸ ਵਕਤ ਜੋ ਕੁਛ ਕਰਨਾ ਸੀ, ਹੁਣ ਕਰ ਲੈਣ। ਸੰਤ ਕਹਿੰਦੇ ਭਾਈ ਅਸੀਂ ਕੀ ਕਰਨੈ। ਸਾਡਾ ਤਾਂ ਮਾਲਕ ਕਰਦਾ ਹੁੰਦੈ। ਦੂਜੇ ਦਿਨ ਫੇਰ ਬਣਾ ਲਿਆ ਕਿ ਕੱਲ੍ਹ ਤਾਂ ਆਪਾਂ ਕੱਢ ਨਹੀਂ ਸਕੇ, ਅੱਜ ਗਾਲ੍ਹਾਂ ਦਰਵਾਜਿਆਂ ਮੂਹਰੇ ਕੱਢਣੀਆਂ ਨੇ। ਇਨ੍ਹਾਂ ਨੂੰ ਨਠਾਈਏ। ਸ਼ਰਾਬ ਪੀ ਲਈ। ਰਸਤੇ ਵਿਚ ਆਪਸ ਵਿਚ ਤਕਰਾਰ ਹੋ ਗਿਆ ਕਿਸੇ ਗੱਲ ਤੋਂ। ਇਕ ਨੇ ਇਕ ਮਾਰ ਦਿਤਾ ਇਕ ਵੱਢਿਆ ਗਿਆ। ਉਹ ਜ਼ਖਮੀ ਹੋ ਕੇ ਗਿਰ ਪਿਆ। ਦੋ ਜਿਹੜੇ ਸੀਗੇ, ਉਹ ਪੁਲਿਸ ਨੇ ਫੜ ਲਏ। ਇਕ ਉਨ੍ਹਾਂ 'ਚੋਂ ਵਾਅਦਾ ਮੁਆਫ ਹੋ ਗਿਆ। ਇਕ ਨੱਠ ਗਿਆ। ਨੱਠਿਆ ਹੋਇਆ ਸੱਤ-ਅੱਠ ਸਾਲ ਦੌੜਿਆ ਫਿਰਦਾ ਰਿਹਾ, ਪੁਲਿਸ ਬਥੇਰਾ ਉਹਦੇ ਮਗਰ ਲੱਗੀ। ਜਦੋਂ ਸੱਤ-ਅੱਠ ਸਾਲ ਲੰਘ ਗਏ ਤਾਂ ਖਿਆਲ ਆਇਆ ਕਿ ਮੈਂ ਸੰਤਾਂ ਦੀ ਅਵੱਗਿਆ ਕਰੀ ਤਾਂ ਮੇਰੇ ਨਾਲ ਆਹ ਹਾਲ ਹੋਇਆ। ਸਾਡੀ ਸਾਰੀਓ ਪਾਰਟੀ ਖਤਮ ਹੋ ਗਈ। ਉਸ ਵੇਲੇ ਅੱਧੀ ਰਾਤ ਨੂੰ, ਇਕ ਕੋਈ ਮਹਾਰਾਜ ਦਾ ਪ੍ਰੇਮੀ ਸੀ, ਨੂੰ ਲੈ ਕੇ ਆਇਆ ਸੇਹਲ ਸਿੰਘ ਸੀ ਉਨ੍ਹਾਂ ਦਾ। ਉਹਨੂੰ ਕਹਿਣ ਲੱਗਿਆ ਕਿ ਮੈਨੂੰ ਹੁਣੇ ਮਿਲਾ ਦੇ, ਮੈਨੂੰ ਦਿਨੇ ਤਾਂ ਪੁਲਿਸ ਨੇ ਫੜ ਲੈਣੈ। ਮਹਾਰਾਜ ਜੀ ਦੇ

ਕੋਲ ਚਲੇ ਗਏ। ਕਹਿੰਦੇ ਮਹਾਰਾਜ ਆਹ ਉਹ ਬੰਦਾ ਹੈ ਜਿਹਨੇ ਗਾਲ੍ਹਾਂ ਕੱਢੀਆਂ ਸੀ, ਜਦ ਦਾ ਹੀ ਦੌੜਿਆ ਫਿਰਦੈ ਹੁਣ ਤੁਹਾਡੀ ਸ਼ਰਨ ਆਇਐ। ਮਹਾਰਾਜ ਜੀ ਨੇ ਪੁਛਿਆ ਕਿ ਕੀ ਚਾਹੁੰਨੈ ਭਾਈ? ਕਹਿੰਦਾ ਮਹਾਰਾਜ ਮੇਰਾ ਛੁਟਕਾਰਾ ਹੋ ਜਾਏ। ਮਹਾਰਾਜ ਕਹਿੰਦੇ 25 ਪਾਠ ਜਪੁਜੀ ਸਾਹਿਬ ਦੇ ਰੋਜ਼ ਕਰਕੇ ਉਹਦੇ ਨਮਿਤ ਅਰਦਾਸ ਕਰ ਦਿਆ ਕਰ ਜਿਹੜਾ ਤੁਸੀਂ ਮਾਰਿਐ। ਉਹਦੀ ਰੂਹ ਤੇਰੇ ਤੋਂ ਬਦਲਾ ਲੈਣ ਨੂੰ ਫਿਰਦੀ ਹੈ। ਜਦੋਂ ਉਹਦੀ ਰੂਹ ਸ਼ਾਂਤ ਹੋ ਜਾਏਗੀ ਤੂੰ ਵੀ ਛੁਟਕਾਰਾ ਪਾ ਲਏਂਗਾ। ਅੱਠ ਸਾਲ 25 ਪਾਠ ਕਰਦਾ ਰਿਹਾ ਰੋਜ਼। ਰੋਜ਼ ਅਰਦਾਸ ਕਰਦਾ ਰਹੇ ਇਹਦੀ ਵੀ ਬਿਰਤੀ ਨਰਮ ਹੋ ਗਈ। ਓਧਰਲੇ ਪਾਸੇ ਕੁਦਰਤ ਨੇ ਕੀ ਕਰਿਆ ਉਨ੍ਹਾਂ ਦੋਹਾਂ ਘਰਾਂ ਦਾ ਸਮਝੌਤਾ ਹੋ ਗਿਆ। ਮੁਕੱਦਮਾ ਵਾਪਸ ਲੈ ਲਿਆ। ਫੇਰ ਉਹ ਹਾਜ਼ਰ ਹੋ ਕੇ ਮਹਾਂਪੁਰਸ਼ਾਂ ਦੀ ਸੇਵਾ ਕਰਦਾ ਰਿਹਾ।

***ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ॥***
***ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ॥***
***ਕੋਟਿ ਕੋਟਿ ਅਘ ਕਾਟਨਹਾਰਾ॥ ਅੰਗ - 392***

ਕਰੋੜ ਨੂੰ ਕਰੋੜ ਨਾਲ ਗੁਣਾਂ ਕਰੋ, ਕਿੰਨਾ ਹੁੰਦੈ, ਕਿੰਨੇ ਸਿਫਰੇ ਹੁੰਦੇ ਨੇ। ਕੋਈ 10 ਹਜ਼ਾਰ ਖਰਬ ਤੋਂ ਉਤੇ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਨਾਲ ਐਨੇ ਪਾਪਾਂ ਨੂੰ ਕੱਟਣ ਵਾਲੇ ਸਾਧੂ ਹੋਇਆ ਕਰਦੇ ਨੇ।

ਗੁਰੂ ਨਾਨਕ ਪਾਤਸ਼ਾਹ ਨੂੰ ਇਕ ਵਾਰੀ ਇਕ ਗੁਰਸਿੱਖ ਨੇ ਬੇਨਤੀ ਕਰੀ ਮਹਾਰਾਜ ਸਾਧੂ ਦੇ ਦਰਸ਼ਨ ਦਾ ਕੀ ਫਲ ਹੁੰਦਾ ਹੈ। ਮਹਾਰਾਜ ਕਹਿੰਦੇ ਅੱਗੇ ਵੀ ਕਿਸੇ ਤੋਂ ਪੁਛਿਐ। ਕਹਿੰਦਾ ਹਾਂ ਮਹਾਰਾਜ। ਜੋ ਸਾਧੂ ਆਉਂਦੈ ਮੈਂ ਹਰੇਕ ਨੂੰ ਪੁੱਛਦਾਂ। ਪਰ ਮੇਰੇ ਮਨ ਨਹੀਂ ਲਗਦੀ ਗੱਲ। ਕਹਿੰਦੇ ਚੰਗਾ ਤੈਨੂੰ ਅਮਲੀ ਤੌਰ ਤੇ ਦਿਖਾਉਂਦੇ ਹਾਂ। ਕਹਿੰਦੇ ਐਉਂ ਕਰੀਂ ਸਵੇਰੇ ਚੜ੍ਹਦੇ ਵਲ ਨੂੰ ਜਾਈਂ, ਜਿਹੜਾ ਸਰੋਵਰ ਹੈ ਬਾਹਰ ਰੋਹੀ ਦਾ, ਉਥੇ ਖੜ੍ਹ ਜਾਈਂ ਦਰਖਤ ਥੱਲੇ, ਉਥੇ ਤੈਨੂੰ ਦੱਸਣ ਵਾਲਾ ਆਏਗਾ। ਸੋ ਇਹ ਉਥੇ ਜਾ ਕੇ ਸਵੇਰੇ ਹੀ ਖੜ੍ਹਾ ਹੋ ਗਿਆ। ਹੁਕਮ ਸੀ ਕਿ ਪਹੁ ਫੁਟਾਲੇ ਨਾਲ ਖੜ੍ਹ ਜਾਈਂ ਤੇ ਦਿਨ ਚੜ੍ਹਦੇ ਸੂਰਜ ਦੀ ਟਿੱਕੀ ਨਿਕਲਦੇ ਹੀ ਵਾਪਸ ਆ ਜਾਈਂ। ਕਹਿਣ ਲੱਗਿਆ ਪਾਤਸ਼ਾਹ! ਅੱਜ ਤਾਂ ਕੋਈ ਨਹੀਂ ਆਇਆ ਉਥੇ ਮੈਂ ਉਡੀਕ-ਉਡੀਕ ਕੇ ਆ ਗਿਆ। ਕਹਿੰਦੇ ਕੁਛ ਦੇਖਿਆ। ਕਹਿੰਦਾ ਹਾਂ ਇਕ ਕਾਵਾਂ ਦਾ ਜੋੜਾ ਕਾਂ-ਕਾਂ ਕਰਦਾ ਸੀ। ਕਹਿੰਦੇ ਕੱਲ੍ਹ ਨੂੰ ਫੇਰ ਜਾਈਂ। ਦੂਸਰੇ ਦਿਨ ਗਿਆ ਫੇਰ ਵਾਪਸ ਆ ਗਿਆ। ਮਹਾਰਾਜ ਕਹਿੰਦੇ ਦੇਖਿਆ ਕੁਛ। ਕਹਿੰਦਾ ਹਾਂ ਮਹਾਰਾਜ ਜਿਥੇ ਕੱਲ੍ਹ ਕਾਂ ਸੀ ਉਥੇ ਬਗਲੇ ਬੈਠੇ ਸੀ। ਬਗਲਿਆਂ ਦਾ ਜੋੜਾ ਸੀ। ਕਹਿੰਦੇ ਕੱਲ੍ਹ ਨੂੰ ਫੇਰ ਜਾਈਂ। ਤੀਸਰੇ ਦਿਨ ਫੇਰ ਗਿਆ, ਬਗਲਿਆਂ ਦੀ ਜਗ੍ਹਾਂ ਹੰਸਾਂ ਦਾ ਜੋੜਾ ਬੈਠਾ ਸੀ। ਫੇਰ ਆ ਗਿਆ ਕਹਿੰਦਾ ਮਹਾਰਾਜ! ਹੰਸਾਂ ਦਾ ਜੋੜਾ ਸੀ। ਕਹਿੰਦੇ ਫੇਰ ਜਾਈਂ ਕੱਲ੍ਹ ਨੂੰ। ਅਗਲੇ ਦਿਨ ਫੇਰ ਗਿਆ ਉਥੇ ਕੀ ਦੇਖਦੈ ਉਤੇ ਪ੍ਰਕਾਸ਼ਮਈ ਦੋ ਸਰੀਰ ਬੈਠੇ ਨੇ। ਇਕ ਬੀਬੀ ਦੇ ਰੂਪ ਵਿਚ ਐ, ਇਕ ਭਾਈ ਦੇ ਰੂਪ ਵਿਚ ਐ। ਜਾਂਦੇ ਹੀ ਇਹਦੇ ਚਰਨਾਂ ਤੇ ਮਸਤਕ ਨਿਵਾਉਣ ਲਗ ਗਏ। ਕਹਿਣ

ਲੱਗਿਆ, ਤੁਸੀਂ ਤਾਂ ਮੈਨੂੰ ਦੇਵਤੇ ਲਗਦੇ ਓਂ। ਕਹਿਣ ਲੱਗਿਆ, ਤੁਸੀਂ ਤਾਂ ਦੇਵਤੇ ਲਗਦੇ ਓਂ ਮੈਨੂੰ ਸਵਰਗਾਂ ਦੇ, ਤੁਸੀਂ ਇਹ ਕੀ ਕਰਦੇ ਓਂ। ਉਹ ਕਹਿੰਦੇ ਤੇਰੀ ਬਦੌਲਤ ਅਸੀਂ ਇਸ ਅਵਸਥਾ 'ਚ ਪਹੁੰਚੇ ਹਾਂ। ਯਾਦ ਕਰ ਜਦੋਂ ਤੂੰ ਪਹਿਲੇ ਦਿਨ ਆਇਆ ਸੀ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰਕੇ, ਤੇਰਾ ਦਰਸ਼ਨ ਅਸੀਂ ਕੀਤਾ ਅਸੀਂ ਕਾਵਾਂ ਤੋਂ ਬਦਲ ਕੇ ਬਗਲੇ ਬਣ ਗਏ। ਦੂਸਰੇ ਦਿਨ ਦਰਸ਼ਨ ਕੀਤਾ ਅਸੀਂ ਹੰਸ ਬਣ ਗਏ। ਤੀਸਰੇ ਦਿਨ ਦਰਸ਼ਨ ਕੀਤਾ ਤੇਰਾ, ਆਹ ਜਿਹੜਾ ਸਾਨੂੰ ਹੁਣ ਪ੍ਰਾਪਤ ਹੈ ਇਹ ਬਣੇ। ਹੈਰਾਨ ਹੋ ਗਿਆ ਪਾਤਸ਼ਾਹ! ਆਹ ਗੱਲ ਹੈ। ਮਹਾਰਾਜ ਕਹਿੰਦੇ ਪ੍ਰੇਮੀਆਂ! ਆਦਮੀ ਦੀ ਬਿਰਤੀ ਕਾਉਂ ਵਰਗੀ ਹੈ। ਨਿੰਦਿਆ, ਈਰਖਾ, ਚੁਗਲੀ ਰੂਪੀ ਮੈਲਾਂ ਖਾਂਦਾ ਹੈ ਇਹ ਬੇਗਾਨੀਆਂ। ਫੇਰ ਜਦੋਂ ਸਤਿਸੰਗ ਕਰਦੈ ਅੰਦਰੋਂ ਮੈਲਾ ਲਹਿ ਜਾਂਦਾ ਹੈ। ਚੋਰੀ ਦੇਖਦੈ ਇਸਤ੍ਰੀਆਂ ਵਲ ਨੂੰ, ਪੈਸਿਆਂ ਵਲ ਨੂੰ ਝਾਕਦੈ, ਲੋਕਾਂ ਦੇ ਔਗੁਣ ਦੇਖਦੈ, ਉਤੋਂ ਚਿੱਟਾ ਹੁੰਦੈ ਤੇ ਅੰਦਰੋਂ ਕਾਉਂ ਹੁੰਦੈ। ਫੇਰ ਬਗਲਾ ਬਿਰਤੀ ਹੋ ਜਾਂਦੀ ਹੈ ਜਿਉਂ-ਜਿਉਂ ਚੋਟਾ ਪੈਂਦੀਆਂ ਨੇ ਸ਼ਬਦ ਦੀਆਂ ਤਿਉਂ-ਤਿਉਂ ਹੰਸ ਬਿਰਤੀ ਆ ਕੇ ਸਤਿ ਤੇ ਅਸਤਿ ਦਾ ਨਿਰਣਾ ਕਰਨ ਦੀ ਸ਼ਕਤੀ ਆ ਜਾਂਦੀ ਹੈ। ਸਤਿ ਵਾਹਿਗੁਰੂ ਹੈ ਅਸਤਿ ਮਾਇਆ ਹੈ। ਮਾਇਆ ਨੂੰ ਨਿਖੇੜ ਕੇ ਪਰ੍ਹੇ ਕਰ ਦਿੰਦੈ ਵਾਹਿਗੁਰੂ ਪਰੀਪੂਰਨ ਹੈ ਉਹਦੇ ਨਾਲ ਲਿਵ ਲਗਾ ਲੈਂਦਾ ਹੈ। ਫੇਰ ਦੇਵ ਰੂਹ ਪ੍ਰਾਪਤ ਹੋ ਜਾਂਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਸੰਤਾਂ ਦੇ ਦਰਸ਼ਨ ਕਰਦਾ ਹੈ ਜਿਹੜੀਆਂ ਤਾਮਸੀ ਜੂਨੀਆਂ ਨੇ ਉਨ੍ਹਾਂ ਦਾ ਵੀ ਉਧਾਰ ਹੋ ਜਾਂਦਾ ਹੈ। ਗੁਰੂ ਨਾਨਕ ਪਾਤਸ਼ਾਹ ਦਾ ਜਿਸ ਨੇ ਵੀ ਦਰਸ਼ਨ ਕਰਿਆ ਉਹਦਾ ਉਧਾਰ ਹੋ ਗਿਆ।

ਸੋ ਇਸੇ ਸੰਤ ਮਹਾਰਾਜ ਜੀ ਢੱਕੀ ਅੰਦਰ ਜਗ੍ਹਾ ਪੁੱਟ ਕੇ ਆਪ ਨੇ ਛਪਰੀ ਪਾ ਲਈ। ਉਥੇ ਹਰ ਵਕਤ ਭਜਨ ਹੁੰਦੈ। ਅਰਦਲੀ ਸਿੰਘ ਜਿਹੜਾ ਡਿਊਟੀ ਤੇ ਸੀ ਉਹਨੇ ਇਕ ਦਿਨ ਬੇਨਤੀ ਕਰੀ ਕਿ ਮਹਾਰਾਜ! ਜਦ ਆਪ ਬੈਠ ਜਾਂਦੇ ਓਂ ਚੌਂਕੜਾ ਮਾਰ ਕੇ ਸਾਮ੍ਹਣੇ ਇਕ ਸੱਪ ਆ ਜਾਂਦਾ ਹੈ, ਕੋਬਰਾ ਤੇ ਫਣ ਚੁੱਕ ਲੈਂਦਾ ਹੈ ਤੇ ਆਪ ਦੇ ਵਲ ਨੂੰ ਐਉਂ ਖੜ੍ਹਾ ਦੇਖਦਾ ਰਹਿੰਦਾ ਹੈ। ਕਈ ਵਾਰੀ ਲੰਮਾ ਪੈ ਜਾਂਦਾ ਹੈ, ਵਧਦਾ ਹੈ ਨਹੀਂ, ਫੇਰ ਫਣ ਚੁੱਕ ਲੈਂਦਾ ਹੈ। ਜੇ ਹੁਕਮ ਹੋਵੇ ਤਾਂ ਅਸੀਂ ਇਹਨੂੰ ਮਾਰ ਦੇਈਏ। ਮਹਾਰਾਜ ਕਹਿੰਦੇ ਮਾਰਨਾ ਨਹੀਂ ਹੈ। ਕਹਿੰਦੇ ਮਹਾਰਾਜ ਫੇਰ ਨੁਕਸਾਨ ਹੋ ਜਾਏਗਾ ਕੋਈ। ਖੇਦ ਪਹੁੰਚੇਗਾ ਆਪ ਦੇ ਸਰੀਰ ਨੂੰ। ਕਹਿੰਦੇ ਨਹੀਂ, ਕੋਈ ਨਾ, ਇਹ ਦੁਖੀ ਹੈ ਵਿਚਾਰਾ। ਕਹਿਣ ਲੱਗੇ, ਮਹਾਰਾਜ! ਕ੍ਰਿਪਾ ਕਰਕੇ ਇਹ ਰਾਜ਼ ਸਾਨੂੰ ਵੀ ਦੱਸ ਦਿਓ, ਇਹਦੇ ਵਿਚ ਕੀ ਭੇਤ ਹੈ। ਮਹਾਂਪੁਰਸ਼ ਕਹਿਣ ਲੱਗੇ ਰਾਜ਼ ਦੱਸਣਾ ਤਾਂ ਨਹੀਂ ਚਾਹੀਦਾ। ਤੁਸੀਂ ਜ਼ਿਆਦਾ ਹੱਠ ਕਰਦੇ ਓਂ ਤੁਹਾਨੂੰ ਦੱਸ ਦਿੰਦੇ ਹਾਂ ਅਸੀਂ। ਕਹਿੰਦੇ ਜਦ ਮੁਗਲੀਆ ਹਕੂਮਤ ਸੀ ਭਾਰਤ ਵਰਸ਼ ਵਿਚ। ਏਸ ਇਲਾਕੇ ਦਾ ਇਹ ਚੌਧਰੀ ਸੀਗਾ ਤੇ ਚੌਧਰੀ ਸਖਤ ਸੀ। ਲੋਕਾਂ ਨੂੰ ਬਹੁਤ ਦੁਖੀ ਕਰਦਾ ਸੀ, ਦੁਖੀ ਕਰਕੇ ਮਾਮਲਾ ਉਘਰਾਉਂਦਾ ਸੀ। ਪਰਜਾ ਦੀਆਂ ਬਹੂ-ਬੇਟੀਆਂ ਦੀ ਕੋਈ ਲਿਹਾਜ਼

ਨਹੀਂ ਸੀ ਰੱਖਦਾ। ਬਹੁਤ ਦੁਖੀ ਕਰਦਾ ਸੀ। ਵਗਾਰ ਲੈਂਦਾ ਸੀ, ਆਪਣੇ ਸਾਰੇ ਕੰਮ ਮੁਫਤ ਕਰਾਉਂਦਾ ਸੀ। ਜਦੋਂ ਗੁਰੂ ਛੇਵੇਂ ਪਾਤਸ਼ਾਹ ਆਏ, ਉਸ ਵੇਲੇ ਜਿਹੜਾ ਕੈਂਪ ਸੀ, ਜਿਥੇ ਹੁਣ ਗਾੜਾ ਸਾਹਿਬ ਹੈ ਏਸ ਥਾਂ ਦੇ ਉਤੇ ਕੈਂਪ ਲੱਗਿਆ। ਮਹਾਰਾਜ ਰਹੇ ਰਾੜੇ ਪਿੰਡ ਦੇ ਵਿਚ, ਜਿਥੇ ਗੁਰਦੁਆਰਾ ਬਣਿਆ ਹੋਇਆ ਹੈ। ਪ੍ਰਸ਼ਾਦ ਪਾਣੀ ਇਥੇ ਆਉਂਦਾ ਸੀ, ਮਹਾਰਾਜ ਦਾ ਦੀਵਾਨ ਵੀ ਇਥੇ ਹੀ ਲਗਦਾ ਸੀ। ਇਹ ਚੌਧਰੀ ਆਪਣੇ ਦੱਸ-ਵੀਹ ਬੰਦੇ ਲੈ ਕੇ ਲੱਠ ਬਾਜ, ਬਰਛੇ ਹੱਥਾਂ ਵਿਚ ਫੜੇ ਹੋਏ ਨੇ, ਪੂਰੀ ਤਿਆਰੀ ਨਾਲ ਆ ਗਿਆ ਜਿਵੇਂ ਕਿਤੇ ਕਿਸੇ ਤੇ ਹਮਲਾ ਕਰਨਾ ਹੁੰਦੈ। ਮਹਾਰਾਜ ਦੇ ਕੋਲ ਆ ਕੇ ਨਾ ਨਮਸਕਾਰ ਕਰੀ, ਨਾ ਬਚਨ ਸੁਣਿਆ। ਮਹਾਰਾਜ ਬਚਨ ਸੁਣਾ ਰਹੇ ਸੀ, ਹਰ ਬਚਨ ਦੇ ਉਤੇ ਤਰਕ ਕਰਦਾ ਚਲਿਆ ਗਿਆ। ਨਤੀਜਾ ਇਹ ਹੋਇਆ ਬੇਮੁਖ ਹੋ ਗਿਆ, 'ਸੰਤ ਕਾ ਦੋਖੀ ਸਰਪ ਜੋਨ ਪਾਇ'। ਸੱਪ ਦੀ ਜੂਨੀ ਮਿਲ ਗਈ ਇਸਨੂੰ ਤੇ ਹੁਣ ਇਹ ਬੜੀ ਦੇਰ ਦਾ ਭਟਕਦਾ ਫਿਰਦਾ ਹੈ। ਹੁਣ ਸਮਾਂ ਆ ਗਿਆ ਭਾਈ ਕਿਉਂਕਿ ਗੁਰੂ ਮਹਾਰਾਜ ਦੇ ਇਹਨੇ ਦਰਸ਼ਨ ਕਰੇ ਸੀ। ਮਹਾਂਪੁਰਸ਼ਾਂ ਦੇ ਦਰਸ਼ਨ ਕੀਤੇ, ਗੁਰੂਆਂ ਦੇ ਦਰਸ਼ਨ ਕੀਤੇ, ਕਦੇ ਵੀ ਬਿਰਥਾ ਨਹੀਂ ਜਾਇਆ ਕਰਦੇ।

ਸੋ ਕੋਈ ਗੱਲ ਨਹੀਂ। ਦੋ ਦਿਨ ਤੋਂ ਬਾਅਦ ਤੀਸਰੇ ਦਿਨ ਕੀ ਦੇਖਦੇ ਨੇ। ਮਹਾਰਾਜ! ਉਹ ਤਾਂ ਛੱਪਰੀ ਦੇ ਪਿਛਲੇ ਪਾਸੇ ਮੂੰਹ ਤੁਹਾਡੇ ਵਲ ਨੂੰ ਕਰਿਆ ਹੋਇਆ ਹੈ, ਉਹ ਸਰੀਰ ਛੱਡ ਗਿਆ। ਮਹਾਰਾਜ ਕਹਿੰਦੇ ਭਾਈ ਇਹਨੇ ਛੱਡਣਾ ਹੀ ਸੀ। ਸੋ -

***ਕੋਟਿ ਕੋਟਿ ਅਘ ਕਾਟਨਹਾਰਾ॥ ਅੰਗ - 392***

ਜੋ ਮਹਾਂਪੁਰਸ਼ ਹੁੰਦੇ ਨੇ ਉਹ ਬਚਨ ਦੇ ਬਲੀ ਹੁੰਦੇ ਨੇ ਜੋ ਬਚਨ ਕਰ ਦਿਤਾ ਉਹ ਨਹੀਂ ਟਲਿਆ ਕਰਦਾ।

***ਸੂਰਬੀਰ ਬਚਨ ਕੇ ਬਲੀ॥***
***ਕਉਲਾ ਬਪੁਰੀ ਸੰਤੀ ਛਲੀ॥ ਅੰਗ - 392***

ਮਾਇਆ ਨੂੰ ਸੰਤ ਛਲ ਲੈਂਦੇ ਨੇ। ਬਾਕੀ ਸਾਰੀ ਦੁਨੀਆਂ ਨੂੰ ਮਾਇਆ ਛਲ ਲੈਂਦੀ ਹੈ।

ਮਹਾਰਾਜ ਜੀ ਯੂ.ਪੀ. ਦੇ ਅੰਦਰ ਗਏ ਹੋਏ ਨੇ। ਐਥੇ ਦੀਵਾਨ ਲੱਗਿਆ ਸੀ ਚੰਡੀਗੜ੍ਹ, ਇਥੋਂ ਆਪ ਨੈਨੀਤਾਲ, ਭੀਮਤਾਲ ਨੂੰ ਚੱਲੇ, ਰਸਤੇ ਵਿਚ ਜਾਂਦੇ ਹੋਏ ਮੁਰਾਦਾਬਾਦ, ਉਥੇ ਸ. ਸੁਰਜੀਤ ਸਿੰਘ, ਚੰਨਣ ਸਿੰਘ ਖੇੜੇ ਜਗੀਰੇ ਦੇ ਰਹਿਣ ਵਾਲੇ ਟਰਾਂਸਪੋਟਰ ਨੇ। ਉਨ੍ਹਾਂ ਨੂੰ ਜਦ ਪਤਾ ਲੱਗਿਆ ਕਿ ਮਹਾਂਪੁਰਸ਼ਾਂ ਨੇ ਇਥੋਂ ਦੀ ਲੰਘਣਾ ਹੈ ਤਾਂ ਰਸਤੇ ਵਿਚ ਰੋਕ ਲਏ। ਰੋਕ ਕੇ ਉਨ੍ਹਾਂ ਨੇ ਰਮੇਸ਼ ਕੁਮਾਰ ਸਾਹੂ, ਉਹਦੀ ਕੋਠੀ ਦੇ ਵਿਚ ਉਤਾਰਾ ਕਰਾ ਦਿਤਾ। ਚਾਰ ਵੱਜ

ਗਏ, ਚਾਰ ਵਜੇ ਆਪ ਜਾਣ ਨੂੰ ਤਿਆਰ ਹੋ ਗਏ। ਉਸ ਵੇਲੇ ਸੁਰਜੀਤ ਸਿੰਘ ਕਹਿਣ ਲੱਗਿਆ ਸਾਹੂ ਸਾਹਿਬ ਤੇਰੇ ਘਰ ਰੱਬ ਆਇਆ ਹੋਇਆ ਹੈ, ਮੰਗ ਲੈ ਕੀ ਮੰਗਣਾ ਹੈ।

ਕਹਿੰਦਾ, "ਸੱਚਮੁੱਚ।"

ਕਹਿੰਦਾ, "ਹਾਂ।"

ਉਸੇ ਵੇਲੇ ਉਸ ਨੇ ਆਪਣੀ ਰਾਣੀ ਨੂੰ ਕਿਹਾ ਕਿ ਇਸ਼ਨਾਨ ਕਰ। ਕੋਟ ਦਵਾਰ ਦਾ ਰਾਜਾ ਸੀ ਪੰਜ-ਦੱਸ ਪਿੰਡਾਂ ਦਾ। ਯੂ.ਪੀ. ਦੇ ਅੰਦਰ ਛੋਟੇ-ਛੋਟੇ ਰਾਜੇ ਸੀ, ਜ਼ਮੀਨਾਂ ਵੇਚ ਦਿਤੀਆਂ ਹੁਣ ਤਾਂ ਸਭ ਨੇ। ਸੋ ਉਸ ਵੇਲੇ ਉਨ੍ਹਾਂ ਨੇ ਇਸ਼ਨਾਨ ਕਰਕੇ ਘਾਹ ਲਿਆ, ਗਲ 'ਚ ਪੱਲੇ ਪਾਏ ਤੇ ਮਹਾਰਾਜ ਜੀ ਦੇ ਅੱਗੇ ਚਲੇ ਗਏ। ਆਪ ਸੋਫਾ ਸੈਟ ਤੇ ਬੈਠੇ ਨੇ। ਸੰਗਤ ਨਾਲ ਬਚਨ ਹੋ ਰਹੇ ਤੇ ਇਹ ਜਾ ਕੇ ਅੱਗੇ ਖੜ੍ਹ ਗਏ। ਸੋ ਉਸ ਵੇਲੇ ਬੇਨਤੀ ਕਰੀ। ਮਹਾਰਾਜ ਮੁਸਕਰਾ ਪਏ ਦੇਖ ਕੇ। ਕਹਿਣ ਲੱਗੇ ਕੌਣ ਨੇ ਇਹ ਭਾਈ। ਕਹਿਣ ਲੱਗੇ ਇਹ ਇਸ ਕੋਠੀ ਦਾ ਮਾਲਕ ਰਮੇਸ਼ ਕੁਮਾਰ ਸਾਹੂ ਹੈ।

ਆਪ ਨੇ ਪੁਛਿਆ, "ਕੀ ਗੱਲ ਹੈ ਗੁਰਮੁਖੋ! ਤੁਸੀਂ ਘਾਹ ਹੱਥ ਵਿਚ ਲਿਆ ਹੈ ਤੇ ਪੱਲੇ ਗਲ ਵਿਚ ਪਾਏ ਨੇ।"

ਕਹਿਣ ਲੱਗੇ, "ਪਾਤਸ਼ਾਹ! 25 ਸਾਲ ਪਹਿਲਾਂ ਇਕ ਲੜਕੀ ਹੋਈ ਸੀ, ਉਸ ਤੋਂ ਬਾਅਦ ਲੜਕੇ ਦਾ ਮੂੰਹ ਦੇਖਣ ਵਾਸਤੇ ਤਰਸ ਰਹੇ ਹਾਂ, ਕ੍ਰਿਪਾ ਕਰੋ। ਮਹਾਰਾਜ ਕਹਿੰਦੇ ਕੀ ਕਰਦੇ ਹੁੰਦੇ ਓਂ। ਕਹਿੰਦੇ, "ਮਹਾਰਾਜ! 68 ਤੀਰਥਾਂ ਦਾ ਇਸ਼ਨਾਨ, ਦਾਨ ਵਿਧੀ ਪੂਰਵਕ ਕਰ ਚੁੱਕੇ ਹਾਂ। ਉਸ ਤੋਂ ਬਾਅਦ ਸਾਧੂਆਂ ਤੋਂ ਜਗਰਾਤੇ ਕਰਾ ਚੁੱਕੇ ਹਾਂ। ਸਾਨੂੰ ਇਹ ਪਤਾ ਲੱਗਿਆ ਸੀ ਕਿ ਜਿਹੜੀ ਚੀਜ਼ ਕਿਤੋਂ ਨਾ ਮਿਲੇ ਉਹ ਜੇ ਲੈਣੀ ਹੋਵੇ ਤਾਂ ਸੰਤਾਂ ਦੀ ਸੰਗਤ 'ਚੋਂ ਮਿਲਦੀ ਹੈ।

***ਚਾਰਿ ਪਦਾਰਥ ਜੇ ਕੋ ਮਾਗੈ॥***
***ਸਾਧ ਜਨਾ ਕੀ ਸੇਵਾ ਲਾਗੈ॥ ਅੰਗ - 266***

ਸੋ ਏਸ ਅਸੂਲ ਦੇ ਮੁਤਾਬਿਕ ਮੈਂ ਸਾਰੇ ਸਾਧੂਆਂ ਦੀ ਸੇਵਾ ਕਰ ਚੁੱਕਿਆ ਹਾਂ, 68 ਤੀਰਥਾਂ ਦਾ ਇਸ਼ਨਾਨ ਕਰ ਚੁੱਕਿਆ ਹਾਂ। ਵਿਧੀਪੂਰਵਕ ਦਾਨ ਕਰ ਚੁੱਕਿਆ ਹਾਂ। ਜਗਰਾਤੇ ਮੈਂ ਕਰਵਾਏ, ਸਾਧੂਆਂ ਦੀ ਮੰਡਲੀਆਂ ਘਰ ਬੁਲਾ ਕੇ ਚਰਨ ਪੁਆਏ। ਹਾਰ ਕੇ ਮੈਂ ਆਪ ਦੀ ਸ਼ਰਨ ਆਇਆਂ।

ਮਹਾਰਾਜ ਜੀ ਨੇ ਕਿਹਾ, "ਭਾਈ! ਰਹਿ ਤਾਂ ਨਹੀਂ ਗਿਆ ਕੋਈ ਦੁਆਰਾ।"

ਕਹਿੰਦਾ, "ਨਾ ਮਹਾਰਾਜ।"

***ਸਗਲ ਦੁਆਰ ਕਉ ਛਾਡਿ ਕੈ***
***ਗਹਿਓ ਤੁਹਾਰੋ ਦੁਆਰ॥***

*ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥*
*(ਰਹਿਰਾਸ ਸਾਹਿਬ)*

*ਅਵਰ ਓਟ ਮੈ ਸਗਲੀ ਦੇਖੀ*
*ਇਕ ਤੇਰੀ ਓਟ ਰਹਾਈਐ॥ ਅੰਗ - 624*

ਪੱਲੇ ਪਾ ਕੇ ਗਲ ਵਿਚ ਖੜ੍ਹੇ ਨੇ। ਮਹਾਰਾਜ ਸਭ ਕੁਛ ਕਰਕੇ ਦੇਖ ਲਿਆ ਪਰ ਅਜੇ ਤੱਕ ਪੁਤਰ ਦਾ ਮੂੰਹ ਦੇਖਣ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ। ਮਹਾਰਾਜ ਕਹਿੰਦੇ ਜੇ ਕੋਈ ਹੋਰ ਹੈ, ਉਹਨੂੰ ਵੀ ਮੁਕਾ ਲੈ।

ਨਹੀਂ, ਮਹਾਰਾਜ ਸਭ ਮੁਕ ਗਏ। ਕੋਈ ਦਰ ਨਹੀਂ ਰਿਹਾ, ਸਾਰੇ ਦਰ ਦੇਖ ਲਏ।

ਸੁਰਜੀਤ ਸਿੰਘ ਨੇ ਪੱਕਾ ਕਰ ਦਿਤਾ ਸੀ ਕਿ ਖਹਿੜਾ ਨਾ ਛੱਡੀ। ਮੰਗੀ ਜਾਈਂ। ਸੋ ਉਸ ਵੇਲੇ ਮਹਾਰਾਜ ਕਹਿਣ ਲੱਗੇ, "ਰਮੇਸ਼ ਕੁਮਾਰ! ਦੇਖ ਬਈ ਗੁਰੂ ਨਾਨਕ ਦੇ ਘਰ ਸਭ ਕੁਛ ਹੈ।

*ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥*
*ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥*
*ਅੰਗ - 917*

ਕਹਿੰਦੇ ਗੁਰੂ ਨਾਨਕ ਦੇ ਘਰ ਕਿਸੇ ਚੀਜ਼ ਦਾ ਘਾਟਾ ਨਹੀਂ। ਜਾਹ, ਅੱਜ ਤੋਂ ਤੂੰ ਪੂਜਾ ਗੁਰੂ ਨਾਨਕ ਦੀ ਕਰਿਆ ਕਰ। ਜਿਥੇ ਤੂੰ ਬਾਕੀ ਮੂਰਤੀਆਂ ਰੱਖੀਆਂ ਨੇ ਉਹਦੀ ਥਾਂ ਤੇ ਗੁਰੂ ਨਾਨਕ ਸਾਹਿਬ ਦੀ ਵੱਡੀ ਸਾਰੀ ਤਸਵੀਰ ਲਿਆ ਕੇ ਰੱਖ ਲੈ। ਪੂਜਾ ਕਰਕੇ, ਉਪਾਸਨਾ ਕਰਕੇ ਉਨ੍ਹਾਂ ਨੂੰ ਕਿਹਾ ਕਰ ਕਿ ਪਾਤਸ਼ਾਹ! ਆਹ ਝੋਲੀ ਅੱਡੀ ਹੈ ਤੇਰੇ ਅੱਗੇ ਤੇ ਰਮੇਸ਼ ਕੁਮਾਰ ਸਾਡੀ ਹੋਏਗੀ ਅਰਦਾਸ। ਫਕੀਰ ਦੀ ਹੁੰਦੀ ਹੈ ਦੁਆ। ਤੂੰ ਵੀ ਮੰਗ ਤੇ ਅਸੀਂ ਵੀ ਮੰਗਾਂਗੇ। ਗੁਰੂ ਮਹਾਰਾਜ ਨੇ ਚਾਹਿਆ ਤਾਂ ਤੇਰੇ ਘਰ ਪੁੱਤਰ ਹੋ ਜਾਏਗਾ।

ਦੱਸ ਮਹੀਨੇ ਬਾਅਦ ਪੁੱਤਰ ਹੋ ਗਿਆ। ਮੈਂ ਜਦ ਉਥੇ ਗਿਆ ਤਾਂ ਉਹ ਬੱਚਾ ਉਸ ਵੇਲੇ ਪੰਜ ਸਾਲ ਦਾ ਸੀ। ਉਸ ਵੇਲੇ ਮੈਨੂੰ ਦਿਖਾਇਆ, ਪੂਰੀਆਂ ਵੰਡਦਾ ਫਿਰਦਾ ਸੀ।

ਸੋ ਇਸ ਤਰ੍ਹਾਂ ਮਹਾਂਪੁਰਸ਼ ਜਿਹੜੇ ਹੁੰਦੇ ਨੇ 'ਸੂਰਬੀਰ ਬਚਨ ਕੇ ਬਲੀ' ਹੁੰਦੇ ਨੇ।

ਇਕ ਵਾਰੀ ਸੰਤ ਮਹਾਰਾਜ ਜੀ ਪਟਿਆਲੇ ਆਏ ਹੋਏ ਸੀ ਸਾਡੇ ਕੋਲ। ਉਥੇ ਮੇਰੇ ਇਕ ਮਿਤਰ ਸੀ ਸਰਦਾਰ ਸਾਧੂ ਸਿੰਘ, ਉਹਦੇ ਪੰਜ ਲੜਕੀਆਂ ਹੋਈਆਂ। ਬਾਬਾ ਨੰਦ ਸਿੰਘ ਦੁਸਹਿਰੀ ਬਾਗ ਵਾਲਿਆਂ ਪਟਿਆਲੇ ਵਾਲੇ ਉਹ ਵੀ ਬੈਠੇ ਨੇ ਤੇ ਮਹਾਰਾਜ ਜੀ ਵੀ ਬੈਠੇ ਨੇ। ਪੰਜੇ ਲੜਕੀਆਂ ਲਿਆ ਕੇ ਸਾਮ੍ਹਣੇ ਖੜ੍ਹੀਆਂ ਕਰ ਦਿਤੀਆਂ। ਮਹਾਰਾਜ ਦੇਖ ਕੇ ਮੁਸਕਰਾ ਪਏ। ਕਹਿਣ ਲੱਗੇ, ਕੀ ਗੱਲ? ਕਹਿੰਦੇ ਜੀ ਤੁਹਾਡਾ ਜੋ ਸੇਵਕ ਹੈ ਸਾਧੂ ਸਿੰਘ ਇਹ

ਕਹਿੰਦਾ ਤਾਂ ਹੈ ਨਹੀਂ ਕਿਸੇ ਨੂੰ। ਪਰ ਆਹ ਦੇਖ ਲਓ ਮਹਾਰਾਜ ਨੇ ਪੰਜ ਲੜਕੀਆਂ ਤਾਂ ਦੇ ਦਿਤੀਆਂ, ਲੜਕਾ ਨਹੀਂ ਕੋਈ ਦਿਤਾ। ਮਹਾਰਾਜ ਥੋੜ੍ਹੇ ਗੰਭੀਰ ਹੋਏ, ਕਹਿੰਦੇ ਜਾਓ ਲੜਕਾ ਵੀ ਆਏਗਾ ਤੇ ਗੁਰਸਿੱਖ ਹੋਏਗਾ। ਉਹ ਲੜਕਾ ਅੱਜਕਲ੍ਹ ਡਾਕਟਰ ਲੱਗਿਆ ਹੋਇਆ ਹੈ, ਜੈ ਸਿੰਘ ਹੈ ਉਹਦਾ ਨਾਉਂ। ਉਹ ਜਦੋਂ ਮੈਂ ਛੋਟਾ ਜਿਹਾ ਪੰਜ ਸਾਲ ਦਾ ਦੇਖਿਆ ਸੀ ਆਸਾ ਦੀ ਵਾਰ ਨਾਲ ਪੜ੍ਹੇ ਸਿੰਘਾਂ ਦੇ। ਤਿੰਨ ਸਾਲ ਦਾ ਸੀ ਜਦੋਂ ਗੁਰੂ ਦਸਵੇਂ ਪਾਤਸ਼ਾਹ ਦੀ ਤਸਵੀਰ ਨੂੰ ਰੋਜ਼ ਮੱਥਾ ਟੇਕਦਾ ਸੀ। ਪਹਿਲਾਂ ਛੋਟਾ ਸੀ ਦੋ ਸਾਲ ਦਾ, ਜਦੋਂ ਬੋਲਣ ਲੱਗਿਆ ਕਹਿੰਦਾ ਹੁੰਦਾ ਸੀ ਮੈਨੂੰ ਬਾਬਾ ਜੀ ਕੋਲ ਲੈ ਚੱਲੋ। ਜਾ ਕੇ ਮੱਥਾ ਟੇਕਣਾ ਉਹਨੇ। ਪੰਜੇ ਬਾਣੀਆਂ ਯਾਦ ਉਹਦੇ, ਬੜਾ ਸਿੱਖੀ ਦਾ ਜੀਵਨ ਸੀ ਉਹਦਾ। ਜਿਸਨੇ ਜੋ ਚੀਜ਼ ਮਹਾਂਪੁਰਸ਼ਾਂ ਤੋਂ ਮੰਗ ਲਈ ਉਸੇ ਵੇਲੇ ਮਿਲ ਜਾਇਆ ਕਰਦੀ ਸੀ।

ਯੂ.ਪੀ. ਦੇ ਭਾਈ ਬੇਲਾ ਸਿੰਘ, ਉਨ੍ਹਾਂ ਦਾ ਮੱਖਣਸ਼ਾਹ ਲੁਬਾਣਾ ਫਾਰਮ ਹੈ, ਬਿਲਾਸਪੁਰ ਦੇ ਨੇੜੇ। ਉਹ ਆਇਆ ਕਿ ਸਾਨੂੰ ਮਹਾਰਾਜ ਜੀ ਦੇ ਨਾਲ ਬਚਨ ਕਰਾ ਦਿਓ। ਬਚਨ ਕਰਾਏ। ਮਹਾਰਾਜ ਜੀ ਨੇ ਪੁਛਿਆ, ਕੀ ਗੱਲ ਹੈ ਗੁਰਮੁਖਾ। ਕਹਿੰਦਾ, ਮਹਾਰਾਜ ਮੈਂ ਬਚਨ ਲੈਣ ਆਇਆਂ ਕਿ ਪਸ਼ੂ ਵੇਚ ਦੇਵਾਂ। ਮੇਰੇ ਕਿੱਲੇ ਤੇ ਕਿੱਡੀ ਓਂ ਮੱਝ ਆ ਜਾਵੇ, ਪੰਜ ਸੇਰ ਦੁੱਧ ਦਿੰਦੀ ਹੋਵੇ, ਪੰਦਰਾਂ ਦਿੰਦੀ ਹੋਵੇ, ਬਾਰ੍ਹਾਂ ਦਿੰਦ ਹੋਵੇ, ਅੱਠ ਦਿੰਦੀ ਹੋਵੇ, ਦੋ ਦਿਨਾਂ 'ਚ ਸੁੱਕ ਜਾਂਦੀ ਹੈ। ਪਸ਼ੂ ਮਗਰ ਕੋਈ ਨਹੀਂ ਲਗਦਾ, ਜਿਹੜੇ ਖੜ੍ਹੇ ਬੱਸ ਖੜ੍ਹੇ ਨੇ ਮੱਝ ਨੇ ਹਰੀ ਨਹੀਂ ਹੋਣਾ। ਮਹਾਰਾਜ ਕਹਿੰਦੇ ਐਂ ਕਰ ਸ਼ਰਾਬ ਪੀਂਦਾ ਹੁੰਦੈ। ਕਹਿੰਦਾ ਹਾਂ ਜੀ। ਕਹਿੰਦੇ ਸ਼ਰਾਬ ਨਾ ਪੀ। ਸਿੱਖੀ 'ਚ ਆ ਜਾ। ਜਾਹ, ਤੇਰੇ ਪਸ਼ੂਆਂ ਦੇ ਦੁੱਧ ਦਾ ਕੋਈ ਅੰਤ ਹੀ ਨਹੀਂ ਰਹਿਣਾ। ਅੱਜ ਦੇਖ ਲਓ, ਪਰਿਵਾਰ ਸਾਰੇ ਜਾਣਦੇ ਨੇ, ਬੱਚੇ ਵੀ ਬੜੇ ਸੋਹਣੇ ਕੰਮ ਕਰ ਰਹੇ ਨੇ। ਪਸ਼ੂ ਵੀ ਬੇਅੰਤ ਨੇ। ਇਕ ਨਹੀਂ ਯੂ.ਪੀ. 'ਚ ਮਹਾਰਾਜ ਨੇ ਬਹੁਤ ਜਣਿਆਂ ਦਾ ਉਧਾਰ ਕਰਿਆ। ਜਿੰਨਾ ਯੂ.ਪੀ. 'ਚ ਮਹਾਰਾਜ ਨੇ ਭੰਡਾਰਾ ਖੋਲ੍ਹਿਆ ਐਨਾ ਸ਼ਾਇਦ ਹੀ ਕਿਤੇ ਖੁਲ੍ਹਿਆ ਹੋਵੇ। ਦੋ ਸੌ ਪ੍ਰੇਮੀਆਂ ਨੂੰ ਅਸੀਂ ਇਕ ਵਾਰੀ ਮਿਲਾਉਂਦੇ ਸੀ।

ਗਰੁੱਪ ਬਣਾ ਲੈਣੇ। ਸਾਰੇ ਬੀਮਾਰਾਂ ਨੂੰ ਇਕੋ ਬਚਨ ਕਰ ਦੇਣਾ ਕਿ ਜਾਓ ਠੀਕ ਹੋ ਜਾਓਂਗੇ, ਸਾਰੇ ਹੀ ਠੀਕ ਹੋ ਜਾਂਦੇ ਸੀ।

ਇਕ ਦਿਨ ਇਕ ਬਹੁਤ ਵੱਡਾ ਬੀਮਾਰ ਲਿਆਂਦਾ ਗਿਆ। ਨਰਾਇਣ ਸਿੰਘ ਸੀ ਉਸ ਦਾ ਨਾਂ। ਬੀਬੀ ਨਾਲ ਸੀ। ਮਹਾਰਾਜ ਕਹਿੰਦੇ ਭਾਈ! ਪ੍ਰਸ਼ਾਦ ਦੇ ਦਿਓ ਇਹਨੂੰ। ਮੈਂ ਪ੍ਰਸ਼ਾਦ ਨੂੰ ਮਹਾਰਾਜ ਜੀ ਦਾ ਹੱਥ ਛੁਹਾਇਆ, ਮੈਂ ਕਿਹਾ ਲੈ ਬੀਬੀ ਘਰ ਜਾ ਕੇ ਦੇ ਦੇਈਂ। ਬਚਨ ਤਾਂ ਕੋਈ ਕਰਦੇ ਨਹੀਂ। ਪ੍ਰਸ਼ਾਦ ਦਿਤਾ, ਪ੍ਰਸ਼ਾਦ ਛਕਦੇ ਸਾਰ ਹੀ ਪ੍ਰਾਣ ਛੱਡ ਦਿਤੇ। ਛੇ ਸੱਤ ਮਹੀਨੇ ਦਾ ਬਹੁਤ ਦੁਖ ਪਾ ਰਿਹਾ ਸੀ।

ਸੋ ਇਸ ਤਰ੍ਹਾਂ ਦੇ ਨਾਲ ਬੇਅੰਤ-ਬੇਅੰਤ ਮਿਸਾਲਾਂ ਨੇ। ਕਾਸ਼ੀਪੁਰ ਦੀਵਾਨ ਲੱਗੇ ਹੋਏ ਨੇ। ਇਕ ਬੀਬੀ ਲੰਗਰ ਵਲ ਦੂਰੋਂ ਖੜ੍ਹੀ ਦੇਖੀ ਜਾਂਦੀ ਹੈ ਤੇ ਮਨ ਵਿਚ ਸੋਚੀ ਜਾਂਦੀ ਹੈ ਕਿ ਸੱਚੇ ਪਾਤਸ਼ਾਹ! ਮੇਰੇ ਘਰ ਅੱਜ ਦੁੱਧ ਹੁੰਦਾ ਤਾਂ ਮੈਂ ਵੀ ਲਿਆਂਦੀ। ਤੂੰ ਇਹ ਕੀ ਕਰਿਆ ਮੇਰੀਆਂ ਸਾਰੀਆਂ ਹੀ ਮੱਝਾਂ ਦੁੱਧ ਦੇਣ ਤੋਂ ਹਟ ਗਈਆਂ। ਜਦੋਂ ਘਰ ਗਈ, ਨੌਕਰ ਕਹਿਣ ਲੱਗੇ, ਬੀਬੀ ਦੀਆਂ ਮੱਝਾਂ ਬੋਲੀ ਜਾਂਦੀਆਂ ਨੇ ਪਤਾ ਨਹੀਂ ਕੀ ਗੱਲ ਹੈ। ਜਦੋਂ ਜਾ ਕੇ ਦੇਖਿਆ ਕਹਿੰਦੀ ਬਾਲਟੀ ਲਿਆਓ। ਬਾਲਟੀ ਲਿਆਂਦੀ ਤਿੰਨੋ ਹੀ ਮੱਝਾਂ ਨੇ ਜਿਹੜੀਆਂ ਦੁੱਧ ਦੇਣਾ ਬੰਦ ਹੋ ਚੁੱਕੀਆਂ ਸੀ, ਨੇ ਦੁੱਧ ਦੇ ਦਿਤਾ। ਦੂਸਰੇ ਦਿਨ ਦੁੱਧ ਲੈ ਕੇ ਆਈ। ਮੈਨੂੰ ਕਹਿੰਦੇ ਬੋਲ ਦਿਓ ਦੀਵਾਨ 'ਚ। ਮੈਂ ਕਿਹਾ ਨਾ ਮਹਾਰਾਜ ਜੀ ਨੇ ਕਰਨ ਨਹੀਂ ਦੇਣਾ, ਨਰਾਜ਼ ਹੋ ਜਾਣਗੇ ਮੇਰੇ 'ਤੇ ਹੀ। ਮਸ਼ਹੂਰੀ ਦੇ ਵਿਚ ਕੀ ਪਿਆ ਹੋਇਆ ਹੈ, ਸੰਤ ਤਾਂ ਚਾਹੇ ਕੁਛ ਕਰ ਦੇਣ। ਮੈਂ ਚੁੱਪ ਕਰ ਰਿਹਾ। ਉਥੇ ਹਰਚਰਨ ਸਿੰਘ ਸੀਗਾ ਕਾਸ਼ੀਪੁਰ ਦਾ। ਜਦੋਂ ਅਸੀਂ ਗੱਡੀ 'ਚ ਚੜ੍ਹ ਰਹੇ ਸੀ, ਉਹਨੇ ਸੰਗਤ 'ਚ ਦੱਸਣਾ ਸ਼ੁਰੂ ਕਰ ਦਿਤਾ।

ਦੂਸਰੇ ਦਿਨ ਮੈਂ ਬੀਬੀ ਨੂੰ ਪੁੱਛਿਆ ਕਿ ਕੀ ਗੱਲ ਹੋਈ? ਸਾਰੀ ਗੱਲ ਦੱਸੀ, ਕਹਿੰਦੀ ਮੈਂ ਤਾਂ ਹੈਰਾਨ ਹਾਂ, ਮੈਂ ਅੱਜ ਦੁੱਧ ਲੈ ਕੇ ਆਈ ਹਾਂ, ਬਾਲਟੀ ਭਰ ਕੇ। ਮੇਰੀਆਂ ਮੱਝਾਂ ਫੇਰ ਦੁਬਾਰਾ ਦੁੱਧ ਦੇਣ ਲਗ ਗਈਆਂ।

ਸੋ ਸੂਰਬੀਰ ਬਚਨ ਕੇ ਬਲੀ ਹੁੰਦੇ ਨੇ।

*ਤਾ ਕਾ ਸੰਗੁ ਬਾਛਹਿ ਸੁਰਦੇਵ॥*
*ਅਮੋਘ ਦਰਸੁ ਸਫਲ ਜਾ ਕੀ ਸੇਵ॥ ਅੰਗ - 392*

ਦੇਵਤੇ ਬੈਠ ਕੇ ਦਰਸ਼ਨ ਚਾਹੁੰਦੇ ਨੇ ਸਾਧੂ ਦਾ। ਜਿਥੇ ਸੰਤਾਂ ਦਾ ਦੀਵਾਨ ਹੋਏਗਾ, ਉਥੇ ਕੁਰਬਲ-ਕੁਰਬਲ ਨਹੀਂ ਹੁੰਦੀ। ਕਿਉਂਕਿ ਵਿਚ ਦੇਵਤੇ ਬੈਠੇ ਹੁੰਦੇ ਨੇ ਆ ਕੇ। ਬ੍ਰਹਮਾ, ਵਿਸ਼ਨੂੰ, ਮਹੇਸ਼ ਮੁੱਖ ਦੇਵਤੇ ਬਹਿੰਦੇ ਨੇ ਤੇ ਲੋਚਦੇ ਫਿਰਦੇ ਨੇ।

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*

*ਅੰਗ - 273*

ਇਕ ਵਾਰੀ ਮਹਾਰਾਜ ਜੀ ਦਾ ਦੀਵਾਨ ਫਤਹਿਗੜ੍ਹ ਸਾਹਿਬ ਲੱਗਿਆ ਹੋਇਆ ਸੀ। ਸੰਗਤ ਆਉਂਦੀ ਹੈ, ਨਮਸਕਾਰ ਕਰਦੀ ਹੈ। ਮੂਹਰੇ ਚਿੱਟੇ ਕਪੜੇ ਵਿਛਾ ਕੇ ਥਾਉਂ ਖਾਲੀ ਛੱਡਿਆ ਹੋਇਆ ਸੀ। ਤਾਂ ਉਥੇ ਤਿੰਨ ਸਾਧੂ ਆਏ। ਅਜੀਬ ਉਨ੍ਹਾਂ ਦੇ ਵਸਤਰ, ਅਜੀਬ ਸ਼ਕਲਾਂ। ਆ ਕੇ ਚਿੱਟੇ ਕੱਪੜਿਆਂ ਤੇ ਬੈਠ ਗਏ। ਮਹਾਰਾਜ ਜੀ ਜਿਥੇ ਰੁਮਾਲੇ ਰੱਖੇ ਹੁੰਦੇ ਨੇ, ਨਾਲ ਥਾਉਂ ਸੀਗਾ, ਉਥੇ ਬੈਠੇ। ਇਕ ਟੱਕ ਸਾਰੇ ਬਚਨ ਸੁਣ ਰਹੇ ਨੇ। ਦੀਵਾਨ ਦੀ ਸਮਾਪਤੀ ਹੋਈ, ਬੀਬੀ (ਬੀਜੀ) ਮੈਨੂੰ ਕਹਿਣ ਲੱਗੀ ਕਿ ਆਹ ਸੰਤ ਉਪਰ ਜਾ ਕੇ ਕਿਉਂ ਬਹਿ ਗਏ। ਮੈਂ ਪਹਿਲੀ ਲਾਈਨ 'ਚ ਬੈਠਾ ਸੀ। ਮੈਂ ਕਿਹਾ ਕਿਥੇ ਬੈਠੇ ਸੀ।

ਕਹਿੰਦੇ ਤੁਹਾਡੇ ਮੂਹਰੇ ਬੈਠੇ ਸੀ। ਮੈਂ ਚੁੱਪ ਕਰ ਰਿਹਾ, ਮੈਂ ਕਿਹਾ ਤੈਨੂੰ ਭੁਲੇਖਾ ਪਿਆ ਹੋਣੈ। ਤੁਹਾਡੇ ਬੀਜੀ ਕਹਿੰਦੇ ਨੇ ਤਿੰਨੋ ਮੂਹਰੇ ਬੈਠੇ ਸੀ। ਪੂਰਾ ਦੀਵਾਨ ਸੁਣ ਕੇ ਛਾਈਂ ਮਾਈਂ ਜਿਹੇ ਹੋ ਗਏ। ਮੈਂ ਮਹਾਰਾਜ ਜੀ ਨੂੰ ਬੇਨਤੀ ਕਰੀ ਮੈਂ ਕਿਹਾ ਮਹਾਰਾਜ! ਐਸ ਤਰ੍ਹਾਂ ਇਕ ਕੌਤਕ ਵਰਤਿਆ ਹੈ, ਇਹਦੇ ਵਿਚ ਕੀ ਭੇਤ ਹੈ। ਕ੍ਰਿਪਾ ਕਰਕੇ ਦੱਸ ਦਿਓ। ਕਹਿੰਦੇ, ਨਾ ਇਹ ਗੱਲਾਂ ਗੁਪਤ ਰੱਖੀਦੀਆਂ ਨੇ। ਰੌਲਾ ਪੈ ਜਾਇਆ ਕਰਦਾ ਹੈ, ਕੱਟੜ ਲੋਕ, ਸ਼ਰੀਕ ਲੋਕ ਤੰਗ ਕਰਨਾ ਸ਼ੁਰੂ ਕਰ ਦਿੰਦੇ ਨੇ। ਨਿੰਦਿਆ ਖਾਹਮਖਾਹ ਕਰਕੇ ਪਾਪ ਦੇ ਭਾਗੀ ਬਣ ਜਾਂਦੇ ਨੇ। ਗੁਪਤ ਰੱਖੀਦੀਆਂ ਨੇ ਇਹ ਗੱਲਾਂ। ਮੈਂ ਕਿਹਾ ਮਹਾਰਾਜ ਕੌਣ ਹੋਏ। ਕਹਿੰਦੇ ਦੇਵਤੇ ਸੀ ਪ੍ਰਮੁੱਖ। ਇਨ੍ਹਾਂ ਦੇ ਬੈਕੁੰਠ ਧਾਮਾਂ ਦੇ ਅੰਦਰ ਬ੍ਰਹਮਗਿਆਨ ਦੇ ਬਚਨ ਨਹੀਂ ਮਿਲਦੇ। ਸਿਰਫ ਆਹ ਧਰਤੀ ਹੈ ਮਾਤ ਲੋਕ ਜਿਥੇ ਬ੍ਰਹਮਗਿਆਨ ਦੀ ਵਿਚਾਰ ਹੁੰਦੀ ਹੋਵੇ। ਸਤਿਸੰਗ ਤਾਂ ਕਿਤੇ ਹੈ ਹੀ ਨਹੀਂ, ਸਿਵਾਏ ਇਥੇ। ਏਸੇ ਕਰਕੇ ਤਾਂ ਕਹਿੰਦੇ ਨੇ –

***ਕਹੁ ਕਬੀਰ ਇਹ ਕਹੀਐ ਕਾਹਿ॥***
***ਸਾਧਸੰਗਤਿ ਬੈਕੁੰਠੈ ਆਹਿ॥ ਅੰਗ – 325***

ਸਾਧਸੰਗਤ ਨਾਲੋਂ ਵੱਡਾ ਬੈਕੁੰਠ ਕੋਈ ਨਹੀਂ ਹੁੰਦਾ। ਜਿਥੇ ਬੈਕੁੰਠ ਦਾ ਵਾਸੀ ਵੀ ਆ ਜਾਂਦਾ ਹੈ ਵਿਸ਼ਨੂੰ ਭਗਵਾਨ, ਸ਼ਿਵ ਜੀ ਮਹਾਰਾਜ, ਬ੍ਰਹਮਾ ਆ ਜਾਂਦੇ ਨੇ, ਇੰਦਰ ਆ ਜਾਂਦਾ ਹੈ, ਸਭ ਦੇਵਤੇ ਆ ਜਾਂਦੇ ਨੇ।

***ਕਰ ਜੋੜਿ ਨਾਨਕ ਕਰੇ ਅਰਦਾਸਿ***
***ਮੋਹਿ ਸੰਤ ਟਹਲ ਦੀਜੈ ਗੁਣਤਾਸ।***

ਹੇ ਵਾਹਿਗੁਰੂ! ਜੇ ਤੂੰ ਮੇਰੇ ਤੇ ਤਰੁੱਠਿਆਂ ਹੋਇਐਂ, ਤਾਂ ਫੇਰ ਇਕ ਕੰਮ ਕਰ ਮੈਨੂੰ ਸੰਤਾਂ ਦੀ ਟਹਿਲ ਦੇ ਦੇ।

ਸੋ ਐਸੇ ਮਹਾਂਪੁਰਸ਼ਾਂ ਦਾ ਅੱਜ ਉਹ ਵੇਲਾ ਹੈ ਜਿਹੜੇ ਵੇਲੇ ਵਿਚ ਇਸ ਤਰ੍ਹਾਂ ਦੇ ਸ਼ਬਦ ਪੜ੍ਹੇ ਜਾਂਦੇ ਨੇ।

***ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ॥***
***ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ॥***
***ਅੰਗ – 439***

ਸਰੀਰ ਦਾ ਤੇ ਰੂਹ ਦਾ, ਇਹ ਕਦੇ ਬਣਿਆ ਹੋਇਆ ਮੇਲ ਨਹੀਂ ਰਹਿ ਸਕਦਾ ਸਾਧਸੰਗਤ ਜੀ। ਕਿਸੇ ਦਾ ਵੀ ਕੋਈ ਹੋਵੇ –

***ਜੋਗੀ ਜਤੀ ਬ੍ਰਹਮਚਾਰੀ,***
***ਬਡੇ ਬਡੇ ਛਤ੍ਰਧਾਰੀ,***
***ਛਤ੍ਰ ਹੀ ਕੀ ਛਾਇਆ, ਕਈ ਕੋਸ ਲੌ ਚਲਤ ਹੈਂ॥ (ਅਕਾਲ ਉਸਤਤਿ)***

ਚਾਹੇ –

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ, ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ, ਅਸੁਨੀ ਕੁਮਾਰ ਕੇਤੇ,*
*ਅੰਸਾ ਅਵਤਾਰ ਕੇਤੇ, ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ, ਗਨੇ ਨ ਪਰਤ ਏਤੇ,*
*ਭੂਮ ਹੀ ਤੇ ਹੁਇਕੈ, ਫੇਰੇ ਭੂਮ ਹੀ ਮਿਲਏ ਹੈਂ॥*
*ਤ੍ਵਪ੍ਰਸਾਦਿ ਕਬਿੱਤ (ਅਕਾਲ ਉਸਤਤਿ)*

ਸੋ ਆਹ ਸਮਾਂ ਢਾਈ ਵਜੇ ਦਾ ਸਮਝੋ ਬਈ ਦੱਸ ਪੰਦਰਾਂ ਮਿੰਟ ਹੋਰ ਰਹਿੰਦੇ ਨੇ। ਸੋ ਆਪ ਵੁਲਵਰ ਹੈਂਪਟਨ ਦੇ ਵਿਚ, ਸੌਦਾਗਰ ਸਿੰਘ ਦਾ ਮਕਾਨ ਹੈ। ਇਕ ਕੋਨੇ ਵਾਲਾ ਕਮਰਾ ਆਪ ਦਾ, ਫਸਟ ਫਲੌਰ ਦਾ ਛੋਟਾ ਜਿਹਾ ਕਮਰਾ ਹੈ, ਵੱਡਾ ਨਹੀਂ ਹੈ। ਕੋਈ ਦੱਸ ਫੁੱਟ ਲੰਮਾ ਹੋਣਾ ਹੈ, ਦੱਸ ਫੁੱਟ ਚੌੜਾ ਹੋਣਾ। ਉਹਦੇ ਵਿਚ ਪਲੰਘ ਡਹਿਆ ਹੋਇਆ ਹੈ ਤੇ ਰਜਾਈ ਤਾਂ ਆਪ ਲੈਂਦੇ ਹੀ ਨਹੀਂ ਸੀ ਕਦੇ ਵੀ। ਜੇ ਕੋਈ ਰੱਖ ਵੀ ਦੇਵੇ ਤਾਂ ਵੀ ਨਹੀਂ ਸੀ ਲੈਂਦੇ, ਸਾਰੀ ਜ਼ਿੰਦਗੀ ਰਜਾਈ ਨਹੀਂ ਲਈ।

ਇਕ ਵਾਰੀ ਇਥੇ ਆਏ ਸਾਡੇ ਕੋਲ। ਸਾਡਾ ਕਾਕਾ ਕਹਿਣ ਲੱਗਿਆ ਮਨਜੀਤ, ਉਪਰ ਠੰਢ ਹੈ ਮਹਾਰਾਜ ਜੀ ਨੂੰ ਆਪਾਂ ਰਜਾਈ ਨਹੀਂ ਦਿਤੀ ਤੇ ਬੀਬੀ ਜੀ ਨੇ ਰਜਾਈ ਕੱਢ ਕੇ ਭੇਜ ਦਿਤੀ। ਮਹਾਰਾਜ ਜੀ ਨੇ ਉਥੇ ਰਖਾ ਲਈ, ਖੋਲੀਓ ਨਾ ਰਾਤ ਨੂੰ। ਦੂਜੇ ਦਿਨ ਕਹਿੰਦੇ ਬੀਬਾ! ਰਜਾਈ ਭੇਜੀ ਸੀ। ਬੀਬੀ ਨੇ ਕਿਹਾ ਕਿ ਮਹਾਰਾਜ ਜੀ, ਪਾਲਾ ਲਗਦਾ ਹੋਣੈ? ਕਹਿੰਦੇ ਅਸੀਂ ਤਾਂ ਕਦੇ ਰਜਾਈ ਲਈ ਹੀ ਨਹੀਂ, ਚਾਦਰ 'ਚ ਹੀ ਰਹਿੰਦੇ ਹਾਂ। ਇਕੋ ਚਾਦਰ ਲੈ ਕੇ ਰਖਦੇ ਸੀ। ਕਹਿੰਦੇ ਸਰਦੀ ਹੋਵੇ ਗਰਮੀ ਹੋਵੇ, ਗਰਮੀ 'ਚ ਲੈਣ ਦੀ ਲੋੜ ਨਹੀਂ ਉਤੇ। ਸਰਦੀਆਂ 'ਚ ਬੱਸ ਆਹ ਚਾਦਰ ਲੈਂਦੇ ਹਾਂ।

ਸੋ ਆਪ ਨੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਿਆ। ਸਮਾਧੀ ਸਥਿਤ ਹੋ ਗਏ। ਚਾਹ ਲੈ ਕੇ ਗਿਆ ਸੇਵਾਦਾਰ। ਇਕ ਕੱਪ ਆਪ ਨੇ ਪੀਤਾ ਫਿੱਕੀ ਚਾਹ ਦਾ। ਰਾਤ ਨੂੰ ਹੁਕਮ ਕਰ ਦਿੰਦੇ ਸੀ ਅਤੇ ਛੇ ਵਜੇ ਦਰਵਾਜ਼ਾ ਖੋਲ੍ਹ ਦਿੰਦੇ ਸੀ। ਅੱਜ ਦਰਵਾਜ਼ਾ ਖੋਲ੍ਹਿਆ ਨਹੀਂ ਆਪ ਨੇ। ਸੇਵਾਦਾਰ ਗਿਆ ਤਾਂ ਅੰਦਰ ਦਰਵਾਜ਼ਾ ਬੰਦ। ਉਸ ਤੋਂ ਪਹਿਲਾਂ ਕੋਈ ਪੰਦਰਾਂ-ਸੋਲ੍ਹਾਂ ਵਾਰੀ ਕਹਿ ਚੁੱਕੇ ਸੀ, ਰੋਜ਼ ਹੀ ਕਹਿ ਦਿੰਦੇ ਸੀ। ਜੇ ਸਾਡਾ ਸਰੀਰ ਇਥੇ ਛੁੱਟ ਜਾਵੇ ਤਾਂ ਤੁਸੀਂ ਉਥੇ ਲੈ ਜਾਣਾ ਜਿਥੇ ਬਾਬਾ ਜਵਾਲਾ ਸਿੰਘ ਜੀ ਦਾ ਸਰੀਰ ਜਲ ਪ੍ਰਵਾਹ ਹੋਇਆ ਸੀ, ਉਥੇ ਲੈ ਜਾਣਾ। ਫੇਰ ਕਈ ਵਾਰੀ ਕਹਿਣਾ ਕਿ ਚੰਗਾ ਇਥੇ ਸਮੁੰਦਰ 'ਚ ਹੀ ਸੁੱਟ ਦੇਣਾ, ਜਲ ਪ੍ਰਵਾਹ ਕਰਕੇ। ਇਕ ਕਹਿੰਦੇ ਸੀ ਕਿ ਪੋਸਟ ਮਾਰਟਮ ਨਾ ਸਰੀਰ ਦਾ ਕਰਾਉਣਾ। ਕਿਸੇ ਨੂੰ ਸਮਝ ਨਹੀਂ ਪਈ, ਜਦ ਗੱਲ

ਕਿਸੇ ਨੇ ਫੜਨੀ ਤਾਂ ਕਹਿਣਾ ਨਾਹ-ਨਾਹ ਅਸੀਂ ਗੱਲ ਕਰਦੇ ਹਾਂ ਸਹਿਜ ਸੁਭਾਅ।

ਜਦੋਂ ਮੈਨੂੰ ਮਿਲੇ ਨੇ ਮੈਂ ਇਥੇ ਯੂ.ਪੀ. ਤੋਂ ਆਇਆ ਸੀ। ਉਸ ਵੇਲੇ ਅਸੀਂ ਇਕ ਕਰੋੜ ਮੂਲ ਮੰਤਰ ਦਾ ਪਾਠ ਕਰਾਇਆ ਸੀ। ਦਿੱਲੀ ਆਪ ਜਾਣ ਵਾਸਤੇ ਤਿਆਰ ਹੋਏ ਹੋਏ ਸੀ, 15 ਤਰੀਕ ਸੀ। ਬੇਨਤੀ ਕੀਤੀ ਕਿ ਮਹਾਰਾਜ! ਸੰਗਤ ਨੇ ਪਾਠ ਕਰ ਲਏ ਨੇ ਤੇ ਹੁਣ ਨਾਮ ਦੀ ਜੁਗਤੀ ਦੇ ਕੇ ਜਾਓ ਤੁਸੀਂ ਬਾਹਰ ਜਾ ਰਹੇ ਓਂ। ਤੁਸੀਂ ਜਿਥੇ ਹੁਕਮ ਕਰੋ ਉਥੇਂ ਮੈਂ ਸੰਗਤ ਦਾ ਟਰੱਕ ਭਰ ਕੇ ਲੈ ਆਉਂਨਾ। ਬੱਸਾਂ ਭਰ ਕੇ ਲੈ ਆਵਾਂਗੇ। ਕਹਿੰਦੇ, "ਕਿੰਨੇ ਕੁ ਨੇ?" ਮੈਂ ਕਿਹਾ, "ਬਹੁਤ ਨੇ।" ਕਹਿੰਦੇ ਫੇਰ ਐਉਂ ਕਰੋ ਇਥੇ ਹਾਪੜ ਲੈ ਆਓ। ਮੈਂ ਕਿਹਾ, "ਠੀਕ ਹੈ ਮਹਾਰਾਜ।" ਮਾਸਟਰ ਜੀ ਨੂੰ ਕਹਿਣ ਲੱਗੇ ਕਿ ਮਾਸਟਰ ਜੀ! ਕਿੱਦਣ ਜਾਣਾ ਹੈ?" ਇਨ੍ਹਾਂ ਨੂੰ ਤਰੀਕ ਪੱਕੀ ਦੇ ਦਿਓ ਤਾਂ ਕਿ ਲੈ ਆਉਣ। ਕਹਿੰਦਾ ਜੀ ਤਰੀਕ ਪੱਕੀ ਦਾ ਤਾਂ ਪਤਾ ਨਹੀਂ, ਪਤਾ ਨਹੀਂ 17 ਨੂੰ ਜਾਣਾ ਹੈ, ਪਤਾ ਨਹੀਂ 18 ਨੂੰ ਜਾਣਾ ਹੈ। ਮਹਾਂਪੁਰਸ਼ਾਂ ਨੇ ਦੇਖ ਲਿਆ ਕਿ ਮੇਲ ਨਹੀਂ ਹੋਣਾ। ਮੈਂ ਕਿਹਾ ਮਹਾਰਾਜ ਜੀ ਫੇਰ ਕਿਵੇਂ ਕਰੀਏ? ਚੁੱਪ ਕਰ ਰਹੇ ਜਦੋਂ ਮੈਂ ਦਰਵਾਜ਼ਾ ਨਿਕਲਣ ਲੱਗਿਆ ਕਹਿੰਦੇ ਗੱਲ ਸੁਣ ਅੰਦਰ ਆ। ਮੁੜ ਕੇ ਮੈਂ ਅੰਦਰ ਫੇਰ ਆ ਗਿਆ। ਕਹਿੰਦੇ ਤੂੰ ਹੀ ਨਾਮ ਦੇ ਦੇਈਂ। ਮੈਂ ਕਿਹਾ ਮਹਾਰਾਜ ਐਨਾ ਵੱਡਾ ਕੰਮ। ਇਹ ਤਾਂ ਬਹੁਤ ਔਖਾ ਹੈ, ਪਹਿਲਾਂ ਤਾਂ ਸਾਰੇ ਪਾਪ ਲਓ ਅਗਲੇ ਦੇ ਫੇਰ ਜਾ ਕੇ ਕੋਈ ਨਾਮ ਦੀ ਗੱਲ ਕਰੋ। ਇਹ ਸਾਡੇ ਕਰਨ ਦੇ ਕੰਮ ਨਹੀਂ, ਇਹ ਤਾਂ ਮਹਾਂਪੁਰਸ਼ਾਂ ਦੇ ਕਰਨ ਦੇ ਨੇ, ਮੈਂ ਬਹੁਤ ਡਰ ਗਿਆ। ਉਹਦੇ ਵਿਚ ਮੈਂ ਭੁੱਲ ਹੀ ਗਿਆ ਕਿ ਉਨ੍ਹਾਂ ਨੇ ਕਿਉਂ ਕਹਿ ਦਿਤੀ ਇਹ ਗੱਲ। ਜੇ ਮੈਨੂੰ ਮੱਤ ਆਉਂਦੀ ਮੈਂ ਕਹਿ ਹੀ ਦਿੰਦਾ ਕਿ ਮਹਾਰਾਜ! ਤੁਸੀਂ ਇਹ ਗੱਲ ਕਿਉਂ ਕਹਿ ਦਿੱਤੀ। ਰਮਜ਼ ਨਹੀਂ ਮੈਂ ਫੜ ਸਕਿਆ। ਫੇਰ ਕਹਿਣ ਲੱਗੇ, ਤੈਨੂੰ ਕੋਈ ਔਖ ਹੈ? ਮੈਂ ਕਿਹਾ, ਮੈਂ ਨਹੀਂ ਇਹ ਕੰਮ ਕਰ ਸਕਦਾ। ਕਹਿੰਦੇ, ਫੇਰ ਜਿਹਦੇ ਨਾਲ ਗੱਲ ਕਰਦੈਂ ਉਹਨੂੰ ਸਰੀਰ ਕਰ ਦੇ ਦਿਆ ਕਰ। ਮੈਂ ਕਿਹਾ ਮਹਾਰਾਜ! ਸਰੀਰ ਤਾਂ ਮੈਂ ਪਹਿਲਾਂ ਤੋਂ ਹੀ ਆਪਣਾ ਨਹੀਂ ਸਮਝਿਆ, ਤੁਹਾਡਾ ਹੀ ਸਮਝਿਆ ਹੋਇਆ ਹੈ। ਫੇਰ ਕਹਿੰਦੇ, ਕੋਈ ਔਖ ਹੀ ਨਹੀਂ ਹੈ। ਫੇਰ ਤੁਸੀਂ ਕਿਹੜੀ ਗੱਲ ਕਰਦੇ ਓਂ। ਆਹ ਗੱਲ ਦੀ ਰਮਜ਼ ਮੈਂ ਸਮਝ ਨਾ ਸਕਿਆ ਨਹੀਂ ਮੈਂ ਪੁੱਛ ਲੈਂਦਾ। ਤੁਸੀਂ ਏਸ ਤਰ੍ਹਾਂ ਦੀਆਂ ਗੱਲਾਂ ਅੱਜ ਕਿਉਂ ਕਰਦੇ ਓਂ, ਪਹਿਲਾਂ ਨਹੀਂ ਕਰੀਆ। ਸੋ ਦੀਵਾਨਾਂ ਵਿਚ ਥਾਂ-ਥਾਂ ਤੇ ਕਰਦੇ ਸੀ, ਮੈਨੂੰ ਦਸਦੇ ਸੀ ਕਿ ਉਥੇ ਮਹਾਰਾਜ ਜੀ ਨੇ ਅਨਾਊਂਸ ਕਰ ਦਿਤਾ ਕਿ ਤੁਹਾਡਾ ਅੱਜ ਆਖਰੀ ਦੀਵਾਨ ਹੈ। ਕਹਿੰਦੇ ਅਸੀਂ ਕਿਹਾ ਕਿ ਕੱਲ੍ਹ ਦਾ ਦੀਵਾਨ ਹੋਰ ਰਹਿੰਦਾ ਹੈ, ਮਹਾਰਾਜ ਜੀ ਨੇ ਆਖਰੀ ਕਿਉਂ ਕਹਿ ਦਿਤਾ। ਅਸੀਂ ਕਿਹਾ ਕਿ ਸ਼ਾਇਦ ਵੈਸੇ ਹੀ ਕਹਿ ਦਿਤਾ। ਆਖਰੀ ਦੀਵਾਨ ਤਾਂ ਕੱਲ੍ਹ ਦਾ ਹੈ। ਸੌਦਾਗਰ ਸਿੰਘ ਨੇ ਵੀ ਦੱਸਿਆ ਤੇ ਹੋਰ ਪ੍ਰੇਮੀਆਂ ਨੇ ਵੀ ਮੈਨੂੰ ਦੱਸਿਆ। ਕਹਿੰਦੇ ਅਸੀਂ ਹੈਰਾਨ ਹੋ ਗਏ, ਨਾ ਕਿਸੇ ਸੈਕਟਰੀ ਦੀ ਅਕਲ ਨੇ ਕੰਮ

ਕਰਿਆ, ਨਾ ਕਿਸੇ ਹੋਰ ਨੇ ਕਰਿਆ, ਕੋਈ ਪੁੱਛ ਹੀ ਨਾ ਸਕਿਆ ਕਿ ਮਹਾਰਾਜ, ਕੱਲ੍ਹ ਦਾ ਦਿਨ ਹੋਰ ਹੈ। ਕਹਿੰਦੇ, ਸਾਰਿਆਂ ਤੇ ਮਾਇਆ ਪੈ ਗਈ। ਤੇ ਆਹ ਵੇਲਾ ਆ ਗਿਆ ਸਾਡੇ ਤਾਂ ਤਿੰਨ ਵੱਜੇ ਨੇ, ਉਥੇ ਸਾਢੇ ਪੰਜੇ ਘੰਟੇ ਪਿਛੇ ਹੈ ਟਾਈਮ ਵੂਲਵਰ ਹੈਂਪਟਨ 'ਚ। ਆਪ ਸਮਾਧੀ ਲਾਈ ਬੈਠੇ ਨੇ, ਨਿਰੰਕਾਰ ਦੇ ਦੇਸ਼ ਦੀਆਂ ਤਿਆਰੀਆਂ ਕੀਤੀਆਂ ਹੋਈਆਂ ਨੇ। ਉਸ ਤੋਂ ਬਾਅਦ ਅੱਠ ਵਜੇ ਆਪ ਨੇ ਉਠ ਕੇ ਦਰਵਾਜ਼ਾ ਖੋਲ੍ਹ ਦਿਤਾ। ਜਥੇਦਾਰ ਆ ਗਿਆ, ਜਿਹੜਾ ਸੇਵਾਦਾਰ ਸੀ ਸੇਵਾ ਦੇ ਵਿਚ ਉਸ ਨੇ ਜਾ ਕੇ ਦੱਸਿਆ ਕਿ ਮਹਾਰਾਜ ਜੀ ਸਮਾਧੀ ਨਹੀਂ ਖੋਲ੍ਹ ਰਹੇ। ਪਤਾ ਨਹੀਂ ਕੀ ਗੱਲ ਹੈ? ਉਹ ਦੌੜ ਕੇ ਗਿਆ ਤਾਂ ਉਸ ਵੇਲੇ ਸ੍ਵਾਸ ਚੱਲ ਰਿਹਾ ਹੈ, ਉਨ੍ਹਾਂ ਨੇ ਮਹਾਰਾਜ ਜੀ ਲਿਟਾ ਦਿਤੇ, ਉਸ ਤੋਂ ਬਾਅਦ ਦੋ ਸ੍ਵਾਸ ਆਏ, ਉਸ ਤੋਂ ਬਾਅਦ ਆਪ ਸਰੀਰ ਛੱਡ ਗਏ। ਆਹੀ ਟਾਈਮ ਸੀ ਜਿਹਦੇ ਵਿਚ ਮੈਂ ਬਚਨ ਕਰ ਰਿਹਾਂ, ਬੇਨਤੀ ਕਰ ਰਿਹਾਂ।

ਸੋ ਇਕ ਬੜਾ ਵਿਛੋੜਾ ਸਾਰੇ ਸੰਸਾਰ ਨੂੰ ਹੋਇਆ ਸਾਧਸੰਗਤ ਜੀ! ਇਹ ਸੰਸਾਰ ਦੇ ਅੰਦਰ ਇਕ ਤਰ੍ਹਾਂ ਦਾ ਆਸਰਾ ਸੀ। ਸਾਧੂ ਚਲੇ ਕਿਥੇ ਜਾਂਦੇ ਨੇ ਬਾਣੀ ਦੇ ਵਿਚ ਇਸ ਤਰ੍ਹਾਂ ਸਵਾਲ ਕੀਤਾ ਹੋਇਆ ਹੈ?

***ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ॥***
***ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ॥***

***ਅੰਗ - 729***

ਜੇ ਓਹੀ ਗੁਣ ਆ ਜਾਣ, ਉਹੀ ਫਰੀਕੈਂਸੀ ਆ ਜਾਵੇ, ਉਹੀ ਦੇਸ ਦਾ ਪਤਾ ਲਗ ਜਾਵੇ ਫੇਰ ਮੇਲਾ ਹੋ ਜਾਂਦਾ ਹੈ। ਪਹਿਲਾਂ ਪਤਾ ਹੋਣਾ ਚਾਹੀਦਾ ਹੈ ਕਿ ਸਾਧੂ ਸਰੀਰ 'ਚ ਰਹਿੰਦੇ ਨੇ ਕਿ ਸਰੀਰ ਤੋਂ ਉਤੇ ਰਹਿੰਦੇ ਨੇ। ਜੇ ਅਸੀਂ ਸਰੀਰ ਵਿਚ ਰਹਿੰਦੇ ਹਾਂ ਫੇਰ ਨਹੀਂ ਮੇਲਾ ਹੋਣਾ। ਜੇ ਜਿਸ ਥਾਂ ਤੇ ਸਾਧੂ ਨਿਵਾਸ ਕਰਦੇ ਸੀ ਉਸ ਥਾਂ ਦੇ ਉਤੇ ਸਾਡੀ ਰਿਹਾਇਸ਼ ਹੋ ਜਾਵੇ ਫੇਰ ਸਾਨੂੰ ਉਹ ਸਾਰੇ ਭੇਤ ਖੁਲ੍ਹ ਜਾਂਦੇ ਨੇ ਕਿ ਕਿਥੇ ਕਿਸ ਤਰ੍ਹਾਂ ਦੇ ਨਾਲ ਮੇਲਾ ਹੁੰਦੈ? ਕਿਉਂਕਿ ਸਾਧੂ ਸਰੀਰ ਦੇ ਵਿਚ ਨਹੀਂ ਰਹਿੰਦੇ-

***ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ॥***
***ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ॥ ਅੰਗ - 1372***

ਸੋ ਸਰੀਰ ਦੇ ਵਿਚ ਰਹਿੰਦੇ ਸਹਿਜ ਸੁਨ ਅਫੁਰ ਅਵਸਥਾ ਦਸਵੇਂ ਦੁਆਰ 'ਚ ਸਾਧੂਆਂ ਦਾ ਵਾਸਾ ਹੁੰਦਾ ਹੈ। ਜਦੋਂ ਸਰੀਰ ਛੱਡ ਦਿੰਦੇ ਨੇ, ਉਹ ਦੇਸ ਹੈ -

***ਬੇਗਮ ਪੁਰਾ ਸਹਰ ਕੋ ਨਾਉ॥***
***ਦੂਖੁ ਅੰਦੋਹੁ ਨਹੀ ਤਿਹਿ ਠਾਉ॥ ਅੰਗ - 345***

ਉਸ ਦੇਸ ਦੇ ਵਾਸੀ ਹੋ ਜਾਇਆ ਕਰਦੇ ਨੇ। ਮਹਾਰਾਜ ਸਰੀਰ ਵਿਚ

ਰਹਿੰਦੇ ਹੋਏ ਵੀ ਸਤਿ ਚਿਤ ਅਨੰਦ ਵਿਚ ਰਹਿੰਦੇ ਸੀ। ਸਰੀਰ ਛੱਡਣ ਤੋਂ ਬਾਅਦ ਵੀ ਸਤਿ ਚਿਤ ਅਨੰਦ –

*ਬੇਗਮ ਪੁਰਾ ਸਹਰ ਕੋ ਨਾਉ॥*
*ਦੂਖੁ ਅੰਦੋਹੁ ਨਹੀ ਤਿਹਿ ਠਾਉ॥*
*ਨਾਂ ਤਸਵੀਸ ਖਿਰਾਜੁ ਨ ਮਾਲੁ॥*
*ਖਉਫੁ ਨ ਖਤਾ ਨ ਤਰਸੁ ਜਵਾਲੁ॥*
*ਅਬ ਮੋਹਿ ਖੂਬ ਵਤਨ ਗਹ ਪਾਈ॥ ਅੰਗ–345*

ਸੋ ਇਸ ਤਰ੍ਹਾਂ ਦੇ ਨਾਲ ਇਸ ਦੇਸ ਦਾ ਜੇ ਵਾਸੀ ਹੋ ਜਾਵੇ ਫੇਰ ਮੇਲ ਹੋ ਜਾਇਆ ਕਰਦਾ ਹੈ। ਸੋ ਉਸ ਦੇਸ ਵਿਚ ਵਰਤਾਰਾ ਕਿਵੇਂ ਹੈ? ਤਿੰਨ ਕਿਸਮ ਦਾ ਸੰਸਾਰ ਹੈ ਇਕ ਤਾਂ ਮੈਟਰ ਦਾ ਹੈ, ਜਿਸਦੇ ਵਿਚ ਅਸੀਂ ਰਹਿ ਰਹੇ ਹਾਂ, ਇਹ ਤਾਂ ਦੁਖਾਂ ਦਾ ਭਰਿਆ ਹੋਇਆ ਹੈ।

*ਨਾਨਕ ਦੁਖੀਆ ਸਭ ਸੰਸਾਰ।*

ਇਕ ਇਸ ਤੋਂ ਉਪਰ ਹੈ ਜਿਹੜਾ ਸੁਪਰ ਮੈਟਰ ਦਾ, ਦੇਵਤਿਆਂ ਦਾ ਹੈ। ਗਿਆਰ੍ਹਾਂ ਮੰਡਲ ਨੇ ਉਨ੍ਹਾਂ ਦੇ ਲਿਖੇ ਹੋਏ। ਸੱਤ ਤਬਕ ਮੁਸਲਮਾਨਾਂ ਤੇ ਈਸਾਈਆਂ ਨੇ ਮੰਨੇ ਨੇ। ਉਹਦੇ ਵਿਚ ਫਰਿਸ਼ਤੇ ਰਹਿੰਦੇ ਨੇ, ਦੇਵਤੇ ਰਹਿੰਦੇ ਨੇ, ਪੁੰਨ ਕਰਕੇ।

*ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥*
*ਅੰਗ – 1414*

ਉਥੇ ਦੁਖ ਨਹੀਂ ਹੈਗਾ। ਉਥੇ ਭੋਗ ਨੇ, ਕੀਤੇ ਹੋਏ ਕਰਮਾਂ ਦਾ ਫਲ ਭੋਗਦੇ ਨੇ। ਖੁਸ਼ੀਆਂ ਮਨਾਉਂਦੇ ਨੇ, ਉਥੇ ਕੋਈ ਦੁਖ ਨਹੀਂ, ਮੌਤ ਨਹੀਂ ਹੈ। ਰਿਸ਼ਤੇਦਾਰ ਨਹੀਂ ਹੈ ਕੋਈ ਆਪੇ ਆਪ ਹੈ। ਕਿਸੇ ਨਾਲ ਮੋਹ ਨਹੀਂ। ਸੋ ਉਹ ਦੇਸ਼ ਉਸ ਨੂੰ ਸੁਪਰ ਮੈਟਰ ਦਾ ਦੇਸ਼ ਕਹਿੰਦੇ ਨੇ। ਉਸ ਤੋਂ ਉਤੇ anti matter, ਜਿਹਨੂੰ ਸਚਖੰਡ ਕਹਿੰਦੇ ਨੇ। ਉਹਦੇ ਵਿਚ ਹੈ –

*ਪੰਚ ਸਬਦ ਤੇ ਪੂਰਨ ਨਾਦ॥*
*ਅਨਹਦ ਬਾਜੇ ਅਚਰਜ ਬਿਸਮਾਦ॥*
*ਕੇਲ ਕਰਹਿ ਸੰਤ ਹਰਿ ਲੋਗ॥*
*ਪਾਰਬ੍ਰਹਮ ਪੂਰਨ ਨਿਰਜੋਗ॥*
*ਸੂਖ ਸਹਜ ਆਨੰਦ ਭਵਨ॥*
*ਸਾਧਸੰਗਿ ਬੈਸਿ ਗੁਣ ਗਾਵਹਿ*
*ਤਹ ਰੋਗ ਸੋਗ ਨਹੀ ਜਨਮ ਮਰਨ॥*
*ਅੰਗ – 888*

ਉਹ ਐਸਾ ਦੇਸ ਹੈ ਉਥੇ ਕਾਲ ਨਹੀਂ ਪਹੁੰਚਦਾ।

ਉਹ ਦੇਸ, ਉਹ ਘਰ, ਉਹ ਮੰਡਲ ਜਿਹੜਾ anti matter ਕਹਾਉਂਦੈ।

ਸੋ ਉਹ ਜੋ ਦੇਸ ਹੈ -

*ਸਹਜ ਸਿਫਤਿ ਭਗਤਿ ਤਤੁ ਗਿਆਨਾ॥*
*ਸਦਾ ਅਨੰਦੁ ਨਿਹਚਲੁ ਸਚੁ ਥਾਨਾ॥ ਅੰਗ - 237*

ਨਿਹਚਲ ਥਾਨ ਹੈ, ਸੱਚ ਥਾਨ ਹੈ ਸਦਾ ਕਾਇਮ ਰਹਿਣ ਵਾਲਾ।

*ਤਹਾ ਸੰਗਤਿ ਸਾਧ ਗੁਣ ਰਸੈ॥*
*ਅਨਭਉ ਨਗਰੁ ਤਹਾ ਸਦ ਵਸੈ॥*
*ਤਹ ਭਉ ਭਰਮਾ ਸੋਗੁ ਨ ਚਿੰਤਾ॥*
*ਆਵਣੁ ਜਾਵਣੁ ਮਿਰਤੁ ਨ ਹੋਤਾ॥*
*ਤਹ ਸਦਾ ਅਨੰਦ ਅਨਹਤ ਆਖਾਰੇ॥*
*ਭਗਤ ਵਸਹਿ ਕੀਰਤਨ ਆਧਾਰੇ॥ ਅੰਗ - 237*

ਉਥੇ ਕੀਰਤਨ ਦੀਆਂ ਧੁਨੀਆਂ ਉਠਦੀਆਂ ਨੇ। ਸਾਰੇ ਦੇਸਾਂ ਪ੍ਰਦੇਸਾਂ ਤੋਂ ਆਏ ਹੋਏ ਮਹਾਂਪੁਰਸ਼ਾਂ ਦੀਆਂ।

*ਸਭਿ ਸਖੀਆ ਪੰਚੇ ਮਿਲੇ*
*ਗੁਰਮੁਖਿ ਨਿਜ ਘਰਿ ਵਾਸੁ॥*
*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕੁ ਤਾ ਕਾ ਦਾਸੁ॥ ਅੰਗ - 1291*

ਮਹਾਰਾਜ ਕਹਿੰਦੇ ਅਸੀਂ ਦਾਸ ਹਾਂ ਜਿਹੜਾ ਇਸ ਘਰ ਵਿਚ ਪਹੁੰਚ ਜਾਂਦਾ ਹੈ।

ਸੋ ਪਤਾ ਸੀ ਮਹਾਰਾਜ ਜੀ ਨੂੰ, ਹਮੇਸ਼ਾ ਕਿਹਾ ਕਰਦੇ ਸੀ ਕਿ ਅਸੀਂ ਤਾਂ ਕੀਰਤਨ ਕਰਦਿਆਂ ਨੇ ਹੀ ਜਾਣੈ। ਮੰਜਿਆਂ ਤੇ ਪੈ ਕੇ ਨਹੀਂ ਅਸੀਂ ਜਾਣਾ। ਮੁੱਢ ਤੋਂ ਕਹਿੰਦੇ ਹੁੰਦੇ ਸੀ, ਕਿੰਨੀ ਵਾਰੀ ਅਸੀਂ ਸੁਣਨਾ। ਸੋ ਗੁਰੂ ਮਹਾਰਾਜ ਦਾ ਜੋ ਵਾਕ ਹੈ ਉਹ ਆਪ ਦੇ ਜੀਵਨ ਵਿਚ ਸਫਲ ਹੁੰਦੈ।

*ਗੁਰਮੁਖ ਆਵੈ ਜਾਇ ਨਿਸੰਗ॥ ਅੰਗ - 932*

# ਕਲਿਜੁਗਿ ਨਾਨਕ ਨਾਮੁ ਸੁਖਾਲਾ

ਭਾਰਤੀ ਸੰਸਕ੍ਰਿਤੀ ਅਨੁਸਾਰ ਇਹ ਸੰਸਾਰ ਚਿਰ ਕਾਲ ਤੋਂ ਰਚਿਆ ਗਿਆ ਹੈ ਜਿਸ ਦੇ ਬਾਰੇ ਕੋਈ ਦਸ ਨਹੀਂ ਸਕਦਾ। ਗੁਰੂ ਨਾਨਕ ਪਾਤਸ਼ਾਹ ਨੇ ਇਸੇ ਸਬੰਧ ਵਿਚ ਕਿਹਾ ਹੈ ਕਿ –

***ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥***
***ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥***

***ਅੰਗ – 4***

ਭਾਰਤੀ ਰਿਸ਼ੀਆਂ ਮੁਨੀਆਂ ਦੇ ਮੁਤਾਬਿਕ ਸਮਾਂ ਚਾਰ ਹਿਸਿਆਂ ਵਿਚ ਵੰਡਿਆ ਹੋਇਆ ਹੈ, ਸਤਿਜੁਗ, ਤ੍ਰੇਤਾ, ਦੁਆਪਰ, ਕਲਜੁੱਗ, ਚਾਰੇ ਜੁਗਾਂ ਦਾ ਸਮਾਂ 43 ਲੱਖ 20 ਹਜ਼ਾਰ ਸਾਲ ਮਿਥਿਆ ਗਿਆ ਹੈ। 17 ਲੱਖ 28 ਹਜ਼ਾਰ ਸਾਲ ਸਤਿਜੁਗ ਦੀ ਉਮਰ ਹੈ, 12 ਲੱਖ 96 ਹਜ਼ਾਰ ਸਾਲ ਤ੍ਰੇਤੇ ਦੀ ਉਮਰ, 8 ਲੱਖ 64 ਹਜ਼ਾਰ ਸਾਲ ਦੁਆਪਰ ਦੀ ਉਮਰ, 4 ਲੱਖ 32 ਹਜ਼ਾਰ ਸਾਲ ਕਲਜੁੱਗ ਦੀ ਉਮਰ ਹੈ। ਇਨ੍ਹਾਂ ਜੁਗਾਂ ਦੇ ਬੰਦਿਆਂ ਉਪਰ ਨਿਅੰਤਰਣ ਰੱਖਣ ਬਾਰੇ ਚਾਰ ਪ੍ਰਭੂ ਸ਼ਕਤੀਆਂ ਮਿਥੀਆਂ ਗਈਆਂ ਹਨ, ਸਮੇਂ ਦੇ ਨਾਲ ਆਦਮੀਆਂ ਦੇ ਖਿਆਲ ਬਦਲਦੇ ਹਨ, ਸੋਚ ਵਿਚ ਫਰਕ ਪੈ ਜਾਂਦਾ ਹੈ, ਵਰਤਾਰਾ ਬਦਲ ਜਾਂਦਾ ਹੈ, ਜੋ ਮਨੁੱਖ ਜਿਸ ਜੁਗ ਦੇ ਸਮੇਂ ਵਿਚ ਰਹਿੰਦੇ ਸਨ ਉਨ੍ਹਾਂ ਦੇ ਅਧਿਆਤਮਕ ਕਰਮਾਂ ਦੀ ਵਿਆਖਿਆ ਕੀਤੀ ਗਈ ਹੈ ਜੋ ਇਸ ਤਰ੍ਹਾਂ ਹੈ ਕਿ ਸਤਿਜੁਗ ਵਿਚ ਆਦਮੀ ਧਰਮੀ ਹੁੰਦਾ ਸੀ, ਉਹ ਧਰਮ ਕਮਾਇਆ ਕਰਦੇ ਸਨ, ਮੋਹ ਮਾਇਆ ਦਾ ਲੇਪ ਉਸ ਨੂੰ ਨਹੀਂ ਸੀ ਹੋਇਆ ਕਰਦਾ, ਪ੍ਰਵਿਰਤੀ ਦਾ ਬਹੁਤਾ ਪਸਾਰਾ ਨਹੀਂ ਸੀ ਹੋਇਆ ਕਰਦਾ, ਆਪਣੇ ਫਰਜ਼ਾਂ ਨੂੰ ਧਰਮ ਸਮਝ ਕੇ ਨਿਭਾਇਆ ਜਾਂਦਾ ਸੀ, ਮੋਹ ਮਾਇਆ ਵਿਚ ਨਹੀਂ ਸਨ ਫਸਦੇ। ਸਤਿਜੁਗ ਦੇ ਵਿਚ ਵਾਹਿਗੁਰੂ ਜੀ ਨੂੰ ਪਰੀਪੂਰਨ ਜਾਣਿਆ ਜਾਂਦਾ ਸੀ, ਸਾਰੇ ਹੀ ਉਸ ਸੱਚ ਨੂੰ ਅੰਤਰ ਆਤਮੇ ਧਿਆਉਂਦੇ ਸਨ ਅਤੇ ਗੁਰਮੁਖ ਪਿਆਰੇ ਆਮ ਤੌਰ ਉਪਰ ਭਗਤੀ ਵਿਚ ਪ੍ਰਵਿਰਤ ਰਹਿੰਦੇ ਸਨ, ਨਿਸ਼ਚੇ ਵਿਚ ਪੂਰਨ ਗਿਆਨ ਸੀ ਕਿ ਇਥੇ ਇਕੋ ਪ੍ਰਮੇਸ਼ਰ ਹੀ ਅਨੇਕ ਰੂਪ ਧਾਰ ਕੇ ਵਰਤ ਰਿਹਾ ਹੈ। ਉਸ ਸਮੇਂ ਸਤ, ਤਪ, ਜਤ ਅਤੇ ਦਾਨ ਉਪਰ ਧਰਮ ਕਾਇਮ ਸੀ, ਚਾਰ ਪੈਰ ਧਰਮ ਦੇ ਸਨ। ਉਸ ਸਮੇਂ ਦੇ ਬੰਦੇ ਨਿਰਛਲ, ਨਿਰਵੈਰ, ਰਾਗ ਦ੍ਵੈਸ਼ ਤੋਂ ਰਹਿਤ, ਗਿਆਨਵਾਨ ਹੋਇਆ ਕਰਦੇ ਸਨ। ਗੁਰੂ ਮਹਾਰਾਜ ਜੀ ਇਸਦੇ ਬਾਰੇ ਫੁਰਮਾਨ ਕਰਦੇ ਹਨ –

***ਸਤਜੁਗਿ ਸਚੁ ਕਹੈ ਸਭੁ ਕੋਈ।।***
***ਘਰਿ ਘਰਿ ਭਗਤਿ ਗੁਰਮੁਖਿ ਹੋਈ॥***
***ਸਤਜੁਗਿ ਧਰਮੁ ਪੈਰ ਹੈ ਚਾਰਿ॥***
***ਗੁਰਮੁਖਿ ਬੂਝੈ ਕੋ ਬੀਚਾਰਿ॥*** ***ਅੰਗ – 880***

ਵਾਹਿਗੁਰੂ ਦੀ ਪਰੀਪੂਰਨਤਾ ਨੂੰ ਗੁਰਮੁਖ ਰਾਹੀਂ ਹੀ ਵਿਚਾਰ ਕੇ ਬੁਝਿਆ ਜਾ ਸਕਦਾ ਹੈ ਪਰ ਹਰ ਜੁੱਗ ਵਿਚ ਵਾਹਿਗੁਰੂ ਦੇ ਨਾਮ ਦੀ ਵਡਿਆਈ ਹੀ

ਹੁੰਦੀ ਰਹੀ ਹੈ। ਦੋ ਚੀਜ਼ਾਂ ਅਵਸ਼ਕ ਸਨ ਇਕ ਤਾਂ ਪ੍ਰਭੂ ਦਾ ਨਾਮ ਜਪਣਾ, ਦੂਜਾ ਸਮਰੱਥ ਗੁਰੂ ਦੀ ਸ਼ਰਨ ਪ੍ਰਾਪਤ ਹੋ ਕੇ ਅਗਿਆਨ ਦਾ ਨਾਸ਼ ਕਰਕੇ ਆਪਣੀ ਮੁਕਤੀ ਪ੍ਰਾਪਤ ਕਰਨੀ।

*ਜੁਗ ਚਾਰੇ ਨਾਮਿ ਵਡਿਆਈ ਹੋਈ॥*
*ਜਿ ਨਾਮਿ ਲਾਗੈ ਸੋ ਮੁਕਤਿ ਹੋਵੈ*
*ਗੁਰ ਬਿਨੁ ਨਾਮੁ ਨ ਪਾਵੈ ਕੋਈ॥ ਅੰਗ - 880*

ਸੋ ਸਮਾਂ ਅੱਗੇ ਵਧਿਆ, ਮਨੁੱਖ ਦੀ ਸੋਚ ਵਿਚ ਫਰਕ ਪੈ ਗਿਆ, ਵਾਹਿਗੁਰੂ ਦੀ ਪਰੀਪੂਰਨਤਾ ਜੋ ਅੰਤਮ ਸੱਚ ਹੈ, ਉਸ ਉਪਰ ਨਿਸ਼ਚਾ ਕਮਜ਼ੋਰ ਹੋ ਗਿਆ, ਸੋ ਇਹ ਸ਼ਕਤੀ ਜਿਸ ਨੂੰ ਸੱਚ ਕਿਹਾ ਜਾਂਦਾ ਹੈ, ਉਹ ਆਦਮੀ ਦੇ ਮਨ ਤੋਂ ਉਤਰ ਗਈ ਅਤੇ ਤਿੰਨ ਪੈਰ ਧਰਮ ਦੇ ਰਹਿ ਗਏ ਜਿਸ ਅਨੁਸਾਰ ਤ੍ਰੇਤੇ ਜੁੱਗ ਦਾ ਵਰਤਾਰਾ ਰਿਹਾ। ਪ੍ਰਮੇਸ਼ਰ ਦੇ ਗਿਆਨ ਨੂੰ ਭੁੱਲ ਕੇ ਕਰਮਕਾਂਡ ਦਾ ਪਸਾਰਾ ਹੋ ਗਿਆ ਅਤੇ ਵਾਹਿਗੁਰੂ ਜੀ ਨੂੰ ਘਟ ਘਟ ਵਿਚ ਵਿਆਪਕ ਜਾਣਨ ਦੀ ਥਾਂ ਦੂਰ ਜਾਣਿਆ ਗਿਆ ਪਰ ਸਮਰੱਥ ਗੁਰੂ ਰਾਹੀਂ ਅਧਿਕਾਰੀ ਇਸ ਗੱਲ ਨੂੰ ਬੁਝਦੇ ਸਨ ਅਤੇ ਗੁਰੂ ਮਹਾਰਾਜ ਦਾ ਫੁਰਮਾਨ ਹੈ ਕਿ ਜਿਸ ਦੇ ਅੰਦਰ ਨਾਮ ਦੀ ਸੋਝੀ ਸੀ, ਜੋ ਘਟ ਘਟ ਵਿਚ ਵਿਆਪਕ ਪ੍ਰਭੂ ਦਾ ਗਿਆਨ ਹਿਰਦੇ ਵਿਚ ਵਸਾਉਂਦਾ ਸੀ ਉਸ ਨੂੰ ਸੁਖ ਦੀ ਪ੍ਰਾਪਤੀ ਹੁੰਦੀ ਸੀ, ਇਸ ਜੁੱਗ ਵਿਚ ਹਉਮੈ ਦਾ ਅੰਸ ਮਨੁੱਖ ਵਿਚ ਪ੍ਰਵੇਸ਼ ਕਰਨ ਲੱਗਾ, ਫੁਰਮਾਨ ਹੈ -

*ਤ੍ਰੇਤੈ ਇਕ ਕਲ ਕੀਨੀ ਦੂਰਿ॥*
*ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ॥*
*ਗੁਰਮੁਖਿ ਬੂਝੈ ਸੋਝੀ ਹੋਈ॥*
*ਅੰਤਰਿ ਨਾਮੁ ਵਸੈ ਸੁਖੁ ਹੋਈ॥ ਅੰਗ- 880*

ਇਸ ਤਰ੍ਹਾਂ ਤ੍ਰੇਤੇ ਜੁਗ ਦਾ ਸਮਾਂ ਲੰਘ ਗਿਆ, ਦੁਆਪਰ ਯੁੱਗ ਦਾ ਆਰੰਭ ਹੋਇਆ, ਤ੍ਰੇਤੇ ਯੁੱਗ ਦੇ ਅੰਦਰ ਸ੍ਰੀ ਰਾਮ ਚੰਦਰ ਜੀ ਮਰਿਆਦਾ ਪੁਰਸ਼ੋਤਮ ਜੀ ਦਾ ਅਵਤਾਰ ਹੋਇਆ, ਦੁਆਪਰ ਯੁੱਗ ਦੇ ਅੰਦਰ ਕ੍ਰਿਸ਼ਨ ਮਹਾਰਾਜ ਜੀ ਦਾ ਅਵਤਾਰ ਹੋਇਆ। ਇਸ ਯੁੱਗ ਅੰਦਰ ਵੈਰੀ ਅਤੇ ਬਿਗਾਨੇ ਦੇ ਭਾਵ ਆਦਮੀ ਦੇ ਅੰਦਰ ਜਾਗ ਪਏ, ਦੁਬਿਧਾ ਨੇ ਜਨਮ ਲੈ ਲਿਆ, ਦੋ ਪੈਰ ਧਰਮ ਦੇ ਖਿਸਕ ਗਏ, ਸਿਰਫ ਦੋ ਪੈਰਾਂ ਉਪਰ ਇਸ ਯੁੱਗ ਦਾ ਕਾਰਜ ਚਲਦਾ ਰਿਹਾ, ਮਾਇਆ ਦੇ ਹਨ੍ਹੇਰੇ ਅੰਦਰ ਪੰਜ ਭਰਮਾਂ ਨੇ ਆਦਮੀ ਨੂੰ ਗ੍ਰਸ ਲਿਆ ਜਿਨ੍ਹਾਂ ਦੇ ਨਾਮ ਹਨ ਭੇਦ ਭਰਮ, ਸੰਗ ਭਰਮ, ਕਰਤਤ੍ਵ ਭਰਮ, ਜਗਤ ਤੇ ਪ੍ਰਭੂ ਦਾ ਅੱਡੋ-ਅੱਡ ਹੋਣ ਦਾ ਭਰਮ ਅਤੇ ਜਗਤ ਤੇ ਪ੍ਰਭੂ ਦਾ ਵਿਕਾਰ ਹੋਣ ਦਾ ਭਰਮ ਚਲ ਪਿਆ। ਜਿਸ ਨੇ ਪ੍ਰਮੇਸ਼ਰ ਦੀ ਪਰੀਪੂਰਨਤਾ ਤੇ ਪੜ੍ਹਦਾ ਪਾ ਦਿਤਾ ਪਰ ਸਮਰੱਥ ਗੁਰੂਆਂ ਨੇ ਇਸ ਜੁੱਗ ਦੇ ਉਧਾਰ ਲਈ ਨਾਮ ਦੀ ਦ੍ਰਿੜ੍ਹਤਾ ਦ੍ਰਿੜ੍ਹਾਈ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਦੁਆਪੁਰਿ ਦੂਜੈ ਦੁਬਿਧਾ ਹੋਇ॥*
*ਭਰਮਿ ਭੁਲਾਨੇ ਜਾਣਹਿ ਦੋਇ॥*
*ਦੁਆਪੁਰਿ ਧਰਮਿ ਦੁਇ ਪੈਰ ਰਖਾਏ॥*

*ਗੁਰਮੁਖਿ ਹੋਵੈ ਤ ਨਾਮੁ ਦ੍ਰਿੜਾਏ॥ ਅੰਗ - 880*

ਇਸ ਜੁੱਗ ਵਿਚ ਕਰਮਕਾਂਡ ਦਾ ਵਰਤਾਰਾ ਹੋ ਗਿਆ ਸੀ, ਦੇਵਤਿਆਂ ਦੀ ਪੂਜਾ ਆਰੰਭ ਹੋ ਚੁਕੀ ਸੀ, ਸ਼ਕਤੀਆਂ ਪ੍ਰਾਪਤ ਕਰਨ ਵਾਸਤੇ ਦੇਵਤਿਆਂ ਨੂੰ ਹੀ ਸ਼੍ਰੋਮਣੀ ਗਿਣਿਆ ਜਾਂਦਾ ਸੀ ਅਤੇ ਉਨ੍ਹਾਂ ਤੋਂ ਹੀ ਵਰ ਪ੍ਰਾਪਤ ਕੀਤੇ ਜਾਂਦੇ ਸਨ, ਉਨ੍ਹਾਂ ਤੋਂ ਹੀ ਸੰਸਾਰਕ ਖੁਸ਼ੀਆਂ ਪ੍ਰਾਪਤ ਕੀਤੀਆਂ ਜਾਂਦੀਆਂ ਸਨ। ਮਨੁੱਖ ਪ੍ਰਮੇਸ਼ਰ ਵਲੋਂ ਬਹੁਤ ਪਿਛੇ ਹਟ ਗਿਆ ਅਤੇ ਆਪਣੇ ਕਾਰਜ ਦੇਵ ਸ਼ਕਤੀਆਂ ਤੋਂ ਸਿੱਧ ਕਰਨ ਲਈ ਦੇਵ ਪੂਜਾ ਵਿਚ ਫਸ ਗਿਆ। ਇਸ ਯੁੱਗ ਦੇ ਅੰਦਰ ਆਪਸ ਵਿਚ ਜੰਗ ਹੋਣੇ ਸ਼ੁਰੂ ਹੋ ਗਏ, ਅਧਰਮ ਦਾ ਪਸਾਰਾ ਹੋਣ ਲੱਗਾ, ਇਸ ਯੁੱਗ ਦੇ ਲੰਘਣ ਪਿਛੋਂ ਜੋ ਸਮਾਂ ਆਇਆ ਉਸ ਨੂੰ ਕਲਜੁੱਗ ਆਖਿਆ ਜਾਂਦਾ ਹੈ, ਪਹਿਲੇ ਯੁੱਗਾਂ ਵਿਚ ਕਲਜੁੱਗ ਬਾਰੇ ਅਤੇ ਇਸ ਵਿਚ ਵਰਤਣ ਵਾਲੇ ਆਚਾਰ, ਵਿਚਾਰ, ਅਹਾਰ ਧਾਰਮਕ ਨਿਸ਼ਚੇ ਰਿਸ਼ੀਆਂ ਮੁਨੀਆਂ ਨੇ ਵਿਚਾਰੇ। ਕਲਜੁਗ ਨੂੰ ਬਹੁਤ ਭਿਆਨਕ ਆਖਿਆ ਗਿਆ ਕਿਉਂਕਿ ਇਸ ਯੁੱਗ ਵਿਚ ਕਰਮ ਧਰਮ, ਪੂਜਾ, ਦਾਨ ਦੀ ਕੋਈ ਪੇਸ਼ ਨਹੀਂ ਜਾਣੀ ਸੀ। ਕਲਜੁੱਗ ਤੋਂ ਸਾਰੇ ਹੀ ਡਰਦੇ ਸਨ ਅਤੇ ਇਥੋਂ ਤਕ ਕਿ ਪਾਂਡਵਾਂ ਨੂੰ ਜਿਸ ਵਕਤ ਪਤਾ ਲੱਗਿਆ ਕਿ ਕਲਜੁੱਗ ਆ ਗਿਆ ਹੈ ਤਾਂ ਉਨ੍ਹਾਂ ਨੇ ਕ੍ਰਿਸ਼ਨ ਮਹਾਰਾਜ ਜੀ ਨੂੰ ਪੁਛਿਆ ਕਿ ਕਲਜੁੱਗ ਦੇ ਅੰਦਰ ਸੂਰਜ ਦੀ ਰੋਸ਼ਨੀ ਕਿਹੋ ਜਿਹੀ ਹੋਵੇਗੀ? ਦਰਿਆ ਕਿਵੇਂ ਚਲਣਗੇ? ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਪ੍ਰਕ੍ਰਿਤੀ ਤਾਂ ਆਪਣੇ ਨੇਮ ਅਨੁਸਾਰ ਹੀ ਚਲਦੀ ਰਹਿੰਦੀ ਹੈ, ਪ੍ਰਕ੍ਰਿਤੀ ਉਪਰ ਮਨੁੱਖਾਂ ਦੇ ਖਿਆਲਾਂ ਦਾ ਅਸਰ ਪੈਂਦਾ ਹੈ ਕਿਉਂਕਿ ਪ੍ਰਕ੍ਰਿਤੀ ਅਤੇ ਮਨੁੱਖ ਦੀ ਅੰਦਰੋਂ ਕੋਈ ਸਾਂਝ ਹੈ, ਆਪ ਨੇ ਦਸਿਆ ਕਿ ਕਲਜੁੱਗ ਵਿਚ ਮਨੁੱਖਾਂ ਦੇ ਖਿਆਲ ਬਦਲ ਜਾਣਗੇ, ਆਪੋ ਧਾਪੀ ਫੈਲ ਜਾਵੇਗੀ, ਕੋਈ ਕਿਸੇ ਨੂੰ ਮੰਨੇਗਾ ਨਹੀਂ, ਗੁਰੂ ਮਹਾਰਾਜ ਜੀ ਇਸ ਦੇ ਬਾਰੇ ਫੁਰਮਾਨ ਕਰਦੇ ਹਨ -

*ਕਲਜੁਗਿ ਧਰਮ ਕਲਾ ਇਕ ਰਹਾਏ॥*

*ਅੰਗ - 880*

ਕਲਜੁੱਗ ਵਿਚ ਕੇਵਲ ਦਾਨ ਦੀ ਸ਼ਕਤੀ ਹੋਵੇਗੀ ਪਰ ਉਸ ਦਾ ਫਲ ਨਹੀਂ ਮਿਲੇਗਾ ਕਿਉਂਕਿ ਆਦਮੀ ਦੇ ਅੰਦਰ ਅਭਿਮਾਨ ਵਧ ਜਾਵੇਗਾ, ਉਹ ਆਪਣੀ ਪ੍ਰਸੰਸਾ ਲਈ ਵਰਤ ਰਖੇਗਾ, ਪੁੰਨ ਦਾਨ ਕਰੇਗਾ ਪਰ ਉਸ ਦਾ ਫਲ ਉਸ ਨੂੰ ਪ੍ਰਾਪਤ ਨਹੀਂ ਹੋਵੇਗਾ। ਗੁਰੂ ਨੌਵੇਂ ਪਾਤਸ਼ਾਹ ਜੀ ਦਾ ਫੁਰਮਾਨ ਹੈ -

*ਤੀਰਥ ਬਰਤ ਅਰੁ ਦਾਨ ਕਰਿ*
*ਮਨ ਮੈ ਧਰੈ ਗੁਮਾਨੁ॥*
*ਨਾਨਕ ਨਿਹਫਲ ਜਾਤ ਤਿਹ*
*ਜਿਉ ਕੁੰਚਰ ਇਸਨਾਨੁ॥ ਅੰਗ - 1428*
*ਕਲਜੁਗਿ ਧਰਮ ਕਲਾ ਇਕ ਰਹਾਏ॥*
*ਇਕ ਪੈਰਿ ਚਲੈ ਮਾਇਆ ਮੋਹੁ ਵਧਾਏ॥*
*ਮਾਇਆ ਮੋਹੁ ਅਤਿ ਗੁਬਾਰੁ॥*

***ਸਤਗੁਰੁ ਭੇਟੈ ਨਾਮਿ ਉਧਾਰੁ॥*** ***ਅੰਗ - 880***

ਮਾਇਆ ਦਾ ਮੋਹ ਐਨਾ ਫੈਲ ਜਾਵੇਗਾ ਕਿ ਕਾਲੀ ਬੋਲੀ ਹਨ੍ਹੇਰੀ ਜਿਸ ਵਿਚ ਹੱਥ ਮਾਰਿਆਂ ਵੀ ਨਹੀਂ ਦਿਸਣਾ। ਐਸੀ ਅਵਸਥਾ ਬੰਦਿਆਂ ਦੀ ਅਧਿਆਤਮਕ ਤੌਰ ਤੇ ਹੋ ਜਾਵੇਗੀ, ਅੰਦਰ ਅਗਿਆਨ ਵਧ ਜਾਵੇਗਾ, ਆਪੋ ਧਾਪੀ ਪੈ ਜਾਵੇਗੀ ਅਤੇ ਮਨੁੱਖਾਂ ਦਾ ਜੀਵਨ ਅਤਿ ਘ੍ਰਿਣਾਦਾਇਕ ਹੋ ਜਾਵੇਗਾ।

***ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ***
***ਸਤਜੁਗਿ ਪਰਮ ਹੰਸ ਬੀਚਾਰੀ॥***
***ਦੁਆਪੁਰਿ ਤ੍ਰੇਤੈ ਮਾਣਸ ਵਰਤਹਿ***
***ਵਿਰਲੈ ਹਉਮੈ ਮਾਰੀ।।*** ***ਅੰਗ - 1131***

ਸਾਰਿਆਂ ਜੁਗਾਂ ਵਿਚ ਵਾਹਿਗੁਰੂ ਇਕੋ ਹੀ ਇਕ ਰਸ ਸਮਾਇਆ ਹੋਇਆ ਹੈ, ਹੋਰ ਇਸ ਥਾਂ ਦੂਜਾ ਹੈ ਹੀ ਕੋਈ ਨਹੀਂ। ਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਜਦੋਂ ਤਕ ਇਹ ਸੱਚ ਦੀ ਸਿਫਤ ਸਲਾਹ ਨਹੀਂ ਕਰਦਾ, ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰਮੁਖ ਦੇ ਰਾਹੀਂ ਨਾਮ ਦੀ ਪ੍ਰਾਪਤੀ ਕਰਕੇ ਜੀਵ ਦਾ ਉਧਾਰ ਹੁੰਦਾ ਹੈ, ਸਾਰਿਆਂ ਜੁਗਾਂ ਵਿਚ ਨਾਮ ਦੀ ਵਡਿਆਈ ਚਲੀ ਆਉਂਦੀ ਹੈ, ਇਸ ਗੱਲ ਨੂੰ ਕੋਈ ਵਿਰਲਾ ਹੀ ਗੁਰੂ ਦੁਆਰਾ ਬੁਝਦਾ ਹੈ, ਨਾਮ ਧਿਆਉਣ ਵਾਲੇ ਭਗਤ ਦੀ ਜੁਗੋ ਜੁਗ ਵਡਿਆਈ ਹੁੰਦੀ ਆਈ ਹੈ ਜਿਵੇਂ ਕਿ ਫੁਰਮਾਨ ਹੈ -

***ਸਭਿ ਜੁਗ ਮਹਿ ਸਾਚਾ ਏਕੋ ਸੋਈ।।***
***ਸਭ ਮਹਿ ਸਚੁ ਦੂਜਾ ਨਹੀ ਕੋਈ॥***
***ਸਾਚੀ ਕੀਰਤਿ ਸਚੁ ਸੁਖੁ ਹੋਈ॥***
***ਗੁਰਮੁਖਿ ਨਾਮੁ ਵਖਾਣੈ ਕੋਈ।।***
***ਸਭ ਜੁਗ ਮਹਿ ਨਾਮੁ ਊਤਮੁ ਹੋਈ॥***
***ਗੁਰਮੁਖਿ ਵਿਰਲਾ ਬੂਝੈ ਕੋਈ॥***
***ਹਰਿ ਨਾਮੁ ਧਿਆਏ ਭਗਤੁ ਜਨੁ ਸੋਈ॥***
***ਨਾਨਕ ਜੁਗਿ ਜੁਗਿ ਨਾਮਿ ਵਡਿਆਈ ਹੋਈ॥***
***ਅੰਗ - 880***

ਇਸ ਤਰ੍ਹਾਂ ਸਮੇਂ ਦੇ ਲੰਘਣ ਨਾਲ ਆਦਮੀ ਅੰਧਕਾਰ ਵਲ ਵਧਦਾ ਚਲਿਆ ਗਿਆ, ਭਾਰਤੀ ਸੰਸਕ੍ਰਿਤੀ ਨੇ ਅੰਦਰ ਦੀ ਖੋਜ ਬਹੁਤ ਹੀ ਗਹਿਰੇ ਜਾ ਕੇ ਕੀਤੀ ਅਤੇ ਉਸ ਤੱਤ ਨੂੰ ਪ੍ਰਤੱਖ ਕਰ ਲਿਆ, ਜਿਸ ਰਾਹੀਂ ਸਾਰੇ ਸੰਸਾਰ ਦੀ ਕ੍ਰਿਆ ਚਲ ਰਹੀ ਹੈ। ਪੱਛਮੀ ਚਿੰਤਕਾਂ ਨੇ ਅੰਦਰ ਦੀ ਖੋਜ ਦੀ ਥਾਂ ਪ੍ਰਕ੍ਰਿਤੀ ਦੀ ਖੋਜ ਕੀਤੀ ਅਤੇ ਪ੍ਰਕ੍ਰਿਤੀ ਦੀਆਂ ਦੇਣਾਂ ਵਿਚੋਂ ਸੁੱਖ ਲੱਭਣ ਦੀ ਕੋਸ਼ਿਸ਼ ਕੀਤੀ, ਪ੍ਰਕ੍ਰਿਤੀ ਦੀ ਖੋਜ ਨੇ ਸਹੂਲਤਾਂ ਤਾਂ ਐਨੀਆਂ ਦੇ ਦਿਤੀਆਂ ਕਿ ਗਿਣੀਆਂ ਨਹੀਂ ਜਾ ਸਕਦੀਆਂ। ਕੰਮਪਿਊਟਰਾਂ ਰਾਹੀਂ ਹੋ ਰਹੀਆਂ ਕਰਾਮਾਤਾਂ ਨੂੰ ਦੇਖ ਕੇ ਆਦਮੀ ਹੈਰਾਨ ਹੋ ਜਾਂਦਾ ਹੈ। ਮੈਡੀਕਲ ਸਾਇੰਸ ਨੇ ਆਦਮੀ

ਦਾ ਇਕ-ਇਕ ਕਣ ਟੋਹ ਲਿਆ ਪਰ ਇਨ੍ਹਾਂ ਨੂੰ ਸੁੱਖ ਕਿਸੇ ਥਾਂ ਤੋਂ ਪ੍ਰਾਪਤ ਨਾ ਹੋਇਆ। ਜ਼ਿੰਦਗੀ ਦੀ ਰਫਤਾਰ ਬਹੁਤ ਤੇਜ਼ ਹੋ ਗਈ, ਪਰਮ ਸੁੱਖ ਤੋਂ ਟੁੱਟ ਕੇ ਆਦਮੀ ਦੁਖਾਂ ਦੀ ਖੱਡ ਵਲ ਨੂੰ ਰੁੜਦਾ ਹੀ ਤੁਰਿਆ ਜਾ ਰਿਹਾ ਹੈ। ਆਦਮੀ ਆਪਣੇ ਖਾਤਮੇ ਵਾਸਤੇ ਐਟਮੀ ਹਥਿਆਰ ਬਣਾ ਰਿਹਾ ਹੈ, ਕੈਮੀਕਲ ਬੰਬ ਤਿਆਰ ਕਰ ਰਿਹਾ ਹੈ, ਐਨੀਆਂ ਗੈਸਾਂ ਤਿਆਰ ਕਰ ਰਿਹਾ ਹੈ ਜੋ ਆਦਮੀ ਦਾ ਦਮ ਹੀ ਘੁਟ ਦੇਣ। ਅੱਜ ਇਹ ਆਪਣੇ ਆਪ ਨੂੰ ਨਸ਼ਟ ਕਰਨ ਦੇ ਰਾਹ ਪਿਆ ਹੋਇਆ ਹੈ, ਡਰ ਨੂੰ ਦੂਰ ਕਰਨ ਲਈ ਹਥਿਆਰਾਂ ਦੀ ਲੋੜ ਮਹਿਸੂਸ ਕਰਦਾ ਹੈ। ਜੀਵਨ ਵਿਚ ਸੱਚ ਦੀ ਰੌ ਰੁਮਕ ਨਹੀਂ ਰਹੀ, ਕਿਸੇ ਜੀਵਨ ਵਿਚੋਂ ਸੁਗੰਧੀ ਨਹੀਂ ਆ ਰਹੀ, ਇਸ ਦੇ ਵਿਪਰੀਤ ਡਰ, ਬੇ-ਵਿਸ਼ਵਾਸ਼ੀ, ਚਿੰਤਾਵਾਂ, ਆਸਾ, ਅੰਦੇਸੇ, ਵੈਰ, ਵਿਰੋਧ, ਕਾਮ, ਕ੍ਰੋਧ ਅਨੇਕਾਂ ਦੂਸ਼ਿਤ ਖਿਆਲ ਪੈਦਾ ਹੋ ਰਹੇ ਹਨ। ਗੁਰੂ ਮਹਾਰਾਜ ਜੀ ਦੇ ਪ੍ਰਕਾਸ਼ ਤੋਂ ਪਹਿਲਾਂ ਭਾਰਤੀ ਚਿੰਤਕਾਂ ਨੇ ਮਨੁੱਖ ਦੀ ਕਲਿਆਣ ਲਈ ਉਪਨਿਸ਼ਦਾਂ, ਸਿਮ੍ਰਤੀਆਂ ਅਤੇ ਸਾਸ਼ਤਰਾਂ ਦਾ ਨਿਰਮਾਣ ਕੀਤਾ ਜਿਨ੍ਹਾਂ ਵਿਚ ਵੱਖ-ਵੱਖ ਖਿਆਲ ਵੇਦਾਂ ਵਿਚੋਂ ਅਧਿਐਨ ਕਰਕੇ ਪ੍ਰਗਟ ਕੀਤੇ। ਲੋਕ ਸਾਸ਼ਤਰਾਂ ਨੂੰ ਪੜ੍ਹਦੇ ਸਨ, ਵਿਚਾਰਦੇ ਸਨ, ਪਰ ਕੋਈ ਕਰੋੜਾਂ ਵਿਚੋਂ ਇਕ ਅੱਧ ਹੀ ਸਤਿ ਦੀ ਪ੍ਰਾਪਤੀ ਤਕ ਪਹੁੰਚਦਾ ਸੀ, ਤਿੰਨਾਂ ਜੁਗਾਂ ਵਿਚ ਲੋਕ ਵਖਿਆਨ ਕਰਕੇ ਪੜ੍ਹ ਕੇ, ਥੱਕ ਗਏ ਪਰ ਮਾਇਆ ਨੇ ਪਾਏ ਹੋਏ ਭਰਮਾਂ ਦਾ ਨਾਸ਼ ਨਾ ਹੋਣ ਦਿਤਾ, ਬੁੱਧੀ ਮੰਡਲ ਤਕ ਹੀ ਸਾਰਾ ਗਿਆਨ ਸੀਮਤ ਹੋ ਗਿਆ, ਸਾਸ਼ਤਰਾਂ ਦੇ ਵੱਖ-ਵੱਖ ਮਤ ਹੋਣ ਕਰਕੇ ਜਗਿਆਸੂ ਨੂੰ ਕਿਸੇ ਕਿਨਾਰੇ ਤੇ ਪਹੁੰਚਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਗੌਤਮ ਤਪੇ ਨੇ ਰਿਗਵੇਦ ਦਾ ਅਧਿਐਨ ਕਰਕੇ ਨਿਆਏ ਸਾਸ਼ਤਰ ਦੀ ਰਚਨਾ ਕੀਤੀ ਅਤੇ ਸੰਸਾਰ ਨੂੰ ਦਸਿਆ ਕਿ ਕਿਸੇ ਦੇ ਵਸ ਕੁਝ ਵੀ ਨਹੀਂ ਹੈ ਜਿਵੇਂ ਕਿ ਗੁਰੂ ਮਹਾਰਾਜ ਜੀ ਨੇ ਵੀ ਫੁਰਮਾਨ ਕੀਤਾ ਹੈ -

***ਇਸ ਕਾ ਬਲੁ ਨਾਹੀ ਇਸੁ ਹਾਥ॥***
***ਕਰਨ ਕਰਾਵਨ ਸਰਬ ਕੋ ਨਾਥ॥ ਅੰਗ - 277***

ਨਿਆਏ ਸਾਸ਼ਤਰਾਂ ਵਿਚ ਵੀ ਦਸਿਆ ਗਿਆ ਕਿ ਸਭ ਕੁਝ ਕਰਤੇ ਦੇ ਵਸ ਹੈ, ਆਦਮੀ ਦਾ ਜ਼ੋਰ ਨਹੀਂ ਚਲਦਾ, ਦੋਹਾਂ ਸਿਰਿਆਂ ਉਪਰ ਕਰਤਾਰ ਹੈ ਉਸ ਨੇ ਪ੍ਰਮੇਸ਼ਰ ਨੂੰ ਨਿਆਰਾ ਕਰਕੇ ਦਿਖਲਾਇਆ। ਵਾਹਿਗੁਰੂ ਤਾਂ ਕਿਸੇ ਨੇ ਦੇਖਿਆ ਨਹੀਂ, ਕੁਦਰਤ ਦੇ ਵਿਚ ਹੀ ਸਾਰਾ ਸੰਸਾਰ ਭਰਮ ਵਿਚ ਭੁੱਲ ਗਿਆ, ਸਤਿਜੁਗ ਦੇ ਵਿਚ ਸੋਹੰ ਬ੍ਰਹਮ ਦਾ ਜਾਪ ਹੋਇਆ ਕਰਦਾ ਸੀ, ਇਸ ਨਿਆਏ ਸਾਸ਼ਤਰ ਵਿਚ ਦਸਿਆ ਗਿਆ ਕਿ ਭਰਮ ਦਾ ਪੜਦਾ ਪੈਣ ਕਰਕੇ ਜੀਵ ਪਰਮ ਤਤੂ ਤੋਂ ਦੂਰ ਹੋ ਗਿਆ, ਰਿਗਵੇਦ ਵਿਚ ਤਾਂ ਦਸਿਆ ਗਿਆ ਸੀ ਕਿ ਵਾਹਿਗੁਰੂ ਆਪੇ ਹੀ ਆਪ ਹੈ, ਹੋਰ ਦੂਜਾ ਕੋਈ ਨਹੀਂ ਪਰ ਸੰਸਾਰ ਭੁੱਲ ਗਿਆ ਕਿਉਂਕਿ ਸੱਚੇ ਸਤਿਗੁਰੂ ਬਿਨਾਂ ਇਸ ਗੱਲ ਦੀ ਸੋਝੀ ਨਹੀਂ ਪੈਂਦੀ, ਗੌਤਮ ਦੇ ਰਚੇ ਹੋਏ ਨਿਆਏ ਸਾਸ਼ਤਰ ਵਿਚ ਇਕ ਭਰਮ ਪੈਦਾ ਹੋ ਗਿਆ, ਉਹ ਇਹ ਸੀ ਕਿ ਉਸ ਦੇ ਮਤ ਅਨੁਸਾਰ ਜੀਵ ਵਖਰਾ ਹੈ ਅਤੇ ਵਾਹਿਗੁਰੂ ਜੀ ਵਖਰੇ ਹਨ। ਸੋ ਸੋਹੰ ਬ੍ਰਹਮ ਦੇ ਮੰਤਰ ਦੀ ਕੋਈ ਵਿਸ਼ੇਸ਼ਤਾ ਨਾ ਰਹੀ। ਉਸ ਨੇ

ਵਾਹਿਗੁਰੂ ਜੀ ਦੀ ਸਰਬ ਸ਼ਕਤੀ ਉਪਰ ਕਿੰਤੂ ਕੀਤਾ ਅਤੇ ਇਹ ਦਸਿਆ ਕਿ ਸ੍ਰਿਸ਼ਟੀ ਦੀ ਰਚਨਾ ਪ੍ਰਮਾਣੂਆਂ ਤੋਂ ਹੁੰਦੀ ਹੈ। ਪ੍ਰਕ੍ਰਿਤੀ ਉਸ ਦੀ ਸ਼ਕਤੀ ਹੈ, ਮਾਇਆ ਅਤੇ ਅਗਿਆਨ ਵੀ ਉਸ ਦੀ ਸ਼ਕਤੀ ਹੈ, ਵਾਹਿਗੁਰੂ ਜੀ ਤਾਂ ਕਰਨ ਕਾਰਨ ਸਮਰੱਥ ਹਨ, ਇਕ ਫੁਰਨੇ ਨਾਲ ਜਗਤ ਦੀ ਰਚਨਾ ਕਰਨ ਦੀ ਸਮਰੱਥਾ ਰਖਦੇ ਹਨ। ਅਜ ਦੇ ਪ੍ਰਕ੍ਰਿਤਕ ਖੋਜੀ ਦਸਦੇ ਹਨ ਕਿ ਸੰਸਾਰ ਦੀ ਰਚਨਾ ✲⇦✚ ✲▲✪✚ (ਵੱਡਾ ਧਮਾਕਾ) ਹੋਣ ਉਪਰੰਤ ਜੋ ਸੁੰਨ ਵਿਚ ਹਿਲਜੁਲ ਹੋਈ, ਉਸ ਤੋਂ ਐਨਰਜੀ ਫਿਰ ਇਲੈਕਟਰਾਨ, ਪ੍ਰੋਟਾਨ, ਨਿਊਟ੍ਰਾਨ ਅਤੇ ਪ੍ਰਮਾਣੂਆਂ ਦੀ ਉਤਪਤੀ ਹੋਣ ਉਪਰੰਤ ਬਹੁਤ ਹੀ ਦੀਰਘ ਕਾਲ ਵਿਚ ਤੱਤਾਂ ਦਾ ਜੋੜ ਹੋਣ ਤੋਂ ਹੋਈ, ਉਨ੍ਹਾਂ ਦਾ ਚੇਤਨ ਬ੍ਰਹਮ ਵਿਚ ਕੋਈ ਵੀ ਵਿਸ਼ਵਾਸ਼ ਨਾ ਹੋਣ ਕਰਕੇ ਇਹ theory (ਸਿਧਾਂਤ) ਤੱਤ ਨਹੀਂ ਸਮਝੀ ਜਾਂਦੀ ਕਿਉਂਕਿ big bang ਕਿਸ ਸ਼ਕਤੀ ਨੇ ਕੀਤਾ ਅਤੇ ਸੰਸਾਰ ਨੂੰ ਵਿਉਂਤ ਕਿਸ ਸ਼ਕਤੀ ਨੇ ਦਿਤੀ, ਉਹ ਇਹ ਦਸ ਨਹੀਂ ਸਕਦਾ, ਬਣੀਆਂ ਹੋਈਆਂ ਚੀਜ਼ਾਂ ਦੀ ਤਾਂ ਖੋਜ ਕਰ ਲਈ ਪਰ ਕਿਉਂ ਬਣੀ, ਕਿਸ ਨੇ ਬਣਾਈ ਇਸ ਦਾ ਅਧਿਐਨ ਅਧੂਰਾ ਹੈ।

ਇਸ ਪਿਛੋਂ ਮੀਮਾਂਸਾ ਸਾਸ਼ਤਰ ਦੀ ਰਚਨਾ ਹੋਈ, ਜੋ ਜੁਜਰ ਵੇਦ ਨੂੰ ਵਿਚਾਰ ਕੇ ਹੋਈ। ਇਸ ਵਿਚ ਜੈਮਨੀ ਰਿਸ਼ੀ ਨੇ ਦਸਿਆ ਕਿ ਸੰਸਾਰ ਦੀ ਕ੍ਰਿਆ ਕਰਮਾਂ ਕਰਕੇ ਚਲ ਰਹੀ ਹੈ, ਜੋ ਕਰਮ ਕਰਦਾ ਹੈ ਓਹੀ ਉਸਨੂੰ ਪ੍ਰਾਪਤ ਹੁੰਦੇ ਹਨ। ਉਸ ਨੇ ਕਰਮਕਾਂਡ ਦੀ ਸਥਾਪਨਾ ਕੀਤੀ ਅਤੇ ਉਸ ਨੇ ਦਸਿਆ ਕਿ ਵਾਸ਼ਨਾਵਾਂ ਦਾ ਬੰਨ੍ਹਿਆ ਹੋਇਆ ਜੀਵ ਜਨਮ-ਮਰਨ ਦੇ ਲੰਮੇ ਚੱਕਰ ਵਿਚ ਪੈਂਦਾ ਹੈ। ਮਨ ਵਿਚ ਸੰਸਾ ਹੋਰ ਵਧ ਗਿਆ, ਕਰਮਾਂ ਦੇ ਭਰਮ ਅੰਦਰ ਜੀਵ ਭੁੱਲ ਗਿਆ, ਉਸ ਨੇ ਇਹ ਵੀ ਦਸਿਆ ਕਿ ਮਾਇਆ ਤੇ ਬ੍ਰਹਮ ਇਕੋ ਕਹਾਉਂਦੇ ਹਨ, ਭਰਮ ਕਰਕੇ ਹੀ ਜਗਤ ਦਾ ਵਰਤਣ ਵਿਹਾਰ ਚਲ ਰਿਹਾ ਹੈ। ਇਸ ਸਾਸ਼ਤਰ ਵਿਚ ਤਤੂ ਬ੍ਰਹਮ ਵਿਚ ਭਰਮ ਮਿਲਾ ਦਿਤਾ ਗਿਆ, ਕਰਮ ਦ੍ਰਿੜ੍ਹਾ ਦਿਤੇ ਗਏ ਅਤੇ ਕਰਮਾਂ ਦਾ ਬੰਨ੍ਹਿਆ ਜੀਵ 84 ਲੱਖ ਜੂਨਾਂ ਦੇ ਚੱਕਰ ਕੱਟ ਰਿਹਾ ਹੈ, ਪਰ ਇਹ ਜੋ ਭਰਮ ਪਏ ਹਨ, ਪੂਰੇ ਸਤਿਗੁਰੂ ਦੀ ਹੋਂਦ ਨਾ ਹੋਣ ਕਰਕੇ ਭਿਆਨਕ ਸੰਸੇ ਦਾ ਰੂਪ ਧਾਰਨ ਕਰ ਗਏ ਅਤੇ ਕਰਮ ਕਰਕੇ ਇਹ ਸੁਰਗ ਦੀ ਇਛਿਆ ਕਰਦੇ ਹਨ ਅਤੇ ਇਛਿਆ ਪੂਰਤੀ ਵਾਸਤੇ ਯੱਗ ਕਰਦੇ ਹਨ, ਸੰਸੇ ਵਧਦੇ ਹੀ ਚਲੇ ਜਾਂਦੇ ਹਨ, ਇਨ੍ਹਾਂ ਦਾ ਖਾਤਮਾ ਸਮਰੱਥ ਗੁਰੂ ਤੋਂ ਬਿਨਾਂ ਨਹੀਂ ਹੋਇਆ ਕਰਦਾ। ਇਸ ਪਿਛੋਂ ਸ਼ਾਮ ਵੇਦ ਨੂੰ ਪੜ੍ਹ ਕੇ ਵੇਦਾਂਤ ਦਾ ਵਿਚਾਰ ਲਿਆਂਦਾ। ਵਿਆਸ ਜੀ ਨੇ ਕਿਹਾ ਕਿ ਮਾਇਆ ਭਰਮ ਹੈ। ਇਥੇ ਵਾਹਿਗੁਰੂ ਜੀ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ ਪਰ ਜੋ ਇਸ ਨੇ ਸਿਧਾਂਤ ਦਿਤਾ 'ਅਹੰ ਬ੍ਰਹਮ ਅਸਮੀ' ਪਰਮੇਸ਼ਰ ਮੈਂ ਹੀ ਹਾਂ। ਸਿਧਾਂਤ ਤਾਂ ਇਹ ਠੀਕ ਹੈ ਪਰ ਹਉਮੈ ਵਿਚ ਗ੍ਰਸਿਆ ਜੀਵ ਏਕੋ ਏਕ ਕਹਿ ਕੇ ਛੁਟ ਨਹੀਂ ਸਕਦਾ ਕਿਉਂਕਿ ਉਸ ਨੂੰ ਇਕ ਪਛਾਣ ਨਹੀਂ ਆਈ, ਹਉਮੈ ਨੇ ਅੰਧਕਾਰ ਪਸਾਰਿਆ ਹੋਇਆ ਹੈ। ਹਉਮੈ ਅਤੇ ਗਰਬ ਵਿਚ ਵਿਆਪੇ ਨੂੰ ਇਹ ਗਿਆਨ ਨਾਸਤਕ ਬਣਾਉਂਦਾ ਹੈ। ਉਹ ਅਗਿਆਨੀ ਜਿਸ ਦਾ ਪੰਜੇ ਭਰਮਾਂ ਦਾ ਨਾਸ਼ ਨਹੀਂ ਹੋਇਆ, ਜਿਸ ਦੇ ਅੰਦਰ ਪ੍ਰਭੂ ਦੀ ਜੋਤ ਨਹੀਂ ਜਗੀ, ਜਿਸ ਦਾ ਹਉਮੈ ਦੀ ਨਾਸ਼ ਨਹੀਂ ਹੋਇਆ, ਜਦੋਂ ਉਹ ਕਹਿੰਦਾ ਹੈ ਕਿ ਮੈਂ ਹੀ ਬ੍ਰਹਮ ਹਾਂ ਤਾਂ ਉਹ ਆਪਣੇ ਸਰੀਰ ਨੂੰ ਜਾਣਦਾ ਹੋਇਆ ਕਹਿੰਦਾ ਹੈ ਉਸ ਦੀ ਹੋਂਦ ਨਾ

ਖਤਮ ਹੋਣ ਕਰਕੇ ਉਹ ਖੁਸ਼ਕ ਗਿਆਨ ਵਿਚ ਚਲਿਆ ਜਾਂਦਾ ਹੈ, ਵੇਦ ਵਿਆਸ ਜੀ ਨੇ ਵੇਦਾਂਤ ਰਚਣ ਪਿਛੋਂ ਮਹਿਸੂਸ ਕੀਤਾ ਕਿ ਉਨ੍ਹਾਂ ਦੇ ਅੰਦਰ ਸ਼ਾਂਤੀ ਨਹੀਂ ਆਈ। ਨਾਰਦਮੁਨੀ ਜੀ ਪਾਸ ਜਾਂਦੇ ਹਨ ਉਨ੍ਹਾਂ ਪਾਸ ਜਾ ਕੇ ਆਪਣੀ ਅਵਸਥਾ ਦਾ ਜ਼ਿਕਰ ਕੀਤਾ। ਨਾਰਦਮੁਨੀ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਭਗਵੰਤ ਦਾ ਜਸ ਭਗਤੀ ਭਾਵ ਵਿਚ ਕੀਤੇ ਬਿਨਾਂ ਸ਼ਾਂਤੀ ਨਹੀਂ ਆ ਸਕਦੀ। ਤਰਨ ਲਈ ਸਮਰੱਥ ਗੁਰੂ ਦੀ ਲੋੜ ਹੈ, ਗੁਰੂ ਤੋਂ ਬਗੈਰ ਕੋਈ ਨਹੀਂ ਤਰਿਆ ਕਰਦਾ। ਇਸੇ ਤਰ੍ਹਾਂ ਸਾਂਖ ਸਾਸ਼ਤਰ ਦੀ ਰਚਨਾ ਅਥਰਵਣ ਵੇਦ ਨੂੰ ਵਿਚਾਰ ਕੇ ਕਪਲਮੁਨੀ ਨੇ ਕੀਤੀ। ਇਸ ਨੇ ਨਿਤ ਅਤੇ ਅਨਿਤ ਦਾ ਵਿਚਾਰ ਦੇ ਕੇ ਦਸਿਆ ਕਿ ਜਦੋਂ ਤਕ ਗਿਆਨ ਨਹੀਂ ਹੁੰਦਾ ਕ੍ਰੋੜਾਂ ਜਤਨ ਕਰੇ ਤਾਂ ਵੀ ਮੁਕਤੀ ਨਹੀਂ ਹੁੰਦੀ। ਗਿਆਨ ਕਰਕੇ ਹੀ ਸੁੱਖ ਦੀ ਉਤਪਤੀ ਹੋਵੇਗੀ। ਆਵਾਗੌਣ ਦਾ ਭਰਮ ਮਿਟ ਜਾਵੇਗਾ ਪਰ ਇਹ ਪ੍ਰਮੇਸ਼ਰ ਨੂੰ ਨਹੀਂ ਮੰਨਦਾ ਸੀ, ਕੇਵਲ ਸਤਿ ਤੇ ਅਸਤਿ ਦਾ ਨਿਰਣਾ ਹੀ ਕਰਦਾ ਸੀ, ਭਗਤੀ ਭਾਵ ਤੋਂ ਬਿਨਾਂ ਇਹ ਗਿਆਨ ਹਿਰਦੇ ਵਿਚ ਨਹੀਂ ਟਿਕਿਆ ਕਰਦਾ, ਆਦਮੀ ਨਾਸਤਕ ਹੋ ਜਾਇਆ ਕਰਦਾ ਹੈ, ਉਸ ਪਿਛੋਂ ਕਣਾਦ ਨੇ ਵਿਸ਼ੇਸ਼ਕ ਸਾਸ਼ਤਰ ਦੀ ਰਚਨਾ ਕੀਤੀ। ਅਥਰਵਣ ਵੇਦ ਨੂੰ ਵਿਚਾਰ ਕੇ ਉਸ ਨੇ ਦਸਿਆ ਕਿ ਜਿਹੋ ਜਿਹੇ ਕੋਈ ਕਰਮ ਕਰੇਗਾ ਉਹੋ ਜਿਹਾ ਹੀ ਫਲ ਉਸ ਨੂੰ ਮਿਲੇਗਾ। ਹੁਕਮ ਦੇ ਅੰਦਰ ਸਾਰੀ ਸ੍ਰਿਸ਼ਟੀ ਹੈ, ਜੋ ਹੁਕਮ ਮੰਨੇਗਾ ਸਹਿਜ ਪਦ ਵਿਖੇ ਲੀਨ ਹੋਵੇਗਾ। ਆਪਣੇ ਵਸ ਕੁਝ ਨਹੀਂ ਹੈ, ਬੁਰਾ ਭਲਾ ਮਨ ਵਿਖੇ ਨਾ ਵਸਾਵੇ, ਇਹ ਨਾ ਕਹੇ ਕਿ ਮੈਂ ਕੀਤਾ ਹੈ ਇਹ ਕਹੇ ਕਿ ਸਮੇਂ ਨੇ ਕੀਤਾ ਹੈ, ਕਿਉਂਕਿ ਉਹ ਸਮੇਂ ਨੂੰ (ਕਾਲ ਨੂੰ) ਮੰਨਦਾ ਹੈ ਜਿਸ ਤਰ੍ਹਾਂ ਕਿ ਗੁਰੂ ਮਹਾਰਾਜ ਜੀ ਦਾ ਵੀ ਫੁਰਮਾਨ ਹੈ –

***ਕਾਲ ਪਾਇ ਬ੍ਰਹਮਾ ਬਪੁ ਧਰਾ॥***
***ਕਾਲ ਪਾਇ ਸਿਵਜੂ ਅਵਤਰਾ॥***
***ਕਾਲ ਪਾਇ ਕਰਿ ਬਿਸਨ ਪ੍ਰਕਾਸਾ॥***
***ਸਕਲ ਕਾਲ ਕਾ ਕੀਆ ਤਮਾਸਾ॥***
***ਜਵਨ ਕਾਲ ਜੋਗੀ ਸਿਵ ਕੀਓ॥***
***ਬੇਦ ਰਾਜ ਬ੍ਰਹਮਾ ਜੂ ਥੀਓ॥***
***ਜਵਨ ਕਾਲ ਸਭ ਲੋਕ ਸਵਾਰਾ॥***
***ਨਮਸਕਾਰ ਹੈ ਤਾਹਿ ਹਮਾਰਾ॥***

***ਕਬਜੋ ਬਾਚ ਬੇਨਤੀ ਚੌਪਈ***

ਇਸ ਨੇ ਨਿਸ਼ਚਾ ਦਿਤਾ ਕਿ ਜਿਹੋ ਜਿਹੇ ਕੋਈ ਕਰਮ ਕਰੇਗਾ ਉਹੋ ਜਿਹਾ ਫਲ ਉਸ ਨੂੰ ਪ੍ਰਾਪਤ ਹੋਵੇਗਾ। ਪਾਤੰਜਲ ਰਿਸ਼ੀ ਨੇ ਅੰਦਰ ਦੀ ਖੋਜ ਕੀਤੀ ਅਤੇ ਪਾਤੰਜਲ ਯੋਗ ਦੀ ਰਚਨਾ ਕੀਤੀ। ਉਸ ਨੇ ਅਥਰਵਣ ਵੇਦ ਨੂੰ ਵਿਚਾਰ ਕੇ ਦਸਿਆ ਕਿ ਯੋਗ ਕੀਤੇ ਬਗੈਰ ਆਦਮੀ ਆਪਣੇ ਪਰਮ ਮਨੋਰਥ ਨੂੰ ਪ੍ਰਾਪਤ ਨਹੀਂ ਕਰ ਸਕਦਾ। ਚਿਤ ਬਿਰਤੀਆਂ ਦੇ ਨਿਰੁੱਧ ਨੂੰ ਯੋਗ ਆਖਿਆ ਜਾਂਦਾ ਹੈ ਉਸ ਨੇ 8 ਅੰਗ ਯੋਗ ਦੇ ਪ੍ਰਚਲਤ ਕੀਤੇ। ਸਮ, ਦਮ, ਆਸਣ, ਪ੍ਰਾਣਾਯਾਮ, ਬ੍ਰਹਮਚਰੀਯ, ਧਾਰਨਾ, ਧਿਆਨ, ਸਮਾਧੀ। ਇਸ ਵਿਚ ਅੰਦਰਲੀ ਖੋਜ ਕੀਤੀ ਗਈ ਹੈ ਅਤੇ ਪ੍ਰਾਣਾਯਾਮ ਦੇ ਬਲ ਕਰਕੇ ਭੁਜੰਗਾ ਨਾੜੀ ਦਾ

ਮੂੰਹ ਖੋਲ੍ਹ ਕੇ ਪ੍ਰਾਣ ਕੁੰਡਲੀ ਦੇ ਬਲ ਨਾਲ ਮੂਲਚੱਕਰ ਨੂੰ ਵੇਧਦੇ ਹਨ, ਉਸ ਪਿਛੋਂ ਸਵਾਧਿਸ਼ਠਾਨ ਚੱਕਰ, ਮਣੀਪੂਰਕ ਚੱਕਰ, ਅਨਾਹਤ ਚੱਕਰ, ਵਿਸ਼ੁੱਧ ਚੱਕਰ ਅਤੇ ਆਗਿਆ ਚੱਕਰ ਵਿਚੀਂ ਹੁੰਦੇ ਹੋਏ ਸਹੰਸਰਾਰ ਦਲ ਕਮਲ ਮੰਡਲ ਵਿਚ ਪਹੁੰਚਦੇ ਹਨ। ਇਥੋਂ ਪ੍ਰਾਣਾਯਾਮ ਦੇ ਬਲ ਨਾਲ ਦਸਮ ਦੁਆਰ ਵਿਚ ਪ੍ਰਵੇਸ਼ ਕਰਦੇ ਹਨ, ਦਸਮ ਦੁਆਰ ਵਿਚ ਅਨਹਦ ਸ਼ਬਦ ਅਤੇ ਜੋਤੀ ਦੇ ਦਰਸ਼ਨ ਹੁੰਦੇ ਹਨ। ਰਿਧੀਆਂ ਸਿਧੀਆਂ ਉਸ ਦੇ ਚਰਨੀਂ ਲਗ ਜਾਂਦੀਆਂ ਹਨ ਪਰ ਇਸ ਵਿਚ ਵੀ ਕਸਰ ਰਹਿ ਗਈ ਕਿ ਵਾਹਿਗੁਰੂ ਜੀ ਪਿਆਰ ਤੋਂ ਬਿਨਾਂ ਨਹੀਂ ਪ੍ਰਾਪਤ ਹੋਇਆ ਕਰਦੇ ਜਿਵੇਂ ਕਿ ਗੁਰੂ ਦਸ਼ਮੇਸ਼ ਪਿਤਾ ਜੀ ਨੇ ਫੁਰਮਾਨ ਕੀਤਾ ਹੈ –

*ਸਾਚ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ।*

ਇਸ ਤਰ੍ਹਾਂ ਨਾਲ ਇਨ੍ਹਾਂ ਯੁੱਗਾਂ ਦੀ ਕ੍ਰਿਆ ਚਲਦੀ ਰਹੀ, ਕਲਜੁਗ ਵਿਚ ਪਾਪ ਵਰਤ ਗਿਆ, ਇਸ ਵਿਚ ਕਰਮ ਤੇ ਕਿਰਤ ਦੀ ਕੋਈ ਗੱਲ ਨਹੀਂ ਚਲਦੀ। ਇਥੇ ਸਿਰਫ ਵਾਹਿਗੁਰੂ ਜੀ ਦੀ ਭਗਤੀ ਅਤੇ ਨਾਮ ਦੀ ਮਹੱਤਤਾ ਹੈ, ਭਾਉ ਭਗਤ ਨੂੰ ਪ੍ਰਵਾਨ ਕੀਤਾ ਗਿਆ ਹੈ, ਕਲਜੁੱਗ ਵਿਚ ਨਾਮ ਦੀ ਵਡਿਆਈ ਹੈ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ –

*ਕਲਿਜੁਗ ਕੀ ਸੁਣ ਸਾਧਨਾ*
*ਕਰਮ ਕਿਰਤ ਕੀ ਚਲੈ ਨ ਕਾਈ।*
*ਬਿਨਾ ਭਜਨ ਭਗਵਾਨ ਕੇ*
*ਭਾਉ ਭਗਤਿ ਬਿਨ ਠੌਰ ਨ ਥਾਈ।*
*ਲਹੇ ਕਮਾਣਾ ਏਤ ਜੁਗਿ*
*ਪਿਛਲੀ ਜੁਗੀਂ ਕਰੀ ਕਮਾਈ।*
*ਪਾਇਆ ਮਾਨਸ ਦੇਹਿ ਕਉ*
*ਐਥੋਂ ਚੁਕਿਆ ਠੌਰ ਨ ਠਾਈ।*
*ਕਲਿਜੁਗ ਕੇ ਉਪਕਾਰ ਸੁਣਿ*
*ਜੈਸੇ ਬੇਦ ਅਥਰਬਣ ਗਾਈ।*
*ਭਾਉ ਭਗਤਿ ਪਰਵਾਣ ਹੈ*
*ਜਗ ਹੋਮ ਤੇ ਪੁਰਬ ਕਮਾਈ।*
*ਕਰਿ ਕੇ ਨੀਚ ਸਦਾਵਣਾ*
*ਤਾ ਪ੍ਰਭੁ ਲੇਖੈ ਅੰਦਰਿ ਪਾਈ।*
*ਕਲਿਜੁਗਿ ਨਾਵੈ ਕੀ ਵਡਿਆਈ॥*

*ਭਾਈ ਗੁਰਦਾਸ ਜੀ, ਵਾਰ 1/16*

ਕਲਜੁੱਗ ਦੇ ਅੰਦਰ ਜੋ ਆਪਾ-ਧਾਪੀ ਵਰਤ ਗਈ, ਉਸ ਨੇ ਪ੍ਰਮੇਸ਼ਰ ਨੂੰ ਪੂਰੀ ਤਰ੍ਹਾਂ ਨਾਲ ਭੁਲਾ ਦਿਤਾ, ਵੈਰ ਵਿਰੋਧ ਨਫਰਤ, ਅੰਧਕਾਰ ਨੇ ਧਰਮ ਵਿਚ ਪ੍ਰਵੇਸ਼ ਕਰਕੇ ਅਗਿਆਨ ਦੇ ਹਨ੍ਹੇਰੇ ਦਾ ਪਸਾਰ ਕਰ ਦਿਤਾ ਅਤੇ ਸੰਸਾਰ ਸਾਗਰ ਤਰਨਾ ਬਹੁਤ ਹੀ ਮੁਸ਼ਕਲ ਹੋ ਗਿਆ। ਗੁਰੂ ਅਵਤਾਰ ਤੋਂ ਬਿਨਾਂ ਸੰਸਾਰ ਦਾ ਉਧਾਰ ਹੋਣਾ ਹੀ ਮੁਸ਼ਕਲ ਹੈ। ਉਸ ਵੇਲੇ ਦੀ ਹਾਲਤ ਆਪ ਦਸਦੇ ਹਨ

ਕਿ ਕਲਜੁਗ ਵਿਚ ਗਿਲਾਨੀ ਉਠ ਖੜ੍ਹੀ ਹੋਈ। ਸੰਸਾਰ ਪਾਪ ਕਰਨ ਕਰਕੇ ਭ੍ਰਿਸ਼ਟ ਹੋ ਗਿਆ, ਆਪਸ ਵਿਚ ਖਹਿ-ਖਹਿ ਕੇ ਮਰਨ ਲੱਗੇ, ਜਿਵੇਂ ਖਹਿ ਕੇ ਬਾਂਸ ਜਲਦੇ ਹਨ। ਜੋ ਕੁਝ ਕਿਸੇ ਦੇ ਮਨ ਵਿਚ ਆਉਂਦਾ ਹੈ ਉਹੋ ਹੀ ਕਰਦਾ ਹੈ, ਕਿਸੇ ਨੇ ਪੱਥਰਾਂ ਨੂੰ ਪੂਜਣਾ ਸ਼ੁਰੂ ਕਰ ਦਿਤਾ, ਕਿਸੇ ਨੇ ਮਰੇ ਬੰਦੇ ਦੀ ਕਬਰ ਨੂੰ ਪੂਜਣਾ ਸ਼ੁਰੂ ਕਰ ਦਿਤਾ, ਕਿਸੇ ਨੇ ਮੜ੍ਹੀਆਂ ਨੂੰ ਪੂਜਣਾ ਸ਼ੁਰੂ ਕਰ ਦਿਤਾ, ਚਿਲੇ ਕੱਟਣੇ ਸ਼ੁਰੂ ਕਰ ਦਿਤੇ ਅਤੇ ਕਲਾ ਤੇ ਕ੍ਰੋਧ ਕਰਕੇ ਝਗੜੇ ਵਧ ਗਏ, ਜੋ ਵੀ ਸਿਆਣਾ ਬੰਦਾ ਆਇਆ, ਉਸ ਨੇ ਆਪਣੀ ਮਰਜ਼ੀ ਦੇ ਕਰਮ ਕਾਂਡ ਬਣਾ ਕੇ ਦੇ ਦਿਤੇ, ਸੰਸਾਰ ਫੋਕਟ ਕਰਮਾਂ ਵਿਚ ਫਸ ਗਿਆ ਅਤੇ ਪੂਰੀ ਤਰ੍ਹਾਂ ਨਾਸਤਕ ਹੋ ਗਿਆ। ਸੰਸਾਰ ਵਿਚ ਬਹੁਤ ਹੀ ਰਸਤੇ ਪ੍ਰਵਿਰਤ ਹੋ ਗਏ। ਜਦੋਂ ਮੁਹੰਮਦ ਸਾਹਿਬ ਜੀ ਸੰਸਾਰ ਤੇ ਆਏ ਉਨ੍ਹਾਂ ਨੇ ਆ ਕੇ ਉਸ ਕੌਮ ਨੂੰ ਪ੍ਰਮੇਸ਼ਰ ਦੇ ਰਾਹ ਤੇ ਚਲਾਇਆ ਪਰ ਉਨ੍ਹਾਂ ਦੇ ਚਾਰ ਯਾਰ ਅਬੂਬਕਰ ਸਦੀਕ, ਉਮਰਫਾਰੂਕ, ਉਸਮਾਨਗਨੀ, ਹਜ਼ਰਤ ਅਲੀ ਹੋਏ। ਇਹ ਮਜ਼ਹਬ ਵੀ ਕਈ ਹਿਸਿਆਂ ਵਿਚ ਵੰਡਿਆ ਗਿਆ। 72 ਫਿਰਕੇ ਹੋ ਗਏ ਅਤੇ ਆਪਸ ਵਿਚ ਵੈਰ ਵਿਰੋਧ, ਮਾਰ ਧਾੜ ਸ਼ੁਰੂ ਹੋ ਗਈ, ਸੁੰਨੀ ਮੁਸਲਮਾਨ ਸ਼ੀਅ ਨੂੰ ਦੇਖ ਨਹੀਂ ਸੀ ਸਕਦੇ ਅਤੇ ਆਪਸ ਵਿਚ ਇਕ ਦੂਜੇ ਦੇ ਜਾਨ ਲੇਵਾ ਦੁਸ਼ਮਣ ਬਣ ਗਏ, ਦੂਜਿਆਂ ਬਾਰੇ ਕੀ ਕਹਿਣਾ ਹੈ ਜੋ ਇਸਲਾਮ ਨੂੰ ਨਹੀਂ ਮੰਨਦੇ ਉਨ੍ਹਾਂ ਨੂੰ ਕਾਫਰ ਕਹਿ ਕੇ ਮਾਰਿਆ ਜਾਂਦਾ ਸੀ, ਲੁੱਟਿਆ ਜਾਂਦਾ ਸੀ। ਭਾਰਤ ਵਿਚ ਜਿੰਨੇ ਰਾਜੇ ਆਏ ਅਕਬਰ ਤੋਂ ਬਿਨਾਂ ਸਾਰੇ ਹੀ ਮੰਦਰ ਢਾਹੁੰਦੇ ਰਹੇ, ਉਨ੍ਹਾਂ ਨੇ ਗਊ ਗਰੀਬ ਨੂੰ ਕੋਹਣਾ ਸ਼ੁਰੂ ਕਰ ਦਿਤਾ, ਧਰਤੀ ਉਪਰ ਪਾਪ ਫੈਲ ਗਿਆ। ਤੀਹ ਰੋਜ਼ੇ, ਦੋ ਈਦਾਂ, ਪੰਜ ਨਿਮਾਜ਼ਾਂ ਦੀ ਸ਼ਰਾ ਚਲਾ ਕੇ ਕਰਮਾਂ ਵਿਚ ਸੰਸਾਰ ਨੂੰ ਕੈਦ ਕਰ ਦਿਤਾ। ਪੀਰ, ਪੈਗੰਬਰ, ਔਲੀਏ, ਗਉਂਸ ਤੇ ਕੁਤਬ ਆਦਿਕ ਬਹੁਤੇ ਭੇਖ ਬਣਾ ਦਿਤੇ, ਅਭਿਮਾਨ ਵਧ ਗਿਆ। ਕਾਫਰ ਤੇ ਦੀਨਅਤ ਦੇ ਵੈਰ ਭਾਵ ਦੇ ਭੇਦ ਵਧ ਗਏ। ਦੇਸ਼ਾਂ ਦੀ ਦ੍ਵੈਤ ਜਾਗ ਪਈ, ਇਕ ਦੂਜੇ ਨੂੰ ਕੋਈ ਸਹਿਨ ਨਹੀਂ ਸੀ ਕਰਦਾ। ਅਜਿਹੇ ਸਮੇਂ ਵਿਚ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਹੋਇਆ ਆਪ ਨੇ ਜਗਤ ਜਲੰਦੇ ਨੂੰ ਦੇਖਿਆ ਅਤੇ ਉਸ ਦੀ ਪੀੜ ਸੁਣੀ। ਵੱਡੇ-ਵੱਡੇ ਔਲੀਆ ਪੀਰ, ਗੌਂਸ ਸਿੱਧ, ਸਾਧੂ, ਸਾਰਿਆਂ ਨੂੰ ਜਾ ਕੇ ਮਿਲੇ ਅਤੇ ਜੋ ਭੁਲੇਖੇ ਪ੍ਰਮੇਸ਼ਰ ਦੇ ਰਾਹ ਵਿਚ ਪਏ ਹੋਏ ਸਨ ਆਪ ਨੇ ਬਹੁਤ ਹੀ ਸੁਖੈਨ ਢੰਗ ਨਾਲ ਉਹ ਦੂਰ ਕੀਤੇ ਅਤੇ ਇਕ ਨਾਮ ਧਰਮ ਦਾ ਪਸਾਰਾ ਕਰਕੇ ਆਪ ਨੇ ਆਖਿਆ ਕਿ ਹੁਣ ਕਲਜੁੱਗ ਦਾ ਸਮਾਂ ਹੈ, ਇਸ ਵਿਚ ਪ੍ਰਮੇਸ਼ਰ ਦੇ ਭਜਨ ਤੋਂ ਬਿਨਾਂ ਹੋਰ ਕੋਈ ਚੀਜ਼ ਫਲਦਾਇਕ ਨਹੀਂ, ਕਰਮਕਾਂਡ ਵਖਰਾਪਣ ਪੈਦਾ ਕਰਦੇ ਹਨ। ਸ਼ਰ੍ਹਾ ਦੇ ਬੰਧਨ ਮਨੁੱਖ ਨੂੰ ਇਕ ਨਹੀਂ ਹੋਣ ਦਿੰਦੇ, ਤਿਲਕ ਤੇ ਜੰਞੂ ਨਮਾਜ਼ ਪੜ੍ਹਨ ਵਾਲਿਆਂ ਨੂੰ ਨਹੀਂ ਭਾਉਂਦੇ ਅਤੇ ਨਮਾਜ਼ ਪੜ੍ਹਨ ਵਾਲਿਆਂ ਦੀ ਬਾਂਗ ਦੂਸਰਿਆਂ ਨੂੰ ਨਹੀਂ ਭਾਉਂਦੀ। ਵਾਹਿਗੁਰੂ ਇਕ ਹੈ, ਇਸ ਸੰਸਾਰ ਵਿਚ ਉਸ ਬਿਨਾਂ ਹੋਰ ਕੋਈ ਨਹੀਂ ਹੈ। ਇਹ ਸੰਦੇਸ਼ ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਨੂੰ ਦਿਤਾ ਅਤੇ ਕਰਮਕਾਂਡ ਦੇ ਸਖਤ ਸੰਗਲਾਂ ਨੂੰ ਤੋੜ ਕੇ ਮਨੁੱਖ ਨੂੰ ਅਜ਼ਾਦ ਕਰਾਇਆ ਅਤੇ ਅਸਲੀ ਰੋਗ ਨੂੰ ਪਛਾਣ ਕੇ ਦਸਿਆ ਕਿ ਮਨੁੱਖ ਹਉਮੈ ਦਾ ਮਰੀਜ਼ ਹੈ, ਹਉਮੈ ਕਰਕੇ ਇਹ ਆਪਣੇ ਆਪ ਨੂੰ ਜੀਵ ਸਮਝਦਾ ਹੈ। ਸਤਿ ਅਵਸਥਾ ਇਹ ਹੈ ਕਿ ਇਕੋ ਪ੍ਰਮੇਸ਼ਰ ਅਨੇਕ ਰੂਪ ਧਾਰ ਕੇ ਹਰ ਥਾਂ ਵਿਆਪਕ ਹੋ ਕੇ ਆਪਣੀ ਸੱਤਾ ਨਾਲ ਹੁਕਮ ਵਿਚ ਕ੍ਰਿਆ ਕਰਾ

ਰਿਹਾ ਹੈ। ਜੋ ਇਸ ਹੁਕਮ ਨੂੰ ਸਮਝ ਜਾਂਦਾ ਹੈ ਉਸ ਦੀ ਹਉਮੈ ਦਾ ਨਾਸ਼ ਹੋ ਜਾਂਦਾ ਹੈ ਅਤੇ ਉਸਦਾ ਵਖਰਾਪੁਣ ਦੂਰ ਹੋ ਕੇ ਉਸ ਨੂੰ ਇਕੋ ਪ੍ਰਮੇਸ਼ਰ ਹਰ ਥਾਂ ਨਜ਼ਰ ਆਉਂਦਾ ਹੈ। ਦਿਬਯ ਦ੍ਰਿਸ਼ਟ ਪ੍ਰਾਪਤ ਹੋ ਕੇ ਸਾਰੇ ਭਰਮਾਂ ਦਾ ਨਾਸ਼ ਹੋ ਜਾਂਦਾ ਹੈ। ਆਪਣੇ ਆਪ ਦੀ ਪਛਾਣ ਬਿਨਾਂ ਹਉਮੈ ਬੰਨਿਆ ਜੀਵ ਦੁਖ ਵਿਚ ਪ੍ਰਵਿਰਤ ਹੋ ਜਾਂਦਾ ਹੈ। ਇਹ ਦਿਬਯ ਦ੍ਰਿਸ਼ਟ ਪ੍ਰਾਪਤ ਕਰਨ ਲਈ ਸਮਰੱਥ ਗੁਰੂ ਦੀ ਲੋੜ ਹੈ। ਗੁਰੂ ਨਾਮ ਦੀ ਦਾਤ ਦਿੰਦਾ ਹੈ ਜੋ ਭਰਮ ਦੇ ਕਿਵਾੜ ਖੋਲ੍ਹ ਦਿੰਦਾ ਹੈ। ਸੰਸਾਰ ਵਿਚ ਵਰਤਣ ਬੈਰਾਗ ਦੀ ਰਖਣੀ ਅਤੇ ਮੁਖ ਕਰਮ ਭਗਤੀ ਕਰਨੀ ਹੈ, ਭਗਤੀ ਨੌਂ ਤਰ੍ਹਾਂ ਦੀ ਹੈ, ਜਿਸ ਵਿਚੋਂ ਪ੍ਰੇਮਾ ਭਗਤੀ ਨੂੰ ਸਭ ਤੋਂ ਉਤਮ ਗਿਣਿਆ ਗਿਆ। ਹਰਿ ਕੀਰਤਨ ਨੂੰ ਭਗਤੀ ਮਾਰਗ ਵਿਚ ਉਤਮ ਸਾਧਨ ਦਸਿਆ। ਜਿਸ ਤਰ੍ਹਾਂ ਕਿ ਫੁਰਮਾਨ ਹੈ –

***ਕਲਜੁਗ ਮਹਿ ਕੀਰਤਨੁ ਪਰਧਾਨਾ॥***
***ਗੁਰਮੁਖਿ ਜਪੀਐ ਲਾਇ ਧਿਆਨਾ॥***
***ਆਪਿ ਤਰੈ ਸਗਲੇ ਕੁਲ ਤਾਰੇ***
***ਹਰਿ ਦਰਗਹ ਪਤਿ ਸਿਉ ਜਾਇਦਾ॥***

***ਅੰਗ – 1076***

ਆਪ ਜੀ ਨੇ ਨਿਸ਼ਚੇ ਵਿਚ ਗਿਆਨ ਦ੍ਰਿੜ੍ਹ ਕਰਾਇਆ। ਸੰਖੇਪ ਵਿਚ ਵਰਤਣ ਬੈਰਾਗ ਮੁਖ ਭਗਤੀ ਅਤੇ ਨਿਸ਼ਚੇ ਗਿਆਨ ਦੀ ਕ੍ਰਿਆ ਦੱਸੀ। ਆਪ ਨੇ ਸੰਸਾਰ ਨੂੰ ਦਸਿਆ ਕਿ –

***ਸਾਹਿਬੁ ਮੇਰਾ ਏਕੋ ਹੈ॥***
***ਏਕੋ ਹੈ ਭਾਈ ਏਕੋ ਹੈ॥***
***ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ॥***
***ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ॥***

***ਅੰਗ – 350***

ਆਪ ਜੀ ਨੇ ਬਚਪਨ ਤੋਂ ਹੀ ਸੰਸਾਰ ਉਧਾਰ ਦੀ ਕ੍ਰਿਆ ਸ਼ੁਰੂ ਕਰ ਦਿਤੀ ਸੀ। ਆਪ ਜੀ ਨੂੰ ਛੋਟੀ ਉਮਰ ਵਿਚ ਹੀ ਆਪ ਜੀ ਦੇ ਪਿਤਾ ਮਹਿਤਾ ਕਾਲੂ ਜੀ ਪਾਧੇ ਪਾਸ ਲੈ ਕੇ ਗਏ, ਉਸ ਸਮੇਂ ਪੜ੍ਹਾਉਣ ਵਾਲੇ ਨੂੰ ਪਾਧਾ ਜੀ ਕਿਹਾ ਜਾਂਦਾ ਸੀ। ਗੁਰੂ ਨਾਨਕ ਪਾਤਸ਼ਾਹ ਨੂੰ ਉਸ ਸਕੂਲ ਵਿਚ ਦਾਖਲ ਕਰਾ ਦਿਤਾ। ਪਾਧਾ ਜੀ ਨੇ ਇਹ ਗੱਲ ਕਹੀ ਕਿ ਮਹਿਤਾ ਜੀ! ਬੱਚਾ ਬਹੁਤ ਬੁਧੀਵਾਨ ਲਗਦਾ ਹੈ, ਇਸ ਦੇ ਚਕਰ ਚਿਹਨਾਂ ਤੋਂ ਝਲਕਾਰਾ ਪੈਂਦਾ ਹੈ ਕਿ ਇਹ ਇਕ ਬਹੁਤ ਵੱਡਾ ਵਿਦਵਾਨ ਹੋਵੇਗਾ। ਮੈਂ ਛੇਤੀ ਹੀ ਇਸ ਨੂੰ ਹਿਸਾਬ ਵਿਚ ਪੂਰੀ ਤਰ੍ਹਾਂ ਤਾਕ ਕਰ ਦੇਵਾਂਗਾ। ਅੱਖਰੀ ਵਿਦਿਆ ਵੀ ਜਿੰਨੀ ਮੇਰੇ ਪਾਸ ਹੈ ਸਾਰੀ ਮੈਂ ਇਸ ਨੂੰ ਸਿਖਾ ਦੇਵਾਂਗਾ। ਕਲ੍ਹ ਨੂੰ ਤੁਸੀਂ ਫੱਟੀ ਤੇ ਕਲਮ ਦੇ ਕੇ ਸਮੇਂ ਸਿਰ ਬੱਚਿਆਂ ਨਾਲ ਭੇਜ ਦੇਣਾ।

ਅੱਜ ਗੁਰੂ ਨਾਨਕ ਸਾਹਿਬ ਸਕੂਲ ਆਏ, ਪਾਧਾ ਜੀ ਨੇ ਫੱਟੀ ਤੇ ਅੱਖਰ ਪਾਉਣ ਲਈ ਆਪਣੇ ਪਾਸ ਬੁਲਾਇਆ ਅਤੇ ਫੱਟੀ ਉਪਰ ਆਪਣੇ ਹੱਥ ਨਾਲ 'ਓਅੰ ਨਮੋ ਸਿਧੰ' ਲਿਖ ਦਿਤਾ। ਜਦੋਂ ਪਾਧਾ ਜੀ ਪਹਿਲਾ ਹੀ ਅੱਖਰ ਪਾਉਣ

ਲੱਗੇ, ਉਸੇ ਵੇਲੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੇ ਉਸਤਾਦ ਉਪਰ ਪ੍ਰਸ਼ਨ ਕੀਤਾ ਕਿ ਆਪ ਨੇ ਫੱਟੀ ਉਤੇ ਜੋ ਲਿਖਿਆ ਹੈ, ਉਹ ਕੀ ਅੱਖਰ ਹੈ? ਪਾਧਾ ਜੀ ਹੈਰਾਨ ਹੋ ਗਏ ਕਿ ਪਹਿਲੀ ਵਾਰੀ ਇਹ ਬੱਚਾ ਮੇਰੇ ਵਿਦਿਆਲੇ ਵਿਚ ਆਇਆ ਹੈ ਜਿਸ ਨੇ ਮੇਰੇ ਉਤੇ ਹੀ ਪ੍ਰਸ਼ਨ ਕਰ ਦਿਤਾ। ਉਸ ਵੇਲੇ ਉਸ ਨੇ ਪੜ੍ਹ ਕੇ ਸੁਣਾਇਆ ਕਿ ਇਸ ਨੂੰ ਮੰਗਲਾਚਰਣ ਕਹਿੰਦੇ ਹਨ। ਜਦੋਂ ਕੋਈ ਸ਼ੁਭ ਕਾਰਜ ਕਰਨਾ ਹੁੰਦਾ ਹੈ ਉਸ ਵੇਲੇ ਇਹ ਲਿਖਿਆ ਜਾਂਦਾ ਹੈ। ਇਹ ਮੈਂ ਓਅੰਕਾਰ ਨੂੰ ਬੇਨਤੀ ਕਰਕੇ ਲਿਖਿਆ ਹੈ ਕਿ ਕਾਰਜ ਸਿੱਧ ਹੋ ਜਾਵੇ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਪਾਧਾ ਜੀ ਨੂੰ ਪੁਛਿਆ ਕਿ ਕੀ ਆਪ ਓਅੰਕਾਰ ਜੀ ਨੂੰ ਜਾਣਦੇ ਹੋਂ? ਕੀ ਉਹ ਕਦੇ ਆਪ ਦੇ ਧਿਆਨ ਵਿਚ ਆਏ ਹਨ? ਉਸ ਵੇਲੇ ਉਹ ਹੈਰਾਨ ਹੋ ਗਿਆ ਕਿ ਇਸ ਛੋਟੇ ਜਿਹੇ ਬੱਚੇ ਨੇ ਉਹ ਪ੍ਰਸ਼ਨ ਮੇਰੇ ਉਤੇ ਕਰ ਦਿਤਾ ਹੈ ਜੋ ਮੈਨੂੰ ਆਪ ਹੀ ਨਹੀਂ ਆਉਂਦਾ। ਨਾ ਮੈਂ ਓਅੰਕਾਰ ਨੂੰ ਜਾਣਦਾ ਹਾਂ, ਨਾ ਮੈਂ ਉਸ ਨੂੰ ਕਦੇ ਦੇਖਿਆ ਹੈ, ਕੇਵਲ ਰਸਮੋ ਰਸਮੀ ਇਸ ਨੂੰ ਲਿਖਦੇ ਹੀ ਆਏ ਹਾਂ। ਉਸ ਵੇਲੇ ਪਾਧਾ ਜੀ ਨੇ ਆਪਣਾ ਉਤਰ ਦਿੰਦਿਆਂ ਕਿਹਾ ਕਿ ਹੇ ਨਾਨਕ ਜੀ! ਓਅੰਕਾਰ ਬਾਰੇ ਮੈਂ ਸੁਣਿਆ ਹੀ ਹੈ ਪਰ ਮੈਂ ਉਸ ਨੂੰ ਜਾਣਦਾ ਨਹੀਂ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਦੂਜਾ ਬਚਨ ਕੀਤਾ ਕਿ ਆਪ ਮੈਨੂੰ ਕੀ ਪੜ੍ਹਾਉਣਾ ਚਾਹੁੰਦੇ ਹੋਂ? ਉਸ ਨੇ ਕਿਹਾ ਕਿ ਮੈਂ ਆਪ ਨੂੰ ਹਿਸਾਬ ਕਿਤਾਬ ਵਿਚ ਪੂਰੀ ਤਰ੍ਹਾਂ ਮੁਕੰਮਲ ਕਰ ਦੇਵਾਂਗਾ। ਤੁਹਾਨੂੰ ਡੇਢਿਆਂ, ਸਵਾਇਆਂ, ਊਂਟਿਆਂ, ਡਾਂਚਿਆਂ ਦੇ ਪਹਾੜੇ ਉਂਗਲੀਆਂ ਤੇ ਯਾਦ ਕਰਾ ਦੇਵਾਂਗਾ ਅਤੇ ਤੁਸੀਂ ਇਸ ਕਾਬਲ ਹੋ ਜਾਵੋਗੇ ਕਿ ਖੜ੍ਹੀਆਂ ਖੇਤੀਆਂ ਦੀ ਕਣਕੂਤ ਕਰ ਸਕੋ, ਮਕਾਨਾਂ ਨੂੰ ਲਗਣ ਵਾਲੀਆਂ ਵਸਤਾਂ ਨੂੰ ਤੁਸੀਂ ਗਿਣ ਸਕੋਂ, ਜ਼ਮੀਨਾਂ ਨਾਪ ਸਕੋਂ ਅਤੇ ਹੋਰ ਵੀ ਵਣਜ ਵਪਾਰ ਦੇ ਸਾਰੇ ਹਿਸਾਬ ਕਿਤਾਬ ਰੋਕੜ ਵਹੀ ਰੱਖਣੀ, ਖਾਤੇ ਖੋਲ੍ਹਣੇ ਅਤੇ ਅੰਤਮ ਜੋੜ ਦੇ ਕੇ ਦੇਖਣਾ ਕਿ ਕਿੰਨਾ ਘਾਟਾ ਪਿਆ ਹੈ ਤੇ ਕਿੰਨਾ ਵਾਧਾ ਹੋਇਆ ਹੈ, ਇਨ੍ਹਾਂ ਸਭ ਚੀਜ਼ਾਂ ਦਾ ਮੈਂ ਗਿਆਨ ਕਰਾ ਦੇਵਾਂਗਾ। ਉਹ ਅੱਖਰ ਵੀ ਸਿਖਾ ਦੇਵਾਂਗਾ ਜਿਨ੍ਹਾਂ ਰਾਹੀਂ ਵੱਡੇ-ਵੱਡੇ ਗ੍ਰੰਥ ਵਾਚੇ ਜਾ ਸਕਦੇ ਹਨ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਪੁਛਿਆ ਕਿ ਪਾਧਾ ਜੀ! ਆਪ ਮੈਨੂੰ ਦਸ ਸਕਦੇ ਹੋ ਕਿ ਕੀ ਇਹ ਲੇਖੇ ਪੱਤੇ ਦਰਗਾਹ ਵਿਚ ਵੀ ਸਹਾਇਤਾ ਕਰਨਗੇ? ਕਿਉਂਕਿ ਇਨਸਾਨ ਨੇ ਸੰਸਾਰ ਵਿਚ ਤਾਂ ਰਹਿਣਾ ਨਹੀਂ, ਇਥੇ ਜੋ ਸੰਸਾਰ ਵਿਚ ਆਇਆ ਹੈ ਉਸ ਨੇ ਰਹਿਣਾ ਨਹੀਂ, ਜੋ ਬਣਿਆ ਹੋਇਆ ਹੈ ਉਸ ਨੇ ਢੱਠਣਾ ਭੀ ਹੈ। ਉਥੇ ਲੇਖੇ ਪੱਤੇ ਹੁੰਦੇ ਹਨ, ਵੱਡੇ-ਵੱਡੇ ਰਾਜਿਆਂ ਨੂੰ ਵੀ ਇਹ ਲੇਖੇ ਦੇਣੇ ਪੈਂਦੇ ਹਨ, ਉਨ੍ਹਾਂ ਦੇ ਕੀਤੇ ਕਰਮਾਂ ਨੂੰ ਵਿਚਾਰ ਕੇ ਉਨ੍ਹਾਂ ਨੂੰ ਸਜ਼ਾਵਾਂ ਵੀ ਮਿਲਦੀਆਂ ਹਨ ਅਤੇ ਸਾਬਾਸ਼ ਦੇ ਟਿੱਕੇ ਵੀ ਲਗਦੇ ਹਨ। ਪਾਧਾ ਸੁਣ ਕੇ ਹੈਰਾਨ ਹੋ ਗਿਆ ਅਤੇ ਸੋਚਣ ਲਗ ਗਿਆ ਕਿ ਉਹ ਕਿਹੜੀ ਪੜ੍ਹਾਈ ਹੈ, ਉਹ ਕਿਹੜੇ ਲੇਖੇ ਪੱਤੇ ਹੁੰਦੇ ਹਨ ਜਿਹੜੇ ਦਰਗਾਹ ਵਿਚ ਸਹਾਈ ਹੋਣ। ਉਹ ਗੁਰੂ ਨਾਨਕ ਦੇ ਚਿਹਰੇ ਵਲ ਇਕ ਟਕ ਦ੍ਰਿਸ਼ਟੀ ਕਰਕੇ ਦੇਖ ਰਿਹਾ ਸੀ ਅਤੇ ਉਸ ਦੇ ਮਨ ਵਿਚ ਬਹੁਤ ਉਤਰ ਪ੍ਰਸ਼ਨ, ਸ਼ੰਕੇ, ਸਮਾਧਾਨ ਤੇਜ਼ੀ ਨਾਲ ਲੰਘ ਰਹੇ ਸਨ। ਅਖੀਰ ਉਸਦੇ ਭਾਗ ਜਾਗੇ, ਉਸ ਨੇ ਕਿਹਾ ਕਿ ਹੇ ਨਾਨਕ! ਕੀ ਕੋਈ ਅਜਿਹੀ ਪੜ੍ਹਾਈ ਵੀ ਹੈ ਜਿਸ ਦੇ ਪੜ੍ਹਿਆਂ ਦਰਗਾਹ

ਵਿਚ ਮਾਣ ਮਿਲਦਾ ਹੈ, ਜੇ ਤੈਨੂੰ ਪਤਾ ਹੈ ਤਾਂ ਮੈਨੂੰ ਉਸ ਦੇ ਬਾਰੇ ਗਿਆਤ ਕਰਾ? ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਪਾਧਾ ਜੀ! ਉਸ ਪੜ੍ਹਾਈ ਨੂੰ ਪੜ੍ਹਨ ਲਈ ਖਾਸ ਸਿਆਹੀ ਤੇ ਕਲਮ ਚਾਹੀਦੀ ਹੈ ਅਤੇ ਜੋ ਲਿਖਾਰੀ ਹੈ ਉਸ ਬਾਰੇ ਮੈਂ ਤੈਨੂੰ ਦਸਦਾ ਹਾਂ ਕਿ ਇਹ ਸਾਰਾ ਸੰਸਾਰ ਹੰਗਤਾ ਤੇ ਮਮਤਾ ਹੋਣ ਕਰਕੇ ਹਉਮੈ ਰੋਗ ਨੇ ਗ੍ਰਸਿਆ ਹੋਇਆ ਹੈ। ਹਉਮੈ ਕਰਕੇ ਜੰਮਦਾ ਹੈ, ਹਉਮੈ ਕਰਕੇ ਮਰਦਾ ਹੈ, ਹਉਮੈ ਹੀ ਦੁਖਾਂ ਦਾ ਕਾਰਨ ਹੈ, ਹਉਮੈ ਕਰਕੇ ਹੀ ਇਸ ਨੂੰ ਹਾਨ ਲਾਭ ਦੀਆਂ ਥਪੇੜਾਂ ਪੈਂਦੀਆਂ ਹਨ। ਹਉਮੈ ਕਰਕੇ ਹੀ ਇਸ ਨੂੰ ਕਰਮ ਚਿੰਬੜ ਜਾਂਦੇ ਹਨ ਅਤੇ ਦੁਖ ਪ੍ਰਾਪਤ ਕਰਦਾ ਹੈ। ਜਿਸ ਕਲਮ ਦੀ ਮੈਂ ਗੱਲ ਕਰਦਾ ਹਾਂ ਉਸ ਦੀ ਸਿਆਹੀ ਬਣਾਉਣ ਲਈ ਹਉਮੈ ਨੂੰ ਜਾਲਣਾ ਪੈਂਦਾ ਹੈ। ਮੋਹ ਜੋ ਸਾਰੇ ਵਿਕਾਰਾਂ ਦਾ ਸ਼੍ਰੋਮਣੀ ਹੈ, ਹਉਮੈ ਦੇ ਜਲਿਆਂ ਹੀ ਮੋਹ ਵੀ ਨਾਲ ਹੀ ਜਲ ਜਾਂਦਾ ਹੈ। ਸੋ ਇਸ ਕਾਲਖ ਨੂੰ ਲੈ ਕੇ ਸਿਆਹੀ ਬਣਾ ਅਤੇ ਸ੍ਰੇਸ਼ਟ ਮਤ ਦਾ ਕਾਗਜ਼ ਬਣਾ, ਸ੍ਰੇਸ਼ਟ ਮਤ ਉਹ ਮਤ ਹੈ ਜਿਸ ਵਿਚ ਸਤਿ ਅਤੇ ਅਸਤਿ ਦਾ ਪੂਰੀ ਤਰ੍ਹਾਂ ਨਿਰਣਾ ਕੀਤਾ ਹੋਇਆ ਹੁੰਦਾ ਹੈ, ਕੋਈ ਸ਼ੰਕਾ ਮਨ ਵਿਚ ਨਹੀਂ ਰਿਹਾ ਹੁੰਦਾ, ਜੋ ਵੀ ਦ੍ਰਿਸ਼ਟਮਾਨ ਤੁਹਾਨੂੰ ਨਜ਼ਰੀ ਆਉਂਦਾ ਹੈ, ਇਹ ਸਾਰਾ ਸਤਿ ਦੀ ਸ਼ਕਤੀ ਕਰਕੇ ਦ੍ਰਿਸ਼ਟਮਾਨ ਹੈ, ਪਰ ਇਹ ਛਿਨਭੰਗਰ ਹੈ, ਨਾਸ਼ਵਾਨ ਹੈ, ਇਸਦੇ ਉਹਲੇ ਛੁਪੀ ਹੋਈ ਸ਼ਕਤੀ ਜਿਸ ਦੇ ਆਸਰੇ ਇਹ ਸਾਰਾ ਅਸਤਿ, ਸਤਿ ਵਾਂਗੂੰ ਨਜ਼ਰ ਆਉਂਦਾ ਹੈ ਉਹ ਆਪ ਪ੍ਰਮੇਸ਼ਰ ਸਤਿ ਸਰੂਪ ਪਰਮ ਚੇਤਨ ਹੈ। ਸੋ ਸਤਿ ਅਤੇ ਅਸਤਿ ਦੀ ਪਛਾਣ ਨੂੰ ਵਿਵੇਕ ਕਿਹਾ ਜਾਂਦਾ ਹੈ। ਸਾਡੇ ਜੋ ਸਰੀਰ ਨਜ਼ਰ ਆ ਰਹੇ ਹਨ, ਇਹ ਸਾਰੇ ਕੁਝ ਦੇਰ ਵਾਸਤੇ ਹਨ। ਇਸ ਵਿਚ ਜੋ ਜੀਵ ਆਤਮਾ ਹੈ ਉਹ ਹਉਮੈ ਦੇ ਹਨ੍ਹੇਰੇ ਕਰਕੇ ਪ੍ਰਤੀਤ ਦਿੰਦੀ ਹੈ, ਦਰਅਸਲ ਉਸ ਦੀ ਕੋਈ ਆਪਣੀ ਹਸਤੀ ਨਹੀਂ। ਜਨਮਾਂ ਜਨਮਾਂਤਰਾਂ ਦਾ ਅਧਿਆਸ ਹੋਣ ਕਰਕੇ ਉਹ ਵੱਖਰੀ ਪ੍ਰਤੀਤ ਦਿੰਦੀ ਹੈ। ਪ੍ਰਮੇਸ਼ਰ ਜੋ ਘਟ ਘਟ ਵਿਚ ਵਿਆਪਕ ਹੈ ਉਹ ਆਪ ਹੀ ਆਪਣੀ ਖੇਲ੍ਹ ਕਰ ਰਿਹਾ ਹੈ, ਉਸ ਨੂੰ ਇਹ ਹਉਮੈ ਵਾਲੀ ਬਿਰਤੀ ਸਦਾ ਹੀ ਢਕ ਕੇ ਰਖਦੀ ਹੈ, ਦ੍ਰਿਸ਼ਟਮਾਨ ਅਸਤਿ ਹੈ, ਨਾਸ਼ਵਾਨ ਹੋਣ ਵਾਲੀ ਚੀਜ਼ ਹੈ। ਇਹ ਜੋ ਵਿਚਾਰ ਹੈ ਇਸ ਦਾ ਕਾਗਜ਼ ਬਣਾ -

***ਜਾਲਿ ਮੋਹੁ ਘਸਿ ਮਸੁ ਕਰਿ***
***ਮਤਿ ਕਾਗਦੁ ਕਰਿ ਸਾਰੁ॥*** ***ਅੰਗ - 16***

ਹੁਣ ਲਿਖਣ ਵਾਲੀ ਜੋ ਕਲਮ ਹੈ, ਉਹ ਭਾਉ ਕਰਮ ਕਰਨ ਨਾਲ ਹੱਥ ਆਉਂਦੀ ਹੈ। ਆਮ ਸਮਝ ਵਿਚ ਆਉਣ ਲਈ ਇਸ ਨੂੰ ਭਗਤੀ ਦੇ ਕਰਮ ਵੀ ਕਿਹਾ ਜਾਂਦਾ ਹੈ। ਨੌਂ ਤਰ੍ਹਾਂ ਦੀ ਭਗਤੀ ਪ੍ਰਚਲਤ ਹੈ ਜਿਸ ਵਿਚੋਂ ਸਿਮਰਨ, ਕੀਰਤਨ, ਰਾਹੀਂ ਭਗਤੀ ਕਰਕੇ ਪ੍ਰੇਮਾ ਭਗਤੀ ਦੀ ਪ੍ਰਾਪਤੀ ਹੁੰਦੀ ਹੈ। ਇਸ ਪ੍ਰੇਮਾ ਭਗਤੀ ਰੂਪੀ ਕਲਮ ਨਾਲ ਤੂੰ ਸਾਰ ਰੂਪੀ ਕਾਗਜ਼ ਉਤੇ ਲਿਖਣਾ ਹੈ, ਲਿਖਣ ਵਾਲਾ ਚਿੱਤ ਹੋਇਆ ਕਰਦਾ ਹੈ। ਜੇ ਕਿਸੇ ਕੰਮ ਕਰਨ ਵਿਚ ਚਿਤ ਨਾ ਲਗਦਾ ਹੋਵੇ ਤਾਂ ਐਉਂ ਸਮਝੋ ਕਿ ਹੁਣ ਲਿਖਾਰੀ ਲਿਖ ਨਹੀਂ ਰਿਹਾ। ਜਦੋਂ ਅਸੀਂ ਭਜਨ ਬੰਦਗੀ, ਪਾਠ ਕਰਦੇ ਹਾਂ ਸਾਡਾ ਚਿਤ ਨਹੀਂ ਲਗਦਾ, ਉਸ ਭਜਨ ਬੰਦਗੀ

ਦਾ ਜਾਦੂਮਈ ਅਸਰ ਜੋ ਸਾਡੇ ਤੇ ਹੋਣਾ ਸੀ ਉਹ ਨਹੀਂ ਹੋ ਰਿਹਾ ਕਿਉਂਕਿ ਲਿਖਾਰੀ ਪੂਰੀ ਤਰ੍ਹਾਂ ਸਾਵਧਾਨ ਨਹੀਂ ਹੈ। ਚਿੱਤ ਦੀ ਇਕਾਗਰਤਾ ਨਾਲ ਭਜਨ ਬੰਦਗੀ ਦਰਗਾਹ ਵਿਚ ਪ੍ਰਵਾਨ ਹੁੰਦੀ ਹੈ। ਗੈਰਹਾਜ਼ਰੀ ਨਾਲ ਕੀਤਾ ਪੂਜਾ ਪਾਠ ਰਸਮਾਂ ਬਣ ਜਾਂਦੀਆਂ ਹਨ। ਰਸਮਾਂ ਨਿਰਜਿੰਦ ਹੁੰਦੀਆਂ ਹਨ, ਇਸ ਨਾਲ ਅਸੀਂ ਜਿੰਦ ਵਾਲੇ ਤਕ ਨਹੀਂ ਪਹੁੰਚ ਸਕਦੇ। ਇਸ ਕਰਕੇ ਪਾਧਾ ਜੀ! ਚਿੱਤ ਦੀ ਇਕਾਗਰਤਾ ਨਾਲ ਲਿਖ। ਜੋ ਕੁਝ ਲਿਖਣਾ ਹੈ ਉਹ ਵੀ ਮੈਂ ਤੁਹਾਨੂੰ ਦਸਦਾ ਹਾਂ, ਤੂੰ ਪ੍ਰਮੇਸ਼ਰ ਦੇ ਨਾਮ ਨੂੰ ਹਿਰਦੇ ਵਿਚ ਲਿਖਣਾ ਕਰ, ਇਹ ਨਾਮ ਰਸਨਾ ਨਾਲ ਜਪ ਕੇ ਸੂਖਸ਼ਮ ਹੁੰਦਾ ਹੋਇਆ ਸ੍ਵਾਸ ਰਾਹੀਂ ਜਪਣਾ ਸ਼ੁਰੂ ਹੋ ਜਾਵੇਗਾ। ਸ੍ਵਾਸ ਤੋਂ ਚਿੱਤ ਦੀ ਇਕਾਗਰਤਾ ਹੋਣ ਨਾਲ ਹਿਰਦੇ ਵਿਚ ਲਿਖਿਆ ਜਾਵੇਗਾ। ਸੋ ਇਸ ਨਾਮ ਨੂੰ ਹਿਰਦੇ ਵਿਚ ਲਿਖ। ਵਾਹਿਗੁਰੂ ਜੀ ਬੇਅੰਤ ਹਨ ਉਨ੍ਹਾਂ ਦੀਆਂ ਬਖਸ਼ਿਸ਼ਾਂ, ਉਨ੍ਹਾਂ ਦੀਆਂ ਸਿਫਤਾਂ, ਉਨ੍ਹਾਂ ਦੀ ਮਿਹਰਾਂ ਦਾ ਕੋਈ ਵੀ ਅੰਤ ਨਹੀਂ ਹੈ। ਉਹ ਬੇਅੰਤ ਹੈ, ਤੂੰ ਉਨ੍ਹਾਂ ਦੀ ਸਿਫਤ ਸਾਲਾਹ ਲਿਖ ਅਤੇ ਆਪਣੇ ਚਿੱਤ ਵਿਚ ਅਨੁਭਵ ਕਰ ਕਿ ਉਹ ਬੇਅੰਤ ਹਨ, ਉਸ ਦੇ ਪਾਰਾਵਾਰ ਦਾ ਕਿਸੇ ਨੇ ਅੰਤ ਨਹੀਂ ਪਾਇਆ। ਜਿੰਨਾਂ ਅਸੀਂ ਜਾਣ ਜਾਂਦੇ ਹਾਂ ਉਸ ਤੋਂ ਵੀ ਵੱਧ ਹੋਰ ਹੈ। ਸੋ ਪਾਧਾ ਜੀ, ਤੂੰ ਇਹ ਲੇਖਾ ਲਿਖ, ਜਦੋਂ ਤੂੰ ਇਹ ਲੇਖੇ ਪੱਤੇ ਲਿਖੇਂਗਾ ਤਾਂ ਦਰਗਾਹ ਵਿਚ ਤੇਰੀ ਸਹਾਇਤਾ ਕਰਨਗੇ। ਜਿਥੇ ਮਾਤਾ ਪਿਤਾ, ਰਿਸ਼ਤੇਦਾਰ, ਸਬੰਧੀ, ਪਿਤਰ ਕੁਝ ਨਹੀਂ ਕਰ ਸਕਦੇ ਹਨ, ਜਿਥੇ ਇਹ ਜੀਵ ਇਕੱਲਾ ਜਾਂਦਾ ਹੈ ਉਥੇ ਇਹ ਲੇਖਾ ਜੀਵ ਦੀ ਰਾਖੀ ਕਰਦਾ ਹੈ, ਉਸ ਦੇ ਨੇੜੇ ਜਮ ਨਹੀਂ ਆਉਂਦੇ। ਉਹ ਆਦਰ ਤੇ ਸਤਿਕਾਰ ਨਾਲ ਦਰਗਾਹ ਵਿਚ ਜਾਂਦਾ ਹੈ। ਉਸ ਦੀ ਧੰਨ-ਧੰਨ ਹੁੰਦੀ ਹੈ, ਉਸ ਨੂੰ ਮਾਣ ਮਿਲਦਾ ਹੈ, ਸੰਸਾਰ ਵਿਚ ਉਹ ਆਪ ਵੀ ਤਰ ਜਾਂਦਾ ਹੈ ਅਤੇ ਹਜ਼ਾਰਾਂ ਲੱਖਾਂ ਨੂੰ ਆਪਣੇ ਬਚਨਾਂ ਨਾਲ ਤਾਰ ਦਿੰਦਾ ਹੈ, ਸੋ ਤੂੰ ਇਹ ਲੇਖਾ ਲਿਖਣ ਦੀ ਜਾਂਚ ਸਿਖ ਲੈ। ਗੁਰੂ ਮਹਾਰਾਜ ਜੀ ਨੇ ਫੁਰਮਾਇਆ ਹੈ -

***ਜਾਲਿ ਮੋਹੁ ਘਸਿ ਮਸੁ ਕਰਿ***
***ਮਤਿ ਕਾਗਦੁ ਕਰਿ ਸਾਰੁ॥***
***ਭਾਉ ਕਲਮ ਕਰਿ ਚਿਤੁ ਲੇਖਾਰੀ***
***ਗੁਰ ਪੁਛਿ ਲਿਖੁ ਬੀਚਾਰੁ॥***
***ਲਿਖੁ ਨਾਮੁ ਸਾਲਾਹ ਲਿਖੁ***
***ਲਿਖੁ ਅੰਤੁ ਨ ਪਾਰਾਵਾਰੁ॥***
***ਬਾਬਾ ਏਹੁ ਲੇਖਾ ਲਿਖਿ ਜਾਣੁ॥***
***ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥***

***ਅੰਗ - 16***

ਇਸ ਵਿਦਿਆ ਨੂੰ ਦੇਣ ਵਾਲਾ ਸਮਰੱਥ ਗੁਰੂ ਹੋਇਆ ਕਰਦਾ ਹੈ, ਗੁਰੂ ਨੂੰ ਪੁਛ ਕੇ ਚਿਤ ਵਿਚ ਲਿਖ। ਉਸ ਨੇ ਓਅੰਕਾਰ ਨੂੰ ਪੂਰੀ ਤਰ੍ਹਾਂ ਜਾਣਿਆ ਹੁੰਦਾ ਹੈ ਓਹੋ ਹੀ ਸਤ ਅਸੱਤ ਦਾ ਨਿਰਣਾ ਕਰਦਾ ਹੈ।

ਗੁਰੂ ਮਹਾਰਾਜ ਜੀ ਨੇ ਕਿਹਾ ਕਿ ਪੜ੍ਹਾਈ ਲਿਖਾਈ ਦਾ ਜੋ ਸਾਰ ਹੈ, ਉਹ ਇਹ ਹੈ ਕਿ ਇਸ ਜੀਵ ਦੀਆਂ ਗਲਤ ਰੁਚੀਆਂ ਸਹਿਜ ਵਿਚ ਆ ਜਾਣ, ਸੰਜਮ ਵਿਚ ਆ ਜਾਣ। ਸੰਜਮ ਭਰਿਆ ਜੀਵਨ ਇਹ ਬਤੀਤ ਕਰੇ ਜਿਸ ਵਿਚ

ਸਤਿ, ਸੰਤੋਖ, ਦਇਆ, ਖਿਮਾ, ਧੀਰਜ, ਮਨ ਦੀ ਪਵਿਤਰਤਾ, ਸਰੀਰ ਦੀ ਪਵਿੱਤਰਤਾ, ਬੁੱਧੀ ਦੀ ਪਵਿੱਤਰਤਾ ਅਤੇ ਸ਼ੀਲ ਹੋਵੇ। ਕ੍ਰੋਧ ਨਾ ਕਰਦਾ ਹੋਵੇ, ਲੋਭ ਤੋਂ ਰਹਿਤ ਹੋਵੇ, ਮੋਹ ਦੀ ਜਿਲ੍ਹਣ ਵਿਚ ਨਾ ਫਸਿਆ ਹੋਵੇ, ਹੰਕਾਰ ਦੇ ਦੂਸ਼ਿਤ ਵਾਤਾਰਵਣ ਵਿਚ ਨਾ ਰਹਿੰਦਾ ਹੋਵੇ, ਕਾਮ ਦੇ ਗੰਦੇ ਡੂੰਮ ਵਿਚ ਨਾ ਲਿਬੜਿਆ ਹੋਵੇ, ਆਸਾ ਅਤੇ ਅੰਦੇਸਿਆਂ ਤੋਂ ਉਪਰ ਹੋਵੇ, ਵਾਹਿਗੁਰੂ ਦੇ ਹੁਕਮ ਵਿਚ ਆਪਣਾ ਜੀਵਨ ਬਤੀਤ ਕਰਦਾ ਹੋਵੇ ਅਤੇ ਉਸ ਦੀ ਰਜ਼ਾ ਨੂੰ ਪਿਆਰ ਨਾਲ ਮੰਨਦਾ ਹੋਵੇ, ਅਜਿਹਾ ਪੜ੍ਹਿਆ ਹੋਇਆ ਸੰਸਾਰ ਦਾ ਭਲਾ ਕਰਦਾ ਹੈ। ਅਹਿੰਸਾ ਦਾ ਵਾਸਾ ਉਸ ਵਿਚ ਹੋਵੇ, ਉਹ ਨਾ ਸਰੀਰ ਨਾਲ, ਨਾ ਮਨ ਨਾਲ, ਨਾ ਬੁੱਧੀ ਨਾਲ, ਨਾ ਕਿਸੇ ਆਤਮਕ ਸ਼ਕਤੀ ਨਾਲ, ਕਿਸੇ ਦਾ ਨੁਕਸਾਨ ਕਰਦਾ ਹੋਵੇ। ਸਾਰੇ ਸੰਸਾਰ ਦਾ ਭਲਾ ਮੰਗਦਾ ਹੋਇਆ ਵਾਹਿਗੁਰੂ ਜੀ ਅੱਗੇ ਅਰਦਾਸ ਕਰਦਾ ਹੋਵੇ ਕਿ ਹੇ ਪ੍ਰਭੂ! ਸਭ ਦਾ ਭਲਾ ਕਰ, ਉਹ ਪੜ੍ਹਿਆ ਹੋਇਆ ਹੈ। ਜਿਸ ਪੜ੍ਹੇ ਹੋਏ ਦੇ ਮਨ ਵਿਚ ਅਭਿਮਾਨ ਹੈ ਉਹ ਮੂਰਖ ਹੈ। ਜਿੰਨਾ-ਜਿੰਨਾ ਜ਼ਿਆਦਾ ਗਿਆਨ ਹੁੰਦਾ ਜਾਵੇਗਾ ਉਨਾਂ ਹੀ ਵਾਹਿਗੁਰੂ ਦੀ ਵਿਸ਼ਾਲਤਾ ਦਾ ਉਸ ਨੂੰ ਪਤਾ ਲਗਦਾ ਜਾਵੇਗਾ ਅਤੇ ਉਹ ਆਪ ਉਨਾਂ ਹੀ ਛੋਟੇ ਤੋਂ ਛੋਟਾ ਹੁੰਦਾ ਜਾਵੇਗਾ। ਅਭਿਮਾਨ ਕਰਨ ਵਾਲਾ ਮੂਰਖ ਹੁੰਦਾ ਹੈ। ਜੋ ਕਾਮ ਦੇ ਜਜ਼ਬੇ ਨੂੰ ਸੀਮਤ ਨਹੀਂ ਕਰ ਸਕਿਆ, ਸੰਸਾਰ ਭਾਵੇਂ ਉਸ ਦੀ ਜੈ ਜੈਕਾਰ ਕਰਦਾ ਹੋਵੇ, ਉਹ ਮਹਾਂਮੂਰਖ ਹੈ। ਲੋਭ ਦੇ ਵਸ ਪਿਆ ਹੋਇਆ ਚੀਜ਼ਾਂ ਵਿਚ ਮਿਲਾਵਟਾਂ ਕਰਦਾ ਹੋਵੇ, ਨਕਲੀ ਦਵਾਈਆਂ ਦਿੰਦਾ ਹੋਵੇ, ਅਜਿਹੇ ਪੁਰਸ਼ ਨੂੰ ਮਹਾਂਮੂਰਖ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਕ੍ਰੋਧ ਅਤੇ ਮੋਹ ਦੇ ਅੰਧਕਾਰ ਵਿਚ ਜੋ ਫਸਿਆ ਹੋਇਆ ਹੈ, ਰੋਸ਼ਨੀ ਦੀ ਕਿਰਨ ਉਸ ਦੇ ਅੰਦਰ ਨਹੀਂ ਜਾਗਦੀ ਅਤੇ ਅੰਧੇਰੇ ਵਿਚ ਹੀ ਆਪਣਾ ਜੀਵਨ ਬਿਤਾਉਂਦਾ ਹੈ ਤਾਂ ਉਸ ਨੂੰ ਕਿਵੇਂ ਪੜ੍ਹਿਆ ਹੋਇਆ ਕਿਹਾ ਜਾ ਸਕਦਾ ਹੈ। ਉਸ ਪੜ੍ਹੇ ਹੋਏ ਉਪਰ ਧਿਰਕਾਰ ਹੈ, ਉਸ ਦੀਆਂ ਲਈਆਂ ਡਿਗਰੀਆਂ ਕਿਸੇ ਕੰਮ ਨਹੀਂ, ਉਸ ਦੇ ਸਿੰਗ ਹੋਰ ਵੀ ਤਿੱਖੇ ਹੋ ਜਾਂਦੇ ਹਨ, ਸਾਂਢਾਂ ਵਾਂਗੂੰ ਭਿੜਦਾ ਹੈ। ਐਸੇ ਪੜਾਕੂ ਵਿਦਿਆ ਦਾ ਗਲਤ ਪ੍ਰਯੋਗ ਕਰਦੇ ਹਨ।

*ਪੜਿਆ ਮੂਰਖੁ ਆਖੀਐ*
*ਜਿਸੁ ਲਬੁ ਲੋਭੁ ਅਹੰਕਾਰਾ॥* *ਅੰਗ - 140*

*ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ॥*
*ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ॥*
*ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ॥*
*ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ॥*
*ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ॥*
*ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ*
*ਜਿਸੁ ਰਾਮ ਨਾਮੁ ਗਲਿ ਹਾਰੁ॥* *ਅੰਗ - 938*

ਪਾਧਾ ਜੀ ਅਜਿਹੇ ਬਚਨ ਗੁਰੂ ਨਾਨਕ ਪਾਤਸ਼ਾਹ ਦੇ ਮੁਖਾਰਬਿੰਦ ਤੋਂ ਸੁਣ ਕੇ ਹੈਰਾਨ ਹੋ ਗਿਆ ਤੇ ਕਹਿਣ ਲੱਗਿਆ ਕਿ ਹੇ ਨਾਨਕ! ਆਪ ਤਾਂ ਧੁਰ ਤੋਂ ਪੜ੍ਹੇ ਪੜ੍ਹਾਏ ਹੋਂ, ਆਪ ਜਿਸ ਨੂੰ ਪੜ੍ਹਿਆ ਹੋਇਆ ਆਖਦੇ ਹੋ ਉਸ ਦੀ ਕੀ ਨਿਸ਼ਾਨੀ ਹੈ? ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ***
***ਜਿਸੁ ਰਾਮ ਨਾਮੁ ਗਲਿ ਹਾਰੁ॥*** ***ਪੰਨਾ - 938***

ਜਿਸ ਦੇ ਹਿਰਦੇ ਵਿਚ ਹਰ ਵਕਤ ਕਰਨ ਕਾਰਨ ਵਾਹਿਗੁਰੂ ਜੀ ਦੀ ਹਾਜ਼ਰੀ ਮਹਿਸੂਸ ਹੁੰਦੀ ਹੈ ਜੋ ਮੋਹ ਮਾਇਆ ਤੋਂ ਨਿਰਲੇਪ ਹੋਵੇ, ਪਾਧਾ ਜੀ! ਉਹ ਹੀ ਅਸਲੀ ਪੜ੍ਹਿਆ ਹੋਇਆ ਹੁੰਦਾ ਹੈ, ਦੂਜੇ ਨੂੰ ਪੜ੍ਹਿਆ ਹੋਇਆ ਨਹੀਂ ਕਹਿ ਸਕਦੇ।

ਸੋ ਗੁਰੂ ਨਾਨਕ ਪਾਤਸ਼ਾਹ ਜੀ ਨੇ ਸੰਸਾਰ ਨੂੰ ਸਹੀ ਪੜ੍ਹਾਈ ਦਾ ਰਾਹ ਦਸਿਆ। ਇਸੇ ਤਰ੍ਹਾਂ ਨਾਲ ਆਪ ਨੇ ਬੀਮਾਰੀਆਂ ਬਾਰੇ ਦਸਦੇ ਹੋਏ ਫੁਰਮਾਨ ਕੀਤਾ ਹੈ ਕਿ ਜ਼ਿਆਦਾਤਰ ਬੀਮਾਰੀਆਂ ਮਨ ਤੋਂ ਪੈਦਾ ਹੁੰਦੀਆਂ ਹਨ, ਮਨ ਜਦੋਂ ਖਿਚਾਓ ਵਿਚ ਆਉਂਦਾ ਹੈ, ਉਦਾਸ ਹੁੰਦਾ ਹੈ ਜਾਂ ਅਭਿਮਾਨ ਨਾਲ ਭਰਦਾ ਹੈ ਜਾਂ ਕ੍ਰੋਧੀ ਹੋ ਜਾਵੇ, ਲੋਭੀ ਹੋ ਜਾਵੇ ਜਾਂ ਕਾਮ ਵਾਸਨਾ ਵਿਚ ਗਰਕ ਹੋ ਜਾਵੇ, ਜਦੋਂ ਈਰਖਾ ਦੀਆਂ ਗਰਮ ਲਹਿਰਾਂ ਇਸ ਨੂੰ ਫੂਕਦੀਆਂ ਹਨ ਤਾਂ ਇਹ ਜਲਣਾ ਸ਼ੁਰੂ ਹੋ ਜਾਂਦਾ ਹੈ, ਤ੍ਰਿਸ਼ਨਾਂ ਦੀ ਅੱਗ ਇਸ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ, ਜਦੋਂ ਮਨ ਰੋਗੀ ਹੋ ਗਿਆ ਉਸ ਵੇਲੇ ਉਸ ਦਾ ਅਸਰ ਸਰੀਰ ਉਤੇ ਪੈਣਾ ਸ਼ੁਰੂ ਹੋ ਜਾਂਦਾ ਹੈ ਅਤੇ ਹੌਲੀ-ਹੌਲੀ ਸਰੀਰ ਰੋਗੀ ਹੋ ਜਾਂਦਾ ਹੈ, ਬੀਮਾਰ ਮਨ ਆਦਮੀ ਦੇ ਸਰੀਰ ਉਤੇ ਅਸਰ ਪਾਉਂਦਾ ਹੈ। ਜਦੋਂ ਦਿਮਾਗ ਦਾ ਨਿਅੰਤਰਣ ਸਰੀਰ ਉਪਰ ਨਿਯਮ ਪੂਰਵਕ ਨਹੀਂ ਰਹਿੰਦਾ, ਉਸ ਵੇਲੇ ਬਹੁਤ ਸਾਰੇ ਅੰਗ ਸਿਥਲ ਹੋ ਜਾਂਦੇ ਹਨ। ਅਤੇ ਬਿਮਾਰੀਆਂ ਸ਼ੁਰੂ ਹੋ ਜਾਂਦੀਆਂ ਹਨ।

ਗੁਰੂ ਨਾਨਕ ਪਾਤਸ਼ਾਹ ਨੂੰ ਦੇਖਣ ਲਈ ਵੈਦ ਬੁਲਾਇਆ ਗਿਆ ਕਿਉਂਕਿ ਆਪ ਕਈ ਮਹੀਨੇ ਤੋਂ ਕਿਸੇ ਨਾਲ ਬੋਲਦੇ ਨਹੀਂ ਸੀ, ਪਏ ਰਹਿੰਦੇ ਸਨ, ਨਾ ਕੁਝ ਖਾਂਦੇ ਸੀ, ਨਾ ਪੀਂਦੇ ਸੀ। ਉਸ ਵੇਲੇ ਵੈਦ ਆਪ ਦੀ ਨਬਜ਼ ਫੜ ਕੇ ਦੇਖਣ ਲੱਗਿਆ ਤਾਂ ਆਪ ਨੇ ਕਿਹਾ ਕਿ ਵੈਦ ਜੀ! ਤੁਸੀਂ ਮੇਰੀ ਬਾਂਹ ਛੱਡ ਦਿਓ, ਤੁਸੀਂ ਨਬਜ਼ ਵਿਚੋਂ ਕੀ ਦੇਖਦੇ ਹੋ। ਉਸ ਨੇ ਕਿਹਾ ਕਿ ਆਦਮੀ ਦੇ ਵਿਚ ਕਫ, ਪਿਤ, ਵਾਇ ਹੋਇਆ ਕਰਦਾ ਹੈ। ਜਦੋਂ ਇਨ੍ਹਾਂ ਦਾ ਸੰਤੁਲਨ ਵਿਗੜ ਜਾਵੇ ਤਾਂ ਆਦਮੀ ਬੀਮਾਰ ਹੋ ਜਾਂਦਾ ਹੈ ਅਤੇ ਅਸੀਂ ਨਾੜਾਂ ਵਿਚ ਵਗਣ ਵਾਲੇ ਲਹੂ ਦੀ ਚਾਲ ਨਾਪਦੇ ਹਾਂ ਤਾਂ ਉਸ ਵੇਲੇ ਸਾਨੂੰ ਪਤਾ ਲਗ ਜਾਂਦਾ ਹੈ ਕਿ ਕਿਹੜਾ ਤੱਤ ਘਟ ਹੈ, ਕਿਹੜਾ ਵਧ ਹੈ, ਉਸੇ ਤਰ੍ਹਾਂ ਦੀ ਦਵਾਈ ਦੇ ਕੇ ਅਸੀਂ ਸਰੀਰ ਨੂੰ ਸਵਸਥ ਕਰ ਦਿੰਦੇ ਹਾਂ।

ਆਪ ਨੇ ਕਿਹਾ ਕਿ ਵੈਦ ਜੀ! ਬਿਮਾਰੀ ਦਾ ਕਾਰਨ ਇਹ ਨਹੀਂ ਹੈ। ਇਹ ਜਦੋਂ ਬਿਮਾਰੀ ਹੋਵੇ ਤਾਂ ਦੇਖ ਸਕਦੇ ਹੋ ਕਿ ਸਰੀਰ ਵਿਚ ਰਕਤ ਦੀ ਚਾਲ ਠੀਕ ਨਹੀਂ ਹੈ। ਉਸ ਦਾ ਕਾਰਨ ਤੁਸੀਂ ਲੱਭ ਲੈਂਦੇ ਹੋ ਪਰ ਸਭ ਕੁਝ ਕਿਉਂ ਹੋਇਆ ਇਸ ਦਾ ਕਾਰਨ ਤੁਹਾਨੂੰ ਨਹੀਂ ਪਤਾ। ਜਦੋਂ ਵੈਦ ਨੇ ਆਪ

ਨੂੰ ਬੇਨਤੀ ਕਰਕੇ ਪੁਛਿਆ ਕਿ ਆਪ ਕ੍ਰਿਪਾ ਕਰਕੇ ਦਸੋ ਕਿ ਬਿਮਾਰੀ ਕਿਉਂ ਆਉਂਦੀ ਹੈ? ਤਾਂ ਆਪ ਨੇ ਦਸਿਆ ਕਿ ਵਾਹਿਗੁਰੂ ਜੀ ਚੇਤਨ ਪੁਰਸ਼ ਘਟ ਘਟ ਵਿਚ ਬਿਰਾਜਮਾਨ ਹਨ, ਸਤਿ ਚਿਤ ਅਨੰਦ ਉਨ੍ਹਾਂ ਦਾ ਸਰੂਪ ਹੈ। ਸਰੀਰ ਨੂੰ ਉਨ੍ਹਾਂ ਦੀ ਛੋਹ ਤੋਂ ਪੂਰਨ ਸਵੱਛਤਾ ਦੀ ਪ੍ਰਾਪਤੀ ਹੁੰਦੀ ਹੈ। ਉਨ੍ਹਾਂ ਦੀ ਛੋਹ ਰਸ ਰੂਪ ਵਿਚ ਅਸੀਂ ਮਹਿਸੂਸ ਕਰਦੇ ਹਾਂ ਜਾਂ ਜੋਤੀ ਸਰੂਪ ਵਿਚ ਉਨ੍ਹਾਂ ਨੂੰ ਤਕਦੇ ਹਾਂ ਜਾਂ ਕਿਸੇ ਨਾਦ ਦੇ ਰੂਪ ਵਿਚ ਉਨ੍ਹਾਂ ਨੂੰ ਅਸੀਂ ਸੁਣਦੇ ਹਾਂ ਅਤੇ ਉਨ੍ਹਾਂ ਦੀ ਬੇਅੰਤਤਾਈ ਸਾਡੇ ਮਨ ਵਿਚ ਵਧ ਜਾਂਦੀ ਹੈ ਅਤੇ ਪਿਆਰ ਨਾਲ ਅਸੀਂ ਉਨ੍ਹਾਂ ਨਾਲ ਲੱਗੇ ਰਹਿੰਦੇ ਹਾਂ ਅਤੇ ਉਨ੍ਹਾਂ ਦੀ ਜੀਵਨ ਰੌ ਜੋ ਹਰ ਛਿਨ ਸਾਡੇ ਸਰੀਰ ਵਿਚ ਵਰਤਦੀ ਹੈ, ਉਹ ਸਾਡੇ ਸਰੀਰ ਨੂੰ ਸਵੱਛਤਾ ਦਿੰਦੀ ਹੈ। ਜਦੋਂ ਉਸ ਆਦਿ ਸ਼ਕਤੀ ਨੂੰ ਭੁੱਲ ਜਾਈਏ, ਉਸ ਨਾਲੋਂ ਸੰਪਰਕ ਟੁੱਟ ਜਾਵੇ, ਉਸ ਵੇਲੇ ਮਨ ਵਿਚ ਵਿਕਾਰ ਪੈਣੇ ਸ਼ੁਰੂ ਹੋ ਜਾਂਦੇ ਹਨ। ਐਉਂ ਸਮਝ ਲਓ ਤਾਜ਼ਾ ਪਾਣੀ ਵਗ ਰਿਹਾ ਹੈ। ਵਗਦੇ ਪਾਣੀ ਵਿਚ ਕੋਈ ਵਿਕਾਰ ਪੈਦਾ ਨਹੀਂ ਹੁੰਦੇ। ਜੇ ਇਹੋ ਪਾਣੀ ਉਛਲ ਕੇ ਛੋਟੇ ਜਿਹੇ ਟੋਭੇ ਵਿਚ ਪੈ ਜਾਵੇ, ਟੋਭੜੀ ਵਿਚ ਪੈ ਜਾਵੇ ਤਾਂ ਸੂਰਜ ਦੀ ਗਰਮੀ, ਮਿੱਟੀ ਘੱਟੇ ਨਾਲ ਉਸ ਵਿਚ ਕੀੜੇ ਪੈ ਜਾਂਦੇ ਹਨ ਅਤੇ ਇਹ ਕਿਉਂ ਹੋਇਆ ਕਿਉਂਕਿ ਉਹ ਆਪਣੇ ਸ੍ਰੋਤ ਨਾਲੋਂ ਟੁੱਟ ਗਿਆ, ਉਸ ਵਿਚ ਤਾਜ਼ਗੀ ਨਾ ਰਹੀ, ਉਸ ਵਿਚ ਬੇਹਾਪਨ ਆ ਗਿਆ। ਇਸੇ ਤਰ੍ਹਾਂ ਪ੍ਰਮੇਸ਼ਰ ਸਭ ਦੀ ਜਿੰਦ ਜਾਨ ਹੈ, ਉਹ ਸਤਿ ਚਿਤ ਅਨੰਦ ਹੈ, ਸਦਾ ਹੀ ਉਸ ਵਿਚ ਖੇੜਾ ਹੈ, ਉਸ ਖੇੜੇ ਕਰਕੇ ਇਸ ਦਾ ਅੰਦਰਲਾ ਕਮਲ ਖਿੜਿਆ ਰਹਿੰਦਾ ਹੈ ਅਤੇ ਉਸ ਖੇੜੇ ਦਾ ਅਸਰ ਇਸ ਦੇ ਸਰੀਰ ਨੂੰ ਸਵੱਸਥ ਰਖਦਾ ਹੈ ਇਹ ਉਦਾਸ ਨਹੀਂ ਹੁੰਦਾ, ਢਹਿੰਦੀ ਕਲਾ ਵਿਚ ਨਹੀਂ ਆਉਂਦਾ, ਇਸ ਦੇ ਅੰਦਰ ਜੀਵਨ ਰੌਂ ਰੁਮਕਦੀ ਹੈ ਅਤੇ ਜਿਸ ਦੇ ਅੰਦਰ ਰੌਂ ਰੁਮਕਦੀ ਹੋਵੇ ਉਸ ਨੂੰ ਜਿਉਂਦਾ ਆਖਦੇ ਹਾਂ। ਜਿਸ ਅੰਦਰੋਂ ਉਹ ਜੀਵਨ ਰੌਂ ਰੁਮਕਣੀ ਬੰਦ ਹੋ ਜਾਂਦੀ ਹੈ, ਥਰਥਰਾਹਟ ਰੁਕ ਜਾਂਦੀ ਹੈ, ਉਹ ਮੁਰਦਾ ਕਿਹਾ ਜਾਂਦਾ ਹੈ। ਜਦੋਂ ਜੀਵਨ ਰੌ ਰੁਮਕਣੀ ਬੰਦ ਹੋ ਜਾਵੇ ਤਾਂ ਪਹਿਲਾਂ ਉਸ ਵਿਚ ਬਿਮਾਰੀਆਂ ਆਉਣਗੀਆਂ ਅਤੇ ਫੇਰ ਉਹ ਦੁਖ ਤੇ ਪੀੜਾ ਮਹਿਸੂਸ ਕਰੇਗਾ। ਸੋ ਸਾਦੇ ਲਫਜ਼ਾਂ ਵਿਚ-

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥***

***ਅੰਗ - 135***

***ਖਸਮੁ ਵਿਸਾਰਿ ਕੀਏ ਰਸ ਭੋਗ॥***
***ਤਾਂ ਤਨਿ ਉਠਿ ਖਲੋਏ ਰੋਗ॥*** ***ਅੰਗ - 1256***

ਸੋ ਰੋਗ ਦਾ ਕਾਰਨ ਪ੍ਰਮੇਸ਼ਰ ਨੂੰ ਭੁਲਣਾ ਹੈ। ਜਦੋਂ ਪ੍ਰਮੇਸ਼ਰ ਚਿੱਤ ਆਉਂਦਾ ਹੈ ਉਸ ਵੇਲੇ ਵੱਡੇ ਤੋਂ ਵੱਡੇ ਰੋਗਾਂ ਦਾ ਖਾਤਮਾ ਹੋ ਜਾਂਦਾ ਹੈ। ਸੋ ਚਿੱਤ ਆਉਣ ਲਈ ਇਸ ਨੂੰ ਉਸ ਦਾ ਨਾਮ ਲਗਾਤਾਰੀ ਜਪਣਾ ਪੈਂਦਾ ਹੈ। ਜਦੋਂ ਸੁਰਤੀ ਇਸ ਰਸ ਦੇ ਵਿਚ ਲੀਨ ਹੋ ਜਾਵੇ ਤਾਂ ਇਸ ਸੁਰਤੀ ਦਾ ਖਿਚਾਓ, ਅੰਦਰ ਵਲ ਹੋ ਜਾਂਦਾ ਹੈ ਅਤੇ ਬਾਹਰੋਂ ਘਟ ਜਾਂਦਾ ਹੈ। ਇਸ ਨਾਲ ਇਸ ਦੇ ਅੰਦਰੋਂ ਲਹਿਰਾਂ ਉਠਦੀਆਂ ਹਨ, ਕੋਈ ਅਗੰਮੀ ਰਸ ਇਸ ਦੇ ਕਣ-ਕਣ ਵਿਚ ਝਰਦਾ ਮਹਿਸੂਸ ਹੁੰਦਾ ਹੈ। ਸੰਗੀਤਮਈ ਨਾਦ ਸੁਣਦੇ ਹਨ ਅਤੇ ਪ੍ਰਭੂ ਜੋਤ ਇਸ ਨੂੰ ਪ੍ਰਤੱਖ ਦਿਸਦੀ ਹੈ। ਵੈਦ ਜੀ! ਉਸ ਵੇਲੇ ਸਰੀਰ ਵਿਚ

ਕੋਈ ਵੀ ਰੋਗ ਨਹੀਂ ਰਹਿੰਦਾ। ਇਸ ਦਾ ਸੁਖਾਲਾ ਪ੍ਰਯੋਗ ਨਾਮ ਦਾਨ ਇਸ਼ਨਾਨ ਦੀ ਕ੍ਰਿਆ ਵਿਚ ਹੈ।

*ਗੁਰਮੁਖਿ ਨਾਮੁ ਦਾਨੁ ਇਸਨਾਨੁ॥ ਅੰਗ - 942*

ਬਾਣੀ ਵਿਚ ਐਸਾ ਫੁਰਮਾਨ ਹੈ -

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ॥ ਅੰਗ - 611*

ਗੁਰੂ ਤੀਜੇ ਪਾਤਸ਼ਾਹ ਫੁਰਮਾਨ ਕਰਦੇ ਹਨ -

*ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥*
*ਅੰਗ - 922*

ਗੁਰੂ ਨਾਨਕ ਪਾਤਸ਼ਾਹ ਜਪੁਜੀ ਸਾਹਿਬ ਵਿਚ ਫੁਰਮਾਨ ਕਰਦੇ ਹਨ -

*ਨਾਨਕ ਭਗਤਾ ਸਦਾ ਵਿਗਾਸੁ॥*
*ਸੁਣਿਐ ਦੂਖ ਪਾਪ ਕਾ ਨਾਸੁ।। ਅੰਗ - 2*

ਆਪ ਨੇ ਪਾਧਾ ਜੀ ਨੂੰ ਕਿਹਾ ਕਿ ਜੇ ਇਸ ਸੱਚੇ ਨਾਮ ਦੀ ਭੁੱਖ ਲਗ ਜਾਵੇ ਤਾਂ ਜਿੰਨੇ ਸੰਸਾਰ ਦੇ ਦੁਖ ਹਨ ਉਸ ਨੂੰ ਇਹ ਭੁੱਖ ਖਾ ਜਾਇਆ ਕਰਦੀ ਹੈ ਅਤੇ ਆਦਮੀ ਸਦਾ ਹੀ ਸਵਸਥ ਰਹਿੰਦਾ ਹੈ, ਬਿਮਾਰੀ ਉਸ ਦੇ ਨੇੜੇ ਤੇੜੇ ਨਹੀਂ ਆਉਂਦੀ। ਸੋ ਤੁਸੀਂ ਮੇਰੀ ਨਬਜ਼ ਦੇਖਦੇ ਹੋਂ ਇਸ ਵਿਚੋਂ ਤੁਹਾਨੂੰ ਕੁਝ ਨਹੀਂ ਲੱਭਣਾ। ਮੈਂ ਤਾਂ ਆਪਣੇ ਪਿਆਰੇ ਦੇ ਪਿਆਰ ਵਿਚ ਚੁੱਪ ਹਾਂ। ਉਸ ਵਿਚੋਂ ਮੈਨੂੰ ਮਹਾਨ ਪ੍ਰਕਾਸ਼ ਮਹਿਸੂਸ ਹੋ ਰਿਹਾ ਹੈ, ਮੈਂ ਇਕ ਅਗੰਮੀ ਨਾਦ ਵਿਚ ਮਸਤ ਹਾਂ, ਮੈਨੂੰ ਵਿਹਲ ਹੀ ਨਹੀਂ ਕਿ ਮੈਂ ਕੋਈ ਸਰੀਰ ਦੀ ਕ੍ਰਿਆ ਕਰਾਂ। ਮੈਨੂੰ ਭੁੱਖ ਨਹੀਂ ਰਹੀ ਮੇਰੇ ਅੰਦਰੋਂ ਹੀ ਕੋਈ ਐਸਾ ਰਸ ਮਿਲ ਰਿਹਾ ਹੈ ਜੋ ਭੁੱਖ ਨੂੰ ਦੂਰ ਕਰ ਦਿੰਦਾ ਹੈ। ਆਪ ਜੀ ਦਾ ਫੁਰਮਾਨ ਹੈ-

*ਆਖਾ ਜੀਵਾ ਵਿਸਰੈ ਮਰਿ ਜਾਉ॥*
*ਆਖਣਿ ਅਉਖਾ ਸਾਚਾ ਨਾਉ॥*
*ਸਾਚੇ ਨਾਮ ਕੀ ਲਾਗੈ ਭੂਖ॥*
*ਉਤੁ ਭੂਖੈ ਖਾਇ ਚਲੀਅਹਿ ਦੂਖ॥ ਅੰਗ - 9*

ਸੰਸਾਰ ਵਿਚ ਬਿਮਾਰੀ ਪ੍ਰਮੇਸ਼ਰ ਤੋਂ ਭੁੱਲ ਕੇ ਆਇਆ ਕਰਦੀ ਹੈ ਜਦੋਂ ਵਾਹਿਗੁਰੂ ਜੀ ਚਿਤ ਵਿਚ ਵਸ ਜਾਵੇ ਉਸ ਵੇਲੇ ਕੋਈ ਬਿਮਾਰੀ ਨੇੜੇ ਨਹੀਂ ਆਉਂਦੀ। ਸੋ ਐਸੇ ਸੁਨਿਹਰੀ ਅਸੂਲ ਗੁਰੂ ਨਾਨਕ ਪਾਤਸ਼ਾਹ ਨੇ ਸਾਨੂੰ ਸਹਿਜ ਨਾਲ ਹੀ ਦੱਸੇ ਜਿਨ੍ਹਾਂ ਦਾ ਪ੍ਰਯੋਗ ਕਰਕੇ ਅਸੀਂ ਬਿਮਾਰੀਆਂ ਤੋਂ ਬਚ ਸਕਦੇ ਹਾਂ। ਸੁਖਮਨੀ ਸਾਹਿਬ ਵਿਚ ਗੁਰੂ ਪੰਜਵੇਂ ਪਾਤਸ਼ਾਹ ਨੇ ਸਾਰੇ ਦੁਖਾਂ ਦਾ ਇਲਾਜ ਨਾਮ ਦਸਿਆ ਹੈ-

*ਸਰਬ ਰੋਗ ਕਾ ਅਉਖਦੁ ਨਾਮੁ॥ ਅੰਗ - 274*

ਗੁਰੂ ਨਾਨਕ ਪਾਤਸ਼ਾਹ ਫੁਰਮਾਨ ਕਰਦੇ ਹਨ -

*ਹਰਿ ਅਉਖਧੁ ਸਭ ਘਟ ਹੈ ਭਾਈ॥*

*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥*
*ਗੁਰਿ ਪੂਰੈ ਸੰਜਮੁ ਕਰਿ ਦੀਆ॥*
*ਨਾਨਕ ਤਉ ਫਿਰਿ ਦੂਖ ਨ ਥੀਆ॥*

***ਅੰਗ - 259***

ਆਪ ਨੇ ਦਸਿਆ ਕਿ ਦੁਖਾਂ, ਕਲੇਸ਼ਾਂ ਸਭਨਾਂ ਚੀਜ਼ਾਂ ਦਾ ਜੋ ਇਲਾਜ ਹੈ ਉਹ ਪ੍ਰਮੇਸ਼ਰ ਦਾ ਨਾਮ ਹੈ। ਆਪ ਜੀ ਨੇ ਬੇਅੰਤ ਹੋਰ ਤਰੀਕਿਆਂ ਨਾਲ ਸੰਸਾਰ ਨੂੰ ਫੋਕਟ ਕਰਮਾਂ ਵਿਚੋਂ ਕੱਢਿਆ। ਜੇ ਮਸਜਿਦ ਵਿਚ ਨਵਾਬ ਦੌਲਤ ਖਾਨ ਨਾਲ ਨਮਾਜ਼ ਪੜ੍ਹਨ ਗਏ ਉਥੇ ਦਸਿਆ ਕਿ ਨਵਾਬ ਸਾਹਿਬ ਤੂੰ ਤਾਂ ਘੋੜੇ ਖਰੀਦਣ ਗਿਆ ਹੋਇਆ ਸੀ ਅਤੇ ਕਾਜ਼ੀ ਨੂੰ ਦਸਿਆ ਕਿ ਤੁਸੀਂ ਨਵਜਾਈ ਵਛੇਰੀ ਨੂੰ ਖੂਹ ਵਿਚ ਗਿਰਨ ਤੋਂ ਮੋੜਦੇ ਰਹੇ। ਤੁਹਾਡੀ ਨਮਾਜ਼ ਦਿਖਾਵੇ ਦੀ ਸੀ, ਇਹ ਅੱਲਾਹ ਦੇ ਦਰ ’ਤੇ ਪ੍ਰਵਾਨ ਨਹੀਂ ਹੁੰਦੀ ਕਿਉਂਕਿ ਤੁਹਾਡਾ ਜੋ ਨਮਾਜ਼ ਪੜ੍ਹਨ ਦਾ ਮੰਤਵ ਸੀ ਉਹ ਸੀ ਅੱਲਾਹ ਤਾਲਾਹ ਨਾਲ ਜੁੜਨਾ ਪਰ ਤੁਸੀਂ ਉਸ ਨੂੰ ਛੱਡ ਕੇ ਕੇਵਲ ਅੱਖਰ ਗਿਣੇ ਹਨ, ਮਨ ਤੁਹਾਡਾ ਬਾਹਰ ਫਿਰਦਾ ਰਿਹਾ। ਸੋ ਆਪ ਨੇ ਪੰਜ ਨਮਾਜ਼ਾਂ ਪੜ੍ਹਨ ਦਾ ਪੂਰੀ ਤਰ੍ਹਾਂ ਤਰੀਕਾ ਦਸਿਆ।

ਇਸ ਤਰ੍ਹਾਂ ਜਦੋਂ ਆਪ ਮੋਦੀ ਦੇ ਕਿਰਤ ਕਰਦੇ ਹਨ ਉਸ ਵੇਲੇ ਆਪ ਨੇ ਪ੍ਰਤੱਖ ਰੂਪ ਵਿਚ ਦਿਖਾ ਦਿਤਾ ਕਿ ਪ੍ਰਮੇਸ਼ਰ ਦੇ ਨਾਮ ਤੇ ਕੀਤਿਆਂ ਕ੍ਰਿਤ ਵਿਚ ਕਦੇ ਘਾਟਾ ਨਹੀਂ ਪੈਂਦਾ। ਆਪ ਨੇ ਤੇਰ੍ਹਵੀਂ ਧੜੀ ਤੋਲਣ ਲਈ ਤੇਰਾ-ਤੇਰਾ ਕਹਿ ਕੇ ਤੋਲਣਾ ਸ਼ੁਰੂ ਕਰ ਦਿਤਾ। ਨਵਾਬ ਪਾਸ ਸ਼ਿਕਾਇਤ ਪਹੁੰਚੀ ਕਿ ਨਾਨਕ ਤਾਂ ਤੇਰਾ-ਤੇਰਾ ਕਰਕੇ ਬੋਰੀਆਂ ਭਰੀ ਜਾ ਰਿਹਾ ਹੈ, ਚੌਂਦਵੀਂ ਧੜੀ ਦਾ ਨਾਮ ਹੀ ਨਹੀਂ ਲੈਂਦਾ। ਨਵਾਬ ਨੇ ਜਦੋਂ ਹਿਸਾਬ ਕੀਤਾ ਤਾਂ ਗੁਰੂ ਨਾਨਕ ਪਾਤਸ਼ਾਹ ਦਾ 700 ਤੋਂ ਜ਼ਿਆਦਾ ਦਾ ਵਾਧਾ ਨਿਕਲਿਆ। ਉਸ ਵੇਲੇ ਦਾ ਵਾਧਾ ਅੱਜ ਦੇ ਇਕ ਲੱਖ ਪੰਜ ਹਜ਼ਾਰ ਦੇ ਬਰਾਬਰ ਹੈ। ਮਹਾਰਾਜ ਜੀ ਨੇ ਸ਼ੁਧ ਕਿਰਤ ਕਰਨ ਦੀ ਜਾਚ ਦਸੀ, ਸਹੀ ਤੋਲਣੀ ਦੀ ਜਾਚ ਦੱਸੀ।

ਆਪ ਨੇ ਪ੍ਰਮੇਸ਼ਰ ਦੀ ਹੋਂਦ ਸਭਨਾਂ ਦੇ ਮਨ ਵਿਚ ਵਸਾਈ। ਗੁਰੂ ਮਹਾਰਾਜ ਜੀ ਭੇਖਾਂ ਵਿਚ ਛੁਪੀ ਹੋਈ ਬੁਰਿਆਈ ਨੂੰ ਸਾਮ੍ਹਣੇ ਲਿਆਏ, ਉਨ੍ਹਾਂ ਨੇ ਸੱਚ ਦਾ ਜਨੇਊ ਪਹਿਨਣ ਦੀ ਜਾਂਚ ਦੱਸੀ, ਕਿਸੇ ਵੀ ਭਰਮ ਤੇ ਭੇਖ ਨੂੰ ਆਪ ਨੇ ਨਹੀਂ ਅਪਣਾਇਆ। ਫੋਕੇ ਕਰਮਕਾਂਡਾਂ ਦੇ ਵਿਚੋਂ ਕੱਢ ਕੇ ‘ਸਤਿਨਾਮ’ ਨਾਲ ਜੋੜਿਆ।

ਆਪ ਜੀ ਬਗਦਾਦ ਗਏ, ਕਾਹਬਾ ਸ਼ਰੀਫ ਗਏ, ਸੁਮੇਰ ਪਰਬਤ ਤੇ ਸਿਧਾਂ ਨੂੰ ਮਿਲੇ ਅਤੇ ਆਪ ਨੇ ਆਪਣਾ ਮਤ ਨਿਰਾਲਾ ਕਰਕੇ ਦਸਿਆ ਅਤੇ ਕਿਹਾ ਕਿ ਪ੍ਰਮੇਸ਼ਰ ਨੂੰ ਮਿਲਣ ਦਾ ਰਾਹ ‘ਕਲਜੁੱਗ ਵਿਚ “ਨਾਨਕ ਨਾਮ ਸੁਖਾਲਾ” ਹੈ। ਆਪ ਨੇ ਹਠ ਯੋਗ, ਰਾਜ ਯੋਗ ਅਤੇ ਹੋਰ ਤਪ ਵਗੈਰਾ ਬਾਰੇ ਦਸਦਿਆਂ ਸਭ ਤੋਂ ਸੁਖੈਨ ਮਾਰਗ ਨਾਮ ਦਾ ਦਸਿਆ ਅਤੇ ਫੁਰਮਾਨ ਕੀਤਾ ਹੈ -

*ਅਬ ਕਲੂ ਆਇਓ ਰੇ॥*

***ਇਕੁ ਨਾਮੁ ਬੋਵਹੁ ਬੋਵਹੁ॥***
***ਅਨ ਰੂਤਿ ਨਾਹੀ ਨਾਹੀ॥***
***ਮਤੁ ਭਰਮਿ ਭੂਲਹੁ ਭੂਲਹੁ॥ ਅੰਗ - 1185***

ਨਾਮ ਕਿਥੋਂ ਮਿਲਦਾ ਹੈ, ਉਸ ਦੇ ਬਾਰੇ ਗੁਰਬਾਣੀ ਵਿਚ ਫੁਰਮਾਨ ਹੈ –

***ਜਿਸੁ ਵਖਰ ਕਉ ਲੈਨਿ ਤੂ ਆਇਆ॥***
***ਰਾਮ ਨਾਮੁ ਸੰਤਨ ਘਰਿ ਪਾਇਆ॥***
***ਤਜਿ ਅਭਿਮਾਨੁ ਲੇਹੁ ਮਨ ਮੋਲਿ॥***
***ਰਾਮ ਨਾਮੁ ਹਿਰਦੇ ਮਹਿ ਤੋਲਿ॥***
***ਲਾਦਿ ਖੇਪ ਸੰਤਹ ਸੰਗਿ ਚਾਲੁ॥***
***ਅਵਰ ਤਿਆਗਿ ਬਿਖਿਆ ਜੰਜਾਲ॥***
***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ।। ਅੰਗ - 283***

ਆਪ ਜੀ ਦਾ ਫੁਰਮਾਨ ਸੀ ਕਿ ਗੁਰੂ ਤੋਂ ਬਗੈਰ ਮੁਕਤੀ ਨਹੀਂ ਹੁੰਦੀ। ਮੁਕਤੀ ਪੂਰਨ ਗਿਆਨ ਹੋ ਜਾਵੇ ਫੇਰ ਹੁੰਦੀ ਹੈ। ਗਿਆਨ ਗੁਰੂ ਤੋਂ ਬਿਨਾਂ ਹੋਇਆ ਹੀ ਨਹੀਂ ਕਰਦਾ। ਫੁਰਮਾਨ ਹੈ –

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥ ਅੰਗ - 59***

ਸੋ ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਵਿਚ ਧਰਮ ਦਾ ਪੰਥ ਚਲਾਇਆ ਅਤੇ ਸੰਸਾਰ ਨੂੰ ਸਭ ਤੋਂ ਸੁਖੈਨ ਮਾਰਗ ਸੁਰਤਿ ਸਬਦਿ ਰਾਹੀਂ ਨਾਮ ਦਾ ਦਰਸਾਇਆ ਜਿਸ ਨੂੰ ਕਰਨ ਲਈ ਵਣਾਂ ਵਿਚ ਜਾਣ ਦੀ ਲੋੜ ਨਹੀਂ ਹੈ, ਨਾ ਘਰ ਛੱਡ ਕੇ ਪਹਾੜਾਂ ਦੀਆਂ ਗੁਫਾਵਾਂ ਵਿਚ ਜਾਣ ਦੀ ਲੋੜ ਹੈ। ਆਪਣੇ ਮਨ ਨੂੰ ਸਾਧਣਾ ਹੈ, ਮਨ ਨੂੰ ਨਾਮ ਨਾਲ ਲਾਉਣਾ ਹੈ, ਹੱਥਾਂ ਪੈਰਾਂ ਨਾਲ ਕੰਮ ਕਰੋ, ਚਿਤ ਨੂੰ ਹਰੀ ਨਾਲ ਲਾ ਕੇ ਉਸ ਪਰਮ ਪਦ ਨੂੰ ਪ੍ਰਾਪਤ ਕਰੋ ਜਿਸ ਲਈ ਸਾਨੂੰ ਇਹ ਮਨੁੱਖਾ ਦੇਹ ਪ੍ਰਾਪਤ ਹੋਈ ਹੈ। ਜਿੰਨਾ ਵੀ ਗੁਰੂ ਨਾਨਕ ਪਾਤਸ਼ਾਹ ਲਈ ਲਿਖੋ, ਉਨਾਂ ਹੀ ਥੋੜ੍ਹਾ ਹੈ। ਸੋ ਸੰਖੇਪ ਵਿਚ, ਗੁਰੂ ਨਾਨਕ ਪਾਤਸ਼ਾਹ ਨੇ ਧੁੰਦ ਨੂੰ ਦੂਰ ਕੀਤਾ ਅਤੇ ਮਨਾਂ ਵਿਚ ਪਏ ਅਗਿਆਨ ਦੇ ਹਨ੍ਹੇਰੇ ਨੂੰ ਖਤਮ ਕਰਕੇ ਸਤਿਨਾਮ ਦੀ ਜੋਤ ਜਗਾ ਕੇ ਇਸ ਸੰਸਾਰ ਨੂੰ ਤਰਨ ਦਾ ਮਾਰਗ ਦਸਿਆ ਜਿਸ ਨੂੰ **'ਨਾਨਕ ਨਾਮ ਸੁਖਾਲਾ'** ਕਿਹਾ ਜਾਂਦਾ ਹੈ।

# ਸਤਿਸੰਗ ਅਤੇ ਨਾਮ-ਸਿਮਰਨ ਦੀ ਮਹਿਮਾ

ਸ਼ਾਨ ......................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਵਾਹਿਗੁਰੂ ਮਹਿਮਾ ਨਾ ਤੇਰੀ ਵੇਦ ਜਾਣਦੇ*
*ਤੇਰਾ ਬਰਮਾ ਨੇ ਅੰਤ ਨ ਪਾਇਆ,..... -2, 4.*

*ਮਹਿਮਾ ਨ ਜਾਨਹਿ ਬੇਦ॥*
*ਬ੍ਰਹਮੇ ਨਹੀ ਜਾਨਹਿ ਭੇਦ॥*
*ਅਵਤਾਰ ਨ ਜਾਨਹਿ ਅੰਤੁ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ॥*
*ਅਪਨੀ ਗਤਿ ਆਪਿ ਜਾਨੈ॥*
*ਸੁਣਿ ਸੁਣਿ ਅਵਰ ਵਖਾਨੈ॥*
*ਸੰਕਰਾ ਨਹੀ ਜਾਨਹਿ ਭੇਵ॥*
*ਖੋਜਤ ਹਾਰੇ ਦੇਵ॥*
*ਦੇਵੀਆ ਨਹੀ ਜਾਨੈ ਮਰਮ॥*
*ਸਭ ਊਪਰਿ ਅਲਖ ਪਾਰਬ੍ਰਹਮੁ॥*
*ਅਪਨੈ ਰੰਗਿ ਕਰਤਾ ਕੇਲ॥*
*ਆਪਿ ਬਿਛੋਰੈ ਆਪੇ ਮੇਲ॥*
*ਇਕਿ ਭਰਮੇ ਇਕਿ ਭਗਤੀ ਲਾਏ॥*
*ਅਪਣਾ ਕੀਆ ਆਪਿ ਜਣਾਏ॥ ਅੰਗ - 894*

*ਧਾਰਨਾ - ਤੇਰਾ ਬਰਮਾ ਨੇ ਅੰਤ ਨ ਪਾਇਆ,*
*ਮਹਿਮਾ ਨਾ ਤੇਰੀ ਵੇਦ ਜਾਣਦੇ -2, 2.*
*ਸੰਤਨ ਕੀ ਸੁਣਿ ਸਾਚੀ ਸਾਖੀ॥*
*ਸੋ ਬੋਲਹਿ ਜੋ ਪੇਖਹਿ ਆਖੀ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ॥*
*ਨਾਨਕ ਕਾ ਪ੍ਰਭੁ ਆਪੇ ਆਪਿ॥ ਅੰਗ - 894*

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਦੂਰ ਦਰਾਜ ਤੋਂ ਇਸ ਅਸਥਾਨ ਤੇ ਪਹੁੰਚੇ ਹੋ। ਪਿਛਲੇ ਸਾਲ ਵੀ ਤਕਰੀਬਨ ਇਨ੍ਹਾਂ ਤਰੀਖਾਂ ਦੇ ਨੇੜੇ ਤੇੜੇ ਹੀ ਇਥੇ ਪ੍ਰੋਗਰਾਮ ਹੋਇਆ ਸੀ। ਦੋ ਚੀਜ਼ਾਂ ਨੇ ਜਿਹੜੀਆਂ ਸੰਸਾਰ ਦੇ ਅੰਦਰ ਬਹੁਤ ਦੁਰਲੱਭ ਨੇ ਜੋ ਭਾਗਾਂ

ਤੋਂ ਬਿਨਾਂ ਨਹੀਂ ਪ੍ਰਾਪਤ ਹੋਇਆ ਕਰਦੀਆਂ। ਆਦਮੀ ਦੇ ਪੁੰਨ ਕਰਮ ਪਹਿਲਾਂ ਬਣਦੇ ਨੇ, ਪ੍ਰਾਪਤੀ ਬਾਅਦ ਵਿੱਚ ਹੋਇਆ ਕਰਦੀ ਹੈ। ਇਕ ਤਾਂ ਹੈ ਹਰੀ ਦਾ ਜਸ, ਦੂਸਰਾ ਹੋਇਆ ਕਰਦਾ ਹੈ ਸਾਧੂਆਂ ਦਾ ਸੰਗ ਕਿਉਂਕਿ ਦੋਏ ਕਰਮ ਸ੍ਰੋਮਣੀ ਨੇ ਕਲਜੁਗ ਦੇ ਅੰਦਰ। ਪਹਿਲੇ ਜੁੱਗਾਂ ਦੇ ਅੰਦਰ ਬਹੁਤ ਕਰਮ ਕਰਦੇ ਸੀ, ਬਹੁਤ ਕਰਮ ਕੀਤੇ ਜਾਂਦੇ ਸੀ ਲੇਕਿਨ ਕਲਜੁਗ ਨੇ ਸਾਰੇ ਰੱਦ ਕਰ ਦਿੱਤੇ। ਇਥੇ ਜਿਹੜੇ ਲਾਭਦਾਇਕ ਕਰਮ ਨੇ ਜਿਨ੍ਹਾਂ ਦਾ ਫਲ ਮਿਲਦਾ ਹੈ –

***ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ॥ ਅੰਗ – 962***

ਬਾਕੀ ਜਿਹੜੇ ਕਰਮ ਨੇ ਉਨ੍ਹਾਂ ਦਾ ਫਲ ਨਹੀਂ ਮਿਲਦਾ। ਮਹਾਰਾਜ ਜੀ ਇਸ ਗੱਲ ਦਾ ਨਿਰਣਾ ਕਰਦੇ ਦਸਦੇ ਨੇ ਕਿ ਪਿਆਰਿਓ –

***ਤੀਰਥ ਬਰਤ ਅਰੁ ਦਾਨ ਕਰਿ***<br>
***ਮਨ ਮੈ ਧਰੈ ਗੁਮਾਨੁ॥***<br>
***ਨਾਨਕ ਨਿਹਫਲੁ ਜਾਤ ਤਿਹ***<br>
***ਜਿਉ ਕੁੰਚਰ ਇਸਨਾਨੁ॥ ਅੰਗ – 1428***

ਜਿਵੇਂ ਹਾਥੀ ਨ੍ਹਾ ਕੇ ਮੁੜ ਕੇ ਮਿੱਟੀ ਪਾ ਲੈਂਦਾ ਹੈ, ਇਸੇ ਤਰ੍ਹਾਂ ਕਲਜੁਗ ਦੇ ਅੰਦਰ ਮਨ ਬੜਾ ਕਮਜ਼ੋਰ ਹੈ, ਥੋੜ੍ਹਾ ਜਿਹਾ ਦਾਨ ਕਰਕੇ ਦੱਸਦਾ ਫਿਰੇਗਾ ਕਿ ਮੈਂ ਆਹ ਕਰਿਆ, ਆਹ ਮੇਰਾ ਲਵਾਇਆ ਹੋਇਆ ਹੈ, ਆਹ ਪੱਥਰ ਮੈਂ ਲਵਾਏ ਨੇ, ਲੰਗਰ ਦੇ ਵਿੱਚ ਮੈਂ ਐਨਾ ਅਨਾਜ ਪਾਇਆ, ਮੈਂ ਆਹ ਸੇਵਾ ਕਰਦਾ ਹਾਂ। ਮਹਾਰਾਜ ਕਹਿੰਦੇ ਬਿਰਥੀ ਚਲੀ ਜਾਂਦੀ ਹੈ। ਜੇ ਨਹੀਂ ਬਿਰਥੀ ਜਾਂਦੀ ਤਾਂ ਦੋ ਚੀਜ਼ਾਂ ਨਹੀਂ ਜਾਂਦੀਆਂ। ਇਕ ਹਰੀ ਦਾ ਜਸ, ਇਕ ਸਾਧੂਆਂ ਦੀ ਸੰਗਤ –

***ਹਰਿ ਕੀਰਤਿ ਸਾਧਸੰਗਤਿ ਹੈ***<br>
***ਸਿਰਿ ਕਰਮਨ ਕੈ ਕਰਮਾ॥***<br>
***ਕਹੁ ਨਾਨਕ ਤਿਸੁ ਭਇਓ ਪਰਾਪਤਿ***<br>
***ਜਿਸੁ ਪੁਰਬ ਲਿਖੇ ਕਾ ਲਹਨਾ॥ ਅੰਗ – 642***

ਮੇਰੇ ਆਉਣ ਤੋਂ ਪਹਿਲਾਂ ਤੁਸੀਂ ਸੁਣ ਰਹੇ ਸੀ, ਸੰਗਤ ਦੀ ਮਹਿਮਾ ਇਹ ਕੋਈ ਕਲਪਨਾ ਨਹੀਂ ਹੈ ਐਵੇਂ ਕਹਾਣੀਆਂ ਬਣਾਈਆਂ ਹੋਈਆਂ, ਤੱਤ ਬੇਤੇ ਮਹਾਂਪੁਰਸ਼ਾਂ ਨੇ ਪ੍ਰਤਿਆ ਪ੍ਰਤਿਆ ਕੇ ਜਿਹੜੀਆਂ ਚੀਜ਼ਾਂ ਦੇਖੀਆਂ ਨੇ ਉਹ ਸੰਸਾਰ ਨੂੰ ਦੱਸੀਆਂ ਨੇ। ਸਤਿਸੰਗ ਦਾ ਮਹਾਤਮ ਕਿਉਂ ਹੈ? ਇਸ ਦੀ ਵੀ ਵਿਚਾਰ ਸੁਣ ਲਓ। ਸਤਿਜੁਗ ਦੇ ਅੰਦਰ ਕੋਈ ਵੀ ਬੰਦਾ ਇੱਕ ਥਾਂ 10,000 ਸਾਲ ਬੈਠ ਕੇ ਘੋਰ ਤਪ ਕਰੇ ਉਹ ਬਰਾਬਰ ਹੋਇਆ ਕਰਦਾ ਹੈ ਤ੍ਰੇਤੇ ਯੁਗ ਦੀ 1000 ਸਾਲ ਦੀ ਤਪਸਿਆ ਦੇ, ਦੁਆਪਰ ਯੁਗ ਦੀ 100 ਸਾਲ ਦੀ ਤਪੱਸਿਆ ਦੇ ਤੇ ਕਲਿਜੁਗ ਦੇ ਵਿੱਚ ਆਹ ਜਿਹੜੇ ਤੁਸੀਂ ਬੈਠੇ ਹੋ, ਜੇ ਤੁਸੀਂ ਮਨ ਚਿਤ ਇਕਾਗਰ ਕਰਕੇ ਸੁਣ ਲਓ, ਮਨ ਨੂੰ ਨਾ ਇਧਰ ਉਧਰ ਜਾਣ ਦਿਓ ਤਾਂ ਇਸ ਦਾ ਫਲ ਕਿੰਨਾ ਹੋਏਗਾ ਕਿਤੇ ਅਧਿਕ (ਜਿਆਦਾ) ਹੋਏਗਾ। ਮਹਾਰਾਜ ਤਾਂ ਐਸਾ ਫੁਰਮਾਉਂਦੇ ਨੇ ਕਿ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*** ***ਅੰਗ - 546***

ਕਈ ਕਰੋੜ ਜੱਗਾਂ ਦਾ ਫਲ ਮਿਲ ਜਾਂਦਾ ਹੈ। ਰਾਜਾ ਪ੍ਰੀਕਸ਼ਦ ਜਿਸ ਵਕਤ ਤਖਤ ਤੇ ਬੈਠਿਆ, ਇਹ ਅਰਜਨ ਦਾ ਪੋਤਰਾ ਤੇ ਅਭਿਮਨਯੂ ਦਾ ਲੜਕਾ ਸੀ, ਅਭਿਮਨਯੂ ਮਾਰਿਆ ਗਿਆ ਸੀ ਚਕਰਵਿਊ ਵਿੱਚ, ਇਹ ਤਖਤ ਤੇ ਬੈਠਾ ਹਸਤਿਨਾਪੁਰ ਦੇ। ਪਾਂਡਵ ਇਸ ਨੂੰ ਰਾਜ ਦੇ ਕੇ ਆਪ ਪਹਾੜਾਂ ਤੇ ਚਲੇ ਗਏ, ਜਿਥੇ ਹੇਮਕੁੰਟ ਪਰਬਤ ਹੈ ਉਥੇ ਪਹੁੰਚ ਗਏ, ਬਰਫਾਂ ਵਿੱਚ ਫੇਰ ਨਹੀਂ ਮੁੜ ਕੇ ਉਨ੍ਹਾਂ ਦਾ ਪਤਾ ਲੱਗਿਆ ਕਿ ਉਨ੍ਹਾਂ ਦਾ ਕੀ ਹਸ਼ਰ ਹੋਇਆ। ਪ੍ਰੀਕਸ਼ਦ ਜੋ ਸੀ ਜਿਸ ਵਕਤ ਵੀਰ ਯਾਤਰਾ ਕਰ ਰਿਹਾ ਹੈ ਭੇਸ ਬਦਲ ਕੇ, ਜੰਗਲ ਵਿੱਚ ਦੀ ਲੰਘਣ ਦਾ ਮੌਕਾ ਇਸ ਨੂੰ ਮਿਲਿਆ ਤਾਂ ਕੀ ਦੇਖਦਾ ਹੈ ਕਿ ਇਕ ਕਾਲੇ ਕਪੜਿਆਂ ਵਾਲਾ ਕੋਈ ਪ੍ਰੇਮੀ ਬੈਲ ਨੂੰ ਮਾਰ ਰਿਹਾ ਹੈ, ਹੱਥ ਵਿਚ ਛੁਰਾ ਫੜਿਆ ਹੋਇਆ ਹੈ। ਇਸ ਨੇ ਕਿਹਾ ਮੇਰੇ ਰਾਜ ਦੇ ਵਿਚ ਬੈਲ ਨੂੰ ਕੋਈ ਮਾਰੇ, ਉਸੇ ਵੇਲੇ ਮਨ ਦੇ ਵਿੱਚ ਆਇਆ ਕਿ ਇਸ ਨੂੰ ਸਜਾ ਦੇਣੀ ਚਾਹੀਦੀ ਹੈ, ਦੰਡ ਦੇਣਾ ਚਾਹੀਦਾ ਹੈ। ਘੋੜਾ ਨਠਾਇਆ ਤਲਵਾਰ ਕੱਢ ਲਈ, ਜਦੋਂ ਨੇੜੇ ਆਇਆ ਤਾਂ ਉਹ ਕਹਿੰਦਾ, "ਰਾਜਾ ਪ੍ਰੀਕਸ਼ਦ! ਠਹਿਰ ਜਦੋਂ ਕਿਸੇ ਨੂੰ ਮੌਤ ਦੰਡ ਦੇਣਾ ਹੋਵੇ, ਉਸ ਤੋਂ ਬਿਆਨ ਲੈਣੇ ਚਾਹੀਦੇ ਨੇ, ਨਹੀਂ ਤਾਂ ਅਨਿਆ ਹੋ ਜਾਏਗਾ, ਤੂੰ ਹੈਂ ਰਾਜਾ। ਰਾਜੇ ਦਾ ਧਰਮ ਹੁੰਦਾ ਹੈ -

***ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥*** ***ਅੰਗ - 1240***

ਨਿਆ ਕਰੇ ਤਾਂ ਰਾਜਾ ਫਲਦਾ ਹੈ, ਜੇ ਅਨਿਆ ਕਰੇ ਤਾਂ ਉਸ ਨੂੰ ਪਾਪ ਲਗਦਾ ਹੈ।

ਕਹਿਣ ਲੱਗਿਆ, "ਦੱਸ! ਕੀ ਬਿਆਨ ਹੈ ਤੇਰਾ?"

ਕਹਿਣ ਲੱਗਿਆ, "ਰਾਜਾ! ਮੈਂ ਕਲਜੁਗ ਹਾਂ, ਜਿਵੇਂ ਤੂੰ ਰਾਜਾ ਹੈ ਹਸਤਿਨਾਪੁਰ ਦਾ, ਦਿੱਲੀ ਦਾ, ਮੈਂ ਸਾਰੀ ਧਰਤੀ ਦਾ ਰਾਜਾ ਹਾਂ, ਸਾਰੇ ਬ੍ਰਹਿਮੰਡ ਦਾ ਰਾਜਾ ਹਾਂ। ਇਸ ਵੇਲੇ ਮੇਰਾ ਰਾਜ ਚੱਲ ਰਿਹਾ ਹੈ ਹਰ ਥਾਂ ਤੇ। ਮੇਰੇ ਤਿੰਨ ਭਰਾ ਲੰਘ ਚੁੱਕੇ ਨੇ ਚੌਥਾ ਮੈਂ ਆਇਆ ਹਾਂ।"

ਕਹਿਣ ਲੱਗਿਆ, "ਤੂੰ ਕੀ ਕਰੇਗਾ?"

ਕਹਿੰਦਾ, "ਮੈਂ ਆਪਣੇ ਰਾਜ ਵਿੱਚ -

***ਜੇ ਕੋ ਸਤੁ ਕਰੇ ਸੋ ਛੀਜੈ***
***ਤਪ ਘਰਿ ਤਪੁ ਨ ਹੋਈ॥***
***ਜੇ ਕੋ ਨਾਉ ਲਏ ਬਦਨਾਵੀ***
***ਕਲਿ ਕੇ ਲਖਣ ਏਈ॥*** ***ਅੰਗ - 902***

ਨਾ ਮੈਂ ਕਿਸੇ ਨੂੰ ਜਪ ਤਪ ਕਰਨ ਦੇਣਾ ਹੈ, ਨਾ ਨਾਮ ਜੱਪਣ ਦੇਣਾ ਹੈ, ਐਸੀਆਂ ਮੋਹਣੀਆਂ ਚੀਜ਼ਾਂ ਮੇਰੇ ਕੋਲ ਹੋਣਗੀਆਂ, ਅਨੁਮਾਨ ਹੀ ਨਹੀਂ,

ਸੋਚ ਹੀ ਨਹੀਂ ਸਕਦੇ ਪਹਿਲੇ ਜੁਗਾਂ ਵਾਲੇ, ਉਨ੍ਹਾਂ ਵਿਚੋਂ ਵਿਹਲ ਮਿਲੇਗਾ ਤਾਂ ਨਾਮ ਜਪੇਗਾ, ਵਿਹਲ ਹੀ ਨਹੀਂ ਮੈਂ ਲੈਣ ਦੇਣਾ।"

ਟੈਲੀਵੀਜ਼ਨ ਨੇ, ਇਲੈਕਟ੍ਰਾਨਿਕ ਯੰਤਰ ਨੇ, (electronic media) ਹੈ, ਹੋਰ ਅਨੇਕਾਂ ਚੀਜ਼ਾਂ ਨੇ, ਨਸ਼ੇ ਨੇ ਬੇਅੰਤ, ਸੈਰ ਸਪਾਟੇ ਨੇ, ਆਦਮੀ ਉਲਝ ਗਿਆ–

***ਯਾ ਜੁਗ ਮਹਿ ਏਕਹਿ ਕਉ ਆਇਆ॥***
***ਜਨਮਤ ਮੋਹਿਓ ਮੋਹਨੀ ਮਾਇਆ॥ ਅੰਗ - 251***

ਕਹਿੰਦਾ, "ਮੈਂ ਨਾ ਪ੍ਰਮੇਸ਼ਰ ਦਾ ਨਾਮ ਜੱਪਣ ਦੇਵਾਂਗਾ ਕਿਸੇ ਨੂੰ, ਜੇ ਜਪੇਗਾ ਤਾਂ ਮੈਂ ਬਦਨਾਮੀ ਕਰਵਾਵਾਂਗਾ, ਬਰਖਿਲਾਫ ਹੋ ਜਾਣਗੇ ਉਸ ਦੇ, ਤੰਗ ਕਰਨਗੇ ਇਕੱਠੇ ਹੋਕੇ।"

ਕਹਿੰਦਾ, "ਹੋਰ ?"

ਕਹਿੰਦਾ, " ਕਿਸੇ ਨੂੰ ਵੀ ਮੈਂ ਨੇਕ ਕੰਮ ਦਾ ਫਲ ਨਹੀਂ ਲੈਣ ਦੇਣਾ, ਮੇਰੇ ਰਾਜ ਦੇ ਵਿੱਚ ਉਹ ਗੱਲਾਂ ਹੋਣਗੀਆਂ ਜਿਹੜੀਆਂ ਸੋਚੀਆਂ ਹੀ ਨਹੀਂ ਜਾ ਸਕਦੀਆਂ। ਗਊਆਂ ਆਪਣਾ ਸੁਭਾਅ ਛੱਡ ਦੇਣਗੀਆਂ, ਗੰਦ ਮੰਦ ਖਾਣਾ ਸ਼ੁਰੂ ਕਰ ਦੇਣਗੀਆਂ।"

ਆਹ ਹੁਣ ਯੂਰਪੀਅਨ ਦੁਨੀਆਂ (ਦੇਸ਼ਾਂ) ਦੇ ਅੰਦਰ ਮਾਸ ਖੁਆ ਦਿੱਤਾ ਗਊਆਂ ਨੂੰ, ਉਹ ਕਮਲੀਆਂ ਹੋ ਗਈਆਂ, ਰੌਲਾ ਪੈ ਗਿਆ, ਸਾਰੇ ਦੇਸ਼ ਚੌਕੰਨੇ ਹੋ ਗਏ ਕਿ ਪਾਗਲ ਗਾਵਾਂ ਹੋ ਗਈਆਂ ਕਿਉਂਕਿ ਮਰਿਆਦਾ ਭੰਗ ਕਰ ਦਿੱਤੀ ਇਹ ਤਾਂ ਜੀਵ ਸੀ ਸਤੋਗੁਣੀ, ਤਮੋਗੁਣੀ ਬਣਾ ਦਿੱਤਾ ਜ਼ਬਰਦਸਤੀ। ਇਸੇ ਤਰ੍ਹਾਂ ਮਦਿਰਾ, ਮਾਸ, ਮੈਥੁਨ ਇਹ ਚੀਜ਼ਾਂ ਸਾਰੀਆਂ ਮੇਰੇ ਅੰਦਰ ਪ੍ਰਚਲਤ ਹੋਣਗੀਆਂ, ਜਿਹੜੇ ਲੋਕ ਭੁਲਾਉਣ ਵਾਲੇ ਹੋਣਗੇ ਵੱਡੇ ਵੱਡੇ ਇਕੱਠਾਂ ਵਿਚ ਉਨ੍ਹਾਂ ਨੂੰ ਦੁਨੀਆਂ ਮਾਨਤਾ ਦੇਵੇਗੀ, ਨੱਚਣ ਵਾਲਿਆਂ ਨੂੰ, ਨਾਟਕ ਚੇਟਕ ਕਰਨ ਵਾਲਿਆਂ ਨੂੰ, ਬਾਕੀ ਸਾਧੂ ਸੰਤਾਂ ਨੂੰ, ਜਿਹੜੇ ਅਸਲੀ ਨੇ ਉਹ ਛੁਪੇ ਰਹਿਣਗੇ, ਮੇਰੇ ਰਾਜ ਦੇ ਅੰਦਰ ਬੇਅੰਤ ਪਖੰਡੀ ਸਾਧ ਹੋਣਗੇ, ਉਨ੍ਹਾਂ ਦੇ ਭੰਡਾਰੇ ਪੈਸੇ ਨਾਲ ਭਰੇ ਪਏ ਹੋਣਗੇ, ਮੈਂ ਕੋਈ ਵੀ ਨਹੀਂ ਛੱਡਣਾ, ਨਾ ਤੀਰਥ ਛੱਡਣਾ ਹੈ, ਤੀਰਥਾਂ ਦੇ ਅੰਦਰ ਬਦਫੈਲੀ ਹੋਏਗੀ, ਲੁਟਮਾਰ ਹੋਏਗੀ, ਪਖੰਡ ਹੋਏਗਾ। ਕਿਸੇ ਧਰਮ ਵਿਚ ਮੈਂ ਸੱਚ ਨਹੀਂ ਰਹਿਣ ਦੇਣਾ, ਮੈਂ ਉਸ ਦੇ ਵਿਚ ਪਖੰਡ ਰਲਾ ਦੇਣਾ ਹੈ, ਅਰਥ ਦਾ ਅਨਰਥ ਕਰਾ ਦੇਣਾ ਹੈ।"

ਕਹਿਣ ਲੱਗਿਆ, "ਫੇਰ ਤਾਂ ਤੈਨੂੰ ਜੀਉਂਦਾ ਛੱਡਣਾ ਹੀ ਨਹੀਂ ਚਾਹੀਦਾ।"

ਕਹਿੰਦਾ, "ਮਹਾਰਾਜ! ਮੇਰੀ ਬਾਤ ਹੋਰ ਸੁਣੋ, ਮੇਰੇ ਜੁਗ ਦੇ ਅੰਦਰ ਦੋ ਘੜੀਆਂ ਸਤਿਸੰਗ ਦਾ ਫਲ, ਸਤਿਜੁਗ ਦੇ 10,000 ਸਾਲ ਦੇ ਤਪ ਦੇ ਬਰਾਬਰ ਹੈ।"

ਇਕ ਵਾਰ ਐਸਾ ਵਿਵਾਦ ਹੋ ਗਿਆ ਦੋ ਰਿਸ਼ੀਆਂ ਦੇ ਵਿੱਚ। ਦੋ ਮਹਾਨ

ਰਿਸ਼ੀ ਭਾਰਤਵਰਸ਼ ਦੇ, ਇਕ ਦਾ ਨਾਉਂ ਵਸ਼ਿਸ਼ਟ ਸੀ ਦੂਜੇ ਦਾ ਨਾਂ ਵਿਸ਼ਵਾਮਿਤ੍ਰ। ਵਿਸ਼ਵਾਮਿਤ੍ਰ ਕਹਿਣ ਲੱਗਿਆ ਕਿ ਵਸ਼ਿਸ਼ਟ ਜੀ! ਤੁਸੀਂ ਤਪ ਕਰਿਆ ਕਰੋ। ਉਹ ਕਹਿੰਦੇ ਤਪ ਦੀ ਲੋੜ ਨਹੀਂ ਮੈਂ ਸਤਿਸੰਗ ਕਰਦਾ ਹਾਂ। ਕਹਿੰਦਾ ਸਤਸੰਗ ਦਾ ਕੀ ਹੈ ਉਥੇ ਅਰਾਮ ਨਾਲ ਬੈਠਣ ਨੂੰ ਦਰੀਆਂ, ਉਤੇ ਸ਼ਾਮਿਆਨੇ, ਜਲ ਪਾਣੀ ਪਾਣੀ ਨੂੰ, ਭੁੱਖ ਹਟਾਉਣ ਨੂੰ ਲੰਗਰ ਚਲਦੇ ਨੇ, ਉਹ ਕੀ ਚੀਜ਼ ਹੋਈ? ਤਪ ਜਿਹੜਾ ਹੈ ਉਹ ਦੇਖੋ ਕਿੰਨਾ ਔਖਾ ਹੈ, ਪੁੱਠੇ ਲਟਕਦੇ ਹਾਂ, ਸਵੇਰ ਤੋਂ ਲਟਕਣੇ ਸ਼ੁਰੂ ਕਰੇ, ਰਾਤ ਨੂੰ ਸਾਰਾ ਖ਼ੂਨ ਸਿਰ ਵਿਚ ਚਲਿਆ ਜਾਂਦਾ ਹੈ, ਮੱਥੇ ਵਿਚ ਚਲਿਆ ਜਾਂਦਾ ਹੈ, ਅੱਖਾਂ ਵਿਚ ਚਲਿਆ ਜਾਂਦਾ ਹੈ, ਖਾਲੀ ਹੋ ਜਾਂਦਾ ਹੈ ਉਪਰ ਵਾਲਾ ਹਿੱਸਾ ਮਰ ਜਾਂਦਾ ਹੈ, ਫੇਰ ਮਾਲਸ਼ਾਂ ਕਰ-ਕਰ ਕੇ ਖ਼ੂਨ ਥੱਲੇ ਲਿਆਉਂਦੇ ਨੇ, ਭੁੱਖੇ ਰਹਿਣਾ, ਕੰਦ ਮੂਲ ਚੁਗ ਕੇ ਖਾਣਾ, ਇਸ ਦਾ ਮੁਕਾਬਲਾ ਕੀ ਕਰ ਲਏਗਾ, ਠੰਡੇ ਪਾਣੀ ਵਿਚ ਖੜ੍ਹਨਾ, ਅੱਗ ਦੀਆਂ ਧੂਣੀਆਂ ਤਾਪਣੀਆਂ। ਫੈਸਲਾ ਨਾ ਹੋਇਆ ਦੋਹਾਂ ਦਾ ਅਖੀਰ ਇਹ ਹੋਇਆ ਕਿ ਚਲੋ ਦੇਵਲੋਕਾਂ ਤੋਂ ਫੈਸਲਾ ਕਰਾਉਂਦੇ ਹਾਂ, ਬਰਮ੍ਹਾ ਜੀ ਦੇ ਪਾਸ ਗਏ। ਉਨ੍ਹਾਂ ਨੇ ਕਿਹਾ ਕਿ ਵੱਡੇ ਰਿਸ਼ੀ ਨੇ ਇਨ੍ਹਾਂ ਦੋਹਾਂ ਨੇ ਨਹੀਂ ਮੰਨਣਾ ਮੇਰੇ ਕੋਲੋਂ। ਕਹਿੰਦੇ ਸ਼ਿਵ ਜੀ ਕੋਲ ਜਾਓ, ਸ਼ਿਵ ਜੀ ਨੇ ਵੀ ਟਾਲ ਦਿੱਤੇ ਕਿ ਮੈਨੂੰ ਤਾਂ ਪਤਾ ਨਹੀਂ ਕਾਸੇ ਦਾ, ਤੁਸੀਂ ਵਿਸ਼ਨੂੰ ਜੀ ਕੋਲ ਜਾਓ, ਵਿਸ਼ਨੂੰ ਜੀ ਨੇ ਵੀ ਟਾਲ ਦਿੱਤੇ, ਕਹਿੰਦੇ ਤੁਸੀਂ ਇਸ ਤਰ੍ਹਾਂ ਕਰੋ, ਸ਼ੇਸ਼ਨਾਗ ਜੀ ਪਾਸ ਜਾਓ। ਸ਼ੇਸ਼ਨਾਗ ਪਾਸ ਗਏ ਉਹ ਕਹਿੰਦਾ, ਫੈਸਲਾ ਤਾਂ ਮੈਂ ਤੁਹਾਡਾ ਕਰ ਦਿੰਦਾ ਹਾਂ ਪਰ ਮੇਰੇ ਕੋਲ ਗੁਰੂਤਾ ਦੀ ਸ਼ਕਤੀ ਹੈ, ਜਰਾ ਕੁ ਵਾਲ ਜਿੰਨਾ ਵੀ ਫਰਕ ਪੈ ਗਿਆ ਫੇਰ ਧਮਾਕੇ ਹੋ ਜਾਣਗੇ, ਟੁੱਟ ਜਾਣਗੇ ਜਿਹੜੇ ਤਾਰੇ, ਸਿਤਾਰੇ ਤੁਰੇ ਫਿਰਦੇ ਨੇ। ਨਾਮ ਦੇ ਬਲ ਨਾਲ ਮੈਂ ਇਨ੍ਹਾਂ ਨੂੰ ਸਾਂਭ ਕੇ ਰੱਖਦਾ ਹਾਂ –

***ਨਾਮ ਕੇ ਧਾਰੇ ਸਗਲੇ ਜੰਤ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ॥*** ***ਅੰਗ – 284***

ਨਾਮ ਸ਼ਕਤੀ ਹੈ ਜਿਹੜੀ ਇਸਦੇ ਵਿਚ ਲਗ ਰਹੀ ਹੈ, ਉਸ ਦੇ ਬਦਲੇ ਤੁਸੀਂ ਕੋਈ ਚੀਜ਼ ਮੈਨੂੰ ਦਿਓ, ਤਪ ਦਿਓ ਫੇਰ ਜੇ ਧਰਤੀਆਂ ਟਿਕ ਗਈਆਂ ਮੈਂ ਫੈਸਲਾ ਕਰ ਦਿਆਂਗਾ।

ਵਿਸ਼ਵਾਮਿਤ੍ਰ ਕਹਿੰਦੇ, "10,000 ਸਾਲ ਦਾ ਮੈਂ ਤਪ ਦਿੰਦਾ ਹਾਂ।"

ਧਰਤੀਆਂ ਡੋਲਦੀਆਂ ਨੇ।

ਸ਼ੇਸ਼ਨਾਗ ਕਹਿੰਦੇ, "ਹੋਰ ਦੇਹ ਭਾਈ।"

20,000, 30,000, 58,000 ਸਾਲ ਤਪ ਕਰਿਆ ਸੀ। ਉਸ ਵੇਲੇ ਕਹਿੰਦੇ ਧਰਤੀਆਂ ਤਾਂ ਡੋਲ ਰਹੀਆਂ ਹਨ ਹੋਰ ਦਿਓ।

ਕਹਿੰਦੇ, "ਹੋਰ ਤਾਂ ਮੈਂ ਕਰਿਆ ਨਹੀਂ।"

ਕਹਿੰਦੇ, ਵਸ਼ਿਸ਼ਟ ਜੀ! ਤੁਸੀਂ ਦਿਓ ਹੁਣ।"

ਕਹਿਣ ਲੱਗੇ, "ਸ਼ੇਸ਼ਨਾਗ ਜੀ! ਮੈਂ ਬਹੁਤ ਫਲ ਤਾਂ ਨਹੀਂ ਦਿੰਦਾ, ਸਿਰਫ 4 ਘੜੀਆਂ ਮਨ ਚਿਤ ਇਕਾਗਰ ਕਰਕੇ ਕੀਤਾ ਹੋਇਆ ਸਤਿਸੰਗ ਉਸ ਦਾ ਫਲ ਦਿੰਦਾ ਹਾਂ।"

ਜਦੋਂ ਫਲ ਦਿਤਾ ਤਾਂ ਧਰਤੀਆਂ ਡੋਲਣ ਤੋਂ ਹਟ ਗਈਆਂ।

ਸ਼ੇਸ਼ਨਾਗ ਕਹਿਣ ਲੱਗਿਆ, "ਹੁਣ ਮੈਂ ਤੁਹਾਡਾ ਫੈਸਲਾ ਕੀ ਕਰਨਾ ਹੈ, ਫੈਸਲਾ ਤਾਂ ਹੋ ਗਿਆ ਤੇਰੇ 58,000 ਸਾਲ ਦੇ ਤਪ ਨੇ ਧਰਤੀਆਂ ਦਾ ਸਤੁੰਲਨ ਕਾਇਮ ਨ ਰਖਿਆ। ਇਸ ਦੇ 4 ਘੜੀ ਮਨ ਚਿਤ ਇਕਾਗਰ ਕਰਕੇ ਕੀਤੇ ਹੋਏ ਸਤਿਸੰਗ ਨੇ ਦੇਖ ਲੈ ਤੇਰੇ ਸਾਹਮਣੇ ਹੀ ਹੈ।"

ਸੋ ਕਹਿਣ ਲੱਗਿਆ, "ਰਾਜਾ ਪ੍ਰੀਸ਼ਦ! ਮੈਂ ਕਲਜੁਗ ਹਾਂ, ਮੇਰੇ ਰਾਜ ਦੇ ਅੰਦਰ ਸਤਿਸੰਗ ਦਾ ਫਲ ਮਿਲੇਗਾ। ਦੂਸਰਾ ਇਹ ਹੈ ਕਿ ਅੰਤ ਸਮਾਂ ਹੋਵੇ, ਜੇ ਕੋਈ ਚਿਤ ਇਕਾਗਰ ਕਰਕੇ ਪ੍ਰਮੇਸ਼ਰ ਦਾ ਇਕ ਵਾਰੀ ਵੀ ਨਾਮ ਲੈ ਲਏ ਰਾਮ, ਵਾਹਿਗੁਰੂ, ਅੱਲਾ, ਗੋਬਿੰਦ, ਨਾਰਾਇਣ ਕੁਝ ਕਹਿ ਦੇਵੇ ਲੇਕਿਨ ਉਸ ਦੇ ਧਿਆਨ ਵਿਚ ਹੋਵੇ ਪ੍ਰਮੇਸ਼ਰ।

ਕਹਿੰਦੇ ਹੋਵੇਗਾ ਕੀ? ਗਲ ਦੇ ਵਿਚੋਂ ਜਮਾਂ ਦੀ ਪਈ ਹੋਈ ਫਾਸੀ ਨੂੰ ਉਸੇ ਵੇਲੇ ਕੱਟ ਦਏਗਾ ਉਹ ਨਾਮ, ਐਡੀ ਵੱਡੀ ਚੀਜ਼ ਹੈ। ਕਾਲ ਦੀ ਫਾਸੀ ਵਿਚ ਨਹੀਂ ਉਹ ਆਏਗਾ।

ਸੋ ਤੁਸੀਂ ਜਿਹੜੇ ਵਾਹਿਗੁਰੂ ਨੇ ਪ੍ਰੇਰੇ ਹੋ, ਤੁਹਾਡੇ ਪੁੰਨ ਕਰਮ ਨੇ, ਤੁਸੀਂ ਆਪਣੇ ਆਪ ਨਹੀਂ ਆ ਸਕਦੇ, ਕਿਤੇ ਟਰਾਲੀਆਂ ਵਾਲਿਆਂ ਨੂੰ ਪ੍ਰੇਰਿਆ ਹੈ ਕਿ ਲੰਗਰ ਚਲਾਓ, ਸ਼ਾਮਿਆਨੇ ਲਗਾਓ, ਇੰਤਜ਼ਾਮ ਕਰੋ, ਤੁਹਾਡੇ ਪੁੰਨ ਕਰਮ ਫਲ ਦੇਣ ਵਾਸਤੇ ਬਿਲਕੁਲ ਤਿਆਰ ਹੋਏ ਹੋਏ ਨੇ ਤੇ ਇਸ ਕਰਕੇ ਤੁਸੀਂ ਇਥੇ ਸਤਿਸੰਗ ਦੇ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸੁਸ਼ੋਭਿਤ ਹੋ। ਹੁਣ ਕਰਨਾ ਕੀ ਹੈ, ਕਰਨਾ ਇਹ ਹੈ ਕਿ ਮਨ ਨੂੰ ਨਹੀਂ ਇਧਰ ਉਧਰ ਜਾਣ ਦੇਣਾ। ਮਨ ਨੂੰ ਰੋਕਣ ਦੇ ਕੁਝ ਤਰੀਕੇ ਹੁੰਦੇ ਨੇ ਪਹਿਲਾ ਤਾਂ ਇਹ ਹੈ ਕਿ ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵੀਚਾਰੋ, ਵੀਚਾਰ ਕੇ ਹਿਰਦੇ ਵਿਚ ਧਾਰਨ ਕਰੋ ਤੇ ਜਦੋਂ ਵਾਰੀ ਆਵੇ ਤਾਂ ਸ਼ਬਦ ਦੇ ਵਿੱਚ ਗਜ ਵਜ ਕੇ ਬੋਲੋ। ਉਸ ਦੇ ਨਾਲ ਰਸਨਾ ਪਵਿੱਤਰ ਹੋਏਗੀ, ਸੁਣ ਕੇ ਕੰਨ ਪਵਿੱਤਰ ਹੋਣਗੇ, ਦਰਸ਼ਨ ਕਰਕੇ ਨੇਤਰ ਪਵਿੱਤਰ ਹੋਣਗੇ, ਵੀਚਾਰ ਕਰਕੇ ਬੁੱਧੀ ਪਵਿੱਤਰ ਹੋਏਗੀ, ਮਨ ਪਵਿੱਤਰ ਹੋਏਗਾ, ਹਿਰਦੇ ਵਿੱਚ ਧਾਰਨ ਕਰਕੇ ਹਿਰਦਾ ਪਵਿੱਤਰ ਹੋਏਗਾ, ਲਾਭ ਹੀ ਲਾਭ ਹੈ। ਜਦੋਂ ਇਸ ਤਰ੍ਹਾਂ ਸਤਿਸੰਗ ਕਰੋਗੇ ਫੇਰ ਫਲ ਮਿਲੇਗਾ, ਕਰੋੜਾਂ ਜਨਮਾਂ ਦੇ ਜਿਹੜੇ ਪਾਪ ਨੇ ਉਹ ਕੰਬਣੇ ਸ਼ੁਰੂ ਹੋ ਜਾਂਦੇ ਨੇ ਜਿਸ ਵਕਤ ਸਤਿਸੰਗ ਵੱਲ ਨੂੰ ਪਹਿਲਾ ਕਦਮ ਰੱਖਦਾ ਹੈ।

ਸੋ ਆਪ ਤੇ ਮਹਾਰਾਜ ਨੇ ਕਿਰਪਾ ਕੀਤੀ ਹੈ, ਸੰਜੋਗ ਬਣਾ ਦਿੱਤੇ, ਆਪਾਂ ਇਕੱਠੇ ਹੋ ਗਏ, ਇਥੇ 6 ਦਿਨਾਂ ਦਾ ਪ੍ਰੋਗਰਾਮ ਹੈ 5 ਦਿਨਾਂ ਦਾ ਮੈਂ ਦਿੱਤਾ ਸੀ 6 ਦਾ ਇਨ੍ਹਾਂ ਨੇ ਆਪੇ ਹੀ ਕਰ ਲਿਆ, ਇਸ਼ਤਿਹਾਰਾਂ ਵਿੱਚ ਕਢਾ

ਦਿੱਤਾ ਮੈਂ ਕਿਹਾ ਚੰਗਾ ਹੁਣ ਕਢਾ ਦਿਤਾ ਤਾਂ ਠੀਕ ਹੈ। ਸੋ ਇਥੇ ਜੋ ਵੀਚਾਰਾਂ ਕਰਨੀਆਂ ਨੇ, 2-3 ਤਰ੍ਹਾਂ ਦੀਆਂ ਵੀਚਾਰਾਂ ਹੁੰਦੀਆਂ ਨੇ। ਇਕ ਹੁੰਦੀ ਹੈ ਨਵੇਂ ਆਏ ਜਗਿਆਸੂਆਂ ਵਾਸਤੇ, ਉਸ ਦੇ ਵਾਸਤੇ ਹੋਰ ਤਰ੍ਹਾਂ ਦੇ ਸ਼ਬਦ ਹੋਰ ਤਰ੍ਹਾਂ ਦੇ ਬਚਨ ਹੁੰਦੇ ਨੇ, ਭਿਆਨਕ ਹੋਇਆ ਕਰਦੇ ਨੇ, ਦੂਜੇ ਜਿਹੜੇ ਨੇ ਰੌਚਕ ਹੋਇਆ ਕਰਦੇ ਨੇ ਜਿਹੜੇ ਥੋੜ੍ਹੇ ਜਿਹੇ ਉਚੇ ਜਿਵੇਂ ਦਸਵੀਂ ਦਾ ਵਿਦਿਆਰਥੀ ਹੋਵੇ, ਜਿਹੜੇ ਬੀ.ਏ. ਦੇ ਵਿਦਿਆਰਥੀ ਨੇ, ਐਮ.ਏ. ਦੇ ਨੇ ਪੀ.ਐਚ.ਡੀ ਦੇ ਨੇ ਉਨ੍ਹਾਂ ਵਾਸਤੇ ਵੀਚਾਰਾਂ ਹੋਇਆ ਕਰਦੀਆਂ ਨੇ ਉੱਚੀਆਂ, ਯਥਾਰਥ ਬਾਤ ਉਥੇ ਕਰੀ ਜਾਂਦੀ ਹੈ। ਸੋ ਇਸ ਤਰ੍ਹਾਂ ਅਧਿਕਾਰ ਦੇ ਮੁਤਾਬਕ ਆਪਾਂ ਸਮੇਂ-ਸਮੇਂ ਵੀਚਾਰ ਕਰਦੇ ਰਹਾਂਗੇ। ਤੁਸੀਂ ਸਰਵਣ ਕਰਨ ਦਾ ਯਤਨ ਕਰਨਾ। ਅੱਜ ਕੱਲ੍ਹ ਮੈਗਜ਼ੀਨ ਵਿੱਚ ਇਕ ਲੇਖ ਆ ਰਿਹਾ ਹੈ ਉਸ ਦਾ ਨਾਂ ਹੈ 'ਅਗੰਮ ਅਗੋਚਰ ਦਾ ਮਾਰਗ'। ਨਾ ਸਾਨੂੰ ਅਗੰਮ ਦੀ ਕੋਈ ਸਮਝ ਆਉਂਦੀ ਹੈ, ਨਾ ਅਗੋਚਰ ਦੀ ਆਉਂਦੀ ਹੈ, ਮਾਰਗ ਦਾ ਸਾਨੂੰ ਪਤਾ ਹੈ ਕਿ ਰਸਤਾ ਹੈ। ਉਹ ਰਸਤਾ ਜਿਸ ਨੂੰ ਜਾਣਿਆ ਨਾ ਜਾਵੇ, ਜਿਸ ਦੇ ਬਾਰੇ ਕੁਝ ਸਮਝਿਆ ਨਾ ਜਾਵੇ ਉਥੇ ਨੂੰ ਜਿਹੜਾ ਰਸਤਾ ਜਾਂਦਾ ਹੈ ਉਹ 'ਆਤਮ ਮਾਰਗ' ਵਿਚ ਲਿਖਿਆ ਜਾ ਰਿਹਾ ਹੈ, ਉਸ ਦੇ ਵਿਚ ਬੜੀ ਵੀਚਾਰ ਦੇ ਨਾਲ ਲਿਖ ਰਹੇ ਹਾਂ ਅਸੀਂ। ਉਸ ਦੇ ਵਿਚ ਪਹਿਲੀ ਕਿਸ਼ਤ ਵਿਚ ਲਿਖਿਆ ਸੀ ਕਿ ਪਹਿਲਾਂ ਪ੍ਰਮੇਸ਼ਰ ਤੇ 100% ਵਿਸ਼ਵਾਸ ਚਾਹੀਦਾ ਹੈ ਕਿ ਉਹ ਹੈ। ਸਾਰੇ ਹੀ ਜਾਣਦੇ ਹਾਂ ਕਿ 'ਵਾਹਿਗੁਰੂ' ਹੈ ਲੇਕਿਨ ਸਾਡਾ ਕਦੇ ਧਿਆਨ ਨਹੀਂ ਜੁੜਦਾ, ਮੇਲ ਨਹੀਂ ਹੁੰਦਾ ਉਸ ਦੇ ਨਾਲ। ਸਾਡੀ ਤਾਰ ਨਹੀਂ ਪ੍ਰਮੇਸ਼ਰ ਨਾਲ ਜੁੜਦੀ, ਹਾਂ ਸੁਣਿਆ ਹੋਇਆ ਹੈ ਕਿ ਰੱਬ ਹੈ, ਕਿਹੋ ਜਿਹਾ ਹੈ ਕੁਝ ਨਹੀਂ ਪਤਾ -

*ਨਹੀਂ ਜਾਨ ਜਾਈ ਕਛੂ ਰੂਪ ਰੇਖੰ॥*
*ਕਹਾਂ ਬਾਸੁ ਤਾਂ ਕੋ, ਫਿਰਿ ਕਉਨ ਭੇਖੰ॥*
*ਕਹਾ ਨਾਮ ਤਾਂ ਕੈ, ਕਹਾਂ ਕੈ ਕਹਾਵੈ॥*
*ਕਹਾ ਕੈ ਬਖਾਨੋ, ਕਹੇ ਮੋ ਨਾ ਆਵੈ॥*

*ਅਕਾਲ ਉਸਤਤਿ*

ਉਹ ਕਹਿ ਨਹੀਂ ਹੁੰਦਾ ਜਾਣਦੇ ਨਹੀਂ ਹਾਂ। ਨਹੀਂ ਜਾਣਦੇ ਤਾਂ ਸੰਤਾਂ ਦਾ ਬਚਨ ਕਮਾਓ, ਜਾਣ ਜਾਓਗੇ ਹੌਲੀ-ਹੌਲੀ ਕਿਉਂਕਿ ਹੁਕਮ ਹੈ -

*ਸੰਤਹੁ ਸਾਗਰੁ ਪਾਰਿ ਉਤਰੀਐ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ॥* *ਅੰਗ - 747*

ਦੂਸਰਾ ਜਿਹੜਾ ਹੈ, ਦੂਸਰੀ ਕਿਸ਼ਤ ਆਈ ਉਸਦੇ ਵਿਚ ਸੀ ਕਿ ਸਮਰੱਥ ਗੁਰੂ ਦੀ ਲੋੜ ਹੈ। ਪਹਿਲਾਂ ਪ੍ਰਮੇਸ਼ਰ ਉਤੇ ਵਿਸ਼ਵਾਸ ਦੀ ਲੋੜ ਹੈ, ਫੇਰ ਗੁਰੂ ਦੀ ਲੋੜ ਹੈ। ਗੁਰੂ ਜਿਹੜਾ ਹੋਵੇ ਸਮਰੱਥ ਕਿਉਂਕਿ ਅਣਜਾਣ ਗੁਰੂ ਜਿਹੜਾ ਹੈ ਉਹ ਲੰਘਾ ਨਹੀਂ ਸਕਦਾ-

*ਕਾਚੇ ਗੁਰ ਤੇ ਮੁਕਤਿ ਨ ਹੂਆ॥* *ਅੰਗ - 932*

ਕੱਚਾ ਗੁਰੂ ਜਿਹੜਾ ਹੈ ਉਸ ਤੋਂ ਮੁਕਤੀ ਤਾਂ ਨਹੀਂ ਹੁੰਦੀ, ਉਹ ਆਪ

ਵੀ ਫਸ ਜਾਂਦਾ ਹੈ ਤੇ ਚੇਲਿਆਂ ਨੂੰ ਵੀ ਡੋਬ ਦਿੰਦਾ ਹੈ -

*ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥ ਅੰਗ - 1370*

ਗੁਰੂ ਸਤਵੇਂ ਪਾਤਸ਼ਾਹ ਮਹਾਰਾਜ ਫਿਰੋਜਪੁਰ ਵਿਚ ਲਧਾਈ ਪਿੰਡ ਦੇ ਬਾਹਰ ਖੜ੍ਹੇ ਨੇ ਬੋਹੜ ਦੀ ਛਾਵੇਂ। ਇਕ ਪਾਸੇ ਸਰਕੜਾ ਹੈ ਉਥੇ ਖਰੜ-ਖਰੜ ਹੁੰਦੀ ਹੈ ਜਿਵੇਂ ਕੋਈ ਪਸ਼ੂ ਨੱਠੇ ਆਉਂਦੇ ਨੇ, ਸਾਰੇ ਦੇਖਣ ਲੱਗ ਗਏ, ਕੀ ਦੇਖਦੇ ਨੇ ਇਕ ਬੜੀ ਸਰਾਲ (ਅਜਗਰ) ਬੜੀ ਮੋਟੀ ਸਰਾਲ ਆ ਰਹੀ ਹੈ, ਆਉਂਦੀ ਵੀ ਮਹਾਰਾਜ ਵੱਲ ਨੂੰ ਸਿੱਧੀ ਹੀ ਹੈ। ਉਸ ਵੇਲੇ ਸਿੱਖਾਂ ਨੇ ਕਿਹਾ ਕਿ ਸੱਚੇ ਪਾਤਸ਼ਾਹ! ਇਹ ਤਾਂ ਤੁਹਾਡੇ ਵੱਲ ਨੂੰ ਆ ਰਹੀ ਹੈ।

ਕਹਿੰਦੇ, "ਕੋਈ ਨਾ, ਦੁਖੀ ਹੈ ਇਹ।" ਉਸ ਵੇਲੇ ਮਹਾਰਾਜ ਜੀ ਨੇ ਆਪਣੀ ਕਮਾਣ ਕੱਢੀ, ਉਸੇ ਵੇਲੇ ਅਰਧ ਚੰਦਰਮਾਂ ਦਾ ਤੀਰ ਉਨ੍ਹਾਂ ਕੋਲ ਹੁੰਦਾ ਸੀ, ਅੱਧਾ ਚੰਦਰਮਾ ਜਿਵੇਂ ਚੜ੍ਹਦਾ ਹੁੰਦਾ ਹੈ ਏਕਸ ਦਾ, ਦੂਜ ਦਾ- ਉਹ ਨਿਸ਼ਾਨਾਂ ਬਣਾਇਆ ਤੇ ਉਸ ਦੀ ਗਰਦਨ ਕੱਟ ਦਿੱਤੀ, ਉਥੇ ਹੀ ਉਹ ਧੜੰਮ ਕਰਕੇ ਗਿਰ ਪਈ। ਸਿੱਖਾਂ ਨੇ ਕਿਹਾ ਸੱਚੇ ਪਾਤਸ਼ਾਹ! ਇਹ ਕੀ ਕੌਤਕ ਹੈ? ਸਾਡੀ ਤਾਂ ਸਮਝ ਵਿਚ ਨਹੀਂ ਆਇਆ। ਇਹ ਤੁਹਾਡੇ ਵੱਲ ਨੂੰ ਕਿਉਂ ਆਈ?

ਮਹਾਰਾਜ ਕਹਿੰਦੇ, "ਤੁਹਾਨੂੰ ਇਸ ਦੀ ਜ਼ਬਾਨੀ ਹੀ ਦੱਸ ਦਿੰਦੇ ਹਾਂ ਤਾਂ ਕਿ ਤੁਹਾਨੂੰ ਵੀ ਨਿਰਣਾ ਹੋ ਜਾਵੇ। ਅੱਗੇ ਵਾਸਤੇ ਜਿਹੜੇ ਗੁਰਸਿਖ ਆਉਣਗੇ ਉਨ੍ਹਾਂ ਦਾ ਵੀ ਸ਼ੰਕਾ ਦੂਰ ਹੋ ਜਾਏਗਾ। ਦੱਸ ਭਾਈ ਆਪਣੀ ਵਿਥਿਆ।"

ਕਹਿਣ ਲੱਗਿਆ, "ਸਤਿਗੁਰੋ! ਮੈਂ ਪਖੰਡੀ ਗੁਰੂ ਸੀ, ਕੱਚਾ ਗੁਰੂ ਸੀ। ਲੋਕਾਂ ਦੇ ਦਸਵੰਧ ਲੈ ਲੈ ਕੇ ਮੈਂ ਹੜਪ ਕਰਦਾ ਸੀ, ਨੇਕ ਕੰਮਾਂ ਤੇ ਖਰਚਦਾ ਸੀ ਕਿ ਦਸਵੰਧ ਕਢੋ। ਦਸਵੰਧ ਕਢੋ। ਉਹ ਲੈ ਕੇ ਮੈਂ ਆਪਣੇ ਨਿਜੀ ਲਾਭਾਂ ਲਈ ਖਰਚਦਾ ਰਿਹਾ। ਇਨ੍ਹਾਂ ਨੂੰ ਮੈਂ ਝੂਠਾ ਹੀ ਕੋਈ ਸ਼ਬਦ ਦੱਸ ਦਿਤਾ। ਜੇ ਤਾਂ ਮੈਂ ਲੰਘਿਆ ਹੁੰਦਾ ਤਾਂ ਤਾਂ ਇਹ ਵੀ ਲੰਘ ਜਾਂਦੇ ਇਹ ਮੇਰਾ ਧਿਆਨ ਧਰਦੇ ਸੀ ਮਹਾਰਾਜ! ਮਰਣ ਸਮੇਂ ਮੇਰੀ ਬਿਰਤੀ ਮਾਇਆ ਵਿਚ ਰਹਿਣ ਕਰਕੇ ਮੇਰੀ ਇਹ ਹਾਲਤ ਹੋਈ। ਰੱਬੀ ਅਸੂਲ ਇਹ ਹੈ ਕਿ ਜੇ ਕਿਸੇ ਬੰਦੇ ਦੀ ਅੰਤ ਸਮੇਂ ਬਿਰਤੀ ਮਾਇਆ ਵਿਚ ਰਹਿ ਜਾਵੇ ਉਸ ਦੀ ਗਤੀ ਕੀ ਹੁੰਦੀ ਹੈ-

*ਅੰਤਿ ਕਾਲਿ ਜੋ ਲਛਮੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਸਰਪ ਜੋਨਿ ਵਲਿ ਵਲਿ ਅਉਤਰੈ॥ ਅੰਗ - 526*

ਸੱਪ ਬਣਿਆ ਫਿਰਦਾ ਹੈ।

ਕਹਿੰਦਾ, "ਮਹਾਰਾਜ! ਮੈਂ ਸੱਪ ਬਣ ਗਿਆ। ਇਹ ਤੁਹਾਡੀ ਕ੍ਰਿਪਾ ਹੋ

ਗਈ, ਬੜੀ ਦੇਰ ਦਾ ਮੈਂ ਦੁਖ ਕਟਦਾ ਹਾਂ। ਆਪ ਨੇ ਕਿਰਪਾ ਕਰਕੇ ਆਪਣੇ ਦਸਤੇ ਮੁਬਾਰਕ ਨਾਲ ਮੇਰਾ ਸਿਰ ਕੱਟ ਕੇ ਮੈਨੂੰ ਛੁਡਾ ਦਿੱਤਾ ਇਸ ਨਖਿਧ ਜੂਨੀ ਵਿਚੋਂ।"

ਕਹਿੰਦੇ, "ਸਰੀਰ ਵਿਚ ਗਲੀਆਂ ਕਿਉਂ ਹੋਈਆਂ ਹੋਈਆਂ ਨੇ?"

ਕਹਿੰਦਾ, "ਸੱਚੇ ਪਾਤਸ਼ਾਹ! ਇਹ ਜਿਹੜੇ ਮੈਨੂੰ ਧਨ ਦਿੰਦੇ ਸੀ, ਪੈਸੇ ਦਿੰਦੇ ਸੀ, ਮੈਂ ਇਨ੍ਹਾਂ ਦਾ ਕੁਝ ਸੰਵਾਰ ਤਾਂ ਸਕਿਆ ਨਾ, ਆਪ ਹੀ ਖਾਂਦਾ ਪੀਦਾ ਰਿਹਾ। ਹੁਣ ਇਹ ਮੇਰਾ ਧਿਆਨ ਧਰਦੇ ਨੇ, ਜਿਹੜਾ ਮਰਦਾ ਹੈ, ਮੇਰੇ ਸਰੀਰ ਵਿੱਚ ਆ ਜਾਂਦਾ ਹੈ ਕੀੜਾ ਬਣ ਕੇ। ਮਹਾਰਾਜ! ਇਹ ਮੇਰਾ ਮਾਸ ਤੋੜ ਤੋੜ ਖਾ ਰਹੇ ਨੇ, ਇਨ੍ਹਾਂ ਦਾ ਵੀ ਉਧਾਰ ਕਰ ਦੇਵੋ।"

ਮਹਾਰਾਜ ਕਹਿੰਦੇ, "ਜਲ ਦਾ ਛਿੱਟਾ ਦੇ ਦਿਓ ਭਾਈ ਵਾਹਿਗੁਰੂ ਕਹਿ ਕੇ।"

ਕਿਉਂਕਿ ਗੁਰੂ ਦਾ ਕੰਮ ਹੀ ਏਹੋ ਹੁੰਦਾ ਹੈ ਕਿ ਜਿਹੜੇ ਭੁਲੇ ਭਟਕੇ ਸੰਸਾਰ ਦੇ ਜੀਵ ਨੇ ਉਨ੍ਹਾਂ ਨੂੰ ਕਿਸੇ ਪਾਸੇ ਲਗਾਣਾ।

ਇਕ ਹੋਇਆ ਕਰਦਾ ਹੈ ਪੰਡਤ ਗੁਰੂ। ਉਹ ਜਾਣਦਾ ਸਭ ਕੁਝ ਹੁੰਦਾ ਹੈ ਲੇਕਿਨ ਅਧਿਕਾਰ ਨਹੀਂ ਉਸਦੇ ਕੋਲ ਹੁੰਦੀ। ਚੌਥਾ ਹੋਇਆ ਕਰਦਾ ਹੈ ਸਮਰੱਥ ਗੁਰੂ। ਸਮਰੱਥ ਗੁਰੂ ਨੂੰ ਪ੍ਰਮੇਸ਼ਰ ਵਲੋਂ ਪਦਵੀ ਪ੍ਰਾਪਤ ਹੁੰਦੀ ਹੈ ਕਿੱਡੀ ਉੱਚੀ ਹੁੰਦੀ ਹੈ? ਪ੍ਰਮੇਸ਼ਰ ਹੀ ਹੁੰਦਾ ਹੈ ਉਹ ਇਕ ਤਰ੍ਹਾਂ –

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ॥*** ***ਅੰਗ – 442***

ਕਹਿੰਦੇ ਗੁਰੂ ਦਾ ਤੇ ਪ੍ਰਮੇਸ਼ਰ ਦਾ ਕੋਈ ਭੇਦ ਨਹੀਂ ਹੋਇਆ ਕਰਦਾ ਇਕੋ ਹੁੰਦੇ ਨੇ। ਜਿਹੜਾ ਗੁਰੂ ਨੂੰ ਮਨੁੱਖ ਕਰਕੇ ਦੇਖਦਾ ਹੈ, ਪ੍ਰਮੇਸ਼ਰ ਨੂੰ ਅੱਡ ਦੇਖਦਾ ਹੈ, ਉਸ ਦਾ ਕਦੇ ਵੀ ਉਧਾਰ ਨਹੀਂ ਹੁੰਦਾ, ਉਸ ਨੂੰ ਨਰਕਾਂ ਵਿੱਚ ਜਾਣਾ ਪੈਂਦਾ ਹੈ। ਇਸ ਵਾਸਤੇ ਜੋ ਗੁਰੂ ਤੇ ਨਿਸਚਾ ਹੈ ਉਹ ਪੂਰੇ ਗੁਰੂ ਤੇ ਹੀ ਹੋਣਾ ਚਾਹੀਦਾ ਹੈ –

ਸੋ ਗੁਰੂ ਦੀ ਲੋੜ ਹੈ। ਗੁਰੂ ਕਿਹੋ ਜਿਹਾ ਹੋਣਾ ਚਾਹੀਦਾ ਹੈ। ਭਾਈ ਗੁਰਦਾਸ ਜੀ ਉਸ ਦੇ ਬਾਰੇ ਇਸ ਤਰ੍ਹਾਂ ਦਾ ਫੁਰਮਾਨ ਕਰਦੇ ਨੇ –

***ਧਾਰਨਾ – ਨਿਰਵੈਰ ਨਿਰਾਲਾ ਜੀ –2, 2.***
***ਸਤਿਗੁਰ ਪੁਰਖ ਅਗੰਮ ਹੈ –2, 4.***

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮਾਲਾ।*
*ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹਕਾਲਾ॥*
*ਭਾਈ ਗੁਰਦਾਸ ਜੀ ਦੀ ਵਾਰ34/1*

ਵਿਸ਼ੇਸ਼ ਗੁਣ ਹਨ ਸਮਰੱਥ ਗੁਰੂ ਵਿੱਚ। ਗੁਰਬਾਣੀ ਦੇ ਅੰਦਰ ਫੁਰਮਾਨ ਆਉਂਦਾ ਹੈ ਕਿ –

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ॥* *ਅੰਗ – 1291*

ਆਹ ਜਿਹੜਾ ਸਰੀਰ ਹੈ ਜਿਸ ਦੇ ਵਿਚ ਜੀਵ ਆਤਮਾ ਹੈ ਇਸ ਦਾ ਇਹ ਘਰ ਹੈ।

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ॥* *ਅੰਗ – 954*

ਇਸੇ ਘਰ ਦੇ ਵਿੱਚ ਵਾਹਿਗੁਰੂ ਦਾ ਘਰ ਹੈ।

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ॥* *ਅੰਗ – 1033*

ਜਿਹੜਾ ਪ੍ਰਮੇਸ਼ਰ ਦੇ ਘਰ ਨੂੰ ਦਿਖਾ ਦੇਵੇ ਉਹ ਗੁਰੂ ਹੋਇਆ ਕਰਦਾ ਹੈ। ਸਮਰੱਥ ਤੋਂ ਬਿਨਾਂ ਦਿਖਾ ਨਹੀਂ ਸਕਦਾ ਕੋਈ। ਉਹ ਸਾਰੀਆਂ ਨਿਸ਼ਾਨੀਆਂ ਹੀ ਨਹੀਂ ਆਉਂਦੀਆਂ ਜਿਹੜੀਆਂ ਸਮਰੱਥ ਸਤਿਗੁਰੂ ਪ੍ਰਗਟ ਕਰ ਦਿੰਦਾ ਹੈ ਸਰੀਰ ਦੇ ਅੰਦਰੋਂ। ਉਹ ਗੁਰੂ ਹੋਇਆ ਕਰਦਾ ਹੈ ਉਸ ਦੀ ਕਿਰਿਆ ਨੂੰ ਕੋਈ ਜਾਣਦਾ ਨਹੀਂ –

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।* *ਭਾਈ ਗੁਰਦਾਸ ਜੀ ਦੀ ਵਾਰ34/1*

ਨਿਰਵੈਰ ਹੁੰਦਾ ਹੈ ਤੇ ਨਿਰਾਲਾ ਕੌਤਕ ਹੁੰਦਾ ਹੈ ਤੇ ਧਰਤੀ ਹੁੰਦੀ ਹੈ ਧਰਮ ਦੀ। ਜਿਹੋ ਜਿਹਾ ਉਸ ਦੇ ਵਿਚ ਬੀਜ ਪਾ ਦਿਓ ਉਹੋ ਜਿਹਾ ਉਸ ਦੇ ਵਿੱਚ ਪ੍ਰਗਟ ਹੋ ਜਾਏਗਾ। ਸ਼ੀਸ਼ੇ ਵਰਗਾ ਹੁੰਦਾ ਹੈ। ਜੇ ਮੂੰਹ ਚੰਗਾ ਕਰਕੇ ਦੇਖੋ ਚੰਗਾ ਨਜ਼ਰ ਆਏਗਾ, ਮਾੜਾ ਦੇਖੋ ਤਾਂ ਮਾੜਾ। ਸੇਵਕ ਨੂੰ ਛੁਡਾ ਦਿੰਦਾ ਹੈ ਦਰਗਾਹ ਵਿਚ, ਇਥੇ ਵੀ ਛਡਾ ਦਿੰਦਾ ਹੈ। ਗੁਰੂ ਦਾ ਤੇ ਸਿੱਖ ਦਾ ਸੰਬੰਧ ਇਹ ਹੁੰਦਾ ਹੈ ਗੁਰੂ ਜਿਹੜਾ ਹੈ –

*ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ॥*

*ਅੰਗ - 286*

ਆਪਣੇ ਸਿੱਖ ਨੂੰ ਕਦੇ ਘਾਟਾ ਨਹੀਂ ਪੈਣ ਦਿੰਦਾ, ਕਦੇ ਉਸ ਨੂੰ ਵਿਘਨਾਂ ਵਿੱਚ ਨਹੀਂ ਜਾਣ ਦਿੰਦਾ, ਕਦੇ ਉਸ ਨੂੰ ਗਿਰਨ ਨਹੀਂ ਦਿੰਦਾ ਬਚਾ ਲੈਂਦਾ ਹੈ। ਗੁਰੂ ਦਾ ਸਿਖ ਦੇ ਨਾਲ ਰਿਸ਼ਤਾ ਐਨਾ ਗਾੜ੍ਹਾ ਹੁੰਦਾ ਹੈ ਕਿ ਗੁਰੂ ਸਿੱਖ ਦੀ ਗੱਲ ਮੰਨਦਾ ਹੈ, ਹਰ ਵਕਤ ਉਸ ਦੇ ਉੱਤੇ ਨਿਗ੍ਹਾ ਰਖਦਾ ਹੈ।

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥*
*ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ॥*

*ਅੰਗ - 394*

ਐਸੇ ਇਤਿਹਾਸ ਦੇ ਅੰਦਰ ਬਹੁਤ ਸਾਰੇ ਬਚਨ ਆਉਂਦੇ ਨੇ। ਗੁਰੂ ਦਸਮੇਸ਼ ਪਿਤਾ ਜੀ ਦੇ ਵੇਲੇ, ਚੰਡੀਗੜ੍ਹ ਤੋਂ 25 ਮੀਲ ਤੇ ਪਉਂਟੇ ਸਾਹਿਬ ਵੱਲ ਇਕ ਨਿੱਕਾ ਜਿਹਾ ਸ਼ਹਿਰ ਹੁੰਦਾ ਸੀ, ਹੁਣ ਤਾਂ ਥੋੜ੍ਹਾ ਜਿਹਾ ਜਿਆਦਾ ਵਧ ਗਿਆ, ਅਜੇ ਵੀ ਛੋਟਾ ਹੀ ਹੈ ਉਸ ਨੂੰ ਰਾਏਪੁਰ ਰਾਣੀ ਕਹਿੰਦੇ ਸੀ। ਉਥੇ ਇਕ ਰਾਣੀ ਰਾਜ ਕਰਿਆ ਕਰਦੀ ਸੀ ਤੇ ਰਾਏਪੁਰ ਨਗਰ ਦਾ ਨਾਉਂ ਸੀ। ਛੋਟਾ ਜਿਹਾ ਕਿਲ੍ਹਾ ਉਸ ਦਾ। ਉਸ ਥਾਂ ਤੇ ਇਕ ਬੜਾ ਸੋਹਣਾ ਸੁਧਰਿਆ ਹੋਇਆ ਪਰਿਵਾਰ ਰਹਿੰਦਾ ਸੀ। ਘਰ ਵਾਲੇ ਦਾ ਨਾਂ ਸੋਹਣਾ ਸੀ ਤੇ ਜਿਹੜੀ ਬੀਬੀ ਸੀ ਉਸ ਦੇ ਘਰੋਂ ਉਸ ਦਾ ਨਾਮ ਮੋਹਣਾ ਸੀ। ਉਨ੍ਹਾਂ ਨੂੰ ਸ਼ੌਕ ਲੱਗ ਗਿਆ ਕਿ ਵਾਹਿਗੁਰੂ ਦੇ ਦਰਸ਼ਨ ਕਰਨੇ ਨੇ ਤੇ ਇਸੇ ਜਨਮ ਵਿੱਚ ਕਰਨੇ ਨੇ ਕਿਉਂਕਿ ਇਹ ਬਾਰ ਬਾਰ ਨਹੀਂ ਸਰੀਰ ਮਿਲਦਾ ਸਾਧ ਸੰਗਤ ਜੀ!

*ਕਬੀਰ ਮਾਨਸ ਜਨਮੁ ਦੁਲੰਭੁ ਹੈ*
*ਹੋਇ ਨ ਬਾਰੈ ਬਾਰ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ*
*ਬਹੁਰਿ ਨ ਲਾਗਹਿ ਡਾਰ॥* *ਅੰਗ - 1366*

ਇਹ ਬਾਰ ਬਾਰ ਨਹੀਂ ਮਿਲਦਾ, ਆਹੀ ਸਮਾਂ ਹੈ, ਇਸੇ ਜਨਮ ਵਿੱਚ ਚਾਹੇ ਤਾਂ ਮਿਲ ਜਾਓ, ਨਹੀਂ ਤਾਂ ਪਤਾ ਨਹੀਂ ਕਿਥੇ ਜਨਮ ਹੋਵੇ, ਫੇਰ ਨੌ ਮਹੀਨੇ ਮਾਤਾ ਦੇ ਪੇਟ ਵਿਚ ਪੁੱਠੇ ਲਟਕੋ, ਗਰੀਬ ਘਰ ਨਾਲ ਵਾਹ ਪੈ ਜਾਏ ਜਾਂ ਕਿਸੇ ਹੋਰ ਘਰ ਨਾਲ ਵਾਹ ਪੈ ਜਾਏ। ਜੇ ਹੁਣ ਹੈ ਤਾਂ ਕਹਿੰਦੇ ਹੁਣ ਮਿਲ ਸਕਦਾ ਹੈ। ਇਸ ਦੇ ਵਿੱਚ ਇਹ ਦੀਵਾਰ ਨਹੀਂ ਕੀਤੀ, ਬਹੁਤ ਸਾਰੇ ਪ੍ਰੇਮੀ ਦਿਲ ਤੋੜ ਦਿੰਦੇ ਨੇ ਇਹ ਗੱਲਾਂ ਕਰਕੇ ਕਿ ਭਾਈ ਉਸ ਨੇ 100 ਜਨਮ ਤਪਸਿਆ ਕੀਤੀ, ਨਾ ਇਨ੍ਹਾਂ ਗੱਲਾਂ ਵਿਚ ਨਹੀਂ ਆਉਂਦਾ, ਵਾਹਿਗੁਰੂ ਹੈ ਪਿਆਰ ਦੇ ਵਸ ਵਿੱਚ।

*ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ*
*ਤਿਨ ਹੀ ਪ੍ਰਭੁ ਪਾਇਓ॥* *ਤ੍ਵਪ੍ਰਸਾਦਿ ਸ੍ਵਯੈ*

ਕਿਥੇ ਲਿਖਿਆ ਹੋਇਆ ਹੈ ਕਿ ਜਿਸ ਨੇ ਤਪਸਿਆ ਕਰੀ ਹੈ ਉਸ ਨੂੰ ਮਿਲਦਾ ਹੈ, ਕਿਤੇ ਦਿਖਾ ਦਿਓ ਮੈਨੂੰ, ਹੋਰ ਕਿਸੇ ਤਰੀਕੇ ਨਾਲ ਮਿਲਦਾ ਹੀ ਨਹੀਂ। ਜੇ ਬਹੁਤੇ ਜਾਪ ਹੀ ਕਰੀ ਜਾਂਦਾ ਹੈ ਮਹਾਰਾਜ ਕਹਿੰਦੇ ਨਹੀਂ, ਆਹ!

ਇਕ ਪੰਛੀ 'ਤੂੰ ਹੀ, ਤੂੰ ਹੀ' ਕਰੀ ਜਾਂਦਾ ਹੈ। ਉਹ ਭਾਵਨਾ ਅੰਦਰ ਹੋਣੀ ਚਾਹੀਦੀ ਹੈ, ਭਾਵਨਾ ਦੇ ਨਾਲ ਇਸੇ ਜਨਮ ਵਿਚ ਕਾਰੋਬਾਰ ਕਰਦੇ ਹੋਏ -

*ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ*
*ਖਾਵੰਦਿਆ ਵਿਚੇ ਹੋਵੈ ਮੁਕਤਿ॥ ਅੰਗ - 522*

ਮਹਾਰਾਜ ਨੇ ਸਾਨੂੰ ਵੱਖਰਾ ਨਹੀਂ ਕਰਿਆ ਸਮਾਜ ਤੋਂ, ਜੰਗਲਾਂ ਵਿਚ ਜਾਣ ਦਾ ਕਿਤੇ ਸਾਨੂੰ ਆਦੇਸ਼ ਨਹੀਂ ਦਿੱਤਾ, ਹਾਂ ਇਹ ਆਦੇਸ਼ ਦਿੱਤਾ ਹੈ ਕਿ ਅੰਮ੍ਰਿਤ ਵੇਲੇ ਜਾਗੋ।

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਅੰਗ-305*

ਇਹ ਇਕ ਨਿਤਨੇਮ ਬਣਾ ਦਿੱਤਾ ਕਿ ਕੰਮ ਵੀ ਕਰੋ ਤੇ ਤੁਸੀਂ ਪ੍ਰਮੇਸ਼ਰ ਤਕ ਪਹੁੰਚ ਸਕਦੇ ਹੋ, ਪ੍ਰਮੇਸ਼ਰ ਦੂਰ ਨਹੀਂ ਬਿਲਕੁਲ ਤੁਹਾਡੇ ਨਾਲ ਹੈ। ਕਿੰਨਾ ਨਾਲ ਹੈ? ਹੁਣ ਤਾਂ ਪਲਾਸਟਿਕ ਦਾ ਕਾਗਜ਼ ਆ ਗਿਆ ਜਿਹੜਾ ਪਤਲੇ ਤੋਂ ਪਤਲਾ ਹੈ। ਪਹਿਲਾਂ ਭੰਬੀਰੀ ਦਾ ਜਿਹੜਾ ਫੰਘ ਸੀ ਉਸ ਨੂੰ ਪਤਲੇ ਤੋਂ ਪਤਲਾ ਗਿਣਦੇ ਹੁੰਦੇ। ਮਹਾਰਾਜ ਕਹਿੰਦੇ ਐਨਾ ਪਤਲਾ ਹੈ -

*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥*
*ਅੰਗ - 624*

ਜਿੰਨੀ ਫੰਘ (ਖੰਭ) ਦੀ ਮੋਟਾਈ ਹੈ ਐਨਾ ਰੱਬ ਦਾ ਤੇ ਤੁਹਾਡਾ ਫਰਕ ਹੈ, ਆਪਸ ਵਿਚ ਜੋੜ ਨਹੀਂ ਜੁੜਿਆ ਹੋਇਆ ਤੇ ਫੇਰ ਕਹਿੰਦੇ ਨੇ ਇਕੋ ਹੀ ਪਲੰਘ ਦੇ ਉਤੇ ਦੋ ਰਹਿੰਦੇ ਨੇ। ਇਕੋ ਸੇਜਾ ਹੈ ਦੋਹਾਂ ਦੀ, ਅੰਤਸ਼ਕਰਨ ਉਸ ਦੀ ਸੇਜਾ ਹੈ, ਅੰਤਸ਼ਕਰਨ ਜੀਵ ਦੀ ਸੇਜਾ ਹੈ, ਲੇਕਿਨ ਵਿਚਾਲੇ ਇਕ ਵੱਟ ਪਾਈ ਹੋਈ ਹੈ ਜੀਵ ਨੇ, ਵਾਹਿਗੁਰੂ ਨੇ ਨਹੀਂ ਪਾਈ, ਇਸ ਜੀਵ ਨੇ ਪਾ ਲਈ। ਕਹਿੰਦੇ -

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ॥ ਅੰਗ - 1263*

ਗੱਲ ਸਮਝੋ ਮੇਰੀ, ਹਉਮੈ ਦੀ ਕੰਧ ਬਣਾ ਲਈ ਅਸੀਂ, ਇਹ ਜਿਹੜਾ ਭੰਬੀਰੀ ਦਾ ਫੰਘ ਹੈ ਜਾਂ ਪਲਾਸਟਿਕ ਪਤਲਾ ਜਿਹਾ ਐਨੀ ਕੁ ਮੋਟੀ ਕੰਧ ਬਣਾ ਲਈ। ਇਹ ਟੁਟਦੀ ਨਹੀਂ ਹੈ -

*ਗੁਰਿ ਪੂਰੈ ਹਉਮੈ ਭੀਤਿ ਤੋਰੀ.......॥*
*ਅੰਗ - 1263*

ਜਿੰਨਾ ਚਿਰ ਪੂਰਾ ਗੁਰੂ ਨਹੀਂ ਮਿਲਦਾ, ਉਹ ਕੰਧ ਦੇ ਵਿਚ ਛੇਕ ਨਹੀਂ ਕਰ ਸਕਦਾ, ਤੋੜ ਨਹੀਂ ਸਕਦਾ ਐਨੀ ਮਜਬੂਤ ਹੈ -

*.......... ਜਨ ਨਾਨਕ ਮਿਲੇ ਬਨਵਾਰੀ॥*

***ਅੰਗ - 1263***

ਹੁਣ ਇਸ ਗੱਲ ਦਾ ਤਾਂ ਸਾਨੂੰ ਪਤਾ ਲੱਗ ਗਿਆ ਕਿ ਨਾ ਤਾਂ ਉਹ ਜੰਗਲਾਂ ਵਿਚ ਹੈ, ਨਾ ਪਹਾੜਾਂ ਵਿਚ ਹੈ, ਬਹੁਤ ਸਾਰੇ ਪ੍ਰੇਮੀਆਂ ਦੇ ਐਸੇ ਨਿਸਚੇ ਹੁੰਦੇ ਨੇ, ਠੀਕ ਨੇ ਉਹ ਵੀ ਨਿਸਚੇ ਬਹੁਤ ਵਧੀਆ ਨੇ ਕਿਉਂਕਿ ਹਰ ਸਟੇਜ ਦਾ ਬੰਦਾ ਹੁੰਦਾ ਹੈ, ਆਪਣੀ ਸਟੇਜ ਦੇ ਮੁਤਾਬਕ ਉਸ ਦੇ ਨਿਸਚੇ ਕਾਇਮ ਹੋਇਆ ਕਰਦੇ ਨੇ। ਸਾਡਾ ਨਿਸਚਾ ਹੈ ਕਿ ਗੁਰੂ ਦਸਵੇਂ ਪਾਤਸ਼ਾਹ ਹਜ਼ੂਰ ਸਾਹਿਬ ਰਹਿੰਦੇ ਨੇ। ਦੂਜਾ ਨਿਸਚਾ ਹੋਰ ਹੈ। ਉਹ ਕਹਿੰਦੇ, ਨਹੀਂ, ਉਥੇ ਨਹੀਂ ਰਹਿੰਦੇ ਗੁਰੂ ਸਾਹਿਬ ਤਾਂ ਹੇਮਕੁੰਟ ਰਹਿੰਦੇ ਨੇ। ਇਸਲਾਮ ਵਾਲਿਆਂ ਦਾ ਨਿਸਚਾ ਹੈ ਕਿ ਅੱਲਾ ਤਾਲਾ ਕਾਅਬਾ ਸ਼ਰੀਫ ਵਿਚ ਰਹਿੰਦਾ ਹੈ। ਕਬੀਰ ਸਾਹਿਬ ਇਸ ਗੱਲ ਨੂੰ ਬੜੇ ਵਿਅੰਗਕ ਢੰਗ ਦੇ ਨਾਲ ਸਮਝਾਉਂਦੇ ਹਨ। ਕਹਿੰਦੇ ਮੈਨੂੰ ਕਿਹਾ ਕਿ ਹੱਜ ਕਰ ਆ, ਉਥੇ ਰੱਬ ਦੇ ਦਰਸ਼ਨ ਕਰ ਆ। ਜਦੋਂ ਬਾਰ-ਬਾਰ ਇਸਲਾਮ ਵਾਲੇ ਕਹੀ ਗਏ ਮੈਂ ਕਿਹਾ ਚੰਗਾ ਚਲਦੇ ਹਾਂ ਫੇਰ ਆਪਾਂ। ਮੈਂ ਵੀ ਤਿਆਰੀ ਕਰ ਲਈ ਤੇ ਹੱਜ ਕਰਨ ਵਾਸਤੇ ਤੁਰ ਪਿਆ। ਜਦੋਂ ਮੈਂ ਕਾਂਸ਼ੀ ਤੋਂ ਬਾਹਰ ਨਿਕਲਿਆ ਮੈਂ ਕੀ ਦੇਖਦਾ ਹਾਂ ਰੱਬ ਸਾਹਮਣੇ ਹੀ ਆ ਗਿਆ ਮੇਰੇ। ਮੇਰੇ ਨਾਲ ਬਹੁਤ ਬੁਰੀ ਤਰ੍ਹਾਂ ਨਾਲ ਲੜ ਪਿਆ। ਕਹਿੰਦਾ ਓ ਕਬੀਰ! ਇਹ ਤਾਂ ਅੰਨ੍ਹੇ ਨੇ ਸਾਰੇ, ਤੂੰ ਵੀ ਅੰਨ੍ਹਾ ਹੈਂ? ਤੈਨੂੰ ਤਾਂ ਮੈਂ ਨੇਤਰ ਦਿੱਤੇ ਹੋਏ ਨੇ, ਤੂੰ ਤਾਂ ਮੈਨੂੰ ਰੋਜ਼ ਦੇਖਦਾ ਹੈਂ, ਤੈਨੂੰ ਕਿਵੇਂ ਭੁਲੇਖਾ ਪੈ ਗਿਆ ਕਿ ਮੈਂ ਉਥੇ ਹਾਂ -

***ਕਬੀਰ ਹਜ ਕਾਬੇ ਹਉ ਜਾਇ ਥਾ***
***ਆਗੈ ਮਿਲਿਆ ਖੁਦਾਇ॥***
***ਸਾਂਈ ਮੁਝ ਸਿਉ ਲਰਿ ਪਰਿਆ***
***ਤੁਝੈ ਕਿਨਿ ਫੁਰਮਾਈ ਗਾਇ॥ ਅੰਗ - 1375***

ਤੈਨੂੰ ਕਿਸ ਨੇ ਕਹਿ ਦਿੱਤਾ, ਮੈਂ ਤਾਂ ਘਟ-ਘਟ ਦੇ ਵਿਚ ਵਿਆਪਕ ਹਰੇਕ ਦੇ ਨਾਲ, ਅੰਦਰ ਰਹਿੰਦਾ ਹਾਂ, ਮੈਂ ਹੀ ਸ਼ਕਤੀ ਦਿੰਦਾ ਹਾਂ ਅੱਖਾਂ ਨੂੰ ਦੇਖਣ ਦੀ, ਕੰਨਾ ਨੂੰ ਸੁਣਨ ਦੀ, ਜੁਬਾਨ ਨੂੰ ਬੋਲਣ ਦੀ, ਦਿਮਾਗ ਵਿਚ ਸੋਚਣ ਦੀ, ਬੁੱਧੀ ਦਿੰਦਾ ਹਾਂ, ਮਨ ਦਿੰਦਾ ਹਾਂ, ਸਾਰਾ ਕੁਝ ਤਾਂ ਮੈਂ ਕਰ ਰਿਹਾ ਹਾਂ, ਮੈਨੂੰ ਹੀ ਨਹੀਂ ਪਛਾਣ ਰਹੇ, ਤੂੰ ਤਾਂ ਜਾਣਦਾ ਸੀ, ਤੂੰ ਕਿਉਂ ਚਲਿਆ? ਇਕ ਵਿਅੰਗ ਭਾਵ ਦੀ ਗੱਲ ਉਨ੍ਹਾਂ ਨੇ ਕਹੀ ਹੈ ਤਾਂ ਕਿ ਸਾਡੀ ਸਮਝ ਵਿਚ ਆ ਜਾਵੇ -

***ਕਬੀਰ ਮੁਲਾਂ ਮੁਨਾਰੇ ਕਿਆ ਚਢਹਿ***
***ਸਾਂਈ ਨ ਬਹਰਾ ਹੋਇ॥***
***ਜਾ ਕਾਰਨਿ ਤੂੰ ਬਾਂਗ ਦੇਹਿ***
***ਦਿਲ ਹੀ ਭੀਤਰਿ ਜੋਇ॥ ਅੰਗ - 1374***

ਐਨੀਆਂ ਉਚੀ-ਉੱਚੀ ਬਾਂਗਾਂ ਦਿੰਦਾ ਹੈਂ, ਰੱਬ ਨੂੰ ਸੁਣਾਉਂਦਾ ਹੈਂ ਰੱਬ ਬਹਿਰਾ (ਬੋਲਾ) ਹੈ? ਬੋਲਾ ਤਾਂ ਨਹੀਂ ਹੈ ਕਿ ਐਡੀ ਉੱਚੀ ਆਵਾਜ਼ ਨਾਲ ਹੀ ਉਸ ਨੂੰ ਸੁਣਦਾ ਹੈ। ਉਸ ਦੇ ਤਾਂ ਕੰਨ ਐਨੇ ਵਧੀਆ ਨੇ ਕਿ-

*ਹਾਥੀ ਕੀ ਚਿਘਾਰ ਪਲ ਪਾਛੈ ਪਹੁਚਤ ਤਾਹਿ*
*ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ॥* *ਅਕਾਲ ਉਸਤਤਿ*

ਉਹ ਐਨਾ ਨੇੜੇ ਹੈ, ਉਸ ਦੇ ਨਾਲੋਂ ਨੇੜੇ ਹੋਰ ਕੋਈ ਚੀਜ਼ ਨਹੀਂ ਦੁਨੀਆ ਦੀ, ਕੋਈ ਨਹੀਂ ਹੈ। ਐਨਾ ਨੇੜੇ ਰਹਿੰਦਾ ਹੋਏ ਫੇਰ ਤਾਂ ਸਾਨੂੰ ਬੜਾ ਹੀ ਸੁਖਾਲਾ ਹੈ। ਨੇੜੇ ਹੈ ਮਨੁੱਖਾ ਜਨਮ ਵਿਚ, ਫੇਰ ਨਹੀਂ ਹੈ, ਫੇਰ ਫਰਕ ਪੈ ਜਾਂਦਾ ਹੈ। ਜੇ ਬਲਦ ਕਹੇ ਮੈਂ ਮਿਲਣਾ ਹੈ ਰੱਬ ਨੂੰ, ਉਹ ਨਹੀਂ ਮਿਲ ਸਕਦਾ, ਹਾਥੀ ਕਹੇ ਮੈਂ ਮਿਲਣਾ ਹੈ, ਨਹੀਂ ਮਿਲ ਸਕਦਾ ਕਿਉਂਕਿ ਫਰਕ ਪੈ ਗਿਆ। ਕੇਵਲ ਹੁਣ ਜਿਹੜਾ ਤੁਹਾਡਾ ਆਹ ਜਨਮ ਹੈ ਮਹਾਰਾਜ ਕਹਿੰਦੇ, ਆਹੀ ਲਾਹੇਵੰਦ ਕਰਨਾ ਹੈ, ਤੇਰੇ ਨਾਲ ਹੀ ਹੈ ਰੱਬ, ਤੂੰ ਛੂਹ ਰਿਹਾ ਹੈਂ ਰੱਬ ਨੂੰ ਹਰ ਰੋਜ਼, ਤੂੰ ਰੋਜ਼ ਸੁਣ ਰਿਹਾ ਹੈਂ, ਉਸ ਦੀ ਸ਼ਕਤੀ ਤੇਰੇ ਵਿੱਚ ਆ ਰਹੀ ਹੈ –

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥* *ਅੰਗ – 12*

ਤੇਰੀ ਵਾਰੀ ਆਈ ਹੋਈ ਹੈ ਪਿਆਰਿਆ ਲਾਭ ਲੈ ਪਿਆਰਿਆ। ਜੇ ਵਾਰੀ ਲੰਘ ਗਈ ਫੇਰ ਤੂੰ ਪਛਤਾਏਂਗਾ। ਕਹਿੰਦੇ, "ਮਹਾਰਾਜ! ਫੇਰ ਕਾਰੋਬਾਰ ਛੱਡ ਦੇਈਏ, ਕੰਮ ਛੱਡ ਦੇਈਏ?" ਮਹਾਰਾਜ ਕਹਿੰਦੇ, "ਤੈਨੂੰ ਕੌਣ ਕਹਿੰਦਾ ਹੈ? ਕੰਮ ਕਰ।"

*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ॥*
*ਅੰਗ – 1376*

ਚਿਤ ਨੂੰ ਸੁਧਾਰ ਲੈ, ਚਿਤ ਨੂੰ ਮਨਾ ਲੈ ਕਿ ਰੱਬ ਦੇ ਨਾਲ ਲਾ ਕੇ ਰੱਖਣਾ ਹੈ, ਆਲਸੀ ਨਹੀਂ ਬਣਾਉਂਦੇ ਗੁਰੂ ਸਾਹਿਬ। ਮਹਾਰਾਜ ਕਹਿੰਦੇ ਕਿਰਤ ਕਰ, ਜੀਅ ਲਾ ਕੇ ਕਰ–

*ਕਮਾਵਦਿਆ ਸੁਖ ਭੁੰਚੁ॥* *ਅੰਗ – 522*

ਕਮਾ ਜਿੰਨਾ ਕਮਾ ਸਕਦਾ ਹੈਂ, ਨੇਕੀ ਦੀ ਕਮਾਈ ਕਰਕੇ ਕਮਾ। ਇਸ ਦੇ ਵਿਚੋਂ ਇਕ ਗੱਲ ਕਰੀਂ। ਤੈਨੂੰ ਦਿੰਦਾ ਹੈ ਵਾਹਿਗੁਰੂ, ਇਹ ਵੰਡ ਕੇ ਖਾਈਂ, ਇਕੱਲਾ ਨਾ ਖਾ ਲਈਂ। ਕਿਰਤ ਕਰਨੀ, ਨਾਮ ਜਪਣਾ, ਵੰਡ ਕੇ ਛਕਣਾ ਇਕ ਸਾਡੀ ਜੀਵਨ ਜਾਚ ਹੈ, ਪ੍ਰਾਪਤੀ ਨਹੀਂ ਹੈ।

ਸੋ ਇਸ ਤਰ੍ਹਾਂ ਜਿਹੜਾ ਸਮਰੱਥ ਗੁਰੂ ਹੈ, ਉਹ ਅੰਦਰ ਪ੍ਰਮੇਸ਼ਰ ਦਿਖਾ ਦਿੰਦਾ ਹੈ, ਕੰਧ ਤੋੜ ਦਿੰਦਾ ਹੈ ਜਿਹੜੀ ਹਉਮੈ ਦੀ ਬਣੀ ਹੋਈ ਹੈ। ਉਸ ਤੋਂ ਬਗੈਰ ਨਹੀਂ ਕੋਈ ਤਰੀਕਾ, ਹੋਰ ਹੈ ਹੀ ਨਹੀਂ, ਆਪਣੇ ਆਪ ਤਾਂ ਉਹ ਮਿਲਦਾ ਹੀ ਨਹੀਂ –

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ॥* *ਅੰਗ – 205*

ਇਸ ਦੇ ਬਾਰੇ ਹੋਰ ਵੀ ਮਿਸਾਲਾਂ ਨੇ ਕਿਉਂਕਿ ਜਦੋਂ ਗੱਲ ਸਮਝਾਉਣੀ ਹੁੰਦੀ ਹੈ ਉਦੋਂ ਬਹੁਤ ਸਾਰੀਆਂ ਮਿਸਾਲਾਂ ਲੈਣੀਆਂ ਪੈਂਦੀਆਂ ਹਨ ਤਾਂ ਕਿ ਗੱਲ ਜ਼ਹਿਨਨਸ਼ੀਨ ਹੋ ਜਾਵੇ, ਚੰਗੀ ਤਰ੍ਹਾਂ ਸਮਝ ਵਿਚ ਆ ਜਾਵੇ, ਅਣਜਾਣ ਬੰਦਾ ਵੀ ਸਮਝ ਜਾਵੇ। ਉਹ ਕਹਿੰਦੇ ਪਿਆਰਿਓ! ਰੱਬ ਨੇ ਆਪਣੇ ਘਰ ਨੂੰ ਤਾਲਾ ਲਗਾ ਦਿੱਤਾ। ਤਾਲਾ ਲੱਗੇ ਨੂੰ ਹੋ ਗਏ ਅਰਬਾਂ-ਖਰਬਾਂ ਸਾਲ ਤੇ ਇਸ ਦੀ ਚਾਬੀ ਗੁਰੂ ਕੋਲ ਹੈ। ਜੇ ਤਾਂ ਗੁਰੂ ਕੋਲ ਜਾ ਕੇ ਤੂੰ ਚਾਬੀ ਲੈ ਸਕੇਂ, ਉਹ ਖੋਲ੍ਹ ਦੇਵੇ ਤੇਰਾ ਤਾਲਾ, ਤੈਨੂੰ ਪ੍ਰਮੇਸ਼ਰ ਅੰਦਰ ਨਜ਼ਰ ਆ ਜਾਏਗਾ। ਹੁਣ ਸ਼ਰਤ ਦਾ ਪਤਾ ਲੱਗ ਗਿਆ ਕਿ ਚਾਬੀ ਗੁਰੂ ਕੋਲ ਹੈ, ਆਪਣੇ ਆਪ ਨਹੀਂ ਮਿਲਦਾ -

***ਅਨਿਕ ਉਪਾਵ ਕਰੇ ਨਹੀ ਪਾਵੈ***
***ਬਿਨੁ ਸਤਿਗੁਰ ਸਰਣਾਈ॥*** ***ਅੰਗ - 205***

ਜਿੰਨਾ ਜੀਅ ਕਰਦਾ ਹੈ ਉਪਾਅ ਕਰ ਲੈ, ਨਹੀਂ ਮਿਲਦਾ, ਕਿਉਂ ਰਸਤਾ ਨਹੀਂ ਪਤਾ ਲਗਦਾ, ਗਲਤ ਰਸਤੇ ਦੇ ਉਤੇ ਆਦਮੀ ਪਏ ਹੋਏ, ਗਲਤ ਧਾਰਨਾਵਾਂ ਨੇ। ਮਿਲਦੇ ਹੈ ਨਹੀਂ। ਜਿੰਨ੍ਹਾਂ ਨੇ ਅੱਖਾਂ ਨਾਲ ਦੇਖ ਲਿਆ ਉਨ੍ਹਾਂ ਦੀ ਗਵਾਹੀ ਸਹੀ ਹੁੰਦੀ ਹੈ -

***ਸੰਤਨ ਕੀ ਸੁਣਿ ਸਾਚੀ ਸਾਖੀ॥*** ***ਅੰਗ - 894***

ਸਾਖੀ ਕਹਿੰਦੇ ਨੇ ਗਵਾਹੀ ਨੂੰ।

***ਸੋ ਬੋਲਹਿ ਜੋ ਪੇਖਹਿ ਆਖੀ॥*** ***ਅੰਗ - 894***

ਜਿਹੜੀ ਅੱਖਾਂ ਨਾਲ ਦੇਖਦੇ ਨੇ ਉਹ ਗੱਲ ਕਰਦੇ ਨੇ, ਸੁਣੀ ਸੁਣਾਈ ਨਹੀਂ ਕਰਦੇ। ਐਹੋ ਜਿਹੇ ਟੋਲ੍ਹ (ਲੱਭ) ਲੈ ਗੁਰਸਿਖ, ਉਨ੍ਹਾਂ ਦੀ ਸੰਗਤ ਕਰ। ਉਨ੍ਹਾਂ ਦੀ ਸੰਗਤ ਵਿਚੋਂ ਤੈਨੂੰ ਪ੍ਰੇਮ ਨਾਲ ਮਿਲੇਗਾ, ਰਸਤਾ ਮਿਲੇਗਾ, ਨਹੀਂ ਤਾਂ ਕੁਰਾਹੇ ਪੈ ਜਾਏਂਗਾ। ਜੇ ਅੰਨ੍ਹਿਆ ਦੀ ਸੰਗਤ ਕਰੇਂਗਾ, ਤੈਨੂੰ ਕੋਈ ਰਾਹ ਨਹੀਂ ਲੱਭਣਾ, ਉਸ ਨੂੰ ਆਪ ਹੀ ਨਹੀਂ ਪਤਾ, ਪੂਰਬ ਕਿਧਰ ਹੈ, ਪੱਛਮ ਕਿਧਰ ਹੈ। ਨੇਤਰ ਨਹੀਂ ਦਿਤੇ ਰੱਬ ਨੇ। ਸੋ ਇਸ ਤਰ੍ਹਾਂ ਜਦੋਂ ਅਸੀਂ ਗੁਰੂ ਨਾਲ ਸੰਬੰਧ ਜੋੜਦੇ ਹਾਂ ਨਾ ਸਾਧ ਸੰਗਤ ਜੀ। ਗੁਰੂ ਜਿਹੜੇ ਨੇ ਉਹ ਸਮਰੱਥ ਨੇ। ਸਿੱਖ ਦੇ ਨਾਲ ਜ਼ਿਆਦਾ ਸੰਬੰਧ ਜੋੜਦੇ ਨੇ। ਇਹ ਸਾਨੂੰ ਨਹੀਂ ਪਤਾ ਕਿ ਅਸੀਂ ਗੁਰੂ ਨਾਲ ਸੰਬੰਧ ਜੋੜਿਆ ਤੇ ਗੁਰੂ ਦਾ ਵੀ ਸਾਡੇ ਨਾਲ ਜੁੜ ਗਿਆ। ਜੇ ਅਸੀਂ ਈਮਾਨਦਾਰ ਹਾਂ ਨਾ ਤਾਂ ਗੁਰੂ ਦਾ ਸੰਬੰਧ ਐਡਾ ਪੀਡਾ ਹੁੰਦਾ ਹੈ -

***ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,***
***ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ।***
***ਕਬਿੱਤ, ਭਾਈ ਗੁਰਦਾਸ ਜੀ***

ਤੁਸੀਂ ਕੋਈ 4 ਮੀਲ ਆਏ ਹੋ, ਕੋਈ 50 ਮੀਲ ਆਏ ਹੋ, ਗੁਰੂ ਓਨਾ ਹੀ ਚਲਿਆ ਕਰਦਾ ਹੈ ਹਜ਼ਾਰਾ ਗੁਣਾ ਤੁਹਾਡੇ ਤੋਂ ਨੇੜੇ ਆ ਕੇ, ਤੁਹਾਨੂੰ ਚੁੱਕਣਾ ਚਾਹੁੰਦਾ ਹੈ ਕਿ ਇਨ੍ਹਾਂ ਨੂੰ ਲੰਘਾ ਦਿਆਂ ਮੈਂ -

***ਭਾਵਨੀ ਭਗਤਿ ਭਾਇ ਕੌਡੀ ਅਗ੍ਰ ਭਾਗ ਰਾਖੈ ..॥*** ***ਕਬਿੱਤ ਭਾਈ ਗੁਰਦਾਸ ਜੀ***

ਪਿਆਰ ਦੇ ਨਾਲ ਜੇ ਇਕ ਕੌਡੀ ਵੀ ਮਹਾਰਾਜ ਨੂੰ ਮੱਥਾ ਟੇਕ ਦੇਵੇ –

*........ ਤਾਹਿ ਗੁਰੁ ਸਰਬ ਨਿਧਾਨ ਦਾਨ ਦੇਤ ਹੈ॥ ਕਬਿੱਤ, ਭਾਈ ਗੁਰਦਾਸ ਜੀ*

ਦਰਵਾਜਾ ਖੋਲ੍ਹ ਦਿੰਦਾ ਹੈ ਰਿੱਧੀਆਂ ਸਿਧੀਆਂ ਦਾ, ਚੁੱਕ ਲੈ, ਜਿਹੜਾ ਕੁਝ ਚੁਕਣਾ ਹੈ, ਐਹੋ ਜਿਹਾ ਦਇਆਲੂ ਹੈ। ਉਹ ਨਹੀਂ ਦੇਖਦਾ, ਉਹ ਭਾਵਨਾ ਦਾ ਬੰਨ੍ਹਿਆ ਹੋਇਆ ਹੈ –

*ਗੋਬਿੰਦ ਭਾਉ ਭਗਤਿ ਦਾ ਭੁਖਾ॥*

*ਭਾਈ ਗੁਰਦਾਸ ਜੀ ਦੀ ਵਾਰ 10/7*

ਸੋ ਗੁਰੂ ਤੇ ਸਿੱਖ ਦਾ ਸੰਬੰਧ ਬਹੁਤ ਹੀ ਪੀਢਾ (ਗੂੜਾ) ਹੈ, ਐਨਾ ਸੰਘਣਾ ਹੈ ਐਨਾ ਨਾ ਮਾਂ ਦਾ ਹੈ, ਨਾ ਪਿਓ ਦਾ ਹੈ, ਨਾ ਕਿਸੇ ਹੋਰ ਦਾ ਹੈ। ਜੇ ਗੁਰੂ ਹੈ ਤਾਂ ਇਹ ਨਾਲ ਰਹਿੰਦਾ ਹੈ, ਹਰ ਥਾਂ ਨਾਲ ਜਾਂਦਾ ਹੈ, ਪੱਕਾ ਸੱਜਣ ਹੈ –

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥*

*ਅੰਗ – 729*

ਮਿੱਤਰ ਉਹ ਜੋ ਮੁਸੀਬਤ ਸਮੇਂ ਕੰਮ ਆਏ, ਉਹ ਸਿਵਾਏ ਗੁਰੂ ਤੋਂ ਹੋਰ ਕੋਈ ਨਹੀਂ। ਜਿਸ ਦੇ ਉਤੇ ਸ਼ਰਧਾ ਹੈ ਉਹ ਛੁਡਾ ਲਏਗਾ।

ਮੈਂ ਆਪਣੇ ਪਿੰਡ ਖੜ੍ਹਾ ਸੀ ਧਮੋਟ। ਉਥੇ ਲਾਲਾ ਅਮਰ ਨਾਥ ਸੀ ਪਿਆ ਮੰਜੇ ਤੇ। ਮੈਨੂੰ ਕਹਿੰਦਾ ਕਿਥੋਂ ਆਇਆ ਹੈਂ ? ਮੈਂ ਕਿਹਾ ਰਾੜੇ ਸਾਹਿਬ ਤੋਂ। ਰੋਣ ਲੱਗ ਗਿਆ। ਸੂਦ ਸੀ। ਮੈਂ ਕਿਹਾ, "ਲਾਲਾ ਜੀ! ਤੁਹਾਡਾ ਵੀ ਕਿਤੇ ਪ੍ਰੇਮ ਹੈ ?" ਕਹਿੰਦਾ, "ਪ੍ਰੇਮ! ਮੇਰੀ ਗੱਲ ਸੁਣ ਲੈ।"

ਕਹਿੰਦਾ, "ਮੈਂ ਬਿਮਾਰ ਹੋ ਗਿਆ ਤੇ ਬਿਮਾਰੀ ਕਰਕੇ ਮੈਂ ਮਰ ਗਿਆ ਤੇ ਮੈਨੂੰ ਆ ਕੇ ਫੜ ਲਿਆ ਜਮਦੂਤਾਂ ਨੇ। ਮੈਂ ਡਰ ਗਿਆ, ਮੈਂ ਬੜੀ ਪੁਕਾਰ ਕਰੀ, ਜਿੰਨਿਆ ਨੂੰ ਮੈਂ ਜਾਣਦਾ ਸੀ ਸਾਰਿਆਂ ਨੂੰ ਕਰੀ ਤੇ ਅਖੀਰ ਤੇ ਮੈਂ ਕਿਹਾ ਕਿ ਹੇ ਰਾੜੇ ਵਾਲੇ ਮਹਾਂਪੁਰਸ਼ੋ! ਮੈਂ ਤੁਹਾਡਾ ਦਰਸ਼ਨ ਕਰਕੇ ਸਹੁਰਿਆਂ ਨੂੰ ਜਾਇਆ ਕਰਦਾ ਸੀ ਤੇ ਤੁਸੀਂ ਹੀ ਬਹੁੜੋ। ਮੈਂ ਹੈਰਾਨ ਹੋ ਗਿਆ। ਇਕ ਦਮ ਬਿਜਲੀ ਜਿਵੇਂ ਚਮਕਦੀ ਹੈ ਇਸ ਤਰ੍ਹਾਂ ਸਾਹਮਣੇ ਆ ਕੇ ਖੜ੍ਹ ਗੇ। ਜਮਦੂਤਾਂ ਨੂੰ ਕਹਿਣ ਲੱਗੇ, ਇਸ ਨੂੰ ਲੈ ਕੇ ਨਾ ਜਾਓ, ਇਸ ਦੇ ਤਾਂ ਅਜੇ 5-6 ਸਾਲ ਬਕਾਇਆ ਬਚਦੇ ਨੇ, ਗਲਤ ਕਰਿਆ ਤੁਸੀਂ ਇਹ ਕੰਮ, ਛਡੋ ਇਸ ਨੂੰ। ਮੈਨੂੰ ਹੋਸ਼ ਆ ਗਈ ਸਾਰੀ, ਉਸ ਹੋਸ਼ ਵਿਚ ਮੈਂ ਇਹ ਕਰਿਆ ਕਿ ਮੇਰਾ ਬਾਗ 25 ਵਿੱਘੇ ਦਾ।" ਸਾਡੀ ਜਮੀਨ ਦੇ ਨਾਲ ਲਗਦਾ ਸੀ।

ਕਹਿੰਦਾ, "ਮੈਂ ਉਥੇ ਹੀ ਮੱਥਾ ਟੇਕ ਦਿੱਤਾ ਕਿ ਮਹਾਰਾਜ! ਮੈਂ ਆਹ ਬਾਗ ਤੁਹਾਡੇ ਚਰਨਾਂ ਵਿਚ ਭੇਂਟ ਕਰਦਾ ਹਾਂ। ਜਦੋਂ ਸੁਰਤ ਆ ਗਈ, ਘਰ ਵਾਲੀ ਦੌੜ ਕੇ ਆਈ। ਅਰਥੀ ਤੋਂ ਚੁੱਕ ਕੇ ਮੰਜੇ ਤੇ ਲੈ ਗਏ ਛੇਤੀ ਨਾਲ। ਮੈਂ ਕਿਹਾ ਦੇਖ! ਮੈਂ ਜੀਉਂਦਾ ਤਾਂ ਹੋ ਗਿਆ, ਲੰਮੀ ਗੱਲ ਨਹੀਂ ਮੈਂ ਕਰਨੀ, ਮੈਂ ਐਨੀ ਹੀ ਕਰਨੀ ਹੈ ਕਿ ਮੈਨੂੰ ਜਿਸ ਨੇ ਜੀਉਂਦਾ ਕਰਿਆ ਹੈ, ਛੁਡਾਇਆ ਹੈ ਜਮਦੂਤਾਂ ਤੋਂ ਮੈਂ ਆਪਣਾ ਬਾਗ ਜਿਹੜਾ 25 ਵਿਘੇ ਦਾ, ਉਨ੍ਹਾਂ ਦੇ ਚਰਨੀ ਭੇਂਟ ਕਰ ਦਿੱਤਾ ਸਣੇ ਦਰਖਤਾਂ ਦੇ। ਉਹ ਕਹਿੰਦੀ ਸਾਨੂੰ ਤੇਰੀ ਲੋੜ ਹੈ, ਬਾਗ ਦੀ ਲੋੜ ਨਹੀਂ ਹੈ। ਉਸ ਤੋਂ ਬਾਅਦ ਮੈਂ ਰਾਜੀ ਹੋ ਗਿਆ, ਮਹੀਨੇ ਵਿਚ ਮੈਂ ਤੁਰਨ ਫਿਰਨ ਲੱਗ ਪਿਆ, ਫੇਰ ਮੈਂ ਰਾੜੇ ਸਾਹਿਬ ਗਿਆ। ਮਹਾਰਾਜ ਨੂੰ ਸਾਰੀ ਬੇਨਤੀ ਕਰੀ। ਉਹ ਕਹਿੰਦੇ ਭਾਈ! ਛੋਟੇ ਸੰਤਾਂ ਨਾਲ ਗੱਲ ਕਰ ਲੈ। ਛੋਟਿਆਂ ਨਾਲ ਗੱਲ ਕਰੀ, ਉਹ ਕਹਿੰਦੇ ਲਾਲਾ ਜੀ, ਅਸੀਂ ਖੇਤੀ ਕਰਨ ਤਾਂ ਜਾਣਾ ਨਹੀਂ, ਮੁੱਲ ਪਾ ਦਿੰਦੇ ਹਾਂ, ਪੈਸੇ ਇਥੇ ਲਾ ਦੇਈਂ ਕਿਤੇ ਆਪਣੇ ਹੱਥ ਨਾਲ, ਆਪੇ ਹੀ ਲਾ ਦੇਹ। ਤੂੰ ਪਾਉਣਾ ਹੈ ਮੁੱਲ ਜਾਂ ਅਸੀਂ ਪਾਈਏ। ਮੈਂ ਕਿਹਾ ਮਹਾਰਾਜ! ਤੁਸੀਂ ਹੀ ਪਾ ਦਿਓ। ਕਹਿੰਦੇ ਫੇਰ ਇਹ ਨਾ ਕਹੀਂ ਕਿ ਬਹੁਤ ਪਾ ਦਿੱਤਾ ਜਾਂ ਥੋੜ੍ਹਾ ਪਾ ਦਿੱਤਾ। ਕਹਿੰਦਾ ਨਹੀਂ ਮਹਾਰਾਜ। ਕਹਿੰਦੇ ਸਮੇਤ ਦਰਖਤਾਂ 2500/- ਰੁਪਏ ਦਾ ਹੈ ਤੇਰਾ ਬਾਗ 100 ਰੁਪਏ ਵਿਘੇ ਦਾ, ਬਾਗ ਲੱਖਾਂ ਦੇ ਹਿਸਾਬ ਨਾਲ ਸੀ। ਮੈਂ ਲੱਗਿਆ ਗੱਲ ਕਰਨ, ਕਹਿੰਦੇ ਦੇਖ ਪਹਿਲਾਂ ਤੈਨੂੰ ਕਹਿ ਦਿੱਤਾ ਹੈ ਗੱਲ ਨਹੀਂ ਕਰਨੀ।"

ਉਹ ਕਹਿੰਦਾ, "2500/- ਰੁਪਏ ਦਾ ਮੈਂ ਕਮਰਾ ਬਣਵਾ ਦਿੱਤਾ ਉਥੇ, ਕਿਸੇ ਦਾ ਨਾਉ ਨਹੀਂ ਲਿਖਿਆ ਹੋਇਆ, ਮੇਰਾ ਨਾਉਂ ਲਿਖਿਆ ਹੋਇਆ ਹੈ।"

ਜਿਹੜਾ ਦਰਗਾਹ ਦੇ ਵਿਚ ਛੁਡਾ ਦੇਵੇ –

***ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥***
***ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥ ਅੰਗ – 729***

ਅਸਲੀ ਸਜਣ ਉਹ ਹੁੰਦੇ ਨੇ ਜਿਹੜੇ ਬਿਪਤਾ ਵਿਚ ਨਾਲ ਹੋਣ, ਜਿਹੜੇ ਸੁੱਖਾਂ ਦੇ ਸੱਜਣ ਨੇ ਉਹ ਖਾ ਪੀ ਕੇ ਲਾਂਭੇ ਹੁੰਦੇ ਨੇ। ਸੋ ਗੁਰੂ ਦਾ ਤੇ ਸਿਖ ਦਾ ਰਿਸ਼ਤਾ ਬਹੁਤ ਹੀ ਗਹਿਰਾ ਹੈ।

ਉਸ ਦਾ ਜਿਹੜਾ ਪਿਆਰ ਹੈ ਉਸ ਨੂੰ ਬਾਰ ਬਾਰ ਗੁਰੂ ਯਾਦ ਕਰੀ ਜਾਂਦਾ ਹੈ। ਇਕ ਮਿਸਾਲ ਨਾਲ ਸਮਝ ਵਿੱਚ ਆ ਜਾਏਗਾ, ਇਕ ਸਾਖੀ ਹੈ ਐਸੀ। ਉਹ ਸ਼ਹਿਰ ਜਿਹੜਾ ਛੋਟਾ ਜਿਹਾ ਕਸਬਾ ਸੀ ਉਸ ਵੇਲੇ ਰਾਏਪੁਰ ਰਾਣੀ। ਉਥੇ ਇਕ ਬੜਾ ਅਮੀਰ ਪਰਿਵਾਰ ਰਹਿੰਦਾ ਸੀ। ਉਨ੍ਹਾਂ ਨੂੰ ਕੋਈ ਸਾਧੂ ਮਿਲ ਗਿਆ, ਉਨ੍ਹਾਂ ਨੇ ਕਿਹਾ ਕਿ ਅਸੀਂ ਪ੍ਰਮੇਸ਼ਰ ਨੂੰ ਮਿਲਣਾ ਹੈ ਇਸੇ ਜਨਮ ਦੇ ਅੰਦਰ। ਉਹ ਕਹਿੰਦਾ ਤੁਸੀਂ ਠਾਕੁਰਾਂ ਦੀ ਪੂਜਾ ਕਰਿਆ ਕਰੋ, ਇਸ਼ਨਾਨ ਕਰਾਇਆ ਕਰੋ, ਭੋਗ ਲਗਵਾਇਆ ਕਰੋ, ਜੁਗਤ ਦੱਸ ਦਿੱਤੀ।

ਅੱਜ ਉਹ ਅੰਮ੍ਰਿਤ ਵੇਲੇ ਹੀ ਖੂਹ ਤੇ ਗਏ ਦੋਵੇਂ ਜਣੇ। ਪਹਿਲਾਂ ਆਪ ਇਸ਼ਨਾਨ ਕਰਿਆ, ਉਸ ਤੋਂ ਬਾਅਦ ਉਨ੍ਹਾਂ ਨੇ ਪਾਣੀ ਭਰਿਆ ਸੁੱਚਾ, ਸਿਰ ਤੇ ਟਿਕਾਇਆ ਬੀਬੀ ਨੇ ਤੇ ਠਾਕੁਰਾਂ ਦਾ ਇਸ਼ਨਾਨ ਕਰਾਉਣ ਤੇ ਭੋਗ

ਲੁਗਆਉਣ ਵਾਸਤੇ ਚੱਲ ਪਏ। ਜਦੋਂ ਰਸਤੇ ਵਿਚ ਆਏ ਤਾਂ ਕੀ ਦੇਖਦੇ ਨੇ, ਇਕ ਸਿੰਘ ਗੁਰੂ ਦਸਮੇਸ਼ ਪਿਤਾ ਦਾ ਖ਼ੂਨ ਨਾਲ ਲੱਥ-ਪੱਥ ਹੋਇਆ ਪਿਆ, ਉਹ ਧਰਤੀ ਤੇ ਗਿਰ ਗਿਆ ਤੇ ਕਹਿਣ ਲੱਗਿਆ, "ਓ ਜਾਣ ਵਾਲਿਓ ਪ੍ਰੇਮੀਓ! ਮੈਨੂੰ ਇਕ ਘੁਟ ਪਾਣੀ ਪਿਲਾ ਦਿਓ, ਇਕ ਘੁੱਟ। ਦੇਖੋ ਤੁਸੀਂ ਭਲੇ ਪੁਰਸ਼ ਲਗਦੇ ਹੋ, ਮੈਨੂੰ ਇੱਕ ਘੁੱਟ ਪਾਣੀ ਦੇ ਦਿਓ ਜਲਦੀ ਕਰੋ।"

ਕਹਿਣ ਲੱਗੇ, "ਪ੍ਰੇਮੀਆ! ਪਾਣੀ ਤਾਂ ਦੇ ਦਿੰਦੇ, ਸਾਨੂੰ ਕੋਈ ਇਤਰਾਜ ਨਹੀਂ ਪਰ ਅਸੀਂ ਠਾਕੁਰਾਂ ਦਾ ਇਸ਼ਨਾਨ ਕਰਾਉਣਾ ਹੈ।"

ਉਹ ਕਹਿੰਦਾ, "ਓ ਪਿਆਰਿਓ! ਠਾਕੁਰ ਦੇ ਨਾਲ ਤੁਹਾਡਾ ਪਿਆਰ ਹੋਵੇ ਤੇ ਠਾਕੁਰ ਦੇ ਜਿਹੜੇ ਬੰਦੇ ਨੇ ਉਨ੍ਹਾਂ ਨੂੰ ਨਹੀਂ ਤੁਸੀਂ ਪਿਆਰ ਕਰਦੇ? ਠਾਕੁਰ ਤਾਂ ਤੁਹਾਡੇ ਤੇ ਤਾਂ ਰੀਝੇਗਾ ਜੇ ਠਾਕੁਰ ਦੇ ਬੰਦਿਆਂ ਨਾਲ ਪਿਆਰ ਕਰੋਗੇ। ਦੇ ਦਿਓ ਮੈਨੂੰ ਇਕ ਘੁੱਟ, ਮੇਰੀ ਜਾਨ ਨਿਕਲਦੀ ਜਾਂਦੀ ਹੈ।"

ਕਹਿਣ ਲੱਗੇ, "ਪਹਿਲਾਂ ਸੁੱਚਾ ਜਲ ਅਸੀਂ ਠਾਕੁਰ ਦੇ ਅਰਪਣ ਕਰਨਾ ਹੈ।"

ਕਹਿੰਦਾ, "ਫੇਰ ਤਾਂ ਤੁਸੀਂ ਬੜੇ ਕੁਰਾਹੇ ਪਏ ਓ, ਪਿਆਰਿਓ! ਇਹ ਠਾਕੁਰ ਦਰਸ਼ਨ ਨਹੀਂ ਜੇ ਦੇਣ ਲੱਗਾ, ਗਲਤ ਰਸਤਾ ਹੈ ਤੁਹਾਡਾ। ਤੁਸੀਂ ਓਸ ਜਾਗਦੀ ਜੋਤ ਦੇ ਤਾਂ ਲੜ ਨਹੀਂ ਲੱਗੇ, ਪੱਥਰ ਦੇ ਲੜ ਲੱਗ ਪਏ।

ਗੁਰੂ ਮਹਾਰਾਜ ਸਾਨੂੰ ਇਸ ਤਰ੍ਹਾਂ ਦੇ ਨਾਲ ਦਸਦੇ ਨੇ ਕਿ ਜਿਹੜਾ ਪ੍ਰਮੇਸ਼ਰ ਹੈ ਉਹ ਕੋਈ ਮੁਰਦਾ ਵਸਤੂ ਨਹੀਂ ਹੈ। ਉਹ ਬਿਲਕੁਲ ਜਾਗਦਾ, ਨਾਲ ਹੈ ਸਾਡੇ, ਅੰਦਰ ਵੀ ਹੈ ਬਾਹਰ ਵੀ ਹੈ -

***ਸੋ ਅੰਤਰਿ ਸੋ ਬਾਹਰਿ ਅਨੰਤ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ॥***

***ਅੰਗ - 293***

ਉਸ ਨੂੰ ਜਪੋ ਵਾਹਿਗੁਰੂ-ਵਾਹਿਗੁਰੂ ਸੁੱਕਾ ਹੀ ਨਾ ਕਰੋ, ਵਾਹਿਗੁਰੂ ਨੂੰ ਸਮਝ ਕੇ ਨਾਮ ਜਪੋ। ਜਦੋਂ ਤੁਸੀਂ ਸਮਝ ਕੇ ਜਪੋਂਗੇ ਤਾਂ ਥੋੜ੍ਹਾ ਹੀ ਨਾਮ ਬੇਅੰਤ ਫਲੀਭੂਤ ਹੋ ਜਾਏਗਾ ਕਿਉਂਕਿ ਤੁਸੀਂ ਜਪ ਰਹੇ ਹੋ ਤੁਹਾਡਾ ਜਿਹੜਾ ਧੇਅ ਹੈ, ਤੁਹਾਡੇ ਸਾਹਮਣੇ ਹੈ, ਜੇ ਤੁਸੀਂ ਗੈਰ-ਹਾਜ਼ਰੀ ਵਿਚ ਜਪ ਰਹੇ ਹੋ, ਮਨ ਦੌੜਿਆ ਫਿਰਦਾ ਹੈ, ਰੱਬ ਦਾ ਪਤਾ ਹੀ ਨਹੀਂ ਹੈ, ਉਸ ਦੇ ਨਾਲ ਪਿਆਰ ਉਠਦਾ ਹੀ ਨਹੀਂ ਹੈ ਤਾਂ ਫੇਰ ਬੜੀ ਮਿਹਨਤ ਕਰਨੀ ਪੈਂਦੀ ਹੈ। ਮਹਾਰਾਜ ਐਸਾ ਫੁਰਮਾਨ ਕਰਦੇ ਨੇ -

***ਧਾਰਨਾ - ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ-2.***
***ਜਾਗਤ ਜੋਤ ਜਪੈ ਨਿਸ ਬਾਸੁਰ,***
***ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ,***
***ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥***

***ਤੀਰਥ ਦਾਨ ਦਇਆ ਤਪ ਸੰਜਮ,***
***ਏਕ ਬਿਨਾ ਨਹਿ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ,***
***ਤਬ ਖਾਲਸ ਤਾਹਿ ਨਖਾਲਸ ਜਾਨੈ॥ (ਖਾਲਸਾ)***

ਪਾਣੀ ਮੰਗ ਰਿਹਾ ਹੈ, ਗਲ ਖੁਸ਼ਕ ਹੋ ਗਿਆ। ਉਹ ਕਹਿੰਦਾ, "ਪ੍ਰੇਮੀਓ! ਤੁਹਾਡਾ ਤਾਂ ਰਸਤਾ ਗਲਤ ਹੈ, ਤੁਸੀਂ ਜੀਉਂਦੇ ਠਾਕੁਰ ਨੂੰ ਛੱਡ ਕੇ ਇਕ ਪੱਥਰ ਨੂੰ ਪੂਜ ਰਹੇ ਹੋ। ਠਾਕੁਰ ਨੂੰ ਮੰਨਦੇ ਹੋ ਤੇ ਠਾਕੁਰ ਦੇ ਬੰਦਿਆਂ ਤੇ ਤੁਹਾਨੂੰ ਤਰਸ ਨਹੀਂ ਆਉਂਦਾ, ਤੁਹਾਨੂੰ ਦਰਸ਼ਨ ਨਹੀਂ ਜੇ ਦੇਣ ਲੱਗਾ।"

ਗੱਲ ਸੁਣੀ, ਸੁਣ ਕੇ ਅਣਸੁਣੀ ਕਰ ਦਿੱਤੀ ਲੇਕਿਨ ਦਿਲ ਵਿਚ ਹੌਲ ਪੈ ਗਿਆ। ਦੋਏਂ ਚੁੱਪ ਕਰ ਗਏ। ਗੱਲਾਂ ਕਰਦੇ ਜਾਂਦੇ ਸੀ, ਹੁਣ ਨਾ ਉਹ ਉਸ ਨੂੰ ਬੁਲਾਉਂਦਾ ਹੈ, ਨਾ ਉਹ ਬੁਲਾਉਂਦੀ ਹੈ, ਘਰ ਚਲੇ ਗਏ। ਪੂਜਾ ਕਰੀ ਚਿਤ ਨਹੀਂ ਲੱਗਿਆ ਅੱਜ। ਸਿਤਾਰ ਵਾਦਨ ਦੇ ਬਹੁਤ ਮਾਹਿਰ ਸੀ, ਭਜਨ ਪੜ੍ਹੇ ਚਿਤ ਨਹੀਂ ਲੱਗ ਰਿਹਾ। ਇਕੋ ਆਵਾਜ਼ ਸੁਣੀ ਜਾਂਦੀ ਹੈ 'ਦਰਸ਼ਨ ਨਹੀਂ ਜੇ ਦੇਣ ਲੱਗਾ! ਦਰਸ਼ਨ ਨਹੀਂ ਜੇ ਦੇਣ ਲੱਗਾ!! ਦਰਸ਼ਨ ਨਹੀਂ ਜੇ ਦੇਣ ਲੱਗਾ!!! ਘਬਰਾ ਗਏ ਦੋਏ। ਕਹਿਣ ਲੱਗੇ, ਮਾੜਾ ਕੰਮ ਹੋ ਗਿਆ, ਪਾਣੀ ਨਾ ਪਿਲਾਇਆ, ਆਪਾਂ ਹੋਰ ਭਰ ਲਿਆਉਂਦੇ ਦੁਬਾਰਾ, ਕੀ ਸੀ, ਇਸ ਦੇ ਵਿੱਚ ਭੋਰਾ ਕੁ ਸਮਾਂ ਹੋਰ ਲੱਗ ਜਾਂਦਾ। ਕਹਿੰਦੇ ਚਲੋ ਹੁਣ ਦੇਖੀਏ ਪਾਣੀ ਲੈ ਚਲਦੇ ਹਾਂ, ਹੁਣ ਰੱਜ ਕੇ ਪਾਣੀ ਪਿਲਾ ਦਿਆਂਗੇ ਜਿੰਨਾ ਜੀਅ ਕਰਦਾ ਹੈ ਉਦੋਂ ਤਾਂ ਘੁੱਟ ਮੰਗਦਾ ਸੀ।

ਉਥੇ ਜਾ ਕੇ ਕੀ ਦੇਖਦੇ ਨੇ 10-12 ਬੰਦੇ ਆਲੇ ਦੁਆਲੇ ਖੜ੍ਹੇ ਨੇ, ਅਫਸੋਸ ਕਰ ਰਹੇ ਨੇ, ਸਿੰਘ ਚੜ੍ਹਾਈ ਕਰ ਗਿਆ ਹੈ।

ਗੁਰੂ ਦਸਮੇਸ਼ ਪਿਤਾ ਦਾ ਬੀਤ ਰਾਗ ਦਾ, ਅਭੇਦ ਅਵਸਥਾ ਦਾ ਗੁਰਸਿਖ ਹੈ। ਇਹ ਹਰ ਵਕਤ ਗੁਰੂ ਦੇ ਵਿੱਚ ਅਭੇਦ ਰਹਿੰਦਾ ਹੈ, ਇਕ ਸੈਕਿੰਡ ਵਾਸਤੇ ਵੀ ਇਹ ਗੁਰੂ ਨੂੰ ਨਹੀਂ ਭੁੱਲਿਆ। ਇਹ ਜੰਗਲ ਵਿੱਚ ਜਿਥੇ ਰਸਤਾ ਜਾਂਦਾ ਹੈ ਪਾਉਂਟੇ ਸਾਹਿਬ ਨੂੰ ਉਥੇ ਨੇੜੇ ਤੇੜੇ ਰਹਿੰਦਾ ਸੀ ਕਿਉਂਕਿ ਇਸ ਜੰਗਲ ਦੇ ਵਿਚ ਡਾਕੂ ਰਹਿੰਦੇ ਸੀ ਤੇ ਸੰਗਤਾਂ ਨੂੰ ਲੁਟਣ ਦਾ ਪ੍ਰੋਗਰਾਮ ਉਨ੍ਹਾਂ ਦਾ ਹੁੰਦਾ ਹੈ। ਸ਼ਸਤ੍ਰਧਾਰੀ ਸਿੰਘ ਹੈ ਇਹ। ਬੰਦਗੀ ਵੀ ਕਰਦਾ ਸੀ ਤੇ ਨਾਲ ਇਹ ਪਹਿਰਾ ਵੀ ਦਿੰਦਾ ਸੀ। ਐਨੇ ਨੂੰ ਬਹੁਤ ਸਾਰੇ ਹੋਰ ਆ ਗਏ ਜਿਨ੍ਹਾਂ ਵਿਚ 4 ਬੀਬੀਆਂ ਨੇ, ਚਾਰ ਬੱਚੇ ਨੇ ਛੋਟੇ ਛੋਟੇ ਤੇ ਦੋ ਬਿਰਧ ਨੇ, 10 ਨੇ। ਕਹਿੰਦੇ ਆਹੀ ਸੀ, ਆਹੀ ਸੀ। ਕਹਿੰਦੇ, "ਕੌਣ?" ਕਹਿੰਦੇ, "ਇਹੀ ਹੈ ਜਿਸ ਨੇ ਸਾਨੂੰ ਡਾਕੂਆਂ ਤੋਂ ਛਡਾਇਆ, ਆਪ ਬੜਾ ਕਰਾਰਾ ਫਟ ਖਾ ਕੇ ਸ਼ਹਿਰ ਵੱਲ ਨੂੰ ਆਇਆ ਸੀ, ਪਾਣੀ! ਪਾਣੀ!! ਕਹਿੰਦਾ।" ਸੁਣ ਲਿਆ ਇਨ੍ਹਾਂ ਨੇ ਵੀ। ਉਹ ਗੱਲ ਦੱਸ ਨਹੀਂ ਸਕੇ ਅੱਖਾਂ ਵਿਚੋਂ ਪਾਣੀ ਜਾਂਦਾ ਹੈ, ਸੁਣਨ ਵਾਲਿਆਂ ਦੇ ਵੀ। ਰਾਣੀ ਨੂੰ ਪਤਾ ਲੱਗਿਆ ਕਿ ਮੇਰੇ ਰਾਜ ਦੇ ਅੰਦਰ, ਮੇਰੇ ਬੂਹੇ ਦੇ ਨੇੜੇ ਇਕ ਗੁਰਸਿਖ ਗੁਰੂ ਦਸਮੇਸ਼ ਪਿਤਾ ਦਾ, ਜਿਸ ਨੇ ਆਪਣੀ ਜਾਨ ਦੇ ਕੇ ਚਾਰ ਬੀਬੀਆਂ, ਚਾਰ ਬੱਚੇ ਤੇ ਦੋ ਸਿੰਘਾਂ ਦੀ ਜਾਨ ਬਚਾਈ, ਮੈਂ ਉਸ ਨੂੰ

ਇਕ ਘੁੱਟ ਪਾਣੀ ਵੀ ਨਾ ਪਿਲਾ ਸਕੀ, ਬੜਾ ਗਹਿਰਾ ਅਸਰ ਹੋ ਗਿਆ। ਇਨ੍ਹਾਂ ਤੇ ਵੀ ਹੋ ਗਿਆ। ਉਸ ਤੋਂ ਬਾਅਦ ਘਰ ਚਲੇ ਗਏ। ਰਾਣੀ ਨੇ ਉਸ ਦਾ ਕਿਸੇ ਥਾਂ ਸਸਕਾਰ ਕਰਕੇ, ਯਾਦਗਾਰ ਬਣਾ ਦਿੱਤੀ, ਉਤੇ ਛੋਟਾ ਜਿਹਾ ਚੌਂਕੜਾ ਬਣਾ ਦਿੱਤਾ, ਪਸਚਾਤਾਪ ਬੜਾ ਹੋ ਗਿਆ ਕਿ ਮੇਰੇ ਰਾਜ ਵਿਚ ਗੁਰੂ ਦਾ ਸਿਖ, ਮੈਂ ਵੀ ਗੁਰੂ ਨੂੰ ਪਿਆਰ ਕਰਨ ਵਾਲੀ ਹਾਂ, ਉਹ ਪਿਆਰ ਵਾਲਾ ਆਪਣੀ ਜਾਨ ਦੇ ਕੇ ਪਿਆਸਾ ਚਲਿਆ ਗਿਆ। ਬਹੁਤ ਅਫਸੋਸ ਵਿਚ ਆ ਗਈ। ਇਹ ਜਿਹੜੇ ਪ੍ਰੇਮੀ ਸੀ ਦਿਲ ਤਾਂ ਇਨ੍ਹਾਂ ਦਾ ਜੀਊਂਦਾ ਸੀ ਪਰ ਧਾਰਮਿਕ ਰੀਤਾਂ ਵਿਚ ਫਸਿਆਂ ਹੋਇਆਂ ਨੇ ਗਲਤੀ ਕਰ ਦਿੱਤੀ, ਸਮਝਿਆ ਨਾ ਕਿ ਪ੍ਰਮੇਸ਼ਰ ਹੁੰਦਾ ਕਿਥੇ ਹੈ? ਕਿਥੇ ਰਹਿੰਦਾ ਹੈ? ਕਿਵੇਂ ਖੁਸ਼ ਹੁੰਦਾ ਹੈ? ਆਹ ਗੱਲ ਸਮਝ ਵਿੱਚ ਨਹੀਂ ਸੀ ਆਈ। ਮਹਾਰਾਜ ਜੀ ਐਸਾ ਫੁਰਮਾਨ ਕਰਦੇ ਹਨ, ਪੜ੍ਹੋ ਪਿਆਰ ਨਾਲ –

*ਧਾਰਨਾ – ਤੇਰੇ ਅੰਦਰ ਹਰੀ ਦਾ ਵਾਸਾ,*
*ਬਾਹਰੋਂ ਕਾਹਤੋਂ ਖੋਜਦਾ ਫਿਰੇਂ –2, 2.*

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ*
*ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ*
*ਜਿਨਿ ਆਪੇ ਰਚਨ ਰਚਾਈ॥ ਅੰਗ – 954*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥ ਅੰਗ – 947*

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ*
*ਵਣਿ ਕੰਡਾ ਮੋੜੇਹਿ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥ ਅੰਗ – 1378*

ਬਾਹਰ ਨਾ ਟੋਲ੍ਹ ਭਾਈ ਤੇਰੇ ਅੰਦਰ ਹੈ –

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ॥ ਅੰਗ – 1033*

ਇਸ ਸਰੀਰ ਦੇ ਅੰਦਰ –

*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥ ਅੰਗ – 1033*

ਐਨੀਆਂ ਚੀਜ਼ਾਂ ਪਈਆਂ ਹਨ ਕਿ ਦੁਨੀਆਂ ਨੂੰ ਸੁਪਨਾ ਵੀ ਨਹੀਂ ਆ

ਸਕਦਾ, ਸੋਚ ਹੀ ਨਹੀਂ ਸਕਦੇ, ਬੇਅੰਤ ਪਈਆਂ ਨੇ –

***ਤਹ ਅਨੇਕ ਰੂਪ ਨਾਉ ਨਵ ਨਿਧਿ***
***ਤਿਸ ਦਾ ਅੰਤੁ ਨ ਜਾਈ ਪਾਇਆ॥ ਅੰਗ – 922***

ਇਸ ਦੇ ਵਿਚ ਪਈਆਂ ਹਨ ਲੇਕਿਨ –

***ਬਜਰ ਕਪਾਟ ਜੜੇ ਜੜਿ ਜਾਣੇ..........॥***

***ਅੰਗ – 1033***

ਬੱਜਰ ਕਪਾਟ ਲੱਗੇ ਹੋਏ ਨੇ ਜਿਹੜੇ ਖੁਲ੍ਹਦੇ ਨਹੀਂ –

***............ ਗੁਰ ਸਬਦੀ ਖੋਲਾਇਦਾ॥***

***ਅੰਗ – 1033***

ਜੇ ਗੁਰੂ ਤੋਂ ਸ਼ਬਦ ਮਿਲ ਗਿਆ ਉਸ ਦੇ ਨਾਲ ਖੁੱਲ੍ਹ ਜਾਂਦੇ ਨੇ –

***ਭੀਤਰਿ ਕੋਟ ਗੁਫਾ ਘਰ ਜਾਈ॥***
***ਨਉ ਘਰ ਥਾਪੇ ਹੁਕਮਿ ਰਜਾਈ॥ ਅੰਗ – 1033***

ਹੁਣ ਇਹ ਨੌਂ ਘਰ ਜਿਹੜੇ ਨੇ, ਆਪਣੀ ਮਰਜ਼ੀ ਨਹੀਂ ਕਰਦੇ, ਨਾਮ ਦੀ ਧੁਨ ਵਿੱਚ ਮਸਤ ਹੋ ਗਏ –

***ਦਸਵੈ ਪੁਰਖੁ ਅਲੇਖੁ ਅਪਾਰੀ***
***ਆਪੇ ਅਲਖੁ ਲਖਾਇਦਾ॥ ਅੰਗ – 1033***

ਐਨਾ ਕੁ ਕੰਮ ਹੈ। ਦਸਵੇਂ ਦੇ ਵਿੱਚ ਵਾਹਿਗੁਰੂ ਹੈ, ਉਸਦੇ ਨਾਲ ਪਿਆਰ ਕਰੋ, ਉਹ ਆਪਣਾ ਆਪ ਜ਼ਾਹਰ ਕਰ ਦਿੰਦਾ ਹੈ। ਤਿੰਨ ਚਾਰ ਰੂਪ ਹੁੰਦੇ ਹਨ – ਪਹਿਲਾਂ ਰਸ ਆਉਂਦਾ ਹੈ, ਰਸ ਦੇ ਨਾਲ ਪਿਆਰ ਆਉਂਦਾ ਹੈ, ਖੁਸ਼ਕ ਨਹੀਂ ਰਹਿੰਦਾ, ਪਿਆਰ ਆਉਂਦਾ ਹੈ, ਝਰਨਾਟਾਂ ਖਾਂਦਾ ਹੈ ਆਦਮੀ, ਉਸ ਦੇ ਨਾਲ ਫੇਰ ਪ੍ਰਕਾਸ਼ ਆਉਂਦੀ ਹੈ, ਨਾਲ ਹੀ ਅਨਹਦ ਵਾਜੇ ਆਉਂਦੇ ਨੇ। ਇਹ ਨਿਸ਼ਾਨੀਆਂ ਸਮਝ ਲਓ ਕਿ ਮੈਂ ਬਿਲਕੁਲ ਸਹੀ ਜਾ ਰਿਹਾ ਹਾਂ। ਉਸ ਤੋਂ ਬਾਅਦ ਜਿਹੜਾ ਸਮਰੱਥ ਗੁਰੂ ਹੈ ਉਸ ਦੀ ਕਿਰਪਾ ਹੁੰਦੀ ਹੈ। ਉਹ ਫੇਰ ਰਸਤਾ ਦਿਖਾ ਦਿੰਦਾ ਹੈ ਕਿ ਆ ਹੁਣ ਅੱਗੇ ਚੱਲ ਤੈਨੂੰ ਉਸ ਦੇ ਨਾਲ ਮਿਲਾ ਦੇਈਏ। ਜਦੋਂ ਉਸ ਦੇ ਨਾਲ ਮਿਲਦਾ ਹੈ ਤਾਂ ਮਿਲਣ ਨਾਲ ਕੀ ਹੁੰਦਾ ਹੈ, ਆਪ ਦਾ ਕੁਝ ਵੀ ਬਕਾਇਆ ਨਹੀਂ ਰਹਿੰਦਾ, ਉਹ ਆਪ ਹੀ ਰੱਬ ਹੋ ਜਾਂਦਾ ਹੈ –

***ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ॥***
***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥ ਅੰਗ – 1369***

ਸੋ ਇਸ ਸਰੀਰ ਦੇ ਅੰਦਰ ਹੈ ਮਹਾਰਾਜ ਕਹਿੰਦੇ –

***ਦਸਵੈ ਪੁਰਖੁ ਅਤੀਤੁ ਨਿਰਾਲਾ***
***ਆਪੇ ਅਲਖੁ ਲਖਾਇਆ॥ ਅੰਗ – 1039***

ਸੋ ਬਾਹਰ ਢੂੰਢਣ ਵਾਲਾ ਨਹੀਂ ਲੱਭ ਸਕਦਾ ਪ੍ਰਮੇਸ਼ਰ ਨੂੰ। ਸੋ ਗੁਰਸਿਖ

ਦਾ ਬਚਨ ਹੋ ਗਿਆ ਹੁਣ ਰਾਹ ਨਹੀਂ ਲੱਭਦਾ, ਚਿਤ ਨਹੀਂ ਲਗਦਾ ਪੂਜਾ ਦੇ ਵਿੱਚ, ਜੀਅ ਨਹੀਂ ਕਰਦਾ ਕਿ ਕਰੀਏ ਕੀ? ਬਹੁਤ ਸ਼ਸ਼ੋਪੰਜ ਵਿੱਚ ਪੈ ਗਏ, ਅਮੀਰ ਘਰਾਣਾ ਹੈ। ਦਸਮੇਸ਼ ਪਿਤਾ ਜੀ ਜਦੋਂ ਪਾਉਂਟੇ ਸਾਹਿਬ ਦਾ ਯੁੱਧ ਹੋਇਆ ਪੀਰ ਬੁੱਧੂ ਸ਼ਾਹ ਨੇ 300 ਮੁਰੀਦ ਉਥੇ ਸ਼ਹੀਦ ਕਰਾਇਆ, ਦੋ ਲੜਕੇ ਸ਼ਹੀਦ ਕਰਾਏ, ਦੋ ਉਨ੍ਹਾਂ ਦੇ ਰਿਸ਼ਤੇਦਾਰ ਸਾਲੇ, ਗੁਰੂ ਮਹਾਰਾਜ ਉਸ ਯੁੱਧ ਤੋਂ ਬਾਅਦ ਅਨੰਦਪੁਰ ਸਾਹਿਬ ਨੂੰ ਵਾਪਸ ਹੋ ਗਏ। ਰਾਣੀ ਨੂੰ ਪਤਾ ਲੱਗਿਆ। ਰਾਣੀ ਨੇ ਬਹੁਤ ਜਿਆਦਾ ਸ਼ਰਧਾ ਨਾਲ ਕਿਹਾ ਕਿ ਪਾਤਸ਼ਾਹ! ਮੇਰੇ ਗਰੀਬਖਾਨੇ ਵਿੱਚ ਚਰਨ ਪਾ ਕੇ ਜਾਇਓ। ਦੂਰ ਦੂਰ ਦੇ ਇਲਾਕਿਆਂ ਤੱਕ ਪਤਾ ਲੱਗ ਗਿਆ ਕਿ ਗੁਰੂ ਦਸਮੇਸ਼ ਪਿਤਾ ਜੀ ਆ ਰਹੇ ਨੇ। ਸੜਕਾਂ ਤੇ ਲਾਈਨਾਂ ਲਾ ਕੇ ਖੜ੍ਹ ਗਈ ਸੰਗਤ, ਹਰ ਬੰਦਾ ਹੀ ਦਰਸ਼ਨ ਕਰਨੇ ਚਾਹੁੰਦਾ ਸੀ ਉਨ੍ਹਾਂ ਦੇ ਤੇ ਇਹ ਪ੍ਰੇਮੀ ਵੀ ਇਕ ਥਾਂ ਤੇ ਖੜ੍ਹ ਗਏ। ਮਹਾਰਾਜ ਜੀ ਸਾਰੀ ਸੰਗਤ ਨੂੰ ਦਰਸ਼ਨ ਦਿੰਦੇ ਆ ਰਹੇ ਨੇ, ਮਿਹਰਾਂ ਦੀ ਦ੍ਰਿਸ਼ਟੀ ਉਨ੍ਹਾਂ ਤੇ ਰਹਿਮਤ ਕਰਕੇ ਬਖਸ਼ ਰਹੇ ਨੇ ਲੇਕਿਨ ਜਦੋਂ ਏਸ ਜੋੜੇ ਕੋਲ ਆਏ ਤਾਂ ਮਹਾਰਾਜ ਨੇ ਘੋੜਾ ਹੋਰ ਪਾਸੇ ਨੂੰ ਮੋੜ ਕੇ ਸਿਧੇ ਹੀ ਜਾ ਕੇ ਕਿਲ੍ਹੇ ਵਿੱਚ ਚਲੇ ਗਏ। ਇਨ੍ਹਾਂ ਨੇ ਕਿਹਾ ਚਲੋ ਠੀਕ ਹੈ ਕਿਲ੍ਹੇ ਵਿਚ ਦਰਸ਼ਨ ਕਰਲਾਂਗੇ। ਕਿਲ੍ਹੇ ਵਿਚ ਗਏ ਤਾਂ ਸਾਰਿਆਂ ਨੂੰ ਦਰਸ਼ਨ ਹੋਈ ਜਾਂਦੇ ਨੇ। ਮਹਾਰਾਜ ਨੇ ਸੇਵਕਾਂ ਨੂੰ ਕਿਹਾ ਕਿ ਐਸ ਤਰ੍ਹਾਂ ਦੇ ਬੰਦੇ ਨੇ, ਇਕ ਬੀਬੀ ਹੈ ਇਕ ਭਾਈ ਹੈ। ਇਨ੍ਹਾਂ ਨੂੰ ਰੋਕ ਦਿਓ, ਸਾਡੇ ਦਰਸ਼ਨ ਇਨ੍ਹਾਂ ਨੂੰ ਨਹੀਂ ਹੋਣੇ। ਦਰਸ਼ਨ ਨਾ ਹੋਏ। ਫੇਰ ਜਦੋਂ ਮਹਾਰਾਜ ਚੱਲੇ ਇਨ੍ਹਾਂ ਨੇ ਕਿਹਾ ਕਿ ਹੁਣ ਦਰਸ਼ਨ ਹੋ ਜਾਣਗੇ। ਲਾਈਨ ਵਿੱਚ ਆ ਕੇ ਖੜ੍ਹ ਗਏ ਸੜਕ ਤੇ ਕਿ ਇਥੋਂ ਦੀ ਤਾਂ ਲੰਘਣਗੇ ਹੀ। ਸਾਰੀ ਸੰਗਤ ਮਹਾਰਾਜ ਨੇ ਲੰਘਾ ਦਿੱਤੀ ਸਾਰਾ ਵਹੀਰ ਲੰਘ ਰਿਹਾ, ਆਪ ਪਹਾੜ ਵੱਲ ਨੂੰ ਇਕ ਮੀਲ ਚਲੇ ਗਏ, ਉਥੋਂ ਸਿਧੇ ਹੋ ਗਏ। ਅੱਗੇ ਜਾ ਕੇ 5-7 ਮੀਲ ਤੋਂ ਰਸਤੇ ਤੇ ਆਏ। ਇਨ੍ਹਾਂ ਨੂੰ ਪਤਾ ਲੱਗ ਗਿਆ ਕਿ ਸਿੱਖ ਦਾ ਜਿਹੜਾ ਬਚਨ ਹੈ ਉਹ ਤਾਂ ਬਿਲਕੁਲ ਅਟੱਲ ਹੈ, ਉਹ ਨਹੀਂ ਟਲਣਾ ਐਸਾ ਫੁਰਮਾਨ ਹੈ ਮਹਾਰਾਜ ਦਾ-

***ਧਾਰਨਾ - ਭਾਵੇਂ ਚੰਦਰਮਾਂ ਨਾਸ਼ ਹੋ ਜਾਵੇ,***
***ਸੰਤਾਂ ਦਾ ਬੋਲ ਨਾ ਟਲੇ -2, 2***

***... ਇਕਿ ਸਾਧ ਬਚਨ ਅਟਲਾਧਾ॥ ਅੰਗ - 1204***

ਅਟੱਲ ਬਚਨ ਹੋ ਗਿਆ। ਜੋ ਕਹਿ ਦਿੰਦੇ ਨੇ ਉਹ ਨਹੀਂ ਟਲਿਆ ਕਰਦਾ, ਹੋ ਕੇ ਹਟਦਾ ਹੈ।

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ॥***
***ਤਿਨ ਕੀ ਸੋਭਾ ਸਭਨੀ ਥਾਈ***
***ਜਿਨ ਪ੍ਰਭ ਕੇ ਚਰਣ ਪਰਾਤੇ॥***
***ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ॥***

***ਅੰਗ - 748***

ਉਸ ਵੇਲੇ ਪਤਾ ਲੱਗ ਗਿਆ ਕਿ ਉਹ ਤਾਂ ਤੱਤ ਬੇਤਾ ਸੀ, ਪੂਰਨ

ਮਹਾਤਮਾ ਸੀ। ਫੇਰ ਸਾਨੂੰ ਦਰਸ਼ਨ ਨਹੀਂ ਹੋਣੇ, ਸਾਡਾ ਤਾਂ ਜਨਮ ਗਿਆ, ਹਰ ਵਕਤ ਵੈਰਾਗ ਰਹਿੰਦਾ ਹੈ ਕਿ ਸਾਡੇ ਕੋਲੋਂ ਕਿੱਡੀ ਭੁੱਲ ਹੋ ਗਈ ਇਕ ਸਿੱਖ ਨੂੰ ਪਾਣੀ ਨਾ ਪਿਲਾ ਸਕੇ। ਪੱਥਰ ਤੋਂ ਨਿਸਚਾ ਹਟ ਗਿਆ ਕਿ ਇਹ ਤਾਂ ਬੋਲਿਆ ਹੀ ਨਹੀਂ, ਸਾਡਾ ਦਿਲ ਵੀ ਨਹੀਂ ਲਵਾਇਆ, ਕੁਝ ਕਰਿਆ ਹੀ ਨਹੀਂ ਹੈ। ਉਹ ਜੀਉਂਦਾ ਠਾਕੁਰ ਅਸੀਂ ਮਾਰ ਦਿੱਤਾ। ਇਸ ਦੇ ਵਿਚੋਂ ਕੀ ਠਾਕੁਰ ਨੇ ਨਿਕਲਣਾ ਹੈ। ਉਸ ਵੇਲੇ ਫੈਸਲਾ ਕਰ ਲਿਆ ਕਿ ਸਭ ਕੁਝ ਵੇਚ ਕੇ ਉਥੇ ਹੀ ਚਲ ਰਹੀਏ, ਪਹਿਲਾਂ ਤਾਂ ਆਪਣੀ ਭੁੱਲ ਬਖਸ਼ਾਈਏ। ਜੇ ਨਾ ਬਖਸ਼ੀ ਤਾਂ ਪਤਾ ਨਹੀਂ ਸਾਨੂੰ ਕਿੰਨੇ ਜਨਮ ਹੋਰ ਗੇੜਾ ਖਾਣਾ ਪਏਗਾ। ਘਰ-ਬਾਰ ਵੇਚ ਦਿੱਤਾ। ਗਰੀਬ ਬਣ ਗਏ। ਬਿਲਕੁਲ ਦਾਨ ਕਰ ਦਿੱਤੇ ਸਾਰੇ ਪੈਸੇ, ਕੋਈ ਨਾ ਰਖਿਆ ਕੋਲ। ਕਹਿੰਦੇ ਮਜ਼ਦੂਰ ਬਣ ਕੇ, ਗਰੀਬ ਬਣ ਕੇ ਸੇਵਾ ਕਰਾਂਗੇ ਉਥੇ ਕਿਉਂਕਿ ਹੁਕਮ ਬਹੁਤ ਔਖਾ ਹੈ –

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***

***ਭਾਈ ਗੁਰਦਾਸ ਜੀ ਦੀ ਵਾਰ 3/18***

ਉਥੇ ਅਨੰਦਪੁਰ ਸਾਹਿਬ ਪਹੁੰਚ ਜਾਂਦੇ ਨੇ। ਫੁੱਲ ਲਾਉਣ ਦੀ ਬੜੀ ਜਾਂਚ ਸੀ ਇਨ੍ਹਾਂ ਨੂੰ। ਦੂਸਰਾ ਸਿਤਾਰ ਦੇ ਪੂਰੇ ਮਾਸਟਰ ਸੀ। ਗਰੀਬੀ ਦੀ ਹਾਲਤ ਵਿੱਚ ਜਾਂਦੇ ਨੇ, ਮੋਢੇ ਤੇ ਸਿਤਾਰ ਰੱਖੀ ਹੋਈ ਹੈ, ਕੋਈ ਕੱਪੜੇ ਬਹੁਤੇ ਨਹੀਂ ਹਨ। ਜਾ ਕੇ ਮਾਲੀ ਕੇਸਰਾ ਸਿੰਘ ਜੋ ਸੀ ਗੁਰੂ ਕੇ ਬਾਗ ਦੇ ਮਾਲੀ ਸੀ, ਉਨ੍ਹਾਂ ਨੂੰ ਕਹਿਣ ਲੱਗੇ, "ਭਾਈ ਸਾਹਿਬ! ਕੋਈ ਸੇਵਾ ਹੈ? ਨੌਕਰੀ ਤਾਂ ਅਸੀਂ ਨਹੀਂ ਕਰਨੀ।"

ਉਹ ਕਹਿੰਦਾ, "ਬਾਗ ਦੇ ਵਿੱਚ ਹੈ, ਤੁਹਾਡਾ ਕੰਮ ਮੈਂ ਦੇਖ ਲੈਂਦਾ ਹਾਂ, ਜੇ ਤਾਂ ਮੈਨੂੰ ਪਸੰਦ ਆ ਗਿਆ, ਫੇਰ ਤਾਂ ਮੈਂ ਰੱਖ ਲਵਾਂਗਾ।"

ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਕ ਹਫਤੇ ਦੇ ਅੰਦਰ ਬਾਗ ਦੀ ਸਾਰੀ ਸ਼ਕਲ ਬਦਲ ਕੇ ਰੱਖ ਦਿੱਤੀ, ਖ਼ੂਬਸੂਰਤੀ ਹੀ ਖ਼ੂਬਸੂਰਤੀ ਵੱਟਾਂ ਨੇ ਉਹ ਖ਼ੂਬਸੂਰਤ, ਖਾਲੇ ਪਾਏ ਉਹ ਖ਼ੂਬਸੂਰਤੀ। ਦੇਖ ਦੇਖ ਕੇ ਜੀਅ ਲਗਦਾ ਹੈ ਕਿ ਹੈਂ! ਇਹੋ ਜਿਹੇ ਕਿਹੜੇ ਕਾਰੀਗਰ ਆ ਗਏ ਕਿ ਐਨੀਆਂ ਸੋਹਣੀਆਂ ਸੜਕਾਂ ਸਜ ਗਈਆਂ। ਕਿਤੇ ਘਾਹ ਦਾ ਨਾਮ ਨਿਸ਼ਾਨ ਨਹੀਂ ਹੈ। ਇਹ ਤਾਂ ਬਹੁਤ ਹੀ ਵਧੀਆ ਚੀਜ਼ ਬਣਾ ਦਿੱਤੀ ਇਨ੍ਹਾਂ ਨੇ। ਗੁਰੂ ਦਸਮੇਸ਼ ਪਿਤਾ ਇਕ ਦਿਨ ਆਏ।

ਕੇਸਰਾ ਸਿੰਘ ਜੀ ਕਹਿਣ ਲੱਗੇ, ਦੇਖੋ! ਲੰਗਰ ਵਿਚ ਪਰਸ਼ਾਦਾ ਛਕ ਲਿਆ ਕਰੋ ਤੇ ਰਹਿਣ ਵਾਸਤੇ ਓਹ ਜਿਹੜਾ ਹੈ ਨਾ ਬਾਗ ਦਾ ਕੋਨਾ ਨੀਵੇਂ ਥਾਂ, ਉਹ ਕੋਠੜੀਆਂ ਰਹਿਣ ਵਾਸਤੇ ਨੇ ਕੱਚੀਆਂ ਦੋ-ਦੋ ਮੰਜੇ ਦੀਆਂ, ਉਸ ਦੇ ਵਿੱਚ ਤੁਸੀਂ ਰਹਿ ਲਓ।"

ਉਹ ਕਹਿਣ ਲੱਗੇ, "ਭਾਈ ਸਾਹਿਬ! ਪਰਸ਼ਾਦਾ ਤਾਂ ਨਹੀਂ ਅਸੀਂ ਛਕਣਾ

ਲੰਗਰ ਦਾ, ਪਹਿਲਾਂ ਹੀ ਸਾਡੇ ਉਤੇ ਬੜੇ ਭਾਰੇ ਪਾਪ ਚੜ੍ਹੇ ਹੋਏ ਨੇ, ਹਾਂ! ਅਸੀਂ ਉਥੇ ਰਹਾਂਗੇ ਤੇਰੀ ਆਗਿਆ ਵਿਚ ਰਹਾਂਗੇ, ਵਿਹਲੇ ਸਮੇਂ ਵਿੱਚ ਅਸੀਂ ਟੋਕਰੀਆਂ ਬਣਾ ਲਿਆ ਕਰਾਂਗੇ, ਬਜਾਰ ਜਾ ਕੇ ਵੇਚ ਕੇ ਉਸ ਦਾ ਰਾਸ਼ਨ ਲਿਆਇਆ ਕਰਾਂਗੇ।"

ਇਹ ਵੀ ਬੜਾ ਭਾਰੀ ਤਪ ਹੈ ਸਾਧ ਸੰਗਤ ਜੀ! ਕਿਉਂਕਿ ਜਿਹੜਾ ਪੂਜਾ ਦਾ ਧਾਨ ਹੈ ਇਹ ਲੈ ਕੇ ਬਹਿ ਜਾਂਦਾ ਹੈ ਆਦਮੀ ਨੂੰ।

***ਧਰਮਸਾਲਾ ਦੀਆਂ ਰੋਟੀਆਂ ਤਿਨ ਕੰਮ ਕਰੇਨਿ।***
***ਹੱਡ ਗਾਲਨ ਮਤ ਮਾਰਨ ਭਜਨ ਕਰਨ ਨ ਦੇਨਿ।***

ਇਹ ਤਿੰਨ ਗੱਲਾਂ ਕਰਦੀਆਂ ਹਨ, ਆਦਮੀ ਨੂੰ ਐਨਾ ਨਾਸਤਕ ਬਣਾ ਦਿੰਦੀਆਂ ਹਨ ਕਿ ਨੇੜੇ ਤੇੜੇ ਵੀ ਨਹੀਂ ਰਹਿੰਦਾ ਰੱਬ ਦੇ ਕਿਉਂਕਿ ਪੂਜਾ ਦਾ ਧਾਨ ਮਾੜਾ ਹੁੰਦਾ ਹੈ।

ਜਿਵੇਂ ਕੈਪਸੂਲ ਦੇ ਅੰਦਰ ਵਿਹੁ ਹੋਵੇ, ਇਵੇਂ ਹੀ ਜਿਹੜੇ ਧਰਮਸਾਲਾ ਦੀ ਝਾਕ ਰਖਦੇ ਨੇ, ਉਨ੍ਹਾਂ ਦਾ ਇਹ ਹਾਲ ਹੁੰਦਾ ਹੈ। ਫੇਰ ਇਹ ਹੁੰਦਾ ਹੈ ਕਿ ਛਕੀਏ ਹੀ ਨਾ? ਨਾਹ ਜਿਵੇਂ ਹੁਣ ਤੁਸੀਂ ਆਏ ਹੋ, ਸਤਿਸੰਗ ਕਰ ਰਹੇ ਹੋ, ਸਰੀਰ ਵਾਸਤੇ ਖੁਰਾਕ ਦੀ ਲੋੜ ਹੈ, ਤੁਹਾਡੀ ਪਰਾਲਬਧ ਪਹਿਲਾਂ ਪਹੁੰਚੀ ਹੋਈ ਹੈ ਇਥੇ, ਤੁਹਾਨੂੰ ਪਰਸ਼ਾਦਾ ਤਾਂ ਕੋਈ ਨਹੀਂ ਛਕਾ ਰਿਹਾ ਇਥੇ। ਜੇ ਕੋਈ ਕਹੇ ਜੀ ਬਹਿਰਾਮ ਵਾਲੇ ਛਕਾਉਂਦੇ ਨੇ। ਨਹੀਂ, ਤੁਹਾਡੀ ਪਰਾਲਬਧ ਪਹੁੰਚ ਗਈ ਪਹਿਲਾਂ ਹੀ। ਉਹ ਜਿਨ੍ਹਾਂ ਨੇ ਸੇਵਾ ਕਰਕੇ ਲਾਹਾ ਲੈਣਾ ਹੈ ਉਹ ਵੀ ਪਹੁੰਚੇ ਹੋਏ ਨੇ 'ਗੁਰੂ ਕਾ ਲੰਗਰ' ਚਲ ਰਿਹਾ ਹੈ ਗੁਰੂ ਨੇ ਫਲ ਦੇਣਾ ਹੈ। ਤੁਸੀਂ 'ਗੁਰੂ ਕਾ ਲੰਗਰ' ਛਕਣਾ ਹੈ ਤੇ ਸਤਿਸੰਗ ਸੁਣਨਾ ਹੈ ਤਾਂ ਕਿ ਸਾਨੂੰ ਫਿਕਰ ਕੋਈ ਨਾ ਰਹੇ, ਭੁੱਖ ਦਾ ਨਾ ਰਹੇ। ਜਿਹੜਾ ਹਰ ਵਕਤ ਹੀ ਰਹਿੰਦਾ ਹੈ ਇਹ ਉਸਦੇ ਵਾਸਤੇ ਹੈ ਜਿਹੜੀ ਹੁਣ ਮੈਂ ਆਹ ਬੇਨਤੀ ਕਰੀ ਹੈ। ਪੂਜਾ ਦਾ ਧਾਨ ਬਹੁਤ ਬੁੱਧੀ ਭ੍ਰਿਸ਼ਟ ਕਰ ਦਿੰਦਾ ਹੈ। ਕਿਰਤ ਦਾ ਹੀ ਛਕਿਆ ਜਾਵੇ, ਬਹੁਤ ਵਧੀਆ ਚੀਜ਼ ਹੈ।

ਸੋ ਕਹਿਣ ਲੱਗੇ, ਭਾਈ ਸਾਹਿਬ! ਅਸੀਂ ਲੰਗਰ ਦਾ ਪਰਸ਼ਾਦਾ ਤਾਂ ਨਹੀਂ ਛਕਣਾ, ਸਾਨੂੰ ਹੁਨਰ ਆਉਂਦਾ ਹੈ ਅਸੀਂ ਟੋਕਰੀਆਂ ਬਣਾ ਸਕਦੇ ਹਾਂ, ਹੋਰ ਬਾਂਸ ਦੀਆਂ ਚੀਜ਼ਾਂ ਬਣਾ ਸਕਦੇ ਹਾਂ, ਉਹ ਅਸੀਂ ਬਜਾਰ ਵੇਚ ਆਇਆ ਕਰਾਂਗੇ, ਅਸੀਂ ਗਰੀਬੋਂ-ਗਰੀਬੀ ਖਾ ਲਿਆ ਕਰਾਂਗੇ। ਸੋ ਅਸੀਂ ਇਸ ਬਾਗ ਵਿਚੋਂ ਨਹੀਂ ਕੁਝ ਲੈਣਾ। ਉਨ੍ਹਾਂ ਨੇ ਸਬਜੀ ਵੀ ਬਾਹਰੋਂ ਲੈ ਆਉਣੀ, ਜਾ ਕੇ ਵੇਚ ਦੇਣੀ ਬੀਬੀ ਨੇ ਤੇ ਉਸ ਦਾ ਰਾਸ਼ਨ ਲੈ ਆਉਣਾ ਤੇ ਰੋਜ਼ ਦੀ ਰੋਜ਼ ਇਸੇ ਤਰ੍ਹਾਂ ਗੁਜ਼ਾਰਾ ਚਲਦਾ ਰਹਿੰਦਾ। ਜਿਹੜਾ ਸਮਾਂ ਮਿਲਣਾ ਉਸ ਦੇ ਵਿੱਚ ਬਹੁਤ ਹੀ ਵੈਰਾਗ ਦੇ ਨਾਲ ਬੇਨਤੀਆਂ ਕਰਨੀਆਂ। ਉਹ ਸੁਣੀਆਂ ਨਾ ਜਾਣੀਆਂ।

ਐਨਾ ਵੈਰਾਗ, ਐਨੇ ਬੋਲ ਉਨ੍ਹਾਂ ਦੇ ਮਿੱਠੇ, ਪੰਛੀ ਵੀ ਆ ਕੇ ਟਿਕ ਜਾਂਦੇ ਸੀ, ਦਰਖਤ ਵੀ ਹਿੱਲਣ ਤੋਂ ਹਟ ਜਾਂਦੇ ਸੀ। ਇਹ ਕਹਾਵਤਾਂ ਨੇ, ਉਦਾਹਰਣਾਂ ਨੇ ਦੱਸਣ ਵਾਸਤੇ ਕਿ ਐਨਾ ਉਨ੍ਹਾਂ ਦਾ ਪ੍ਰਭਾਵ ਸੀ ਕਿਉਂਕਿ ਜਿਹੜੀ ਹਿਰਦੇ ਵਿਚੋਂ ਚੀਜ਼ ਨਿਕਲ ਰਹੀ ਹੈ, ਇਕ ਕਲਾ ਦਿਖਾ ਰਿਹਾ ਹੈ, ਕਲਾ ਵਾਲਾ ਮੁਰਦਾ ਹੁੰਦਾ ਹੈ, ਉਸ ਦਾ ਹਿਰਦਾ ਸਾਥ ਨਹੀਂ ਦੇ ਰਿਹਾ, ਉਸ ਦਾ art ਸਾਥ ਦੇ ਰਿਹਾ ਹੈ, ਉਹ ਵਾਜੇ ਵੀ ਵਧੀਆਂ ਵਜਾਏਗਾ, ਸੁਰਾਂ ਵੀ ਵਧੀਆ ਕੱਢੇਗਾ। ਜਿਸ ਦਾ ਦਿਲ ਸਾਥ ਦੇ ਰਿਹਾ ਹੈ ਉਸ ਦੇ ਦਿਲ ਦੇ ਵਿਚੋਂ ਹੂਕ ਨਿਕਲਦੀ ਹੈ, ਵੇਦਨਾ ਨਿਕਲਦੀ ਹੈ ਉਸ ਨੂੰ ਕੋਈ ਸਹਿ ਨਹੀਂ ਸਕਿਆ ਕਰਦਾ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਵਿਹਲਾ ਸਮਾਂ ਹੁੰਦਾ ਹੈ ਉਸ ਵੇਲੇ ਇਸ ਭਾਵ ਦੀਆਂ ਬੇਨਤੀਆਂ ਉਨ੍ਹਾਂ ਦੇ ਹਿਰਦੇ ਵਿਚੋਂ ਨਿਕਲਦੀਆਂ ਹਨ।

***ਧਾਰਨਾ – ਹਰਿ ਦਰਸ਼ਨ ਕੀ ਆਸਾ ਮੇਰੇ ਮਨ,***
***ਹਰਿ ਦਰਸ਼ਨ ਕੀ ਆਸਾ –2, 4.***

***ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥***
***ਉਰ ਨਾ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ॥***
***ਉਡਹੁ ਨ ਕਾਗਾ ਕਾਰੇ॥***
***ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ॥ ਅੰਗ–338***

ਐਸੀਆਂ ਬੇਨਤੀਆਂ ਜਦੋਂ ਭਾਈ ਕੇਸਰਾ ਸਿੰਘ ਜੀ ਨੇ ਸੁਣਨੀਆਂ, ਉਨ੍ਹਾਂ ਖੜ੍ਹੇ ਹੋ ਜਾਣਾ, ਸਰੀਰ ਦੇ ਵਿਚੀਂ ਲੰਘ ਜਾਣੀਆਂ, ਉਸ ਦਾ ਅਸਰ ਕੀ ਹੋਣਾ, ਉਸ ਦੇ ਨੇਤਰਾਂ ਵਿਚੋਂ ਛਮਾ ਛਮ ਜਲ ਵਰਸਣਾ ਸ਼ੁਰੂ ਹੋ ਜਾਣਾ ਅੰਦਾਜ਼ਾ ਲਾਉਣਾ ਕਿ ਕੋਈ ਬਿਰਹੁ ਦਾ ਫਟ ਖਾਧਾ ਹੋਇਆ ਹੈ ਇਨ੍ਹਾਂ ਨੇ, ਪੂਰਾ ਨਹੀਂ ਹੋਇਆ ਕੋਈ ਤੇ ਉਸ ਦੇ ਕਰਕੇ ਕਿਸੇ ਮਹਾਂਪੁਰਸ਼ ਨਾਲ ਪਿਆਰ, ਉਸ ਦੀ ਯਾਦ ਕਰਦੇ ਨੇ ਤੇ ਉਨ੍ਹਾਂ ਤੋਂ ਵੀ ਨਾ ਸਹਿ ਹੋਣਾ। ਇਸ ਤਰ੍ਹਾਂ ਸੇਵਾ ਵੀ ਕਰਦੇ ਨੇ, ਆਪਣੀ ਕਿਰਤ ਕਰਕੇ ਛਕਦੇ ਨੇ, ਤੇ ਕੀਰਤਨ ਵੀ ਕਰਦੇ ਨੇ। ਬਾਣੀ ਯਾਦ ਕਰ ਲਈ ਕਹਿ ਕੇ ਭਾਈ ਕੇਸਰਾ ਸਿੰਘ ਨੂੰ, ਹੱਥਾਂ ਨਾਲ ਲਿਖੇ ਹੋਏ ਗੁਟਕੇ ਮੰਗਾ ਲਏ, ਫਟਾਫਟ ਕੰਠ ਕਰ ਲਈ, ਰਾਗ ਦੇ ਮਾਹਿਰ ਸੀ। ਜਿਸ ਵਕਤ ਉਨ੍ਹਾਂ ਨੇ ਤਰਮਾ ਹਿਲਾਉਣੀਆਂ ਸਿਤਾਰ ਦੀਆਂ, ਨਾਲ ਹੀ ਝਰਨਾਟਾਂ ਸੁਣਨ ਵਾਲਾ ਖਾਂਦਾ ਸੀ। ਇਕ ਦਿਨ ਮਾਤਾ ਜੀ ਨੇ ਪੁਛਿਆ, "ਕੇਸਰ ਸਿੰਘ! ਆਹ ਫੁੱਲਾਂ ਦੀ ਨੁਹਾਰ ਬਦਲ ਗਈ, ਕੋਈ ਖਾਸ ਬੀਜ ਲਿਆਂਦਾ ਹੈ ਤੁਸੀਂ?"

ਕਹਿੰਦਾ, "ਮਾਤਾ ਜੀ! ਮੈਂ ਤਾਂ ਨਹੀਂ ਲਿਆਂਦਾ ਪਰ ਇਥੇ ਇਕ ਜੋੜਾ ਆਇਆ ਹੋਇਆ ਹੈ ਆਪਣੇ ਬਾਗ ਦੇ ਵਿਚ। ਉਹ ਬਹੁਤ ਮਾਹਿਰ ਨੇ ਫੁੱਲ ਉਗਾਉਣ ਦੇ, ਕੁਰਤੇ ਫੁੱਲ, ਦੂਸਰੇ ਫੁੱਲ ਕਿੰਨੀ ਮਿਹਨਤ ਕਰਦੇ ਨੇ, ਕਦੇ ਤੁਸੀਂ ਦਰਸ਼ਨ ਦੇਵੋ, ਪਤਾ ਲੱਗੇ। ਸਰਦੀਆਂ ਦੇ ਮਹੀਨੇ ਪਾਲੇ ਤੋਂ ਬਚਾਉਣ

ਵਾਸਤੇ ਪਰਾਲੀ ਦੀਆਂ ਛਟਾਂ ਲਾ ਕੇ ਨਿੱਘ ਦਿੰਦੇ ਨੇ, ਰਾਤ ਭਰ ਧੂੰਆਂ ਕਰਦੇ ਨੇ ਕਿ ਕਿਤੇ ਠੰਢ ਨਾ ਲੱਗ ਜਾਵੇ ਕੋਰਾ ਨਾ ਪੈ ਜਾਵੇ। ਮਾਤਾ ਜੀ! ਉਹ ਨਹੀਂ ਟਿਕਦੇ ਇਹ ਸਾਰਾ ਉਨ੍ਹਾਂ ਦੀ ਮਿਹਨਤ ਦਾ ਫਲ ਹੈ ਮੇਰੀ ਮਿਹਨਤ ਦਾ ਨਹੀਂ।"

ਮਾਤਾ ਜੀ ਦੇ ਮਨ ਵਿਚ ਆਇਆ ਕਿ ਇਹੋ ਜਿਹੇ ਕੌਣ ਨੇ? ਉਸ ਵੇਲੇ ਆਪ ਉਚੇਚੇ ਤੌਰ ਤੇ ਬਾਗ ਵਿਚ ਆਏ ਤੇ ਜਿਸ ਵਕਤ ਉਹ ਉਥੇ ਪਹੁੰਚਦੇ ਨੇ ਤਾਂ ਇਸ ਭਾਵ ਦੀ ਬੇਨਤੀ ਕੀਤੀ ਜਾ ਰਹੀ ਹੈ -

***ਧਾਰਨਾ - ਜਿੰਦ ਬਚਦੀ ਨਹੀਂ***
***ਗੁਰ ਦਰਸ ਬਿਨਾ-2, 2.***
***ਜੈਸੇ ਨੀਰ ਬਿਨ ਮਛਲੀ,***
***ਜਿੰਦ ਬਚਦੀ -2, 2.***

***ਜਿਉ ਮਛੁਲੀ ਬਿਨ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਨਜਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥ ਅੰਗ - 708***

ਮਾਤਾ ਜੀ ਐਸੀ ਬਿਰਹੁ ਦੀ ਪੀੜ ਸੁਣ ਕੇ ਹਿਲ ਗਏ। ਆਪ ਉਸ ਛੋਟੀ ਜਿਹੀ ਕੁਟੀਆ ਦੇ ਬਾਹਰ ਚਲੇ ਗਏ, ਦਰਵਾਜੇ ਭੇੜੇ ਹੋਏ ਨੇ। ਬਾਹਰ ਤੌੜੀ ਦੇ ਵਿਚ ਸਾਗ ਰਿੱਝ ਰਿਹਾ ਹੈ, ਤਿਆਰੀ ਹੈ ਪਰਸ਼ਾਦੇ ਦੀ ਲੇਕਿਨ ਆਪ ਬਿਰਹੁ ਦੇ ਭਿੱਜੇ ਹੋਏ ਦੋਏ ਉਥੇ ਬੇਨਤੀਆਂ ਕਰ ਰਹੇ ਨੇ। ਮਾਤਾ ਜੀ ਨੇ ਦਰਵਾਜਾ ਖੜਕਾਇਆ। ਹੈਰਾਨ ਹੋ ਗਏ ਕਿ ਮਾਤਾ ਜੀ ਸਾਡੀ ਇਹੋ ਜਿਹੀ ਕੁਟੀਆ ਦੇ ਵਿਚ ਆ ਗਏ। ਕੁਟੀਆ ਦੇ ਵਿਚ ਸਿਰਫ ਸਫ ਸੀ। ਆਪ ਨੇ ਜੋ ਵੀ ਕਪੜਾ ਸੀ ਹੇਠਾਂ ਵਿਛਾਇਆ। ਆਪ ਭੁੰਜੇ ਬੈਠ ਗਏ। ਮਾਤਾ ਜੀ ਨੇ ਜਾਨਣ ਦੀ ਕੋਸ਼ਿਸ਼ ਕਰੀ ਕਿ ਐਨਾ ਵੈਰਾਗ ਹੈ ਇਨ੍ਹਾਂ ਨੂੰ? ਆਪ ਨੇ ਕਿਹਾ ਕਿ ਹੋਰ ਕੀਰਤਨ ਕਰੋ, ਵੈਰਾਗ ਦਾ ਹੀ ਕੀਰਤਨ ਕਰਿਓ। ਉਸ ਵੇਲੇ ਮਾਤਾ ਜੀ ਦੇ ਨੇਤਰਾਂ ਵਿਚੋਂ ਜਲ ਜਾਣ ਲੱਗ ਗਿਆ। ਗੁਰੂ ਮਹਾਰਾਜ ਕੋਲ ਜਦੋਂ ਮਾਤਾ ਜੀ ਆਏ ਤਾਂ ਮਾਤਾ ਜੀ ਨੇ ਕਿਹਾ ਕਿ ਮਹਾਰਾਜ! ਇਕ ਐਸਾ ਜੋੜਾ ਹੈ ਆਪਣੇ ਬਾਗ ਦੇ ਅੰਦਰ ਤੇ ਉਨ੍ਹਾਂ ਦਾ ਬਿਰਹਾ ਨਹੀਂ ਝਲਿਆ ਜਾਂਦਾ।

ਕਹਿੰਦੇ, "ਹਾਂ! ਇਹ ਅਸੀਂ ਹੀ ਹੁਕਮ ਦਿੱਤਾ ਹੋਇਆ ਹੈ। ਜਦੋਂ ਅਸੀਂ ਬਾਗ ਵਿਚ ਆਏ ਤਾਂ ਕੇਸਰਾ ਸਿੰਘ ਨੇ ਕਿਹਾ ਸੀ ਕਿ ਮਹਾਰਾਜ! ਆਹ ਜਿੰਨੀ ਸਾਰੀ ਸੁੰਦਰਤਾ ਹੈ ਬਾਗ ਵਿਚ, ਇਹ ਉਨ੍ਹਾਂ ਦਾ ਕੰਮ ਹੈ, ਮੇਰਾ ਕੰਮ ਨਹੀਂ ਹੈ।"

ਜਿਥੇ ਜੀਅ ਕਰਦੇ ਚਲੇ ਜਾਣ। ਭਾਈ ਕੇਸਰਾ ਸਿੰਘ ਨੇ ਜਾ ਕੇ ਜਿਸ ਵਕਤ ਉਨ੍ਹਾਂ ਨੂੰ ਹੁਕਮ ਸੁਣਾਇਆ ਕਿ ਪ੍ਰੇਮੀਓ! ਸੇਵਾ ਜੀਅ ਭਰ ਕੇ ਕਰ ਸਕਦੇ ਹੋ ਪਰ ਦਰਸ਼ਨ ਦੀ ਮਨਾਹੀ ਹੈ ਤੁਹਾਡੇ ਵਾਸਤੇ, ਨਾ ਦਰਸ਼ਨ ਦੇਣੇ ਹਨ ਤੇ ਨਾ ਦਰਸ਼ਨ ਕਰਨੇ ਹਨ। ਜਦੋਂ ਕਲਗੀਧਰ ਪਿਤਾ ਬਾਗ ਵਿਚ ਆਉਣ, ਟਹਿਲਣ, ਉਸ ਵੇਲੇ ਤੁਸੀਂ ਆਹ ਨੀਵੀਂ ਥਾਂ ਜਿਥੇ ਤੁਹਾਡਾ ਘਰ ਹੈ ਉਸ ਦੇ ਪਿਛਲੇ ਪਾਸੇ ਬਹਿ ਜਾਣਾ ਹੈ ਤੇ ਜਦੋਂ ਚਲੇ ਜਾਣ ਤੁਸੀਂ ਫੇਰ ਅੱਗੇ ਆਉਣਾ ਹੈ, ਦਰਸ਼ਨ ਨਹੀਂ ਕਰਨੇ। ਮੈਨੂੰ ਲਗਦਾ ਹੈ ਤੁਹਾਡੇ ਕੋਲੋਂ ਬੜੀ ਭਾਰੀ ਭੁੱਲ ਹੋਈ ਹੋਈ ਹੈ।

ਕਹਿਣ ਲੱਗੇ, "ਸ਼ੁਕਰ ਹੈ ਸੇਵਾ ਦੀ ਤਾਂ ਆਗਿਆ ਮਿਲ ਗਈ ਨਾਂਹ!

***ਜੇ ਗੁਰੁ ਝਿੜਕੇ ਤ ਮੀਠਾ ਲਾਗੈ***
***ਜੇ ਬਖਸੇ ਤ ਗੁਰ ਵਡਿਆਈ॥*** ***ਅੰਗ - 758***

ਮਾਤਾ ਜੀ ਨੇ ਜਦੋਂ ਸੁਣਿਆ, ਗੁਰੂ ਮਹਾਰਾਜ ਜੀ ਨੇ ਜਿਸ ਵਕਤ ਦੱਸਿਆ, ਉਹ ਕਹਿਣ ਲੱਗੇ, "ਮਹਾਰਾਜ ਕੀ ਭੁੱਲ ਹੋ ਗਈ?"

ਕਹਿਣ ਲੱਗੇ, "ਦੇਖੋ! ਇਕ ਮੇਰਾ ਗੁਰਸਿਖ ਸੀ, ਰਾਇਪੁਰ ਰਹਿੰਦਾ ਸੀ। ਜਥਾ ਆ ਰਿਹਾ ਸੀ ਦਰਸ਼ਨ ਕਰਨ ਵਾਸਤੇ ਤੇ ਉਨ੍ਹਾਂ ਉਤੇ ਡਾਕੂ ਪੈ ਗਏ ਅਚਾਨਕ। ਉਹ ਸ਼ਸਤਰ ਦਾ ਬਹੁਤ ਜਾਣੂ ਸੀ। ਹਰ ਵਕਤ ਸ਼ਸਤਰ ਧਾਰੀ ਹੋ ਕੇ ਰਹਿੰਦਾ ਸੀ। ਬੰਦਗੀ ਕਰਦਾ ਸੀ। ਮੇਰੇ ਵਿਚ ਉਹ ਅਭੇਦ ਅਵਸਥਾ ਵਿਚ ਰਹਿੰਦਾ ਸੀ। ਮੈਂ ਉਸਦੇ ਵਿਚ ਤੇ ਉਹ ਮੇਰੇ ਵਿਚ। ਉਹ ਜਖਮੀ ਹੋ ਕੇ ਸ਼ਹਿਰ ਨੂੰ ਗਿਆ। ਇਹ ਪਾਣੀ ਲਈ ਜਾਂਦੇ ਸੀ, ਨਿਰਜਿੰਦ ਠਾਕੁਰਾਂ ਦੀ ਪੂਜਾ ਕਰਨ ਵਾਸਤੇ, ਮੇਰੇ ਗੁਰਸਿਖ ਨੂੰ ਇਕ ਘੁੱਟ ਪਾਣੀ ਨਾ ਪਿਲਾਇਆ। ਉਸ ਨੇ ਬਚਨ ਕਰ ਦਿੱਤਾ ਕਿ ਠਾਕੁਰ ਦਰਸ਼ਨ ਨਹੀਂ ਜੇ ਦੇਣ ਲੱਗਾ। ਸੋ ਅਸੀਂ ਤਾਂ ਉਸ ਬਚਨ ਦੇ ਬੰਨ੍ਹੇ ਹੋਏ ਹਾਂ। ਮੇਰਾ ਬਚਨ ਕੀਤਾ ਹੁੰਦਾ, ਮੇਰੇ ਬਚਨ ਨੂੰ ਸਿੱਖ ਬਦਲ ਸਕਦੇ ਸੀ ਪਰ ਮੈਂ ਸਿੱਖ ਦਾ ਬਚਨ ਨਿਹਫਲ ਨਹੀਂ ਕਰ ਸਕਦਾ। ਆਦਿ ਜੁਗਾਦਿ ਤੋਂ ਇਹ ਰੀਤ ਤੁਰੀ ਆਈ ਹੈ -

***ਧਾਰਨਾ - ਮੇਰੀ ਬੰਨ੍ਹੀ ਹੋਈ ਭਗਤ ਛੁਡਾਉਂਦੇ ਨੇ,***
***ਭਗਤਾਂ ਦੀ ਬੰਨ੍ਹੀ ਨਾ ਛੁਟਦੀ - 2.***

*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ॥ ਅੰਗ-1253*

ਕਹਿੰਦੇ, "ਉਸ ਗੁਰਸਿਖ ਦੇ ਪਿਆਰੇ ਨੇ ਮੈਨੂੰ ਬੰਨ੍ਹ ਦਿੱਤਾ, ਹੁਣ ਇਨ੍ਹਾਂ ਨੂੰ ਦਰਸ਼ਨ ਨਹੀਂ ਹੋ ਸਕਦੇ।"

ਕਹਿੰਦੇ, "ਮਹਾਰਾਜ! ਕਿਰਪਾ ਕਰੋ।"

ਮਹਾਰਾਜ ਕਹਿੰਦੇ, "ਆਦਿ ਜੁਗਾਦਿ ਤੋਂ ਹੀ ਇਹ ਰੀਤ ਚਲੀ ਆ ਰਹੀ ਹੈ।"

ਕ੍ਰਿਸ਼ਨ ਮਹਾਰਾਜ ਦੁਆਪਰ ਯੁੱਗ ਦੇ ਵਿਚ 16 ਕਲਾ ਸੰਪੂਰਨ ਅਵਤਾਰ ਹੋਏ ਹਨ। ਉਨ੍ਹਾਂ ਦੀ ਔਲਾਦ ਕੁਝ ਨਾਸਤਕ ਹੋ ਗਈ। ਬਹੁਤ ਸਾਰੇ ਰਿਸ਼ੀ ਮਹਾਤਮਾ ਆਏ ਹੋਏ ਸੀ ਪਰਭਾਸ ਖੇਤਰ ਤੇ ਅਤੇ ਉਸ ਵੇਲੇ ਇਨ੍ਹਾਂ ਬੱਚਿਆਂ ਨੂੰ ਕੀ ਸੁੱਝੀ? ਇਕ ਛੋਟੀ ਉਮਰ ਦੇ ਬੱਚੇ ਦੇ ਪੇਟ ਤੇ ਕੱਪੜੇ ਬੰਨ੍ਹ ਦਿੱਤੇ, ਇਕ ਬਾਟੀ ਬੰਨ੍ਹ ਦਿੱਤੀ ਤੇ ਕਈ ਬੱਚਿਆਂ ਨੇ ਬੀਬੀਆਂ ਵਾਲੇ ਕੱਪੜੇ ਪਾ ਲਏ, ਕਈਆਂ ਨੇ ਮਰਦਾਂ ਵਾਲੇ ਪਾ ਲਏ। ਸਾਧੂਆਂ ਕੋਲ ਜਾਂਦੇ ਨੇ ਬਾਬਾ ਜੀ! ਸਾਡੀ ਵੀ ਬੇਨਤੀ ਸੁਣੋ। ਕਿਰਪਾ ਕਰਕੇ ਇਹ ਤਾਂ ਦੱਸੋ ਕਿ ਇਸ ਦੇ ਲੜਕਾ ਹੋਏਗਾ ਜਾਂ ਲੜਕੀ ਹੋਏਗੀ। ਮਹਾਤਮਾ ਨੇ ਤੋਰ ਦੇਣਾ ਕਿ ਬੱਚੇ ਨੇ, ਚੰਚਲ ਮੱਤ ਹੈ। ਇਸ ਤਰ੍ਹਾਂ ਕਰਦੇ-ਕਰਦੇ ਸਾਰਿਆਂ ਨੂੰ ਪਰੇਸ਼ਾਨ ਕਰਦੇ-ਕਰਦੇ ਅਖੀਰ ਦੁਰਬਾਸਾ ਰਿਸ਼ੀ ਕੋਲ ਚਲੇ ਗਏ। ਮਹਾਰਾਜ ਕਹਿੰਦੇ -

*ਦੁਰਬਾਸਾ ਸਿਉ ਕਰਤ ਠਗਉਰੀ*
*ਜਾਦਵ ਏ ਫਲ ਪਾਏ॥ ਅੰਗ - 693*

ਉਸ ਨੂੰ ਵੀ ਜਾ ਕੇ ਇਹੀ ਸਵਾਲ ਕਰ ਦਿੱਤਾ। ਉਹ ਕੁਲ ਗੁਰੂ ਸੀ ਉਸ ਨੇ ਕਿਹਾ ਹੈਂ! ਐਨੇ ਗੁਸਤਾਖ ਹੋ ਗਏ ਬੱਚੇ। ਕਹਿੰਦੇ, ਜਾਓ ਬੱਚਿਓ! ਇਹੋ ਜਿਹੀ ਗੱਲ ਨਹੀਂ ਕਰੀਦੀ।"

ਨਹੀਂ ਬਾਬਾ ਅਸੀਂ ਤਾਂ ਪੁਛ ਕੇ ਜਾਣਾ ਹੈ। ਉਹ ਸਾਰੇ ਸੰਤਾਂ ਨੂੰ ਕਹਿ ਕੇ ਜਾਂਦੇ ਸੀ ਕਿ ਐਵੇਂ ਹੀ ਢੌਂਗ ਰਚਿਆ ਹੋਇਆ ਹੈ ਰੋਟੀਆਂ ਖਾਣ ਵਾਲੇ ਹੀ ਸੰਤ ਨੇ। ਇਨ੍ਹਾਂ ਨੂੰ ਵੀ ਕਹਿ ਦਿੱਤਾ। ਫੇਰ ਤਾਂ ਤੁਸੀਂ ਐਵੇਂ ਰੋਟੀ ਪਾਣੀ ਖਾਂਦੇ ਹੋ, ਲੋਕਾਂ ਨੂੰ ਧੋਖਾ ਦਿੰਦੇ ਹੋ।

ਕਹਿੰਦੇ, "ਦੱਸਾਂ ਫੇਰ?"

ਕਹਿੰਦੇ, "ਦਸੋ।"

ਕਹਿੰਦੇ, "ਫੇਰ ਦਸਦਾਂ?"

ਕਹਿੰਦੇ, "ਦਸੋ।"

ਕਹਿੰਦੇ, "ਸੁਣੋ! ਕੰਨ ਖੋਲ੍ਹ ਕੇ। ਇਸ ਦੇ ਪੇਟ ਵਿਚੋਂ ਉਹ ਜਨਮ ਲਏਗਾ ਜਿਹੜਾ ਤੁਹਾਡੀ ਕੁਲ ਦਾ ਨਾਸ਼ ਕਰੇਗਾ।"

ਉਸ ਵੇਲੇ ਸਮਝ ਗਏ ਕਿ ਸ਼ਰਾਪ ਦੇ ਦਿੱਤਾ। ਵਾਪਸ ਆ ਗਏ, ਖੇਡਾਂ ਵਗੈਰਾ ਭੁੱਲ ਗਈਆਂ ਸਭ। ਘਰ ਆ ਕੇ ਜਿਸ ਵਕਤ ਕੱਪੜਾ ਖੋਲ੍ਹਿਆ ਤਾਂ ਬਾਟੀ ਤਾਂ ਨਿਕਲੀ ਨਾ ਇਕ ਮੂਸਲ ਨਿਕਲ ਆਇਆ ਵੱਡਾ ਸਾਰਾ। ਕ੍ਰਿਸ਼ਨ ਮਹਾਰਾਜ ਕੋਲ ਚਲੇ ਗਏ, ਰੋਣ ਲੱਗ ਗਏ।

ਕਹਿੰਦੇ, "ਕੀ ਗੱਲ ਰੋਂਦੇ ਹੋ?"

ਕਹਿੰਦੇ, "ਸਾਨੂੰ ਜੀ ਗੁਰੂ ਜੀ ਨੇ ਸਰਾਪ ਦੇ ਦਿੱਤਾ, ਦੁਰਬਾਸਾ ਜੀ ਨੇ।"

ਕਹਿੰਦੇ, "ਦੇਖੋ ਬੱਚਿਓ! ਸੰਤ ਬੇਮਤਲਬਾ ਵਰ ਨਹੀਂ ਦਿੰਦੇ ਕਦੇ ਬੇਮਤਲਬਾ ਸਰਾਪ ਨਹੀਂ ਦਿੰਦੇ, ਭਾਵਨਾ ਹੋਵੇ ਉਨ੍ਹਾਂ ਦੇ ਹਿਰਦੇ ਵਿਚੋਂ ਅਸੀਸ ਨਿਕਲਦੀ ਹੈ, ਵਰ ਨਿਕਲਦਾ ਹੈ। ਦੁਰਭਾਵਨਾ ਹੋਵੇ ਕੋਈ ਤੰਗ ਕਰੇ ਤਾਂ ਉਹ ਸਰਾਪ ਵੀ ਦੇ ਦਿੰਦੇ ਨੇ। ਤੁਸੀਂ ਕੋਈ ਹਰਕਤ ਇਹੋ ਜਿਹੀ ਕਰੀ ਹੋਣੀ ਹੈ।"

ਅਖੀਰ ਦੱਸ ਦਿੱਤਾ ਕਿ ਅਸੀਂ ਤਾਂ ਮਹਾਰਾਜ ਇਸ ਤਰ੍ਹਾਂ ਕਰਦੇ ਫਿਰਦੇ ਸੀ।

ਕਹਿੰਦੇ, "ਬੜਾ ਮਾੜਾ ਕੰਮ ਕਰਿਆ। ਤੁਹਾਨੂੰ ਪਤਾ ਹੈ ਕਿ ਸੰਤਾਂ ਨੂੰ ਛੇੜ ਕੇ ਆਦਮੀ ਸੁਖੀ ਨਹੀਂ ਰਹਿੰਦਾ –

ਜਿਸ ਨੇ ਡੁੱਬਣਾ ਹੋਵੇ, ਜਿਸ ਨੇ ਕੁਲ ਡੋਬਣੀ ਹੋਵੇ ਸੰਤਾਂ ਨਾਲ ਵੈਰ ਪਾ ਲਵੇ, ਹੋਵੇ ਸੰਤ, ਐਵੇਂ ਨਾ ਹੋਵੇ। ਸੋ ਕਹਿਣ ਲੱਗੇ ਕਿ ਕੀ ਕਰਿਆ ਜਾਵੇ ਮਹਾਰਾਜ।

ਕਹਿੰਦੇ, "ਇਸ ਤਰ੍ਹਾਂ ਕਰੋ, ਇਸ ਨੂੰ ਰਗੜ-ਰਗੜ ਕੇ ਸੁੱਟ ਦੇਵੋ।"

ਰੇਤੀਆਂ ਲੈ ਲਈਆਂ, ਸਮੁੰਦਰ ਦੇ ਕੰਢੇ ਬੈਠ ਗਏ, ਉਸ ਨੂੰ ਵਾਰੀ ਵਾਰੀ ਰਗੜੀ ਜਾਂਦੇ ਹਨ, ਘਸਾ ਦਿੱਤਾ। ਅਖੀਰ ਛੋਟੀ ਜਿਹੀ ਅਣੀ ਰਹਿ ਗਈ, ਉਹ ਹੱਥ ਵਿਚੋਂ ਨਿਕਲ ਗਈ। ਹੇਠਾਂ ਮੱਛੀ ਸੀ, ਉਸ ਦੇ ਮੂੰਹ ਵਿਚ ਚਲੀ ਗਈ ਤੇ ਉਹ ਅੱਗੇ ਚਲੀ ਗੀ। ਆ ਕੇ ਦੱਸ ਦਿੱਤਾ ਕਿ ਮਹਾਰਾਜ ਉਹ ਤਾਂ ਘਸਾ

ਦਿੱਤਾ ਲੇਕਿਨ ਇਕ ਅਣੀ ਰਹਿ ਗਈ।

ਕਹਿੰਦੇ, "ਅੱਛਾ! ਮਾੜਾ ਕੰਮ ਹੋਇਆ।"

ਉਨ੍ਹਾਂ ਨੇ ਆਪਣੇ ਸਾਰੇ ਯਾਦਵਾਂ ਨੂੰ ਬੁਲਾਇਆ ਕਿ ਕਲਜੁਗ ਆ ਗਿਆ, ਤੁਹਾਡੀਆਂ ਬਿਰਤੀਆਂ ਹੋ ਗਈਆਂ ਖਰਾਬ, ਤੁਸੀਂ ਤਪ ਕਰੋ, ਮਹਾਤਮਾ ਨੇ ਸਰਾਪ ਦੇ ਦਿੱਤਾ, ਹੋ ਸਕਦਾ ਹੈ ਕਿ ਕੁਝ ਰਹਿਮਤ ਹੋ ਜਾਵੇ ਤੁਹਾਡੇ ਤੇ। ਜਿਸ ਵਕਤ ਪ੍ਰਭਾਸ ਖੇਤਰ ਵਿਚ ਭੇਜੇ ਤੀਰਥ ਤੇ। ਕਹਿਣ ਲੱਗੇ ਸ਼ਰਾਬ ਨਾ ਪੀਓ। ਲੇਕਿਨ ਹੋਣਾ ਕੀ ਸੀ?

ਜਦੋਂ ਕਿਸੇ ਦਾ ਨਾਸ਼ ਹੋਣਾ ਹੁੰਦਾ ਹੈ ਤਾਂ ਸਰੀਰ ਦੀ ਬੁੱਧ ਨਸ਼ਟ ਹੋ ਜਾਂਦੀ ਹੈ।

ਬੁੱਧ ਨਸ਼ਟ ਹੋ ਗਈ, ਉਥੇ ਜਾ ਕੇ ਸ਼ਰਾਬ ਪੀ ਲਈ ਲੜਨ ਲੱਗ ਗਏ ਆਪਸ ਵਿਚ, ਲੜੀ ਗਏ, ਅਖੀਰ ਸਾਰੇ ਹੀ ਮਰ ਗਏ। ਕ੍ਰਿਸ਼ਨ ਮਹਾਰਾਜ ਨੂੰ ਖਬਰ ਦਿੱਤੀ ਗਈ ਮਹਾਰਾਜ! ਉਥੇ ਤਾਂ ਇਕ ਵੀ ਨਾ ਬਚਿਆ ਸਾਰੀ ਕੁਲ ਹੀ ਨਸ਼ਟ ਹੋ ਗਈ ਆਪਣੀ ਤਾਂ। ਇਹ ਉਥੇ ਕੋਲ ਹੀ ਸੀ। ਉਥੋਂ ਉਠੇ ਆਪ ਜੰਗਲ ਵਿਚ ਚਲੇ ਗਏ। ਇਕ ਦਰਖਤ ਦੇ ਨਾਲ ਪਿੱਠ ਲਾ ਕੇ, ਗੋਡੇ ਦੇ ਉਤੇ ਚਰਨ ਰੱਖ ਲਿਆ, ਚਰਨ ਦੇ ਵਿੱਚ ਸੀ ਪਦਮ। ਇਕ ਤਾਂ ਹੁੰਦੀਆਂ ਹਨ ਰੇਖਾਂ ਪਦਮ ਦੀਆਂ, ਬਹੁਤੇ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਹੋਇਆ ਕਰਦੀਆਂ ਹਨ, ਕੋਈ ਕੋਈ ਜਾਣਦਾ ਹੈ ਰੇਖਾ ਵਿਦਿਆ ਦਾ ਜਾਨਣ ਵਾਲਾ। ਇਕ ਹੋਇਆ ਕਰਦਾ ਹੈ ਸਚਮੁਚ। ਉਹ ਹਿਰਨ ਦੀ ਅੱਖ ਵਾਂਗੂ ਚਮਕਦਾ ਹੈ। ਇਕ ਸ਼ਿਕਾਰੀ ਜਦੋਂ ਸ਼ਿਕਾਰ ਦੀ ਤਲਾਸ਼ ਵਿਚ ਜਦੋਂ ਜੰਗਲ ਵਿਚ ਆਇਆ ਤਾਂ ਦੂਰੋਂ ਦੇਖਿਆ ਕਿ ਹਿਰਨ ਬੈਠਾ ਹੈ ਕਿਤੇ ਨੱਠ ਨਾ ਜਾਵੇ ਤੇ ਸ਼ਿਸਤ ਲੱਗਣ ਦੇ ਬਿਲਕੁਲ ਸਹੀ ਬੈਠਾ ਹੈ। ਇਥੋਂ ਜੇ ਉਸ ਦੇ ਬਾਣ ਮਾਰਾਂ ਤਾਂ ਕੋਈ ਦਰਖਤ ਨਹੀਂ ਰਸਤੇ ਵਿਚ ਆਉਂਦਾ ਤੇ ਹਿਰਨ ਮਰ ਜਾਏਗਾ। ਉਸ ਵੇਲੇ ਉਸ ਨੇ ਬਾਣ ਮਾਰਿਆ। ਕ੍ਰਿਸ਼ਨ ਮਹਾਰਾਜ ਦੀ ਵੱਖੀ ਵਿਚ ਜਾ ਕੇ ਲੱਗਿਆ, ਆਰ ਪਾਰ ਲੰਘ ਗਿਆ, ਉਵੇਂ ਜਿਵੇਂ ਪਏ ਨੇ। ਇਹ ਦੌੜਿਆ ਆਇਆ ਕਿ ਹਿਰਨ ਨੱਠ ਨਾ ਜਾਵੇ, ਅੱਗੇ ਆ ਕੇ ਕੀ ਦੇਖਦਾ ਹੈ ਕਿ ਇਹ ਤਾਂ ਕ੍ਰਿਸ਼ਨ ਮਹਾਰਾਜ ਨੇ। ਮੈਂ ਤਾਂ ਬੜਾ ਪਾਪ ਕਰਿਆ। ਉਸ ਵੇਲੇ ਬਹੁਤ ਰੋਂਦਾ ਹੈ ਤੇ ਨਾਲ ਦੀ ਨਾਲ ਇਸ ਤਰ੍ਹਾਂ ਬੇਨਤੀ ਕਰਦਾ ਹੈ -

***ਧਾਰਨਾ - ਮਿਰਗ ਜਾਣ ਕੇ ਬਾਣ ਮੈਂ ਮਾਰਿਆ,***
***ਭੁੱਲ ਮੇਰੀ ਬਖਸ਼ੀਂ ਮਾਲਕਾ -2, 2.***

ਬਾਰ-ਬਾਰ ਬੇਨਤੀਆਂ ਕਰਦਾ ਹੈ।

*ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੈ ਪੈਰ ਪਸਾਰੇ।*
*ਚਰਣ ਕਮਲ ਵਿਚਿ ਪਦਮੁ ਹੈ*
*ਝਿਲਮਿਲ ਝਲਕੇ ਵਾਂਗੀ ਤਾਰੇ।*
*ਬਧਿਕੁ ਆਇਆ ਭਾਲਦਾ*
*ਮਿਰਗੈ ਜਾਣਿ ਬਾਣੁ ਲੈ ਮਾਰੇ।*

***ਭਾਈ ਗੁਰਦਾਸ ਜੀ ਦੀ ਵਾਰ 10/23***

ਬਹੁਚ ਉੱਚੀ ਉੱਚੀ ਰੋਂਦਾ ਹੈ, ਬਹੁਤ ਰੋਂਦਾ ਹੈ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਬੱਧਕ ਤੂੰ ਰੋ ਨਾ। ਮਹਾਰਾਜ ਮੈਂ ਰੋਵਾਂ ਨਾ ਤਾਂ ਹੋਰ ਕੀ ਕਰਾਂ। ਮੈਂ ਕਿੱਡਾ ਕਲੰਕ ਖੱਟ ਲਿਆ, ਆਪ ਦੇ ਬਾਣ ਮਾਰਿਆ। ਹੁਣ ਤਾਂ ਮੈਨੂੰ ਮਾਰ ਦਿਓ ਤੁਸੀਂ। ਇਸ ਦਾ ਇਹੀ ਪ੍ਰਾਸ਼ਚਿਤ ਹੈ। ਕਹਿੰਦੇ, "ਮੇਰੇ ਕੋਲ ਆ, ਹੋਰ ਨੇੜੇ ਆ, ਹੋਰ ਨੇੜੇ ਆ।"

ਬਿਲਕੁਲ ਨੇੜੇ ਬੁਲਾ ਲਿਆ, ਦੋਏ ਬਾਹਾਂ ਚੁੱਕੀਆਂ ਛਾਤੀ ਨਾਲ ਲਾ ਲਿਆ।

*ਗਲਿ ਵਿਚਿ ਲੀਤਾ ਕ੍ਰਿਸ਼ਨ ਜੀ*
*ਅਵਗੁਣੁ ਕੀਤਾ ਹਰਿ ਨ ਚਿਤਾਰੇ।*
*ਕਰਿ ਕਿਰਪਾ ਸੰਤੋਖਿਆ*
*ਪਤਿਤ ਉਧਾਰਣੁ ਬਿਰਦੁ ਬੀਚਾਰੇ।*

***ਭਾਈ ਗੁਰਦਾਸ ਜੀ ਦੀ ਵਾਰ 10/23***

ਅਵਗੁਣ ਨਹੀਂ ਵਿਚਾਰਿਆ -

*ਕਰਿ ਕਿਰਪਾ ਸੰਤੋਖਿਆ .........॥*

***ਭਾਈ ਗੁਰਦਾਸ ਜੀ ਦੀ ਵਾਰ 10/23***

ਕਹਿਣ ਲੱਗੇ, "ਤੂੰ ਰੋ ਨਾ।"

ਕਹਿੰਦਾ, ਮਹਾਰਾਜ! ਮੈਥੋਂ ਕਿੰਨਾ ਪਾਪ ਹੋ ਗਿਆ।"

ਕਹਿਣ ਲੱਗੇ, "ਤੂੰ ਨਹੀਂ ਕਰਿਆ, ਇਹ ਤਾਂ ਅਸੀਂ ਆਪਣੀ ਖੇਡ ਰਚੀ ਹੈ, ਅਸੀਂ ਬਦਲਾ ਦਿੱਤਾ ਹੈ।"

ਕਹਿੰਦਾ, "ਮਹਾਰਾਜ! ਤੁਸੀਂ ਤਾਂ ਮੇਰਾ ਵਿਗਾੜਿਆ ਕੁਝ ਨਹੀਂ।"

ਕਹਿੰਦੇ, "ਬੱਧਕ! ਪਿਛਲੇ ਜੁੱਗ ਦੇ ਅੰਦਰ ਤੂੰ ਬਾਲੀ ਸੀ ਸੁਗਰੀਵ ਦੀ

ਇਸਤ੍ਰੀ ਜ਼ਬਰਦਸਤੀ ਤੂੰ ਖੋਹ ਲਈ ਸੀ। ਉਸ ਵੇਲੇ ਅਸੀਂ ਬਾਣ ਮਾਰਿਆ ਸੀ ਛੁਪ ਕੇ ਕਿਉਂਕਿ ਤੈਨੂੰ ਇਹ ਵਰ ਪ੍ਰਾਪਤ ਸੀ ਕਿ ਜਿਹੜਾ ਤੇਰੇ ਸਾਹਮਣੇ ਲੜੇ ਉਸ ਦੀ ਅੱਧੀ ਸ਼ਕਤੀ ਤੇਰੇ ਵਿੱਚ ਆ ਜਾਂਦੀ ਸੀ। ਉਸ ਦੀ ਅੱਧੀ ਸ਼ਕਤੀ ਤੈਂ ਵਿਨਾਸ ਕਰ ਦਿੱਤੀ ਤੇ ਇਸ ਕਰਕੇ ਤੈਨੂੰ ਕੋਈ ਦੁਨੀਆਂ ਵਿਚ ਜਿੱਤਣ ਵਾਲਾ ਨਹੀਂ ਸੀ। ਅਸੀਂ ਬਾਣ ਮਾਰਿਆ ਤੂੰ ਕਿਹਾ ਹੇ ਰਾਮ! ਤੁਸੀਂ ਮੇਰੇ ਨਾਲ ਅਨੀਤੀ ਕੀਤੀ ਹੈ। ਅਸੀਂ ਕਿਹਾ, ਕੋਈ ਨਹੀਂ, ਅਨੀਤੀ ਕਰੀ, ਤੈਨੂੰ ਪੂਰਾ ਐਵੇਂ ਜਿਵੇਂ ਬਦਲਾ ਦੇਵਾਂਗੇ ਜਿਵੇਂ ਮੈਂ ਕਰਿਆ, ਇਵੇਂ ਹੀ ਤੂੰ ਕਰੀਂ।"

ਸੋ ਕਹਿੰਦੇ ਤੂੰ ਰੋ ਨਾ ਮੈਂ ਤਾਂ ਤੇਰਾ ਬਦਲਾ ਦਿੱਤਾ ਹੈ।

***ਕਰਿ ਕਿਰਪਾ ਸੰਤੋਖਿਆ***
***ਪਤਿਤ ਉਧਾਰਣੁ ਬਿਰਦੁ ਬੀਚਾਰੇ।***
***ਭਲੇ ਭਲੇ ਕਰਿ ਮੰਨੀਅਨਿ***
***ਬੁਰਿਆਂ ਦੇ ਹਰਿ ਕਾਜ ਸਵਾਰੇ।***

***ਭਾਈ ਗੁਰਦਾਸ ਜੀ ਦੀ ਵਾਰ 10/23***

ਭਲਿਆਂ ਦਾ ਤਾਂ ਸਾਰੇ ਭਲਾ ਕਰਦੇ ਨੇ ਪਰ ਬੁਰਿਆਂ ਦਾ ਤਾਂ ਕੋਈ ਹੀ ਕਰਦਾ ਹੈ।

***ਪਾਪ ਕਰੇਂਦੇ ਪਤਿਤ ਉਧਾਰੇ॥***

***ਭਾਈ ਗੁਰਦਾਸ ਜੀ ਦੀ ਵਾਰ 10/23***

ਸੋ ਗੁਰੂ ਦਸਮੇਸ਼ ਪਿਤਾ ਕਹਿਣ ਲੱਗੇ ਮਾਤਾ ਜੀ ਨੂੰ ਕਹਿੰਦੇ, "ਦੇਖੋ! ਉਹ ਪੂਰਨ ਗੁਰਸਿਖ ਸੀ, ਬੀਤ ਰਾਗ ਅਵਸਥਾ ਦਾ, ਮੇਰੇ ਵਿਚ ਅਭੇਦ ਅਵਸਥਾ ਦਾ, ਉਸ ਦਾ ਬਚਨ ਮੈਂ ਨਿਹਫਲ ਨਹੀਂ ਕਰ ਸਕਦਾ।"

ਮਾਤਾ ਜੀ ਕਹਿਣ ਲੱਗੇ, "ਮਹਾਰਾਜ! ਫੇਰ ਇਨ੍ਹਾਂ ਨੂੰ ਦਰਸ਼ਨ ਹੋਣੇ ਹੀ ਨਹੀਂ ਕਦੇ, ਕਿਰਪਾ ਕਰੋ ਇਨ੍ਹਾਂ ਦਾ ਉਧਾਰ ਕਿਵੇਂ ਹੋਏਗਾ?"

ਕਹਿੰਦੇ, "ਤੁਸੀਂ ਜਾਓ! ਤੁਹਾਨੂੰ ਇਜਾਜ਼ਤ ਹੈ, ਇਨ੍ਹਾਂ ਨੂੰ ਨਾਮ ਦੀ ਮੰਜ਼ਲ, ਪਉੜੀ ਉਤੇ ਚਲਾਓ, ਇਨ੍ਹਾਂ ਨੂੰ ਲੈ ਜਾਓ ਆਤਮ ਮੰਡਲ ਦੇ ਵਿਚ। ਜਦੋਂ ਇਨ੍ਹਾਂ ਦੀ ਸੁਰਤੀ ਹਉਮੈ ਮੰਡਲ ਵਿਚੋਂ ਪਾਰ ਹੋ ਕੇ ਆਤਮ ਮੰਡਲ ਵਿਚ ਪਹੁੰਚ ਜਾਏਗੀ, ਸੰਸਾਰ ਵਲੋਂ ਮਰ ਜਾਣਗੇ ਤੇ ਰੱਬ ਵਲੋਂ ਜੀਉਂ ਪੈਣਗੇ ਉਸ ਵੇਲੇ ਸਾਡੇ ਦਰਸ਼ਨ ਇਨ੍ਹਾਂ ਨੂੰ ਹੋ ਜਾਣਗੇ। ਉਸ ਵੇਲੇ ਅਸੀਂ ਜਿਸ ਬਚਨ ਨਾਲ ਬੰਨ੍ਹੇ ਹੋਏ ਹਾਂ ਉਸ ਤੋਂ ਛੁਟ ਜਾਵਾਂਗੇ।"

ਸੋ ਮਾਤਾ ਜੀ ਹਰ ਰੋਜ਼ ਜਾਂਦੇ ਨੇ, ਬੜਾ ਦਿਲਾਸਾ ਦਿੰਦੇ ਨੇ, ਬੜਾ ਬੜੀ ਦੇਰ ਤੱਕ ਬਹਿੰਦੇ ਨੇ ਲੇਕਿਨ ਉਨ੍ਹਾਂ ਦਾ ਬਿਰਹਾ ਨਹੀਂ ਸੁਣਿਆ ਜਾਂਦਾ। ਹਰ ਵਕਰਤ ਭਿੱਜੇ ਰਹਿੰਦੇ ਨੇ ਨੇਤਰ। ਸਮਾਂ ਲੰਘਦਾ ਗਿਆ ਤੇ ਅੱਜ ਪੋਹ ਸੁਦੀ ਸਪਤਮੀ ਦਾ ਦਿਹਾੜਾ ਨੇੜੇ ਆਉਣ ਵਾਲਾ ਹੋ ਗਿਆ। ਇਹ ਰੋਜ਼ ਕਰੁੱਤੇ ਫੁੱਲ ਤਿਆਰ ਕਰਕੇ ਮਾਤਾ ਜੀ ਨੂੰ ਇਕ ਸਿਹਰਾ ਗੁੰਦ ਕੇ ਦਿੰਦੇ ਨੇ। ਉਹ ਜਦੋਂ ਗੁਰੂ ਦਸਮੇਸ਼ ਪਿਤਾ ਦੇ ਦਰਸ਼ਨ ਜਾਂਦੇ ਹਨ ਤਾਂ ਉਨ੍ਹਾਂ ਦੇ ਗਲ ਵਿਚ ਪਹਿਨਾਉਂਦੇ ਨੇ। ਮਹਾਰਾਜ ਜੀ ਦੀ ਬੜੀ ਪ੍ਰਸੰਨਤਾ ਹੁੰਦੀ ਹੈ। ਸੋ ਅੱਜ ਇਨ੍ਹਾਂ ਨੇ ਮਾਤਾ ਜੀ ਨੂੰ ਬਹੁਤ ਵਧੀਆ ਸਿਹਰਾ ਦੇਣਾ ਸੀ। ਇਕ ਫਕੀਰ ਆ ਗਿਆ। ਆ ਕੇ ਕਹਿਣ ਲੱਗਿਆ, "ਮਾਲਣ! ਮੈਨੂੰ ਫੁੱਲ ਦੇਹ, ਨਹੀਂ ਤਾਂ ਮੈਂ ਭਸਮ ਕਰ ਦਊਂ ਤੈਨੂੰ।"

ਉਸ ਵੇਲੇ ਬੜੀ ਸਸ਼ੋਪੰਜ ਵਿਚ ਪੈ ਗਈ ਕਿ ਅੱਗੇ ਇਕ ਗੁਰਸਿਖ ਨੂੰ ਪਾਣੀ ਨਹੀਂ ਪਿਲਾਇਆ ਉਸ ਦਾ ਫਲ ਭੁਗਤਦੇ ਫਿਰਦੇ ਹਾਂ ਤੇ ਜੇ ਫਕੀਰ ਨੂੰ ਦੇ ਦਿੱਤੇ ਤਾਂ ਮਾਤਾ ਜੀ ਨੂੰ ਅਸੀਂ ਕੀ ਦੇਵਾਂਗੇ। ਉਹ ਗਸ਼ ਖਾ ਕੇ ਗਿਰ ਗਈ, ਰਾਹ ਨਾ ਲੱਭਿਆ ਕੋਈ। ਜਦੋਂ ਹੋਸ਼ ਆਈ ਤਾਂ ਮਹਾਰਾਜ ਨੇ ਅੰਦਰ ਸੋਝੀ ਦੇ ਦਿੱਤੀ।

ਉਹ ਕਹਿਣ ਲੱਗੀ, "ਫਕੀਰ ਸਾਂਈ! ਇਹ ਬਾਗ ਮੇਰਾ ਨਹੀਂ। ਮੈਂ ਤਾਂ ਇਕ ਗਰੀਬ ਜਿਹੀ ਸੇਵਕ ਹਾਂ ਇਥੇ, ਅਸੀਂ ਤਾਂ ਮਜ਼ਦੂਰ ਹਾਂ, ਮਾਲਕ ਤੋਂ ਤੂੰ ਲੈ ਸਕਦਾ ਹੈਂ। ਸਾਡਾ ਹੱਕ ਨਹੀਂ ਹੈ ਤੈਨੂੰ ਅਸੀਂ ਫੁੱਲ ਦੇ ਦੇਈਏ।"

ਕਹਿੰਦਾ, "ਚੰਗਾ! ਇੰਨੇ ਨੂੰ ਸੋਹਣਾ ਬਾਹਰੋਂ ਆਏ, ਸਾਰੀ ਗੱਲ ਹੋਈ। ਸ਼ੁਕਰ ਕਰਿਆ ਕਿ ਹੁਣ ਸ਼ਰਾਪ ਤਾਂ ਨਹੀਂ ਮਿਲਿਆ ਸਾਨੂੰ। ਰਾਤ ਨੂੰ ਐਸਾ ਹੋਇਆ ਕਿ ਪਹਿਰੇ ਦਿੱਤੇ ਰਾਤ ਭਰ। ਲੇਕਿਨ ਜਿਸ ਵਕਤ ਆਪ ਨੂੰ ਨੀਂਦ ਆਈ, ਉਹ ਫਕੀਰ ਰੋਡਾ ਜਲਾਲੀ ਜਿਸ ਦਾ ਨਾਂ ਸੀ, ਉਹ ਆਇਆ, ਆ ਕੇ ਸਾਰੇ ਹੀ ਫੁੱਲ ਫਲ ਤੋੜ ਕੇ ਸਭ ਬੂਟੇ ਤੋੜ ਕੇ ਪਰ੍ਹੇ ਮਾਰੇ, ਪਰਾਲੀਆਂ ਲਾਹ ਦਿੱਤੀਆਂ, ਟੋਕਰੀ ਭਰ ਲਈ ਫੁੱਲਾਂ ਦੀ। ਸਵੇਰੇ ਜਦੋਂ ਭੇਟਾ ਦੇ ਰਹੇ ਸੀ ਇਸ ਨੇ ਵੀ ਫੁੱਲਾਂ ਦੀ ਭੇਟਾ ਦਿੱਤੀ। ਏਧਰ ਜਦੋਂ ਇਨ੍ਹਾਂ ਨੇ ਉਠ ਕੇ ਦੇਖਿਆ ਕਿ ਮਾਤਾ ਜੀ ਨੂੰ ਕੀ ਦੇਵਾਂਗੇ, ਦੋਏ ਗਸ਼ ਖਾ ਕੇ ਗਿਰ ਗਏ। ਇਕ ਕਿਆਰੀ ਵਿਚ ਭਾਈ ਪਿਆ ਹੈ ਉਸ ਦਾ ਸਿਰ ਵੱਟ ਨਾਲ ਲਗਿਆ ਹੋਇਆ ਹੈ, ਦੂਜੀ ਕਿਆਰੀ ਵਿਚ ਬੀਬੀ ਪਈ ਹੈ ਉਸ ਦਾ ਸਿਰ ਵੀ ਵੱਟ ਦੇ ਉਤੇ ਗਿਰਿਆ ਪਿਆ ਹੈ। ਇਸ ਤਰ੍ਹਾਂ ਲਗਦਾ ਹੈ ਕਿ ਪ੍ਰਾਣ ਪੰਖੇਰੂ ਉਡ ਗਏ ਇਨ੍ਹਾਂ ਦੇ, ਉਧਰ ਜਿਸ ਵਕਤ ਗੁਰੂ ਦਸਮੇਸ਼ ਪਿਤਾ ਜੀ ਨੂੰ ਇਸ ਨੇ ਫੁੱਲ ਭੇਂਟ ਕਰੇ। ਮਹਾਰਾਜ ਕਹਿੰਦੇ, "ਇਹ ਕੀ ਲੈ ਕੇ ਆਇਆ ਏਂ?"

ਕਹਿੰਦਾ, "ਮਹਾਰਾਜ! ਤਾਜ਼ੇ ਫੁੱਲ ਲੈ ਕੇ ਆਇਆ ਹਾਂ ਕਰੁੱਤੇ।"

ਮਹਾਰਾਜ ਕਹਿੰਦੇ, "ਓ ਪ੍ਰੇਮੀਆ! ਤੂੰ ਬੜਾ ਮਾੜਾ ਕੰਮ ਕਰਿਆ। ਤੂੰ ਤਾਂ ਦੋ ਦਿਲ ਤੋੜ ਦਿੱਤੇ, ਫੁੱਲ ਨਹੀਂ ਲਿਆਇਆ ਤੂੰ, ਦੋ ਦਿਲ ਤੋੜ ਕੇ ਲਿਆਇਆ ਹੈ, ਐਡਾ ਮਾੜਾ ਕੰਮ ਤੇਰਾ।"

ਉਸੇ ਤਰ੍ਹਾਂ ਮਹਾਰਾਜ ਜੀ ਤਖਤ ਤੋਂ ਉਠੇ, ਸੰਗਤਾਂ ਬੈਠੀਆਂ ਹਨ ਸਾਰੀਆਂ, ਜੋੜਾ ਪਾਉਣ ਦੀ ਵੀ ਫੁਰਸਤ ਨਹੀਂ ਕਰੀ, ਇਸੇ ਤਰ੍ਹਾਂ ਗੁਰੂ ਕੇ ਬਾਗ ਵੱਲ ਨੂੰ ਦੌੜੇ ਤੁਰੇ ਆਉਂਦੇ ਨੇ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਹਰਿ ਜੀ ਛੱਡ ਕੇ ਸਿੰਘਾਸਣ ਆ ਗਏ,***
***ਬੰਨ੍ਹੇ ਹੋਏ ਸੱਚੇ ਪਿਆਰ ਦੇ -2, 4.***
***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥***
***ਜਹ ਜਹ ਕਾਜ ਕਿਰਤਿ ਸੇਵਕ ਕੀ***
***ਤਹਾ ਤਹਾ ਉਠਿ ਧਾਵੈ॥*** ***ਅੰਗ - 403***

ਉਧਰੋਂ ਮਾਤਾ ਜੀ ਵੀ ਆ ਜਾਂਦੇ ਨੇ ਤੇ ਗੁਰੂ ਮਹਾਰਾਜ ਜੀ ਨੇ ਆਉਂਦੀ ਸਾਰ ਦੋਹਾਂ ਦੇ ਸੀਸ ਚੁੱਕੇ। ਇਕ ਦਾ ਇਕ ਪੱਟ ਤੇ ਤੇ ਦੂਜਾ ਦੂਜੇ ਪੱਟ ਤੇ ਰੱਖ ਕੇ ਆਪ ਉਨ੍ਹਾਂ ਦੇ ਸੀਸ ਵਿਚ ਆਪਣੇ ਪਵਿੱਤਰ ਹੱਥ ਨਾਲ ਪਿਆਰ ਦੇ ਰਹੇ ਨੇ। ਕਹਿੰਦੇ, "ਬੇਟਿਓ! ਮੈਂ ਆ ਗਿਆ, ਦਰਸ਼ਨ ਕਰੋ।" ਉਥੇ ਦਰਸ਼ਨ ਕਰਨ ਵਾਲਾ ਤਾਂ ਕੋਈ ਨਹੀਂ ਸੀ। ਉਸ ਵੇਲੇ ਆਪ ਬਾਰ-ਬਾਰ ਕਹਿੰਦੇ ਨੇ ਕਿ ਬੇਟਿਓ ਦਰਸ਼ਨ ਕਰੋ, ਠਾਕੁਰ ਆ ਗਿਆ ਦਰਸ਼ਨ ਦੇਣ। ਮਾਤਾ ਜੀ ਵੀ ਆ ਗਏ, ਹੈਰਾਨ ਹੋ ਗਏ। ਹੌਲੀ ਹੌਲੀ ਮਹਾਰਾਜ ਜੀ ਨੇ ਕਿਰਪਾ ਕਰੀ, ਸੁਰਤ ਨੇ ਮੋੜਾ ਖਾਧਾ, ਹੈਰਾਨ ਹੋ ਗਏ ਕਿ ਹੈਂ! ਗੁਰੂ ਮਹਾਰਾਜ! ਥੋੜ੍ਹੀ ਦੇਰ ਬਾਅਦ ਸੁਰਤ ਹੋਰ ਮਜਬੂਤ ਹੋਈ। ਕੀ ਦੇਖਦੇ ਨੇ ਕਿ ਭੁੰਜੇ ਹੀ ਬੈਠੇ ਨੇ ਮਹਾਰਾਜ, ਕਿਆਰੀ ਵਿੱਚ ਬੈਠੇ ਨੇ, ਥਾਂ ਗਿੱਲਾ ਹੈ, ਗਿੱਲੇ ਥਾਉਂ ਹੀ ਬੈਠੇ ਨੇ। ਸੋ ਇਸ ਤਰ੍ਹਾਂ ਦੇ ਨਾਲ ਇਕ ਦਮ ਉਠੇ, ਉਠ ਕੇ ਕਹਿਣ ਲੱਗੇ, "ਮਹਾਰਾਜ ਸੱਚੇ ਪਾਤਸ਼ਾਹ! ਮਾਤਾ ਜੀ, ਤੁਸੀਂ ਭੁੰਜੇ ਹੀ ਬੈਠੇ ਓ।"

ਕੱਪੜਾ ਲਿਆਉਣ ਦੀ ਕੋਸ਼ਿਸ਼ ਕਰਦੇ ਨੇ। ਮਹਾਰਾਜ ਕਹਿੰਦੇ ਕੋਈ ਨਾ ਕੱਪੜਾ ਨਹੀਂ ਲਿਆਉਣਾ। ਗੁਰੂ ਮਹਾਰਾਜ ਵੀ ਉਸ ਛੋਟੀ ਜਿਹੀ ਕੁਟੀਆ ਵਿਚ ਆ ਗਏ, ਮਾਤਾ ਜੀ ਵੀ ਆ ਗਏ, ਇਹ ਵੀ ਬੈਠ ਗਏ। ਉਸ ਵੇਲੇ ਦਾ ਜੋ ਨਜ਼ਾਰਾ ਹੈ ਜਿਨ੍ਹਾਂ ਨੇ ਦੇਖਿਆ ਹੈ, ਜਿਨ੍ਹਾਂ ਨੇ ਮਾਣਿਆ ਹੈ ਓਹੀ ਸਮਝ ਸਕਦੇ ਨੇ। ਸੋ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਇਹ ਮਾਇਆ ਦੇ ਮੰਡਲ ਵਿਚੋਂ ਉਠ ਕੇ ਆਤਮ ਮੰਡਲ ਵਿਚ ਪਹੁੰਚ ਚੁਕੇ ਨੇ, ਉਥੇ ਗੁਰੂ ਦੇ ਸਿੱਖ ਦਾ ਜਿਹੜਾ ਬਚਨ ਹੈ ਉਹ ਲਾਗੂ ਨਹੀਂ ਸੀ ਹੁੰਦਾ। ਦੂਸਰਾ ਕਹਿੰਦੇ

ਸਾਡਾ ਗੁਰਸਿਖ ਉਸ ਦੀ ਆਤਮਾ ਸਾਹਮਣੇ ਅਰਦਾਸ ਕਰ ਰਹੀ ਹੈ ਪਾਤਸ਼ਾਹ! ਦਰਸ਼ਨ ਦਿਓ, ਦਰਸ਼ਨ ਦਿਓ। ਸੋ ਮੈਂ ਬੇਨਤੀ ਕਰੀ ਸੀ ਕਿ ਸਿੱਖ ਦੀ ਪ੍ਰਤਪਾਲਣਾ ਗੁਰੂ ਕਰਦਾ ਹੈ। ਉਸ ਦਾ ਹਰ ਥਾਂ ਤੇ ਧਿਆਨ ਦਿੰਦਾ ਹੈ –

*ਰੋਗਨ ਤੇ ਅਰ ਸੋਗਨ ਤੇ,*
*ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸਤ੍ਰ ਅਨੇਕ ਚਲਾਵਤ ਘਾਵ,*
*ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰ ਦੈ ਕਰ,*
*ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੋਂ,*
*ਸੁ ਪੇਟ ਕੀ ਕੇ ਪਟ ਬੀਚ ਬਚਾਵੈ॥*

*ਤ੍ਵਪ੍ਰਸਾਦਿ ਸ੍ਵਯੇ (ਅਕਾਲ ਉਸਤਤਿ ਵਿਚੋਂ)*

*ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥ ਅੰਗ – 286*

ਪ੍ਰਤਿਪਾਲਣਾ ਕਰਦਾ ਹੈ, ਆਪਣੇ ਸਿੱਖ ਨੂੰ ਧਿਆਨ ਵਿਚ ਰਖਦਾ ਹੈ। ਜਦੋਂ ਜੁੜ ਗਏ ਅਸੀਂ ਗੁਰੂ ਨਾਲ ਸਚਮੁਚ ਫੇਰ ਸਾਡਾ ਰਿਸ਼ਤਾ ਇਸੇ ਤਰ੍ਹਾਂ ਦਾ ਹੋ ਜਾਂਦਾ ਹੈ। ਗੁਰੂ ਹਰ ਵਕਤ ਰਾਖੀ ਕਰਦਾ ਹੈ, ਆਪਣੇ ਸਿੱਖ ਨੂੰ ਚੜ੍ਹਦੀ ਕਲਾ ਵਿੱਚ ਲਿਜਾਂਦਾ ਹੈ। ਮਹਾਰਾਜ ਨੇ ਸਾਨੂੰ ਜੰਗਲਾਂ ਵਿਚ ਨਠਾਉਣ ਦਾ ਯਤਨ ਨਹੀਂ ਕਰਿਆ। ਇਹ ਵੀ ਨਹੀਂ ਕਿਹਾ, ਤੁਸੀਂ ਗਰੀਬ ਹੋਵੋ, ਮਹਾਰਾਜ ਕਹਿੰਦੇ, ਕਮਾਓ! ਮਿਹਨਤ ਕਰੋ, ਜੀਅ ਭਰ ਕੇ ਪਰ ਕਰੋ ਤੁਸੀਂ ਹੱਕ ਦੀ ਕਮਾਈ। ਕਮਾਈ ਵੀ ਕਰੋ ਤੇ ਉਸ ਪਰਮੇਸ਼ਰ ਨੂੰ ਵੀ ਯਾਦ ਰੱਖੋ, ਉਸ ਨੂੰ ਨਾ ਭੁੱਲੋ ਤੇ ਦਾਤੇ ਨੂੰ ਯਾਦ ਰਖੋ, ਦਾਤ ਦੇ ਵਿੱਚ ਨਾ ਪਰਚੋ। ਸੋ ਇਸ ਤਰ੍ਹਾਂ ਸਾਧ ਸੰਗਤ ਜੀ!

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ। ਭਾਈ ਗੁਰਦਾਸ ਜੀ ਦੀ ਵਾਰ 34/1*

ਉਸ ਦੇ ਸਾਰੇ ਕੌਤਕ ਨਿਰਾਲੇ ਨੇ ਸਤਿਗੁਰੂ ਦੇ। ਸੋ ਐਸਾ ਜੋ ਸਤਿਗੁਰੂ ਹੈ ਇਹ ਪੂਰਾ ਗੁਰੂ ਹੋਇਆ ਕਰਦਾ ਹੈ। ਜਿਸ ਦੇ ਵਿੱਚ ਇਹ ਸਤਿਆ ਹੁੰਦੀ ਹੈ ਕਿ –

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ॥*
*ਪੰਚ ਸਬਦ ਧੁਨਿਕਾਰ ਧੁਨਿ ਤਹ*
*ਬਾਜੈ ਸਬਦੁ ਨੀਸਾਣੁ॥*

*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥*
*ਸੁਖਮਨ ਕੈ ਘਰਿ ਰਾਗੁ ਸੁਨਿ*
*ਸੁੰਨ ਮੰਡਲਿ ਲਿਵ ਲਾਇ॥*
*ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥*
*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ॥*
*ਅਜਪਾ ਜਾਪੁ ਨ ਵੀਸਰੈ*
*ਆਦਿ ਜੁਗਾਦਿ ਸਮਾਇ॥*
*ਸਭਿ ਸਖੀਆ ਪੰਚੇ ਮਿਲੇ*
*ਗੁਰਮੁਖਿ ਨਿਜ ਘਰਿ ਵਾਸੁ॥*
*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕ ਤਾ ਕਾ ਦਾਸੁ॥ ਅੰਗ - 1291*

ਸੋ ਸਿਖ ਦਾ ਤੇ ਗੁਰੂ ਦਾ ਜੋ ਰਿਸ਼ਤਾ ਹੈ ਉਸ ਦੇ ਬਾਰੇ ਆਪਾਂ ਵਿਚਾਰ ਕਰੀ ਹੈ। ਇਹ ਐਨਾ ਕੱਚਾ ਨਹੀਂ, ਡੋਲਦਾ ਹੈ ਹਮੇਸ਼ਾ, ਸਿੱਖ ਹੈ ਤੇ ਬਖਸ਼ਦਾ ਹਮੇਸ਼ਾ ਗੁਰੂ ਹੈ, ਕਿੱਡਾ ਹੀ ਅਉਗੁਣ ਕਿਉ ਨਾ ਕਰ ਲਏ ਫੇਰ ਚਲਿਆ ਜਾਹ ਸ਼ਰਨ ਵਿਚ -

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ॥ ਅੰਗ - 544*

ਭੁੱਲਾਂ ਸਾਡੇ ਤੋਂ ਹੁੰਦੀਆਂ ਨੇ, ਗੁਰੂ ਹਮੇਸ਼ਾ ਬਖਸ਼ਿਸ਼ ਦੀ ਨਿਗ੍ਹਾ ਰੱਖਦਾ ਹੈ। ਜਦੋਂ ਸਿੱਖ ਆ ਗਿਆ ਸੱਚੇ ਦਿਲ ਨਾਲ ਇਸ ਨੇ ਪ੍ਰਾਸ਼ਚਿਤ ਕਰ ਲਿਆ, ਮੁੜ ਕੇ ਬਖਸ਼ ਦਿੰਦਾ ਹੈ। ਸੋ ਸਾਧ ਸੰਗਤ ਜੀ! ਇਹ ਜਿਹੜਾ ਕਲਜੁਗ ਦਾ ਸਮਾਂ ਲੰਘ ਰਿਹਾ ਹੈ ਇਸ ਦੇ ਵਿਚ ਸਮਰੱਥ ਗੁਰੂ ਪਾਰ ਲੰਘਾ ਸਕਦਾ ਹੈ, ਹੋਰ ਕੋਈ ਤਰੀਕਾ ਨਹੀਂ ਹੈ। ਸੋ ਇਸ ਕਰਕੇ ਆਪ ਜੋ 5 ਦਿਨ ਬਾਕੀ ਰਹਿ ਗਏ ਨੇ ਇਨ੍ਹਾਂ ਵਿਚ ਇਸੇ ਤਰ੍ਹਾਂ ਦੀਆਂ ਵਿਚਾਰਾਂ ਹੋਣਗੀਆਂ, ਬਹੁਤ ਕਿਸਮ ਦੀਆਂ ਹੋਣਗੀਆਂ। ਸੋ ਆਪ ਸਮੇਂ ਸਿਰ ਆਓ, ਸਮੇਂ ਸਿਰ ਵਾਹਿਗੁਰੂ ਸਾਨੂੰ ਵੀ ਲਿਆਵੇ ਤੇ ਰਲ ਮਿਲ ਕੇ ਆਪਾਂ ਸਤਿਸੰਗ ਕਰੀਏ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਸਾਰੇ ਪ੍ਰੇਮੀ ਗੁਰ ਸਤੋਤਰ ਵਿਚ ਬੋਲੋ।

-ਅਨੰਦ ਸਾਹਿਬ- -ਗੁਰ ਸਤੋਤਰ-

-ਅਰਦਾਸ-

# ਭਗਤ ਰਵਿਦਾਸ ਜੀ

***ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ***
***ਅਬ ਪਤੀਆਰੁ ਕਿਆ ਕੀਜੈ॥***
***ਬਚਨੀ ਤੋਰ ਮੋਰ ਮਨੁ ਮਾਨੈ***
***ਜਨ ਕਉ ਪੂਰਨੁ ਦੀਜੈ॥***
***ਹਉ ਬਲਿ ਬਲਿ ਜਾਉ ਰਮਈਆ ਕਾਰਨੇ॥***
***ਕਾਰਨ ਕਵਨ ਅਬੋਲ॥***
***ਬਹੁਤ ਜਨਮ ਬਿਛੁਰੇ ਥੇ ਮਾਧਉ***
***ਇਹੁ ਜਨਮੁ ਤੁਮ੍ਾਰੇ ਲੇਖੇ।***
***ਕਹਿ ਰਵਿਦਾਸ ਆਸ ਲਗਿ ਜੀਵਉ***
***ਚਿਰ ਭਇਓ ਦਰਸਨੁ ਦੇਖੇ॥*** ***ਅੰਗ - 694***

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਜੋ ਸਤਿਸੰਗ ਵਲ ਨੂੰ ਚੱਲ ਕੇ ਆਉਂਦਾ ਹੈ, ਉਹਦਾ ਕਿੰਨਾ ਫਲ ਹੋਇਆ ਕਰਦਾ ਹੈ। ਆਪਣਾ-ਆਪਣਾ ਮਤ ਹੈ, ਮਹਾਤਮਾ ਦਾ ਇਹ ਹੈ ਕਿ ਜਿੰਨੇ ਕਦਮ ਚੱਲ ਕੇ ਕੋਈ ਆਉਂਦਾ ਹੈ, ਓਨੇ ਜਗਾਂ ਦਾ ਫਲ ਉਹਨੂੰ ਪ੍ਰਾਪਤ ਹੋ ਜਾਇਆ ਕਰਦਾ ਹੈ। ਪਿੰਡਾਂ ਵਿਚ, ਸ਼ਹਿਰਾਂ ਵਿਚ ਜੱਗ ਕਰਿਆ ਕਰਦੇ ਸੀ। ਉਸ ਵੇਲੇ ਕੋਈ ਔਖ ਆ ਜਾਣੀ, ਕੋਈ ਬਿਪਤਾ ਆ ਜਾਣੀ ਓਸ ਵੇਲੇ ਗਰੀਬ-ਗੁਰਬੇ ਨੂੰ ਪ੍ਰਸ਼ਾਦਾ ਛਕਾ ਕੇ ਓਸ ਦੀ ਅਸੀਸ ਲੈਣੀ, ਫੇਰ ਕਾਰਜ ਰਾਸ ਹੋ ਜਾਇਆ ਕਰਦਾ ਸੀ। ਐਡਾ ਵੱਡਾ ਅਡੰਬਰ ਸੈਂਕੜੇ ਬੰਦੇ ਇਕੱਠੇ ਹੋ ਕੇ ਰਾਸ਼ਨ ਇਕੱਠਾ ਕਰੋ, ਫੇਰ ਜੱਗ ਕਰੋ ਉਹਦਾ ਫਲ ਵਿਧੀਪੂਰਵਕ ਕੀਤਾ ਜਾਵੇ, ਕੋਈ ਬੰਦਾ ਨਰਾਜ਼ ਨਾ ਜਾਵੇ, ਸਭ ਅਸੀਸਾਂ ਦਿੰਦੇ ਜਾਣ ਤਾਂ ਇਕ ਫਲ ਬਣਿਆ ਕਰਦਾ ਹੈ। ਮਹਾਰਾਜ ਕਹਿੰਦੇ, ਐਨਾ ਹੀ ਫਲ, ਜੇ ਇਕ ਕਦਮ ਘਰੋਂ ਪੁੱਟ ਲਿਆ ਨਾ ਸਤਿਸੰਗ ਵਲ, ਓਨਾ ਫਲ ਮਿਲ ਜਾਇਆ ਕਰਦਾ ਹੈ। ਸਾਰੇ ਮਹਾਂਪੁਰਸ਼, ਜਿੰਨੇ ਵੀ ਰਿਸ਼ੀ-ਮੁਨੀ, ਸਾਧੂ-ਸੰਤ, ਪੀਰ-ਫਕੀਰ, ਬ੍ਰਹਮਗਿਆਨੀ ਸਾਧੂ ਵਲ ਕਦਮ ਪੁੱਟਣ ਦਾ ਵੀ ਫਲ ਪ੍ਰਾਪਤ ਹੋ ਜਾਂਦਾ ਹੈ। ਜਦੋਂ ਇਥੇ ਆ ਕੇ ਸੁਣਦੇ ਹਾਂ ਤਾਂ ਇਥੇ ਗੁਰਮਤਿ ਦਾ ਸਿਧਾਂਤ ਹੈ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*** ***ਅੰਗ - 546***

ਗੁਰੂ ਨਾਨਕ ਪਾਤਸ਼ਾਹ ਜੋ ਬਚਨ ਕਰਦੇ ਨੇ ਫੁਰਮਾਨ ਕਰਦੇ ਨੇ ਕਿ ਇਹ ਬਚਨ ਅਸੀਂ ਨਹੀਂ ਬੋਲਿਆ। ਇਹ ਸਾਨੂੰ ਧੁਰ ਦਰਗਾਹ ਤੋਂ ਆਉਂਦਾ ਹੈ -

***ਜੈਸੀ ਮੈ ਆਵੈ ਖਸਮ ਕੀ ਬਾਣੀ***
***ਤੈਸੜਾ ਕਰੀ ਗਿਆਨੁ ਵੇ ਲਾਲੋ॥*** ***ਅੰਗ - 722***

ਅੱਜਕੱਲ੍ਹ ਦੇ ਕਈ ਬੁੱਧੀਜੀਵੀ ਬੜੇ ਨਿਸੰਗ ਜਿਹੇ ਹੋ ਕੇ ਕਹਿ ਦਿੰਦੇ ਨੇ ਕਿ ਗੁਰੂ ਨਾਨਕ ਸ਼ਾਇਰ ਜਿਹੜਾ ਸੀ ਉਹਦੇ ਸ਼ੇਅਰ ਜੋ ਨੇ ਉਹ ਬੜੇ ਵਧੀਆ ਨੇ। ਏਸ ਗੱਲ ਨੂੰ ਨਹੀਂ ਮੰਨਦੇ ਕਿ ਇਹ ਦਰਗਾਹ 'ਚੋਂ ਬਾਣੀ ਆ

ਰਹੀ ਹੈ। ਕਿਉਂਕਿ ਦਿਨੋ ਦਿਨ ਕਲਜੁਗ ਦਾ ਪ੍ਰਭਾਵ ਵਧ ਰਿਹਾ ਹੈ। ਸਭ ਤੋਂ ਜ਼ਿਆਦਾ ਜੇ ਭੁੱਲਣਗੇ ਸੰਸਾਰ ਦੇ ਅੰਦਰ ਤਾਂ ਉਹ ਬਹੁਤੇ ਪੜ੍ਹੇ ਹੋਏ ਭੁੱਲਣ ਗੇ। ਅਨਪੜ੍ਹਾਂ ਨੇ ਨਹੀਂ ਭੁੱਲਣਾ, ਇਨ੍ਹਾਂ ਦੇ ਵਿਸ਼ਵਾਸ਼ ਰਹਿ ਜਾਣਗੇ, ਪੜ੍ਹਿਆ ਹੋਇਆਂ ਨੇ ਭੁੱਲ ਜਾਣਾ ਹੈ। ਕਿਉਂਕਿ ਉਨ੍ਹਾਂ ਦਾ ਜੋ ਲਿਖਣ ਦਾ ਢੰਗ ਹੈ ਕਲਮ ਚੁੱਕਣ ਤੋਂ ਪਹਿਲਾਂ ਉਨ੍ਹਾਂ ਦੇ ਸਾਮ੍ਹਣੇ ਆ ਜਾਂਦਾ ਹੈ ਕਿ ਜੇ ਮੈਂ ਐਉਂ ਲਿਖਿਆ ਫਲਾਣਾ ਇਤਰਾਜ਼ ਕਰੇਗਾ, ਫਲਾਣਾ ਕਰੇਗਾ। ਮੇਰੀ ਲਿਖਤ ਨੂੰ ਐਵੇਂ ਹੀ ਕਹਿ ਕੇ ਰੱਦ ਕਰ ਦੇਣਗੇ।

ਇਹ ਧੁਰ ਕੀ ਬਾਣੀ ਹੈ ਸਾਧਸੰਗਤ ਜੀ, ਬਿਮਾਰ ਰਾਜ਼ੀ ਹੁੰਦੇ ਨੇ –

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ॥ ਅੰਗ – 797*

ਅੰਦਰ ਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ, ਜਦ ਨਾਮ ਦਾ ਪ੍ਰਕਾਸ਼ ਹੁੰਦਾ ਹੈ –

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥ ਅੰਗ – 649*

ਸਤਿਸੰਗ ਵਿਚ ਆਉਂਦੇ ਓਂ, ਇਹ ਵੱਡੇ ਭਾਰੇ ਪੁੰਨ ਨੇ ਇਨ੍ਹਾਂ ਨੂੰ ਸਾਂਭ ਕੇ ਰੱਖੋ। ਇਨ੍ਹਾਂ ਦਾ ਫਲ ਕੀ ਹੋਏਗਾ? ਫਲ ਹੋਏਗਾ ਨਾਮ ਵਿਚ ਬਿਰਤੀ ਲੱਗੇਗੀ। ਨਾਮ ਅੰਦਰ ਵਸਣਾ ਸ਼ੁਰੂ ਹੋ ਗਿਆ, ਜ਼ਿੰਦਗੀ ਦਾ ਲਾਹਾ ਖੱਟ ਲਿਆ, ਸੋ ਜਿਨ੍ਹਾਂ ਨੇ ਨਾਮ ਜਪਿਆ ਹੈ ਉਨ੍ਹਾਂ ਦਾ ਜੀਵਨ ਲੇਖੇ ਵਿਚ ਲਗ ਗਿਆ। ਜਿਨ੍ਹਾਂ ਨੇ ਨਹੀਂ ਜਪਿਆ ਉਨ੍ਹਾਂ ਦਾ ਬਿਰਥਾ ਚਲਿਆ ਗਿਆ।

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥ ਅੰਗ – 450*

ਐਸਾ ਨਾਮ ਜੋ ਸਾਰੇ ਦੁਖਾਂ ਤੋਂ ਛੁਡਾ ਦੇਵੇ, ਦੁੱਖ ਦਾ ਨਾਮ ਨਿਸ਼ਾਨ ਹੀ ਜਾਂਦਾ ਰਹੇ। ਸਾਰੀਆਂ ਸ਼ਕਤੀਆਂ ਪ੍ਰਾਪਤ ਹੋ ਜਾਣ, ਸਾਰਾ ਮਾਣ ਮਿਲ ਜਾਵੇ। ਨਾਮ ਦੀਆਂ ਬਰਕਤਾਂ ਪ੍ਰਾਪਤ ਹੋ ਜਾਣ। ਮਹਾਰਾਜ ਕਹਿੰਦੇ ਦੱਸੋ ਬਈ ਜਿਨ੍ਹਾਂ ਨੇ ਐਹੋ ਜਿਹਾ ਨਾਮ ਨਹੀਂ ਚੇਤਿਆ ਉਹਦੇ ਸੰਸਾਰ ਤੇ ਆਉਣ ਦਾ ਕੀ ਮਨੋਰਥ ਹੈ? ਕੀ ਕਰਨ ਵਾਸਤੇ ਆਇਆ ਹੈ? ਖਾ ਪੀ ਕੇ ਪਸ਼ੂਆਂ ਨੇ ਵੀ ਚਲੇ ਜਾਣਾ ਹੈ, ਪੰਛੀਆਂ ਨੇ ਵੀ ਚਲੇ ਜਾਣਾ ਹੈ, ਸਾਰਿਆਂ ਨੇ ਚਲੇ ਜਾਣਾ ਹੈ, ਧਰਤੀ ਨੇ ਵੀ ਚਲੇ ਜਾਣਾ ਹੈ, ਪਰ ਜੋ ਤੈਨੂੰ ਸਰਦਾਰੀ ਮਿਲੀ ਹੈ ਸਾਰਿਆਂ ਦੀ, ਉਹ ਕਾਹਦੇ ਵਾਸਤੇ ਐਡਾ ਰੁਤਬਾ ਮਿਲਿਆ ਹੈ। 83 ਲੱਖ,

ਨੌ ਹਜ਼ਾਰ, ਨੌ ਸੌ ਨੜ੍ਹਿਨਵੇਂ ਜੂਨਾਂ ਜਿਨ੍ਹਾਂ ਦੇ ਉਤੇ ਸਰਦਾਰੀ ਮਨੁੱਖ ਨੂੰ ਦੇ ਦਿਤੀ ਪ੍ਰਮੇਸ਼ਰ ਨੇ। ਉਹਦਾ ਕੰਮ ਕੀ ਸੀਗਾ? ਪ੍ਰਮੇਸ਼ਰ ਨੂੰ ਪਛਾਨਣਾ। ਪ੍ਰਮੇਸ਼ਰ ਨੂੰ ਮਿਲਣਾ। ਮਿਲਣਾ ਦੋ ਤਰ੍ਹਾਂ ਹੁੰਦਾ ਹੈ ਇਕ ਤਾਂ ਰਾਹ ਜਾਂਦੇ ਜੀ, ਸਤਿ ਸ੍ਰੀ ਅਕਾਲ, ਸਤਿ ਸ੍ਰੀ ਅਕਾਲ। ਤੁਸੀਂ ਕੀ ਕਰਨ ਆਏ, ਹਾਲ ਚਾਲ ਪੁਛਿਆ ਤੁਰ ਪਏ। ਤੁਸੀਂ ਕਿਉਂ ਦੇਰ ਨਾਲ ਆਏ। ਜੀ ਫਲਾਣਾ ਮਿਲ ਪਿਆ ਸੀ ਰਾਹ ਵਿਚ। ਇਕ ਮਿਲਣਾ ਹੈ ਜਿਸ ਤਰ੍ਹਾਂ ਪਾਣੀ ਦੇ ਵਿਚ ਪਤਾਸੇ ਪਾ ਦਿਤੇ, ਉਹ ਕਹਿੰਦੇ ਭਾਈ ਇਹ ਤਾਂ ਘੁਲ ਮਿਲ ਗਏ ਇਹਦੇ ਵਿਚ। ਹੁਣ ਬਾਹਰ ਨਹੀਂ ਨਿਕਲ ਸਕਦੇ। ਜਿਹੜਾ ਰੱਬ ਦਾ ਮਿਲਣਾ ਹੈ ਐਸ ਤਰ੍ਹਾਂ ਮਿਲਣਾ ਹੈ ਅਸੀਂ। ਰੱਬ ਦਾ ਰੂਪ ਬਣਨਾ ਹੈ। ਆਪਣਾ ਰੂਪ ਹੀ ਬਣਾ ਲੈਂਦਾ ਹੈ ਪ੍ਰਮੇਸ਼ਰ 'ਚ ਇਹ ਸ਼ਕਤੀ ਹੈ। ਉਹਦੇ ਵਿਚ ਹੀ ਸਮਾਈ ਹੋ ਜਾਂਦੀ ਹੈ, ਰੱਬ ਬਣ ਜਾਂਦਾ ਹੈ ਇਹੀ ਮਨੁੱਖ। ਸੋ ਇਹ ਸਾਡਾ ਮਨੋਰਥ ਹੈ –

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***

***ਅੰਗ – 12***

ਸਤਿਸੰਗ ਇਕ ਚਾਟਸਾਲ ਹੈ। ਜਿਵੇਂ ਮਦਰੱਸਾ ਹੁੰਦਾ ਹੈ। ਇਵੇਂ ਜਿਵੇਂ ਇਹ ਰੂਹਾਨੀ ਵਿਦਿਆਰਥੀਆਂ ਦਾ ਸਕੂਲ ਹੁੰਦਾ ਹੈ। ਇਹਦੇ ਵਿਚ ਅਸੀਂ ਤਰੱਕੀ ਕਰਨੀ ਹੈ। ਆਪਣੇ ਆਪ ਨੂੰ ਪਛਾਨਣਾ ਹੈ, ਫੇਰ ਵਾਹਿਗੁਰੂ ਨੂੰ ਪਛਾਨਣਾ ਹੈ। ਉਹਨੂੰ ਪਛਾਨਣ ਦੀਆਂ ਜੁਗਤਾਂ ਨੇ। ਕਿਵੇਂ ਪਛਾਣਿਆ ਜਾਵੇਗਾ? ਬੇਹੋਸ਼ ਹੋਇਆ ਹੋਇਆ ਜੀਵ ਹੈ ਇਹ। ਹੋਸ਼ ਵਿਚ ਸਤਿਸੰਗ ਵਿਚ ਆਏ ਤੋਂ ਬਗੈਰ ਨਹੀਂ ਆਇਆ ਜਾ ਸਕਦਾ।

ਸੋ ਜਿਨ੍ਹਾਂ ਨੇ ਪ੍ਰਮੇਸ਼ਰ ਨੂੰ ਜਪਿਆ ਹੈ ਉਨ੍ਹਾਂ ਨੂੰ ਸਾਧੂ ਮਹਾਂਪੁਰਸ਼ ਆਖਦੇ ਨੇ। ਉਨ੍ਹਾਂ ਦੀ ਸੰਗਤ ਤੋਂ ਬਗੈਰ ਨਹੀਂ ਲੰਘਿਆ ਜਾ ਸਕਦਾ। ਇਹ ਗੁਰਬਾਣੀ ਦਾ ਫੈਸਲਾ ਹੈ। ਸਾਧੂਆਂ ਦੀ ਸੰਗਤ ਵਿਚ ਜਾ ਕੇ ਨਾਮ ਭਜ।

***ਮਿਲਿ ਸਾਧਸੰਗਤ ਭਜੁ ਕੇਵਲ ਨਾਮ॥***

***ਅੰਗ – 12***

ਸਾਧਸੰਗਤ ਦੀ ਨਿਸ਼ਾਨੀ ਕੀ ਹੈ? ਉਥੇ ਕੇਵਲ ਨਾਮ ਦੀ ਗੱਲ ਹੁੰਦੀ ਹੋਵੇਗੀ।

***ਸਤਸੰਗਤਿ ਕੈਸੀ ਜਾਣੀਐ॥***
***ਜਿਥੈ ਏਕੋ ਨਾਮੁ ਵਖਾਣੀਐ॥*** ***ਅੰਗ – 72***

ਜਿਹਨੂੰ ਆਪਣੇ ਆਪ ਦਾ ਹੀ ਨਹੀਂ ਪਤਾ ਕਿ ਮੈਂ ਕੌਣ ਹਾਂ? ਉਹਦੀ ਸੰਗਤ ਕਿਵੇਂ ਤਾਰ ਜਾਵੇਗੀ, ਜਿਹਨੂੰ ਪਾਰਦਸ਼ਕਤਾ ਹੈ, ਪਾਰ ਜਾਣਦਾ ਹੈ, ਭੰਵਰਾਂ ਨੂੰ ਜਾਣਦਾ ਹੈ, ਆਰ-ਪਾਰ ਜਾ ਸਕਦਾ ਹੈ, ਉਹਦੀ ਸੰਗਤ ਕਰ ਪਿਆਰਿਆ, ਜੇ ਤੂੰ ਲੰਘਣਾ ਹੈ। ਨਹੀਂ ਲੰਘ ਨਹੀਂ ਹੋਣਾ। ਮਹਾਰਾਜ ਨੇ ਬੇਅੰਤ ਨਿਸ਼ਾਨੀਆਂ ਦੇ ਵਿਚ ਇਕ ਨਿਸ਼ਾਨੀ ਇਹ ਵੀ ਦੱਸੀ ਹੈ।

***ਇਹ ਨਿਸ਼ਾਨੀ ਸਾਧ ਕੀ ਜਿਸ ਭੇਟਤ ਤਰੀਐ॥***
***ਜਮਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ॥***
***ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ॥***
***ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ॥***
***ਨਾਨਕ ਪ੍ਰੀਤਮ ਮਿਲਿ ਰਹੇ ਪਾਰਬ੍ਰਹਮ ਨਰਹਰੀਐ॥*** ***ਅੰਗ - 320***

ਸਾਧ ਉਹ ਹੁੰਦਾ ਹੈ ਜਿਹਨੂੰ ਮਿਲ ਕੇ ਸੰਸਾਰ ਵਿਚ ਫੇਰ ਗੋਤੇ ਨਾ ਖਾਵੇ। ਤਰ ਜਾਵੇ। ਜਮਾਂ ਦਾ ਜਿਹੜਾ ਡਰ ਹੈ, ਜਮ ਦੂਰੋਂ ਭੱਜ ਜਾਂਦੇ ਨੇ, ਨੇੜੇ ਨਹੀਂ ਆਉਂਦੇ। ਜਿਥੇ ਹਰੀ ਦਾ ਜਸ ਸਾਧੂ ਕਰਦੇ ਹੋਣ, ਉਥੇ ਪ੍ਰਮੇਸ਼ਰ ਆਪ ਹੁੰਦਾ ਹੈ ਸਾਕਾਰ ਰੂਪ ਦੇ ਅੰਦਰ। ਉਥੇ ਜਮਦੂਤ ਕਿਵੇਂ ਆ ਜਾਣਗੇ? ਸਾਧੂਆਂ ਦੀ ਸੰਗਤ ਵਿਚ ਜੀਵਨ ਦੀ ਜੁਗਤੀ ਦੀ ਪ੍ਰਾਪਤੀ ਹੋ ਜਾਂਦੀ ਹੈ। ਸਦਾ ਦਾ ਜੀਵਨ ਪ੍ਰਾਪਤ ਹੋ ਜਾਂਦਾ ਹੈ। ਵਿਹੁ ਦਾ ਭਰਿਆ ਹੋਇਆ ਸੰਸਾਰ ਸਾਗਰ ਹੈ ਉਹਦੇ 'ਚੋਂ ਪਾਰ ਉਤਰਨਾ ਐਨਾ ਔਖਾ ਹੈ ਜਿਵੇਂ ਪਾਣੀ ਪੈ ਜਾਵੇ ਮੂੰਹ ਦੇ ਵਿਚ ਚਲਦੇ ਚਲਦੇ। ਪੈਂਦਾ ਹੀ ਹੈ ਤਾਰੂਆਂ ਦੇ, ਕੁਰਲੀ ਕਰੀ ਜਾਂਦੇ ਨੇ। ਸਾਧੂ ਦੀ ਸੰਗਤ ਦੇ ਨਾਲ ਐਸਾ ਹੁੰਦਾ ਹੈ, ਵਿਹੁ ਦੇ ਸਮੁੰਦਰ ਨੂੰ ਪਾਰ ਲੰਘ ਜਾਂਦਾ ਹੈ। ਹਰੀ ਦੇ ਗੁਣਾਂ ਦਾ ਮਨ ਵਿਚ ਸ਼ਿੰਗਾਰ ਕਰ ਲਓ। ਵਾਹਿਗੁਰੂ ਦਾ ਮਿਲਾਪ ਹੋ ਜਾਂਦਾ ਹੈ। ਅਣਹੋਂਦ ਨਹੀਂ ਹੁੰਦੀ ਸਾਧੂਆਂ ਦੀ ਕਦੇ ਵੀ। ਧਰਤੀ ਗਰਕ ਹੋ ਜਾਵੇ ਜੇ ਸਾਧੂ ਨਾ ਹੋਣ।

ਗੁਰੂ ਨਾਨਕ ਪਾਤਸ਼ਾਹ ਪਾਰਬ੍ਰਹਮ ਪ੍ਰਮੇਸ਼ਰ ਸਾਧੂ ਪੈਦਾ ਕਰਨ ਵਾਸਤੇ ਸੰਸਾਰ ਤੇ ਆਏ ਸੀ। ਗੁਰੂ ਦਸਵੇਂ ਪਾਤਸ਼ਾਹ ਨੇ ਕਿਹਾ ਪਿਆਰਿਓ! ਮੇਰੇ ਆਉਣ ਦੇ ਦੋ ਮੁੱਖ ਕਰਮ ਨੇ, ਇਕ ਤਾਂ ਇਹ ਮੈਂ ਕਬੁੱਧ ਹਟਾਉਣੀ ਹੈ, ਇਕ ਮੈਂ ਸਾਧੂ ਪੈਦਾ ਕਰਨੇ ਨੇ, ਸੰਤ ਪੈਦਾ ਕਰਨੇ ਨੇ। ਕਿਉਂ ਕਰਨੇ ਨੇ? ਇਸ ਲਈ ਕਿ ਇਸ ਧਰਤੀ ਦਾ ਸੰਤੁਲਨ ਬਣਿਆ ਰਹੇ। ਸੰਤੁਲਨ ਵਿਗੜ ਕੇ ਫਟ ਜਾਏਗੀ ਇਹ ਧਰਤੀ। ਕਿਉਂਕਿ ਬੋਝ ਨਹੀਂ ਸਹਿਆ ਜਾਂਦਾ ਅਕ੍ਰਿਤਘਣ ਬੰਦਿਆਂ ਦਾ ਧਰਤੀ ਤੋਂ। ਪਹਾੜਾਂ ਦਾ ਬੋਝ ਕੁਛ ਨਹੀਂ ਕਹਿੰਦਾ, ਦਰਖਤਾਂ, ਨਦੀਆਂ, ਨਾਲੇ ਦਾ ਬੋਝ ਕੁਛ ਨਹੀਂ ਕਹਿੰਦਾ ਧਰਤੀ ਨੂੰ। ਜੇ ਬੋਝ ਮਹਿਸੂਸ ਹੁੰਦਾ ਹੈ ਇਸਨੂੰ ਤਾਂ ਅਕ੍ਰਿਤਘਣ ਬੰਦਿਆਂ ਦਾ ਹੁੰਦਾ ਹੈ। ਜਿੰਨੀ ਦੇਰ ਸਾਧੂ ਨੇ ਸੰਸਾਰ ਦੇ ਉਤੇ ਓਨੀ ਦੇਰ ਤੱਕ ਸੰਸਾਰ ਨੂੰ ਰਸਤਾ ਲੱਭਦਾ ਰਹੇਗਾ। ਨਹੀਂ ਹਨ੍ਹੇਰਾ ਛਾ ਜਾਏਗਾ।

ਹੁੰਦਾ ਕਿਹੋ ਜਿਹਾ ਹੈ ਸਾਧੂ? ਮਹਾਰਾਜ ਕਹਿੰਦੇ ਸਾਰਾ ਸੰਸਾਰ ਹੈ ਤਿੰਨ ਗੁਣਾਂ ਵਿਚ - ਰਜੋ ਗੁਣ, ਤਮੋ ਗੁਣ, ਸਤੋ ਗੁਣ। ਇਹ ਮਾਇਆ ਹੈ। ਇਹ ਮਾਇਆ ਦੇ ਵਿਚ ਅਸੀਂ ਸਾਰੇ ਜੀਵ ਖੇਲ੍ਹ ਰਹੇ ਹਾਂ। ਖੇਲ੍ਹਦੇ ਕੀ ਹਾਂ, ਇਕ ਸੁਪਨਾ ਲੈ ਰਹੇ ਹਾਂ।

***ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥***

***ਅੰਗ - 808***

ਮਹਾਰਾਜ ਕਹਿੰਦੇ ਤਿੰਨਾਂ ਗੁਣਾਂ ਦੇ ਅੰਦਰ ਭਰਮ ਕੇ ਸੰਸਾਰ ਸੌਂ ਗਿਆ।

ਸਾਧੂ ਤਿੰਨਾਂ ਗੁਣਾਂ ਤੋਂ ਨਿਆਰਾ ਹੁੰਦਾ ਹੈ। ਉਹਦੀ ਜੋ ਮਹਿਮਾ ਹੈ ਪਿਆਰਿਓ ਉਹ ਬਹੁਤ ਉਚੀ ਹੈ।

*ਸਾਧ ਕੀ ਮਹਿਮਾ ਬੇਦ ਨ ਜਾਨਹਿ॥*
*ਜੇਤਾ ਸੁਨਹਿ ਤੇਤਾ ਬਖਿਆਨਹਿ॥*
*ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥*
*ਸਾਧ ਕੀ ਉਪਮਾ ਰਹੀ ਭਰਪੂਰਿ॥*
*ਸਾਧ ਕੀ ਸੋਭਾ ਕਾ ਨਾਹੀ ਅੰਤ॥*
*ਸਾਧ ਕੀ ਸੋਭਾ ਸਦਾ ਬੇਅੰਤ॥*
*ਸਾਧ ਕੀ ਸੋਭਾ ਊਚ ਤੇ ਊਚੀ॥*
*ਸਾਧ ਕੀ ਸੋਭਾ ਮੂਚ ਤੇ ਮੂਚੀ॥*
*ਸਾਧ ਕੀ ਸੋਭਾ ਸਾਧ ਬਨਿ ਆਈ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ॥ ਅੰਗ - 272*

ਐਸਾ ਫੁਰਮਾਨ ਹੈ ਗੁਰੂ ਮਹਾਰਾਜ ਦਾ ਕਿ ਸਾਧ ਦੀ ਸੋਭਾ ਨੂੰ ਵੇਦ ਨਹੀਂ ਜਾਣਦੇ। ਤਿੰਨਾਂ ਗੁਣਾਂ ਤੋਂ ਉਤੇ ਹੈ ਇਹ ਜੋ ਵੇਦ ਨੇ ਇਹ ਤਿੰਨਾਂ ਗੁਣਾਂ ਦਾ ਜ਼ਿਕਰ ਕਰਦੇ ਨੇ।

*ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ*
*ਤਤੈ ਸਾਰ ਨ ਜਾਣੀ॥ ਅੰਗ - 920*

ਉਨ੍ਹਾਂ ਨੂੰ ਤੱਤ ਦਾ ਨਹੀਂ ਪਤਾ ਹੈ, ਤਿੰਨਾਂ ਗੁਣਾਂ ਦੀ ਵਿਚਾਰ ਕਰਦੇ ਨੇ। ਵੇਦ ਜੋ ਤਿੰਨਾਂ ਗੁਣਾਂ ਵਿਚ ਵਿਚਰ ਰਿਹਾ ਹੈ, ਉਹਨੂੰ ਸਾਧ ਦੀ ਮਹਿਮਾ, ਚਉਥੇ ਪਦ ਦਾ ਅਨੁਮਾਨ ਨਹੀਂ, ਕਿਉਂਕਿ ਕਹੀ ਨਹੀਂ ਜਾਂਦੀ ਉਹ ਅਵਸਥਾ, ਉਸਦੀ ਅਵਸਥਾ ਐਨੀ ਹੀ ਹੈ ਕਿ ਸਾਧ ਨੂੰ ਸਾਧ ਕਹਿ ਦੇਣਾ ਹੀ ਮਹਿਮਾ ਹੈ ਉਸਦੀ। ਦੂਜਾ ਇਹ ਹੈ ਕਿ ਸਾਧ ਤੇ ਵਾਹਿਗੁਰੂ ਦੇ ਵਿਚ, ਗੁਰੂ ਮਹਾਰਾਜ ਕਹਿੰਦੇ ਕੋਈ ਭੇਦ ਨਾ ਜਾਣਿਓ ਪਿਆਰਿਓ। ਭੌਰਾ ਜਿੰਨਾ ਵੀ ਮਹਾਰਾਜ ਕਹਿੰਦੇ ਭੇਦ ਨਹੀਂ ਹੈ। ਜਿਨ੍ਹਾਂ ਨੇ ਆਤਮ ਰਸ ਨੂੰ ਜਾਣ ਲਿਆ, ਮਾਣ ਲਿਆ, ਜਿਨ੍ਹਾਂ ਨੂੰ ਆਪਣਾ ਗਿਆਨ ਹੋ ਗਿਆ। ਸੋ ਐਸੇ ਮਹਾਂਪੁਰਸ਼ ਸੰਸਾਰ ਦੇ ਅੰਦਰ, ਜਦੋਂ ਤੋਂ ਸੰਸਾਰ ਬਣਿਆ ਹੈ, ਉਸ ਵੇਲੇ ਤੋਂ ਹੀ ਸੰਸਾਰ ਨੂੰ ਰਸਤਾ ਦਿਖਾਉਂਦੇ ਤੁਰੇ ਆ ਰਹੇ ਨੇ।

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥ ਅੰਗ - 1373*

ਉਨ੍ਹਾਂ ਦੀ ਡਿਊਟੀ ਹੈ ਨਾਮ ਜਪਾਉਣਾ, ਨਾਮ ਜਪਾਉਂਦਾ ਜੋ ਹੈ ਉਹ ਆਪ ਜਪਦਾ ਹੈ, ਦੂਜਿਆਂ ਨੂੰ ਜਪਾਉਂਦਾ ਹੈ, ਉਹਦੀ ਪਦਵੀ ਐਵੇਂ ਨਹੀਂ ਹੁੰਦੀ। ਪੁਛੋ ਗੁਰੂ ਨਾਨਕ ਪਾਤਸ਼ਾਹ ਨੂੰ, ਪਾਤਸ਼ਾਹ ਉਨ੍ਹਾਂ ਦੀ ਪਦਵੀ ਕਿੱਡੀ ਕੁ ਹੈ। ਮਹਾਰਾਜ ਕਹਿੰਦੇ ਪਿਆਰਿਓ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥*

***ਅੰਗ - 306***

ਜਿਹੜਾ ਆਪ ਜਪਦਾ ਹੈ, ਦੂਸਰਿਆਂ ਨੂੰ ਜਪਾਉਂਦਾ ਹੈ, ਮੈਂ ਤਾਂ ਉਨ੍ਹਾਂ ਦੀ ਧੂੜੀ ਮੰਗ ਰਿਹਾ ਹਾਂ।

ਅੱਜ ਸਾਰਾ ਸੰਸਾਰ, ਜਿੰਨਾਂ ਵੀ ਗੁਰਸਿੱਖ ਹੈ ਇਕ ਮਹਾਂਪੁਰਸ਼ ਦੀ ਯਾਦ ਮਨਾ ਰਹੇ ਨੇ। ਛੁੱਟੀ ਹੈ ਅੱਜ ਇਸ ਕਰਕੇ। ਗੌਰਮਿੰਟਾਂ ਨੇ ਵੀ ਮਹਿਸੂਸ ਕਰ ਲਿਆ। ਗੁਰੂ ਗ੍ਰੰਥ ਸਾਹਿਬ ਨੇ ਤਾਂ ਕਿੰਨੇ ਸੌ ਸਾਲ ਪਹਿਲਾਂ ਉਚੀ ਪਦਵੀ ਦੇ ਦਿੱਤੀ ਸੀ। ਜਾਤ-ਪਾਤ ਨੂੰ ਖੰਡਨ ਹੀ ਕਰ ਦਿਤਾ ਸੀ। ਇਨ੍ਹਾਂ ਲੋਕਾਂ ਨੂੰ ਹੁਣ ਜਾਗ ਆਈ ਹੈ, ਮਹਾਰਾਜ ਨੇ ਤਾਂ ਆਉਂਦੇ ਹੀ ਇਹ ਨਾਅਰਾ ਦਿੱਤਾ ਸੀ-

***ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥***
***ਨਾਨਕੁ ਤਿਨ ਕੈ ਸੰਗਿ ਸਾਥਿ***
***ਵਡਿਆ ਸਿਉ ਕਿਆ ਰੀਸ॥*** ***ਅੰਗ - 15***

ਵੱਡਿਆਂ ਨਾਲ ਸਾਡਾ ਕੀ ਤੁਅੱਲਕ। ਨੀਵੀਆਂ ਥਾਵਾਂ ਤੇ ਪਾਣੀ ਖੜ੍ਹਦਾ ਹੈ। ਟਿੱਬਿਆਂ ਤੇ ਵੀ ਕਦੇ ਪਾਣੀ ਰੁਕਿਐ? ਅਭਿਮਾਨੀ ਬੰਦਿਆਂ ਦੇ ਹਿਰਦਿਆਂ 'ਚ ਪਾਰਬ੍ਰਹਮ ਪ੍ਰਮੇਸ਼ਰ ਦਾ ਪਿਆਰ ਨਹੀਂ ਟਿਕ ਸਕਦਾ। ਗਿਆਨ ਨਹੀਂ ਟਿਕ ਸਕਦਾ। ਇਹ ਟਿਕੇਗਾ ਕਿਥੇ? ਮਹਾਰਾਜ ਕਹਿੰਦੇ ਜਿਹੜੇ ਸਾਰਿਆਂ ਨਾਲੋਂ ਛੋਟੇ ਨੇ। ਉਨ੍ਹਾਂ ਤੋਂ ਵੀ ਛੋਟੇ, ਉਨ੍ਹਾਂ ਤੋਂ ਵੀ ਹੇਠਲੇ ਦਰਜੇ ਦੇ ਛੋਟੇ, ਮੈਂ ਉਥੇ ਰਹਿੰਦਾ ਹਾਂ, ਉਨ੍ਹਾਂ ਨਾਲ ਰਹਿੰਦਾ ਹਾਂ। ਬੜੀ ਵੱਡੀ ਪਦਵੀ ਗੁਰੂ ਨਾਨਕ ਸਾਹਿਬ ਨੇ ਦਿਤੀ। ਲੋਕਾਂ ਦਾ ਜਿਹੜਾ ਵਿਸ਼ਵਾਸ਼ ਸੀ ਉਹਨੂੰ ਖੇਰੂੰ-ਖੇਰੂੰ ਕਰ ਦਿਤਾ, ਜਾਤ ਪਾਤ ਦਾ ਬਣਿਆ ਹੋਇਆ।

ਭਗਤ ਰਵਿਦਾਸ ਜੀ ਬਾਰੇ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਫੁਰਮਾਨ ਆਉਂਦਾ ਹੈ।

***ਰਵਿਦਾਸੁ ਢੁਵੰਤਾ ਢੋਰ ਨੀਤਿ***
***ਤਿਨਿ ਤਿਆਗੀ ਮਾਇਆ॥*** ***ਅੰਗ - 487***

ਮਹਾਰਾਜ ਕਹਿੰਦੇ ਮਰੇ ਹੋਏ ਡੰਗਰ ਢੋਣ ਵਾਲੀ ਜਾਤੀ ਦੇ ਵਿਚੋਂ ਇਕ ਮਹਾਂਪੁਰਸ਼ ਸਾਰੇ ਸੰਸਾਰ ਦੇ ਉਤੇ ਪ੍ਰਗਟ ਹੋਏ।

***ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥*** ***ਅੰਗ - 487***

ਉਹਨੇ ਪ੍ਰਮੇਸ਼ਰ ਦਾ ਦਰਸ਼ਨ ਸਾਖਸ਼ਾਤ, ਰੂਪ-ਰੰਗ, ਰੇਖ-ਭੇਖ ਤੋਂ ਜੋ ਨਿਆਰਾ ਹੈ, ਆਪਣੀ ਖੁਸ਼ੀ ਦੇ ਨਾਲ ਉਸ ਨੇ ਆਪਣੇ ਰੂਪਧਾਰੀ ਹੋ ਦਰਸ਼ਨ ਦਿਤੇ। ਸੋ ਉਹਦੀ ਮਹਿਮਾ ਮਹਾਰਾਜ ਵਰਣਨ ਕਰਦੇ ਨੇ ਕਿ -

***ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥***
***ਅੰਗ - 272***

ਤਿੰਨਾਂ ਗੁਣਾਂ ਤੋਂ ਉਚੀ। ਮਾਇਆ ਦਾ ਲੇਸ ਨਹੀਂ ਸੀ। ਨਾ ਜੜ੍ਹ

ਮਾਇਆ ਦਾ, ਨਾ ਚੇਤਨ ਮਾਇਆ।

ਰਵਿਦਾਸ ਜੀ ਨੇ ਚੁਰਸਤੇ ਦੇ ਉਤੇ ਝੌਂਪੜੀ ਪਾ ਲਈ ਤੇ ਉਹਦੇ ਪਿਛਲੇ ਪਾਸੇ ਹੀ ਰਹਿਣ ਦਾ ਬੰਦੋਬਸਤ ਸੀ ਉਨ੍ਹਾਂ ਦਾ। ਅਗਲੇ ਪਾਸੇ ਉਨ੍ਹਾਂ ਨੇ ਥੋੜ੍ਹਾ ਜਿਹਾ ਥਾਂ ਲੈ ਕੇ ਕੋਈ ਪੰਜ ਸੱਤ ਫੁੱਟ, ਉਹਦੇ ਪਿਛਲੇ ਪਾਸੇ ਪੜ੍ਹਦਾ ਕਰਕੇ ਰਹਿੰਦੇ ਸਨ। ਪੰਜ ਸੱਤ ਫੁੱਟ ਜਿਹੜੀ ਜਗ੍ਹਾ ਸੀ ਉਥੇ ਆਸਣ ਲਾ ਲੈਂਦੇ ਸੀ, ਬੋਰੀ ਤੇ ਬੈਠ ਕੇ। ਆਉਂਦਿਆਂ ਜਾਂਦਿਆਂ ਦੇ ਜੋੜੇ ਗੰਢਦੇ ਸੀ। ਮਾਂ ਬਾਪ ਚੜ੍ਹਾਈ ਕਰ ਗਏ ਸੀ। ਘਰਵਾਲੀ ਐਸੀ ਨੇਕ ਆਈ ਕਿ ਕਿਤੇ ਵੀ ਬਾਣੀ ਦੇ ਅੰਦਰ ਉਸਦੇ ਬਾਰੇ ਐਸਾ ਅੱਖਰ ਨਹੀਂ ਆਇਆ ਕਿ ਜਿਥੇ ਉਸ ਦਾ ਨਿਖੇਧ ਕਰਨ, ਜਾਂ ਉਹਨੂੰ ਮਾਇਆ ਨਾਗਣੀ ਕਹਿਣ। ਉਹ ਸਾਹ ਦੇ ਵਿਚ ਸਾਹ ਸੀ, ਉਹਦੀ ਮਰਜ਼ੀ ਦੇ ਨਾਲ ਮਰਜ਼ੀ ਰਲੀ ਹੋਈ ਸੀ। ਕਦੇ ਸ਼ਿਕਾਇਤ ਨਹੀਂ ਸੀ ਕਰਦੀ। ਕਦੇ ਭੁੱਖ ਦਾ ਦੁਖ ਨਹੀਂ ਸੀ ਕਿਸੇ ਨੂੰ ਦਸਦੀ। ਪਤੀਵਰਤਾ ਇਸਤ੍ਰੀ ਖੁਸ਼ੀ-ਖੁਸ਼ੀ ਉਨ੍ਹਾਂ ਦੀ ਸੇਵਾ ਕਰਦੀ ਸੀ। ਆਪ ਦੇ ਪਾਸ ਸਾਧੂ ਲੰਘਦੇ, ਗੰਗਾ ਨੂੰ ਰਸਤਾ ਜਾਂਦਾ ਸੀ, ਜੋੜੇ ਟੁੱਟ ਜਾਂਦੇ ਸੀ, ਲੰਮੇ ਸਫਰ ਕਰਨ ਤੋਂ ਬਾਅਦ। ਕਿਸੇ ਨੇ ਹੱਥ ਵਿਚ ਚੁੱਕਿਆ ਹੁੰਦੈ, ਕੋਈ ਉਵੇਂ ਜਿਵੇਂ ਤੁਰਿਆ ਆਉਂਦੈ। ਜਦੋਂ ਦੇਖਣਾ ਕਿ ਆਹ ਜੋੜੇ ਗੰਢਣ ਵਾਲਾ ਆ ਗਿਆ ਤਾਂ ਉਨ੍ਹਾਂ ਨੇ ਜੋੜੇ ਗੰਢਾਉਣੇ। ਮੰਗਦੇ ਨਹੀਂ ਸੀ ਹੁੰਦੇ ਕੋਈ ਚੀਜ਼ ਕਿ ਇਹਦੇ ਚਾਰ ਆਨੇ ਦੇ, ਦੋ ਦੇਹ। ਕੋਈ ਚੀਜ਼ ਨਹੀਂ ਸੀ ਮੂੰਹ ਤੋਂ ਕਹਿੰਦੇ। ਜੋ ਕਿਸੇ ਨੇ ਰੱਖ ਦਿਤਾ। ਸਾਧੂ ਮਹਾਂਪੁਰਸ਼ ਜੇ ਦਿੰਦੇ ਵੀ ਸੀ ਤਾਂ ਉਹਨੂੰ ਕਹਿੰਦੇ ਨਾ ਮਹਾਂਪੁਰਸ਼ੋ! ਸੇਵਾ ਦਾ ਵੀ ਮੌਕਾ ਮੈਨੂੰ ਦਿਓ ਨਾ। ਭਾਵੇਂ ਮੇਰੀ ਕਿਰਤ ਹੈ ਇਹਦੇ ਵਿਚੋਂ ਰਿਜ਼ਕ ਆਉਂਦਾ ਹੈ, ਪਰ ਮੈਂ ਤੁਹਾਡੀ ਸੇਵਾ ਕਿਵੇਂ ਕਰਾਂਗਾ? ਇਹ ਤਾਂ ਪਰਮੇਸ਼ਰ ਨੇ ਮੈਨੂੰ ਮਹਾਂਪੁਰਸ਼ਾਂ ਦੀ ਸੇਵਾ ਕਰਨ ਲਾਇਆ ਹੋਇਆ ਹੈ। ਇਕ ਮਹਾਂਪੁਰਸ਼ ਨੇ ਅੰਤਰ ਧਿਆਨ ਹੋ ਕੇ ਦੇਖਿਆ ਕਿ ਇਹ ਤਾਂ ਬਹੁਤ ਵੱਡੇ ਸਾਧੂ ਨੇ। ਛੁਪੇ ਬੈਠੇ ਨੇ ਤੇ ਮਾਇਆ ਨੂੰ ਦਰਵਾਜ਼ੇ ਤੇ ਆਉਣ ਨਹੀਂ ਦਿੰਦੇ। ਦੂਰ ਰੱਖਦੇ ਨੇ। ਨਹੀਂ ਤਾਂ -

***ਨਵ ਨਿਧੀ ਆਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਅੰਗ - 649***

ਸੰਤਾਂ ਦੇ, ਸਾਧੂਆਂ ਦੇ -

***ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥***
***ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਿ ਫਿਰਿ ਖਾਇ॥ ਅੰਗ - 510***

ਉਹਨੂੰ ਹੀ ਖਾ ਜਾਂਦੀ ਹੈ ਜਿਹੜਾ ਇਹਦੀ ਸੇਵਾ ਕਰੇ। ਪਰ ਸਾਧੂ ਜਿਹੜੇ ਨੇ ਮਾਇਆ ਨੂੰ ਨੇੜੇ ਨਹੀਂ ਆਉਣ ਦਿੰਦੇ। ਨਾ ਜੜ੍ਹ ਨੂੰ, ਨਾ ਚੇਤਨ ਮਾਇਆ ਨੂੰ। ਨਾ ਅਗਿਆਨ ਵਾਲੀ ਮਾਇਆ ਹੈ ਪ੍ਰਮੇਸ਼ਰ ਤੋਂ ਭੁਲਾਉਣ ਵਾਲੀ, ਕਿਸੇ ਕਿਸਮ ਦੀ ਮਾਇਆ ਨੂੰ ਨੇੜੇ ਨਹੀਂ ਆਉਣ ਦਿੰਦੇ। ਮਹਾਰਾਜ ਕਹਿੰਦੇ ਮਾਇਆ ਜਿਹੜੀ ਹੈ ਤਰਲੇ ਲੈਂਦੀ ਹੈ। ਏਸ ਮਾਇਆ ਨੇ ਸਵਰਗ ਲੋਕ ਨੂੰ ਵੀ ਜਿੱਤ

ਲਿਆ, ਦੁਨੀਆਂ ਨੂੰ ਵੀ ਜਿੱਤ ਲਿਆ, ਸਾਧਕਾਂ ਨੂੰ ਜਿੱਤ ਲਿਆ। ਸਿੱਧਾਂ ਨੂੰ ਜਿੱਤ ਲਿਆ, ਸਾਰੇ ਸੰਸਾਰ ਨੂੰ ਜਿੱਤ ਲਿਆ। ਮਹਾਰਾਜ ਫੁਰਮਾਨ ਕਰਦੇ ਨੇ –

***ਜੀਤਿ ਜੀਤਿ ਜੀਤੇ ਸਭਿ ਥਾਨਾ***
***ਸਗਲ ਭਵਨ ਲਪਟਹੀ॥*** ***ਅੰਗ – 499***

ਧਰਮ ਅਸਥਾਨਾਂ ਦੇ ਵਿਚ ਲਿਪਟੀ ਪਈ ਹੈ। ਕਿੰਨੀਆਂ ਲੜਾਈਆਂ ਹੁੰਦੀਆਂ ਨੇ ਧਰਮ ਅਸਥਾਨਾਂ ਤੇ। ਸਾਧੂ ਨਹੀਂ ਜਾਂਦੇ, ਸਾਧੂ ਹਟ ਜਾਂਦੇ ਨੇ, ਪਤਾ ਲਗ ਜਾਂਦਾ ਹੈ ਕਿ ਇਥੇ ਮਾਇਆ ਦਾ ਪ੍ਰਭਾਵ ਹੈ, ਇਥੇ ਤਾਂ ਇਕ ਦੂਜੇ ਦੇ ਸਾਫੇ ਲਾਹੁੰਦੇ ਨੇ। ਗਾਲ੍ਹਾਂ ਕੱਢਦੇ ਨੇ, ਨਿੰਦਿਆ ਕਰਦੇ ਨੇ, ਰਸ ਤੋਂ ਹੀਣੇ ਲੋਕ ਨੇ। ਫੇਰ ਬੜੇ-ਬੜੇ ਪ੍ਰਬੰਧਕ ਬਣੇ ਬੈਠੇ ਰਹਿੰਦੇ ਨੇ। ਮਾਇਆ ਨੇ ਜਿੱਤ ਲਿਆ ਸਾਰਾ ਥਾਂ। ਕਿਉਂਕਿ ਉਥੇ ਲਿਪਟ ਗਈ ਜਾ ਕੇ।

***ਕਹੁ ਨਾਨਕ ਸਾਧ ਤੇ ਭਾਗੀ ਹੋਇ***
***ਚੇਰੀ ਚਰਨ ਗਹੀ॥*** ***ਅੰਗ – 499***

ਜਿਹੜਾ ਬੰਦਗੀ ਵਾਲਾ ਹੈ ਉਹਦੇ ਨੇੜੇ ਨਹੀਂ ਆਉਂਦੀ, ਭੱਜ ਜਾਂਦੀ ਹੈ। ਚਰਨਾਂ ਦੀ ਦਾਸੀ ਬਣ ਕੇ ਸੇਵਾ ਕਰਦੀ ਹੈ।

***ਗਿਆਨੀ ਕੀ ਹੋਇ ਵਰਤੀ ਦਾਸਿ॥***
***ਕਰ ਜੋੜੇ ਸੇਵਾ ਕਰੇ ਅਰਦਾਸਿ॥*** ***ਅੰਗ – 370***

ਹੱਥ ਜੋੜ ਕੇ ਖੜ੍ਹੀ ਰਹਿੰਦੀ ਹੈ, ਅਰਦਾਸਾਂ ਕਰਦੀ ਹੈ ਕਿ ਮੈਨੂੰ ਕਿਤੇ ਲਾ ਲਓ।

***ਜੋ ਤੂੰ ਕਹਹਿ ਸੁ ਕਾਰ ਕਮਾਵਾ॥***
***ਜਨ ਨਾਨਕ ਗੁਰਮੁਖ ਨੇੜਿ ਨਾ ਆਵਾ॥***
***ਅੰਗ – 370***

ਇਨ੍ਹਾਂ ਤੇ ਮੇਰਾ ਬਲ ਨਹੀਂ ਚਲਦਾ। ਬਾਕੀ ਸੰਸਾਰ ਤੇ ਚਲਦਾ ਹੈ।

ਸੋ ਭਗਤ ਰਵਿਦਾਸ ਜੀ ਨਹੀਂ ਵੜ੍ਹਨ ਦਿੰਦੇ ਸੀ ਮਾਇਆ ਨੂੰ। ਜੋ ਸਹਿਜ ਨਾਲ ਆਉਂਦੀ ਹੈ, ਉਹਦੇ ਨਾਲ ਚੌਥਾ ਹਿੱਸਾ ਧਰਮ ਕਾਰਜਾਂ ਵਾਸਤੇ ਰਖਦੇ ਸੀ। ਕਿੰਨਾ ਕੁ ਹੋਣਾ ਹੈ ਪੈਸਾ-ਪੈਸਾ, ਕਉਡੀ-ਕਉਡੀ ਜੋੜੀ ਕਿਤੇ ਜਾ ਕੇ ਬਣਦਾ ਹੋਣਾ ਹੈ ਦੋ ਚਾਰ ਆਨੇ। ਉਹਦਾ ਰਾਸ਼ਨ ਲੈ ਆਉਂਦੇ ਸੀ ਸਾਧੂਆਂ ਨੂੰ ਛਕਾ ਦੇਣਾ। ਆਪ ਭੁੱਖੇ ਰਹਿ ਲੈਣਾ। ਐਸੀ ਹਾਲਤ ਮਹਾਂਪੁਰਸ਼ਾਂ ਨੇ ਦੇਖ ਕੇ ਰਵਿਦਾਸ ਜੀ ਨੂੰ ਇਕ ਪੱਥਰ ਦੇ ਦਿਤਾ ਜਿਸਨੂੰ ਪਾਰਸ ਕਹਿੰਦੇ ਨੇ। ਉਹਦੇ ਵਿਚ ਇਹ ਸਿਫਤ ਹੁੰਦੀ ਹੈ ਕਿ ਅੱਠ ਧਾਤਾਂ ਨੂੰ ਉਹ ਸੋਨਾ ਬਣਾ ਦਿੰਦਾ ਹੈ। ਜਦੋਂ ਉਹਦੇ ਨਾਲ ਛੋਹਿਆ ਜਾਵੇ, ਸੋਨਾ ਬਣ ਜਾਂਦਾ ਹੈ। ਮੂਲ ਧਾਤ ਨੂੰ ਹੀ ਬਦਲ ਦਿੰਦਾ ਹੈ ਇਹ ਸਿਫਤ ਹੈ ਉਸ ਪੱਥਰ ਦੇ ਵਿਚ। ਉਹਨੇ

ਰਵਿਦਾਸ ਜੀ ਨੂੰ ਕੁਛ ਦੇਣਾ ਚਾਹਿਆ, ਆਪ ਨੇ ਕਿਹਾ ਨਹੀਂ ਮਹਾਰਾਜ! ਮੈਨੂੰ ਤਾਂ ਸੇਵਾ ਬਖਸ਼ੋ ਤੁਸੀਂ, ਸਾਧੂ ਹੋਂ ਮੇਰਾ ਵੀ ਉਧਾਰ ਹੋ ਜਾਵੇ। ਮਹਾਤਮਾ ਪੂਰਨ ਸੀ ਕਹਿਣ ਲੱਗੇ, ਰਵਿਦਾਸ ਜੀ! ਸੂਆ ਤੇ ਰੰਬੀ ਮੈਨੂੰ ਦੇ ਦਿਓ। ਪੱਥਰ ਕੱਢਿਆ ਤੇ ਕੱਢ ਕੇ ਉਪਰ ਲਾ ਦਿਤਾ, ਪੀਲਾ ਰੰਗ ਹੋ ਗਿਆ। ਰਵਿਦਾਸ ਜੀ ਨੂੰ ਮੋੜ ਦਿਤਾ। ਜਦੋਂ ਉਹ ਚਮੜਾ ਕੱਟਣ ਲੱਗੇ ਉਹ ਮੁੜ ਗਿਆ। ਕਿਉਂਕਿ ਸੋਨਾ ਨਰਮ ਹੁੰਦਾ ਹੈ, ਲੋਹਾ ਸਖਤ ਹੁੰਦਾ ਹੈ। ਕਹਿੰਦੇ ਆਹ ਕੀ ਕਰ ਦਿਤਾ ਸੰਤ ਜੀ ਤੁਸੀਂ? ਮੇਰੀਆਂ ਤਾਂ ਇਹੀ ਦੋ ਚੀਜ਼ਾਂ ਸੀ, ਜਿਹਦੇ ਨਾਲ ਮੈਂ ਸੇਵਾ ਕਰਦਾ ਸੀ, ਇਹ ਦੋਵੇਂ ਖਰਾਬ ਹੋ ਗਈਆਂ। ਕਹਿਣ ਲੱਗੇ ਰਵਿਦਾਸ ਜੀ! ਆਹ ਤਾਂ ਚਾਹੇ ਤੁਸੀਂ ਸੌ ਲੈ ਲਓ ਇਕ ਵੇਚ ਕੇ। ਸੋਨਾ ਬਣ ਗਿਆ ਇਹਦਾ। ਕਹਿੰਦੇ ਆਹ ਪੱਥਰ ਹੈ, ਇਹਨੂੰ ਪਾਰਸ ਕਹਿੰਦੇ ਨੇ, ਇਹ ਮਿਲਦਾ ਨਹੀਂ ਜਾਂ ਤਾਂ ਬਹੁਤ ਵੱਡੇ ਬਾਦਸ਼ਾਹਾਂ ਦੇ ਕੋਲ ਹੁੰਦਾ ਹੈ ਜਾਂ ਵੱਡੇ ਮਹਾਤਮਾ, ਸਾਧੂਆਂ ਦੇ ਕੋਲ ਹੁੰਦਾ ਹੈ। ਦੋ ਨੂੰ ਇਹ ਰਾਹ ਦਿੰਦਾ ਹੈ, ਹੋਰ ਤੀਜੇ ਨੂੰ ਇਹ ਰਾਹ ਨਹੀਂ ਦਿੰਦਾ। ਪਛਾਣ ਨਹੀਂ ਹੁੰਦਾ, ਗੁਪਤ ਹੋ ਜਾਂਦਾ ਹੈ। ਲੱਭਦਾ ਨਹੀਂ, ਨਹੀਂ ਤਾਂ ਸਾਰਾ ਸੰਸਾਰ ਅਮੀਰ ਬਣ ਜਾਵੇ। ਸਾਧੂਆਂ ਦੀ ਸੇਵਾ ਕਰਨ ਵਾਸਤੇ ਪ੍ਰਗਟ ਹੁੰਦਾ ਹੈ, ਬਾਦਸ਼ਾਹਾਂ ਦੇ ਰਾਜ ਚਲਾਉਣ ਵਾਸਤੇ ਪ੍ਰਗਟ ਹੁੰਦਾ ਹੈ। ਸੋ ਇਹ ਤੁਸੀਂ ਲੈ ਲਓ। ਆਏ ਗਏ ਸਾਧੂਆਂ ਨੂੰ ਪ੍ਰਸ਼ਾਦਾ ਵੀ ਛਕਾਇਆ ਕਰੋ ਤੇ ਘਰ ਸੋਹਣਾ ਬਣਾ ਲਓ, ਨੌਕਰ ਚਾਕਰ, ਰੱਖ ਲਓ। ਆਪ ਪ੍ਰਮੇਸ਼ਰ ਦਾ ਭਜਨ ਹੀ ਕਰਿਆ ਕਰੋ। ਮੈਂ ਜਾਣਾ ਹੈ ਯਾਤਰਾ, ਇਕ ਸਾਲ ਤੋਂ ਬਾਅਦ ਮੈਂ ਆਵਾਂਗਾ। ਤੁਸੀਂ ਓਨੀ ਦੇਰ ਇਸ ਤੋਂ ਕਾਰਜ ਲੈ ਲਓ। ਫੇਰ ਮੈਂ ਲੈ ਜਾਵਾਂਗਾ ਆ ਕੇ। ਰਵਿਦਾਸ ਜੀ ਜੋੜੇ ਗੰਢਣ 'ਚ ਮਗਨ ਨੇ। ਸੰਤ ਕਹਿਣ ਲੱਗੇ ਮੈਂ ਕਿਥੇ ਰੱਖਾਂ? ਰਵਿਦਾਸ ਜੀ ਨੇ ਕਿਹਾ ਕਿ ਇਥੇ ਰੱਖ ਦਿਓ ਕਿਤੇ ਛੱਪਰ 'ਚ। ਉਹਨੇ ਲੀਰ ਵਿਚ ਵੇੜ੍ਹਿਆ ਤੇ ਛੱਪਰ ਦੇ ਵਿਚ ਰੱਖ ਦਿਤਾ, ਵਿਚ ਗਲੀ ਕਰਕੇ, ਉਤੇ ਫੇਰ ਸਰਕੜਾ ਲਾ ਦਿਤਾ। ਮਹਾਤਮਾ ਚਲੇ ਗਏ ਤੇ ਜਦੋਂ ਸਾਲ ਤੋਂ ਬਾਅਦ ਆਏ ਤਾਂ ਉਥੇ ਆ ਕੇ ਦੇਖਦੇ ਨੇ ਕਿ ਵੱਡੇ-ਵੱਡੇ ਮੰਦਰ ਬਣ ਗਏ ਹੋਣੇ ਨੇ, ਬੜਾ ਭਾਰਾ ਆਸ਼ਰਮ ਬਣ ਗਿਆ ਹੋਣਾ ਹੈ। ਬਹੁਤ ਸੇਵਾਦਾਰ ਆ ਗਏ ਹੋਣੇ ਨੇ, ਚੇਲੇ ਆ ਗਏ ਹੋਣੇ ਨੇ, ਲੰਗਰ ਚਲਦੇ ਹੋਣੇ ਨੇ, ਰਿਹਾਇਸ਼ ਦੇ ਸਾਰੇ ਸਾਧਨ ਹੋ ਚੁੱਕੇ ਹੋਣੇ ਨੇ ਪਰ ਉਥੇ ਕੀ ਦੇਖਦੇ ਨੇ? ਝੌਂਪੜੀ ਪਹਿਲਾਂ ਨਾਲੋਂ ਵੀ ਟੁੱਟੀ ਹੋਈ ਹੈ। ਸਾਲ ਭਰ 'ਚ ਸਰਕੜਾ ਹੀ ਨਹੀਂ ਪੁਆਇਆ। ਹੈਰਾਨ ਹੋ ਗਏ ਕਿ ਹੋ ਸਕਦਾ ਹੈ ਕਿ ਪਾਰਸ ਗੁਆ ਦਿਤਾ ਹੋਵੇ ਇਹਨੇ। ਆ ਕੇ ਪੁਛਿਆ ਕਹਿਣ ਲੱਗੇ, ਰਵਿਦਾਸ ਜੀ! ਮੈਂ ਤੁਹਾਨੂੰ ਪਾਰਸ ਦੇ ਕੇ ਗਿਆ ਸੀ। ਵਰਤੋਂ 'ਚ ਨਹੀਂ ਲਿਆਂਦਾ। ਕਹਿੰਦੇ ਸਾਡੇ ਤਾਂ ਕੋਈ ਕੰਮ ਦਾ ਨਹੀਂ ਹੈ। ਅਸੀਂ ਕੀ ਲੈਣਾ। ਪਰਾਲਬਧ ਅਨੁਸਾਰ ਮਿਹਨਤ ਕਰਕੇ ਜੋ ਆਉਂਦਾ ਹੈ, ਅਸੀਂ ਲਈ ਜਾਂਦੇ ਹਾਂ, ਉਹਦੇ 'ਚੋਂ ਤਿਲ ਫੁੱਲ ਅਸੀਂ ਸੇਵਾ ਵਿਚ ਵੀ ਲਾ ਦਿੰਦੇ ਹਾਂ। ਬੜੇ ਖੁਸ਼ ਰਹਿੰਦੇ ਹਾਂ, ਅਨੰਦ 'ਚ ਰਹਿੰਦੇ ਹਾਂ।

ਮਾਇਆ ਦੀ ਪ੍ਰਾਪਤੀ ਬਹੁਤੀ ਹੋ ਜਾਏ ਮਹਾਰਾਜ ਕਹਿੰਦੇ ਦੂਜੇ ਪਾਸੇ ਨਾਮ ਤੇ ਇਕ ਪਾਸੇ ਮਾਇਆ। ਅਰ ਮਾਇਆ ਵੀ ਐਨੀ ਕਿ ਅੰਦਾਜ਼ਾ ਨਾ ਲਾਇਆ ਜਾ ਸਕੇ। ਜੇ ਬੰਦਾ ਮਾਇਆ 'ਚ ਫਸ ਕੇ ਨਾਮ ਨੂੰ ਭੁੱਲ ਜਾਵੇ, ਉਹ ਕਉਡੀ ਦੇ ਕੰਮ ਦੀ ਚੀਜ਼ ਨਹੀਂ ਹੈ। ਐਡੀ ਤਾੜਨਾ ਕਰੀ ਹੈ ਗੁਰੂ

ਪਾਤਸ਼ਾਹ ਨੇ। ਮਾਇਆ ਦੀ ਤੁਲਨਾ ਤੇ ਨਾਮ ਦੇ ਮੁਕਾਬਲੇ।

***ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥***
***ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ ਅੰਗ - 14***

ਐਡੀ ਵੱਡੀ ਪ੍ਰਾਪਤੀ ਕਦੇ ਇਨਸਾਨ ਨੂੰ ਹੋ ਨਹੀਂ ਸਕਦੀ ਕਿ ਇੱਟਾਂ ਦੀ ਥਾਂ ਤੇ ਮੋਤੀ ਤੇ ਰਤਨ ਲਾ ਕੇ ਕੋਈ ਮਹਿਲ ਬਣਾ ਕੇ ਉਹਦੇ ਵਿਚ ਰਹੇ। ਮਹਾਰਾਜ ਕਹਿੰਦੇ ਜੇ ਉਹਨੂੰ ਦੇਖ ਕੇ ਪ੍ਰਮੇਸ਼ਰ ਭੁੱਲਦਾ ਹੈ ਨਾ ਤਾਂ ਉਹ ਕਿਸੇ ਕੰਮ ਦੀ ਚੀਜ਼ ਨਹੀਂ। ਕਿਉਂਕਿ ਨਾਮ ਦਾ ਮੁਕਾਬਲਾ ਸੰਸਾਰ ਦੀ ਕੋਈ ਚੀਜ਼ ਨਹੀਂ ਕਰ ਸਕਦੀ। ਭੋਗਾਂ ਦੀ ਦੁਨੀਆਂ ਵਿਚ ਕੀ ਪਿਆ ਹੈ? ਮਹਾਰਾਜ ਕਹਿੰਦੇ ਉਨ੍ਹਾਂ ਦੇ ਅੰਦਰ ਸਜਾਵਟਾਂ ਹੀ ਸਜਾਵਟਾਂ, ਖਾਲੀ ਨੇ, ਨੀਰਸ ਨੇ, ਬੇਜਿੰਦ ਨੇ। ਜੀਵਨ ਦਾ ਹੁਲਾਰਾ ਨਹੀਂ ਦੇ ਸਕਦੀਆਂ ਇਹ ਚੀਜ਼ਾਂ ਕਿਉਂਕਿ ਆਪ ਜੜ੍ਹ ਨੇ।

***ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥***
***ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥***
***ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥ ਅੰਗ - 14***

ਲੋਕ ਵਾਹਵਾ, ਲੋਕਾਂ ਦੀ ਮਹਿਮਾ ਕੁਛ ਮਾਇਅਨੇ ਨਹੀਂ ਰੱਖਦੀ। ਉਹਦੇ ਨਾਲੋਂ ਜੇ ਅੱਧੀ ਰੋਟੀ ਮਿਲ ਜਾਏ ਤਾਂ ਆਦਮੀ ਦਾ ਪੇਟ ਤਾਂ ਭਰ ਜਾਂਦਾ ਹੈ। ਦੂਜਾ ਇਹ ਹੈ ਕਿ ਜਿੰਨੇ ਉਸਤਤ ਵਾਲੇ ਹੋਣਗੇ, ਓਨੇ ਨਿੰਦਿਆ ਵਾਲੇ ਵੀ ਬਰਾਬਰ ਹੋਣਗੇ। ਸੰਤੁਲਨ ਰੱਖਦਾ ਹੈ ਰੱਬ, ਇਹ ਨਹੀਂ ਕਿ ਸਾਰੀ ਦੁਨੀਆਂ ਕਿਸੇ ਨੂੰ ਚੰਗਾ ਕਹੇ। ਲੋਕ ਵਾਸ਼ਨਾ ਚੀਜ਼ ਹੀ ਗਲਤ ਹੈ। ਸਤਿ ਦੇ ਮਾਰਗ ਤੇ ਚੱਲੋ, ਕੋਈ ਬੁਰਾ ਕਹੇ ਚਾਹੇ ਕੋਈ ਭਲਾ ਕਹੇ।

ਸੋ ਏਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਕਿੰਨੀਆਂ ਹੀ ਸ਼ਕਤੀਆਂ ਆ ਜਾਣ, ਲੋਕ ਭਾਉ ਰੱਖਣ। ਕੋਈ ਗੱਲ ਨਹੀਂ ਹੈ ਕਿ ਜੇ ਭੁੱਲਦਾ ਹੈ, ਨਾਮ ਦੇ ਮੁਕਾਬਲੇ ਤੇ ਕੀ ਚੀਜ਼ ਹੈ? ਤੁਛ ਹੈ ਇਹ। ਫੇਰ ਜਿਹੜੀ ਰਾਜਸੀ ਸ਼ਕਤੀ ਵਾਸਤੇ ਅਸੀਂ ਪਾਗਲ ਹੋਏ ਫਿਰਦੇ ਹਾਂ, ਇਕ ਦੂਜੇ ਨੂੰ ਧੋਖੇ ਦਿੰਦੇ ਹਾਂ। ਜੀਵਨ ਤੋਂ ਗਿਰਦੇ ਹਾਂ, ਪ੍ਰਮੇਸ਼ਰ ਤੋਂ ਸਦਾ ਭੁੱਲੇ ਰਹਿੰਦੇ ਹਾਂ। ਤਮੋ ਗੁਣ ਤੇ ਰਜੋ ਗੁਣ ਦੇ ਵਿਚ ਸਾਡਾ ਵਾਸ ਹੋ ਕੇ ਜੀਵਨ ਬਤੀਤ ਹੋ ਜਾਂਦਾ ਹੈ। ਮਹਾਰਾਜ ਕਹਿੰਦੇ ਉਹ ਹੈ ਕੀ?

***ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ॥***
***ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ ਅੰਗ - 14***

ਜਿਹੜਾ ਕਮਲ ਪੁੱਠਾ ਹੋਇਆ ਹੋਇਆ ਹੈ ਸਾਡਾ, ਉਲਟਿਆ ਹੋਇਆ ਹੈ, ਉਹਨੂੰ ਸਿੱਧਾ ਕਰਨ ਦੀ ਸ਼ਕਤੀ ਨਹੀਂ ਇਹ ਰੱਖਦਾ। ਸਿੱਧਾ ਇਹਨੂੰ ਨਾਮ ਕਰਦਾ ਹੈ–

***ਉਲਟਿ ਕਮਲੁ ਅੰਮ੍ਰਿਤਿ ਭਰਿਆ***
***ਇਹੁ ਮਨੁ ਕਤਹੁ ਨ ਜਾਇ॥*** ***ਅੰਗ – 1291***

ਰਸ ਦੇ ਵਿਚ ਭਰ ਗਿਆ, ਮਨ ਉਥੇ ਹੀ ਠਹਿਰ ਗਿਆ। ਸੋ ਮਹਾਰਾਜ ਕਹਿੰਦੇ ਨਾਮ ਨੂੰ ਨਾ ਭੁੱਲ, ਨਾਮ ਸਭ ਤੋਂ ਵੱਡੀ ਚੀਜ਼ ਹੈ। ਸੋ ਇਕ ਪਾਸੇ ਮਾਇਆ ਹੈ ਇਕ ਪਾਸੇ ਨਾਮ ਹੈ। ਮਹਾਰਾਜ ਕਹਿੰਦੇ ਨਾਮ ਤੋਂ ਬਗੈਰ ਕੋਈ ਚੀਜ਼ ਦੁਨੀਆਂ ਦੀ ਉਹਦੀ ਤੁਲਨਾ ਨਹੀਂ ਕਰ ਸਕਦੀ।

ਸੋ ਭਗਤ ਰਵਿਦਾਸ ਜੀ ਕਹਿਣ ਲੱਗੇ, ਮਹਾਤਮਾ ਜੀ! ਮੈਨੂੰ ਤਾਂ ਲੋੜ ਨਹੀਂ ਇਸ ਪਾਰਸ ਦੀ। ਜਿਹਨੂੰ ਲੋੜ ਹੈ ਉਹ ਇਹ ਚੀਜ਼ਾਂ ਲੈ ਸਕਦਾ ਹੈ। ਮਾਇਆ ਦੇ ਅੰਬਾਰ ਲਾ ਸਕਦਾ ਹੈ ਪਰ ਪਿਆਰਿਆ! ਮੇਰੇ ਅੰਦਰ ਤਾਂ ਨਾ ਕੋਈ ਭੁੱਖ ਹੈ, ਨਾ ਮੈਨੂੰ ਲੋੜ ਹੈ। ਪੁੱਛਣ ਲੱਗੇ ਕਿ ਉਹ ਪਾਰਸ ਹੈ ਕਿੱਥੇ? ਕਹਿੰਦੇ ਜਿਥੇ ਤੁਸੀਂ ਰੱਖ ਗਏ ਹੋ, ਉਥੋਂ ਲੈ ਲਓ। ਮੈਂ ਤਾਂ ਦੇਖਿਆ ਨਹੀਂ। ਸੋ ਉਸ ਵੇਲੇ ਉਨ੍ਹਾਂ ਨੇ ਟੋਲ੍ਹ ਲਿਆ। ਮਹਾਰਾਜ ਕਹਿੰਦੇ ਮਰੇ ਹੋਏ ਪਸ਼ੂਆਂ ਨੂੰ ਢੋਣ ਵਾਲੇ ਨੇ ਮਾਇਆ ਦਾ ਤਿਆਗ ਕਰ ਦਿਤਾ।

ਕਬੀਰ ਸਾਹਿਬ ਦਾ ਇਕ ਬੜਾ ਅਮੀਰ ਚੇਲਾ ਸੀ। ਪਠਾਣ ਸੀਗਾ। ਉਹਨੂੰ ਆਪਣੀ ਅਮੀਰੀ ਦਾ ਥੋੜ੍ਹਾ ਮਾਣ ਰਹਿੰਦਾ ਸੀ। ਕਬੀਰ ਸਾਹਿਬ ਕਹਿਣ ਲੱਗੇ, ਖਾਨ ਸਾਹਿਬ! ਰਵਿਦਾਸ ਜੀ ਨੂੰ ਜਾਣਦਾ ਹੈਂ, ਕਹਿੰਦਾ, ਹਾਂ ਮਹਾਰਾਜ। ਦਰਸ਼ਨ ਕਰੇ ਨੇ? ਕਹਿੰਦਾ ਦਰਸ਼ਨ ਤਾਂ ਮੈਂ ਤੁਹਾਡੇ ਕਰ ਲਏ, ਹੋਰ ਮੈਨੂੰ ਕੋਈ ਲੋਚਾ ਹੀ ਨਹੀਂ ਹੈ। ਕਹਿੰਦੇ ਨਹੀਂ, ਸਾਡਾ ਗੁਰ ਭਾਈ ਹੈ। ਜਾਹ ਦਰਸ਼ਨ ਕਰ ਉਨ੍ਹਾਂ ਦੇ। ਕਹਿਣ ਲੱਗੇ ਇਕ ਮਰਿਆਦਾ ਹੈ ਕਿ ਸਾਧੂਆਂ ਕੋਲ ਖਾਲੀ ਹੱਥ ਜਾਣ ਵਾਲਾ, ਖਾਲੀ ਮੁੜ ਆਉਂਦਾ ਹੈ। ਸ਼ਰਧਾ ਭਾਵਨਾ ਦੇ ਨਾਲ ਲਿਜਾ ਕੇ ਕੁਛ ਭੇਟਾ ਕਰਨ ਵਾਲਾ, ਕੁਛ ਲੈ ਆਉਂਦਾ ਹੈ ਉਥੋਂ। ਉਨ੍ਹਾਂ ਨੂੰ ਲੋੜ ਨਹੀਂ ਹੁੰਦੀ, ਉਹ ਕੇਵਲ ਭਾਵਨਾ ਦੇਖਦੇ ਨੇ ਕਿ ਇਹਦੀ ਭਾਵਨਾ ਕੀ ਹੈ? ਐਉਂ ਵੀ ਜਾਣਦੇ ਨੇ ਕਿ ਇਹ ਸਾਨੂੰ ਧੋਖਾ ਦੇ ਰਿਹਾ ਹੈ। ਸਾਧੂਆਂ ਨੂੰ ਪਤਾ ਹੁੰਦਾ ਹੈ।

ਸੋ ਉਹ ਘਰ ਤੋਂ ਖਾਨਦਾਨੀ ਹੀਰਾ ਪਿਆ ਸੀ ਜਿਹਨੂੰ ਕਦੇ ਬਾਹਰ ਨਹੀਂ ਸੀ ਕੱਢਦੇ। ਉਹਨੇ ਕਿਹਾ ਮੇਰੇ ਗੁਰਦੇਵ ਦੇ ਗੁਰਭਾਈ ਨੇ। ਮੈਨੂੰ ਕੁਛ ਉਨ੍ਹਾਂ ਨੂੰ ਭੇਟਾ ਵੀ ਦੇਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਦੇ ਮਨ 'ਚ ਆਵੇ ਕਿ ਕਬੀਰ ਸਾਹਿਬ ਦੇ ਜਿਹੜੇ ਸ਼ਿਸ਼ ਨੇ ਬੜੇ ਧਨੀ ਆਦਮੀ ਨੇ। ਹੀਰਾ ਡੱਬੀ 'ਚ ਪਾ ਕੇ ਜੇਬ 'ਚ ਲਿਆ ਤੇ ਉਥੇ ਜਾ ਕੇ ਨਮਸ਼ਕਾਰ ਕਰੀ। ਨਾਲ ਕਹਿਣ ਲੱਗੇ ਰਵਿਦਾਸ ਜੀ ਮਹਾਰਾਜ! ਮੈਨੂੰ ਕਬੀਰ ਸਾਹਿਬ ਨੇ ਆਪ ਦੇ ਦਰਸ਼ਨ ਕਰਨ ਲਈ ਭੇਜਿਆ ਹੈ। ਡੱਬੀ ਦੇ ਵਿਚੋਂ ਹੀਰਾ ਕੱਢਿਆ ਤੇ ਹਥੇਲੀ ਤੇ ਰੱਖ ਲਿਆ। ਕਹਿਣ ਲੱਗੇ ਆਹ ਲੈ ਲਓ। ਉਹ ਜੋੜੇ ਗੰਢੀ ਜਾਂਦੇ ਨੇ ਧਿਆਨ ਹੀ ਨਹੀਂ ਕਰਿਆ। ਜ਼ਰਾ ਕੁ ਨਿਗ੍ਹਾ ਉਚੀ ਕਰੀ, ਫੇਰ ਗੰਢਣ ਲੱਗ ਗਏ। ਕਹਿੰਦੇ ਅੱਛਾ, ਕਬੀਰ ਸਾਹਿਬ ਨੇ ਭੇਜਿਆ ਹੈ। ਕਹਿੰਦਾ ਹਾਂ ਜੀ। ਹਾਲ ਚਾਲ ਪੁੱਛਣ ਲਗ

ਗਏ। ਇਹ ਫੇਰ ਕਹਿਣ ਲੱਗਿਆ ਕਿ ਮਹਾਰਾਜ! ਮੈਂ ਤੁਹਾਡੀ ਭੇਟਾ, ਕਿਉਂਕਿ ਮੇਰੇ ਗੁਰੂਦੇਵ ਇਹ ਕਹਿੰਦੇ ਹੁੰਦੇ ਨੇ ਕਿ ਸਾਧੂਆਂ ਕੋਲ ਖਾਲੀ ਹੱਥ ਨਹੀਂ ਜਾਈਦਾ। ਖਾਲੀ ਹੱਥ ਜਾਣ ਵਾਲਾ ਖਾਲੀ ਆਉਂਦਾ ਹੈ। ਸੋ ਜੋ ਤੁਛ ਭੇਟਾ ਹੈ ਮੇਰੇ ਖਾਨਦਾਨ ਦੇ ਅੰਦਰ। ਇਹ ਖਾਨਦਾਨੀ ਹੀਰਾ ਹੈ ਬੜੀ ਕੀਮਤ ਹੈ। ਹਜ਼ਾਰਾਂ ਰੁਪਏ ਇਹਦੀ ਕੀਮਤ ਹੈ। ਜਣੇ ਖਣੇ ਨੂੰ ਇਹ ਨਹੀਂ ਮਿਲਦਾ। ਆਮ ਦੁਕਾਨਾਂ ਤੇ ਇਹ ਨਹੀਂ ਮਿਲਦਾ। ਇਹ ਮੈਂ ਤੁਹਾਡੀ ਭੇਟਾ ਲਿਆਇਆ ਹਾਂ। ਤੁਸੀਂ ਅੰਗੀਕਾਰ ਕਰੋ। ਉਨ੍ਹਾਂ ਨੇ ਫੇਰ ਕੋਈ ਜਵਾਬ ਨਾ ਦਿੱਤਾ।

ਤੀਸਰੀ ਵਾਰੀ ਫੇਰ ਕਿਹਾ। ਰਵਿਦਾਸ ਜੀ ਨੇ ਉਹ ਹੀਰਾ ਫੜ ਲਿਆ। ਕਹਿਣ ਲੱਗਿਆ, ਮਹਾਰਾਜ! ਇਹਨੂੰ ਸਾਂਭ ਕੇ ਰੱਖ ਲਓ। ਐਸਾ ਨਾ ਹੋਵੇ ਕਿ ਕੋਈ ਇਥੋਂ ਚੁੱਕ ਲਵੇ। ਉਨ੍ਹਾਂ ਜਿਥੇ ਜੋੜੇ ਗੰਢਦੇ ਸੀ, ਚਮੜਾ ਕੱਟਿਆ ਪਿਆ ਸੀ, ਉਥੇ ਰੱਖ ਦਿਤਾ। ਇਹਦੇ ਮਨ ਵਿਚ ਹੋ ਗਿਆ ਸ਼ੱਕ ਕਿ ਇਨ੍ਹਾਂ ਨੇ ਭੁੱਲ ਜਾਣਾ ਹੈ। ਕਿਸੇ ਨੇ ਚੁੱਕ ਕੇ ਲੈ ਜਾਣਾ ਹੈ। ਇਹਨੇ ਫੇਰ ਕਿਹਾ ਕਿ ਮਹਾਰਾਜ, ਇਹ ਹੀਰਾ ਬੜਾ ਕੀਮਤੀ ਹੈ। ਇਸ ਤਰ੍ਹਾਂ ਰੱਖਣ ਵਾਲਾ ਨਹੀਂ ਹੈ। ਤੁਸੀਂ ਕ੍ਰਿਪਾ ਕਰੋ ਇਸਨੂੰ ਸਾਂਭ ਲਓ। ਵੇਲੇ ਕੁਵੇਲੇ ਵੇਚ ਕੇ ਕੰਮ ਹੋ ਜਾਏਗਾ। ਮਕਾਨ ਵੀ ਆਪ ਦਾ ਬਣ ਜਾਏਗਾ, ਹੋਰ ਵੀ ਕੰਮ ਚਲ ਜਾਣਗੇ। ਐਉਂ ਨਾ ਰੱਖੋ ਤੁਸੀਂ। ਉਹ ਕਹਿੰਦੇ ਪ੍ਰੇਮੀਆ! ਤੇਰੇ ਵਲੋਂ ਤਾਂ ਸਾਡੇ ਕੋਲ ਆ ਗਿਆ ਨਾ, ਅਸੀਂ ਲੈ ਲਿਆ। ਹੁਣ ਤੂੰ ਸਾਨੂੰ ਅੱਗੇ ਕਿਉਂ ਗੱਲਬਾਤ ਦੱਸਦਾ ਹੈਂ। ਆਪੇ ਸਾਂਭਿਆ ਜਾਣਾ ਹੈ। ਰਵਿਦਾਸ ਜੀ ਨੇ ਪੱਚਰਾਂ ਇਕੱਠੀਆਂ ਕੀਤੀਆਂ, ਵਿਚੇ ਹੀ ਹੀਰਾ ਲੈ ਲਿਆ ਮੁੱਠੀ 'ਚ, ਉਹ ਕੋਲ ਹੀ ਜਿਹੜਾ ਗਿੱਠ ਕੁ ਚੌੜਾ, ਡੂੰਘਾ ਟੋਆ ਪੁੱਟਿਆ ਸੀ, ਜਿਹਦੇ ਵਿਚ ਸਾਰਾ ਦਿਨ ਪੱਚਰਾਂ ਸੁੱਟੀ ਜਾਂਦੇ ਹੁੰਦੇ। ਉਹਦੇ ਵਿਚ ਸੁੱਟ ਦਿਤਾ।

ਹੁਣ ਅੱਗੇ ਇਹ ਗੱਲ ਕਰਨੀ ਤਾਂ ਭੁੱਲ ਗਿਆ। ਮਨ ਵਿਚ ਹੀਰਾ ਬੈਠ ਗਿਆ ਕਿ ਗਿਆ ਇਹ ਤਾਂ। ਇਹ ਤਾਂ ਮੈਂ ਐਵੇਂ ਹੀ ਦੇ ਦਿਤਾ। ਅੰਦਰੋਂ ਕਹਿਣ ਲੱਗਿਆ ਕਿ ਇਹ ਸਾਧ ਕਿਹੋ ਜਿਹੇ ਨੇ, ਦੇਖੋ ਮੈਂ ਕਹੀ ਜਾਂਦਾ ਹਾਂ, ਕਿਹੋ ਜਿਹੀ ਹਾਲਤ ਹੈ, ਝੌਂਪੜੀ ਟੁੱਟੀ ਹੋਈ ਹੈ, ਕੱਪੜੇ ਵੀ ਕੋਈ ਬਹੁਤੇ ਸੋਹਣੇ ਨਹੀਂ ਪਾਏ ਹੋਏ। ਮੈਂ ਕਹੀ ਜਾਂਦਾ ਹਾਂ ਕਿ ਇਹ ਬੇਅੰਤ ਕੀਮਤੀ ਹੈ, ਚਾਹੇ ਮਕਾਨ ਬਣਾ ਲਓ। ਚਾਹੇ ਕੁਛ ਕਰ ਲਓ ਪਰ ਇਨ੍ਹਾਂ ਨੇ ਤਾਂ ਚੁੱਕ ਕੇ ਇਥੇ ਸੁੱਟ ਦਿਤਾ। ਨਿਰਾਸ਼ ਹੋ ਗਿਆ, ਦਿਲ ਟੁੱਟ ਗਿਆ। ਮੂੰਹ ਦੇ ਉਤੇ ਚਿੰਨ੍ਹ ਆ ਗਏ ਉਦਾਸੀ ਦੇ। ਉਦਾਸ ਚਿਹਰੇ ਨਾਲ ਕਬੀਰ ਸਾਹਿਬ ਦੇ ਕੋਲ ਚਲਿਆ ਗਿਆ। ਕਬੀਰ ਸਾਹਿਬ ਕਹਿਣ ਲੱਗੇ, ਖਾਨ ਸਾਹਿਬ! ਮਿਲ ਆਏ ਰਵਿਦਾਸ ਜੀ ਨੂੰ। ਕਹਿੰਦਾ ਹਾਂ ਜੀ। ਕਹਿੰਦੇ ਸੰਤਾਂ ਦੇ ਦਰਸ਼ਨ ਕਰਕੇ ਤਾਂ ਅੰਦਰ ਖੇੜਾ ਵਸ ਜਾਂਦਾ ਹੈ। ਆਦਮੀ ਦਾ ਪੈਰ ਨਹੀਂ ਲਗਦਾ ਕਿਉਂਕਿ ਨਵੀਂ ਜ਼ਿੰਦਗੀ ਦੇ ਨਾਲ ਸਬੰਧ ਪੈਦਾ ਹੁੰਦਾ ਹੈ, ਉਨ੍ਹਾਂ ਵਿਚ ਜੀਵਨ ਰੌ ਹੁੰਦੀ ਹੈ। ਉਨ੍ਹਾਂ ਦੀ ਨਿਗ੍ਹਾ ਵਿਚ, ਉਨ੍ਹਾਂ ਦੇ ਬੋਲਣ ਵਿਚ, ਉਨ੍ਹਾਂ ਦੇ ਛੋਹਣ ਵਿਚ ਜ਼ਿੰਦਗੀ ਗੁਮਕਦੀ ਹੈ। ਤੂੰ ਹੁਣ ਐਨਾ ਉਦਾਸ ਕਿਉਂ ਹੈਂ ਸੰਤਾਂ ਦੇ ਦਰਸ਼ਨ ਕਰਕੇ। ਦੂਸਰਾ ਸੰਤਾਂ ਦੇ ਦਰਸ਼ਨ ਭਾਗਾਂ ਨਾਲ ਹੁੰਦੇ ਨੇ। ਵੱਡੇ ਭਾਗ ਹੋਣ ਤਾਂ ਹੁੰਦੇ ਨੇ। ਤੈਨੂੰ ਤਾਂ ਖੁਸ਼ੀ ਹੋਣੀ ਚਾਹੀਦੀ ਸੀ। ਕਹਿਣ ਲੱਗਿਆ, ਮਹਾਰਾਜ! ਕਾਹਦੀ

ਖੁਸ਼ੀ, ਮੈਂ ਜਾਣਿਆ ਕਿ ਸੰਤ ਤੁਹਾਡੇ ਵਰਗੇ ਹੀ ਨੇ। ਕਹਿੰਦੇ ਕੀ ਗੱਲ? ਕਹਿੰਦਾ ਮਹਾਰਾਜ ਉਹ ਤਾਂ ਐਵੇਂ ਹੀ ਨੇ। ਕਹਿੰਦਾ ਮੈਂ ਹੀਰਾ ਲੈ ਗਿਆ, ਹਜ਼ਾਰਾਂ ਰੁਪਏ ਦਾ ਸੀ, ਸਾਂਭ ਕੇ ਰੱਖਿਆ ਹੋਇਆ। ਮੈਂ ਉਨ੍ਹਾਂ ਨੂੰ ਦਿਤਾ, ਉਹਨੇ ਚੁੱਕ ਕੇ ਜਿਥੇ ਚਮੜੇ ਦੀਆਂ ਪੱਚਰਾਂ ਸੁੱਟਦੇ ਨੇ ਉਥੇ ਸੁੱਟ ਦਿਤਾ। ਉਹਦੀ ਸਫਾਈ ਕਰਨੀ ਹੈ ਸਵੇਰੇ, ਉਹ ਬਾਹਰ ਸੁੱਟ ਦੇਣਾ ਹੈ, ਉਹ ਕਿਸੇ ਹੋਰ ਦੇ ਹੱਥ ਵਿਚ ਚਲਿਆ ਜਾਣੈ। ਕਹਿੰਦੇ ਤੂੰ ਤਾਂ ਦੇ ਦਿਤਾ ਨਾ, ਚਾਹੇ ਉਹ ਕੁਛ ਕਰਨ। ਕਹਿੰਦਾ ਮਹਾਰਾਜ! ਕੋਈ ਚੰਗੇ ਥਾਉਂ ਲਗ ਜਾਂਦਾ ਤਾਂ ਸੀ। ਕਿਉਂਕਿ ਅਸੀਂ ਦਾਨ ਦੇਣ ਤੋਂ ਬਾਅਦ ਫੇਰ ਕਹਿੰਦੇ ਹਾਂ, ਕਿ ਮੇਰਾ ਦਾਨ ਇਥੇ ਲੱਗੇ ਤੇ ਮੈਂ ਲੋਕਾਂ ਨੂੰ ਦੱਸੀਂ ਜਾਵਾਂ। ਮੈਂ ਇਥੇ ਪੈਸੇ ਲਾਏ ਨੇ, ਮੈਂ ਇਥੇ ਲਾਏ ਨੇ।

ਮਹਾਰਾਜ ਕਹਿੰਦੇ ਨੇ –

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥***
***ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ ॥*** ***ਅੰਗ – 1428***

ਸੋ ਕਹਿਣ ਲੱਗਿਆ ਕਿ ਮਹਾਰਾਜ! ਮੈਂ ਤਾਂ ਚਾਹੁੰਦਾ ਸੀ ਕਿ ਰਵਿਦਾਸ ਜੀ ਦੇ ਕਈ ਘਰ ਬਣ ਜਾਣੇ ਸੀ। ਮੇਰੀ ਤਾਂ ਸਗੋਂ ਚਿੰਤਾ ਵਧ ਗਈ ਸੰਤਾਂ ਦੇ ਦਰਸ਼ਨ ਕਰਕੇ, ਘਟਣੀ ਤਾਂ ਕੀ ਸੀ। ਕਹਿੰਦੇ ਖਾਨ ਸਾਹਿਬ! ਹਾਲੇ ਤਾਂ ਕੁਛ ਨਹੀਂ ਵਿਗੜਿਆ, ਹਾਲੇ ਤੂੰ ਹੁਣੇ ਆਇਆ ਹੈਂ ਨਾ। ਕਹਿੰਦਾ ਹਾਂ। ਕਹਿੰਦੇ ਚੱਲ ਆਪਾਂ ਹੀਰਾ ਲਿਆਈਏ। ਕਬੀਰ ਸਾਹਿਬ ਤੇ ਖਾਨ ਦੋਵੇਂ ਇਕੱਠੇ ਹੋ ਕੇ ਰਵਿਦਾਸ ਜੀ ਕੋਲ ਜਾਂਦੇ ਨੇ। ਜਦੋਂ ਕਬੀਰ ਸਾਹਿਬ ਨੂੰ ਦੇਖਿਆ ਉਠ ਕੇ ਖੜ੍ਹੇ ਹੋ ਗਏ, ਰਵਿਦਾਸ ਜੀ। ਗਲ ਮਿਲੇ ਪਿਆਰ ਕੀਤਾ। ਗੁਰਭਾਈ ਜਦ ਮਿਲਦੇ ਨੇ ਪਿਆਰ ਨਾਲ ਮਿਲਦੇ ਨੇ। ਕਹਿੰਦੇ ਧੰਨ ਭਾਗ ਤੁਸੀਂ ਆਪ ਹੀ ਆ ਕੇ ਦਰਸ਼ਨ ਦਿੱਤੇ। ਮੈਨੂੰ ਸੁਨੇਹਾ ਭੇਜ ਦਿੰਦੇ। ਕਬੀਰ ਸਾਹਿਬ ਕਹਿਣ ਲੱਗੇ, ਮੈਂ ਕਿਰਤ ਤੋਂ ਵਿਹਲਾ ਸੀ, ਕੱਪੜੇ ਲੀੜੇ ਬੁਣਨ ਤੋਂ, ਮੈਂ ਕਿਹਾ ਕਿ ਦਰਸ਼ਨ ਹੀ ਕਰ ਆਈਏ। ਆਹ ਖਾਨ ਸਾਹਿਬ, ਤੁਹਾਡੇ ਕੋਲ ਆਏ ਸੀ?

ਕਹਿੰਦੇ ਹਾਂ ਜੀ।

ਕਹਿੰਦੇ ਇਨ੍ਹਾਂ ਨੇ ਹੀਰਾ ਭੇਟ ਕਰਿਆ ਸੀ ਆਪ ਜੀ ਨੂੰ?

ਕਹਿੰਦੇ ਹਾਂ।

ਤੁਹਾਨੂੰ ਦੱਸਿਆ ਵੀ ਸੀਗਾ ਕਿ ਬਹੁਤ ਕੀਮਤੀ ਹੈ।

ਰਵਿਦਾਸ ਜੀ ਜਾਣਦੇ ਸੀ ਕਿ ਕਬੀਰ ਜੀ ਕਿਸ ਲਹਿਜੇ 'ਚ ਗੱਲ ਕਰ ਰਹੇ ਨੇ ਕਿ ਕੋਈ ਸਬਕ ਦੇਣਾ ਹੈ ਇਸ ਬੰਦੇ ਨੂੰ।

ਕਹਿੰਦੇ ਦੱਸਿਆ ਤਾਂ ਸੀ ਮਹਾਰਾਜ।

ਕਹਿੰਦੇ ਫੇਰ?

ਹੁਣ ਜੋ ਸੰਤਾਂ ਦੀ ਬਿਰਤੀ ਹੁੰਦੀ ਹੈ ਉਹ ਬਹੁਤੀ ਉਚੀ ਹੁੰਦੀ ਹੈ। ਉਨ੍ਹਾਂ ਦੀ ਬਿਰਤੀ ਦੇ ਅੰਦਰ ਸਮਾਨ ਬਿਰਤੀ ਹੁੰਦੀ ਹੈ।

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸੋਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥* *ਅੰਗ - 275*

ਸੋ ਇਸ ਤਰ੍ਹਾਂ ਦੇ ਨਾਲ ਰਵਿਦਾਸ ਜੀ ਦੇ ਸਾਮ੍ਹਣੇ ਕਬੀਰ ਸਾਹਿਬ ਬੈਠੇ ਨੇ। ਕਹਿੰਦੇ ਰਵਿਦਾਸ ਜੀ! ਜੇ ਤੁਹਾਨੂੰ ਨਹੀਂ ਚਾਹੀਦਾ ਤਾਂ ਫੇਰ ਇਹ ਖਾਨ ਸਾਹਿਬ ਨੂੰ ਦੇ ਦਿਓ। ਕਿਥੇ ਰੱਖਿਆ ਹੈ? ਕਹਿੰਦੇ ਅਸੀਂ ਤਾਂ ਰੱਖਿਆ ਨਹੀਂ। ਆਹ ਕੂੜਾ ਸੁੱਟਿਆ ਸੀ ਟੋਏ 'ਚ, ਇਹਦੇ ਵਿਚ ਦੇਖ ਲਵੇ। ਉਤੋਂ ਪਚਰੇ ਚਮੜੇ ਦੇ ਕੱਢ ਲਏ। ਹੇਠਾਂ ਕੀ ਦੇਖਦਾ ਹੈ।

ਕਹਿੰਦੇ ਕੱਢ ਲੈ।

ਕੱਢਿਆ, ਤਾਂ ਹੱਥ ਭਰ ਗਿਆ, ਕੀ ਦੇਖਦਾ ਹੈ ਕਿ ਮੇਰਾ ਹੀਰਾ ਤਾਂ ਨਿੱਕਾ ਜਿਹਾ ਹੀ ਸੀਗਾ, ਇਹ ਤਾਂ ਵੱਡੇ-ਵੱਡੇ ਹੀਰੇ ਪਏ ਨੇ। ਸ਼ਰਮਿੰਦਾ ਹੋ ਗਿਆ। ਰਵਿਦਾਸ ਜੀ ਕਹਿਣ ਲੱਗੇ, ਖਾਨ ਸਾਹਿਬ! ਆਪਣਾ ਹੀਰਾ ਲੈ ਲਓ ਤੁਸੀਂ। ਪਛਾਣ ਲਓ ਦੇਖ ਲਓ ਤੁਹਾਡਾ ਕਿਹੜਾ ਹੈ।

ਕਹਿਣ ਲੱਗੇ ਪਿਆਰਿਆ! ਇਹ ਨਾਮ ਹੀਰਾ ਹੈ ਸਾਡੇ ਕੋਲ। ਇਹਨੂੰ ਛੱਡ ਕੇ ਅਸੀਂ ਧਾਤ ਨੂੰ ਪਿਆਰ ਕਰਨ ਲੱਗ ਜਾਈਏ।

*ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥*
*ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥* *ਅੰਗ - 1377*

ਖਾਨ ਸਾਹਿਬ! ਅਸੀਂ ਕੀ ਕਰਨਾ ਹੈ ਇਸ ਕੰਚ ਨੂੰ ਸਾਡੀ ਨਿਗ੍ਹਾ ਵਿਚ ਇਹ ਕੁਛ ਨਹੀਂ ਹੈ। ਆਪਣਾ ਹੀਰਾ ਲੈ ਜਾ।

ਸੋ ਮਹਾਰਾਜ ਕਹਿੰਦੇ ਰਵਿਦਾਸ ਜੀ ਨੇ ਮਾਇਆ ਦਾ ਪੂਰੀ ਤਰ੍ਹਾਂ ਨਾਲ ਤਿਆਗ ਕਰਿਆ ਹੋਇਆ ਸੀ।

*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥*

***ਪਰਗਟੁ ਹੋਐ ਸਾਧਸੰਗਿ ਹਰਿ ਦਰਸਨੁ ਪਾਇਆ॥ ਅੰਗ - 487***

ਗੁਪਤ ਤਾਂ ਰਹਿੰਦਾ ਨਹੀਂ ਹੁੰਦਾ ਸਾਧੂ। ਬੰਦਗੀ ਕਰਨ ਵਾਲਾ ਕਿੰਨਾ ਹੀ ਛੁਪਾ ਲਏ ਆਪ ਨੂੰ। ਵੱਡੇ-ਵੱਡੇ ਪੀਰ ਜਾ ਕੇ ਵੇਸਵਾਵਾਂ ਦੇ ਸੇਵਾ ਕਰਨ ਲਗ ਜਾਇਆ ਕਰਦੇ ਸੀ ਕਿ ਛੁਪੇ ਰਹਿ ਜਾਈਏ। ਪਰ ਮਹਾਰਾਜ ਕਹਿੰਦੇ -

***ਆਠ ਪਹਰ ਜਨੁ ਹਰਿ ਹਰਿ ਜਪੈ॥***
***ਹਰਿ ਕਾ ਭਗਤੁ ਪ੍ਰਗਟ ਨਹੀ ਛਪੈ॥***

***ਅੰਗ - 265***

ਰਵਿਦਾਸ ਜੀ ਜੋੜਾ ਗੰਢ ਕੇ, ਸਾਧੂ ਨੇ ਗੰਢਾ ਲਿਆ ਤੇ ਇਕ ਕਸੀਰਾ ਜਿਸਨੂੰ ਧੇਲਾ ਆਖਦੇ ਨੇ, ਉਹ ਦਿਤਾ ਤੇ ਉਨ੍ਹਾਂ ਨੇ ਮੋੜ ਕੇ ਉਥੇ ਹੀ ਰੱਖ ਦਿਤਾ। ਕਹਿੰਦੇ ਸੰਤ ਜੀ! ਤੁਸੀਂ ਨਹੀਂ ਦੇਣਾ। ਕਹਿਣ ਲੱਗੇ, ਭਗਤ ਜੀ! ਜੇ ਥੋੜ੍ਹਾ ਹੈ ਤਾਂ ਮੈਂ ਹੋਰ ਦੇ ਦਿੰਦਾ ਹਾਂ। ਕਹਿੰਦੇ ਗੱਲ ਥੋੜ੍ਹੇ ਬਹੁਤੇ ਦੀ ਨਹੀਂ ਹੈ, ਇਹ ਤੁਸੀਂ ਰੱਖ ਲਓ। ਕਹਿੰਦੇ ਕਿਥੇ ਜਾ ਰਹੇ ਓਂ, ਕਹਿੰਦੇ ਅਸੀਂ ਗੰਗਾ ਨਾਹੁਣ ਜਾ ਰਹੇ ਹਾਂ। ਨੇੜੇ ਹੀ ਸੀਗਾ, ਗੰਗਾ ਦੇ ਕੰਢੇ ਨੇੜੇ ਹੀ ਰਹਿੰਦੇ ਸੀ। ਕਹਿੰਦੇ ਫੇਰ ਐਉਂ ਕਰਿਓ ਸਾਡਾ ਇਹ ਕਸੀਰਾ ਭੇਟਾ ਕਰ ਦੇਣਾ। ਪਰ ਦਿਓ ਤਾਂ ਜੇ ਹੱਥ ਕੱਢ ਕੇ ਲਵੇ। ਐਵੇਂ ਨਾ ਸੁੱਟ ਦੇਣਾ। ਉਸ ਵੇਲੇ ਸਾਧੂ ਕਹਿਣ ਲੱਗਿਆ ਕਿ ਇਹ ਵੀ ਕਦੇ ਗੱਲ ਹੋ ਸਕਦੀ ਹੈ? ਅੱਜ ਤੱਕ ਸੁਣਿਆ ਨਹੀਂ ਕਿ ਹੱਥ ਕੱਢ ਕੇ ਲੈ ਲਵੇ। ਬੁੱਢਾ ਬ੍ਰਾਹਮਣ ਸੀ, ਚਿਤੌੜਗੜ੍ਹ ਤੋਂ ਆਇਆ ਸੀ। ਕਹਿਣ ਲੱਗਿਆ ਰਵਿਦਾਸ ਜੀ! ਜੇ ਨਾ ਲਿਆ ਹੱਥ ਕੱਢ ਕੇ? ਕਹਿੰਦੇ ਫੇਰ ਮੋੜ ਲਿਆਇਓ।

ਉਹ ਲੈ ਗਿਆ ਤੇ ਜਾ ਕੇ ਜਿਸ ਵਕਤ ਪੁਰਬ ਲੱਗਿਆ, ਕੋਈ ਫੁੱਲੀਆਂ ਸੁੱਟਦਾ ਹੈ, ਕੋਈ ਮਠਿਆਈ ਸੁਟਦਾ ਹੈ, ਕੋਈ ਪਾਣੀ ਸੁੱਟਦਾ ਹੈ, ਕੋਈ ਸਬਜ਼ੀਆਂ ਸੁੱਟਦਾ ਹੈ, ਆਪਣੀ-ਆਪਣੀ ਜਿਵੇਂ ਸਮਝ ਹੈ। ਉਹਦੀ ਭੇਟਾ ਕਰੀ ਜਾਂਦੇ ਨੇ। ਇਹ ਖੜ੍ਹਾ ਹੈ ਇਹਨੇ ਖੜ੍ਹੇ ਨੇ ਆਵਾਜ਼ ਦਿਤੀ, ਆਪਣੀ ਸੰਗਤ ਦੇ ਵਿਚ ਇਹ ਮਸ਼ਹੂਰ ਸੀ, ਮੁਖੀ ਸੀਗਾ। ਸਾਰੇ ਹੈਰਾਨ ਹੋ ਗਏ ਕਿ ਸਾਡੇ ਮੁਖੀ ਜੋ ਹੈ ਬ੍ਰਾਹਮਣ ਦੇਵਤਾ! ਉਹ ਆਵਾਜ਼ ਦੇ ਰਹੇ ਨੇ ਗੰਗਾ ਨੂੰ? ਕਹਿਣ ਲੱਗਿਆ ਐ ਗੰਗਾ ਮਾਈ! ਆਹ ਭਗਤ ਨੇ ਜਾਤ ਦਾ ਨਾਉਂ ਵੀ ਲਿਆ, ਉਸ ਨੇ ਮੈਨੂੰ ਇਕ ਧੇਲਾ ਦਿਤਾ ਹੈ ਤੇ ਸ਼ਰਤ ਇਹ ਲਾਈ ਹੈ ਕਿ ਜੇ ਤੁਸੀਂ ਲਵੋਂ ਹੱਥ ਕੱਢ ਕੇ ਤਾਂ ਦੇਣਾ ਹੈ। ਸਾਰੇ ਦੇਖਣ ਲੱਗ ਗਏ ਪਾਣੀ ਵਲ, ਕੀ ਦੇਖਦੇ ਨੇ ਕਿ ਇਕ ਹੱਥ ਨਿਕਲਿਆ ਕੂਹਣੀ ਤੱਕ ਬਾਹਰ ਆ ਗਿਆ, ਨਾਲ ਆਵਾਜ਼ ਆਈ ਨੇੜੇ ਆ ਕੇ ਕਿ ਲਿਆ ਫੜਾ ਮੈਨੂੰ। ਉਹ ਫੜ ਲਿਆ ਤੇ ਕਹਿਣ ਲੱਗੀ ਠਹਿਰ! ਦੂਜੀ ਵਾਰੀ ਬਾਂਹ ਫੇਰ ਬਾਹਰ ਆਈ ਤੇ ਹੱਥ ਦੇ ਵਿਚ ਇਕ ਬਹੁਤ ਹੀ ਜੜਾਊ ਕੰਗਣ, ਹਜ਼ਾਰਾਂ ਰੁਪਈਏ ਦਾ, ਮੋਤੀਆਂ ਨਾਲ ਭਰਿਆ, ਹੀਰੇ ਨਾਲ ਜਵਾਹਰਰਾਤ ਨਾਲ, ਰਤਨਾਂ ਨਾਲ। ਕਹਿੰਦੀ ਆਹ ਭਗਤ ਨੂੰ ਦੇ ਦੇਈਂ ਮੇਰੇ ਵਲੋਂ ਭੇਟਾ। ਹੈਰਾਨ ਹੋ ਗਿਆ ਕਿ ਆਹ ਰਿਸ਼ਤਾ, ਇਹ ਤਾਂ ਅਸੀਂ ਕਦੇ ਦੇਖਿਆ ਨਹੀਂ। ਭਾਈ ਗੁਰਦਾਸ ਜੀ ਲਿਖਦੇ ਨੇ ਕਿ -

***ਭਗਤੁ ਭਗਤੁ ਜਗਿ ਵਜਿਆ***
***ਚਹੁੰ ਚਕਾਂ ਦੇ ਵਿਚਿ ਚਮਿਰੇਟਾ।***

***ਭਾਈ ਗੁਰਦਾਸ ਜੀ ਵਾਰ 10/ 17***

ਚਮੜੇ ਦਾ ਕੰਮ ਕਰਨ ਵਾਲਾ, ਚਾਰੇ ਚੱਕਾਂ ਦੇ ਵਿਚ ਲੋਕ ਉਹਨੂੰ ਭਗਤ ਕਹਿੰਦੇ ਸੀ।

***ਪਾਣਾ ਗੰਢੈ ਰਾਹ ਵਿਚਿ***
***ਕੁਲਾ ਧਰਮ ਢੋਇ ਢੋਰ ਸਮੇਟਾ।***

***ਭਾਈ ਗੁਰਦਾਸ ਜੀ ਵਾਰ 10/ 17***

ਦੋ ਕੰਮ ਕਰਦਾ ਹੈ, ਇਕ ਤਾਂ ਜੁੱਤੀਆਂ ਗੰਢਦਾ ਹੈ, ਇਕ ਮਰੇ ਹੋਏ ਡੰਗਰਾਂ ਨੂੰ ਸਮੇਟਦਾ ਹੈ, ਉਨ੍ਹਾਂ ਦੀ ਖੱਲ੍ਹ ਵਗੈਰਾ ਲਾਹੁਣੀ, ਭੁਡਲੀ ਵਗੈਰਾ 'ਚ ਸੁੱਟਣੇ। ਉਹ ਕੰਮ ਉਹਨੇ ਆਪਣੀ ਕੁਲ ਦਾ ਜੋ ਧਰਮ ਸੀ ਉਹ ਉਹਨੇ ਨਹੀਂ ਛੱਡਿਆ।

***ਜਿਉ ਕਰਿ ਮੈਲੈ ਚੀਥੜੈ***
***ਹੀਰਾ ਲਾਲ ਅਮੋਲੁ ਪਲੇਟਾ।***

***ਭਾਈ ਗੁਰਦਾਸ ਜੀ ਵਾਰ 10/ 17***

ਉਹਦੀ ਹਾਲਤ ਇਹ ਸੀ ਜਿਵੇਂ ਕਰੋੜਾਂ ਰੁਪਈਆਂ ਦਾ ਹੀਰਾ ਮੈਲੇ ਕੱਪੜੇ, ਟਾਕੀ ਦੇ ਵਿਚ ਬੰਨ੍ਹਿਆ ਹੋਵੇ। ਕਿਸੇ ਦੀ ਨਿਗ੍ਹਾ ਵਿਚ ਨਹੀਂ ਸੀ।

***ਚਹੁੰ ਵਰਨਾ ਉਪਦੇਸਦਾ***
***ਗਿਆਨ ਧਿਆਨੁ ਕਰਿ ਭਗਤ ਸਹੇਟਾ।***

***ਭਾਈ ਗੁਰਦਾਸ ਜੀ ਵਾਰ 10/ 17***

ਗਿਆਨ ਦੀਆਂ ਬਾਤਾਂ ਕਰਦਾ ਸੀ, ਉਚੀਆਂ ਗੱਲਾਂ ਕਰਦਾ ਸੀ।

***ਨ੍ਹਾਵਣਿ ਆਇਆ ਸੰਗੁ ਮਿਲਿ***
***ਬਾਨਾਰਸ ਕਰਿ ਗੰਗਾ ਥੇਟਾ।***

***ਭਾਈ ਗੁਰਦਾਸ ਜੀ ਵਾਰ 10/ 17***

ਜਦੋਂ ਸੰਗ ਨਾਹੁਣ ਆਇਆ, ਇਕ ਭਗਤ ਬਨਾਰਸ ਵਿਖੇ ਗੰਗਾ ਦੇ ਤੱਟ ਤੇ ਇਸ਼ਨਾਨ ਕਰ ਆਇਆ।

***ਕਢਿ ਕਸੀਰਾ ਸਉਪਿਆ***
***ਰਵਿਦਾਸੈ ਗੰਗਾ ਦੀ ਭੇਟਾ।***
***ਲਗਾ ਪੁਰਬੁ ਅਭੀਚ ਦਾ***
***ਡਿਠਾ ਚਲਿਤੁ ਅਚਰਜ ਅਮੇਟਾ।***

***ਭਾਈ ਗੁਰਦਾਸ ਜੀ ਵਾਰ 10/ 17***

ਹਜ਼ਾਰਾਂ ਬੰਦਾ ਉਥੇ ਇਕੱਠਾ ਹੋਇਆ ਸੀ। ਜਦੋਂ ਉਹ ਬਾਰ-ਬਾਰ ਕਹਿ ਰਿਹਾ ਸੀ ਕਿ ਗੰਗਾ ਮਈਆ! ਆਹ ਕਸੀਰਾ ਤੂੰ ਹੱਥ ਕੱਢ ਕੇ ਲੈ, ਭਗਤ ਰਵਿਦਾਸ ਜੀ ਨੇ ਭੇਜਿਆ ਹੈ।

*ਲਇਆ ਕਸੀਰਾ ਹਥਿ ਕਢਿ*
*ਸੂਤੁ ਇਕੁ ਜਿਉ ਤਾਣਾ ਪੇਟਾ।*

***ਭਾਈ ਗੁਰਦਾਸ ਜੀ ਵਾਰ 10/ 17***

ਜਿਵੇਂ ਰਵਿਦਾਸ ਜੀ ਦੇ ਨਾਲ ਮਿਲੀ ਹੀ ਹੁੰਦੀ ਹੈ ਗੰਗਾ। ਇਕ ਸੂਤ ਦੇ ਵਿਚ ਤਾਣਾ ਤੇ ਪੇਟਾ ਹੁੰਦਾ ਹੈ। ਐਨਾ ਅਭੇਦ ਅਵਸਥਾ ਦਾ ਦੇਖ ਕੇ ਕਸੀਰਾ ਹੱਥ ਕੱਢ ਕੇ ਲੈ ਲਿਆ।

*ਭਗਤ ਜਨਾ ਹਰਿ ਮਾਂ ਪਿਉ ਬੇਟਾ॥*

***ਭਾਈ ਗੁਰਦਾਸ ਜੀ ਵਾਰ 10/ 17***

ਰਿਸ਼ਤਾ ਰੱਬ ਤੇ ਭਗਤਾਂ ਦਾ ਹੁੰਦਾ ਹੈ ਜਿਵੇਂ ਮਾਂ ਤੇ ਪੁੱਤਰ ਦਾ ਹੁੰਦਾ ਹੈ।

ਸੋ ਸਾਧੂ ਬੜਾ ਖੁਸ਼ ਹੋਇਆ, ਰਵਿਦਾਸ ਜੀ ਵਲ ਨਹੀਂ ਗਿਆ, ਚਿਤੌੜਗੜ੍ਹ ਨੂੰ ਤੁਰ ਪਿਆ ਸਿੱਧਾ ਹੀ। ਕਹਿਣ ਲੱਗਾ ਕਿ ਉਹਨੇ ਤਾਂ ਇਕ ਧੇਲਾ ਦਿਤਾ ਹੈ, ਲੱਖਾਂ ਰੁਪਏ ਦਾ ਹੈ ਕੰਗਣ ਮੈਂ ਇਹਨੂੰ ਕਿਵੇਂ ਦੇ ਦੇਵਾਂ। ਉਹਨੇ ਕੀ ਕਰਨਾ ਹੈ, ਜੋੜਿਆਂ ਦੇ ਵਿਚ ਰੱਖ ਦੇਵੇਗਾ। ਮੇਰੇ ਕੰਮ ਆਏਗਾ। ਬੇਈਮਾਨ ਹੋ ਗਿਆ, ਮਾਇਆ ਨੇ ਡੰਗ ਮਾਰ ਦਿਤਾ।

ਘਰਵਾਲੀ ਨੂੰ ਜਾ ਕੇ ਕਹਿਣ ਲੱਗਿਆ ਕਿ ਆਪਾਂ ਵੇਚ ਦੇਈਏ ਇਹਨੂੰ। ਉਹ ਕਹਿੰਦੀ ਵੇਚਣਾ ਨਹੀਂ ਹੈ, ਇਹ ਮੈਂ ਪਾਵਾਂਗੀ। ਕਹਿਣ ਲੱਗਿਆ, ਤੂੰ ਪਾਏਂਗੀ, ਆਪਾਂ ਫੜੇ ਜਾਵਾਂਗੇ, ਪੁੱਛਣਗੇ ਕਿ ਕਿਥੋਂ ਲਿਆਇਆ ਹੈਂ? ਮੈਂ ਗੁਪਤ ਰੂਪ ਵਿਚ ਵੇਚ ਦੇਵਾਂਗਾ। ਕਹਿਣ ਲੱਗੀ ਹੈ ਤਾਂ ਕੀਮਤੀ, ਫਸ ਤਾਂ ਆਪਾਂ ਫੇਰ ਵੀ ਜਾਵਾਂਗੇ। ਕਹਿਣ ਲੱਗਿਆ, ਫੇਰ ਮੈਂ ਰਾਜੇ ਦੀ ਭੇਟਾ ਕਰਦਾ ਹਾਂ। ਤੇ ਉਹ ਆਪੇ ਇਨਾਮ ਦਏਗਾ, ਮੈਂ ਉਹਨੂੰ ਗੱਲ ਦੱਸ ਦੇਵਾਂਗਾ ਸਾਰੀ।

ਉਸ ਵੇਲੇ ਕੰਗਣ ਲੈ ਕੇ ਚਿਤੌੜਗੜ੍ਹ ਦੇ ਰਾਜੇ ਦੇ ਕੋਲ ਚਲਿਆ ਗਿਆ। ਕਹਿਣ ਲੱਗਿਆ ਮਹਾਰਾਜ! ਮੈਂ ਗਿਆ ਸੀ ਗੰਗਾ ਦਾ ਇਸ਼ਨਾਨ ਕਰਨ, ਐਸ ਤਰ੍ਹਾਂ ਮੈਨੂੰ ਇਕ ਕਸੀਰਾ ਦਿਤਾ ਤੇ ਉਹਦੇ ਬਦਲੇ ਗੰਗਾ ਮਈਆ ਨੇ ਮੈਨੂੰ ਇਹ ਦੇ ਦਿਤਾ। ਬੜੀ ਮੇਰੇ ਤੇ ਮਿਹਰਬਾਨੀ ਹੋਈ ਹੈ। ਇਹ ਗੱਲ ਖਾ ਗਿਆ ਕਿ ਮੈਂ ਰਵਿਦਾਸ ਜੀ ਨੂੰ ਦੇਣਾ ਸੀ, ਮੈਂ ਰਾਹ 'ਚ ਬੇਈਮਾਨ ਹੋਇਆ ਹਾਂ। ਹੁਣ ਇਹ ਤੁਹਾਡੇ ਕਾਬਲ ਹੈ ਤੁਸੀਂ ਇਹ ਰੱਖੋ। ਮੈਨੂੰ ਜੋ ਕੁਛ ਦੇਣਾ ਹੈ, ਉਹ ਦੇ ਦਿਓ, ਇਨਾਮ ਕਰਾਮ। ਰਾਜਾ ਬੜਾ ਖੁਸ਼ ਹੋਇਆ, ਰਾਣੀ ਨੂੰ ਜਾ ਕੇ ਦਿਖਾਇਆ। ਰਾਣੀ ਕਹਿਣ ਲੱਗੀ ਇਹ ਤਾਂ ਬਹੁਤ ਕੀਮਤੀ ਹੈ। ਪਤਾ ਨਹੀਂ ਸੱਚ ਬੋਲਦਾ ਹੈ ਕਿ ਝੂਠ ਬੋਲਦਾ ਹੈ। ਮੈਨੂੰ ਇਕ ਨਹੀਂ ਦੂਜਾ ਇਹਦੇ ਨਾਲ ਦਾ ਹੋਰ ਚਾਹੀਦਾ ਹੈ। ਬੁਲਾ ਲਿਆ, ਫਸ ਗਿਆ ਉਥੇ। ਕਹਿਣ ਲੱਗੇ, ਤੂੰ ਕਿਤੋਂ ਚੋਰੀ ਕਰਿਆ ਹੈ। ਬਥੇਰੀਆਂ ਸੌਹਾਂ-ਸੁਗੰਧਾਂ ਖਾਂਦਾ ਹੈ ਕਿ ਮਹਾਰਾਜ ਗੰਗਾ ਮਈਆ ਨੇ ਦਿਤਾ ਹੈ। ਕਹਿੰਦੇ ਜੇ ਗੰਗਾ ਮਈਆ ਨੇ ਦਿਤਾ ਹੈ, ਤੇਰੇ ਨਾਲ ਐਨੀ ਨੇੜਤਾ ਹੈ ਤਾਂ ਜਾਹ ਫੇਰ ਹੁਣ ਜਾ ਕੇ ਹੋਰ ਲੈ ਕੇ ਆ। ਹੁਣ ਕਿਥੋਂ ਲਿਆਵੇ ਤੇ ਉਸ ਤੋਂ ਬਾਅਦ ਰਾਜੇ ਨੇ ਕਿਹਾ ਕਿ ਮੈਂ ਤੈਨੂੰ ਸਜ਼ਾ

ਦੇਵਾਂਗਾ, ਸਜ਼ਾਏ ਮੌਤ ਦੇਵਾਂਗਾ। ਤੂੰ ਧੋਖਾ ਕਰਿਆ ਹੈ ਕਿਸੇ ਦੇ ਨਾਲ। ਜਾਹ ਜਾ ਕੇ ਦੂਜਾ ਕੰਗਣ ਵੀ ਲੈ ਕੇ ਆ।

ਕਹਿਣ ਲੱਗਿਆ ਇਕ ਮਹੀਨੇ ਦੀ ਮੈਨੂੰ ਮੋਹਲਤ ਦੇ ਦਿਓ। ਮਹੀਨੇ ਦੀ ਮੋਹਲਤ ਦਿਤੀ। ਰਵਿਦਾਸ ਜੀ ਦੇ ਚਰਨਾਂ ਤੇ ਆ ਕੇ ਢਹਿ ਪਿਆ। ਭਗਤ ਜੀ ਮੈਂ ਬੇਈਮਾਨ ਬੰਦਾ ਤੇਰੇ ਕੋਲ ਆਇਆ ਹਾਂ। ਤੂੰ ਮੈਨੂੰ ਇਕ ਕਸੀਰਾ ਦਿਤਾ ਸੀ, ਗੰਗਾ ਮਈਆ ਨੇ ਮੈਨੂੰ ਇਕ ਕੰਗਣ ਦਿਤਾ ਸੀ। ਮੈਂ ਬੇਈਮਾਨ ਹੋ ਗਿਆ, ਤੁਹਾਨੂੰ ਨਹੀਂ ਲਿਆ ਕੇ ਦਿਤਾ। ਮੈਂ ਉਹ ਦੇ ਦਿਤਾ ਚਿਤੌੜਗੜ੍ਹ ਦੇ ਰਾਜੇ ਨੂੰ ਤੇ ਹੁਣ ਉਹ ਰਾਣੀ ਖਹਿੜੇ ਪੈ ਗਈ। ਉਹ ਕਹਿੰਦੀ ਦੂਜਾ ਵੀ ਲਿਆ। ਹੁਣ ਦੂਜਾ ਤਾਂ ਮੇਰੇ ਵਸ ਤੋਂ ਬਾਹਰ ਹੈ, ਕ੍ਰਿਪਾ ਕਰੋ, ਮੇਰੀ ਜਾਨ ਨੂੰ ਖਤਰਾ ਹੈ ਤੇ ਮੈਨੂੰ ਬਚਾ ਲਓ। ਅਸੀਂ ਲੋਕ ਸਦਾ ਹੀ ਭੁੱਲਾਂ ਕਰਦੇ ਹਾਂ, ਅਸੀਂ ਸ਼ਰਧਾ ਤੋਂ ਹੀਣੇ ਹੁੰਦੇ ਹਾਂ। ਸਾਧੂਆਂ ਦੀ ਮਹਿਮਾ ਨੂੰ ਨਹੀਂ ਜਾਣਦੇ। ਕ੍ਰਿਪਾ ਕਰੋ।

ਜਦੋਂ ਬਹੁਤ ਬੇਨਤੀਆਂ ਕਰੀਆਂ ਤਾਂ ਰਵਿਦਾਸ ਜੀ ਪਾਣੀ ਪਾ ਕੇ ਰੱਖਦੇ ਸੀ ਪੱਥਰੀ ਦੇ ਥੱਲੇ, ਜਿਹਦੇ ਨਾਲ ਜੋੜਿਆਂ ਨੂੰ ਭਿਉਂ ਦਿੰਦੇ ਸੀ ਚਮੜੇ ਨੂੰ ਤੇ ਨਰਮ ਕਰਕੇ ਜੋੜਾ ਗੰਢ ਦਿੰਦੇ ਸੀ। ਪੱਥਰੀ ਚੁੱਕ ਦਿਤੀ ਤੇ ਕਹਿੰਦੇ ਚੁੱਕ ਕੇ ਇਹਦੇ 'ਚੋਂ ਕੱਢ ਲੈ। ਜਦ ਹੱਥ ਪਾਇਆ ਤਾਂ ਹੱਥ ਭਰ ਗਿਆ ਕੰਗਣਾਂ ਦੇ ਨਾਲ। ਹੈਰਾਨ ਹੋ ਗਿਆ ਕਿ ਇਹ ਤਾਂ ਇਕ ਤੋਂ ਇਕ ਚੜ੍ਹਦਾ ਹੈ। ਕਹਿੰਦੇ ਤੂੰ ਕਿੰਨੇ ਲੈਣੇ ਨੇ। ਕਹਿੰਦਾ ਮੈਨੂੰ ਤਾਂ ਇਕੋ ਚਾਹੀਦਾ ਹੈ।

ਸੋ ਲੈ ਕੇ ਚਲਿਆ ਗਿਆ ਤੇ ਰਾਣੀ ਨੂੰ ਦਿਤਾ। ਰਾਣੀ ਕਹਿੰਦੀ ਸੱਚ-ਸੱਚ ਦੱਸ ਕਿਥੋਂ ਲਿਆਇਆ ਹੈਂ। ਉਹ ਕਹਿਣ ਲੱਗਿਆ, ਮਹਾਰਾਣੀ ਸਾਹਿਬ! ਮੈਂ ਝੂਠ ਕੀ ਬੋਲਣਾ ਹੈ, ਕਾਸ਼ੀ ਦੇ ਅੰਦਰ ਇਕ ਭਗਤ ਪ੍ਰਗਟ ਹੋਇਆ ਹੈ, ਹੈ ਨੀਵੀਂ ਜਾਤ ਦਾ। ਚਮਾਰ ਜਾਤੀ ਦਾ ਹੈ। ਲੋਕ ਛੂਤ-ਛਾਤ ਕਰਦੇ ਨੇ, ਨੇੜੇ ਨਹੀਂ ਜਾਂਦੇ। ਸਾਰੀ ਗੱਲ ਦੱਸੀ।

ਕਹਿਣ ਲੱਗਿਆ ਜੇ ਇਸ ਵਕਤ ਹੈ ਕੋਈ ਪੂਰਾ ਤਾਂ ਕੇਵਲ ਰਵਿਦਾਸ ਜੀ ਹਨ। ਰਾਣੀ ਦੇ ਮਨ ਵਿਚ ਸ਼ਰਧਾ ਜਾਗ ਪਈ। ਰਾਣੇ ਤੋਂ ਉਸਨੇ ਇਜਾਜ਼ਤ ਲਈ। ਉਹਨੇ ਜਾ ਕੇ ਤੀਰਥ ਯਾਤਰਾ ਵਾਸਤੇ ਖਰਚ ਲਿਆ, ਬੰਦੇ ਲਏ, ਡੋਲੀਆਂ ਚੁੱਕਣ ਵਾਲੇ ਲਏ। ਹੌਲੀ-ਹੌਲੀ ਤੀਰਥ ਯਾਤਰਾ ਕਰਦੀ-ਕਰਦੀ ਉਥੇ ਪਹੁੰਚ ਕੇ, ਵੱਡੇ-ਵੱਡੇ ਪੰਡਤਾਂ ਨੂੰ ਮਿਲੀ ਸਾਰੇ ਫੋਕੇ ਦੇਖੇ। ਅੰਦਰੋਂ ਖਾਲੀ ਪਏ ਸੀ।

ਰਵਿਦਾਸ ਜੀ ਦੇ ਕੋਲ ਜਦੋਂ ਜਾਂਦੀ ਹੈ, ਜਦੋਂ ਉਨ੍ਹਾਂ ਦੇ ਪ੍ਰਵਚਨ ਸੁਣੇ ਤਾਂ –

***ਜਬ ਹਮ ਹੋਤੇ ਤਬ ਤੁਮ ਨਾਹੀ............॥ ਅੰਗ – 339***

ਉਹ ਅੰਦਰ ਘਰ ਕਰ ਗਏ, ਹਿਰਦਾ ਵਿੰਨ੍ਹਿਆ ਗਿਆ।

***ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥***
***ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥ ਅੰਗ –***

ਉਸ ਵੇਲੇ ਕਹਿਣ ਲੱਗੀ ਕਿ ਮਹਾਰਾਜ! ਮੈਂ ਆਪ ਦੇ ਚਰਨਾਂ ਵਿਚ ਆਈ ਹਾਂ ਕ੍ਰਿਪਾ ਕਰੋ, ਮੇਰੀ ਝੋਲੀ ਨਾਮ ਪਾ ਦਿਓ। ਰਵਿਦਾਸ ਜੀ ਕਹਿਣ ਲੱਗੇ, ਮਹਾਰਾਣੀ! ਤੇਰੇ ਮਨ ਵਿਚ ਜਾਤ ਦਾ ਭਰਮ ਹੈ ਅਜੇ। ਜਿੰਨਾ ਚਿਰ ਤੂੰ ਇਸ ਤੋਂ ਉਪਰ ਨਹੀਂ ਉਠਦੀ, ਅਭੇਦ ਅਵਸਥਾ ਤੈਨੂੰ ਪ੍ਰਾਪਤ ਨਹੀਂ ਹੋ ਸਕਦੀ। ਕਹਿਣ ਲੱਗੀ ਨਹੀਂ ਮਹਾਰਾਜ! ਮੈਂ ਸਭ ਆਸਰੇ ਛੱਡ ਕੇ ਤੁਹਾਡੇ ਦਰ ਤੇ ਆਈ ਹਾਂ। ਕ੍ਰਿਪਾ ਕਰੋ।

ਉਸ ਵੇਲੇ ਰਵਿਦਾਸ ਜੀ ਨੇ ਕ੍ਰਿਪਾ ਕੀਤੀ। ਨਾਮ ਦੀ ਦਾਤ ਦਿਤੀ। ਰਾਣੀ ਮਸਤ ਹੋ ਗਈ, ਰੰਗ ਚੜ੍ਹ ਗਿਆ। ਕਈ ਮਹੀਨੇ ਉਥੇ ਲੱਗ ਗਏ। ਸਾਰਾ ਹੀ ਧਨ ਜਿੰਨਾ ਲਿਆਂਦਾ ਸੀ, ਹਜ਼ਾਰਾਂ ਜਾਂ ਲੱਖਾਂ ਦੀ ਗਿਣਤੀ ਵਿਚ ਰਵਿਦਾਸ ਜੀ ਦੀ ਭੇਟਾ ਕਰ ਦਿਤਾ। ਮਹਾਰਾਜ ਇਹਦੇ ਮੰਦਰ ਬਣਾ ਲਓ, ਇਹਦਾ ਆਹ ਬਣਾ ਲਓ, ਆਹ ਕਰ ਲਓ। ਕਿਉਂਕਿ ਰਵਿਦਾਸ ਜੀ ਨੂੰ ਹੁਕਮ ਹੋ ਚੁੱਕਿਆ ਸੀ, ਸਾਧੂ ਸੰਤਾਂ ਦੀ ਰਿਹਾਇਸ਼ ਵਾਸਤੇ ਤੁਸੀਂ ਮੰਦਰ ਬਣਾਓ। ਉਨ੍ਹਾਂ ਦੇ ਠਹਿਰਣ ਵਾਸਤੇ, ਉਨ੍ਹਾਂ ਦੇ ਪ੍ਰਸ਼ਾਦੇ ਵਾਸਤੇ ਇੰਤਜ਼ਾਮ ਕਰੋ। ਮੇਰੇ ਪਿਆਰੇ ਆਉਂਦੇ ਨੇ, ਭੁੱਖੇ ਚਲੇ ਜਾਂਦੇ ਨੇ। ਠਹਿਰਣ ਨੂੰ ਥਾਂ ਨਹੀਂ ਮਿਲਦਾ।

ਸੋ ਭੇਟਾ ਦੇਣ ਦੇ ਨਾਲ ਸ਼ਹਿਰ ਦੇ ਵਿਚ ਚਰਚਾ ਚਲ ਗਈ ਕਿ ਹਜ਼ਾਰਾਂ ਰੁਪਈਆ ਰਾਣੀ ਨੇ ਚਰਨਾਂ ਤੇ ਰੱਖ ਦਿਤਾ। ਹੱਕ ਸਾਡਾ ਸੀ, ਦੇ ਦਿਤਾ ਰਵਿਦਾਸ ਨੂੰ। ਉਸ ਵੇਲੇ ਬ੍ਰਹਮਣਾ ਦਾ ਜੱਥਾ ਬਣਿਆ ਤੇ ਚਿਤੌੜਗੜ੍ਹ ਜਾ ਕੇ ਕਹਿਣ ਲੱਗੇ ਰਾਜਨ! ਤੁਸੀਂ ਮਰਿਆਦਾ ਰੱਖਣ ਵਾਲੇ ਓਂ ਕਿ ਮਰਿਆਦਾ ਤੋੜਨ ਵਾਲੇ ਓਂ। ਜੇ ਤੁਸੀਂ ਰਾਜਪੂਤਾਂ ਨੇ ਹੀ ਮਰਿਆਦਾ ਤੋੜ ਦਿਤੀ ਫੇਰ ਬ੍ਰਾਹਮਣਾਂ ਦਾ ਕੀ ਹਾਲ ਹੋਣਾ ਹੈ। ਰਾਜੇ ਨੇ ਪੁਛਿਆ ਕਿ ਕੀ ਗੱਲ ਹੈ?

ਤਾਂ ਕਹਿਣ ਲੱਗੇ, ਤੁਹਾਡੀ ਰਾਣੀ ਨੇ ਚਮਾਰ ਨੂੰ ਗੁਰੂ ਬਣਾ ਲਿਆ। ਪਹਿਲਾਂ ਤਾਂ ਉਨ੍ਹਾਂ ਨਾਲ ਛੋਹਣਾ ਹੀ ਬੜਾ ਮਾੜਾ ਕੰਮ ਹੈ। ਹੁਣ ਉਹਦੀ ਸੇਵਾ ਕਰਦੀ ਹੈ, ਪ੍ਰਸ਼ਾਦਾ ਛਕਾਉਂਦੀ ਹੈ। ਲੰਗਰ ਦੇ ਜੂਠੇ ਭਾਂਡੇ ਮਾਂਜਦੀ ਹੈ, ਉਥੇ ਉਹੋ ਜਿਹੇ ਹੀ ਬੰਦੇ ਜਾਂਦੇ ਨੇ ਹੁਣ ਦੱਸੋ ਧਰਮ ਕਿਥੇ ਰਹਿ ਗਿਆ। ਕਿਵੇਂ ਸੋਧ ਹੋਏਗੀ ਤੇ ਸਾਰਾ ਧਨ ਜਿਹੜਾ ਸੀ ਉਸੇ ਨੂੰ ਭੇਟਾ ਕਰ ਦਿਤਾ। ਧਨ ਤੇ ਸਾਡਾ ਹੱਕ ਸੀ ਕਿ ਉਹਦਾ ਸੀ? ਸ਼ਿਕਾਇਤ ਕਰ ਦਿਤੀ।

ਰਾਣੀ ਮਹਿਲਾਂ ਦੇ ਅੰਦਰ ਹੈ। ਕਹਿਣ ਲੱਗਿਆ, ਮੈਨੂੰ ਪੁੱਛ ਲੈਣ ਦਿਓ। ਪਿਆਰ ਬਹੁਤ ਕਰਦਾ ਸੀ। ਉਸ ਵੇਲੇ ਗਿਆ, ਉਹ ਭਜਨ ਕਰ ਰਹੀ ਸੀ। ਰੰਗ ਚੜ੍ਹਿਆ ਹੈ ਚਿਹਰੇ ਤੇ, ਹਿੰਮਤ ਨਾ ਪਈ ਰਾਣੇ ਦੀ ਕਿ ਮੈਂ ਕੋਈ ਗੱਲ ਕਰਾਂ। ਜਦੋਂ ਸਮਾਧੀ ਤੋਂ ਉਥਾਨ ਹੋਈ, ਕੀਰਤਨ ਉਹਨੇ ਬੰਦ ਕਰਿਆ। ਉਹਨੇ ਪੁੱਛਿਆ ਮਹਾਰਾਣੀ ਸਾਹਿਬ! ਸ਼ਿਕਾਇਤ ਆਈ ਹੈ ਮੇਰੇ ਕੋਲ ਤੁਹਾਡੇ ਬਾਰੇ।

ਕਹਿਣ ਲੱਗੇ, "ਕਾਹਦੀ?"

ਕਹਿਣ ਲੱਗੇ, "ਪੰਡਤ ਆਏ ਨੇ ਮੇਰੇ ਕੋਲ ਕਾਸ਼ੀ ਤੋਂ। ਉਨ੍ਹਾਂ ਨੇ ਕਿਹਾ ਹੈ ਕਿ ਤੁਸੀਂ ਰਵਿਦਾਸ ਚਮਾਰ ਨੂੰ ਗੁਰੂ ਬਣਾ ਲਿਆ। ਕਹਿਣ ਲੱਗੀ ਚਮਾਰ ਨਾ

ਕਹੋ, ਬ੍ਰਹਮਗਿਆਨੀ ਦੀ ਕੋਈ ਜਾਤ ਨਹੀਂ ਹੁੰਦੀ। ਉਹ ਤਾਂ ਪ੍ਰਮੇਸ਼ਰ ਦਾ ਰੂਪ ਹੁੰਦਾ ਹੈ –

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*

*ਅੰਗ – 273*

ਦੇਖੋ ਕ੍ਰਿਸ਼ਨ ਮਹਾਰਾਜ ਨੇ ਬਾਲਮੀਕ ਦੀ ਕਿੱਡੀ ਵਡਿਆਈ ਕਰੀ।

*ਰੇ ਚਿਤ ਚੇਤਿ ਚੇਤ ਅਚੇਤ॥*
*ਕਾਹੇ ਨ ਬਾਲਮੀਕਹਿ ਦੇਖ॥* *ਅੰਗ – 1124*

ਪਾਂਡਵਾਂ ਦਾ ਜੱਗ ਸੰਪੂਰਨ ਨਹੀਂ ਸੀ ਹੁੰਦਾ, ਕ੍ਰਿਸ਼ਨ ਮਹਾਰਾਜ ਨੇ, ਚੰਡਾਲ ਸੀਗਾ ਬਾਲਮੀਕ, ਆਪ ਉਸ ਬਾਲਮੀਕ ਚੰਡਾਲ ਦੀਆਂ ਜੂਠੀਆਂ ਪੱਤਲਾਂ ਚੁੱਕੀਆਂ। ਚਰਨ ਧੋਤੇ ਤੇ ਉਹਨੂੰ ਸਾਰਿਆਂ ਤੋਂ ਉਚਾ ਕਰਕੇ ਬਿਠਾਇਆ। ਨਾਮ ਜਪਣ ਵਾਲੇ ਦੀ ਵੀ ਕੋਈ ਜਾਤ ਹੁੰਦੀ ਹੈ? ਜਾਤ ਨਾਲੇ ਬਣਾਈ ਸੰਸਾਰ ਨੇ ਹੈ। ਸਾਰਿਆਂ ਦਾ ਸਰੀਰ ਪੰਜਾਂ ਤੱਤਾਂ ਦਾ ਹੈ, ਸਾਰਿਆਂ ਦੇ ਅੰਦਰ ਖ਼ੂਨ ਹੈ, ਉਚੀਆਂ ਜਾਤੀਆਂ ਦੇ ਅੰਦਰ ਦੁੱਧ ਤਾਂ ਨਹੀਂ ਹੈ, ਉਨ੍ਹਾਂ ਦੇ ਅੰਦਰ ਵੀ ਖ਼ੂਨ ਹੈ। ਸੋ ਜਾਤ ਦੇ ਅਭਿਮਾਨੀ ਪੁਰਸ਼ ਤੁਹਾਡੇ ਕੋਲ ਆਏ ਨੇ, ਇਨ੍ਹਾਂ ਨੂੰ ਭੁੱਖ ਹੈ ਪੈਸੇ ਦੀ। ਤੁਸੀਂ ਪੈਸਾ ਇਨ੍ਹਾਂ ਨੂੰ ਦੇ ਦਿਓ, ਨੱਠ ਜਾਣਗੇ। ਫੇਰ ਇਨ੍ਹਾਂ ਨੂੰ ਕੋਈ ਸ਼ਿਕਾਇਤ ਨਹੀਂ। ਪੂਜਾ ਦੀ ਸ਼ਿਕਾਇਤ ਹੈ।

ਕਹਿਣ ਲੱਗੀ, "ਇਨ੍ਹਾਂ ਨੂੰ ਆਪਾਂ ਫੇਰ ਖੁਸ਼ ਕਰ ਦੇਵਾਂਗੇ ਦੁਬਾਰਾ, ਹੁਣ ਤੁਸੀਂ ਇਨ੍ਹਾਂ ਨੂੰ ਕੁਛ ਦੇ ਦਿਓ।"

ਉਨ੍ਹਾਂ ਨੂੰ ਦੱਛਣਾ ਵੱਡੀਆਂ–ਵੱਡੀਆਂ ਦੇ ਦਿਤੀਆਂ, ਚਲੇ ਗਏ। ਉਸ ਤੋਂ ਬਾਅਦ ਰਾਣੇ ਦੇ ਮਨ ਵਿਚ ਰਵਿਦਾਸ ਜੀ ਦਾ ਪਿਆਰ ਜਾਗ ਪਿਆ। ਰਾਣੀ ਨੇ ਕਿਹਾ ਕਿ ਆਪਾਂ ਇਕ ਸਮਸ਼ਟ ਯੱਗ ਕਰੀਏ। ਸਾਰਿਆਂ ਨੂੰ ਬੁਲਾਈਏ, ਦੂਰ–ਦੂਰ ਤੋਂ ਸਾਧੂਆਂ ਨੂੰ, ਬ੍ਰਾਹਮਣਾਂ ਨੂੰ ਬੁਲਾਈਏ।

ਸੋ ਉਸ ਵੇਲੇ ਯੱਗ ਦਾ ਨਿਉਂਦਾ ਦੇ ਦਿਤਾ। ਭਗਤ ਰਵਿਦਾਸ ਜੀ ਦੇ ਕੋਲ ਗਈ ਰਾਣੀ, ਉਹ ਕਹਿਣ ਲੱਗੇ, ਬੇਟਾ! ਇਹ ਜਾਤ ਅਭਿਮਾਨੀ ਇਤਰਾਜ਼ ਕਰਨਗੇ। ਇਹ ਤੁਹਾਨੂੰ ਬੁਰਾ ਭਲਾ ਕਹਿਣਗੇ ਮੇਰੇ ਜਾਣ ਦੇ ਨਾਲ। ਮੈਂ ਤੁਹਾਡੇ ਯੱਗ ਵਿਚ ਹਿੱਸਾ ਨਹੀਂ ਲੈਣਾ, ਤੁਹਾਨੂੰ ਦੁੱਖ ਪੈਦਾ ਹੋਏਗਾ। ਉਹ ਕਹਿਣ ਲੱਗੀ, ਮਹਾਰਾਜ ਮੈਨੂੰ ਮਾੜੇ ਅਰ ਚੰਗੇ ਦਾ ਕੋਈ ਫਰਕ ਨਹੀਂ ਹੈ। ਮੈਨੂੰ ਚੰਗਾ ਕਹਿਣ ਵਾਲੇ ਚੰਗਾ ਕਹੀ ਜਾਣ ਮਾੜਾ ਕਹਿਣ ਵਾਲੇ ਮਾੜਾ ਕਹੀ ਜਾਣ, ਜੇ ਮੇਰਾ ਤੁਹਾਡੇ ਨਾਲ ਪਿਆਰ ਬਣਿਆ ਰਹਿੰਦਾ ਹੈ, ਤੁਹਾਡੇ ਚਰਨਾਂ ਦੀ ਪ੍ਰੀਤ ਮੇਰੇ ਹਿਰਦੇ 'ਚ ਹੈ, ਮੈਨੂੰ ਨਹੀਂ ਕਿਸੇ ਚੀਜ਼ ਦੀ ਪਰਵਾਹ। ਇਹ ਤਾਂ ਨਕਾਰੇ ਪੁਰਸ਼ ਨੇ, ਨਿੰਦਕਾਂ ਦਾ ਸੁਭਾਅ ਨਿੰਦਾ ਕਰਨਾ ਹੀ ਹੋਇਆ ਕਰਦਾ ਹੈ। ਸੋ ਇਨ੍ਹਾਂ ਤੋਂ ਨਾ ਤੁਸੀਂ ਡਰੋ। ਕ੍ਰਿਪਾ ਕਰਕੇ ਚਰਨ ਪਾਓ ਆਪ ਮੇਰੇ ਗੁਰੂਦੇਵ ਹੋਂ। ਮੈਂ ਸੇਵਾ ਕਰਕੇ ਆਪਣਾ ਜੀਵਨ ਸਫਲ ਕਰਨਾ ਚਾਹੁੰਦੀ ਹਾਂ।

ਬੇਨਤੀ ਮੰਨ ਲਈ ਗਈ। ਯੱਗ ਦੀ ਤਾਰੀਖ ਮਿਥੀ ਗਈ, ਦੂਰ-ਦੂਰ ਤੋਂ ਨਿਉਂਤੇ ਦਿਤੇ ਗਏ। ਰਵਿਦਾਸ ਜੀ ਵੀ ਚਲੇ ਗਏ। ਉਸ ਤੋਂ ਬਾਅਦ ਜਦੋਂ ਯੱਗ ਸ਼ੁਰੂ ਹੋਇਆ। ਯੱਗ ਤਾਂ ਸ਼ੁਰੂ ਹੋਣਾ ਸੀ ਜੇ ਪਹਿਲਾਂ ਗੁਰੂ ਪੂਜਾ ਕੀਤੀ ਜਾਵੇ ਤੇ ਗੁਰੂ ਨੂੰ ਭੋਗ ਲਵਾਇਆ ਜਾਵੇ।

ਆਪਣੇ ਵੀ ਮਰਿਆਦਾ ਹੈ ਕਿ ਜਦੋਂ ਤਕ ਗੁਰੂ ਨੂੰ ਭੋਗ ਨਹੀਂ ਲਵਾਇਆ ਜਾਂਦਾ, ਲੰਗਰ ਨਹੀਂ ਵਰਤਦਾ।

ਪੰਗਤਾਂ ਲੱਗ ਗਈਆਂ ਸਾਰੀਆਂ, ਰਵਿਦਾਸ ਜੀ ਨੂੰ ਬੁਲਾ ਲਿਆ। ਜਿਸ ਵਕਤ ਆ ਕੇ ਰਵਿਦਾਸ ਜੀ ਬੈਠੇ, ਉਚੇ ਆਸਣ ਤੇ ਬਿਠਾਇਆ ਉਨ੍ਹਾਂ ਨੂੰ। ਉਸ ਵੇਲੇ ਉਹ ਲੋਕ ਖੜ੍ਹੇ ਹੋ ਗਏ ਉਠ ਕੇ ਕਹਿਣ ਲੱਗੇ, ਰਾਜਨ! ਤੂੰ ਸਾਰੀ ਮਰਿਆਦਾ ਤੋੜ ਦਿਤੀ। ਛੋਟੀ ਜਾਤ ਦੇ ਨੂੰ ਤੂੰ ਉਚਾ ਬਿਠਾਇਆ ਹੈ ਤੇ ਫੇਰ ਇਹਨੂੰ ਤੂੰ ਪਹਿਲਾਂ ਭੋਗ ਲਵਾਏਂਗਾ। ਗੁਰੂ ਪੂਜਾ ਕਰੇਂਗਾ। ਅਸੀਂ ਤਾਂ ਨਹੀਂ ਤੇਰੇ ਯੱਗ ਦੇ ਵਿਚ ਸ਼ਾਮਲ ਹੁੰਦੇ।

ਉਸ ਵੇਲੇ ਰਵਿਦਾਸ ਜੀ ਕਹਿਣ ਲੱਗੇ, ਰਾਜਨ! ਤੁਸੀਂ ਬ੍ਰਾਹਮਣਾਂ ਨੂੰ ਖੁਸ਼ ਰੱਖੋ, ਮੇਰਾ ਨਾ ਧਿਆਨ ਕਰੋ। ਮੈਂ ਸਾਰਿਆਂ ਤੋਂ ਪਿਛੋਂ ਪ੍ਰਸ਼ਾਦਾ ਛਕ ਲਵਾਂਗਾ, ਤੁਸੀਂ ਇਸ ਗੱਲ ਤੇ ਨਾ ਜਿੱਦ ਕਰੋ, ਮੈਂ ਬੈਠਦਾ ਹਾਂ ਜਾ ਕੇ, ਤੁਸੀਂ ਇਨ੍ਹਾਂ ਨੂੰ ਪਹਿਲਾਂ ਪ੍ਰਸ਼ਾਦਾ ਛਕਾ ਲਓ, ਇਨ੍ਹਾਂ ਦੀ ਮਰਿਆਦਾ ਦੇ ਮੁਤਾਬਿਕ। ਉਸ ਵੇਲੇ ਰਵਿਦਾਸ ਜੀ ਜਿਥੇ ਠਹਿਰੇ ਹੋਏ ਸੀ ਆਪਣੇ ਕਮਰੇ ਵਿਚ ਚਲੇ ਜਾਂਦੇ ਨੇ। ਮਹਾਰਾਣੀ ਤੇ ਰਾਜੇ ਦੇ ਦਿਲ ਵਿਚ ਬੜਾ ਹੀ ਖੇਦ ਆਇਆ ਕਿ ਅਫਸੋਸ! ਸਾਡੇ ਗੁਰੂ ਦਾ ਨਿਰਾਦਰ ਕਰ ਦਿਤਾ ਇਨ੍ਹਾਂ ਪੁਰਸ਼ਾਂ ਨੇ। ਉਸ ਵੇਲੇ ਬ੍ਰਾਹਮਣਾਂ ਨੂੰ ਪੁੱਛਿਆ ਕਿ ਹੁਣ ਤਾਂ ਪੰਗਤਾਂ ਲਾ ਲਓ, ਪੰਗਤਾਂ ਲਾ ਲਈਆਂ। ਪੰਗਤਾਂ ਲੱਗਣ ਤੋਂ ਬਾਅਦ ਥਾਲੀਆਂ ਜਾਂ ਪੱਤਲਾਂ ਜੋ ਕੁਛ ਵੀ ਸੀ ਵਰਤਾ ਦਿਤਾ। ਉਹਦੇ ਉਪਰ ਮਠਿਆਈਆਂ, ਹੋਰ ਜਿੰਨੇ ਖਾਣੇ ਸੀ ਪਰੋਸ ਦਿਤੇ। ਜਦੋਂ ਪੂਰਾ ਹੋ ਗਿਆ। ਜਦੋਂ ਤੱਕ ਪਰੋਸਦੇ ਨੇ, ਮਰਿਆਦਾ ਇਹ ਹੁੰਦੀ ਹੈ ਕਿ ਕੋਈ ਮੂੰਹ ਵਿਚ ਨਹੀਂ ਪਾਇਆ ਕਰਦਾ।

ਸ਼ੁੱਧ ਜੋ ਲੰਗਰ ਨੇ, ਲੰਗਰ ਵਰਤਾਉਣ ਵੇਲੇ ਕੀਰਤਨ ਹੋਇਆ ਕਰਦਾ ਹੈ। ਜਦੋਂ ਤੱਕ ਸਾਰੀ ਸੰਗਤ ਨੂੰ ਵਰਤ ਨਹੀਂ ਜਾਂਦਾ ਓਨਾ ਚਿਰ ਨਹੀਂ ਕੋਈ ਖਾਂਦਾ, ਜਿਸ ਵਕਤ ਹੁਕਮ ਹੋ ਜਾਂਦਾ ਹੈ ਛਕੋ ਭਾਈ, ਉਸ ਵੇਲੇ ਮੁਖ ਵਿਚ ਪਾਇਆ ਜਾਂਦਾ ਹੈ। ਓਨਾ ਚਿਰ ਪਰਮੇਸ਼ਰ ਦਾ ਭਜਨ, ਨਾਮ ਦਾ ਜਾਪ ਕਰੀ ਜਾਂਦੇ ਨੇ। ਜਿਥੇ ਇਹ ਨਹੀਂ ਹੁੰਦਾ, ਉਥੇ ਜਿਹੜਾ ਲੰਗਰ ਹੈ ਦੂਸ਼ਿਤ ਰਹਿ ਜਾਂਦਾ ਹੈ, ਜਿਸ ਥਾਂ ਦੇ ਉਤੇ ਇਹ ਮਰਿਆਦਾ ਨਾ ਰੱਖੀ ਜਾਵੇ। ਸੋ ਉਸ ਵੇਲੇ ਵਰਤਾਅ ਦਿਤਾ, ਵਰਤਾਉਣ ਤੋਂ ਬਾਅਦ ਜਦੋਂ ਉਨ੍ਹਾਂ ਨੇ ਕਿਹਾ ਕਿ ਛਕੋ, ਦੂਜੇ ਪਾਸੇ ਕੀ ਕੌਤਕ ਹੁੰਦਾ ਹੈ ਇਕ ਦੂਜੇ ਵਲ ਦੇਖੀ ਜਾਂਦੇ ਨੇ, ਦੋ ਦੋ ਬ੍ਰਾਹਮਣਾਂ ਦੇ ਵਿਚ ਇਕ-ਇਕ ਰਵਿਦਾਸ ਆ ਕੇ ਬਹਿ ਗਿਆ। ਪ੍ਰਮੇਸ਼ਰ ਨੇ ਐਸਾ ਕੌਤਕ ਰਚਿਆ, ਦੋ-ਦੋ ਬ੍ਰਾਹਮਣਾਂ ਦੇ ਵਿਚ ਬਹਿ ਗਿਆ। ਰਵਿਦਾਸ ਜੀ ਦਾ ਹੱਥ ਅੱਗੇ ਵਧਿਆ ਹੋਇਆ ਹੈ, ਇਹ ਹੱਥ ਪਿਛੇ ਨੂੰ ਕਰੀ ਜਾਂਦੇ ਨੇ। ਉਹ ਕਹਿੰਦੇ ਨੇ ਤੁਸੀਂ ਖਾਂਦੇ ਕਿਉਂ ਨਹੀਂ?

ਕਿਉਂਕਿ ਐਸੀ ਕ੍ਰਿਪਾ ਪ੍ਰਮੇਸ਼ਰ ਜੀ ਨੇ ਭਗਤ ਦੀ ਉਸਤਤ ਕਰਨ ਵਾਸਤੇ ਆਪ ਰਚ ਦਿਤੀ।

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥*
*ਜਹ ਜਹ ਕਾਜ ਕਿਰਤਿ ਸੇਵਕ ਕੀ*
*ਤਹਾ ਤਹਾ ਉਠਿ ਧਾਵੈ॥* *ਅੰਗ - 403*

ਪਾਰਬ੍ਰਹਮ ਪ੍ਰਮੇਸ਼ਰ ਭਗਤਾਂ ਦੇ ਵਸ ਵਿਚ ਹੈ। ਪਿਆਰ ਦੇ ਨਾਲ ਰੱਬ ਵਸ ਵਿਚ ਆਉਂਦਾ ਹੈ। ਹੋਰ ਕੋਈ ਤਰੀਕਾ ਨਹੀਂ, ਨਾ ਗਿਆਨ, ਨਾ ਧਿਆਨ, ਨਾ ਮੈਡੀਟੇਸ਼ਨ, ਕੁਛ ਨਹੀਂ ਚਲਦਾ, ਜੇ ਚਲਦਾ ਹੈ ਤਾਂ ਹਿਰਦੇ ਦਾ ਪਿਆਰ ਚਲਦਾ ਹੈ। ਵਾਹਿਗੁਰੂ ਕਹਿੰਦਾ ਹੈ ਕਿ ਮੇਰਾ ਜੀਵਨ ਮੇਰੇ ਦਾਸ ਨੇ। ਉਹ ਮੇਰੇ ਨੇ ਮੈਂ ਉਨ੍ਹਾਂ ਦਾ ਹਾਂ। ਓਤ ਪੋਤ ਹਾਂ ਅਸੀਂ। ਉਹ ਮੇਰਾ ਹੀ ਰੂਪ ਹੁੰਦੇ ਨੇ, ਮੇਰਾ ਕੀਤਾ ਹੋਇਆ ਮੋੜ ਦਿੰਦੇ ਨੇ।

*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ॥*
*ਅੰਗ - 1252*

ਨਿਰਾਕਾਰ ਤੋਂ ਸਾਕਾਰ ਰੂਪ ਹੋਣ ਵਿਚ ਕੋਈ ਦੇਰ ਨਹੀਂ ਲਗਦੀ। ਉਸ ਵੇਲੇ ਯੱਗ ਦੇ ਵਿਚ ਆ ਕੇ ਬੈਠ ਗਏ। ਰਾਜੇ ਪੁਛਿਆ ਕੇ ਤੁਸੀਂ ਪ੍ਰਸ਼ਾਦਾ ਕਿਉਂ ਨਹੀਂ ਛਕਦੇ। ਤਾਂ ਇਕ ਨੇ ਉਠ ਕੇ ਕਿਹਾ ਕਿ ਮਹਾਰਾਜ! ਮੇਰੇ ਨਾਲ ਰਵਿਦਾਸ ਜੀ ਬੈਠੇ ਨੇ ਮੈਂ ਤਾਂ ਨਹੀਂ ਛਕਦਾ। ਕਹਿੰਦੇ ਤੇਰੇ ਨਾਲ ਬੈਠੇ ਨੇ ਤਾਂ ਬਾਕੀ ਕਿਉਂ ਨਹੀਂ ਛਕਦੇ? ਉਹ ਵੀ ਉਠ ਖੜ੍ਹੇ, ਕਹਿੰਦੇ ਸਾਡੇ ਨਾਲ ਵੀ ਰਵਿਦਾਸ ਜੀ ਬੈਠੇ ਨੇ। ਰਾਜਾ ਕਹਿਣ ਲੱਗਿਆ ਕਿ ਰਵਿਦਾਸ ਤਾਂ ਇਕ ਹੈ ਉਹ ਤਾਂ ਆਪਣੇ ਕਮਰੇ ਵਿਚ ਬੈਠੇ ਨੇ। ਚਲੋਂ ਤੁਹਾਡੀ ਪੰਚਾਇਤ ਮੈਂ ਦਰਸ਼ਨ ਕਰਾਵਾਂ। ਪੰਚ ਲਏ ਤੇ ਜਾ ਕੇ ਨਮਸਕਾਰ ਕਰੀ। ਆਪ ਨੇ ਪੁਛਿਆ ਕਿ ਕੀ ਗੱਲ ਭਾਈ? ਹੋ ਗਿਆ ਯੱਗ ਸੰਪੂਰਨ। ਕਹਿੰਦਾ ਮਹਾਰਾਜ ਕਾਹਦਾ ਸੰਪੂਰਨ ਹੋ ਗਿਆ, ਇਨ੍ਹਾਂ ਨੂੰ ਵਹਿਮ ਪੈ ਗਿਆ, ਪ੍ਰਸ਼ਾਦਾ ਨਹੀਂ ਇਹ ਛਕ ਰਹੇ। ਮੈਂ ਕਹਿੰਦਾ ਹਾਂ ਇਥੇ ਬੈਠੇ ਨੇ ਰਵਿਦਾਸ ਜੀ, ਇਹ ਕਹਿੰਦੇ ਨੇ ਉਥੇ ਬੈਠੇ ਨੇ। ਹੱਸ ਪਏ, ਕਹਿਣ ਲੱਗੇ ਪਿਆਰਿਓ! ਇਹ ਪ੍ਰਮੇਸ਼ਰ ਦੀ ਲੀਲ੍ਹਾ ਹੈ। ਇਹ ਉਸ ਤੋਂ ਬਗੈਰ ਹੋਰ ਕੋਈ ਕਰ ਨਹੀਂ ਸਕਦਾ।

*ਐਸੀ ਲਾਲ ਤੁਝ ਬਿਨੁ ਕਉਨੁ ਕਰੈ॥*
*ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥*
*ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ॥*
*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥*
*ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥*
*ਕਹਿ ਰਵਿਦਾਸੁ ਸੁਨਹੁ ਰੇ ਸੰਤਹੁ*
*ਹਰਿ ਜੀਉ ਤੇ ਸਭੈ ਸਰੈ॥* *ਅੰਗ - 1106*

ਉਸ ਵੇਲੇ ਵਾਪਸ ਜਾਂਦੇ ਨੇ, ਭੁੱਲ ਮੰਨੀ। ਕਹਿਣ ਲੱਗੇ ਜੇ ਵਾਹਿਗੁਰੂ ਹੀ ਰਵਿਦਾਸ ਵਲ ਦਾ ਹੋ ਗਿਆ ਤਾਂ ਆਪਾਂ ਨੂੰ ਕੀ ਦੋਸ਼ ਹੈ। ਭੁੱਲ ਮੰਨੋ, ਰਵਿਦਾਸ ਜੀ ਤੋਂ ਗਲਤੀ ਦੀ ਮਾਫੀ ਮੰਗੋ। ਲਿਆਓ, ਇੱਜ਼ਤ ਦੇ ਨਾਲ ਸਾਰੇ ਜਾ ਕੇ। ਮੁਖੀ-ਮੁਖੀ ਇਕੱਠੇ ਹੋ ਕੇ ਜਾ ਕੇ ਰਵਿਦਾਸ ਜੀ ਦੇ ਚਰਨਾਂ ਤੇ ਨਮਸਕਾਰਾਂ ਕਰਦੇ ਨੇ। ਬਾਰ-ਬਾਰ ਬੇਨਤੀਆਂ ਕਰਦੇ ਨੇ ਕਿ ਪਿਆਰਿਓ! ਮੇਰੀ ਛੂਤ ਲਗ ਜਾਏਗੀ ਤੁਹਾਨੂੰ, ਭਿੱਟੇ ਜਾਵੋਂਗੇ। ਕਹਿੰਦੇ ਨਾ ਮਹਾਰਾਜ! ਜਿਹਦੇ ਵਲ ਭਗਵਾਨ ਆਪ ਹੋ ਗਿਆ, ਸਾਡੀ ਤਾਂ ਕੋਈ ਤਾਕਤ ਨਹੀਂ ਹੈ। ਆਪ ਕ੍ਰਿਪਾ ਕਰਕੇ ਚੱਲੋ ਤੇ ਯੱਗ ਦੇ ਵਿਚ ਬੈਠ ਕੇ ਪ੍ਰਸ਼ਾਦਾ ਛਕੋ। ਸੋ ਇਸ ਤਰ੍ਹਾਂ -

***ਹਰਿ ਕਾ ਭਗਤੁ ਪ੍ਰਗਟ ਨਹੀ ਛਪੈ॥***

***ਅੰਗ - 265***

ਸੋ ਅੱਜ ਉਸ ਮਹਾਂਪੁਰਸ਼ ਦਾ ਜਨਮ ਦਿਨ ਹੈ, ਪ੍ਰਕਾਸ਼ ਉਤਸਵ ਹੈ। ਬੜੇ ਪਿਆਰ ਦੇ ਨਾਲ ਕੋਈ ਕਿਸੇ ਭਾਵਨਾ ਦੇ ਨਾਲ ਕੋਈ ਕਿਸੇ ਭਾਵਨਾ ਨਾਲ ਮਨਾ ਰਹੇ ਨੇ। ਸਾਡੇ ਵਾਸਤੇ ਇਹ ਇਕ ਬੜਾ ਜ਼ਬਰਦਸਤ ਚਾਨਣ ਮੁਨਾਰਾ ਹੈ ਕਿ ਵਾਹਿਗੁਰੂ ਕੋਈ ਸੁੰਨ ਮੁੰਨ ਚੀਜ਼ ਨਹੀਂ ਹੈ।

***ਪੇਖਤ ਸੁਨਤ ਸਦਾ ਹੈ ਸੰਗੇ***
***ਮੈ ਮੂਰਖ ਜਾਨਿਆ ਦੂਰੀ ਰੇ॥ ਅੰਗ - 612***

ਉਹ ਤਾਂ ਸਭ ਦੇ ਨਾਲ ਰਹਿੰਦਾ ਹੈ। ਅਸੀਂ ਉਸ ਨੂੰ ਹਰ ਵਕਤ ਭੁੱਲੇ ਰਹਿੰਦੇ ਹਾਂ। ਸਾਨੂੰ ਇਨ੍ਹਾਂ ਮਹਾਂਪੁਰਸ਼ਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ। ਭਜਨ ਦਾ ਜ਼ੋਰ ਦਿਓ, ਨਾਮ ਦਾ ਜ਼ੋਰ ਦਿਓ, ਗੱਲਾਂਬਾਤਾਂ ਨਾਲ ਰੱਬ ਨਹੀਂ ਮਿਲਦਾ। ਬਾਹਰੋਂ ਤਾਂ ਅਸੀਂ ਬਹੁਤ ਵਧੀਆ ਹਾਂ ਪਰ ਅੰਦਰੋਂ ਬਾਹਰੋਂ ਸੱਚੇ ਹੋ ਕੇ, ਪਿਆਰ ਪਾਓ ਵਾਹਿਗੁਰੂ ਨਾਲ। ਗੁਰੂ ਵਾਲੇ ਬਣ ਕੇ, ਨਿਗੁਰੇਪਣ ਦੀ ਲਾਹਨਤ ਦੂਰ ਕਰੋ। ਸ਼ਰਾਬਾਂ, ਕਬਾਬਾਂ ਨਸ਼ਿਆਂ ਤੋਂ ਦੂਰ ਰਹੋ। ਨਿੰਦਿਆ, ਚੁਗਲੀ ਜਿਹੜੀ ਬਹੁਤ ਮਾਰੂ ਹੈ, ਈਰਖਾ ਹੈ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਛੱਡ ਕੇ ਸੱਚੀ ਮੁਚੀਂ ਸ਼ਰਨ ਵਿਚ ਆਓ, ਅਜੇ ਕੁਛ ਨਹੀਂ ਵਿਗੜਿਆ ਮਹਾਰਾਜ ਕਹਿੰਦੇ -

***ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥***
***ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ॥ ਅੰਗ - 726***

# ਸਮਰਪਣ

ਸਾਧ ਸੰਗਤ ਜੀ,

***ਵਾਹਿਗੁਰੂ ਜੀ ਕਾ ਖਾਲਸਾ॥***
***ਵਾਹਿਗੁਰੂ ਜੀ ਕੀ ਫਤਹਿ॥***

ਇਸ ਤੋਂ ਪਹਿਲਾਂ ਕੀਰਤਨ ਹੋ ਰਿਹਾ ਸੀ, ਸੰਤ ਸਾਧੂ ਸਿੰਘ ਜੀ, ਸੰਗਰੂਰ ਵਾਲੇ ਕੀਰਤਨ ਕਰ ਰਹੇ ਸਨ, ਕਿੰਨਾ ਪ੍ਰਭਾਵਦਾਇਕ ਸੀ। ਉਠਣ ਨੂੰ ਮੇਰਾ ਜੀ ਨਹੀਂ ਸੀ ਕਰਦਾ। ਰੂਹਾਨੀ ਬਚਨ ਹੁੰਦੇ ਨੇ, ਉਹਨਾਂ ਬਚਨਾਂ ਦੇ ਉਤੇ ਤਾਂ ਕੋਈ ਬਚਨ ਹੁੰਦਾ ਹੀ ਨਹੀਂ। ਉਹ ਬਚਨ ਕਮਾਉਣ ਦੀ ਲੋੜ ਹੋਇਆ ਕਰਦੀ ਹੈ। ਅਸੀਂ ਸੁਣਦੇ ਜਾਂਦੇ ਹਾਂ, ਪਰ ਸਾਡੇ ਤੇ ਅਸਰ ਨਹੀਂ ਹੁੰਦਾ। ਇਕ ਇਹਨਾਂ ਨੇ ਗੱਲ ਕਹੀ ਸੀ। ਕਿਸੇ ਵਿਦਵਾਨ ਨੂੰ ਗੁਰੂ ਦੀ ਗੱਲ ਦੱਸੋ ਤਾਂ ਹਉਮੈ ਕਾਰਨ ਉਹ ਕਹਿੰਦੈ ਕਿ ਇਹ ਤਾਂ ਮੈਂ ਜਾਣਦਾ ਹਾਂ। ਇਹਦੇ ਵਿਚ ਬੜਾ ਹੀ ਰਹੱਸ ਛੁਪਿਆ ਹੋਇਆ ਹੈ ਕਿ "ਇਹ ਤਾਂ ਮੈਂ ਜਾਣਦਾ ਹਾਂ।" ਜਿਹੜਾ ਜਾਣਦਾ ਹੈ, ਉਹਦੇ ਤੇ ਕੋਈ ਅਸਰ ਨਹੀਂ ਹੋ ਸਕਦਾ, ਚਾਹੇ 50 ਜਨਮ ਬੈਠ ਕੇ ਸਮਾਧੀ ਲਾ ਲਵੇ। ਜਿਸ ਨੂੰ ਇਹ ਪਤਾ ਹੈ ਕਿ ਮੈਂ ਜਾਣਦਾ ਹਾਂ, ਉਹਦੇ ਲੰਘਣ ਦੀ ਕੋਈ ਆਸ ਨਹੀਂ ਹੈ। ਇਸ ਕਰਕੇ ਗੁਰੂ ਸਾਹਿਬ ਨੇ ਤੁਲਨਾ ਕਰੀ ਹੈ ਕਿ ਕਿਹੜਾ ਤਰ ਸਕਦੈ ਤੇ ਕਿਹੜਾ ਨਹੀਂ ਤਰ ਸਕਦਾ। ਮੈਂ ਤਾਂ ਮੋਟੀ ਜਿਹੀ ਗੱਲ ਦਸਦਾ ਹਾਂ ਕਿ ਗਿਆਨੀ ਤਾਂ ਨਹੀਂ ਤਰ ਸਕਦਾ, ਉਹ ਤਾਂ ਭਾਵੇਂ 50 ਜਨਮ ਲਗਿਆ ਰਹੇ। ਤਰੇਗਾ ਕਿਹੜਾ, ਜਿਸ ਨੂੰ ਕੁਝ ਨਹੀਂ ਆਉਂਦਾ। ਜਿਹੜਾ ਆ ਗਿਆ ਨਾ ਭੋਲਾ ਬੰਦਾ, ਉਹਨੂੰ ਚਿਰ ਨਹੀਂ ਲਗਦਾ ਕਿਉਂਕਿ ਰੱਬ ਦਾ ਸੁਭਾਅ ਭੋਲਾ ਹੈ, ਰੱਬ ਚਤਰ ਨਹੀਂ ਹੈ। ਰੱਬ ਨਿਰਾ ਗਿਆਨ ਨਹੀਂ, ਪਿਆਰ ਹੈ, ਭੋਲਾ ਹੈ। ਸਾਨੂੰ ਤਾਂ ਦੇਂਦਾ ਹੀ ਤੁਰਿਆਂ ਜਾ ਰਿਹਾ ਹੈ, ਦੇਂਦਾ ਹੀ ਤੁਰਿਆ ਜਾ ਰਿਹਾ ਹੈ–

***ਦੇਦਾ ਦੇ ਲੈਦੇ ਥਕਿ ਪਾਹਿ॥***
***ਜੁਗਾ ਜੁਗੰਤਰਿ ਖਾਹੀ ਖਾਹਿ॥*** ***ਅੰਗ – 2***

ਸਭ ਕੁਝ ਲੈ ਕੇ ਵੀ ਗਾਲ੍ਹਾਂ ਕੱਢੀ ਜਾਂਦੈ ਰੱਬ ਨੂੰ– , ਨਾਲੇ ਕਿਤਾਬਾਂ ਛਾਪੀ ਜਾਂਦੇ ਨੇ ਕਿ ਰੱਬ ਤਾਂ ਹੈ ਹੀ ਨਹੀਂ। ਉਹ ਰੱਬ ਫਿਰ ਨਹੀਂ ਸੰਕੋਚ ਕਰਦਾ, ਉਹ ਫਿਰ ਦੇਈ ਜਾਂਦਾ ਹੈ ਕਿਉਂਕਿ ਉਹ ਭੋਲਾ ਹੈ; ਭੋਲੇ ਆਦਮੀਆਂ ਨੂੰ ਜਿਵੇਂ ਮਰਜ਼ੀ ਲੁਟੀ ਜਾਉ ਜਿਵੇਂ ਜੀ ਕਰਦੈ। ਇਵੇਂ ਜਿਵੇਂ ਪਿਆਰ ਹੈ ਨਾਂ ਜਿਹੜਾ, ਉਹ ਪਿਆਰ ਕਦੇ ਪੂਰਾ ਨਹੀਂ ਹੋ ਸਕਦਾ। ਪਿਆਰ ਦਾ ਤਾਂ ਪਤਾ ਹੀ ਨਹੀਂ ਲਗਦਾ। ਪਿਆਰ ਤੋਂ ਬਿਨਾਂ ਮਿਲਦਾ ਨਹੀਂ ਹੈ ਪ੍ਰਮੇਸ਼ਰ। ਇਨੀ ਕੁ ਗੱਲ ਹੈ। ਉਹਨੇ ਕਿਹਾ 'ਮੈ ਜਾਣਦਾ ਹਾਂ।'

ਹੁਣ ਮਹਾਤਮਾ ਦੇ ਕੋਲ ਆ ਗਏ। ਜਾਣਨ ਵਾਲਿਆਂ ਦਾ ਵੀ ਕੋਈ ਤਰੀਕਾ ਹੈ ਕਿ ਉਹ ਲੰਘਾ ਸਕਦੇ ਨੇ, ਕਿ ਨਹੀਂ ਲੰਘਾ ਸਕਦੇ, ਗਿਆਨੀਆਂ ਨੂੰ ਵੀ ਲੰਘਾ ਸਕਦੇ ਨੇ। ਬਾਣੀ ਦਾ ਸਿਧਾਂਤ ਹੈ ਕਿ ਅਮਲੀ (ਅਮਲ ਕਰਨ ਵਾਲੇ) ਪਹਿਲਾਂ ਲੰਘਦੇ ਨੇ। ਇਹ ਜਿਹੜੇ ਗਿਆਨ ਵਾਲੇ ਨੇ, ਇਹ ਰਹਿ ਜਾਂਦੇ ਨੇ। ਇੰਨਾ ਹੀ ਫਰਕ ਹੈ ਕਿ ਅਸੀਂ ਗਿਆਨ ਵਿਚ ਰਹਿੰਦੇ ਹਾਂ ਕਿ ਪਿਆਰ

ਵਿਚ ਰਹਿੰਦੇ ਹਾਂ। ਪਿਆਰ ਵਿਚ ਆਦਮੀ ਕੋਲ ਆਪਣਾ ਕੁਝ ਨਹੀਂ ਹੁੰਦਾ, ਜੋ ਵੀ ਹੁੰਦਾ ਹੈ ਕਹਿੰਦਾ ਹੈ ਕਿ ਮੈਂ ਦੇ ਦੇਵਾਂ, ਘੜੀ ਲਾਹ ਕੇ ਦੇ ਦੇਵਾਂ। ਜੇ ਉਹਨੂੰ ਕਹੋ ਇਹ ਤਾਂ ਮਹਿੰਗੀ ਬਹੁਤ ਹੈ, ਉਹ ਇਹ ਗੱਲ ਸੋਚਦਾ ਹੀ ਨਹੀਂ। ਉਹ ਤਾਂ ਕਹਿੰਦਾ, ਮੈਂ ਤਾਂ ਦੇਣਾ ਹੀ ਹੈ। ਉਹ ਕੁਰਬਾਨੀ ਕਰਦੈ, ਆਪਣਾ ਆਪ ਦੇ ਦਿੰਦੈ, ਆਪ ਵਿਕ ਜਾਂਦੈ, ਵੇਚਦਾ ਫਿਰਦੈ ਆਪਣੇ ਆਪ ਨੂੰ। ਇਹ ਗੱਲ ਸਮਝਣੀ ਚਾਹੀਦੀ ਹੈ, ਮਿਸਾਲ ਨਾਲ ਸਮਝ ਆ ਜਾਂਦੀ ਹੈ। ਮਹਾਤਮਾ ਮੂਹਰੇ ਫਿਰ ਤਾਂ ਅੜਾਉਣੀ ਆ ਗਈ ਕਿ ਗਿਆਨਵਾਨ ਨੂੰ ਕਿਵੇਂ ਲੰਘਾਈਏ? ਇਹ ਤਾਂ ਜਾਣਦੈ ਕਿ ਗੱਲ ਤਾਂ ਓਹੀ ਹੈ। ਓਹੀ ਗੱਲ ਦੂਜੇ ਨੂੰ ਕਹਿੰਦੇ ਨੇ, ਤੇ ਉਹੀ ਗੱਲ ਉਹਨੂੰ ਕਹਿੰਦੇ ਨੇ, ਇਕ ਤੇ ਅਸਰ ਹੋ ਜਾਂਦਾ ਹੈ, ਇਕ ਤੇ ਭੋਰਾ ਜਿੰਨਾ ਵੀ ਨਹੀਂ ਹੁੰਦਾ ਕਿਉਂਕਿ ਉਹ ਕਹਿੰਦੈ ਕਿ ਇਹ ਤਾਂ ਮੈਂ ਜਾਣਦਾਂ ਹਾਂ।

ਇਕ ਮਸ਼ਹੂਰ ਅਧਿਆਪਕ ਜੀਵਨ ਹੈ - ਪੰਜ ਹਜ਼ਾਰ ਸਾਲ ਪੁਰਾਣਾ। ਵੇਦ ਵਿਆਸ ਜੀ ਦੇ ਘਰ ਇਕ ਲੜਕਾ ਪੈਦਾ ਹੋਇਆ। ਕਹਿੰਦੇ ਨੇ ਉਸ ਵੇਲੇ ਪ੍ਰਮੇਸ਼ਰ ਨੇ ਆਪਣੀ ਮਾਇਆ ਰੋਕ ਲਈ ਜਦੋਂ ਪੈਦਾ ਹੋਇਆ, ਅੰਦਰੇ ਹੀ ਕੋਈ ਐਸੀ ਅਰਦਾਸ ਸੀ ਕਿ ਉਹ ਜਨਮ ਨਹੀਂ ਸੀ ਲੈਂਦਾ, ਮਾਂ ਨੂੰ ਬੜਾ ਦੁਖ ਹੋ ਰਿਹਾ ਸੀ। ਮਾਂ ਨਿੱਤ ਅਰਦਾਸਾਂ ਕਰਦੀ ਸੀ ਕਿ ਬੱਚਾ ਕਿਵੇਂ ਜਨਮ ਲਵੇ। ਬੱਚੇ ਨਾਲ ਗੱਲ ਹੁੰਦੀ ਸੀ, ਉਹ ਕਹਿੰਦਾ ਸੀ, ਹੇ ਪ੍ਰਭੂ!

***ਜੈਸੀ ਅਗਨਿ ਉਦਰ ਮਹਿ***
***ਤੈਸੀ ਬਾਹਰਿ ਮਾਇਆ॥***
***ਮਾਇਆ ਅਗਨਿ ਸਭ ਇਕੋ ਜੇਹੀ***
***ਕਰਤੈ ਖੇਲੁ ਰਚਾਇਆ॥***
***ਜਾ ਤਿਸੁ ਭਾਣਾ ਤਾ ਜੰਮਿਆ***
***ਪਰਵਾਰਿ ਭਲਾ ਭਾਇਆ॥***
***ਲਿਵ ਛੁੜਕੀ....................॥ ਅੰਗ - 921***

ਜਿਹੜੀ ਚੀਜ਼ ਭੁਲਾਅ ਦਿੰਦੀ ਹੈ ਪ੍ਰਮੇਸ਼ਰ ਨੂੰ, ਉਹ ਜਿਹੜਾ ਕਰਮ ਹੈ, ਉਹ ਜਿਹੜਾ ਜਜ਼ਬਾ ਹੈ, ਉਸ ਨੂੰ ਮਾਇਆ ਕਹਿੰਦੇ ਨੇ। ਮਾਇਆ ਪੈਸਾ ਟਕਾ ਨਹੀਂ ਹੋਇਆ ਕਰਦਾ, ਪੁੱਤਰ ਧੀਆਂ ਨਹੀਂ ਹੁੰਦੇ, ਉਹ ਮਾਨਸਿਕ ਸਥਿਤੀ ਹੈ ਆਦਮੀ ਦੀ। ਮਾਇਆ ਦਾ ਕੰਮ ਹੈ ਪ੍ਰਮੇਸ਼ਰ ਨੂੰ ਭੁਲਾਅ ਦੇਣਾ। ਅਸੀਂ ਹੁਣ ਸਾਰੇ ਮਾਇਆ ਦੇ ਸਮੁੰਦਰ ਵਿਚ ਡੁੱਬੇ ਪਏ ਹਾਂ। ਮਹਾਰਾਜ ਕਹਿੰਦੇ, ਇਹ ਸਾਰਾ ਖੇਲ ਵਾਹਿਗੁਰੂ ਆਪ ਹੀ ਕਰ ਰਿਹਾ ਹੈ - ਅਨੇਕਾਂ ਰੰਗਾਂ ਵਿੱਚ ਅਨੇਕਾਂ ਰੂਪਾਂ ਵਿੱਚ -

***ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,***
***ਕਤਹੂੰ ਅਚਿੰਤ ਹੁਇਕੈ, ਸੋਵਤ ਅਚੇਤ ਹੋ॥***
***ਕਤਹੂੰ ਭਿਖਾਰੀ ਹੁਇਕੈ, ਮਾਂਗਤ ਫਿਰਤ ਭੀਖ,***
***ਕਹੂੰ ਮਹਾਂ ਦਾਨ ਹੁਇਕੈ, ਮਾਂਗਿਓ ਧਨ ਦੇਤ ਹੋ॥***
***ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,***

*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਤ੍ਰਿਗੁਨ ਅਤੀਤ, ਕਹੂੰ ਸੁਰਗੁਨ ਸਮੇਤ ਹੋ॥*
*ਕਹੂੰ ਜੱਛ ਗੰਧ੍ਰਬ ਉਰਗ ਕਹੂੰ ਬਿਦਿਆਧਰ,*
*ਕਹੂੰ ਭਏ ਕਿੰਨਰ, ਪਿਸਾਚ ਕਹੂੰ ਪ੍ਰੇਤ ਹੋ॥*

***ਤ੍ਵਪ੍ਰਸਾਦਿ ਕਬਿੱਤ***

ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ 10 ਕਬਿੱਤ ਲਿਖਣ ਤੋਂ ਬਾਅਦ ਫੁਰਮਾਨ ਕੀਤਾ ਹੈ –

*ਕਹੂੰ ਬਰ ਦੇਤ, ਕਹੂੰ ਛਲ ਸੇ ਛਿਨਾਇ ਲੇਤ,*
*ਸਰਬ ਕਾਲ ਸਰਬ ਠਉਰ ਏਕ ਸੇ ਲਗਤ ਹੋ॥*

***ਅਕਾਲ ਉਸਤਤਿ***

ਉਹ ਜਿਹੜੀ ਸਚਾਈ ਹੈ, ਸਚਾਈ ਨੂੰ ਭੁਲ ਜਾਣਾ ਮਾਇਆ ਕਹਾਉਂਦੀ ਹੈ। ਅਸਲੀ ਚੀਜ਼ ਨੂੰ ਭੁਲ ਜਾਣਾ ਮਾਇਆ ਕਹਾਉਂਦੀ ਹੈ। ਮੇਰੇ ਸਾਹਮਣੇ ਰੱਸੀ ਪਈ ਹੈ, ਮੈਂ ਭੁਲ ਗਿਆ, ਹਨ੍ਹੇਰਾ ਹੋ ਗਿਆ, ਮੈਂ ਰੱਸੀ ਤੋਂ ਡਰਨ ਲਗ ਪਿਆ ਕਿ ਸੱਪ ਪਿਆ ਹੈ। ਇਹ ਇਕ ਮਾਨਸਿਕ ਸਥਿਤੀ ਹੈ, ਦਿਮਾਗ ਦੇ ਵਿਚ ਸੱਪ ਦਾ ਪ੍ਰਭਾਸ ਪੈ ਗਿਆ। ਸਾਰੀ ਰਾਤ ਡਰੀ ਜਾਏਗਾ, ਲੋਕਾਂ ਦੇ ਸਮਝਾਉਣ ਤੇ ਵੀ ਨਹੀਂ ਸਮਝੇਗਾ। ਉਹ ਰੱਸੀ ਨਹੀਂ ਮੰਨ ਸਕਦਾ। ਦੱਸੋ, ਕੋਈ ਮਨਾ ਦਏਗਾ ਉਹਨੂੰ? ਉਹਦੇ ਅੰਦਰ ਤਾਂ ਸੱਪ ਆ ਗਿਆ। ਕਹਿੰਦੇ, ਥੋੜਾ ਇੰਤਜ਼ਾਰ ਕਰ। ਦਿਨ ਚੜ੍ਹ ਗਿਆ, ਕਹਿੰਦੇ, ਹੁਣ ਪਛਾਣ ਚੰਗੀ ਤਰ੍ਹਾਂ ਨਾਲ। ਜਿਥੇ ਹਨ੍ਹੇਰਾ ਸੀ ਦਰਵਾਜੇ ਖੋਲ੍ਹ ਦਿਤੇ, ਖਿੜਕੀ ਖੋਲ ਦਿੱਤੀ। ਕਹਿੰਦਾ, ਇਹ ਤਾਂ ਰਸੀ ਪਈ ਹੈ। ਰੱਸੀ ਨੂੰ ਸੱਪ ਸਮਝਣਾ – ਇਹ ਜਿਹੜਾ ਜਜਬਾ ਹੈ, ਇਸ ਨੂੰ ਮਾਇਆ ਕਹਿੰਦੇ ਨੇ। ਇਹ ਜਿਹੜਾ ਕਰਮ ਹੈ ਦਿਮਾਗ ਦਾ – ਰੱਸੀ ਨੂੰ ਸੱਪ ਸਮਝਣਾ, ਇਹ ਮਾਇਆ ਹੈ। ਮਹਾਰਾਜ ਕਹਿੰਦੇ, ਮਾਇਆ ਹੋਰ ਨਾ ਸਮਝਿਓ। ਬਾਕੀ ਤਾਂ ਪ੍ਰਮਾਣ ਹੈ ਸਮਝਾਉਣ ਵਾਸਤੇ ਕਿ ਮਾਇਆ ਆਈ ਸੀ, ਪ੍ਰਗਟ ਹੋਈ ਸੀ। ਉਹ ਜਿਹੜਾ ਕਰਮ ਹੈ ਉਸ ਨੂੰ ਮਾਇਆ ਕਹਿੰਦੇ ਹਨ। ਉਹ ਜਿਹੜਾ ਉਹਦਾ ਪ੍ਰਮਾਣ ਹੈ, ਉਹ ਸਾਡੇ ਸਮਝਾਉਣ ਵਾਸਤੇ ਅਲੰਕਾਰ ਸੀ। ਜਿਸਦਾ ਬਹੁਤਾ ਦਿਮਾਗ ਹੈ, ਉਹ ਗਿਣਤੀਆਂ ਮਿਣਤੀਆਂ ਵਿਚ ਚਲਿਆ ਜਾਂਦਾ ਹੈ। ਸੋ ਮਾਇਆ ਜਿਹੜੀ ਹੈ ਉਸਦਾ ਕੰਮ ਹੈ ਭੁਲਾ ਦੇਣਾ। ਜੀਵਾਂ ਨੂੰ ਸਾਰਿਆਂ ਨੂੰ ਭੁਲਾ ਦਿਤਾ ਕਿਉਂਕਿ ਰਚੀ ਹੋਈ ਮਹਾਰਾਜ ਦੀ ਹੈ। ਆਪ ਹੀ ਰਚਿਆ ਉਹਨੇ, ਆਪ ਹੀ ਸਭ ਕੁਝ ਕਰਿਆ ਹੈ–

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ ਅੰਗ – 463*

ਕੁਦਰਤ ਵੀ ਉਸਨੇ ਆਪ ਹੀ ਬਣਾ ਦਿੱਤੀ, ਜਿਸਨੂੰ ਮਾਇਆ ਕਹਿੰਦੇ ਨੇ, ਪ੍ਰਕਿਰਤੀ ਕਹਿੰਦੇ ਨੇ। ਉਹ ਵੀ ਬੜੀ ਸ਼ਕਤੀਸ਼ਾਲੀ ਹੈ। ਇਸ ਤੋਂ ਸਾਰੇ ਹੀ ਡਰਦੇ ਨੇ, ਮਹਾਤਮਾ ਵੀ ਡਰਦੇ ਨੇ ਕਿਉਂਕਿ ਬਹੁਤ ਹੀ ਸ਼ਕਤੀਸ਼ਾਲੀ ਚੀਜ਼ ਹੈ। ਇਹ ਮਾਇਆ ਦਾ ਹੀ ਝਗੜਾ ਹੈ ਕਿ ਸਾਨੂੰ ਇਹ ਗੱਲ ਸਮਝ ਨਹੀਂ

ਆਉਂਦੀ-

***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ॥ ਅੰਗ - 921***

ਅਖੀਰ ਅਰਦਾਸ ਪ੍ਰਵਾਨ ਹੋ ਗਈ ਉਹਦੀ। 24 ਮਿੰਟ ਵਾਸਤੇ ਮਾਇਆ ਰੋਕ ਦਿੱਤੀ ਪ੍ਰਮੇਸ਼ਰ ਨੇ। ਉਹਦਾ ਹੋ ਗਿਆ ਜਨਮ। ਜਨਮ ਹੁੰਦੀ ਸਾਰ, ਜੇ ਤਾਂ ਮਾਇਆ ਹੁੰਦੀ ਤਾਂ ਫਿਰ "ਲੱਗੀ ਤ੍ਰਿਸ਼ਨਾ"। ਪੈਦਾ ਹੁੰਦੀ ਸਾਰ ਪਹਿਲਾ ਸਵਾਸ ਮਾਇਆ ਦਾ ਆਉਂਦਾ ਹੈ। ਉਹਦੀਆਂ ਜਿਹੜੀਆਂ ਭਾਵ-ਇੰਦ੍ਰੀਆਂ ਹੁੰਦੀਆਂ ਨੇ ਸਾਰੀਆਂ ਬੱਚੇ ਦੀਆਂ, ਉਨ੍ਹਾਂ ਨੂੰ ਮਾਇਆ ਘੇਰ ਲੈਂਦੀ ਹੈ। ਜਿੰਨੀ ਉਹਦੇ ਅੰਦਰ ਸੋਝੀ ਹੈ, ਸੋਝੀ ਤਾਂ ਬਹੁਤ ਹੈ, ਸਾਸ਼ਤਰ ਵੇਦ ਲਿਖਦੇ ਨੇ, ਪਰ ਉਹ ਸੀਮਤ ਹੈ ਉਹ ਵਿਚਾਰਾ ਦੱਸ ਨਹੀਂ ਸਕਦਾ। ਹੌਲੀ-ਹੌਲੀ ਦਿਮਾਗ ਪ੍ਰਫੁਲਤ ਹੁੰਦਾ ਹੈ, ਹੌਲੀ-ਹੌਲੀ ਗੱਲ ਉਹਦੀ ਸਮਝ ਵਿਚ ਆਉਂਦੀ ਹੈ ਕਿਉਂਕਿ-

***ਜੈਸੀ ਮਤਿ ਦੇਇ ਤੈਸਾ ਪਰਗਾਸ॥ ਅੰਗ - 275***

ਕਹਿੰਦੇ ਜਨਮ ਹੁੰਦੀ ਸਾਰ -

***ਜੈਸੀ ਅਗਨਿ ਉਦਰ ਮਹਿ***
***ਤੈਸੀ ਬਾਹਰਿ ਮਾਇਆ॥***
***ਮਾਇਆ ਅਗਨਿ ਸਭ ਇਕੋ ਜੇਹੀ***
***ਕਰਤੈ ਖੇਲੁ ਰਚਾਇਆ॥***
***ਜਾ ਤਿਸੁ ਭਾਣਾ ਤਾ ਜੰਮਿਆ***
***ਪਰਵਾਰਿ ਭਲਾ ਭਾਇਆ॥***
***ਲਿਵ ਛੁੜਕੀ ਲਗੀ ਤ੍ਰਿਸਨਾ***
***ਮਾਇਆ ਅਮਰੁ ਵਰਤਾਇਆ॥***
***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ॥ ਅੰਗ - 921***

ਉਹ ਦੁਨੀਆਂ ਛੱਡ ਦਿੱਤੀ। ਜਿਥੇ ਸਾਡੀ ਸੋਚ ਦੇ ਹਿਸਾਬ ਨਾਲ ਹਨ੍ਹੇਰਾ ਹੀ ਹਨ੍ਹੇਰਾ ਹੈ, ਗਰਮੀ ਹੀ ਗਰਮੀ ਹੈ। ਸਾਹ ਵੀ ਮਾਤਾ ਦੀਆਂ ਨਾੜਾਂ ਦੇ ਵਿਚੋਂ ਦੀ ਹੋ ਕੇ ਆਉਂਦਾ ਹੈ, ਨਾ ਕੋਈ ਉਥੇ ਦਿਸਦਾ ਹੈ ਪਰ ਉਥੇ ਇਕ ਅੱਖ ਖੁਲ੍ਹ ਜਾਂਦੀ ਹੈ ਜਿਹੜੀ ਸਾਡੀ ਹੁਣ ਬੰਦ ਹੋ ਗਈ। ਉਸ ਅੱਖ ਨੂੰ ਤੀਸਰਾ ਤਿਲ, ਦਿੱਬ ਦ੍ਰਿਸ਼ਟੀ, ਪ੍ਰਮੇਸ਼ਰ ਨੂੰ ਦੇਖਣ ਵਾਲੀ ਅੱਖ ਕਹਿੰਦੇ ਨੇ। ਉਹਦੇ ਵਿਚ ਕੀ ਦੇਖਦਾ ਹੈ - ਸੁਖਮਨਾ ਨਾੜੀ ਵਿਚ, ਚਾਹੇ ਤੁਸੀਂ ਹੁਣ ਵੀ ਸੁਰਤ ਲੈ ਜਾਓ - ਤਿੰਨ ਨਾੜੀਆਂ ਨੇ, ਇੜਾ, ਪਿੰਗਲਾ ਤੇ ਸੁਖਮਨਾ। ਇਹਦੇ ਜਿਹੜੇ ਸਾਧਨ ਹਨ, ਉਹ ਪ੍ਰਾਣਾਯਾਮ ਤੋਂ ਸ਼ੁਰੂ ਹੁੰਦੇ ਹਨ। ਪਹਿਲਾਂ ਕੁੰਡਲਨੀ ਛੇਦਨੀ ਪੈਂਦੀ ਹੈ, ਭੁਝੰਗਾ ਨਾੜੀ ਦਾ ਮੂੰਹ ਖੁਲ੍ਹਦਾ ਹੈ, ਫਿਰ ਉਹਦੇ ਬਾਅਦ ਸੁਖਮਨਾ ਨਾੜੀ ਵਿਚ ਸੁਰਤ ਦਾਖਲ ਹੁੰਦੀ ਹੈ, ਇਹਦੇ ਵਿਚ 6 ਰੁਕਾਵਟਾਂ ਨੇ। ਹਰ ਰੁਕਾਵਟ ਸਾਧਨ ਨਾਲ ਖੁਲ੍ਹਦੀ ਹੈ। ਜਦੋਂ 6 ਪਾਰ ਕਰ ਜਾਂਦਾ ਹੈ, ਫਿਰ ਇਹ ਦਸਵੇਂ ਦੁਆਰ ਵਿਚ ਚਲਿਆ ਜਾਂਦਾ ਹੈ ਉਥੇ ਦ੍ਰਿਸ਼ਟੀ ਬਦਲ ਜਾਂਦੀ ਹੈ। ਇਥੇ ਮੈਂ ਬੈਠਾ ਹਾਂ, ਅਸੂਲ ਤਾਂ ਇਹ ਹੈ ਕਿ ਜਿੰਨੀ ਕੁ ਦੂਰ ਮੇਰੀ ਨਿਗਾਹ ਜਾਊ, ਮੈਨੂੰ ਓਨਾ ਹੀ ਨਜ਼ਰ ਆਏਗਾ ਲੇਕਿਨ ਅਸੂਲ ਬਦਲ ਗਿਆ।

ਉਹ ਜਿਹੜਾ ਉਥੇ ਦਾ ਕਾਨੂੰਨ ਸੀ ਉਹ ਲਾਗੂ ਹੋ ਗਿਆ – ਇਸ ਅਵਸਥਾ ਦਾ। ਜਿਵੇਂ ਪਾਗਲ ਦੇ ਦਿਮਾਗ ਦਾ ਕਨੂੰਨ ਹੋਰ ਹੈ ਤੇ ਜਿਹੜਾ ਅਕਲ ਵਾਲਾ ਹੈ ਉਹਦੇ ਦਿਮਾਗ ਦਾ ਕਾਨੂੰਨ ਹੋਰ ਹੈ। ਇਸੇ ਤਰ੍ਹਾਂ ਦਸਵੇਂ ਦੁਆਰ ਵਿਚ ਜਦੋਂ ਬਿਰਤੀ ਜਾਂਦੀ ਹੈ, ਇਹ ਅੱਖ ਤਾਂ ਬੰਦ ਹੋ ਜਾਂਦੀ ਹੈ ਕਿਉਂਕਿ ਇਹ ਸੀਮਾ ਵਿਚ ਹੈ, ਮੀਲ ਦੇਖ ਲਉ, ਦੋ ਮੀਲ ਦੇਖ ਲਉ। 'ਉਹ ਇਥੇ ਬੈਠਾ ਦੇਖਦੈ।

ਮਾਤਾ ਤ੍ਰਿਪਤਾ ਦੇ ਘਰ ਦੀ ਦਾਸੀ ਸੀ ਤੁਲਸਾਂ, ਮਾਤਾ ਤ੍ਰਿਪਤਾ ਉਹਨੂੰ ਕਹਿੰਦੀ, ਜਾਹ ਮੈਂ ਪ੍ਰਸ਼ਾਦਾ ਤਿਆਰ ਕਰਦੀ ਹਾਂ, ਤੂੰ ਗੁਰੂ ਨਾਨਕ ਨੂੰ ਬੁਲਾ ਲਿਆ, ਉਹ ਆਰਾਮ ਕਰ ਰਹੇ ਨੇ। ਉਹ ਉਥੇ ਗਈ ਤੇ ਦੇਖਿਆ ਕਿ ਸਰੀਰ ਦੀ ਹਰਕਤ ਇਸ ਤਰ੍ਹਾਂ ਮਲੂਮ ਹੁੰਦੀ ਹੈ ਕਿ ਇਹ ਘੋਰ ਚੁੱਪ ਵਿਚ ਨੇ, ਤੇ ਮੈਂ ਬੇਚੈਨ ਨਾ ਕਰਾਂ ਕਿਉਂਕਿ ਮਹਾਂਪੁਰਸ਼ਾਂ ਨੂੰ ਤੇ ਰਾਜਿਆਂ ਨੂੰ ਬੇਚੈਨ ਨਹੀਂ ਕਰਨਾ ਚਾਹੀਦਾ। ਰਾਜੇ ਨੂੰ ਵੀ ਕੋਈ ਨਹੀਂ ਜਗਾਉਂਦਾ ਹੁੰਦਾ, ਆਪ ਹੀ ਜਾਗ ਆ ਜਾਵੇ ਤਾਂ ਆ ਜਾਵੇ। ਬਾਅਦ ਵਿਚ ਲੋਕਾਂ ਨੇ ਧੁਨਾਂ ਲਾ ਦੇਣੀਆਂ, ਸੰਗੀਤ ਲਾ ਦੇਣੇ, ਹੌਲੀ ਹੌਲੀ ਉਹਦੀ ਜਾਗ ਖੁਲ੍ਹਣੀ ਕਿਉਂਕਿ ਨੀਂਦ ਨਹੀਂ ਆਉਂਦੀ ਉਹਨਾਂ ਨੂੰ। ਮਹਾਂਪੁਰਸ਼ ਸੌਂਦੇ ਨਹੀਂ ਹੁੰਦੇ; ਜੇ ਉਨ੍ਹਾਂ ਦਾ ਸਰੀਰ ਸੁੱਤਾ ਪਿਐ ਤਾਂ ਉਹ ਕਿਤੇ ਨਾ ਕਿਤੇ ਗਏ ਹੁੰਦੇ ਨੇ, ਕੋਈ ਕੰਮ ਕਰ ਰਹੇ ਹੁੰਦੇ ਨੇ ਤੇ ਉਹਦੇ ਵਿਚ ਜੇਕਰ ਤੁਸੀਂ ਅਚਾਨਕ ਮਹਾਂਪੁਰਸ਼ਾਂ ਨੂੰ ਜਗਾ ਦਿਉ, ਉਹਦੇ ਵਿਚ ਵਿਘਨ ਪੈ ਜਾਂਦਾ ਹੈ – ਸਰੀਰ ਦੇ ਵਿਚ। ਉਹ ਜਿਥੇ ਗਏ ਹੁੰਦੇ ਨੇ, ਸਨਬੰਧ ਟੁਟ ਜਾਂਦੈ ਉਹਦਾ। ਇਹਨੂੰ silver cord (ਰੇਸ਼ਮੀ ਤੰਦ) ਕਹਿੰਦੇ ਹਨ। ਚਾਹੇ ਹਜ਼ਾਰ ਮੀਲ ਤੇ ਗਿਆ ਹੋਇਆ ਹੋਵੇ, ਚਾਹੇ 10 ਹਜ਼ਾਰ ਮੀਲ ਤੇ ਹੈ, ਸਰੀਰ silver cord ਨਾਲ ਜੁੜਿਆ ਹੁੰਦਾ ਹੈ। ਇਹ ਮੈਨੂੰ ਮਹਾਰਾਜ ਜੀ ਨੇ ਭੇਦ ਦੱਸੇ ਸੀ ਕਿਉਂਕਿ ਇਕ ਵਾਰੀ ਮੈਂ ਰਾੜੇ ਸਾਹਿਬ ਪਿਆ ਸੀ, ਸਰੀਰ ਵਿਚੋਂ ਨਿਕਲ ਗਿਆ। ਇਹ ਲੰਬੀ ਚੌੜੀ ਕਹਾਣੀ ਹੈ, ਮੈਂ ਕਈ ਵਾਰੀ ਦੱਸੀ ਹੈ। ਜਦ ਮੈਂ ਵਾਪਿਸ ਆ ਕੇ ਸਰੀਰ ਵਿਚ ਦਾਖਿਲ ਹੋਇਆ, ਜਿਹੜੀਆਂ ਚੀਜ਼ਾਂ ਮੈਂ ਦੇਖੀਆਂ ਸੀ, ਇਕ ਦਮ ਉਠ ਕੇ ਵੇਖਣ ਲੱਗਿਆ ਤਾਂ ਸਭ ਉਵੇਂ ਜਿਵੇਂ ਸੀ। ਮੈਂ ਤਾਂ ਕਿਹਾ ਕਿ ਸਰੀਰ ਛੁਟ ਗਿਆ। ਮਹਾਰਾਜ ਜੀ ਕਹਿੰਦੇ, ਅਸੀਂ ਰੋਜ਼ ਜਾਂਦੇ ਹਾਂ, ਨਿੱਤ ਜਾਂਦੇ ਹਾਂ। ਕਹਿੰਦੇ, ਜਹਾਜ਼ ਦੇ ਰਾਹੀਂ ਜਾਈਏ ਤਾਂ ਪਾਸਪੋਰਟ ਬਣਾਉਣਾ ਪੈਂਦਾ ਹੈ, ਪਾਬੰਦੀਆਂ ਨੇ। ਸੂਖਸ਼ਮ ਸਰੀਰ ਨੂੰ ਕੋਈ ਨਹੀਂ ਜਾਣਦਾ, ਜਾ ਕੇ ਪ੍ਰਵੇਸ਼ ਕਰ ਜਾਈਦੈ। ਜਿਹੜਾ ਕੋਈ ਚਿੱਤਵਦਾ ਹੈ, ਉਹਨੂੰ ਜਾਂ ਤਾਂ ਸੁਪਨੇ ਵਿਚ ਦੱਸੀਦਾ ਹੈ, ਪ੍ਰਤੱਖ ਵੀ ਦੱਸ ਦਈਦਾ ਹੈ। ਮੈਂ ਕਿਹਾ, "ਮਹਾਰਾਜ! ਐਡੀ ਦੂਰ ਫਿਰ ਸਰੀਰ ਕਿਵੇਂ ਕਾਇਮ ਰਹਿੰਦੈ?" ਮੈਂ ਗੱਲਾਂ ਪੁਛ ਲੈਂਦਾ ਹੁੰਦਾ ਸੀ। ਉਹ ਕਹਿੰਦੇ, "ਇਹ ਇਕ ਰੇਸ਼ਮ ਦੀ ਬਹੁਤ ਬਰੀਕ ਤਾਰ ਹੁੰਦੀ ਹੈ ਉਹ ਵਧਦੀ ਜਾਂਦੀ ਹੈ ਜਿਥੇ ਤੱਕ ਜਾਣਾ ਹੈ।" ਮੈਂ ਕਿਹਾ, "ਮਹਾਰਾਜ! ਜੇ ਤਾਰ ਟੁਟ ਜਾਵੇ?" ਕਹਿੰਦੇ, "ਫੇਰ ਸੰਤ ਦੁਬਾਰਾ ਸਰੀਰ ਵਿਚ ਨਹੀਂ ਆਇਆ ਕਰਦੇ।" ਰਾਮ ਰਾਏ ਦੀ ਤਾਰ ਟੁਟ ਗਈ ਸੀ, ਜਗਾ ਦਿਤਾ ਸੀ ਮਸੰਦਾਂ ਨੇ। ਤਾਰ ਟੁੱਟਣ ਨਾਲ ਰੂਹ ਭਟਕਦੀ ਰਹੀ, ਸਰੀਰ ਜਾਲ ਦਿਤਾ ਉਹਦਾ। ਸੋ ਉਹ ਚੀਜ਼ਾਂ ਹੋਇਆ ਕਰਦੀਆਂ ਨੇ, ਉਹ ਚੀਜ਼ਾਂ ਦੇਖਦੀਆਂ ਨੇ

ਦੁਨੀਆਂ। ਇਹ ਅੱਖਾਂ ਨਹੀਂ ਉਥੇ ਕੰਮ ਕਰਦੀਆਂ, ਇਹ ਕੰਨ ਨਹੀਂ ਕੰਮ ਕਰਦੇ। ਉਹ ਦਿੱਬ ਦ੍ਰਿਸ਼ਟ ਦਾ ਮੰਡਲ ਹੋਇਆ ਕਰਦੈ। ਉਹ ਦਿੱਬ ਦ੍ਰਿਸ਼ਟ ਜਿਹੜੀ ਹੈ, ਜਦ ਦਸਵੇਂ ਦੁਆਰ ਵਿਚ ਬਿਰਤੀ ਸੁਰਤੀ ਜਾਂਦੀ ਹੈ, ਅੱਖਾਂ ਤਾਂ ਮੀਚੀਆਂ ਹੋਈਆਂ ਨੇ ਪਰ ਦੇਖ ਰਿਹੈ ਪਰਲੇ ਪਾਸੇ। ਤੁਲਸਾਂ ਦਾਸੀ ਨੇ ਗੁਰੂ ਨਾਨਕ ਸਾਹਿਬ ਨੂੰ ਜਗਾਇਆ ਨਾ। ਸ਼ਰਧਾ ਸੀ ਉਹਦੀ ਕਿ ਮਹਾਂਪੁਰਸ਼ ਤਾਂ ਸੌਂਦੇ ਨਹੀਂ ਹੁੰਦੇ, ਸਭ ਜਾਣੀ ਜਾਣ ਨੇ, ਮੈਂ ਕਿਉਂ ਜਗਾਵਾਂ। ਪਤਾ ਨਹੀਂ ਕੀ ਕਰਦੇ ਹੋਣੇ ਨੇ, ਕਿਹਦਾ ਉਧਾਰ ਕਰਦੇ ਹੋਣੇ ਨੇ। ਉਹਨੇ ਕੀ ਕਰਿਆ, ਬਜਾਏ ਅਵਾਜ਼ ਦੇਣ ਦੇ ਮਹਾਰਾਜ ਦੇ ਚਰਨ ਦਾ ਅੰਗੂਠਾ ਜੋ ਬਾਹਰ ਸੀਗਾ ਕੱਪੜੇ ਤੋਂ, ਉਹਨੇ ਮੱਥਾ ਲਾ ਦਿੱਤਾ ਅੰਗੂਠੇ ਨੂੰ। ਕਿੰਨਾ ਸਮਾਂ ਲਗਿਆ ਹੋਣਾ ਹੈ, ਵੱਧ ਤੋਂ ਵੱਧ ਦੋ ਸੈਕਿੰਡ ਦਾ ਸਮਾਂ ਲਗਿਆ ਹੋਣੈ। ਚਰਨ ਲਗਦੀ ਸਾਰ ਸੁਰਤੀ ਇਕ ਦਮ ਦਸਵੇਂ ਦੁਆਰ ਚੜ੍ਹ ਗਈ। ਉਹ ਸੋਚਣ ਲਗ ਪਈ। ਦੇਖਦੀ ਕੀ ਹੈ ਕਿ ਗੁਰੂ ਨਾਨਕ ਸਾਹਿਬ ਲੰਕਾ ਦੇ ਨੇੜੇ ਮਨਸੁਖ ਨਾਮੀ ਸਿੱਖ ਦੀ ਅਰਦਾਸ ਸੁਣ ਕੇ, ਉਹਦੇ ਜਹਾਜ਼ ਨੂੰ ਕੱਢ ਰਹੇ ਨੇ। ਉਧਰੋਂ ਜਵਾਰ ਭਾਟਾ ਆਇਆ ਹੋਇਆ ਹੈ। ਉਹ ਥੋੜ੍ਹਾ ਹੀ ਟਾਈਮ ਹੁੰਦਾ ਹੈ; ਜੇ ਕੱਢ ਦਿਉ ਬਰੇਤੀ ਤੋਂ ਤਾਂ ਠੀਕ ਹੈ, ਨਹੀਂ ਤਾਂ ਨਹੀਂ ਲਹਿੰਦਾ। ਉਹ ਭੁੱਲ ਗਈ ਕਿ ਮਾਤਾ ਜੀ ਨੇ ਕੀ ਕਿਹਾ ਸੀ, ਸਭ ਭੁਲ ਗਈ ਕਿ ਮੈਂ ਕੀ ਕਰਨ ਆਈ ਸੀ। ਮਾਤਾ ਜੀ ਨੇ 5-7 ਮਿੰਟ ਉਡੀਕਿਆ ਤੇ ਕਹਿੰਦੀ, "ਤੁਲਸਾਂ! ਤੂੰ ਲਿਆਈ ਨਹੀਂ ਨਾਨਕ ਨੂੰ।" ਵਾਪਿਸ ਆ ਗਈ, ਹੱਥ ਜੋੜੇ, ਕਹਿੰਦੀ, ਮਾਤਾ ਜੀ! ਮੈਂ ਕਿਹਨੂੰ ਲਿਆਵਾਂ, ਉਹ ਤਾਂ ਜਹਾਜ਼ ਕਢਦੇ ਸੀ ਮਨਸੁਖ ਦਾ। ਮੈਂ ਤਾਂ ਬੁਲਾਇਆ ਨਹੀਂ, ਵਿਘਨ ਪੈ ਜਾਂਦਾ। ਕਹਿੰਦੇ, "ਅੱਛਾ! ਤੂੰ ਵੀ ਇਸ ਤਰ੍ਹਾਂ ਕਹਿਣ ਲਗ ਪਈ?" ਮਹਾਰਾਜ ਜੀ ਨੇ ਆਪਣੇ ਪਰਿਵਾਰ ਤੇ ਤਾਂ ਮਾਇਆ ਪਾ ਕੇ ਰੱਖੀ। ਤਕਰੀਬਨ ਹਰੇਕ ਸੰਤ ਆਪਣੇ ਪਰਿਵਾਰ ਤੇ ਮਾਇਆ ਪਾ ਕੇ ਰੱਖਦਾ ਹੈ। ਘੱਟ ਹੀ ਗਿਆਨ ਹੁੰਦਾ ਹੈ ਘਰ ਵਾਲਿਆਂ ਨੂੰ। ਤਿੰਨ ਚਾਰ ਨੂੰ ਨਹੀਂ ਹੋਇਆ ਕਰਦਾ। ਇੱਕ ਮਿੱਤਰਾਂ ਨੂੰ ਨਹੀਂ ਹੁੰਦਾ, ਇਕ ਪਰਿਵਾਰ ਦੇ ਮੈਂਬਰਾਂ ਨੂੰ ਨਹੀਂ ਹੁੰਦਾ, ਇਹ ਅਨਜਾਣ ਹੀ ਰਹਿੰਦੇ ਨੇ। ਪਿਛੋਂ ਜਾ ਕੇ ਕਹਿੰਦੇ ਨੇ ਕਿ ਹਾਂ, ਇਹ ਗੱਲ ਸੀਗੀ। ਫੇਰ ਗੱਲਾਂ ਨਿਕਲੀਆਂ, ਜਾਂ ਨਾ ਨਿਕਲੀਆਂ, ਕੋਈ ਫਰਕ ਨਹੀਂ ਪੈਂਦਾ। ਸੋ ਇਸ ਤਰ੍ਹਾਂ ਨਾਲ ਇਹ ਅੰਦਰਲੀ ਅਵਸਥਾ ਹੈ, ਜਿਥੇ ਜਾ ਕੇ ਯਾਦ ਆਉਂਦੀ ਹੈ। ਅਸੀਂ ਕਹਿੰਦੇ ਹਾਂ ਕਿ ਸਾਡੇ ਯਾਦ ਕਿਉਂ ਨਹੀਂ ਰਹਿੰਦਾ ਕਿ ਇਹ ਰੱਸੀ ਹੈ? ਰੱਸੀ ਨੂੰ ਤਾਂ ਅਸੀਂ ਯਾਦ ਰੱਖ ਵੀ ਲਵਾਂਗੇ, ਇਹ ਸਥੂਲ ਚੀਜ਼ ਹੈ ਪਰ ਗੁਰੂ ਦੇ ਬਚਨ ਨੂੰ ਯਾਦ ਨਹੀਂ ਰੱਖ ਸਕਦੇ ਕਿਉਂਕਿ ਸਾਨੂੰ ਵਿਸ਼ਵਾਸ ਨਹੀਂ ਹੈ ਉਹਦੇ ਤੇ। ਗੁਰੂ ਨਾਨਕ ਸਾਹਿਬ ਨੂੰ ਮੰਨੀ ਜਾਵਾਂਗੇ, ਗਲਤ ਬੋਲਣ ਵਾਲੇ ਦਾ ਸਿਰ ਪਾੜ ਦਿਆਂਗੇ, ਗੋਲੀ ਮਾਰ ਦਿਆਂਗੇ, ਲੇਕਿਨ ਗੁਰੂ ਨਾਲ ਕਦੇ ਵੀ 100% ਸੰਬੰਧ ਨਹੀਂ ਜੁੜਦਾ। ਅਸੀਂ 100% ਉਸ ਦੀ ਗੱਲ ਮੰਨ ਹੀ ਨਹੀਂ ਸਕਦੇ। ਕੋਈ 5% ਮੰਨਦੈ, ਕੋਈ 10% ਮੰਨਦੈ ਤੇ ਕੋਈ 15% ਮੰਨਦੈ, 100% ਤਾਂ ਨਹੀਂ ਮੰਨਦੇ। ਜੇ 100% ਮੰਨੇ, ਉਹ ਤਾਂ ਉਸੇ ਵੇਲੇ ਤਰ ਜਾਂਦਾ ਹੈ।

ਹੁਣ ਇਹ ਨਿਸ਼ਾਨੀ ਹੈ, ਜੇ ਵਿਸ਼ਵਾਸ ਆਊਗਾ ਤਾਂ ਤੱਤ ਗਿਆਨ ਪ੍ਰਗਟ ਹੋ ਜਾਊਗਾ। ਜੇ ਵਿਸ਼ਵਾਸ ਤੋਂ ਹੀਣਾ ਹੋਏਗਾ ਤਾਂ ਆਪੇ ਕਰ ਲਊ

ਕਿ ਮੇਰਾ ਵਿਸ਼ਵਾਸ ਨਹੀਂ ਹੈ, ਬਣਦਾ ਨਹੀਂ ਮੇਰਾ ਵਿਸ਼ਵਾਸ। ਇਹ ਅਸਰ ਮਾਇਆ ਦਾ ਹੈ, ਭਰਮ ਦਾ ਹੈ, ਅਗਿਆਨਤਾ ਦਾ ਹੈ, ਇਹ ਦਿਮਾਗ ਵਿਚ ਪਾਈ ਗਈ ਹੈ, ਜਿੰਨਾ ਚਿਰ ਉਹਦਾ ਅਸਰ ਹੈ ਉਹ ਨਹੀਂ ਮੰਨ ਸਕਦਾ, ਜਿੰਨਾ ਚਿਰ ਮਰੀ ਹੋਈ ਬਿੱਲੀ ਖੂਹ ਵਿਚ ਸੁਟੀ ਹੋਈ ਹੈ, ਉਹ ਪਾਣੀ ਨਹੀਂ ਸਾਫ ਹੋਏਗਾ, ਬਦਬੂਦਾਰ ਰਹੇਗਾ। ਕੱਢੀ ਜਾਉ ਪਾਣੀ, ਦਿਨ ਰਾਤ ਟਿਊਬਵੈੱਲ ਚਲਾਈ ਜਾਉ; ਕਿਉਂਕਿ ਮਰੀ ਹੋਈ ਬਿੱਲੀ ਤਾਂ ਕਾਇਮ ਹੈ ਉਥੇ, ਪਾਣੀ ਕਿਵੇਂ ਸਾਫ ਹੋ ਜਾਏਗਾ? ਸਾਡੇ ਮਨ ਵਿਚ ਤਾਂ ਸ਼ੰਕੇ ਭਰੇ ਪਏ ਨੇ, ਕਿਸ ਤਰ੍ਹਾਂ ਨਾਲ ਸਾਨੂੰ ਤੱਤ ਗਿਆਨ ਹੋ ਜਾਏਗਾ? ਇਹ ਹੋਇਆ ਨਹੀਂ ਕਰਦਾ।

ਉਹ ਜਿਹੜਾ ਮਹਾਂਪੁਰਸ਼ ਜਨਮ ਲੈ ਰਿਹਾ ਸੀ - ਸੁਖਦੇਵ ਸੀ ਉਹਦਾ ਨਾਉਂ, ਮਹਾਰਿਸ਼ੀ ਹੋਇਐ। ਉਹਦੀਆਂ ਪੁਸਤਕਾਂ ਅੱਜ ਵੀ ਪੜ੍ਹ ਕੇ ਪ੍ਰਕਾਸ਼ ਦੇ ਰਹੀਆਂ ਹਨ। ਬਿਲਕੁਲ ਸੱਤਿ ਹੈ ਉਹਦਾ ਗਿਆਨ। ਉਹ ਜਿਸ ਵਕਤ ਪੈਦਾ ਹੋਇਆ, ਮਾਂ ਬਾਪ ਵੱਲ ਰੁਖ ਹੀ ਨਹੀਂ ਸੀ ਕਰਦਾ ਕਿਉਂਕਿ ਉਸ ਨੂੰ ਤੱਤ ਦਾ ਪਤਾ ਸੀ। ਐਸੀ ਸਥਿਤੀ ਸੀ ਕਿ ਉਸ ਨੇ ਪਿਉ ਨੂੰ ਕਿਹਾ ਕਿ ਮੈਂ ਤਾਂ ਭਜਨ ਕਰਨ ਜਾਣਾ ਹੈ। ਉਹ ਕਹਿੰਦਾ, ਤੂੰ ਤਾਂ ਅਜੇ ਪੈਦਾ ਹੋਇਆ ਹੈਂ। ਸਾਡੇ ਜਿਹੜੇ ਵਿਦਵਾਨ ਨੇ, ਬਣਾਉਂਦੇ ਨੇ ਇਹਦੇ ਅਰਥ, ਉਹ ਕਹਿੰਦੇ, ਨਹੀਂ ਜੀ, ਉਹ ਤਾਂ ਬਾਲ ਗਰਭ ਵਿਚ ਸੀ 12 ਸਾਲ, ਜਦੇ ਨਹੀਂ ਉਹਨੇ ਕਿਹਾ। ਭਾਈ ਗੁਰਦਾਸ ਜੀ ਕਹਿੰਦੇ, ਜਦੇ ਹੀ। ਭਾਈ ਗੁਰਦਾਸ ਜੀ ਦੀ ਤਾਂ ਅਸੀਂ ਗੱਲ ਮੰਨਣੀ ਹੈ। ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਜਿਹੜੇ ਬਚਨ ਨੇ, ਉਹਦੇ ਤੇ ਕਿੰਤੂ ਕਰਨਾ ਹੀ ਨਹੀਂ। ਜੇ ਉਹ ਕਹਿਣ ਸੂਰਜ 12 ਵਜੇ ਚੜ੍ਹਦਾ ਹੈ, ਅਸੀਂ ਕਹਾਂਗੇ ਕਿ 12 ਵਜੇ ਚੜ੍ਹਦੈ। ਗੁਰੂ ਅੰਗਦ ਸਾਹਿਬ ਨੇ ਮੰਨਿਆ, ਹੋਰ ਕਿਸੇ ਨੇ ਨਹੀਂ ਮੰਨਿਆ। ਰਾਤ ਦੇ 12 ਵੱਜੇ ਹੋਏ ਨੇ, ਮਹਾਰਾਜ ਕਹਿੰਦੇ, ਪੁਰਸ਼ਾ! ਸਾਡੇ ਬਸਤਰ ਧੋ ਲਿਆਂ, ਸੁਕਾ ਲਿਆਈਂ।" ਬਾਬਾ ਬੁਢਾ ਜੀ ਖੁੰਝ ਗਏ, ਕਹਿੰਦੇ, "ਮਹਾਰਾਜ! ਅਜੇ ਤਾਂ ਤਿਕੜ ਵੀ ਨਹੀਂ ਚੜ੍ਹਿਆ।" "ਭਾਈ ਸਧਾਰਨ! ਤੂੰ ਦੇਖ।" ਕਹਿੰਦਾ, "ਨਾ ਮਹਾਰਾਜ! ਅਜੇ ਤਾਂ ਅਧੀ ਰਾਤ ਵੀ ਨਹੀਂ ਗਈ।" "ਸ੍ਰੀ ਚੰਦ ਜੀ! ਤੁਸੀਂ ਵੇਖ ਲਉ, ਅਸੀਂ ਜਾਣੈ ਜ਼ਰੂਰੀ।" ਕਹਿੰਦੇ, "ਹੋਰ ਕਪੜੇ ਬਥੇਰੇ ਪਏ ਨੇ, ਉਹ ਪਾ ਲਿਉ। ਜ਼ਰੂਰੀ ਇਹੀ ਚੋਲਾ ਪਾਉਣੈ?" ਗੁਰੂ ਅੰਗਦ ਸਾਹਿਬ ਨਵੇਂ ਨਵੇਂ ਆਏ ਸੀ। ਬਹੁਤਾ ਚਿਰ ਨਹੀਂ, ਚਾਰ ਕੁ ਸਾਲ ਮਹਾਰਾਜ ਨੇ ਸੇਵਾ ਕਰੀ ਹੈ। 'ਅਬਿਨਾਸ਼ੀ ਜੋਤ' ਲਗਾਤਾਰ 17 ਦੀਵਾਨਾਂ ਵਿਚਿ ਖਤਮ ਹੋਇਆ। 51 ਘੰਟੇ ਦੀ ਬਾਤਚੀਤ ਹੈ ਜਿਹੜੀ ਛਪ ਚੁੱਕੀ ਹੈ। ਉਹਦੇ ਵਿਚ ਮੁਖ ਵਿਚਾਰ ਕੀ ਹੈ, ਉਹ ਕਿਹੜੀ ਗੱਲ ਸੀ? ਉਮਰ ਭਰ ਬਾਬਾ ਬੁਢਾ ਜੀ ਨਾਲ ਰਹੇ, ਭਾਈ ਬਾਲਾ ਜੀ ਨਾਲ ਰਹੇ, ਮਰਦਾਨਾ ਨਾਲ ਰਿਹਾ, ਹੋਰ ਬੇਅੰਤ ਮਨਸੁਖ ਵਰਗੇ ਪਰਖੇ ਹੋਏ, ਉਹ ਵੀ ਨਾਲ ਰਹੇ। ਉਹ ਕਿਥੋਂ ਖੁੰਝ ਗਏ ਜੋ ਗੁਰੂ ਨਾਨਕ ਦੀ ਮਨਜ਼ੂਰੇ- ਨਜ਼ਰ ਆ ਨਹੀਂ ਸਕੇ, ਖਰਿਆਂ ਵਿਚ ਨਹੀਂ ਆ ਸਕੇ, 100% marks ਲੈ ਨਾ ਸਕੇ। ਗੁਰੂ ਅੰਗਦ ਸਾਹਿਬ ਨੇ ਕਿਹੜਾ ਕੰਮ ਕਰਿਆ - ਭਾਈ ਲਹਿਣਾ ਜੀ ਨੇ, ਜਿਹਨਾਂ ਨੇ ਸਾਢੇ ਤਿੰਨ ਸਾਲਾਂ ਵਿਚ ਗੁਰੂ ਨੂੰ ਇੰਨਾ ਮਜ਼ਬੂਰ ਕਰ ਦਿਤਾ ਕਿ ਮਨਜ਼ੂਰੇ- ਨਜ਼ਰ ਤਾ ਹੋਣਾ ਹੀ ਸੀ, ਉਹਦੇ ਚਰਨਾਂ ਤੇ ਨਮਸ਼ਕਾਰ ਕਰ ਦਿਤੀ। ਗੁਰੂ ਨਾਨਕ ਨੇ ਕਿਹਾ,

***ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ॥***

***ਅੰਗ - 936***

ਇਸ ਸੰਸਾਰ ਵਿਚ, ਹੇ ਅਕਾਲ ਪੁਰਖ! ਤੇਰੇ ਬਿਨਾਂ ਮੈਨੂੰ ਕੋਈ ਸੁਝਿਆ ਨਹੀਂ ਜਿਹੜਾ ਦਲੀਚਾ ਪਾ ਕੇ ਮੇਰੇ ਸਾਹਮਣੇ ਮੈਨੂੰ ਉਪਦੇਸ਼ ਕਰ ਦੇਵੇ। ਸਾਰੇ ਹੈਰਾਨੀ ਫੈਲ ਗਈ, ਗੋਰਖ ਨਾਥ ਦੇ ਮੰਡਲ ਵਿਚ ਹੈਰਾਨੀ ਫੈਲ ਗਈ। ਕਹਿਣ ਲੱਗੇ, ਗੁਰੂ ਨਾਨਕ ਇਕ ਮਨੁਖ ਅੱਗੇ ਝੁਕ ਗਿਆ। ਦੇਖਣ ਵਾਸਤੇ ਆ ਗਏ ਨੇ। ਉਹ ਕਿਹੜੀ ਗੱਲ ਸੀ? ਗੁਰੂ ਨਾਨਕ ਬੋਲਦੇ ਨੇ, "ਪੁਰਖਾ! ਬਸਤਰ ਧੋ ਲਿਆ।" ਪਹਿਲਿਆਂ ਨੇ ਵੀ ਤਾਂ ਜੁਵਾਬ ਦਿੱਤਾ, ਬਾਬਾ ਬੁਢਾ ਜੀ ਨੇ ਕਹਿ ਦਿਤਾ ਸੀ ਕਿ ਅਜੇ ਤਕ ਤਾਂ ਤਿਕੜ ਵੀ ਨਹੀਂ ਚੜ੍ਹਿਆ। ਇਹਨਾਂ ਨੇ ਕਿਉਂ ਨਾ ਜਆਬ ਦਿਤਾ। ਇਹਨਾਂ ਨੇ ਪਹਿਲੇ ਦਿਨ ਹੀ ਆਪਣਾ ਸਾਰਾ ਕੁਝ ਗੁਰੂ ਨਾਨਕ ਸਾਹਿਬ ਨੂੰ ਦੇ ਦਿਤਾ, ਆਪਣੇ ਕੋਲ ਰੱਖਿਆ ਹੀ ਨਾ ਕੁਝ ਵੀ। ਜੇ ਥੋੜ੍ਹੀ ਬਹੁਤੀ ਅਕਲ ਰੱਖ ਲੈਂਦੇ ਤਾਂ ਇਹ ਵੀ ਕਹਿ ਦਿੰਦੇ ਕਿ ਅਜੇ ਤਾਂ ਅੱਧੀ ਰਾਤ ਹੈ ਜੀ; ਆਪਣਾ ਰੱਖਿਆ ਹੀ ਨਹੀਂ ਕੁਝ ਵੀ। ਹੁਕਮ ਹੋ ਗਿਆ ਕਿ ਸੁਕਾਅ ਕੇ ਲਿਆਉ। ਕੋਈ ਸ਼ੱਕ ਹੀ ਨਹੀਂ ਪਿਆ ਕਿ ਬਾਹਰ ਧੁੱਪ ਨਹੀਂ ਹੋਣੀ, ਸਿਆਲ ਦਾ ਮਹੀਨਾ ਹੈ। ਗਏ, ਜਾ ਕੇ ਬਸਤਰ ਸੁਕਾ ਕੇ ਲਿਆ ਕੇ, ਇਕ ਘੰਟੇ ਦੇ ਅੰਦਰ ਅੰਦਰ ਹੱਥ ਫੜਾਏ। ਇਹ ਹੁਣ ਸਥਿਤੀ ਹੈ ਮਨ ਦੀ, ਜਿਹੜੀ ਸਾਡੀ ਬਣ ਨਹੀਂ ਸਕਦੀ।

ਉਹ ਜਿਹੜਾ ਪ੍ਰੇਮੀ ਸੀ ਬੱਚਾ, ਉਹਦੇ ਮਨ ਦੀ ਸਥਿਤੀ ਸੀ ਕਿ ਮੈਂ ਤਾਂ ਭਜਨ ਕਰਨੈ, ਮਾਇਆ ਦਾ ਅਸਰ ਨਹੀਂ ਪੈਣ ਦੇਣਾ। ਭਜਨ ਕਰਨ ਵਾਸਤੇ ਬਾਪ ਨੇ ਕਿਹਾ। ਇਹ ਸਾਖੀ ਹੈ, ਆਪਾਂ ਇਹਦੀ ਖੋਜ ਵਿਚ ਕਾਹਨੂੰ ਪੈਣੈ ਕਿ 5 ਸਾਲ ਦਾ ਗਿਆ ਜਾਂ ਤਿੰਨ ਸਾਲ ਦਾ ਗਿਆ। ਮੰਨ ਲਉ, ਚਲਾ ਗਿਆ, ਕਿਵੇਂ ਗਿਆ, ਧਰੂ ਵੀ ਗਿਆ ਸੀ। ਉਸ ਨੇ 36 ਸਾਲ ਵਿਚ ਸਾਰਾ ਯੋਗ ਕਮਾ ਲਿਆ ਤੇ ਬਿਰਤੀ ਸਹਿਜ ਵਿਚ ਲੈ ਗਿਆ। 6-6 ਮਹੀਨੇ ਸਮਾਧੀ ਲਗਦੀ ਸੀ। ਉਹਦੇ ਕੇਸ, ਜਟਾਵਾਂ ਇੰਨੀਆਂ ਵਧੀਆਂ ਕਿ ਪੰਛੀ ਆ ਕੇ ਆਲ੍ਹਣੇ ਪਾ ਲੈਂਦੇ ਸੀ, ਬੱਚੇ ਦੇ ਜਾਂਦੇ ਤੇ ਕੱਢ ਕੇ ਲੈ ਜਾਂਦੇ ਸੀ। ਸਭ ਕੁਝ ਕਰਨ ਤੋਂ ਬਾਅਦ ਮਨ ਵਿਚ ਸ਼ਾਂਤੀ ਨਹੀਂ ਸੀ ਆਉਂਦੀ। ਉਹਨੇ ਕਿਹਾ ਕਿ ਪੁਛ ਲੈਣਾ ਚਾਹੀਦਾ ਹੈ। ਮੇਰੇ ਪਿਤਾ ਜੀ ਨੂੰ ਵੇਦ ਵਿਆਸ ਜੀ ਕਹਿੰਦੇ ਨੇ, ਸਾਰੀ ਦੁਨੀਆਂ ਮੰਨਦੀ ਹੈ। ਮੈਂ ਵੀ ਪੁਛਾਂ। ਪਿਤਾ ਜੀ ਕੋਲ ਆ ਗਿਆ, ਕਹਿੰਦਾ, "ਪਿਤਾ ਜੀ! ਸਾਰੀਆਂ ਸਮਾਧੀਆਂ 6 ਸਮਾਧੀਆਂ ਮੈਂ ਟੱਪ ਚੁਕਾ ਹਾਂ, 6 ਚੱਕਰ ਭੇਦ ਕੇ ਦਸਵੇਂ ਦੁਆਰ ਵਿਚ ਮੈਂ ਰਹਿਤ ਕਰ ਲਈ ਹੈ, ਪਰ ਮੇਰੇ ਮਨ ਵਿਚ ਸ਼ਾਂਤੀ ਕਿਉਂ ਨਹੀਂ ਆਉਂਦੀ?" ਉਹ ਕਹਿਣ ਲੱਗੇ, "ਬੇਟਾ! ਸਾਧਨ ਹੋਰ ਚੀਜ਼ ਹੈ। ਇਹ ਇਕ ਜੁਗਤਿ (process) ਹੈ ਸਰੀਰ ਦਾ, ਜਿਵੇਂ ਪਹਿਲਵਾਨ ਕਰਦਾ ਹੈ, ਇਹਦਾ ਸ਼ਾਂਤੀ ਨਾਲ ਸੰਬੰਧ ਨਹੀਂ ਹੈ ਸ਼ਾਂਤੀ ਤੇਰੇ ਕੋਲ ਤਾਂ ਹੈਗੀ ਪਰ ਤੂੰ ਉਹਦੀ ਵਰਤੋਂ ਨਹੀਂ ਕਰੀ।" ਸ਼ਾਂਤੀ ਸਭ ਦੇ ਕੋਲ ਹੈ। ਗੁਰੂ ਸਾਹਿਬ ਨੇ ਕਿਸੇ ਨੂੰ ਵੀ ਵਾਂਝਾ ਨਹੀਂ ਰੱਖਿਆ -

***ਹਰਿ ਅਉਖਧੁ ਸਭ ਘਟ ਹੈ ਭਾਈ॥***

*ਗੁਰ ਪੂਰੇ ਬਿਨੁ ਬਿਧਿ ਨਾ ਬਨਾਈ॥*
*ਗੁਰਿ ਪੂਰੈ ਸੰਜਮੁ ਕਰਿ ਦੀਆ॥*
*ਨਾਨਕ ਤਉ ਫਿਰਿ ਦੂਖ ਨਾ ਥੀਆ॥ ਅੰਗ-259*

ਸਭ ਦੇ ਕੋਲ ਅੰਮ੍ਰਿਤ ਦਾ ਪਿਆਲਾ ਹੈ, ਹਰੇਕ ਦੇ ਅੰਦਰ ਅੰਮ੍ਰਿਤ ਦਾ ਪਿਆਲਾ ਹੈ, ਲੇਕਿਨ ਨਹੀਂ ਵਰਤੋਂ ਕਰਦੇ। ਉਹ ਕਹਿੰਦੇ, "ਸੁਖਦੇਵ! ਤੇਰੇ ਕੋਲ ਜਿਹੜੀ ਚੀਜ਼ ਹੈ ਨਾ, ਉਹਦੀ ਤੂੰ ਵਰਤੋਂ ਨਹੀਂ ਕਰੀ। ਸ਼ਾਂਤੀ ਕੇਵਲ ਨਾਮ ਵਿਚ ਹੈ, ਸਾਧਨਾ ਵਿਚ ਨਹੀਂ ਹੈ।"

*ਬਿਨ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ॥ ਅੰਗ - 707*

ਨਾਮ ਪ੍ਰਾਪਤ ਕਿਥੋਂ ਕਰਾਂ? ਕਹਿਣ ਲੱਗਾ, "ਮਹਾਂਪੁਰਸ਼ਾਂ ਦੀ ਸ਼ਰਨ ਵਿਚ ਜਾਣਾ ਪਏਗਾ। ਉਹਨਾਂ ਦੇ ਉਪਦੇਸ਼ ਦੀ ਕਮਾਈ ਕਰਨੀ ਪਏਗੀ, ਆਪਾ ਗਵਾਉਣਾ ਪਏਗਾ ਪੂਰੀ ਤਰ੍ਹਾਂ ਦੇ ਨਾਲ। ਬਾਲ ਬੁਧ ਵੀ ਵੱਡੀ ਹੁੰਦੀ ਹੈ, ਬਾਲ ਬੁਧ ਤੋਂ ਵੀ ਹੇਠਾਂ ਜਾਣਾ ਪਏਗਾ।" ਜੇ ਕਹਿ ਦਿਤਾ ਗੁਰੂ ਨਾਨਕ ਸਾਹਿਬ ਨੇ ਕਿ ਪੁਰਖਾ! ਮੁਰਦਾ ਖਾਉ। ਨਹੀਂ ਸ਼ੱਕ ਆਇਆ ਕਿ ਮੁਰਦਾ ਤਾਂ ਖਾਣ ਵਾਲੀ ਚੀਜ਼ ਨਹੀਂ ਹੈ। ਵੈਸ਼ਨੂੰ ਆਦਮੀ ਕਿਵੇਂ ਖਾ ਲਊਗਾ। ਗੁਰੂ ਦਾ ਹੁਕਮ ਹੈ, ਨੇੜੇ ਚਲੇ ਗਏ। ਮਹਾਰਾਜ ਕਹਿੰਦੇ, "ਖਾਂਦੇ ਕਿਉਂ ਨਹੀਂ?"

ਕਹਿੰਦੇ, "ਮਹਾਰਾਜ! ਹੁਕਮ ਕਰੋ, ਕਿਧਰੋਂ ਖਾਈਏ।"

ਕਹਿੰਦੇ, "ਸਿਰ ਵਲੋਂ।"

ਸਿਰ ਉਤੇ ਤਾਂ ਵਾਲ ਨੇ, ਖਾਊ ਕਿਵੇਂ, ਬੁਰਕੀ ਕਿਵੇਂ ਵੱਢੂ ਉਹਦੀ। ਬਾਬਾ ਬੁਢਾ ਜੀ ਥੋੜਾ ਜਿਹਾ ਨੇੜੇ ਖੜ੍ਹ ਗਏ। ਪਰ ਹੈ ਉਹ ਵੀ ਪੂਰੇ। ਅੱਗੇ ਕੀ ਦੇਖਦੇ ਨੇ, ਕੁਝ ਵੀ ਨਹੀਂ ਹੈ, ਉਹ ਤਾਂ ਮਾਇਆ ਦਾ ਖੇਲ੍ਹ ਰਚਿਆ ਸੀ। ਇਤਿਹਾਸ ਵਾਲੇ ਆਖਦੇ ਨੇ ਕਿ ਪ੍ਰਸ਼ਾਦ ਸੀ ਉਥੇ। ਚਲੋ, ਕੁਝ ਹੋਇਆ, ਉਹ ਤਾਂ ਖੇਲ੍ਹ ਸੀ, ਆਪ ਸਮਰਥ ਪੁਰਸ਼ ਸੀ। ਲੇਕਿਨ ਉਸਤੇ ਸ਼ੱਕ ਨਹੀਂ ਆਇਆ ਕਿ ਮੁਰਦਾ ਤਾਂ ਖਾਈਦਾ ਨਹੀਂ ਹੁੰਦਾ, ਗੁਰੂ ਕਹਿੰਦਾ ਮੁਰਦਾ ਖਾਉ। ਇਹ ਬਾਲ ਬੁਧ ਤੋਂ ਵੀ ਹੇਠਾਂ ਦੀ ਗੱਲ ਹੈ। ਬਾਲ ਵੀ ਅਜੇ ਹਟ ਜਾਊਗਾ, ਜੇ ਚੀਜ਼ ਦਿਉ ਤਾਂ ਕਹੇਗਾ, ਮੈਂ ਨਹੀਂ ਲੈਣੀ। ਐਨਾ ਆਪਣੇ ਆਪ ਨੂੰ ਗਵਾਉਣਾ ਪੈਂਦੈ। ਕਹਿਣ ਲੱਗੇ, ਫਿਰ ਕੋਈ ਮਹਾਤਮਾ ਭਾਲ, ਤੱਪ ਕਰ। ਕਹਿੰਦਾ 36 ਸਾਲ ਤਾਂ ਹੋ ਗਏ, 6 ਸਮਾਧੀਆਂ ਤਾਂ ਮੈਂ ਲੰਘ ਗਿਆ। ਅਸਲ ਸਮਾਧ, ਸਹਿਜ ਸਮਾਧ ਮੇਰੇ ਅੰਦਰ ਅਜੇ ਪ੍ਰਗਟ ਨਹੀਂ ਹੋਈ।

ਇਸ ਤਰਾਂ ਦੇ ਨਾਲ ਕਹਿਣ ਲੱਗਾ ਕਿ ਤੁਸੀਂ ਸਾਰੀ ਦੁਨੀਆਂ ਨੂੰ ਗਿਆਨ ਕਰਾਉਂਦੇ ਹੋ, ਮੈਨੂੰ ਵੀ ਕਰਾ ਦਿਓ। ਕਹਿੰਦੇ, "ਬੇਟਾ! ਮੈਂ ਤੈਨੂੰ ਗਿਆਨ ਕਰਾ ਹੀ ਨਹੀਂ ਸਕਦਾ ਕਿਉਂਕਿ ਤੇਰੀ ਜਿਹੜੀ ਭਾਵਨਾ ਹੈ ਮੇਰੇ ਉਤੇ, ਉਹ ਪਿਤਾ ਵਾਲੀ ਹੈ, ਸੰਤਾਂ ਵਾਲੀ ਨਹੀਂ ਹੈ। ਪਿਤਾ ਹੋਣ ਦੇ ਨਾਤੇ ਤੇਰੀਆਂ ਭਾਵਨਾਵਾਂ ਪਿਤਾ-ਗੁਰੂ ਅੱਗੇ ਸਮਰਪਨ ਨਹੀਂ ਹੋ ਸਕਦੀਆਂ। ਤੂੰ ਆਪਾ

ਨਹੀਂ ਮੇਰੇ ਵਾਸਤੇ ਗਵਾ ਸਕਦਾ; ਜਿਉਂਦਾ ਰਹਿ ਸਕਦੈਂ, ਮੇਰੇ ਤੋਂ ਹੋਰ ਰਿਆਇਤਾਂ ਲੈ ਸਕਦੈਂ, ਮੰਨ ਨਹੀਂ ਸਕਦਾ। ਇਸ ਕਰਕੇ ਤੂੰ ਇਹ ਖਿਆਲ ਨਾ ਕਰ। ਜਾਹ, ਤੱਪ ਕਰ। 36 ਸਾਲ ਫੇਰ ਲੰਘ ਗਏ। ਫਿਰ ਆਇਆ, ਕਹਿੰਦਾ, "ਪਿਤਾ ਜੀ! ਤੁਹਾਡੇ ਤੋਂ ਵੱਡਾ ਤਾਂ ਕੋਈ ਹੈ ਨਹੀਂ।" ਜਦ ਤਰਲੇ ਲਏ ਉਹਨੇ ਬਹੁਤ, ਉਹਨਾਂ ਨੇ ਗੁਰੂ ਸ਼ਬਦ, ਉਪਦੇਸ਼ ਸੁਣਾ ਦਿੱਤਾ –

***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ***
***ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥***

***ਅੰਗ – 306***

ਉਪਦੇਸ਼ ਸੁਣਦੇ ਹੀ ਉਹ ਕਹਿੰਦਾ ਕਿ ਇਹ ਤਾਂ ਮੈਂ ਅੱਛੀ ਤਰ੍ਹਾਂ ਜਾਣਦਾਂ। ਕਹਿੰਦੇ, ਤੈਨੂੰ ਤਾਂ ਕਿਹਾ ਸੀ ਕਿ ਤੇਰੀ ਮੇਰੇ ਤੇ ਗੁਰੂ ਭਾਵਨਾ ਨਹੀਂ ਆਉਣੀ, ਪਿਤਾ ਭਾਵਨਾ ਰਹਿਣੀ ਹੈ, ਤੂੰ ਤਾਂ ਗਿਆਨੀ ਹੈਂ, ਜਾਣਦਾ ਹੈਂ, ਮੈਂ ਤੈਨੂੰ ਮਾਰ ਨਹੀਂ ਸਕਦਾ।

"ਫਿਰ ਇਹਦਾ ਕੋਈ ਹੱਲ।"

ਕਹਿੰਦੇ, "ਰਾਜੇ ਜਨਕ ਕੋਲ ਜਾਹ।"

ਰਾਜੇ ਜਨਕ ਕੋਲ, ਹੁਕਮ ਮੰਨ ਕੇ ਚਲਾ ਗਿਆ। ਰਾਜਾ ਜਨਕ ਉਸ ਵੇਲੇ ਮਿਥਲਾਪੁਰੀ ਦਾ ਰਾਜਾ ਸੀ – ਉੜੀਸਾ ਦਾ। ਇਕ ਬਹੁਤ ਵੱਡਾ ਕੇਸ ਸੀ ਡਕੈਤੀ ਦਾ। ਉਹਦੇ ਵਿਚ 100 ਬੰਦੇ ਦੀ ਗਿਣਤੀ ਸੀ, ਜਿਸ ਨੂੰ ਫਾਂਸੀ ਹੋਣੀ ਸੀ। ਉਹ ਦਸਖਤ ਕਰ ਰਿਹਾ ਸੀ ਹੁਕਮ ਤੇ। ਇਹ ਜਦ ਪਹੁੰਚਿਆ ਤਾਂ announcement (ਘੋਸ਼ਣਾ) ਹੋਈ ਕਿ 100 ਬੰਦੇ ਨੂੰ ਫਾਂਸੀ ਦੇ ਦਿਉ। ਇਹਨੇ ਦੇਖਿਆ ਕਿ ਮੇਰੇ ਪਿਤਾ ਨੇ ਕਿਥੇ ਭੇਜ ਦਿਤਾ ਮੈਨੂੰ, ਇਹ ਤਾਂ ਬੰਦਿਆਂ ਨੂੰ ਫਾਂਸੀ ਦੇ ਰਿਹੈ। ਨਾਰਦ ਮੁਨੀ ਪ੍ਰਗਟ ਹੋਏ ਕਿਉਂਕਿ ਨਾਰਦ ਜਿਥੇ ਚਾਹੇ, ਜਦ ਚਾਹੇ ਆ ਜਾਣ, ਜਿਹੜੇ ਖੰਡ ਬ੍ਰਹਿਮੰਡ ਵਿਚ ਵੀ ਜਾਣਾ ਚਾਹੇ। ਚਾਹੇ ਉਹ ਦੇਵਤਿਆਂ ਦੇ ਮੰਡਲ ਹੋਣ, ਚਾਹੇ ਉਹ ਦੈਤਾਂ ਦੇ ਮੰਡਲ ਹੋਣ, ਚਾਹੇ ਧਰਤੀ ਹੋਵੇ, ਹਰ ਥਾਂ ਜਾਂਦੇ ਨੇ। ਉਹ ਆਇਆ ਤੇ ਉਹਨੇ ਕਿਹਾ, "ਸੁਖਦੇਵ! ਕਿਥੋਂ ਆਇਆ ਹੈਂ? ਕੀ ਗੱਲ, ਉਦਾਸ ਕਿਉਂ ਹੈਂ, ਤੇਰਾ ਚਿਹਰਾ ਕਿਉਂ ਉਦਾਸ ਹੈ?" ਕਹਿੰਦਾ, "ਮੇਰੇ ਪਿਤਾ ਨੇ ਮੇਰੇ ਨਾਲ ਬੜਾ ਧੋਖਾ ਕਰਿਆ। ਮੈਨੂੰ ਕਿਹਾ ਕਿ ਤੈਨੂੰ ਸ਼ਾਂਤੀ ਰਾਜੇ ਜਨਕ ਕੋਲੋਂ ਆਏਗੀ। ਇਸ ਹਿੰਸਕ ਰਾਜੇ ਕੋਲ ਭੇਜ ਦਿਤਾ ਮੈਨੂੰ। ਇਹ ਤਾਂ 100 ਬੰਦਿਆਂ ਨੂੰ ਫਾਂਸੀ ਦੇ ਰਿਹੈ।" ਕਹਿੰਦੇ, "ਨਾਰਾਇਣ, ਨਾਰਾਇਣ! ਸੋਚ ਤੂੰ, ਤੂੰ ਕਿਹੜੀ ਗੱਲ ਕਰ ਰਿਹੈਂ? ਰਾਜਾ ਜਨਕ ਇਸ ਵੇਲੇ ਪੂਰਨ ਬ੍ਰਹਮਗਿਆਨੀ ਹੈ ਤੇ ਬ੍ਰਹਮਗਿਆਨੀ ਹੋਣ ਦੇ ਨਾਤੇ ਸਵਰਗਾਂ ਦੇ ਦੇਵਤੇ ਇਹਦੀ ਚਰਨ ਧੂੜੀ ਨੂੰ ਲੋਚਦੇ ਫਿਰਦੇ ਨੇ।"

***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥***
***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥***

***ਅੰਗ - 1263***

ਕਹਿੰਦਾ, ਪ੍ਰੇਮੀਆ! ਤੂੰ ਉਸ ਰਾਜੇ ਦੀ ਗੱਲ ਕਰ ਰਿਹੈਂ ਜਿਹਦੀ ਅਵਸਥਾ ਬ੍ਰਹਮਗਿਆਨੀ ਦੀ ਹੈ?

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥***

***ਅੰਗ - 273***

"ਇਹ ਤਾਂ ਸ਼ਿਵ ਜੀ ਨੂੰ ਵੀ ਧੂੜ ਨਹੀਂ ਮਿਲ ਰਹੀ, ਬ੍ਰਹਮਾ, ਵਿਸ਼ਨੂੰ, ਸਾਰੇ ਦੇਵਤੇ, ਇਹਦੇ ਦਰਸ਼ਨਾ ਨੂੰ ਤਰਸ ਰਹੇ ਹਨ, ਤੂੰ ਉਹਦੀ ਨਿੰਦਿਆ ਕਰ ਰਿਹਾ ਹੈਂ? ਯਾਦ ਰਖ, ਮਹਾਂਪੁਰਸ਼ਾਂ ਦੀ ਨਿੰਦਿਆਂ ਕਰੇ ਤੇ 6 ਕਲਾਂ ਵੈਰਾਗ ਦੀਆਂ ਨਸ਼ਟ ਹੋ ਜਾਂਦੀਆਂ ਨੇ। ਮੁੜ ਕੇ ਭਗਤੀ ਨਾ ਕਰ ਸਕੇਗਾ ਉਹ ਬੰਦਾ, ਜਿਹੜਾ ਨਿੰਦਿਆ ਕਰੇਗਾ ਸੰਤਾਂ ਦੀ, ਕਿਉਂਕਿ ਅੰਦਰੋਂ ਵੈਰਾਗ ਤਾਂ ਖਤਮ ਹੋ ਗਿਆ।" 6 ਜਨਮਾਂ ਦਾ ਦੁਖ ਇਕ ਕਲਾ ਵੈਰਾਗ ਦੀ ਉਤਪੰਨ ਕਰਦਾ ਹੈ। ਮਹਾਰਾਜ ਜੀ ਬੜੇ ਵਿਸਥਾਰ ਨਾਲ ਦਸਿਆ ਕਰਦੇ ਸੀ ਇਹ ਗੱਲਾਂ ਕਿ 36 ਜਨਮਾਂ ਦਾ ਜਿਹੜਾ ਦੁਖ ਹੈ, ਉਸ ਤੋਂ ਪ੍ਰਾਪਤ ਹੋਇਆ ਵੈਰਾਗ, ਇਕ ਵਾਰੀ ਮਹਾਂਪੁਰਸ਼ਾਂ ਦੀ ਨਿੰਦਿਆ ਕਰਨ ਨਾਲ ਖਤਮ ਹੋ ਜਾਂਦਾ ਹੈ। ਸੋ ਤੂੰ ਫਿਰੀ ਜਾਹ, ਫਿਰਦਾ ਰਹੇਂਗਾ ਸਾਰੀ ਜਿੰਦਗੀ। ਜਿੰਨਾ ਚਿਰ ਫੇਰ ਸੰਤ ਦੀ ਕ੍ਰਿਪਾ ਨਾ ਹੋਵੇ, ਨਿੰਦਕ ਨਹੀਂ ਤਰ ਸਕਦਾ। ਜੋਰ ਲਾ ਲਵੋ ਜਿਨਾ ਲਾਉਣੈ, ਕਿੰਨਾ ਹੀ ਪੜ੍ਹਿਆ ਲਿਖਿਆ, ਕਿੰਨਾ ਹੀ ਵਕਤਾ ਹੋਵੇ, ਨਹੀਂ ਤਰ ਸਕਦਾ –

***ਸਾਧ ਕਾ ਨਿੰਦਕੁ ਕੈਸੇ ਤਰੈ॥***
***ਸਰਪਰ ਜਾਨਹੁ ਨਰਕ ਹੀ ਪਰੈ॥ ਅੰਗ - 875***

ਤੂੰ ਤਾਂ ਮਹਾਂਪੁਰਸ਼ਾਂ ਦੀ ਨਿੰਦਿਆ ਕਰ ਦਿੱਤੀ; ਐਡਾ ਮਾੜਾ ਕੰਮ? ਉਹ ਕਹਿੰਦਾ, ਮਾੜਾ ਕੰਮ ਕਾਹਦਾ, ਮੈਂ ਅੱਖਾਂ ਨਾਲ ਵੇਖ ਕੇ ਆਇਆਂ, ਮੈਂ ਕਿਵੇਂ ਮੰਨ ਲਵਾਂ? ਅੱਖੀਂ ਮੱਖੀ ਨੂੰ ਵੇਖ ਕੇ ਮੈਂ ਕਿਵੇਂ ਲੰਘਾ ਜਾਵਾਂ ਅੰਦਰ। ਉਹਨੇ ਕਿਹਾ ਕਿ ਇਹਨੇ ਤਾਂ ਸਮਝਣਾ ਨਹੀਂ, ਇਹ ਤਾਂ ਗਿਆ। ਫਿਰ ਅਗਲਾ ਇਕ ਹੋਰ ਕੌਤਕ ਕਰਿਆ ਬਿਰਧ ਦਾ ਰੂਪ ਧਾਰ ਕੇ। ਨਦੀ ਆਉਂਦੀ ਸੀ ਸਾਹਮਣੇ, ਸੁਖਦੇਵ ਵੀ ਉਥੇ ਦਰਖਤ ਥੱਲੇ ਬੈਠ ਗਿਆ। ਇਹਦੇ ਕੋਲ ਇਕ ਟੋਕਰੀ ਹੈ, ਕਹੀ ਹੈ, ਜਾ ਕੇ ਬਰੇਤੀ ਵਿਚ ਰੇਤਾ ਭਰਦੈ, ਸੁਟੀ ਜਾਂਦੈ ਦਰਿਆ ਵਿਚ। ਇਕ ਘੰਟਾ ਲਾਇਆ, ਧੁੱਪ ਬੜੀ ਹੈ। ਸੁਖਦੇਵ ਦੇਖਦੈ ਕਿ ਇਹ ਮੂਰਖ ਜਿਹਾ ਕੀ ਕੰਮ ਕਰਦੈ? ਉਹ ਜਦ ਦੁਬਾਰਾ ਉਥੇ ਆ ਗਿਆ, ਕਹਿਣ ਲੱਗੇ, ਪ੍ਰੇਮੀਆ! ਇਹ ਕੀ ਕਰਦਾ ਸੀ? ਮੈਂ ਦੇਖਦਾ ਰਿਹਾਂ, ਤੂੰ ਨਦੀ ਵਿਚ ਮਿੱਟੀ ਸੁਟੀ ਗਿਆ – ਰੇਤਾ ਚੁੱਕ ਚੁੱਕ ਕੇ। ਕਹਿੰਦਾ, "ਬੇਟਾ! ਮੈਨੂੰ ਕੰਮ ਜ਼ਰੂਰੀ ਹੈ, ਮੈਂ ਨਦੀ ਪਾਰ ਕਰਨੀ ਹੈ, ਮੈਥੋਂ ਹੁੰਦੀ ਨਹੀਂ ਹੈ। ਮੈਂ ਤਾਂ ਪੁਲ ਬਣਾ ਰਿਹਾ ਸੀ।" "ਤੂੰ ਤਾਂ ਮੂਰਖ ਹੈਂ।" ਉਹ ਕਹਿੰਦਾ, "ਸੁਖਦੇਵ! ਮੈਂ ਤਾਂ ਮੂਰਖ ਨਹੀਂ ਹਾਂ। ਮੇਰੀ ਤਾਂ ਇਕ ਘੰਟੇ ਦੀ ਮਿਹਨਤ ਗਈ, ਪਰ ਤੇਰੀ ਪ੍ਰੇਮੀਆ 36 ਜਨਮਾਂ ਦੀ ਮਿਹਨਤ ਰੁੜ੍ਹ ਰਹੀ ਹੈ, 6 ਕਲਾ ਵੈਰਾਗ ਦੀਆਂ ਨਸ਼ਟ ਹੋ ਗਈਆਂ ਨੇ। ਕੱਢ

ਦੇ ਜਜ਼ਬਾ, ਨਾ ਨਿੰਦਿਆ ਕਰ, ਨਾ ਬੁਰਾ ਚਿੱਤਵ, ਤੇਰਾ ਉਧਾਰ ਇਥੋਂ ਹੀ ਹੋਣਾ ਹੈ।" ਵਾਪਿਸ ਚਲਾ ਗਿਆ। 36 ਸਾਲ ਬਾਅਦ ਫਿਰ ਜਜ਼ਬਾ ਉਠਿਆ, ਪਿਤਾ ਕੋਲ ਆਇਆ। ਪਿਤਾ ਨੇ ਕਿਹਾ, "ਸੁਖਦੇਵ! ਸਾਧੂ ਤੋਂ ਬਿਨਾਂ ਗੱਲ ਨਹੀਂ ਬਣਦੀ ਜਿਹੜੀ ਬਣਨੀ ਚਾਹੀਦੀ ਹੈ। ਤੂੰ ਗਿਆਨੀ ਹੈਂ, ਤੂੰ ਜਾਣਦਾ ਹੈਂ ਕਿ ਇਹ ਸਾਰੀ ਸ੍ਰਿਸ਼ਟੀ ਪ੍ਰਮੇਸ਼ਰ ਹੈ। ਤੂੰ ਕੇਵਲ ਜਾਣਦਾ ਹੈਂ, ਪਰ ਬੁੱਝਿਆ ਨਹੀਂ।" ਮਹਾਰਾਜ ਕਹਿੰਦੇ, "ਬੁੱਝਿਆਂ ਤੇ ਭੇਦ ਆਉਂਦੈ, ਜਾਣਨ ਨਾਲ ਨਹੀਂ ਆਉਂਦਾ।

***ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥***

***ਅੰਗ - 148***

ਪੜ੍ਹ ਲੈ ਗਰੰਥ ਜਿਤਨੇ ਪੜ੍ਹਨੇ ਨੇ, 'ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥' ਜਿਸ ਦਿਨ ਬੁੱਝੇਂਗਾ, ਉਸ ਦਿਨ ਪਤਾ ਲੱਗੇਗਾ। ਹੁਣ ਇਹ terminology (ਸ਼ਬਦਾਵਲੀ) ਆ ਗਈ ਕਿ ਬੁੱਝਣਾ ਕੀ ਹੁੰਦਾ ਹੈ ਤੇ ਜਾਣਨਾ ਕੀ ਹੁੰਦਾ ਹੈ, ਗਿਆਨ ਕੀ ਹੁੰਦੈ ਤੇ ਬੁੱਝਣਾ ਕੀ ਹੁੰਦੈ। ਇਥੇ ਸਾਇੰਸਦਾਨ ਖੜ੍ਹੇ ਨੇ 8-10, ਅੰਬ ਲਗਿਆ ਹੋਇਐ, ਉਹਦਾ ਵਿਸ਼ਲੇਸ਼ਣ ਕਰ ਰਹੇ ਨੇ। ਇਹ ਅੰਬ ਦੇ ਵਿਚ ਐਨੀ ਕੈਲਰੀਜ਼ ਹਨ, ਐਨਾ ਇਹਦੇ ਵਿਚ acid ਹੈ, ਐਨੀ ਇਹਦੇ ਵਿਚ sugar ਹੈ, ਐਨੀ ਇਹਦੇ ਵਿਚ energy ਹੈ। ਇਹਦਾ ਤਨਾ ਇਹ ਹੈ, ਇਹਦੀਆਂ ਜੜ੍ਹਾਂ ਇਹ ਨੇ। ਇਹ ਅੰਬ ਦੇ ਵਿਚ ਸੁਆਦ ਹੁੰਦਾ ਹੈ ਲੇਕਿਨ ਅੰਬ ਦਾ ਸੁਆਦ ਕਿਸੇ ਨੇ ਦੇਖਿਆ ਹੀ ਨਹੀਂ। ਐਨੇ ਨੂੰ ਇਕ ਬੰਦਾ ਆਇਆ, ਦੇਖਿਆ ਕਿ ਇਹ ਖੜ੍ਹੇ ਨੇ, ਅੰਬ ਲਗੇ ਹੋਏ ਨੇ, ਉਹਨੇ ਅੰਬ ਤੋੜਿਆ ਤੇ ਚੂਪਣ ਲੱਗ ਗਿਆ। ਹੁਣ ਜਿਹੜਾ ਅੰਬ ਚੂਪਦਾ ਹੈ, ਉਹਨੇ ਤਾਂ ਲਿਆ ਬੁੱਝ, ਜਿਨ੍ਹਾਂ ਨੇ ਕਿਤਾਬਾਂ ਦੇ ਬੱਲ ਨਾਲ ਕੈਲਰੀਜ਼ ਗਿਣੀਆਂ, ਸ਼ੁਗਰ ਗਿਣੀ, ਉਹ ਤਾਂ ਜਾਣ ਰਹੇ ਸੀ। ਕਹਿੰਦੇ ਖੰਡ ਖੰਡ ਕਹਿਣ ਤੇ ਮੁਖ ਮਿਠਾ ਨਹੀਂ ਹੁੰਦਾ, ਜਿੰਨਾ ਚਿਰ ਸਚ ਮੁਚ ਖੰਡ ਨਾ ਖਾਈ ਜਾਵੇ। ਸੋ ਇਹ ਜਾਣਨ ਦਾ ਤੇ ਬੁੱਝਣ ਦਾ ਫਰਕ ਹੋਇਆ ਕਰਦੈ। ਪਿਤਾ ਨੇ ਕਿਹਾ, "ਤੇਰਾ ਉਧਾਰ ਉਥੇ ਹੀ ਹੋਣਾ ਹੈ, ਤੂੰ ਮਹਾਂਪੁਰਸ਼ਾਂ ਦੀ ਅਵਸਥਾ ਨੂੰ ਨਹੀਂ ਸਮਝ ਸਕਿਆ, ਉਹ ਕੀ ਹੁੰਦੇ ਨੇ। ਉਹ ਰਾਜ ਗੱਦੀ ਤੇ ਬੈਠਾ ਸੀ, ਉਹਦਾ ਨਿੱਜ ਧਰਮ ਸੀ, ਰਾਜ ਧਰਮ ਸੀ ਪਾਪੀਆਂ ਨੂੰ, ਦੁਸ਼ਟਾਂ ਨੂੰ ਦੰਡ ਦੇਣਾ। ਜੇ ਉਹ ਚੋਰਾਂ ਨੂੰ ਡਾਕੂਆਂ ਨੂੰ ਦੰਡ ਨਾ ਦਿੰਦਾ, ਉਹਨਾਂ ਨੇ ਤਾਂ ਤਬਾਹੀ ਪਹਿਲਾਂ ਹੀ ਮਚਾਈ ਹੋਈ ਸੀ, ਰਿਆਇਆ ਦੇ ਪਹਿਲਾਂ ਹੀ ਪਿੰਡਾਂ ਦੇ ਪਿੰਡ ਫੂਕ ਦਿਤੇ ਸੀ। ਉਹ ਤਾਂ ਨਿਆਂ ਕਰ ਰਿਹਾ ਸੀ, ਤੂੰ ਉਹਦੇ ਤੇ ਤਰਕ ਕਰਦਾ ਰਿਹੈਂ।" ਮੁੜ ਕੇ ਫਿਰ ਗਿਆ। ਫਿਰ ਇਕ ਜਜ਼ਬਾ ਰਹਿ ਗਿਆ ਕਿ ਮੈਂ ਤਾਂ ਹੈਗਾ ਤਿਆਗੀ ਤੇ ਉਹ ਹੈ ਗ੍ਰਿਹਸਤੀ। ਉਹਦਾ ਰਾਜ ਭਾਗ, ਹੱਦਾਂ, ਫੌਜਾਂ, ਖਜਾਨੇ, ਇਸਤਰੀਆਂ, ਬੜਾ ਕੁਝ ਹੈ ਉਹਦੇ ਕੋਲ। ਉਹ ਤਾਂ ਜਕੜਿਆ ਹੋਇਐ, ਮੈਂ ਤਾਂ ਖਾਲੀ ਹਾਂ। ਉਥੇ ਜਦ ਗਿਆ, ਕਹਿੰਦੇ ਜੀ, ਕੋਈ ਸਾਧੂ ਆਏ ਨੇ -

ਬਿਰਕਤ ਸਾਧੂ। ਰਾਜੇ ਜਨਕ ਨੇ ਕਿਹਾ, ਕੋਈ ਨਾ, ਆ ਜਾਣ ਦਿਓ। ਬਿਰਕਤ ਸਾਧੂ ਹੁੰਦੈ ਕਿ ਉਹਦੇ ਕੋਲ ਕੋਈ ਸਾਮਾਨ ਨਹੀਂ ਹੁੰਦਾ। ਆਮਤੌਰ ਤੇ ਇਕ ਚਿੱਪੀ ਹੁੰਦੀ ਹੈ, ਇਕ ਪਰਨਾ ਹੁੰਦੈ ਜਿਹੜਾ ਬੰਨ੍ਹਣਾ ਹੁੰਦੈ ਨਹਾ ਕੇ, ਇਕ ਲੰਗੋਟੀ ਹੁੰਦੀ ਹੈ, ਜਟਾਵਾਂ ਹੁੰਦੀਆਂ ਨੇ। ਕਹਿੰਦੇ, ਇਹਨੂੰ ਸਿੰਘ ਦੁਆਰ ਤੇ ਰੋਕ ਲਓ। ਉਥੇ ਬੈਠਣ ਨੂੰ ਥਾਂ ਹੁੰਦੈ। ਉਥੇ ਬੈਠਾ ਸੋਚੀ ਜਾਂਦੈ ਕਿ ਮੈਂ ਇਕ ਗ੍ਰਹਿਸਤੀ ਤੋਂ ਉਪਦੇਸ਼ ਲੈਣ ਆਇਆਂ। ਇਹ ਤਾਂ ਗ੍ਰਹਿਸਤੀ ਹੈ, ਇਹਦਾ ਮੰਨ ਕਿਵੇਂ ਟੁਟਿਆ ਹੋਵੇਗਾ ਘੋੜਿਆਂ ਨਾਲੋਂ, ਜ਼ਮੀਨ ਨਾਲੋਂ, ਪੈਸੇ ਨਾਲੋਂ। ਰਾਣੀਆ ਦੇ ਮੋਹ, ਬੱਚਿਆਂ ਦੇ ਮੋਹ 'ਚੋਂ ਕਿਵੇਂ ਨਿਕਲਿਆ ਹੋਣੈ। ਅਖੀਰ ਰਾਜੇ ਜਨਕ ਨੇ ਕਿਹਾ ਕਿ ਬੁਲਾ ਲਉ। ਜਦ ਉਥੇ ਆਇਆ, ਉਹਨਾਂ ਨੇ ਉਹਦੀ ਸੀਟ ਦੇ ਉਤੇ ਇਕ ਤਲਵਾਰ ਦੇ ਮੁੱਠੇ ਵਿਚ ਕੱਚਾ ਧਾਗਾ ਪਾ ਕੇ ਲਟਕਾ ਦਿਤੀ। ਇਹਨੇ ਆਉਦੇ ਨੇ ਸਭ ਤੋਂ ਪਹਿਲਾਂ ਉਹ ਦੇਖੀ। ਦੇਖਿਆ ਕਿ ਸੀਟ ਤਾਂ ਮੇਰੀ ਤਲਵਾਰ ਦੇ ਥੱਲੇ ਹੈ। ਰਾਜੇ ਜਨਕ ਨੇ ਕਿਹਾ ਕਿ ਬੈਠ ਜਾਉ। ਉਹਨੂੰ ਸ਼ੰਕਾ ਪੈ ਗਿਆ ਕਿ ਇਹ ਤਲਵਾਰ ਮੇਰੇ ਸਿਰ 'ਚ ਲੱਗਣੀ ਹੈ ਤੇ ਮੈਂ ਮਰ ਜਾਣੈ। ਹੁਣ ਵੱਡੀ ਪਕੜ ਸਰੀਰ ਦੀ ਹੋ ਗਈ। ਆਪਣੇ ਆਪ ਨੂੰ ਬਿਰਕਤ ਕਹਿੰਦਾ ਸੀ, ਪਰ ਹੁਣ ਸਰੀਰ ਵਿਚ ਹੀ ਉਲਝ ਗਿਆ। ਰਾਜਾ ਜਨਕ ਨੇ ਬਚਨ ਕਰਨੇ ਸ਼ੁਰੂ ਕਰ ਦਿਤੇ। ਥੋੜੀ ਕੁ ਦੇਰ ਬਾਅਦ ਉਪਰ ਦੇਖ ਲੈਂਦੈ ਕਿ ਉਪਰ ਤਲਵਾਰ ਲਟਕਦੀ ਹੈ। ਐਨੇ ਨੂੰ ਚੋਬਦਾਰ ਨੇ ਖਬਰ ਦਿੱਤੀ ਕਿ ਮਹਾਰਾਜ! ਮਹਿਲਾਂ 'ਚ ਅੱਗ ਲਗ ਗਈ, ਫਲਾਣਾ ਮਹੱਲ ਜਲ ਗਿਆ, ਫਲਾਣਾ ਮਹੱਲ ਜਲ ਗਿਆ, ਘੋੜਿਆਂ ਦਾ ਹਸਤਬਲ ਜਲ ਗਿਆ, ਮਹਾਰਾਜ! ਖਜਾਨੇ ਨੂੰ ਪੈ ਗਈ ਅੱਗ। ਹੁਣ ਸਿੰਘ ਦੁਆਰ ਨੂੰ ਆ ਪਈ ਅੱਗ, ਜਿਥੇ ਤੁਸੀਂ ਬੈਠੇ ਹੋ। ਰਾਜਾ ਜਨਕ ਕਹੀ ਜਾਂਦੈ, ਕੋਈ ਨਾ, ਬੁਝਾ ਦਿਉ। ਇਹਨੇ ਜਦ ਸਿੰਘ ਦੁਆਰ ਦਾ ਨਾਂ ਸੁਣਿਆ ਜਿਥੇ ਦੋ ਗਜ ਕੱਪੜਾ ਤੇ ਇਕ ਆਪਣੀ ਚਿੱਪੀ ਤੇ ਇਕ ਤੂੰਬੀ ਰੱਖ ਕੇ ਆਇਆ ਸੀ, ਇਸਨੇ ਰਾਜੇ ਜਨਕ ਨੂੰ ਪੁਛਿਆ ਹੀ ਨਹੀਂ, ਨੱਠ ਕੇ ਜਾ ਕੇ ਉਹ ਚੱਕ ਲਈ। ਰਾਜਾ ਜਨਕ ਵੀ ਉਠ ਖੜ੍ਹਿਆ। ਉਹ ਮਾਇਆ ਦਾ ਖੇਲ੍ਹ ਸੀ। ਅੱਗ ਬੁਝਾ ਦਿਤੀ ਜਾਂ ਸੱਚੀ ਮੁੱਚੀ ਲਾ ਦਿਤੀ, ਇਹਨਾਂ ਗੱਲਾਂ ਵਿਚ ਆਪਾਂ ਨੂੰ ਪੈਣ ਦੀ ਲੋੜ ਨਹੀਂ। ਕੇਵਲ ਗੱਲ ਫੜਨ ਦੀ ਲੋੜ ਹੈ ਕਿ ਗੱਲ ਕੀ ਹੈ ਵਿਚੋਂ। ਬੈਠ ਗਏ ਤੇ ਕਹਿਣ ਲੱਗੇ, "ਕਿਵੇਂ ਆਇਐਂ?" ਕਹਿੰਦਾ, "ਮੈਂ ਉਪਦੇਸ਼ ਲੈਣ ਆਇਆਂ।" ਕਹਿੰਦੇ, "ਤੂੰ ਤਾਂ ਅਧਿਕਾਰੀ ਹੀ ਨਹੀਂ ਹੈਂ। ਤੂੰ ਮਾਇਆਧਾਰੀ ਹੈਂ, ਤੇਰਾ ਤਾਂ ਮਨ ਮਾਇਆ ਵਿਚ ਰਚਿਆ ਪਿਐ। ਤੂੰ ਇਸ ਉਪਦੇਸ਼ ਦਾ ਅਧਿਕਾਰੀ ਨਹੀਂ ਹੈਂ।"

"ਮਹਾਰਾਜ! ਮੇਰੇ ਕੋਲ ਤਾਂ ਮਾਇਆ ਹੀ ਕੋਈ ਨਹੀਂ ਹੈ।"

"ਪ੍ਰੇਮੀਆ! ਮੇਰੇ ਖਜਾਨੇ ਜਲ ਰਹੇ ਸੀ, ਘੋੜਿਆਂ ਦੇ ਅਸਤਬਲ ਜਲ ਰਹੇ ਸੀ, ਮਹੱਲ ਜਲ ਰਹੇ ਸੀ, ਰਾਣੀਆਂ ਦੇ ਕੀਮਤੀ ਸਮਾਨ ਜਲ ਰਹੇ ਸੀ।

ਮੈਂ ਤਾਂ ਮਮਤਾ ਧਾਰੀ ਨਾ ਕਿ ਮੇਰਾ ਜਲ ਰਿਹੈ। ਬੁਝਾਉਣ ਵਾਲਿਆਂ ਨੇ ਬਝਾਉਣਾ ਸੀ, ਸਾਡਾ ਹੁਕਮ ਸੀ। ਲੇਕਿਨ ਤੂੰ ਧੇਲੇ ਦੀ ਤੂੰਬੀ, ਇਕ ਪੈਸੇ ਦੀ ਆਹ ਲੀਰ ਚੁੱਕੀ ਫਿਰਦੈਂ, ਇਹਦੇ 'ਚੋਂ ਤੇਰਾ ਮੋਹ ਨਹੀਂ ਗਿਆ, ਤੂੰ ਤਾਂ ਵੱਡਾ ਮਾਇਆਧਾਰੀ ਹੈਂ। ਜਾਹ, ਜਾ ਕੇ ਤਪੱਸਿਆ ਕਰ, ਅਜੇ ਤੂੰ ਫਿੱਟ ਨਹੀਂ ਹੈਂ।'' ਬੜੀ ਫਿਟਕਾਰ ਪਈ। ਅੰਦਰ ਸੋਚਦੈ ਕਿ ਵਾਕਿਆ ਹੀ ਮੈਂ ਤਾਂ ਮਾਇਆਧਾਰੀ ਹਾਂ। ਵਾਪਿਸ ਜਾਂਦੈ, ਵਾਪਿਸ ਜਾ ਕੇ ਬਹੁਤ ਨਿਮਰਤਾ ਧਾਰਦੈ, ਪਛਤਾਉਂਦੈ। ਥੋੜ੍ਹੇ ਦਿਨਾਂ ਬਾਅਦ ਫਿਰ ਆ ਗਿਆ। ਰਾਜੇ ਜਨਕ ਨੇ ਵੇਖ ਲਿਆ ਤੇ ਆਪਣੇ ਅਹਿਲਕਾਰਾਂ ਨੂੰ ਕਿਹਾ ਕਿ ਇਕ ਸਾਧੂ ਨੇ ਆਉਣਾ ਹੈ, ਤੁਸੀਂ ਉਸ ਨੂੰ ਧੱਕੇ ਮਾਰਨੇ ਨੇ, ਸਤਿਕਾਰ ਨਹੀਂ ਕਰਨਾ, ਮੇਰੇ ਨਾਲ ਮਿਲਣ ਨਹੀਂ ਦੇਣਾ ਉਹਨੂੰ। ਜਿਸ ਵਕਤ ਸੁਖਦੇਵ ਆ ਗਿਆ, ਉਧਰਲੇ ਪਾਸੇ ਰਾਜੇ ਜਨਕ ਨੇ ਜੱਗ ਸ਼ੁਰੂ ਕਰਿਆ ਹੋਇਆ ਸੀ। ਰਿਸ਼ੀ ਮੁਨੀ, ਬਹੁਤ ਸਾਧੂ ਆਏ ਹੋਏ ਸੀ। ਇਹ ਪ੍ਰਸ਼ਾਦਾ ਆਪ ਵਰਤਾਉਂਦਾ ਸੀ, ਪੱਤਲਾਂ ਜੂਠੀਆਂ ਆਪ ਚੁਕਦਾ ਸੀ। ਸੁਖਦੇਵ ਵੀ ਆ ਗਿਆ ਕਿ ਮੈਂ ਵੀ ਸਾਧੂ ਹਾਂ, ਮੈਨੂੰ ਵੀ ਜਗ ਵਿਚ ਜਾਣ ਦਿਉ। ਉਹਨਾਂ ਨੇ ਧੱਕੇ ਮਾਰੇ, ਨੇੜੇ ਨਾ ਆਉਣ ਦਿਤਾ। ਅਖੀਰ ਉਹਨਾਂ ਨੇ ਕਿਹਾ ਕਿ ਰਾਜਾ ਜਨਕ ਜੱਗ ਕਰ ਰਹੇ ਨੇ, ਪੱਤਲਾਂ ਸੁਟ ਰਹੇ ਨੇ। ਵਿਹਲੇ ਹੋਣਗੇ, ਫਿਰ ਅਸੀਂ ਆਗਿਆ ਲਵਾਂਗੇ, ਫਿਰ ਤੂੰ ਮਿਲ ਸਕੇਂਗਾ। ਹੁਣ ਜਿਹੜਾ ਮਾਣ ਸੀ – ਸਾਧੂਪੁਣੇ ਦਾ ਕਿ ਮੈਂ ਐਨਾ ਤੱਪ ਕਰਿਆ, ਮੇਰੀ ਐਨੀ ਬਿਰਤੀ, ਮੇਰੀ ਐਡੀ ਸਮਾਧੀ, ਇਹ ਸਭ ਪਹਾੜ ਨੇ, ਇਹ ਦੂਰ ਨਹੀਂ ਹੋਇਆ ਕਰਦੇ। ਆਦਮੀ ਦਾ ਜਨਮ ਬਿਰਥਾ ਚਲਾ ਜਾਇਆ ਕਰਦਾ ਹੈ ਇਹਨਾਂ ਦੇ ਵਿਚ। ਉਹ ਮਾਣ ਟੁੱਟ ਗਿਆ ਇਹਦਾ। ਅਖੀਰ ਜਾ ਕੇ ਉਸ ਖਿੜਕੀ ਥੱਲੇ ਬੈਠ ਗਿਆ ਜਿਥੇ ਰਾਜਾ ਜਨਕ ਉਤਲੀ ਮੰਜਲ ਤੋਂ ਪੱਤਲਾਂ ਸੁਟਦੇ ਸੀ। ਮਹਾਰਾਜ ਫੁਰਮਾਨ ਕਰਦੇ ਹਨ ਕਿ –

***ਜਾਤ ਨਜਾਤਿ ਦੇਖਿ ਮਤ ਭਰਮਹੁ .........॥***

***ਅੰਗ – 1309***

ਗ੍ਰਹਿਸਤੀ ਦੇ ਚਰਨਾਂ 'ਚ ਬਿਰਕਤ ਆਇਆ – ਸੁਖਦੇਵ। ਉਹ ਬ੍ਰਾਹਮਣ ਸੀ, ਇਹ ਖੱਤਰੀ ਸੀ–

***ਜੂਠਨ ਜੂਠਿ ਪਈ ਸਿਰ ਊਪਰਿ***
***ਖਿਨੁ ਮਨੂਆ ਤਿਲੁ ਨ ਡੁਲਾਵੈਗੋ॥ ਅੰਗ–1309***

ਸਾਰੇ ਜੱਗ ਦੀ ਜੂਠ ਇਹਦੇ ਸਿਰ ਵਿਚ ਪੈ ਗਈ। ਮਹਾਰਾਜ ਕਹਿੰਦੇ, ਖਿਨ ਤਾਂ ਬਹੁਤ ਹੈ, ਇਸ ਤੋਂ ਵੀ 15 ਗੁਣਾ ਘੱਟ ਸਮਾਂ ਹੈ, ਉਹਨੇ ਐਨਾ ਚਿਰ ਵੀ ਮੰਨ ਨਾ ਡੁਲਾਇਆ। ਹੁਣ ਮਨ ਦੀ ਗੱਲ ਆ ਗਈ, ਮਰੇ ਬਿਨਾਂ ਗੱਲ ਨਹੀਂ ਚਲਦੀ।

ਕਬੀਰ ਸਾਹਿਬ ਦੇ ਪਾਸ ਇਬਰਾਹੀਮ ਆਦਮ, ਇਕ ਰਾਜਾ, ਸੂਫੀ ਫਕੀਰ

ਬਣਿਆ ਹੋਇਆ, ਉਪਦੇਸ਼ ਲੈਣ ਲਈ ਆਉਂਦੈ। 6 ਸਾਲ ਲੰਘ ਗਏ ਉਹਨੂੰ ਸੇਵਾ ਕਰਦੇ ਨੂੰ। ਮਾਤਾ ਲੋਈ ਨੂੰ ਬੜਾ ਤਰਸ ਆਇਆ। ਮਾਤਾ ਜੀ ਨੇ ਕਿਹਾ, ਸੁਆਮੀ ਜੀ ਨੂੰ ਕਿ ਤੁਸੀਂ ਇਸ ਨੂੰ ਗਿਆਨ ਨਹੀਂ ਦਿਤਾ। ਕਹਿੰਦੇ, ਇਹ ਫਿੱਟ ਨਹੀਂ ਹੈ। "ਮਹਾਰਾਜ! ਸਾਰਾ ਦਿਨ ਬਸਤਰ ਧੋਂਦੈ, ਮਹਾਤਮਾ ਦੀ ਮੁਠੀ ਚਾਪੀ ਕਰਦੈ ਤੇ ਸਦਾ ਹੀ ਨਿਮਰਤਾ ਵਿਚ ਰਹਿੰਦੈ। ਕਹਿੰਦੇ, "ਨਹੀਂ, ਅਜੇ ਅੰਦਰੋਂ ਜਿਊਂਦੈ।" ਮਹਾਤਮਾ ਦੇ ਮੂਹਰੇ ਵੀ ਤਾਂ test ਹੁੰਦੇ ਨੇ। ਕਹਿੰਦੈ ਕਿ ਸੰਤਾਂ ਕੋਲ ਰਿਹਾਂ ਮੈਂ, ਫਲਾਣੇ ਸੰਤਾਂ ਕੋਲ ਰਿਹਾਂ, ਮੇਰਾ ਤਾਂ ਕੱਖ ਬਣਿਆ ਨਹੀਂ। ਇਸ ਲਈ ਕੱਖ ਨਹੀਂ ਬਣਿਆ ਕਿਉਂਕਿ ਤੇਰਾ ਜਿਹੜਾ attitude (ਬਿਰਤੀ) ਸੀ, ਗਲਤ ਸੀ।

ਮਹਾਤਮਾ ਕੋਲ ਇਕ ਜਗੀਰਦਾਰ ਆ ਗਿਆ, ਚੇਲਾ ਬਣ ਗਿਆ। ਮਹਾਤਮਾ ਨੇ ਬਥੇਰਾ ਮਨ੍ਹਾਂ ਕਰਿਆ ਪਰ ਉਹਨਾਂ ਨੇ ਦੇਖ ਲਿਆ ਕਿ ਰੌਲਾ ਬਹੁਤ ਪਾਊ ਮੇਰੇ ਨਾਲ। ਉਨ੍ਹਾਂ ਨੇ ਕਿਹਾ ਕਿ ਉਹ ਲੋਹਾ ਚੁੱਕ ਕੇ ਲਿਆ। ਆਪਣੇ ਕੋਲੋਂ ਪਾਰਸ ਦੇ ਦਿਤਾ ਤੇ ਕਹਿੰਦੇ ਦੇਖ ਤਾਂ ਇਸ ਤੇ ਘੁਮਾ ਕੇ। ਜਦ ਘੁਮਾਇਆ ਤਾਂ ਸੋਨਾ ਬਣ ਗਿਆ। ਕਹਿੰਦੇ, ਐਸ ਤਰ੍ਹਾਂ ਕਰ, ਬਜਾਰ ਪੁਛ ਕੇ ਆ। ਬਜਾਰ ਪੁਛ ਕੇ ਆਇਆ ਤਾਂ ਕਹਿੰਦੇ ਬਿਲਕੁਲ ਖਰਾ ਸੋਨਾ ਹੈ। ਕਹਿੰਦੇ, "ਇਹ ਪਾਰਸ ਹੈ। ਆਹ ਵਲਟੋਹੀ ਹੈ – ਲੋਹੇ ਦੀ ਗਾਗਰ, ਇਹਦੇ ਵਿਚ ਰੱਖ ਦੇ ਔਰ ਸਾਹਮਣੇ ਸੰਦੂਕ ਨੂੰ ਤਾਲਾ ਲਾ ਦੇ। ਲੋੜ ਪਈ ਤਾਂ ਕੱਢ ਲਵਾਂਗੇ। ਸਮਾਗਮ ਆਪਣੇ ਹੁੰਦੈ, ਪੈਸੇ ਦੀ ਲੋੜ ਪਈ ਤਾਂ ਇਹ ਵੇਚ ਕੇ ਕਰ ਲਵਾਂਗੇ ਜਾ ਹੋਰ ਸੋਨਾ ਬਣਾ ਲਵਾਂਗੇ। ਉਹ ਸੇਵਾ ਤਾਂ ਕਰੇ, ਨਾਲੇ ਇਹ ਕਹੀ ਜਾਵੇ ਕਿ ਮੈਂ ਐਡਾ ਜਗੀਰਦਾਰ ਹੋ ਕੇ ਭਾਂਡੇ ਮਾਂਜਦਾਂ, ਤੇਰੇ ਤੇ ਨਹੀਂ ਮਾਂਜ ਹੁੰਦੇ? ਮੈਂ ਐਡਾ ਜਗੀਰਦਾਰ ਹੋ ਕੇ ਸੰਤਾਂ ਦੀ ਸੇਵਾ ਵਿਚ ਆਇਆਂ। ਕਹਿੰਦਾ, ਮਹਾਰਾਜ! ਮੇਰੇ ਆਏ ਤੇ ਇਥੇ ਇਕੱਠ ਬਹੁਤ ਵੱਧ ਗਿਆ। ਮੈਂ ਨਾ ਮਰੀ ਉਹਦੀ। ਇਕ ਦਿਨ ਕਹਿਣ ਲੱਗਾ, ਦੇਖੋ, ਮੈਂ ਐਡੀ ਅਮੀਰੀ ਵੀ ਛੱਡੀ, ਤੁਹਾਡੀ ਸ਼ਰਨ ਵੀ ਆਇਆ, ਮੈਨੂੰ ਤਾਂ ਕੋਈ ਅਵਸਥਾ ਹੀ ਨਹੀਂ ਪ੍ਰਾਪਤ ਹੋਈ। ਤੁਸੀਂ ਕਥਾ ਵਿਚ ਦੱਸਦੇ ਹੋ ਕਿ ਆਹ ਅਵਸਥਾ ਹੁੰਦੀ ਹੈ, ਓਹ ਅਵਸਥਾ ਹੁੰਦੀ ਹੈ। ਕਹਿੰਦੇ, ਪ੍ਰੇਮੀਆ! ਤੇਰੇ ਵਿਚ ਕੋਈ ਕਸਰ ਹੋਣੀ ਹੈ। ਕਹਿੰਦਾ, ਮੇਰੇ ਵਿਚ ਤਾਂ ਕੋਈ ਕਸਰ ਨਹੀਂ। ਕਹਿੰਦੇ, ਜਾਹ, ਉਹ ਪਾਰਸ ਲਿਆ ਕੱਢ ਕੇ। ਉਹ ਜਦ ਪਾਰਸ ਕੱਢਣ ਗਿਆ, ਤਾਲਾ ਖੋਲ੍ਹਿਆ, ਕਹਿੰਦੇ, "ਸੋਨੇ ਦੀ ਹੋ ਗਈ?" ਕਹਿੰਦਾ, "ਨਾ! ਸੰਤ ਜੀ, ਆਹ ਤੇਰਾ ਪਾਰਸ ਵੀ ਝੂਠਾ ਤੇ ਤੂੰ ਵੀ ਝੂਠਾ। ਮੈਂ 12 ਸਾਲ ਐਵੇਂ ਹੀ ਗਵਾ ਲਏ ਤੇਰੇ ਨਾਲ।" ਉਹ ਕਹਿੰਦੇ, "ਕਾਹਨੂੰ ਬੋਲਦੈਂ, ਕੋਈ ਨੁਕਸ ਹੋਏਗਾ।" ਨੇੜੇ ਲਿਆਇਆ ਪਾਰਸ, ਕਹਿੰਦੇ, "ਦੇਖ, ਉਤੇ ਕੁਝ ਬਿੜਿਆ (ਲਪੇਟਿਆ) ਤੇ ਨਹੀਂ ਹੋਇਆ?" ਦੇਖਿਆ ਤਾਂ ਬਹੁਤ ਹੀ ਬਰੀਕ ਕਾਗਜ਼ ਨਾਲ ਹੀ ਜੁੜਿਆ ਪਿਆ ਸੀ, ਉਹਦਾ ਰੂਪ ਬਣਿਆ ਹੋਇਆ ਸੀ। ਕਹਿੰਦਾ, "ਇਹਨੂੰ ਉਤਾਰ ਦੇ।" ਉਹ ਜਦ ਖੁਰਚਿਆ, ਲਾਹਿਆ, ਕਹਿੰਦੇ ਹੁਣ ਲਾ। ਲੋਹਾ ਲੈ ਆਇਆ, ਉਹ ਜਦ ਲਾਇਆ, ਸੋਨਾ ਬਣ

ਗਿਆ। ਕਹਿੰਦਾ, "ਸੰਤ ਜੀ! ਪਾਰਸ ਤਾਂ ਤੁਹਾਡਾ ਹੈ ਸੱਚਾ ਪਰ ਤੁਸੀਂ ਝੂਠੇ। ਮਹਾਰਾਜ! ਕਈ ਸਾਲ ਤਾਂ ਮੈਂ ਤੁਹਾਡੇ ਨਾਲ ਸੰਗਤ ਵਿਚ ਗਵਾ ਲਏ ਪਰ ਮੇਰਾ ਬਣਿਆ ਕੁਝ ਨਹੀਂ।" ਕਹਿੰਦੇ, ਪ੍ਰੇਮੀਆ! ਜਿਸ ਤਰ੍ਹਾਂ ਦੇ ਨਾਲ ਇਹ ਬਰੀਕ ਕਾਗਜ਼ ਪਾਰਸ ਦੇ ਉਤੇ ਚੜ੍ਹਿਆ ਹੋਇਆ ਸੀ ਇਸੇ ਤਰ੍ਹਾਂ ਤੇਰੇ ਉਤੋਂ 'ਮੈਂ' ਦਾ ਭਾਵ ਖਤਮ ਨਹੀਂ ਹੋ ਰਿਹਾ। ਤੂੰ ਜਿਊਂਦਿਆਂ ਦੇ ਵਿਚੋਂ ਹੈਂ ਕਿ ਮੈਂ ਅਮੀਰ ਹਾਂ, ਮੇਰੀ ਐਡੀ ਜਾਇਦਾਦ ਹੈ। ਜੇ ਕੁਝ ਲੈਣੈ ਤਾਂ ਮਰਨਾ ਪੈਣੈ। ਕਬੀਰ ਸਾਹਿਬ ਕਹਿਣ ਲੱਗੇ ਮਾਤਾ ਲੋਈ ਨੂੰ ਕਿ ਠੀਕ ਹੈ, ਰਾਜਾ ਸੇਵਾ ਕਰਦਾ ਹੈ, ਬਹੁਤ ਵਧੀਆ ਹੈ, ਬੜਾ ਸੋਹਣਾ attitude (ਮਨੋ-ਬਿਰਤੀ) ਹੈ - ਰਾਜਾ ਹੋ ਕੇ ਇਥੇ ਐਨੀ ਗੁਲਾਮੀ ਕਰਨੀ। ਪਰ ਅਸੀਂ ਕਰੀਏ ਕੀ, ਇਹ ਤਾਂ ਮਰਿਆ ਨਹੀਂ, ਅਜੇ ਜਿਊਂਦਾ ਹੈ। ਮੈਂ ਬੇਵਸ ਹਾਂ ਇਸ ਗੱਲ ਤੇ। ਮਹਾਤਮਾ ਬੇਵਸ ਹੁੰਦੇ ਨੇ, ਸਾਰਿਆਂ ਨੂੰ ਤਾਂ ਉਪਦੇਸ਼ ਨਹੀਂ ਦਿੰਦੇ -

***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ***
***ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥ ਅੰਗ-306***

ਕਹਿੰਦੇ, "ਚੰਗਾ ਐਂ ਕਰੀਂ, ਜਦੋਂ ਇਸ਼ਨਾਨ ਕਰਕੇ ਆਏਗਾ, ਘਰ ਦਾ ਕੂੜਾ ਕਰਕਟ ਸਾਂਭ ਰੱਖੀਂ, ਉਪਰ ਪਾ ਦੇਈਂ ਕੋਠੇ ਤੋਂ ਖੜ੍ਹੀ ਹੋ ਕੇ।" ਉਹ ਜਦ ਦੁਪਹਿਰੇ ਆਇਆ ਤਾਂ ਕੂੜਾ ਉਹਦੇ ਉਤੇ ਪਾ ਦਿਤਾ। ਇਕ ਵਾਰੀ ਗੁਸਾ ਚੜ੍ਹ ਗਿਆ। ਕਹਿਣ ਲੱਗਾ, "ਮੈਂ ਆਪਣੀ ਰਾਜਧਾਨੀ ਵਿਚ ਹੁੰਦਾ, ਮੇਰੇ ਤੇ ਪਾ ਕੇ ਦਿਖਾਉਂਦਾ ਕੋਈ।" ਲੇਕਿਨ ਨਾਲ ਦੀ ਨਾਲ ਸਮਝ ਗਿਆ ਕਿ ਮਾਤਾ ਜੀ ਨੇ ਪਾਇਐ, ਹੋ ਸਕਦਾ, ਕੋਈ ਗਲਤੀ ਲਗ ਗਈ ਹੋਵੇ। ਕਬੀਰ ਸਾਹਿਬ ਕਹਿੰਦੇ, "ਕੀ ਬੋਲਿਆ ਸੀ?" ਕਹਿੰਦੀ, "ਇਹ ਬੋਲਿਆ ਸੀ।" ਕਹਿੰਦੇ, "ਇਹ ਤਾਂ ਫੇਰ ਜਿਊਂਦਾ ਹੈ ਅਜੇ। ਅਜੇ ਇਹ ਫਿੱਟ ਨਹੀਂ ਹੈ।" 6 ਸਾਲ ਹੋਰ ਲੰਘ ਗਏ। ਕਬੀਰ ਸਾਹਿਬ ਕਹਿਣ ਲੱਗੇ, "ਲੋਈ! ਉਹੀ ਕ੍ਰਿਆ ਫੇਰ ਕਰ।" ਉਸ ਵੇਲੇ ਉਹਨੇ ਫੇਰ ਓਹੀ ਗੱਲ ਕਰੀ ਜਦੋਂ ਆਇਆ ਇਸ਼ਨਾਨ ਕਰਕੇ ਗੰਗਾ ਤੋਂ। ਜਦ ਕੂੜਾ ਉਪਰ ਪਿਆ ਤਾਂ ਨੱਚਣ ਲਗ ਪਿਆ, ਬਜਦ 'ਚ ਆ ਗਿਆ। ਉਤੇ ਦੇਖਿਆ ਤਾਂ ਮਾਤਾ। ਕਹਿੰਦਾ, ਤੂੰ ਇੰਨੀ ਹਤੈਸ਼ੀ ਪੁਤਰਾਂ ਦੀ, ਤੂੰ ਮੇਰੇ ਉਪਰ ਕੇਸਰ ਵਰ੍ਹਾ ਦਿਤਾ। ਮੇਰੇ ਉਪਰ ਸੰਤਾਂ ਦੇ ਚਰਨਾਂ ਦੀ ਧੂੜ ਪਾ ਕੇ ਮੈਨੂੰ ਪਵਿਤਰ ਕਰ ਦਿਤਾ। ਮੇਰੇ ਅੰਦਰੋਂ ਹਨ੍ਹੇਰਾ ਖਤਮ ਕਰ ਦਿੱਤਾ। ਨੱਚੀ ਜਾਂਦੈ ਬਜਦ ਵਿਚ। ਕਬੀਰ ਸਾਹਿਬ ਨੂੰ ਕਹਿਣ ਲੱਗੀ, "ਉਹ ਤਾਂ ਨੱਚੀ ਜਾਂਦੈ।" ਕਹਿੰਦੇ, ਜਾਹ ਫੜ ਲਿਆ ਉਹਨੂੰ, ਹੁਣ ਮੁਰਦਾ ਹੋ ਗਿਐ।" ਜਦ ਕਬੀਰ ਸਾਹਿਬ ਦੇ ਕੋਲ ਆਇਆ, ਉਨ੍ਹਾਂ ਨੇ ਬੁੱਕਲ ਵਿਚ ਲੈ ਲਿਆ। ਗਿਆਨ ਬਹੁਤੇ ਚਿਰ ਦਾ ਨਹੀਂ ਹੁੰਦਾ ਕਿ ਇੰਜ ਬੈਠ ਕੇ ਗਿਆਨ ਦਿਉ। ਉਹ ਬੜਾ momentary (ਛਿਣਭੰਗਰ) ਹੁੰਦੈ, ਗੁਪਤ ਰਖਦੇ ਨੇ ਮਹਾਤਮਾ, ਨਹੀਂ ਦੱਸਦੇ। ਇਥੇ ਪ੍ਰੋਫੈਸਰਾਂ ਨੂੰ ਮੈਂ ਕਿਹਾ ਸੀ ਪਰ ਨਹੀਂ ਪਤਾ ਲਗਾ। 5-5 ਹਜ਼ਾਰ ਰੁਪਈਆ ਦੇਣਾ ਕਰਿਆ ਸੀ ਅੱਧੇ ਘੰਟੇ ਦਾ ਕਿ ਇਸ ਤੇ ਬੋਲੋ। ਉਹ ਮਹਾਤਮਾ ਹਮੇਸ਼ਾ ਹੀ ਗੁਪਤ ਰਖਦੇ ਨੇ, ਪ੍ਰਗਟ ਨਹੀਂ ਹੋਇਆ ਕਰਦੀ ਇਹ ਚੀਜ਼। ਇਹ ਪ੍ਰਗਟ ਓਦਣ ਹੀ ਹੁੰਦੀ ਹੈ ਜਿਸ ਦਿਨ ਕੋਈ ਸੇਵਾਦਾਰ ਪੂਰਾ ਆ ਜਾਵੇ - ਪੂਰਾ ਪਰਖ ਵਿਚ ਤੁਲਿਆ ਹੋਇਆ, ਓਦਣ ਫਿਰ ਉਹਨੂੰ

ਨਿਆਰਾ ਕਰ ਦਿੰਦੇ ਨੇ, ਕੰਚਨ ਬਣਾ ਦਿੰਦੇ ਨੇ, ਕੱਚੇ ਕੱਚ ਤੋਂ ਕੰਚਨ ਬਣ ਜਾਂਦੈ। ਇਹਨਾਂ ਅੱਖਾਂ ਦੇ ਨਾਲ ਫਿਰ ਪ੍ਰਮੇਸ਼ਰ ਨੂੰ ਦੇਖ ਲੈਂਦੈ, ਫਿਰ ਉਹਦੇ ਵਿਚ ਕੋਈ ਸ਼ੱਕ ਨਹੀਂ ਰਹਿੰਦਾ ਜਿਸ ਵਕਤ ਇਹ ਕਰਿਆ, ਗਿਆਨ ਦੀ ਦਾਤ ਦੇ ਦਿੱਤੀ। ਗੁਰੂ ਮਹਾਰਾਜ ਤਿੰਨ ਅੱਖਰ ਕਹਿੰਦੇ ਹੁੰਦੇ ਸੀ, ਜਿਆਦਾ ਨਹੀਂ ਸੀ ਕਹਿੰਦੇ, ਸਿੱਖਾ-ਨਿਹਾਲ! ਨਿਹਾਲ! ਨਿਹਾਲ! ਇਹਦੇ ਵਿਚ ਹੀ ਸਭ ਕੁਝ ਦੇ ਦਿੰਦੇ ਸੀ।

"ਭਾਈ ਮੰਝ! ਹੁਣ ਤੇਰਾ ਤੇ ਮੇਰਾ ਕੋਈ ਫਰਕ ਨਹੀਂ ਰਿਹਾ, ਤੂੰ ਮੇਰਾ ਰੂਪ ਹੋ ਗਿਐਂ।" ਅੰਮ੍ਰਿਤ ਛਕਾਉਣ ਤੋਂ ਬਾਅਦ ਸੰਗਤ ਨੂੰ ਕਿਹਾ ਕਿ ਦੇਖੋ, ਇਹ ਮੇਰਾ ਰੂਪ ਬੈਠੇ ਨੇ, ਇਸ ਤੋਂ ਘੱਟ ਨਾ ਜਾਣਿਓ ਪੰਜ ਪਿਆਰਿਆਂ ਨੂੰ। ਮੈਂ ਬੈਠਾ ਹਾਂ ਪੂਰੇ ਦਾ ਪੂਰਾ। ਇਹਨਾਂ ਨੇ ਆਪਣੀ ਹਉਂ ਗਵਾ ਕੇ, ਗੁਰੂ ਵਿਚ ਲੀਨਤਾ ਪ੍ਰਾਪਤ ਕਰ ਲਈ, ਗੁਰੂ ਪੱਦ ਦੇ ਉਤੇ ਪਹੁੰਚ ਗਏ, ਹੁਣ ਇਹ ਸੰਸਾਰ ਦਾ ਉਧਾਰ ਕਰਨ ਨੂੰ ਸਮਰਥ ਨੇ। ਸ਼ੱਕ ਨਾ ਕਰਿਉ ਕਦੇ ਵੀ। ਭਾਈ ਦਯਾ ਸਿੰਘ ਤੋਂ ਬਾਅਦ ਭਾਈ ਸੋਭਾ ਸਿੰਘ ਹੋਏ ਨੇ ਰਾੜਾ ਸਾਹਿਬ ਦੀ ਸੰਪਰਦਾ ਦੇ। ਆਪ ਕਹਿਣ ਲੱਗੇ, "ਪਾਤਿਸ਼ਾਹ! ਮੈਂ ਤਾਂ ਅੰਮ੍ਰਿਤ ਤੁਹਾਡੇ ਹੱਥਾਂ ਤੋਂ ਛਕਣੈ।" ਕਹਿਣ ਲੱਗੇ, "ਸੋਭਾ ਸਿੰਘ! ਮੈਂ ਤਾਂ ਆਪਣੇ ਕੋਲ ਕੁਝ ਰੱਖਿਆ ਹੀ ਨਹੀਂ।" "ਮਹਾਰਾਜ! ਇਹ ਗੱਲ ਕੀ ਹੈ?" ਕਹਿੰਦੇ, "ਹਾਂ, ਅਸੀਂ ਤਾਂ ਭਾਈ ਦਇਆ ਸਿੰਘ ਹੋਰਾਂ ਨੂੰ ਸਭ ਕੁਝ ਦੇ ਚੁਕੇ ਹਾਂ। ਹੁਣ ਸਾਡੇ ਵਾਲਾ ਕੰਮ ਅਸੀਂ ਨਹੀਂ ਕਰਨਾ, ਇਹ ਕਰਨਗੇ ਸਾਡੇ ਸਾਹਮਣੇ। ਜਾਹ ਤੂੰ ਇਨ੍ਹਾਂ ਤੋਂ ਦਾਤ ਲੈ, ਮੈਂ ਸਾਰੀ ਦਾਤ ਇਹਨਾਂ ਦੇ ਹਵਾਲੇ ਕਰ ਦਿੱਤੀ ਹੈ। ਇਹ ਮੇਰਾ ਰੂਪ ਨੇ –

***ਖਾਲਸਾ ਮੇਰੋ ਰੂਪ ਹੈ ਖਾਸ॥***
***ਖਾਲਸੇ ਮਹਿ ਹੌਂ ਕਰੌਂ ਨਿਵਾਸ॥***
***ਸਰਬ ਲੋਹ ਗ੍ਰੰਥ 'ਚੋਂ***
***ਆਤਮ ਰਸ ਜਿਹ ਜਾਨਹੀ,***
***ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ,***
***ਰੰਚਕ ਨਾਹਨ ਭੇਵ॥*** ***ਸਰਬ ਲੋਹ ਗ੍ਰੰਥ 'ਚੋਂ***

ਭੋਰਾ ਜਿੰਨਾ ਵੀ ਭੇਦ ਨਹੀਂ ਹੈ। ਇਹ ਤਾਂ ਮੇਰਾ ਰੂਪ ਹੋ ਚੁਕੇ ਨੇ।" ਸਾਧ ਸੰਗਤ ਜੀ, ਉਚੀ ਅਵਾਜ ਵਿਚ ਕਿਹਾ ਮਹਾਰਾਜ ਨੇ ਖੜ੍ਹੇ ਹੋ ਕੇ, ਇਤਿਹਾਸ ਵਿਚ ਆਉਂਦੈ ਕਿ ਬਾਂਹ ਚੁਕ ਕੇ ਕਹਿੰਦੇ ਨੇ ਕਿ ਹੁਣ ਗੁਰੂ ਗੋਬਿੰਦ ਸਿੰਘ ਤੁਸੀਂ ਕੋਈ ਹੋਰ ਨਾ ਭਾਲਿਓ, ਗੁਰੂ ਗੋਬਿੰਦ ਸਿੰਘ ਇਹਨਾਂ ਵਿਚ ਲੀਨ ਹੋ ਚੁਕਿਐ ਸਦਾ ਵਾਸਤੇ। ਸਰੀਰ ਜਿਹੜਾ ਹੈ ਕਿਸੇ ਦਾ ਵੀ ਸਦਾ ਨਹੀਂ ਰਿਹਾ ਕਰਦਾ। ਐਹ ਸਰੀਰ ਇਨ੍ਹਾਂ ਸਰੀਰਾਂ ਵਿਚ dissolve ਹੋ ਚੁਕਾ ਹੈ, ਘੁਲ ਚੁੱਕਾ

ਹੈ। ਪੰਜਾਂ ਦੇ ਵਿਚ ਮੈਂ ਹੀ ਬੋਲਦਾ ਹੋਵਾਂਗਾ, ਮੈਂ ਹੀ ਉਪਦੇਸ਼ ਦਿੰਦਾ ਹੋਵਾਂਗਾ। ਉਹ ਆਪਣਾ ਰੂਪ ਬਣਾ ਲਏ। ਬੜਾ ਸੁਖਾਲਾ ਤਰੀਕਾ ਸੀ। ਅਸੀਂ ਕਹਿੰਦੇ ਹਾਂ ਕਿ ਔਖਾ ਸੀ। ਜਪ ਕਰਨ ਨੂੰ, ਤਪ ਕਰਨ ਨੂੰ, ਯਾਦ ਕਰਨ ਨੂੰ, ਪੜ੍ਹਣ ਪੜ੍ਹਾਉਣ ਨੂੰ ਕਿੰਨਾ ਚਿਰ ਲਗਦੈ। ਗੁਰੂ ਦੀ ਇਕ ਅਵਾਜ਼ ਤੇ ਸੀਸ ਚਾਹੀਦੈ, ਨੱਠ ਕੇ ਜਾ ਕੇ ਸੀਸ ਦੇ ਦਿਤਾ। ਸਾਰੇ ਤਪ, ਸਾਰੇ ਜਪ ਜੁਗਾਂ ਜੁਗਾਂਤਰਾਂ 'ਚ ਉਥੇ ਨਹੀਂ ਪਹੁੰਚਾਅ ਸਕਦੇ, ਜਿਥੇ ਭਾਈ ਦਯਾ ਸਿੰਘ ਦਾ ਸੀਸ ਲੈ ਕੇ ਉਨ੍ਹਾਂ ਨੂੰ ਪਹੁੰਚਾਅ ਦਿਤਾ, ਪ੍ਰਮੇਸ਼ਰ ਬਣਾ ਦਿਤਾ ਉਸੇ ਵੇਲੇ। ਕਿੰਨਾ ਵੱਡਾ ਸਾਧਨ ਸੀ, ਕਿੰਨਾ ਸੁਖਾਲਾ ਸੀ। ਗੁਰੂ ਮਹਾਰਾਜ ਨੇ ਐਵੇਂ ਨਹੀਂ ਯੁੱਧ ਕਰੇ, ਉਧਾਰ ਕਰਿਆ ਸੀ ਰੂਹਾਂ ਦਾ।

ਸੋ ਇਸ ਤਰ੍ਹਾਂ ਦੇ ਨਾਲ ਜਦ ਤੱਕ ਆਦਮੀ ਮਰਦਾ ਨਹੀਂ ਹੈ, ਉਨਾ ਚਿਰ ਗੱਲ ਨਹੀਂ ਬਣਿਆ ਕਰਦੀ। ਸੁਖਦੇਵ ਹੁਣ ਥੱਲੇ ਬੈਠਾ ਹੈ, ਜੂਠ ਪਈ ਜਾਂਦੀ ਹੈ। ਮਹਾਰਾਜ ਕਹਿੰਦੇ, ਇਕ ਛਿੰਨ ਵਾਸਤੇ, ਅੱਖ ਝਮਕਣ ਜਿੰਨਾ ਚਿਰ ਵੀ ਉਸ ਨੇ ਮਨ ਨੂੰ ਡੋਲਣ ਨਾ ਦਿੱਤਾ। ਪ੍ਰਵਾਨ ਕਰ ਲਿਆ, ਜੋ ਕੁਝ ਵੀ ਹੋ ਰਿਹੈ। ਜੱਗ ਦੀ ਸਮਾਪਤੀ ਹੋਈ ਤੇ ਉਹਤੇ ਬਾਅਦ ਉਹਨੂੰ ਬਾਹਰ ਕੱਢਿਆ ਤੇ ਨਲ੍ਹਾਇਆ ਧੁਲ੍ਹਾਇਆ, ਦਾਲ ਦੀਆਂ ਘਰ੍ਹਾਲਾਂ ਪਈਆਂ ਹੋਈਆਂ ਸਰੀਰ ਤੋਂ ਲਾਹੀਆਂ। ਕਹਿੰਦੇ, "ਹੁਣ ਦੱਸ ਕਿਵੇਂ ਆਇਐਂ?" ਕਹਿੰਦਾ, "ਮਹਾਰਾਜ! ਮੇਰਾ ਮਨ ਸ਼ਾਂਤ ਨਹੀਂ ਹੁੰਦਾ।" ਕਹਿੰਦੇ, "ਮਨ ਤਾਂ ਨਾਮ ਨਾਲ ਸ਼ਾਂਤ ਹੁੰਦੈ। ਜਦ ਤੱਕ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਮਨ ਨਹੀਂ ਸ਼ਾਂਤ ਹੋਏਗਾ।"

***ਬਿਨੁ ਹਰਿ ਨਾਮ ਨ ਸਾਂਤਿ ਹੋਇ***
***ਕਿਤੁ ਬਿਧਿ ਮਨੁ ਧੀਰੇ॥*** ***ਅੰਗ - 707***

ਕਹਿੰਦਾ, "ਮੈਨੂੰ ਨਾਮ ਦੀ ਦਾਤ ਦਿਉ।" ਕਹਿੰਦੇ, "ਇੰਨੀ ਸਸਤੀ ਤਾਂ ਨਹੀ ਹੈ।" ਇਹਦੇ ਵਿਚ ਤਾਂ -

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਭਾਈ ਗੁਰਦਾਸ ਜੀ ਦੀ ਵਾਰ 1/18***

ਗੱਲਾਂ ਨਾਲ ਤਾਂ ਹੁੰਦਾ ਹੀ ਨਹੀਂ ਮੁਰੀਦ। 'ਪਹਿਲਾਂ ਮਰਨ ਕਬੂਲ' ਕੌਣ ਕਰ ਲਊਗਾ ਮਰਨ ਕਬੂਲ। ਕਹਿਣ ਲੱਗੇ, "ਮਹਾਰਾਜ! ਮੇਰੇ ਤੇ ਕ੍ਰਿਪਾ ਕਰੋ।" ਕਹਿੰਦੇ, "ਜਾਹ! ਸ਼ਹਿਰ ਦੀ ਪਰਕਰਮਾ ਕਰ ਕੇ ਆ।" ਸਰ੍ਹੋਂ ਦੇ ਤੇਲ ਦਾ ਛੰਨਾ ਹੱਥ ਤੇ ਰੱਖ ਦਿੱਤਾ ਤੇ ਨਾਲ ਹਦਾਇਤ ਕਰ ਦਿੱਤੀ ਕਿ ਜੇ ਇਕ ਕਤਰਾ ਵੀ ਡੁੱਲ੍ਹ ਗਿਆ, ਤੇਰਾ ਸਿਰ ਉਤਾਰ ਦਿਤਾ ਜਾਏਗਾ। ਦੋ ਨੰਗੀਆਂ ਤਲਵਾਰਾਂ ਵਾਲੇ ਨਾਲ ਲਾ ਦਿਤੇ। ਦੂਜੇ ਪਾਸੇ ਸ਼ਹਿਰ ਦੀ ਪ੍ਰਕਰਮਾ ਤੇ ਨਾਚ ਗਾਉਣੇ, ਖੇਡਾਂ, ਬਾਜੇ ਗਾਜੇ, ਰੌਲਾ ਪੁਆ ਦਿੱਤਾ। ਪ੍ਰਕਰਮਾ ਕਰਕੇ, ਆ ਕੇ ਛੰਨਾ ਸਹੀ ਸਲਾਮਤ ਉਸਨੇ ਦੇ ਦਿਤਾ। ਰਾਜਾ ਜਨਕ ਨੇ ਦੇਖਿਆ ਕਿ ਹੁਣ ਅਧਿਕਾਰੀ ਹੈ। ਕਹਿੰਦੇ, "ਸੁਖਦੇਵ! ਗਾਣੇ ਹੋ ਰਹੇ ਸੀ, ਖੇਲ੍ਹਾਂ ਹੋ ਰਹੀਆਂ ਸੀ।" ਕਹਿੰਦਾ,

"ਮਹਾਰਾਜ! ਮੈਨੂੰ ਕੁਝ ਨਹੀਂ ਪਤਾ। ਮੈਨੂੰ ਪਤਾ ਸੀ ਕਿ ਤਲੀ ਦੇ ਉਤੇ ਛੰਨਾ ਹੈ, ਇਹ ਵੀ ਮੈਨੂੰ ਪਤਾ ਸੀ ਕਿ ਜੇ ਇਕ ਕਤਰਾ ਡੁੱਲ੍ਹ ਗਿਆ ਤਾਂ ਸਿਰ ਗਿਆ। ਇਸ ਤੋਂ ਅੱਗੇ ਮੈਨੂੰ ਤੀਸਰੀ ਗੱਲ ਤਾਂ ਪਤਾ ਹੀ ਨਹੀਂ।" ਉਸ ਵੇਲੇ ਸੁਖਦੇਵ ਨੂੰ, ਜਿਹੜਾ ਉਹਦੇ ਪਿਤਾ ਨੇ 100 ਸਾਲ ਪਹਿਲਾਂ ਗਿਆਨ ਦਿਤਾ ਸੀ, ਬਿਲਕੁਲ ਓਹੀ ਗਿਆਨ ਦਿਤਾ। ਉਹਦੀ ਸਮਾਧੀ ਲਗ ਗਈ। ਪਹਿਲਾਂ ਕਿਉਂ ਨਾ ਲਗੀ? ਹੁਣ ਕਿਉਂ ਲੱਗ ਗਈ ਕਿਉਂਕਿ ਪਹਿਲਾਂ ਉਹ ਕੇਵਲ ਜਾਣਦਾ ਸੀ। ਹੁਣ ਜੀਵਨ ਤੋਂ ਉਪਰ ਹੋ ਕੇ ਪੂਰੀ ਤਰ੍ਹਾਂ ਨਾਲ ਮੁਰਦਾ ਹੋਇਆ ਹੋਇਆ ਸੀ। ਸੋ ਐਨਾ ਹੀ ਫਰਕ ਹੈ ਸਾਧ ਸੰਗਤ ਜੀ, ਜਿਹੜਾ ਮੈਂ ਕਹਿੰਦਾ ਹਾਂ ਕਿ ਗਿਆਨੀਆਂ ਨੂੰ ਰੱਬ ਔਖਾ ਮਿਲਦੈ। ਉਹ ਜਾਣਦੇ ਨੇ ਬਹੁਤ ਕੁਝ ਬੜੀਆਂ ਕਿਤਾਬਾਂ ਪੜ੍ਹੀਆਂ, ਬੜੇ ✵✿✡parison (ਤੁਲਨਾ) ਨੇ ਉਹਨਾਂ ਦੇ ਅੰਦਰ, ਫਲਾਣਾ ਲਿਖਾਰੀ ਇੰਜ ਲਿਖਦੈ, ਫਲਾਣਾ ਇੰਜ ਲਿਖਦੈ। ਅਸੀਂ ਕੀ ਲੈਣੈ ਲਿਖਾਰੀਆਂ ਤੋਂ। ਗੁਰੂ ਗ੍ਰੰਥ ਸਾਹਿਬ ਜੀ ਤੋਂ ਅਗਾਂਹ ਤਾਂ ਕੋਈ ਗੱਲ ਹੀ ਨਹੀਂ, ਚਾਹੇ ਕੁਝ ਲਿਖੀ ਜਾਵੇ। ਗੁਰੂ ਗ੍ਰੰਥ ਸਾਹਿਬ ਨੇ ਕਿਹਾ –

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*** ***ਅੰਗ – 2***

ਇਥੇ ਪਹਿਲਾਂ ਵੀ ਵਾਹਿਗੁਰੂ ਸੀ, ਸੰਸਾਰ ਬਣਿਆ ਤਾਂ ਵੀ ਉਹ ਆਪ ਹੀ ਹੈ, ਪ੍ਰਕਿਰਤੀ ਵੀ ਆਪ ਹੀ ਹੈ। ਹੁਣ ਇਹ ਭਰਮ ਦੂਰ ਨਹੀਂ ਹੁੰਦਾ। ਉਹ ਤਾਂ ਕਸੂਰ ਸਾਡਾ ਹੈ, ਅਸੀਂ ਜੀਊਂਦੇ ਰਹਿਣਾ ਚਾਹੁੰਦੇ ਹਾਂ, ਮਰਨਾ ਕਬੂਲ ਨਹੀਂ ਕਰਦੇ। ਅਸੀਂ ਜੀਊਂਦੇ ਜਾਗਦੇ ਹੋ ਕੇ ਗਿਆਨੀ ਧਿਆਨੀ, ਉਵੇਂ ਜਿਵੇਂ ਬਣਨਾ ਚਾਹੁੰਦੇ ਹਾਂ, ਸਾਧੂ ਸੰਤ ਬਣਨਾ ਚਾਹੁੰਦੇ ਹਾਂ। ਉਹ ਸਥਿਤੀ ਮਨ ਵਿਚ ਨਹੀਂ ਆਉਂਦੀ ਕਿ ਅਸੀਂ ਪੂਰੀ ਤਰ੍ਹਾਂ ਨਾਲ ਭੁਲ ਜਾਈਏ ਕਿ ਇਹ ਸੱਪ ਨਹੀਂ ਹੈ, ਰੱਸੀ ਹੈ। ਜਦ ਮੇਰਾ ਸਤਿਗੁਰੂ ਕਹਿੰਦੈ ਕਿ ਇਥੇ ਕੋਈ ਹੈ ਹੀ ਨਹੀਂ ਹੋਰ –

***ਏਕ ਮੂਰਤਿ ਅਨੇਕ ਦਰਸਨ ...............॥***

***ਜਾਪੁ ਸਾਹਿਬ***

ਇਹਦਾ ਅਰਥ ਕੀ ਹੋਏਗਾ? ਇਕ ਮੂਰਤ ਹੈ, ਦਰਸ਼ਨ ਅਨੇਕ ਹੋ ਰਹੇ ਨੇ ਇਹਦੇ –

................. ***ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***

***ਜਾਪੁ ਸਾਹਿਬ***

ਐਨੀ ਗੱਲ ਹੀ ਮੰਨਣੀ ਹੈ, ਬੈਰੀਅਰ ਹੀ ਟੱਪਣਾ ਹੈ– ਜੀਉਂਦੇ ਦਾ ਤੇ ਮੁਰਦੇ ਦਾ। ਜਿਹਨੂੰ ਅਸੀਂ ਜਿੰਦਗੀ ਕਹਿੰਦੇ ਹਾਂ, ਉਹ ਮੁਰਦਾਗਿਰੀ ਹੈ।

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥*
*ਨਾਨਕ ਅਵਰੁ ਨ ਜੀਵੈ ਕੋਇ॥ ਅੰਗ - 142*

ਜਿਹਦੇ ਅੰਦਰ ਸਾਧ ਦਾ ਵਾਸਾ ਹੋ ਗਿਆ, ਉਹ ਤਾਂ ਹੈ ਜਿਉਂਦਿਆਂ ਵਿਚ, ਬਾਕੀ ਤਾਂ ਮੁਰਦੇ ਤੁਰੇ ਫਿਰਦੇ ਨੇ -

*ਅਤਿ ਸੁੰਦਰ ਕੁਲੀਨ ਚਤੁਰ*
*ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ॥ ਅੰਗ - 253*

ਸੋ ਗੱਲ ਤਾ ਐਨੀ ਹੈ ਬੁਲਿਆ! ਰੱਬ ਦਾ ਕੀ ਪਾਉਣਾ, ਇਧਰੋਂ ਪੁਟਣਾ ਇਧਰ ਲਾਉਣਾ। ਇਸ ਸੰਸਾਰ ਨੂੰ ਹੀ ਪ੍ਰਮੇਸ਼ਰ ਰੂਪ ਨਿਸ਼ਚੇ ਕਰ ਲੈਣਾ ਹੈ। ਪਰ ਹੁੰਦਾ ਨਹੀਂ ਕਿਉਂਕਿ ਵਾਹਿਗੁਰੂ ਨੇ ਇਹਦੇ ਵਿਚ ਮਾਇਆ ਪਾ ਦਿੱਤੀ।

*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ॥ ਅੰਗ - 921*

ਹੁਣ ਇਸ ਦਾ ਕਰਿਆ ਕੀ ਜਾਵੇ। ਇਹਦੇ ਵਿਚ ਸਾਨੂੰ ਸਾਧਨ ਪੱਖ ਦੇ ਵਿਚ ਅੰਦਰ ਜਾਣਾ ਪੈਣੈ-

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਅੰਗ-305*

ਉਹ ਸਿਖ ਕਿਹੋ ਜਿਹਾ ਹੋ ਜਾਏਗਾ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਅੰਗ-305*

ਅਸੀਂ ਸਮਝ ਨਹੀਂ ਸਕਦੇ ਕਿਉਂਕਿ ਅਸੀਂ ਦੁਨੀਆਂਦਾਰ ਲੋਕ ਹਾਂ। ਸੰਤਾਂ ਦੀ ਕਿਰਿਆ ਦੇ ਉਤੇ ਬਹੁਤ ਵਾਰੀ ਕਿੰਤੂ ਪਰੰਤੂ ਕਰਨ ਲਗ ਜਾਂਦੇ ਹਾਂ। ਸੰਤ ਬੇਪਰਵਾਹ ਹੁੰਦੇ ਨੇ। ਉਹ ਸੁਤੇ ਜੀਵਨ ਹੁੰਦੈ ਉਹਨਾਂ ਦਾ ਸਹਿਜ ਦਾ। ਉਹ ਸਹਿਜ ਨਾਲ ਚਲਦੇ ਨੇ। ਜੇ ਕੋਈ ਲਾਹਾ ਲੈਣ ਵਾਲਾ ਹੁੰਦੈ, ਲਾਹਾ ਲੈ ਜਾਂਦੈ, ਨਹੀਂ ਤਾਂ ਬਾਕੀ ਰਹਿ ਜਾਂਦੇ ਨੇ। ਇਸ ਕਰਕੇ -

*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥ ਅੰਗ - 809*

ਬਾਲਮੀਕ ਨੂੰ ਕੀ ਹੋਇਆ ਸੀ? ਕਹਿੰਦੇ -

*ਬਾਲਮੀਕੈ ਹੋਆ ਸਾਧਸੰਗੁ॥ ਅੰਗ - 1192*

ਸਾਧੂ ਦਾ ਸੰਗ ਹੋ ਗਿਆ ਸੀ। ਪਤਾ ਨਹੀਂ ਪਿਛਲਾ ਤੱਪ ਸੀ ਕਿ ਨਹੀਂ,

ਉਹ ਤਾਂ ਬੰਦੇ ਮਾਰਦਾ ਸੀ–

*ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।*

***ਭਾਈ ਗੁਰਦਾਸ ਜੀ ਦੀ ਵਾਰ 10/19***

ਲੇਕਿਨ ਸਾਧੂ ਦੀ ਸੰਗਤ ਨੇ ਕੀ ਕਰਿਆ? ਦਇਆ ਵਿਚ ਆ ਗਏ ਸਾਧੂ, ਬਚਨ ਕਰ ਦਿਤਾ ਕਿ ਤੂੰ ਸਾਧਨ ਪੱਖ ਦੇ ਵਿਚ ਆ ਕੇ ਮਰਾ ਮਰਾ, ਮਰਾ ਮਰਾ ਕਰੀ ਜਾ। ਪਰੀਪੂਰਨ ਸ਼ਕਤੀ ਹੈ ਮਰਾ ਮਰਾ। ਰਾਮ ਰਾਮ ਕਿਉਂ ਨਹੀਂ ਦਿਤਾ ਕਿਉਂਕਿ ਅਧਿਕਾਰੀ ਨਹੀਂ ਸੀ। ਰਾਮ ਰਾਮ ਦੇ ਕਹਿਣ ਨਾਲ ਉਸੇ ਵੇਲੇ ਗਿਆਨ ਹੋ ਜਾਂਦਾ। ਗੁਰੂ ਨਾਨਕ ਸਾਹਿਬ ਨੇ ਜਿੰਨਿਆਂ ਨੂੰ ਉਪਦੇਸ਼ ਦਿੱਤਾ, ਸਾਧਨ ਪੱਖ ਨਹੀਂ ਕਰਾਇਆ ਗੁਰੂ ਸਾਹਿਬ ਨੇ ਕਿਤੇ ਵੀ। ਭੂਮੀਏ ਨੂੰ ਉਸੇ ਵੇਲੇ ਮੰਜੀ ਤੇ ਬਿਠਾ ਦਿਤਾ। ਸਜਨ ਠੱਗ ਨੂੰ, ਜਦੋਂ ਉਹਨੇ ਘਰ ਢਾਹ ਦਿਤੇ ਲੁਟਾ ਦਿਤੇ, ਫਿਰ ਨਹੀਂ ਕਿਹਾ ਕਿ ਸਜਨਾ ਹੁਣ ਤੱਪ ਕਰ।

ਕਹਿੰਦੇ, ਸਜਨਾ! "ਮੇਰੇ ਕੋਲ ਆ।" ਅੱਖਾਂ ਖੋਲ੍ਹ ਦਿੱਤੀਆਂ, ਦ੍ਰਿਸ਼ਟੀ ਖੋਲ੍ਹ ਦਿਤੀ, ਕਹਿੰਦੇ, "ਜਾਹ ਮੰਜੀ ਚੁੱਕ ਕੇ ਲਿਆ। ਹੁਣ ਇਸ ਮੰਜੀ ਤੇ ਬੈਠੀਂ, ਜਿਹੜਾ ਤੇਰੇ ਅੰਦਰ ਚਲ ਰਿਹਾ ਹੈ ਮਹਾਨ ਰਸ, ਇਹਨੂੰ ਵੰਡਦਾ ਤੁਰਿਆ ਜਾਈਂ ਸੰਸਾਰ ਨੂੰ। ਇਹ ਘਟੇਗਾ ਨਹੀਂ, 'ਤੋਟ ਨਾ ਆਵੇ ਵਧਦੋ ਜਾਈ॥' ਮਹਾਰਾਜ ਨੇ ਤਪ ਨਹੀਂ ਕਰਾਏ। ਮਹਾਰਾਜ ਨੇ ਗਿਆਨ ਦੇ ਕੇ ਸਿਧਾ ਹੀ ਜਗਿਆਸੂ ਨੂੰ ਸਿਰੇ ਚੁਕ ਦਿਤਾ, ਕ੍ਰਿਪਾ ਕਰ ਦਿੱਤੀ ਆਪਣੀ ਪੂਰੀ ਦੀ ਪੂਰੀ। ਸੋ ਇਸ ਤਰ੍ਹਾਂ ਸਾਧ ਸੰਗਤ ਜੀ, ਆਪਾਂ ਸਤਿਸੰਗ ਕਰਨ ਆਉਂਦੇ ਹਾਂ, ਠੀਕ ਹੈ ਦੁਨੀਆਂਦਾਰੀ ਦੇ ਵਿਚ ਹਾਂ, ਸੋਝੀ ਆਪਣੀ-ਆਪਣੀ ਹੈ, ਵਿਚਾਰ ਆਪਣੀ-ਆਪਣੀ ਹੈ ਲੇਕਿਨ ਹੁਣ ਜਿਹੜਾ ਕਹਿੰਦੇ ਸੀ –

*ਕਬੀਰ ਲੂਟਨਾ ਹੈ ਤ ਲੂਟ ਲੈ ਰਾਮ ਨਾਮ ਹੈ ਲੂਟਿ॥*
*ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ॥*

***ਅੰਗ – 1366***

ਰਾਮ ਦਾ ਨਾਮ ਜਿਹੜਾ ਹੈ – ਗਿਆਨ ਦਾ ਭੰਡਾਰਾ, ਇਹ ਸਾਰਾ ਅੰਦਰ ਪਿਐ, ਸਿਰਫ ਬੁਧੀ ਦਾ ਫਰਕ ਹੈ। ਬੁੱਧੀ ਬਦਲਾਉਣੀ ਹੈ। ਹੁਣ ਸਾਡਾ ਇਲਾਜ ਕੀ ਹੋਵੇ? ਉਹ ਤਾਂ ਸਮਰਥ ਪੁਰਸ਼ ਸੀ ਗੁਰੂ ਨਾਨਕ ਸਾਹਿਬ। ਸਾਡਾ ਪਹਿਲਾਂ ਤਾਂ ਗੁਰੂ ਗ੍ਰੰਥ ਸਾਹਿਬ ਤੇ ਵਿਸ਼ਵਾਸ ਹੀ ਨਹੀਂ ਆਉਂਦਾ। ਜੇ ਵਿਸ਼ਵਾਸ ਆਵੇ ਤਾਂ ਪਹਿਲੀ ਪਉੜੀ ਤੇ ਹੀ ਆ ਜਾਵੇ। ਪਹਿਲੀ ਪਉੜੀ ਕੀ ਹੈ?

*ਨਿਰੰਕਾਰੁ ਆਕਾਰੁ ਹੋਇ*
*ਏਕੰਕਾਰੁ ਅਪਾਰੁ ਸਦਾਇਆ॥*

***ਭਾਈ ਗੁਰਦਾਸ ਜੀ ਦੀ ਵਾਰ 26/2***

ਨਿਰੰਕਾਰ ਨੇ ਏਕੰਕਾਰ ਦਾ ਸਰੂਪ ਧਾਰਿਆ। ਜਿਹੜੇ ਅਗਲੇ ਅੱਖਰ ਨੇ,

ਏਕੰਕਾਰ ਦੀ ਵਿਆਖਿਆ ਕਰਦੇ ਨੇ ਕਿ ਏਕੰਕਾਰ ਹੈ ਕੀ। ਕਹਿੰਦੇ ਉਹ ਸਤਿ ਹੈ, ਨਾਮ ਹੈ, ਕਰਤਾ ਹੈ, ਪੁਰਖ ਹੈ, ਗੁਰ ਪ੍ਰਸਾਦਿ ਹੈ। ਫਿਰ ਉਹੀ ਆਦਿ ਵਿਚ, ਉਹੀ ਪਸਾਰੇ ਵਿਚ, ਉਹੀ ਹੁਣ, ਜਦ ਕੁਝ ਵੀ ਨਹੀਂ ਹੋਵੇਗਾ, ਜਦ ਵੀ ਉਹੀ, ਉਹ ਆਪ ਹੀ ਖੇਲ੍ਹ ਕਰ ਰਿਹਾ ਹੈ। ਪਰ ਮੂਲ ਮੰਤਰ ਤੇ ਹੀ ਸਾਡਾ ਵਿਸ਼ਵਾਸ ਨਹੀਂ ਆਉਂਦਾ, ਇਥੇ ਹੀ ਆਪਾਂ ਗਲਤ ਹੋਏ ਹੋਏ ਹਾਂ। ਫਿਰ ਕਰਿਆ ਕੀ ਜਾਵੇ ? ਕਹਿੰਦੇ, ਤੂੰ ਸਾਧਨਾ ਕਰ, ਸੰਗਤ ਵਿਚ ਆ, ਸੇਵਾ ਕਰ, ਸਿਮਰਨ ਕਰ, ਬਾਣੀ ਦਾ ਪਾਠ ਕਰ। ਜਿਹੜੀਆਂ ਕੁਰੀਤੀਆਂ ਨੇ, ਅੰਦਰ ਕਬਾੜ ਭਰਿਆ ਪਿਐ, ਉਹਨੂੰ ਕੱਢ ਦੇ ਬਾਹਰ। ਜਿਉਂ ਜਿਉਂ ਤੇਰਾ ਵਿਸ਼ਵਾਸ ਵਧੇਗਾ, ਤਿਉਂ ਤਿਉਂ ਤੇਰੇ ਜੀਵਨ ਵਿਚ ਤਬਦੀਲੀ ਆਏਗੀ। ਜਦ ਵਿਸ਼ਵਾਸ ਵੱਧ ਗਿਆ, ਫੇਰ ਕੀ ਹੁੰਦੈ ? ਮਹਾਰਾਜ ਕਹਿੰਦੇ, "ਭਾਈ ਘਨਈਆ ! ਕਿਹਨੂੰ ਪਾਣੀ ਪਿਲਾਉਂਦਾ ਸੀ ?" ਕਹਿੰਦਾ, "ਮਹਾਰਾਜ ! ਤੇਰੇ ਬਗੈਰ ਕੋਈ ਹੈ ਸੰਸਾਰ ਤੇ ? ਮੈਂ ਤਾਂ ਤੇਰੇ ਪਿਆਰ ਵਿਚ, ਰੰਗ ਵਿਚ ਰੱਤਿਆ ਹੋਇਆ ਤੈਨੂੰ ਹੀ ਸਵੇਰ ਤੋਂ ਸ਼ਾਮ ਤੱਕ ਪਾਣੀ ਪਿਲਾਈ ਜਾਂਦਾ ਹਾਂ।" ਸਾਧਨ ਦੇ ਨਾਲ ਉਹ ਪਹੁੰਚ ਗਿਆ ਉਥੇ। ਸੋ ਅਸੀਂ ਹਾਂ ਗ੍ਰਿਹਸਤੀ ਆਦਮੀ, ਐਨਾ ਗਿਆਨ ਤਾਂ ਹੈ ਨਹੀਂ, ਸਾਡੀ ਕਮਾਈ ਵੀ ਐਨੀ ਨਹੀਂ ਹੈ ਕਿ ਇਕ ਦਮ ਗੱਲ ਕੀਤੀ ਤੇ ਸਾਰਿਆਂ ਤੇ ਅਸਰ ਕਰ ਜਾਊ। ਨਾ, ਬਿਲਕੁਲ ਨਹੀਂ। ਸਾਨੂੰ ਜਿਹੜਾ ਗੁਰੂ ਗ੍ਰੰਥ ਸਾਹਿਬ ਵਿਚ ਰਸਤਾ ਦੱਸਿਆ ਹੋਇਐ –

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ***
***ਮਨ ਤਨ ਭਏ ਅਰੋਗਾ॥*** ***ਅੰਗ – 611***

ਨਾਮ ਜਪਣਾ, ਸੇਵਾ ਕਰਨੀ; ਸੇਵਾ ਕਰਨ ਦੇ ਤਰੀਕੇ ਦੱਸੇ ਹੋਏ ਨੇ ਕਿ ਸੇਵਾ ਥਾਂ ਕਿਵੇਂ ਪੈਂਦੀ ਹੈ। ਇਸ ਤਰ੍ਹਾਂ ਦੇ ਨਾਲ ਜਦ ਅਸੀਂ ਹੌਲੀ ਹੌਲੀ ਚਲਾਂਗੇ, ਸਤਿਸੰਗ ਵਿਚ ਆਵਾਂਗੇ, ਪਿਛਲੇ ਵਿਕਾਰ ਘਟਣਗੇ, ਵਿਸ਼ਵਾਸ ਵਧਦਾ ਤੁਰਿਆ ਜਾਏਗਾ। ਜਦ ਪੂਰਾ ਵਧ ਜਾਏਗਾ, ਫੇਰ ਸਾਡਾ ਛੁਟਕਾਰਾ ਹੋ ਜਾਏਗਾ, ਕੋਈ ਮਹਾਤਮਾ ਆ ਜਾਏਗਾ, ਕ੍ਰਿਪਾ ਕਰਕੇ ਇਸ ਰਸਤੇ ਤੇ ਇਕ ਦਮ ਪਾ ਦਏਗਾ। ਆਪਾਂ ਤਾਂ ਜਗਿਆਸੂ ਤੁਰੇ ਜਾ ਰਹੇ ਹਾਂ, ਸੰਗਤ ਦੇ ਰੂਪ ਵਿਚ ਤੁਰੇ ਜਾ ਰਹੇ ਹਾਂ। ਗੁਰੂ ਸਾਡਾ ਹਾਜ਼ਰ ਨਾਜ਼ਰ ਹੈ। ਇਹਦੇ ਵਿਚ ਇਕ ਅੱਖਰ ਨਹੀਂ ਵਧਾਇਆ ਜਾ ਸਕਦਾ, ਅਗਰ ਮਗਰ ਕਰਕੇ ਅਰਥ ਨਹੀਂ ਕੀਤੇ ਜਾ ਸਕਦੇ। contrast (ਫਰਕ) ਕਿਤੇ ਹੈ ਹੀ ਨਹੀਂ, ਜਿਥੇ ਹੈ ਉਥੇ ਪਤਾ ਲਗ ਜਾਂਦਾ ਹੈ ਕਿ ਇਹ ਗਲਤ ਬੋਲ ਰਿਹੈ, ਕੱਚੀ ਬਾਣੀ ਬੋਲ ਰਿਹੈ, ਪੱਕੀ ਗੱਲ ਨਹੀਂ ਇਹ ਕਰ ਰਿਹੈ। ਸੋ ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਤੇ ਵਿਸ਼ਵਾਸ ਰੱਖੋ। ਕਿਤਾਬਾਂ ਉਤੇ ਵਿਸ਼ਵਾਸ ਨਾ ਰੱਖੋ, ਕਿਤਾਬ ਤਾਂ ਦਿਮਾਗ ਦੀ ਮੈਲ ਹੈ ਜਿਵੇਂ ਆਪਾਂ ਨੱਕ ਸਿਣਕਦੇ ਹਾਂ, ਐਸ ਤਰ੍ਹਾਂ ਹੈ। ਆਪਣੇ ਆਪਣੇ ਦਿਮਾਗ ਦੀ ਮੈਲ ਕੱਢ ਕੇ ਭਰੀਆਂ ਪਈਆਂ ਨੇ। ਇਹ ਜੋ ਬਾਣੀ ਹੈ, ਇਹ

ਧੁਰ ਦੀ ਹੈ। ਇਸ ਬਾਣੀ ਉਪਰ ਵਿਸ਼ਵਾਸ ਰੱਖੋ, ਇਸ ਤੋਂ guidance (ਸੇਧ) ਲਓ, light ਲਓ, ਇਸ ਦਾ ਕਿਹਾ ਮੰਨੋ –

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ*
*ਸਤਿ ਸਤਿ ਕਰਿ ਮਾਨੀ॥* *ਅੰਗ – 669*

ਸਤਿਗੁਰੂ ਆਗਿਆ ਕੀ ਦਿੰਦਾ ਹੈ? ਇਹ ਵੀ ਸਮਝ ਲਓ ਕਿ ਸਤਿਗੁਰੂ ਆਗਿਆ ਵੀ ਦਿੰਦੇ ਨੇ? ਸਤਿਗੁਰੂ ਆਗਿਆ ਦਿੰਦਾ ਹੈ –

*ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ॥* *ਅੰਗ – 23*
*ਆਪੇ ਰਸੀਆ ਆਪ ਰਸ,..............॥*
*ਅੰਗ – 23*

ਆਗਿਆ ਹੈ ਇਹ ਗੁਰੂ ਦੀ, ਇਸ ਤੇ ਵਿਸ਼ਵਾਸ ਲਿਆਓ। ਗਿਆਨੀ ਨਾ ਬਣਿਓ। ਮੈਂ ਤੁਹਾਨੂੰ ਆਪਣੀ ਸਾਰੀ ਜ਼ਿੰਦਗੀ ਦਾ ਤਜਰਬਾ ਦਸਦਾਂ। ਜੇ ਗਿਆਨੀ ਬਣ ਗਏ ਕਿ ਮੈਂ ਇਹ ਜਾਣਦਾ ਹਾਂ, ਕੋਈ ਮਹਾਤਮਾ ਬਚਨ ਕਰਦੈ, ਇਹ ਕਹੇ ਕਿ ਮੈਂ ਤਾਂ ਜਾਣਦਾਂ, ਬੱਸ ਉਹ ਤਾਂ ਗਿਆ। ਜੇ ਕੁਝ ਖਟਣਾ ਹੈ, ਖਾਲੀ ਹੋ ਜਾਉ ਬਿਲਕੁਲ, totally ਖਾਲੀ, blank (ਖਾਲੀ) ਹੋ ਕੇ ਗੁਰੂ ਕੋਲ ਆਉ। ਪਹਿਲੀ ਪਉੜੀ ਦਾ ਹੀ ਤੁਹਾਡੇ ਉਤੇ ਅਸਰ ਹੋ ਜਾਣਾ ਹੈ। ਉਹਦੇ ਅਧਿਐਨ 'ਚ ਲੱਗ ਜਾਉ। ਉਸਦੇ ਵਿਚ ਹੀ ਅਗਾਹਾਂ ਇੰਤਜਾਮ, ਬਹੁਤ ਸੋਹਣਾ ਚਲਦੈ। ਸਚਖੰਡ ਦਾ ਇਤਜ਼ਾਮ, ਅਸੀਂ ਜਾਣ ਨਹੀਂ ਸਕਦੇ। ਮਹਾਰਾਜ ਕਹਿੰਦੇ, ਜਾਣਨਾ ਔਖਾ ਹੈ। ਲੇਕਿਨ ਸਾਨੂੰ ਵਿਸ਼ਵਾਸ ਹੈ, ਉਹ ਚਲਦਾ ਬਹੁਤ ਜਬਰਦਸਤ ਹੈ, ਇਕ ਇਕ ਰੂਪ ਨੂੰ ਸੰਭਾਲਦਾ ਫਿਰਦਾ ਹੈ ਉਹ ਜਿਥੇ ਵੀ creation (ਸ੍ਰਿਸ਼ਟੀ) ਹੈ – ਅਰਬਾਂ ਖਰਬਾਂ ਬ੍ਰਹਿਮੰਡਾਂ 'ਚ, ਸਾਡਾ ਮਾਲਕ ਸਦਾ ਜਾਗਦੈ, ਉਹ ਸਾਡੇ ਅੰਦਰ ਹੈ, ਸਹਾਈ ਹੈ। ਜਦੋਂ ਵਹਿਗੁਰੂ ਵਾਹਿਗੁਰੂ ਕਹਿਣੈ, ਉਹਦਾ ਨਾਉਂ ਹੈ ਵਾਹਿਗੁਰੂ। ਨਾਉਂ ਤਾਂ ਕੋਈ ਹੈ ਹੀ ਨਹੀਂ, ਅਸੀਂ ਉਸ ਨੂੰ ਵਾਹਿਗੁਰੂ ਕਹਿੰਦੇ ਹਾਂ ਉਸ ਹਸਤੀ ਨੂੰ।

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨਾ ਘਾਟ ਹੈ ਨ ਬਾਢ ਹੈ,*
*ਨ ਘਾਟਿ ਬਾਢਿ ਹੋਤ ਹੈ॥* *ਅਕਾਲ ਉਸਤਤਿ*

ਉਹ ਅਖੰਡ ਜੋਤ ਹੈ, ਦੀਵਾ ਨਹੀਂ ਮਚਦਾ, ਦੀਵਾ ਤਾਂ ਤੇਲ ਮੁੱਕਣ ਤੇ ਬੁਝ ਜਾਇਆ ਕਰਦਾ ਹੈ। ਬਹੁਤ ਸਾਰੇ ਪ੍ਰੇਮੀ ਗਲਤੀਆਂ ਖਾ ਜਾਂਦੇ ਨੇ। ਉਹ ਜੋਤ ਹੈ ਗਿਆਨ ਦੀ। ਸਾਡੇ ਅੰਦਰ ਜਿਹੜੀ sense (ਬੁੱਧੀ) ਹੈ, ਇਸ ਸੋਟੀ ਵਿਚ ਨਹੀਂ ਹੈ, ਮੇਰੇ ਵਿਚ ਹੈਗੀ। ਇਹ ਜਿਹੜੀ ਮੇਰੀ ਜਾਗਰਤ ਹੈ,

ਇਹਨੂੰ ਜੋਤ ਕਹਿੰਦੇ ਹਨ, ਇਹਦੇ ਵਿਚੇ ਵਾਹਿਗੁਰੂ ਹੈ -

*ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ*
*ਅਕਲ ਕਲਾ ਭਰਪੂਰਿ ਰਹਿਆ॥ ਅੰਗ - 469*

ਉਹ ਜਿਹੜਾ ਐਨਾ ਨੇੜੇ ਵਸਦੈ, ਥੋੜ੍ਹਾ ਚਿਰ ਭਜਨ ਕਰ ਲਉ ਉਸਦਾ, ਕੋਈ ਗੱਲ ਨਹੀਂ। ਲੰਬੇ ਫੁਰਨੇ ਲੈ ਕੇ, ਕਦੇ ਊਂਘਣਾ, ਕਦੇ ਜਾਗਣਾ, ਕਦੇ ਬਿਰਤੀ ਔਹ ਗਈ; ਔਹ ਗਈ। ਉਹਦੇ ਨਾਲੋਂ ਤਾਂ ਭਜਨ ਥੋੜ੍ਹਾ ਚਿਰ ਕਰ ਲਓ ਪਰ ਇਉਂ ਸਮਝੋ ਕਿ ਮੇਰਾ ਜਿਹੜਾ ਮਾਲਕ ਹੈ, ਉਹ ਮੇਰੇ ਨਾਲ ਹੈ। ਅਗਲੀ ਗੱਲ ਤਾਂ ਸੰਤਾਂ ਨੇ ਦੱਸਣੀ ਹੈ ਕਿ ਤੇਰਾ ਮਾਲਕ ਤੇਰੇ ਨਾਲ ਹੈ, ਤੂੰ ਤਾਂ ਹੈ ਹੀ ਨਹੀਂ। ਜਦ ਤੂੰ ਹੈਗਾ -

*ਜਬ ਹਮ ਹੋਤੇ ਤਬ ਤੂ ਨਾਹੀ*
*ਅਬ ਤੂਹੀ ਮੈ ਨਾਹੀ॥ ਅੰਗ - 657*

ਇਹ ਤਾਂ ਵਾਹਿਗੁਰੂ ਆਪ ਹੀ ਖੇਡ ਕਰ ਰਿਹੈ ਸਾਰੇ ਸਰੀਰਾਂ ਵਿਚ। ਇਥੇ ਕੀ 'ਮੈਂ' ਧਾਰਨੀ ਹੈ, ਕੀ ਸੰਤ ਬਣਨੈ। ਇਹਨਾਂ ਤਰੀਕਿਆਂ ਨਾਲ ਆਪਾਂ ਬਹੁਤ ਛੇਤੀ ਅਗਾਹਾਂ ਲੰਘ ਜਾਵਾਂਗੇ ਕਿਉਂਕਿ ਦੂਜੇ ਪਾਸੇ ਕਲਯੁਗ ਦੀ ਜੋ ਹਨ੍ਹੇਰੀ ਚਲਦੀ ਹੈ ਨਾ, ਖਿਆਲਾਂ ਦੀ ਹਨ੍ਹੇਰੀ ਚਲਦੀ ਹੈ, ਉਹ ਬਹੁਤ ਜਬਰਦਸਤ ਹੈ ਇਸ ਵੇਲੇ। ਸੋ ਭਜਨ ਕਰਨ ਵੇਲੇ ਸਭ ਤੋਂ ਪਹਿਲਾਂ ਮੰਨ ਨੂੰ ਮਨਾਉ। ਜੇ ਤਾਂ ਅੰਦਰ ਗਿਆਨ ਹੈ ਫੇਰ ਤਾਂ ਪਤਾ ਲਗ ਜਾਂਦਾ ਹੈ ਕਿ ਮੈਂ ਤਾਂ ਸੱਚੀ ਮੁੱਚੀ ਹੀ ਨਹੀਂ ਹੈਗਾ, ਐਵੇਂ ਆਪਣੇ ਆਪ ਨੂੰ ਬਣਾਉਂਦਾ ਫਿਰਦਾਂ। ਜੇ ਮੈਂ ਮੰਨਦਾਂ ਕਿ ਮੈਂ ਹੈਗਾ, ਫਿਰ 'ਮੈਂ' ਬਣਿਆ ਰਹਿ, ਅਰਬਾਂ ਖਰਬਾਂ ਸਾਲਾਂ ਤੋਂ ਪਹਿਲਾਂ ਵੀ ਬਣਿਆ ਹੋਇਐਂ। ਜਦ ਤੱਕ ਮੈਂ ਨਹੀਂ ਮਿਟਦੀ, ਤਿਆਗ ਨਹੀਂ ਹੁੰਦਾ -

*ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ॥*
*ਅੰਗ - 1140*

ਜਿੰਨਾ ਚਿਰ ਮੈਂ ਦਾ ਤਿਆਗ ਨਹੀਂ ਹੁੰਦਾ, ਤਿਆਗ ਨਹੀਂ ਹੋਇਆ ਕਰਦਾ। ਸੋ ਵਾਹਿਗੁਰੂ ਦੀ ਕ੍ਰਿਪਾ ਹੈ, ਤੁਹਾਨੂੰ chance (ਮੌਕਾ) ਦੇ ਦਿਤਾ ਉਹਨੇ ਸਤਿਸੰਗ ਵਿਚ ਆਉਣ ਦਾ। ਕੋਈ ਸੜਕ ਨਹੀਂ, ਕੋਈ ਸਵਾਰੀਆਂ ਨਹੀਂ ਇਥੇ, ਕੋਈ ਸਾਧਨ ਨਹੀਂ ਆਉਣ ਦਾ, ਇਕ ਰੁਖ ਦੇ ਉਤੇ ਸਥਾਨ ਹੈ। ਵਾਹਿਗੁਰੂ ਜਾਣੇ ਤੁਸੀਂ ਕਿਸ ਤਰ੍ਹਾਂ ਦੇ ਨਾਲ ਫਿਰ ਇਕੱਠੇ ਹੋ ਜਾਂਦੇ ਹੋਂ - ਹਰ ਐਤਵਾਰ ਨੂੰ, ਹਰ ਪੂਰਨਮਾਸ਼ੀ ਨੂੰ, ਸ਼ੰਗਰਾਂਦ ਨੂੰ। ਇਕੱਠੇ ਹੋ ਕੇ ਫਿਰ ਸੇਵਾ ਕਰਦੇ ਹੋ। ਮੈਨੂੰ ਬਹੁਤ ਸਤਿਕਾਰ ਹੈ ਤੁਹਾਡਾ, ਸਾਧ ਸੰਗਤ ਦਾ। ਮੈਂ ਤਾਂ ਕਹਿੰਦਾ ਹਾਂ ਕਿ ਇਹਨਾਂ ਦੇ ਪ੍ਰਤਾਪ ਨਾਲ ਸਾਡਾ ਵੀ ਉਧਾਰ ਹੋ ਜਾਣੈ। ਮਹਾਰਾਜ ਨੇ ਕ੍ਰਿਪਾ ਕਰ ਦੇਣੀ ਹੈ। ਸੋ ਵਾਹਿਗੁਰੂ ਕਿਰਪਾ ਕਰਨ, ਸਾਨੂੰ ਅਸਲੀ ਸੋਝੀ ਦੇਣ, ਬਣੀਏ ਨਾ ਕੁਝ ਵੀ।

ਉਹ ਤਾਂ ਅਣਜਾਣ ਹੈ ਜਿਹੜਾ ਕਹਿੰਦਾ ਹੈ ਕਿ ਮੈਂ ਜਾਣਿਐਂ। ਜਾਨਣਾ ਨਹੀਂ, ਬੁੱਝਣਾ ਹੈ; ਬੁੱਝ ਗਿਆ ਤਾਂ ਅਨੰਦ ਆ ਜਾਣਾ ਹੈ, ਫਿਰ ਹੋਰ ਕਾਸੇ ਦੀ ਲੋੜ ਹੀ ਨਹੀਂ ਰਹਿੰਦੀ।

***ਵਾਹਿਗੁਰੂ ਜੀ ਕਾ ਖਾਲਸਾ॥***
***ਵਾਹਿਗੁਰੂ ਜੀ ਕੀ ਫਤਹਿ॥***

# ਹਉਮੈ ਦੀਰਘ ਰੋਗੁ ਹੈ
# (ਅਮੋਲਕ ਬਚਨ)

(**ਨੋਟ** – ਬਾਬਾ ਜੀ ਦੀ ਮਿਤੀ – 14-11-99 ਨੂੰ ਐਸਕੋਰਟ ਹਸਪਤਾਲ, ਦਿੱਲੀ ਵਿਖੇ ਬਾਈਪਾਸ ਸਰਜਰੀ ਹੋਈ ਸੀ ਜਿਸ ਕਾਰਨ ਸਾਲ 1999 ਦਾ ਸਾਲਾਨਾ ਸਮਾਗਮ ਰਤਵਾੜਾ ਸਾਹਿਬ ਨਹੀਂ ਸੀ ਮਨਾਇਆ ਗਿਆ। ਬਾਬਾ ਜੀ ਦੀ ਸਿਹਤ ਪੂਰੀ ਤਰ੍ਹਾਂ ਠੀਕ ਨਾ ਹੋਣ ਕਰਕੇ ਸੰਗਤਾਂ ਦੇ ਅੰਦਰ ਉਦਾਸੀ ਜਿਹੀ ਛਾਈ ਹੋਈ ਸੀ। ਹਫਤਾਵਾਰੀ ਸਤਿਸੰਗ, ਸੰਗਰਾਂਦ, ਪੂਰਨਮਾਸ਼ੀ ਦੇ ਦੀਵਾਨ ਭਾਈ ਸਾਹਿਬ ਲਖਬੀਰ ਸਿੰਘ ਜੀ ਵਲੋਂ ਲਗਾਏ ਜਾਂਦੇ ਸਨ ਕਿਉਂਕਿ ਡਾਕਟਰਾਂ ਨੇ ਬਾਬਾ ਜੀ ਨੂੰ ਜ਼ਿਆਦਾ ਬੋਲਣਾ ਮਨ੍ਹਾਂ ਕੀਤਾ ਹੋਇਆ ਸੀ ਅਤੇ ਸੰਗਤ ਨੂੰ ਮਿਲਣ ਤੇ ਵੀ ਪਾਬੰਦੀ ਲਗਾਈ ਹੋਈ ਸੀ। ਪਰ ਨਾ ਤਾਂ ਸੰਗਤ ਹੀ ਬਾਬਾ ਜੀ ਨੂੰ ਮਿਲੇ ਬਿਨਾ ਰਹਿ ਸਕਦੀ ਸੀ ਅਤੇ ਨਾ ਹੀ ਆਪ ਸੰਗਤ ਤੋਂ ਬਗੈਰ ਕਿਉਂਕਿ ਸੰਗਤ ਨੂੰ ਪਿਆਰ ਹੀ ਆਪ ਪਾਸੋਂ ਐਨਾ ਮਿਲ ਰਿਹਾ ਸੀ। ਇਸ ਦੇ ਨਾਲ ਹੀ ਇਹ ਵੀ ਸੀ ਕਿ ਆਪ ਬਚਨ ਕਰਿਆ ਕਰਦੇ ਸਨ ਕਿ ਗੁਰੂ ਦੀ ਗੱਲ ਕਰਦਿਆਂ, ਸਤਿਸੰਗ ਕਰਦਿਆਂ ਸਾਨੂੰ ਥਕੇਵਾਂ ਬਿਲਕੁਲ ਵੀ ਨਹੀਂ ਹੁੰਦਾ ਭਾਵੇਂ ਕਿੰਨੇ ਘੰਟੇ ਲਗਾਤਾਰ ਕਰਦੇ ਰਹੀਏ। ਇਹ ਬਚਨ ਬਾਬਾ ਜੀ ਨੇ ਬਾਈਪਾਸ ਸਰਜਰੀ ਤੋਂ ਕੋਈ ਦੋ ਢਾਈ ਮਹੀਨੇ ਬਾਅਦ ਰਤਵਾੜਾ ਸਾਹਿਬ ਵਿਖੇ ਹਫਤਾਵਾਰੀ ਦੀਵਾਨ ਵਿਚ ਮਿਤੀ 14-11-1999 ਨੂੰ ਕੀਤੇ ਸਨ।)

ਸਾਧ ਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਦੂਰ ਦਰਾਜ਼ ਤੋਂ ਆ ਕੇ ਗੁਰੂ ਮਹਾਰਾਜ ਜੀ ਦੀ ਅਪਾਰ ਕਿਰਪਾ ਸਦਕੇ ਕਲਜੁਗ ਦੇ ਭਿਆਨਕ ਸਮੇਂ ਗੁਰੂ ਚਰਨਾਂ ਨਾਲ ਜੁੜੇ ਹੋ। ਕਲਜੁਗ ਦਾ ਸਮਾਂ ਸੱਚਮੁੱਚ ਹੀ ਭਿਆਨਕ ਹੈ ਜਦੋਂ ਕਿ ਸਾਰੇ ਖਿਆਲ ਉਥਲ-ਪੁੱਥਲ ਹੋ ਰਹੇ ਹਨ। ਆਦਮੀ ਐਨਾ ਰੁਝ ਗਿਆ ਹੈ ਕਿ ਉਸ ਨੂੰ ਇਹੀ ਨਹੀਂ ਪਤਾ ਲਗਦਾ ਕਿ ਮੈਂ ਕੌਣ ਹਾਂ। ਮੇਰੇ ਸੰਸਾਰ ਵਿਚ ਆਉਣ ਦਾ ਕੀ ਮਨੋਰਥ ਹੈ। ਜਿਸ ਨੂੰ ਏਸ ਗੱਲ ਦਾ ਵੀ ਪਤਾ ਲੱਗ ਗਿਆ ਕਿ ਮੇਰਾ ਮਨੋਰਥ ਹੈ –

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***

***ਅੰਗ – 12***

ਉਸ ਨੂੰ ਵੀ ਰਸਤਾ ਨਹੀਂ ਲੱਭ ਰਿਹਾ ਕਿ ਮਿਲੇ ਕਿਵੇਂ? ਬੜੀ ਸਮੱਸਿਆ ਹੈ ਸਾਡੇ ਸਾਹਮਣੇ। ਪਹਿਲਾਂ ਤਾਂ ਵਾਹਿਗੁਰੂ ਦੀ ਜਾਣ ਪਛਾਣ ਨਹੀਂ ਹੈ ਸਾਨੂੰ ਕਿ ਕਿੱਥੇ ਰਹਿੰਦਾ ਹੈ? ਕਿਹੋ ਜਿਹੀ ਉਸ ਦੀ ਸ਼ਕਲ ਹੈ? ਕੋਈ ਚਾਰ ਬਾਹਾਂ ਵਾਲਾ ਗਿਣਦਾ ਹੈ, ਕਿਸੇ ਨੇ ਉਸ ਨੂੰ ਬਿਰਧ ਦੀ ਸ਼ਕਲ ਦਿੱਤੀ ਹੋਈ ਹੈ, ਅਨੇਕਾਂ ਕਿਸਮ ਦੇ ਖਿਆਲ ਨੇ। ਅਸੀਂ ਚਾਹੁੰਦੇ ਹਾਂ ਕਿ ਮਿਲੇ ਤਾਂ ਸਹੀ, ਪਰ

ਸਾਡੇ ਵਰਗਾ ਹੀ ਹੋਣਾ ਚਾਹੀਦਾ ਹੈ ਜਿਸ ਦੇ ਚਰਨਾਂ ਨੂੰ ਹੱਥ ਲਾ ਸਕੀਏ, ਜਿਹੜਾ ਘੁੱਟ ਕੇ ਪਿਆਰ ਕਰ ਸਕੇ। ਇਹੋ ਜਿਹਾ ਰੱਬ ਅਸੀਂ ਭਾਲਦੇ ਹਾਂ, ਇਹ ਸਾਡਾ ਆਪਣਾ ਖਿਆਲ ਹੈ। ਗੁਰੂ ਮਹਾਰਾਜ ਜੀ ਏਸ ਮਸਲੇ ਤੇ ਸਾਨੂੰ ਰਾਹ ਦਸਦੇ ਨੇ। ਕਾਰੋਬਾਰ ਛੱਡ ਕੇ ਤੁਸੀਂ ਏਥੇ ਆਉਂਦੇ ਹੋ। ਇਕ ਮਸਲਾ ਹੈ ਸਾਡੇ ਸਾਹਮਣੇ ਕਿ ਕਿਵੇਂ ਮਿਲਿਆ ਜਾਵੇ? ਕੌਣ ਮਿਲਾਵੇ? ਉਹ ਕਿਥੇ ਹੈ? ਜਦੋਂ ਮਿਲੇਗਾ ਫੇਰ ਕਿਹੋ-ਜਿਹਾ ਸਾਨੂੰ ਅਨੁਭਵ ਹੋਏਗਾ? ਇਨ੍ਹਾਂ ਗੱਲਾਂ ਦੇ ਕੋਈ ਨਿਬੇੜੇ ਨਹੀਂ ਹੁੰਦੇ। ਲਗਾਤਾਰ ਸਤਿਸੰਗ ਕਰਦੇ ਤੁਰੇ ਜਾ ਰਹੇ ਹਾਂ, ਸਾਲਾਂ ਦੇ ਸਾਲ ਬੀਤ ਗਏ ਪਰ ਉਹ ਮਿਲਦਾ ਕਿਉਂ ਨਹੀਂ ਹੈ? ਫੇਰ ਮਹਾਂਪੁਰਸ਼ ਇਹ ਦਸਦੇ ਨੇ, ਗੁਰੂ ਦਸਦੇ ਨੇ ਕਿ ਸਭ ਤੋਂ ਨੇੜੇ ਜੇ ਕੋਈ ਚੀਜ਼ ਹੈ ਤਾਂ ਪ੍ਰਮੇਸ਼ਰ ਹੈ। ਅੱਖ ਦੀ ਪੁਤਲੀ ਵੀ ਦੂਰ ਹੈ, ਉਸ ਤੋਂ ਵੀ ਨੇੜੇ ਹੈ। ਹੱਥ ਦੇ ਉਤੇ ਪਈ ਹੋਈ ਚੀਜ਼ ਤੋਂ ਵੀ ਨੇੜੇ ਹੈ। ਫੇਰ ਮਿਲਿਆ ਕਿਵੇਂ ਜਾਵੇ? ਮਹਾਰਾਜ ਜੀ ਕਹਿੰਦੇ ਅਜੇ ਤੈਨੂੰ ਉਹ ਅੱਖ ਨਹੀਂ ਮਿਲੀ ਜਿਸ ਦੇ ਨਾਲ ਤੂੰ ਪ੍ਰਮੇਸ਼ਰ ਨੂੰ ਅਨੁਭਵ ਕਰ ਸਕੇਂ। ਤੈਨੂੰ ਜਿਹੜੇ ਔਜ਼ਾਰ ਮਿਲੇ ਨੇ ਉਹ ਪੰਜ ਨੇ। ਦੋ ਅੱਖਾਂ ਨੇ, ਨੱਕ ਹੈ, ਕੰਨ ਨੇ, ਜਿਹਬਾ ਹੈ, ਸਪਰਸ਼ ਸ਼ਕਤੀ ਹੈ, ਇਹ ਚੀਜ਼ਾਂ ਸਾਨੂੰ ਮਿਲੀਆਂ ਹੋਈਆਂ ਨੇ। ਇਨ੍ਹਾਂ ਦੇ ਵਿਚ ਉਹ ਪ੍ਰਮੇਸ਼ਰ ਨਹੀਂ ਆਉਂਦਾ। ਸਾਨੂੰ ਉਹ ਚੀਜ਼ ਹੀ ਨਹੀਂ ਮਿਲੀ ਹੋਈ ਜਿਸ ਦੇ ਨਾਲ ਪ੍ਰਮੇਸ਼ਰ ਨੂੰ ਦੇਖ ਸਕੀਏ। ਤਾਂ ਫੇਰ ਕੀ ਅਸੀਂ ਬਿਨਾ ਦਰਸ਼ਨ ਕਰਿਆਂ ਹੀ ਸੰਸਾਰ ਤੋਂ ਚਲੇ ਜਾਵਾਂਗੇ? ਸਾਡੀ ਵਾਰੀ ਏਸ ਤਰ੍ਹਾਂ ਹੀ ਲੰਘ ਜਾਏਗੀ? ਮਹਾਰਾਜ ਜੀ ਕਹਿੰਦੇ ਤੇਰੀ ਵਾਰੀ ਆਈ ਹੋਈ ਹੈ, ਤੂੰ ਉਸਨੂੰ ਮਿਲ ਲੈ ਤੇਰਾ ਕੰਮ ਏਹੀ ਹੈ -

***ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਅੰਗ - 12***

ਏਸ ਕੰਮ ਨੂੰ ਛੱਡ ਕੇ ਜਿੰਨੇ ਤੂੰ ਹੋਰ ਕੰਮ ਕਰ ਰਿਹਾ ਹੈਂ ਉਹ ਫਜ਼ੂਲ ਨੇ, ਕਿਸੇ ਲੇਖੇ ਵਿਚ ਨਹੀਂ ਆਉਂਦੇ। ਦਿਨ ਦਿਨ ਕਰਕੇ, ਛਿਨ ਛਿਨ ਕਰਕੇ ਤੇਰੀ ਉਮਰ ਬੀਤਦੀ ਜਾਂਦੀ ਹੈ, ਸਮਾਂ ਘਟ ਰਿਹਾ ਹੈ ਤੇਰਾ। ਗਹਿਰੀਆਂ ਫਿਲਾਸਫੀਆਂ ਵਿਚ ਜਾਣ ਦੀ ਲੋੜ ਨਹੀਂ ਹੈ। ਪ੍ਰਾਕਿਰਤੀ ਜਦੋਂ ਤੋਂ ਉਪਜੀ ਹੈ ਇਸ ਦੀ ਹਰ ਛਿਨ ਦੇ ਵਿਚ ਤਬਦੀਲੀ ਹੋ ਰਹੀ ਹੈ। ਇਸ ਦੀਆਂ ਚਾਰ ਹਾਲਤਾਂ ਹੁੰਦੀਆਂ ਨੇ - ਇਕ ਨਜ਼ਰ ਆ ਜਾਣਾ, ਵਜੂਦ ਕਾਇਮ ਹੋ ਜਾਣਾ, ਫੇਰ ਦੂਸਰੀ ਹੁੰਦੀ ਹੈ ਵਧਦੇ ਜਾਣਾ। ਤੀਸਰੀ ਹੋਇਆ ਕਰਦੀ ਹੈ ਘਟਦੇ ਜਾਣਾ। ਚੌਥੀ ਹੋਇਆ ਕਰਦੀ ਹੈ ਫੇਰ ਦਿਸਣ ਤੋਂ ਹਟ ਜਾਣਾ। ਇਹ ਪ੍ਰਾਕਿਰਤੀ ਦਾ ਸੁਭਾਅ ਹੈ। ਇਹ ਇਸੇ ਤਰ੍ਹਾਂ ਚਲਦੀ ਹੈ, ਆਪਣੇ ਨਿਯਮ ਦੇ ਮੁਤਾਬਕ ਚਲ ਰਹੀ ਹੈ। ਇਸ ਦੇ ਵਿਚ ਜਿਹੜਾ ਪੰਛੀ ਆ ਕੇ ਵਸਦਾ ਹੈ, ਜਿਸ ਨੂੰ ਜੀਵ ਆਤਮਾ ਕਹਿੰਦੇ ਨੇ, ਉਸ ਦਾ ਛੁਟਕਾਰਾ ਨਹੀਂ ਹੁੰਦਾ ਜਦੋਂ ਤੱਕ ਪ੍ਰਮੇਸ਼ਰ ਦਾ ਮਿਲਾਪ ਨਾ ਹੋ ਜਾਵੇ। ਇਹ ਘੁੰਮਦਾ ਹੀ ਰਹਿੰਦਾ ਹੈ। ਕਿੰਨਾ ਚਿਰ ਹੋਇਆ, ਇਹ ਕੋਈ ਨਹੀਂ ਦੱਸ ਸਕਦਾ-

***ਸੁਨਹੁ ਰੇ ਤੂ ਕਉਨ ਕਹਾ ਤੇ ਆਇਓ॥***
***ਏਤੀ ਨ ਜਾਨਉ ਕੇਤੀਕ ਮੁਦਤਿ***
***ਚਲਤੇ ਖਬਰਿ ਨ ਪਾਇਓ॥ ਅੰਗ - 999***

ਇਹ ਹੋਇਆ ਕੀ ਫੇਰ? ਸਾਡਾ ਸੁਆਲ ਫੇਰ ਕਿਵੇਂ ਹੱਲ ਹੋਵੇ? ਇਥੇ ਦੁਨੀਆਂ ਵਿਚੋਂ ਤਾਂ ਹਰੇਕ ਤੁਰਿਆ ਜਾ ਰਿਹਾ ਹੈ, ਸਮਾਂ ਲੰਘਦਾ ਤੁਰਿਆ ਜਾ ਰਿਹਾ ਹੈ। ਜਦੋਂ ਮੈਂ ਇਥੇ ਆਇਆ ਸੀ 1978 ਵਿਚ, ਬਹੁਤ ਫਰਕ ਪੈ ਗਿਆ ਉਸ ਵੇਲੇ ਤੋਂ, ਪਤਾ ਹੀ ਨਹੀਂ ਲੱਗਿਆ ਕਿ ਸਮਾਂ ਕਦੋਂ ਲੰਘ ਗਿਆ। ਇਕ ਇਕ ਛਿਨ ਕਰਕੇ ਲੰਘ ਗਿਆ। ਨਾਲੇ ਇਉਂ ਨਹੀਂ ਕਿ ਇਕ ਦਿਨ ਵਿਚ ਹੀ ਲੰਘ ਗਿਆ। ਛਿਨ ਕਹਿੰਦੇ ਨੇ ਅੱਖ ਦੇ ਝਮਕਣ ਜਿੰਨੇ ਚਿਰ ਨੂੰ। ਪਰ ਜਿਹੜੀ ਚੀਜ਼ ਹਾਸਲ ਕਰਨੀ ਸੀ ਉਹ ਕਰ ਨਹੀਂ ਸਕੇ, ਹੈ ਸਭ ਤੋਂ ਨੇੜੇ ਤੇ ਫੇਰ ਮਿਲੇ ਕਿਵੇਂ? ਗੁਰੂ ਗ੍ਰੰਥ ਸਾਹਿਬ ਤਾਂ ਰਸਤਾ ਦਸਦੇ ਨੇ। ਜੇ ਕੋਈ ਸਚ-ਮੁੱਚ ਇਨ੍ਹਾਂ ਨੂੰ ਗੁਰੂ ਮੰਨ ਲਵੇ, ਵਾਸ਼ਨਾਵਾਂ ਛੱਡ ਦੇਵੇ, ਮੰਗੇ ਨਾ ਕੁਝ ਵੀ ਇਨ੍ਹਾਂ ਤੋਂ। ਜੇ ਮੰਗੇ ਤਾਂ ਇਕੋ ਚੀਜ਼ ਮੰਗੇ ਕਿ ਮੇਰਾ ਮਿਲਾਪ ਕਿਵੇਂ ਹੋ ਸਕਦਾ ਹੈ? ਮੈਨੂੰ ਦੱਸੋ, ਮੈਂ ਆਪ ਦੀ ਸ਼ਰਨ ਆਇਆ ਹਾਂ। ਆਹ ਜਿਹੜਾ ਸ਼ਬਦ ਤੁਸੀਂ ਸੁਣਿਆ ਹੈ ਜੇ ਇਸੇ ਨੂੰ ਹੀ ਵਿਚਾਰ ਲਓ ਤਾਂ ਸਾਰਾ ਹੀ ਮਸਲਾ ਹੱਲ ਹੋ ਜਾਂਦਾ ਹੈ। ਇਹੀ ਜੋ ਬਚਨ ਆਇਆ ਹੈ, ਸਾਰਿਆਂ ਨੇ ਹੀ ਸੁਣਿਆ ਹੈ, ਕਿਸੇ ਨੂੰ ਇਹ ਕਾਟ ਕਰ ਗਿਆ, ਕਿਸੇ ਲਈ ਇਹ ਤੁਕਾਂ ਅੱਗੇ ਜਾਈ ਗਈਆਂ। ਭਾਵ ਨਹੀਂ ਸਾਡੀ ਸਮਝ ਵਿਚ ਆ ਸਕਿਆ ਕਿਉਂਕਿ ਗੁਰਬਾਣੀ ਅਗਾਧਬੋਧ ਹੈ। ਇਸ ਨੂੰ ਕੋਈ ਸਮਝ ਨਹੀਂ ਸਕਿਆ। ਜਿਹੜਾ ਸਮਝ ਗਿਆ ਉਹ ਸਮਝਾਅ ਨਹੀਂ ਸਕਿਆ। ਉਸ ਦੇ ਕੋਲ ਅੱਖਰ ਨਹੀਂ ਹਨ। ਬਾਣੀ ਬਹੁਤੀ ਵੱਡੀ ਚੀਜ਼ ਹੈ ਇਕੋ ਹੀ ਸ਼ਬਦ ਮਿਲਾਪ ਕਰਾ ਸਕਦਾ ਹੈ। ਏਥੇ ਸਭ ਤੋਂ ਪਿਆਰਾ ਕਹਿ ਕੇ ਕਿਹਾ ਗਿਆ ਹੈ-

***ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥***

***ਖਿਆਲ ਪਾਤਿਸ਼ਾਹੀ 10***

ਮਿੱਤਰ ਕੌਣ ਹੈ? ਮਿੱਤਰ ਆਪਣੇ ਵਰਗਾ ਹੀ ਹੈ। ਜਿਹੋ ਜਿਹਾ ਸਾਡਾ ਪੰਜ ਤੱਤ ਦਾ ਸਰੀਰ ਹੈ, ਉਹੋ ਜਿਹਾ ਹੀ ਮਿੱਤਰ ਹੈ। ਸੋ ਬਾਰ ਬਾਰ ਬੇਨਤੀ ਕੀਤੀ ਹੈ ਕਿ ਸੁਣ ਮੀਤਾ ਮੇਰੀ ਗੱਲ ਸੁਣ, ਕਿਹੜਾ ਤਰੀਕਾ ਹੈ ਜਿਸ ਦੇ ਨਾਲ ਦਰਸ਼ਨ ਹੋ ਸਕਦਾ ਹੈ? ਦੋ ਲਾਈਨਾਂ ਜਿਨ੍ਹਾਂ ਦੇ ਵਿਚ ਮਹਾਰਾਜ ਜੀ ਨੇ ਜਵਾਬ ਦਿੱਤਾ ਹੋਇਆ ਹੈ। ਇਸ ਦੀ ਵਿਆਖਿਆ ਚਾਹੇ ਘੰਟਿਆਂ ਬੱਧੀ ਕਰੀ ਜਾਓ। ਜਿਸ ਨੂੰ ਲਗਨ ਹੈ ਉਸ ਨੂੰ ਥੋੜ੍ਹੀ ਹੋਸ਼ ਆ ਗਈ ਕਿ ਹੈਂ! ਮਹਾਰਾਜ ਤਾਂ ਇੰਜ ਕਹਿੰਦੇ ਨੇ, ਮੈਂ ਤਾਂ ਨਹੀਂ ਇਹ ਗੱਲ ਕਰੀ ਅਜੇ ਤੱਕ। ਮਹਾਰਾਜ ਜੀ ਕਹਿੰਦੇ ਕਿ ਇਕ ਤਾਂ ਜਿਹੜੀ ਤੇਰੀ ਹੋਂਦ ਦਾ ਮਾਣ ਹੈ ਤੈਨੂੰ 'I am' (ਮੈਂ ਹਾਂ) ਇਹ ਵਾਧੂ ਦਾ ਭਾਰ ਹੈ, ਦਰਅਸਲ ਇਹ ਹੈ ਨਹੀਂ। ਇਹ ਹੋਇਆ ਹੁਕਮ ਵਿਚ ਹੀ ਹੈ।

***ਜਿਨਿ ਰਚਿ ਰਚਿਆ ਪੁਰਖਿ ਬਿਧਾਤੈ***
***ਨਾਲੇ ਹਉਮੈ ਪਾਈ॥***
***ਜਨਮ ਮਰਣੁ ਉਸ ਹੀ ਕਉ ਹੈ ਰੇ***
***ਓਹਾ ਆਵੈ ਜਾਈ॥*** ***ਅੰਗ - 999***

ਇਸ ਦੇ ਵਿਚ ਕਹਿੰਦੇ ਮਾਣ ਨਾ ਕਰੋ। ਇਹ ਮਾਣ ਉਹ ਮਾਣ ਨਹੀਂ

ਜਿਹੜਾ ਪੈਸੇ ਵਾਲਾ ਜਾਂ ਕੋਈ ਅਫਸਰ ਕਰਦਾ ਹੈ, ਜ਼ੋਰ ਵਾਲਾ ਬੰਦਾ ਕਰਦਾ ਹੈ –

*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥*

*ਅੰਗ – 1288*

ਉਹ ਠੱਗਾਂ ਵਾਲਾ ਮਾਣ ਨਹੀਂ ਹੈ। ਇਹ ਮਾਣ ਹੈ ਆਪਣੀ ਹੋਂਦ ਦਾ ਕਿ ਮੈਂ ਫਲਾਣਾ ਸਿੰਘ ਹਾਂ, ਫਲਾਣੇ ਥਾਂ ਦਾ ਹਾਂ, ਮੇਰੀ ਐਨੀ ਜ਼ਮੀਨ ਹੈ, ਮੈਂ ਅਮੀਰ ਹਾਂ, ਮੈਂ ਕਿਸੇ ਤੋਂ ਘੱਟ ਨਹੀਂ ਹਾਂ, ਫਲਾਣਾ ਮੈਨੂੰ ਇਹ ਗੱਲ ਕਿਉਂ ਕਹਿ ਜਾਵੇ, ਇਹ ਕੂੜ ਕਬਾੜ ਭਰਿਆ ਪਿਆ ਹੈ ਅੰਦਰ। ਇਸ ਹੋਂਦ ਨੂੰ ਅਣਹੋਂਦ ਵਿਚ ਬਦਲਣਾ ਬਹੁਤ ਔਖਾ ਹੈ। ਮਹਾਂਪੁਰਸ਼ਾਂ ਨੇ ਇਸ਼ਾਰੇ ਕਰੇ ਹੋਏ ਨੇ ਕਿ ਹੋਂਦ, ਅਣਹੋਂਦ ਵਿਚ ਕਿਵੇਂ ਬਦਲਦੀ ਹੈ? ਜਿਹੜੀ ਅਣਹੋਈ 'ਮੈਂ' ਹੈ ਉਹ ਅਸਲੀ 'ਮੈਂ' ਵਿਚ ਕਿਵੇਂ ਬਦਲਦੀ ਹੈ? ਉਸ ਦਾ ਤਰੀਕਾ ਬੜਾ ਹੀ ਸੁਖਾਲਾ ਦੱਸਿਆ ਹੈ –

*ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।*

*ਭਾਈ ਗੁਰਦਾਸ ਜੀ ਦੀ ਵਾਰ 13/2*

ਮੰਤਰ ਲੈਣਾ ਪੈਂਦਾ ਹੈ। ਇਸੇ ਸ਼ਬਦ ਵਿਚ ਹੈ ਕਿ ਗੁਰੂ ਮੰਤਰ ਦਿੰਦਾ ਹੈ। ਜਿਹੜੇ ਮਿੱਤਰ ਨਾਲ ਗੱਲ ਹੁੰਦੀ ਹੈ, ਓਹੀ ਮਿੱਤਰ ਮੰਤਰ ਦਿੰਦਾ ਹੈ। ਸੋ ਉਸ ਦੇ ਜਾਪ ਨਾਲ ਤੇਰਾ ਕੰਮ ਬਣਨਾ ਹੈ, ਵਿਚਾਰ ਨਾਲ ਨਹੀਂ ਬਣਨਾ। ਵਿਚਾਰ ਤਾਂ ਅੱਗੇ ਦੀ ਅਵਸਥਾ ਵਿਚ ਆਉਂਦੀ ਹੈ। ਪਹਿਲਾਂ ਕਰਮ ਹੁੰਦਾ ਹੈ। ਕਰਮ ਦੇ ਵਿਚ ਤੁਸੀਂ ਸਾਰੇ ਲੱਗੇ ਹੋਏ ਹੋ – ਸਤਿਸੰਗ ਵਿਚ ਆਉਂਦੇ ਹੋ, ਸੇਵਾ ਕਰਦੇ ਹੋ, ਦਾਨ ਪੁੰਨ ਕਰਦੇ ਹੋ। ਇਸ ਕਰਮ ਨੂੰ ਜਦੋਂ ਅਸੀਂ ਸਮਝ ਜਾਈਏ ਤਾਂ ਪੌੜੀ ਦਾ ਅਗਲਾ ਡੰਡਾ ਚੜ੍ਹ ਹੁੰਦਾ ਹੈ ਨਹੀਂ ਤਾਂ ਚੜ੍ਹ ਨਹੀਂ ਸਕਦੇ। ਮਹਾਰਾਜ ਜੀ ਕਹਿੰਦੇ–

*ਕਰਮ ਕਰਤ ਹੋਵੈ ਨਿਹਕਰਮ॥ ਅੰਗ – 274*

*ਸੇਵਾ ਕਰਤ ਹੋਇ ਨਿਹਕਾਮੀ॥ ਅੰਗ – 286*

ਗੱਲਾਂ ਸਮਝਣ ਵਾਲੀਆਂ ਨੇ। ਕਰਮ ਕਰਦਾ ਹੋਇਆ ਬੰਦਾ ਉਸ ਦੇ ਅਭਿਮਾਨ ਵਿਚ ਨਾ ਆਵੇ, 'ਮੈਂ' ਵਿਚ ਨਾ ਆਵੇ ਕਿ 'ਮੈਂ' ਐਨਾ ਕਰਿਆ, 'ਮੈਂ' ਗੁਰਦੁਆਰੇ ਦੀ ਸੇਵਾ ਕਰੀ, ਮੈਂ ਪ੍ਰਚਾਰ ਕਰਿਆ, 'ਮੈਂ' ਐਨਾ ਨਾਮ ਜਪਿਆ। ਚੰਗੇ ਕਰਮਾਂ ਦੀ ਗੱਲ ਕਰਦਾ ਹਾਂ ਮੈਂ, ਮਾੜਿਆਂ ਦੀ ਨਹੀਂ ਕਿਉਂਕਿ ਕਰਮ ਹਰੇਕ ਹੀ ਬੰਨ੍ਹ ਲੈਂਦਾ ਹੈ। ਇਹ ਸ਼ੁਭ ਤੇ ਅਸ਼ੁਭ ਦੋ ਤਰ੍ਹਾਂ ਦੇ ਹੁੰਦੇ ਨੇ। ਇਕ ਤਾਂ ਉਹ ਨੇ ਜਿਹੜੇ ਸਜਾ ਦਵਾਉਂਦੇ ਨੇ। ਇਹ ਪ੍ਰਾਕਿਰਤੀ ਦਾ ਨੇਮ ਹੈ –

As you sow, so shall you reap.

(ਜਿਹੋ ਜਿਹਾ ਬੀਜੋਗੇ ਓਹੋ ਜਿਹਾ ਕਟੋਗੇ।)

ਕਣਕ ਬੀਜੋਗੇ ਕਣਕ ਉਗੇਗੀ, ਛੋਲੇ ਬੀਜੋਗੇ ਤਾਂ ਛੋਲੇ ਉਗਣਗੇ। ਛੋਲਿਆਂ ਦੀ ਥਾਂ ਅਗੂੰਰ ਨਹੀਂ ਕਦੇ ਉਗਦੇ।

***ਫਰੀਦਾ ਲੋੜੈ ਦਾਖ ਬਿਜਉਰੀਆ ਕਿਕਰਿ ਬੀਜੈ ਜਟੁ॥***
***ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥***

***ਅੰਗ - 1379***

ਕਹਿੰਦੇ ਕਿ ਓਹੀ ਚੀਜ਼ ਹੋਣੀ ਹੈ ਜਿਹੜੀ ਤੂੰ ਬੀਜੇਂਗਾ। ਹੁਣ ਕਰਮ ਬੀਜ ਦਿੱਤਾ ਅਸੀਂ। ਉਹ ਕਰਮ ਬੀਜ ਕੇ 'ਮੈਂ' ਨਾਲ ਚਲੀ ਗਈ ਸਾਡੀ ਕਿ 'ਮੈਂ' ਕਰਿਆ ਹੈ। ਉਸ ਦੇ ਨਾਲ ਕੀ ਹੋਏਗਾ? ਜੇ ਤਾਂ ਉਹ ਕਰਮ ਗਲਤ ਹੈ ਤਾਂ ਵੀ ਬੰਨ੍ਹਿਆ ਗਿਆ, ਜੇ ਚੰਗਾ ਹੈ ਤਾਂ ਵੀ ਬੰਨ੍ਹਿਆ ਗਿਆ। ਇਕ ਸੋਨੇ ਦੀ ਬੇੜੀ ਹੈ, ਇਕ ਲੋਹੇ ਦੀ ਬੇੜੀ ਹੈ। ਹੈ ਦੋਵੇਂ ਬੇੜੀਆਂ। ਚੰਗੇ ਕਰਮ ਨੇ ਤੁਹਾਨੂੰ ਸਵਰਗਾਂ ਵਿਚ ਲੈ ਜਾਣਾ ਹੈ, ਚੰਗੇ ਅਮੀਰ ਘਰ ਦੇ ਵਿਚ ਜਨਮ ਦਿਵਾ ਦੇਣਾ ਹੈ ਪਰ ਛੁਟੇ ਤਾਂ ਫੇਰ ਵੀ ਨਾ, ਚੱਕਰ ਤਾਂ ਫੇਰ ਵੀ ਸਾਡੇ ਗਲ ਪਿਆ ਰਿਹਾ।

ਹੁਣ ਨਿਹਕਰਮ ਕਿਵੇਂ ਹੋਵੇ? ਕੋਈ ਤਰੀਕਾ ਨਹੀਂ ਏਸਦਾ ਮਿਲਦਾ। ਗੱਲਾਂ ਨਾਲ ਤਾਂ ਸਾਰੇ ਨਿਹਕਰਮੀ ਹੋ ਜਾਂਦੇ ਨੇ। ਸਾਡੇ ਅੰਦਰ ਕਰਮ ਦਾ ਮਾਣ ਐਨਾ ਧਸ ਜਾਂਦਾ ਹੈ ਕਿ ਜੇ ਕੋਈ ਕਿਸੇ ਗੁਰਦੁਆਰੇ ਨੂੰ ਬਣਾਉਣ ਵਿਚ ਦਾਨ ਕਰਦਾ ਹੈ, ਸੇਵਾ ਕਰਦਾ ਹੈ ਤਾਂ ਉਸ ਨੂੰ ਸਾਰੇ ਪ੍ਰਬੰਧਕਾਂ ਨੇ ਖੁਸ਼ ਹੋ ਕੇ ਪ੍ਰਧਾਨ ਬਣਾ ਦਿੱਤਾ। ਉਸ ਤੋਂ ਬਾਅਦ ਦੂਜੇ ਆਏ, ਉਹ ਕਹਿੰਦੇ ਕਿ ਲਾਹੋ ਏਸ ਨੂੰ, ਇਸ ਦਾ ਇੰਤਜਾਮ ਚੰਗਾ ਨਹੀਂ ਹੈ। ਸੇਵਾ ਵਿਚ ਤਾਂ ਠੀਕ ਹੈ ਇਹ, ਪਰ ਇੰਤਜਾਮ ਚੰਗਾ ਨਹੀਂ ਕਰ ਸਕਦਾ। ਜਦੋਂ ਲਾਹਿਆ ਤਾਂ ਉਦਾਸ ਹੋ ਜਾਂਦਾ ਹੈ ਕਿ ਮੈਂ ਐਨੀ ਸੇਵਾ ਕਰੀ, ਮੇਰਾ ਕੱਖ ਨਹੀਂ ਬਣਿਆ, ਗਿਣਿਆ ਹੀ ਨਹੀਂ ਮੈਨੂੰ। ਇਹ ਖਿਆਲ ਕਿਉਂ ਆਇਆ ਕਿਉਂਕਿ ਉਹ ਬੰਨ੍ਹਿਆ ਗਿਆ ਨੇਕ ਕਰਮ ਦੇ ਨਾਲ। ਨੇਕ ਕਰਮ ਨੇ ਵੀ ਓਸ ਨੂੰ ਦੁਖ ਦਿੱਤਾ। ਨੇਕ ਕਰਮ ਨੂੰ ਭੋਗਣ ਲਈ ਸਵਰਗਾਂ ਵਿਚ ਜਾਂਦਾ ਹੈ, ਅਮੀਰ ਘਰ ਵਿਚ ਜਨਮ ਹੋ ਜਾਂਦਾ ਹੈ, ਬੇਅੰਤ ਪੈਸਾ ਆ ਜਾਂਦਾ ਹੈ ਫੇਰ ਆਦਮੀ ਭੁਲ ਜਾਂਦਾ ਹੈ। ਅਗਲੇ ਜਨਮ ਵਿਚ ਫੇਰ ਕੋਈ ਮੌਕਾ ਨਹੀਂ ਮਿਲਦਾ ਵਾਹਿਗੁਰੂ ਨੂੰ ਮਿਲਣ ਦਾ। ਮਹਾਰਾਜ ਜੀ ਕਹਿੰਦੇ ਕਿ ਜੇ ਮਿਲਣਾ ਹੈ ਫੇਰ-

***ਸੇਵਾ ਕਰਤ ਹੋਇ ਨਿਹਕਾਮੀ॥*** ***ਅੰਗ - 286***

ਸੇਵਾ ਕਰਦਾ ਹੋਇਆ ਨਿਹਕਰਮ ਹੋ ਜਾਹ। ਕਰਮਾਂ ਨੂੰ ਤੂੰ ਅਪਣਾਅ ਨਾ। ਉਸ ਦਾ ਤਰੀਕਾ ਕੋਈ ਨਹੀਂ ਹੈ। ਜੇ ਮੈਂ ਕਹਾਂ ਕਿ ਇਉਂ ਕਰ ਲਿਆ ਕਰੋ, ਬਿਲਕੁਲ ਨਹੀਂ। ਇਹ ਤਾਂ ਗੱਲ ਕਹਿਣ ਵਾਸਤੇ ਹੈ ਕਿ 'ਮੈਂ' ਤਾਂ ਜੀ ਕੁਝ ਨਹੀਂ ਕਰਦਾ, ਮੈਥੋਂ ਤਾਂ ਵਾਹਿਗੁਰੂ ਜੀ ਕਰਾਉਂਦੇ ਨੇ। ਉਸ ਦੇ ਜੇ ਕਿਸੇ ਨੇ ਥੱਪੜ ਮਾਰ ਦਿੱਤਾ ਤਾਂ ਕਹੇਗਾ ਕਿ ਫਲਾਣੇ ਨੇ ਮਾਰਿਆ ਹੈ। ਉਥੇ ਵਾਹਿਗੁਰੂ ਜੀ ਕਿਧਰੇ ਹੋਰ ਹੀ ਚਲੇ ਗਏ। ਗੱਲਾਂ ਨਾਲ ਨਹੀਂ ਇਹ ਹੋਇਆ ਕਰਦਾ। ਇਹ ਤਾਂ ਹੁੰਦਾ ਹੈ ਜੇ ਪ੍ਰਮੇਸ਼ਰ ਦੇ ਨਾਮ ਵਿਚ ਐਨੀ ਗਹਿਰੀ ਬਿਰਤੀ ਚਲੀ ਜਾਵੇ ਕਿ ਉਹ ਲਿਵ ਦੀ ਅਵਸਥਾ ਵਿਚ ਪਹੁੰਚ ਜਾਵੇ। ਆਪਣੇ ਅੰਦਰ ਹੀ ਹੋਰ ਇਕ ਚੀਜ਼ ਹੈ, ਉਸ ਨੂੰ ਅਨੁਭਵ ਕਹਿੰਦੇ ਹਨ, ਇੰਦਰਾ-ਅਨੁਭਵ ਹੈ। ਤਜਰਬਾ ਸਾਰਿਆਂ ਨੂੰ ਹੀ ਹੈ ਅਨੁਭਵ ਦਾ, ਕੋਈ ਐਸਾ ਨਹੀਂ ਜਿਸ ਨੂੰ ਨਾ ਹੋਵੇ।

ਮਰਦਾਨਾ ਕਹਿਣ ਲੱਗਿਆ ਮਹਾਰਾਜ ਜੀ ਨੂੰ ਕਿ ਪਾਤਿਸ਼ਾਹ! ਆਪ ਸਾਰਿਆਂ ਨੂੰ ਇਹ ਦੱਸਦੇ ਹੋ ਕਿ ਜਿਧਰ ਦੇਖੋ ਪ੍ਰਮੇਸ਼ਰ ਹੀ ਪ੍ਰਮੇਸ਼ਰ ਹੈ, ਹੋਰ ਹੈ ਨਹੀਂ ਕੋਈ। ਉਹ ਆਪੇ ਹੀ ਆਪ ਹੈ ਪਰ ਮੈਨੂੰ ਤਾਂ ਨਜ਼ਰ ਨਹੀਂ ਆ ਰਿਹਾ, ਮੈਂ ਤਾਂ ਬੜਾ ਯਤਨ ਕਰਿਆ ਹੈ। ਮੈਂ ਨੀਝ ਲਾ ਲਾ ਕੇ ਵੀ ਦੇਖਦਾ ਹਾਂ, ਅਸਮਾਨ ਵਿਚ ਵੀ ਝਾਕਦਾ ਹਾਂ। ਮਹਾਰਾਜ ਮੈਨੂੰ ਥੋੜ੍ਹਾ-ਬਹੁਤਾ ਟਿਕਾਅ ਤਾਂ ਆ ਜਾਂਦਾ ਹੈ ਕੀਰਤਨ ਕਰਦੇ ਨੂੰ ਪਰ ਇਥੇ ਤਾਂ ਮੈਨੂੰ ਦਰਖਤ ਦਿਸਦੇ ਨੇ, ਬੰਦੇ ਦਿਸਦੇ ਨੇ, ਜਾਨਵਰ ਦਿਸਦੇ ਨੇ। ਉਤੇ ਨੂੰ ਅਸਮਾਨ ਵੱਲ ਨੂੰ ਝਾਕਦਾ ਹਾਂ ਤਾਂ ਬੱਦਲ ਦਿਸਦੇ ਨੇ ਤੇ ਤੁਸੀਂ ਕਹਿੰਦੇ ਹੋ ਕਿ ਉਹ ਅੱਖਾਂ ਹੋਰ ਨੇ ਆਦਮੀ ਕੋਲ, ਜਿਹੜੀਆਂ ਪ੍ਰਮੇਸ਼ਰ ਨੂੰ ਦੇਖ ਸਕਦੀਆਂ ਹਨ।

ਮਹਾਰਾਜ ਜੀ ਕਹਿਣ ਲੱਗੇ ਕਿ ਮਰਦਾਨਿਆ! ਉਹ ਅਨੁਭਵ ਦੀ ਅੱਖ ਹੁੰਦੀ ਹੈ। ਮਰਦਾਨਾ ਕਹਿਣ ਲੱਗਿਆ ਕਿ ਮੈਂ ਤਾਂ ਅਨਪੜ੍ਹ ਹਾਂ ਮਹਾਰਾਜ! ਪੜ੍ਹਿਆ ਲਿਖਿਆ ਨਹੀਂ ਹਾਂ। ਮੈਨੂੰ ਤਾਂ ਪਤਾ ਹੀ ਨਹੀਂ ਕਿ ਅਨੁਭਵ ਕਿਸ ਨੂੰ ਕਹਿੰਦੇ ਨੇ। ਮਹਾਰਾਜ ਜੀ ਕਹਿਣ ਲੱਗੇ ਕਿ ਮਰਦਾਨਿਆ! ਤੈਨੂੰ ਇਕ ਮਿਸਾਲ ਨਾਲ ਦਸਦੇ ਹਾਂ। ਤੂੰ ਇਹ ਦੱਸ ਜਦੋਂ ਅਸੀਂ ਤੈਨੂੰ ਕਹਿੰਦੇ ਹਾਂ ਕਿ ਮਰਦਾਨਿਆ! ਧਨਾਸਰੀ ਰਾਗ ਦੇ ਵਿਚ ਬਾਣੀ ਆ ਰਹੀ ਹੈ, ਤੂੰ ਰਬਾਬ ਸੁਰ ਕਰ; ਉਹ ਕਿਵੇਂ ਕਰਦਾ ਹੈਂ? ਕਹਿੰਦਾ, ਉਹ ਤਾਂ ਜੀ ਮੇਰੇ ਅੰਦਰ ਆ ਜਾਂਦੀ ਹੈ।

ਮਹਾਰਾਜ ਜੀ ਕਹਿੰਦੇ, "ਲਿਖਿਆ ਹੋਇਆ ਹੈ ਕਿਤੇ?"

ਕਹਿੰਦਾ, "ਨਹੀਂ ਮਹਾਰਾਜ।"

ਕਹਿਣ ਲੱਗੇ, "ਫੇਰ ਤੇਰੇ ਅੰਦਰ ਕਿਵੇਂ ਆ ਜਾਂਦੀ ਹੈ ਇਹ ਗੱਲ? ਉਹ ਜਿਹੜੀ ਅੰਦਰ ਆਉਂਦੀ ਹੈ, ਫੇਰ ਉਵੇਂ ਜਿਵੇਂ ਤੂੰ ਉਂਗਲੀਆਂ ਮਾਰਦਾ ਹੈਂ ਤੇ ਰਬਾਬ ਓਹੀ ਅਵਾਜ਼ ਕੱਢਦੀ ਹੈ, ਓਹੀ ਸੁਰ ਕਢਦੀ ਹੈ ਜਿਥੇ ਅਸੀਂ ਬੋਲਣਾ ਹੁੰਦਾ ਹੈ, ਜਿਸ ਥਾਂ ਤੇ ਸ਼ਬਦ ਗਾਇਨ ਕਰਨਾ ਹੁੰਦਾ ਹੈ। ਤੇਰੇ ਅੰਦਰ ਕੋਈ ਕਿਤਾਬ ਹੈ ਜਿਥੋਂ ਪੜ੍ਹਦਾ ਹੈਂ?"

ਕਹਿੰਦਾ, "ਨਹੀਂ ਮਹਾਰਾਜ।"

ਕਹਿੰਦੇ, "ਫੇਰ?"

ਕਹਿੰਦਾ, "ਪਤਾ ਨਹੀਂ ਮਹਾਰਾਜ! ਆਪੇ ਸੁਝ ਜਾਂਦਾ ਹੈ ਅੰਦਰੋਂ।"

ਕਹਿੰਦੇ, "ਜਿਹੜਾ ਸੁਝ ਜਿਹਾ ਜਾਂਦਾ ਹੈ ਇਸੇ ਨੂੰ ਅਨੁਭਵ ਕਹਿੰਦੇ ਨੇ।"

ਬੀਬੀ ਨੂੰ ਦੱਸਿਆ ਕਿ ਅੱਜ ਪੰਜ ਪ੍ਰਾਹੁਣੇ ਆਉਣੇ ਨੇ। ਜ਼ਰਾ ਦਾਲ-ਸਬਜ਼ੀ ਜ਼ਿਆਦਾ ਬਣਾਈਂ। ਉਹ ਦਾਲ ਸਬਜ਼ੀ ਧਰ ਦਿੰਦੀ ਹੈ, ਨਮਕ-ਮਿਰਚ ਪਾਉਣ ਲਗਦੀ ਹੈ। ਉਹਨੂੰ ਇਹ ਪਤਾ ਹੀ ਨਹੀਂ ਕਿ ਕਿੰਨਾ ਨਮਕ-ਮਿਰਚ ਪਾਉਣਾ ਹੈ। ਰੋਜ਼ ਦਾ ਵਾਹ ਹੈ ਸਾਡਾ ਇਨ੍ਹਾਂ ਗੱਲਾਂ ਨਾਲ। ਉਸ ਨੂੰ ਆਪਣੇ

ਆਪ ਹੀ ਚੁਟਕੀ-ਚੁਟਕੀ ਪਾਉਂਦੇ-ਪਾਉਂਦੇ ਹੀ ਪਤਾ ਲੱਗ ਜਾਏਗਾ ਕਿ ਬੱਸ ਜ਼ਿਆਦਾ ਹੋ ਜਾਏਗਾ। ਉਹ ਕਿਹੜੀ ਚੀਜ਼ ਹੈ ਜਿਹੜੀ ਦਸਦੀ ਹੈ। ਲਿਖਿਆ ਹੋਇਆ ਤਾਂ ਹੈ ਨਹੀਂ, ਤੋਲਿਆ ਉਸ ਨੇ ਨਹੀਂ, ਉਸ ਦੇ ਅੰਦਰ ਜਿਸ ਨੂੰ ਅਨੁਭਵ ਕਹਿੰਦੇ ਨੇ, ਉਸ ਨੇ ਕੰਮ ਕਰਿਆ।

ਸੋ ਮਹਾਰਾਜ ਜੀ ਕਹਿਣ ਲੱਗੇ ਕਿ ਮਰਦਾਨਿਆ! ਪ੍ਰਮੇਸ਼ਰ ਤਾਂ ਸਾਰੇ ਹੀ ਹੈ। ਪਰ ਅਨੁਭਵ ਦੀ ਅੱਖ ਜਿਸ ਨੂੰ ਤੀਸਰਾ ਤਿਲ, ਤੀਸਰਾ ਨੇਤਰ, ਬਿਅੰਨ ਅੱਖੜੀਆਂ, ਕਹਿੰਦੇ ਹਨ ਉਹ ਇਸ ਦਾ ਅਜੇ ਖੁਲ੍ਹਿਆ ਨਹੀਂ ਹੈ, ਖੁੱਲ੍ਹ ਨਹੀਂ ਸਕਿਆ। ਹਨ੍ਹੇਰਾ ਕਿਸ ਗੱਲ ਨੇ ਪਾਇਆ ਹੋਇਆ ਹੈ? ਕਹਿੰਦੇ-

***ਮਾਨੁ ਨ ਕੀਜੈ ............॥ ਅੰਗ - 612***

ਜਿਹੜਾ ਅਸਲੀਅਤ ਨੂੰ ਛੱਡ ਕੇ ਨਕਲੀ ਵਿਚ ਪਿਆ ਹੋਇਆ ਹੈ, ਇਸ ਦੀ ਹੋਂਦ ਤਾਂ ਕੋਈ ਹੈ ਨਹੀਂ। ਇਸ ਦੀ ਹੋਂਦ ਕੇਵਲ ਮਾਣ ਨੇ, 'ਅਹੰ' ਨੇ ਬਣਾਈ ਹੈ, 'ਮੈਂ' ਨੇ। ਪ੍ਰਾਕਿਰਤੀ ਦੇ ਉਤੇ ਜਦੋਂ ਚੇਤਨ ਦਾ ਪਰਛਾਵਾਂ ਪੈਂਦਾ ਹੈ, ਅਨਾਦੀ ਕਾਲ ਤੋਂ ਪ੍ਰਵਾਹ ਚਲਦਾ ਹੈ ਇਹ। ਕਦੇ ਤਾਂ ਇਹ ਬਣ ਜਾਂਦਾ ਹੈ, ਕਦੇ ਇਹ ਬਣਦਾ ਹੀ ਨਹੀਂ ਕਰੋੜਾਂ ਸਾਲਾਂ ਬਾਅਦ ਵੀ। ਕਦੇ ਫੇਰ ਸਭ ਕੁਝ ਬਣ ਜਾਂਦਾ ਹੈ ਫੇਰ ਖਰਬਾਂ ਸਾਲ ਨਹੀਂ ਹੁੰਦਾ, ਇਹ ਚੱਕਰ ਚਲਦਾ ਰਹਿੰਦਾ ਹੈ। ਇਹ ਚੱਲੀ ਜਾਂਦਾ ਹੈ, ਕੋਈ ਕਹਿ ਨਹੀਂ ਸਕਦਾ -

***ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥***
***ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥***
***ਅੰਗ - 2***

ਇਹ ਪ੍ਰਵਾਹ ਲਗਾਤਾਰ ਚੱਲ ਰਿਹਾ ਹੈ, ਰੁਕਣ ਵਿਚ ਨਹੀਂ ਆ ਰਿਹਾ। ਪ੍ਰਾਕਿਰਤੀ ਜੜ੍ਹ ਹੈ, ਮਾਇਆ ਜੜ੍ਹ ਹੈ। ਪੰਜ ਤੱਤ ਉਸ ਦੇ ਵਿਚੋਂ ਬਣੇ, ਪੰਜੇ ਤੱਤ ਜੜ੍ਹ ਨੇ। ਪ੍ਰਾਕਿਰਤੀ ਤੋਂ ਅਕਾਸ਼ ਹੋਇਆ। ਅਕਾਸ਼ ਤੋਂ ਫੇਰ-

***ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥***
***ਅੰਗ - 19***

ਗੈਸਾਂ ਹੋਈਆਂ, ਹਾਈਡ੍ਰੋਜਨ ਤੇ ਆਕਸੀਜਨ ਦੇ ਨਾਲ ਜਲ ਬਣਿਆ।

***ਜਲ ਤੇ ਤ੍ਰਿਭਵਣੁ ਸਾਜਿਆ ...........॥***
***ਅੰਗ - 19***

ਅਣਹੋਂਦ ਦੇ ਵਿਚੋਂ ਸਾਰੀਆਂ ਚੀਜ਼ਾਂ ਹੋ ਗਈਆਂ। ਪ੍ਰਾਕਿਰਤੀ ਦੇ ਉਤੇ ਜਦੋਂ ਇਸ ਦਾ ਅਸਰ ਪਿਆ ਉਸ ਵੇਲੇ ਤਿੰਨ ਕੰਮ ਇਸ ਦੇ ਵਿਚ ਆਉਂਦੇ ਨੇ। ਪਹਿਲਾ ਤਾਂ ਇਹ ਹੈ ਕਿ ਜੜ੍ਹ ਦੇ ਵਿਚ ਗਿਆਨ ਆ ਜਾਂਦਾ ਹੈ। ਆਹ ਸਰੀਰ ਸਾਡਾ ਜੜ੍ਹ ਹੈ। ਜੇ ਚੇਤਨ ਨਿਕਲ ਜਾਵੇ ਤਾਂ ਜੜ੍ਹ ਹੈ, ਖਤਮ ਹੈ। ਪੰਜ ਤੱਤ ਪਏ ਨੇ, ਬਣਤਰ ਓਵੇਂ-ਜਿਵੇਂ ਹੈ, ਸਭ ਕੁਝ ਓਵੇਂ ਹੀ ਹੈ - ਅੱਖਾਂ ਵੀ, ਨੱਕ ਵੀ, ਕੰਨ ਵੀ, ਫੇਰ ਇਹ ਜੜ੍ਹ ਕਿਉਂ ਹੋ ਗਿਆ? ਕਿਉਂਕਿ ਇਸ

ਦਾ ਸੰਪਰਕ ਚੇਤਨ ਨਾਲੋਂ ਟੁਟ ਗਿਆ। ਜਦੋਂ ਚੇਤਨ ਨਾਲ ਸੰਪਰਕ ਹੁੰਦਾ ਹੈ ਪ੍ਰਾਕਿਰਤੀ ਦਾ, ਉਸੇ ਵੇਲੇ ਤਿੰਨ ਚੀਜ਼ਾਂ ਆਇਆ ਕਰਦੀਆਂ ਨੇ।

ਪਹਿਲਾ ਹੈ – ਪ੍ਰਕਾਸ਼, awareness (ਚੇਤਨਤਾ)। ਜਿਸ ਵਕਤ ਜਾਗਰਤ ਆ ਗਈ ਪ੍ਰਾਕਿਰਤੀ ਦੇ ਵਿਚ, ਤਾਂ ਇਹ ਤਾਂ ਹੈ ਨਹੀਂ ਕਿ ਕੋਈ ਅਸਰ ਨਾ ਹੋਵੇ। ਆਰਸੀ-ਸ਼ੀਸ਼ਾ ਹੈ, ਅਸੀਂ ਉਸ ਨੂੰ ਸੂਰਜ ਦੇ ਸਾਹਮਣੇ ਕਰ ਦਿੱਤਾ, ਹੇਠਾਂ ਕਾਲਾ ਕੱਪੜਾ ਪਿਆ ਹੈ। ਸੂਰਜ ਦੀਆਂ ਕਿਰਨਾਂ ਦੇ ਨਾਲ ਉਸ ਸ਼ੀਸ਼ੇ ਵਿਚ ਹਰਕਤ ਆ ਜਾਣੀ ਹੈ। ਉਸ ਨੇ ਕੰਮ ਕੀ ਕਰਨਾ ਹੈ? ਕੱਪੜਾ ਜਾਲ ਦੇਣਾ ਹੈ। ਉਂਞ ਸੂਰਜ ਵੱਲ ਨੂੰ ਤੁਸੀਂ ਨਾ ਕਰੋ, ਕੱਪੜੇ ਦੇ ਉਤੇ ਵੈਸੇ ਰੱਖ ਦਿਓ, ਵਿਚ ਵਲ੍ਹੇਟ ਦਿਓ ਤਾਂ ਕਦੇ ਨਹੀਂ ਸੜਦਾ। ਇਹ ਕਿਸੇ ਫੋਕਸ ਬਿੰਦੂ ਤੇ ਹੀ ਇਸ ਤਰ੍ਹਾਂ ਹੁੰਦਾ ਹੈ। ਇਸੇ ਤਰ੍ਹਾਂ ਪ੍ਰਾਕਿਰਤੀ ਦੇ ਉਤੇ ਜਦੋਂ ਚੇਤਨ ਤੱਤ ਦਾ ਪਰਛਾਵਾਂ ਪੈਂਦਾ ਹੈ, ਅਕਸ ਪੈਂਦਾ ਹੈ ਉਸ ਵੇਲੇ ਉਸ ਦੇ ਵਿਚ awareness (ਚੇਤਨਤਾ, ਜਾਗਰਤ) ਆ ਜਾਂਦੀ ਹੈ, ਪ੍ਰਕਾਸ਼ ਆ ਜਾਂਦਾ ਹੈ। ਉਸ ਪ੍ਰਕਾਸ਼ ਦੇ ਵਿਚ ਸਭ ਤੋਂ ਪਹਿਲੀ ਗੱਲ 'ਮੈਂ' ਆਉਂਦੀ ਹੈ – 'ਅਹੰ'। ਮਹਾਰਾਜ ਜੀ ਕਹਿੰਦੇ, ਸਭ ਤੋਂ ਪਹਿਲਾਂ ਹਉਮੈ ਆਉਣ ਕਰਕੇ ਬੰਨ੍ਹਿਆ ਗਿਆ ਇਹ। ਗੱਲ ਸਮਝਣੀ ਚਾਹੀਦੀ ਹੈ ਇਸ ਦੀ ਕਿ ਤੇ ਇਹ ਆਈ ਕਿਥੋਂ? ਇਹ ਜਾਵੇ ਕਿਵੇਂ?

***ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥***

***ਅੰਗ – 466***

ਮਹਾਰਾਜ ਜੀ ਨੇ ਸਾਫ ਦੱਸਿਆ ਹੋਇਆ ਹੈ। ਅਸੀਂ ਪੜ੍ਹ ਲੈਂਦੇ ਹਾਂ ਗਾ ਕੇ ਚੰਗੀ ਤਰ੍ਹਾਂ, ਰੁਕਦੇ ਨਹੀਂ ਹਾਂ।

***ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ॥***

***ਅੰਗ – 466***

ਆਉਂਦੀ ਕਿਥੋਂ ਹੈ? ਜਾਂਦੀ ਕਿਵੇਂ ਹੈ? ਇਹ 'ਦੀਰਘ ਰੋਗ' ਹੈ ਅਰਬਾਂ-ਖਰਬਾਂ ਸਾਲ ਚੱਲਣ ਵਾਲਾ, ਬਹੁਤ ਵੱਡਾ ਰੋਗ ਹੈ। ਇਸ ਤੋਂ ਵੱਡਾ ਦੁਨੀਆਂ ਵਿਚ ਹੋਰ ਕੋਈ ਰੋਗ ਨਹੀਂ ਹੈ ਪਰ ਦਾਰੂ ਵੀ ਇਸੇ ਵਿਚ ਰੱਖੀ ਹੋਈ ਹੈ। ਜਦੋਂ ਪ੍ਰਾਕਿਰਤੀ ਵਿਚ ਹੋਸ਼ ਆਉਂਦੀ ਹੈ, ਇਸ ਦੇ ਵਿਚ ਕਰੋੜਾਂ ਅਰਬਾਂ ਖਰਬਾਂ ਚਿੱਤ ਨੇ, ਸਾਰੇ ਚਿੱਤ ਜਦੋਂ awareness (ਜਾਗ੍ਰਤ) ਵਿਚ ਆਉਂਦੇ ਨੇ ਤਾਂ ਉਸ ਦੇ ਵਿਚ 'ਮੈਂ' ਆਉਂਦੀ ਹੈ। 'ਮੈਂ' ਆਉਣ ਨਾਲ ਸਮੁੱਚੀ ਚੇਤਨਤਾ ਤੋਂ ਵੱਖਰਾ ਹੋ ਕੇ ਇਕ ਇਕਾਈ ਬਣ ਜਾਂਦਾ ਹੈ, ਵੱਖਰੀ ਹੋਂਦ ਧਾਰ ਲੈਂਦਾ ਹੈ। ਵੱਖਰਾ ਹੋ ਗਿਆ –

***ਜਿਨਿ ਰਚਿ ਰਚਿਆ ਪੁਰਖਿ ਬਿਧਾਤੈ***
***ਨਾਲੇ ਹਉਮੈ ਪਾਈ॥*** ***ਅੰਗ – 999***

ਉਸ ਨੇ ਹਉਮੈ ਪਾ ਦਿੱਤੀ। ਹੁਣ ਚੱਕਰ ਸ਼ੁਰੂ ਹੋ ਗਿਆ ਜਨਮ ਮਰਨ ਦਾ।

***ਜਨਮ ਮਰਣੁ ਉਸ ਹੀ ਕਉ ਹੈ ਰੇ***
***ਓਹਾ ਆਵੈ ਜਾਈ॥*** ***ਅੰਗ – 999***

ਤੀਸਰਾ ਇਹ ਕੰਮ ਕਰਦੀ ਹੈ ਕਿ ਕਿਰਿਆਸ਼ੀਲ ਹੋ ਜਾਂਦੀ ਹੈ ਉਸ ਵੇਲੇ। ਉਸੇ ਵੇਲੇ ਇਸ ਦੇ ਵਿਚ ਪਰਿਵਰਤਨ ਹੋਣਾ ਸ਼ੁਰੂ ਹੋ ਜਾਂਦਾ ਹੈ। ਕਿਤੇ ਵਧਦੀ ਹੈ, ਕਿਤੇ ਘਟਦੀ ਹੈ, ਕਿਤੇ ਨਾਸ਼ ਹੋ ਜਾਂਦੀ ਹੈ। ਤੱਤ, ਤੱਤਾਂ ਵਿਚ ਰਲ ਜਾਂਦੇ ਨੇ। ਇਹ ਚੱਕਰ ਚਲਦਾ ਰਹਿੰਦਾ ਹੈ, ਤੇ ਚੱਲੀ ਜਾਣਾ ਹੈ ਅਨਾਦੀ ਕਾਲ ਤੱਕ। ਇਸ ਸੁਆਲ ਵਿਚ ਸਾਨੂੰ ਜਾਣ ਦੀ ਲੋੜ ਨਹੀਂ ਹੈ। ਸਾਨੂੰ ਲੋੜ ਹੈ ਕਿ 'ਮੈਂ' ਕਿਥੋਂ ਆ ਗਈ? ਹੁਣ ਆਈ ਦਾ ਤਾਂ ਸਾਨੂੰ ਪਤਾ ਨਹੀਂ ਪਰ ਇੰਜ ਹੋ ਗਿਆ ਕਿ ਮੈਂ ਕਿਥੋਂ ਆ ਕੇ ਫਸ ਗਿਆ ਇਸ ਦੇ ਵਿਚ? ਮਹਾਰਾਜ ਜੀ ਕਹਿੰਦੇ ਕਿ ਤੂੰ ਆਪਣੇ ਆਪ ਨੂੰ ਪਛਾਣ ਲੈ, ਤੇਰਾ ਛੁਟਕਾਰਾ ਹੋ ਜਾਏਗਾ ਪਰ ਗੱਲਾਂ ਬਾਤਾਂ ਨਾਲ ਨਹੀਂ ਪਛਾਣਿਆ ਜਾਣਾ, ਭਾਸ਼ਣ ਦੇ ਕੇ ਨਹੀਂ, ਦੁਨੀਆਂ ਨੂੰ ਰਿਝਾ ਕੇ ਨਹੀਂ ਪਛਾਣਿਆ ਜਾਣਾ, ਇਸ ਦਾ ਖਾਸ ਤਰੀਕਾ ਹੈ ਜੋ ਇਸ ਸ਼ਬਦ ਵਿਚ ਦੱਸਿਆ ਹੈ ਮਹਾਰਾਜ ਜੀ ਨੇ। ਸ਼ਬਦ ਤਾਂ ਸਾਰਿਆਂ ਨੇ ਸੁਣਿਆ ਹੈ - ਕਿਸੇ ਨੂੰ ਸਮਝ ਆਈ, ਕਿਸੇ ਨੂੰ ਨਾ ਆਈ। ਵਿਆਖਿਆ ਇਸ ਦੀ ਬੇਅੰਤ ਵੱਡੀ ਹੈ, ਕਿਤਾਬ ਲਿਖੀ ਜਾ ਸਕਦੀ ਹੈ ਇਕੋ ਸ਼ਬਦ ਤੇ। ਹੁਣ ਮਹਾਰਾਜ ਜੀ ਨੇ ਤੱਤ ਦੀ ਗੱਲ ਸਮਝਾਈ, ਕਹਿੰਦੇ ਪਿਆਰਿਆ! ਜਿਹੜਾ ਤੂੰ 'ਮੈਂ' ਕਹਿੰਦਾ ਹੈਂ ਇਸ ਨੂੰ ਛੱਡ, ਕਿਸੇ ਤਰੀਕੇ ਨਾਲ ਇਸ ਦੇ ਵਿਚੋਂ ਨਿਕਲ। ਇਹ ਤੈਨੂੰ ਬੰਨ੍ਹੀ ਬੈਠੀ ਹੈ ਕਿ ਮੈਂ ਸਿੱਖ ਹਾਂ, ਮੈਂ ਪਾਠ ਕਰਦਾ ਹਾਂ। ਪਾਠ ਕਰਨ ਵਾਲਿਆਂ ਨੂੰ ਵੀ ਮਾਣ ਹੁੰਦਾ ਹੈ ਕਿ ਇਹ ਸੁੱਤੇ ਪਏ ਨੇ। ਮਹਾਰਾਜ ਜੀ ਨੇ ਸਮਝਾਇਆ ਕਿ ਸੁੱਤਿਆਂ ਜਾਗਦਿਆਂ ਦੀ ਗੱਲ ਨਹੀਂ ਹੁੰਦੀ, ਗੱਲ ਹੁੰਦੀ ਹੈ ਮਿਹਰ ਦੀ-

***ਇਕ ਜਾਗੰਦੇ ਨ ਲਹਨ***
***ਇਕਨਾ ਸੁਤਿਆ ਦੇਹ ਉਠਾਲ॥ ਅੰਗ - 1384***

ਇਸ ਦਾ ਤੈਨੂੰ ਮਾਣ ਕਾਹਦਾ ਹੋ ਗਿਆ ਕਿ ਮੈਂ ਦੋ ਵਜੇ ਉਠਦਾ ਹਾਂ ਤੇ ਮੇਰਾ ਪੜੌਸੀ ਦਿਨ ਚੜ੍ਹੇ ਉਠਦਾ ਹੈ। ਇਹ ਗੱਲਾਂ ਨਹੀਂ ਰੱਬ ਦੇ ਦਰਬਾਰ ਵਿਚ ਥਾਂ ਪੈਂਦੀਆਂ। ਉਹ ਤੇਰੀ ਸਾਧਨਾ ਹੈ, ਸਾਧਨਾ ਜੇ 'ਮੈਂ' ਤੋਂ ਰਹਿਤ ਹੈ ਤਾਂ ਛੁਟ ਜਾਏਂਗਾ। ਜੇ 'ਮੈਂ' ਨਾਲ ਹੈ ਫੇਰ ਨਹੀਂ ਛੁਟਦਾ। ਫੇਰ ਉਹ ਫਲ ਬਣ ਜਾਂਦਾ ਹੈ ਉਸ ਦਾ। ਸੋ ਮਹਾਰਾਜ ਜੀ ਕਹਿੰਦੇ ਕਿ ਪਿਆਰਿਆ! ਜੇ ਛੁਟਣਾ ਹੈ ਤਾਂ ਤੂੰ ਪਰਮ ਪੁਰਖ ਦੀ, ਜਿਹੜਾ ਸਭ ਤੋਂ ਉਚਾ ਪੁਰਖ ਹੈ, ਸੱਚਾ ਮਿੱਤਰ ਹੈ, ਉਸ ਦੀ ਸੰਗਤ ਕਰ। ਸੱਚਾ ਮਿੱਤਰ ਕਿਹੜਾ ਹੈ? ਮਹਾਰਾਜ! ਕੱਚੇ ਮਿੱਤਰ ਵੀ ਹਨ? ਮਹਾਰਾਜ ਜੀ ਕਹਿੰਦੇ ਕਿ ਕੱਚੇ ਮਿੱਤਰਾਂ ਦੀ ਗੱਲ ਛੱਡ ਦੇ -

***ਨਾਨਕ ਕਚੜਿਆ ਸਿਉ ਤੋੜਿ***
***ਢੂਢਿ ਸਜਣ ਸੰਤ ਪਕਿਆ॥ ਅੰਗ - 1102***

ਇਥੇ 'ਸੰਤ' ਅੱਖਰ ਵਰਤਿਆ ਹੈ। ਹਰ ਬੰਦਾ ਹੀ 'ਸੰਤ' ਕਹਾਉਣਾ ਸ਼ੁਰੂ ਕਰ ਦਿੰਦਾ ਹੈ। ਇਹ ਬਹੁਤ ਬੁਰੀ ਬਾਤ ਹੈ। ਉਹ ਆਪ ਤਾਂ ਫਸੇ ਹੋਏ ਨੇ, ਲੋਕਾਂ ਨੂੰ ਵੀ ਧੋਖਾ ਹੋ ਜਾਂਦਾ ਹੈ। 'ਸੰਤ' ਜੇ ਮੰਨਣਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨ ਲਓ, ਬਹੁਤ ਵਧੀਆ ਸੁਰੱਖਿਅਤ ਰਹਾਂਗੇ ਆਪਾਂ। ਬੰਦਾ ਸੰਤ ਨਹੀਂ ਹੁੰਦਾ। ਬੰਦੇ ਵਿਚ ਤਿੰਨ ਗੁਣ ਚਲਦੇ ਨੇ - ਰਜੋ ਗੁਣ, ਤਮੋ ਗੁਣ, ਸਤੋ ਗੁਣ। ਜੇ ਉਹ ਚੌਥੇ ਪਦ ਦੇ ਵਿਚ ਨਹੀਂ ਪਹੁੰਚਿਆ ਫੇਰ ਉਸ

ਦੇ ਡਿੱਗਣ ਦਾ ਖਤਰਾ ਹੈ, ਡਿੱਗ ਜਾਏਗਾ ਉਹ। ਜਦੋਂ ਮੁਆਫਕ ਹਾਲਾਤ ਆਉਣਗੇ - ਉਸ ਦੀਆਂ ਰੁਚੀਆਂ ਦੇ ਮੁਤਾਬਕ, ਉਥੇ ਹੀ ਗਿਰ ਜਾਏਗਾ। ਫੇਰ ਸੰਤ ਤਾਂ ਕਹਾਇਆ ਨਾ ਉਸ ਨੇ। ਮਹਾਰਾਜ ਜੀ ਕਹਿੰਦੇ ਉਸ ਪੁਰਖ ਦੇ ਲੜ ਲੱਗ ਜਿਹੜੇ ਪੱਕੇ ਨੇ। ਨਰਦਾਂ ਤਾਂ ਉਹ ਨੇ ਜਿਹੜੀਆਂ ਪਾਸੇ ਦੇ ਵਿਚ ਘੁੰਮਦੀਆਂ ਫਿਰਦੀਆਂ ਨੇ। ਇਕ ਨਰਦ ਉਹ ਹੈ ਜਿਹੜੀ ਆਪਣਾ ਸਫਰ ਤੈਅ ਕਰਕੇ ਮਰਦੀ-ਮਾਰਦੀ ਚਲਦੀ-ਚਲਦੀ ਕੇਂਦਰ ਵਿਚ ਆ ਜਾਂਦੀ ਹੈ। ਉਹ ਪੱਕ ਗਈ, ਪੁੱਗ ਗਈ, ਬਾਕੀ ਕੱਚੀਆਂ ਨੇ। ਖੇਲ੍ਹਣ ਵਾਲੇ ਕਹਿੰਦੇ ਨੇ ਕਿ ਮੈਂ ਹੁਣ ਪੱਕੀ ਨਰਦ ਨੂੰ ਕੱਚੀ ਕਰਦਾ ਹਾਂ, ਉਹ ਫੇਰ ਚਲਾ ਲੈਂਦੇ ਨੇ। ਇਹ ਇਕ ਵਿਚਾਰ ਹੈ ਜਿਥੋਂ ਅਸੀਂ ਗੱਲ ਸਮਝ ਲੈਂਦੇ ਹਾਂ। ਪਕੇ ਉਹ ਨੇ ਜਿਨ੍ਹਾਂ ਦਾ ਜੰਮਣ-ਮਰਨ ਖਤਮ ਹੋ ਗਿਆ, ਜਿਨ੍ਹਾਂ ਨੂੰ ਪ੍ਰਮੇਸ਼ਰ ਏਥੇ ਉਥੇ ਹਰ ਥਾਂ ਦੇ ਉਤੇ ਖੁਲ੍ਹੀਆਂ ਅੱਖਾਂ ਦੇ ਨਾਲ ਨਜ਼ਰ ਆ ਗਿਆ, ਬਾਕੀ ਸਾਰੇ ਕੱਚੇ ਨੇ, ਚਾਹੇ ਉਹ ਭਾਸ਼ਨ ਦਿੰਦੇ ਨੇ, ਚਾਹੇ ਉਹ ਕੀਰਤਨ ਕਰਦੇ ਨੇ, ਚਾਹੇ ਉਨ੍ਹਾਂ ਦੇ ਗਲੇ ਬਹੁਤ ਵਧੀਆ ਨੇ, ਚਾਹੇ ਵਿਆਖਿਆ ਕਮਾਲ ਦਰਜੇ ਦੀ ਹੈ ਪਰ ਜੇ ਅੰਦਰ ਜੋਤ ਨਹੀਂ ਜਗੀ, ਪਛਾਣ ਨਹੀਂ ਹੋਈ, ਤਾਂ ਕੱਚਿਆਂ ਵਿਚ ਸ਼ਾਮਲ ਹੈ। ਅਸੀਂ ਉਪਦੇਸ਼ ਕਰਦੇ ਹਾਂ ਕਿ ਕੱਚਿਆਂ ਨਾਲੋਂ ਤੋੜ ਲੈ, ਅਸੀਂ ਤਾਂ ਆਪ ਹੀ ਕੱਚੇ ਹਾਂ, ਦੂਜੇ ਨੂੰ ਕੀ ਉਪਦੇਸ਼? ਜਿਹੜਾ ਹੈ ਹੀ ਕੱਚਾ, ਉਹ ਕਹਿੰਦਾ ਹੈ ਕਿ ਮੇਰੇ ਨਾਲੋਂ ਤੋੜ ਲਓ, ਮੇਰੇ ਮਗਰ ਨਾ ਲਗੋ, ਮੈਂ ਤਾਂ ਕੱਚਾ ਹਾਂ। ਐਨੀ ਜੁਰਤ ਕਿਸੇ 'ਚ ਹੀ ਹੈ ਜਿਹੜਾ ਸਾਫ-ਸਾਫ ਇਹ ਗੱਲ ਕਹਿ ਦੇਵੇ। ਨਾ ਆਪ ਧੋਖਾ ਖਾਵੇ, ਨਾ ਕਿਸੇ ਨੂੰ ਧੋਖਾ ਦੇਵੇ। ਉਹ ਕਹਿੰਦੇ 'ਕਚੜਿਆ ਸਿਉ ਤੋੜ ......, ਹੁਣ ਫੇਰ ਮਹਾਰਾਜ! ਤੋੜ ਕੇ ਕੋਈ ਸਾਥੀ ਤਾਂ ਬਣਾਉਣਾ ਹੈ। ਕਹਿੰਦੇ -

............. ***ਢੂਢਿ ਸਜਣ ਸੰਤ ਪਕਿਆ॥***

***ਅੰਗ - 1102***

ਪੁੱਗੀਆਂ ਹੋਈਆਂ ਰੂਹਾਂ ਟੋਲ੍ਹ ਜੇ ਲੱਭ ਜਾਵੇ। ਉਹ ਜੇ ਤੈਨੂੰ ਲੱਭ ਗਿਆ ਤਾਂ ਤੈਨੂੰ ਉਹ ਰਸਤਾ ਦੱਸ ਸਕਦਾ ਹੈ, ਦੂਜਾ ਕੋਈ ਤੈਨੂੰ ਦੱਸ ਨਹੀਂ ਸਕਦਾ ਰਾਹ ਏਸ ਚੀਜ਼ ਦਾ। ਉਥੇ ਕਰੀਏ ਕੀ? ਕਹਿੰਦੇ ਪਹਿਲਾਂ ਤਾਂ 'ਮੈਂ' ਛੱਡੀਂ ਉਸ ਦੇ ਚਰਨਾਂ ਵਿਚ ਜਾ ਕੇ, 'ਮੈਂ' ਜੇ ਬਣਿਆ ਰਿਹਾ ਕਿ ਮੈਂ ਗਿਆਨੀ ਹਾਂ, ਮੈਂ ਸੰਤ ਹਾਂ, ਮੈਨੂੰ ਲੋਕ ਬਹੁਤ ਚੰਗਾ ਕਹਿੰਦੇ ਨੇ, ਮੈਂ ਮਾਲਦਾਰ ਹਾਂ, ਮੈਂ ਵੱਡਾ ਅਫਸਰ ਹਾਂ, ਇਹ ਤਾਂ ਗੱਲਾਂ ਦੁਨੀਆਂ ਦੀਆਂ ਨੇ ਸਾਰੀਆਂ। ਮੈਂ ਦੂਜੀਆਂ ਗੱਲਾਂ ਲੈਂਦਾ ਹਾਂ ਜਿਹੜੀਆਂ ਛੱਡਣੀਆਂ ਔਖੀਆਂ ਨੇ। ਮੇਰੇ 'ਚ ਸ਼ਕਤੀ ਹੈ, ਮੈਂ ਉਡ ਜਾਂਦਾ ਹਾਂ, ਮੈਂ ਗੁਪਤ ਹੋ ਜਾਂਦਾ ਹਾਂ, ਮੇਰਾ ਬਚਨ ਸਿੱਧ ਹੋ ਜਾਂਦਾ ਹੈ, ਇਹ ਗੱਲਾਂ ਕੁਝ ਨਹੀਂ ਹਨ, ਐਵੇਂ ਫੋਕੀਆਂ ਨੇ। ਜਿਹੜਾ ਪੱਕਾ ਹੈ ਉਹ ਇਨ੍ਹਾਂ ਗੱਲਾਂ ਤੋਂ ਉਪਰ ਹੁੰਦਾ ਹੈ, ਚੌਥੇ ਪਦ ਵਿਚ ਰਹਿੰਦਾ ਹੈ, ਤਿੰਨ ਗੁਣਾਂ ਦੇ ਅਧੀਨ ਨਹੀਂ ਰਹਿੰਦਾ। ਤਿੰਨ ਗੁਣਾਂ ਦੇ ਅਧੀਨ ਵਾਲਾ ਡਾਵਾਂ ਡੋਲ ਹੁੰਦਾ ਹੈ ਹਮੇਸ਼ਾ। ਸੋ ਉਹ ਕਹਿੰਦੇ ਪੱਕਾ ਟੋਲ੍ਹ (ਲੱਭ) ਲੈ। ਫੇਰ ਕੀ ਕਰ? ਕਹਿੰਦੇ 'ਮੈਂ' ਛੱਡ ਦੇ। ਮੈਥੋਂ ਤਾਂ ਮਹਾਰਾਜ! ਛੱਡੀ ਨਹੀਂ ਜਾਂਦੀ, ਮੈਂ ਤਾਂ ਲੱਖਾਂ ਯਤਨ ਕਰ ਲਏ, ਪੜ੍ਹ-ਪੜ੍ਹ ਕੇ ਵੀ ਥੱਕ ਗਿਆ। ਵੇਦ ਵੀ ਪੜ੍ਹ ਲਏ, ਸਾਸ਼ਤਰ ਵੀ ਪੜ੍ਹ ਲਏ, ਕਿਤਾਬ ਕੋਈ ਛੱਡੀ ਹੀ ਨਹੀਂ ਜਿਹੜੀ ਨਾ ਮੈਂ ਪੜ੍ਹੀ ਹੋਵੇ।

ਮਹਾਰਾਜ ਜੀ ਕਹਿੰਦੇ ਕਿ ਪੜ੍ਹਿਆਂ ਤੋਂ ਤਾਂ ਹੋਰ ਵਧਦੀ ਹੈ, ਤੂੰ ਹੋਰ ਸੰਗਲ ਪਾ ਲਏ ਆਪਣੇ ਦੁਆਲੇ। ਬਹੁਤਾ ਤੈਨੂੰ ਗਿਆਨ ਹੋ ਗਿਆ, ਤਿੱਖੀ ਤੇਰੀ ਸੁਰਤ ਹੋ ਗਈ, ਪਿਆਰਿਆ! ਤੂੰ ਤਾਂ ਹੋਰ ਬੰਨ੍ਹਿਆ ਗਿਆ; ਪੜ੍ਹਿਆਂ ਤੋਂ ਨਹੀਂ ਇਹ ਜਾਣੀ। ਇਸ ਦੇ ਜਾਣ ਦਾ ਇਕੋ ਹੀ ਤਰੀਕਾ ਹੈ ਕਿ ਲਿਵ ਦੀ ਅਵਸਥਾ ਵਿਚ ਆ ਜਾਵੇ ਤੇ ਇਸ ਨੂੰ ਸੰਗਲ ਮਿਲ ਜਾਵੇ-

***ਕਬਹੂ ਸਾਧਸੰਗਤਿ ਇਹੁ ਪਾਵੈ॥*** ***ਅੰਗ - 278***

ਦਸ ਜਨਮ, ਵੀਹ ਜਨਮ, ਪੰਜਾਹ ਜਨਮ ਘੁੰਮਦੇ ਘੁੰਮਦੇ ਨੂੰ ਹੋ ਗਏ। ਪੂਰੀ ਅਸਟਪਦੀ ਪੜ੍ਹਿਓ ਕਦੇ ਧਿਆਨ ਨਾਲ, ਕਿਤੇ ਵੱਡਾ ਰਾਜਾ ਬਣ ਜਾਂਦਾ ਹੈ, ਕਿਤੇ ਭਿਖਾਰੀ ਬਣ ਜਾਂਦਾ ਹੈ, ਕਿਤੇ ਉਪਦੇਸ਼ਕ ਬਣ ਜਾਂਦਾ ਹੈ, ਕਿਤੇ ਆਤਮ ਗਿਆਨੀ ਹੈ, ਛੁਟਿਆ ਤਾਂ ਫੇਰ ਵੀ ਨਾ, ਫੇਰ ਵੀ ਗੇੜੇ ਹੀ ਖਾਂਦਾ ਫਿਰਦਾ ਹੈ। ਕਹਿੰਦੇ ਕਦੇ ਪੁੱਗੇ ਹੋਏ ਮਿਲ ਜਾਣ ਏਸ ਨੂੰ -

***ਕਬਹੂ ਸਾਧਸੰਗਤਿ ਇਹੁ ਪਾਵੈ॥***
***ਉਸੁ ਅਸਥਾਨ ਤੇ ਬਹੁਰਿ ਨ ਆਵੈ॥***

***ਅੰਗ - 278***

ਹੋਏਗਾ ਕੀ? ਕਹਿੰਦੇ ਤੇਰਾ ਅਨੁਭਵ ਜਾਗ ਪਏਗਾ -

***ਅੰਤਰਿ ਹੋਇ ਗਿਆਨ ਪਰਗਾਸੁ॥*** ***ਅੰਗ - 278***

ਉਸ ਦੇ ਵਾਸਤੇ ਰਸਤਾ ਦੱਸਿਆ ਗਿਆ ਹੈ ਏਸ ਸ਼ਬਦ ਦੇ ਅੰਦਰ। ਸਮਾਂ ਫਟਾਫਟ ਜਾ ਰਿਹਾ ਹੈ, ਜਿੰਨਾ ਕੁ ਮੈਂ ਦੱਸਣਾ ਹੈ, ਪੂਰੇ ਸ਼ਬਦ ਦੇ ਉਤੇ ਤਾਂ ਘੰਟੇ ਲੱਗ ਜਾਣਗੇ। ਇਸ ਦੇ ਵਿਚ ਜਿਹੜਾ ਮੇਰੇ ਯਾਦ ਹੈ, ਸਾਰਾ ਨਹੀਂ ਮੇਰੇ ਯਾਦ, ਮੈਂ ਤਾਂ ਦੋ ਕੁ ਤੁਕਾਂ ਬੜੀ ਮੁਸ਼ਕਲ ਨਾਲ ਯਾਦ ਰੱਖੀਆਂ ਨੇ। ਉਹ ਨੇ-

***ਮਾਨੁ ਨ ਕੀਜੈ ..........॥*** ***ਅੰਗ - 612***

ਆਪਣੀ 'ਹਉ' ਦਾ ਮਾਣ ਛੱਡ ਦਿਓ, ਆਪਣੀ 'ਹੋਂਦ' ਦਾ ਮਾਣ ਛੱਡ ਦਿਓ। - I am nothing. (ਮੈਂ ਕੁਝ ਨਹੀਂ ਹਾਂ।) ਕੇਵਲ ਜ਼ੁਬਾਨ ਨਾਲ ਨਾ ਕਹਿ, ਅਮਲੀ ਤੌਰ ਤੇ ਮੰਨ ਲੈ ਏਸ ਗੱਲ ਨੂੰ। ਫੇਰ ਦੂਜਾ -

***......... ਸਰਣਿ ਪਰੀਜੈ ..........॥*** ***ਅੰਗ - 612***

ਸਭ ਕੁਝ ਛੱਡ ਕੇ ਉਸ ਦੀ ਸ਼ਰਨ ਵਿਚ ਆ ਜਾ। ਫੇਰ ਅਗਲਾ ਕਦਮ ਆ ਗਿਆ ਕਿ ਉਸ ਨੇ ਚੰਗਾ ਵੀ ਕਰਨਾ ਹੈ, ਮਾੜਾ ਵੀ ਕਰਨਾ ਹੈ, ਫੇਰ ਭਲਾ ਕਿਵੇਂ ਮਨਾਇਆ ਜਾਵੇਂ? ਭਲਾ ਮਨਾਇਆ ਗੁਰੂ ਦਸਮੇਸ਼ ਪਿਤਾ ਨੇ। ਮੈਂ ਸਾਰੇ ਇਤਿਹਾਸ ਪੜ੍ਹ ਕੇ ਦੇਖੇ ਨੇ, ਵੱਡੇ-ਵੱਡੇ ਡੋਲ ਜਾਂਦੇ ਨੇ। ਇਹ ਗੁਰੂ ਦਸਵੇਂ ਪਾਤਿਸ਼ਾਹ ਹੀ ਸਨ ਜਿਨ੍ਹਾਂ ਨੇ ਕਹਿ ਦਿੱਤਾ ਕਿ -

***ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥***

***ਖਿਆਲ ਪਾਤਿਸ਼ਾਹੀ 10***

ਇਹ ਤੁਕ ਪੜ੍ਹ ਕੇ ਇਹ ਲਗਦਾ ਹੈ ਕਿ ਹੁਣ ਗੁਰੂ ਮਹਾਰਾਜ ਜੀ ਕਹਿਣਗੇ ਕਿ ਸਾਹਿਬਜ਼ਾਦੇ ਵੀ ਸ਼ਹੀਦ ਹੋ ਗਏ, ਸਿੰਘ ਵੀ ਸ਼ਹੀਦ ਹੋ ਗਏ।

ਮੈਂ ਤਾਂ ਤੇਰਾ ਭੇਜਿਆ ਹੋਇਆ ਏਥੇ ਆਇਆ ਸੀ। ਤੂੰ ਕਿਹਾ ਸੀ ਕਿ –

***ਮੈ ਅਪਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***
***ਜਹਾ ਤਹਾ ਤੈ ਧਰਮੁ ਚਲਾਇ।***
***ਕਬੁਧਿ ਕਰਨ ਤੇ ਲੋਕ ਹਟਾਇ।***

***ਅਕਾਲ ਪੁਰਖ ਬਾਚ (ਚੌਪਈ)***

ਹੇ ਪ੍ਰਭੂ! ਮੈਂ ਤਾਂ 'ਖਾਲਸਾ ਆਦਰਸ਼' ਲਿਆਂਦਾ ਏਥੇ ਜਿਹੜਾ ਹਉਮੈ ਤੋਂ ਰਹਿਤ ਪੂਰਾ ਆਤਮ ਗਿਆਨੀ ਹੈ। ਉਸ ਲਈ ਮੈਂ ਫਾਰਸੀ ਦਾ ਅਖਰ ਵਰਤਿਆ ਹੈ – 'ਖਾਲਸਾ'। ਬ੍ਰਹਮਗਿਆਨੀ ਮੈਂ ਪੈਦਾ ਕਰਿਆ ਹੈ ਤੇ ਤੇਰਾ ਹੁਕਮ ਪੂਰਾ ਕਰਿਆ। ਕਿਹੜਾ ਮੈਂ ਗੁਨਾਹ ਕਰਿਆ ਸੀ ਜਿਸ ਕਰਕੇ ਅਨੰਦਪੁਰ ਸਾਹਿਬ ਵਿਚ ਮੈਨੂੰ ਐਨੀਆਂ ਤਕਲੀਫਾਂ ਆਈਆਂ, ਚੌਦਾਂ ਵਾਰੀ ਮੇਰੇ ਤੇ ਫੌਜਾਂ ਚੜ੍ਹਾਈਆਂ, ਛੋਟੇ ਸਾਹਿਬਜ਼ਾਦੇ ਤੇ ਮਾਤਾ ਜੀ ਕਿਧਰੇ ਚਲੇ ਗਏ, ਵੱਡੇ ਮੇਰੀਆਂ ਅੱਖਾਂ ਦੇ ਸਾਹਮਣੇ ਸ਼ਹੀਦ ਹੋ ਗਏ। ਜੇ ਕਮਜ਼ੋਰ ਨਿਹਚਾ ਹੁੰਦਾ ਤਾਂ ਸ਼ਿਕਵਾ ਦਿੰਦਾ ਕਿ ਤੂੰ ਮੇਰੇ ਨਾਲ ਚੰਗੀ ਕਰੀ ਏਥੇ ਭੇਜ ਕੇ ਮੇਰੀ ਰਾਖੀ ਨਹੀਂ ਕਰੀ। ਉਹ ਬੁਰਿਆਈ ਫੇਰ ਉਛਲਦੀ ਰਹੀ ਤੇ ਵੱਡੀ ਬਣ ਗਈ। ਚੰਗਿਆਈ ਜਿਸ ਦੇ ਬਾਰੇ ਕਹਿੰਦੇ ਹਨ ਕਿ ਇਸ ਦੀ ਕਦੇ ਹਾਰ ਨਹੀਂ ਹੁੰਦੀ –

***ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ॥***

***ਅੰਗ – 519***

ਮੈਨੂੰ ਤਾਂ ਤੂੰ ਇਕੱਲਾ ਕਰਕੇ ਇਥੇ ਪਾ ਦਿੱਤਾ, ਪੈਣ ਨੂੰ ਮੇਰੇ ਕੋਲ ਕੋਈ ਥਾਂ ਨਹੀਂ ਹੈ, ਗਿੱਲਾ ਥਾਂ ਹੈ ਜਿਥੇ ਮੈਂ ਪਿਆ ਹਾਂ, ਪਰ ਨਾ, ਕੋਈ ਸ਼ਿਕਵਾ ਨਹੀਂ। ਗੱਲ ਸਮਝਣ ਵਾਲੀ ਹੈ ਇਥੇ, ਐਵੇਂ ਗਾ ਕੇ ਕੁਝ ਨਹੀਂ ਬਣਦਾ। ਕਹਿੰਦੇ –

***ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥***
***ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,***
***ਨਾਗ ਨਿਵਾਸਾਂ ਦੇ ਰਹਣਾ॥***

***ਖਿਆਲ ਪਾਤਿਸ਼ਾਹੀ 10***

ਜੇ ਮੈਂ ਤੇਰੇ ਨਾਲੋਂ ਟੁਟ ਕੇ ਬਹੁਤ ਵਧੀਆ ਚੀਜ਼ਾਂ ਖਾਵਾਂ-ਪੀਵਾਂ, ਮੈਨੂੰ ਉਹ ਕੁਝ ਵੀ ਨਹੀਂ ਹਨ, ਰਜਾਈਆਂ ਵੀ ਰੋਗ ਹੈ ਤੇ ਜਿਹੜਾ ਉਸ ਦੇ ਸੁਖ ਨਾਲ ਰਹਿਣਾ ਹੈ ਉਹ ਨਾਗਾਂ ਦੇ ਨਾਲ ਰਹਿਣ ਦੇ ਬਰਾਬਰ ਹੈ ਕਿਉਂਕਿ ਤੂੰ ਭੁਲਿਆ ਹੋਇਆ ਹੈਂ। ਅਸੀਂ ਤਾਂ ਨਹੀਂ ਕਹਿੰਦੇ ਕਦੇ, ਸਾਡੇ ਤਾਂ ਰੱਬ ਯਾਦ ਹੀ ਨਹੀਂ ਆਉਂਦਾ ਕਦੇ। ਉਹ ਪਿਆਰਾ ਕਦੇ ਵੀ ਸਾਨੂੰ ਪਿਆਰਾ ਨਹੀਂ ਲੱਗਿਆ ਅੱਜ ਤੱਕ। ਸ਼ਿਕਵਾ ਹੀ ਰਹਿੰਦਾ ਹੈ, ਉਸ ਕੋਲੋਂ ਮੰਗਦੇ ਹੀ ਰਹਿੰਦੇ ਹਾਂ – ਤੂੰ ਮੈਨੂੰ ਕਿਉਂ ਬਿਮਾਰ ਕਰਿਆ ਹੈ?

***ਸੂਲ ਸੁਰਾਹੀ, ਖੰਜਰ ਪਿਆਲਾ, .............॥***

***ਖਿਆਲ ਪਾਤਿਸ਼ਾਹੀ 10***

ਇਹ ਖਾਣ ਪੀਣ ਦੀਆਂ ਗੱਲਾਂ ਆ ਗਈਆਂ।

*............ ਬਿੰਗ ਕਸਾਈਆਂ ਦਾ ਸਹਣਾ॥*

***ਖਿਆਲ ਪਾਤਿਸ਼ਾਹੀ 10***

ਜਿਵੇਂ ਬੱਕਰੇ ਨੂੰ ਕਸਾਈ ਦੀ ਬੇਦਰਦੀ ਦਾ ਦੁੱਖ 'ਬਿੰਗ' ਸਹਿਣਾ ਪੈਂਦਾ ਹੈ ਤਿਵੇਂ ਹੀ ਜੇ ਚੰਗੀਆਂ ਖੁਰਾਕਾਂ ਤੇਰੇ ਬਿਨਾ ਮੈਂ ਖਾਂਦਾ ਹਾਂ, ਉਹ ਦੁਖਦਾਈ ਹਨ।

*ਯਾਰੜੇ ਦਾ ਸਾਨੂੰ ਸਥਰ ਚੰਗਾ, ..............॥*

***ਖਿਆਲ ਪਾਤਿਸ਼ਾਹੀ 10***

ਮੈਨੂੰ ਆਹ ਜਿਹੜਾ ਤੂੰ ਗਿੱਲਾ ਥਾਂ ਦਿੱਤਾ ਹੈ, ਮੀਂਹ ਪਿਆ ਹੋਇਆ ਹੈ, ਠਰਿਆ ਪਿਆ ਹੈ, ਰਿਵੀ (ਠੰਡੀ ਹਵਾ) ਚੱਲ ਰਹੀ ਹੈ, ਹੱਥ ਮੁੜਦੇ ਜਾਂਦੇ ਨੇ, ਇਹ ਮੈਂ ਬਹੁਤ ਖੁਸ਼ ਹੋ ਕੇ ਅਪਣਾਇਆ ਹੈ ਕਿਉਂਕਿ ਤੂੰ ਦਿੱਤਾ ਹੈ ਮੈਨੂੰ, ਮੇਰੇ ਮਿੱਤਰ ਨੇ ਦਿੱਤਾ ਹੈ।

ਸੁਦਾਮੇ ਤੇ ਕ੍ਰਿਸ਼ਨ ਮਹਾਰਾਜ ਜੀ ਦੀ ਸਾਖੀ ਆਉਂਦੀ ਹੈ – 'ਮਿੱਤਰ ਭਗਤੀ' ਦੀ। ਕ੍ਰਿਸ਼ਨ ਮਹਾਰਾਜ ਮਿੱਤਰ ਸਨ, ਸੁਦਾਮਾ ਮਿੱਤਰਤਾ ਵਿਚ ਫੇਲ੍ਹ ਹੋਇਆ। ਜਿਸ ਵਕਤ ਸੁਦਾਮਾ ਜਾਂਦਾ ਹੈ ਕ੍ਰਿਸ਼ਨ ਮਹਾਰਾਜ ਕੋਲ, ਉਸ ਵਕਤ ਉਸ ਦੇ ਫਟੀ ਹੋਈ ਧੋਤੀ ਪਾਈ ਹੋਈ ਸੀ, ਪੈਰਾਂ ਵਿਚ ਜੁੱਤੀ ਨਹੀਂ ਸੀ, ਕੰਡੇ ਹੀ ਕੰਡੇ ਲੱਗੇ ਹੋਏ, ਜਖਮੀ ਹੋਏ ਹੋਏ ਪੈਰ ਥਾਂ ਥਾਂ ਤੋਂ, ਤੁਰਦਾ ਵੀ ਬੜੀ ਮੁਸ਼ਕਲ ਨਾਲ ਸੀ, ਭੁੱਖ ਦਾ ਮਾਰਿਆ ਡਾਵਾਂ ਡੋਲ ਸੀ। ਉਥੇ ਪਹੁੰਚ ਕੇ ਉਸ ਨੇ ਸੁਨੇਹਾ ਦਿੱਤਾ ਕਿ ਮੈਂ ਕ੍ਰਿਸ਼ਨ ਮਹਾਰਾਜ ਜੀ ਨੂੰ ਮਿਲਣਾ ਹੈ। ਪਹਿਲਾਂ ਤਾਂ ਜਿਹੜੇ ਪਹਿਰੇਦਾਰ ਸਨ ਉਹ ਕਹਿੰਦੇ ਕਿ ਜਾਹ! ਜਾਹ!! ਆਹ ਮੂੰਹ ਤੇਰਾ ਕ੍ਰਿਸ਼ਨ ਮਹਾਰਾਜ ਨੂੰ ਮਿਲਣ ਵਾਲਾ ਹੈ? ਬਹੁਤ ਮਿੰਨਤਾਂ ਬੇਨਤੀਆਂ ਕਰੀਆਂ। ਇਕ ਦੇ ਮਨ ਵਿਚ ਤਰਸ ਆਇਆ ਕਿ ਚਲੋ ਆਪਾਂ ਕਹਿ ਦਿੰਦੇ ਹਾਂ ਕ੍ਰਿਸ਼ਨ ਮਹਾਰਾਜ ਜੀ ਨੂੰ ਜਾ ਕੇ, ਆਪਣਾ ਕੀ ਹਰਜ ਹੈ ਏਸ ਗੱਲ ਦੇ ਅੰਦਰ। ਸੋਚਦਾ ਆਉਂਦਾ ਸੀ ਮਨ ਦੇ ਅੰਦਰ – ਗਿੱਟੀਆਂ ਗਿਣਦਾ ਕਿ ਮੈਂ ਕਿਵੇਂ ਪਹੁੰਚਾਂ? ਉਥੇ ਮਿਲਾਏਗਾ ਕਿਹੜਾ ਮੈਨੂੰ? ਉਹ ਬਾਦਸ਼ਾਹ ਹੈ ਤੇ ਮੈਂ ਇਕ ਗਰੀਬ ਬ੍ਰਾਹਮਣ ਹਾਂ। ਉਥੇ ਅੰਦਰ ਸੁਨੇਹਾ ਦੇਣ ਵਿਚ ਦੇਰ ਹੋ ਗਈ, ਇਸ ਨੂੰ ਗੁੱਸਾ ਆ ਗਿਆ। ਹੁਣ ਜੇ ਤਾਂ ਸਹੀ ਮਿੱਤਰ ਹੁੰਦਾ ਤਾਂ ਆਪਣੇ ਪਿਆਰੇ ਦਾ ਦਰ ਨਾ ਛੱਡਦਾ ਕਿ ਮੈਂ ਨਹੀਂ ਜਾਣਾ, ਮੇਰਾ ਪਿਆਰਾ ਏਸ ਦੇ ਅੰਦਰ ਬੈਠਾ ਹੈ। ਤੁਸੀਂ ਖਬਰ ਕਰਨੀ ਹੈ ਤਾਂ ਕਰ ਦਿਓ, ਮੈਂ ਨਹੀਂ ਤਾਂ ਏਥੇ ਹੀ ਬੈਠਾ ਹਾਂ। ਮੈਂ ਉਸ ਦੇ ਦਰਸ਼ਨ ਕਰੇ ਬਿਨਾ, ਉਸ ਨੂੰ ਮਿਲੇ ਬਿਨਾ ਨਹੀਂ ਜਾਣਾ। ਥੋੜ੍ਹਾ ਗੁੱਸਾ ਆਇਆ ਮਨ ਵਿਚ ਕਿ ਛੱਡ ਪਰ੍ਹੇ! ਇਹ ਰਾਜਸੀ ਬੰਦਾ ਹੈ। ਸਾਡੇ ਮਨ ਵਿਚ ਵੀ ਇਹੀ ਆ ਜਾਂਦਾ ਹੈ। ਕੁਦਰਤੀ ਆਉਂਦਾ ਹੈ ਜਿੰਨਾ ਚਿਰ ਆਦਮੀ ਦੇ ਮਨ ਵਿਚ 'ਹਉਂ' ਹੈ ਓਨਾ ਚਿਰ ਗੁੱਸਾ ਜ਼ਰੂਰ ਆਉਣਾ ਹੈ।

ਜਦੋਂ ਕ੍ਰਿਸ਼ਨ ਮਹਾਰਾਜ ਜੀ ਨੂੰ ਪਤਾ ਲੱਗਿਆ ਤਾਂ ਸੁਦਾਮਾ ਤਿੰਨ ਚਾਰ ਮੀਲ ਨਿਕਲ ਗਿਆ ਸੀ ਵਾਪਸ – ਆਪਣੇ ਘਰ ਵਲ ਨੂੰ। ਕ੍ਰਿਸ਼ਨ ਮਹਾਰਾਜ ਜੀ ਨੂੰ ਦਸਿਆ ਇਕ ਨੇ ਕਿ ਮਹਾਰਾਜ! ਇਕ ਬੰਦਾ ਇਥੇ ਆਇਆ ਸੀ, ਫਟੀ ਹੋਈ ਧੋਤੀ ਸੀ, ਪੈਰ ਜਖਮੀ ਸਨ ਕੰਡਿਆਂ ਨਾਲ, ਲੰਗੜਾ ਹੋ ਕੇ ਤੁਰਦਾ ਸੀ ਤੇ ਉਹ ਆਪ ਨੂੰ ਆਪਣਾ ਮਿੱਤਰ ਕਹਿੰਦਾ ਸੀ।

ਕਹਿੰਦੇ, "ਨਾਉਂ ਕੀ ਦੱਸਿਆ ਉਸ ਨੇ?"

ਕਹਿੰਦਾ, "ਜੀ! ਸੁਦਾਮਾ।"

ਭਗਵਾਨ ਕਹਿੰਦੇ, "ਸੁਦਾਮਾ?"

ਫੇਰ ਨਹੀਂ ਉਨ੍ਹਾਂ ਨੂੰ ਪਤਾ ਰਿਹਾ। ਉਸੇ ਵੇਲੇ ਤਖਤ ਤੋਂ ਕਾਹਲੀ ਨਾਲ ਉਤਰੇ। ਸਾਰੇ ਰੋਕ ਰਹੇ ਨੇ ਕਿ ਮਹਾਰਾਜ! ਪੈਰਾਂ ਵਿਚ ਜੋੜਾ ਤਾਂ ਪਾ ਲਓ, ਨਾਲ ਲੈ ਲਓ। ਪਰ ਕਿਸੇ ਨੂੰ ਨਹੀਂ ਰਲਣ ਦਿੱਤਾ। ਇਕੋ ਅਵਾਜ਼ ਆ ਰਹੀ ਹੈ - ਸੁਦਾਮੇ! ਸੁਦਾਮੇ!! ਸੁਦਾਮੇ!!! ਤਿੰਨ ਚਾਰ ਮੀਲ ਤੇ ਜਾ ਘੇਰਿਆ।

ਕਹਿੰਦੇ, "ਮਿੱਤਰ! ਤੂੰ ਐਡੀ ਦੂਰੋਂ ਆ ਕੇ ਬਿਨਾ ਮਿਲੇ ਹੀ ਚਲਿਆ ਗਿਆ?"

ਪਿਆਰ ਨਾਲ ਵਾਪਸ ਲੈ ਆਂਦਾ। ਗੱਲਾਂ ਕਰਦੇ ਰਹੇ ਸਾਰੀਆਂ ਜਦੋਂ ਪੜ੍ਹਦੇ ਸਨ 'ਸੰਦੀਪਨ' ਗੁਰੂ ਕੋਲ। ਘਰ ਲਿਆ ਕੇ ਉਨ੍ਹਾਂ ਨੇ ਆਪਣੇ ਥਾਂ ਬਿਠਾ ਕੇ ਚਰਨਾਂ ਵਿਚੋਂ ਕੰਡੇ ਕੱਢਣੇ ਸ਼ੁਰੂ ਕਰੇ। ਕੰਡੇ ਕੱਢੀ ਜਾਂਦੇ ਨੇ, ਰੋਈ ਜਾਂਦੇ ਨੇ ਕਿ ਮੇਰੇ ਮਿੱਤਰ ਨੂੰ ਮੈਨੂੰ ਮਿਲਣ ਵਾਸਤੇ ਕਿੰਨੀ ਤਕਲੀਫ ਝੱਲਣੀ ਪਈ। ਪਰਾਤ ਰੱਖੀ ਹੋਈ ਸੀ ਕੋਲ ਕਿ ਚਰਨ ਧੋਣੇ ਨੇ। ਪਰਾਤ ਨੂੰ ਤਾਂ ਹੱਥ ਨਾ ਲਾਉਣ, ਹੰਝੂ ਹੀ ਐਨੇ ਗਿਰੇ ਕਿ ਉਸ ਦੇ ਚਰਨ ਧੋਣੇ ਸ਼ੁਰੂ ਕਰ ਦਿੱਤੇ ਹੰਝੂਆਂ ਨਾਲ ਹੀ। ਸੋ ਇਹ 'ਮਿੱਤਰ ਭਗਤੀ' ਸੀ। ਉਹ ਮਿੱਤਰ ਸੀ। ਉਥੇ ਉਸ ਨੇ ਸ਼ਿਕਵਾ ਕੀਤਾ ਜਿਥੋਂ ਉਸ ਦਾ ਪਿਆਰ ਕੱਚਾ ਗਿਣਿਆ ਗਿਆ ਤੇ ਕ੍ਰਿਸ਼ਨ ਮਹਾਰਾਜ ਜੀ ਦਾ ਪਿਆਰ ਪੱਕਾ ਗਿਣਿਆ ਗਿਆ। ਹੁਣ ਦਸਵੇਂ ਪਾਤਿਸ਼ਾਹ ਨੇ ਸ਼ਿਕਵਾ ਨਹੀਂ ਕੀਤਾ, ਉਹ ਕਹਿੰਦੇ -

***ਯਾਰੜੇ ਦਾ ਸਾਨੂੰ ਸਥਰ ਚੰਗਾ,***
***ਭਠ ਖੇੜਿਆਂ ਦਾ ਰਹਣਾ॥***

***ਖਿਆਲ ਪਾਤਿਸ਼ਾਹੀ 10***

ਕਿਉਂਕਿ ਮਿੱਤਰ ਦਾ ਫਰਜ਼ ਹੈ -

............. ***ਕਰੈ ਸੁ ਭਲਾ ਮਨਾਈਐ॥***

***ਅੰਗ - 612***

ਇਸੇ ਸ਼ਬਦ ਵਿਚ ਆਉਂਦਾ ਹੈ -

***ਮਾਨੁ ਨ ਕੀਜੈ ਸਰਣਿ ਪਰੀਜੈ***
***ਕਰੈ ਸੁ ਭਲਾ ਮਨਾਈਐ॥*** ***ਅੰਗ - 612***

ਜਦੋਂ ਉਸ ਦੇ ਕਰੇ ਹੋਏ ਤੇ ਅਸੀਂ ਭਲਾ ਮਨਾਵਾਂਗੇ, 'ਹਿਕਮਤ' ਤੇ 'ਹੁਕਮ' ਅਸੀਂ ਚੁਕਾ ਦਿੱਤਾ। ਫੇਰ ਜਿਹੜਾ ਸਾਡੇ ਨਾਲ ਰਹਿੰਦਾ ਹੈ, ਉਹ ਦਇਆਲੂ ਹੋ ਕੇ ਸਾਨੂੰ ਦਰਸ਼ਨ ਦਿਖਾ ਦਏਗਾ। ਸੋ ਮਹਾਰਾਜ ਜੀ ਕਹਿੰਦੇ ਕਿ ਇਹ ਓਨੀ ਦੇਰ ਤੱਕ ਨਹੀਂ ਤੈਨੂੰ ਮਿਲਣਾ ਜਿੰਨੀ ਦੇਰ ਤੱਕ ਤੈਨੂੰ 'ਪੱਕਾ' ਨਹੀਂ ਮਿਲ ਜਾਂਦਾ। ਉਸ ਪੱਕੇ ਨੇ ਤੈਨੂੰ ਅਨੁਭਵ ਕਰਾ ਦੇਣਾ ਹੈ। ਮਹਾਰਾਜ ਜੀ ਕਹਿੰਦੇ ਕਿ ਜਦੋਂ ਮੇਰੇ ਉਤੇ ਮੇਰੇ ਮਿੱਤਰ ਦੀ ਕਿਰਪਾ ਹੋਈ....., 'ਸੁਣ ਮੀਤਾ......॥ 'ਮੀਤਾ' ਕਿਹਾ ਹੈ ਮਹਾਰਾਜ ਜੀ ਨੇ। ਮਿੱਤਰ ਗੁਰੂ ਨੂੰ ਕਿਹਾ ਹੈ ਇਥੇ। ਸੋ ਉਸ ਨੇ ਮੈਨੂੰ ਉਹ ਅੱਖ ਦੇ ਦਿੱਤੀ

ਜਿਸ ਦੇ ਨਾਲ ਪ੍ਰਮੇਸ਼ਰ ਦਿਸਦਾ ਹੈ, ਮੇਰੀ ਅੱਖ ਖੁੱਲ੍ਹ ਗਈ ਤੇ ਮੈਂ ਕਿਹਾ ਕਿ –

*............... ਸਭੁ ਅਕੁਲ ਨਿਰੰਜਨੁ ਡੀਠਾ॥*

*ਅੰਗ – 612*

ਇਹ ਹੋਇਆ ਉਦੋਂ, ਜਦੋਂ 'ਮੈਂ' ਮਿਟੀ। ਜਿੰਨਾ ਚਿਰ 'ਮੈਂ' ਨਹੀਂ ਮਿਟਦੀ, ਓਨੀ ਦੇਰ ਤੱਕ ਇਹ ਗੱਲ ਨਹੀਂ ਬਣਿਆ ਕਰਦੀ ਸਾਧ ਸੰਗਤ ਜੀ। ਆਪਾਂ ਸਾਰੇ ਸਫਰ ਕਰ ਰਹੇ ਹਾਂ, ਵਾਹਿਗੁਰੂ ਜੀ ਨੂੰ ਮਿਲਣ ਵਾਸਤੇ ਤੁਰੇ ਜਾ ਰਹੇ ਹਾਂ। ਕਾਰੋਬਾਰ ਵੀ ਕਰਦੇ ਹਾਂ। ਇਕ ਉਹ ਨੇ ਜਿਨ੍ਹਾਂ ਨੂੰ ਹਰ ਵਕਤ ਹੀ ਲਗਨ ਲੱਗੀ ਰਹਿੰਦੀ ਹੈ–

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

*ਡਾ. ਭਾਈ ਵੀਰ ਸਿੰਘ ਜੀ*

ਜਿੰਨੀ ਦੇਰ ਤੱਕ ਮੰਜ਼ਲ–ਏ–ਮਕਸੂਦ ਤੇ ਨਹੀਂ ਪਹੁੰਚਦੇ ਉਦੋਂ ਤੱਕ ਚਲਦੇ ਹੀ ਨੇ, ਚਲਦੇ ਹੀ ਨੇ। ਇਕ ਉਹ ਰਾਹੀ ਨੇ ਜਿਹੜੇ ਚੱਲ ਤਾਂ ਪਏ ਨੇ ਪਰ ਵਿਸ਼ੇ–ਵਾਸ਼ਨਾ ਨੇ ਘੇਰ ਕੇ 'ਮੈਂ' ਨੇ, ਗਰਜ ਨੇ, ਨਿਜ ਨੇ ਉਨ੍ਹਾਂ ਦਾ ਰਾਹ ਰੋਕਿਆ ਹੋਇਆ ਹੈ, ਤੁਰਨ ਨਹੀਂ ਦੇ ਰਹੀਂ ਉਹ। ਸੋ ਏਸ ਤਰ੍ਹਾਂ ਦੇ ਨਾਲ ਚਾਹੇ ਤੁਸੀਂ 'ਸ਼ਬਦ ਹਜ਼ਾਰੇ' ਪੜ੍ਹ ਲਓ, ਹਰ ਬਾਣੀ ਵਿਚ ਇਹ ਗੱਲ ਸਪਸ਼ਟ ਹੋ ਰਹੀ ਹੈ –

*ਇਆਨੜੀਏ ਮਾਨੜਾ ਕਾਇ ਕਰੇਹਿ॥*
*ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ॥*
*ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ॥*

*ਅੰਗ – 722*

ਜਦੋਂ ਉਹ ਨੇੜੇ ਹੈ, ਫੇਰ ਸਾਨੂੰ ਟੋਲ੍ਹ ਲੈਣਾ ਚਾਹੀਦਾ ਹੈ। ਉਹ ਕਹਿੰਦੇ ਕਿ ਨਹੀਂ ਲੱਭਦਾ ਆਦਮੀ ਨੂੰ ਮੰਤਕ ਨਾਲ, ਦਲੀਲ ਨਾਲ, ਸ਼ਾਸਤਰ ਪੜ੍ਹ ਕੇ, ਵੇਦ ਪੜ੍ਹ ਕੇ, ਕਥਾ ਸੁਣ ਕੇ, ਗਿਆਨੀ ਬਣ ਕੇ ਨਹੀਂ ਲੱਭਦਾ। ਗੁਰੂ ਦੀ ਜਿੰਨਾ ਚਿਰ ਕਿਰਪਾ ਨਹੀਂ ਹੁੰਦੀ, ਗੁਰੂ ਮਿਲਦਾ ਨਹੀਂ ਹੈ। ਇਹ ਜਿਹੜਾ ਅਨੁਭਵ ਹੈ, ਇਸ ਨੂੰ ਨਾਮ ਕਹਿੰਦੇ ਨੇ। ਇਹ ਕਿਸੇ ਨੂੰ ਹੀ ਪ੍ਰਾਪਤ ਹੁੰਦਾ ਹੈ ਨਾਮ। ਜਪਦੇ ਤਾਂ ਹਾਂ ਅਸੀਂ ਪਰ ਮੰਤਰ ਜਪਦੇ ਹਾਂ –

*ਵਾਹਿਗੁਰੂ ਗੁਰਮੰਤ੍ਰ ਹੈ .............॥*

*ਭਾਈ ਗੁਰਦਾਸ ਜੀ ਦੀ ਵਾਰ 13/2*

ਬਹੁਤ ਜਪਦੇ ਹਾਂ, ਲਗਾਤਾਰ ਵੀ ਜਪਦੇ ਹਾਂ ਪਰ ਨਾਮ ਦੀ ਅਜੇ ਪ੍ਰਾਪਤੀ ਨਹੀਂ ਹੋਈ ਹੈ। ਜਦੋਂ ਇਹ ਸੋਝੀ ਪੱਕ ਜਾਣੀ ਹੈ, ਅੰਤਸ਼ਕਰਨ ਦੇ ਵਿਚ ਅਨੁਭਵ ਜਾਗ ਪੈਣਾ ਹੈ, ਤੀਸਰੀ ਅੱਖ, ਤੀਸਰਾ ਤਿਲ ਖੁੱਲ੍ਹ ਜਾਣਾ

ਹੈ। ਏਥੇ ਨਹੀਂ ਮੈਂ ਕਹਿੰਦਾ ਕਿ ਏਥੇ ਹੈ (ਦੋਹੇ ਅੱਖਾਂ ਤੇ ਨੱਕ ਦੀ ਜੜ੍ਹ ਵਿਚ) ਤੀਸਰਾ ਤਿਲ, ਉਹ ਤੁਹਾਡੇ ਸਾਰੇ ਸਰੀਰ ਵਿਚ ਹੀ ਹੈ। ਉਹ ਇਕ ਸੋਝੀ ਹੈ, ਉਹ ਇਕ ਥਾਂ ਸੀਮਤ ਨਹੀਂ ਕੀਤੀ ਜਾ ਸਕਦੀ ਪਰ ਉਸ ਦੇ ਸੋਚਣ ਦਾ ਟਿਕਾਣਾ ਇਹੀ ਹੈ ਜਿਥੋਂ ਅਸੀਂ ਪੌੜੀ ਤੇ ਚੜ੍ਹ ਸਕਦੇ ਹਾਂ। ਉਹ ਵਿਸ਼ਾਲ ਹੈ, ਬੇਅੰਤ ਹੈ। ਬੇਅੰਤ ਵਿਚ ਦਾਖਲ ਹੋਣਾ ਪੈਣਾ ਹੈ ਸਾਨੂੰ। ਉਸ ਦੇ ਨਾਲ ਹੀ ਇਹ 'ਅਕੁਲ ਨਿਰੰਜਨ' ਸਾਰੇ ਥਾਵਾਂ ਤੇ ਪਰੀਪੂਰਨ ਵਾਹਿਗੁਰੂ ਦਿਸਿਆ ਹੀ ਤਾਂ ਜਦੋਂ ਮਿੱਤਰ ਨੇ ਕਿਰਪਾ ਕਰ ਦਿੱਤੀ। ਫੇਰ ਅਨੁਭਵ ਕੀ ਹੋਇਆ? ਅਨੁਭਵ ਹੋਇਆ ਕਿ ਅਸੀਂ ਤਾਂ ਸਾਰੇ ਹੀ ਆਪਸ ਵਿਚ ਇਕੋ ਹੀ ਹਾਂ, ਇਥੇ ਦੂਸਰਾ ਹੈ ਨਹੀਂ ਕੋਈ। ਜਿਧਰ ਦੇਖਦਾ ਹਾਂ, ਓਹੀ ਉਹ ਨਜ਼ਰ ਆਉਂਦਾ ਹੈ। ਨਿਰਗੁਣ ਨੂੰ ਤਾਂ ਦੇਖਣਾ ਹੀ ਹੈ ਉਸ ਨੇ, ਉਹ ਇਸ ਸਰਗੁਣ ਨੂੰ ਵੀ ਦੇਖਦਾ ਹੈ ਕਿ ਇਹ ਕਿਥੋਂ ਆਈਆਂ ਨੇ ਚੀਜ਼ਾਂ। ਅਕਾਸ਼ 'ਚੋਂ ਪੈਦਾ ਹੋਈ ਹਵਾ, ਹਵਾ ਵਿਚ ਗੈਸਾਂ ਬਣੀਆਂ, ਗੈਸਾਂ ਤੋਂ ਪਾਣੀ ਬਣਿਆ, ਪਾਣੀ 'ਚੋਂ ਮਿੱਟੀ ਬਣੀ। ਮਿੱਟੀ 'ਚੋਂ ਘਾਹ ਉਗਿਆ। ਘਾਹ ਕੀ ਹੈ? ਪਾਣੀ ਹੈ। ਪਹਿਲਾਂ ਮਿੱਟੀ ਹੈ, ਮਿੱਟੀ ਤੋਂ ਪਿਛੇ ਜਾਓ, ਪਾਣੀ ਹੈ। ਪਾਣੀ ਤੋਂ ਪਿਛੇ ਜਾਓ ਗੈਸਾਂ ਨੇ, ਜਿਸ ਨੂੰ ਅਗਨ ਕਹਿੰਦੇ ਨੇ। ਉਸ ਤੋਂ ਹੋਰ ਪਿਛੇ ਜਾਓ ਤਾਂ ਹਵਾ ਹੈ। ਜੇ ਹੋਰ ਪਿਛੇ ਜਾਓ ਤਾਂ ਅਕਾਸ਼ ਹੈ। ਅਕਾਸ਼ ਬ੍ਰਹਮ ਹੈ। ਇਸ ਤਰ੍ਹਾਂ ਪੁੱਠੇ ਰਾਹ ਚੱਲ ਕੇ back to source (ਵਾਪਸ ਮੁਢ ਵੱਲ) ਆਪਣੇ ਟਿਕਾਣੇ ਤੇ ਪਹੁੰਚ ਜਾਂਦਾ ਹੈ। ਇਸੇ ਨੂੰ ਕਹਿੰਦੇ ਨੇ ਜੋਤ ਜਗਦੀ। ਦੂਜੀ ਜੋਤ imaginary (ਖਿਆਲੀ ਤੌਰ ਤੇ ਤੁਸੀਂ ਜਗਾ ਸਕਦੇ ਹੋ। ਕੋਈ ਬੰਦਾ ਵੀ ਧਿਆਨ ਧਰ ਲਵੇ। ਮੋਮਬੱਤੀ ਸਾਹਮਣੇ ਰੱਖ ਕੇ ਨਾਮ ਜਪੋ। ਤੁਹਾਡੇ ਥੋੜ੍ਹੇ ਅਭਿਆਸ ਨਾਲ ਹੀ ਦੋਹੇ ਅੱਖਾਂ ਤੇ ਨੱਕ ਦੀ ਜੜ੍ਹ ਵਿਚ ਜੋਤ ਜਗ ਜਾਏਗੀ। ਉਹ ਤਾਂ ਅੰਦਰ ਵੀ ਹੈ ਜੇ ਰੋਸ਼ਨੀਆਂ ਅੰਦਰ ਦੇਖਣੀਆਂ ਹਨ ਤਾਂ ਬਾਹਰ ਵੀ ਹਨ। ਉਹ ਰੋਸ਼ਨੀ ਹੋਰ ਹੈ, ਉਹ ਚਾਨਣਾ ਹੋਰ ਹੈ, ਉਹ ਪ੍ਰਕਾਸ਼ ਹੋਰ ਹੈ। ਉਹ ਪ੍ਰਕਾਸ਼ ਹੈ ਗਿਆਨ ਦਾ -

***ਕਬਹੂ ਸਾਧਸੰਗਤਿ ਇਹੁ ਪਾਵੈ॥***
***ਉਸੁ ਅਸਥਾਨ ਤੇ ਬਹੁਰਿ ਨ ਆਵੈ॥***
***ਅੰਤਰਿ ਹੋਇ ਗਿਆਨ ਪਰਗਾਸੁ॥***
***ਉਸੁ ਅਸਥਾਨ ਕਾ ਨਹੀ ਬਿਨਾਸੁ॥***
***ਮਨ ਤਨੁ ਨਾਮਿ ਰਤੇ ਇਕ ਰੰਗਿ॥***
***ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥ ਅੰਗ - 278***

ਫੇਰ ਹੁੰਦਾ ਕੀ ਹੈ?

***ਜਿਉ ਜਲ ਮਹਿ ਜਲੁ ਆਇ ਖਟਾਨਾ॥***

***ਅੰਗ - 278***

ਮੈਂ ਮਿਟ ਗਈ, ਅਸਲੀਅਤ ਦਾ ਪਤਾ ਲੱਗ ਗਿਆ। ਵਿਛੋੜਾ ਤਾਂ ਹੈ

ਹੀ ਨਹੀਂ, ਉਹ ਤਾਂ ਆਪਣੇ ਆਪ ਹੈ। ਅਕਾਸ਼ ਨੂੰ ਕੌਣ ਹੈ ਜਿਹੜਾ ਤੋੜ ਦੇਵੇ। ਆਹ ਸ਼ਾਮਿਆਨੇ ਅਸੀਂ ਲਾਏ ਨੇ, ਇਹ ਇਕ ਯਤਨ ਕਰਿਆ ਹੈ ਅਕਾਸ਼ ਨੂੰ ਤੋੜਨ ਦਾ। ਇਸ ਨੂੰ ਪੰਡਾਲ ਦਾ ਅਕਾਸ਼ ਕਹਿੰਦੇ ਨੇ। ਜੇ ਬੱਦਲ ਹੋ ਜਾਣ ਤਾਂ ਉਸ ਨੂੰ 'ਮੇਘਾ ਅਕਾਸ਼' ਕਹਿੰਦੇ ਨੇ। ਜੇ ਕਿਸੇ ਬਰਤਨ ਦੇ ਵਿਚ ਹੈ ਉਸ ਨੂੰ 'ਮਠਾ ਅਕਾਸ਼' ਕਹਿੰਦੇ ਨੇ 'ਘਟਾ ਅਕਾਸ਼' ਕਹਿੰਦੇ ਨੇ ਕਿ ਭਾਂਡੇ ਵਿਚ ਹੈ। ਜੇ ਇਹ ਸਾਰਾ ਹੀ ਹਟ ਜਾਵੇ ਤਾਂ ਉਸ ਨੂੰ ਮਹਾਂ ਆਕਾਸ਼ ਕਹਿੰਦੇ ਨੇ। ਅਕਾਸ਼ ਤਾਂ ਵੰਡਿਆ ਹੀ ਨਹੀਂ ਜਾਂਦਾ। ਇਸੇ ਤਰ੍ਹਾਂ ਵਾਹਿਗੁਰੂ ਜੀ ਦੀ ਜੋਤ ਵੰਡ ਨਹੀਂ ਹੁੰਦੀ। ਇਹ ਸਿਰਫ ਅੰਦਰ ਇਕ ਭਾਵਨਾ ਜਾਗਦੀ ਹੈ ਪ੍ਰਾਕਿਰਤੀ ਦੀ, ਮਾਇਆ ਦੀ। ਉਹ 'ਮੈਂ' ਕੇ ਕੰਮ ਕਰ ਰਹੀ ਹੈ। ਮਹਾਰਾਜ ਜੀ ਕਹਿੰਦੇ ਕਿ ਇਸ ਨੂੰ ਛੱਡ ਦੇ –

***ਮਾਨੁ ਨ ਕੀਜੈ ਸਰਣਿ ਪਰੀਜੈ***
***ਕਰੈ ਸੁ ਭਲਾ ਮਨਾਈਐ॥*** ***ਅੰਗ – 612***

ਕਹਿੰਦੇ ਸੁਣ ਮਿੱਤਰ! ਜੇ ਤੂੰ ਇਹ ਗੱਲ ਸਾਡੀ ਪੱਲੇ ਬੰਨ੍ਹ ਲਵੇਂ ਤਾਂ –

.............. ***ਇਉ ਦਰਸਨੁ ਹਰਿ ਜੀਉ ਪਾਈਐ॥*** ***ਅੰਗ – 612***

ਇੰਜ ਤੈਨੂੰ ਦਰਸ਼ਨ ਹੋ ਜਾਣਗੇ। ਸੋ ਸਾਡਾ ਸਫਰ ਤਾਂ ਬੜਾ ਲੰਮਾ ਹੈ, ਬੜੀ ਦੇਰ ਤੋਂ ਅਸੀਂ ਸੰਗਤ ਵਿਚ ਆ ਰਹੇ ਹਾਂ। ਬੜੇ ਬਚਨ ਸੁਣਦੇ ਹਾਂ, ਬੜੀਆਂ ਸਾਖੀਆਂ ਸੁਣਦੇ ਹਾਂ, ਬੜਾ ਪੜ੍ਹਦੇ ਹਾਂ, ਨਿਤਨੇਮ ਕਰਦੇ ਹਾਂ, ਪਰ ਕਿਸੇ ਕਿਨਾਰੇ ਕਿਉਂ ਨਹੀਂ ਪਹੁੰਚ ਰਹੇ? ਕਿਨਾਰੇ ਤਾਂ ਨਹੀਂ ਪਹੁੰਚੇ ਕਿਉਂਕਿ ਸਾਨੂੰ ਪੱਕਾ ਮਿੱਤਰ ਨਹੀਂ ਮਿਲਿਆ ਕੋਈ। ਗੁਰੂ ਗ੍ਰੰਥ ਸਾਹਿਬ ਤੇ ਸਾਡਾ ਵਿਸ਼ਵਾਸ ਨਹੀਂ ਹੈ। ਜੇ ਇਨ੍ਹਾਂ ਨੂੰ ਹੀ ਮਿੱਤਰ ਬਣਾ ਲਿਆ ਜਾਵੇ, ਪਰ ਮੱਥੇ ਟੇਕੇ ਤੋਂ ਨਹੀਂ ਮਿੱਤਰ ਬਣਨਾ, ਇਨ੍ਹਾਂ ਦੇ ਜਿਹੜੇ ਬਚਨ ਨੇ ਜਦੋਂ ਤੱਕ ਉਹ ਹਿਰਦੇ ਨਹੀਂ ਵਸਦੇ, ਵਿਚਾਰ ਨਹੀਂ ਹੁੰਦੀ –

***ਸਤਿਗੁਰ ਨੋ ਸਭੁ ਕੋ ਵੇਖਦਾ***
***ਜੇਤਾ ਜਗਤੁ ਸੰਸਾਰੁ॥***
***ਡਿਠੈ ਮੁਕਤਿ ਨ ਹੋਵਈ***
***ਜਿਚਰੁ ਸਬਦਿ ਨ ਕਰੇ ਵੀਚਾਰੁ॥*** ***ਅੰਗ – 594***

ਜਿੰਨਾ ਚਿਰ ਵਿਚਾਰ ਨਹੀਂ ਅੰਦਰ ਜਾਗਦੀ, ਸਾਖੀ-ਪੁਣਾ ਅੰਦਰ ਜਾਗਦਾ ਨਹੀਂ ਹੈ, ਓਨੀ ਦੇਰ ਤੱਕ ਅਸੀਂ ਕਿਸੇ ਕਿਨਾਰੇ ਨਹੀਂ ਪਹੁੰਚੇ, ਅੱਧ ਸੁਤੇ ਜਿਹੇ ਤੁਰੇ ਫਿਰਦੇ ਹਾਂ। ਇਕ ਗੱਲ ਹੈ ਇਸ ਦੀ ਕਿ ਤੁਸੀਂ ਸਤਿਸੰਗ ਕੀਤਾ ਹੈ। ਮਹਾਰਾਜ ਜੀ ਦੇ ਬਚਨ ਨੂੰ ਕੋਈ ਝੂਠਾ ਨਹੀਂ ਕਰ ਸਕਦਾ, ਉਹ ਕਹਿੰਦੇ-

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥ ਅੰਗ - 546***

ਕਈ ਕਰੋੜ ਜੱਗਾਂ ਦਾ ਫਲ ਤੁਹਾਨੂੰ ਮਿਲ ਗਿਆ ਪਰ ਉਹ ਅਸੀਂ ਕਰਨਾ ਕੀ ਹੈ? ਸਾਨੂੰ ਤਾਂ ਪ੍ਰਮੇਸ਼ਰ ਮਿਲਣਾ ਚਾਹੀਦਾ ਹੈ। ਅਸੀਂ ਜੱਗਾਂ ਦੇ ਫਲ, ਪੁੰਨ ਇਕੱਠੇ ਕਰਕੇ ਪਹਿਲਾਂ ਹੀ ਫਸੇ ਹੋਏ ਹਾਂ। ਸਾਨੂੰ ਚਾਹੀਦਾ ਹੈ ਕਿ ਮੇਰੀ 'ਮੈਂ' ਟੁਟ ਜਾਵੇ ਕਿਸੇ ਤਰੀਕੇ ਨਾਲ। ਮਹਾਰਾਜ ਜੀ ਕਹਿੰਦੇ -

***ਕਿਰਪਾ ਕਰੇ ਜੇ ਆਪਣੀ***
***ਤਾ ਗੁਰ ਕਾ ਸਬਦੁ ਕਮਾਹਿ॥ ਅੰਗ - 466***

ਆਪਣੀ ਕਿਰਪਾ ਆਪਣੇ ਤੇ ਕਰਕੇ ਗੁਰੂ ਦੀ ਓਟ ਵਿਚ ਰਹਿ ਕੇ, ਬੰਦਗੀ ਕਰਕੇ ਉਹ ਅੱਖ ਖੁੱਲ੍ਹਦੀ ਹੈ ਜਿਸ ਦੇ ਨਾਲ ਹਰ ਥਾਂ ਤੇ ਇਕੋ ਨਿਰੰਜਨ ਦੇ ਦਰਸ਼ਨ ਹੁੰਦੇ ਨੇ। ਇਸ ਦੇ ਵਾਸਤੇ ਆਪਾਂ ਸਤਿਸੰਗ ਵਿਚ ਆਉਂਦੇ ਹਾਂ, ਇਕੱਠੇ ਹੁੰਦੇ ਹਾਂ, ਕੰਮ ਛੱਡਦੇ ਹਾਂ, ਖੇਚਲ ਝੱਲਦੇ ਹਾਂ। ਉਹ ਘਾਲਣਾ ਬਿਰਥਾ ਨਹੀਂ ਜਾ ਰਹੀ, ਤੁਹਾਡੇ ਪੁੰਨ ਬਣ ਰਹੇ ਨੇ। ਜੇ ਪੁੰਨਾਂ ਨੂੰ ਗਿਣਿਆ ਤਾਂ ਬੇਹਿਸਾਬ ਬਣ ਜਾਣੇ ਨੇ, ਉਨ੍ਹਾਂ ਵਿਚ ਅਸੀਂ ਬੰਨ੍ਹੇ ਜਾਣਾ ਹੈ। ਇਨ੍ਹਾਂ ਪੁੰਨਾਂ ਨੂੰ ਅਰਪਣ ਕਰ ਦਿਉ ਗੁਰੂ ਦੇ ਕੋਲ -

***ਕਰਮ ਕਰਤ ਹੋਵੈ ਨਿਹਕਰਮ॥***
***ਤਿਸੁ ਬੈਸਨੋ ਕਾ ਨਿਰਮਲ ਧਰਮ॥***
***ਕਾਹੂ ਫਲ ਕੀ ਇਛਾ ਨਹੀ ਬਾਛੈ॥ ਅੰਗ - 274***

ਇਸ ਦੇ ਬਦਲੇ ਅਸੀਂ ਕੋਈ ਫਲ ਨਹੀਂ ਚਾਹੁੰਦੇ ਕਿਉਂਕਿ ਵੱਡਾ ਸਿੱਕਾ ਹੈ। ਇਹ ਜੇ ਖਰਚਣਾ ਹੈ ਤਾਂ ਖਰਚ ਲਓ, ਖਰਚ ਕੇ ਵੀ ਸਭ ਕੁਝ ਹੋ ਜਾਂਦਾ ਹੈ ਪਰ ਜਿਹੜੀ ਗੱਲ ਵਾਸਤੇ ਅਸੀਂ ਕਰ ਰਹੇ ਹਾਂ, ਉਸ ਮੁੱਦੇ ਤੇ ਹਾਰ ਜਾਂਦੇ ਹਾਂ ਅਸੀਂ। ਸੋ ਨਿਹਕਾਮੀ ਜਿੰਨਾ ਚਿਰ ਨਹੀਂ ਹੁੰਦਾ, ਇਸ ਦੇ ਅੰਦਰ ਨਿਹਕਾਮਤਾ ਨਹੀਂ ਆਉਂਦੀ-

***............. ਕਰੇ ਸੁ ਭਲਾ ਮਨਾਈਐ॥***
***ਅੰਗ - 612***

ਉਸ ਦੇ ਹੁਕਮ ਦਾ ਖੇੜਾ ਨਹੀਂ ਆਉਂਦਾ, ਓਨਾ ਚਿਰ ਪ੍ਰਮੇਸ਼ਰ ਮਿੱਤਰ ਲਾਂਭੇ ਰਹਿੰਦਾ ਹੈ। ਪ੍ਰਮੇਸ਼ਰ ਵੀ ਮਿੱਤਰ ਹੈ, ਗੁਰੂ ਵੀ ਮਿੱਤਰ ਹੈ। ਗੁਰੂ ਤੇ ਪ੍ਰਮੇਸ਼ਰ ਇਕੋ ਹੀ ਹੈ -

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਅੰਗਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ॥ ਅੰਗ - 442***

ਸੋ ਮੈਂ ਜਿਹੜੀਆਂ ਬੇਨਤੀਆਂ ਕਰੀਆਂ ਨੇ ਛੋਟੀਆਂ ਛੋਟੀਆਂ ਇਨ੍ਹਾਂ ਨੂੰ

ਸਮਝਣ ਦਾ ਯਤਨ ਕਰੀਏ। ਮੈਂ ਵੀ ਕਰਾਂ, ਤੁਸੀਂ ਵੀ ਕਰੋ। ਮੈਨੂੰ ਤਾਂ ਸਾਰੀ ਜ਼ਿੰਦਗੀ ਲੰਘ ਗਈ ਸਮਝਣ ਦਾ ਯਤਨ ਕਰਦੇ ਨੂੰ, ਔਖੀ ਹੈ ਗੱਲ, ਸੁਖਾਲੀ ਨਹੀਂ ਹੈ। ਜੇ ਕੋਈ ਕਹੇ ਕਿ ਮੈਨੂੰ ਮਿਲ ਗਿਆ, ਜਨਮਾਂ-ਜਨਮਾਤਰਾਂ ਦੀ ਕਮਾਈ ਹੋਵੇ ਤਾਂ ਬੰਦਾ ਕਿਨਾਰੇ ਲਗਦਾ ਹੈ, ਨਹੀਂ ਤਾਂ ਗਿਰ ਜਾਂਦਾ ਹੈ। ਮਾਇਆ ਇਹੋ ਜਿਹੇ ਥਪੇੜ ਮਾਰਦੀ ਹੈ, ਚੁੱਕ ਕੇ ਮਾਰਦੀ ਹੈ। ਜਿੰਨਾ ਕੱਚਾ ਬੰਦਾ ਅਭਿਮਾਨ ਕਰਦਾ ਹੈ, ਓਨਾ ਹੀ ਥੱਲੇ ਗਿਰਦਾ ਹੈ -

***ਊਚਾ ਚੜੈ ਸੁ ਪਵੈ ਪਇਆਲਾ॥***
***ਧਰਨਿ ਪੜੈ ਤਿਸੁ ਲਗੈ ਨ ਕਾਲਾ॥ ਅੰਗ - 374***

ਜਿਹੜਾ ਪਹਿਲਾਂ ਹੀ ਨਿਸ਼ਕਾਮ ਬਣਿਆ ਹੋਇਆ ਹੈ ਉਸ ਨੂੰ ਕੁਝ ਵੀ ਨਹੀਂ ਲਗਦਾ। ਜਿਹੜਾ ਬਣ ਕੇ ਰਹਿੰਦਾ ਹੈ ਉਹ ਗਿਰੇਗਾ। ਹੰਕਾਰਿਆ ਸੋ ਮਾਰਿਆ। ਸੋ ਏਸ ਕਰਕੇ ਸਾਧ ਸੰਗਤ ਜੀ! **ਜਿੰਨਾ ਚਿਰ ਸਾਨੂੰ ਕਰਮ ਦੀ ਸੋਝੀ ਨਹੀਂ ਆਉਂਦੀ, ਕਰਮ ਪਹਿਲੀ ਪੌੜੀ ਹੈ, ਉਨਾ ਚਿਰ ਅਸੀਂ ਉਪਾਸ਼ਨਾ ਵਿਚ ਨਹੀਂ ਜਾ ਸਕਦੇ। ਜਿੰਨਾ ਚਿਰ ਸਾਨੂੰ ਉਪਾਸ਼ਨਾ ਦੀ ਸਮਝ ਨਹੀਂ ਆਉਂਦੀ, ਅਸੀਂ ਗਿਆਨ ਵਿਚ ਨਹੀਂ ਜਾ ਸਕਦੇ। ਜਿੰਨਾ ਚਿਰ ਸਾਡੇ ਅੰਦਰ ਗਿਆਨ ਪੈਦਾ ਨਹੀਂ ਹੁੰਦਾ ਅਸੀਂ ਪ੍ਰਭੂ ਦੇ ਦਰਸ਼ਨ ਨਹੀਂ ਕਰ ਸਕਦੇ। ਇਹ ਤਿੰਨ ਕਦਮ ਨੇ - ਕਰਮ, ਉਪਾਸ਼ਨਾ, ਗਿਆਨ, ਵਿਗਿਆਨ।** ਜੇ ਸੰਤ ਪੂਰਾ ਮਿਲ ਜਾਵੇ ਉਹ ਤਾਂ ਇਨ੍ਹਾਂ ਬਾਰੇ ਪੂਰਾ ਸਮਝਾ ਦਿੰਦਾ ਹੈ ਕਿਉਂਕਿ ਉਹ ਆਪ ਵੀ ਇਥੋਂ ਲੰਘਿਆ ਹੋਇਆ ਹੈ। ਉਹ ਅਧਿਆਪਕ ਬਣਿਆ ਹੋਇਆ ਹੈ, ਜਿਵੇਂ P.T. ਮਾਸਟਰ ਹੁੰਦਾ ਹੈ ਫੌਜਾਂ ਦੇ ਅੰਦਰ, ਉਸ ਨੇ ਤਾਂ ਇਮਤਿਹਾਨ ਪਾਸ ਕਰਿਆ ਹੁੰਦਾ ਹੈ P.T. ਦਾ, ਪਰ ਜਿਹੜੇ ਨਵੇਂ ਰੰਗਰੂਟ ਆਉਂਦੇ ਨੇ, ਉਨ੍ਹਾਂ ਨੂੰ ਉਵੇਂ ਹੀ ਨੱਚ ਕੇ ਟੱਪ ਕੇ ਦਿਖਾਉਂਦਾ ਹੈ। ਇਸੇ ਤਰ੍ਹਾਂ ਸੰਤ ਨੂੰ ਕੋਈ ਲੋੜ ਨਹੀਂ ਹੁੰਦੀ ਕਾਸੇ ਦੀ ਵੀ ਕਿਉਂਕਿ ਜਿਹੜਾ ਕੁਝ ਜਾਨਣਾ ਸੀ ਜਾਣ ਲਿਆ, ਜਿਹੜਾ ਕੁਝ ਕਰਨਾ ਸੀ ਕਰ ਲਿਆ। ਉਸ ਦੇ ਅੰਦਰੋਂ 'ਮੈਂ' ਨਿਕਲ ਗਈ, ਖਤਮ ਹੋ ਗਿਆ। ਸਰੀਰ ਚਾਹੇ ਰਹੇ ਨਾ ਰਹੇ ਉਸ ਨੇ ਅਸਲੀ ਤੱਤ ਨੂੰ ਬੁੱਝ ਲਿਆ ਪਰ ਜਦੋਂ ਉਹ ਕਰਮ ਯੋਗ ਵਿਚ ਆਉਂਦਾ ਹੈ, ਕਰਮਯੋਗ ਫੇਰ ਉਚਾ ਹੈ -

***ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥***

***ਅੰਗ - 62***

ਸੋ ਕਰਮਯੋਗ ਵਿਚ ਆ ਕੇ ਉਸ ਨੂੰ ਮੁੜ ਕੇ ਫੇਰ ਓਹੀ ਸਾਰੇ ਕੰਮ ਕਰਨੇ ਪੈਂਦੇ ਹਨ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥***

***ਅੰਗ - 306***

ਗੁਰੂ ਤੀਸਰੇ ਪਾਤਿਸ਼ਾਹ ਨੂੰ ਕਿਹਾ ਕਿ ਸੱਚੇ ਪਾਤਿਸ਼ਾਹ! ਤੁਸੀਂ ਕਿੱਡੀ ਖੇਚਲ ਕਰਦੇ ਹੋ। ਸਾਖੀ ਹੈ ਇਹ। ਇਸ ਦੇ ਵਿਚ ਕਿੰਨਾ ਕੁ ਸਤਿ ਹੈ, ਅਸਤਿ ਹੈ, ਮੈਂ ਇਸ ਵਾਦ-ਵਿਵਾਦ ਵਿਚ ਨਹੀਂ ਪੈਂਦਾ, ਲਿਖੀਆਂ ਹੋਈਆਂ ਪੜ੍ਹ ਰਹੇ ਹਾਂ ਅਸੀਂ ਤਾਂ। ਜੇ ਓਸ ਵੇਲੇ ਹੁੰਦੇ ਤਾਂ ਸਤਿ ਜਾਣ ਜਾਂਦੇ ਕਿ ਮਹਾਰਾਜ! ਤੁਸੀਂ ਅਜੇ ਵੀ ਕਠਨ ਤਪੱਸਿਆ ਕਿੱਲੀ ਦੇ ਨਾਲ ਕੇਸ ਬੰਨ੍ਹ ਕੇ ਕਰਦੇ ਹੋ? ਤੁਹਾਨੂੰ ਤਾਂ ਲੋੜ ਨਹੀਂ ਕਾਸੇ ਦੀ। ਕ੍ਰਿਸ਼ਨ ਮਹਾਰਾਜ ਨੂੰ ਅਰਜਣ ਨੇ ਕਿਹਾ ਕਿ ਹੇ ਭਗਵਾਨ! ਤੁਹਾਨੂੰ ਧਿਆਨ ਵਿਚ ਜਾਣ ਦੀ ਕੀ ਲੋੜ ਹੈ? ਤੁਸੀਂ ਤਾਂ ਸਭ ਕੁਝ ਆਪੇ ਹੀ ਆਪ ਹੋ।

ਸੋ ਗੁਰੂ ਤੀਸਰੇ ਪਾਤਿਸ਼ਾਹ ਕਹਿਣ ਲੱਗੇ, "ਗੁਰਸਿਖੋ! ਅਸੀਂ ਚੰਗੇ ਉਸਤਾਦ ਵਾਂਗ ਆਪ ਕਰਕੇ ਦੂਸਰਿਆਂ ਨੂੰ ਦਿਖਾਲ ਰਹੇ ਹਾਂ। ਜੇ ਅਸੀਂ ਕੁਝ ਨਾ ਕਰੀਏ ਤਾਂ ਸਾਰੀ ਸੰਗਤ ਅਭਿਆਸ ਛੱਡ ਦੇਵੇਗੀ।

ਕ੍ਰਿਸ਼ਨ ਮਹਾਰਾਜ ਜੀ ਕਹਿੰਦੇ, "ਮੈਨੂੰ ਇਹ ਕਰਨਾ ਪੈਂਦਾ ਹੈ, ਨਹੀਂ ਤਾਂ ਇਹ ਸਾਰਾ ਬੰਦੋਬਸਤ ਵਿਗੜ ਜਾਏਗਾ।"

ਸੋ ਮਹਾਂਪੁਰਸ਼ ਇਹ ਦਸਦੇ ਨੇ ਜਿਹੜੇ ਪੂਰੇ ਨੇ। ਉਹ ਆਪ ਕਰਦੇ ਨੇ ਤੇ ਦੂਸਰਿਆਂ ਨੂੰ ਨਾਲ ਲੈ ਕੇ ਚਲਦੇ ਨੇ। ਜਨਮ ਕਿੰਨੇ ਲਗਦੇ ਨੇ? ਇਸਦੇ ਬਾਰੇ ਗਿਣਤੀ ਕੋਈ ਨਹੀਂ ਹੈ ਕਿ ਦਸ ਜਨਮ ਵਿਚ ਰੱਬ ਮਿਲੇਗਾ ਜਾਂ ਪੰਜਾਹ ਜਨਮ ਵਿਚ ਮਿਲੇਗਾ ਜਾਂ ਹਜ਼ਾਰ ਵਿਚ ਕਿਉਂਕਿ ਅਸੀਂ ਇਕ ਜਨਮ ਵਿਚ ਸੋ ਪੌੜੀ ਚੜ੍ਹ ਗਏ। ਸੌ ਡੰਡੇ ਚੜ੍ਹ ਕੇ ਕੋਈ ਐਸਾ ਕੰਮ ਹੋ ਗਿਆ, ਥੱਲੇ ਵਾਲੇ ਡੰਡੇ ਤੇ ਫੇਰ ਆ ਗਏ। ਜਨਮ ਤਾਂ ਬੜਾ ਵਧੀਆ ਲੰਘਾਇਆ ਸੀ ਪਰ ਥੱਲੇ ਤਿਲ੍ਹਕ ਗਏ, ਗਿਰ ਗਏ। ਅਗਲਾ ਜਨਮ ਲੈ ਲਿਆ, ਹੁਣ ਅਗਲਾ ਜਨਮ ਉਸ ਪਤਿਤ ਅਵਸਥਾ ਤੋਂ ਚੱਲਣਾ ਹੈ। ਫੇਰ ਮਿਹਨਤ ਕਰੀ, ਕਰਦੇ ਗਏ, ਕਰਦੇ ਗਏ, ਫੇਰ ਗਿਰ ਗਏ। ਬਾਣੀ ਵਿਚ ਆਉਂਦਾ ਹੈ ਇਹ ਕਿ ਕਦੇ ਦਸ ਕਦਮਾਂ ਅੱਗੇ ਨੂੰ ਵਧਦਾ ਹੈ, ਕਦੇ ਵੀਹ ਕਦਮਾਂ ਪਿਛੇ ਨੂੰ ਹਟ ਜਾਂਦਾ ਹੈ। ਸਾਡੀ ਕਸ਼ਮਕਸ਼ ਓਸ ਰੱਸਾ ਕਸ਼ੀ ਦੇ ਮੈਚ ਵਾਲੀ ਹੈ ਜਿਸ ਵਿਚ ਕਦੇ ਇਕ ਟੀਮ ਇਕ ਪਾਸੇ ਨੂੰ ਲੈ ਜਾਂਦੀ ਹੈ ਕਦੇ ਦੂਜੀ ਦੂਜੇ ਪਾਸੇ ਨੂੰ। ਨਿਰਣਾ ਉਦੋਂ ਹੀ ਹੁੰਦਾ ਹੈ ਜਦੋਂ ਸਾਰਾ ਜੋਰ ਲੱਗਣ ਤੋਂ ਬਾਅਦ ਦੂਜੀ ਟੀਮ ਹਾਰ ਜਾਂਦੀ ਹੈ, ਫੇਰ ਖਿੱਚ ਲੈਂਦਾ ਹੈ ਸਾਰੇ ਰੱਸੇ ਨੂੰ।

ਇਸੇ ਤਰ੍ਹਾਂ ਜਨਮਾਂ-ਜਨਮਾਂਤਰਾਂ ਦੀ ਖੇਲ੍ਹ ਹੈ। ਇਸ ਕਰਕੇ ਮਹਾਰਾਜ ਜੀ ਨੇ ਇਹ ਲਿਖਿਆ ਹੈ ਕਿ -

***ਕਬਹੂ ਸਾਧਸੰਗਤਿ ਇਹੁ ਪਾਵੈ॥*** ***ਅੰਗ - 278***

ਕਦੇ ਹੀ, ਤਾਂ ਫੇਰ ਇਸ ਦਾ ਛੁਟਕਾਰਾ ਹੋ ਜਾਂਦਾ ਹੈ। ਹੁਣ ਫੇਰ ਸਾਡਾ ਕੀ ਹੋਇਆ? ਅਸੀਂ ਕੀ ਕਰੀਏ? ਕੋਈ ਰਾਹ ਤਾਂ ਹੈ ਨਹੀਂ ਸਾਡੇ ਸਾਹਮਣੇ। ਮਹਾਰਾਜ ਜੀ ਕਹਿੰਦੇ ਕਿ ਤੁਸੀਂ ਹੌਲੀ ਹੌਲੀ ਕੋਸ਼ਿਸ਼ ਕਰੋ-

*............. ਕਰੇ ਸੁ ਭਲਾ ਮਨਾਈਐ॥*

***ਅੰਗ – 612***

ਇਕ 'ਜੀਉ ਪਿੰਡ' ਹੈ ਜਿਹੜਾ ਤੁਹਾਡਾ 'ਮੈਂ' ਹੈ, ਸਰੀਰ ਹੈ, ਤੁਹਾਡੀ ਅਕਲ ਹੈ, ਤੁਹਾਡੀ ਬੁੱਧੀ ਹੈ, ਤੁਹਾਡੀ ਦੌਲਤ ਹੈ, ਤੁਹਾਡੀ ਪ੍ਰਭਤਾ ਹੈ, ਇਨ੍ਹਾਂ ਸਭਨਾਂ ਨੂੰ ਗੁਰੂ ਦੇ ਚਰਨਾਂ ਵਿਚ ਅਰਪਣ ਕਰ ਦਿਓ। ਜਦੋਂ ਸੱਚੇ ਦਿਲ ਨਾਲ ਅਰਪਣ ਕਰ ਦਿਓਗੇ ਤਾਂ ਰਾਹ ਲੱਭ ਜਾਏਗਾ, ਅੱਗੇ ਤੋਂ ਪੜਦਾ ਹਟ ਜਾਏਗਾ। ਅਜੇ ਅਸੀਂ ਕੂੜ ਕਬਾੜ ਸਾਰਾ ਲਈ ਬੈਠੇ ਹਾਂ। ਚਾਹੇ ਸੋਨਾ ਇਕੱਠਾ ਕਰਿਆ ਹੈ, ਚਾਹੇ ਪੱਥਰ ਇਕੱਠੇ ਕਰੇ ਨੇ; ਇਕ ਨੇ ਇਕ ਮਣ ਪੱਥਰ ਇਕੱਠੇ ਕਰੇ ਤੇ ਦੂਸਰੇ ਨੇ ਇਕ ਮਣ ਸੋਨਾ ਇਕੱਠਾ ਕਰਿਆ ਹੈ। ਦੋਹਾਂ ਨੇ ਪਹਾੜ ਦੀ ਚੜ੍ਹਾਈ ਚੜ੍ਹਨੀ ਹੈ। ਹੁਣ ਦੱਸੋ ਸੋਨੇ ਵਾਲਾ ਛੇਤੀ ਚੜ੍ਹੇਗਾ ਜਾਂ ਪੱਥਰ ਵਾਲਾ। ਸਿਆਣੇ ਹੋਰ ਦਸਦੇ ਹੁੰਦੇ ਨੇ ਕਿ ਇਕ ਮਣ ਰੂੰ ਹੈ, ਇਕ ਮਣ ਦਾ ਪੱਥਰ ਹੈ। ਦੱਸੋ ਪਹਾੜ ਤੇ ਕਿਹੜਾ ਪਹਿਲਾਂ ਚੜ੍ਹੇਗਾ। ਸਿਆਣਾ ਕਹਿੰਦਾ ਹੈ ਕਿ ਦੋਹਾਂ ਕੋਲ ਇਕੋ ਜਿਹਾ ਵਜ਼ਨ ਹੈ, ਦੋਵੇਂ ਹੀ ਨਹੀਂ ਚੜ੍ਹ ਸਕਦੇ। ਜਿਹੜਾ ਅਣਜਾਣ ਹੈ ਉਹ ਕਹੇਗਾ ਕਿ ਰੂੰ ਵਾਲਾ ਚੜ੍ਹ ਜਾਏਗਾ। ਰੂੰ ਵਾਲਾ ਕਿਵੇਂ ਚੜ੍ਹ ਜਾਏਗਾ? ਉਸ ਦੇ ਕੋਲ ਵੀ ਓਨਾ ਹੀ ਵਜ਼ਨ ਹੈ। ਚਾਹੇ ਸ਼ੁਭ ਕਰਮਾਂ ਦਾ ਬੋਝ ਬੰਨ੍ਹਿਆ ਹੋਇਆ ਹੈ, ਚਾਹੇ ਮਾੜੇ ਕਰਮਾਂ ਦਾ ਬੋਝ ਬੰਨ੍ਹਿਆ ਹੈ। ਇਹ ਦੋਵੇਂ ਰੁਕਾਵਟਾਂ ਨੇ।

ਪਹਿਲਾਂ ਕਰਮ ਨੂੰ ਸਮਝੋ ਕਿ ਕਰਮ ਕੀ ਹੁੰਦਾ ਹੈ। ਜਦੋਂ ਸਾਨੂੰ ਇਹ ਸੋਝੀ ਆ ਗਈ ਕਿ –

***ਕਰਮ ਕਰਤ ਹੋਵੈ ਨਿਹਕਰਮ॥ ਅੰਗ – 274***

ਮਹਾਰਾਜ ਜੀ ਕਹਿੰਦੇ ਫੇਰ ਉਸ ਦੇ ਕੰਮ ਫਲ ਦੇਣਾ ਸ਼ੁਰੂ ਕਰ ਦੇਣਗੇ।

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥ ਅੰਗ – 286***

ਸੋ 'ਮੈਂ' ਕਿਵੇਂ ਛੱਡਣੀ ਹੈ? ਇਸ ਦੀਆਂ ਬੇਅੰਤ ਮਿਸਾਲਾਂ ਨੇ, ਸਾਰੀਆਂ ਟੇਪਾਂ ਭਰੀਆਂ ਪਈਆਂ ਨੇ, ਮੈਗਜ਼ੀਨ 'ਆਤਮ ਮਾਰਗ' ਭਰਿਆ ਪਿਆ ਹੈ ਕਿ 'ਮੈਂ' ਕਿਵੇਂ ਛੱਡਣੀ ਹੈ। ਇਕ ਪੁਸਤਕ ਹੁਣੇ ਹੀ ਛਪੀ ਹੈ – 'ਕਿਵ ਸਚਿਆਰਾ ਹੋਈਐ', ਮੇਰਾ ਖਿਆਲ ਸੱਤ ਅੱਠ ਸੌਂ ਪੰਨੇ ਦੀ ਉਹ ਕਿਤਾਬ ਹੈ। ਉਸ ਦੇ ਵਿਚ ਬਹੁਤ ਹੀ ਵਿਸਥਾਰ ਦੇ ਨਾਲ ਭਾਈ ਤਿਲੋਕੇ ਨੇ ਰਾਜ ਕੁਮਾਰੀ ਨੂੰ ਸਮਝਾਇਆ ਹੈ। ਇਕ ਅੱਲ੍ਹੜ ਨੂੰ ਜਿਸ ਨੂੰ ਪਤਾ ਹੀ ਨਹੀਂ ਸੀ ਕਿ ਰੱਬ ਕੀ ਹੁੰਦਾ ਹੈ, ਤੇ ਮਿਲਣਾ ਕੀ ਹੁੰਦਾ ਹੈ, ਆਤਮਾ ਕੀ ਹੁੰਦਾ ਹੈ। ਪਤਾ ਹੀ ਨਹੀਂ ਉਸ ਨੂੰ। ਉਸ ਕਿਤਾਬ ਵਿਚ ਅੱਠ ਸੌ ਪੰਨਿਆਂ ਦੇ ਅੰਦਰ ਇਹੀ ਗੱਲ ਸਮਝਾਈ ਗਈ ਹੈ ਕਿ ਅਸੀਂ ਨਿਸ਼ਕਾਮਤਾ ਤੱਕ ਕਿਵੇਂ ਪਹੁੰਚਣਾ ਹੈ। ਇਸੇ ਤਰ੍ਹਾਂ ਬਾਕੀ ਪੁਸਤਕਾਂ ਨੇ। ਜਿੰਨੀਆਂ ਪੁਸਤਕਾਂ ਆਤਮ-ਮਾਰਗ ਦੀਆਂ ਛਪੀਆਂ ਨੇ, ਉਨ੍ਹਾਂ ਨੂੰ ਵਿਚਾਰ ਨਾਲ ਪੜ੍ਹੋ ਤੇ ਪੜ੍ਹ ਕੇ ਅੱਗੇ ਚਲੋ। ਰਸਤੇ ਵੀ ਉਨ੍ਹਾਂ

ਵਿਚ ਸਾਰੇ ਦੱਸੇ ਹੋਏ ਨੇ। ਜਿਹੜੀਆਂ ਆਪਣੀਆਂ ਫਿਲਮਾਂ ਨੇ, ਇਹ ਇਕ ਹਜ਼ਾਰ ਨੇ। ਇਨ੍ਹਾਂ ਹਜ਼ਾਰ ਟੇਪਾਂ ਦੇ ਨਿਸ਼ਾਨੇ ਇਕ target ਤੇ ਲੱਗੇ ਹੋਏ ਨੇ। ਇਹ ਏਧਰ ਓਧਰ ਨਹੀਂ ਲੱਗੇ। ਕਿਲ੍ਹੇ ਦੀ ਇਕ ਬਾਹੀ ਲੈ ਲਈ ਕਿ ਭੰਨਣੀ ਇਥੋਂ ਹੈ। ਉਹ ਨਿਸ਼ਾਨੇ gate (ਦਰਵਾਜੇ) ਤੇ ਲੱਗੇ ਹੋਏ ਨੇ, ਉਹ ਆਲੇ ਦੁਆਲੇ ਨਹੀਂ ਲੱਗੇ। ਉਹ ਟੇਪਾਂ ਰਸਤਾ ਦਸਦੀਆਂ ਨੇ ਸਾਰੀਆਂ ਹੀ ਕਿਉਂਕਿ ਉਹ ਮੇਰੇ ਵਲੋਂ ਨਹੀਂ ਹਨ, ਉਹ ਸਾਰੀਆਂ ਗੁਰਬਾਣੀ ਤੇ ਅਧਾਰਤ ਨੇ। ਮੈਂ ਆਪਣੇ ਵਲੋਂ ਕੁਝ ਨਹੀਂ ਕਿਹਾ। ਆਪਣੇ ਵਲੋਂ ਕਦੇ ਮੈਂ ਹਉਂ ਨਹੀਂ ਧਾਰੀ ਕਿ ਮੈਂ ਦੱਸ ਰਿਹਾ ਹਾਂ, ਮੈਂ ਉਪਦੇਸ਼ ਕਰ ਰਿਹਾ ਹਾਂ। ਮੈਂ ਤਾਂ ਗੁਰਬਾਣੀ ਦੀ ਵਿਆਖਿਆ ਕਰ ਰਿਹਾ ਹਾਂ। ਮੈਥੋਂ ਕਰਾਈ ਜਾ ਰਹੀ ਹੈ। ਮੈਨੂੰ ਉਹ ਬੁੱਧੀ ਦਿੱਤੀ ਹੈ ਜਿਸ ਦੇ ਨਾਲ ਮੈਂ ਇਸ ਸੂਖਮ ਤੱਤ ਨੂੰ ਫੜ ਲਵਾਂ ਤੇ ਫੜ ਕੇ ਤੁਹਾਡੇ ਤੱਕ ਪਹੁੰਚਾ ਦਿਆਂ। ਹੁਣ ਵੀ ਇਹੀ ਗੱਲ ਹੈ। ਹੁਣ ਇਹ ਹੁਕਮ ਸੁਣਿਆ ਹੈ ਤੇ ਸੁਣਦੀਸਾਰ ਇਹ ਆਇਆ ਕਿ ਮਹਾਰਾਜ ਜੀ ਨੇ ਆਹ ਆਦੇਸ਼ ਦਿੱਤਾ ਹੈ। ਇਹ ਸਾਡੀ ਸਮਝ ਵਿਚ ਕਿਵੇਂ ਰਹੇ, ਅਸੀਂ ਇਸ ਦੇ ਅਨੁਸਾਰ ਜੀਵਨ ਕਿਵੇਂ ਗੁਜ਼ਾਰੀਏ ? ਕਿਵੇਂ ਚੱਲੀਏ ?

ਹੁਣ ਸਾਡੇ ਸਾਹਮਣੇ ਸੁਖਾਲਾ ਰਸਤਾ ਇਹ ਹੈ ਕਿ ਬਾਣੀ ਨੂੰ ਵਿਚਾਰੋ, ਸਾਧੂ ਦੀ ਸੰਗਤ ਕਰੋ। ਜੇ ਪੂਰਾ ਨਹੀਂ ਮਿਲਦਾ ਤਾਂ ਗੁਰਸਿਖ ਦੀ ਸੰਗਤ ਕਰੋ। ਗੁਰਸਿੱਖ ਵੀ ਸਾਧੂ ਤੋਂ ਘੱਟ ਨਹੀਂ ਹੁੰਦਾ। ਬਹੁਤ ਵੱਡੀ ਚੀਜ਼ ਹੈ ਜੇ ਗੁਰਸਿੱਖ ਹੋਵੇ। ਜਿਹੜਾ ਤੁਰ ਰਿਹਾ ਹੈ ਅੱਗੇ ਵਧ ਰਿਹਾ ਹੈ ਉਸ ਦੀ ਸੰਗਤ ਕਰੋ। ਹੋਰ ਸੁਖਾਲੇ ਅੱਖਰਾਂ ਵਿਚ ਦੱਸ ਦਿੰਦਾ ਹਾਂ। ਉਸ ਦੇ ਮਗਰ ਲੱਗੋ ਕਿ ਇਹ ਕਿਵੇਂ ਜੀਉਂਦਾ ਹੈ ? ਕਿਵੇਂ ਖਾਂਦਾ ਹੈ ? ਕਿਵੇਂ ਪਹਿਨਦਾ ਹੈ ? ਕਿਸ ਤਰ੍ਹਾਂ ਵਰਤਦਾ ਹੈ ਸੰਸਾਰ ਨਾਲ ? ਕਿਵੇਂ ਇਸ ਦੀ ਕਿਰਿਆ ਹੈ ? ਕਿਉਂਕਿ ਉਸ ਨੇ ਕਿਸੇ ਮੰਜ਼ਲ ਤੇ ਪਹੁੰਚਣਾ ਹੈ, ਉਹ ਆਪਣੀ ਕਿਰਿਆ ਸੋਧ ਕੇ ਜਾ ਰਿਹਾ ਹੈ। ਕਹਿੰਦੇ ਉਸ ਗੁਰਮੁਖ ਦੇ ਨਾਲ ਮਿਲ ਕੇ ਰਾਹ ਤੁਹਾਨੂੰ ਲੱਭ ਜਾਏਗਾ। ਤੁਸੀਂ ਗੁਰਮੁਖ ਦੇ ਨਾਲ ਜੇ ਪਿਆਰ ਕਰਦੇ ਹੋ, ਪਿਆਰ ਨਾਲ ਤੁਹਾਡੇ ਵਿਚ ਵਿਸ਼ਵਾਸ, ਵਧ ਜਾਏਗਾ, ਸਵਿਕਾਰਨ ਸ਼ਕਤੀ ਵਧ ਜਾਏਗੀ। ਜੇ ਇਨਕਾਰ ਵਾਲੀ ਹੈ ਤਾਂ ਚਾਹੇ ਕਿੱਡਾ ਹੀ ਉਪਦੇਸ਼ ਹੋਵੇ ਤਾਂ ਵੀ ਨਹੀਂ ਵਧਦਾ। ਸੋ ਗੁਰਮੁਖਾਂ ਦੀ ਸੰਗਤ ਕਰੋ। ਇਸੇ ਕਰਕੇ ਗੁਰੂ ਮਹਾਰਾਜ ਜੀ ਨੇ ਸੰਗਤ ਪ੍ਰਥਾ ਤੋਰੀ ਹੈ। ਸਾਰੇ ਵਧੇ ਹੋਏ ਤੁਰ ਰਹੇ ਨੇ, ਸਾਰਿਆਂ ਦਾ ਓਰਾ (aura) ਇਥੇ ਕਾਇਮ ਹੋ ਰਿਹਾ ਹੈ। ਇਸ ਓਰੇ ਦਾ ਅਸਰ ਪੈ ਰਿਹਾ ਹੈ ਸਾਰਿਆਂ ਤੇ। ਸੋ ਇਸ ਗੁਰਬਾਣੀ ਦੀ ਵਿਚਾਰ ਕਰਦੇ ਹੋਏ ਹੌਲੀ ਹੌਲੀ ਅੱਗੇ ਵਧਦੇ ਚਲੇ ਜਾਓ। ਦੁਨੀਆਂ ਦੇ ਰੁਝੇਵਿਆਂ ਨੂੰ ਨਾਸ਼ਵਾਨ ਜਾਣਦੇ ਹੋਏ ਉਨ੍ਹਾਂ ਦੇ ਵਿਚੋਂ ਆਪਣਾ ਮਨ ਖਿੱਚ ਲਓ। ਕਰਨਾ ਸਭ ਕੁਝ ਹੈ, ਇਹ ਨਹੀਂ ਕਿ ਕਿਸੇ ਸਕੂਲ ਦਾ ਮੈਨੇਜਰ ਹੈ ਤਾਂ ਮੈਂ ਮੈਨੇਜਰੀ ਛੱਡ ਦਿਆਂ, ਕਿਸੇ ਸੰਸਥਾ ਦਾ ਚੇਅਰਮੈਨ ਹੈ, ਮੈਂ ਆਪਣਾ ਅਹੁਦਾ ਛੱਡ ਦਿਆਂ। ਕਰਨਾ ਉਸ ਨੇ ਸਭ ਕੁਝ ਹੈ, ਨਹੀਂ ਤਾਂ ਇੰਤਜਾਮ ਸਾਰਾ ਵਿਗੜ ਜਾਂਦਾ ਹੈ। ਉਸ ਦਾ ਦੋਸ਼ੀ ਉਹ ਹੁੰਦਾ ਹੈ ਕਿਉਂਕਿ

ਉਸ ਦਾ ਨਿਜ ਧਰਮ ਬਣ ਜਾਂਦਾ ਹੈ ਆਪਣੀ ਡਿਊਟੀ ਦੇਣਾ। ਡਿਊਟੀ ਦਿੰਦੇ ਹੋਏ ਅੱਗੇ ਵਧਦੇ ਚਲੇ ਜਾਓ - 'ਸਤਿ' ਦਾ ਮਾਰਗ ਲੈ ਕੇ। ਉਸ ਦਾ ਸਭ ਤੋਂ ਸੁਖਾਲਾ ਤਰੀਕਾ ਇਹ ਹੈ ਕਿ ਪੰਜ ਪਿਆਰਿਆਂ ਤੋਂ ਮੰਤਰ ਲੈ ਕੇ ਉਸ ਦਾ ਜਾਪ ਕਰੋ, ਬਾਣੀ ਦੇ ਦੱਸੇ ਹੋਏ ਰਸਤੇ ਤੋਂ ਨਾ ਭਟਕੋ, ਇਸ ਦੀਆਂ ਹੱਦਾਂ ਨੂੰ ਪਾਰ ਕਰਕੇ ਬਾਹਰ ਨਾ ਉਛਲੋ, ਇਸ ਦੇ ਵਿਚ-ਵਿਚ ਚਲੋ। ਇਹ ਜਰਨੈਲੀ ਸੜਕ ਹੈ। ਇਸ ਨੂੰ 'ਗਾਡੀ ਰਾਹ' ਕਿਹਾ ਹੈ ਭਾਈ ਗੁਰਦਾਸ ਜੀ ਨੇ। ਏਸ ਰਸਤੇ ਤੇ ਚੱਲੀ ਚਲੋ। ਚਲਦੇ ਚਲਦੇ ਅੱਗੇ ਨੂੰ ਤਾਂ ਪੈਰ ਰੱਖੋ ਪਰ ਪਿਛੇ ਨੂੰ ਨਾ ਰੱਖੋ, ਮਨ ਦਾ ਨਿਰੀਖਣ ਕਰੋ ਕਿ ਹੁਣ ਮੇਰੇ ਮਨ ਵਿਚ ਕਿਹੜੀ ਗੱਲ ਆ ਰਹੀ ਹੈ ਤੇ ਇਹ ਗੱਲ ਤਾਂ ਮੈਨੂੰ ਸੁੱਟ ਦਏਗੀ ਬਾਹਰ। ਜਿਹੜਾ ਬੰਦਾ ਮਨ ਦਾ ਨਿਰੀਖਣ ਨਹੀਂ ਕਰਦਾ ਉਹ ਗਿਰ ਜਾਂਦਾ ਹੈ ਕਿਉਂਕਿ ਮਨ ਫਤਹਿ ਪਾ ਲੈਂਦਾ ਹੈ ਉਸ ਦੇ ਉਤੇ ਤੇ ਜਦੋਂ ਅਸੀਂ ਸਾਵਧਾਨ ਹੋ ਕੇ ਚੱਲਾਂਗੇ, ਪੈਰ ਪੈਰ ਵਧਦੇ ਜਾਵਾਂਗੇ। ਕੁਦਰਤ ਦਾ ਇਹ ਨਿਯਮ ਹੈ ਕਿ -

*ਕਿਸੇ ਕਾ ਘਾਲਿਆ ਇਕ ਤਿਲੁ ਨਾ ਗਵਾਈ॥*

ਜਿੰਨੀ ਤਰੱਕੀ ਤੁਸੀਂ ਹੁਣ ਕਰ ਲਈ, ਅਗਲੇ ਜਨਮ ਵਿਚ ਇਸ ਤੋਂ ਅੱਗੇ ਸ਼ੁਰੂ ਹੋਏਗਾ। ਸਤਨਾਮ ਸਿੰਘ ਚੜ੍ਹਾਈ ਕਰ ਗਏ, ਪੁਲਿਸ ਵਿਚ ਸੀ ਪਰ ਪੁਲਸੀਆਂ ਵਰਗਾ ਸੁਭਾਅ ਨਹੀਂ ਸੀ ਉਨ੍ਹਾਂ ਦਾ। ਇਥੇ ਅਖੰਡ ਪਾਠ ਦੀ ਡਿਊਟੀ ਦੇਣ ਰਾਤ ਨੂੰ ਆਉਂਦੇ ਸਨ, ਛੁਟੀ ਤੋਂ ਬਾਅਦ ਆਉਣਾ, ਬੜੀ ਸੇਵਾ ਕਰਦੇ ਸਨ। ਉਨ੍ਹਾਂ ਦਾ ਸਰੀਰ ਤਾਂ ਦੁਰਘਟਨਾ ਨਾਲ ਬਿਨਸ ਗਿਆ ਪਰ ਉਸ ਦਾ ਜਿਹੜਾ ਕੁਝ ਬਣ ਚੁਕਿਆ ਹੈ, ਉਸ ਦੇ ਕੋਲ ਆ ਗਿਆ ਹੈ, ਉਹ ਨਹੀਂ ਜਾਣਾ। ਨਵਾਂ ਸਰੀਰ ਮਿਲੇਗਾ, ਉਹ ਛੇਤੀ ਹੀ ਸ਼ੁਰੂ ਹੋ ਜਾਏਗਾ ਫੇਰ। ਆਪਾਂ ਤਾਂ ਮਰਦੇ ਨਹੀਂ, ਕੱਪੜਾ ਪਾਉਂਦੇ ਹਾਂ। ਇਕ ਕੱਪੜਾ ਛੱਡਿਆ, ਖਰਾਬ ਹੋ ਗਿਆ, ਦਵਾਈਆਂ ਵਗੈਰਾ ਦੇ ਕੇ ਦੇਖ ਲਿਆ, ਸਭ ਦੇਖ ਲਿਆ ਕਿ ਇਹ ਹੁਣ ਠੀਕ ਨਹੀਂ ਹੁੰਦਾ, ਚੱਲ ਇਸ ਨੂੰ ਛੱਡ ਕੇ ਪ੍ਰਮੇਸ਼ਰ ਨੂੰ ਕਿਹਾ ਕਿ ਹੁਣ ਤੇਰੀ ਮਰਜ਼ੀ ਹੈ, ਜਿਹੋ ਜਿਹਾ ਕੱਪੜਾ ਦੇਣਾ ਹੈ, ਤੇਰੀ ਮਰਜ਼ੀ ਹੈ। ਦੇਣਾ ਉਸ ਨੇ ਹੈ-

*ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥*

*ਅੰਗ - 5*

ਕਰਮਾਂ ਅਨੁਸਾਰ ਤੁਹਾਨੂੰ ਕੱਪੜਾ ਮਿਲਣਾ ਹੈ, ਕਿਤੇ ਆਦਮੀ ਨੂੰ ਬੀਬੀ ਦਾ ਮਿਲ ਜਾਏਗਾ, ਕਿਤੇ ਬੀਬੀ ਨੂੰ ਆਦਮੀ ਦਾ ਵੀ ਕੱਪੜਾ ਮਿਲ ਜਾਏਗਾ, ਕਿਤੇ ਆਦਮੀ ਨੂੰ ਸ਼ੇਰ ਦਾ ਮਿਲ ਜਾਏਗਾ, ਕਿਤੇ ਸ਼ੇਰ ਨੂੰ ਆਦਮੀ ਦਾ ਵੀ ਮਿਲ ਜਾਏਗਾ। ਇਹ ਕੱਪੜਾ ਉਸ ਨੇ ਦੇਣਾ ਹੈ ਪਰ ਇਸ ਦੇ ਜਿਹੜੇ ਕੀਤੇ ਹੋਏ ਕਰਮ ਨੇ, ਉਹ ਨਹੀਂ ਜਾਂਦੇ, ਉਹ ਇਸੇ ਤਰ੍ਹਾਂ ਜਮ੍ਹਾਂ ਰਹਿੰਦੇ ਨੇ। ਮੈਂ ਅੱਗੇ ਸਾਖੀ ਨਹੀਂ ਦਸਦਾ ਕਿਉਂਕਿ ਐਸੀਆਂ ਸਾਖੀਆਂ ਨੇ ਜੜ੍ਹ-ਭਗਤ ਦੀ। ਇਕ ਜਨਮ ਉਸ ਨੇ ਹਿਰਨ ਦਾ ਕੱਟਿਆ ਪਰ ਉਸ ਦਾ ਗਿਆਨ ਨਾਸ਼ ਨਾ ਹੋਇਆ। ਹਿਰਨ ਦਾ ਤਾਂ ਜਨਮ ਕੱਟ ਲਿਆ ਕਿਉਂਕਿ ਉਸ ਦੀ ਵਾਸ਼ਨਾ ਬਣ

ਗਈ। ਵਾਸ਼ਨਾ ਬਣਨ ਨਾਲ ਹਿਰਨ ਬਣ ਗਿਆ। ਜਦੋਂ ਉਸ ਨੂੰ ਦੁਬਾਰਾ ਸਰੀਰ ਮਿਲਿਆ, ਉਹ ਸਾਰੇ ਦਾ ਸਾਰਾ ਗਿਆਨ ਉਸ ਦੇ ਪੱਲੇ ਸੀ। ਉਹ ਨਾਸ਼ ਨਹੀਂ ਹੁੰਦਾ। ਤੁਹਾਡੇ ਕਰਮ ਨਾਸ਼ ਨਹੀਂ ਹੁੰਦੇ ਕਦੇ ਵੀ, ਤੁਹਾਡੇ ਨਾਲ ਰਹਿਣੇ ਨੇ। ਚਾਹੇ ਕਰੋੜ ਜਨਮ ਕਰ ਲਓ, ਚਾਹੇ ਲੱਖ ਕਰੋੜ ਕਰ ਲਓ। ਉਸ ਦੇ ਵਿਚ ਤੁਹਾਡੇ ਕਰਮ ਚੱਲੀ ਜਾਣੇ ਨੇ। ਜੋ ਤੁਸੀਂ ਸ਼ੁਭ ਕਰਮ ਕਰੇ ਨੇ ਇਹ ਨਿਸ਼ਕਾਮ ਕਰਮ ਗੱਲਾਂ ਨਾਲ ਨਹੀਂ ਆਉਂਦੇ। ਇਹ ਤਾਂ ਇਕ ਅਵਸਥਾ ਹੈ ਅੰਦਰਲੇ ਗਿਆਨ ਦੀ, ਜਿਥੇ ਆਦਮੀ ਕਰਮ ਤੋਂ ਉਚਾ ਹੋ ਜਾਂਦਾ ਹੈ। ਉਥੇ ਫੇਰ–

............. ***ਕਰੇ ਸੁ ਭਲਾ ਮਨਾਈਐ॥***

***ਅੰਗ – 612***

ਸੋ ਏਸ ਤਰ੍ਹਾਂ ਆਪਣਾ ਜੀਵਨ ਬਤੀਤ ਕਰੋ। ਬਾਣੀ ਪੜ੍ਹੋ, ਅੰਮ੍ਰਿਤ ਵੇਲੇ ਉਠੋ, ਸਤਿਸੰਗ ਨਾ ਕਦੇ ਵੀ ਛੱਡੋ, ਕਿੰਨਾ ਹੀ ਨੁਕਸਾਨ ਹੁੰਦਾ ਹੋਵੇ ਸਤਿਸੰਗ ਜ਼ਰੂਰ ਕਰੋ ਕਿਉਂਕਿ ਉਥੋਂ ਰਾਹ ਲਭਣਾ ਹੈ ਸਾਨੂੰ ਜਿਸ ਦੇ ਵਾਸਤੇ ਅਸੀਂ ਸੰਸਾਰ ਤੇ ਆਏ ਹਾਂ। ਬਾਕੀ ਦਿਨ ਤਾਂ ਸਾਡੇ ਉਤੇ ਮੈਲ ਪੈ ਰਹੀ ਹੈ। ਕਲਜੁਗ ਦੀਆਂ ਕਾਲੀਆਂ ਲਹਿਰਾਂ ਚਲ ਰਹੀਆਂ ਹਨ। ਰੋਸ਼ਨੀ ਤਾਂ ਇਥੇ ਹੈ ਜਿਥੇ ਤੁਸੀਂ ਬੈਠੇ ਹੋ। ਇਥੋਂ ਚਿੱਟੀ wave (ਤਰੰਗ) ਉਠ ਰਹੀ ਹੈ ਜਿਹੜੀ ਸਾਡੇ ਮਨਾਂ ਦੇ ਵਿਚ ਆ ਕੇ ਸਾਡੇ ਅੰਦਰ ਚਾਨਣਾ ਕਰਕੇ, ਹਨ੍ਹੇਰਾ ਦੂਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸੱਤਾਂ ਦਿਨਾਂ ਬਾਅਦ ਅਸੀਂ ਆਉਂਦੇ ਹਾਂ। ਇਹ ਵੀ ਚੰਗਾ ਹੋਇਆ ਕਿ ਮਹੀਨੇ ਵਿਚ ਛੇ ਸਤਿਸੰਗ ਹੋ ਜਾਂਦੇ ਨੇ। ਇਹ ਕਰਦੇ ਰਹੋ, ਇਸ ਦੇ ਵਿਚੋਂ ਰਾਹ ਲੱਭ ਜਾਣਾ ਹੈ। ਇਕ ਤਾਂ ਪ੍ਰਮੇਸ਼ਰ ਨੂੰ ਯਾਦ ਰੱਖੋ ਕਿ ਪ੍ਰਮੇਸ਼ਰ ਨੂੰ ਮਿਲਣਾ ਹੈ। ਅਜੇ ਬਣਿਆ ਕੁਝ ਨਹੀਂ ਹੈ, ਚਲੋ ਸਤਿਸੰਗ ਵਿਚ, ਉਥੇ ਰਾਹ ਲੱਭੇਗਾ। ਦਰਅਸਲ ਤਾਂ ਗੁਰੂ ਗ੍ਰੰਥ ਸਾਹਿਬ ਦੇ ਨਾਲ ਜੇ ਕਿਸੇ ਦਾ ਜੁੜ ਜਾਵੇ ਸੰਪਰਕ, ਇਹ ਹਰ ਸ਼ਬਦ ਵਿਚ ਰਾਹ ਦਸਦੇ ਨੇ। ਕੋਈ ਸ਼ਬਦ ਐਸਾ ਨਹੀਂ ਜਿਥੇ ਰਾਹ ਨਹੀਂ ਦੱਸਿਆ ਹੋਇਆ। ਹੁਣ ਇਹ ਸੱਤ ਅੱਠ ਤੁਕਾਂ ਦਾ ਸ਼ਬਦ ਹੈ। ਕਿੱਡਾ ਸੌਖਾ ਰਾਹ ਹੈ। ਇਸ ਦੇ ਉਤੇ ਕਿੱਡੀ ਹੀ ਪੁਸਤਕ ਲਿਖ ਦਿਓ, ਕਿੰਨੀਓ ਵਿਚਾਰ ਕਰ ਲਓ। ਸਾਰਾ ਗਿਆਨ ਥੋੜ੍ਹੀਆਂ ਜਿਹੀਆਂ ਤੁਕਾਂ ਵਿਚ ਬੰਦ ਕਰ ਦਿਤਾ ਮਹਾਰਾਜ ਜੀ ਨੇ। ਹੁਣ ਇਸ ਨੂੰ ਸਮਝਣ ਦੀ ਲੋੜ ਹੈ, ਕਮਾਉਣ ਦੀ ਲੋੜ ਹੈ। ਸਾਧ ਸੰਗਤ ਜੀ! ਐਨਾ ਕੁ ਹੀ ਬਹੁਤ ਹੈ।

ਬਾਕੀ ਮੈਂ ਇਕ ਬੇਨਤੀ ਕਰਨੀ ਹੈ ਕਿ ਸੰਗਤ ਵਿਚ ਆਉਣ ਤੋਂ ਨਾ ਹਟਿਓ। ਮੈਂ ਆਵਾਂ ਜਾਂ ਨਾ ਆਵਾਂ। ਇਹ ਸਰੀਰ ਅਜੇ ਐਨਾ ਤੰਦਰੁਸਤ ਨਹੀਂ ਹੈ। ਮੈਂ ਤਾਂ ਪਿਆ ਸੀ ਉਥੇ ਜਾ ਕੇ, ਬੀਬੀ ਨੇ ਜਗਾਇਆ ਕਿ ਤੁਸੀਂ ਜਾਓ, ਸਤਿਸੰਗ ਹੋ ਰਹੀ ਹੈ। ਐਨਾ ਥੱਕ ਗਿਆ ਸੀ ਮੈਂ ਬੈਠਾ ਉਥੇ। **ਸਰੀਰ ਸਾਥ ਨਹੀਂ ਦੇ ਰਿਹਾ। ਅੰਦਰੋਂ ਮੈਂ ਬਿਲਕੁਲ ਸਹੀ ਹਾਂ, ਅੰਦਰੋਂ ਮੈਨੂੰ ਕੁਝ ਨਹੀਂ ਹੋਇਆ ਹੋਇਆ। ਇਹ ਕੱਪੜਾ ਜਿਹੜਾ ਹੈ ਇਹ ਪਾਟਿਆ**

ਹੋਇਆ ਹੈ, ਇਹ ਚੁਭਦਾ ਹੈ, ਇਹ ਨਹੀਂ ਸਾਥ ਦੇ ਰਿਹਾ। ਸੋ ਏਸ ਕਰਕੇ ਮੇਰੀ ਹਾਜ਼ਰੀ ਹੋਵੇ, ਨਾ ਹੋਵੇ, ਤੁਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਕਬੂਲ ਕਰਨੀ ਹੈ। ਇਨ੍ਹਾਂ ਨੇ ਹੀ ਤੁਹਾਨੂੰ ਰਾਹ ਦਿਖਾਉਣਾ ਹੈ, ਬੰਦੇ ਨੇ ਨਹੀਂ ਦਿਖਾਉਣਾ ਕਿਸੇ ਨੇ। ਬੰਦੇ ਆਉਂਦੇ ਨੇ, ਚਲੇ ਜਾਂਦੇ ਨੇ। ਉਨ੍ਹਾਂ ਨੂੰ ਜਿੰਨੀ ਸੇਵਾ ਮਿਲੀ ਹੁੰਦੀ ਹੈ ਓਨਾ ਬੋਲ ਕੇ ਤੁਰ ਜਾਂਦੇ ਨੇ ਤੇ ਜਿਥੇ ਹੋਰ ਸਤਿਸੰਗ ਹੁੰਦਾ ਹੈ ਉਥੇ ਚਲੇ ਜਾਂਦੇ ਨੇ।

ਸੋ ਏਸ ਕਰਕੇ ਇਹ ਨਾ ਕਰਨਾ ਕਿ ਬਾਬਾ ਜੀ ਨਹੀਂ ਹੈ। ਕਿਸੇ ਦਿਨ ਬੀਬੀ ਜੀ ਵੀ ਨਹੀਂ ਹੋਏਗੀ, ਬਾਬਾ ਜੀ ਵੀ ਨਹੀਂ ਹੋਣਗੇ ਪਰ ਤੁਸੀਂ ਸੰਗਤ ਨਹੀਂ ਛੱਡਣੀ, ਰਾਹ ਤੁਹਾਨੂੰ ਮਿਲ ਚੁੱਕਿਆ ਹੈ। ਏਸ ਰਸਤੇ ਚਲਦੇ ਜਾਓ। ਆਪਣਾ ਜੀਵਨ ਪੂਰੀ ਸਾਵਧਾਨੀ ਨਾਲ ਗੁਜ਼ਾਰੋ। ਇਸ ਦੇ ਵਿਚ ਹੀ ਸਾਡੀ ਕਲਿਆਣ ਹੈ।

*ਵਾਹਿਗੁਰੂ ਜੀ ਕਾ ਖਾਲਸਾ॥*

*ਵਾਹਿਗੁਰੂ ਜੀ ਕੀ ਫਤਹਿ॥*

# ਮੁਰਦਾ ਹੋਇ ਮੁਰੀਦ

ਸ਼ਾਨ ......................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਰਾਖੋ ਰਾਖਨਹਾਰ ਦਇਆਲਾ,*
*ਨਾਨਕ ਘਰ ਕੇ ਗੋਲੇ ਜੀ -2, 2.*

*ਤੁਮ ਦਾਤੇ ਠਾਕੁਰ ਪ੍ਰਤਿਪਾਲਕ*
*ਨਾਇਕ ਖਸਮ ਹਮਾਰੇ॥*
*ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ*
*ਹਮ ਬਾਰਿਕ ਤੁਮਰੇ ਧਾਰੇ॥*
*ਜਿਹਵਾ ਏਕ ਕਵਨ ਗੁਨ ਕਹੀਐ॥*
*ਬੇਸੁਮਾਰ ਬੇਅੰਤ ਸੁਆਮੀ*
*ਤੇਰੋ ਅੰਤੁ ਨ ਕਿਨ ਹੀ ਲਹੀਐ॥*
*ਕੋਟਿ ਪਰਾਧ ਹਮਾਰੇ ਖੰਡਹੁ*
*ਅਨਿਕ ਬਿਧੀ ਸਮਝਾਵਹੁ॥*
*ਹਮ ਅਗਿਆਨ ਅਲਪ ਮਤਿ ਥੋਰੀ*
*ਤੁਮ ਆਪਨ ਬਿਰਦੁ ਰਖਾਵਹੁ॥*
*ਤੁਮਰੀ ਸਰਣਿ ਤੁਮਾਰੀ ਆਸਾ*
*ਤੁਮ ਹੀ ਸਜਨ ਸੁਹੇਲੇ॥*
*ਰਾਖਹੁ ਰਾਖਨਹਾਰ ਦਇਆਲਾ*
*ਨਾਨਕ ਘਰ ਕੇ ਗੋਲੇ॥ ਅੰਗ - 673*

ਸਾਧ ਸੰਗਤ ਜੀ! ਗੱਜ ਕੇ ਬੋਲੋ, ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਬਹੁਤ ਦੂਰ-ਦਰਾਜ਼ ਤੋਂ ਘੰਟਿਆਂ ਬੱਧੀ ਸਫਰ ਕਰਕੇ ਟਰੱਕਾਂ ਰਾਹੀਂ, ਟਰਾਲੀਆਂ ਰਾਹੀਂ ਆਏ ਹੋ। ਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਕਰਕੇ ਆਪਾਂ ਏਸ ਥਾਂ ਦੇ ਉਤੇ ਹਾਜ਼ਰ ਹੋਏ ਹਾਂ। ਪਿਛਲੇ ਤਿੰਨ ਦਿਨਾਂ ਤੋਂ ਵਿਚਾਰਾਂ

ਚਲਦੀਆਂ ਸਨ ਕਿ ਕੋਈ ਤਰੀਕਾ ਹੈ ਜਿਸ ਦੇ ਨਾਲ ਆਪਾਂ ਏਸ ਸਰੀਰ ਦੇ ਵਿਚ ਹੁੰਦੇ-ਹੁੰਦੇ ਪ੍ਰਮੇਸ਼ਰ ਨਾਲ ਮਿਲ ਲਈਏ ਕਿਉਂਕਿ ਸੁਣਦਿਆਂ ਦੀਆਂ ਸਾਡੀਆਂ ਉਮਰਾਂ ਬੀਤ ਗਈਆਂ। ਜਾਂ ਤਾਂ ਰਸਤਾ ਸਹੀ ਨਹੀਂ ਮਿਲਦਾ ਜਾਂ ਫੇਰ ਸਾਨੂੰ ਕੋਈ ਰਾਹ ਨਹੀਂ ਦਸਦਾ। ਦੋਹਾਂ ਵਿਚੋਂ ਇਕ ਗੱਲ ਹੈ, ਉਸ ਦੀ ਵਿਚਾਰ ਚੱਲ ਰਹੀ ਹੈ।

ਪਹਿਲੇ ਦਿਨ ਬੇਨਤੀ ਕੀਤੀ ਗਈ ਸੀ ਕਿ ਨਾਮ ਦੀ ਕਿੰਨੀ ਕੀਮਤ ਹੈ? ਨਾਮ ਦੀ ਕੀ ਮਹਿਮਾ ਹੈ? ਨਾਮ ਹਰ ਬੰਦੇ ਦੇ ਅੰਦਰ ਹੈ, ਬਾਹਰੋਂ ਨਹੀਂ ਹੁੰਦਾ। ਅਸੀਂ ਭੁਲੇਖੇ ਨਾਲ ਕਹਿ ਦਿੰਦੇ ਹਾਂ ਕਿ ਮੈਂ ਨਾਮ ਤਾਂ ਲਿਆ ਹੋਇਆ ਹੈ। ਕੱਲ੍ਹ ਹੀ ਮੈਨੂੰ ਇਕ ਬੀਬੀ ਕਹਿੰਦੀ ਸੀ ਕਿ ਨਾਮ ਤਾਂ ਅਸੀਂ ਲਿਆ ਹੋਇਆ ਹੈ। ਸਾਡੇ ਨਾਮ ਨੂੰ ਹੁਣ ਤੋਰ ਦਿਓ। ਮੈਂ ਕਿਹਾ ਕਿ ਨਾਮ ਤੁਰਦਾ ਨਹੀਂ ਹੁੰਦਾ ਬੀਬੀ! ਨਾਮ ਅੰਦਰ ਹੁੰਦਾ ਹੈ, ਪ੍ਰਗਟ ਕਰੀਦਾ ਹੈ। ਨਾਮ ਮਿਲਦਾ ਨਹੀਂ ਕਿਸੇ ਕੋਲੋਂ ਵੀ। ਜੇ ਤੁਸੀਂ ਕਹੋ ਕਿ ਮੈਨੂੰ ਫਲਾਣੇ ਕੋਲੋਂ ਨਾਮ ਮਿਲਿਆ ਹੈ ਪਰ ਉਹ ਤਾਂ ਸਤਿਗੁਰੂ ਦੇ ਅਖਤਿਆਰ ਵਿਚ ਹੁੰਦਾ ਹੈ, ਉਸ ਨੂੰ ਪ੍ਰਗਟ ਕਰਨਾ, ਜਗਾਉਣਾ ਹੁੰਦਾ ਹੈ। ਸਤਿਗੁਰ ਮੰਤਰ ਦਿੰਦਾ ਹੈ। ਮੰਤਰ ਅਨੇਕ ਨੇ। ਸਾਡਾ ਮੰਤਰ ਹੈ -

***ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।*** ***ਭਾਈ ਗੁਰਦਾਸ ਜੀ ਦੀ ਵਾਰ 31/2***

ਕਿਉਂਕਿ ਹਉਮੈ ਦਾ ਝਗੜਾ ਹੈ ਸਾਰਾ। ਹਉਮੈ ਦਾ ਨਾਸ਼ ਹੋ ਜਾਵੇ ਤਾਂ ਪ੍ਰਮੇਸ਼ਰ ਅੰਦਰ ਹੀ ਹੈ ਕਿਤੇ ਬਾਹਰ ਤਾਂ ਹੈ ਨਹੀਂ। ਉਸ ਦੇ ਬਾਰੇ ਪਹਿਲਾਂ ਕੁਝ ਰਹਿਤਾਂ ਹੁੰਦੀਆਂ ਨੇ, ਜਿੰਨਾਂ ਚਿਰ ਆਦਮੀ ਬਾਹਰੋਂ ਆਪਣੀ ਸੁਰਤ ਨਹੀਂ ਸੰਕੋਚਦਾ ਤੇ ਅੰਦਰ ਨਹੀਂ ਲੈ ਕੇ ਜਾਂਦਾ, ਨਾਲ ਹੀ ਅੰਦਰਲੀ ਵਸਤੂ ਨੂੰ ਬਹੁਤ ਜ਼ਿਆਦਾ ਕੀਮਤੀ ਮਹਿਸੂਸ ਨਹੀਂ ਕਰ ਲੈਂਦਾ, ਓਨੀ ਦੇਰ ਤੱਕ ਇਸ ਦੀ ਸੁਰਤ ਬਾਹਰੋਂ ਅੰਦਰ ਆਉਂਦੀ ਨਹੀਂ ਹੈ, ਖਿੰਡੀ ਰਹਿੰਦੀ ਹੈ। ਵਾਰ-ਵਾਰ ਬਾਹਰ ਵੱਲ ਜਾਂਦੀ ਹੈ ਕਿਉਂਕਿ ਸੁਰਤ ਦਾ ਸੁਭਾਅ ਹੈ ਇਹ। ਇਸ ਨੂੰ ਸੰਕੋਚ ਕੇ ਇਕ point (ਬਿੰਦੂ) ਤੇ ਕਰਨਾ ਹੈ। ਫੇਰ ਗੁਰੂ ਸਾਧਨ ਦਸਦਾ ਹੈ ਅੱਗੇ ਕਿ ਰਹਿਤ ਇਹੋ ਜਿਹੀ ਰੱਖਣੀ ਹੈ ਤੂੰ, ਵਰਤ ਵਰਤਾਰਾ ਸੰਸਾਰ ਵਿਚ ਇਹੋ ਜਿਹਾ ਕਰਨਾ ਹੈ। ਇਹ ਪੰਜ ਸੱਤ ਸਤਿਸੰਗਾਂ (ਦਿਵਾਨਾਂ) ਵਿਚ ਤਾਂ ਗੱਲ ਹੋ ਨਹੀਂ ਸਕਦੀ। ਵੈਸੇ 'ਆਤਮ-ਮਾਰਗ' ਪੰਜ ਸਾਲਾਂ ਤੋਂ ਚੱਲ ਰਿਹਾ ਹੈ, ਕਿਤਾਬਾਂ ਵੀ 20-25 ਬਣੀਆਂ ਹੋਈਆਂ ਨੇ। ਵਿਚਾਰ ਆਈ ਜਾਂਦੇ ਨੇ ਤੇ ਕਿਤਾਬਾਂ ਬਣੀ ਜਾਂਦੀਆਂ ਨੇ। ਲੰਮਾਂ ਵਿਸ਼ਾ ਹੈ ਇਹ ਕਿਉਂਕਿ ਏਧਰ ਵੀ ਸਾਡਾ ਲੰਮਾ ਵਿਸ਼ਾ ਹੈ, ਅੱਧੀ ਉਮਰ ਗੁਜ਼ਰ ਗਈ, ਉਸ ਨੂੰ ਸਾਫ ਕਰਨਾ ਕੋਈ ਖੇਡ ਨਹੀਂ ਹੈ ਕਿ ਛੇਤੀ ਹੀ ਸਾਫ ਹੋ ਜਾਵੇ। ਹਾਂ! ਤਰੀਕਾ ਹੈ। ਹੁਣ ਇਥੇ ਆਪਾਂ ਬੇਨਤੀ ਕਰੀ ਹੈ ਕਿ ਹੇ ਪਾਤਿਸ਼ਾਹ! ਮੈਨੂੰ ਤਾਂ ਪਤਾ ਨਹੀਂ ਲਗਦਾ ਪਰ ਇਕ ਗੱਲ ਕਰ, ਮੈਨੂੰ ਤੂੰ ਆਪਣੇ ਘਰ ਦਾ ਗੁਲਾਮ ਰੱਖ ਲੈ। ਪੜ੍ਹ ਤਾਂ ਲਿਆ ਸ਼ਬਦ ਆਪਾਂ ਸਾਰਿਆਂ ਨੇ। ਬਹੁਤ ਵਧੀਆ ਹੈ -

***ਰਾਖਹੁ ਰਾਖਨਹਾਰ ਦਇਆਲਾ***
***ਨਾਨਕ ਘਰ ਕੇ ਗੋਲੇ॥*** ***ਅੰਗ - 673***

ਪਰ ਆਪਾਂ ਰਹਿਣ ਨੂੰ ਕੋਈ ਤਿਆਰ ਨਹੀਂ ਹਾਂ, ਗੋਲੇ ਬਣਨ ਨੂੰ ਤਿਆਰ ਨਹੀਂ ਹਾਂ ਕਿਉਂਕਿ ਕਿਹੜਾ ਗੋਲਾ ਹੁੰਦਾ ਹੈ –

***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ। ਭਾਈ ਗੁਰਦਾਸ ਜੀ ਦੀ ਵਾਰ 3/18***

ਚਾਰ ਚੀਜ਼ਾਂ ਕਹੀਆਂ ਨੇ –

***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ। ਭਾਈ ਗੁਰਦਾਸ ਜੀ ਦੀ ਵਾਰ 3/18***

ਅੱਠ ਰਹਿਤਾਂ ਦੱਸ ਦਿੱਤੀਆਂ ਇਸ ਦੇ ਵਿਚ ਭਾਈ ਗੁਰਦਾਸ ਜੀ ਨੇ ਕਿ ਗੁਲਾਮ ਬਾਰੇ ਐਵੇਂ ਹੀ ਨਾ ਕਹੋ ਕਿ ਮੈਂ ਗੁਲਾਮ ਬਣ ਜਾਵਾਂ। ਗੁਲਾਮ ਦੀ ਨਾ ਕੋਈ ਰਾਏ ਹੁੰਦੀ ਹੈ, ਨਾ ਕੋਈ ਹੱਕ ਹੈ, ਨਾ ਕਾਨੂੰਨ ਉਸ ਦੀ ਕੋਈ ਮਦਦ ਕਰਦਾ ਹੈ। ਉਹ ਤਾਂ ਮੁੱਲ ਖਰੀਦ ਲਿਆ। ਜਿਵੇਂ ਪਸ਼ੂ ਮੁੱਲ ਖਰੀਦ ਲਿਆ, ਏਸ ਤਰ੍ਹਾਂ ਬੰਦਾ ਮੁੱਲ ਖਰੀਦ ਲਿਆ। ਪਹਿਲਾਂ ਬੰਦੇ ਵਿਕਦੇ ਸਨ।

ਇਕ ਬਾਦਸ਼ਾਹ ਹੋਇਆ ਹੈ ਅਫਗਾਨਿਸਤਾਨ ਦਾ। ਉਹ ਬੜਾ ਚੰਗਾ ਬਾਦਸ਼ਾਹ ਸੀ। ਫੇਰ ਸੂਫੀ ਪੀਰ ਬਣ ਗਿਆ ਸੀ ਉਹ। ਉਸ ਨੇ ਇਕ ਚੰਗਾ ਛਾਂਟ ਕੇ ਗੁਲਾਮ ਲਿਆਂਦਾ ਵਧੀਆ। ਸੋਹਣਾ-ਸੁਨੱਖਾ, ਤੁਰਦਾ ਵੀ ਵਧੀਆ ਲੱਗੇ, ਬੋਲਦਾ ਵੀ ਵਧੀਆ ਲੱਗੇ, ਕੰਮ ਵੀ ਉਹ ਪੂਰੇ ਦਿਲ ਨਾਲ ਕਰੇ। ਕੰਮ-ਕਾਰ ਤੋਂ ਖੁਸ਼ ਹੋ ਕੇ ਉਸ ਨੇ ਸੋਚਿਆ ਕਿ ਇਸ ਗੁਲਾਮ ਨੂੰ ਕੁਝ ਰਿਆਇਤ ਦੇਣੀ ਚਾਹੀਦੀ ਹੈ ਕਿਉਂਕਿ ਜਿਹੜੇ ਚੰਗੇ ਗੁਲਾਮ ਨੇ ਉਹ ਰਿਆਇਤਾਂ ਲੈ ਲੈਂਦੇ ਨੇ। ਹੁਣ ਮੁਹੰਮਦ ਗੌਰੀ ਦਾ ਗੁਲਾਮ ਸੀ ਕੁਤਬਦੀਨ ਐਬਕ। ਮੁਹੰਮਦ ਗੌਰੀ ਤੋਂ ਬਾਅਦ ਉਸ ਨੇ ਦਿੱਲੀ ਦਾ ਤਖਤ ਕੁਤਬਦੀਨ ਨੂੰ ਦਿੱਤਾ। ਬੜੀ ਵੱਡੀ ਪਦਵੀ ਦੇ ਦਿਤੀ ਕਿਉਂਕਿ ਗੁਲਾਮ ਸੀ ਤੇ ਗੁਲਾਮਾਂ ਦੇ ਪੂਰੇ ਫਰਜ਼ ਉਸ ਨੇ ਅਦਾ ਕੀਤੇ ਸਨ।

ਸੋ ਬਾਦਸ਼ਾਹ ਨੇ ਆਪਣੇ ਗੁਲਾਮ ਨੂੰ ਬੁਲਾਇਆ ਤੇ ਕਹਿਣ ਲੱਗਿਆ ਕਿ ਹੇ ਗੁਲਾਮ! ਚਾਰ ਮੇਰੇ ਸਵਾਲ ਨੇ, ਤੂੰ ਚੌਹਾਂ ਦੇ ਜਵਾਬ ਦੇਹ। ਪਹਿਲਾ ਸੁਆਲ ਹੈ ਕਿ ਤੂੰ ਕੀ ਖਾਣਾ ਚਾਹੁੰਦਾ ਹੈਂ ਭਾਵ ਤੇਰੇ ਖਾਣ ਦੇ ਸ਼ੌਕ ਕੀ ਨੇ – ਸਵੇਰ ਵੇਲੇ ਕੀ ਖਾਂਦਾ ਹੈਂ, ਦੁਪਹਿਰ ਵੇਲੇ ਕੀ ਖਾਂਦਾ ਹੈਂ, ਸ਼ਾਮ ਨੂੰ ਕੀ ਖਾਂਦਾ ਹੈਂ ਰਾਤ ਨੂੰ ਕੀ ਖਾਂਦਾ ਹੈਂ, ਦੁੱਧ ਕਦੋਂ ਪੀਂਦਾ ਹੈ, ਕੋਈ ਰਸ ਆਦਿ ਕਦੋਂ ਪੀਂਦਾ ਹੈਂ। ਇਹ ਸਭ ਮੈਨੂੰ ਦੱਸ ਦੇ, ਉਸੇ ਤਰ੍ਹਾਂ ਦਾ ਮੈਂ ਹੁਕਮ ਦੇ ਦਿਆਂਗਾ। ਬੜੀ ਚੰਗੀ ਉਸ ਦੀ ਪੇਸ਼ਕਸ਼ ਸੀ। ਦੂਸਰੀ ਗੱਲ ਕਹੀ ਕਿ ਤੂੰ ਕਿਹੋ ਜਿਹੇ ਕੱਪੜੇ ਪਹਿਨਣੇ ਚਾਹੁੰਦਾ ਹੈਂ? ਸੂਟ ਪਹਿਨਣਾ ਚਾਹੁੰਦਾ ਹੈਂ, ਕੋਈ ਸ਼ਾਹੀ ਲਿਬਾਸ ਪਹਿਨਣਾ ਚਾਹੁੰਦਾ ਹੈਂ, ਜਿਹੋ ਜਿਹਾ ਵੀ ਚਾਹੁੰਦਾ ਹੈਂ ਉਹੋ ਜਿਹਾ ਹੀ ਮੈਂ ਬਣਵਾ ਦਿਆਂਗਾ। ਤੀਸਰਾ ਉਸ ਨੇ ਕਿਹਾ ਕਿ ਤੇਰਾ ਨਾਮ ਕੀ ਹੈ ਕਿਉਂਕਿ ਅਸੀਂ ਤਾਂ ਗੁਲਾਮ ਕਹਿ ਕੇ ਤੈਨੂੰ ਆਵਾਜ਼ ਮਾਰਦੇ ਹਾਂ। ਤੇ ਤੂੰ ਆਪਣਾ ਨਾਮ ਦੱਸ ਦੇ, ਫੇਰ ਤੈਨੂੰ ਅਸੀਂ ਉਸੇ ਨਾਮ ਨਾਲ ਬੁਲਾ ਲਿਆ

ਕਰਾਂਗੇ। ਚੌਥਾ ਉਸ ਨੇ ਕਿਹਾ ਕਿ ਤੂੰ ਕਦੋਂ ਸੌਣਾ ਚਾਹੁੰਦਾ ਹੈਂ, ਕਦੋਂ ਜਾਗਣਾ ਚਾਹੁੰਦਾ ਹੈਂ, ਦਿਨ ਵਿਚ ਵੀ ਤੂੰ ਅਰਾਮ ਚਾਹੁੰਦਾ ਹੈਂ, ਸਵੇਰੇ ਕਿੰਨੇ ਵਜੇ ਉਠਣਾ ਚਾਹੁੰਦਾ ਹੈਂ? ਉਸੇ ਤਰ੍ਹਾਂ ਅਸੀਂ ਕਰ ਲਵਾਂਗੇ, ਤੈਨੂੰ ਉਸੇ ਵੇਲੇ ਹੀ ਅਵਾਜ਼ ਦੇ ਦਿਆ ਕਰਾਂਗੇ।

ਉਸ ਨੇ ਜਵਾਬ ਦਿਤਾ ਕਿ ਹਜ਼ੂਰ! ਬਾਦਸ਼ਾਹ ਸਲਾਮਤ! ਤੁਹਾਡੀ ਪੇਸ਼ਕਸ਼ ਇਨਸਾਨੀਅਤ ਦੇ ਉਤੇ ਹੈ, ਚੰਗਾ ਇਨਸਾਨ ਦੂਸਰੇ ਨੂੰ ਵੀ ਸੁਖੀ ਦੇਖਣਾ ਚਾਹੁੰਦਾ ਹੈ ਪਰ ਇਕ ਗੱਲ ਤੁਸੀਂ ਭੁੱਲ ਗਏ ਕਿ ਮੈਂ ਮੁੱਲ ਵਿਕਿਆ ਹੋਇਆ ਬੰਦਾ ਹਾਂ। ਮੇਰਾ ਨਾ ਕੋਈ ਦੀਨ ਹੈ, ਨਾ ਕੋਈ ਧਰਮ ਹੈ ਤੇ ਮੇਰਾ ਜਿਹੋ ਜਿਹਾ ਤੁਸੀਂ ਨਾਉਂ ਲੈ ਲਓਂਗੇ - ਕੁੱਤਾ-ਬਿੱਲਾ ਜਾਂ ਕੁਝ ਵੀ ਮੈਨੂੰ ਦੱਸ ਦਿਓ ਕਿ ਆਹ ਅਵਾਜ਼ ਜਦੋਂ ਮਾਰਾਂਗੇ ਤਾਂ ਤੂੰ ਬੋਲ ਪਿਆ ਕਰੀਂ। ਜੇ ਤੁਸੀਂ ਮੇਰਾ ਪਿਛਲਾ ਨਾਉਂ ਪੁੱਛਦੇ ਹੋ, ਉਹ ਤਾਂ ਬਹੁਤ ਵੱਡਾ ਹੈ। ਉਹ ਤਾਂ ਲੈ ਹੀ ਨਹੀਂ ਸਕਦਾ ਕੋਈ, ਉਸ ਦੇ ਨਾਲ ਤਾਂ ਉਪਾਧੀਆਂ ਹੀ ਬੜੀਆਂ ਨੇ - ਖਾਨ ਬਹਾਦਰ, ਫਲਾਣਾ ਬਹਾਦਰ। ਹੁਣ ਤਾਂ ਮੈਂ ਗੁਲਾਮ ਬਣ ਗਿਆ, ਹੁਣ ਤਾਂ ਤੁਸੀਂ ਕੋਈ ਵੀ ਮੇਰਾ ਨਾਉਂ ਰੱਖ ਦਿਓ, ਓਹੀ ਮੈਨੂੰ ਮਨਜ਼ੂਰ ਹੈ। ਦੂਸਰਾ ਇਹ ਹੈ ਕਿ ਕੱਪੜੇ ਜਿਹੜੇ ਤੁਹਾਡੀਆਂ ਅੱਖਾਂ ਨੂੰ ਚੰਗੇ ਲਗਦੇ ਨੇ ਮੇਰੇ ਪਹਿਨੇ ਹੋਏ, ਓਹੋ ਜਿਹੇ ਪਹਿਨਾਅ ਦਿਓ। ਤੀਸਰਾ ਹੈ ਕਿ ਜਦੋਂ ਤੁਸੀਂ ਕਹੋਂਗੇ ਕਿ ਜਾਹ ਸੌਂ ਜਾ! ਉਦੋਂ ਸੌਂ ਜਾਵਾਂਗਾ। ਜਦੋਂ ਅਵਾਜ਼ ਮਾਰੋਗੇ, ਉਦੋਂ ਉਠ ਜਾਵਾਂਗਾ। ਖਾਣ ਦੀਆਂ ਰੁਚੀਆਂ ਜਿਹੜੀਆਂ ਪਹਿਲੀਆਂ ਨੇ ਉਹ ਤਾਂ ਮੈਂ ਗਿਣ ਹੀ ਨਹੀਂ ਸਕਦਾ। ਜ਼ਰਾ-ਕੁ ਨਮਕ ਘੱਟ-ਵੱਧ ਪੈ ਗਿਆ ਤਾਂ ਮੈਂ ਆਫਤ ਲਿਆ ਦਿੰਦਾ ਸੀ। ਮਿਰਚ ਘੱਟ ਵੱਧ ਪੈ ਗਈ, ਸੁਆਦੀ ਨਾ ਹੋਇਆ ਖਾਣਾ ਤਾਂ ਨੌਕਰ ਨੂੰ ਮੈਂ ਕੱਢ ਦਿੰਦਾ ਸੀ, ਰਹਿਣ ਨਹੀਂ ਸੀ ਦਿੰਦਾ ਪਰ ਹੁਣ ਤਾਂ ਮੈਂ ਗੁਲਾਮ ਹਾਂ, ਚਾਹੇ ਜੂਠੀਆਂ ਰੋਟੀਆਂ ਦਈ ਜਾਓ, ਚਾਹੇ ਸੁੱਕੇ ਟੁੱਕਰ ਦੇਈ ਜਾਓ, ਉਹ ਤਾਂ ਮੈਂ ਖਾਣੇ ਹੀ ਨੇ।

ਸੋ ਅਸੀਂ ਗੁਰੂ ਮਹਾਰਾਜ ਜੀ ਨੂੰ ਬੇਨਤੀ ਕਰੀ ਹੈ ਕਿ ਸਾਨੂੰ ਗੁਲਾਮ ਰੱਖ ਲੈ ਆਪਣੇ ਘਰ ਦਾ ਪਰ ਗੁਰੂ ਸਾਹਿਬ ਦੀਆਂ ਹਦਾਇਤਾਂ ਵਿਚੋਂ ਅਸੀਂ ਕੋਈ ਵੀ ਪੂਰੀ ਨਹੀਂ ਕਰ ਸਕਦੇ। ਗੁਲਾਮ ਤਾਂ ਬਣ ਜਾਵਾਂਗੇ ਪਰ ਆਕੜ ਓਵੇਂ ਹੀ ਰੱਖਾਂਗੇ ਕਿ ਨਾ-ਨਾ, ਇਹ ਨਹੀਂ ਸਾਨੂੰ ਮਨਜ਼ੂਰ ਮਹਾਰਾਜ! ਆਹ ਕੰਮ ਨਾ ਕਰੀਂ। ਗੁਲਾਮ ਦਾ ਤਾਂ ਕੋਈ ਹੱਕ ਹੀ ਨਹੀਂ। ਹੁਣ ਪਸ਼ੂ ਦਾ ਕੀ ਹੱਕ ਹੈ? ਕੀ ਪੁਲਿਸ ਆ ਜਾਏਗੀ ਕਿ ਤੁਸੀਂ ਆਪਣੀ ਬੱਕਰੀ ਮਾਰ ਦਿੱਤੀ ਜਾਂ ਬੱਕਰਾ ਮਾਰ ਕੇ ਖਾ ਲਿਆ ਜਾਂ ਮੁਰਗਾ ਮਾਰ ਦਿੱਤਾ? ਉਸ ਦਾ ਹੱਕ ਨਹੀਂ ਹੈ।

ਸੋ ਇਹ ਚੀਜ਼ ਬੜੀ ਔਖੀ ਹੈ ਕਿਉਂਕਿ ਸਿੱਖ ਬਣਨ ਵਾਸਤੇ ਜਿਹੜੇ ਰਸਤੇ ਦੀ ਆਪਾਂ ਵਿਚਾਰ ਕਰ ਰਹੇ ਹਾਂ ਕਿ ਕਿਸ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਮਿਲ ਸਕਦਾ ਹੈ, ਮਨੋ-ਬਿਰਤੀ ਇਥੇ ਲਿਆਉਣੀ ਪੈਂਦੀ ਹੈ।

***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*** ***ਭਾਈ***

ਚਾਰ ਚੀਜ਼ਾਂ - ਸਾਨੂੰ ਤਾਂ ਨੀਂਦ ਵੀ ਹੈ, ਭੁੱਖ ਵੀ ਹੈ, ਖਾਣਾ ਵੀ ਹੈ, ਸੌਣਾ ਵੀ ਹੈ। ਗੁਰੂ ਕਹਿੰਦਾ ਹੈ ਕਿ ਅੰਮ੍ਰਿਤ ਵੇਲੇ ਜਾਗ -

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ***
***ਮਨ ਤਨ ਭਏ ਅਰੋਗਾ॥*** ***ਅੰਗ - 611***

ਉਠ ਕੇ ਤੂੰ ਇਸ਼ਨਾਨ ਕਰ, ਫੇਰ ਵਾਹਿਗੁਰੂ ਦਾ ਨਾਮ ਜਪ। ਫੇਰ ਤੇਰਾ ਤਨ ਵੀ ਅਰੋਗ ਤੇ ਮਨ ਵੀ ਅਰੋਗ। ਅਸੀਂ ਇਸ ਦੇ ਨਾਲ ਸਹਿਮਤ ਹੀ ਨਹੀਂ। ਅਸੀਂ ਕਹਿੰਦੇ ਹਾਂ ਕਿ ਸੱਚੇ ਪਾਤਿਸ਼ਾਹ! ਤੜਕੇ ਤਾਂ ਉਠ ਨਹੀਂ ਹੁੰਦਾ, ਇਸ਼ਨਾਨ ਕੌਣ ਕਰੇ? ਘੌਲ ਕਰਦੇ ਹਾਂ। ਸਾਰਿਆਂ ਨੂੰ ਗੀਜ਼ਰ (geyser) ਨਹੀਂ ਮਿਲਦੇ, ਮਹਿੰਗੇ ਬੜੇ ਆਉਂਦੇ ਨੇ। ਉਹ ਕਹਿੰਦੇ ਕਿ ਜਿਹੜਾ ਪਾਣੀ ਹੈ ਉਸੇ ਨਾਲ ਨਹਾ ਲੈ, ਜੇ ਠੰਡਾ ਹੈ ਤਾਂ ਠੰਡੇ ਨਾਲ ਹੀ ਨਹਾ ਲੈ। ਪਹਿਲਾਂ ਠੰਡੇ ਨਾਲ ਨਹਾਉਂਦੇ ਹੀ ਸਨ, ਗਰਮ ਤਾਂ ਕੋਈ ਕਰਦਾ ਹੀ ਨਹੀਂ ਸੀ। ਹੁਣ ਸਾਡੀਆਂ ਰੁਚੀਆਂ ਬਦਲ ਗਈਆਂ। ਇਸ ਕਰਕੇ ਜਿਹੜੀ ਸ਼ਰਤ ਹੈ ਗੁਰੂ ਦੀ ਇਸ ਨੂੰ ਅਸੀਂ ਮੰਨ ਨਹੀਂ ਸਕਦੇ। ਹੁਣ ਕਸੂਰ ਕਿਸ ਦੇ ਵਿਚ ਹੋਇਆ?

***ਕਬੀਰ ਸਾਚਾ ਸਤਿਗੁਰੁ ਕਿਆ ਕਰੈ***
***ਜਉ ਸਿਖਾ ਮਹਿ ਚੂਕ॥***
***ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥***
***ਅੰਗ - 1372***

ਪੂਰਾ ਸਤਿਗੁਰੂ ਗੁਰੂ ਨਾਨਕ ਸਾਹਿਬ ਕੀ ਕਰੇ? ਸਾਡੇ ਵਿਚ ਚੂਕ ਹੈ। ਉਪਦੇਸ਼ ਸੁਣਦੇ ਹਾਂ ਜਿਵੇਂ ਬਾਂਸ ਵਿਚ ਫੂਕ ਮਾਰੋ ਤਾਂ ਪਾਰ ਲੰਘ ਜਾਂਦੀ ਹੈ। ਇਸੇ ਤਰ੍ਹਾਂ ਸਾਡੇ ਹਿਰਦੇ ਵਿਚ ਗੁਰੂ ਦਾ ਉਪਦੇਸ਼ ਨਹੀਂ ਹੈ, ਨਹੀਂ ਤਾਂ ਇਕ ਦੋ ਬਚਨ ਹੀ ਬਹੁਤ ਹੋਇਆ ਕਰਦੇ ਨੇ, ਘੰਟਿਆਂ ਬੱਧੀ ਸਤਿਸੰਗ ਦੀ ਲੋੜ ਨਹੀਂ ਹੈ। ਸੋ ਵਿਚਾਰ ਕੱਲ੍ਹ ਇਹ ਕਰ ਰਹੇ ਸੀ ਕਿ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*** ***ਅੰਗ - 12***

ਪਰ ਜਿੰਨੀ ਦੇਰ ਤੱਕ ਸਮਰੱਥ ਗੁਰੂ ਨਾ ਮਿਲੇ, ਪੂਰਾ ਗੁਰੂ ਨਾ ਮਿਲੇ, ਏਸ ਰਸਤੇ ਵਿਚ ਅਧਿਆਪਕ ਦੀ ਬੜੀ ਲੋੜ ਹੈ। ਇਕ ਤਾਂ ਅਧਿਆਪਕ ਜਿਹੜੇ ਸਾਡੇ ਸਕੂਲਾਂ ਵਿਚ ਪੜ੍ਹਾਉਂਦੇ ਨੇ, ਇਹ ਤਾਂ ਹਨ ਦੁਨਿਆਵੀ ਮਾਸਟਰ। ਦੂਜੇ ਨੇ ਅਧਿਆਤਮਕ ਮਾਸਟਰ, ਤੀਸਰੇ ਉਹ ਨੇ ਜਿਹੜੇ ਕਦੇ-ਕਦੇ ਆਉਂਦੇ ਨੇ ਸੰਸਾਰ ਵਿਚ, ਹਮੇਸ਼ਾ ਨਹੀਂ ਆਉਂਦੇ। ਜਦੋਂ ਸੰਸਾਰ ਵਿਚ ਹਨ੍ਹੇਰ ਗਰਦੀ ਆ ਜਾਂਦੀ ਹੈ ਉਸ ਵੇਲੇ ਆਉਂਦਾ ਹੈ ਉਹ। ਉਹ ਨੇ ਸਤਿਗੁਰੂ ਨਾਨਕ ਸਾਹਿਬ ਜਿਹੜੇ ਸਾਨੂੰ ਮਿਲੇ ਨੇ। ਸਾਨੂੰ ਤਾਂ ਬਹੁਤ ਫਕਰ ਕਰਨਾ ਚਾਹੀਦਾ ਹੈ ਕਿ ਸਾਡਾ ਮਾਸਟਰ ਬਹੁਤ ਵੱਡਾ ਹੈ ਤੇ ਉਸ ਨੂੰ ਇਹ ਗੱਲ ਕਹੀ ਗਈ ਅਕਾਲ ਪੁਰਖ ਵਲੋਂ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ। ਜਿਹੜਾ ਤੇਰਾ ਹੁਕਮ ਮੰਨੇਗਾ, ਤੇਰੇ ਨਾਲ ਪਿਆਰ ਕਰੇਗਾ ਉਹ ਮੇਰੀ

ਦਰਗਾਹ ਵਿਚ ਆਏਗਾ, ਮੈਂ ਉਸ ਦੀ ਸਹਾਇਤਾ ਕਰਾਂਗਾ। ਸੋ ਗੁਰੂ ਪ੍ਰਮੇਸ਼ਰ ਸਾਨੂੰ ਮਿਲਿਆ ਹੋਇਆ ਹੈ। ਉਸ ਦੀਆਂ ਹਦਾਇਤਾਂ ਦੀ ਹੀ ਅਸੀਂ ਸਤਿਸੰਗ ਦੇ ਅੰਦਰ ਵਿਚਾਰ ਕਰਦੇ ਹਾਂ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਵਿਚਾਰਦੇ ਹਾਂ, ਹੋਰ ਆਪਾਂ ਕੁਝ ਨਹੀਂ ਕਰਦੇ। ਜੇ ਕੋਈ ਪ੍ਰਮਾਣ ਜਾਂ ਹਵਾਲਾ ਦਿੰਦੇ ਹਾਂ ਤਾਂ ਉਸ ਦੀ ਪ੍ਰੋੜ੍ਹਤਾ ਵਾਸਤੇ ਹੁੰਦਾ ਹੈ ਕਿ ਜਿਹੜੀ ਗੱਲ ਕਹਿੰਦੇ ਹਾਂ ਉਹ ਸਮਝ ਵਿਚ ਆ ਜਾਵੇ - ਕੋਈ ਮਿਸਾਲ ਦੇ ਕੇ। ਕਿਸੇ ਦਾ ਜੀਵਨ ਵਿਚਾਰ ਕੇ ਉਸ ਨੂੰ (ਗ੍ਰਹਿਣ ਕਰਨਾ, ਕਿਸੇ ਵਲੋਂ ਦੱਸੇ ਗਏ ਰਾਹ ਤੇ ਚਲਣਾ ਤਾ ਕਿ ਜਿਵੇਂ ਉਹ ਲੰਘ ਗਿਆ, ਅਸੀਂ ਵੀ ਕੋਸ਼ਿਸ਼ ਕਰੀਏ -

***ਰਾਮ ਜਪਉ ਜੀ ਐਸੇ ਐਸੇ॥***
***ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥ ਅੰਗ - 337***

ਧ੍ਰੂ ਨੇ ਨਾਮ ਕਿਵੇਂ ਜਪਿਆ, ਪ੍ਰਹਿਲਾਦ ਨੇ ਕਿਵੇਂ ਜਪਿਆ? ਫੇਰ ਸਾਡੇ ਮਨ ਵਿਚ ਵੀ ਚਾਓ ਉਠ ਖੜ੍ਹਦਾ ਹੈ-

***ਤਿਨਾ ਦੇਖਿ ਮਨਿ ਚਾਉ ਉਠੰਦਾ***
***ਹਉ ਕਦਿ ਪਾਈ ਗੁਣਤਾਸਾ॥ ਅੰਗ - 703***

ਮੈਨੂੰ ਕਦ ਮਿਲੇਗਾ? ਇਹ ਚਾਓ ਹੁੰਦਾ ਹੈ। ਇਨ੍ਹਾਂ ਨੂੰ ਤਾਂ ਮਿਲ ਗਿਆ। ਵਾਹਿਗੁਰੂ ਵਲੋਂ ਕਿਸੇ ਨਾਲ ਵੀ ਨਜ਼ਾਇਜ਼ ਨਹੀਂ ਹੁੰਦੀ, ਵਾਹਿਗੁਰੂ ਕਿਸੇ ਨੂੰ ਨਫਰਤ ਨਹੀਂ ਕਰਦਾ ਕਿਉਂਕਿ ਸਾਰੇ ਉਸੇ ਦੇ ਨੇ। ਜਿਹੜਾ ਨੁਕਸਾਨ ਹੁੰਦਾ ਹੈ ਉਹ ਕਰਮਾਂ ਦਾ ਹੁੰਦਾ ਹੈ। ਆਦਮੀ ਕਰਮ ਕਰਦਾ ਹੈ ਤੇ ਉਨ੍ਹਾਂ ਦੇ ਫਲ ਭੋਗਦਾ ਹੈ, ਵਾਹਿਗੁਰੂ ਨਹੀਂ ਕਿਸੇ ਨੂੰ ਕੁਝ ਕਹਿੰਦਾ। ਉਹ ਤਾਂ -

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ***
***ਇਹੁ ਬਿਰਦੁ ਸੁਆਮੀ ਸੰਦਾ॥ ਅੰਗ - 544***

ਜਦੋਂ ਵੀ ਕੋਈ ਸੱਚੇ ਦਿਲੋਂ ਉਸ ਦੀ ਸ਼ਰਨ ਲੈ ਲਵੇ, ਉਹ ਫੇਰ ਗਿਣਦਾ ਨਹੀਂ ਕਿ ਤੂੰ ਇਉਂ ਕਰਿਆ ਜਾਂ ਇਉਂ ਕਰਿਆ, ਹਟ ਪਰ੍ਹੇ, ਕਿਉਂਕਿ ਵਾਹਿਗੁਰੂ ਬਾਰੇ ਮਹਾਰਾਜ ਜੀ ਨੇ ਲਿਖਿਆ ਹੈ ਕਿ -

***ਸਦਾ ਸਦਾ ਸਦਾ ਦਇਆਲ॥ ਅੰਗ - 275***

ਉਹ ਦਇਆਲੂ ਹੈ, ਉਹ ਕਿਸੇ ਦੇ ਔਗੁਣ ਨਹੀਂ ਵਿਚਾਰਦਾ -

***ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥***
***ਅੰਗ - 784***

ਕਿਸੇ ਨਾਲ ਵੀ ਉਹ ਕੌੜਾ ਨਹੀਂ ਬੋਲਦਾ। ਪਹਿਲਾਂ ਰੱਬ ਬਾਰੇ ਜਾਣੀਏ ਤਾਂ ਸਹੀ, ਸਾਡੀ ਸਮਝ ਵਿਚ ਤਾਂ ਆਵੇ ਕਿ ਜਿਸ ਨੂੰ ਅਸੀਂ ਮਿਲਣਾ ਹੈ ਉਹ ਹੈ ਕਿਹੋ-ਜਿਹਾ ਹੈ? ਉਸ ਦਾ ਸੁਭਾਅ ਕਿਹੋ ਜਿਹਾ ਹੈ? ਉਸ ਦਾ ਸੁਭਾਅ ਹੈ ਹਰ ਵਕਤ ਦਇਆਲੂ ਤੇ ਫੇਰ ਉਹ ਨਿਰ੍ਹਾ ਹੀ ਪਿਆਰ ਹੈ -

***ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥ (ਜਾਪੁ ਸਾਹਿਬ)***

ਉਹ ਪਿਆਰ ਦਾ ਰੂਪ ਧਾਰ ਕੇ ਸੰਸਾਰ ਵਿਚ ਫੈਲਿਆ ਹੋਇਆ ਹੈ। ਸੋ

ਏਸ ਤਰ੍ਹਾਂ ਜੋ ਵਾਹਿਗੁਰੂ ਹੈ ਉਸ ਦੇ ਨਾਲ ਪਿਆਰ ਹੋਣਾ ਚਾਹੀਦਾ ਹੈ ਕਿਉਂਕਿ ਉਹ ਸਾਨੂੰ ਪਿਆਰ ਕਰਦਾ ਹੈ, ਬਿਨਾ ਮੰਗਿਆਂ ਸਭ ਕੁਝ ਦੇ ਰਿਹਾ ਹੈ। ਸਾਨੂੰ ਪਤਾ ਹੀ ਨਹੀਂ ਕਿ ਲੋੜਾਂ ਸਾਡੀਆਂ ਕੀ ਨੇ? ਉਹ ਆਪ ਹੀ ਪੂਰੀਆਂ ਕਰ ਰਿਹਾ ਹੈ। ਸੋ ਉਸ ਦੇ ਨਾਲ ਪਿਆਰ ਕਿਵੇਂ ਹੋ ਸਕਦਾ ਹੈ? ਉਸ ਦੇ ਬਾਰੇ ਜੋ ਸਾਧਨ ਪੱਖ ਹੈ, ਮਿਲਾਉਣ ਵਾਲਾ ਹੈ ਸਮਰੱਥ ਗੁਰੂ। ਜਿੰਨਾ ਚਿਰ ਗੁਰੂ ਨਹੀਂ ਮਿਲਦਾ ਓਨਾ ਚਿਰ ਗੱਲ ਨਹੀਂ ਬਣਦੀ। ਸੋ ਮਹਾਰਾਜ ਜੀ ਕਹਿੰਦੇ ਕਿ ਭਾਗਾਂ ਤੋਂ ਬਿਨਾ ਸਤਿਗੁਰੂ ਨਹੀਂ ਮਿਲਦਾ। ਜੇ ਸਤਿਗੁਰੂ ਨਾ ਮਿਲੇ ਤਾਂ ਨਾਮ ਨਹੀਂ ਮਿਲਦਾ। ਜੇ ਸਤਿਗੁਰੂ ਮਿਲ ਜਾਵੇ ਤਾਂ ਹਮੇਸ਼ਾ ਦਾ ਸੁਖ ਪ੍ਰਾਪਤ ਹੋ ਜਾਂਦਾ ਹੈ। ਬਾਕੀ ਜੇ ਕੋਈ ਜ਼ੋਰ ਲਾਵੇ ਕਿ ਪੁੱਠੇ ਲਟਕਦੇ ਹਾਂ, ਜਲਧਾਰੇ ਕਰ ਰਹੇ ਹਾਂ, ਅਸੀਂ ਤਾਂ ਪਤੀਜ ਜਾਵਾਂਗੇ ਕਿ ਪੋਹ-ਮਾਘ ਦਾ ਮਹੀਨਾ ਹੈ ਤੇ ਸੌ ਘੜਾ ਉਤੇ ਪਾਣੀ ਦਾ ਪਾ ਰਿਹਾ ਹੈ, ਮੇਲੇ ਲਾ ਦਿਆਂਗੇ। ਪਤਾ ਹੀ ਨਹੀਂ ਕਿ ਇਹ ਕਿਥੇ ਜਾ ਰਿਹਾ ਹੈ, ਸਾਨੂੰ ਉਲਟੇ ਚੱਕਰ ਵਿਚ ਪਾ ਰਿਹਾ ਹੈ ਜਾਂ ਅਸੀਂ ਠੀਕ ਲੰਘ ਰਹੇ ਹਾਂ। ਉਹ ਗਰਮ ਚੀਜ਼ਾਂ ਖਾ ਲੈਂਦੇ ਨੇ ਜਿਵੇਂ ਸਿਗਰਟ, ਹਿਰਨ ਦੇ ਸਿੰਗ ਦਾ ਕੁਸ਼ਤਾ ਬਣਾ ਕੇ ਖਾ ਲਿਆ। ਜਾਂ ਤਾਂ ਪਾਣੀ ਵਿਚ ਖੜੋਵੇ ਲਗਾਤਾਰ ਜਾਂ ਉਤੇ ਪਾਣੀ ਪਾਵੇ ਤਾਂ ਉਹ ਹਜ਼ਮ ਹੁੰਦੇ ਨੇ, ਨਹੀਂ ਤਾਂ ਸਰੀਰ ਨੂੰ ਮਾਰ ਦਿੰਦਾ ਹੈ, ਇਹੋ ਜਿਹਾ ਸਖਤ ਹੁੰਦਾ ਹੈ। ਅਸੀਂ ਕਹਿੰਦੇ ਹਾਂ ਕਿ ਇਹ ਸੰਤ ਤਾਂ ਰੱਬ ਨੂੰ ਪਹੁੰਚੇ ਹੋਏ ਨੇ। ਇਹ ਧੋਖਾ ਹੋ ਜਾਂਦਾ ਹੈ ਸਾਡੇ ਨਾਲ। ਏਸ ਕਰਕੇ ਅਸੀਂ ਕਹਿੰਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਏਧਰ-ਓਧਰ ਨਾ ਜਾਓ। ਮਹਾਰਾਜ ਜੀ ਕਹਿੰਦੇ -

***ਮਨਹਠਿ ਕਿਨੈ ਨ ਪਾਇਆ***
***ਕਰਿ ਉਪਾਵ ਥਕੇ ਸਭ ਕੋਇ॥*** ***ਅੰਗ - 39***

ਮਨ ਹਠ ਨਾਲ ਨਹੀਂ ਮਿਲਦਾ ਵਾਹਿਗੁਰੂ। ਉਹ ਤੁਹਾਡੇ ਅੰਦਰ ਹੈ। ਉਸ ਦਾ ਤਰੀਕਾ ਹੈ, ਅੰਦਰੋਂ ਤੁਸੀਂ ਖੋਜ ਕਰ ਲਓ। ਖੋਜ ਕਰਨ ਵਾਸਤੇ ਸਮਰੱਥ ਗੁਰੂ ਦੀ ਲੋੜ ਹੈ। ਉਹ ਤਰੀਕਾ ਦੱਸ ਦਿੰਦਾ ਹੈ ਕਿ ਇੰਜ ਕਰ ਲੈ ਖੋਜ, ਇੰਜ ਰਹਿ ਤੂੰ, ਤੇਰੇ ਅੰਦਰ ਪ੍ਰਗਟ ਹੋ ਜਾਏਗਾ। ਸੋ ਏਸ ਤਰ੍ਹਾਂ ਜਿਹੜੀ ਬੇਨਤੀ ਕੱਲ ਕਰੀ ਸੀ ਕਿ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*** ***ਅੰਗ - 12***

ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਬਾਬਾ ਫਰੀਦ ਜੀ ਇਸਲਾਮ ਵਾਲੇ ਦਾ ਜ਼ਿਕਰ ਆ ਕੇ, ਗੁਰੂ ਬਣ ਕੇ ਸੁਸ਼ੋਭਤ ਹੋ ਜਾਣਾ ਬਹੁਤ ਵੱਡੀ ਬਾਤ ਹੈ। ਐਵੇਂ ਹੀ ਨਹੀਂ ਗੁਰੂ ਸਾਹਿਬ ਜੀ ਨੇ ਉਨ੍ਹਾਂ ਦੀ ਕਵਿਤਾ ਸੁਣੀ ਤੇ ਦਰਜ ਕਰ ਦਿੱਤੀ। ਨਾ! ਜੀਵਨ ਟਕਸਾਲ ਦਾ ਸੀ ਉਨ੍ਹਾਂ ਦਾ। ਗੁਰੂ ਮਹਾਰਾਜ ਜੀ ਨੇ ਪਰਖਿਆ ਤੇ ਗੁਰੂ ਦੀ ਪਦਵੀ ਦੇ ਕੇ ਬਿਠਾ ਦਿੱਤਾ। ਹੁਣ ਇਹ ਤਾਂ ਨਹੀਂ ਹੈ ਕਿ ਬਾਬੇ ਫਰੀਦ ਜੀ ਦੀ ਬਾਣੀ ਕੱਢ ਦਿਓ, ਫੇਰ ਅਸੀਂ ਮੱਥਾ ਟੇਕਾਂਗੇ। ਵਿਚ ਹੀ ਉਨ੍ਹਾਂ ਨੂੰ ਵੀ ਮੱਥਾ ਟੇਕਦੇ ਹਾਂ, ਉਨ੍ਹਾਂ ਨੇ ਸਤਿਗੁਰੂ ਦੀ ਪਦਵੀ ਪ੍ਰਾਪਤ ਕੀਤੀ ਹੋਈ ਹੈ। ਉਨ੍ਹਾਂ ਬਾਰੇ ਜਦੋਂ ਅਸੀਂ ਵਿਚਾਰ ਕਰਦੇ ਹਾਂ, ਉਸ ਦੇ ਜੀਵਨ ਤੇ, ਛੋਟਾ ਬੱਚਾ ਸੀ ਉਹ, ਉਸ ਦੀ ਮਾਤਾ ਦਾ ਨਾਂ ਮਰੀਅਮ ਸੀ

ਤੇ ਹਜ਼ਰਤ ਮੁਹੰਮਦ ਸਾਹਿਬ ਦੀ ਕੁਲ ਨਾਲ ਸਬੰਧ ਰੱਖਦੀ ਸੀ, ਅਮੀਰ ਲੜਕੀ ਸੀ। ਉਸ ਨੇ ਆਪਣੇ ਬੱਚੇ ਫਰੀਦ ਜੀ ਨੂੰ ਛੋਟੀ ਉਮਰ ਤੋਂ ਹੀ ਭਜਨ ਕਰਨ ਵੱਲ ਤੇ ਕੁਰਾਨ ਸ਼ਰੀਫ ਪੜ੍ਹਨ ਵੱਲ ਲਾ ਲਿਆ। ਹੁਣ ਵੀ ਤਾਂ ਛੋਟੇ ਬੱਚਿਆਂ ਨੂੰ ਅੰਗਰੇਜ਼ੀ ਪੜ੍ਹਾਉਂਦੇ ਨੇ ਤੇ ਉਨ੍ਹਾਂ ਨੂੰ ਆ ਜਾਂਦੀ ਹੈ, ਕਿਤਾਬਾਂ ਪੜ੍ਹਾਉਂਦੇ ਨੇ, ਨਰਸਰੀ ਕਰਦੇ-ਕਰਦੇ ਕਿਤੇ ਤੋਂ ਕਿਤੇ ਜਾਂਦਾ ਹੈ ਬੱਚਾ। ਸੋ ਫਰੀਦ ਜੀ ਨੂੰ ਵੀ ਪੰਜ ਸਾਲ ਦੀ ਉਮਰ ਤੱਕ ਕੁਰਾਨ ਸ਼ਰੀਫ ਯਾਦ ਹੋ ਗਿਆ। ਗੁਰੂ ਅੱਠਵੇਂ ਪਾਤਿਸ਼ਾਹ ਜੀ ਦੇ ਗੁਰੂ ਗ੍ਰੰਥ ਸਾਹਿਬ ਯਾਦ ਹੋ ਗਿਆ ਸੀ ਇਸੇ ਉਮਰ ਵਿਚ। ਸਾਹਿਬਜ਼ਾਦਿਆਂ ਦੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਹੀ ਸਿਧਾਂਤ ਕੰਠ ਸੀ। ਯਾਦ ਸੀ ਬਾਣੀ। ਸੋ ਏਸ ਤਰ੍ਹਾਂ ਫਰੀਦ ਜੀ ਦੀ ਮਾਤਾ ਨੇ ਕਿਹਾ ਕਿ ਬੇਟਾ! ਇਹ ਜਿਹੜਾ ਜੀਵਨ ਮਿਲਿਆ ਹੈ, ਤੂੰ ਕੁਰਾਨ ਸ਼ਰੀਫ ਪੜ੍ਹਿਆ ਹੈ ਉਸ ਦੇ ਵਿਚ ਜੋਰ ਇਸ ਗੱਲ ਤੇ ਦਿੱਤਾ ਹੋਇਆ ਹੈ ਕਿ ਅੱਲਾ-ਤਾਲਾ ਨੂੰ ਮਿਲਣਾ ਹੈ ਤੇ ਉਸ ਦੇ ਮਿਲਣ ਵਾਸਤੇ ਤੂੰ ਇਬਾਦਤ ਕਰਿਆ ਕਰ। ਇਕ ਜ਼ੋਰ ਹੁੰਦਾ ਹੈ, ਜ਼ੋਹਦ ਕਹਿੰਦੇ ਨੇ ਤਪ ਨੂੰ, ਸਰੀਰ ਨੂੰ ਖੇਚਲ ਦੇਣੀ। ਉਹ ਤਿੰਨ ਤਰ੍ਹਾਂ ਦਾ ਹੁੰਦਾ ਹੈ। ਇਕ ਹੈ ਰਿਆਜ਼ਤ। ਰਿਆਜ਼ਤ ਹੁੰਦੀ ਹੈ ਭਗਤੀ। ਮਾਤਾ ਕਹਿੰਦੀ ਕਿ ਤੂੰ ਅੱਲਾ ਦਾ ਨਾਮ ਲਿਆ ਕਰ। ਉਹ ਕਹਿਣ ਲੱਗਿਆ ਕਿ ਮਾਂ! ਕਿਵੇਂ ਲਿਆ ਕਰਾਂ। ਮਾਂ ਕਹਿਣ ਲੱਗੀ ਕਿ ਮਾਲਾ ਫੇਰੀ ਜਾਇਆ ਕਰ ਤੇ ਇਕ-ਇਕ ਮਣਕੇ ਨਾਲ ਅੱਲ੍ਹਾ-ਹੂ, ਅੱਲ੍ਹਾ ਹੂ ਕਰਿਆ ਕਰ।

ਕਹਿੰਦਾ, "ਮੈਂ ਕਰ ਤਾਂ ਲਵਾਂਗਾ ਪਰ ਅੱਲ੍ਹਾ ਦਿੰਦਾ ਕੀ ਹੈ?"

ਉਸ ਨੂੰ ਸ਼ੱਕਰ ਖਾਣ ਦੀ ਆਦਤ ਸੀ ਬਚਪਨ ਵਿਚ। ਹੁੰਦੀ ਹੈ ਕੋਈ ਨਾ ਕੋਈ।

ਮਾਂ ਕਹਿਣ ਲੱਗੀ ਕਿ ਉਹ ਸ਼ੱਕਰ ਦੇ ਦਿੰਦਾ ਹੈ। ਬੈਠ ਗਿਆ ਮਾਂ ਦਾ ਉਪਦੇਸ਼ ਲੈ ਕੇ ਬੱਚਾ ਤੇ ਮਾਂ ਚੁੱਪ ਕਰਕੇ ਉਸ ਦੇ ਆਸਣ ਥੱਲੇ ਪੁੜੀ ਬੰਨ੍ਹ ਕੇ ਰੱਖ ਦਿੰਦੀ ਸੀ। ਕਰਦੇ-ਕਰਦੇ ਸਮਾਂ ਲੰਘ ਗਿਆ। ਨਾਮ ਜਪ ਕੇ ਰਸ ਆਉਂਦਾ ਹੈ, ਰਸ ਐਨਾ ਆਉਂਦਾ ਹੈ ਕਿ ਜੇ ਨਾ ਜਪੇ ਤਾਂ ਦਿਲ ਘਬਰਾਉਣ ਲੱਗ ਜਾਂਦਾ ਹੈ -

***ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥***
***ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥***

***ਅੰਗ - 1380***

ਨਾਮ ਜੱਪਣ ਵਾਲੇ ਦੀ ਲਿਵ ਟੁੱਟਦੀ ਹੈ, ਸੋ ਉਸ ਨੇ ਜਪਣਾ ਹੀ ਜਪਣਾ ਹੈ। ਇਕ ਦਿਨ ਮਾਂ ਕਿਤੇ ਚਲੀ ਗਈ, ਉਸ ਨੂੰ ਉਥੇ ਬੈਠੀ ਨੂੰ ਫਿਕਰ ਹੋਇਆ ਕਿ ਅੱਜ ਤਾਂ ਫਰੀਦ ਨੂੰ ਸ਼ੱਕਰ ਨਹੀਂ ਮਿਲਣੀ, ਕੀ ਬਹਾਨਾ ਲਾਵਾਂਗੀ ਮੈਂ, ਤੇ ਮੈਨੂੰ ਝੂਠ ਬੋਲਣਾ ਪੈ ਜਾਣਾ ਹੈ, ਐਵੇਂ ਹੀ ਕੋਈ ਬਹਾਨਾ ਲਾਉਣਾ ਪਏਗਾ ਮੈਨੂੰ। ਉਹ ਜਦੋਂ ਘਰ ਆਈ ਤਾਂ ਉਸ ਨੇ ਫਰੀਦ ਜੀ ਤੇ ਪਹਿਲਾ ਸੁਆਲ ਇਹ ਕਰਿਆ, ਉਹ ਖੇਡਦਾ ਫਿਰਦਾ ਸੀ,

ਕਹਿੰਦੀ, "ਫਰੀਦਾ! ਇਬਾਦਤ ਕਰੀ।"

ਕਹਿੰਦਾ, "ਹਾਂ ਮਾਂ! ਮੈਂ ਖੂੰਡੀ ਦੇ ਨਾਲ ਮਾਲਾ ਲਾਹ ਲਈ ਸੀ ਕੀਲੀ ਤੋਂ।"

ਕਹਿੰਦੀ, "ਫੇਰ ਸ਼ੱਕਰ ਮਿਲੀ ਤੈਨੂੰ?"

ਉਂਗਲੀ ਫੜ ਲਈ, ਜਵਾਬ ਨਹੀਂ ਦਿੱਤਾ। ਅੰਦਰ ਲੈ ਆਇਆ, ਭਾਂਡੇ ਭਰੇ ਪਏ ਨੇ। ਕਹਿੰਦਾ, "ਮਾਂ! ਪਹਿਲਾਂ ਤਾਂ ਇਕ ਪੁੜੀ ਹੁੰਦੀ ਸੀ, ਹੁਣ ਮੇਰੇ ਸਾਰੇ ਆਸਣ ਦੇ ਥੱਲੇ ਸ਼ੱਕਰ ਹੀ ਸ਼ੱਕਰ ਸੀ। ਫਰੀਦ ਜੀ ਦਾ ਨਾਉਂ ਉਸ ਦਿਨ ਤੋਂ ਸ਼ੱਕਰਗੰਜ ਪੈ ਗਿਆ – 'ਫਰੀਦ ਸ਼ੱਕਰ ਗੰਜ', ਸ਼ੱਕਰ ਦਾ ਢੇਰ। ਦੂਜਾ ਉਹ ਬੋਲਦਾ ਐਨਾ ਮਿੱਠਾ ਸੀ, ਇਸ ਕਰਕੇ ਵੀ ਉਸ ਨੂੰ ਸ਼ੱਕਰ ਗੰਜ ਕਹਿੰਦੇ ਸਨ ਕਿ ਮਿਠਾਸ ਦਾ ਢੇਰ ਹੈ ਇਹ। ਮਾਂ ਨੇ ਸਮਝ ਲਿਆ ਕਿ ਪੁੱਤਰ ਦਾ ਜਿਹੜਾ ਸ਼ਬਦ ਹੈ ਉਹ ਫਲ ਦੇ ਗਿਆ। ਇਕ ਦਿਨ ਮਾਂ ਨੇ ਜਾਣ ਕੇ ਹੀ ਕਿਹਾ ਕਿ ਬੇਟਾ! ਅੱਜ ਆਪਣੇ ਰਾਸ਼ਨ ਨਹੀਂ ਹੈ, ਜਦੋਂ ਤੂੰ ਇਬਾਦਤ ਕਰਕੇ ਹਟੇਂਗਾ ਤਾਂ ਅੱਲ੍ਹਾ ਨੂੰ ਕਹੀਂ ਕਿ ਸਾਨੂੰ ਰਾਸ਼ਣ ਦੇਹ।

ਸਾਧ ਸੰਗਤ ਜੀ! ਇਕ ਗੱਲ ਮੈਂ ਦਸਦਾ ਹਾਂ ਤੁਹਾਨੂੰ ਕਿ ਵਾਹਿਗੁਰੂ ਇਹੋ ਜਿਹਾ ਨਹੀਂ ਹੈ ਜਿਹੜਾ ਸੁਣਦਾ ਨਹੀਂ ਹੈ। ਜਿੰਨਾ ਵਾਹਿਗੁਰੂ ਭੋਲਾ ਹੈ ਉਨਾ ਕੋਈ ਭੋਲਾ ਨਹੀਂ ਹੈ। ਕਿਸੇ ਤੋਂ ਬਦਲਾ ਲੈਂਦਾ ਹੀ ਨਹੀਂ। ਬਦਲਾ ਲੈਂਦੇ ਨੇ ਕਰਮ। ਉਹ ਭੋਲਾ ਹੈ, ਜੇ ਭੋਲਾ ਮਿਲ ਜਾਵੇ, ਫੇਰ ਉਹ ਪ੍ਰਗਟ ਹੋ ਜਾਂਦਾ ਹੈ। ਚਲਾਕ ਨੂੰ ਨਹੀਂ ਮਿਲਦਾ –

***ਭੋਲੇ ਭਾਇ ਮਿਲੇ ਰਘੁਰਾਇਆ॥ ਅੰਗ – 324***

ਸੋ ਏਸ ਤਰ੍ਹਾਂ ਛੋਟੇ ਬੱਚੇ ਨੇ ਇਬਾਦਤ ਕਰਕੇ ਕਿਹਾ ਕਿ ਅੱਜ ਸਾਡੇ ਰਾਸ਼ਨ ਨਹੀਂ ਹੈ। ਥੋੜ੍ਹੀ ਦੇਰ ਤੋਂ ਬਾਅਦ ਕੀ ਦੇਖਿਆ ਕਿ ਪੁਛ ਰਹੇ ਨੇ ਕਿ ਫਰੀਦ ਦਾ ਘਰ ਇਹੋ ਹੀ ਹੈ? ਬਾਹਰ ਨਿਕਲਿਆ ਤੇ ਕਹਿਣ ਲੱਗਿਆ ਕਿ ਹਾਂ! ਆਹੀ ਹੈ। ਕਹਿਣ ਲੱਗੇ ਕਿ ਆਹ ਅੱਲ੍ਹਾ-ਤਾਲਾ ਨੇ ਰਾਸ਼ਨ ਭੇਜਿਆ ਹੈ। ਫਰੀਦ ਜੀ ਕਹਿਣ ਲੱਗੇ ਕਿ ਮੈਂ ਤਾਂ ਇਕ ਡੰਗ ਦਾ ਕਿਹਾ ਸੀ। ਉਹ ਕਹਿਣ ਲੱਗੇ ਕਿ ਠੀਕ ਹੈ, ਤੇਰਾ ਡੰਗ ਛੋਟਾ ਹੈ, ਅੱਲ੍ਹਾ ਦਾ ਵੱਡਾ ਹੈ, ਉਸ ਨੇ ਆਪਣੇ ਜੋਗਾ ਹੀ ਭੇਜ ਦਿੱਤਾ ਤੇ ਤੂੰ ਇਹ ਥੋੜ੍ਹਾ ਕਿਹਾ ਸੀ ਕਿ ਮੇਰੇ ਜੋਗਾ ਭੇਜ। ਭਾਂਡੇ ਥਾਂ-ਥਾਂ ਰੱਖੇ ਪਏ ਨੇ ਸਾਰੇ। ਮਾਂ ਆ ਗਈ ਤੇ ਉਸ ਨੇ ਕਿਹਾ ਕਿ ਫਰੀਦਾ! ਰਾਸ਼ਨ ਮੰਗਿਆ?

ਕਹਿੰਦਾ, "ਮਾਂ! ਅੰਦਰ ਤਾਂ ਪੈਰ ਧਰਨ ਨੂੰ ਥਾਂ ਨਹੀਂ ਹੈ ਅੱਜ।"

ਫੇਰ ਮਾਂ ਸਮਝ ਗਈ ਕਿ ਇਸ ਦੇ ਸ਼ਬਦ ਵਿਚ ਸਿਧੀ ਆ ਗਈ। ਤੁਸੀਂ ਕੋਈ ਸ਼ਬਦ ਜਪ ਲਓ, ਲੋਕ ਰਿਧੀਆਂ ਸਿਧੀਆਂ ਕਹਿੰਦੇ ਨੇ ਨਾਂਹ! ਇਹ ਕੀ ਹੁੰਦੀ ਹੈ! Repetition (ਦੁਹਰਾਈ) ਹੁੰਦੀ ਹੈ ਸ਼ਬਦ ਦੀ। ਤੁਸੀਂ ਕੋਈ ਸ਼ਬਦ ਜਪ ਲਓ, ਉਹ ਥੋੜ੍ਹੀ ਦੇਰ ਤੋਂ ਬਾਅਦ ਤਾਕਤ ਦੇਣੀ ਸ਼ੁਰੂ ਕਰ ਦਿੰਦਾ ਹੈ ਕਿਉਂਕਿ ਉਸ ਦੇ ਵਿਚ ਇਕ ਤਾਂ ਲਛਣ ਹੁੰਦਾ ਹੈ, ਦੂਜੇ ਸ਼ਕਤੀ ਹੁੰਦੀ ਹੈ। ਸ਼ਕਤੀ ਪ੍ਰਗਟ ਹੋ ਜਾਂਦੀ ਹੈ ਸ਼ਬਦ ਵਿਚੋਂ। ਪ੍ਰਗਟ ਹੋਈ ਸ਼ਕਤੀ ਨੂੰ ਲੋਕ ਰਿਧੀ ਸਿਧੀ ਤਾਕਤ ਕਹਿੰਦੇ ਨੇ ਕਿ ਇਸ ਨੂੰ ਤਾਕਤ ਮਿਲ ਗਈ, ਮੰਤਰ ਦੀ

ਤਾਕਤ। ਛੋਟੇ-ਛੋਟੇ, ਬੇ-ਮਤਲਬੇ ਮੰਤਰ, ਆਹ ਬਿਛੂ ਲੜ ਜਾਂਦਾ ਹੈ, ਕੁਝ ਹੋਰ ਹੋ ਜਾਂਦਾ ਹੈ, ਇਥੇ ਰੋਜ਼ ਹੀ ਤੁਸੀਂ ਪੜ੍ਹਾਉਂਦੇ ਹੋ। ਸੋ ਏਸ ਤਰ੍ਹਾਂ ਨਾਲ ਉਸ ਦੀ ਮਾਂ ਨੇ ਸੋਚਿਆ ਕਿ ਮੰਤਰ ਸ਼ਕਤੀ ਮਿਲ ਗਈ ਇਸ ਨੂੰ ਤੇ ਹੁਣ ਮੈਂ ਇਸ ਨੂੰ ਹੋਰ ਸਿਖਲਾਈ ਦੇਵਾਂ। ਉਸ ਨੇ ਕਿਹਾ ਕਿ ਫਰੀਦਾ! ਤੂੰ ਆਰਫਾਂ ਦੀ ਸੰਗਤ ਵਿਚ ਬੈਠਿਆ ਕਰ, ਤੈਨੂੰ ਪਤਾ ਲੱਗੇ ਕਿ ਖੁਦਾ ਕੀ ਹੈ, ਇਹ ਮਿਲਦਾ ਕਿਵੇਂ ਹੈਂ ਪਰ ਤੂੰ ਆਹ ਤਸਬੀ ਫੇਰਨ ਤੋਂ ਨਾ ਹਟੀਂ। ਬਾਬੇ ਫਰੀਦ ਨੇ ਬੜੀ ਯਾਤਰਾ ਕੀਤੀ, ਸਪੇਨ ਤੋਂ ਲੈ ਕੇ ਮਲੇਸ਼ੀਆ ਤੱਕ ਉਨ੍ਹਾਂ ਨੇ ਸਫਰ ਕਰਿਆ - ਬਹੁਤ ਜ਼ਿਆਦਾ। ਗੁਰੂ ਨਾਨਕ ਸਾਹਿਬ ਜੀ ਵਾਂਗ ਥਾਂ-ਥਾਂ ਪਹੁੰਚੇ ਸਨ। ਬੜੀਆਂ ਸਾਖੀਆਂ ਨੇ ਉਸ ਦੀਆਂ, ਬੜੇ ਪੀਰਾਂ ਨੂੰ ਮਿਲਿਆ, ਵਿਦਵਾਨਾਂ ਨੂੰ, ਉਲਮਾ ਨੂੰ, ਪੜ੍ਹਦਾ ਵੀ ਰਿਹਾ ਬੈਠ ਬੈਠ ਕੇ। ਜਦੋਂ ਅਠਾਰਾਂ ਸਾਲਾਂ ਦਾ ਹੋ ਗਿਆ ਤਾਂ ਮਾਂ ਕਹਿਣ ਲੱਗੀ ਕਿ ਫਰੀਦਾ! ਤੇਰਾ ਨਾਉਂ ਤਾਂ ਬਹੁਤ ਹੋ ਗਿਆ ਤੇ ਤੇਰੀ ਮਹਿਮਾ ਵੀ ਸਾਰੇ ਕਰਦੇ ਨੇ ਪਰ ਜਿੰਨੀ ਦੇਰ ਤੱਕ ਤੂੰ ਜ਼ੋਹਦ (ਤਪ) ਨਹੀਂ ਕਰਦਾ, ਤੈਨੂੰ ਰੱਬ ਨਹੀਂ ਮਿਲਣਾ। ਜ਼ੋਹਦ ਕਹਿੰਦੇ ਨੇ ਤਪ ਨੂੰ। ਸੋ ਕਹਿੰਦੀ ਤੂੰ ਤਪ ਕਰ। ਅਠਾਰਾਂ ਸਾਲਾਂ ਦਾ ਹੋ ਗਿਆ, ਤਿਆਰ ਕਰ ਦਿੱਤਾ ਕਿ ਜੰਗਲਾਂ ਵਿਚ ਸੂਫੀ ਲੋਕ ਤਪ ਕਰਦੇ ਨੇ, ਕਿਸੇ ਨੇ ਆਪਣਾ ਛੋਟਾ ਆਸ਼ਰਮ ਬਣਾਇਆ ਹੈ, ਕਿਸੇ ਨੇ ਵੱਡਾ ਬਣਾਇਆ ਹੈ, ਉਥੇ ਜਾ ਕੇ ਤੂੰ ਵੀ ਤਪ ਕਰ। ਜਦੋਂ ਤੁਰਨ ਲੱਗਿਆ ਫਰੀਦ ਤਾਂ ਮਾਂ ਕਹਿਣ ਲੱਗੀ ਕਿ ਤਿੰਨ ਗੱਲਾਂ ਯਾਦ ਰੱਖੀਂ - ਪਹਿਲੀ ਗੱਲ ਤਾਂ ਇਹ ਹੈ ਕਿ ਤੂੰ ਰੇਸ਼ਮੀ ਗਦੈਲਿਆਂ ਤੇ ਸੌਂਇਆ ਕਰੀਂ। ਦੂਸਰੀ ਹੈ ਛੱਤੀ ਪ੍ਰਕਾਰ ਦੇ ਭੋਜਨ ਖਾਇਆ ਕਰੀਂ। ਤੀਸਰਾ ਕਿਲ੍ਹੇ ਵਿਚ ਰਹੀਂ।

ਫਰੀਦ ਕਹਿਣ ਲੱਗਿਆ ਕਿ ਮਾਤਾ! ਮੈਨੂੰ ਭੇਜਦੀ ਹੈਂ ਜੰਗਲਾਂ ਵਿਚ, ਉਥੇ ਕੌਣ ਲਈ ਬੈਠਾ ਹੈ ਐਨਾ ਕੁਝ ਮੇਰੇ ਲਈ? ਇਹ ਗੱਲ ਮੇਰੀ ਨਹੀਂ ਸਮਝ ਵਿਚ ਆਈ। ਉਹ ਕਹਿਣ ਲੱਗੀ ਕਿ ਬੇਟਾ! ਮੈਂ ਰਮਜ਼ ਮਾਰ ਕੇ ਗੱਲ ਕਰੀ ਹੈ। ਜਿਨ੍ਹਾਂ ਲੋਕਾਂ ਵਿਚ ਤੂੰ ਜਾਣਾ ਹੈ ਉਹ ਸਿੱਧੀ ਗੱਲ ਨਹੀਂ ਕਰਨਗੇ, ਰਮਜ਼ ਮਾਰਨਗੇ। ਜਿਹੜਾ ਮੈਂ ਤੈਨੂੰ ਕਿਹਾ ਕਿ ਕਿਲ੍ਹੇ ਵਿਚ ਰਹੀਂ, ਜਿਥੇ ਸਾਧੂ ਇਕੱਠੇ ਹੋਏ ਬੈਠੇ ਨੇ, ਤਪ ਕਰ ਰਹੇ ਨੇ ਉਨ੍ਹਾਂ ਦੇ ਵਿਚ ਰਹੀਂ, ਨਹੀਂ ਤਾਂ ਤੈਨੂੰ ਮਾਇਆ ਪੈ ਜਾਏਗੀ, ਉਸ ਨੂੰ ਮੈਂ ਕਿਲ੍ਹਾ ਕਿਹਾ ਹੈ ਸਤਿਸੰਗ ਨੂੰ। ਜਦੋਂ ਹੱਦ ਤੋਂ ਜ਼ਿਆਦਾ ਭੁੱਖ ਲੱਗ ਜਾਵੇ, ਉਸ ਵੇਲੇ ਸੁੱਕੇ ਟੁੱਕਰ ਵੀ ਜੇ ਪਾਣੀ ਵਿਚ ਭਿਉਂ ਕੇ ਖਾ ਲਏਂਗਾ ਤਾਂ ਉਹ ਛੱਤੀ ਪ੍ਰਕਾਰ ਦੇ ਭੋਜਨਾਂ ਤੋਂ ਵੀ ਜ਼ਿਆਦਾ ਸੁਆਦ ਦੇਣਗੇ। ਜਦੋਂ ਇਬਾਦਤ ਕਰਦਾ ਕਰਦਾ ਥੱਕ ਜਾਏਂਗਾ ਉਸ ਵੇਲੇ ਤੂੰ ਚਾਹੇ ਘਾਹ ਤੇ ਪੈ ਜਾਈਂ, ਚਾਹੇ ਡਲਿਆਂ ਤੇ ਪੈ ਜਾਈਂ, ਜਿਥੇ ਜੀਅ ਕਰਦਾ ਹੈ ਪੈ ਜਾਈਂ, ਉਹ ਤੈਨੂੰ ਗਦੈਲੇ ਹੀ ਲੱਗਣਗੇ ਰੇਸ਼ਮ ਦੇ। ਰੇਸ਼ਮ ਦੇ ਗਦੇਲਿਆਂ ਤੇ ਪੈਣ ਵਾਲਿਆਂ ਨੂੰ ਤਾਂ ਨੀਂਦ ਹੀ ਨਹੀਂ ਆਉਂਦੀ ਉਹ ਤਾਂ ਪਾਸੇ ਮਾਰੀ ਜਾਂਦੇ ਨੇ। ਸੋ ਤਿੰਨ ਗੱਲਾਂ ਸਮਝਾ ਕੇ ਮਾਂ ਨੇ ਕਿਹਾ ਕਿ ਤੂੰ ਪ੍ਰਮੇਸ਼ਰ ਨੂੰ ਮਿਲ ਕੇ ਆਈਂ। ਤੋਰ ਦਿੱਤਾ ਤੇ ਗੁਰੂ ਮਹਾਰਾਜ ਜੀ ਕਹਿੰਦੇ ਕਿ ਐਸੀਆਂ ਮਾਵਾਂ ਧੰਨ ਨੇ। ਜਿਹੜੀਆਂ ਮਾਵਾਂ ਬੱਚਿਆਂ ਨੂੰ ਉਲਟਾ ਉਪਦੇਸ਼ ਦਿੰਦੀਆਂ ਨੇ, ਉਨ੍ਹਾਂ ਨੂੰ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਇਕ ਤਰ੍ਹਾਂ ਦੀ ਗਾਲ੍ਹ

ਕੱਢੀ ਹੋਈ ਹੈ, ਮਹਾਰਾਜ ਜੀ ਕਹਿੰਦੇ –

***ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥***
***ਬਿਧਵਾ ਕਸ ਨ ਭਈ ਮਹਤਾਰੀ॥ ਅੰਗ – 328***

ਇਹ ਗੱਲ ਕਿਥੇ ਚਲੀ ਗਈ? ਮਾਂ, ਤਾਂ ਹੋ ਗਈ ਵਿਧਵਾ ਜੇ ਪਿਓ ਮਰ ਗਿਆ। ਕਹਿੰਦੇ ਪਿਓ ਮਰ ਜਾਣਾ ਚਾਹੀਦਾ ਹੈ ਉਸ ਦਾ। ਜਿੰਮੇਵਾਰੀ ਦੋਹਾਂ ਦੀ ਹੈ, ਮਾਂ ਦੀ ਵੀ ਤੇ ਪਿਓ ਦੀ ਵੀ। ਸੋ ਕਹਿੰਦੇ, ਮਾਂ ਵਿਧਵਾ ਹੋ ਗਈ ਤੇ ਵਿਧਵਾ ਹੋ ਕੇ ਦੁਖੀ ਹੋਏਗੀ।

***ਜਿਹ ਨਰ ਰਾਮ ਭਗਤਿ ਨਹਿ ਸਾਧੀ॥***
***ਜਨਮਤ ਕਸ ਨ ਮੁਓ ਅਪਰਾਧੀ॥ ਅੰਗ – 328***

ਜੇ ਜੰਮਦਾ ਹੀ ਮਰ ਜਾਂਦਾ ਤਾਂ ਪਾਪ ਤਾਂ ਨਾ ਬੀਜਦਾ, ਫੇਰ ਭੋਗਣੇ ਨਾ ਪੈਂਦੇ। ਦੂਜੇ ਪਾਸੇ ਫਰੀਦ ਜੀ ਨੇ ਕਿਹਾ ਕਿ ਜਿਹੜੇ ਪ੍ਰਮੇਸ਼ਰ ਦਾ ਨਾਮ ਜਪਦੇ ਨੇ ਉਨ੍ਹਾਂ ਦੀਆਂ ਮਾਵਾਂ ਧੰਨ ਨੇ –

***ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥***
***ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥ ਅੰਗ – 488***

ਉਨ੍ਹਾਂ ਦੀਆਂ ਮਾਵਾਂ ਧੰਨ ਨੇ, ਸੰਸਾਰ ਤੇ ਆਏ ਹੋਏ ਸਫਲ ਨੇ ਜਿਨ੍ਹਾਂ ਦੀਆਂ ਮਾਵਾਂ ਆਪਣੇ ਬੱਚਿਆਂ ਨੂੰ ਪ੍ਰਭੂ ਭਗਤੀ ਵੱਲ ਲਾਉਂਦੀਆਂ ਹਨ। ਇਉਂ ਪੜ੍ਹ ਲਓ –

***ਧਾਰਨਾ – ਧੰਨ ਧੰਨ ਨੇ ਜਣੇਦੀਆਂ ਮਾਵਾਂ,***
***ਜਿਨ੍ਹਾਂ ਦੇ ਪੁੱਤਰ ਨਾਮ ਜਪਦੇ – 2.***

***ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥ ਅੰਗ – 488***

***ਤਿਨ ਕਾ ਜਨਮੁ ਸਫਲ ਹੈ***
***ਜੋ ਚਲਹਿ ਸਤਗੁਰ ਭਾਇ॥ ਅੰਗ – 28***

ਉਹ ਕਰਦੇ ਕੀ ਨੇ?

***ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ॥ ਅੰਗ – 28***

ਕੁਲਾਂ ਦਾ ਉਧਾਰ ਕਰ ਦਿੰਦੇ ਨੇ, ਆਪ ਤਾਂ ਉਨ੍ਹਾਂ ਨੇ ਤਰਨਾ ਹੀ ਹੈ। ਚੌਵੀਂ ਕੁਲਾਂ ਦਾਦਕਿਆਂ ਦੀਆਂ ਤਰ ਜਾਂਦੀਆਂ ਨੇ ਜੇ ਇਕ ਬ੍ਰਹਮ ਗਿਆਨੀ ਕੁਲ ਵਿਚ ਪੈਦਾ ਹੋ ਜਾਵੇ। ਵੀਹ ਨਾਨਕਿਆਂ ਦੀਆਂ ਤਰ ਜਾਂਦੀਆਂ ਨੇ, ਸੋਲਾਂ ਜਿਥੇ ਉਸ ਦਾ ਵਿਆਹ ਹੋਇਆ ਹੋਵੇ, ਬਾਰਾਂ ਕੁਲਾਂ ਉਨ੍ਹਾਂ ਦੀਆਂ ਜਿਥੇ ਲੜਕੀ ਵਿਆਹੀ ਹੋਵੇ, ਗਿਆਰਾਂ ਭੂਆ ਦੀਆਂ, ਅੱਠ ਮਾਸੀ ਦੀਆਂ ਤਰ ਜਾਂਦੀਆਂ ਨੇ। ਸੋ ਐਡੀ ਦੂਰ ਤੱਕ ਮਹਾਰਾਜ ਜੀ ਕਹਿੰਦੇ–

***ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ॥ ਅੰਗ – 28***

ਮਾਂ ਫੇਰ ਧੰਨ ਹੋਈ ਜਾਂ ਨਾ, ਜਿਸ ਨੇ ਕੁਲਾਂ ਨੂੰ ਕੱਢ ਦਿੱਤਾ ਨਰਕਾਂ ਵਿਚੋਂ। ਕੋਈ ਕਿਤੇ ਪਸ਼ੂ ਬਣਿਆ ਹੋਇਆ ਹੈ। ਉਹ ਕਹਿੰਦੇ ਕਿ ਅਚਾਨਕ ਮਰ ਗਿਆ, ਕੋਈ ਉਸ ਦੀ ਕੁਲ ਵਿਚ ਬੰਦਗੀ ਕਰਨ ਵਾਲਾ ਆ ਗਿਆ, ਉਸ ਨੇ ਉਸ ਦੀ ਜੂਨ ਕੱਟ ਦਿੱਤੀ।

ਦੂਜੇ ਪਾਸੇ ਮਹਾਰਾਜ ਜੀ ਨੇ ਕਿਹਾ ਕਿ ਜਿਹੜੀ ਮਾਂ ਆਪਣੇ ਪੁੱਤਰ ਨੂੰ ਪ੍ਰਮਾਰਥਕ ਬਾਤ ਨਹੀਂ ਦਸਦੀ, ਉਹ ਤਾਂ ਵਿਧਵਾ ਹੋ ਜਾਂਦੀ। ਉਸ ਦਾ ਕੀ ਕਸੂਰ ਹੈ, ਕਿਉਂ ਉਸ ਨੂੰ ਇਹ ਦੋਸ਼ ਲਗਦਾ ਹੈ? ਜੇ ਇਕ ਪਾਸੇ ਕੁਲਾਂ ਤਾਰਨ ਵਾਲੇ ਨੇ ਤਾਂ ਦੂਜੇ ਪਾਸੇ ਕੁਲਾਂ ਡੋਬਣ ਵਾਲੇ ਵੀ ਪੈਦਾ ਹੋ ਜਾਂਦੇ ਨੇ–

***ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ॥***
***ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ॥***
***ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥***
***ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ॥***

***ਰਹਿਤਨਾਮਾ***

ਭੋਰਾ ਕੁ ਤੰਬਾਕੂ ਦੀ ਵਰਤੋਂ ਕਰਨ ਨਾਲ, ਉਸ ਦੇ ਬਜ਼ੁਰਗ ਜਿਹੜੇ ਪਿਤਰ ਲੋਕ ਵਿਚ ਰਹਿੰਦੇ ਨੇ, ਸਵਰਗ ਲੋਕ ਵਿਚ ਰਹਿੰਦੇ ਨੇ, ਉਹ ਛੱਡ ਜਾਂਦੇ ਨੇ। ਪਹਿਲੇ ਸਵਰਗ ਨੂੰ 'ਗੰਧਰਵ ਲੋਕ' ਕਹਿੰਦੇ ਨੇ। ਉਥੇ ਇਥੋਂ ਨਾਲੋਂ 100 ਗੁਣਾ ਜ਼ਿਆਦਾ ਸੁਖ ਹੋਇਆ ਕਰਦਾ ਹੈ। ਇਸ ਤੋਂ ਵੱਡਾ ਹੁੰਦਾ ਹੈ 'ਦੇਵ ਗੰਧਰਵ ਲੋਕ' ਉਥੇ ਉਸ ਦੇ ਨਾਲੋਂ ਸੌ ਗੁਣਾ ਸੁਖ ਜ਼ਿਆਦਾ ਹੁੰਦਾ ਹੈ। ਉਸ ਤੋਂ ਅੱਗੇ ਹੁੰਦਾ ਹੈ 'ਪਿੱਤਰ ਲੋਕ' ਉਥੇ ਉਸ ਤੋਂ ਸੌ ਗੁਣਾ ਜ਼ਿਆਦਾ, ਫੇਰ ਉਸ ਤੋਂ ਬਾਅਦ 'ਸਵਰਗ ਲੋਕ' ਹੁੰਦਾ ਹੈ, ਫੇਰ 'ਇੰਦਰ ਲੋਕ' ਹੁੰਦਾ ਹੈ। ਅੱਗੇ 'ਕਰਮ ਦੇਵ ਲੋਕ' ਹੁੰਦਾ ਹੈ, 'ਅਜਾਨ ਦੇਵ ਲੋਕ' ਹੁੰਦਾ ਹੈ, ਪ੍ਰਜਾਪਤਿ ਲੋਕ' ਹੈ, 'ਬ੍ਰਹਮ ਲੋਕ' ਹੈ, ਅੱਗੇ ਸ਼ਿਵ ਲੋਕ' ਹੈ। ਅੱਗੇ ਗਿਆਰ੍ਹਵਾਂ 'ਬੈਕੁੰਠ ਧਾਮ' ਹੁੰਦਾ ਹੈ। ਜਿਹੜੇ ਇਥੇ ਤੱਕ ਬੈਠੇ ਨੇ ਉਨ੍ਹਾਂ ਦੀ ਗਿਰਾਵਟ ਹੋ ਜਾਂਦੀ ਹੈ। ਪਿੱਤਰਾਂ ਨੂੰ ਉਲਾਂਭਾ ਮਿਲਦਾ ਹੈ ਕਿ ਤੇਰੀ ਕੁਲ ਦੇ ਵਿਚ ਕਿਹੋ ਜਿਹਾ ਪੈਦਾ ਹੋਇਆ। ਉਸ ਦਾ ਤਪ ਛੀਣ (ਖਤਮ) ਹੋ ਜਾਂਦਾ ਹੈ।

ਜਿਨ੍ਹਾਂ ਨੇ ਦੇਵਤਿਆਂ ਦੀ ਪਦਵੀ ਪ੍ਰਾਪਤ ਕਰੀ ਹੋਈ ਹੈ – ਬਜ਼ੁਰਗਾਂ ਨੇ ਤੇ 'ਪਿੱਤਰ ਲੋਕ' ਦੇ ਵਿਚ ਬੈਠੇ ਨੇ, ਪਿੱਤਰ ਇਥੋਂ ਦੀ ਸੰਭਾਲ ਕਰਦੇ ਨੇ, ਨਿਗ੍ਹਾ ਰਖਦੇ ਨੇ ਪਰਵਾਰ ਦੇ ਉਤੇ, ਦੇਖਦੇ ਰਹਿੰਦੇ ਨੇ ਕਿ ਪਰਵਾਰ ਮੇਰਾ ਠੀਕ ਚੱਲ ਰਿਹਾ ਹੈ, ਉਹ ਉਸੇ ਵੇਲੇ ਛੱਡ ਦਿੰਦੇ ਨੇ, ਬੇਦਾਵਾ ਦੇ ਦਿੰਦੇ ਨੇ ਕਿ ਅਸੀਂ ਤਾਂ ਗਏ ਥੱਲੇ ਨੂੰ ਤੇ ਸਾਡਾ ਇਹ ਕੁਝ ਨਹੀਂ ਲਗਦਾ। ਜਿਹੋ ਜਿਹੀ ਸ਼ਰਾਬ ਪੀ ਲਈ, ਉਹੋ ਜਿਹਾ ਉਸ ਦੇ ਹੱਥ ਦਾ ਪਾਣੀ ਪੀ ਲਿਆ। ਹੁਣ ਸ਼ਰਾਬ ਦਾ ਕੀ ਦੋਸ਼ ਹੈ? ਸੱਤ ਕੁਲਾਂ ਦਾ ਨਾਸ਼ ਕਰਦੀ ਹੈ ਸ਼ਰਾਬ –

ਤਿੰਨ ਤਾਂ ਅਗਲੀ ਪੀੜ੍ਹੀ ਵਾਲਿਆਂ ਦਾ, ਤਿੰਨ ਪਹਿਲਿਆਂ ਦਾ ਇਕ ਆਪਣਾ। ਇਸ ਤਰ੍ਹਾਂ ਸੱਤ ਕੁਲਾਂ ਦਾ ਨਾਸ਼ ਕਰਦਾ ਹੈ। ਭੰਗ ਪੀਣ ਵਾਲਾ ਆਪਣੇ ਇਕ ਸਰੀਰ ਦਾ ਨਾਸ਼ ਕਰਦਾ ਹੈ। ਤੰਬਾਕੂ ਪੀਣ ਵਾਲਾ ਸੌ ਕੁਲਾਂ ਦਾ ਨਾਸ਼ ਕਰਦਾ ਹੈ।

ਜਿਸ ਘਰ ਵਿਚ ਇਕ ਨਿੰਦਕ ਆ ਗਿਆ, ਉਹ ਕੁਲਾਂ ਦੀਆਂ ਕੁਲਾਂ ਡੋਬ ਦਏਗਾ। ਸੋ ਏਸ ਕਰਕੇ ਮਹਾਰਾਜ ਜੀ ਕਹਿੰਦੇ ਨੇ ਕਿ ਜੇ ਉਹ ਨਾ ਹੀ ਹੁੰਦਾ ਬੱਚਾ ਤਾਂ ਚੰਗਾ ਹੀ ਸੀ। ਇਹੋ ਜਿਹਾ ਕੁਲ ਡੋਬੂ ਪੈਦਾ ਹੋ ਗਿਆ। ਇਸ ਲਈ ਮਾਂ ਦਾ ਫਰਜ਼ ਹੈ ਕਿ ਬੱਚੇ ਨੂੰ ਸਹੀ ਰਸਤੇ ਤੇ ਪਾਵੇ।

ਸੋ ਇਹ ਫਰੀਦ ਜੀ ਦੀ ਜਿਹੜੀ ਮਾਤਾ ਸੀ ਉਹ ਇਹ ਸਭ ਗੱਲਾਂ ਜਾਣਦੀ ਸੀ, ਉਹ ਕਰਨੀ-ਕਮਾਈ ਵਾਲੀ ਸੀ। ਇਕ ਮੈਂ ਗੱਲ ਦੱਸਾਂ, ਬਚਪਨ ਵਿਚ ਫਰੀਦ ਮਾਂ ਨਾਲ ਹੀ ਜ਼ਿਆਦਾ ਸੌਂਦਾ ਸੀ। ਚਾਰ ਸਾਲ ਦਾ ਸੀ, ਘਰ ਵਿਚ ਖੜਕਾ ਹੋਣ ਲੱਗ ਗਿਆ। ਉਸ ਨੇ ਮਾਂ ਦੇ ਕੰਨ ਕੋਲ ਹੌਲੀ ਜਿਹੇ ਜਾ ਕੇ ਕਿਹਾ ਕਿ ਮਾਂ! ਆਪਣੇ ਕੋਈ ਚੋਰ ਆ ਗਿਆ ਅੰਦਰ। ਮਾਂ ਕਹਿੰਦੀ ਕੋਈ ਨਾ, ਚੋਰ ਕੁਝ ਨਹੀਂ ਲਿਜਾਂਦਾ। ਉਸ ਚੋਰ ਨੇ ਵੀ ਸੁਣ ਲਿਆ ਕਿ ਇੰਜ ਕਹਿ ਦਿੱਤਾ ਹੈ ਕਿ ਕੁਝ ਨਹੀਂ ਲਿਜਾਂਦਾ। ਚੋਰ ਬੇਫਿਕਰ ਹੋ ਗਿਆ ਕਿ ਇਨ੍ਹਾਂ ਨੂੰ ਪਤਾ ਤਾਂ ਲੱਗ ਗਿਆ ਤੇ ਰੌਲਾ ਨਹੀਂ ਪਾਇਆ ਇਨ੍ਹਾਂ ਨੇ ਤੇ ਹੁਣ ਮੈਂ ਸਮਾਨ ਜੀਅ ਭਰ ਕੇ ਬੰਨ੍ਹ ਲਵਾਂ। ਜੋ ਹੱਥ ਆਇਆ ਇਸ ਨੇ ਗਠੜੀ ਬੰਨ੍ਹ ਲਈ। ਜਦੋਂ ਦਰਵਾਜੇ ਵੱਲ ਗਿਆ ਤਾਂ ਦਰਵਾਜਾ ਲੱਭਿਆ ਹੀ ਨਾ। ਸਾਰੀ ਕੰਧ ਨੂੰ ਹੱਥ ਲਾ ਕੇ ਦੇਖਦਾ ਰਿਹਾ ਪਰ ਦਰਵਾਜਾ ਨਾ ਮਿਲਿਆ। ਅਖੀਰ ਬਹਿ ਗਿਆ। ਜਦੋਂ ਦਿਨ ਚੜ੍ਹਿਆ ਤਾਂ ਮਾਤਾ ਉਠੀ, ਆਪਣਾ ਕੰਮ-ਕਾਰ ਕਰਿਆ, ਜਦੋਂ ਚੋਰ ਵੱਲ ਦੇਖਿਆ ਤਾਂ ਕਹਿਣ ਲੱਗੀ ਕਿ ਭਾਈ! ਤੂੰ ਇਥੇ ਬੈਠਿਆ ਹੈਂ, ਕੀ ਗੱਲ ਹੈ?

ਕਹਿੰਦਾ, "ਬੀਬੀ! ਮੈਂ ਚੋਰ ਹਾਂ, ਚੋਰੀ ਕਰਨ ਆਇਆ ਸੀ ਪਰ ਹੁਣ ਮੈਂ ਤਾਂ ਬੈਠਾ ਹਾਂ ਕਿ ਮੇਰਾ ਵੀ ਸੁਧਾਰ ਕਰ ਦੇ। ਤੂੰ ਤਾਂ ਦਰਵਾਜਾ ਹੀ ਬੰਦ ਕਰ ਦਿੱਤਾ।"

ਸੋ ਫਰੀਦ ਦੇ ਉਤੇ ਮਾਂ ਦਾ ਅਸਰ ਸੀ ਕਿ ਮੇਰੀ ਮਾਂ ਇਸ ਤਰ੍ਹਾਂ ਦੀ ਨਹੀਂ, ਸ਼ਕਤੀਆਂ ਵਾਲੀ ਹੈ। ਇਸ ਕਰਕੇ ਇਹ ਉਸ ਦਾ ਬਚਨ ਮੰਨਦਾ ਸੀ। ਹੁਣ ਜੇ ਮਾਂ ਹੀ ਉਲਟੀ ਪੁਲਟੀ ਹੋਵੇ ਤਾਂ ਬੱਚੇ ਦਾ ਨਿਸ਼ਚਾ ਟੁੱਟ ਜਾਂਦਾ ਉਸ ਤੋਂ। ਬਾਪ ਤੋਂ ਵੀ ਟੁੱਟ ਜਾਂਦਾ ਹੈ ਜੇ ਬਾਪ ਸ਼ਰਾਬੀ-ਕਬਾਬੀ ਹੋਵੇ ਤਾਂ। ਕਹਿ ਦਿੰਦਾ ਹੈ ਕਿ ਮੇਰਾ ਤਾਂ ਬੜਾ ਬੁਰਾ ਤੇਰੇ ਨਾਲ ਵਾਹ ਪਿਆ।

ਇਕ ਵਾਰੀ ਇਕ ਬੀਬੀ ਮੇਰੇ ਕੋਲ ਆਈ, ਵੀਹ ਸਾਲ ਪੁਰਾਣੀ ਗੱਲ ਹੈ। ਕਹਿਣ ਲੱਗੀ ਕਿ ਅਸੀਂ ਬਹੁਤ ਗਰੀਬ ਹਾਂ। ਮੇਰਾ ਬੱਚਾ ਪੜ੍ਹਾਈ ਵਿਚ ਪਹਿਲੇ ਨੰਬਰ ਤੇ ਆਇਆ ਹੈ ਤੇ ਮੈਂ ਇਸ ਵਾਸਤੇ ਨਵੀਆਂ ਕਿਤਾਬਾਂ ਲੈਣੀਆਂ ਨੇ ਤੇ ਮੈਨੂੰ ਕੁਝ ਦੁਆਓ। ਮੈਂ ਕਿਹਾ ਕਿ ਕਿੰਨੇ ਦੀਆਂ ਆਉਂਦੀਆਂ ਨੇ? ਉਹ ਕਹਿਣ ਲੱਗੀ ਕਿ

ਵੀਹ ਰੁਪਏ ਦੀਆਂ। ਵੀਹ ਸਾਲ ਪੁਰਾਣੇ ਵੀਹ ਰੁਪਏ ਵੀ ਬੜਾ ਮੁੱਲ ਰੱਖਦੇ ਸਨ, ਕਰੀਬ ਤਿੰਨ-ਚਾਰ ਸੌ ਅੱਜ ਕੱਲ੍ਹ ਦੇ। ਅਸੀਂ ਕਿਹਾ ਕਿ ਲੈ ਲੈ। ਤੀਸਰੇ ਚੌਥੇ ਦਿਨ ਮੈਂ ਪੁਛਿਆ ਕਿ ਬੀਬੀ! ਕਿਤਾਬਾਂ ਲੈ ਲਈਆਂ ਬੇਟਾ ਤੂੰ ?

ਕਹਿੰਦੀ, "ਬਾਬਾ ਜੀ! ਕੀ ਦੱਸਾਂ ?"

ਮੈਂ ਕਿਹਾ, "ਕਿਉਂ ?"

ਕਹਿੰਦੀ, "ਮੇਰੇ ਮੁੰਡੇ ਨੂੰ ਮਾਸਟਰ ਜੀ ਨੇ ਕਿਹਾ ਕਿ ਤੇਰਾ ਨਾਉਂ ਕੱਟ ਦਿਆਂਗਾ ਜੇ ਕਿਤਾਬਾਂ ਲੈ ਕੇ ਨਾ ਆਇਆ। ਉਹ ਬਹੁਤ ਰੋਇਆ ਘਰ ਆ ਕੇ। ਮੈਂ ਕਿਹਾ ਕਿ ਮੈਂ ਪੈਸੇ ਲੈ ਆਈ ਹਾਂ, ਤੂੰ ਕੱਲ੍ਹ ਨੂੰ ਚੰਡੀਗੜ੍ਹ ਜਾ ਕੇ ਕਿਤਾਬਾਂ ਲੈ ਆਈਂ। ਜਦੋਂ ਉਹ ਪੈਸੇ ਲੈ ਕੇ ਚੰਡੀਗੜ੍ਹ ਨੂੰ ਜਾਣ ਲੱਗਿਆ ਤਾਂ ਉਸ ਦਾ ਬਾਪ ਕਹਿੰਦਾ, ਲਿਆ ਓਏ! ਤੂੰ ਤਾਂ ਛੋਟਾ ਹੈਂ, ਮੈਨੂੰ ਫੜਾ ਵੀਹ ਰੁਪਈਏ। ਉਸ ਤੋਂ ਵੀਹ ਰੁਪਈਏ ਲੈ ਲਏ ਤੇ ਆਇਆ ਹੀ ਨਹੀਂ ਮੁੜ ਕੇ, ਸ਼ਰਾਬ ਹੀ ਪੀਈ ਜਾਂਦਾ ਹੈ। ਪਤਾ ਨਹੀਂ ਕਿਥੇ ਗਿਰਿਆ ਪਿਆ ਹੋਏਗਾ। ਅੱਜ ਚਾਰ ਦਿਨ ਹੋ ਗਏ, ਕੋਈ ਪਤਾ ਨਹੀਂ ਲੱਗ ਰਿਹਾ।"

ਏਸ ਤਰ੍ਹਾਂ ਦੇ ਨਾਲ ਬੱਚੇ ਦੀ ਸ਼ਰਧਾ ਮਾਂ ਬਾਪ ਤੋਂ ਉਠ ਜਾਇਆ ਕਰਦੀ ਹੈ। ਉਹ ਜਿੰਨਾ ਜੀਅ ਕਰਦਾ ਹੈ ਉਪਦੇਸ਼ ਦੇਈ ਜਾਣ, ਬੱਚਾ Immune (ਬੇਅਸਰ) ਹੋ ਜਾਂਦਾ ਹੈ। ਅੰਗਰੇਜ਼ੀ ਦਾ ਅੱਖਰ ਹੈ Immune ਕਿ ਜਿਸ ਤੇ ਫੇਰ ਕੋਈ ਅਸਰ ਨਾ ਹੋਵੇ। ਜਿਵੇਂ ਪਹਿਲਾਂ ਅਸਰ ਹੁੰਦਾ ਸੀ D.D.T. ਦਾ ਮੱਛਰਾਂ ਤੇ, ਹੁਣ ਹੋਣ ਤੋਂ ਹੀ ਹਟ ਗਿਆ, Immune ਹੋ ਗਏ। ਸੋ ਏਸ ਤਰ੍ਹਾਂ ਦੇ ਨਾਲ ਮਾਂ ਬਾਪ ਦਾ ਫਰਜ਼ ਹੋਇਆ ਕਰਦਾ ਹੈ ਬੱਚੇ ਨੂੰ ਸਿੱਧੇ ਰਸਤੇ ਪਾਉਣਾ, ਉਪਦੇਸ਼ ਦੇਣਾ।

ਸੋ ਮਾਂ ਨੇ ਬਾਬੇ ਫਰੀਦ ਨੂੰ ਉਪਦੇਸ਼ ਦੇ ਕੇ ਭੇਜ ਦਿੱਤਾ। ਮਾਂ ਕਿਹੜਾ ਰਸਤਾ ਜਾਣਦੀ ਸੀ ਵਿਚਾਰੀ? ਸਿੱਧੀ ਤਾਂ ਹਰ ਬੰਦੇ ਵਿਚ ਆ ਸਕਦੀ ਹੈ, ਕੋਈ ਵੀ ਕਰ ਲਓ। ਮੈਂ ਪਹਿਲਾਂ ਹੀ ਕਹਿ ਕੇ ਹਟਿਆ ਹਾਂ ਕਿ ਸਿੱਧੀ ਨਹੀਂ ਔਖੀ ਚੀਜ਼ ਹੁੰਦੀ-

*ਰਿਧਿ ਸਿਧਿ ਸਭੁ ਮੋਹੁ ਹੈ*
*ਨਾਮੁ ਨ ਵਸੈ ਮਨਿ ਆਇ॥* *ਅੰਗ - 593*

ਨਾਮ ਨਹੀਂ ਵਸਦਾ ਹੁੰਦਾ ਮਨ ਵਿਚ, ਰਿਧੀ ਸਿਧੀ ਕੋਈ ਵੀ ਬੰਦਾ ਹਾਸਲ ਕਰ ਸਕਦਾ ਹੈ। ਸੋ ਬਾਬਾ ਫਰੀਦ ਨੇ ਜਾ ਕੇ ਤਪੱਸਿਆ ਸ਼ੁਰੂ ਕਰ ਦਿੱਤੀ। ਜਵਾਨ ਮੁੰਡਾ ਹੈ, ਸਰੀਰ ਵਧੀਆ ਤੰਦਰੁਸਤ ਹੈ, ਰਾਤਾਂ ਨੂੰ ਖੜ੍ਹਾ ਰਹਿੰਦਾ ਹੈ। ਬਾਣੀ ਵਿਚ ਆਉਂਦਾ ਹੈ ਕਿ ਇਕ ਰਾਤ ਉਹ ਜੰਗਲ ਵਿਚ ਖੜ੍ਹਾ ਸੀ ਤੇ ਸਵੇਰੇ ਹੀ ਇਕ ਲੁਹਾਰ ਸਾਝਰੇ ਉਠਿਆ ਕਿ ਕੋਈ ਲੱਕੜ ਸੁੱਕੀ ਦੇਖ ਕੇ ਕੋਲੇ ਬਣਾ ਲਵਾਂਗਾ ਜੰਗਲ ਵਿਚ ਹੀ। ਸੋ ਨਾਲ ਕੁਹਾੜਾ ਲਿਆ

ਉਸ ਨੇ ਤੇ ਪਾਣੀ ਦਾ ਘੜਾ ਲਿਆ। ਉਹ ਤੁਰਿਆ ਜਾਂਦਾ ਹੈ, ਮਟਕ-ਚਾਨਣਾ ਜਿਹਾ ਹੋ ਗਿਆ। ਸਾਹਮਣੇ ਫਰੀਦ ਖੜ੍ਹਾ ਸੀ, ਉਸ ਨੇ ਸੋਚਿਆ ਕਿ ਆਹ ਲਕੜ ਤਾਂ ਨੇੜੇ ਹੀ ਮਿਲ ਗਈ। ਉਸ ਨੇ ਬਿਨਾ ਵਿਚਾਰੇ ਹੀ ਕੁਹਾੜੇ ਦਾ ਪੀਨ (ਦਸਤਾ) ਮਾਰਿਆ ਪਿਠ ਵਿਚ ਕਿ ਅਵਾਜ਼ ਸੁਣਾਂ, ਲੱਕੜ ਗਿੱਲੀ ਹੈ ਜਾਂ ਸੁੱਕੀ। ਫਰੀਦ ਚਾਰ ਕਦੋਮਾਂ ਅੱਗੇ ਵਧ ਗਿਆ ਕਿਉਂਕਿ ਜੋਰ ਨਾਲ ਮਾਰਿਆ ਸੀ ਕੁਹਾੜਾ। ਗੁੱਸਾ ਨਹੀਂ ਕਰਿਆ ਉਸ ਨੇ। ਉਸ ਵੇਲੇ ਉਸ ਨੇ ਦੇਖਿਆ ਕਿ ਇਸ ਬੰਦੇ ਦਾ ਤਾਂ ਮੇਰੇ ਵਾਲਾ ਹੀ ਹਾਲ ਹੈ; ਮੈਂ ਰੱਬ ਦੀ ਤਲਾਸ਼ ਵਿਚ ਹਾਂ ਇਹ ਕੋਲਿਆਂ ਦੀ ਤਲਾਸ਼ ਵਿਚ ਹੈ, ਲੱਕੜ ਦੀ ਤਲਾਸ਼ ਵਿਚ ਹੈ। ਉਸ ਵੇਲੇ ਬਾਬੇ ਫਰੀਦ ਨੇ ਕਿਹਾ ਕਿ ਪਿਆਰਿਆ! ਆਪਾਂ ਦੋਵੇਂ ਇਕੋ ਕੰਮ ਕਰ ਰਹੇ ਹਾਂ। ਮੈਨੂੰ ਤਲਾਸ਼ ਹੈ ਪ੍ਰਮੇਸ਼ਰ ਦੀ ਤੇ ਤੈਨੂੰ ਤਲਾਸ਼ ਹੈ ਕੋਲਿਆਂ ਦੀ। ਕਿਤੇ ਦੇਖੀਂ, ਕੁਹਾੜਾ ਦੂਜੇ ਪਾਸੇ ਤੋਂ ਨਾ ਮੇਰੇ ਮਾਰ ਦੇਈਂ -

***ਧਾਰਨਾ - ਕਿਤੇ ਮਾਰ ਨਾ ਗੁਆਈਂ ਮੇਰੇ***
***ਵੀਰਨਾਂ, ਭਾਲ ਕਰੇਂ ਕੋਲਿਆਂ ਦੀ***
***ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ॥***
***ਫਰੀਦਾ ਹਉ ਲੋੜੀ ਸਹੁ ਆਪਣਾ***
***ਤੂ ਲੋੜਹਿ ਅੰਗਿਆਰ॥ ਅੰਗ - 1381***

ਏਸ ਤਰ੍ਹਾਂ ਤਪ ਕਰ ਰਿਹਾ ਹੈ, ਖਾਣਾ ਪੀਣਾ ਬਿਲਕੁਲ ਘਟਾ ਦਿੱਤਾ ਤੇ ਸਦਾ ਹੀ ਜਾਗਦਾ ਰਹਿੰਦਾ ਹੈ। ਦਿਨਾਂ ਵਿਚ ਹੀ ਬਾਬੇ ਫਰੀਦ ਦਾ ਤਪ ਮਸ਼ਹੂਰ ਹੋ ਗਿਆ। ਏਸ ਤਰ੍ਹਾਂ ਕਰਦੇ-ਕਰਦੇ ਸਰੀਰ ਨੇ ਰੰਗ ਵਟਾ ਲਿਆ, ਕਾਲਾ ਸ਼ਾਹ ਹੋਣਾ ਸ਼ੁਰੂ ਹੋ ਗਿਆ ਤੇ ਮਨ ਦੇ ਅੰਦਰ ਬਹੁਤ ਵੈਰਾਗ ਆਉਂਦਾ ਹੈ, ਰੋਂਦਾ ਰਹਿੰਦਾ ਹੈ, ਅੱਖਾਂ 'ਚੋਂ ਹੰਝੂ ਗਿਰਦੇ ਰਹਿੰਦੇ ਨੇ ਕਿ ਹੇ ਪ੍ਰਭੂ! ਮੈਨੂੰ ਦਰਸ਼ਨ ਕਦੋਂ ਹੋਣਗੇ? ਕਿਉਂਕਿ ਰੂਹਾਨੀ ਮਾਰਗ ਤੇ ਜਾ ਕੇ ਜਿਸ ਨੂੰ ਬਿਰਹਾ ਕਹਿੰਦੇ ਨੇ, ਵਿਛੋੜਾ ਕਹਿੰਦੇ ਨੇ, ਜਿਹੜਾ ਵਿਛੋੜੇ ਨੂੰ ਅਨੁਭਵ ਕਰਦਾ ਹੈ, ਉਸ ਦਾ ਰਸਤਾ ਬਹੁਤ ਛੇਤੀ ਤਹਿ ਹੋ ਜਾਇਆ ਕਰਦਾ ਹੈ। ਪਰ ਜਿਸ ਦੇ ਅੰਦਰ ਬਿਰਹਾ ਉਪਜਦਾ ਹੈ, ਉਸ ਦੇ ਅੰਦਰ ਖਿੱਚ ਪੈਂਦੀ ਹੈ-

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ***
***ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ***
***ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ***
***ਟੋਰ ਅਨੰਤ ਉਨ੍ਹਾਂ ਦੀ***
***ਵਸਲੋਂ ਉਰੇ ਮੁਕਾਮ ਨ ਕੋਈ***
***ਸੋ ਚਾਲ ਪਏ ਨਿਤ ਰਹਿੰਦੇ।***

***ਡਾ. ਭਾਈ ਵੀਰ ਸਿੰਘ ਜੀ***

ਜਿਨ੍ਹਾਂ ਨੂੰ ਲਗਨ ਲਗ ਜਾਂਦੀ ਹੈ, ਉਨ੍ਹਾਂ ਦੇ ਤਾਂ ਅੱਖਾਂ 'ਚੋਂ ਪਾਣੀ ਜਾਂਦਾ ਹੈ, ਖਾਣ ਨੂੰ ਕੁਝ ਅੱਛਾ ਨਹੀਂ ਲਗਦਾ-

*ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥*
*ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥*
*ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ*
*ਬਿਨੁ ਦੇਖੇ ਗੁਰ ਦਰਬਾਰੇ ਜੀਉ॥ ਅੰਗ - 96*

ਨੀਂਦ ਨਹੀਂ ਆਉਂਦੀ। ਉਸ ਵੇਲੇ ਮਨ ਵਿਚ ਆਇਆ ਕਿ ਪ੍ਰਭੂ ਤਾਂ ਹੈ ਦਇਆਲੂ, ਫੇਰ ਮੇਰੇ ਵਿਚ ਹੀ ਕੋਈ ਦੋਸ਼ ਹੈ -

*ਧਾਰਨਾ - ਸਾਰ ਨਾ ਜਾਣੀ, ਤੈਂ ਸਾਹਿਬ ਦੀ ਮੈਂ -2.*
*ਜੋਬਨ ਖੋਇ, ਪਾਛੈ ਪਛਤਾਨੀ -2, 2.*

*ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ॥*
*ਬਾਵਲਿ ਹੋਈ ਸੋ ਸਹੁ ਲੋਰਉ॥ ਅੰਗ - 794*

ਐਸੇ ਬਚਨ ਆਉਂਦੇ ਨੇ ਕਿ ਜਿਵੇਂ ਬਉਰੇ ਹੋਏ ਹੋਏ ਟੋਲ੍ਹਦੇ ਫਿਰਦੇ ਨੇ, ਇਉਂ ਮੈਂ ਪ੍ਰਮੇਸ਼ਰ ਨੂੰ ਟੋਲ੍ਹਦਾ ਫਿਰਦਾ ਹਾਂ-

*ਤੈ ਸਹਿ ਮਨ ਮਹਿ ਕੀਆ ਰੋਸੁ॥*
*ਮੁਝੁ ਅਵਗਨ ਸਹ ਨਾਹੀ ਦੋਸੁ॥ ਅੰਗ - 794*

ਮੇਰੇ ਅੰਦਰ ਹੀ ਕੋਈ ਔਗੁਣ ਨੇ ਜਿਹੜਾ ਮਿਲਦਾ ਨਹੀਂ, ਵਾਹਿਗੁਰੂ ਵਿਚ ਦੋਸ਼ ਨਹੀਂ ਹੈ।

*ਤੈ ਸਾਹਿਬ ਕੀ ਮੈ ਸਾਰ ਨ ਜਾਨੀ॥*
*ਜੋਬਨੁ ਖੋਇ ਪਾਛੈ ਪਛੁਤਾਨੀ॥ ਅੰਗ - 794*

ਕੋਇਲ ਦੀ ਆਵਾਜ਼ ਸੁਣਦਾ ਹੈ, ਖਿੱਚ ਪੈ ਗਈ ਕਿ ਜਿਹੋ ਜਿਹਾ ਬਿਰਹਾ ਮੇਰੇ ਅੰਦਰ ਹੈ -

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥*
*ਫਰੀਦਾ ਜਿਤੁ ਤਨਿ ਬਿਰਹੁ*
*ਨ ਊਪਜੈ ਸੋ ਤਨੁ ਜਾਣੁ ਮਸਾਨੁ॥ ਅੰਗ - 1379*

ਜਿਸ ਦੇ ਅੰਦਰ ਪ੍ਰਮੇਸ਼ਰ ਦੀ ਕਦੇ ਖਿਚ ਹੀ ਨਹੀਂ ਪੈਦਾ ਹੁੰਦੀ, ਕਹਿੰਦੇ ਉਹ ਤਾਂ ਜਲਿਆ ਹੋਇਆ ਹਿਰਦਾ ਹੈ, ਉਹ ਤਾਂ ਮਨੂੰਰ ਬਣਿਆ ਹੋਇਆ ਹੈ, ਉਥੇ ਕੁਝ ਪੈਦਾ ਨਹੀਂ ਹੁੰਦਾ। ਜਿਥੇ ਸਸਕਾਰ ਕਰਦੇ ਹੁੰਦੇ ਨੇ, ਉਥੇ ਘਾਹ ਵੀ ਹਰਾ ਨਹੀਂ ਹੁੰਦਾ ਕਿਉਂਕਿ ਧਰਤੀ ਦੇ ਕਣ ਜਲ ਜਾਂਦੇ ਹਨ। ਇਵੇਂ ਜਿਵੇਂ ਜਿਸ ਦੇ ਵਿਚ ਬਿਰਹਾ ਨਹੀਂ ਉਪਜਦਾ, ਉਹ ਤਾਂ ਮਨੂਰ ਹੈ, ਜਿਥੇ ਖਿੱਚ ਨਹੀਂ ਕੋਈ ਰੱਬ ਦੀ।

ਸੋ ਖਿੱਚ ਪਈ, ਹੌਲੀ-ਹੌਲੀ, ਤੁਰਦਾ ਤੁਰਦਾ ਉਥੇ ਪਹੁੰਚ ਗਿਆ, ਦੇਖਿਆ ਕਿ ਇਕ ਛੋਟਾ ਜਿਹਾ ਪੰਛੀ ਕਾਲਾ, ਬਹੁਤ ਦਰਦਨਾਕ ਆਵਾਜ਼ ਕੱਢ ਰਿਹਾ ਹੈ। ਆਪਣੇ ਵੱਲ ਦੇਖਿਆ ਤੇ ਉਸ ਦੇ ਵੱਲ ਵੀ ਦੇਖਿਆ ਕਿ ਮੇਰਾ ਰੰਗ ਵੀ ਕਾਲਾ ਹੋ ਗਿਆ, ਕਿਸੇ ਵੇਲੇ ਮੇਰਾ ਰੰਗ ਗੋਰਾ ਸੋਅ ਸੀ, ਅੱਜ ਮੇਰੀ ਕੀ ਹਾਲਤ ਹੋਈ ਹੋਈ ਹੈ। ਇਸ ਨੂੰ ਵੀ ਜਰੂਰ ਕੋਈ ਨਾ ਕੋਈ ਦੁਖ ਹੈ

ਮੇਰੇ ਵਰਗਾ। ਉਸ ਨੂੰ ਪੁਛਣ ਵਾਸਤੇ ਏਸ ਤਰ੍ਹਾਂ ਨਾਲ ਬੇਨਤੀ ਕਰਦਾ ਹੈ –

*ਧਾਰਨਾ – ਦੱਸੀਂ ਕੋਇਲੇ,*
*ਰੰਗ ਕਾਲਾ ਕਾਹਤੋਂ ਹੋ ਗਿਆ – 2.*

ਕਹਿਣ ਲੱਗਿਆ –

***ਕਾਲੀ ਕੋਇਲ ਤੂ ਕਿਤ ਗੁਨ ਕਾਲੀ॥***

***ਅੰਗ – 794***

ਤੈਨੂੰ ਕੀ ਦੁਖ ਹੈ? ਤੂੰ ਕਿਉਂ ਕਾਲੀ ਹੋ ਗਈ? ਕੋਈ ਪੰਛੀ ਨਹੀਂ ਜਿਹੜਾ ਤੇਰੇ ਨਾਲੋਂ ਜਿਆਦਾ ਕਾਲਾ ਹੋਵੇ। ਕਹਿਣ ਲੱਗੀ ਕਿ ਫਰੀਦਾ! ਜਿਸ ਤਰ੍ਹਾਂ ਤੂੰ ਖੋਜਦਾ ਫਿਰਦਾ ਹੈਂ, ਮੈਂ ਵੀ ਖੋਜਦੀ ਫਿਰਦੀ ਹਾਂ। ਜਿਹੜਾ ਮੇਰਾ ਪਿਆਰਾ ਹੈ ਉਹ ਮਿਲਦਾ ਨਹੀਂ, ਮੇਰੇ ਨਾਲ ਮਿਲ ਕੇ ਨਹੀਂ ਬੈਠਦਾ। ਮੈਂ ਜਦੋਂ ਸਾਰੇ ਪੰਛੀਆਂ ਨੂੰ ਦੇਖਦੀ ਹਾਂ ਤਾਂ ਦੋ-ਦੋ ਬੈਠਦੇ ਨੇ, ਇਕੱਠੇ ਦੋਵੇਂ ਉਡਾਰੀ ਮਾਰਦੇ ਨੇ, ਰਾਤ ਨੂੰ ਅੱਡ ਹੋ ਜਾਂਦੇ ਨੇ। ਸਵੇਰੇ ਹੀ ਅਵਾਜ਼ ਦਿੰਦਾ ਹੈ ਇਕ, ਦੂਜਾ ਨੇੜੇ ਦੇ ਦਰਖਤ ਤੋਂ ਆ ਕੇ ਫੇਰ ਉਸੇ ਟਾਹਣੀ ਤੇ ਬਹਿ ਜਾਂਦਾ ਹੈ ਪਰ ਫਰੀਦਾ! ਮੇਰੀ ਕਿਸਮਤ ਵਿਚ ਤਾਂ ਇਹ ਲੇਖ ਹੀ ਨਹੀਂ ਲਿਖਿਆ ਤੇ ਮੇਰਾ ਜਿਹੜਾ ਨਰ ਸਾਥੀ ਹੈ ਉਹ ਤਾਂ ਕਦੇ ਆਉਂਦਾ ਹੀ ਨਹੀਂ ਹੈ, ਉਸ ਦੇ ਵੈਰਾਗ ਨਾਲ ਮੇਰਾ ਵੀ ਰੰਗ ਕਾਲਾ ਹੋ ਗਿਆ –

*ਧਾਰਨਾ – ਜਾਲੀ ਪਿਆਰਿਆ,*
*ਮੈਂ ਤਾਂ ਪਿਆਰੇ ਦੇ ਵਿਜੋਗ ਨੇ – 2.*
*ਪਿਆਰੇ ਦੇ ਵਿਜੋਗ ਨੇ –4, 2.*
*ਜਾਲੀ ਪਿਆਰਿਆ,.... –2.*

***ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥***

***ਅੰਗ – 794***

ਕਹਿੰਦੀ ਫਰੀਦਾ! ਮੈਂ ਵੀ ਜਾਲੀ ਹੋਈ ਹਾਂ। ਇਹ ਬਿਰਹਾ ਦਾ ਨਕਸ਼ਾ ਖਿਚਿਆ ਹੈ।

*ਸਾਬਣ ਲਾ ਲਾ ਧੋਤਾ ਕੋਲਾ*
*ਦੁੱਧ ਦਹੀਂ ਵਿਚ ਪਾਇਆ॥*
*ਖੁੰਭ ਚਾੜ੍ਹ ਰੰਗਣ ਭੀ ਧਰਿਆ॥*
*ਰੰਗ ਨ ਏਸ ਵਟਾਇਆ॥ ਡਾ. ਭਾਈ ਵੀਰ ਸਿੰਘ*

ਕਿਉਂ ਨਾ ਵਟਾਇਆ? ਕਿਉਂਕਿ ਉਹ ਵਿਛੜ ਗਿਆ। ਪੁਛਿਆ ਕਿ ਤੇਰਾ ਰੰਗ ਕਿਉਂ ਨਹੀਂ ਵਟਦਾ? ਉਹ ਕਹਿੰਦਾ–

*ਵਿਛੜ ਕੇ ਕਾਲਖ ਸੀ ਆਈ,*
*ਵਿਣ ਮਿਲਿਆ ਨਹੀਂ ਲਹਿੰਦੀ।*
*ਅੰਗ ਅੱਗ ਦੇ ਲਾ ਕੇ ਦੇਖੋ,*
*ਚੜ੍ਹਦਾ ਰੂਪ ਸਵਾਇਆ। ਡਾ. ਭਾਈ ਵੀਰ ਸਿੰਘ*

ਮੈਨੂੰ ਅੱਗ 'ਚ ਸੁੱਟ ਕੇ ਦੇਖ ਲਓ, ਮੈਂ ਬਿਲਕੁਲ ਲਾਲ ਹੋ ਜਾਵਾਂਗਾ। ਇਹ ਵਿਛੋੜੇ ਦੀਆਂ ਬਾਤਾਂ ਨੇ, ਭਗਤ ਜਿਹੜੇ ਤਲਾਸ਼ ਕਰਦੇ ਨੇ ਉਹ ਰੋਂਦੇ ਵੀ ਰਹਿੰਦੇ ਨੇ। ਉਨ੍ਹਾਂ ਦੀ ਆਪਣੀ ਹਾਲਤ ਹੁੰਦੀ ਹੈ।

***ਧਾਰਨਾ - ਰੰਗ ਹਸਦੇ ਤੇ ਰੰਗ ਰੋਂਦੇ,***
***ਰੰਗ ਹਸਦੇ -2, 2.***

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥ ਅੰਗ - 473***

ਐਸੀ ਅਵਸਥਾ ਹੋ ਜਾਂਦੀ ਹੈ -

***............ ਮੈ ਨੀਰੁ ਵਹੇ ਵਹਿ ਚਲੈ ਜੀਉ॥ ਅੰਗ - 94***

ਅੱਖਾਂ 'ਚੋਂ ਪਾਣੀ ਜਾਂਦਾ ਹੈ। ਇਹ ਨਿਸ਼ਾਨੀਆਂ ਨੇ ਪਿਆਰ ਵਾਲਿਆਂ ਦੀਆਂ -

***ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ,***
***ਆਹ ਸਰਦੋ, ਰੰਗ ਜ਼ਰਦੋ ਚਸ਼ਮਤਰ।***

ਪਿਆਰ ਵਾਲਿਆਂ ਦੀ ਕੀ ਨਿਸ਼ਾਨੀ ਹੈ? ਮਹਾਂਪੁਰਸ਼ ਦਸਦੇ ਨੇ, ਪੀਰ ਆਪਣੇ ਮੁਰੀਦਾਂ ਨੂੰ ਦਸਦੇ ਨੇ ਕਿ ਰੰਗ ਪੀਲਾ ਹੋ ਜਾਂਦਾ ਹੈ, ਆਹਾਂ ਅੰਦਰ ਆਉਣ ਲੱਗ ਜਾਂਦੀਆਂ ਨੇ, ਹਉਕੇ ਆਉਂਦੇ ਨੇ ਤੇ ਅੱਖਾਂ 'ਚੋਂ ਹਰ ਵਕਤ ਪਾਣੀ ਸਿੰਮਦਾ ਰਹਿੰਦਾ ਹੈ।

***ਕਮਗੁਫਤਨੋ, ਕਮ ਖੁਰਦਨੋਂ, ਖੁਆਬਸ਼ ਹਰਾਮ,***
***ਇੰਤਜ਼ਾਰੀ, ਬੇਕਰਾਰੀ, ਦਸਤਸਰ।***

ਥੋੜ੍ਹਾ ਬੋਲਦੇ ਨੇਂ, ਥੋੜ੍ਹਾ ਖਾਂਦੇ ਨੇਂ, ਥੋੜ੍ਹੀ ਨੀਂਦ ਆਉਂਦੀ ਹੈ। ਹਰ ਵਕਤ ਧੁਨ ਵਿਚ ਰਹਿੰਦੇ ਨੇਂ, ਵਾਹਿਗੁਰੂ ਮੈਨੂੰ ਕਦੋਂ ਦਰਸ਼ਨ ਦੇਵੇ। ਜਿਨ੍ਹਾਂ ਨੂੰ ਇਹ ਰਸ ਆਇਆ ਹੀ ਨਹੀਂ, ਉਹ ਤਾਂ ਮਸਾਣ ਨੇ, ਉਨ੍ਹਾਂ ਦੀ ਗੱਲ ਕੀ ਕਰਨੀ ਹੈ? ਉਨ੍ਹਾਂ ਦੇ ਸੀਨੇ ਵਿਚ ਕਦੇ ਖਿੱਚ ਪਈ ਹੀ ਨਹੀਂ। ਸੀਨੇ ਵਿਚ ਖਿੱਚ ਪੈਣੀ ਹੀ ਜੀਉਂਦੇ ਦੀ ਨਿਸ਼ਾਨੀ ਹੈ। ਦੂਜੇ ਨੂੰ ਤਾਂ ਮੁਰਦਾ ਕਿਹਾ ਹੈ ਮਹਾਰਾਜ ਜੀ ਨੇ -

***ਅਤਿ ਸੁੰਦਰ ਕੁਲੀਨ ਚਤੁਰ***
***ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ***
***ਜਿਹ ਪ੍ਰੀਤਿ ਨਹੀ ਭਗਵੰਤ॥ ਅੰਗ - 253***

ਜੇ ਹਿਰਦੇ 'ਚ ਖਿੱਚ ਨਹੀਂ ਉਠੀ, ਪਿਆਰ ਨਹੀਂ ਉਠਿਆ ਤਾਂ ਕਹਿੰਦੇ ਮੁਰਦਾ ਹੈ ਉਹ, ਤੇ ਰਸਾਇਣਿਕ ਜ਼ਿੰਦਗੀ ਹੈ ਉਸ ਦੀ, ਅੰਨ ਖਾ ਲਿਆ, ਉਸ ਦੇ ਨਾਲ ਜ਼ਿੰਦਗੀ ਸਾਡੀ ਚਲਦੀ ਹੈ। Brain (ਦਿਮਾਗ) ਦੇ ਅੰਦਰ

electrical (ਬਿਜਲਈ) ਤੇ magnetic (ਚੁੰਬਕੀ) waves (ਲਹਿਰਾਂ) ਹੁੰਦੀਆਂ ਨੇ। ਮਿਹਦੇ ਵਿਚ ਜੇ ਕੁਝ ਚਲਿਆ ਜਾਵੇ (ਭੋਜਨ ਆਦਿ) ਤਾਂ ਉਹ ਚਲਦੀਆਂ ਰਹਿੰਦੀਆਂ ਨੇ, brain (ਦਿਮਾਗ) ਚੱਲੀ ਜਾਂਦਾ ਹੈ। ਮਹਾਰਾਜ ਜੀ ਕਹਿੰਦੇ, ਉਹ ਜੀਉਂਦਾ ਨਹੀਂ ਹੈ, ਉਹ ਨੀਮ ਮੁਰਦਾ ਹੈ। ਇਕ ਮੁਰਦਾ ਉਹ ਹੈ ਜਿਸਦੇ ਵਿਚੋਂ ਚੇਤਨ ਕਲਾ ਨਿਕਲ ਗਈ। ਇਕ ਮੁਰਦਾ ਉਹ ਹੈ ਜਿਹੜਾ ਹੈ ਤਾਂ ਜੀਉਂਦਾ, ਖਾਂਦਾ, ਪੀਂਦਾ, ਲੜਾਈ-ਝਗੜੇ ਕਰਦਾ, ਚੋਣਾਂ ਲੜਦਾ, ਹੋਰ ਵੀ ਬਥੇਰਾ ਕੁਝ ਕਰਦਾ ਹੈ ਪਰ ਉਸ ਦੇ ਅੰਦਰ ਪ੍ਰੀਤ ਨਹੀਂ ਹੈ, ਖਿੱਚ ਨਹੀਂ ਹੈ। ਕਹਿੰਦੇ ਫੇਰ ਜੀਉਂਦਾ ਕੌਣ ਹੈ? ਮਹਾਰਾਜ ਜੀ ਕਹਿੰਦੇ -

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***

***ਅੰਗ - 142***

ਜੀਉਂਦਾ ਉਹ ਹੈ ਜਿਸਦੇ ਮਨ ਵਿਚ ਵਾਹਿਗੁਰੂ ਵਸ ਗਿਆ -

***ਨਾਨਕ ਅਵਰੁ ਨ ਜੀਵੈ ਕੋਇ॥ ਅੰਗ - 142***

ਬਾਕੀ ਕੋਈ ਵੀ ਨਹੀਂ ਜੀਉਂਦਾ -

***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥ ਅੰਗ - 142***

ਦੂਜੇ ਪਾਸੇ ਮਹਾਰਾਜ ਜੀ ਕਹਿੰਦੇ -

***ਆਖਾ ਜੀਵਾ ਵਿਸਰੈ ਮਰਿ ਜਾਉ॥ ਅੰਗ - 9***

ਜਿਸ ਨੂੰ ਹਰ ਵਕਤ ਵਾਹਿਗੁਰੂ ਭੁਲਿਆ ਰਹਿੰਦਾ ਹੈ ਉਹ ਤਾਂ ਮਰਿਆ ਹੋਇਆ ਹੈ ਪਰ ਉਸ ਦਾ ਸਰੀਰ ਚਲਦਾ ਹੈ। ਉਹ ਪਹਿਲੀ ਕਿਸਮ ਦਾ ਮੁਰਦਾ ਹੈ। ਦੂਜੀ ਕਿਸਮ ਦਾ ਮੁਰਦਾ ਉਹ ਹੈ ਜਿਸ ਦੇ ਵਿਚੋਂ ਚੇਤਨ ਕਲਾ ਨਿਕਲ ਜਾਂਦੀ ਹੈ। ਜੀਉਂਦੇ ਦੀ ਨਿਸ਼ਾਨੀ ਹੈ ਕਿ ਜੀਉਂਦੇ ਵਿਚ ਖਿੱਚ ਹੈ। ਜੀਉਂਦਾ ਉਹ ਨਹੀਂ ਹੈ, ਜਿਸ ਦੇ ਕੋਲ ਬੇਅੰਤ ਧੰਨ ਹੈ, ਬਹੁਤ ਸੁੰਦਰ ਹੈ, ਕੁਲੀਨ ਚਤੁਰ ਹੈ, ਮੂੰਹ ਦਾ ਗਿਆਨੀ ਹੈ ਤੇ ਧਨਵੰਤ ਹੈ। ਕਹਿੰਦੇ -

***ਮਿਰਤਕ ਕਹੀਅਹਿ ਨਾਨਕਾ***
***ਜਿਹ ਪ੍ਰੀਤਿ ਨਹੀ ਭਗਵੰਤ॥ ਅੰਗ - 253***

ਜੇ ਪਿਆਰ ਨਹੀਂ ਵਾਹਿਗੁਰੂ ਨਾਲ ਪਿਆ ਤਾਂ ਕਹਿੰਦੇ ਉਸ ਨੂੰ ਜੀਉਂਦਾ ਨਾ ਕਹੋ, ਉਹ ਤਾਂ ਮਰਿਆ ਹੋਇਆ ਹੈ। ਪਹਿਲਾਂ ਰੋਜ਼ ਅਰਦਾਸ ਕਰਦੇ ਹੁੰਦੇ ਸਨ, ਹੁਣ ਨਹੀਂ, ਹੁਣ ਤਾਂ ਗੁਟਕਿਆਂ ਵਿਚੋਂ ਕੱਢ ਦਿੱਤੀ। ਉਹ ਸੀ ਕਿ ਸੱਚੇ ਪਾਤਿਸ਼ਾਹ! ਮੈਨੂੰ ਜੀਵਨ ਬਖਸ਼। ਮੈਂ ਰੋਜ਼ ਹੀ ਇਹ ਅਰਦਾਸ ਕਰਦਾ ਹੁੰਦਾ ਸੀ। ਪਟਿਆਲੇ ਫੌਜ ਵਿਚ ਮੈਂ ਅਜੇ ਭਰਤੀ ਹੋਇਆ ਸੀ ਤੇ ਮਹਾਰਾਣੀ ਕਹਿੰਦੀ ਕਿ ਪਾਠ ਮੈਂ ਤੁਹਾਡੇ ਕੋਲੋਂ ਸੁਣਿਆ ਕਰਨਾ ਹੈ। ਮੈਂ ਕਿਹਾ ਕਿ ਬੀਬੀ! ਤੁਸੀਂ ਰਾਜੇ ਲੋਕ ਹੋ, ਮੈਨੂੰ ਬੰਦਸ਼ ਵਿਚ ਨਾ ਪਾਓ। ਕਹਿਣ ਲੱਗੀ ਕਿ ਨਹੀਂ, ਤੇਰਾ ਪਾਠ ਕਰਨ ਦਾ ਢੰਗ ਬਹੁਤ ਸੋਹਣਾ ਹੈ। ਇਥੇ ਪਿੰਡ ਵਿਚ ਵੀ ਸੁਣਦੇ ਹੁੰਦੇ, ਜਦੋਂ ਮੈਂ ਨਿਆਣਾ ਹੁੰਦਾ, ਡਿਊਟੀਆਂ ਲਾ ਦੇਣੀਆਂ ਤੇ ਇਕੱਠ ਹੋ ਜਾਣਾ ਬਹੁਤ। ਜਥੇਦਾਰ ਸੁੰਦਰ ਸਿੰਘ ਹੋਰਾਂ ਨੇ ਕਹਿਣਾ ਕਿ ਤੂੰ ਲੱਗੀਂ। ਮੈਂ ਗਾ-ਗਾ ਕੇ ਪੜ੍ਹਦਾ ਹੁੰਦਾ ਸੀ ਬਾਣੀ ਤੇ ਉਸ ਨੇ ਸੁਣਨਾ। ਅਰਦਾਸ ਤੋਂ ਬਾਅਦ ਉਸ ਨੇ ਮੈਨੂੰ ਕਿਹਾ

ਕਿ ਮੈਨੂੰ ਇਕ ਗੱਲ ਦੀ ਸਮਝ ਨਹੀਂ ਆਈ। ਮੈਂ ਪੁਛਿਆ, "ਕੀ?" ਮਹਾਰਾਣੀ ਕਹਿੰਦੀ ਕਿ ਤੂੰ ਰੋਜ਼ ਅਰਦਾਸ ਕਰਦਾ ਹੈਂ ਕਿ ਹੇ ਮਹਾਰਾਜ! ਜੀਵਨ ਬਖਸ਼। ਮੈਂ ਕਿਹਾ, "ਹਾਂ।" ਕਹਿਣ ਲੱਗੀ ਕਿ ਆਪਾਂ ਜੀਉਂਦੇ ਨਹੀਂ? ਮੈਂ ਕਿਹਾ, "ਨਾ! ਆਪਾਂ ਤਾਂ ਮੁਰਦੇ ਹਾਂ। ਸਾਡੇ ਅੰਦਰ ਤਾਂ ਉਹ ਜੀਵਨ ਹੀ ਨਹੀਂ, ਉਹ vibration (ਝਰਨਾਹਟ, ਜੀਵਨ ਲਹਿਰ) ਹੀ ਨਹੀਂ ਹੈ, ਉਹ ਖੇੜਾ ਹੀ ਨਹੀਂ ਹੈ। ਅਸੀਂ ਤਾਂ ਮੁਰਝਾਏ ਪਏ ਹਾਂ, ਫਿਕਰਾਂ ਦੇ ਵਿਚ ਪਏ ਹੋਏ ਹਾਂ, ਸਾਡੇ ਅੰਦਰ ਤਾਂ ਖੇੜਾ ਉਠਦਾ ਹੀ ਨਹੀਂ ਹੈ। ਕਉਲ ਫੁਲ ਸਾਡਾ ਟੇਢਾ ਹੋਇਆ ਹੋਇਆ ਹੈ, ਉਸ ਦੇ ਵਿਚ ਅੰਮ੍ਰਿਤ ਝਰਦਾ ਹੀ ਨਹੀਂ। ਮੈਂ ਕਿਹਾ ਕਿ ਬੀਬੀ! ਉਹ ਜੀਵਨ ਹੋਰ ਹੈ, ਇਹ ਜੀਵਨ ਹੋਰ ਹੈ। ਉਹ ਜੀਵਨ ਬੰਦਗੀ ਕਰਨ ਵਾਲਿਆਂ ਨੂੰ ਪ੍ਰਾਪਤ ਹੁੰਦਾ ਹੈ, ਉਹ ਖੇੜਾ ਹੁੰਦਾ ਹੈ, ਖਿੜੇ ਹੁੰਦੇ ਨੇ ਉਹ। ਉਨ੍ਹਾਂ ਵਿਚ ਕਦੇ ਮੁਰਝਾਹਟ ਨਹੀਂ ਆਇਆ ਕਰਦੀ। ਜਦੋਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਨ ਲੱਗੇ, ਪਹਿਲਾਂ ਤਾਂ ਫੱਟਿਆਂ ਵਿਚ ਬੰਨ੍ਹ ਲਿਆ ਉਨ੍ਹਾਂ ਨੂੰ, ਗੁਰੂ ਮਹਾਰਾਜ ਜੀ ਵੱਲ ਪਿੱਠ ਕਰ ਦਿੱਤੀ। ਉਹ ਦੇਖੀ ਗਏ ਕਿ ਠੀਕ ਹੈ, ਬੰਨ੍ਹ ਲਿਆ ਇਨ੍ਹਾਂ ਨੇ ਤੇ ਹੁਣ ਆਰੇ ਨਾਲ ਚੀਰਨਗੇ ਮੈਨੂੰ। ਗਿਆਨਵਾਨ ਨੂੰ ਕੋਈ ਫਰਕ ਨਹੀਂ ਪੈਂਦਾ। ਉਹ ਤਾਂ ਕਹਿੰਦਾ ਹੈ ਕਿ ਇਹ ਸਰੀਰ ਚੀਰਨਗੇ ਕਿਉਂਕਿ ਦੇਹ ਅਧਿਆਸ ਟੁਟਿਆ ਹੋਇਆ ਹੁੰਦੈ ਕਿ ਮੈਂ ਦੇਹ ਨਹੀਂ, ਮੈਂ ਤਾਂ ਆਤਮਾ ਹਾਂ। ਹੈ ਆਪਾਂ ਆਤਮਾ ਹੀ ਸਾਰੇ। ਇਸ ਤੋਂ ਥੱਲੇ ਜਿਹੜਾ ਮੰਨਦਾ ਹੈ, ਉਹ ਵੀ ਸਿਆਣਾ ਹੈ ਜਿਹੜਾ ਕਹਿੰਦਾ ਹੈ ਕਿ ਮੈਂ 'ਜੀਵ ਆਤਮਾ' ਹਾਂ। ਜਿਸ ਨੂੰ ਇਹ ਪਤਾ ਹੈ ਕਿ ਮੈਂ ਆਤਮਾ ਹਾਂ ਉਸ ਨੂੰ ਤਾਂ ਕੋਈ ਮਾਰ ਨਹੀਂ ਸਕਦਾ ਕਿਉਂਕਿ ਆਤਮਾ ਅਮਰ ਹੈ ਹਮੇਸ਼ਾ ਹੀ। 'ਜੀਵ ਆਤਮਾ' ਵਾਲਾ ਇਹ ਮੰਨਦਾ ਹੈ ਕਿ ਮੈਂ ਹੋਰ ਸਰੀਰ ਧਾਰਨ ਕਰ ਲਵਾਂਗਾ। ਜਿਹੜਾ ਦੇਹ ਦੇ ਵਿਚ ਹੈ ਉਹ ਕਲਪਦਾ ਹੈ। ਉਹ ਕਹਿੰਦਾ ਮੇਰੀ ਦੇਹੀ, ਹੁਣ ਮੈਨੂੰ ਮਾਰ ਦੇਣਗੇ। ਉਹ ਸਰੀਰ ਨੂੰ 'ਮੈਨੂੰ' (ਆਪਣਾ ਆਪ) ਕਹਿੰਦਾ ਹੈ ਗਲਤੀ ਨਾਲ। ਇਹ ਸਰੀਰ ਤਾਂ ਕਦੇ ਬੱਚਾ ਸੀ, ਕਦੇ ਜਵਾਨ ਹੋ ਗਿਆ, ਕਦੇ ਬੁਢਾ ਹੋ ਗਿਆ, ਇਸ ਨੇ ਤਾਂ ਜਾਣਾ ਹੀ ਹੈ ਕਿਉਂਕਿ ਪ੍ਰਕਿਰਤੀ ਦਾ ਬਣਿਆ ਹੋਇਆ ਹੈ। ਇਸ ਦੇ ਅੰਦਰ ਜਿਹੜਾ 'ਆਤਮ ਤੱਤ' ਹੈ ਉਹ ਨਹੀਂ ਮਰਦਾ ਕਦੇ ਵੀ, ਉਹ ਸਦਾ ਜੀਉਂਦਾ ਰਹਿੰਦਾ ਹੈ –

***ਮਰਣਹਾਰੁ ਇਹੁ ਜੀਅਰਾ ਨਾਹੀ॥ |ਅੰਗ – 188***

ਸੋ ਉਸ ਨੇ ਸੋਚਿਆ ਕਿ ਠੀਕ ਹੈ ਹੁਣ ਇਹ ਸਰੀਰ ਨੂੰ ਚੀਰਨਗੇ। ਦੇਖੀ ਜਾਂਦੇ ਨੇ ਜਿਵੇਂ ਕੋਈ ਹੋਰ ਦੇਖ ਰਿਹਾ ਹੁੰਦਾ ਹੈ। ਜਲਾਦਾਂ ਨੇ ਆਰਾ ਲਿਆ ਕੇ ਸਿਰ ਤੇ ਰੱਖ ਦਿੱਤਾ। ਜਦੋਂ ਉਨ੍ਹਾਂ ਦੇ ਚਿਹਰੇ ਵੱਲ ਜਲਾਦਾਂ ਨੇ ਦੇਖਿਆ ਤਾਂ ਉਨ੍ਹਾਂ ਦੇ ਚਿਹਰੇ ਤੇ ਖੇੜਾ ਆ ਗਿਆ, ਅੱਖਾਂ ਦੇ ਵਿਚ ਕੋਈ ਜੀਵਨ ਦੀ ਚਮਕ ਆ ਗਈ, ਚਿਹਰਾ ਖਿੱਚ ਰਿਹਾ ਹੈ, ਲਾਲੀ ਛਾ ਗਈ ਚਿਹਰੇ ਤੇ। ਜਲਾਦ ਕੁਝ ਥੋੜ੍ਹਾ ਜਿਹਾ ਸਿਆਣਾ ਸੀ। ਕਹਿਣ ਲੱਗਿਆ ਕਿ ਭਾਈ ਮਤੀ ਦਾਸ! ਜੇ ਇਕ ਗੱਲ ਦੱਸ ਦੇਵੇਂ ਤਾਂ ਤੇਰੀ ਬੜੀ ਮਿਹਰਬਾਨੀ ਹੋਏਗੀ। ਜਿਹੜਾ ਕੁਝ ਵੀ ਤੂੰ ਕਹੇਂ, ਮੈਂ ਸੇਵਾ ਕਰਨ ਨੂੰ ਤਿਆਰ ਹਾਂ – ਸਿਵਾਏ ਆਰੇ ਨਾਲ ਚੀਰਨ ਤੇ। ਸੋ ਤੂੰ ਮੈਨੂੰ ਇਹ ਦੱਸ ਕਿ ਤੇਰੇ ਚਿਹਰੇ ਤੇ ਲਾਲੀ ਕਿਉਂ ਆ ਗਈ?

ਉਹ ਕਹਿਣ ਲੱਗੇ, "ਤੂੰ ਕੀ ਲੈਣਾ ਹੈ ? ਨਾ ਇਹ ਗੱਲਾਂ ਤੇਰੀ ਸਮਝ ਵਿਚ ਆਉਣ, ਨਾ ਮੇਰਾ ਹੁਣ ਦੱਸਣ ਦਾ ਸਮਾਂ ਹੈ। ਮੈਂ ਤਾਂ ਅੰਦਰੋਂ ਪ੍ਰਭੂ ਨਾਲ ਜੁੜਨਾ ਹੈ। ਮੈਂ ਤਾਂ ਤੈਨੂੰ ਦੇਖ ਰਿਹਾ ਹਾਂ ਕਿ ਤੂੰ ਕੀ ਕਰ ਰਿਹਾ ਹੈਂ।"

ਕਹਿੰਦਾ, "ਤੇਰੇ ਚਿਹਰੇ ਤੇ ਕਿਉਂ ਲਾਲੀ ਆਈ ਹੈ ?"

ਉਹ ਜਦੋਂ ਬਾਰ-ਬਾਰ ਕਹੀ ਗਿਆ ਤਾਂ ਭਾਈ ਮਤੀ ਦਾਸ ਜੀ ਕਹਿਣ ਲੱਗੇ ਕਿ ਸੁਣ! ਜਦੋਂ ਅਸੀਂ ਗੁਰੂ ਕੋਲ ਆਏ ਤਾਂ ਗੁਰੂ ਨੇ ਟੀਕਾ ਲਾ ਦਿੱਤਾ ਸਾਡੇ, ਗੋਲੀ ਦੇ ਦਿੱਤੀ ਸਦਾ ਜੀਉਂਦੇ ਰਹਿਣ ਦੀ। ਉਹ ਹੈ ਪ੍ਰਮੇਸ਼ਰ ਦਾ ਨਾਮ। ਉਸ ਨਾਮ ਦਾ ਰਸ ਤੇ ਉਸ ਦੀ ਖੁਮਾਰੀ ਐਨੀ ਚੜ੍ਹੀ ਰਹਿੰਦੀ ਹੈ ਕਿ ਨਾ ਦਿਨੇ ਉਤਰਦੀ ਹੈ ਤੇ ਨਾ ਰਾਤ ਨੂੰ ਉਤਰਦੀ ਹੈ। ਜਿਹੜੇ ਸੰਸਾਰ ਦੇ ਨਸ਼ੇ ਨੇ, ਉਹ ਜੇ ਰਾਤ ਨੂੰ ਪੀ ਲਓ ਤਾਂ ਸਵੇਰੇ ਤੋੜ ਲੱਗੀ ਪਈ ਹੁੰਦੀ ਹੈ, ਕੋਈ ਕਹਿੰਦਾ ਕਿ ਮੈਨੂੰ ਫਲਾਣੀ ਚੀਜ਼ ਦੇਹ, ਜਿਹੜੇ ਬਹੁਤੇ ਸ਼ਰਾਬੀ ਨੇ ਉਹ ਸਵੇਰੇ ਹੀ ਫੇਰ ਬੋਤਲ ਮੰਗਦੇ ਨੇ ਕਿ ਥੋੜ੍ਹੀ ਜਿਹੀ ਪੀਵਾਂਗਾ ਤੇ ਮੈਂ ਕੰਮ ਜੋਗਾ ਤਾਂ ਹੋ ਜਾਵਾਂਗਾ। ਏਸ ਖੁਮਾਰੀ ਨੂੰ ਗੁਰੂ ਸਾਹਿਬ ਨੇ ਨਹੀਂ ਮੰਨਿਆ। ਕਹਿੰਦੇ ਇਹ ਤਾਂ ਚੜ੍ਹਦੀ ਹੈ ਤੇ ਉਤਰ ਜਾਂਦੀ ਹੈ। ਖੁਮਾਰੀ ਜੀਵਨ ਦੀ ਉਹ ਹੈ ਜਿਹੜੀ ਇਕ ਵਾਰੀ ਚੜ੍ਹ ਕੇ ਮੁੜ ਕੇ ਉਤਰੇ ਹੀ ਨਾ।

ਸੋ ਕਹਿਣ ਲੱਗੇ ਕਿ ਜਲਾਦ! ਗੁਰੂ ਨੇ ਸਾਨੂੰ ਉਹ ਨਸ਼ਾ ਪਿਲਾ ਦਿੱਤਾ ਹੈ ਜਿਸ ਨੇ ਕਦੇ ਉਤਰਨਾ ਹੀ ਨਹੀਂ -

***ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥***
***ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ॥ ਅੰਗ - 808***

ਉਹ ਜਿਹੜਾ ਰਸ ਇਕ ਵਾਰੀ ਆ ਗਿਆ -

***ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ॥ ਅੰਗ - 808***

ਉਹ ਨਹੀਂ ਲਹਿੰਦਾ ਕਦੇ ਵੀ। ਏਸ ਤਰ੍ਹਾਂ ਦੇ ਨਾਲ ਪੜ੍ਹ ਲਓ-

***ਧਾਰਨਾ - ਚੜ੍ਹੀ ਰਹੇ ਦਿਨ ਰਾਤ,***
***ਨਾਮ ਖੁਮਾਰੀ -2, 2.***
***ਨਾਮ ਖੁਮਾਰੀ ਨਾਨਕਾ -2, 2.***

***ਪੋਸਤ ਮਦ ਅਫੀਮ ਭੰਗ ਉਤਰ ਜਾਇ ਪਰਭਾਤਿ॥***
***ਨਾਮ ਖੁਮਾਰੀ ਨਾਨਕਾ ਚੜੀ ਰਹੇ ਦਿਨ ਰਾਤ॥***
***ਜਨਮਸਾਖੀ***

ਪੋਸਤ, ਸ਼ਰਾਬ ਆਦਿ ਦਾ ਨਸ਼ਾ ਉਤਰ ਜਾਂਦਾ ਹੈ ਪਰ ਜਿਸ ਨੂੰ ਨਾਮ ਦੀ ਖੁਮਾਰੀ ਚੜ੍ਹ ਗਈ ਉਹ ਨਹੀਂ ਉਤਰਦੀ-

***ਕਾਇਆ ਕਾਪਰੁ ਚੀਰ ਬਹੁ ਫਾਰੇ***
***ਹਰਿ ਰੰਗੁ ਨ ਲਹੈ ਸਭਾਗਾ॥ ਅੰਗ - 985***

ਸੋ ਜਲਾਦ ਨੂੰ ਕਹਿਣ ਲੱਗੇ ਕਿ ਭਾਈ! ਸਾਨੂੰ ਗੁਰੂ ਨੇ ਨਾਮ ਦਾ ਟੀਕਾ ਦੇ ਦਿੱਤਾ, ਉਸ ਦੀ ਖੁਮਾਰੀ ਹੈ, ਮਰਦੇ ਤਾਂ ਅਸੀਂ ਹਾਂ ਹੀ ਨਹੀਂ। ਸਰੀਰ ਚੀਰ

ਦਏਂਗਾ, ਮੈਨੂੰ ਤਾਂ ਮਾਰ ਨਹੀਂ ਸਕਦਾ। ਮੇਰੇ ਤਾਂ ਆਰਾ ਵੀ ਨੇੜੇ ਨਹੀਂ ਆ ਸਕਦਾ, ਅੱਗ ਨਹੀਂ ਆ ਸਕਦੀ, ਉਬਲਦਾ ਪਾਣੀ ਨਹੀਂ ਆ ਸਕਦਾ। ਸੋ ਏਸ ਤਰ੍ਹਾਂ ਦੇ ਨਾਲ ਖੇੜਾ ਜਿਸ ਦੇ ਮਨ ਵਿਚ ਵਸ ਜਾਂਦਾ ਹੈ, ਉਹ ਤਾਂ ਜਿਉਂਦਾ ਹੈ। ਜਿਸ ਦੇ ਅੰਦਰ ਖੇੜਾ ਨਾ ਹੋਵੇ ਉਹ ਤੁਰਦਾ ਫਿਰਦਾ, ਰੋਟੀਆਂ ਖਾਂਦਾ, ਸਾਹ ਲੈਂਦਾ, ਵਿਹਾਰ ਕਰਦਾ, ਵੱਡੇ ਵੱਡੇ ਕੰਮ ਕਰਦਾ ਵੀ ਮੁਰਦਾ ਹੈ, ਮਹਾਰਾਜ ਜੀ ਨੇ ਉਸ ਨੂੰ ਜੀਉਂਦਾ ਨਹੀਂ ਮੰਨਿਆ।

ਸੋ ਏਸ ਤਰ੍ਹਾਂ ਦੇ ਨਾਲ ਕੋਇਲ ਕਹਿਣ ਲੱਗੀ ਕਿ ਫਰੀਦਾ! ਮੈਨੂੰ ਮੇਰਾ ਪਿਆਰਾ ਨਹੀਂ ਮਿਲਦਾ, ਅਸੀਂ ਕਦੇ ਵੀ ਇਕੱਠੇ ਹੋ ਕੇ ਨਹੀਂ ਬਹਿੰਦੇ – ਨਾ ਦਿਨ ਨਾ ਰਾਤ, ਇਹ ਮੇਰੇ ਮਨ ਦੇ ਅੰਦਰ ਸਥਿਤ ਰਹਿੰਦਾ ਹੈ। ਇਸ ਕਰਕੇ ਮੇਰਾ ਰੰਗ ਕਾਲਾ ਹੈ। ਸੋ ਏਸ ਤਰ੍ਹਾਂ ਬਾਬੇ ਫਰੀਦ ਜੀ ਨੇ ਬਹੁਤ ਤਪੱਸਿਆ ਕਰੀ, ਬਾਰਾਂ ਸਾਲ ਲੰਘ ਗਏ, ਘਰ ਮਿਲਣ ਮਾਂ ਨੂੰ ਗਿਆ। ਮਾਂ ਨੇ ਕਿਹਾ ਕਿ ਬੇਟਾ! ਅਜੇ ਤਾਂ ਕੁਝ ਨਹੀਂ ਬਣਿਆ ਤੇਰਾ–

***ਹਨੂੰਜ਼ ਦਿੱਲੀ ਦੂਰ ਅਸਤ।***

ਬੜੀ ਦੂਰ ਹੈ ਦਿੱਲੀ ਜਿਥੇ ਤੂੰ ਪਹੁੰਚਣਾ ਹੈ। ਦੁਬਾਰਾ ਫੇਰ ਆ ਗਿਆ, ਸਖਤ ਤਪੱਸਿਆ ਸ਼ੁਰੂ ਕਰ ਦਿੱਤੀ। ਭੁੱਖਾ ਰਹਿੰਦਾ ਹੈ, ਲਟਕਦਾ ਹੈ ਖੂਹ ਦੇ ਵਿਚ, ਧੁੱਪ ਦੇ ਵਿਚ ਬੈਠਾ ਰਹਿੰਦਾ ਹੈ। ਐਸੀ ਹਾਲਤ ਹੋ ਗਈ ਕਿ ਸਰੀਰ ਸੁੱਕ ਗਿਆ, ਬਿਲਕੁਲ ਪਿੰਜਰ ਬਣ ਗਿਆ। ਮਨ ਵਿਚ ਆਉਂਦਾ ਹੈ ਕਿ ਮਨਾ! ਸਾਹ ਨਾ ਨਿਕਲ ਜਾਵੇ ਕਿਤੇ, ਅਜੇ ਅੱਲ੍ਹਾ ਤਾਂ ਮਿਲਿਆ ਨਹੀਂ, ਮੇਰਾ ਬਣਿਆ ਤਾਂ ਕੁਝ ਵੀ ਨਹੀਂ ਹੈ। ਬਾਰਾਂ ਸਾਲ ਪਹਿਲਾਂ ਕੱਟ ਆਇਆ, ਹੁਣ ਆ ਕੇ ਫੇਰ ਕਈ ਸਾਲ ਲੰਘ ਗਏ। ਬਾਣੀ ਦੇ ਵਿਚ ਉਸ ਦੀ ਹਾਲਤ ਏਸ ਤਰ੍ਹਾਂ ਨਾਲ ਆਉਂਦੀ ਹੈ, ਪੜ੍ਹੋ ਪਿਆਰ ਨਾਲ –

***ਧਾਰਨਾ – ਤਨ ਸੁੱਕ ਕੇ ਹੱਡਾਂ ਦੀ ਮੁੱਠੀ ਹੋ***
***ਗਿਆ, ਅਜੇ ਵੀ ਨਾ ਰੱਬ ਬਹੁੜਿਆ–2, 2.***
***ਫਰੀਦਾ ਤਨੁ ਸੁਕਾ ਪਿੰਜਰੁ ਥੀਆ***
***ਤਲੀਆਂ ਖੂੰਡਹਿ ਕਾਗ॥***
***ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਦੇ ਭਾਗ॥ ਅੰਗ – 1382***

ਕਿਹੋ ਜਿਹੇ ਮਾੜੇ ਭਾਗ ਨੇ, ਮੇਰਾ ਤਨ ਵੀ ਸੁੱਕ ਕੇ ਹੱਡਾਂ ਦੀ ਮੁੱਠੀ ਹੋ ਗਿਆ ਤੇ ਅਜੇ ਤੱਕ ਵੀ ਨਹੀਂ ਮੇਰੇ ਅੱਲ੍ਹਾ ਨੇ, ਪ੍ਰੀਤਮ ਨੇ ਦਰਸ਼ਨ ਦਿੱਤਾ, ਪਤਾ ਨਹੀਂ ਮੇਰੇ ਵਿਚ ਕਿਹੜੀ ਖੋਟ ਹੈ, ਕਿਹੜਾ ਮਾੜਾ ਕੰਮ ਹੈ। ਮੈਂ ਇਮਾਨਦਾਰੀ ਨਾਲ ਤਪ ਕਰ ਰਿਹਾ ਹਾਂ, ਕੋਈ ਪਖੰਡ ਨਹੀਂ ਕਰ ਰਿਹਾ। ਐਸਾ ਕਹਿੰਦੇ ਨੇ ਕਿ ਉਸ ਦੀ ਐਸੀ ਹਾਲਤ ਹੋ ਗਈ, ਖੂਹ ਵਿਚ ਪੁੱਠਾ ਲਟਕ ਰਿਹਾ ਹੈ ਓਸ ਵੇਲੇ ਕਾਂ ਉਡ ਕੇ ਆ ਜਾਂਦੇ ਨੇ ਤੇ ਤਲੀਆਂ ਵਿਚ ਚੁੰਝਾਂ ਮਾਰਦੇ ਨੇ। ਹੁਣ ਉਹ ਲਟਕਦਾ ਹੈ ਤੇ ਉਡ ਤਾਂ ਸਕਦਾ ਹੀ ਨਹੀਂ, ਮਾਸ ਕੱਢ ਲੈਂਦੇ ਨੇ, ਲੱਤਾਂ ਦਾ ਮਾਸ ਕੱਢ ਲਿਆ। ਬਾਹਰ ਆ ਗਿਆ ਤੇ ਪਿਆ

ਹੈ, ਹਿਲਦਾ ਜੁਲਦਾ ਨਹੀਂ। ਕਾਂ ਉਡਿਆ ਤੇ ਆ ਕੇ ਮੱਥੇ ਤੇ ਬੈਠ ਗਿਆ - ਇਹ ਦੇਖਣ ਵਾਸਤੇ ਕਿ ਇਹ ਸੱਚੀਂ ਮਰ ਗਿਆ? ਜਦੋਂ ਉਹ ਮੱਥੇ ਤੇ ਬੈਠ ਕੇ ਅੱਖ ਵੱਲ ਆਉਣ ਨੂੰ ਤਿਆਰ ਹੋਇਆ ਤਾਂ ਉਸ ਵੇਲੇ ਬਾਬੇ ਫਰੀਦ ਨੇ ਬਾਂਹ ਹਿਲਾ ਦਿੱਤੀ ਤੇ ਨਾਲ ਦੀ ਨਾਲ ਬੇਨਤੀ ਕਰੀ-

*ਧਾਰਨਾ - ਓ ਕਾਗਾ,*
*ਇਹ ਦੋਇ ਨੈਣਾਂ ਮੱਤ ਛੇੜਿਓ-2.*
*ਮੈਨੂੰ ਪਿਰ ਦੇਖਣ ਕੀ ਆਸ -2, 2.*
*ਓ ਕਾਗਾ,................ -2.*

*ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥*
*ਏ ਦੁਇ ਨੈਨਾ ਮਤਿ ਛੁਹਉ*
*ਪਿਰ ਦੇਖਨ ਕੀ ਆਸ ॥ ਅੰਗ - 1382*

ਫਰੀਦ ਜੀ ਦੀ ਐਸੀ ਘੋਰ ਤਪੱਸਿਆ ਸੁਣ ਕੇ ਬਹੁਤ ਸਾਰੇ ਪੀਰ ਜਿਹੜੇ ਉਥੇ ਤਪੱਸਿਆ ਕਰਦੇ ਸਨ...... ਕਿਉਂਕਿ ਇਕ ਜ਼ੋਹਦ ਹੁੰਦੀ ਹੈ, ਦੂਸਰੀ ਇਬਾਦਤ ਹੁੰਦੀ ਹੈ। ਇਬਾਦਤ ਦਾ ਬਹੁਤ ਵੱਡਾ ਫਲ ਹੈ ਇਸ ਨੂੰ ਭਗਤੀ ਕਹਿੰਦੇ ਨੇ। ਤਪ ਦਾ ਫਲ ਬਹੁਤ ਘੱਟ ਹੈ, ਭਗਤੀ ਦਾ ਫਲ ਹਜ਼ਾਰਾਂ ਗੁਣਾ ਵੱਧ ਹੋਇਆ ਕਰਦਾ ਹੈ। ਸਹਿਜ ਨਾਲ ਘਰ ਵਿਚ ਰਹੋ, ਬਾਲ ਬੱਚੇ ਪਾਲੋ, ਨੌਕਰੀਆਂ ਕਰੋ, ਕਾਰੋਬਾਰ ਕਰੋ, ਅਨਾਜ ਉਗਾਓ, ਸਭ ਕੁਝ ਕਰੋ, ਬੱਚੇ ਪੜ੍ਹਾਓ, ਡਾਕਟਰੀਆਂ ਕਰੋ। ਭਗਤੀ ਹੁੰਦੀ ਹੈ ਨੌ ਪ੍ਰਕਾਰ ਦੀ। ਉਸ ਦਾ ਫਲ ਬਹੁਤ ਜ਼ਿਆਦਾ ਹੁੰਦਾ ਹੈ। ਤਪ ਤੇ ਭਗਤੀ ਦਾ ਐਨਾ ਹੀ ਫਰਕ ਹੈ ਕਿ ਇਕ ਹੀਰੇ ਦਾ ਵਪਾਰੀ ਹੈ ਤੇ ਇਕ ਲਕੜਾਂ ਦਾ ਵਪਾਰ ਕਰਦਾ ਹੈ। ਲਕੜਾਂ ਵਾਲਾ ਕਿੰਨੀ ਖੇਚਲ ਕਰਦਾ ਹੈ - ਲਕੜਾਂ ਵੱਢ ਕੇ ਲਿਆਉਂਦਾ ਹੈ, ਚੀਰਦਾ ਹੈ, ਫੇਰ ਵੇਚਦਾ ਹੈ। ਹੀਰਾ ਇਕ ਵਿਕ ਜਾਵੇ ਤਾਂ ਕਿੰਨਾ ਲਾਭ ਹੋ ਜਾਂਦਾ ਹੈ। ਸੋ ਜਿਹੜੀ ਭਗਤੀ ਹੈ ਉਸ ਦਾ ਫਲ ਜਿਆਦਾ ਹੈ ਤੇ ਹਠ ਜਾਂ ਤਪ ਦਾ ਫਲ ਬਹੁਤ ਘੱਟ ਹੈ। ਰਿਧੀਆਂ ਸਿਧੀਆਂ ਤਾਂ ਆ ਜਾਂਦੀਆਂ ਨੇ ਪਰ ਰੱਬ ਦੇ ਰਾਹ ਤੇ ਨਹੀਂ ਤੁਰ ਸਕਦਾ। ਬਹੁਤ ਸਾਰੇ ਪੀਰ, ਬਾਬੇ ਫਰੀਦ ਦੇ ਦਰਸ਼ਨਾਂ ਨੂੰ ਆਉਂਦੇ ਨੇ। ਕਹਿੰਦੇ ਬਹੁਤ ਤਪ ਹੈ, ਐਡਾ ਤਪ ਨਹੀਂ ਕਿਸੇ ਨੇ ਕਰਿਆ।

ਇਕ ਮਹਾਤਮਾ ਆ ਗਏ, ਉਹ ਵੀ ਪੀਰ ਸਨ ਤੇ ਕਰਨੀ ਕਮਾਈ ਵਾਲੇ ਸਨ। ਉਨ੍ਹਾਂ ਨੇ ਪੁਛਿਆ ਕਿ ਫਰੀਦ ਦੀ ਗੱਲ ਚਲਦੀ ਹੈ, ਚਲੋ ਦੇਖ ਕੇ ਆਈਏ ਕਿ ਕਿੰਨਾ ਕੁ ਤਪ ਕਰ ਰਿਹਾ ਹੈ। ਉਹ ਨੇੜੇ ਆ ਗਿਆ, ਫਰੀਦ ਪਿਆ ਸੀ ਤੇ ਨਾਲ ਹੀ ਮੁਕਾਮ ਸੀ, ਉਨ੍ਹਾਂ ਦਾ ਟਿਕਾਣਾ, ਤਕੀਆ ਸੀ। ਜਦੋਂ ਪਤਾ ਲੱਗਿਆ ਕਿ ਫਲਾਣੇ ਪੀਰ ਆਏ ਨੇ ਤਾਂ ਉਨ੍ਹਾਂ ਨੇ ਲਿਆ ਕੇ ਕੁਰਸੀ ਡਾਹ ਦਿੱਤੀ ਬੈਠਣ ਲਈ ਪੀਰ ਨੂੰ - ਬਾਬੇ ਫਰੀਦ ਦੇ ਕੋਲ। ਉਨ੍ਹਾਂ ਨੇ ਦੇਖਿਆ ਹਾਲ ਚਾਲ, ਕਹਿਣ ਲੱਗੇ ਕਿ ਫਰੀਦਾ! ਕੀ ਗੱਲ ਹੈ? ਫਰੀਦ ਕਹਿਣ ਲੱਗਿਆ ਕਿ ਮੇਰਾ ਤਾਂ ਤਨ ਤਪ ਰਿਹਾ ਹੈ -

*ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨ੍ਹਿ ॥ ਅੰਗ - 1385*

ਬਾਲਣ ਵਾਂਗ ਮੇਰੇ ਹੱਡ ਜਲ ਰਹੇ ਨੇ ਪਰ ਮੈਨੂੰ ਆਸ ਹੈ ਕਿ ਮੈਂ ਰੱਬ

ਨੂੰ ਮਿਲਾਂ।

***ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ੍॥ ਅੰਗ - 1385***

ਜੇ ਮੈਨੂੰ ਪਿਰ ਮਿਲ ਜਾਵੇ, ਪਿਆਰਾ ਮਿਲ ਜਾਵੇ ਤਾਂ ਮੈਂ ਜੇ ਪੈਰਾਂ ਨਾਲ ਥੱਕ ਜਾਵਾਂ ਤਾਂ ਸਿਰ ਭਾਰ ਚੱਲ ਪਵਾਂ। ਕਹਿਣ ਲੱਗੇ ਕਿ ਫਰੀਦਾ! ਖੇਚਲ ਤੂੰ ਬਹੁਤ ਸਹੀ ਹੈ ਪਰ ਤੈਨੂੰ ਰਾਹ ਨਹੀਂ ਲਭਿਆ। ਕਿਥੇ ਕੁ ਪਹੁੰਚਿਆ ਹੈਂ? ਫਰੀਦ ਨੇ ਨਿਗਾਹ ਕਰ ਦਿੱਤੀ ਤਾਂ ਪੀਰ ਦੀ ਕੁਰਸੀ ਹਵਾ ਵਿਚ ਉਡਣ ਲੱਗ ਗਈ, ਪੰਜ ਫੁੱਟ ਉਚਾ ਚਲਿਆ ਗਿਆ। ਪੀਰ ਨੇ ਦੇਖਿਆ ਕਿ ਰਿਧੀਆਂ ਸਿਧੀਆਂ ਨੇ ਏਹਦੇ ਕੋਲ ਬਹੁਤ। ਉਸ ਨੇ ਹੱਥ ਮਾਰਿਆ ਕੁਰਸੀ ਤੇ ਤਾਂ ਕੁਰਸੀ ਥੱਲੇ ਆ ਗਈ।

ਫਰੀਦ ਕਹਿਣ ਲੱਗਿਆ, "ਪੀਰ ਜੀ! ਕੋਈ ਗੱਲ ਦਸੋ।"

ਕਹਿੰਦੇ, "ਗੱਲ ਤੈਨੂੰ ਕੀ ਦੱਸਣੀ ਹੈ? ਤੂੰ ਅਜੇ ਕਿਤੇ ਵੀ ਨਹੀਂ ਪਹੁੰਚਿਆ। ਕਿੰਨੇ ਸਾਲ ਹੋ ਗਏ?"

ਕਹਿੰਦਾ, "ਚੌਵੀ ਸਾਲ ਹੋ ਗਏ।"

ਕਹਿਣ ਲੱਗੇ ਕਿ ਤੂੰ ਤਾਂ ਕਿਤੇ ਵੀ ਨਹੀਂ ਪਹੁੰਚਿਆ ਅਜੇ। ਜਿਥੇ ਰੱਬ ਹੈ, ਤੂੰ ਉਥੇ ਤਲਾਸ਼ ਨਹੀਂ ਕਰਦਾ। ਤੂੰ ਮੁਰਸ਼ਦ-ਏ-ਕਾਮਲ ਦੀ ਸ਼ਰਨ ਵਿਚ ਜਾਹ - ਪੂਰੇ ਸਮਰੱਥ ਗੁਰੂ ਦੀ। ਗੁਰੂ ਮਹਾਰਾਜ ਜੀ ਲਿਖਦੇ ਨੇ ਕਿ -

***ਤਨੁ ਨ ਤਪਾਇ ਤਨੂਰ ਜਿਉ***
***ਬਾਲਣੁ ਹਡ ਨ ਬਾਲਿ॥***
***ਸਿਰਿ ਪੈਰੀ ਕਿਆ ਫੇੜਿਆ***
***ਅੰਦਰਿ ਪਿਰੀ ਨਿਹਾਲਿ॥ ਅੰਗ - 1384***

ਤੇਰੇ ਤਾਂ ਅੰਦਰ ਨਿਹਾਲ, ਖੁਸ਼ੀ, ਖੇੜੇ ਵਿਚ ਬੈਠਾ ਉਡੀਕ ਰਿਹਾ ਹੈ ਤੈਨੂੰ। ਇਕ ਕਹਾਵਤ ਇਤਿਹਾਸ ਵਿਚ ਆਉਂਦੀ ਹੈ। ਉਸ ਲਿਖਣ ਵਾਲੇ ਨੇ ਆਪਣੇ ਹਿਸਾਬ ਨਾਲ ਲਿਖੀ ਸੀ, ਅਸੀਂ ਆਪਣੇ ਹਿਸਾਬ ਨਾਲ ਸਮਝਦੇ ਹਾਂ। ਉਸ ਨੇ ਲਿਖਿਆ ਹੈ ਕਿ ਗੁਰੂ ਦਸਵੇਂ ਪਾਤਸ਼ਾਹ ਸਿੱਖ ਨੂੰ ਹਜ਼ੂਰ ਸਾਹਿਬ ਉਡੀਕਦੇ ਨੇ। ਮੈਂ ਤਾਂ ਮੰਨਦਾ ਨਹੀਂ, ਮੈਂ ਤਾਂ ਕਹਿੰਦਾ ਹਾਂ ਕਿ ਗੁਰੂ ਦਸਵੇਂ ਪਾਤਿਸ਼ਾਹ ਹਰ ਥਾਂ ਤੇ ਹਾਜ਼ਰ ਨੇ। ਫੇਰ ਅਸੀਂ ਕਾਹਦੇ ਜੋਗੇ ਰਹਿ ਗਏ ਜੇ ਉਹ ਹਜ਼ੂਰ ਸਾਹਿਬ ਰਹਿੰਦੇ ਨੇ। ਕਈਆਂ ਨੇ ਲਿਖ ਦਿੱਤਾ ਕਿ ਤਿੰਨ ਪਹਿਰ ਉਥੇ ਰਹਿਣਗੇ ਤੇ ਚੌਥਾ ਪਹਿਰ ਏਥੇ ਆਉਣਗੇ। ਆਪਣੀ-ਆਪਣੀ ਸ਼ਰਧਾ ਹੈ -

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥ ਅੰਗ - 394***

ਹਰ ਬੰਦੇ ਦੇ ਨਾਲ ਗੁਰੂ ਹੈ -

***ਘਟ ਘਟ ਕੇ ਅੰਤਰ ਕੀ ਜਾਨਤ॥***
***ਭਲੇ ਬੁਰੇ ਕੀ ਪੀਰ ਪਛਾਨਤ॥ (ਚੌਪਈ)***

ਹਰੇਕ ਦੇ ਦਿਲ ਦੀ ਗੱਲ ਜਾਣਦੇ ਨੇ। ਆਪਣਾ ਆਪਣਾ ਖਿਆਲ ਹੈ। ਉਹ ਕਹਿਣ ਲੱਗੇ ਕਿ ਪਿਆਰਿਆ! ਪ੍ਰਮੇਸ਼ਰ ਨੂੰ ਪਹਿਲਾਂ ਦੇਖ ਕਿ ਉਹ ਕਿਥੇ ਮਿਲਦਾ ਹੈ। ਤੈਨੂੰ ਤਾਂ ਕਿਸੇ ਨੇ ਗਲਤ ਰਸਤੇ ਪਾ ਦਿੱਤਾ, ਇਉਂ ਤਾਂ ਰੱਬ ਮਿਲਣਾ ਨਹੀਂ। ਤੂੰ ਤਲਾਸ਼ ਵੀ ਓਥੇ ਨਹੀਂ ਕਰ ਰਿਹਾ ਹੈ ਜਿਥੇ ਰੱਬ ਹੈ। ਸੋ ਮਹਾਰਾਜ ਜੀ ਕਹਿੰਦੇ –

***ਇਹੁ ਸਰੀਰੁ ਸਭੁ ਧਰਮੁ ਹੈ***
***ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥***

***ਅੰਗ – 309***

ਇਹ ਸਰੀਰ ਧਰਮ ਕਮਾਉਣ ਵਾਸਤੇ ਮਿਲਿਆ ਹੈ ਤੇ ਇਸ ਦੇ ਵਿਚ ਵਾਹਿਗੁਰੂ ਦੀ ਜੋਤ ਹੈ। ਐਨਾ ਤਾਂ ਆਪਾਂ ਮੰਨ ਲਈਏ ਕਿ ਵਾਹਿਗੁਰੂ ਸਾਨੂੰ ਲੱਭਣਾ ਨਹੀਂ ਪੈਣਾ ਜੰਗਲਾਂ ਵਿਚ ਜਾ ਕੇ –

***ਗੁਹਜ ਰਤਨ ਵਿਚਿ ਲੁਕਿ ਰਹੇ***
***ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥ ਅੰਗ – 309***

ਗੁਰਮੁਖ ਦੇ ਨਾਲ ਮਿਲ ਕੇ ਉਸ ਦੇ ਦੱਸੇ ਅਨੁਸਾਰ ਅਸੀਂ ਉਹ ਚੀਜ਼ ਕਢ ਸਕਦੇ ਹਾਂ ਜਿਸ ਨੂੰ ਪ੍ਰਮੇਸ਼ਰ ਕਹਿੰਦੇ ਨੇ। ਹੈ ਤਾਂ ਨੇੜੇ ਹੀ, ਦੂਰ ਨਹੀਂ ਹੈ, ਬਿਲਕੁਲ ਨਾਲ ਹੈ। ਘਰ ਹੁੰਦੀ ਚੀਜ਼ ਦਾ ਸਾਨੂੰ ਪਤਾ ਨਹੀਂ ਹੈ, ਬਾਹਰ ਢੂੰਡਦੇ ਫਿਰਦੇ ਹਾਂ। ਉਸ ਵੇਲੇ ਉਸ ਨੇ ਕਿਹਾ ਕਿ ਪਿਆਰਿਆ! ਤੇਰਾ ਰਸਤਾ ਗਲਤ ਹੈ। ਇਹ ਕਹਿਣ ਲੱਗਿਆ ਕਿ ਪੀਰ ਜੀ! ਫੇਰ ਮੈਨੂੰ ਰਾਹ ਦੱਸ ਕੇ ਹੀ ਜਾਇਓ। ਉਹ ਕਹਿਣ ਲੱਗੇ ਕਿ ਜਿਹੜਾ ਰਾਹ ਹੈ, ਉਹ ਧਿਆਨ ਨਾਲ ਸੁਣ –

***ਧਾਰਨਾ – ਮਨ ਖੋਜ ਲੈ ਗੁਰਾਂ ਨੂੰ ਮਿਲ ਕੇ,***
***ਅੰਦਰ ਤੇਰੇ ਰੱਬ ਵਸਦਾ –2, 2.***

***ਤਨੁ ਨ ਤਪਾਇ ਤਨੂਰ ਜਿਉ***
***ਬਾਲਣੁ ਹਡ ਨ ਬਾਲਿ॥***
***ਸਿਰਿ ਪੈਰੀ ਕਿਆ ਫੇੜਿਆ***
***ਅੰਦਰਿ ਪਿਰੀ ਨਿਹਾਲਿ॥***
***ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ॥***
***ਨਾਨਕ ਅਲਖੁ ਨ ਲਖੀਐ***
***ਗੁਰਮੁਖਿ ਦੇਇ ਦਿਖਾਲਿ॥ ਅੰਗ – 1384***

ਕਿਸੇ ਗੁਰਮੁਖ ਦੀ ਸ਼ਰਨ ਵਿਚ ਜਾਹ, ਮੁਰਸ਼ਦ–ਏ–ਕਾਮਲ ਦੀ ਸ਼ਰਨ ਵਿਚ ਜਾਹ! ਉਸ ਦੇ ਕੋਲ ਕੁੰਜੀ ਹੈ, ਹੋਰ ਕਿਸੇ ਕੋਲ ਕੁੰਜੀ ਨਹੀਂ ਹੁੰਦੀ –

***ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥***
***ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥ ਅੰਗ – 1237***

ਉਸ ਵੇਲੇ ਰਸਤਾ ਮੋੜ ਲਿਆ ਬਾਬੇ ਫਰੀਦ ਨੇ। ਠੀਕ ਹੋਇਆ, ਕੁਝ ਦਿਨਾਂ ਵਿਚ ਤੁਰਨ–ਫਿਰਨ ਦੀ ਤਾਕਤ ਆਈ। ਉਸ ਵੇਲੇ ਗੁਰੂ ਦੀ ਤਲਾਸ਼

ਵਿਚ ਫਿਰ ਰਿਹਾ ਹੈ ਪਰ ਮਨ ਵਿਚ ਇਹ ਹੈ ਕਿ ਮੈਂ ਗੁਰੂ ਦੇਖ ਕੇ ਕਰਨਾ ਹੈ। ਗੁਰੂ ਨੂੰ ਤਾਂ ਕੋਈ ਪਰਖ ਨਹੀਂ ਸਕਦਾ। ਸਾਧ ਸੰਗਤ ਜੀ! ਸਾਨੂੰ ਤਾਂ ਪਤਾ ਹੀ ਨਹੀਂ ਕਿ ਗੁਰੂ ਕਿਵੇਂ ਪਰਖੀਦਾ ਹੈ। ਗੁਰੂ ਜਾਣਦਾ ਹੈ ਕਿ ਇਹ ਪੂਰਾ ਆਇਆ ਹੈ ਜਾਂ ਅਧੂਰਾ ਆਇਆ ਹੈ, ਵਸਤ ਪਾਉਣੀ ਹੈ ਇਸ ਦੇ ਪੱਲੇ ਜਾਂ ਨਹੀਂ ਪਾਉਣੀ। ਫਿਰਦਾ ਫਿਰਦਾ ਦਿੱਲੀ ਚਲਿਆ ਗਿਆ। ਉਥੇ ਬਖਤਿਆਰ ਕਾਕੀ ਬਹੁਤ ਉਚ ਕੋਟੀ ਦੇ ਮਹਾਤਮਾ ਹੋਏ ਨੇ, ਮੋਇਉਦੀਨ ਦੇ ਉਹ ਮੁਰੀਦ ਸਨ। ਪੂਰੇ ਸੀ ਉਹ ਆਪਣੇ ਸਮੇਂ ਵਿਚ। ਅਜਮੇਰ ਵਾਲੇ ਕਹਿੰਦੇ ਨੇ ਉਨ੍ਹਾਂ ਨੂੰ। ਉਥੇ ਗਿਆ ਤਾਂ ਪਤਾ ਕਰਿਆ ਕਿ ਖਵਾਜਾ ਜੀ ਕਿਥੇ ਨੇ। ਉਹ ਕਹਿੰਦੇ ਕਿ ਉਹ ਬਾਲਕਾਂ ਨਾਲ ਖੇਡ ਰਹੇ ਨੇ। ਉਨ੍ਹਾਂ ਨੇ ਗੇਂਦ ਮਾਰੀ ਉਪਰ ਨੂੰ, ਬਾਬੇ ਫਰੀਦ ਨੇ ਨਿਗ੍ਹਾ ਕਰਕੇ ਉਤੇ ਹੀ ਰੋਕ ਦਿੱਤੀ। ਉਨ੍ਹਾਂ ਨੇ ਦੇਖਿਆ ਕਿ ਕੌਣ ਆ ਗਿਆ ਇਹ ਗੇਂਦ ਰੋਕਣ ਵਾਲਾ? ਉਨ੍ਹਾਂ ਨੇ ਦੇਖ ਲਿਆ ਕਿ ਓਹ ਬੰਦਾ ਨਵਾਂ ਆਇਆ ਹੈ। ਗੇਂਦ ਹੇਠਾਂ ਲਾਹ ਲਈ ਤੇ ਬੱਚਿਆਂ ਨੂੰ ਕਿਹਾ ਕਿ ਜਾਓ ਤੁਸੀਂ।

ਕਹਿਣ ਲੱਗੇ, "ਉਰੇ ਆ! ਕੀ ਗੱਲ ਹੈ ਪ੍ਰੇਮੀਆਂ?"

ਕਹਿੰਦਾ, "ਜੀ! ਮੈਂ ਮੁਰਸ਼ਦ ਧਾਰਨ ਕਰਨ ਆਇਆ ਹਾਂ।"

ਕਹਿੰਦੇ, "ਇਉਂ ਆਈਦਾ ਹੁੰਦਾ ਹੈ? ਤੂੰ ਤਾਂ ਮੁਰਸ਼ਦ ਬਣਨ ਆਇਆ ਹੈਂ, ਧਾਰਨ ਤਾਂ ਨਹੀਂ ਆਇਆ। ਇਉਂ ਨਹੀਂ ਹੁੰਦਾ ਪਿਆਰਿਆ! ਗੁਰੂ ਏਸ ਤਰ੍ਹਾਂ ਨਹੀਂ ਧਾਰੀਦਾ ਹੁੰਦਾ, ਇਹ ਕੋਈ ਤਰੀਕਾ ਨਹੀਂ ਹੈ। ਜਾਹ! ਤੂੰ ਨਹੀਂ ਫਿੱਟ।"

ਦੁਬਾਰਾ ਫੇਰ ਕਾਫੀ ਦਿਨਾਂ ਬਾਅਦ ਆਇਆ। ਮਨ ਵਿਚ ਸੋਚਿਆ ਕਿ ਹੁਣ ਮੈਂ ਚਰਨ ਫੜ ਲੈਣੇ ਨੇ ਤੇ ਛੱਡਣੇ ਹੀ ਨਹੀਂ। ਉਦੋਂ ਜੇਠ ਦਾ ਮਹੀਨਾ ਸੀ, ਪੀਰ ਜੀ ਇਕ ਸੁੱਕੇ ਹੋਏ ਦਰਖਤ ਥੱਲੇ ਬੈਠੇ ਸਨ, ਧੁੱਪ ਪੈ ਰਹੀ ਸੀ ਉਨ੍ਹਾਂ ਦੇ ਸਰੀਰ ਤੇ। ਢਲ ਕੇ ਪਰਛਾਵਾਂ ਦੂਜੇ ਪਾਸੇ ਚਲਾ ਗਿਆ। ਇਸ ਨੇ ਸੋਚਿਆ ਕਿ ਛਾਂ ਵਿਚ ਬੈਠੇ ਹੋਣਗੇ, ਸਮਾਧੀ ਲੱਗ ਗਈ ਤੇ ਹੁਣ ਧੁੱਪ ਕਿੰਨੀ ਪੈ ਰਹੀ ਹੈ, ਧਰਤੀ ਜਲ ਰਹੀ ਹੈ। ਬਾਬੇ ਫਰੀਦ ਨੇ ਦਰਖਤ ਵੱਲ ਦੇਖਿਆ, ਤਾਂ ਦਰਖਤ ਹਰਾ ਕਰ ਦਿੱਤਾ। ਜਦੋਂ ਉਨ੍ਹਾਂ ਨੂੰ ਠੰਢ ਮਹਿਸੂਸ ਹੋਈ, ਨੇਤਰ ਖੋਲ੍ਹੇ, ਉਪਰ ਦੇਖਿਆ ਤਾਂ ਦਰਖਤ ਹਰਾ ਹੈ। ਸਾਹਮਣੇ ਦੇਖਿਆ ਤਾਂ ਫੇਰ ਓਹੀ ਖੜ੍ਹਾ ਹੈ। ਦਰਖਤ ਵੱਲ ਦੇਖਿਆ ਤਾਂ ਦਰਖਤ ਫੇਰ ਓਹੋ ਜਿਹਾ ਹੀ ਬਣਾ ਦਿੱਤਾ।

ਕਹਿੰਦੇ, "ਕੀ ਗੱਲ ਹੈ? ਹੁਣ ਕਿਉਂ ਆਇਆ ਹੈਂ ਤੂੰ?"

ਕਹਿਣ ਲੱਗਿਆ, "ਜੀ! ਮੈਂ ਮੁਰਸ਼ਦ ਧਾਰਨਾ ਹੈ, ਕਿਰਪਾ ਕਰੋ ਮੇਰੇ ਤੇ।" ਜਾ ਕੇ ਚਰਨ ਫੜ ਲਏ।

ਕਹਿੰਦੇ, "ਇਹ ਤਰੀਕਾ ਨਹੀਂ ਹੋਇਆ ਕਰਦਾ ਮੁਰਸ਼ਦ ਧਾਰਨ ਕਰਨ ਦਾ। ਜੇ ਮੁਰਸ਼ਦ ਧਾਰਨਾ ਹੈ ਤਾਂ ਤੈਨੂੰ ਜੀਵਨ ਬਦਲਣਾ ਪੈਣਾ ਹੈ। ਇਹ ਰਿਧੀਆਂ ਸਿਧੀਆਂ ਸਭ ਪਰੇ ਸੁੱਟ ਦੇ ਚੁੱਕ ਕੇ, ਤਾਕਤਾਂ ਸੁੱਟ ਦੇ, ਜਿਹੜਾ

ਹੁਣ ਤੱਕ ਤੈਨੂੰ ਗਿਆਨ ਹੋਇਆ ਹੈ ਉਸ ਤੋਂ ਖਾਲੀ ਹੋ ਜਾ। ਏਸ ਤਰ੍ਹਾਂ ਨਹੀਂ ਹੋਇਆ ਕਰਦਾ।"

ਕਹਿੰਦਾ, "ਮਹਾਰਾਜ! ਆਪ ਕਿਰਪਾ ਕਰਕੇ ਦੱਸ ਦਿਓ, ਮੈਂ ਕਿਹੋ ਜਿਹੀ ਜ਼ਿੰਦਗੀ ਜੀਵਾਂ। ਮੈਂ ਜੰਗਲਾਂ ਵਿਚ ਰਿਹਾ ਹਾਂ, ਚੌਵੀ ਸਾਲ ਮੈਨੂੰ ਲੰਘ ਗਏ ਤੇ ਮੈਨੂੰ ਕੁਝ ਨਹੀਂ ਪਤਾ, ਅਠਾਰਾਂ ਸਾਲਾਂ ਦਾ ਮੈਂ ਘਰੋਂ ਨਿਕਲ ਆਇਆ ਸੀ ਤੇ ਮੈਨੂੰ ਏਸ ਤਰ੍ਹਾਂ ਕਿਸੇ ਨੇ ਜਾਚ ਨਹੀਂ ਸਿਖਾਈ।"

ਕਹਿਣ ਲੱਗੇ, ਤੂੰ ਆਪਣੇ ਅਭਿਮਾਨ ਵਿਚ ਰਿਹਾ ਹੈਂ ਕਿ ਮੈਂ ਤਪ ਕਰ ਰਿਹਾ ਹਾਂ – ਰੱਬ ਨੂੰ ਪ੍ਰਗਟ ਕਰਨ ਲਈ। ਪਿਆਰਿਆ! ਇਉਂ ਰੱਬ ਨਹੀਂ ਮਿਲਿਆ ਕਰਦਾ –

***ਧਾਰਨਾ – ਮੁਰਦਾ ਹੋਇ ਕੇ,***
***ਮੁਰੀਦ ਬਣ ਜਾਵਣਾ –2, 2.***
***ਮੁਰਦਾ ਹੋਇ ਕੇ,***
***ਮੁਰੀਦ ਬਣ ਜਾਵਣਾ –2, 4.***

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ। ਭਾਈ ਗੁਰਦਾਸ ਜੀ ਦੀ ਵਾਰ 3/18***

ਸਬਰ ਹੋਣਾ ਚਾਹੀਦਾ ਹੈ। ਸ਼ਕਤੀਆਂ ਬੇਅੰਤ ਪ੍ਰਾਪਤ ਹੋ ਜਾਂਦੀਆਂ ਨੇ, ਮੁੜ ਕੇ ਦਿਖਾਵੇ ਨਾ ਕੋਈ। ਜਿਹੜਾ ਸਾਂਭ ਲਵੇ ਉਹ ਸਾਬਰ ਕਹਾਉਂਦਾ ਹੈ। ਸਿਦਕ ਹੋਣਾ ਚਾਹੀਦਾ ਹੈ ਕਿ ਮੇਰਾ ਮੁਰਸ਼ਦ ਆਪ ਖੁਦਾ ਹੈ, ਆਪ ਵਾਹਿਗੁਰੂ ਹੈ –

***ਗੁਰੁ ਪਰਮੇਸਰੁ ਏਕੋ ਜਾਣੁ॥ ਅੰਗ – 864***

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ॥ ਅੰਗ – 442***

ਸਿਦਕ ਵਿਚ ਪੂਰਾ ਹੋਵੇ। ਏਸ ਤਰ੍ਹਾਂ ਦੇ ਨਾਲ –

***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***
***ਭਾਈ ਗੁਰਦਾਸ ਜੀ ਦੀ ਵਾਰ 3/18***

ਏਸ ਤਰ੍ਹਾਂ ਦੇ ਨਾਲ –

***ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ।***
***ਚੰਦ ਮੁਮਾਰਖ ਈਦ ਪੁਗ ਖਲੋਵਣਾ॥***
***ਭਾਈ ਗੁਰਦਾਸ ਜੀ ਦੀ ਵਾਰ 3/18***

ਫੇਰ ਮੁਬਾਰਕਾਂ ਮਿਲਦੀਆਂ ਨੇ ਉਸ ਨੂੰ ਜਿਹੜਾ ਏਸ ਤਰ੍ਹਾਂ ਦਾ ਜੀਵਨ ਧਾਰ ਲਵੇ, ਫੇਰ ਪ੍ਰਮੇਸ਼ਰ ਮਿਲ ਜਾਂਦਾ ਹੈ। ਸੋ ਕਹਿਣ ਲੱਗੇ ਕਿ ਫਰੀਦਾ! ਜੇ ਇਸ ਰਾਹ ਤੇ ਚਲਣਾ ਹੈ ਤਾਂ ਮਰਨਾ ਕਬੂਲ ਕਰ ਲੈ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***

***ਅੰਗ – 1102***

ਸਿੱਖੀ ਇਹੋ ਜਿਹੀ ਨਹੀਂ ਹੈ – ਸਸਤੀ ਜਿਹੀ। ਮਹਾਰਾਜ ਜੀ ਕਹਿੰਦੇ –

***ਸੋ ਸਿਖੁ ਸਖਾ ਬੰਧਪੁ ਹੈ ਭਾਈ***
***ਜਿ ਗੁਰ ਕੇ ਭਾਣੇ ਵਿਚਿ ਆਵੈ॥ ਅੰਗ – 601***

ਜਿਹੜਾ ਕੁਝ ਗੁਰੂ ਕਹਿੰਦਾ ਹੈ ਉਹ ਕਰੇ, ਆਪਣੀ ਮਰਜ਼ੀ ਨਾ ਕਰੇ –

***ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥***

***ਅੰਗ – 601***

ਉਹ ਸਿਖ ਹੀ ਨਹੀਂ ਹੈ, ਜਿਹੜਾ ਆਪਣੀ ਮਰਜ਼ੀ ਨਾਲ ਚਲਦਾ ਹੈ, ਗੁਰੂ ਦੀ ਮਰਜ਼ੀ ਨਹੀਂ ਚਲਣ ਦਿੰਦਾ। ਸੋ ਏਸ ਤਰ੍ਹਾਂ ਚੌਦਾਂ ਸਾਲ ਅਣਥੱਕ ਸੇਵਾ ਕੀਤੀ। ਰੋਜ਼ ਮੁਰਸ਼ਦ ਦਾ ਇਸ਼ਨਾਨ ਕਰਾਉਣਾ, ਲੱਕੜਾਂ ਲੈ ਕੇ ਆਉਣੀਆਂ, ਬਰਤਨ ਮਾਂਜਣੇ, ਪਾਣੀ ਢੋਣਾ; ਦਿਨ ਰਾਤ ਸੇਵਾ ਕਰਦਾ ਹੈ ਜਾਂ ਸਿਮਰਨ ਕਰਦਾ ਹੈ। ਸੇਵਾ ਤੇ ਸਿਮਰਨ ਦੋ ਫੰਗ (ਖੰਭ) ਨੇ, ਜਿਵੇਂ ਹਵਾਈ ਜਹਾਜ਼ ਉਡਦਾ ਹੈ ਇਉਂ ਪ੍ਰਮੇਸ਼ਰ ਦੇ ਦਰ ਤੇ ਜਗਿਆਸੂ ਜਾ ਪਹੁੰਚਦਾ ਹੈ ਸੇਵਾ ਤੇ ਸਿਮਰਨ ਨਾਲ। ਏਸ ਤਰ੍ਹਾਂ ਕਰਦੇ ਕਰਦੇ ਚੌਦਾਂ ਸਾਲ ਲੰਘ ਗਏ। ਹਰ ਮਹਾਤਮਾ ਇਮਤਿਹਾਨ ਲਿਆ ਕਰਦਾ ਹੈ। ਜਿਹੜਾ ਤਾਂ ਦੇਖਦਾ ਹੈ ਕਿ ਮੁਰੀਦ ਕਾਬਲ ਨੇ, ਉਨ੍ਹਾਂ ਦਾ ਇਮਤਿਹਾਨ ਤਾਂ ਲੈ ਲੈਂਦਾ ਹੈ। ਜੇ ਦੇਖੇ ਕਿ ਸਭ ਨਾਲਾਇਕ ਨੇ, ਫੇਰ ਉਹ ਸੋਚਦਾ ਹੈ ਕਿ ਆਪਾਂ ਕਾਹਨੂੰ ਸਮਾਂ ਬਰਬਾਦ ਕਰਨਾ ਹੈ, ਛੱਡ ਵੀ ਦਿੰਦੇ ਨੇ ਸੰਤ। ਜੇ ਪੁਛੋ ਕਿ ਆਪ ਦੀ ਥਾਂ ਕੋਈ ਥਾਪਿਆ ਹੈ? ਤਾਂ ਕਹਿੰਦੇ ਆਪੇ ਨਿਕਲ ਆਏਗਾ ਜਿਹੜਾ ਹੋਏਗਾ ਕਿਉਂਕਿ ਉਸ ਵੇਲੇ ਨਜ਼ਰ ਵਿਚ ਨਹੀਂ ਆਉਂਦਾ ਉਨ੍ਹਾਂ ਦੇ, ਏਸ ਕਰਕੇ ਉਹ ਇਹ ਪਰਚਾ ਹੀ ਨਹੀਂ ਪਾਉਂਦੇ। ਜੇ ਨਜ਼ਰ ਆਉਂਦਾ ਹੋਵੇ ਫੇਰ ਪਰਚਾ ਪੈਂਦਾ ਹੈ।

ਨਿਜ਼ਾਮੁਦੀਨ ਔਲੀਆ ਬਾਬੇ ਫਰੀਦ ਤੋਂ ਤੀਸਰੇ ਥਾਂ ਸੀ। ਦਿੱਲੀ ਵਿਚ ਉਨ੍ਹਾਂ ਦਾ ਸਥਾਨ ਬਣਿਆ ਹੋਇਆ ਹੈ। ਆਪ ਸਾਰੀ ਉਮਰ ਵਿਚ ਦਿੱਲੀ ਨਹੀਂ ਸੀ ਗਏ। ਜਦੋਂ ਦੇਖਿਆ ਕਿ ਹੁਣ ਮੈਂ ਕਿਸੇ ਨੂੰ ਇਸ ਗੱਦੀ ਤੇ ਬਿਠਾਉਣਾ ਹੈ, ਨਿਗ੍ਹਾ ਮਾਰ ਕੇ ਦੇਖਿਆ ਤਾਂ 32 ਚੇਲੇ ਸੀ ਉਨ੍ਹਾਂ ਦੇ, ਜਿਹੜੇ ਕਹਿੰਦੇ ਸੀ ਕਿ ਮੈਂ ਹਾਂ ਇਨ੍ਹਾਂ ਦਾ ਵਾਰਸ, ਇਕ ਤੋਂ ਇਕ ਚੜ੍ਹਦਾ ਸੀ।

ਇਕ ਦਿਨ ਉਹ ਕਹਿਣ ਲੱਗੇ ਕਿ ਅੱਜ ਅਸੀਂ ਸ਼ਹਿਰ ਜਾਣਾ ਹੈ ਤੇ

ਬੱਤੀ ਹੀ ਸਾਡੇ ਨਾਲ ਜਾਣਗੇ। ਜਾਂਦੇ-ਜਾਂਦੇ ਵੇਸਵਾਵਾਂ ਦੇ ਬਜ਼ਾਰ ਵਿਚ ਜਾ ਵੜੇ। ਉਹ ਇਕ ਦੂਜੇ ਨੂੰ ਦੇਖਣ ਲੱਗ ਗਏ ਕਿ ਮਹਾਤਮਾ ਨੂੰ ਪਤਾ ਨਹੀਂ ਕਿ ਇਹ ਤਾਂ ਬਜ਼ਾਰ ਵੇਸ਼ਵਾਵਾਂ ਦਾ ਹੈ। ਉਹ ਚੁੱਪ ਕਰ ਰਹੇ ਕਿ ਇਨ੍ਹਾਂ ਦੀ ਮੌਜ ਹੈ। ਅਖੀਰ ਇਕ ਵੇਸ਼ਵਾ ਦੇਖੀ, ਪੌੜੀਆਂ ਚੜ੍ਹੇ ਤੇ ਉਸ ਦੇ ਕਮਰੇ ਵਿਚ ਜਾ ਵੜੇ। ਦ੍ਰਿਸ਼ਟੀ ਕੀਤੀ, ਨਿਰਮਲ ਕਰ ਦਿੱਤੀ ਬੁਧੀ ਉਸੇ ਵੇਲੇ। ਜਿਵੇਂ ਗਨਕਾ ਨੂੰ ਤੋਤਾ ਦੇ ਕੇ ਤਾਰਿਆ, ਐਸੀ ਬਿਰਤੀ ਕਰ ਦਿੱਤੀ ਉਸ ਦੀ। ਉਸ ਨੇ ਚਰਨ ਫੜ ਲਏ ਤੇ ਕਹਿਣ ਲੱਗੀ ਕਿ ਔਲੀਆ! ਮੈਨੂੰ ਕੋਈ ਸੇਵਾ ਦੱਸ। ਤੂੰ ਐਸੇ ਗੰਦੇ ਘਰ ਵਿਚ ਆ ਗਿਆ ਹੈਂ ਤੇ ਇਹ ਹੁਣ ਪਵਿੱਤਰ ਮੰਦਰ ਬਣ ਗਿਆ। ਹੁਣ ਮੈਨੂੰ ਤੂੰ ਸੇਵਾ ਦੱਸ ਕੋਈ।

ਕਹਿਣ ਲੱਗੇ, "ਬੇਟੀ! ਮੈਂ ਇਕ ਸੇਵਾ ਲੈਣੀ ਹੈ, ਥੋੜ੍ਹਾ ਤੈਨੂੰ ਰੂਪਕ ਖੇਡਣਾ ਪੈਣਾ ਹੈ।"

ਕਹਿੰਦੀ, "ਦੱਸੋ!"

ਕਹਿਣ ਲੱਗੇ, "ਦੇਖ! ਮੇਰੇ ਮਗਰ ਬੱਤੀ ਚੇਲੇ ਲੱਗੇ ਹੋਏ ਨੇ, ਮੈਂ ਇਨ੍ਹਾਂ ਨੂੰ ਨਠਾਉਣਾ ਚਾਹੁੰਦਾ ਹਾਂ; ਹੈ ਤੇਰੇ ਕੋਲ ਕੋਈ ਜੁਗਤ?"

ਕਹਿੰਦੀ, "ਔਲੀਆ! ਇਹ ਤਾਂ ਮਾਮੂਲੀ ਗੱਲ ਹੈ। ਮੈਂ ਇਨ੍ਹਾਂ ਦੀ ਸ਼ਰਧਾ ਹੁਣੇ ਤੋੜ ਦਿੰਦੀ ਹਾਂ, ਮਿੰਟ ਲਗਦੇ ਨੇ।"

ਕਹਿੰਦੇ, "ਠੀਕ ਹੈ।" ਅੰਦਰ ਪਲੰਘ ਤੇ ਬਿਠਾ ਦਿੱਤਾ। ਮੁਰੀਦ ਬਾਹਰ ਖੜ੍ਹੇ ਨੇ। ਸੂਰਜ ਛਿਪਣ ਵਾਲਾ ਹੋ ਗਿਆ। ਜਿਹੜੇ ਨੌਕਰ ਚਾਕਰ ਸੀ ਉਨ੍ਹਾਂ ਨੂੰ ਕਹਿਣ ਲੱਗੀ ਕਿ ਦੇਖੋ! ਇਹ ਕਬਾਬ ਬਣਾਉਣਾ ਹੈ, ਆਹ ਸ਼ਰਾਬ ਲਿਆਉਣੀ ਹੈ, ਆਹ ਨਹੀਂ ਲਿਆਉਣੀ, ਉਹ ਲਿਆਉਣੀ ਹੈ। ਉਹ ਸੁਣਦੇ ਰਹੇ। ਉਹ ਫੇਰ ਕਹਿਣ ਲੱਗੀ ਕਿ ਅੱਜ ਐਡੇ ਵੱਡੇ ਔਲੀਆ ਆਏ ਨੇ, ਉਨ੍ਹਾਂ ਦੀ ਸੇਵਾ ਨਹੀਂ ਕਰਨੀ ਮੈਂ? ਉਹ ਆਪਸ ਵਿਚ ਕਹਿਣ ਲੱਗੇ ਕਿ ਸ਼ਰਾਬ! ਸਾਡਾ ਮੁਰਸ਼ਦ ਹੁਣ ਸ਼ਰਾਬ ਪੀਏਗਾ? ਦਿਲ ਹੌਲ ਗਏ ਉਨ੍ਹਾਂ ਵਿਚੋਂ ਅੱਧਿਆਂ ਦੇ। ਏਨੇ ਨੂੰ ਬੋਤਲਾਂ ਆ ਗਈਆਂ, ਕਬਾਬ ਆ ਗਿਆ। ਥੋੜ੍ਹੀ ਦੇਰ ਬਾਅਦ ਉਹ ਫੇਰ ਅੰਦਰੋਂ ਆਈ ਤੇ ਕਹਿਣ ਲੱਗੀ ਕਿ ਉਹ ਇਹ ਨਹੀਂ ਖਾਂਦੇ, ਫਲਾਣੀ ਚੀਜ਼ ਦਾ ਕਬਾਬ ਲਿਆਓ; ਇਹ ਸ਼ਰਾਬ ਨਹੀਂ ਅੱਛੀ, ਫਲਾਣੀ ਲੈ ਕੇ ਆਓ। ਕਰਦੇ ਕਰਦੇ ਰਾਤ ਦੇ ਗਿਆਰਾਂ ਤੇ ਫੇਰ ਬਾਰਾਂ ਵੱਜ ਗਏ, ਅਖੀਰ ਇਕ ਵੱਜ ਗਿਆ।

ਕਹਿਣ ਲੱਗੇ, "ਰਿਪੋਰਟ ਲਿਆ ਬਾਹਰ ਦੀ, ਦੇਖ ਕੀ ਹਾਲ ਹੈ।"

ਕਹਿੰਦੀ, "ਮਹਾਰਾਜ! ਅੱਧੇ ਕੁ ਤਾਂ ਨੱਠ ਗਏ।"

ਕਹਿਣ ਲੱਗੇ, "ਜਿਹੜੇ ਬਾਕੀ ਬਚ ਗਏ, ਇਨ੍ਹਾਂ ਨੂੰ ਵੀ ਨਠਾ ਦੇ।"

ਕਹਿੰਦੀ, "ਨਠਾ ਦਿੰਦੀ ਹਾਂ, ਤੁਸੀਂ ਮੇਰੀ ਪਿੱਠ ਤੇ ਹੱਥ ਰੱਖੋ।"

ਫੇਰ ਆਈ, ਆ ਕੇ ਉਸੇ ਤਰ੍ਹਾਂ ਦੇ ਫੇਰ ਰੂਪਕ ਖੇਲ੍ਹੀ ਜਾਵੇ ਕਿ

ਔਲੀਆ ਇਹ ਕਹਿੰਦੇ ਨੇ ਕਿ ਅਸੀਂ ਤਾਂ ਇਥੇ ਹੀ ਰਿਹਾ ਕਰਾਂਗੇ। ਸਾਨੂੰ ਬੜਾ ਪਸੰਦ ਆਇਆ ਤੇਰਾ ਘਰ ਤੇ ਮੁਰੀਦਾਂ ਨੂੰ ਕਹਿ ਦਿਓ ਕਿ ਇਹ ਚਲੇ ਜਾਣ ਏਥੋਂ। ਸਾਰੇ ਚਲੇ ਗਏ, ਚਾਰ ਵਜੇ ਤੱਕ ਦੋ ਰਹਿ ਗਏ। ਆ ਕੇ ਰਿਪੋਰਟ ਦਿੱਤੀ ਕਿ ਮਹਾਰਾਜ! ਦੋ ਰਹਿ ਗਏ ਹੁਣ। ਉਹ ਕਹਿੰਦੇ ਕਿ ਇਨ੍ਹਾਂ ਨੂੰ ਵੀ ਨਠਾ। ਫੇਰ ਰੂਪਕ ਖੇਡਿਆ ਇਹੋ ਜਿਹਾ ਤਾਂ ਇਕ ਕਹਿੰਦਾ ਕਿ ਚੱਲ ਓਏ ਖੁਸਰੋ! ਚੱਲੀਏ, ਇਥੇ ਤਾਂ ਕੱਖ ਨਹੀਂ ਹੈ, ਇਹ ਤਾਂ ਖਾਲੀ ਹੀ ਸੀ, ਪਾਜ ਉਘੜ ਆਇਆ ਹੁਣ। ਉਹ ਕਹਿੰਦਾ ਕਿ ਮੈਂ ਤਾਂ ਜਾਣਾ ਨਹੀਂ। ਉਹ ਕਹਿੰਦਾ ਕਿ ਤੂੰ ਰਹਿ ਇਥੇ ਤੇ ਮੈਂ ਤਾਂ ਚਲਿਆ। ਸੋ ਇਕੱਤੀ ਚਲੇ ਗਏ। ਅੰਦਰ ਜਾ ਕੇ ਖਬਰ ਦਿੱਤੀ ਕਿ ਔਲੀਆ! ਇਕ ਰਹਿ ਗਿਆ, ਉਹ ਤਾਂ ਜਾਂਦਾ ਹੀ ਨਹੀਂ।

ਕਹਿੰਦੇ, "ਉਸ ਦੀ ਕੁਟਾਈ ਕਰੋ।"

ਉਸ ਨੇ ਆਪਣੇ ਮੁਸ਼ਟੰਡੇ ਜਿਹੇ ਲੈ ਆਂਦੇ ਕਿ ਇਸ ਦੀ ਕੁਟਾਈ ਕਰਕੇ ਕੱਢੋ ਇਥੋਂ। ਉਹ ਕਹਿੰਦੇ ਤੂੰ ਜਾਂਦਾ ਕਿਉਂ ਨਹੀਂ, ਦਰਵਾਜ਼ੇ ਮੂਹਰੇ ਕਿਉਂ ਖੜਾ ਹੈਂ? ਬਹੁਤ ਮਾਰਿਆ। ਉਹ ਕਹਿੰਦੇ ਜੀ ਉਹ ਨਹੀਂ ਜਾਂਦਾ। ਕਹਿਣ ਲੱਗੇ ਕਿ ਉਸ ਨੂੰ ਘੜੀਸ ਕੇ ਸੁੱਟ ਆਓ ਦੂਰ। ਉਹ ਘੜੀਸ ਕੇ ਸੁੱਟ ਆਏ ਤੇ ਉਹ ਫੇਰ ਆ ਗਿਆ। ਫੇਰ ਸੁੱਟ ਆਏ, ਉਹ ਫੇਰ ਆ ਗਿਆ। ਏਨੇ ਨੂੰ ਦਿਨ ਚੜ੍ਹ ਗਿਆ। ਔਲੀਆ ਬਾਹਰ ਆ ਗਏ ਤੇ ਕਹਿਣ ਲੱਗੇ, "ਓ ਖੁਸਰੋ! ਇਕੱਤੀ ਚਲੇ ਗਏ, ਤੂੰ ਕਿਉਂ ਨਹੀਂ ਗਿਆ?"

ਉਸ ਵੇਲੇ ਖੁਸਰੋ ਦੇ ਨੇਤਰਾਂ 'ਚੋਂ ਜਲ ਜਾਂਦਾ ਹੈ। ਕਹਿਣ ਲੱਗਿਆ, "ਔਲੀਆ! ਇਹ ਵੇਸ਼ਵਾ ਦਾ ਦੁਆਰਾ ਨਹੀਂ, ਮੇਰੇ ਗੁਰੂ ਦਾ ਮੰਦਰ ਹੈ। ਮੇਰੇ ਗੁਰੂ ਦੇ ਚਰਨ ਪੈ ਕੇ ਇਹ ਹੁਣ ਮਹਾਂ ਪਵਿੱਤਰ ਬਣ ਗਿਆ ਮੇਰੇ ਵਾਸਤੇ। ਜਿਥੇ ਮੇਰੇ ਗੁਰੂ ਨੇ ਰਹਿਣਾ ਹੈ, ਮੈਂ ਤਾਂ ਉਥੇ ਹੀ ਰਹਿਣਾ ਹੈ – ਚਾਹੇ ਉਹ ਵੇਸ਼ਵਾ ਦਾ ਦੁਆਰਾ ਹੈ, ਚਾਹੇ ਕੁਝ ਵੀ ਹੈ। ਜਿਨ੍ਹਾਂ ਦਾ ਸੰਸਾਰ ਵਿਚ ਥਾਂ ਸੀ ਉਹ ਚਲੇ ਗਏ, ਮੇਰਾ ਤਾਂ ਤੇਰੇ ਚਰਨਾਂ ਤੋਂ ਬਗੈਰ ਹੋਰ ਕੋਈ ਥਾਂ ਨਹੀਂ। ਜੇ ਕੋਈ ਥਾਂ ਹੋਵੇ ਤਾਂ ਮੈਂ ਜਾਵਾਂ। ਮੈਂ ਤਾਂ ਸਾਰੀ ਜ਼ਿੰਦਗੀ ਦੇ ਅੰਦਰ ਇਕੋ ਥਾਂ ਬਣਾਇਆ ਹੈ – ਤੇਰਾ ਦੁਆਰਾ, ਹੋਰ ਮੇਰੇ ਲਈ ਸੰਸਾਰ ਵਿਚ ਕੋਈ ਥਾਂ ਨਹੀਂ ਹੈ।" ਇਉਂ ਪੜ੍ਹ ਲਓ –

***ਧਾਰਨਾ – ਕੋਈ ਕਿਸੇ ਦਾ ਕਿਸੇ ਦਾ ਹੈ ਕੋਈ,***
***ਮੇਰਾ ਤੂੰ ਹੈਂ ਇਕੋ ਮਾਲਕਾ –2, 2.***

***ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥***
***ਕਿਉ ਨ ਮਰੀਜੈ ਰੋਇ***
***ਜਾ ਲਗੁ ਚਿਤਿ ਨ ਆਵਹੀ॥ ਅੰਗ – 791***

***ਸਗਲ ਦੁਆਰ ਕਉ ਛਾਡਿ ਕੈ***
***ਗਹਿਓ ਤੁਹਾਰੋ ਦੁਆਰ॥***
***ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥ (ਰਹਰਾਸਿ ਸਾਹਿਬ)***

ਕਹਿਣ ਲੱਗਿਆ, "ਔਲੀਆ! ਜਿਨ੍ਹਾਂ ਦਾ ਕੋਈ ਥਾਂ ਟਿਕਾਣਾ ਸੀ ਉਹ ਚਲੇ ਗਏ। ਤੇਰੇ ਚਰਨਾਂ ਤੋਂ ਬਿਨਾਂ ਮੈਨੂੰ ਤਾਂ ਦੁਨੀਆਂ ਵਿਚ ਹੋਰ ਕੋਈ ਥਾਂ ਹੀ ਨਹੀਂ ਹੈ। ਜਿਥੇ ਤੂੰ ਰਹੇਂਗਾ ਉਥੇ ਹੀ ਮੈਂ ਰਹਾਂਗਾ। ਠੀਕ ਹੈ, ਅੰਦਰ ਤੂੰ ਰਹਿ, ਮੈਂ ਤੇਰੇ ਦਰ ਤੇ ਹੀ ਬੈਠਾ ਰਹਾਂਗਾ - ਤੇਰਾ ਕੁੱਤਾ ਬਣ ਕੇ।"

ਉਸ ਵੇਲੇ ਔਲੀਆ ਉਤਰਿਆ ਪੌੜੀਆਂ ਤੋਂ, ਬੁਕਲ ਵਿਚ ਲੈ ਲਿਆ। ਉਹ ਗਿਆਨ ਜਿਹੜਾ ਕਿਸੇ ਨੂੰ ਨਹੀਂ ਮਿਲਦਾ - ਕਿਸੇ ਵੀ ਕੀਮਤ ਤੇ, ਉਸ ਵੇਲੇ ਆਪਣੀ ਸ਼ਕਤੀ ਦੇ ਨਾਲ ਉਸ ਦੇ ਅੰਦਰਲੇ ਨੇਤਰ ਖੋਲ੍ਹ ਦਿੱਤੇ-

***ਗੁਰਹਿ ਦਿਖਾਇਓ ਲੋਇਨਾ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ॥*** ***ਅੰਗ - 407***

ਪ੍ਰਮੇਸ਼ਰ ਦੇ ਦਰਸ਼ਨ ਕਰਾ ਦਿੱਤੇ। ਸੋ ਇਸ ਨੂੰ ਇਮਤਿਹਾਨ ਕਹਿੰਦੇ ਨੇ। ਅੱਜ ਬਾਬੇ ਫਰੀਦ ਦਾ ਇਮਤਿਹਾਨ ਲਿਆ ਗਿਆ, ਚੌਦਾਂ ਸਾਲ ਲੰਘ ਗਏ। ਚੌਦਾਂ ਸਾਲ ਮੁਰਸ਼ਦ ਨੇ ਬੁਲਾਇਆ ਹੀ ਨਹੀਂ; ਪਹਿਲੇ ਦਿਨ ਬੁਲਾਇਆ, ਮੁੜ ਕੇ ਨਹੀਂ ਬੁਲਾਇਆ। ਕਿੰਨਾ ਫਰਕ ਹੈ, ਅਸੀਂ ਤਾਂ ਜੇ ਚਾਰ ਕੁ ਦਿਨ ਕਿਸੇ ਨਾਲ ਨਾ ਬੋਲੀਏ ਤਾਂ ਕਹਿੰਦੇ ਨੇ ਕਿ ਬਾਬਾ ਜੀ ਰੁੱਸ ਗਏ। ਮੈਨੂੰ ਟੈਲੀਫੋਨ ਆਉਣ ਲੱਗ ਜਾਂਦੇ ਨੇ ਕਿ ਮੇਰੇ ਨਾਲ ਬੋਲੇ ਨਹੀਂ, ਕੋਲ ਦੀ ਲੰਘ ਗਏ। ਇਹ ਵੀ ਸਾਨੂੰ ਧਿਆਨ ਰੱਖਣਾ ਪੈਂਦਾ ਹੈ।

ਸੋ ਸ਼ਕਤੀ ਦੇ ਨਾਲ ਬਹੁਤ ਮੀਂਹ ਪੁਆ ਦਿੱਤਾ ਛਾਛੜੇ ਦਾ, ਮਹੀਨਾ ਸੀ ਜਨਵਰੀ ਯਾਨੀ ਪੋਹ ਮਾਘ ਦਾ ਜਿਹੜਾ ਹੁਣ ਜਾ ਰਿਹਾ ਹੈ। ਅੰਮ੍ਰਿਤ ਵੇਲੇ ਜਦੋਂ ਉਠੇ, ਬਹੁਤ ਠੰਢ ਹੈ, ਹਵਾ ਚੱਲ ਰਹੀ ਹੈ ਠੰਢੀ। ਜਿਥੇ ਅੱਗ ਦੱਬੀ ਹੋਈ ਸੀ ਉਸ ਦੇ ਵਿਚ ਪਾਣੀ ਪੈ ਗਿਆ। ਜਦੋਂ ਫਰੀਦ ਨੇ ਦੇਖਿਆ ਤਾਂ ਉਸ ਨੇ ਸੋਚਿਆ ਕਿ ਮੇਰੀ ਤਾਂ ਸਾਰੀ ਸੇਵਾ ਅਠੱਤੀ ਸਾਲ ਦੀ ਜ਼ਾਇਆ ਹੋ ਗਈ। ਛਪੰਜਵੇਂ ਸਾਲ ਵਿਚ ਸੀ ਉਸ ਵੇਲੇ ਫਰੀਦ। ਪੰਚਾਨਵੇਂ ਸਾਲ ਦੀ ਉਮਰ ਹੋਈ ਹੈ ਕੁਲ ਆਪ ਦੀ। ਉਸ ਵੇਲੇ ਧਰਤੀ ਵਿਹਲ ਨਾ ਦੇਵੇ ਕਿ ਹੁਣ ਮੈਂ ਕਰਾਂ ਕੀ? ਮੇਰਾ ਤਾਂ ਨੇਮ ਟੁਟ ਜਾਏਗਾ, ਮੇਰੇ ਮੁਰਸ਼ਦ ਦਾ ਇਸ਼ਨਾਨ ਨਹੀਂ ਹੋਣਾ ਤੇ ਅੱਜ ਮੈਂ ਫੇਲ੍ਹ ਹੋ ਜਾਵਾਂਗਾ। ਉਸ ਵੇਲੇ ਮੀਂਹ ਪੈ ਰਿਹਾ ਹੈ -

***ਫਰੀਦਾ ਗਲੀਏ ਚਿਕੜੁ ਦੂਰਿ ਘਰੁ***
***ਨਾਲਿ ਪਿਆਰੇ ਨੇਹੁ॥***
***ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥*** ***ਅੰਗ - 1379***

ਜੇ ਨਹੀਂ ਜਾਂਦਾ ਤਾਂ ਮੇਰਾ ਨੇਹੁੰ ਟੁਟਦਾ ਹੈ। ਉਸ ਵੇਲੇ ਕਹਿਣ ਲੱਗਿਆ ਕਿ ਜੋ ਹੋਣਾ ਹੈ ਹੋ ਜਾਵੇ -

***ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥***
***ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥*** ***ਅੰਗ - 1379***

ਮੇਰੀ ਮੇਰੇ ਪੀਰ ਨਾਲ ਨਿਭ ਜਾਵੇ, ਐਸਾ ਨਾ ਹੋਵੇ ਕਿ ਅੱਜ ਟੁੱਟ ਜਾਵੇ। ਉਸ ਵੇਲੇ ਬਾਬਾ ਫਰੀਦ ਨੇ ਝੁੰਬ ਮਾਰਿਆ, ਓਸ ਛਾਛੜੇ ਦੇ ਮੀਂਹ ਤੇ ਹਵਾ ਦੇ ਵਿਚ ਹੀ ਤੁਰ ਕੇ ਜਦੋਂ ਸ਼ਹਿਰ ਗਿਆ ਅਜਮੇਰ; ਹੁਣ ਇਕ ਵਜੇ ਕੌਣ ਜਾਗਦਾ ਹੈ? ਕੋਈ ਰੱਬ ਦਾ ਪਿਆਰਾ ਜਾਗਦਾ ਹੈ ਜਾਂ ਕੋਈ ਬਿਮਾਰ ਜਾਗਦਾ ਹੈ ਜਾਂ ਕਿਸੇ ਦੇ ਸਿਰ ਤੇ ਕੋਈ ਦੁਸ਼ਮਣ ਹੋਵੇ ਤਾਂ ਉਹ ਜਾਗਦਾ ਹੈ। ਮਹਾਰਾਜ ਜੀ ਦਸਦੇ ਹੁੰਦੇ ਕਿ ਜੇ ਕਿਸੇ ਦੀ ਲੜਕੀ ਨੂੰ ਵਰ ਨਾ ਮਿਲੇ ਤਾਂ ਉਹ ਵੀ ਜਾਗਦਾ ਹੁੰਦਾ ਹੈ; ਜੇ ਕਿਸੇ ਨੇ ਕਰਜ਼ਾ ਦੇਣਾ ਹੋਵੇ ਤਾਂ ਉਹ ਜਾਗਦਾ ਹੈ। ਅੱਗੇ ਜਾ ਕੇ ਦੇਖਿਆ ਤਾਂ ਇਕ ਘਰ ਵਿਚ ਰੋਸ਼ਨੀ ਨਜ਼ਰ ਆਈ, ਅੱਗੇ ਜਾ ਕੇ ਦਰਵਾਜ਼ਾ ਖੜਕਾਇਆ। ਉਤੋਂ ਆਵਾਜ਼ ਆਈ, "ਕੌਣ?"

ਕਹਿਣ ਲੱਗਿਆ, "ਮੈਂ ਫਰੀਦ ਹਾਂ, ਔਲੀਏ ਦਾ ਮੁਰੀਦ।"

ਕਹਿੰਦੀ, "ਫਰੀਦਾ! ਇਹ ਮੁਰਸ਼ਦਾਂ ਤੇ ਮੁਰੀਦਾਂ ਦਾ ਦਰ ਨਹੀਂ ਹੈ, ਇਹ ਵੇਸਵਾ ਦਾ ਘਰ ਹੈ ਜਿਥੇ ਤੂੰ ਆਇਆ ਹੈਂ। ਇਥੇ ਤਾਂ ਨਰਕਾਂ ਦਾ ਟਿਕਟ ਮਿਲਦਾ ਹੈ।"

***ਸੇਜ ਸੋਹਨੀ ਚੰਦਨੁ ਚੋਆ***
***ਨਰਕ ਘੋਰ ਕਾ ਦੁਆਰਾ॥*** ***ਅੰਗ - 642***

ਕਹਿੰਦਾ, "ਬੀਬਾ! ਮੈਨੂੰ ਅੱਜ ਤੇਰੇ ਤੱਕ ਕੰਮ ਪੈ ਗਿਆ। ਰੱਬ ਭਲਾ ਕਰੇ, ਤੂੰ ਮੇਰੀ ਗੱਲ ਸੁਣ ਲੈ।"

ਹੇਠਾਂ ਉਤਰ ਆਈ, ਦਰਵਾਜ਼ਾ ਖੋਲ੍ਹ ਦਿੱਤਾ ਤੇ ਕਹਿਣ ਲੱਗੀ ਕਿ ਕੀ ਗੱਲ ਹੈ?

ਕਹਿਣ ਲੱਗਿਆ, "ਮੇਰੇ ਮੁਰਸ਼ਦ ਦੇ ਇਸ਼ਨਾਨ ਦਾ ਵਕਤ ਹੋ ਗਿਆ, ਹਵਾ ਕਿੰਨੀ ਚੱਲ ਰਹੀ ਹੈ, ਕਿੰਨਾ ਮੀਂਹ ਪੈ ਰਿਹਾ ਹੈ ਤੇ ਮੇਰੀ ਅੱਗ ਬੁਝ ਗਈ ਸਾਰੀ ਜਿੰਨੀ ਰੱਖੀ ਹੋਈ ਸੀ। ਕਿਰਪਾ ਕਰ, ਮੈਨੂੰ ਅੱਗ ਦੀ ਇਕ ਚੰਗਿਆੜੀ ਦੇ ਦੇ। ਮੈਂ ਅੱਗ ਬਾਲ ਕੇ ਮੁਰਸ਼ਦ ਦਾ ਇਸ਼ਨਾਨ ਕਰਾਉਣਾ ਹੈ।"

ਕਹਿੰਦੀ, "ਫਰੀਦਾ! ਬੜਾ ਪਿਆਰ ਹੈ ਮੁਰਸ਼ਦ ਨਾਲ? ਜੇ ਐਨਾ ਪਿਆਰ ਹੈ ਤੇਰਾ ਤਾਂ ਫੇਰ ਤੈਨੂੰ ਅੱਗ ਵੀ ਮੁਫਤ ਨਹੀਂ ਮਿਲਣੀ।"

ਕਹਿਣ ਲੱਗਿਆ, "ਜੋ ਕੁਝ ਤੁਸੀਂ ਲੈਣਾ ਹੈ ਉਹ ਮੈਨੂੰ ਦੱਸੋ, ਮੈਂ ਭੇਟਾ ਕਰਾਂਗਾ।"

ਕਹਿੰਦੀ, "ਸਰੀਰ ਦਾ ਅੰਗ ਦੇਣਾ ਪੈਣਾ ਹੈ ਤੈਨੂੰ ਕੋਈ।"

ਕਹਿਣ ਲੱਗਿਆ, "ਕੋਈ ਗੱਲ ਨਹੀਂ ਬੀਬਾ!"

***ਤਨ ਗੰਦਗੀ ਕੀ ਕੋਠੜੀ***
***ਹਰਿ ਹੀਰਿਆਂ ਦੀ ਖਾਣ।***
***ਸਿਰ ਦਿਤਿਆਂ ਜੇ ਹਰਿ ਮਿਲੇ***

*ਤਾਂ ਵੀ ਸਸਤਾ ਜਾਣ।*

"ਤੂੰ ਦੱਸ ਕਿਹੜਾ ਅੰਗ ਲੈਣਾ ਹੈ।"

ਕਹਿੰਦੀ, "ਅੱਖ ਦਾ ਡੇਲਾ ਕੱਢ ਕੇ ਦੇ ਦੇ।"

ਕਿੰਨਾ ਔਖਾ ਹੈ! ਏਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਡੇਰਾ ਨੀ ਜਿੰਦੇ,*
*ਸਿਰ ਤੋਂ ਪਰ੍ਹੇ ਹੈ ਪ੍ਰੇਮ ਵਾਲਾ –2, 2.*

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥ f*
*ਸਰੁ ਦੀਜੈ ਕਾਣਿ ਨ ਕੀਜੈ॥* *ਅੰਗ – 1412*

ਡੇਲਾ ਕੱਢ ਕੇ ਦੇ ਦਿਤਾ, ਉਸ ਦੇ ਬਦਲੇ ਅੱਗ ਲੈ ਆਇਆ, ਲਿਆ ਕੇ ਪਾਣੀ ਗਰਮ ਕੀਤਾ ਤੇ ਮੁਰਸ਼ਦ ਦਾ ਇਸ਼ਨਾਨ ਕਰਾਇਆ। ਉਸ ਨੇ ਅੱਖ ਦੇ ਉਤੇ ਪੱਟੀ ਬੰਨ੍ਹ ਲਈ ਜਿਸ ਵਿਚੋਂ ਡੇਲਾ ਕੱਢ ਕੇ ਦਿੱਤਾ ਸੀ। ਕੋਈ ਗੱਲ ਨਹੀਂ ਕਰੀ ਕਿ ਅੱਜ ਮੈਂ ਬੜੀ ਔਖੀ ਅੱਗ ਲਿਆਂਦੀ ਹੈ। ਅਸੀਂ ਤਾਂ ਉਦੋਂ ਹੀ ਹਾਏ-ਹਾਏ ਕਰਨਾ ਸੀ। ਫੇਰ ਉਨ੍ਹਾਂ ਨੇ ਪੁਛਣਾ ਸੀ ਕਿ ਕੀ ਹੋ ਗਿਆ ਤਾਂ ਅਸੀਂ ਕਹਿਣਾ ਸੀ ਕਿ ਮੈਂ ਤਾਂ ਮਸਾਂ ਲਿਆਇਆ ਹਾਂ ਅੱਗ। ਇਹ ਗੱਲਾਂ ਪਿਆਰ ਦੀਆਂ ਨਹੀਂ ਹੁੰਦੀਆਂ, ਪਿਆਰ ਹੋਰ ਚੀਜ਼ ਹੈ, ਦਿਖਾਵਾ ਹੋਰ ਚੀਜ਼ ਹੈ। ਗੁਰੂ ਪੂਰਾ ਪਿਆਰ ਮੰਗਦਾ ਹੈ –

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*
*ਅੰਗ – 1102*

ਸਿੱਖ ਦੀ ਆਪਣੀ ਮਰਜ਼ੀ ਨਹੀਂ ਹੁੰਦੀ, ਉਹ ਮੰਗਦਾ ਹੈ ਕਿ ਮੈਂ ਗੁਰੂ ਦੀ ਮਰਜ਼ੀ ਵਿਚ ਚੱਲਾਂ –

*ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥*
*ਅੰਗ – 601*

ਗੁਰੂ ਨੂੰ ਪਰਵਾਨ ਓਹੀ ਹੁੰਦਾ ਹੈ ਜਿਹੜਾ ਗੁਰੂ ਦੀ ਮਰਜ਼ੀ ਵਿਚ ਚਲਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਦੀ ਮਰਜ਼ੀ ਲਿਖੀ ਹੋਈ ਹੈ। 'ਆਤਮ ਮਾਰਗ' ਵਿਚ ਬਾਰ-ਬਾਰ ਆਉਂਦਾ ਹੈ ਕਿ ਗੁਰੂ ਦੀ ਮਰਜ਼ੀ ਕੀ ਹੈ? ਫੇਰ ਤਾਂ ਲੰਘ ਜਾਂਦਾ ਹੈ।

ਸੋ ਏਸ ਤਰ੍ਹਾਂ ਦੇ ਨਾਲ ਇਸ਼ਨਾਨ ਕਰਾਇਆ। ਅੱਖ ਦੇ ਉਤੇ ਪੱਟੀ ਬੰਨ੍ਹੀ ਹੋਈ ਹੈ। ਹਾਏ-ਹਾਏ ਨਹੀਂ ਕਰਦਾ, ਅੰਦਰ ਹੀ ਜਰ ਰਿਹਾ ਹੈ ਤਕਲੀਫ ਨੂੰ ਤੇ ਜਾ ਕੇ ਕੰਧ ਵੱਲ ਨੂੰ ਮੂੰਹ ਕਰਕੇ ਬਹਿ ਗਿਆ। ਸਵੇਰਾ ਹੋਇਆ, ਸਾਰਿਆਂ ਨੇ ਆ ਕੇ ਔਲੀਆ ਨੂੰ ਨਮਸ਼ਕਾਰਾਂ, ਸਿਜਦੇ ਕਰੇ।

ਉਹ ਪੁਛਣ ਲੱਗੇ ਕਿ ਫਰੀਦ ਨਹੀਂ ਆਇਆ? ਕਹਿੰਦੇ ਜੀ! ਉਥੇ ਬੈਠਾ

ਹੈ। ਕਹਿਣ ਲੱਗੇ ਕਿ ਬੁਲਾਓ ਓਸ ਨੂੰ। ਬਾਬੇ ਫਰੀਦ ਨੂੰ ਬੁਲਾ ਲਿਆ।

ਕਹਿਣ ਲੱਗੇ, "ਫਰੀਦਾ! ਇਹ ਅੱਖ ਬੰਨ੍ਹੀ ਹੈ, ਕੀ ਗੱਲ ਹੈ?"

ਆਪਣੇ ਪੰਜਾਬੀ ਵਿਚ ਕਹਿੰਦੇ ਨੇ ਕਿ ਮੇਰੀਆਂ ਅੱਖਾਂ ਆਈਆਂ ਹੋਈਆਂ ਨੇ।

ਕਹਿੰਦਾ, "ਮਹਾਰਾਜ! ਅੱਖ ਆਈ ਹੋਈ ਹੈ।"

ਕਹਿੰਦੇ, "ਫਰੀਦਾ! ਫੇਰ ਆਈਆਂ ਅੱਖਾਂ ਨਹੀਂ ਬੰਨ੍ਹੀਦੀਆਂ, ਗਈਆਂ ਬੰਨ੍ਹੀਦੀਆਂ ਨੇ। ਖੋਲ੍ਹ ਦੇ ਪੱਟੀ।"

ਪੱਟੀ ਖੋਲ੍ਹੀ ਤਾਂ ਅੱਖ ਸਵਾਈ। ਆਹ ਅੱਖ ਅੱਲ੍ਹਾ ਨੇ ਦਿੱਤੀ ਹੋਈ ਹੈ ਇਹ ਥੋੜ੍ਹੀ ਵੱਡੀ ਹੈ ਤੇ ਆਹ ਅੱਖ ਮੁਰਸ਼ਦ ਨੇ ਦਿੱਤੀ ਹੈ ਥੋੜ੍ਹੀ ਜਿਹੀ ਛੋਟੀ ਹੈ। ਉਨ੍ਹਾਂ ਦੀ ਹੁਣ ਵੀ ਨਸਲ ਜਿਹੜੀ ਅਬਾਦ ਹੈ.....। ਉਥੇ ਸਾਡੇ ਯੂ.ਪੀ. ਹੁੰਦੇ ਸੀ ਉਹ। ਉਨ੍ਹਾਂ ਦੀ ਇਕ ਅੱਖ ਛੋਟੀ ਸੀ। ਅਸੀਂ ਕਹਿੰਦੇ ਹੁੰਦੇ ਕਿ ਆਹ ਅੱਖ ਤੁਹਾਡੇ ਮੁਰਸ਼ਦ ਦੀ ਹੈ ਤੇ ਇਹ ਹੈ ਅੱਲ੍ਹਾ ਦੀ। ਹੁਣ ਤੱਕ ਚੱਲੀ ਆ ਰਹੀ ਹੈ।

ਸੋ ਉਸ ਵੇਲੇ ਉਠ ਕੇ ਉਸ ਨੂੰ ਜੱਫੀ ਵਿਚ ਲੈ ਲਿਆ ਤੇ ਸਿਰਫ ਚਾਰ ਗੱਲਾਂ ਕਹੀਆਂ। ਉਹ ਤਾਂ ਅਸੀਂ ਰੋਜ਼ ਹੀ ਪੜ੍ਹਦੇ ਹਾਂ। ਉਸ ਵੇਲੇ ਉਸ ਨੇ ਕਿਹਾ –

ਹਮਾ ਅਦੂਸਤ।

ਹਮਾ ਊਸਤ।

ਇਹ ਮਹਾਂਵਾਕ ਕਹਾਉਂਦੇ ਨੇ। ਜਿਉਂ ਜਿਉਂ ਕਹੀ ਜਾਂਦਾ ਹੈ ਇਸ ਦੇ ਸਾਹਮਣੇ ਚਾਨਣਾ ਹੋ ਗਿਆ। ਕੀ ਦੇਖਦਾ ਹੈ ਕਿ ਨਿਗ੍ਹਾ ਹੀ ਹੋਰ ਖੁੱਲ੍ਹ ਗਈ ਤੇ ਹਰ ਪਾਸੇ ਪਰਮੇਸ਼ਰ ਹੀ ਪਰਮੇਸ਼ਰ ਨਜ਼ਰ ਆ ਰਿਹਾ ਹੈ। ਪੂਰਾ ਕਰ ਦਿੱਤਾ। ਪੰਜ ਕੋਸ਼, ਪੰਜ ਤੱਤ, ਪੱਚੀ ਪ੍ਰਕਿਰਤੀਆਂ, ਤਿੰਨ ਗੁਣ, ਸੂਖਮ, ਸਥੂਲ, ਕਾਰਨ ਸਰੀਰ ਤੋਂ ਅੱਗੇ ਪਰੀਪੂਰਨ ਸਾਖੀ ਆਤਮਾ ਦੇ ਦਰਸ਼ਨ ਕਰਾ ਦਿੱਤੇ।

ਕਹਿਣ ਲੱਗੇ, "ਲੈ ਫਰੀਦਾ! ਆਹ ਹੈ ਅੱਲਾਹ ਸਾਰੇ ਪਰੀਪੂਰਨ।"

***ਸੋ ਅੰਤਰਿ ਸੋ ਬਾਹਰਿ ਅਨੰਤ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ॥***
***ਧਰਨਿ ਮਾਹਿ ਆਕਾਸ ਪਇਆਲ॥***
***ਸਰਬ ਲੋਕ ਪੂਰਨ ਪ੍ਰਤਿਪਾਲ॥***
***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥***
***ਜੈਸੀ ਆਗਿਆ ਤੈਸਾ ਕਰਮੁ॥***
***ਪਉਣ ਪਾਣੀ ਬੈਸੰਤਰ ਮਾਹਿ॥***
***ਚਾਰਿ ਕੁੰਟ ਦਹ ਦਿਸੇ ਸਮਾਹਿ॥***
***ਤਿਸ ਤੇ ਭਿੰਨ ਨਹੀ ਕੋ ਠਾਉ॥***

ਸੋ ਅੰਦਰ ਬਾਹਰ ਸਾਰੇ ਪਰੀਪੂਰਨ ਪ੍ਰਮੇਸ਼ਰ ਦਿਖਾ ਦਿੱਤਾ ਤੇ ਕਹਿਣ ਲੱਗੇ ਕਿ ਲੈ ਫਰੀਦਾ! ਤੇਰੀ ਭਗਤੀ ਪੂਰਨ ਹੋ ਗਈ। ਹੁਣ ਤੈਨੂੰ ਇਸ ਤੋਂ ਅੱਗੇ ਕੋਈ ਕੰਮ ਨਹੀਂ ਹੈ। ਜਿਹੜਾ ਜਾਨਣਾ ਸੀ ਉਹ ਜਾਣ ਲਿਆ, ਜਿਹੜਾ ਗਿਆਨ ਤੈਨੂੰ ਪ੍ਰਾਪਤ ਹੋਣਾ ਸੀ ਉਹ ਹੋ ਗਿਆ। ਹੁਣ ਜਾਹ, ਆਪ ਵੀ ਤਰ ਤੇ ਸੰਸਾਰ ਨੂੰ ਵੀ ਤਾਰ।

ਸੋ ਏਸ ਤਰ੍ਹਾਂ ਬਾਬਾ ਫਰੀਦ ਨੇ ਮਨ ਹਠ ਤੋਂ ਸ਼ੁਰੂ ਕਰਿਆ ਸੀ। ਮਹਾਰਾਜ ਜੀ ਕਹਿੰਦੇ ਕਿ ਮਨ ਹਠ ਨਾਲ ਨਹੀਂ ਪ੍ਰਮੇਸ਼ੂਰ ਮਿਲਦਾ, ਮੁਰਸ਼ਦ-ਏ-ਕਾਮਲ ਦੀ ਸ਼ਰਨ ਵਿਚ ਜਾਣਾ ਪੈਂਦਾ ਹੈ। ਫੇਰ ਜਿਹੜਾ ਪੂਰਾ ਗੁਰੂ ਹੈ ਉਸ ਦੇ ਨਾਲ ਵਰਤਣਾ ਕਿਵੇਂ ਪੈਂਦਾ ਸੀ? ਉਹ ਰਹਿਤ ਹੈ ਇਸ ਦੇ ਵਿਚ।

ਸੋ ਏਸ ਤਰ੍ਹਾਂ ਦੇ ਨਾਲ ਮੁਰੀਦ ਹੋਣ ਦੀ ਆਪਾਂ ਨੇ ਵਿਚਾਰ ਕਰੀ ਹੈ। ਮੈਂ ਇਥੇ ਹੀ ਸਮਾਪਤ ਕਰਦਾ ਹਾਂ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਨਾਨਕ ਦੇਵ ਜੀ

*ਹਉ ਵਾਰੀ ਵੰਞਾ ਘੋਲੀ ਵੰਞਾ*
*ਤੂ ਪਰਬਤੁ ਮੇਰਾ ਓਲ੍ਹਾ ਰਾਮ ॥*
*ਹਉ ਬਲਿ ਜਾਈ ਲਖ ਲਖ ਲਖ ਬਰੀਆ*
*ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ ॥*
*ਮਿਟੇ ਅੰਧਾਰੇ ਤਜੇ ਬਿਕਾਰੇ*
*ਠਾਕੁਰ ਸਿਉ ਮਨੁ ਮਾਨਾ ॥*
*ਪ੍ਰਭ ਜੀ ਭਾਣੀ ਭਈ ਨਿਕਾਣੀ*
*ਸਫਲ ਜਨਮੁ ਪਰਵਾਨਾ ॥*
*ਭਈ ਅਮੋਲੀ ਭਾਰਾ ਤੋਲੀ*
*ਮੁਕਤਿ ਜੁਗਤਿ ਦਰੁ ਖੋਲ੍ਹਾ ॥*
*ਕਹੁ ਨਾਨਕ ਹਉ ਨਿਰਭਉ ਹੋਈ*
*ਸੋ ਪ੍ਰਭੁ ਮੇਰਾ ਓਲ੍ਹਾ ॥* *ਅੰਗ - ੭੮੦*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ ਤੇ ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਧਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਵੀਚਾਰਾਂ ਸਰਵਣ ਕਰੋ। ਬੁੱਧੀ ਦਾ ਪ੍ਰਯੋਗ ਕਰਕੇ ਵਿਚਾਰਾਂ ਨੂੰ ਤੋਲ ਕੇ ਹਿਰਦੇ ਵਿਚ ਵਸਾਉਣ ਦਾ ਯਤਨ ਕਰੋ। ਵਾਰੀ ਆਈ ਤੇ ਸ਼ਬਦ ਵਿਚ ਗੱਜ ਵੱਜ ਕੇ ਬੋਲੋ, ਜਦੋਂ ਇਸ ਤਰ੍ਹਾਂ ਕਰੋਂਗੇ ਤਾਂ ਫਲ ਕਿੰਨਾ ਹੋਏਗਾ -

*ਕਈ ਕੋਟਿਕ ਜਗ ਫਲਾ*
*ਸੁਣਿ ਗਾਵਨਹਾਰੇ ਰਾਮ ॥* *ਅੰਗ - ੫੪੬*

ਕਈ ਕਰੋੜ ਜੱਗਾਂ ਦਾ ਫਲ ਪ੍ਰਾਪਤ ਹੋ ਜਾਏਗਾ। ਕਈ ਵਾਰੀ ਮੈਂ ਬੇਨਤੀ ਕਰੀ ਹੈ ਕਿ ਕੋਈ ਬੰਦਾ ਵੀ ਸੰਸਾਰ ਵਿਚ ਐਸਾ ਨਹੀਂ ਹੈ ਜਿਹੜਾ ਕਰੋੜ ਜੱਗ ਕਰ ਲਵੇ ਕਿਉਂਕਿ ਜੇ ਇਹ ਹਰ ਰੋਜ਼ ਪੈਦਾ ਹੋਣ ਤੋਂ ਲੈ ਕੇ ਸੌ ਸਾਲ ਦੀ ਉਮਰ ਹੋਵੇ ਹਰ ਰੋਜ਼ ਇਕ ਯੱਗ ਕਰੇ ਤਾਂ ਸਾਰੀ ਜ਼ਿੰਦਗੀ ਦੇ ਅੰਦਰ 36 ਹਜ਼ਾਰ ਪੰਜ ਸੌ ਯੱਗ ਹੁੰਦਾ ਹੈ, ਜੇ ਹਜ਼ਾਰ ਸਾਲ ਦੀ ਉਮਰ ਹੋਵੇ ਤਾਂ ਤਿੰਨ ਲੱਖ ਕੋਈ ਤਕਰੀਬਨ 65 ਹਜ਼ਾਰ ਦੇ ਕਰੀਬ ਯੱਗ ਹੁੰਦਾ ਹੈ। ਜੇ ਦੱਸ ਹਜ਼ਾਰ ਸਾਲ ਦੀ ਹੋਵੇ ਤਾਂ 33 ਲੱਖ ਸਮਝ ਲਓ। ਕਈ ਕਰੋੜ ਯੱਗ ਤਾਂ ਹੋਏ ਨਾ। ਇਹ ਕਲਜੁਗ ਅੰਦਰ, ਮੈਂ ਪਹਿਲਾਂ ਵੀ ਕਈ ਵਾਰੀ ਬੇਨਤੀ ਕਰੀ ਹੈ ਕਿ ਗੁਰੂ ਨਾਨਕ ਪਾਤਸ਼ਾਹ ਜੋ ਅਕਾਲਪੁਰਖ ਦਾ ਸਰਗੁਣ ਸਰੂਪ ਸਨ ਕਿਉਂਕਿ ਵਾਹਿਗੁਰੂ ਦਾ ਇਕ ਨਿਰਗੁਣ ਸਰੂਪ ਹੁੰਦਾ ਹੈ ਤੇ ਇਕ ਸਰਗੁਣ ਸਰੂਪ ਹੁੰਦਾ ਹੈ। ਨਿਰਗੁਣ ਸਰੂਪ ਤਾਂ ਉਹ ਹੈ ਜਿਹਨੂੰ ਕੋਈ ਨਹੀਂ ਜਾਣਦਾ ਨਾ ਵੇਦ ਜਾਣਦੇ ਨੇ, ਨਾ ਬ੍ਰਹਮਾ ਜਾਣਦਾ ਹੈ ਨਾ ਸ਼ਿਵਜੀ, ਨਾ ਦੇਵੀਆਂ ਜਾਣਦੀਆਂ ਨੇ। ਉਹ ਇਸ ਕਰਕੇ ਨਹੀਂ ਜਾਣਦੀਆਂ ਕਿਉਂਕਿ ਉਹ ਆਪੇ ਆਪ ਹੁੰਦਾ ਹੈ, ਆਪਣੀ ਮਹਿਮਾ ਦੇ ਵਿਚ ਆਪ ਸਥਿਤ ਹੋਣ ਕਰਕੇ ਆਪਣੇ ਆਪ ਨੂੰ

ਆਪ ਜਾਣਦਾ ਹੈ।

*ਮਹਿਮਾ ਨ ਜਾਨਹਿ ਬੇਦ ॥*
*ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ ॥ ੧ ॥*
*ਅਪਨੀ ਗਤਿ ਆਪਿ ਜਾਨੈ ॥*
*ਸੁਣਿ ਸੁਣਿ ਅਵਰ ਵਖਾਨੈ ॥ ੧ ॥ ਰਹਾਉ ॥*
*ਸੰਕਰਾ ਨਹੀ ਜਾਨਹਿ ਭੇਵ ॥*
*ਖੋਜਤ ਹਾਰੇ ਦੇਵ ॥*
*ਦੇਵੀਆ ਨਹੀ ਜਾਨੈ ਮਰਮ ॥*
*ਸਭ ਊਪਰਿ ਅਲਖ ਪਾਰਬ੍ਰਹਮ॥ ਅੰਗ – ੮੯੪*

ਉਹਨੂੰ ਕੋਈ ਨਹੀਂ ਜਾਣਦਾ ਕਿਉਂਕਿ ਆਪੇ ਆਪ ਹੁੰਦਾ ਹੈ ਜਦੋਂ ਆਪਣੇ ਆਪ ਤੋਂ ਆਪੇ ਪਸਾਰਾ ਕਰਦਾ ਹੈ, ਪਸਾਰੇ ਦੇ ਵਿਚ ਜਿਹੜਾ ਸਭ ਤੋਂ ਸ੍ਰੇਸ਼ਟ ਸਰੂਪ ਹੈ ਸਰਗੁਣ ਦਾ ਜਿਸਨੂੰ ਏਕੰਕਾਰ ਕਹਿੰਦੇ ਨੇ। ਧਿਆਨ ਦਿਓ ਬਚਨ ਦੇ ਵਿਚ ਕਿਉਂਕਿ ਇਹ ਗੱਲਾਂ ਬਹੁਤ ਘੱਟ ਪ੍ਰਾਪਤ ਹੁੰਦੀਆਂ ਨੇ, ਫਿਲੋਸਫੀ ਦੀ ਗੱਲ ਹੈ। ਵਾਹਿਗੁਰੂ ਜਦੋਂ ਇਕ ਤੋਂ ਅਨੇਕ ਹੋਇਆ ਪਹਿਲਾ ਸਰੂਪ ਉਸਨੇ –

*ਨਿਰੰਕਾਰ ਆਕਾਰ ਹੋਏ*
*ਏਕੰਕਾਰ ਅਪਾਰ ਸਦਾਇਆ।*

ਏਕੰਕਾਰ ਹੋਇਆ, ਸਰਗੁਣ ਸਰੂਪ ਹੋਇਆ। ਕਿਰਿਆਸ਼ੀਲ ਹੋਇਆ ਜਿਸ ਤਰ੍ਹਾਂ ਇਕ ਰਾਜਾ ਹੈ ਜਿੰਨੀ ਦੇਰ ਤੱਕ ਉਹ ਆਪਣੇ ਮਹੱਲ ਵਿਚ ਹੈ ਉਹ ਹੈ, ਜਦੋਂ ਉਹ ਕੋਰਟ ਵਿਚ ਆ ਗਿਆ ਤਾਂ ਉਥੇ ਆ ਕੇ constitution ਦੇ ਮੁਤਾਬਿਕ ਰਾਜ ਕਰਦਾ ਹੈ। ਸਰੂਪ ਪਹਿਲਾ ਵੀ ਓਹਦਾ ਹੀ ਹੈ, ਲੇਕਿਨ ਦੂਸਰਾ ਜਿਹੜਾ ਹੈ ਕਿਰਿਆਸ਼ੀਲ ਹੁੰਦਾ ਹੈ, ਜਿਵੇਂ ਦਫਤਰ ਵਿਚ ਜਾਂਦਾ ਹੈ ਬੰਦਾ, ਘਰ ਵਿਚ ਉਹਦੀ ਗੱਲ ਵਿਚ ਕੋਈ ਜ਼ੋਰ ਨਹੀਂ ਹੁੰਦਾ, ਜਦੋਂ ਦਫਤਰ 'ਚ ਜਾ ਕੇ ਸੀਟ ਤੇ ਬੈਠਦਾ ਹੈ ਉਥੇ ਲਿਖਦਾ ਹੈ ਉਹਦੇ ਵਿਚ ਜ਼ੋਰ ਹੋਇਆ ਕਰਦਾ ਹੈ। ਇਸੇ ਤਰ੍ਹਾਂ ਦੇ ਨਾਲ ਜਦੋਂ ਆਕਾਰ ਦੇ ਵਿਚ ਕਰਦਾ ਹੈ ਵਾਹਿਗੁਰੂ ਓਸ ਵੇਲੇ ਸਭ ਤੋਂ ਪਹਿਲਾ ਸਰੂਪ ਜੋ ਉਹਦਾ ਬਣਦਾ ਹੈ ਉਹਨੂੰ ੧ਓ ਕਹਿੰਦੇ ਨੇ। ਆਪੇ ਹੀ ਆਪਣੇ ਆਪ ਤੋਂ ਏਕੰਕਾਰ ਹੋ ਜਾਂਦਾ ਹੈ –

*ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*
*ਦਾਤਾ ਕਰਤਾ ਆਪਿ ਤੂੰ*
*ਤੁਸਿ ਦੇਵਹਿ ਕਰਹਿ ਪਸਾਉ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥*
*ਕਰਿ ਆਸਣੁ ਡਿਠੋ ਚਾਉ ॥* *ਅੰਗ – ੪੬੩*

ਏਕੰਕਾਰ ਤੋਂ ਸ਼ਬਦ ਧੁਨ ਹੁੰਦੀ ਹੈ, ਉਹ ਜਿਹੜੀ ਸ਼ਬਦ ਧੁਨ ਹੈ ਉਹਦਾ ਨਾਮ ਓਅੰਕਾਰ ਦੀ ਧੁਨ ਕਹਿੰਦੇ ਨੇ। ਉਹ ਸ਼ਬਦ ਹੀ ਓਅੰਕਾਰ ਹੋਇਆ।

*ਪ੍ਰਥਮ ਓਅੰਕਾਰ ਤਿਨ ਕਹਾ*
*ਸੋ ਧੁਨ ਪੂਰ ਜਗਤ ਮੋ ਰਹਾ।*

ਉਹ ਜਿਹੜੀ ਧੁਨ ਹੈ ਨਾ ਸ਼ਬਦ ਦੀ ਉਹ ਖਤਮ ਨਹੀਂ ਹੋਈ, ਓਸ ਸ਼ਬਦ ਦੇ ਵਿਚੋਂ ਸਾਰੀ ਰਚਨਾ ਹੋਈ।

*ਓਅੰਕਾਰਿ ਬ੍ਰਹਮਾ ਉਤਪਤਿ ॥*
*ਓਅੰਕਾਰੁ ਕੀਆ ਜਿਨਿ ਚਿਤਿ ॥*
*ਓਅੰਕਾਰਿ ਸੈਲ ਜੁਗ ਭਏ ॥*
*ਓਅੰਕਾਰਿ ਬੇਦ ਨਿਰਮਏ ॥* ਅੰਗ - ੯੩੦

time & space ਓਅੰਕਾਰ 'ਚੋਂ, ਸ਼ਬਦ 'ਚੋਂ ਹੋਏ। ਸ਼ਬਦ 'ਚੋਂ ਗਿਆਨ ਪੈਦਾ ਹੋਇਆ, ਵੇਦ, ਜੀਵ ਜੰਤੂ, ਬ੍ਰਹਮਾ ਸ਼ਕਤੀ ਜੋ ਸੰਸਾਰ ਨੂੰ ਬਣਾ ਰਹੀ ਹੈ ਉਹ ਪੈਦਾ ਹੋਈ। ਸ਼ਬਦ ਦੇ ਵਿਚੋਂ ਸ਼ਿਵ ਜੀ ਦੀ ਸ਼ਕਤੀ ਪੈਦਾ ਹੋਈ। ਸ਼ਬਦ ਦੇ ਵਿਚੋਂ ਵਿਸ਼ਨੂੰ ਜੀ ਦੀ ਸ਼ਕਤੀ ਪੈਦਾ ਹੋਈ, ਅਨੇਕਾਂ ਦੇਵੀ ਦੇਵ, ਅਵਤਾਰ ਆਹ ਸਾਰਾ ਸੰਸਾਰ ਜਿੰਨਾ ਤੁਸੀਂ ਦੇਖਦੇ ਓਂ ਇਹ ਸਾਰਾ ਸ਼ਬਦ ਦੇ ਵਿਚੋਂ ਹੋਇਆ। ਸੋ ਏਸ ਤਰ੍ਹਾਂ ਦੇ ਨਾਲ ਜਿਹੜਾ ਸਭ ਤੋਂ ਸ੍ਰੇਸ਼ਟ ਸਰੂਪ ਪ੍ਰਮੇਸ਼ਰ ਦਾ ਹੈ, ਏਕੰਕਾਰ ਦਾ ਉਹ ਜਦੋਂ ਸੰਸਾਰ ਦੇ ਵਿਚ ਉਧਾਰ ਕਰਨ ਵਾਸਤੇ ਪ੍ਰਗਟ ਹੁੰਦਾ ਹੈ ਫੇਰ ਉਹ ਗੁਰੂ ਸਰੂਪ ਹੋਇਆ ਕਰਦਾ ਹੈ। ਏਕੰਕਾਰ ਨੂੰ ਅਸੀਂ ਨਹੀਂ ਜਾਣ ਸਕਦੇ ਕਿਉਂਕਿ ਉਹਦਾ ਕੋਈ ਰੂਪ ਨਹੀਂ ਰੰਗ ਨਹੀਂ, ਰੇਖ ਨਹੀਂ ਭੇਖ ਨਹੀਂ, ਚੱਕਰ ਨਹੀਂ, ਚਿਹਨ ਨਹੀਂ, ਜਾਤ ਨਹੀਂ ਪਾਤ ਨਹੀਂ, ਕੋਈ ਰਹਿਣ ਦਾ ਥਾਂ ਨਹੀਂ, ਕੋਈ ਉਹਦੀ ਕੁਆਲਿਟੀ ਅਸੀਂ ਜਾਣਦੇ ਨਹੀਂ ਹਾਂ। ਸੋ ਸਾਡੇ ਤਰਨ ਵਾਸਤੇ ਪ੍ਰਮੇਸ਼ਰ ਨੇ ਐਸਾ ਕੌਤਕ ਕਰ ਦਿਤਾ ਕਿ ਗੁਰੂ ਨੂੰ ਆਪਣਾ ਸਰੂਪ ਬਣਾ ਕੇ ਸੰਸਾਰ ਤੇ ਭੇਜ ਦਿਤਾ। ਗੁਰੂ ਨਾਨਕ ਪਾਤਸ਼ਾਹ ਦੱਸਾਂ ਪਾਤਸ਼ਾਹੀਆਂ ਦੇ ਵਿਚ ਗੁਰੂ ਪ੍ਰਮੇਸ਼ਰ ਸਨ। ਗੁਰੂਆਂ ਦਾ ਘਾਟਾ ਨਹੀਂ ਸੰਸਾਰ ਦੇ ਉਤੇ ਲੇਕਿਨ ਗੁਰੂ ਪ੍ਰਮੇਸ਼ਰ ਇਹੀ ਹੋਏ ਨੇ। ਬਾਕੀ ਤਾਂ ਗੁਰੂ ਨੇ ਸਾਰੇ। ਟੀਚਰ ਨੇ, ਮਾਸਟਰ ਨੇ ਲੇਕਿਨ ਜੋ ਗੁਰੂ ਹੈ ਅਕਾਲ ਪੁਰਖ ਕਹਿੰਦਾ ਹੈ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ। ਉਹ ਗੁਰੂ ਪ੍ਰਮੇਸ਼ਰ ਜੋ ਹੈ ਉਹ ਗੁਰੂ ਹੋਇਆ ਕਰਦਾ ਹੈ। ਸੋ ਉਨ੍ਹਾਂ ਨੇ ਸਾਡੇ ਉਧਾਰ ਵਾਸਤੇ, ਕਲਜੁਗ ਦੇ ਅੰਦਰ ਕਿੰਨਾ concession ਦੇ ਦਿਤਾ। ਸਮਾਂ ਚਲਦਾ ਹੈ, ਚਲਦਾ ਸਮਾਂ ਇਕ ਰਸ ਨਹੀਂ ਰਹਿੰਦਾ। ਵਾਤਾਵਰਣ ਦੇ ਨਾਲ ਮਿਲ ਕੇ ਲੋਕਾਂ ਦੇ ਖਿਆਲ ਬਦਲ ਜਾਂਦੇ ਨੇ, ਜਿਉਂ-ਜਿਉਂ ਖਿਆਲਾਂ ਦੀ ਗਿਰਾਵਟ ਹੁੰਦੀ ਹੈ ਤਿਉਂ-ਤਿਉਂ ਆਚਾਰੀਆ, ਸੰਤ ਲੋਕ, ਸਾਧੂ ਮਹਾਂਪੁਰਸ਼ ਜੀਵਾਂ ਦੇ ਤਰਨ ਵਾਸਤੇ ਨਵੇਂ ਤੋਂ ਨਵੇਂ ਰਾਹ ਕੱਢਦੇ ਨੇ, ਨਵੀਂ ਤੋਂ ਨਵੀਂ ਟੈਕਨੋਲੋਜੀ ਲਿਆਉਂਦੇ ਨੇ ਕਿ ਐਸ ਤਰ੍ਹਾਂ ਇਨ੍ਹਾਂ ਦਾ ਉਧਾਰ ਹੋ ਜਾਏਗਾ। ਹੁਣ ਕਲਜੁਗ ਦਾ ਸਮਾਂ ਹੈ ਸਾਡੇ ਭਾਰਤੀ ਮਤ ਦੇ ਹਿਸਾਬ ਨਾਲ 17 ਲੱਖ 28 ਹਜ਼ਾਰ ਸਾਲ ਦੇ ਸਮੇਂ ਨੂੰ ਜਦੋਂ ਲੋਕਾਂ ਦੇ ਖਿਆਲ ਬਿਲਕੁਲ ਟਿਕੇ ਹੋਏ ਸਨ, ਸਤਿ ਬੋਲਦੇ ਸਨ ਉਹਨੂੰ ਸਤਿਜੁਗ ਕਹਿੰਦੇ ਸੀ। ਸਤਿ ਦਾ ਜੀਵਨ ਧਾਰ ਕੇ ਆਦਮੀ ਤਰ

ਜਾਇਆ ਕਰਦਾ ਸੀ, ਤਪਸਿਆ ਬਹੁਤ ਕਰਦੇ ਸੀ -

*ਲਖ ਵਰ੍ਹਿਆਂ ਦੀ ਆਰਜਾ*
*ਵਕਤ ਗੁਜਾਰਨ ਪਿੰਨੀ ਸਾਜੇ।*

ਉਮਰਾਂ ਬਹੁਤ ਵੱਡੀਆਂ ਸੀ, ਲੇਕਿਨ ਹਿਰਸ ਨਹੀਂ ਸੀ, ਆਹ ਜਿਹੜੀ ਅੱਜ ਹੈ ਉਮਰ ਛੋਟੀ ਜਿਹੀ ਹੈ -

*ਗਹਰੀ ਕਰਿ ਕੈ ਨੀਵ ਖੁਦਾਈ*
*ਊਪਰਿ ਮੰਡਪ ਛਾਏ॥* *ਅੰਗ - ੬੯੨*

ਵੱਡੇ-ਵੱਡੇ ਮਕਾਨ, ਵੱਡੀਆਂ-ਵੱਡੀਆਂ ਗਹਿਰੀਆਂ ਨੀਹਾਂ ਪੁੱਟਦੇ ਨੇ, ਵੱਡੇ-ਵੱਡੇ ਬੰਦੋਬਸਤ ਕਰਦਾ ਹੈ ਕਿ ਵੱਡੀਆਂ ਬਿਲਡਿੰਗਾਂ ਬਣਾਉਣੀਆਂ ਨੇ, ਕੋਈ ਮੁਨਿਆਦ ਪੱਕੀ ਚਾਹੀਦੀ ਹੈ, ਭੁਚਾਲ ਨਾਲ ਨਾ ਹਿੱਲੇ। ਪਹਿਲਿਆਂ ਜ਼ਮਾਨਿਆਂ 'ਚ ਕੀ ਸੀ ਉਹ ਕਹਿੰਦੇ ਸੀ ਕਾਲ ਦਾ ਕੋਈ ਭਰੋਸਾ ਨਹੀਂ ਇਥੇ ਰਹਿਣਾ ਤਾਂ ਹੈ ਨਹੀਂ। ਰਹਿਣ ਸਹਿਣ ਸਾਦਾ ਸੀ, ਜਿਹੋ ਜਿਹਾ ਥਾਂ ਮਿਲ ਗਿਆ ਓਹੋ ਜਿਹੇ ਥਾਂ ਦਿਨ ਕੱਟ ਲਏ। ਮਾਰਕੰਡੇ ਦੀ ਉਮਰ ਬਹੁਤ ਵੱਡੀ ਸੀ, ਜੇ ਕਿਸੇ ਨੇ ਕਿਹਾ ਕਿ ਮਾਰਕੰਡਾ ਜੀ ਤੁਸੀਂ ਮਕਾਨ ਤਾਂ ਬਣਾ ਲਓ। ਉਹ ਕਹਿੰਦੇ ਕਿਸ ਲਈ, ਚਾਰ ਦਿਨ ਦੀ ਜਿੰਦਗਾਨੀ ਹੈ -

*ਮਾਰਕੰਡੇ ਤੇ ਕੋ ਅਧਿਕਾਈ*
*ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥ ਅੰਗ - ੬੯੨*

ਛੱਪਰ ਪਾ ਲੈਂਦਾ ਸੀ ਤੇ ਉਹਦੇ ਵਿਚ ਹੀ ਦਿਨ ਕੱਟ ਲਿਆ ਕਰਦਾ ਸੀ। ਸਮਾਂ ਬਦਲ ਗਿਆ, 12 ਲੱਖ 96 ਹਜ਼ਾਰ ਸਾਲ ਆਦਮੀਆਂ ਦਾ ਖਿਆਲ ਬਰੈਕਟ ਕੀਤਾ ਗਿਆ ਏਸਨੂੰ ਤ੍ਰੇਤਾ ਯੁੱਗ ਕਹਿੰਦੇ ਨੇ। 8 ਲੱਖ 64 ਹਜ਼ਾਰ ਸਾਲ ਦੇ ਵਿਚ ਆਦਮੀਆਂ ਦਾ ਖਿਆਲ ਫੇਰ ਬਰੈਕਟ ਕੀਤਾ ਗਿਆ ਤੇ ਉਹਨੂੰ ਦੁਆਪਰ ਯੁੱਗ ਕਹਿੰਦੇ ਨੇ ਹੁਣ ਵਾਰੀ ਆ ਗਈ ਕਲਜੁਗ ਦੀ ਇਹਦੀ ਉਮਰ 4 ਲੱਖ 32 ਹਜ਼ਾਰ ਸਾਲ ਦੀ ਹੈ। ਲੇਕਿਨ ਮਹਾਂਪੁਰਸ਼ਾਂ ਦਾ ਇਹ ਅਨੁਭਵ ਹੈ ਕਿ ਇਹ 4 ਲੱਖ 32 ਹਜ਼ਾਰ ਸਾਲ ਆਬਾਦੀ ਨਹੀਂ ਰਹਿਣੀ। ਲੋਕਾਂ ਦੇ ਖਿਆਲ ਐਨੇ ਦੂਸ਼ਿਤ ਹੋ ਜਾਣੇ ਨੇ, ਵਾਤਾਵਰਣ ਨੇ ਐਨਾ ਅਸ਼ੁੱਧ ਹੋ ਜਾਣਾ ਹੈ ਤੇ ਹਵਾ ਦੇ ਵਿਚ ਮਿਲਾਵਟ ਗੈਸਾਂ ਐਨੀਆਂ ਆ ਜਾਣੀਆਂ ਨੇ ਕਿ ਮਨੁੱਖ ਦੀ ਜੋ ਹੋਂਦ ਹੈ ਉਹ ਬਹੁਤ ਥੋੜ੍ਹੀ ਰਹੇਗੀ। ਐਨੀ ਨਹੀਂ ਰਹਿੰਦੀ 4 ਲੱਖ 32 ਹਜ਼ਾਰ ਸਾਲ ਦੀ ਕਿਉਂਕਿ ਇਹ ਜੁੱਗ ਦੇ ਵਿਚ ਪਾਪ ਬਹੁਤੇ ਹੋਣ ਕਰਕੇ ਇਹਦੀ ਉਮਰ ਘਟ ਜਾਣੀ ਹੈ, ਸੌ ਸਾਲ ਦੀ ਉਮਰ ਮਨੁੱਖ ਦੀ ਕਲਜੁਗ 'ਚ ਰੱਖੀ ਹੈ ਲੇਕਿਨ ਸੌ ਸਾਲ ਦੀ ਕਿਸੇ ਵਿਰਲੇ ਦੀ ਹੁੰਦੀ ਹੈ। 60 ਤੋਂ ਹੀ ਗਿਰਨੇ ਸ਼ੁਰੂ ਹੋ ਜਾਂਦੇ ਨੇ। ਪਹਿਲਾਂ ਬੱਚੇ ਹੀ ਚਲੇ ਜਾਂਦੇ ਨੇ ਕਈ ਵਾਰੀ। ਪਹਿਲੇ ਜੁਗਾਂ 'ਚ ਬੱਚੇ ਨਹੀਂ ਸੀ ਜਾਇਆ ਕਰਦੇ ਮਾਂ ਬਾਪ ਦੇ ਹੁੰਦੇ। ਐਸਾ ਤਪ ਕੀਤਾ ਹੋਇਆ ਸੀ ਉਨ੍ਹਾਂ ਨੇ। ਸੋ ਇਹ ਜੋ ਕਲਜੁਗ ਹੈ ਇਹਦੇ ਵਿਚ ਅਸੀਂ ਕਰੀਏ ਕਿਵੇਂ? ਸਾਡਾ ਕੋਈ ਉਧਾਰ ਹੋਵੇ, ਅਸੀਂ ਆ ਤਾਂ ਗਏ ਕਲਜੁਗ 'ਚ ਅਸੀਂ ਆਪਣੇ ਆਪ ਤਾਂ ਆਏ ਨਹੀਂ ਸਾਨੂੰ ਭੇਜਿਆ ਗਿਆ ਹੈ। ਸਾਡੀ ਵਾਰੀ ਆਈ ਹੈ ਤੇ ਵਾਰੀ ਦੇ ਵਿਚ ਆ ਕੇ ਸਾਨੂੰ ਕਲਜੁਗ ਦੇ ਵਿਚ ਜਨਮ ਮਿਲ ਗਿਆ।

ਮਹਾਰਾਜ ਕਹਿੰਦੇ ਘਬਰਾਓ ਨਾ, ਸਾਧਨ ਐਨਾ ਸੁਖਾਲਾ ਕਰ ਦਿਤਾ ਹੈ ਕਿ ਇਕ ਵਾਰੀ ਵੀ –

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ।*

ਕਿੱਡਾ concession ਦੇ ਦਿਤਾ ਕਿ ਜੇ ਇਕ ਵਾਰੀ ਵੀ ਧਿਆਨ ਆ ਜਾਏ ਵਾਹਿਗੁਰੂ ਦਾ ਉਹਦੀ ਕਾਲ ਦੀ ਫਾਸੀ ਕਟ ਜਾਂਦੀ ਹੈ, ਥੋੜ੍ਹੀ ਜਿਹੀ ਸੇਵਾ ਕਰ ਲਵੇ ਬਹੁਤ ਵੱਡਾ ਫਲ ਮਿਲਦਾ ਹੈ। ਪਹਿਲਾਂ ਫਲ ਐਨਾ ਨਹੀਂ ਸੀ ਮਿਲਦਾ, ਨਾਮ ਜਪਣ ਦਾ ਫਲ ਬੇਅੰਤ ਮਿਲਦਾ ਹੈ। ਕਹਿੰਦੇ ਨਾਮ ਦਾ ਜੁਗ ਆ ਗਿਆ –

*ਅਬ ਕਲੂ ਆਇਓ ਰੇ ॥*
*ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥*
*ਮਤੁ ਭਰਮਿ ਭੂਲਹੁ ਭੂਲਹੁ ॥   ਅੰਗ – ੧੧੮੫*

ਸੋ ਇਹ ਬਚਨ ਯਾਦ ਕਰ ਲਓ, ਬੜੇ ਕੰਮ ਆਉਣਗੇ। ਕਲਜੁਗ ਦਾ ਸਮਾਂ, ਨਾਮ ਦੀ ਖੇਤੀ ਤੇ ਨਾਮ ਦੀ ਖੇਤੀ ਐਨੀ ਭਰਪੂਰ ਹੈ ਕਿ ਜਿਹਦੇ ਪੱਲੇ ਪੈ ਜਾਵੇ ਕਹਿੰਦੇ –

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*

*ਅੰਗ – ੮੧*

ਜੱਗਾਂ ਦੀ ਕੀਮਤ ਸੀ, ਪੁੰਨਾਂ ਦੀ ਕੀਮਤ ਸੀ, ਇਕ ਪੁੰਨ ਇਥੇ ਕਰਿਆ ਜਾਵੇ, ਬ੍ਰਹਮਗਿਆਨੀ ਦੇ ਰਾਹੀਂ ਕੋਈ ਪੁੰਨ ਕਰ ਦਿਤਾ, ਪੂਰਨ ਮਹਾਤਮਾ ਦੇ ਰਾਹੀਂ ਪੁੰਨ ਕਰ ਦਿਤਾ, ਲੱਖ ਗੁਣਾਂ ਫੈਲ ਜਾਇਆ ਕਰਦਾ ਸੀ, ਲੇਕਿਨ ਕੀਮਤ ਤਾਂ ਸੀ ਨਾ। ਕਲਜੁਗ ਦੇ ਵਿਚ ਜਿਹੜਾ ਪੁੰਨ ਹੈ, ਹਰੀ ਦਾ ਜਸ ਤੇ ਨਾਮ ਜਪਣਾ –

*ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥*

*ਅੰਗ – ੯੬੨*

ਸੱਚੇ ਪਾਤਸ਼ਾਹ! ਕਲਜੁਗ ਦਾ ਆਦਮੀ ਮੈਂ-ਮੈਂ ਕਰਦਾ ਹੈ, ਆਪਣੇ ਥੋੜ੍ਹੇ ਜਿਹੇ ਪੁੰਨ ਕਰਨ ਦੇ ਨਾਲ, ਥੋੜ੍ਹੀ ਜਿਹੀ ਸੇਵਾ ਕਰਨ ਦੇ ਨਾਲ ਬਹੁਤ ਵੱਡੀ ਮਹਿਮਾ ਚਾਹੁੰਦਾ ਹੈ, ਬਹੁਤ ਵੱਡਾ ਉਹਦਾ reward ਚਾਹੁੰਦਾ ਹੈ ਤੇ ਪੁੰਨ ਲਗ ਜਾਣਗੇ? ਮਹਾਰਾਜ ਕਹਿੰਦੇ ਨਹੀਂ ਭਾਈ, ਪੁੰਨ ਦੇ ਵਿਚ ਜੇ ਬਹੁਤ ਧਿਆਨ ਵਾਲਾ ਹੋਏਗਾ ਤਾਂ, ਤਾਂ ਲੱਗ ਜਾਏਗਾ ਨਹੀਂ ਤਾਂ ਪੁੰਨ ਜਾਂਦਾ ਰਹੇਗਾ।–

*ਤੀਰਥ ਬਰਤ ਅਰੁ ਦਾਨ ਕਰਿ*
*ਮਨ ਮੈ ਧਰੈ ਗੁਮਾਨੁ॥*

***ਨਾਨਕ ਨਿਹਫਲੁ ਜਾਤ ਤਿਹ***
***ਜਿਉ ਕੁੰਚਰ ਇਸਨਾਨੁ॥ ਅੰਗ - ੧੪੨੮***

ਗੁਮਾਨ ਇਹਨੂੰ ਕੁਦਰਤੀ ਤੌਰ ਤੇ ਆਉਣਾ ਹੈ, ਗੁਰਦੁਆਰਾ ਬਣਾ ਕੇ ਗੁਮਾਨ ਆਏਗਾ ਕਿ ਮੈਂ ਬਣਾਇਆ ਹੈ। ਪ੍ਰੈਜੀਡੈਂਟਸ਼ਿਪ ਤੋਂ ਉਹਨੂੰ ਲਾਹ ਦਿਓ, frustrate ਹੋ ਜਾਏਗਾ ਕਿ ਮੇਰੀ ਕਦਰ ਹੀ ਨਹੀਂ ਕਰੀ ਇਨ੍ਹਾਂ ਲੋਕਾਂ ਨੇ। ਇਹ ਹੁਣ ਆ ਕੇ ਚੌਧਰੀ ਬਣ ਗਏ। ਮੈਂ ਜਦੋਂ ਬਣਾਉਂਦਾ ਸੀ ਉਦੋਂ ਕੋਈ ਨੇੜੇ ਨਹੀਂ ਸੀ ਆਉਂਦਾ। ਇਹਨੂੰ ਕਹਿੰਦੇ ਨੇ ਕਿ ਅਭਿਮਾਨ ਹੋ ਗਿਆ। ਮਹਾਰਾਜ ਕਹਿੰਦੇ ਨਿਹਫਲ ਹੋ ਗਿਆ। ਇਕ ਪੁੰਨ ਹੈ ਸੰਸਾਰ ਦੇ ਵਿਚ ਜਿਸ ਪੁੰਨ ਦੇ ਵਿਚ ਬੈਠੇ ਹੁਣ ਤੁਸੀਂ ਕਰ ਰਹੇ ਓਂ। ਕਲਜੁਗ ਦੇ ਵਿਚ ਵੱਡਾ ਪੁੰਨ ਗੋਬਿੰਦ ਦੇ ਗੁਣ ਗਾਉਣਾ ਹੈ। ਜਿਸਦੀ ਕੀਮਤ ਦਾ ਕੋਈ ਹਿਸਾਬ-ਕਿਤਾਬ ਨਹੀਂ ਹੈ। ਕੋਈ ਪਾ ਨਹੀਂ ਸਕਿਆ, ਨਾ ਨਾਮ ਦੀ ਕੀਮਤ ਨਾ ਪ੍ਰਮੇਸ਼ਰ ਦੇ ਗੁਣਾਂ ਦੀ ਕੀਮਤ। ਆਪੇ ਹੀ ਛੁਟਕਾਰਾ ਹੋ ਗਿਆ ਸਾਡਾ। ਸੇਵਾ ਕਰੀ ਕਿੰਨਾ ਫਲ ਦਿੰਦੀ ਹੈ। ਮੈਨੂੰ ਥੋੜ੍ਹੇ ਜਿਹੇ ਦਿਨ ਹੋਏ ਸੰਗਤ ਦੇ ਵਿਚ ਦੱਸਿਆ ਇਥੇ ਕਹਿੰਦੇ ਅਸੀਂ ਰਾੜਾ ਸਾਹਿਬ ਗਏ ਉਥੇ ਇਕ ਭੂਤ ਬੋਲੇ। ਉਹ ਭੂਤ ਕਹਿਣ ਲੱਗਿਆ ਕਿ ਦੇਖੋ ਤੁਹਾਨੂੰ ਮੈਂ ਇਕ ਗੱਲ ਦੱਸਾਂ। ਭੂਤ ਤਾਂ ਮੈਂ ਗਿਆ ਬਣ, ਮੇਰੇ ਕਰਮ ਮਾੜੇ ਸੀਗੇ ਪਰ ਮੈਂ ਇਕ ਗੱਲ ਦੱਸਦਾ ਹਾਂ, ਮੈਂ ਸਿਰਫ ਐਨਾ ਹੀ ਪੁੰਨ ਕਰਿਆ ਸੀ ਜ਼ਿੰਦਗੀ ਦੇ ਅੰਦਰ, ਮਹਾਤਮਾ ਪਹੁੰਚੇ ਸਾਡੇ ਪਿੰਡ ਆਏ, ਭੀੜ ਜ਼ਿਆਦਾ ਹੋ ਗਈ ਤੇ ਮੈਂ ਅੱਗੇ ਹੋ ਕੇ ਉਨ੍ਹਾਂ ਨੂੰ ਰਸਤਾ ਦਿਵਾ ਦਿਤਾ। ਲੋਕਾਂ ਨੂੰ ਪਰ੍ਹੇ ਹਟਾ ਦਿਤਾ ਸੰਗਤਾਂ ਨੂੰ ਕਿ ਲੰਘ ਜਾਣ ਦਿਓ ਤੁਸੀਂ। ਕਹਿੰਦਾ, ਉਹਦਾ ਇਹ ਪੁੰਨ ਹੋਇਆ ਕਿ ਜਮਦੂਤ ਜਦੋਂ ਮੈਨੂੰ ਲੈਣ ਆਏ ਤਾਂ ਕਹਿੰਦੇ ਇਹਨੂੰ ਮਾਰਨਾ ਨਹੀਂ ਹੈ। ਉਹ ਕਹਿਣ ਲੱਗੇ ਕਿਉਂ ਨਹੀਂ ਮਾਰਨਾ? ਕਹਿੰਦੇ ਇਹਨੇ ਮਹਾਤਮਾ ਨੂੰ ਰਸਤਾ ਦਿਖਾ ਕੇ ਲੰਘਾਇਆ ਸੀਗਾ ਭੀੜ ਦੇ ਵਿਚੋਂ। ਕਹਿੰਦਾ, ਉਹਦਾ ਪੁੰਨ ਮੈਨੂੰ ਇਹ ਮਿਲਿਆ ਕਿ ਮੈਨੂੰ ਜਮਾਂ ਦੀ ਮਾਰ ਨਹੀਂ ਪਈ। ਕਿਉਂਕਿ ਮਹਾਰਾਜ ਕਹਿੰਦੇ ਨੇ ਇਹ ਗੱਲ-

***ਜੇ ਕੋ ਜੀਉ ਕਹੈ ਓਨਾ ਕਉ***
***ਜਮ ਕੀ ਤਲਬ ਨ ਹੋਈ ॥ ਅੰਗ - ੧੩੨੮***

ਜੇ ਕੋਈ ਮਹਾਂਪੁਰਸ਼ਾਂ ਨੂੰ ਕੇਵਲ ਆਦਰ ਤੇ ਸਤਿਕਾਰ ਨਾਲ ਜੀਅ ਕਹਿ ਕੇ ਵੀ ਬੁਲਾ ਲੈਂਦਾ ਹੈ ਤਾਂ ਕਹਿੰਦੇ ਜਮਦੂਤ ਨਹੀਂ ਉਹਨੂੰ ਕੁੱਟਦੇ। ਕਿੱਡਾ ਵੱਡਾ ਪੁੰਨ ਹੋ ਗਿਆ। ਸੋ ਐਸਾ ਹੀ ਪੁੰਨ ਜੋ ਹੈ ਨਾਮ ਦਾ ਹੈ -

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬***

ਜਦੋਂ ਅਸੀਂ ਸੇਵਾ ਕਰਦੇ ਹਾਂ, ਕਹਿੰਦੇ ਉਹਦਾ ਪੁੰਨ ਦਰਗਾਹ ਦੇ ਵਿਚ ਇਹ ਮਿਲਦਾ ਹੈ ਕਿ ਥਾਂ ਮਿਲ ਜਾਂਦਾ ਹੈ। ਕੱਲ੍ਹ ਹੀ ਮੈਂ ਕਹਿ ਰਿਹਾ ਸੀ ਇਥੇ

ਸੇਵਾ ਚੱਲ ਰਹੀ ਸੀ ਤੇ ਮੇਰੇ ਮਨ 'ਚ ਆਇਆ, ਹਿਸਾਬ-ਕਿਤਾਬ ਜਿਹਾ ਮੈਂ ਲਾ ਲੈਂਦਾ ਹੁੰਦਾ ਹਾਂ। ਮੈਂ ਕਿਹਾ ਕਿ 8 ਵਜੇ ਤੋਂ ਆਏ ਨੇ ਪ੍ਰੇਮੀ ਸਾਰੇ, ਬੀਬੀਆਂ ਆਈਆਂ ਨੇ, ਇਨ੍ਹਾਂ ਨੇ ਨਾ ਇਕ ਸਕਿੰਟ ਵਾਸਤੇ ਦਮ ਲਿਆ, ਨਾ ਇਹ ਠਹਿਰੀਆਂ ਨੇ ਤੇ ਨਾ ਹੀ ਇਨ੍ਹਾਂ ਦੀ ਚਾਲ ਮੱਠੀ ਪਈ, ਓਨੀਓਂ ਤੇਜ਼ੀ ਹੈ ਜਿੰਨੀ ਸਵੇਰ ਵੇਲੇ ਸੀ, ਓਸ ਵੇਲੇ ਦੋ ਵੱਜ ਗਏ ਸੀ। ਛੇ ਘੰਟੇ ਸੇਵਾ ਕਰਦਿਆਂ ਨੂੰ ਹੋ ਗਏ ਸੀ। ਛੋਟੀਆਂ-ਛੋਟੀਆਂ ਬੱਚੀਆਂ ਇਕ ਵੀ ਨਾ ਥੱਕੀ ਮੈਂ ਹੈਰਾਨ ਹੋ ਰਿਹਾ ਸੀ ਤੇ ਮੈਂ ਅੰਦਾਜ਼ਾ ਲਾਇਆ ਕਿ ਛੇ ਘੰਟੇ 'ਚ ਐਵਰੇਜ ਜੇ ਆਹੀ ਮੰਨ ਲਓ ਕਿ ਦੋ ਕਿਲੋਮੀਟਰ ਇਹ ਇਕ ਘੰਟੇ 'ਚ ਤੁਰੀਆਂ ਨੇ, ਬੀਬੀਆਂ ਤੇ ਭਾਈ ਤੁਰੇ ਨੇ ਕਿ ਇਹ ਅੱਠ ਘੰਟਿਆਂ ਦੇ ਅੰਦਰ ਕਿੰਨਾ ਚੱਲ ਗਏ। ਛੇ ਘੰਟਿਆਂ ਦੇ ਅੰਦਰ 12 ਕਿਲੋਮੀਟਰ ਚੱਲ ਗਏ। ਸਿਰ ਦੇ ਉਤੇ ਵਜ਼ਨ ਲੈ-ਲੈ ਕੇ। ਸਹਿਜ ਦੇ ਵਿਚ ਸੇਵਾ ਹੋਈ ਹੈ, ਮੈਂ ਕਿਹਾ ਬੇਟਾ! ਥੱਕ ਤਾਂ ਨਹੀਂ ਗਈਆਂ। ਕਹਿੰਦੀਆਂ ਨਹੀਂ ਪਿਤਾ ਜੀ ਅਸੀਂ ਨਹੀਂ ਥੱਕੀਆਂ। ਮੈਂ ਕਿਹਾ ਅੱਜ 12 ਕਿਲੋਮੀਟਰ ਤੁਸੀਂ ਤੁਰੀਆਂ ਓਂ, ਗੁਰੂ ਦੀ ਸੇਵਾ ਦੇ ਵਿਚ ਵਜ਼ਨ ਚੁੱਕ-ਚੁੱਕ ਕੇ। ਤੁਹਾਡਾ ਘੱਟ ਤੋਂ ਘੱਟ ਵੀ ਮੈਂ ਅਨੁਮਾਨ ਲਾਵਾਂ, 10-12 ਕਿਲੋਮੀਟਰ ਤੁਹਾਡਾ ਦਰਗਾਹ ਦਾ ਰਸਤਾ ਸਾਫ ਹੋ ਗਿਆ। ਇਹ ਜੋ ਸੜਕ ਦੀ ਸੇਵਾ ਕਰੀ ਹੈ, ਪਤਾ ਨਹੀਂ ਕਿਹੜੇ ਬ੍ਰਹਮਗਿਆਨੀ ਦੇ ਚਰਨ ਇਥੇ ਪੈ ਜਾਣੇ ਨੇ ਤੇ ਜਿਨ੍ਹਾਂ ਨੇ ਸਿਰਾਂ ਤੇ ਚੁੱਕ ਕੇ ਪੱਥਰ ਪਾਏ ਨੇ, ਸੜਕਾਂ ਬਣਾਈਆਂ ਨੇ, ਮਿੱਟੀਆਂ ਢੋਈਆਂ ਨੇ, ਕਿੰਨੀ ਧੁੱਪ ਹੋਇਆ ਕਰਦੀ ਸੀ, ਉਨ੍ਹਾਂ ਦੇ ਪੁੰਨ ਕਿੰਨੇ ਹੋ ਗਏ ਹੋਣੇ ਨੇ। ਮੈਂ ਕਿਹਾ 13 ਕਰੋੜ ਮੀਲ ਤੋਂ ਜ਼ਿਆਦਾ ਤੁਹਾਡਾ ਰਸਤਾ ਉਸ ਸੜਕ ਨੇ ਸਾਫ ਕਰ ਦਿਤਾ। ਸੋ ਇਹ ਸੇਵਾ ਦਰਗਾਹ 'ਚ ਜਾ ਕੇ ਫਲਦੀ ਹੈ ਬੇਅੰਤ ਹੀ। ਉਥੇ ਥਾਂ ਮਿਲ ਜਾਇਆ ਕਰਦਾ ਹੈ। ਸੋ ਇਸੇ ਤਰ੍ਹਾਂ ਦੇ ਨਾਲ ਤੁਸੀਂ ਸਤਿਸੰਗ 'ਚ ਬੈਠੇ ਓਂ। ਇਕ ਬਹੁਤ ਵੱਡੇ ਯੱਗ ਦੇ ਵਿਚ ਬੈਠੇ ਓਂ। ਮਹਾਰਾਜ ਕਹਿੰਦੇ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***

***ਅੰਗ - ੫੪੬***

ਸੋ ਓਸ ਗੁਰੂ ਦਾ, ਜੋ ਗੁਰੂ ਪ੍ਰਮੇਸ਼ਰ ਹੈ ਓਸ ਦਾ ਅਸੀਂ ਜਸ ਕਰ ਰਹੇ ਹਾਂ।

ਗੁਰੂ ਨਾਨਕ ਸੰਸਾਰ ਦਾ ਉਧਾਰ ਕਰਦੇ-ਕਰਦੇ ਅੱਜ ਆਪ ਏਮਨਾਬਾਦ ਦੇ ਵਿਚ ਭਾਈ ਲਾਲੋ ਦੇ ਪਾਸ ਰਹਿ ਰਹੇ ਨੇ। ਆਪ ਨੇ ਐਸੀ ਬਿਰਤੀ ਧਾਰਨ ਕਰ ਲਈ ਕਿ ਰੋੜਾਂ ਦੀ ਸੇਜ ਵਿਛਾ ਲਈ, ਉਹਦੇ ਉਤੇ ਬਹਿ ਜਾਇਆ ਕਰਦੇ ਨੇ ਜਾ ਕੇ। ਸਾਰਾ ਦਿਨ ਬੈਠੇ ਰਹਿੰਦੇ ਨੇ ਤੇ ਭਾਈ ਬਾਲਾ ਜੀ ਨੂੰ ਤਾਂ ਪਹਿਲਾਂ ਹੀ ਭੇਜ ਦਿਤਾ। ਭਾਈ ਮਰਦਾਨੇ ਨੂੰ ਕਿਹਾ ਕਿ ਤੂੰ ਤਲਵੰਡੀ ਜਾਇਆ ਆ। ਘਰਵਾਲਿਆਂ ਦੀ ਖਬਰ ਸਾਰ ਲੈ ਆ ਤੇ ਜਲਦੀ ਆ ਜਾਈਂ ਵਾਪਸ, ਫੇਰ ਆਪਾਂ ਅੱਗੇ ਜਾਣਾ ਹੈ। ਭਾਈ ਮਰਦਾਨਾ ਜੀ, ਭਾਈ ਬਾਲਾ ਜੀ ਤਲਵੰਡੀ ਆ ਜਾਂਦੇ ਨੇ ਤੇ ਮਹਿਤਾ ਕਾਲੂ ਜੀ ਨੂੰ ਪਤਾ ਲੱਗਿਆ ਕਿ ਗੁਰੂ ਨਾਨਕ ਦੇ ਪਾਸੋਂ ਆਏ ਨੇ। ਓਸ ਵੇਲੇ ਭਾਈ ਬਾਲਾ ਜੀ ਪਹਿਲਾਂ ਪਹੁੰਚੇ ਸੀ ਤੇ

ਭਾਈ ਬਾਲਾ ਜੀ ਨੂੰ ਬੁਲਾਇਆ ਤੇ ਬੁਲਾ ਕੇ ਕਹਿਣ ਲੱਗੇ ਕਿ ਬਾਲਾ! ਤੈਨੂੰ ਨਾਨਕ ਦੇ ਨਾਲ ਭੇਜਿਆ ਸੀ, ਉਹ ਮੋਦੀਖਾਨੇ ਦੀ ਸੇਵਾ ਕਰਦੇ ਸੀ, ਤੂੰ ਉਨ੍ਹਾਂ ਦਾ ਹੱਥ ਵਟਾਉਂਦਾ ਸੀ, ਦੇਹ ਖਬਰ ਨਾਨਕ ਦੀ ਕੀ ਹਾਲ ਚਾਲ ਹੈ?

ਭਾਈ ਬਾਲਾ ਕਹਿਣ ਲੱਗਿਆ, ਮਹਿਤਾ ਜੀ ਗੁਰੂ ਨਾਨਕ ਦੀ ਮਹਿਮਾ ਤਾਂ ਕਥਨ ਤੋਂ ਬਾਹਰ ਹੈ। ਅਗਾਧ ਬੋਧ ਹੈ ਓਹਦੀ ਲੀਲਾ। ਓਹਦੀ ਕ੍ਰਿਆ ਅਗੰਮ ਹੈ, ਜਿਹੜੀ ਮੇਰੇ ਤੋਂ ਦੱਸੀ ਨਹੀਂ ਜਾਂਦੀ ਏਸ ਤਰ੍ਹਾਂ ਦੇ ਨਾਲ ਫੁਰਮਾਨ ਹੈ -

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮੁ ਕੀ ਸਚੀ ਧਰਮਸਾਲਾ।***
***ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮਾਲਾ।***
***ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹਕਾਲਾ॥***

***ਭਾਈ ਗੁਰਦਾਸ ਜੀ, ਵਾਰ 34/1***

ਤੁਸੀਂ ਨਾਨਕ ਜੀ ਦਾ ਹਾਲ ਪੁੱਛਦੇ ਓਂ, ਉਨ੍ਹਾਂ ਦਾ ਹਾਲ ਤਾਂ ਕਹਿਣ ਸੁਣਨ ਤੋਂ ਬਾਹਰ ਹੈ। ਕਹਿਣ ਲੱਗੇ, ਬਾਲਾ! ਅਣਜਾਣਾਂ ਵਾਲੀਆਂ ਗੱਲਾਂ ਨਾ ਮੇਰੇ ਨਾਲ ਕਰ, ਮੈਂ ਤੇਰੇ ਤੋਂ ਪੁੱਛਦਾ ਹਾਂ ਕਿ ਨਾਨਕ ਦਾ ਕੀ ਹਾਲ ਹੈ? ਤੂੰ ਮੈਨੂੰ ਹੋਰ ਹੀ ਕਹਾਣੀਆਂ ਪਾਉਣ ਲੱਗ ਗਿਆ। ਬਾਲੇ ਨੇ ਕਿਹਾ ਜੀ ਉਹ ਤਾਂ ਕੁਲਾਂ ਤਾਰਨ ਆਇਆ ਹੋਇਆ ਹੈ। ਕਹਿੰਦਾ, ਮੂਰਖ ਜੱਟ ਗੱਲ ਤੇ ਆਉਂਦਾ ਹੀ ਨਹੀਂ ਹੈ। ਬਾਲੇ ਨੇ ਕਿਹਾ ਕਿ ਜੇ ਤੂੰ ਪੁੱਛਣਾ ਹੀ ਹੈ ਤਾਂ ਆਪਣੀ ਲੜਕੀ ਤੇ ਜਵਾਈ ਨੂੰ ਪੁੱਛ ਲੈ ਮੇਰੇ ਨਾਲ ਕਿਉਂ ਖਹਿਬੜਦੈਂ? ਮੈਂ ਕੁੱਛ ਦਿਤਾ ਹੈ, ਮੈਂ ਤਾਂ ਗੁਰੂ ਨਾਨਕ ਦੇ ਨਾਲ ਹਾਂ, ਮੈਂ ਆਪਣੀ ਖੇਤੀ ਬਾੜੀ ਵੀ ਛੱਡੀ ਹੋਈ ਹੈ। ਕਿੰਨੇ ਸਾਲ ਤੋਂ ਮੈਂ ਉਥੇ ਰਹਿ ਰਿਹਾ ਹਾਂ, ਸੇਵਾ ਕਰ ਰਿਹਾ ਹਾਂ ਤੇ ਤੂੰ ਮੈਨੂੰ ਉਲਟਾ ਤਾੜਨ ਲਗ ਗਿਆ। ਐਨਾ ਕਹਿ ਕੇ ਬਾਲਾ ਜੀ ਤਾਂ ਚੁੱਪ ਕਰਕੇ ਆਪਣੇ ਘਰ ਚਲੇ ਗਏ ਤੇ ਇਹ ਆਪਣੇ ਘਰ ਚਲਿਆ ਗਿਆ। ਥੋੜ੍ਹੇ ਦਿਨਾਂ ਤੋਂ ਬਾਅਦ, ਕੁਝ ਸਮਾਂ ਲੰਘਣ ਤੋਂ ਬਾਅਦ, ਭਾਈ ਮਰਦਾਨਾ ਗੁਰੂ ਮਹਾਰਾਜ ਨੇ ਭੇਜਿਆ ਕਿ ਭਾਈ ਮਰਦਾਨਾ ਤੂੰ ਜਾਹ। ਤੇਰੇ ਨਾਲ ਮਹਿਤਾ ਜੀ ਲੜਨਗੇ, ਗੁੱਸੇ ਨਾ ਹੋਈਂ। ਸਹੀ-ਸਹੀ ਗੱਲ ਦੱਸ ਦੇਈਂ ਜੋ ਹੋਈ ਹੈ ਕਿਉਂਕਿ ਉਹਦਾ ਸੁਭਾਅ ਲੜਾਈ ਦਾ ਹੀ ਹੈ, ਬਚਪਨ ਤੋਂ ਹੀ ਗੱਲ ਸਮਝਦੇ ਨਹੀਂ ਹਨ, ਤੇਜ਼ ਹੋ ਜਾਂਦੇ ਨੇ, ਬਹੁਤ ਉਲਟੀਆਂ ਪੁਲਟੀਆਂ ਗੱਲਾਂ ਕਹਿਣੀਆਂ ਸ਼ੁਰੂ ਕਰ ਦਿੰਦੇ ਨੇ। ਸੁਣਨਗੇ ਦੱਸ ਦੇਈਂ ਨਹੀਂ ਸੁਣਨਗੇ ਚੁੱਪ ਕਰ ਜਾਈਂ।

ਸੋ ਭਾਈ ਮਰਦਾਨੇ ਦਾ ਜਦੋਂ ਪਤਾ ਲੱਗਿਆ ਤਾਂ ਉਹਨੇ ਕੁਦਰਤੀ ਜਾਣਾ ਹੀ ਸੀ। ਜਾ ਕੇ ਦੁਆ ਸਲਾਮ ਕਰੀ, ਨਮਸਕਾਰ ਕਰੀ। ਪੁੱਛਿਆ ਮਹਿਤਾ ਜੀ ਨੇ ਕਿ ਨਾਨਕ ਜੀ ਦਾ ਕੀ ਹਾਲ ਹੈ? ਉਹ ਕਹਿੰਦਾ, ਮਹਿਤਾ ਜੀ! ਉਹ ਤਾਂ ਅੱਲਾ ਦੀ ਜਾਤ ਆਈ ਹੋਈ ਹੈ। ਉਹ ਸੰਸਾਰ ਦਾ ਉਧਾਰ ਕਰਨ ਵਾਲਾ ਆਪ ਅੱਲਾਹ ਮਨੁੱਖ ਆਇਆ ਹੈ। ਕਹਿੰਦਾ, ਮੈਂ ਤੈਨੂੰ ਹਾਲ ਪੁੱਛਦਾ ਹਾਂ ਤੂੰ

ਹੋਰ ਹੀ ਗੱਲਾਂ ਕਰਨ ਲੱਗ ਗਿਆ? ਪਹਿਲਾਂ ਬਾਲੇ ਨੂੰ ਪੁਛਿਆ ਉਹ ਵੀ ਆਹੀ ਗੱਲਾਂ ਸੁਣਾ ਕੇ ਗਿਆ। ਮਰਦਾਨੇ ਨੇ ਕਿਹਾ ਕਿ ਤੁਸੀਂ ਮੰਨੋ ਚਾਹੇ ਨਾ ਮੰਨੋ ਜੋ ਕੁਛ ਗੁਰੂ ਨਾਨਕ ਨੇ ਅਸੀਂ ਕਹਿ ਨਹੀਂ ਸਕਦੇ। ਸਾਡੀ ਸਮਝ ਤਾਂ ਇਕ ਪਾਸੇ, ਫਰਿਸ਼ਤਿਆਂ ਦੀ ਸਮਝ 'ਚ ਨਹੀਂ ਆ ਰਹੇ ਉਹ। ਮੈਂ ਤੈਨੂੰ ਇਕੋ ਗੱਲ ਮੁਕਾ ਦਿਤੀ ਕਿ ਉਹ ਤਾਂ ਆਪ ਸਾਖਸ਼ਾਤ ਮਨੁੱਖ ਜਾਮੇ 'ਚ ਪ੍ਰਮੇਸ਼ਰ ਪ੍ਰਗਟ ਹੋਏ। ਉਨ੍ਹਾਂ ਨੇ ਕੌਤਕ ਨਿਰਾਲੇ ਨੇ ਸਾਰੇ। ਗੁੱਸੇ ਹੋ ਗਏ ਮਹਿਤਾ ਕਾਲੂ ਜੀ। ਕਹਿਣ ਲੱਗੇ ਕਿ ਉਹ ਤਾਂ ਵਿਗੜਿਆ ਹੀ ਹੈ, ਇਹ ਵੀ ਨਾਲ ਹੀ ਵਿਗੜ ਗਏ। ਮੈਨੂੰ ਆ ਕੇ ਕਹਿੰਦੇ ਨੇ ਕੁਲਾਂ ਦੇ ਤਾਰਨ ਆਇਆ ਹੈ, ਐਂ ਨਹੀਂ ਕਹਿੰਦੇ ਕਿ ਪੈਸਾ ਕਮਾ ਕੇ ਦਏਗਾ। ਕਹਿੰਦਾ, ਪੈਸਾ ਕੋਈ ਕਮਾਇਆ ਹੈ ਉਸਨੇ? ਭਾਈ ਮਰਦਾਨੇ ਨੇ ਕਿਹਾ ਕਿ ਪੈਸਾ, ਪੈਸਾ ਤਾਂ ਉਹਦੇ ਅੱਗੇ ਪਿਛੇ ਘੁੰਮਦਾ ਹੈ। ਉਹ ਤਾਂ ਸਾਰੀ ਦੁਨੀਆਂ ਨੂੰ ਰਿਜਕ ਦੇ ਰਿਹਾ ਹੈ। ਸਾਰੀ ਦੁਨੀਆਂ ਦਾ ਰਾਜ਼ਕ ਹੈ, ਮਹਿਤਾ ਜੀ ਤੁਸੀਂ ਸਮਝੋ ਪੁੱਤਰ ਕਰਕੇ ਨਾ ਜਾਣੋ, ਨਰਾਜ਼ ਹੋ ਗਿਆ, ਉਸ ਤੋਂ ਬਾਅਦ ਰਾਏ ਬੁਲਾਰ ਜੀ ਨੂੰ ਪਤਾ ਲੱਗਿਆ ਕਿ ਮਰਦਾਨਾ ਤੇ ਭਾਈ ਬਾਲਾ ਆਏ ਹੋਏ ਨੇ। ਮਨ ਵਿਚ ਬੜਾ ਹੀ ਚਾਓ ਜਾਗਿਆ ਕਿਉਂਕਿ ਸਭ ਤੋਂ ਜ਼ਿਆਦਾ ਜੇ ਪਿਆਰ ਗੁਰੂ ਨਾਨਕ ਪਾਤਸ਼ਾਹ ਨੂੰ ਕੀਤਾ ਹੈ ਉਹ ਦੋ ਜਣਿਆ ਨੇ ਕੀਤਾ ਹੈ ਜਿਨ੍ਹਾਂ ਨੇ ਸਹੀ ਸਮਝਿਆ ਗੁਰੂ ਨਾਨਕ ਨੂੰ। ਪਹਿਲੀ ਹੈ ਬੇਬੇ ਨਾਨਕੀ, ਉਹਨੂੰ ਜਨਮ ਤੋਂ ਗਿਆਨ ਸੀ ਕਿ ਮੇਰਾ ਵੀਰ ਪਾਰਬ੍ਰਹਮ ਪ੍ਰਮੇਸ਼ਰ ਸੰਸਾਰ ਦਾ ਉਧਾਰ ਕਰਨ ਆਇਆ ਹੈ, ਉਹਦੇ ਵਿਚ ਅੰਦਰ ਐਨੀ ਸ਼ਕਤੀ ਸੀ ਸਭ ਕੁਛ ਜਾਣਦੀ ਸੀ ਲੇਕਿਨ ਉਤੋਂ ਚੁੱਪ ਸੀ, ਇਸੇ ਕਰਕੇ ਜਦੋਂ ਰੌਲਾ ਪਿਆ ਕਿ ਵੇਈਂ 'ਚ ਡੁੱਬ ਗਏ ਗੁਰੂ ਨਾਨਕ। ਤਾਂ ਕਹਿਣ ਲੱਗੀ ਕਿ ਮੇਰਾ ਵੀਰ ਵੇਈਂ ਵਿਚ ਡੁਬੇਗਾ? ਉਹ ਤਾਂ ਸਾਰੇ ਡੁੱਬੇ ਹੋਏ ਸੰਸਾਰ ਨੂੰ ਤਾਰਨ 'ਚ ਸਮਰੱਥ ਹੈ। ਤੁਸੀਂ ਕਿਹੜੀਆਂ ਕੱਚੀਆਂ ਗੱਲਾਂ ਕਰਦੇ ਓਂ। ਸਭ ਰੋਂਦੇ ਸੀ ਕੇਵਲ ਬੇਬੇ ਨਾਨਕੀ ਨਹੀਂ ਸੀ ਰੋਈ। ਸਭ ਨੂੰ ਹੌਂਸਲਾ ਤੇ ਧੀਰਜ ਦਿੰਦੀ ਸੀ। ਦੂਸਰਾ ਸੀ ਰਾਇ ਬੁਲਾਰ। ਰਾਇ ਬੁਲਾਰ ਨੇ ਗੁਰੂ ਨਾਨਕ ਨੂੰ ਬਚਪਨ 'ਚੋਂ ਹੀ ਪਛਾਣ ਲਿਆ ਸੀ, ਓਸ ਵੇਲੇ ਤੋਂ ਹੀ ਬੜੀ ਭਾਰੀ ਸ਼ਰਧਾ ਉਹਦੇ ਮਨ ਵਿਚ ਪੈਦਾ ਹੋਈ, ਉਸ ਨੇ ਬੜੀ ਵਾਰੀ ਮਹਿਤਾ ਕਾਲੂ ਨੂੰ ਕਿਹਾ ਕਿ ਤੂੰ ਐਵੇਂ ਹੀ ਕਲੇਸ ਕਰਦਾ ਆਪਣੇ ਬੱਚੇ ਦੀ ਮਹਿਮਾ ਨੂੰ ਸਮਝ। ਕਿੰਨੇ ਤੈਨੂੰ ਪੈਸੇ ਚਾਹੀਦੇ ਨੇ ਮੇਰੇ ਤੋਂ ਲੈ ਜਾਇਆ ਕਰ। ਗੁਰੂ ਨਾਨਕ ਨੂੰ ਤੰਗ ਨਾ ਕਰ। ਇਹ ਤਾਂ ਅੱਲਾਹ ਦੀ ਜ਼ਾਤ ਹੈ, ਮੇਰਾ ਮੁਰਸ਼ਦ ਹੈ। ਜਿਵੇਂ ਪੀਰ ਤੇ ਮੁਰਸ਼ਦ ਦਾ ਪਿਆਰ ਹੁੰਦਾ, ਮੁਰੀਦ ਦਾ ਪਿਆਰ ਹੁੰਦਾ ਹੈ ਐਨਾ ਪਿਆਰ ਇਹਦੇ ਹਿਰਦੇ 'ਚ ਸੀ, ਭੇਜ ਤਾਂ ਦਿਤਾ ਇਹਨੇ ਸੁਲਤਾਨਪੁਰ ਪਰ ਕੋਈ ਦਿਨ ਨਹੀਂ ਸੀ ਜਾਂਦਾ ਕਿ ਜਿਸ ਦਿਨ ਇਹ ਗੁਰੂ ਨਾਨਕ ਯਾਦ ਕਰਕੇ ਅੱਖਾਂ 'ਚੋਂ ਹੰਝੂ ਨਹੀਂ ਸੀ ਸਿੱਟਿਆ ਕਰਦਾ, ਮਨ ਵਿਚ ਬੜੀ ਖਿੱਚ ਰਹਿੰਦੀ ਸੀ। ਹਰ ਵਕਤ ਲੋਚਦਾ ਸੀ ਕਿ ਗੁਰੂ ਨਾਨਕ ਆਵੇ ਤੇ ਮੈਨੂੰ ਦੀਦਾਰ ਦੇਵੇ।

ਅੱਜ ਜਦੋਂ ਪਤਾ ਲੱਗਿਆ ਕਿ ਭਾਈ ਮਰਦਾਨਾ ਆਏ ਨੇ ਤੇ ਭਾਈ ਬਾਲਾ ਜੀ ਵੀ ਆਏ ਹੋਏ ਨੇ। ਕਹਿਣ ਲੱਗੇ, ਭਾਈ ਮਰਦਾਨੇ ਨੂੰ ਬੁਲਾਓ ਭਾਈ। ਬਾਲਾ ਜੀ ਨੂੰ ਬੁਲਾਓ। ਦੋਹਾਂ ਨੂੰ ਬੁਲਾਇਆ, ਕਹਿਣ ਲੱਗੇ ਤੁਸੀਂ ਮੈਨੂੰ ਖਬਰ ਦਿਓ ਮੇਰੇ

ਪਿਆਰੇ ਗੁਰੂ ਨਾਨਕ ਪਾਤਸ਼ਾਹ ਕਿਸ ਹਾਲ 'ਚ ਨੇ ਕਿੱਥੇ ਛੱਡ ਕੇ ਆਏ ਓਂ ਤੁਸੀਂ। ਕਹਿਣ ਲੱਗੇ, ਰਾਇ ਬੁਲਾਰ ਜੀ! ਗੁਰੂ ਨਾਨਕ ਪਾਤਸ਼ਾਹ ਜਦੋਂ ਤੁਹਾਡੇ ਪਾਸੋਂ ਗਏ ਨੇ, ਉਨ੍ਹਾਂ ਨੇ ਜਾ ਕੇ ਜਦੋਂ ਨਵਾਬ ਨਾਲ ਮੁਲਾਕਾਤ ਕੀਤੀ, ਦੌਲਤ ਖਾਂ ਲੋਧੀ ਨਾ। ਦੌਲਤ ਖਾਂ ਲੋਧੀ ਨੇ ਇਕ ਗੱਲ ਕਹੀ ਕਿ ਐਸਾ ਜ਼ਹੀਨ ਮੈਂ ਨਹੀਂ ਕੋਈ ਬੰਦਾ ਦੇਖਿਆ। ਇਹ ਬੰਦਾ ਨਹੀਂ ਹੈ ਤਾਂ ਕੋਈ super ਚੀਜ਼ ਹੈ। ਐਨਾ ਜ਼ਹੀਨ, ਇਹ ਤਾਂ ਮੇਰਾ ਪਰਾਈਮ ਮਨਿਸਟਰ ਬਣਨ ਦੇ ਕਾਬਿਲ ਹੈ।

ਗੁਰੂ ਨਾਨਕ ਨੂੰ ਕਿਹਾ ਕਿ ਮੈਂ ਤੈਨੂੰ ਸਭ ਤੋਂ ਵੱਡਾ ਵਜ਼ੀਰ ਬਣਾਉਣਾ ਚਾਹੁੰਦਾ ਹਾਂ, ਮਹਾਰਾਜ ਕਹਿੰਦੇ ਨਹੀਂ ਅਸੀਂ ਸੇਵਾ ਕਰਨ ਵਾਲਾ ਕੰਮ ਲੈਣਾ ਹੈ। ਸੋ ਉਸ ਵੇਲੇ ਅੱਠ ਵਜ਼ੀਰ ਹੋਇਆ ਕਰਦੇ ਸੀ, ਜਿਹਦੇ ਵਿਚੋਂ ਮੋਦੀ ਇਕ ਵਜ਼ੀਰ ਹੋਇਆ ਕਰਦਾ ਸੀ, ਜਿਹੜਾ ਹਰ ਥਾਂ ਦੇ ਉਤੇ ਰਾਸ਼ਨ ਪਹੁੰਚਾਉਂਦਾ ਸੀ। ਖਾਨਾ-ਏ-ਖਾਨਾ ਹੋਇਆ ਕਰਦਾ ਸੀ ਹੋਮ ਮਨਿਸਟਰ, ਵਜ਼ੀਰ-ਏ-ਆਜ਼ਮ ਹੋਇਆ ਕਰਦਾ ਸੀ, ਜਿਹਨੂੰ ਪਰਾਇਮ ਮਨਿਸਟਰ ਅੱਜਕਲ੍ਹ ਕਹਿੰਦੇ ਨੇ। ਦੀਵਾਨ ਹੋਇਆ ਕਰਦਾ ਸੀ, ਜਿਹੜਾ ਫਾਇਨੈਂਸ ਮਨਿਸਟਰ ਹੁੰਦਾ, ਬਖਸ਼ੀ ਹੋਇਆ ਕਰਦਾ ਸੀ ਫੌਜਾਂ ਦਾ ਮਨਿਸਟਰ। ਸੋ ਇਸ ਤਰ੍ਹਾਂ ਕਹਿਣ ਲੱਗੇ ਕਿ ਬਹੁਤ ਅਹੁਦੇ ਵਾਲੀ ਜਗ੍ਹਾ ਮਿਲੀ। ਲੇਕਿਨ ਗੁਰੂ ਨਾਨਕ ਪਾਤਸ਼ਾਹ ਆਪ ਆ ਕੇ ਹੱਥੀਂ ਕੰਮ ਕਰਦੇ ਰਹਿੰਦੇ। ਬੜੀ ਮਾਨਤਾ ਹੋਈ ਬਹੁਤ ਬੰਦੇ ਆਉਣੇ ਸ਼ੁਰੂ ਹੋ ਗਏ, ਸਾਧੂ ਮਹਾਤਮਾ, ਪੀਰ ਫਕੀਰ ਜਿੰਨੇ ਸੀ ਖੁਸ਼ ਹੋ ਗਏ। ਸਭ ਨੂੰ ਰਾਸ਼ਨ, ਸਭ ਡੇਰਿਆਂ 'ਚ ਰਾਸ਼ਨ, ਸਭ ਮੁਕਾਮਾਂ ਤੇ ਰਾਸ਼ਨ, ਸਭ ਟਿਕਾਣਿਆਂ ਤੇ ਰਾਸ਼ਨ ਸਹੀ ਜਾਣ ਲੱਗ ਗਿਆ ਤੇ ਬੜੀ ਭਾਰੀ ਖੁਸ਼ੀ ਫੈਲ ਗਈ ਸਾਰਿਆਂ ਦੇ ਅੰਦਰ ਕਿ ਐਸਾ ਰੱਬ ਵਰਗਾ ਅਸੀਂ ਦੇਖਿਆ ਨਹੀਂ ਤੇ ਕਹਿਣ ਲੱਗੇ ਰਾਇ ਜੀ! ਕਦੇ ਘਾਟਾ ਨਹੀਂ ਸੀ ਪੈਂਦਾ।

ਅਖੀਰ ਗੁਰੂ ਨਾਨਕ ਪਾਤਸ਼ਾਹ ਪ੍ਰਮੇਸ਼ਰ ਦੇ ਹੁਕਮ ਦੇ ਵਿਚ ਵੇਈਂ ਨਦੀ 'ਚ ਚੁੱਭੀ ਮਾਰੀ ਤੇ ਤਿੰਨ ਦਿਨ ਰੌਲਾ ਪੈ ਗਿਆ, ਗੁਰੂ ਨਾਨਕ ਡੁੱਬ ਗਿਆ, ਗੁਰੂ ਨਾਨਕ ਡੁੱਬ ਗਿਆ। ਬੇਬੇ ਨਾਨਕੀ ਨੇ ਕਿਹਾ ਕਿ ਨਹੀਂ, ਮੇਰਾ ਵੀਰ ਡੁੱਬਿਆ ਨਹੀਂ ਇਹ ਤਾਂ ਕੌਤਕ ਹੈ ਉਹਦਾ, ਉਹ ਤਾਂ ਸੰਸਾਰ ਨੂੰ ਤਾਰਨ ਵਾਲਾ ਹੈ ਉਹਨੇ ਕੀ ਡੁੱਬਣਾ ਹੈ। ਉਹ ਤਾਂ ਡੁੱਬਿਆਂ ਨੂੰ ਕੱਢ ਲੈਂਦਾ ਹੈ। ਸੋ ਉਸ ਵੇਲੇ ਜਦੋਂ ਤਿੰਨ ਦਿਨ ਲੰਘ ਗਏ, ਨਵਾਬ ਜਾਲ ਪੁਆਉਂਦਾ ਹੈ, ਜਿਧਰਲੇ ਪਾਸੇ ਨੂੰ ਪਾਣੀ ਜਾ ਰਿਹਾ ਹੈ ਤੇ ਗੁਰੂ ਨਾਨਕ ਉਪਰਲੇ ਪਾਸੇ ਜਾ ਕੇ ਸ਼ਮਸ਼ਾਨ ਭੂਮੀ 'ਚ ਨਿਕਲ ਗਏ, ਇਕੋ ਗੱਲ ਕਹਿ ਰਹੇ ਨੇ ਕਿ 'ਨਾ ਕੋਈ ਹਿੰਦੂ ਨਾ ਮੁਸਲਮਾਨ' ਜਾਂ ਬੋਲਦੇ ਹੀ ਨਹੀਂ ਸਮਾਧੀ ਲਾਈ ਬੈਠੇ ਨੇ। ਅਖੀਰ ਸ਼ੱਕ ਹੋਇਆ ਕਿ ਕਿਸੇ ਭੂਤ ਨੇ ਫੜ ਲਏ, ਮੁਲਾਂ ਭੇਜਿਆ ਗਿਆ ਉਹਨੇ ਬੇਅੰਤ ਮੰਤਰ ਕੀਤੇ। ਬੜਾ ਕਹਿੰਦਾ ਰਿਹਾ ਕਿ ਮੈਂ ਤੈਨੂੰ ਕੱਢ ਕੇ ਛੱਡਾਂਗਾ। ਕਹਿੰਦਾ, ਭੂਤ ਬੜਾ ਸਖਤ ਹੈ, ਬੋਲਦਾ ਨਹੀਂ, ਬੁਲਾ ਕੇ ਛੱਡਾਂਗਾ। ਉਹਨੇ ਇਕ ਬੱਤੀ ਬੜੀਆਂ ਹੀ ਭੈੜੀਆਂ ਦਵਾਈਆਂ ਦੀ ਹੁੰਦੀਆਂ ਹੈ ਬਦਬੂਦਾਰ, ਉਹਨੂੰ ਅੱਗ ਲਾ ਕੇ ਧੂੰਆਂ ਜਿਹੜਾ ਸੀ ਉਹ ਗੁਰੂ ਨਾਨਕ ਪਾਤਸ਼ਾਹ ਨੱਕ ਦੇ ਵਿਚ ਦੇਣਾ ਸ਼ੁਰੂ ਕਰ ਦਿਤਾ। ਮਹਾਰਾਜ ਜੀ ਨੇ ਨੇਤਰ ਖੋਲ੍ਹੇ ਤੇ ਬਚਨ ਕੀਤੇ ਥੋੜ੍ਹੇ ਜਿਹੇ। ਉਹਦੇ ਨਾਲ ਮੁੱਲਾ ਸਿਜਦੇ 'ਚ ਆ ਗਿਆ ਰਾਇ ਸਾਹਿਬ! ਤੇ ਮੁਰੀਦ ਬਣ ਕੇ ਗਿਆ

ਤੇ ਜਾ ਕੇ ਉਸਨੇ ਕਿਹਾ ਕਿ ਗੁਰੂ ਨਾਨਕ ਤਾਂ ਕੋਈ ਉਹਨੂੰ ਭੂਤ ਪ੍ਰੇਤ ਨਹੀਂ, ਉਹ ਤਾਂ ਪ੍ਰਮੇਸ਼ਰ ਨਾਲ, ਅੱਲਾਹ ਤਾਲਾ ਨਾਲ ਜੁੜੇ ਹੋਏ ਨੇ। ਮੁਰੱਕਬੇ 'ਚ ਨੇ ਸਮਾਧੀ ਦੇ ਵਿਚ। ਤਾਂ ਉਸ ਵੇਲੇ ਨਵਾਬ ਨੂੰ ਸ਼ਿਕਾਇਤਾਂ ਕੀਤੀਆਂ ਕਿ ਮਹਾਰਾਜ ਘਾਟਾ ਪਾ ਕੇ ਜਾ ਕੇ ਪਾਖੰਡ ਕਰਿਆ ਹੈ। ਨਵਾਬ ਨੇ ਕਮੇਟੀ ਬਿਠਾ ਦਿਤੀ ਤੇ ਗੁਰੂ ਨਾਨਕ ਦਾ ਕਿੰਨਾ ਪੈਸਾ ਨਿਕਲਿਆ, 762 ਰੁਪਿਆ ਨਿਕਲਿਆ। ਓਸ ਵੇਲੇ ਜਦ ਇਕ ਰੁਪਈਏ ਦੇ ਚਾਰ ਕੁਇੰਟਲ ਛੋਲੇ ਆਇਆ ਕਰਦੇ ਸੀ ਤੇ ਹੁਣ ਦਾ ਜੇ ਰੁਪਈਏ ਦਾ, 1940-38-33 ਦਾ ਵੀ ਇਹ ਸੌ ਗੁਣਾਂ ਵੱਧ ਹੋ ਗਿਆ। ਮਤਲਬ 76000 ਰੁਪਿਆ ਉਨ੍ਹਾਂ ਦਾ ਵਾਧਾ ਨਿਕਲਿਆ। ਗੁਰੂ ਨਾਨਕ ਪੁਛਿਆ ਕਿ ਕੀ ਕਰੀਏ? ਉਨ੍ਹਾਂ ਨੇ ਕਿਹਾ ਕਿ ਸਾਧੂ ਸੰਤਾਂ ਨੂੰ ਵੰਡ ਦਿਓ, ਮੈਨੂੰ ਤਾਂ ਪੈਸੇ ਦੀ ਲੋੜ ਨਹੀਂ। ਓਸ ਵੇਲੇ ਸਹੁਰੇ ਪਿਤਾ ਮੂਲਾ ਜੀ ਆ ਗਿਆ, ਮੂਲੇ ਜੀ ਨੇ ਆ ਕੇ ਰੌਲਾ ਪਾਇਆ, ਮੁਕੱਦਮਾ ਕਰ ਦਿਤਾ ਕਿ ਏਸ ਪੈਸੇ ਦੇ ਉਤੇ ਗੁਰੂ ਨਾਨਕ ਦੇ ਬੱਚਿਆਂ ਦਾ ਹੱਕ ਹੈ। ਇਹ ਸਾਧੂ ਸੰਤਾਂ ਨੂੰ ਨਹੀਂ ਵੰਡਣੇ ਚਾਹੀਦੇ। ਨਵਾਬ ਨੇ ਆਪਣੇ ਵਲੋਂ ਫੈਸਲਾ ਕਰ ਦਿਤਾ ਕਿ ਅੱਧਾ ਬੱਚਿਆਂ ਨੂੰ ਦੇ ਦਿਓ, ਅੱਧਾ ਸਾਧੂਆਂ ਨੂੰ ਦੇ ਦਿਓ। ਉਹ ਕਹਿਣ ਲੱਗੇ ਰਾਇ ਸਾਹਿਬ! ਏਸ ਤੋਂ ਬਾਅਦ ਗੁਰੂ ਨਾਨਕ ਪਾਤਸ਼ਾਹ ਟਿਕੇ ਨਹੀਂ ਹੈਗੇ ਤੇ ਉਥੋਂ ਭਾਈ ਬਾਲਾ ਕਹਿੰਦਾ ਮੈਂ ਤਾਂ ਆ ਗਿਆ। ਹੁਣ ਇਸ ਤੋਂ ਅੱਗੇ ਭਾਈ ਮਰਦਾਨੇ ਨੂੰ ਪਤਾ ਹੈ। ਮਰਦਾਨਾ ਕਹਿਣ ਲੱਗਿਆ ਕਿ ਨਵਾਬ ਸਾਹਿਬ! ਸਾਧੂਆਂ ਦਾ ਵੇਸ ਧਾਰ ਲਿਆ, ਫਕੀਰਾਂ ਵਾਲਾ ਗੁਰੂ ਨਾਨਕ ਨੇ। ਸਭ ਕੱਪੜੇ ਲੀੜੇ ਲਾਹ ਦਿਤੇ। ਦੋ ਚਾਦਰਾਂ ਲੈ ਲਈਆਂ ਦੋ ਪਟ ਦੀਆਂ ਤੇ ਇਕ ਦਸਤਾਰ ਸਿਰ ਤੇ ਛੋਟਾ ਪਰਨਾ ਬੰਨ੍ਹ ਲਿਆ, ਇਕ ਤੇੜ ਪਾ ਲਿਆ ਤੇ ਗਿਲਟੀ ਮਾਰ ਕੇ ਬੜਾ ਸਾਦਾ ਜਿਹਾ ਰੂਪ ਬਣਾ ਕੇ ਆਪ ਚੱਲ ਪਏ ਤੇ ਚਲਦੇ-ਚਲਦੇ ਭਾਈ ਲਾਲੋ ਕੋਲ ਏਮਨਾਬਾਦ ਪਹੁੰਚ ਗਏ। ਮੈਂ ਵੀ ਉਥੇ ਰਿਹਾ, ਕਾਫੀ ਸਾਨੂੰ ਤਕਲੀਫ ਰਹੀ ਤੇ ਗੁਰੂ ਨਾਨਕ ਪਾਤਸ਼ਾਹ ਇਕ ਥਾਂ ਰੋੜੀ ਸਾਹਿਬ ਬੈਠੇ ਰਹਿੰਦੇ ਸੀ, ਭਾਈ ਲਾਲੋ ਦੇ ਕੋਲ ਬੜੀ ਸ਼ਿਕਾਇਤ ਹੋਈ ਕਿ ਇਹ ਡੂੰਮ ਨੂੰ ਨਾਲ ਲਈ ਫਿਰਦਾ ਹੈ, ਗੁਰੂ ਨਾਨਕ ਦੀ ਬੜੀ ਨਿੰਦਿਆ ਹੋਈ ਉਥੇ। ਉਸ ਤੋਂ ਬਾਅਦ ਮਲਕ ਭਾਗੋ ਨੇ ਉਨ੍ਹਾਂ ਨੂੰ ਬੁਲਾਇਆ ਕਿ ਮੇਰੇ ਯੱਗ ਦੇ ਵਿਚ ਸ਼ਾਮਲ ਹੋਵੋ ਤੇ ਉਥੇ ਗੁਰੂ ਨਾਨਕ ਪਾਤਸ਼ਾਹ ਜਦੋਂ ਗਏ, ਉਹ ਕਹਿਣ ਲੱਗਿਆ ਕਿ ਪ੍ਰਸ਼ਾਦਾ ਛਕਾਉਣਾ ਹੈ ਅਸੀਂ ਤੁਹਾਨੂੰ। ਮਹਾਰਾਜ ਕਹਿੰਦੇ ਜੇ ਲੋੜ ਨਾ ਹੋਵੇ ਜ਼ਬਰਦਸਤੀ ਛਕਾਉਣਾ ਹੈ? ਕਹਿਣ ਲੱਗਿਆ, ਇਸ ਤਰ੍ਹਾਂ ਦੇ ਕੌਤਕ ਕੀਤੇ, ਇਸ ਤੋਂ ਪਹਿਲਾਂ ਨਵਾਬ ਐਨਾ ਕਾਇਲ ਹੋਇਆ ਦੌਲਤ ਖਾਂ ਕਿ ਗੁਰੂ ਨਾਨਕ ਨੂੰ ਲੈ ਕੇ ਨਮਾਜ਼ ਪੜ੍ਹਨ ਚਲਿਆ ਗਿਆ। ਗੁਰੂ ਨਾਨਕ ਨੇ ਉਨ੍ਹਾਂ ਨੂੰ ਦੱਸ ਦਿਤਾ ਕਿ ਨਵਾਬ ਸਾਹਿਬ! ਨਮਾਜ਼ ਐਉਂ ਨਹੀਂ ਪੜ੍ਹੀਦੀ, ਚਾਹੇ ਪੂਜਾ ਕਰ ਲਓ, ਚਾਹੇ ਨਮਾਜ਼ ਪੜ੍ਹ ਲਓ, ਚਾਹੇ ਕੁੱਛ ਹੋਰ ਕਰ ਲਓ, ਜਦੋਂ ਤੱਕ ਤੁਹਾਡਾ ਮਨ ਸਾਥ ਨਹੀਂ ਦਿੰਦਾ, ਚਿੱਤ ਸਾਥ ਨਹੀਂ ਦਿੰਦਾ, ਕੋਈ ਲਾਭ ਨਹੀਂ ਹੋਇਆ ਕਰਦਾ। ਓਸ ਥਾਂ ਤੇ ਗੁਰੂ ਨਾਨਕ ਨੇ ਜੋ ਉਨ੍ਹਾਂ ਨੂੰ ਉਪਦੇਸ਼ ਦਿਤਾ-

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥***
***ਸਾਵਧਾਨ ਏਕਾਗਰ ਚੀਤ ॥*** ***ਅੰਗ - ੨੯੫***

ਰਾਇ ਬੁਲਾਰ ਕਹਿਣ ਲੱਗਿਆ ਕਿ ਭਾਈ ਮਰਦਾਨਾ ਇਹ ਕਿਸ ਤਰ੍ਹਾਂ ਹੋਈ? ਮੈਨੂੰ ਖੋਲ੍ਹ ਕੇ ਦੱਸੋ। ਕਹਿੰਦਾ ਰਾਇ ਜੀ! ਜਿਸ ਵਕਤ ਗੁਰੂ ਨਾਨਕ ਬਾਹਰ ਬੈਠੇ ਸੀ ਕਬਰਸਤਾਨ ਦੇ ਵਿਚ, ਮੜ੍ਹੀਆਂ 'ਚ ਉਸ ਵੇਲੇ ਇਕ ਬਚਨ ਕਹਿ ਰਹੇ ਸੀ-

***ਨਾ ਹਮ ਹਿੰਦੂ ਨ ਮੁਸਲਮਾਨ ॥***
***ਅਲਹ ਰਾਮ ਕੇ ਪਿੰਡੁ ਪਰਾਨ ॥ ਅੰਗ -੧੩੬***

ਨਵਾਬ ਦੇ ਨਾਲ ਬਚਨ ਹੋਏ, ਸ਼ਿਕਾਇਤ ਕੀਤੀ ਨਵਾਬ ਦੇ ਕੋਲ ਕਿ ਨਵਾਬ ਸਾਹਿਬ! ਗੁਰੂ ਨਾਨਕ ਸ਼ਰ੍ਹਾ ਦੀਆਂ ਧੱਜੀਆਂ ਉਡਾ ਰਿਹਾ ਹੈ। ਹਿੰਦੂ, ਹਿੰਦੂ ਨਹੀਂ ਹੋਣਗੇ ਪਰ ਮੋਮਨ ਤਾਂ ਮੋਮਨ ਨੇ, ਸ਼ਰ੍ਹਾ ਨੂੰ ਮੰਨਦੇ ਨੇ, ਰੋਜ਼ੇ ਰਖਦੇ ਨੇ, ਨਮਾਜ਼ਾਂ ਪੜ੍ਹਦੇ ਨੇ, ਮਸਜਿਦ ਜਾਂਦੇ ਨੇ, ਇਨ੍ਹਾਂ ਨੂੰ ਕੋਈ ਕਿਵੇਂ ਕਹਿ ਸਕਦਾ ਹੈ ਕੋਈ ਮੁਸਲਮਾਨ ਨਹੀਂ ਹੈ ਕਿਉਂਕਿ ਇਸਲਾਮ ਦਾ ਰਾਜ ਸੀ, ਇਸਲਾਮ ਦੇ ਕਾਨੂੰਨ ਸੀ। ਕੁਰਾਨ ਸ਼ਰੀਫ ਦੇ ਹਿਸਾਬ ਨਾਲ ਕਾਨੂੰਨ ਚਲਦੇ ਸੀ, ਸੋ ਕੁਦਰਤੀ ਸੀ ਕਿ ਗੁਰੂ ਨਾਨਕ ਦੀ ਪੇਸ਼ੀ ਹੋਣੀ ਸੀ। ਉਥੇ ਗੁਰੂ ਨਾਨਕ ਨੇ ਨਵਾਬ ਦੀ ਨਿਸ਼ਾ ਕਰਾ ਦਿਤੀ।

***ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥ ਪਹਿਲਾ ਸਚੁ ਹਲਾਲ ਦੁਇ ਤੀਜਾ***
***ਖੈਰ ਖੁਦਾਇ ॥ ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥ ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥***
***ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥ ਅੰਗ - ੧੪੧***

ਉਹ ਕਹਿਣ ਲੱਗੇ ਕਿ ਜੇ ਪੰਜ ਨਮਾਜ਼ਾਂ ਪੜ੍ਹਨੀਆਂ ਨੇ ਤਾਂ ਐਸ ਤਰ੍ਹਾਂ ਨਾਲ, ਆਹ ਭਾਵਨਾ ਰੱਖ ਕੇ ਪੜ੍ਹ। ਬਹੁਤ ਜ਼ਿਆਦਾ ਉਥੇ ਬਚਨ ਹੋਏ ਕੁਰਾਨ ਸ਼ਰੀਫ ਦੇ। ਗੁਰੂ ਨਾਨਕ ਨੇ ਸਾਰਿਆਂ ਨੂੰ ਨਿਰੁੱਤਰ ਕਰ ਦਿਤਾ ਤੇ ਨਵਾਬ ਦੌਲਤ ਖਾਂ ਐਨਾ ਕਾਇਲ ਹੋਇਆ ਕਿ ਉਹਨੇ ਕਿਹਾ ਕਿ ਗੁਰੂ ਨਾਨਕ ਨਾ ਹਿੰਦੂ ਹੈ, ਨਾ ਮੁਸਲਮਾਨ ਹੈ ਇਹ ਤਾਂ ਅੱਲਾਹ ਦੀ ਜਾਤ ਹੈ।

ਹੇ ਨਾਨਕ! ਤੇਰੀ ਨਿਗ੍ਹਾ ਦੇ ਵਿਚ ਹਿੰਦੂ ਤੇ ਮੁਸਲਮਾਨ ਦੇ ਵਿਚੋਂ ਕੌਣ ਚੰਗਾ ਹੈ? ਗੁਰੂ ਨਾਨਕ ਕਹਿੰਦੇ, ਨਵਾਬ ਸਾਹਿਬ! ਜਾਤ ਨਾਲ ਸਬੰਧ ਨਹੀਂ ਹੁੰਦਾ, ਅਮਲਾਂ ਨਾਲ ਸਬੰਧ ਹੁੰਦਾ ਹੈ, ਜਿਹਦੇ ਅਮਲ ਚੰਗੇ ਨੇ ਉਹ ਚੰਗਾ ਹੈ। ਜਾਤ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

***ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥***
***ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥***

***ਅੰਗ - ੪੬੯***

ਅੱਗੇ ਨਹੀਂ ਜਾਤ ਨੂੰ ਪੁਛਿਆ ਜਾਂਦਾ, ਉਥੇ ਤਾਂ ਕੀਤੇ ਹੋਏ ਕਰਮਾਂ ਦਾ ਫਲ ਹੋਣਾ ਹੈ -

***ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥***

*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥*
*ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥ ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥*
*ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥*
*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥*

**ਅੰਗ - ੯੫੩**

ਕਹਿੰਦੇ, ਨਵਾਬ ਸਾਹਿਬ! ਨਾ ਕੋਈ ਹਿੰਦੂ ਹੋ ਕੇ ਤਰ ਸਕਦਾ ਹੈ, ਨਾ ਮੁਸਲਮਾਨ ਹੋ ਕੇ ਤਰ ਸਕਦਾ ਹੈ, ਦਰਗਾਹ 'ਚ ਮਾਣ ਉਹਦਾ ਹੀ ਪੈਂਦਾ ਹੈ ਜਿਹਨੇ ਇਥੇ ਗੁਨਾਹਾਂ ਤੋਂ ਤੋਬਾ ਕਰੀ ਹੋਈ ਹੈ ਤੇ ਨੇਕ ਕੰਮ ਕਰਦੇ ਨੇ। ਅਮਲ ਜਿਹਦੇ ਸ਼ੁੱਧ ਨੇ, ਉਹ ਵੱਡਾ ਹੈ, ਜਿਹਦੇ ਅਮਲ ਗਲਤ ਨੇ ਉਹਦੀ ਜਾਤ ਚਾਹੇ ਕੋਈ ਹੈ ਉਹ ਛੋਟਾ ਹੈ ਤੇ ਨਵਾਬ ਕਹਿਣ ਲੱਗਿਆ ਹੇ ਨਾਨਕ! ਮਸਜਿਦ ਤੇ ਮੰਦਰ ਦੇ ਵਿਚ ਕੀ ਫਰਕ ਹੈ? ਕਹਿੰਦੇ, ਦੋਵੇਂ ਪ੍ਰਮੇਸ਼ਰ ਦੇ ਨਾਮ ਲੈਣ ਵਾਲੇ ਥਾਂ ਨੇ। ਦੋਹਾਂ ਦਾ ਹੀ ਸਤਿਕਾਰ ਹੈ, ਦੋਵੇਂ ਪੂਜਣਯੋਗ ਨੇ।

ਕਹਿੰਦੇ, ਅੱਜ ਜੁਮਾ ਰਾਤ ਹੈ, ਅੱਜ ਨਮਾਜ਼ ਪੜ੍ਹਨੀ ਹੈ, ਤੁਸੀਂ ਸਾਡੇ ਨਾਲ ਚੱਲੋਂਗੇ? ਮਹਾਰਾਜ ਕਹਿੰਦੇ, ਹਾਂ ਅਸੀਂ ਚੱਲਾਂਗੇ। ਕਹਿਣ ਲੱਗੇ, ਰਾਇ ਸਾਹਿਬ! ਜਦੋਂ ਗੁਰੂ ਨਾਨਕ ਚਲੇ ਗਏ ਮਸਜਿਦ ਦੇ ਅੰਦਰ ਸਾਰੇ ਸ਼ਹਿਰ 'ਚ ਰੌਲਾ ਪੈ ਗਿਆ ਕਿ ਗੁਰੂ ਨਾਨਕ ਇਸਲਾਮ ਧਾਰਨ ਕਰ ਲਿਆ ਤੇ ਮਸਜਿਦ 'ਚ ਨਮਾਜ਼ ਪੜ੍ਹਨ ਗਿਆ ਹੈ।

ਬੇਬੇ ਨਾਨਕੀ ਸੀ ਉਹ ਕਹਿੰਦੀ ਕਿ ਮੇਰਾ ਵੀਰ ਤਾਂ ਮਜ਼ਹਬਾਂ ਤੋਂ ਉਤੇ ਹੈ। ਉਹ ਕਿਸੇ ਮਜ਼ਹਬ ਵਿਚ ਨਹੀਂ ਹੈ ਉਹ ਲਾ-ਮਜ਼ਹਬ ਹੈ। ਉਹਦਾ ਮਜ੍ਹਬ ਪ੍ਰਮੇਸ਼ਰ ਹੈ, ਵਾਹਿਗੁਰੂ ਹੈ ਹੋਰ ਕੋਈ ਦਿਖਾਵਾ ਨਹੀਂ ਹੈ, ਕੋਈ ਰੂਪ ਨਹੀਂ ਭੇਖ ਨਹੀਂ ਹੈ ਉਹਦਾ। ਕਹਿੰਦੀ ਤੁਸੀਂ ਦੇਖੋ ਕੋਈ ਕੌਤਕ ਹੈ ਮੇਰੇ ਵੀਰ ਦਾ ਕੋਈ। ਉਹ ਨਹੀਂ ਡੋਲੀ। ਰਾਇ ਸਾਹਿਬ! ਬਾਕੀ ਸਾਰਾ ਸ਼ਹਿਰ ਹਿੰਦੂ ਲੋਕ ਕਹਿੰਦੇ ਨੇ ਕਿ ਉਹ ਤਾਂ ਐਡਾ ਚੰਗਾ ਸੀ ਇਸਲਾਮ ਵਿਚ ਚਲਿਆ ਗਿਆ। ਜਦੋਂ ਨਮਾਜ਼ ਸ਼ੁਰੂ ਹੋਈ, ਇਮਾਮ ਅੱਗੇ ਖੜ੍ਹਾ ਹੈ, ਗੁਰੂ ਨਾਨਕ ਇਮਾਮ ਦੇ ਪਿੱਛੇ ਨੇ, ਇਕ ਪਾਸੇ ਕਾਜ਼ੀ ਹੈ, ਇਕ ਪਾਸੇ ਨਵਾਬ ਹੈ। ਜਦੋਂ ਕਲਮਾ ਪੜ੍ਹਨਾ ਸ਼ੁਰੂ ਹੋਇਆ ਗੁਰੂ ਨਾਨਕ ਖੜ੍ਹੇ ਨੇ, ਉਸ ਤੋਂ ਬਾਅਦ ਗੁਰੂ ਨਾਨਕ ਇਕ ਪਾਸੇ ਹੋ ਕੇ ਬੈਠ ਗਏ ਕਿਉਂਕਿ ਨਮਾਜ਼ ਸ਼ੁਰੂ ਹੋ ਚੁੱਕੀ ਸੀ ਏਸ ਵਾਸਤੇ ਕਜ਼ਾ ਨਹੀਂ ਸੀ ਹੋ ਸਕਦੀ, ਖੰਡਤ ਨਹੀਂ ਸੀ ਹੋ ਸਕਦੀ। ਨਮਾਜ਼ ਪੜ੍ਹੀ ਜਾਣ ਤੋਂ ਪਿਛੋਂ ਕਾਜ਼ੀ ਨੇ ਕਿਹਾ, ਨਾਨਕ ਨਮਾਜ਼ ਪੜ੍ਹਨ ਆਇਆ ਸੀ, ਪਰ ਇਹਨੇ ਨਮਾਜ਼ ਤਾਂ ਪੜ੍ਹੀ ਹੀ ਨਹੀਂ ਉਥੇ ਜਾ ਕੇ ਬਹਿ ਗਿਆ। ਨਵਾਬ ਸਾਹਿਬ ਕਹਿਣ ਲੱਗੇ, ਨਾਨਕ ਜੀ! ਤੁਸੀਂ ਤਾਂ ਨਮਾਜ਼ ਪੜ੍ਹਨ ਆਏ ਸੀ? ਕਹਿੰਦੇ, ਹਾਂ ਅਸੀਂ ਤਾਂ ਪੜ੍ਹਦੇ ਹਾਂ, ਹੁਣ ਵੀ ਪੜ੍ਹਦੇ ਹਾਂ। ਅਸੀਂ ਤਾਂ ਹਰ ਵਕਤ ਨਮਾਜ਼ ਪੜ੍ਹਦੇ ਹਾਂ ਤੁਸੀਂ ਪੰਜ ਵਕਤ ਪੜ੍ਹਦੇ ਓਂ। ਉਹ ਵੀ ਪੜ੍ਹਦੇ ਨਹੀਂ। ਸਾਡੀ ਨਮਾਜ਼ 24 ਘੰਟੇ ਦੀ ਹੈ, ਅਖੰਡ ਨਮਾਜ਼ ਹੈ, ਅੱਜ ਵੀ 24 ਘੰਟੇ, ਕੱਲ੍ਹ ਨੂੰ ਵੀ 24 ਘੰਟੇ, ਅਖੰਡ ਨਮਾਜ਼ ਪੜ੍ਹਦੇ ਹਾਂ ਅਸੀਂ, ਖੰਡਤ ਨਹੀਂ ਹੁੰਦੀ। ਤੁਸੀਂ ਤਾਂ ਪੰਜ ਵਾਰੀ

ਵੀ ਨਹੀਂ ਪੜ੍ਹਦੇ, ਮੈਂ ਕੀਹਦੇ ਨਾਲ ਪੜ੍ਹਦਾ। ਨਵਾਬ ਨੇ ਕਿਹਾ ਕਿ ਮੈਂ ਜੋ ਇਥੇ ਸੀ? ਗੁਰੂ ਨਾਨਕ ਨੇ ਕਿਹਾ ਕਿ ਨਵਾਬ ਸਾਹਿਬ! ਤੂੰ ਕੰਧਾਰ ਦੇ ਵਿਚ ਘੋੜੇ ਖਰੀਦ ਰਿਹਾ ਸੀ, ਦੱਸ ਰਿਹਾ ਸੀ ਉਨ੍ਹਾਂ ਨੂੰ ਕਿ ਇਹ ਰੰਗ ਦੇ ਘੋੜੇ ਐਨੇ ਲੈਣੇ ਨੇ, ਤੋਪਾਂ ਖਿੱਚਣ ਵਾਲੇ ਐਨੇ, ਸਵਾਰੀਆਂ ਵਾਲੇ ਐਨੇ, ਤੂੰ ਤਾਂ ਹੁਣੇ ਮੁੜ ਕੇ ਆਇਆ ਹੈਂ।

ਰਾਇ ਜੀ! ਉਸ ਵੇਲੇ ਉਹਨੇ ਉਂਗਲੀ ਮੂੰਹ ਵਿਚ ਲੈ ਲਈ। ਕਹਿਣ ਲੱਗਿਆ, ਸੁਬਾਨ ਅੱਲਾਹ! ਨਾਨਕ ਤਾਂ ਸਭ ਦੇ ਅੰਦਰ ਦੀ ਜਾਣਦਾ ਹੈ। ਕਾਜ਼ੀ ਕਹਿਣ ਲੱਗਿਆ ਕਿ ਫੇਰ ਮੇਰੇ ਨਾਲ ਪੜ੍ਹ ਲੈਂਦੇ। ਨਾਨਕ ਜੀ ਕਹਿਣ ਲੱਗੇ ਕਾਜ਼ੀ ਸਾਹਿਬ ਤੂੰ ਤਾਂ ਹੁਣੇ ਆਇਆ ਹੈਂ, ਤੂੰ ਖੂਹੀ ਦੇ ਕੰਢੇ ਆਪਣੇ ਵਿਹੜੇ ਦੇ ਵਿਚ ਇਕ ਵਛੇਰੀ ਮੋੜੀ ਗਿਆ ਹੈਂ, ਘੋੜੀ ਨੇ ਵਛੇਰੀ ਦੇ ਦਿਤੀ ਸੀ, ਖੂਹੀ ਮੌਣ ਤੋਂ ਬਿਨਾਂ ਸੀ, ਮੰਜਾ ਦੇਣਾ ਉਤੇ ਭੁੱਲ ਆਇਆ ਤੇ ਉਥੇ ਹੀ ਸਮਾਂ ਬਤੀਤ ਕਰਿਆ ਹੈ, ਨਮਾਜ਼ ਵਿਚ ਤਾਂ ਤੂੰ ਆਇਆ ਹੀ ਨਹੀਂ। ਕਹਿੰਦੇ, ਕਾਜ਼ੀ ਬੜਾ ਸ਼ਰਮਿੰਦਾ ਹੋ ਗਿਆ।

ਸੋ ਉਸ ਵੇਲੇ ਗੁਰੂ ਨਾਨਕ ਨੇ ਕਿਹਾ ਕਿ ਜੇ ਤੁਸੀਂ ਪ੍ਰਮੇਸ਼ਰ ਦਾ ਨਾਮ ਲੈਣਾ ਹੈ, ਪਹਿਲਾਂ ਜ਼ਰੂਰੀ ਹੈ ਕਿ ਚਿੱਤ ਨੂੰ ਇਕਾਗਰ ਕਰੋ। ਨਵਾਬ ਨੇ ਪੁਛਿਆ, ਹੇ ਨਾਨਕ! ਚਿੱਤ ਇਕਾਗਰ ਕਿਵੇਂ ਹੋਵੇ। ਸਾਨੂੰ ਤਾਂ ਇਸ ਗੱਲ ਦਾ ਗਿਆਨ ਨਹੀਂ। ਗੁਰੂ ਨਾਨਕ ਨੇ ਕਿਹਾ, ਜਦੋਂ ਤੱਕ ਆਦਮੀ ਦੇ ਅੰਦਰ ਵਾਸ਼ਨਾਵਾਂ ਨੇ ਓਨੀਂ ਦੇਰ ਤੱਕ ਚਿੱਤ ਦੀ ਇਕਾਗਰਤਾ ਨਹੀਂ ਹੋਇਆ ਕਰਦੀ। ਪੁੱਛਿਆ ਹੇ ਨਾਨਕ! ਚਿੱਤ ਇਕਾਗਰ ਕਿਵੇਂ ਹੋਵੇ, ਸਾਨੂੰ ਤਾਂ ਏਸ ਗੱਲ ਦਾ ਗਿਆਨ ਨਹੀਂ, ਗੁਰੂ ਨਾਨਕ ਨੇ ਕਿਹਾ ਕਿ ਜਦੋਂ ਤੱਕ ਆਦਮੀ ਦੇ ਅੰਦਰ ਵਾਸ਼ਨਾਵਾਂ ਨੇ, ਓਨੀਂ ਦੇਰ ਤੱਕ ਚਿੱਤ ਦੀ ਇਕਾਗਰਤਾ ਨਹੀਂ ਹੋਇਆ ਕਰਦੀ ਤੇ ਖੋਲ੍ਹ ਕੇ ਦੱਸਿਆ ਕਿ ਧਨ ਦੀ ਵਾਸ਼ਨਾ ਆਦਮੀ ਨੂੰ ਟਿਕਣ ਨਹੀਂ ਦਿੰਦੀ। ਦਿਨ ਰਾਤ ਧਨ ਦੇ ਪਿੱਛੇ ਪਿਆ ਰਹਿੰਦਾ ਹੈ, ਰਾਤ ਨੂੰ ਵੀ ਧਨ ਦੀਆਂ ਗੱਲਾਂ ਸੋਚੇਗਾ, ਸੁਪਨੇ ਵੀ ਧਨ ਦੇ ਆਉਣਗੇ, ਦਿਨੇ ਵੀ ਧਨ ਦੇ, ਸੋਚੇਗਾ ਵੀ ਮਾੜੀਆਂ ਗੱਲਾਂ ਕਿ ਫਲਾਣੇ ਦਾ ਧਨ ਮੇਰੇ ਕਾਬੂ ਕਿਵੇਂ ਆ ਸਕਦਾ, ਮਿਤਰ ਨੂੰ ਧੋਖਾ ਕਿਵੇਂ ਦਿਤਾ ਜਾ ਸਕਦਾ ਹੈ। ਛਲ ਕਿਵੇਂ ਖੇਡਿਆ ਜਾ ਸਕਦਾ ਹੈ। ਸੋ ਧਨ ਦੇ ਵਾਸਤੇ ਆਦਮੀ ਬੇਅੰਤ ਪਾਪ ਕਰਦਾ ਹੈ। ਸੋ ਕਹਿੰਦੇ ਜਦੋਂ ਤੱਕ ਧਨ ਦੀ ਵਾਸ਼ਨਾ ਹੈ, ਓਨੀ ਦੇਰ ਤੱਕ ਨਹੀਂ ਮਨ ਟਿਕਿਆ ਕਰਦਾ। ਕਹਿੰਦੇ ਜੀ ਫੇਰ ਧਨ ਦੀ ਵਾਸ਼ਨਾ ਦੂਰ ਕਿਵੇਂ ਹੋਵੇ? ਮਹਾਰਾਜ ਕਹਿੰਦੇ, ਸੰਤੋਖ ਧਾਰਨ ਕੀਤਿਆਂ ਧਨ ਦੀ ਵਾਸ਼ਨਾ ਹਟਦੀ ਹੈ।

ਯਥਾ ਲਾਭ ਤਥਾ ਸੰਤੁਸ਼ਟੇ।

ਜੋ ਕੁਛ ਪ੍ਰਮੇਸ਼ਰ ਨੇ ਮੱਥੇ 'ਚ ਲਿਖ ਦਿਤਾ ਉਹ ਤਾਂ ਆਉਣਾ ਹੀ ਆਉਣਾ ਹੈ। ਵਾਧੂ ਆਉਂਦਾ ਨਹੀਂ।

***ਇਸ ਕਾ ਬਲੁ ਨਾਹੀ ਇਸੁ ਹਾਥ ॥***
***ਕਰਨ ਕਰਾਵਨ ਸਰਬ ਕੋ ਨਾਥ ॥ ਅੰਗ -੨੭੭***

ਦੂਸਰੀ ਵਾਸ਼ਨਾ ਪੁੱਤਰ ਦੀ ਹੋਇਆ ਕਰਦੀ ਹੈ। ਭਾਰਤੀ ਸਮਾਜ ਦੇ ਅੰਦਰ ਪੁੱਤਰ ਨੂੰ ਮਹਾਨਤਾ ਜ਼ਿਆਦਾ ਦਿਤੀ ਜਾਂਦੀ ਹੈ। ਜਿਹੜੀ ਅੰਗਰੇਜ਼ਾਂ ਦੀ ਸਮਾਜ ਹੈ ਉਹਦੇ ਵਿਚ ਪੁੱਤਰ ਦੀ ਮਹਾਨਤਾ ਕੋਈ ਹੈ ਹੀ ਨਹੀਂ, ਨਾ ਲੜਕੀ ਦੀ ਮਹਾਨਤਾ ਹੈ। ਲੜਕੀ ਨੂੰ ਚੰਗਾ ਸਮਝਿਆ ਜਾਂਦਾ ਹੈ ਕਿਉਂਕਿ ਮਾਂ-ਬਾਪ ਬੁੱਢੇ ਹੁੰਦੇ ਨੇ, ਲੜਕੇ ਕੋਲ ਨਹੀਂ ਰਿਹਾ ਕਰਦੇ, ਲੜਕੀ ਕੋਲ ਰਿਹਾ ਕਰਦੀਆਂ ਨੇ। ਸੋ ਇਹ ਵਾਸ਼ਨਾ ਭਾਰਤ ਵਰਸ਼ ਵਿਚ ਵੱਡੇ, ਉਲਟੇ ਕੰਮ ਕਰਾ ਦਿੰਦੀ ਹੈ।

ਇਹੋ ਜਿਹੇ ਕੰਮ ਦੇਖੇ ਨੇ ਮੈਂ ਕਿ ਦੱਸੇ ਹੀ ਨਹੀਂ ਜਾ ਸਕਦੇ ਕਿ ਪੁੱਤਰ ਪ੍ਰਾਪਤੀ ਵਾਸਤੇ। ਜੇ ਪ੍ਰਾਪਤ ਹੋ ਗਿਆ, ਬੀਮਾਰ ਹੋ ਗਿਆ, ਮਰ ਗਿਆ ਫੇਰ?

ਰਾਜਾ ਚਿਤ੍ਰਕੇਤੂ ਸੀ, ਉਹਦੇ ਪੁੱਤਰ ਨਹੀਂ ਸੀ ਹੁੰਦਾ, ਬੇਅੰਤ ਵਿਆਹ ਗਿਣਤੀ ਮਿਣਤੀ ਤੋਂ ਬਾਹਰ ਕਰਾ ਲਏ, ਰੋਜ਼ ਵਿਆਹ ਕਰਾਉਂਦਾ ਸੀ। ਪੁੱਤਰ ਨਾ ਹੋਇਆ, ਅਖੀਰ ਵਸ਼ਿਸ਼ਟ ਜੀ ਨੇ, ਵਿਸ਼ਵਾਮਿਤਰ, ਅੰਗਰਾ ਆਦਿ ਜਿਹੜੇ ਮੁਖੀ ਰਿਸ਼ੀ ਸੀਗੇ ਉਨ੍ਹਾਂ ਨੇ ਮੰਤਰ ਬਲ ਦੇ ਨਾਲ ਇਕ ਪੁੱਤਰ ਉਹਨੂੰ ਦੇ ਦਿਤਾ। ਉਹ ਪੁੱਤਰ ਥੋੜ੍ਹੀ ਜਿਹੜੀ ਜ਼ਿੰਦਗੀ ਭੋਗ ਕੇ ਮਰ ਗਿਆ, ਫੇਰ ਉਹ ਉਸ ਤੋਂ ਵੀ ਜ਼ਿਆਦਾ ਦੁਖੀ ਹੋ ਗਿਆ। ਮਹਾਰਾਜ ਕਹਿੰਦੇ ਪੁੱਤਰ ਵਾਸ਼ਨਾ ਆਦਮੀ ਨੂੰ ਟਿਕਣ ਨਹੀਂ ਦਿੰਦੀ। ਉਹ ਦੇਖੀ ਜਾਂਦਾ ਹੈ ਕਿ ਮੇਰੀ ਜਾਇਦਾਦ ਐਵੇਂ ਹੀ ਜਾਏਗੀ, ਪਤਾ ਨਹੀਂ ਕੀਹਦੇ ਹੱਥ 'ਚ ਆਵੇ। ਅੰਗਰੇਜ਼ ਨਹੀਂ ਐਉਂ ਦੇਖਦੇ ਉਹ ਪਹਿਲਾਂ ਹੀ ਧਾਰ ਲੈਂਦੇ ਨੇ, ਪੁੱਤਰ ਹੁੰਦੇ ਵੀ ਨੇ ਤੇ ਉਨ੍ਹਾਂ ਦੀ ਵਸੀਅਤ ਇਹ ਹੁੰਦੀ ਹੈ ਕਿ ਮੈਂ ਜੋ ਕਮਾਈ ਜ਼ਿੰਦਗੀ ਭਰ ਕੀਤੀ ਹੈ, ਉਹ ਵੰਡੀ ਜਾਵੇ, ਐਨੀ ਤਾਂ ਹਸਪਤਾਲ ਨੂੰ ਜਾਵੇ, ਐਨੀ ਜਾਵੇ ਜਿਥੇ ਭੁੱਖੇ ਨੰਗਿਆ ਨੂੰ ਸੰਭਾਲਿਆ ਜਾਂਦਾ ਹੈ, ਐਨੀ ਜਾਨਵਰਾਂ ਦੀ ਰਾਖੀ ਵਾਸਤੇ ਜਾਵੇ, ਅਖੀਰ ਪੁੱਤਰਾਂ ਨੂੰ ਕੀ ਹੁੰਦਾ ਹੈ ਕਿ ਬੱਚਿਆਂ ਵਾਸਤੇ ਮੇਰੀ 'ਗੁਡ ਵਿੱਲ'। ਉਹ ਕਰੀ ਜਾਣਗੇ ਥੈਂਕਸ ਡੈਡੀ-ਥੈਂਕਸ ਡੈਡੀ। ਕੋਰਟ ਵਿਚ ਪੜ੍ਹ ਕੇ ਸੁਣਾਉਂਦੇ ਨੇ। ਇਥੇ ਇਹ ਹੁੰਦਾ ਹੈ ਕਿ ਮੇਰੀ ਜਾਇਦਾਦ ਕੌਣ ਸਾਂਭੇਗਾ। ਸਰੀਕ ਸਾਂਭਣਗੇ ਇਹ ਤਾਂ ਮੇਰੇ ਨਾਲ ਲੜਦੇ ਨੇ। ਉਹ ਵੀ ਕਹਿਣਗੇ ਇਹਨੂੰ ਛੇਤੀ ਤੋਰੀਏ, ਜਾਇਦਾਦ ਸਾਨੂੰ ਮਿਲ ਜਾਏ। ਸੋ ਇਸ ਕਰਕੇ ਪੁੱਤਰ ਵਾਸ਼ਨਾ ਆਦਮੀ ਨੂੰ ਭਜਨ ਨਹੀਂ ਕਰਨ ਦਿੰਦੀ। ਤੀਸਰੀ ਹੋਇਆ ਕਰਦੀ ਹੈ ਲੋਕ ਲਾਜ। ਲੋਕ ਨਾ ਮੈਨੂੰ ਮਾੜਾ ਕਹਿ ਦੇਣ। ਤਾਕਤ ਹੁੰਦੀ ਨਹੀਂ, ਵਿਆਹ ਕਰ ਨਹੀਂ ਸਕਦਾ, ਕਰਜ਼ਾ ਲੈ ਕੇ ਕਰਦਾ ਹੈ, ਫੇਰ ਕਰਜ਼ਾ ਮੁੜਦਾ ਨਹੀਂ, ਜ਼ਮੀਨ ਜਾਇਦਾਦ ਸਭ ਵਿਕ ਜਾਂਦੀ ਹੈ। ਲੋੜ ਤੋਂ ਵੱਧ ਆਪਣੇ ਆਪ ਨੂੰ ਸ਼ੋ ਕਰਦਾ ਹੈ ਕਿ ਲੋਕ ਮੈਨੂੰ ਅਮੀਰ ਕਹਿਣ। ਲੋਕਾਂ ਨੂੰ ਖੁਸ਼ ਕਰਦਾ ਹੈ। ਅੱਜ ਤੱਕ ਤਾਂ ਸੰਸਾਰ 'ਚ ਕੋਈ ਐਸਾ ਨਹੀਂ ਆਇਆ ਜਿਹੜਾ ਲੋਕਾਂ ਨੂੰ ਖੁਸ਼ ਕਰ ਦੇਵੇ, ਸ੍ਰੀ ਰਾਮ ਚੰਦਰ ਜੀ ਮਹਾਰਾਜ ਜਦੋਂ ਅਯੁੱਧਿਆ ਪਹੁੰਚੇ ਨੇ, ਲੰਕਾ ਤੋਂ ਵਾਪਸ ਤਾਂ ਉਤੇ ਲੰਕਾ ਦੇ ਵਿਚ ਸੀਤਾ ਜੀ ਦੀ ਅਗਨ ਪ੍ਰੀਕਸ਼ਾ ਲਈ, ਅੱਗ ਜਾਲ ਦਿਤੀ ਤੇ ਉਹਦੇ ਵਿਚੀਂ ਲੰਘਾਈ ਕਿ ਜੇ ਤਾਂ ਲੰਘ ਜਾਏਗੀ ਤਾਂ ਇਹ ਸੱਚੀ,

ਜੇ ਇਹ ਜਲ ਗਈ ਤਾਂ ਇਹ ਝੂਠੀ। ਅੱਗ ਦੇ ਵਿਚ ਲੰਘ ਗਈ ਤੇ ਇਥੇ ਆ ਗਈ। ਲੇਕਿਨ ਇਥੇ ਵਾਲੇ ਲੋਕਾਂ ਨੇ ਨਾ ਮੰਨਿਆ। ਉਨ੍ਹਾਂ ਨੇ ਕਿਹਾ ਕਿ ਨੌਂ ਮਹੀਨੇ ਰਾਵਣ ਦੇ ਕੋਲ ਰਹੀ, ਇਹ ਸੁੱਚੀ ਕਿਵੇਂ ਹੋ ਸਕਦੀ ਹੈ। ਇਹ ਤਾਂ ਰਾਮ ਚੰਦਰ ਨੇ ਕਲੰਕ ਲਾ ਦਿਤਾ ਸਾਨੂੰ। ਗੱਲ ਚਲਦੀ ਗਈ।

ਇਕ ਦਿਨ ਰਾਮ ਚੰਦਰ ਜੀ ਜਾਂਦੇ ਨੇ ਤਾਂ ਇਕ ਧੋਬੀ ਘਰਵਾਲੀ ਨਾਲ ਲੜ ਰਿਹਾ ਹੈ ਤੇ ਉਹਨੂੰ ਅੰਦਰ ਨਹੀਂ ਵੜਨ ਦਿੰਦਾ, ਉਹ ਕਹਿੰਦੀ ਮੈਨੂੰ ਤੂੰ ਅੰਦਰ ਵੜਨ ਦੇ, ਮੈਂ ਕੋਈ ਗੁਨਾਹ ਤਾਂ ਨਹੀਂ ਕਰਿਆ, ਮੇਰਾ ਪਿਤਾ ਬਿਮਾਰ ਸੀ, ਮੈਂ ਉਹਦੀ ਖਬਰ ਲੈ ਕੇ ਆ ਗਈ ਹਾਂ। ਹੁਣੇ ਮੈਂ ਗਈ ਸੀ, ਧੋਬਘਾਟ ਦੁਗਣੀ ਦੂਰ ਸੀ, ਮੇਰੇ ਪੇਕੇ ਅੱਧੇ ਦੂਰ ਸੀਗੇ ਤੇ ਮੈਂ ਰੁਕੀ ਨਹੀਂ ਹਾਂ ਪਾਣੀ ਨਹੀਂ ਪੀਤਾ।

ਰਾਮ ਚੰਦਰ ਜੀ ਬੀਰ ਯਾਤਰਾ ਕਰ ਰਹੇ ਸੀ, ਕਹਿਣ ਲੱਗੇ, ਪੁਰਖਾ! ਕੀ ਗੱਲ ਹੈ ਤੂੰ ਇਸਦੇ ਨਾਲ ਕਿਉਂ ਲੜਦਾ ਹੈਂ। ਕਹਿੰਦਾ, ਲੜਾਂ ਨਾ ਮੇਰੇ ਤੋਂ ਪੁੱਛੇ ਬਗੈਰ, ਬਾਹਰ ਗਈ ਹੈ। ਉਹ ਕਹਿਣ ਲੱਗੀ ਕਿ ਮੈਂ ਬਾਹਰ ਨਹੀਂ ਗਈ, ਇਹਦਾ ਧੋਬਘਾਟ ਦੂਰ ਸੀ, ਮੈਨੂੰ ਸੁਨੇਹਾ ਆਇਆ ਮੇਰਾ ਪਿਤਾ ਬਿਮਾਰ ਸੀ, ਮੈਂ ਖਬਰ ਲੈ ਕੇ ਉਦੋਂ ਹੀ ਮੁੜ ਆਈ ਹਾਂ। ਇਧਰ ਨੂੰ ਜਾਂਦੀ ਮੈਨੂੰ ਦੁੱਗਣਾ ਸਮਾਂ ਇਧਰ ਨੂੰ ਲੱਗਣਾ ਸੀ, ਮੇਰੇ ਕੋਲ ਸਮਾਂ ਨਹੀਂ ਸੀ ਜਾਣ ਦਾ। ਰਾਮ ਚੰਦਰ ਜੀ ਕਹਿਣ ਲੱਗੇ ਕਿ ਕੀ ਹੋ ਗਿਆ ਐਨੀ ਦੇਰ 'ਚ, ਆਹ ਪਿੰਡ ਹੈ ਨਾਲ, ਇਥੋਂ ਇਹ ਵਾਪਸ ਆ ਗਈ ਹੈ ਤੂੰ ਇਹਨੂੰ ਵੜਨ ਨਹੀਂ ਦਿੰਦਾ, ਉਹ ਕਹਿੰਦਾ ਤੂੰ ਮੈਨੂੰ ਕੀ ਸਮਝਦਾ ਹੈਂ ਓਏ? ਕਹਿੰਦਾ ਮੈਂ ਤੈਨੂੰ ਕੀ ਸਮਝਣਾ ਹੈ। ਤੂੰ ਮੈਨੂੰ ਰਾਮ ਚੰਦਰ ਸਮਝਦਾ ਹੈਂ ਕਿ ਨੌਂ ਮਹੀਨੇ ਸੀਤਾ ਨੂੰ ਰਾਵਣ ਕੋਲ ਰੱਖ ਕੇ ਫੇਰ ਘਰ 'ਚ ਵਾੜ ਲਈ। ਲੋਕ ਰਾਇ ਲਈ, ਲੋਕ ਰਾਇ ਖਿਲਾਫ ਹੋ ਗਈ। ਰਾਮਚੰਦਰ ਜੀ ਨੂੰ ਸੀਤਾ ਜੀ ਨੂੰ ਨਿਰਦੋਸ਼ ਨੂੰ ਜੰਗਲਾਂ 'ਚ ਛੱਡਣਾ ਪਿਆ, ਲੋਕ ਲਾਜ ਕਰਕੇ।

ਉਹ ਫਿਰਦੇ-ਫਿਰਦੇ ਆਪਣੇ ਰਾਜ ਵਿਚ ਪੂਰਬ ਵਲ ਨੂੰ ਚਲੇ ਗਏ। ਉਥੇ ਲੱਛਮਣ ਜੀ ਨਾਲ ਹਨ ਤੇ ਪਾਣੀ ਦੀ ਪਿਆਸ ਲੱਗੀ। ਇਕ ਜ਼ਿੰਮੀਦਾਰ ਹੱਲ ਚਲਾ ਰਿਹਾ ਸੀ ਲੇਕਿਨ ਉਹਦੀ ਜਿਹੜੀ ਵਰਦੀ ਸੀ ਉਹ ਅਜੀਬ ਸੀ, ਬਲਦਾਂ ਦੇ ਉਤੇ ਝੁੱਲ ਪਾਇਆ ਹੋਇਆ ਸੀ ਤਾਰਾਂ ਦਾ, ਪੈਰਾਂ ਵਿਚ ਚਮੜੇ ਦੇ ਫੁਟਲਸ ਪਾਏ ਹੋਏ, ਆਪ ਦੇ ਪੈਰਾਂ 'ਚ ਗੋਡਿਆਂ ਤੱਕ ਵੱਡਾ ਜੁੱਤਾ ਪਾਇਆ ਹੋਇਆ, ਬੂਟ ਪਾਏ ਹੋਏ ਨੇ ਤੇ ਸਿਰ ਉਤੇ ਇਕ ਟੋਪ ਰੱਖਿਆ ਹੋਇਆ ਹੈ ਤਾਰਾਂ ਦਾ ਤੇ ਕੋਟ ਪਾਇਆ ਹੋਇਆ ਹੈ ਤਾਰਾਂ ਦਾ। ਪਾਣੀ ਪੀਤਾ ਲਛਮਣ ਜੀ ਤੇ ਰਾਮਚੰਦਰ ਜੀ ਨੇ ਤੇ ਬੈਠ ਗਏ ਛਾਂ ਦੇਖ ਕੇ। ਉਹ ਕਿਸਾਨ ਵੀ ਬੈਠ ਗਿਆ। ਕਹਿਣ ਲੱਗੇ, ਕਿਸਾਨ! ਆਹ ਕੀ ਤੂੰ ਹੁਲੀਆ ਬਣਾਇਆ ਹੈ ਬਲਦਾਂ ਦਾ ਤੇ ਆਪ ਦਾ। ਕਹਿੰਦਾ ਮਹਾਰਾਜ! ਇਥੇ ਇਕ ਪੰਛੀ ਹੈ ਉਹਦੀ ਚੁੰਝ ਐਨੀ ਤਿੱਖੀ ਹੈ ਜੇ ਉਹ ਮਾਰ ਦੇਵੇ ਉਹ ਮਾਸ ਕੱਢ ਲੈ ਜਾਂਦਾ ਹੈ। ਏਸ ਕਰਕੇ ਤਾਰਾਂ ਦਾ ਅਸੀਂ ਝੁੱਲ ਪਾ ਦਿਤਾ। ਅਸੀਂ ਕੋਟ ਪਾ ਲਿਆ ਤੇ ਟੋਪ ਲੈ ਲਿਆ। ਪੈਰਾਂ 'ਚ ਇਥੇ ਇਕ ਬਿੱਛੂ ਹੈ ਐਨਾ ਜ਼ਹਿਰੀਲਾ ਹੈ ਕਿ ਜੇ ਲੜ ਜਾਏ ਤਾਂ ਆਦਮੀ ਬਚਦਾ ਨਹੀਂ। ਬਲਦ ਵੀ ਨਹੀਂ ਬਚਦਾ। ਸੋ ਓਸ

ਤੋਂ ਬਚਾਓ ਵਾਸਤੇ ਅਸੀਂ ਫੁਟਲਸ ਪਾ ਦਿੰਦੇ ਹਾਂ, ਬਣਾ ਕੇ। ਕਹਿਣ ਲੱਗੇ, ਰਾਮਚੰਦਰ ਜੀ! ਇਥੇ ਜ਼ਮੀਨ ਦਾ ਘਾਟਾ ਹੈ ਭਾਰਤ ਵਰਸ਼ ਵਿਚ? ਲਿਆ ਤੈਨੂੰ ਜਿੰਨੀ ਜੀਅ ਕਰਦਾ ਹੈ ਵਧੀਆ ਜ਼ਮੀਨ ਦਿਵਾ ਦੇਈਏ। ਜਿਥੇ ਮਾੜੀ ਜਿਹੀ ਫਸਲ ਬੀਜੋ ਪਾਣੀ ਨਾਲ ਹੋ ਜਾਂਦੀ ਹੈ। ਤੂੰ ਇੱਥੇ ਟੱਕਰਾਂ ਕਿਉਂ ਮਾਰਦਾ ਹੈਂ? ਕਹਿੰਦਾ, ਵਾਹ ਓਏ ਤੁਹਾਡੇ, ਨਾਲੇ ਮੈਂ ਤੁਹਾਨੂੰ ਪਾਣੀ ਪਿਲਾਇਆ, ਨਾਲੇ ਤੁਸੀਂ ਉਲਟੀ ਮਤ ਦਿੰਦੇ ਓਂ। ਕਹਿੰਦਾ, ਮੈਨੂੰ ਤੁਸੀਂ ਰਾਮਚੰਦਰ ਹੀ ਸਮਝ ਲਿਆ, ਆਪਣੀ ਇਸਤਰੀ ਤੇ ਜ਼ਮੀਨ ਨੂੰ ਕੋਈ ਨਹੀਂ ਛੱਡਦਾ ਹੁੰਦਾ ਭਾਈ। ਮੈਨੂੰ ਤੁਸੀਂ ਰਾਮਚੰਦਰ ਸਮਝਦੇ ਓਂ। ਰਾਮਚੰਦਰ ਜੀ ਲਛਮਣ ਵਲ ਦੇਖਣ ਲੱਗ ਗਏ ਕਹਿੰਦੇ, ਲੱਛਮਣ! ਓਧਰ ਦੂਜੀ ਗੱਲ ਕਹਿੰਦੇ, ਓਧਰ ਦੂਜੀ ਕਹਿੰਦੇ ਨੇ। ਸੋ ਇਹਨੂੰ ਲੋਕ ਲਾਜ ਕਹਿੰਦੇ ਨੇ, ਲੋਕ ਲਾਜ ਵਿਚ ਕੋਈ ਬੰਦਾ ਵੀ ਸਾਰਿਆਂ ਨੂੰ ਸੰਤੁਸ਼ਟ ਨਹੀਂ ਕਰਿਆ ਕਰਦਾ। ਜਿੰਨੀ ਕੁ ਉਸਤਤਿ ਹੁੰਦੀ ਹੈ ਓਨੀ ਕੁ ਨਿੰਦਿਆ ਵੀ ਨਾਲ ਸਹਿਣੀ ਪੈਂਦੀ ਹੈ। ਮਹਾਰਾਜ ਕਹਿੰਦੇ ਦੋਵੇਂ ਛੱਡ ਦਿਓ –

***ਉਸਤਤਿ ਨਿੰਦਾ ਦੋਊ ਤਿਆਗੈ***
***ਖੋਜੈ ਪਦੁ ਨਿਰਬਾਨਾ॥ ਅੰਗ - ੨੧੯***

ਅੰਨੁਸ਼ਠਾਨ ਵਾਸ਼ਨਾ ਹੋਇਆ ਕਰਦੀ ਹੈ, ਸ਼ਾਸਤਰ ਵਾਸ਼ਨਾ ਹੋਇਆ ਕਰਦੀ ਹੈ, ਕਿਤਾਬਾਂ ਪੜ੍ਹੀ ਜਾਣੀਆਂ, ਕੁਟੇਸ਼ਨਾਂ ਲਿਖੀ ਜਾਣੀਆਂ, ਲਿਖ-ਲਿਖ ਕੇ ਸੁਣਾਈ ਜਾਣੀਆਂ। ਉਹਨੂੰ ਗਧਾ ਕਹਿੰਦੇ ਨੇ ਕਿਤਾਬਾਂ ਢੋਣ ਵਾਲਾ ਗਧਾ। ਤੇ ਅੱਗੇ ਹੁੰਦਾ ਹੈ ਸੰਤ, ਸਾਧੂ, ਮਹਾਤਮਾ, ਤਾਂਤਰੀ, ਛੀਲੇ ਕੱਟਦੇ ਨੇ, ਛੀਲੇ ਕੱਟ ਕੇ ਲੋਕਾਂ ਨੂੰ ਧਾਗੇ ਦਿੰਦੇ ਨੇ, ਮੰਤਰ ਦਿੰਦੇ ਨੇ, ਲਾਚੀਆਂ ਦੇਈ ਜਾਂਦੇ ਨੇ, ਲੈ-ਲੈ ਕੇ ਲੋਕ ਉਹਨੂੰ ਖਿਲਾ ਦਿਤੀ, ਫਲਾਣੇ ਨੂੰ ਖਿਲਾ ਦਿਤੀ, ਉਹ ਤਾਂਤਰੀ ਕਹਾਉਂਦੇ ਨੇ। ਅੰਨੁਸ਼ਠਾਨ ਵਾਸ਼ਨਾ, ਮਿਹਨਤ ਕਰਦੇ ਨੇ, ਰੱਬ ਦਾ ਭਜਨ ਨਹੀਂ ਕਰਦੇ।

ਸੋ ਗੁਰੂ ਨਾਨਕ ਸਾਹਿਬ ਕਹਿਣ ਲੱਗੇ, ਨਵਾਬ ਸਾਹਿਬ! ਏਸ ਤਰ੍ਹਾਂ ਦੀਆਂ ਅਨੇਕਾਂ ਵਾਸ਼ਨਾਵਾਂ ਮਨ ਨੂੰ ਘੇਰ ਕੇ ਰੱਖਦੀਆਂ ਨੇ। ਸੋ ਆਦਮੀ ਨਾਮ ਨਹੀਂ ਜਪ ਸਕਦਾ। ਮਰਦਾਨਾ ਕਹਿਣ ਲੱਗਿਆ ਕਿ ਸੁਮੱਤ ਦੇ ਕੇ ਮਹਾਰਾਜ ਨੇ ਸਭ ਨੂੰ ਸਹੀ ਰਸਤੇ ਤੇ ਪਾਇਆ। ਕਹਿਣ ਲੱਗੇ, ਰਾਇ ਜੀ! ਜੋ ਨਵਾਬ ਦੌਲਤਖਾਨ ਸੀ ਉਹ ਗੁਰੂ ਨਾਨਕ ਦਾ ਮੁਰੀਦ ਬਣ ਗਿਆ। ਮੁਰੀਦ ਬਣ ਕੇ ਉਨ੍ਹਾਂ ਦੇ ਚਰਨਾਂ ਤੋਂ, ਚਰਨਾਂਮ੍ਰਿਤ ਲੈ ਕੇ ਉਸਨੇ, ਉਨ੍ਹਾਂ ਤੋਂ ਨਾਮ ਲੈ ਕੇ ਉਹ ਨਾਮ ਜਪਣ ਲੱਗ ਗਿਆ।

ਰਾਇ ਬੁਲਾਰ ਕਹਿਣ ਲੱਗਿਆ, ਧਨ ਹੈ ਉਹ। ਜਿਸਨੂੰ ਮੇਰੇ ਗੁਰੂ ਨਾਨਕ ਦੀ ਸੋਝੀ ਪੈ ਗਈ। ਮਰਦਾਨੇ ਨੇ ਕਿਹਾ ਕਿ ਉਸ ਤੋਂ ਬਾਅਦ ਅਸੀਂ ਭਾਈ ਲਾਲੋ ਦੇ ਚਲੇ ਗਏ, ਗੁਰੂ ਨਾਨਕ ਪਾਤਸ਼ਾਹ ਕਾਫੀ ਦਿਨ ਰਹੇ। ਉਥੇ ਸ਼ਿਕਾਇਤ ਕਰ ਦਿਤੀ ਕੱਟੜਾਂ ਨੇ ਕਿ ਗੁਰੂ ਨਾਨਕ ਖੱਤਰੀ ਹੋ ਕੇ ਲਾਲੋ ਤਰਖਾਣ ਦੇ ਘਰ ਰਹਿੰਦਾ ਹੈ, ਜਿਨ੍ਹਾਂ ਨੂੰ ਸ਼ੂਦਰ ਕਹਿੰਦੇ ਨੇ। ਸ਼ੂਦਰਾਂ ਦੀ ਵੰਡ ਦੋ ਤਰ੍ਹਾਂ ਦੀ ਕਰੀ ਹੋਈ ਸੀ ਇਨ੍ਹਾਂ ਲੋਕਾਂ ਨੇ ਕਿ ਜਿਹੜੇ ਬੰਦੇ ਦੇ ਰੋਟੀ

ਕਮਾਉਣ ਵਾਸਤੇ ਸਰੀਰ ਵਿਚੋਂ ਪਸੀਨਾ ਆ ਜਾਵੇ ਉਹ ਸ਼ੂਦਰ ਹੈ। ਉਨ੍ਹਾਂ 'ਚ ਦੋ ਨੇ, ਜਿਨ੍ਹਾਂ ਨੂੰ 🯅✪🯆✤🯅✴✶▲✩⇩✥ ਕਹਿੰਦੇ ਨੇ ਕਿ ਹੱਥ ਲਾਇਆ, ਹੱਥ ਭਿੱਟ ਹੋ ਜਾਂਦਾ ਹੈ। ਇਕ ਉਹ ਨੇ ਜਿਨ੍ਹਾਂ ਦੇ ਪੱਕਿਆ ਹੋਇਆ ਨਹੀਂ ਖਾਣਾ ਜੇ ਖਾਣਾ ਤਾਂ ਉਨ੍ਹਾਂ ਦੇ ਘਰ 'ਚੋਂ ਆਪ ਪਕਾ ਕੇ ਖਾਣਾ ਹੈ। ਜਾਤ ਪਾਤ ਦੀ ਵੰਡ ਬਹੁਤ ਗਹਿਰੀ ਸੀ। ਕਹਿਣ ਲੱਗੇ, ਭਾਈ ਲਾਲੋ ਕੀਰਤੀ, ਪਰ ਰੱਬ ਦਾ ਪਿਆਰਾ। ਗੁਰੂ ਨਾਨਕ ਦਾ ਪ੍ਰਵਾਨ ਕੀਤਾ ਗੁਰਸਿੱਖ। ਨਿਰਾ ਹੀ ਪਿਆਰ ਦੀ ਮੂਰਤ। ਰਾਇ ਜੀ! ਉਹਦੀ ਐਨੀ ਨਿੰਦਿਆ ਕਿ ਜਾ ਕੇ ਮਲਕ ਭਾਗੋ, ਜੋ ਉਸ ਪਰਗਣੇ ਦਾ ਮਾਲਕ ਸੀ ਓਸ ਦੇ ਕੋਲ ਕਰ ਦਿਤੀ। ਉਹਨੇ ਬ੍ਰਹਮਭੋਜ ਕਰਿਆ, ਗੁਰੂ ਨਾਨਕ ਨੇ ਜਵਾਬ ਦੇ ਦਿਤਾ, ਅਖੀਰ ਗੁਰੂ ਨਾਨਕ ਨੇ ਕਿਹਾ ਕਿ ਤੈਨੂੰ ਜਾਣਾ ਪੈਣਾ ਹੈ, ਉਥੇ ਚਲੇ ਗਏ ਤਾਂ ਉਥੇ ਗੁਰੂ ਨਾਨਕ ਪਾਤਸ਼ਾਹ ਨੂੰ ਕਹਿਣ ਲੱਗੇ ਤੂੰ ਬ੍ਰਹਮ ਭੋਜ ਖਾਂਦਾ ਕਿਉਂ ਨਹੀਂ। ਉਨ੍ਹਾਂ ਨੇ ਕਿਹਾ ਕਿ ਮੈਨੂੰ ਭੁੱਖ ਹੀ ਨਹੀਂ ਹੈ। ਫੇਰ ਕਹਿਣ ਲੱਗੇ, ਮਲਕ ਜੀ! ਇਹ ਤੁਹਾਡੀ ਕਮਾਈ ਪਵਿੱਤਰ ਨਹੀਂ ਹੈ, ਜਿਹੜੇ ਲਾਲੋ ਦਾ ਤੁਸੀਂ ਮੈਨੂੰ ਮੇਹਣਾ ਮਾਰਦੇ ਓਂ ਉਹ ਦੱਸਾਂ ਨੌਹਾਂ ਦੀ ਕਮਾਈ ਕਰਕੇ, ਉਹ ਤਾਂ ਜਿਹਦੇ ਮੁੱਖ ਵਿਚ ਚਲੀ ਜਾਏਗੀ ਉਹ ਨਾਮ ਜਪਣ ਲੱਗ ਜਾਏਗਾ। ਤੇਰੀ ਗਰਾਹੀ ਜਿਸਦੇ ਮੁੱਖ 'ਚ ਚਲੀ ਜਾਏਗੀ ਉਹ ਨਾਮ ਜਪਦਾ ਹੋਇਆ ਭੁੱਲ ਜਾਏਗਾ-

***ਜਾ ਕੀ ਰਹਿਤ ਨ ਜਾਣੀਐ ਗੁਰਬਾਣੀ ਨਹੀਂ ਗੀਤ***
***ਤਿਸ ਦੇ ਹਥਹੁ ਖਾਧੀਐ ਵਿਸਰੈ ਹਰਿ ਕੀ ਪ੍ਰੀਤ।***

ਸੋ ਉਥੇ ਗੁਰੂ ਨਾਨਕ ਨੇ ਕੌਤਕ ਕਰਿਆ ਤੇ ਲਾਲੋ ਦੇ ਸੁੱਕੇ ਟੁਕੜੇ ਮੰਗਾਏ ਤੇ ਇਹਦੇ ਬ੍ਰਹਮ ਭੋਜ ਦੀਆਂ ਪੂਰੀਆਂ ਮੰਗਾਈਆਂ ਤੇ ਦੋ ਥਾਲੀਆਂ ਲੈ ਲਈਆਂ ਤੇ ਹੱਥ 'ਚ ਨਪੀੜ ਦਿਤੇ। ਮਲਕ ਭਾਗੋ ਦੇ ਮਾਲ ਪੂੜਿਆਂ ਦੇ ਵਿਚੋਂ ਖ਼ੂਨ ਚੱਲ ਰਿਹਾ ਹੈ ਤੇ ਲਾਲੋ ਦੇ ਸੁੱਕੇ ਟੁਕੜੇ ਦੇ ਵਿਚੋਂ ਜੋ ਬਾਜਰੇ ਦਾ ਸੀ ਉਹਦੇ ਵਿਚੋਂ ਦੁੱਧ ਦੀ ਧਾਰ ਚੱਲ ਰਹੀ ਹੈ। ਉਸ ਵੇਲੇ ਗੁਰੂ ਨਾਨਕ ਜੀ ਨੇ ਉਸਨੂੰ ਕਿਹਾ ਕਿ ਮਲਕ ਜੀ, ਪੁੰਨ ਕਰਦਾ ਹੈਂ ਕਿ ਪਾਪ ਕਰਦਾ ਹੈਂ? ਲੋਕਾਂ ਤੋਂ ਖੋਹ-ਖੋਹ ਕੇ ਲਿਆ ਕੇ ਫੇਰ ਤੂੰ ਦਾਨ ਕਰਦਾ ਹੈਂ, ਇਹਨੂੰ ਪਿਆਰਿਆ ਦਾਨ ਦਾ ਫਲ ਨਹੀਂ ਮਿਲਣਾ। ਕਦੇ ਅਸੂਲ ਉਲਟ ਹੋਇਆ ਹੈ? -

***ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥ ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥***

***ਅੰਗ - ੧੩੭੯***

ਕਹਿਣ ਲੱਗੇ, ਮਲਕ ਜੀ! ਤੁਸੀਂ ਹਾਕਮ ਲੋਕ ਓਂ, ਇਕ ਗੱਲ ਇਨਸਾਫ ਦੀ ਦੱਸੋ ਕਿ ਬੀਜੇ ਕਿੱਕਰ ਤੇ ਉਹਨੂੰ ਅੰਗੂਰ ਲਗਦੇ ਨੇ ਕਦੇ? ਕਹਿੰਦਾ ਨਹੀਂ। ਕੱਤਦੀ ਤਾਂ ਰਹੀ ਬੀਬੀ ਕਪਾਹ, ਕਹਿੰਦੀ ਹੈ ਉੱਨ ਮੈਨੂੰ ਮਿਲ ਜਾਵੇ, ਰੇਸ਼ਮ ਮਿਲ ਜਾਵੇ। ਉਹ ਮਿਲ ਸਕਦਾ ਹੈ? ਕਹਿੰਦਾ ਨਹੀਂ। ਇਹ ਤਾਂ -

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥***

*ਅੰਗ - ੧੩੪*

ਕਿੰਨੇ ਤੂੰ ਪਾਪ ਬੀਜਦਾ ਹੈਂ, ਕਿੰਨੇ ਧੱਕੇ ਕਰਦਾ ਹੈਂ, ਕਿੰਨਾ ਪਰਜਾ ਤੋਂ ਅਨਾਜ ਖੋਂਹਦਾ ਹੈਂ ਤੇ ਫੇਰ ਬੜਾ ਦਾਨੀ ਬਣ ਜਾਂਦਾ ਹੈਂ। ਯਾਦ ਰੱਖ ਜਿਹੜੇ ਆਹ ਕਰਮ ਤੂੰ ਕੀਤੇ ਨੇ, ਇਹ ਕੀਤੇ ਹੋਏ ਕਰਮ ਲਿਖੇ ਗਏ, ਇਹ ਅੱਟਲ ਹੋ ਗਏ। ਫੇਰ ਧਰਮਰਾਜ ਦੀ ਦਰਗਾਹ 'ਚ ਜਾ ਕੇ ਤੈਨੂੰ ਇਹ ਭੋਗਣੇ ਪੈਣੇ ਨੇ, ਸਜਾਵਾਂ ਮਿਲਣੀਆਂ ਨੇ ਇਹਦੀਆਂ। ਇਹ ਨਹੀਂ ਹੈ ਕਿ ਤੂੰ ਕਰ ਗਿਆ ਤੇ ਤੈਨੂੰ ਕੋਈ ਰੋਕਣ ਵਾਲਾ ਨਹੀਂ। ਐਥੇ ਤਾਂ ਤੂੰ ਕਰ ਗਿਆ ਤੇ ਸੰਸਾਰ 'ਚ ਸਦਾ ਤੂੰ ਰਹਿਣਾ ਨਹੀਂ। ਇਥੋਂ ਚਲੇ ਜਾਣਾ ਹੈ ਤੇ ਜਦੋਂ ਦਰਗਾਹ 'ਚ ਜਾਵੇਂਗਾ ਪਿਆਰਿਆ! ਉਥੇ ਫੇਰ ਔਖਾ ਹੋ ਜਾਏਂਗਾ ਤੇ ਮਹਾਂਪੁਰਸ਼ਾਂ ਦਾ ਕਹਿਣਾ ਮੰਨ।

*ਫਰੀਦਾ ਜੇ ਤੂ ਅਕਲਿ ਲਤੀਫੁ*
*ਕਾਲੇ ਲਿਖੁ ਨ ਲੇਖ॥*
*ਆਪਨੜੇ ਗਿਰੀਵਾਨ ਮਹਿ*
*ਸਿਰੁ ਨੀਂਵਾਂ ਕਰਿ ਦੇਖੁ॥ ਅੰਗ - ੧੩੭੮*
*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧ ॥ਰਹਾਉ॥*
*ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥*
*ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥ ੨ ॥ ਕਹਤੁ ਕਬੀਰੁ*
*ਕੋਈ ਨਹੀ ਤੇਰਾ ॥*
*ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ॥*

*ਅੰਗ - ੬੫੬*

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥ ਕਰਮੀ ਆਪੋ*
*ਆਪਣੀ ਆਪੇ ਪਛੁਤਾਣੀ ॥ ਅਜਰਾਈਲੁ ਫਰੇਸਤਾ ਤਿਲ ਪੀੜੇ*
*ਘਾਣੀ ॥*

*ਅੰਗ - ੩੧੫*

*ਕਬੀਰ ਲੇਖਾ ਦੇਨਾ ਸੁਹੇਲਾ*
*ਜਉ ਦਿਲ ਸੂਚੀ ਹੋਇ ॥*
*ਉਸੁ ਸਾਚੇ ਦੀਬਾਨ ਮਹਿ*
*ਪਲਾ ਨ ਪਕਰੈ ਕੋਇ ॥ ਅੰਗ - ੧੩੭੫*

ਕਹਿਣ ਲੱਗੇ, ਮਲਕ! ਆਹ ਖ਼ੂਨ ਤੂੰ ਸਾਧੂਆਂ ਨੂੰ ਖਿਲਾਉਂਦਾ ਹੈਂ। ਭਜਨ

ਰਹਿ ਜਾਏਗਾ ਇਨ੍ਹਾਂ ਦਾ? ਪੁੰਨ ਦਾਨ ਬਚ ਜਾਣਗੇ ਇਨ੍ਹਾਂ ਦੇ ਕੀਤੇ ਹੋਏ? ਜਿਥੇ ਤੂੰ ਨਰਕਾਂ ਨੂੰ ਜਾਏਂਗਾ ਜਿਨ੍ਹਾਂ ਨੂੰ ਦਾਨ ਦਿੰਦਾ ਹੈਂ ਇਹ ਵੀ ਨਰਕਾਂ ਨੂੰ ਜਾਣਗੇ। ਕਹਿਣ ਲੱਗੇ, ਰਾਇ ਸਾਹਿਬ! ਸਮਝਾ ਦਿਤਾ, ਚਰਨੀਂ ਢਹਿ ਪਿਆ ਜੋ ਉਥੇ ਦਾ ਨਵਾਬ ਸੀ ਜ਼ਾਲਮ ਖਾਂ, ਉਹਨੂੰ ਵੀ ਗੁਰੂ ਨਾਨਕ ਨੇ ਸੁਮੱਤ ਦਿਤੀ। ਐਨੇ ਬਚਨ ਸੁਣਦਾ-ਸੁਣਦਾ, ਰਾਇ ਬੁਲਾਰ ਦੇ ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਬਹੁਤ ਮਨ ਦੇ ਅੰਦਰ ਸ਼ਰਧਾ ਤੇ ਪਿਆਰ ਜਾਗਿਆ ਹੋਇਆ ਹੈ। ਓਸ ਵੇਲੇ ਮਰਦਾਨਾ ਜੀ ਕਹਿਣ ਲੱਗੇ, ਰਾਇ ਜੀ! ਗੁਰੂ ਨਾਨਕ ਨੂੰ ਬੰਦਾ ਨਾ ਕਹੋ, ਬੜੀ ਭਾਰੀ ਭੁੱਲ ਹੈ, ਜਿਹੜੇ ਉਸਨੂੰ ਇਕ ਮਨੁੱਖ ਜਾਣਦੇ ਨੇ। ਗੁਰੂ ਨਾਨਕ ਤਾਂ ਸਾਖਸ਼ਾਤ ਅੱਲਾਹ ਦਾ ਰੂਪ ਹੈ।

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***
***ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ ॥ ਅੰਗ - ੪੪੨***

ਕਹਿਣ ਲੱਗਿਆ, ਰਾਇ ਜੀ! ਗੁਰੂ ਨਾਨਕ ਦੀ ਮਹਿਮਾ ਕੀਹਦੇ ਬਰਾਬਰ ਕਰਾਂ।

***ਕਹਿ ਮਰਦਾਨਾ 'ਸੁਨਿਯੇ ਰਾਇ!***
***ਨਾਨਕ ਧਾਰਯੋ ਰੂਪ ਖੁਦਾਇ।***
***ਕਿਹ ਕੀ ਉਪਮਾ ਦੇਵੋਂ ਤਾਂਹੀ।***
***ਤਿਨ ਕੀ ਸਮ ਕੋ ਦੀਸਤਿ ਨਾਹੀ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 467***

ਸੰਸਾਰ ਦੇ ਉਤੇ ਤਾਂ ਕੋਈ ਨਜ਼ਰ ਨਹੀਂ ਆਉਂਦਾ ਜੀਹਦੇ ਵਰਗਾ ਮੈਂ ਗੁਰੂ ਨਾਨਕ ਨੂੰ ਕਹਿ ਸਕਾਂ। ਹਾਂ ਖੁਦਾ ਵਰਗਾ ਹੀ ਹੈ ਖੁਦਾ ਦਾ ਰੂਪ। ਐਨੇ ਬਚਨ ਜਦੋਂ ਖਬਰ ਸਾਰ ਸੁਣੀ, ਮਨ ਵਿਚ ਬੜਾ ਗੱਚ ਉਠਿਆ ਉਸਦੇ, ਅੱਖਾਂ ਦੇ ਵਿਚੋਂ ਜਲ ਜਾਂਦਾ ਹੈ ਰਾਇ ਬੁਲਾਰ ਦੇ। ਆਪਣੀ ਅਵਸਥਾ ਨੂੰ ਦੇਖਦਾ ਹੈ, ਗਲਾ ਰੁਕ ਗਿਆ, ਓਸ ਵੇਲੇ ਕਹਿਣ ਲੱਗਿਆ, ਭਾਈ ਮਰਦਾਨਾ! ਮੇਰੇ ਮਨ ਵਿਚ ਗੁਰੂ ਨਾਨਕ ਦੇ ਦਰਸ਼ਨਾਂ ਦੀ ਲੋਚਾ ਲੱਗੀ ਪਈ ਹੈ। ਪਰ ਪਿਆਰਿਆ! ਮੌਜ ਦੇ ਮਾਲਕ, ਪਤਾ ਨਹੀਂ ਕਦੋਂ ਮੋੜਾ ਪਾਉਣ, ਮੈਨੂੰ ਦਰਸ਼ਨ ਹੋ ਜਾਣ ਜਾਂ ਨਾ ਹੋ ਜਾਣ। ਮੈਂ ਤਾਂ ਦਿਨ ਰਾਤ ਲੋਚਦਾ ਹਾਂ, ਜਦ ਮੈਂ ਆਪਣੇ ਸਰੀਰ ਦੇਖਦਾ ਹਾਂ ਮੈਂ ਹੈਰਾਨ ਹੋ ਜਾਂਦਾ ਹਾਂ ਇਹਨੂੰ ਦੇਖ ਕੇ।

***ਧਨੁ ਜੋਬਨੁ ਅਰੁ ਫੁਲੜਾ***
***ਨਾਠੀਅੜੇ ਦਿਨ ਚਾਰਿ ॥***
***ਪਬਣਿ ਕੇਰੇ ਪਤ ਜਿਉ***
***ਢਲਿ ਢੁਲਿ ਜੁੰਮਣਹਾਰ ॥ ਅੰਗ - ੨੩***

ਭਾਈ ਮਰਦਾਨਾ! ਸਰੀਰ ਤਾਂ ਪੈਦਾ ਹੁੰਦਾ ਹੈ, ਫੇਰ ਜੁਆਨ ਹੁੰਦਾ ਹੈ ਫੇਰ ਉਸ ਤੋਂ ਬਾਅਦ ਬੁਢਾਪਾ ਆਉਂਦਾ ਹੈ ਫੇਰ ਉਸ ਤੋਂ ਬਾਅਦ ਜਾਣਾ ਹੀ

ਜਾਣਾ ਹੋਇਆ ਕਰਦਾ ਹੈ।

ਇਹ ਚੀਜ਼ਾਂ ਨਾ ਧਨ ਸਦਾ ਰਹਿੰਦਾ ਹੈ, ਨਾ ਜੋਬਨ ਰਹਿੰਦਾ ਹੈ, ਨਾ ਫੁੱਲਾਂ ਦੀ ਬਾੜੀ ਰਹਿੰਦੀ ਹੈ।

***ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ॥ ਦਿਨ ਥੋੜੜੇ ਥਕੇ***
***ਭਇਆ ਪੁਰਾਣਾ ਚੋਲਾ ॥ ਅੰਗ - ੨੩***

ਜਿੰਨਾ ਚਿਰ ਤੱਕ ਜੋਬਨ ਹੈ, ਤਕੜਾ ਹੈਂ ਓਨੀਂ ਦੇਰ ਤੱਕ ਨਾਮ ਦਾ ਰੰਗ ਮਾਣ ਲੈ।

ਰਾਇ ਬੁਲਾਰ ਕਹਿਣ ਲੱਗੇ ਕਿ ਮਰਦਾਨਾ ਜੀ! ਦੇਖੋ ਮੇਰੀ ਉਮਰ ਵਲ ਸਰੀਰ ਸਾਥ ਨਹੀਂ ਦੇ ਰਿਹਾ। ਵਡੇਰੀ ਉਮਰ ਹੋ ਗਈ ਤੇ ਮੇਰੇ ਹਿਰਦੇ ਦੇ ਅੰਦਰ ਗੁਰੂ ਨਾਨਕ ਦਾ ਪਿਆਰ ਹੈ, ਕਿਸ ਤਰ੍ਹਾਂ ਮੈਂ ਦੱਸਾਂ, ਜਿਵੇਂ ਚੰਦ ਚਕੋਰ ਦਾ ਪਿਆਰ ਹੁੰਦਾ ਹੈ, ਐਉਂ ਮੇਰਾ ਮਨ ਲੋਚਦਾ ਹੈ ਕਿ ਮੈਂ ਉਸਦੇ ਹਰ ਵਕਤ ਦਰਸ਼ਨ ਕਰਾਂ। ਹਰ ਵਕਤ ਮੇਰੇ ਮਨ ਵਿਚ ਇਹ ਭਾਵਨਾ ਬਣੀ ਰਹਿੰਦੀ ਹੈ।

***ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।***
***ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।***
***ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।***
***ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮਾਲੇ।***
***ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥***
***ਭਾਈ ਗੁਰਦਾਸ ਜੀ, ਵਾਰ 17/4***

ਭਾਈ ਮਰਦਾਨਾ! ਇਨ੍ਹਾਂ ਦੀਆਂ ਪ੍ਰੀਤਾਂ ਮਸ਼ਹੂਰ ਨੇ, ਚੰਦ ਵਲ ਚਕੋਰ ਦੇਖਦਾ ਹੀ ਰਹਿੰਦਾ ਹੈ, ਚੰਦ ਨੂੰ ਚਾਹੇ ਪਤਾ ਹੈ ਚਾਹੇ ਨਹੀਂ ਪਤਾ, ਲੇਕਿਨ ਚਕੋਰ ਜਿਹੜਾ ਹੈ ਉਹ ਪਿਆਰ ਵਿਚ ਮਸਤ ਹੈ। ਚਕਵੀ ਦਾ ਸੂਰਜ ਨਾਲ ਪਿਆਰ ਹੈ, ਉਹਦੇ ਵਲ ਮੂੰਹ ਕਰਕੇ ਖੜ੍ਹਾ ਰਹਿੰਦਾ ਹੈ। ਜਿਸ ਵਕਤ ਸੂਰਜ ਛਿਪ ਜਾਂਦਾ ਹੈ ਜੋੜੀ ਉਸੇ ਵੇਲੇ ਅੱਡ ਹੋ ਜਾਇਆ ਕਰਦੀ ਹੈ। ਸੋ ਇਸੇ ਤਰ੍ਹਾਂ ਕਮਲ ਦਾ ਜਲ ਨਾਲ ਪਿਆਰ ਹੈ, ਮੋਰਾਂ ਤੇ ਬਬੀਹਿਆਂ ਨੂੰ ਬੱਦਲ ਕਾਲੇ ਚੰਗੇ ਲਗਦੇ ਨੇ। ਨਾਰ ਦਾ ਭਤਾਰ ਨਾਲ ਤੇ ਮਾਂ ਪੁੱਤ ਨੂੰ ਸੰਭਾਲਦੀ ਹੈ। ਐਸੇ ਤਰ੍ਹਾਂ ਮੇਰੇ ਮਨ ਵਿਚ ਪਿਆਰ ਹੈ। ਪਰ ਮੇਰਾ ਗੁਰੂ ਨਾਨਕ ਘਟ-ਘਟ ਦੇ ਜਾਨਣਹਾਰ ਹੈ। ਇਹ ਨਹੀਂ ਜਾਣਦੇ ਇਹ ਆ ਕੇ ਦਰਸ਼ਨ ਨਹੀਂ ਦੇ ਸਕਦੇ। ਇਹ ਪਿਆਰ ਐਨਾ ਜ਼ਬਰਦਸਤ ਹੈ ਕਿ ਇਹ ਘਟਦਾ ਨਹੀਂ ਹੈ ਕਿਸੇ ਤਰੀਕੇ ਨਾਲ।

***ਸਲਿਲ ਨਿਵਾਸ ਜੈਸੇ ਮੀਨ ਕੀ ਨ ਘਟੈ ਰੁਚਿ,***
***(ਭਾਈ ਗੁਰਦਾਸ ਜੀ, ਕਬਿੱਤ 424)***

ਪਾਣੀ 'ਚ ਰਹਿੰਦੀ ਹੈ ਮੱਛੀ ਪਰ ਸਾਰੀ ਜ਼ਿੰਦਗੀ ਉਹਦਾ ਪਾਣੀ ਨਾਲੋਂ ਕਦੇ ਪਿਆਰ ਨਹੀਂ ਟੁੱਟਦਾ।

*ਦੀਪਕ ਪ੍ਰਗਾਸ ਘਟੈ ਪ੍ਰੀਤਿ ਨ ਪਤੰਗ ਕੀ॥*
*(ਭਾਈ ਗੁਰਦਾਸ ਜੀ, ਕਬਿੱਤ 424)*

ਦੀਵਾ ਜਲਦਾ ਹੈ ਤੇ ਪਤੰਗਾ ਆ ਕੇ ਉਸ ਵਿਚ ਜਲੀ ਜਾਂਦਾ ਹੈ। ਦੂਜਾ ਜਲੀ ਜਾਂਦਾ ਹੈ, ਤੀਜਾ ਜਲੀ ਜਾਂਦਾ ਹੈ, ਪਰ ਪਿਆਰ ਨਹੀਂ ਇਨ੍ਹਾਂ ਦਾ ਟੁੱਟਦਾ।

*ਕੁਸਮ ਸੁਬਾਸ ਜੈਸੋ ਤ੍ਰਿਪਤਿ ਨ ਮਧੁਪ ਕਉ*
*(ਭਾਈ ਗੁਰਦਾਸ ਜੀ, ਕਬਿੱਤ 424)*

ਫੁੱਲਾਂ ਦੇ ਵਿਚ ਭੌਰਾ ਜਿਹੜਾ ਹੈ ਉਹ ਨਿਵਾਸ ਕਰ ਲੈਂਦਾ ਹੈ, ਫੁੱਲ ਬੰਦ ਹੋ ਜਾਂਦਾ ਹੈ ਤੇ ਉਹ ਉਸੇ ਵਿਚੇ ਹੀ ਮਰ ਜਾਂਦਾ ਹੈ।

*ਉਡਤ ਅਕਾਸ ਆਸ ਘਟੈ ਨ ਬਿਹੰਗ ਕੀ॥*
*(ਭਾਈ ਗੁਰਦਾਸ ਜੀ, ਕਬਿੱਤ 424)*

ਜਾਨਵਰ ਜਿਹੜੇ ਉਡਦੇ ਨੇ ਅਕਾਸ਼ ਵਿਚ, ਉਨ੍ਹਾਂ ਦਾ ਚਾਹ ਘਟਦੀ ਨਹੀਂ ਹੈ –

*ਘਟਾ ਘਨਘੋਰ ਮੋਰ ਚਾਤ੍ਰਿਕ ਰਿਦੈ ਉਲਾਸ,*
*(ਭਾਈ ਗੁਰਦਾਸ ਜੀ, ਕਬਿੱਤ 424)*

ਜਦੋਂ ਘਨਘੋਰ ਘਟਾ ਆਉਂਦੀਆਂ ਨੇ, ਮੋਰਾਂ ਦੇ ਚਿੱਤਾਂ 'ਚ ਖੁਸ਼ੀ ਹੁੰਦੀ ਹੈ, ਚਾਤ੍ਰਿਕ ਦੇ ਚਿੱਤ 'ਚ ਖੁਸ਼ੀ ਹੁੰਦੀ ਹੈ –

*ਨਾਦ ਬਾਦ ਸੁਨਿ ਰਤਿ ਘਟੈ ਨ ਕੁਰੰਗ ਕੀ॥*
*ਤੈਸੇ ਪ੍ਰਿਅ ਪ੍ਰੇਮ ਰਸ ਰਸਿਕ ਰਸਾਲ ਸੰਤ,*
*ਘਟਤ ਨ ਤ੍ਰਿਸਨਾ ਪ੍ਰਬਲ ਅੰਗ ਅੰਗ ਕੀ॥*
*(ਭਾਈ ਗੁਰਦਾਸ ਜੀ, ਕਬਿੱਤ 424)*

ਘੰਡੇਹੇੜੇ ਦਾ ਸ਼ਬਦ ਸੁਣਦਾ ਹੈ, ਹਰਨ ਲਿਟਣ ਲਗ ਜਾਂਦਾ ਹੈ, ਸ਼ਿਕਾਰੀ ਆ ਕੇ ਫੜ ਲੈਂਦਾ ਹੈ ਲੇਕਿਨ ਉਹਦੀ ਰੁਚੀ ਨਹੀਂ ਭੌਰਾ ਜਿੰਨੀ ਵੀ ਘਟਦੀ। ਅਫੁਰ ਅਵਸਥਾ ਹੁੰਦੀ ਹੈ ਉਹਨੂੰ ਕੋਈ ਪਤਾ ਨਹੀਂ ਕਿ ਮੈਨੂੰ ਸ਼ਿਕਾਰੀ ਆ ਕੇ ਫੜ ਲਏਗਾ। ਐਸੇ ਤਰ੍ਹਾਂ ਜਿਹੜੇ ਪ੍ਰਮੇਸ਼ਰ ਨੂੰ ਪਿਆਰ ਕਰਦੇ ਨੇ ਸਾਧੂ ਲੋਕ, ਉਨ੍ਹਾਂ ਦੇ ਮਨ ਵਿਚ ਹਰ ਵਕਤ ਪਿਆਰ ਬਣਿਆ ਰਹਿੰਦਾ ਹੈ।

ਸੋ ਮੈਂ ਕੀ ਦੇਵਾਂ ਭਾਈ ਮਰਦਾਨਾ, ਮੇਰੇ ਸਤਿਗੁਰੂ ਦੇ ਤੁਸੀਂ ਦੋਵਾਂ ਜਣਿਆਂ ਨੇ ਬਚਨ ਸੁਣਾਏ ਨੇ ਤੇ ਉਨ੍ਹਾਂ ਦੇ ਹੀ ਹੁਕਮ ਦੇ ਮੁਤਾਬਿਕ ਕੀਮਤ ਵੱਡੀ ਤੋਂ ਵੱਡੀ ਦਿਤੀ ਜਾ ਸਕਦੀ ਹੈ।

*ਤੈ ਸਾਹਿਬ ਕੀ ਬਾਤ ਜਿ ਆਖੈ*
*ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ*
*ਵਿਣੁ ਸਿਰ ਸੇਵ ਕਰੀਜੈ ॥* *ਅੰਗ – ੫੫੮*

ਭਾਈ ਮਰਦਾਨਾ! ਕੀ ਅਰਪਾਂ ਮੈਂ ਤੁਹਾਨੂੰ, ਮੇਰੇ ਸਾਹਿਬ ਦੇ ਤੁਸੀਂ ਐਨੀਆਂ

ਗੱਲਾਂ ਸੁਣਾਈਆਂ ਨੇ, ਐਨੇ ਬਚਨ ਸੁਣਾਏ ਨੇ, ਮੇਰੇ ਕੋਲ ਦੇਣ ਨੂੰ ਨਹੀਂ ਕੁੱਛ। ਕੋਈ ਕੀਮਤ ਨਹੀਂ ਹੈ ਜੋ ਮੈਂ ਦੇ ਸਕਾਂ। ਤੁਸੀਂ ਮੇਰੇ ਗੁਰੂ ਨਾਨਕ ਨੂੰ ਕਿਸੇ ਤਰ੍ਹਾਂ ਨਾਲ ਮਿਲਾ ਸਕਦੇ ਓਂ। ਵੱਡੀ ਤੋਂ ਵੱਡੀ ਕੀਮਤ ਦੇਣ ਵਾਸਤੇ ਤਿਆਰ ਹਾਂ।

*ਹਉ ਮਨੁ ਅਰਪੀ ਸਭੁ ਤਨੁ ਅਰਪੀ*
*ਅਰਪੀ ਸਭਿ ਦੇਸਾ ॥*
*ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ*
*ਜੋ ਪ੍ਰਭ ਦੇਇ ਸਦੇਸਾ ॥* *ਅੰਗ - ੨੪੭*

ਭਾਈ ਮਰਦਾਨਾ ਜੀ! ਤੁਸੀਂ ਧੰਨ ਹੋਂ ਮੇਰੇ ਮੁਰਸ਼ਦ ਦੇ ਨਾਲ ਜਾਂਦੇ ਓਂ। ਮੇਰਾ ਸਰੀਰ ਵਡੇਰਾ ਹੋ ਗਿਆ, ਮੇਰੇ 'ਚ ਤਾਕਤ ਨਹੀਂ ਰਹੀ ਤੁਰਨ ਦੀ। ਦੂਸਰਾ ਮੇਰੇ ਸਿਰ ਜਿਹੜੀ ਮੇਰੇ ਸਿਰ ਜ਼ਿੰਮੇਵਾਰੀ ਪੈ ਗਈ ਰਾਜ ਦੀ, ਇਹ ਮੈਨੂੰ ਛੱਡ ਕੇ ਜਾਣਾ ਬੜਾ ਔਖਾ ਹੈ ਤੇ ਮੈਂ ਕੀ ਅਰਪਾਂ ਤੁਸੀਂ ਮੈਨੂੰ ਸੰਦੇਸਾ ਦੇ ਰਹੇ ਓਂ, ਮੇਰਾ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਦਾ। ਮੇਰਾ ਮੇਲ ਕਰਾ ਦਿਓ ਉਨ੍ਹਾਂ ਨਾਲ। ਮੈਂ ਹਜ਼ਾਰ ਵਾਰੀ ਜਾਂਦਾ ਜੇ ਸਰੀਰ ਵਿਚ ਸ਼ਕਤੀ ਹੁੰਦੀ। ਪੈਰਾਂ ਭਾਰ ਨਾ ਮੈਂ ਤੁਰਦਾ, ਮੈਂ ਸਿਰ ਭਾਰ ਤੁਰ ਕੇ ਜਾਣਾ ਸੀ।

*ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨ੍ਹਿ ॥*
*ਪੈਰੀ ਥਕਾਂ ਸਿਰਿ ਜੁਲਾਂ ਜੇ*
*ਮੂੰ ਪਿਰੀ ਮਿਲੰਨ੍ਹਿ ॥* *ਅੰਗ - ੧੩੮੪*

ਭਾਈ ਮਰਦਾਨਾ ਜੇ ਮੇਰੇ ਵਿਚ ਬਲ ਹੁੰਦਾ ਤਾਂ ਮੈਂ ਸਿਰ ਦੇ ਭਾਰ ਚੱਲ ਕੇ ਆਉਂਦਾ।

ਮੇਰਾ ਸੰਦੇਸ਼ਾ ਦੇ ਦੇਈਂ ਗੁਰੂ ਨਾਨਕ ਪਾਤਸ਼ਾਹ ਨੂੰ। ਜੇ ਮੇਰੇ ਸਰੀਰ 'ਚ ਬਲ ਹੁੰਦਾ ਤਾਂ ਮੈਂ ਪੈਰਾਂ ਨਾਲ ਤੁਰ ਕੇ ਨਹੀਂ ਸੀ ਆਉਣਾ, ਸਿਰ ਦੇ ਭਾਰ ਚੱਲ ਕੇ ਆਉਣਾ ਸੀ। ਐਸੀ ਵੀ ਗੱਲ ਹੁੰਦੀ ਹੈ।

ਯੂ.ਪੀ. 'ਚ ਅਸੀਂ ਦੇਖਿਆ, ਨਾਨਕ ਮਤੇ ਨੂੰ ਜਾਇਆ ਕਰਦੇ ਨੇ। ਥਾਰੂ ਕੌਮ ਹੈ ਜਿਹੜੇ ਗੁਰੂ ਨਾਨਕ ਵੇਲੇ ਤੋਂ ਗੁਰੂ ਦੀ ਸਿੱਖੀ ਵਿਚ ਆਏ ਹੋਏ, ਆਪਣੇ ਰਹੁਰੀਤ, ਰਿਵਾਜਾਂ ਦੇ ਮੁਤਾਬਿਕ ਰਹਿੰਦੇ ਸੀ ਤੇ ਗੁਰੂ ਨਾਨਕ ਪਾਤਸ਼ਾਹ ਨਾਲ ਉਨ੍ਹਾਂ ਦੀ ਸਿੱਧੀ ਗੱਲ ਹੈ, ਸਾਡੇ ਵਾਲੀ ਨਹੀਂ ਹੈ, ਅਸੀਂ ਅਰਦਾਸ ਕਰਦੇ ਹਾਂ, ਅਰਦਾਸ ਦਾ ਉਨ੍ਹਾਂ ਨੂੰ ਪਤਾ ਹੀ ਨਹੀਂ। ਉਹ ਸਿੱਧਾ ਹੀ ਕਹਿੰਦੇ ਨੇ ਬਾਬਾ ਜੀ! ਮੈਨੂੰ ਆਹ ਤਕਲੀਫ ਹੈ ਮੇਰੀ ਇਹ ਦੂਰ ਕਰ ਦਿਓ, ਬਾਬਾ ਜੀ ਉਦੋਂ ਹੀ ਸੁਣ ਲੈਂਦੇ ਨੇ। ਹੈਰਾਨੀ ਦੀ ਗੱਲ ਹੈ।

ਸਾਡੇ ਇਕ ਨੌਕਰ ਸੀ ਰਾਮ ਸਰੂਪ ਸੀ ਉਹਦਾ ਨਾਉਂ। 40-45 ਸਾਲ ਦਾ ਹੋ ਗਿਆ ਸੀ, ਘਰਵਾਲੀ ਸੀ ਓਹਦੀ 42-43 ਸਾਲ ਦੀ। ਐਉਂ ਵੀ ਨਹੀਂ ਸੀ ਕਿ ਬੜਾ ਸ਼ੁੱਧ ਜੀਵਨ ਹੈ, ਪੀ ਲੈਂਦੀ ਸੀ ਸ਼ਰਾਬ ਕਿ ਤੂੰ ਇਹ ਕੀ ਕਰਦੀ ਹੈਂ, ਸਿਗਰਟਾਂ ਪੀਂਦੀ ਸੀ। ਨਾਨਕ ਮਤੇ ਨੂੰ, ਨੌਕਰਾਂ ਨੂੰ ਮੈਂ ਕਿਹਾ ਕਿ

ਤੁਸੀਂ ਜਾਓ ਦਰਸ਼ਨ ਕਰ ਆਓ। ਕਿਉਂਕਿ ਉਹ ਮੰਨਦੇ ਗੁਰੂ ਨਾਨਕ ਨੂੰ ਨੇ, ਸਾਨੂੰ ਨਹੀਂ ਪਤਾ ਅਸੀਂ ਉਨ੍ਹਾਂ ਨੂੰ ਸੰਭਾਲ ਨਹੀਂ ਸਕੇ। ਟਰਾਲੀ ਦੇ ਦਿਤੀ, ਟਰੈਕਟਰ ਦੇ ਦਿਤਾ, ਉਹ ਕਹਿਣ ਲੱਗੀ ਮੈਨੂੰ ਕਿ ਬਾਬੂ ਜੀ! ਮੈਨੂੰ ਗੁਰੂ ਨਾਨਕ ਸਾਹਿਬ ਤੋਂ ਇਕ ਪੁੱਤਰ ਮਿਲ ਜਾਏਗਾ। ਕਹਿੰਦੀ, ਕਿਵੇਂ ਕਰਾਂ? ਮੈਂ ਕਿਹਾ, ਤੂੰ ਮੰਗੀ ਜਾਈਂ ਉਥੇ ਖੜ੍ਹ ਕੇ, ਨਾਹ ਕੇ ਆਈਂ ਪਹਿਲਾਂ, ਫੇਰ ਉਥੇ ਪੰਜਾ ਸਾਹਿਬ ਦੇ ਸਾਮ੍ਹਣੇ ਹੁੰਦੇ ਪਿੱਪਲ ਥੱਲੇ, ਉਥੇ ਕਹਿ ਦੇਈਂ ਮਹਾਰਾਜ ਨੂੰ। ਉਹ ਸਹਿਜ-ਸੁਭਾਅ ਗੱਲ ਹੋ ਗਈ। ਉਹਨੇ ਮੰਨ ਲਈ 100%। ਉਥੇ ਚਲੀ ਗਈ, ਜਾ ਕੇ ਇਸ਼ਨਾਨ ਕਰਕੇ ਆ ਕੇ ਜਿੱਥੇ ਮਹਾਰਾਜ ਪ੍ਰਕਾਸ਼ ਸੀ, ਉਥੇ ਕੋਈ ਪ੍ਰੇਮੀ ਸੀਗਾ ਬਾਹਰ ਲਾਇਆ ਹੋਇਆ ਪਹਿਰੇ ਤੇ, ਤੇ ਉਹ ਮੱਥਾ ਟੇਕ ਕੇ ਖੜ੍ਹ ਗਈ, ਇਕੋ ਹੀ ਗੱਲ ਕਹੀ ਜਾਏ ਕਿ ਬਾਬਾ ਜੀ! ਮੈਂ ਪੁੱਤਰ ਲੈਣੇ ਆਈ ਹੂੰ। ਜਿਹੜਾ ਉਥੇ ਗ੍ਰੰਥੀ ਬੈਠਾ ਸੀ ਉਹਦਾ ਸਹਿਜ ਸੁਭਾਅ ਸਿਰ ਹੇਠਾਂ ਨੂੰ ਹਿੱਲ ਗਿਆ। ਖੁਸ਼ ਹੋ ਗਈ ਕਿ ਹਾਂ ਕਹਿ ਦਿਤੀ ਬਾਬਾ ਜੀ ਨੇ। ਉਹਨੂੰ ਨਹੀਂ ਪਤਾ ਕਿ ਗੁਰੂ ਗ੍ਰੰਥ ਸਾਹਿਬ ਤੋਂ ਮੰਗੀਦਾ ਹੈ ਕਿ ਉਸ ਤੋਂ ਮੰਗੀਦਾ ਹੈ। ਸ਼ਰਧਾ ਦੀ ਗੱਲ ਹੈ ਭਰੋਸੇ ਦੀ। ਭਰੋਸੇ ਵਾਲਿਆਂ ਦੇ ਬੇੜੇ ਪਾਰ ਹੋਇਆ ਕਰਦੇ ਨੇ, ਚਤੁਰ ਜਿਹੜਾ ਹੈ ਉਹ ਡੁੱਬ ਜਾਇਆ ਕਰਦਾ ਹੈ। ਰੱਬ ਭੋਲਿਆਂ ਨੂੰ ਮਿਲਦਾ ਹੈ, ਭਰੋਸੇ ਵਾਲਿਆਂ ਨੂੰ ਮਿਲਿਆ ਕਰਦਾ ਹੈ। ਹੈਰਾਨ ਹੋ ਗਿਆ ਦੱਸ ਮਹੀਨੇ ਤੋਂ ਬਾਅਦ ਮਹਾਰਾਜ ਜੀ ਨੇ ਉਹਨੂੰ ਪੁੱਤਰ ਦੀ ਦਾਤ ਬਖਸ਼ ਦਿਤੀ। 45ਵਾਂ ਸਾਲ ਸੀ ਓਸਨੂੰ, ਓਹ ਲੋਕ ਜਿਸ ਵਕਤ ਉਥੇ ਜਾਂਦੇ ਨੇ ਤਾਂ ਕਹਿੰਦੇ ਨੇ ਬਾਬਾ ਜੀ! ਮੈਂ ਡੰਡਉਤਾਂ ਕਰਦਾ ਆਵਾਂਗੇ ਤੇਰੇ ਦਰ ਤੇ। ਜਿਸ ਥਾਂ ਤੋਂ ਕਲਸ ਦਿਸਣ ਲਗ ਜਾਂਦਾ ਹੈ। ਹੁਣ ਤਾਂ ਉੱਚਾ ਕਰ ਦਿਤਾ ਗੁਰਦੁਆਰਾ। ਚਾਰ ਪੰਜ ਮੀਲ ਤੋਂ ਦਿਸਦਾ ਹੈ। ਉਥੋਂ ਹੀ ਕੱਪੜੇ ਆਪਣੇ ਘਰਵਾਲੀ ਜਾਂ ਨਾਲ ਦਿਆਂ ਨੂੰ ਫੜਾ ਕੇ ਲੰਮੇ ਪੈਂਦੇ ਨੇ, ਲਕੀਰ ਕੱਢ ਲੈਂਦੇ ਨੇ, ਉਥੇ ਫੇਰ ਪੈਰ ਲਾ ਕੇ ਲੰਮੇ ਪੈਂਦੇ ਨੇ, ਫੇਰ ਲਕੀਰ ਕੱਢ ਲੈਂਦੇ ਨੇ। ਛਾਤੀਆਂ 'ਚੋਂ ਖੂਨ ਨਿਕਲ ਜਾਂਦਾ ਹੈ, ਇਕੋ ਹੀ ਗੱਲ ਧੰਨ ਗੁਰੂ ਨਾਨਕ-ਧੰਨ ਗੁਰੂ ਨਾਨਕ। ਗੁਰੂ ਨਾਨਕ ਦੇਵ ਕੀ ਜੈ। ਚਾਰ-ਚਾਰ ਮੀਲ ਪੈ ਕੇ ਆਉਂਦੇ ਨੇ।

ਬਹੁਤ ਸ਼ਰਧਾ ਹੋਵੇ ਤਾਂ ਐਸੇ ਬਚਨ ਆਇਆ ਕਰਦੇ ਨੇ ਕਿ ਮੈਂ ਸਿਰ ਦੇ ਭਾਰ ਚੱਲ ਕੇ ਆਵਾਂ। ਕਹਿਣ ਲੱਗੇ, ਭਾਈ ਮਰਦਾਨਾ! ਨਾ ਤਾਂ ਮੈਂ ਗੁਰੂ ਨਾਨਕ ਦੀ ਕੋਈ ਸੇਵਾ ਕਰੀ ਹੈ। ਅੰਦਰੋਂ ਤਾਂ ਮੈਂ ਓਸ ਵੇਲੇ ਪਛਾਣ ਲਿਆ ਸੀ, ਜਦੋਂ ਸੱਪ ਨੇ ਛਾਂ ਕਰੀ ਸੀ, ਫੇਰ ਮੇਰਾ ਨਿਹਚਾ ਵਧ ਗਿਆ ਜਿਸ ਵਕਤ ਬਿਰਛ ਦਾ ਸਾਇਆ ਇਨ੍ਹਾਂ ਉਤੇ ਪਿਆ, ਬਾਕੀ ਸਭ ਦੇ ਢਲ ਗਏ ਸੀ ਤੇ ਇਨ੍ਹਾਂ ਦਾ ਨਹੀਂ ਸੀ ਢਲਿਆ। ਤੀਸਰੀ ਵਾਰੀ ਜਦੋਂ ਮੈਂ ਦੇਖਿਆ ਕਿ ਮੱਝਾਂ ਖੇਤ ਸੱਚਮੁੱਚ ਚਰ ਗਈਆਂ, ਪਰ ਜਦੋਂ ਮੈਂ ਬੰਦਾ ਭੇਜਿਆ ਉਹ ਕਹਿੰਦੇ ਜੀ ਖੇਤ ਤਾਂ ਪਹਿਲਾਂ ਨਾਲੋਂ ਵੀ ਲਹਿ-ਲਹਾਉਂਦੇ ਨੇ। ਸਾਰਿਆਂ ਨਾਲੋਂ ਚੰਗਾ ਖੇਤ ਹੈ ਜਿਹਨੂੰ ਇਹ ਕਹਿੰਦਾ ਹੈ ਕਿ ਗੁਰੂ ਨਾਨਕ ਦੀਆਂ ਮੱਝੀਆਂ ਚਰ ਗਈਆਂ। ਬੱਸ ਉਸ ਵੇਲੇ ਮੈਂ ਦੇਖ ਲਿਆ ਕਿ ਇਹ ਤਾਂ ਅੱਲਾਹ ਤਾਲਾ ਦੀ ਜਾਤ ਛੁਪੀ ਪਈ ਹੈ, ਪਤਾ ਨਹੀਂ ਲਗਦਾ, ਮਹਿਤਾ ਜੀ ਨੂੰ ਤਾਂ ਬਿਲਕੁਲ ਹੀ ਪਤਾ ਨਹੀਂ ਲਗਦਾ। ਸੋ ਮੈਂ ਹੀ ਉਨ੍ਹਾਂ ਨੂੰ ਦੂਰ ਭੇਜ ਦਿਤਾ, ਐਥੇ ਹੁੰਦੇ ਸੀ ਮੈਂ ਦਰਸ਼ਨ

ਕਰਦਾ ਸੀ, ਆਨੇ-ਬਹਾਨੇ ਮੈਂ ਲੰਘ ਜਾਣਾ, ਜਿਥੇ ਗੁਰੂ ਨਾਨਕ ਜੰਗਲ ਦੇ ਵਿਚ ਸਮਾਧੀ ਸਥਿਤ ਬੈਠਾ ਹੁੰਦਾ। ਹੁਣ ਮੇਰਾ ਤਨ ਕਿਸੇ ਕੰਮ ਦਾ ਨਹੀਂ ਰਿਹਾ, ਮੇਰੇ ਮਨ ਵਿਚ ਹਰ ਵਕਤ ਲਗਨ ਲੱਗੀ ਰਹਿੰਦੀ ਹੈ ਤੇ ਉਹਦੇ ਕਰਕੇ ਮੇਰੇ ਤਨ ਵਿਚ ਆਸ ਸੀ, ਮੈਂ ਤਾਂ ਬਿਲਕੁਲ ਖਾਲੀ ਹਾਂ।

ਜੇ ਨਦੀ ਹੈ ਉਸ ਵਿਚ ਜੇ ਪਾਣੀ ਨਹੀਂ ਉਸਦਾ ਕੀ ਫਾਇਦਾ, ਬਾਲੂ ਰੇਤ ਦਾ।

***ਜਿਉਂ ਸਰਿਤਾ ਨਿਸ਼ਫਲ ਬਿਨਬਾਰੀ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 469***

ਚੰਦਰਮਾ ਤੋਂ ਬਗੈਰ ਜਿਹੜੀ ਕਾਲੀ ਰਾਤ ਹੈ ਉਹ ਕਿਸੇ ਕੰਮ ਦੀ ਨਹੀਂ।

***ਹੀਨਮਯੰਕ ਸਰਬਰੀ ਕਾਰੀ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 469***

ਜਿਵੇਂ ਪਤੀ ਤੋਂ ਬਗੈਰ ਅਨਾਥ ਇਸਤ੍ਰੀ ਹੋਇਆ ਕਰਦੀ ਹੈ, ਉਹਦਾ ਜੀਵਨ ਕੁਛ ਨਹੀਂ ਹੁੰਦਾ।

***ਜਿਉਂ ਅਨਾਥ ਬਿਨ ਭਰਤਾ ਨਾਰੀ।***
***ਤਿਉਂ ਤੁਮ ਮਯ ਬਿਨ ਦੇਹ ਹਮਾਰੀ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 469***

ਐਸੇ ਤਰ੍ਹਾਂ ਦੇ ਨਾਲ ਮੇਰੀ ਜਿਹੜੀ ਦੇਹ ਹੈ ਇਹ ਕਿਸੇ ਕੰਮ ਦੀ ਨਹੀਂ ਹੈ। ਭਾਈ ਮਰਦਾਨਾ ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੋਈ ਤਰੀਕਾ ਕਰੋ, ਜਿਹਦੇ ਕਰਕੇ ਮੈਨੂੰ ਆ ਕੇ ਦਰਸ਼ਨ ਦੇਣ।

ਕਹਿਣ ਲੱਗਿਆ, ਮਹਾਰਾਜ! ਭਾਈ ਬਾਲਾ ਜੀ ਵੀ ਜੇ ਮੇਰੇ ਨਾਲ ਰਲ ਜਾਣ ਤਾਂ ਅਸੀਂ ਦੋਵੇਂ ਜਣੇ ਜਾ ਕੇ ਗੁਰੂ ਨਾਨਕ ਪਾਤਸ਼ਾਹ ਨੂੰ ਆਪ ਤੁਹਾਡੇ ਜਿਹੜੇ ਵਲਵਲੇ ਨੇ ਜਿਹੜੇ ਉਹਦੇ ਬਾਰੇ ਗਿਆਤ ਕਰਾਈਏ। ਕਹਿੰਦੇ, ਮੈਨੂੰ ਮਿਲਾ ਦੇਵੇ, ਕੋਈ ਮਿਲਾਓ। ਮੇਰਾ ਹਰ ਵਕਤ ਮਨ ਲੋਚਦਾ ਰਹਿੰਦਾ ਹੈ।

***ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥***
***ਬਿਲਪ ਕਰੇ ਚਾਤ੍ਰਿਕ ਕੀ ਨਿਆਈ॥***
***ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥ ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ॥***

***(ਸ਼ਬਦ ਹਜ਼ਾਰੇ)***

ਹਰ ਵਕਤ ਮੇਰੇ ਮਨ ਵਿਚ ਰਹਿੰਦਾ ਹੈ ਕਿ ਮੈਨੂੰ ਦਰਸ਼ਨ ਹੋ ਜਾਣ ਤੇ ਮੈਂ ਲੋਚਦਾ ਹਾਂ, ਕੋਈ ਮਿਲਾ ਦਿਓ, ਤੁਸੀਂ ਮਿਲਾ ਦਿਓ।

***ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ***
***ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥***
***ਦਰਸਨੁ ਹਰਿ ਦੇਖਣ ਕੈ ਤਾਈ ॥***

*ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ*
*ਹਰਿ ਹਰਿ ਨਾਮੁ ਧਿਆਈ ॥* *ਅੰਗ - ੭੫੭*

ਭਾਈ ਮਰਦਾਨਾ ਮੇਰਾ ਮਨ ਹਰ ਵਕਤ ਲੋਚਦਾ ਹੈ। ਕੀ ਦੱਸਾਂ ਨਾ ਮੈਨੂੰ ਰੋਟੀ ਚੰਗੀ ਲਗਦੀ ਹੈ, ਨਾ ਮੈਨੂੰ ਨੀਂਦ ਆਉਂਦੀ, ਹਰ ਵਕਤ ਮੇਰਾ ਮਨ ਗੁਰੂ ਨਾਨਕ ਵਲ ਰਹਿੰਦਾ ਹੈ। ਪਿਆਰਿਆ! ਤੂੰ ਕਰ ਉਪਕਾਰ, ਮੈਂ ਤੇਰਾ ਅਹਿਸਾਨ ਜ਼ਿੰਦਗੀ ਭਰ ਨਹੀਂ ਭੁੱਲਾਂਗਾ।

*ਕਰਿ ਮਰਦਾਨੇ! ਕਾਰਜ ਮੇਰਾ।*
*ਹੋਵੋਂ ਰਿਣੀ ਸਦਾ ਮੈਂ ਤੇਰਾ।*
*ਤਵਅਸਾਨਕਬਿ ਮਨ ਨ ਭੁਲਾਊਂ।*
*ਜੇ ਦਰਸ਼ਨ ਨਾਨਕ ਅਬ ਪਾਊਂ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 467*

ਸਰੀਰ ਛੱਡਣ ਤੋਂ ਪਹਿਲਾਂ-ਪਹਿਲਾਂ ਜੇ ਮੈਨੂੰ ਗੁਰੂ ਨਾਨਕ ਦਾ ਦਰਸ਼ਨ ਹੋ ਜਾਵੇ, ਭਾਈ ਮਰਦਾਨਾ ਮੈਂ ਤੇਰਾ ਅਹਿਸਾਨ ਨਹੀਂ ਕਦੇ ਭੁਲਾਵਾਂਗਾ।

*ਕਰਿ ਮੁਢ ਪਰ ਇਹ ਪਰ ਉਪਕਾਰਾ।*
*ਦਰਸਾਵਹੁ ਦਰਸ਼ਨ ਇਕ ਬਾਰਾ।*
*ਜਿਉਂ ਰੰਕਹਿ ਕੋ ਪਾਰਸ ਦੇਈ।*
*ਜਸ ਆਮੀ ਕੋ ਆਮ ਮਿਟੇਈ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 468*

ਜਿਵੇਂ ਗਰੀਬ ਆਦਮੀ ਨੂੰ ਪਾਰਸ ਮਿਲ ਜਾਂਦਾ ਹੈ, ਐਸ ਤਰ੍ਹਾਂ ਦੇ ਨਾਲ ਮੇਰੀ ਹਾਲਤ ਹੈ। ਮੈਨੂੰ ਜੇ ਗੁਰੂ ਨਾਨਕ ਦਾ ਦਰਸ਼ਨ ਹੋ ਜਾਏ ਓਹਦੀ ਕੀਮਤ ਕੋਈ ਨਹੀਂ ਹੈ ਤੇ ਮੇਰਾ ਹਾਲ ਤਾਂ ਓਸ ਮੱਛੀ ਵਰਗਾ ਹੈ ਜਿਹੜੀ ਪਾਣੀ ਤੋਂ ਵਿਛੜੀ ਹੋਈ ਹੈ।

*ਜਿਉ ਮਛੁਲੀ ਬਿਨੁ ਪਾਣੀਐ*
*ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥ ਨਾਦ ਕੁਰੰਕਹਿ ਬੇਧਿਆ*
*ਸਨਮੁਖ ਉਠਿ ਧਾਵੈ ॥ ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ*
*ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*

*ਅੰਗ - ੭੦੮*

ਭਾਈ ਮਰਦਾਨਾ! ਲਗਦਾ ਹੈ ਕਿ ਮੈਂ ਸਾਹ ਲੈ ਰਿਹਾ ਹਾਂ, ਪਰ ਮੈਂ ਗੁਰੂ ਨਾਨਕ ਤੋਂ ਬਗੈਰ ਜੀਵਨ ਤੋਂ ਖਾਲੀ ਹਾਂ। ਕ੍ਰਿਪਾ ਕਰ ਕਿਸੇ ਤਰੀਕੇ ਨਾਲ ਮੈਨੂੰ ਗੁਰੂ ਨਾਨਕ ਮਿਲਾ ਦੇ, ਮੈਂ ਤੇਰਾ ਅਹਿਸਾਨ ਨਹੀਂ ਭੁੱਲਾਂਗਾ।

ਇਹਨੂੰ ਸਾਧਸੰਗਤ ਜੀ! ਬਿਰਹਾ ਕਹਿੰਦੇ ਨੇ, ਜਿਸ ਹਿਰਦੇ 'ਚ ਬਿਰਹਾ ਨਹੀਂ ਪੈਂਦਾ ਹੁੰਦਾ ਵਾਹਿਗੁਰੂ ਵਾਸਤੇ, ਗੁਰੂ ਵਾਸਤੇ ਮਹਾਰਾਜ ਕਹਿੰਦੇ ਉਹ

ਤਾਂ ਫਜ਼ੂਲ ਹੈ ਹਿਰਦਾ।

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥ ਫਰੀਦਾ ਜਿਤੁ*
*ਤਨਿ ਬਿਰਹੁ ਨ ਊਪਜੈ*
*ਸੋ ਤਨੁ ਜਾਣੁ ਮਸਾਨੁ ॥ ਅੰਗ - ੧੩੭੯*

ਉਹ ਤਾਂ ਮਸਾਣਾਂ ਦੀ ਧਰਤੀ ਹੈ, ਜਿਥੇ ਪਿਆਰ ਨਾ ਹੋਵੇ ਪ੍ਰਭੂ ਦੀ ਖਿੱਚ ਨਾ ਹੋਵੇ। ਖਿੱਚ ਦੀ ਨਿਸ਼ਾਨੀ ਹੈ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ*
*ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ*
*ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ*
*ਟੋਰ ਅਨੰਤ ਉਨ੍ਹਾਂ ਦੀ,*
*ਵਸਲੋਂ ਉਰੇ ਮੁਕਾਮ ਨ ਕੋਈ*
*ਸੋ ਚਾਲ ਪਏ ਨਿਤ ਰਹਿੰਦੇ।*

***ਡਾ. ਭਾਈ ਵੀਰ ਸਿੰਘ ਜੀ***

ਸੋ ਜਿਸ ਦੇ ਅੰਦਰ ਬਿਰਹਾ ਨਹੀਂ ਉਪਜਦਾ ਉਹ ਤਾਂ ਮਸਾਣ ਹੈ -

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ*
*ਮੰਤੁ ਨ ਮਾਨੈ ਕੋਇ ॥*
*ਰਾਮ ਬਿਓਗੀ ਨਾ ਜੀਐ ਜੀਐ*
*ਤ ਬਉਰਾ ਹੋਇ ॥ ਅੰਗ - ੧੩੬੮*

ਇਹ ਵੈਰਾਗ ਦੀ ਨਿਸ਼ਾਨੀ ਹੁੰਦੀ ਹੈ ਸਾਧਸੰਗਤ ਜੀ! ਜੇ ਵੈਰਾਗ ਨਹੀਂ ਪੈਦਾ ਹੋਇਆ ਤਾਂ ਜੀਵਨ ਦੇ ਵਿਚ ਉਹ ਚੀਜ਼ ਨਹੀਂ ਆਈ ਜਿਹਦੇ ਨਾਲ ਪ੍ਰਮੇਸ਼ਰ ਦਾ ਮਿਲਾਪ ਹੋਣਾ ਹੈ। ਜੇ ਸੀਨੇ ਵਿਚ ਖਿੱਚ ਨਹੀਂ ਹੈ ਤਾਂ ਰੱਬ ਕਿੱਥੋਂ ਆ ਜਾਏਗਾ, ਪ੍ਰਮੇਸ਼ਰ ਤਾਂ ਪਿਆਰ ਦਾ ਬੰਨ੍ਹਿਆ ਹੋਇਆ ਹੈ।

ਸੋ ਇਸ ਤਰ੍ਹਾਂ ਦੀਆਂ ਬੇਨਤੀਆਂ ਕਰਦਾ ਹੈ ਕਿ ਭਾਈ ਮਰਦਾਨਾ! ਤੂੰ ਇਕ ਵਾਰੀ ਲੈ ਆ ਗੁਰੂ ਨਾਨਕ ਨੂੰ ਤੇ ਮੈਂ ਵੱਡੀ ਤੋਂ ਵੱਡੀ ਸੇਵਾ ਕਰਾਂਗਾ। ਆਪਣਾ ਆਪ ਨਿਛਾਵਰ ਕਰ ਦੇਵਾਂਗਾ ਤੇ ਇਥੇ ਤੱਕ ਕਿ ਜਿਹੜੀ ਉਹਦੀ ਸੇਜਾ ਵੀ ਜਿਹੜੀ ਹੈ ਉਹ ਆਪਣੀਆਂ ਅੱਖੀਆਂ ਦੀ ਵਿਛਾਵਾਂਗਾ।

*ਮੂ ਥੀਆਊ ਸੇਜ ਨੈਣਾ ਪਿਰੀ ਵਿਛਾਵਣਾ ॥*
*ਜੇ ਡੇਖੈ ਹਿਕ ਵਾਰ ਤਾ*
*ਸੁਖ ਕੀਮਾ ਹੂ ਬਾਹਰੇ ॥ ਅੰਗ - ੧੦੯੮*

ਇਕ ਵਾਰੀ ਦੇਖ ਲਵਾਂ, ਮੈਂ ਅੱਖਾਂ ਦੀ ਸੇਜ ਵਿਛਾ ਦੇਵਾਂ। ਸੋ ਐਸੀਆਂ ਹਿਜਰ ਦੀਆਂ ਬਾਤਾਂ, ਵੈਰਾਗ ਦੀਆਂ ਬਾਤਾਂ ਸੁਣ ਕੇ ਮਰਦਾਨੇ ਦੇ ਨੇਤਰਾਂ 'ਚੋਂ ਵੀ ਜਲ ਜਾ ਰਿਹਾ ਹੈ ਕਿ ਐਨੀ ਲਗਨ, ਐਨਾ ਪਿਆਰ, ਫੇਰ ਗੁਰੂ

ਮੇਰਾ ਬੇਪਰਵਾਹ। ਕਿਵੇਂ ਦਰਸ਼ਨ ਹੋਣਗੇ ਇਸਨੂੰ। ਕਿਉਂਕਿ ਜੋ ਵੈਰਾਗ ਦੀ ਅਵਸਥਾ ਹੁੰਦੀ ਹੈ ਸਾਧਸੰਗਤ ਜੀ ਇਹ ਸਮਝਣੀ ਬਹੁਤ ਔਖੀ ਹੈ।

*ਲਾਗੀ ਹੋਇ ਸੁ ਜਾਨੈ ਪੀਰ ॥*
*ਰਾਮ ਭਗਤਿ ਅਨੀਆਲੇ ਤੀਰ ॥ ਅੰਗ - ੩੨੭*

ਅਣੀਆਂ ਵਾਲੇ ਤੀਰ ਜਿਸਦੇ ਹਿਰਦੇ ਵਿਚ ਖੁੱਭ ਗਏ, ਉਸੇ ਨੂੰ ਪੀੜ ਦਾ ਪਤਾ ਹੈ, ਦੂਸਰੇ ਨੂੰ ਕਹਾਣੀਆਂ ਨੇ ਲੇਕਿਨ ਜਿਹਨੂੰ ਲਗ ਜਾਂਦੀ ਹੈ ਉਹਨੂੰ ਪਤਾ ਹੁੰਦਾ ਹੈ ਕਿ ਬਿਰਹਾ ਕਿੰਨਾ ਔਖਾ ਕਰਦਾ ਹੈ। ਜਦੋਂ ਤੱਕ ਮਿਲਦਾ ਨਹੀਂ ਆਪਣਾ ਪਿਆਰਾ ਓਨੀ ਦੇਰ ਤੱਕ ਸੁਖ ਨਹੀਂ ਹੁੰਦਾ।

*ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥*
*ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥*

*ਅੰਗ - ੧੧੦੦*

ਸੋ ਕਹਿਣ ਲੱਗਿਆ, ਭਾਈ ਮਰਦਾਨਾ! ਮੈਂ ਤੁਹਾਡਾ ਕਦੇ ਵੀ ਅਹਿਸਾਨ ਨਹੀਂ ਭੁੱਲਾਂਗਾ। ਇਕ ਵਾਰੀ ਮੈਨੂੰ ਆਪਣੀ ਜ਼ਿੰਦਗੀ ਦੇ ਅੰਦਰ ਗੁਰੂ ਨਾਨਕ ਦੇ ਦਰਸ਼ਨ ਕਰਾ ਦੇ, ਗਿਣਵੇ ਦਿਨ ਮੇਰੇ ਬਾਕੀ ਰਹਿ ਗਏ ਨੇ ਤੇ ਮੈਨੂੰ ਇਹੀ ਹੈ ਬੜਾ ਭਾਰਾ ਹਰ ਵਕਤ ਰਹਿੰਦਾ, ਦਰਸ਼ਨ ਹੋ ਜਾਣਗੇ? ਮਰਦਾਨੇ ਨੇ ਕਿਹਾ ਕਿ ਭਾਈ ਬਾਲੇ ਨੂੰ ਵੀ ਕਹਿ ਦਿਓ ਅਸੀਂ ਦੋਵੇਂ ਜਣੇ ਗੁਰੂ ਨਾਨਕ ਦੇ ਚਰਨ ਫੜਾਂਗੇ ਜਾ ਕੇ। ਸਾਰੀ ਵਾਰਤਾ ਦੱਸਾਂਗੇ।

ਭਾਈ ਬਾਲਾ ਜੀ ਨੂੰ ਬੁਲਾ ਲਿਆ ਤੇ ਕਿਹਾ ਕਿ ਭਾਈ ਬਾਲਾ ਜੀ ਤੁਸੀਂ ਦੋਵੇਂ ਜਾਓ ਤੇ ਜਾ ਕੇ ਮੇਰੀ ਬੇਨਤੀ ਗੁਰੂ ਨਾਨਕ ਦੇ ਦਰ ਤੇ ਕਰ ਦਿਓ। ਬਹੁਤ ਮੁਸ਼ਕਲ ਹੈ ਮੈਨੂੰ ਜੀਉਣਾ, ਇਕ-ਇਕ ਸਾਹ ਦੇ ਵਿਚ ਮੈਂ ਗੁਰੂ ਨਾਨਕ ਦਾ ਇੰਤਜ਼ਾਰ ਕਰ ਰਿਹਾ ਹਾਂ, ਹਰ ਵਕਤ ਮੇਰੇ ਮਨ ਵਿਚ ਆਸ ਲੱਗੀ ਰਹਿੰਦੀ ਹੈ।

*ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥ ਉਰ ਨਾ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ ॥*
*ਅੰਗ - ੩੩੮*

ਦੋਹਾਂ ਨੂੰ ਗੁਰੂ ਨਾਨਕ ਵਲ ਭੇਜ ਦਿਤਾ। ਸੱਤ ਦਿਨ ਤੇ ਸੱਤ ਰਾਤਾਂ ਤੋਂ ਬਾਅਦ ਗੁਰੂ ਨਾਨਕ ਪਾਤਸ਼ਾਹ ਪਾਸ ਪਹੁੰਚ ਜਾਂਦੇ ਨੇ। ਮਹਾਰਾਜ ਜੀ ਨੂੰ ਜਾ ਕੇ ਸਾਰਾ ਹਾਲ ਦੱਸਿਆ, ਮਾਤਾ ਪਿਤਾ ਦਾ ਦੱਸਿਆ ਤੇ ਨਾਲ ਕਿਹਾ ਕਿ ਸੱਚੇ ਪਾਤਸ਼ਾਹ! ਰਾਇ ਬੁਲਾਰ ਜੀ ਵੈਰਾਗ ਦੇ ਅੰਦਰ ਗ੍ਰਸਤ ਨੇ ਤੇ ਹਰ ਵਕਤ ਨੇਤਰਾਂ 'ਚੋਂ ਜਲ ਚਲਦਾ ਹੈ ਉਨ੍ਹਾਂ ਦੇ। ਕਿਸੇ ਨਾਲ ਗੱਲ ਨਹੀਂ ਕਰਦੇ। ਇਕੋ ਲਗਨ ਹਰ ਵਕਤ ਉਨ੍ਹਾਂ ਦੇ ਮਨ ਵਿਚ ਰਹਿੰਦੀ ਹੈ ਕਿ ਮੈਂ ਕਿਵੇਂ ਆਪ ਦਾ ਦਰਸ਼ਨ ਕਰਾਂ, ਸਾਨੂੰ ਵੀ ਬਹੁਤ ਕਿਹਾ ਹੈ ਤੇ ਨਾਲ ਕਿਹਾ ਕਿ -

*ਜੇ ਹੋਵਹਿ ਬਲ ਤਨ ਵਿਖੈ ਆਵੋਂ ਸਿਰ ਕੇ ਭਾਰ।*

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 469***

ਮਹਾਰਾਜ ਜੀ! ਵੈਰਾਗੀ ਹੈ ਉਸ ਦੀ ਭਾਵਨਾ ਬੜੀ ਉਚੀ ਹੈ। ਆਪ ਕ੍ਰਿਪਾ ਕਰੋ ਉਸਨੂੰ ਦਰਸ਼ਨ ਦੇਵੋ।

ਕਹਿੰਦੇ ਲੱਗੇ, ਭਾਈ ਮਰਦਾਨਾ! ਭਾਈ ਬਾਲਾ! ਜਿੰਨੀ ਖਿੱਚ ਉਸਦੇ ਹਿਰਦੇ 'ਚ ਹੈ ਉਸ ਤੋਂ ਕਿਤੇ ਵੱਧ ਸਾਡੇ ਹਿਰਦੇ ਵਿਚ ਵੀ ਉਹ ਖਿੱਚ ਪੈ ਰਹੀ ਹੈ। ਸਾਡਾ ਵੀ ਮਨ ਕਰ ਰਿਹਾ ਹੈ।

ਸਤਿਗੁਰੂ ਦਾ ਬਿਰਧ ਹੈ ਜਦੋਂ ਸਿੱਖ ਗੁਰੂ ਨੂੰ ਯਾਦ ਕਰਦਾ ਹੈ, ਗੁਰੂ ਉਸ ਤੋਂ ਵੱਧ ਯਾਦ ਕਰਦਾ ਹੈ।

***ਚਰਨ ਸਰਨਿ ਗੁਰ ਏਕ ਪੈਂਡਾ ਜਾਇ ਚਲ,***
***ਸਤਿਗੁਰ ਕੋਟਿ ਪੈਂਡਾ ਆਗੈ ਹੋਇ ਲੇਤ ਹੈਂ॥***
***ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ,***
***ਸਿਮਰਨ ਤਾਹਿ ਬਾਰੰਬਾਰ ਗੁਰ ਹੇਤ ਹੈਂ॥***
***ਭਾਵਨੀ ਭਗਤਿ ਭਾਇ ਕਉਡੀ ਅਗ੍ਰਭਾਗ ਰਾਖੈ,***
***ਤਾਹਿ ਗੁਰ ਸਰਬ ਨਿਧਾਨ ਦੇਤ ਹੈਂ॥***
***ਸਤਿਗੁਰੁ ਦਇਆ ਨਿਧਿ, ਮਹਿਮਾ ਅਗਾਧਿ ਬੋਧਿ,***
***ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈਂ॥***

***ਕਬਿੱਤ ੧੧੧***

ਭਾਈ ਮਰਦਾਨਾ! ਸਾਡੇ ਹਿਰਦੇ ਦੇ ਅੰਦਰ ਵੀ ਬਹੁਤ ਖਿੱਚ ਪੈ ਰਹੀ ਹੈ। ਚਲੋ ਤਲਵੰਡੀ ਨੂੰ ਵਾਪਸ ਚਲਦੇ ਹਾਂ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ, ਭਾਈ ਬਾਲਾ ਜੀ ਤੇ ਮਰਦਾਨਾ ਜੀ ਦੇ ਨਾਲ ਤਲਵੰਡੀ ਆ ਗਏ। ਉਸ ਵੇਲੇ ਭਾਈ ਬਾਲਾ ਦੇ ਪਿਤਾ ਦਾ ਨਾਮ ਚੰਦਰਭਾਨ ਸੀ ਉਹਦੇ ਖੂਹ ਤੇ ਬੈਠ ਗਏ, ਦੋਹਾਂ ਨੂੰ ਭੇਜ ਦਿਤਾ ਤੇ ਮਾਤਾ ਨੂੰ ਪਤਾ ਲੱਗਿਆ, ਪਿਤਾ ਨੂੰ ਪਤਾ ਲੱਗਿਆ, ਪਰਿਵਾਰ ਨੂੰ ਪਤਾ ਲੱਗਿਆ। ਕਿਉਂਕਿ ਮਾਤਾ ਕਾਲੂ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ ਮਹਾਰਾਜ ਦਾ। ਦੇਖਦਾ ਹੈ ਜਾ ਕੇ ਕਿ ਇਹ ਕੀ ਬਣੇ ਫਿਰਦੇ ਨੇ ਸਿਰ ਦੇ ਉਤੇ ਇਕ ਪਰਨਾ ਜਿਹਾ ਬੰਨ੍ਹਿਆ ਹੋਇਆ ਹੈ, ਤੇੜ ਦੋ ਗਜ਼ ਦਾ ਕਪੜਾ ਪਾਇਆ ਹੋਇਆ ਹੈ, ਵਸਤਰ ਕੋਈ ਪਹਿਨਿਆ ਨਹੀਂ ਹੋਇਆ ਤੇ ਦੋ ਚਾਦਰਾਂ ਚੁੱਕੀ ਫਿਰਦਾ ਹੈ। ਆਹ ਕੀ ਹਾਲ ਬਣਾ ਲਿਆ ਇਹਨੇ? ਕਿੱਡਾ ਵੱਡਾ ਸੀ, ਕਿੰਨੀ ਮਹਿਮਾ ਸੀ ਜਿਸ ਵਕਤ ਮੋਦੀਖਾਨੇ 'ਚ ਕੰਮ ਕਰਦਾ ਹੈ। ਨਰਾਜ਼ ਹੋਇਆ ਜਾਂਦਾ ਹੈ, ਭਵਾਂ ਚੜ੍ਹੀਆਂ ਹੋਈਆਂ ਨੇ, ਬੁੱਲ੍ਹ ਫਰਕਦੇ ਨੇ। ਪਤਾ ਨਹੀਂ ਕੀ ਕੁੱਛ ਕਹਿਣਾ ਸੀ। ਲਾਲੂ ਜੀ ਕਹਿਣ ਲੱਗੇ, ਭ੍ਰਾਤਾ ਜੀ! ਬੜੀ ਦੇਰ ਤੋਂ ਬਾਅਦ ਮੁੜੇ ਨੇ ਇਹ ਤੁਸੀਂ ਥੋੜ੍ਹਾ ਸਬਰ 'ਚ ਰਹੋ, ਕੋਈ ਗੱਲ ਨਾ ਕਰੋ। ਗੱਲ ਕਰ ਲਵਾਂਗੇ, ਹੁਣੇ ਨਾ ਜਾ ਕੇ ਵਰ੍ਹਨ ਲੱਗ ਜਾਇਓ ਉਨ੍ਹਾਂ ਨੂੰ। ਉਹ ਪੂਰਨ ਪੁਰਖ ਨੇ। ਉਸ ਵੇਲੇ ਚੁੱਪ ਕਰ ਰਿਹਾ, ਜਬਤ ਕਰਨ ਦੀ ਕੋਸ਼ਿਸ਼ ਕਰਦਾ ਹੈ, ਲੇਕਿਨ ਕੰਬਦਾ ਹੈ ਸਰੀਰ ਐਨਾ ਅੰਦਰ ਕ੍ਰੋਧ ਆਇਆ। ਮਾਤਾ ਜੀ ਦੌੜੀ ਆਉਂਦੀ ਹੈ, ਮਾਤਾ ਜੀ ਨੇ ਆ ਕੇ ਗੁਰੂ ਨਾਨਕ ਪਾਤਸ਼ਾਹ ਨੂੰ ਬੁੱਕਲ 'ਚ ਲੈ ਲਿਆ ਤੇ ਐਨਾ ਵੈਰਾਗ ਕਰਿਆ ਕਿ ਨਾ ਜੱਫੀ

ਛੱਡਦੀ ਹੈ, ਨਾ ਰੋਣ ਤੋਂ ਹੱਟਦੀ ਹੈ। ਨੇਤਰਾਂ 'ਚੋਂ ਐਨਾ ਜਲ ਗਿਆ, ਗੁਰੂ ਮਹਾਰਾਜ ਦੇ ਵੀ ਸਰੀਰ ਦੇ ਉਤੇ ਧਾਰਾਂ ਚੱਲ ਗਈਆਂ।

*ਗਰ ਸੋਂ ਲਾਇ ਨੀਰ ਦ੍ਰਿਗ ਜਾਈ।*
*ਮਹਾਂ ਮੋਹ ਮਾਤਾ ਬਿਰਮਾਈ।*

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 471***

ਜਿਵੇਂ ਗਰੀਬ ਨੂੰ ਪਾਰਸ ਮਿਲ ਜਾਂਦਾ ਹੈ ਉਹ ਛੱਡਦਾ ਨਹੀਂ, ਐਉਂ ਮਾਂ ਛੱਡ ਨਹੀਂ ਰਹੀ।

*ਅਸ਼੍ਰਪਾਤ ਸੋਂ ਭੀਗੇ ਅੰਗਾ।*

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 471***

ਗੁਰੂ ਮਹਾਰਾਜ ਦੇ ਅੰਗ ਭਿੱਜ ਗਏ ਹੰਝੂਆਂ ਦੇ ਨਾਲ।

*ਮਨਹੁ ਪ੍ਰੇਮ ਪਰਵਾਹਿ ਉਮੰਗਾ।*

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 471***

ਐਉਂ ਲਗ ਰਿਹਾ ਸੀ ਕਿ ਜਿਵੇਂ ਕੋਈ ਦਰਿਆ ਚਲ ਰਿਹਾ ਹੁੰਦਾ ਹੈ ਪ੍ਰਵਾਹ ਦਾ। ਸੋ ਮਾਤਾ ਜੀ ਨੇ ਕਾਫੀ ਸਮੇਂ ਤੋਂ ਬਾਅਦ ਹੱਥ ਖੋਲ੍ਹੇ ਤੇ ਮਹਾਰਾਜ ਜੀ ਉਸ ਵੇਲੇ ਖੜ੍ਹੇ ਨੇ, ਮਾਤਾ ਨੇ ਉਸ ਵੇਲੇ ਕਿਹਾ ਕਿ ਪੁੱਤਰ! ਘਰ ਚਲ। ਘਰ ਚਲਦੇ ਨੇ, ਗੱਲਬਾਤ ਹੋਈ ਕਹਿਣ ਲੱਗੇ, ਕਿ ਰਾਇ ਜੀ ਤੁਹਾਨੂੰ ਬਹੁਤ ਯਾਦ ਕਰਦੇ ਨੇ, ਇਕ ਵਾਰੀ ਓਧਰ ਚੱਲੋ ਤੇ ਇਨ੍ਹਾਂ ਦੋਹਾਂ ਭਰਾਵਾਂ ਨੇ ਸਲਾਹ ਕਰੀ ਕਿ ਇਥੇ ਨਹੀਂ ਆਪਾਂ ਕੁਛ ਕਹਿਣਾ ਜਦੋਂ ਰਾਇ ਬੁਲਾਰ ਜੀ ਦੇ ਪਾਸ ਜਾਵਾਂਗੇ। ਉਥੇ ਕਹਾਂਗੇ ਉਨ੍ਹਾਂ ਦੇ ਸਾਮ੍ਹਣੇ। ਉਹ ਕਿਉਂਕਿ ਇਨ੍ਹਾਂ ਨੂੰ ਪ੍ਰੇਮ ਕਰਦੇ ਨੇ ਤੇ ਉਨ੍ਹਾਂ ਦੀ ਗੱਲ ਇਹ ਮੰਨ ਜਾਣਗੇ।

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਸਾਰਿਆਂ ਦੇ ਨਾਲ ਰਾਇ ਬੁਲਾਰ ਦੇ ਪਹੁੰਚਦੇ ਨੇ। ਉਥੇ ਜਾ ਕੇ ਰਾਇ ਬੁਲਾਰ ਨੇ ਜਦੋਂ ਗੁਰੂ ਨਾਨਕ ਪਾਤਸ਼ਾਹ ਨੂੰ ਦੇਖਿਆ, ਪਹਿਲਾਂ ਗੁਰੂ ਨਾਨਕ ਪਾਤਸ਼ਾਹ। ਜਿਵੇਂ ਭਗਤਾਂ ਦੀ ਲਾਜ ਪ੍ਰਮੇਸ਼ਰ ਹਮੇਸ਼ਾ ਹੀ ਰਖਦਾ ਆਇਆ, ਵੱਡੇ ਕਰਦਾ ਹੈ ਉਨ੍ਹਾਂ ਨੂੰ। ਆਪ ਉਸਦੇ ਚਰਨਾਂ ਤੇ ਹੱਥ ਲਾਉਣ ਲੱਗੇ ਲੇਕਿਨ ਉਹਨੇ ਕਿਹਾ ਹੇ ਨਾਨਕ! ਦੇਖੀਂ ਇਹ ਨਾ ਕਰ ਦੇਈਂ, ਮੈਨੂੰ ਦਰਗਾਹ ਨੇ ਨਹੀਂ ਬਖਸ਼ਣਾ। ਮੇਰੇ ਨੇਤਰ ਖੁਲ੍ਹ ਗਏ, ਮੈਂ ਤੈਨੂੰ ਪਛਾਣ ਲਿਆ। ਹੇ ਨਾਨਕ! ਐਸਾ ਨਾ ਕਰ ਦੇਈਂ ਕਿ ਮੇਰੇ ਤੋਂ ਗੁਨਾਹ ਉਤਰੇ ਨਾ ਤੇ ਮੈਂ ਦੋਜਕਾਂ ਦੇ ਵਿਚ ਸੜਦਾ ਰਹਾਂ। ਤੂੰ ਤਾਂ ਆਪ ਪ੍ਰਮੇਸ਼ਰ ਹੈਂ।

*ਪਰਮੇਸ਼ੁਰ ਤੂੰ ਪੁਰਖ ਪੁਰਾਤਨ।*
*ਪਾਰਬ੍ਰਹਮ ਕਿਰਪਾਲ ਸਨਾਤਨ।*
*ਜੋਤੀ ਰੂਪ ਅਨੂਪ ਸਰੂਪਾ।*
*ਸ਼ਾਹਿਨਸ਼ਾਹ ਭੂਪ ਕੋ ਭੂਪਾ।*

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 476***

ਤੂੰ ਤਾਂ ਬਾਦਸ਼ਾਹਾਂ ਦਾ ਬਾਦਸ਼ਾਹ ਆਪ ਪ੍ਰਮੇਸ਼ਰ ਹੈਂ।

*ਕਰੁਨਾਕਰਿ ਬਖਸ਼ਹੁ ਮੁਝ ਸ੍ਵਾਮੀ!।*
*ਦੀਨਬੰਧੁ ਸਭਿ ਅੰਤਰਜਾਮੀ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 476*

ਹੇ ਪ੍ਰਭੂ! ਮੇਰੇ ਤੇ ਕ੍ਰਿਪਾ ਕਰੋ ਐਨਾ ਕਹਿ ਕੇ ਗੁਰੂ ਮਹਾਰਾਜ ਦੇ ਚਰਨਾਂ ਤੇ ਨਮਸਕਾਰ ਕਰਕੇ ਸਾਮ੍ਹਣੇ ਖੜ੍ਹਾ ਹੋ ਕੇ ਬੇਨਤੀ ਕਰਦਾ ਹੈ ਬੜੇ ਜਨਮ ਲੰਘ ਗਏ-

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥*

*ਅੰਗ - ੧੭੬*

ਪਾਤਸ਼ਾਹ! ਹੁਣ ਮੇਰਾ ਜੰਮਣਾ ਮਰਣਾ ਕੱਟ ਦਿਓ। ਤੂੰ ਆਪ ਸਮਰੱਥ ਪ੍ਰਮੇਸ਼ਰ ਹੈਂ।

*ਭਵ ਬੰਧਨ ਤੇ ਕਰਿ ਛੁਟਕਾਰਾ।*
*ਪਤਿਤ ਉਧਾਰਨ ਬਿਰਦ ਤੁਮਾਰਾ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 476*

ਪਤਿਤਾਂ ਨੂੰ ਉਧਾਰ ਦੇਣਾ ਤੇਰਾ ਬਿਰਧ ਹੈ, ਕ੍ਰਿਪਾ ਕਰ ਮੇਰੇ ਹੁਣ ਬੰਧਨ ਕੱਟ ਦੇ। ਮੈਂ ਮੁੜ ਕੇ ਜਨਮ ਮਰਨ 'ਚ ਨਾ ਆਵਾਂ।

*ਜਿਉਂ ਜਿਉਂ ਬਿਨੈ ਦੀਨ ਹੁਇ ਕਰਿਈ।*
*ਤਿਉਂ ਤ੍ਰਿਉਂ ਰਾਇ ਮੋਹ ਤਮ ਟਰਿਈ।*
*ਦੇਖ ਦੀਨਤਾ ਅਧਿਕ ਦਯਾਲਾ।*
*ਰਿਦੈ ਪ੍ਰਸੀਦਤਿ ਭਯੇ ਬਿਸਾਲਾ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 476*

ਜਿਵੇਂ-ਜਿਵੇਂ ਰੋ ਰੋ ਕੇ ਬੇਨਤੀਆਂ ਕਰਦਾ ਹੈ, ਤਿਉਂ-ਤਿਉਂ ਉਹਦੀ ਜਿਹੜੀ ਹਨ੍ਹੇਰੀ ਮਤ ਸੀ ਉਹ ਦੂਰ ਹੁੰਦੀ ਜਾਂਦੀ ਹੈ। ਪ੍ਰਕਾਸ਼ ਹਿਰਦੇ 'ਚ ਹੋ ਗਿਆ। ਗੁਰੂ ਮਹਾਰਾਜ ਦਾ ਪਵਿੱਤਰ ਹੱਥ ਉਠਿਆ ਤੇ ਰਾਇ ਦੇ ਸਿਰ ਤੇ ਜਾ ਕੇ ਜਦ ਟਿਕਿਆ, ਉਸ ਵੇਲੇ ਜਿੰਨੇ ਜਨਮਾਂ-ਜਨਮਾਂਤਰਾਂ ਦੇ ਕੀਤੇ ਹੋਏ ਦੋਖ ਸੀ, ਪਾਪ ਸੀ, ਓਹ ਸਾਰੇ ਦੇ ਸਾਰੇ ਮਹਾਰਾਜ ਨੇ ਕੱਟ ਦਿਤੇ।

*ਕਰਿ ਹੁਕਮੁ ਮਸਤਕਿ ਹਥੁ ਧਰਿ*
*ਵਿਚਹੁ ਮਾਰਿ ਕਢੀਆ ਬੁਰਿਆਈਆ ॥*
*ਸਹਿ ਤੁਠੈ ਨਉ ਨਿਧਿ ਪਾਈਆ ॥ ਅੰਗ -੪੭੩*

ਬਜਰ ਕਪਾਟ ਖੁੱਲ੍ਹ ਗਏ, ਸੁਰਤ ਪਹੁੰਚ ਗਈ ਜਿਸਨੂੰ ਕਹਿੰਦੇ ਨੇ -

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ ॥*

*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥ ਅਨਹਦ ਵਾਜੇ ਧੁਨਿ ਵਜਦੇ*
*ਗੁਰ ਸਬਦਿ ਸੁਣੀਜੈ ॥ ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥ ਵਾਹੁ ਵਾਹੁ ਸਚੇ*
*ਪਾਤਿਸਾਹੁ ਤੂ ਸਚੀ ਨਾਈ॥ ਅੰਗ - ੯੫੪*

ਦ੍ਰਿਸ਼ਟੀ ਦੇ ਦਿਤੀ, ਮਾਇਆ ਦਾ ਪੜਦਾ ਦੂਰ ਕਰ ਦਿਤਾ।

*ਗਿਆਨ ਅੰਜਨੁ ਗੁਰਿ ਦੀਆ*
*ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ*
*ਨਾਨਕ ਮਨਿ ਪਰਗਾਸੁ ॥*

*ਅੰਗ - ੨੯੩*

ਕੀ ਦੇਖਦਾ ਹੈ ਕਿ ਇਹ ਤਾਂ ਸਾਰੀ ਕਾਇਨਾਤ ਦੇ ਵਿਚ, ਜਿਧਰ ਵੀ ਮੈਂ ਦੇਖਦਾ ਹਾਂ ਓਸ ਪਾਸੇ ਹੀ ਗੁਰੂ ਨਾਨਕ ਹੈ। ਇਹ ਤਾਂ ਸਾਰੇ ਹੀ ਗੁਰੂ ਨਾਨਕ ਹੈ, ਕਿਉਂਕਿ ਨੇਤਰ ਖੁਲ੍ਹ ਗਏ।

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*

ਅੱਖ ਖੁਲ੍ਹ ਗਈ, ਜਿਹੜੀ ਸਾਡੀ ਬੰਦ ਪਈ ਹੈ, ਜਿਸਦੇ ਵਾਸਤੇ ਅਸੀਂ ਜਪ ਕਰਦੇ ਹਾਂ, ਤਪ ਕਰਦੇ ਹਾਂ, ਦਾਨ ਕਰਦੇ ਹਾਂ, ਤੀਰਥ ਯਾਤਰਾ ਕਰਦੇ ਹਾਂ, ਦੀਵਾਨ ਸੁਣਨ ਦੂਰ ਦਰਾਜ਼ ਤੋਂ ਆਉਂਦੇ ਹਾਂ। ਉਹ ਇਹੀ ਹੈ ਕਿ ਮਾਇਆ ਦਾ ਜਿਹੜਾ ਹਨ੍ਹੇਰਾ ਪਿਆ ਹੋਇਆ ਹੈ ਉਹ ਦੂਰ ਹੋ ਜਾਵੇ ਤੇ ਅਸਲੀਅਤ ਦਾ ਪ੍ਰਕਾਸ਼ ਹੋ ਜਾਵੇ। ਉਹ ਅੱਖ ਖੁਲ੍ਹ ਗਈ, ਗੁਰੂ ਨੇ ਦਿਖਾ ਦਿਤੀ, ਆਪਣੇ ਆਪ ਨਹੀਂ ਖੁਲ੍ਹਦੀ।

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*

*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥*

*ਅੰਗ - ੨੯੪*

ਪੰਜੇ ਭਰਮ ਦੂਰ ਕਰ ਦਿਤੇ, ਪ੍ਰਮੇਸ਼ਰ ਦਾ ਦਰਸ਼ਨ ਦਾ ਕਰਾ ਦਿਤਾ ਸਾਕਾਰ ਰੂਪ ਵਿਚ। ਜਿਧਰ ਦੇਖਦਾ ਹੈ ਗੁਰੂ ਨਾਨਕ ਨਜ਼ਰ ਆਉਂਦਾ ਹੈ। ਉਹ ਵਿਛੋੜਾ ਜਿਹਦੇ ਵਾਸਤੇ ਕਲਪਦਾ ਸੀ ਦੂਰ ਕਰ ਦਿਤਾ। ਹੁਣ ਵਿਛੋੜਾ ਨਹੀਂ ਹੁੰਦਾ, ਕਿਉਂਕਿ ਗੁਰੂ ਨਾਨਕ ਦਾ ਰੂਪ ਬਣ ਗਿਆ, ਗੁਰੂ ਨਾਨਕ ਤੇ ਉਸਦਾ ਫਰਕ ਨਾ ਰਿਹਾ, ਆਪਣਾ ਰੂਪ ਬਣਾ ਲਿਆ ਉਨ੍ਹਾਂ ਨੇ।

ਸੋ ਤਰ੍ਹਾਂ ਦੇ ਨਾਲ ਗੁਰੂ ਭਿਜਦਾ ਹੈ ਪਿਆਰ ਦੇ ਨਾਲ। ਪੈਸੇ ਟਕੇ ਦੀ ਲਿਹਾਜ਼ ਨਹੀਂ ਹੈ, ਰਾਜਾ ਸੀ ਓਸ ਥਾਂ ਦਾ ਲੇਕਿਨ ਪਿਆਰ ਵਾਲਾ ਸੀ, ਜਦੋਂ ਪਿਆਰ ਦੀ ਪ੍ਰਬਲਤਾ ਆਈ, ਤਾਂ ਉਸ ਵੇਲੇ ਗੁਰੂ ਨਾਨਕ ਨੇ ਛੌੜ ਕੱਟੇ ਬਜਰ ਕਪਾਟ ਤੜਾਕ ਦੇ ਕੇ ਖੋਲ੍ਹ ਕੇ, ਅਸਲੀਅਤ ਦਾ ਝਲਕਾ ਦਿਖਾ ਦਿਤਾ।

*ਜਿਮੀ ਜਮਾਨ ਕੇ ਬਿਖੈ ਸਮਸੱਤਿ ਏਕ ਜੋਤ ਹੈ*
*ਨਾ ਘਾਟ ਹੈ ਨ ਬਾਢ ਹੈ ਨ ਬਾਢ ਘਾਟ ਹੋਤ ਹੈ।*

*ਅਕਾਲ ਉਸਤਤਿ*

ਸੋ ਉਹ ਨੇਤਰਾਂ ਦੇ ਅੰਦਰ ਜੋਤੀ ਆ ਗਈ ਜਿਹੜੀ ਪ੍ਰਮੇਸ਼ਰ ਨੂੰ ਹਰ ਥਾਂ ਵਿਆਪਕ ਦੇਖਦੀ ਹੈ। ਸੋ ਇਸ ਤਰ੍ਹਾਂ ਪਿਆਰ ਦੇ ਨਾਲ, ਗੁਰੂ ਪੈਸੇ ਨਾਲ ਨਹੀਂ ਕਾਬੂ ਆਉਂਦਾ, ਨਾ ਭਿੱਜਦਾ ਹੈ। ਨਾ ਕਿਸੇ ਰਾਗ ਨਾਲ ਭਿੱਜਦਾ ਹੈ, ਨਾ ਗਾਣਿਆਂ ਨਾਲ ਭਿੱਜਦਾ ਹੈ, ਨਾ ਦਾਨ ਦਿੱਤੇ ਤੇ ਕੁਛ ਕਰੇ ਤੇ।

*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥*
*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥*

*ਅੰਗ - ੯੬੨*

ਜਿਹੜਾ ਪਿਆਰ ਕਰਦਾ ਹੈ ਹੁਣ ਵੀ ਗੁਰੂ ਦੂਰ ਨਹੀਂ ਹੈ। ਅੰਦਰ ਵਸਦਾ ਹੈ ਕਿਉਂਕਿ ਗੁਰੂ ਨਾਨਕ ਪਾਰਬ੍ਰਹਮ ਪ੍ਰਮੇਸ਼ਰ ਹੈ। ਗੁਰੂ ਬੇਅੰਤ ਨੇ ਸੰਸਾਰ ਦੇ ਅੰਦਰ ਪਰ ਪਾਰਬ੍ਰਹਮ ਪ੍ਰਮੇਸ਼ਰ ਕੇਵਲ ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ ਨੇ। ਬਾਕੀ ਨੇ ਗੁਰਮੁਖ ਹੋਇਆ ਕਰਦੇ ਨੇ, ਗੁਰਮੁਖਾਂ ਦੀ ਡਿਊਟੀ ਹੈ ਕਿ ਸੰਸਾਰ ਨੂੰ ਸਿੱਧੇ ਰਾਹ ਚਲਾਉਣਾ। ਪ੍ਰਮੇਸ਼ਰ ਦਾ ਰਸਤਾ ਦੱਸਣਾ, ਆਪ ਜਪਣਾ ਦੂਸਰਿਆਂ ਨੂੰ ਜਪਾਉਣਾ। ਆਪ ਮਿਲਣਾ ਤੇ ਦੂਸਰਿਆਂ ਨੂੰ ਮਿਲਾਉਣਾ। ਇਹ ਗੁਰਮੁਖਾਂ ਦਾ ਕੰਮ ਗੁਰੂ ਨੇ ਸਉਂਪਿਆ ਹੋਇਆ ਹੈ। ਸੋ ਗੁਰੂ ਗ੍ਰੰਥ ਸਾਹਿਬ ਦੇ ਉਤੇ ਨਿਹਚਾ ਰੱਖੋ, ਬਾਣੀ ਤੇ ਨਿਹਚਾ ਰੱਖੋ, ਡੋਲੋ ਨਾ ਕਿਸੇ ਪਾਸੇ। ਇਥੇ ਇਸ ਘਰ ਵਿਚ ਸਭ ਕੁਛ ਹੈ, ਛੱਡ ਕੇ ਜਾਣ ਦੀ ਲੋੜ ਨਹੀਂ ਹੈ, ਕੇਵਲ ਸਾਡੀ ਭਾਲ ਦੇ ਵਿਚ ਫਰਕ ਹੈ। ਢੂੰਡ 'ਚ ਫਰਕ ਹੈ, ਸਾਨੂੰ ਮਿਲ ਨਹੀਂ

ਸਕਿਆ ਐਸਾ ਕੋਈ ਜਿਹੜਾ ਦਿਖਾ ਦੇਵੇ। ਸੋ ਏਸ ਕਰਕੇ ਸਾਧਸੰਗਤ ਜੀ! ਜੋ ਆਪਾਂ ਬਚਨ ਕੀਤੇ ਨੇ ਪਿਆਰ ਦੇ ਬਚਨ, ਬਹੁਤ ਘੱਟ ਬੰਦਿਆਂ ਨੂੰ ਪਤਾ ਹੈ ਕਿ ਰਾਇ ਬੁਲਾਰ ਦਾ ਗੁਰੂ ਨਾਨਕ ਨਾਲ ਐਨਾ ਪਿਆਰ ਸੀ ਤੇ ਪਿਆਰ ਦੇ ਵਿਚ ਗੁਰੂ ਨਾਨਕ ਦਾ ਰੂਪ ਸੀ, ਇਥੇ ਜਾਤ ਦਾ ਸਵਾਲ ਨਹੀਂ, ਜਾਤ ਦਾ ਮੁਸਲਮਾਨ ਸੀ, ਪਰ ਗੁਰੂ ਨਾਨਕ ਦੇ ਪਿਆਰ ਵਿਚ ਐਨਾ ਲੀਨ ਹੋਇਆ ਕਿ ਉਨ੍ਹਾਂ ਦਾ ਹੀ ਰੂਪ ਬਣ ਗਿਆ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ।

ਗੁਰਬਾਣੀ ਦੇ ਪ੍ਰਚਾਰ ਹਿੱਤ ਸਮੇਂ ਸਮੇਂ ਇਸ ਧਰਤੀ ਦੇ ਰੰਗ ਮੰਚ ਉਪਰ ਗੁਰੂ ਘਰ ਤੋਂ ਵਰੋਸਾਏ ਮਹਾਂਪੁਰਸ਼ਾਂ ਨੇ ਆਪੋ ਆਪਣਾ ਮਹਾਨ ਯੋਗਦਾਨ ਪਾ ਕੇ ਅਮਿਟ ਛਾਪ ਪ੍ਰਦਾਨ ਕੀਤੀ ਹੈ। ਇਸੇ ਤਰ੍ਹਾਂ 20ਵੀਂ ਸਦੀ ਅੰਦਰ ਮਹਾਨ ਬਖਸ਼ੀ ਪਵਿੱਤਰ ਆਤਮਾ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਨੇ ਨਗਰ ਧਮੋਟ, ਤਹਿ ਪਾਇਲ, ਜਿਲਾ ਲੁਧਿਆਣਾ ਮਾਤਾ ਇੰਦ ਕੌਰ ਅਤੇ ਪਿਤਾ ਜਥੇਦਾਰ ਕਰਤਾਰ ਸਿੰਘ ਜੀ ਦੇ ਗ੍ਰਹਿ ਨੂੰ ਭਾਗ ਲਾਉਂਦੇ ਹੋਏ 17 ਜੂਨ 1918 ਦੇ ਪਵਿੱਤਰ ਦਿਹਾੜੇ ਉਪਰ ਸਰੀਰ ਧਾਰਨ ਕੀਤਾ। ਮੁਢਲੀ ਪੜ੍ਹਾਈ ਨਗਰ ਦੇ ਪਾਇਲ ਸਕੂਲ ਤੋਂ ਪ੍ਰਾਪਤ ਕਰਨ ਉਪਰੰਤ ਉਚੇਰੀ ਵਿਦਿਆ ਹਾਈ ਸਕੂਲ ਪਾਇਲ ਅਤੇ ਲੁਧਿਆਣੇ ਕਾਲਜ ਵਿੱਚ ਪ੍ਰਾਪਤ ਕੀਤੀ। ਆਪ ਜੀ ਨੂੰ ਵਿਰਾਸਤ ਵਿੱਚ ਹੀ ਸਿੱਖੀ ਪ੍ਰਾਪਤ ਹੋਈ, ਜਿਸ ਕਾਰਨ 3 ਸਾਲ ਦੀ ਉਮਰ ਵਿੱਚ ਹੀ ਅੰਮ੍ਰਿਤ ਛਕ ਕੇ ਗੁਰੂ ਦਿਕਸ਼ਾ ਮੂਲ ਗੁਰਮੰਤਰ ਦੀ ਪ੍ਰਾਪਤੀ ਕਰਨ ਉਪਰੰਤ ਭਰ ਜਵਾਨੀ 17 ਸਾਲ ਦੀ ਉਮਰ ਅੰਦਰ ਸੰਤ ਮਹਾਰਾਜ ਮਹਾਨ ਕਰਮ ਰਾਜਾ ਜੋਗੀ ਸੱਚਖੰਡਵਾਸੀ ਸੰਤ ਬਾਬਾ ਈਸ਼ਰ ਸਿੰਘ ਜੀ ਕਰਮਸਰ ਰਾੜਾ ਸਾਹਿਬ ਦੀ ਸੰਗਤ ਕਰਕੇ ਨਾਮ ਤੱਕ ਰਸਵਾਈ ਪ੍ਰਾਪਤ ਕੀਤੀ। ਸੰਤ ਮਹਾਰਾਜ ਰਾੜੇ ਸਾਹਿਬ ਉਪਰ ਸਾਰੀ ਤਾ ਜਿੰਦਗੀ ਪੂਰਾ ਪੂਰਾ ਪਹਿਰਾ ਦਿਤਾ ਅਤੇ ਉਨ੍ਹਾਂ ਦੇ ਆਦੇਸ਼ ਮੁਤਾਬਿਕ ਹੀ ਸਮੇਂ ਸਮੇਂ ਫੌਜ ਸਿਵਿਲ ਦੀ ਸੇਵਾ ਨਿਭਾਉਂਦਿਆਂ ਹੋਇਆਂ ਵੀ ਜਗਿਆਸੂਆਂ ਦੀ ਜਗਿਆਸਾ ਦੀ ਪੂਰਤੀ ਨਾਮ ਬਾਣੀ ਸਤਿਸੰਗ ਰਾਹੀਂ ਪੂਰੀ ਕੀਤੀ ਆਪਣੇ ਪਿਆਰੇ ਦੇ ਬਚਨਾਂ ਉਪਰ ਫੁੱਲ ਚੜ੍ਹਾਉਂਦਿਆਂ ਹੋਇਆ ਅਜੋਕੇ ਮੀਡੀਏ ਦੀ ਪੂਰੀ ਪੂਰੀ ਵਰਤੋਂ ਕਰਕੇ ਦੇਸ਼ਾਂ ਵਿਦੇਸ਼ਾਂ ਸੰਸਾਰ ਦੇ ਕੋਨੇ ਕੋਨੇ ਅੰਦਰ ਨਾਮ ਬਾਣੀ ਦੇ ਪ੍ਰਚਾਰ ਪ੍ਰਸਾਰ ਵਾਸਤੇ ਫਿਲਮਾਂ ਬਣਾ ਕੇ ਅਨੇਕਾਂ ਹੀ ਗੁਰਬਾਣੀ ਦੇ ਗੂੜ ਸਿਧਾਂਤਾਂ ਨੂੰ ਛੋਹਦੀਆਂ ਅਨੇਕਾਂ ਹੀ ਪੁਸਤਕਾਂ ਰਚ ਕੇ ਅਤੇ ਆਤਮ ਮਾਰਗ ਮਾਸਿਕ ਰੂਹਾਨੀ ਮੈਗਜ਼ੀਨ ਪੰਜਾਬੀ ਹਿੰਦੀ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਕਰਕੇ ਰੂਹਾਨੀ ਖੇਤਰ ਅੰਦਰ ਇਨਕਲਾਬ ਲਿਆ ਦਿਤਾ। 31 ਅਕਤੂਬਰ 2001 ਨੂੰ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰਸਟ ਦੇ ਬਾਨੀ ਮਹਾਂਪੁਰਸ਼ ਸਰੀਰ ਛੱਡ ਕੇ ਮਹਾਂ ਸਮਾਧੀ ਲਗਾ ਬ੍ਰਹਮ ਲੀਨ ਹੋ ਗਏ। ਜਿਨ੍ਹਾਂ ਦਾ ਇਹ 31 ਅਕਤੂਬਰ ਦਾ ਦਿਨ ਹਰ ਸਾਲ ਹੀ ਕਈ ਦਿਨਾਂ ਦੇ ਸ਼ਰਧਾਂਜਲੀ ਸਮਾਗਮ ਰਾਹੀਂ ਸ਼ਰਧਾ ਦੇ ਫੁੱਲ ਭੇਟ ਕਰਕੇ ਰਤਵਾੜਾ ਸਾਹਿਬ ਦੀ ਪਾਵਨ ਕਰਮ ਭੂਮੀ ਉਪਰ ਮਨਾਇਆ ਜਾਂਦਾ ਹੈ।

ਇਸ ਲਈ ਇਹ ਪੁਸਤਕ ਵੀ ਆਪਣੇ ਪਿਆਰੇ ਸਤਿਕਾਰਯੋਗ ਜੀਵਨ ਸਾਥੀ ਮਹਾਂਪੁਰਸ਼ਾਂ ਦੀ 3[illegible]ਵੀਂ ਬਰਸੀ 31 ਅਕਤੂਬਰ 200੭ ਨੂੰ ਪਰਮ ਪੂਜਯ ਸਤਿਕਾਰਯੋਗ ਬੀਜੀ ਆਪਣੇ ਹਸਤਕਮਲਾਂ ਨਾਲ ਰਿਲੀਜ਼ ਕਰਨ ਦੀ ਕ੍ਰਿਪਾਲਤਾ ਕਰ ਰਹੇ ਹਨ।


ਹਰਪਾਲ ਸਿੰਘ
ਰਤਵਾੜਾ ਸਾਹਿਬ



ÃÌÆ ìÅé Ã¿å ìÅìÅ òÇðÅÅî ÇÃ¿Ø ÜÆ îÔÅðÅÜ ðåòÅóÅ ÃÅÇÔì



êðîêÈÜì ÃÇåÕÅð ï¯× ìÆìÆ ðäÜÆå Õ½ð ÜÆ Ú¶ÁðêðÃé ðåòÅóÅ ÃÅÇÔì àðÃà



Ã¿å ìÅìÅ Ôðê¶Åñ ÇÃ¿Ø ÜÆ ðåòÅóÅ ÃÅÇÔì